ੴ ਸਤਿਗੁਰ ਪ੍ਰਸਾਦਿ॥

ਸ੍ਰੀ ਮੁਨਿ ਮੇਘ ਰਾਜ ਜੀ ਰਚਿਤ

ਵੈਦਕ ਭੰਡਾਰ ਦਾ ਮਹਾਨ ਪ੍ਰਸਿੱਧ ਗ੍ਰੰਥ

ਮੇਘ ਬਿਨੋਦ ਸਟੀਕ

(ਜਿਸ ਵਿਚ ੨੮੬੯ ਪ੍ਰੀਖਯਕ ਪ੍ਰਯੋਗ ਹਨ)

ਭਾਗ ਪਹਿਲਾ

-ਪ੍ਰਸਿਧ ਟੀਕਾਕਾਰ-

ਸ੍ਰੀ ਮਾਨ ਮਹੰਤ ਗਣੇਸ਼ਾ ਸਿੰਘ ਜੀ

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ॥

ਸ੍ਰੀ ਮੁਨਿ ਮੇਘ ਰਾਜ ਜੀ ਰਚਿਤ

ਵੈਦਜਕ ਭੰਡਾਰ ਦਾ ਮਹਾਨ ਪ੍ਰਸਿੱਧ ਗ੍ਰੰਥ

ਮੇਘ ਬਿਨੋਦ ਸਟੀਕ

(ਜਿਸ ਵਿਚ ੨੮੬੯ ਪ੍ਰੀਖਯਕ ਪ੍ਰਯੋਗ ਹਨ)

ਭਾਗ ਪਹਿਲਾ

-ਪ੍ਰਸਿਧ ਟੀਕਾਕਾਰ-

ਸ੍ਰੀ ਮਾਨ ਮਹੰਤ ਗਣੇਸ਼ਾ ਸਿੰਘ ਜੀ

ਅਖਾੜਾ ਸ੍ਰੀ ਠਾਕੁਰ ਅੰਤਰਜਾਮੀ, ਛਾਣ ਗਲੀ, ਅੰਮ੍ਰਿਤਸਰ

ਇਸ ਐਡੀਸ਼ਨ ਨੂੰ ਛਾਪਣ ਦੀ ਮਨਜ਼ੂਰੀ ਮਹੰਤ ਤੇਜਾ ਸਿੰਘ ਜੀ (ਐਮ.ਏ.)

ਚੇਲਾ ਸ੍ਰੀ ਮਾਨ ਮਹੰਤ ਲਾਲ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਭਾਗ ਪਹਿਲਾ ISBN : 81-7601-017-0
ਸੈਟ (ਦੋ ਭਾਗ) ISBN : 81-7601-018-9

ਜਨਵਰੀ 1997

ਮੁੱਲ : 160-00

Digitized by Panjab Digital Library | www.panjabdigilib.org

ਸਭ ਹਕ ਰਾਖਵੇਂ ਹਨ

ੴ ਸਤਿਗੁਰ ਪ੍ਰਸਾਦਿ ॥

ਤਤਕਰਾ ਮੇਘ ਬਿਨੋਦ ਸਟੀਕ

ਨਾਮ ਰੋਗ	ਪੰਨਾ	ਨਾਮ ਰੋਗ	ਪੰਨਾ
ਮੰਗਲਾ ਚਰਨ	੧	ਤੇਲ ਵਿਧੀ ਦੂਜੀ ਤੀਜੀ	੪੯
ਨਾੜੀ ਪ੍ਰੀਛਾ	੨	ਬਾਤ ਉਤਪਤੀ	੫੦
ਮੂਤ੍ਰ ਪਰੀਛਾ	੩	ਪਿੱਤ ਉਤਪਤੀ	੫੦
ਕਾਲਗਜਾਨ	੫	ਕਫ ਉਤਪਤੀ	੫੧
ਸਰਪਾਕਰ ਚਕਰ	੭	ਪਿਤ ਬਾਤ ਲਛਣਾਦਿ	੫੩
ਮੂਤ੍ਰ ਦੇ ਰੰਗਾਂ ਦੀ ਪਰੀਛਾ	੮	ਬਾਤ ਪਿੱਤ ਕਫ ਪ੍ਰਕ੍ਰਿਤੀ ਲਛਣ	੫੩
ਮੂੰਹ ਪਰੀਛਾ	੮	ਬਾਤ ਕਫਦਿ ਉਤਪਤੀ ਲਛਣ	੫੪
ਨੇਤ੍ਰ ਪਰੀਛਾ	੯	ਅਥ ਦੂਜਾ ਧਯਾਯ-ਜ੍ਵਰਾਧਿਕਾਰ	
ਵੈਦ ਲਛਣ	੯	ਮਿਥਯਾ ਹਾਰ ਵਿਵਹਾਰ	੫੫
ਕੁਵੈਦ ਲਛਣ	੯	ਕੱਚੇ ਤੇ ਪੱਕੇ ਜ੍ਵਰ ਲਛਣ	੫੫
ਰੋਗੀ ਲਛਣ	੧੦	ਧਾਤੂ ਪਾਕ ਲੱਛਣ	੫੬
ਦੂਤ ਲਛਣ	੧੦	ਮਲ ਪਾਕ ਲਛਣ	੫੬
ਸੁਭ ਅਸੁਭ ਲਛਣ	੧੧	ਜ੍ਵਰ ਪੱਕ ਮ੍ਰਿਯਾਦਾ	੫੬
ਸਾਧ ਅਸਾਧ ਰੋਗੀ ਲਛਣ	੧੨	ਅੰਦਰ ਬਾਹਰ ਜ੍ਵਰ ਦੇ ਲਛਣ	੫੭
ਲਹੂ ਵਿਧੀ	੧੪	ਜ੍ਵਰ ਪੂਰਬ ਰੂਪ	੫੭
ਲਹੂ ਯੋਗ ਅਯੋਗ	੧੪	ਜ੍ਵਰ ਸਰੂਪ	੫੭
ਰੁਧਰ ਮਾਤ੍ਰਾ ਤੇ ਰਾਸਾਂ	੧੫	ਜ੍ਵਰ ਮੁਕਤ ਲਛਣ	੫੭
ਅਧਿਕ ਲਹੂ ਨਿਕਲਨ ਦੇ ਵਿਚਾਰ	੧੫	ਜ੍ਵਰ ਦੇ ੧੦ ਉਪਦ੍ਰਵ	੫੮
ਰੁਧਰ ਦੇ ਪੱਥ ਕੁਪੱਥ	੧੫	ਬਾਤ ਜ੍ਵਰ ਲਛਣ ਉਪਾਯ	੫੯
ਮਾਨ (ਤੋਲ) ਪ੍ਰਮਾਨ	੧੬	ਪਿੱਤ ਜ੍ਵਰ ਲੱਛਣ ਉਪਾਇ	੬੦
ਨਛਤ੍ਰਵਾਰ ਕਸ਼ਟਾਵਲੀ	੧੮	ਕਫ ਜ੍ਵਰ ਲਛਣ ਉਪਾਇ	੬੨
ਸੁਪਨ ਵਿਚਾਰ	੧੯	ਬਾਤ ਪਿੱਤ ਜ੍ਵਰ ਲਛਣ ਉਪਾਇ	੬੫
ਯੁਕਤਾਯੁਕਤ ਵਿਚਾਰ	੨੧	ਬਾਤ ਸਲੇਖਮ ਕਫ ਜ੍ਵਰ ਲਛਣ	੬੬
ਬੂਟੀ ਵਿਚਾਰ	੨੨	ਬਾਤ ਸਲੇਖਮ ਉਪਾਇ	੬੬
ਦਵਾਈ ਦੇਣ ਦੇ ਪੰਜ ਕਾਲ	੨੨	ਸਲੇਖਮ ਕਫ ਪਿਤ ਲਛਣ	੬੮
ਅੰਨ ਕਲਪਣਾ	੨੪	ਸਲੇਖਮ ਉਪਾਇ	੬੯
ਰਤਨ ਵਿਚਾਰ	੨੯	ਤ੍ਰਿਦੋਖ ਜ੍ਵਰ ਲਛਣ ਉਪਾਇ	੭੦
ਰੋਗ ਗਿਣਤੀ	੩੧	ਅਜੀਰਣ ਜ੍ਵਰ ਲਛਣ ਉਪਾਇ	੭੧

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ	ਨਾਮ ਰੋਗ	ਪੰਨਾ
ਮੂਲ ਤਾਪ ਲੱਛਣ ਉਪਾਇ	੭੪	ਰੋਗੀ ਦੀ ਸਿਹਜਾ ਗੁਣ	੯੫
ਦ੍ਰਿਸ਼ਟੀ ਜ੍ਵਰ ਲਛਣ ਉਪਾਇ	੭੫	ਸੀਤ ਪਾਣੀ ਗੁਣ	੯੫
ਕਾਲ ਜ੍ਵਰ ਲਛਣ ਉਪਾਇ	੭੬	ਗਰਮ ਜਲ ਗੁਣ	੯੫
ਸੀਤ ਜ੍ਵਰ ਲਛਣ ਉਪਾਇ	੭੮	ਮੰਦ ਪਾਣੀ ਗੁਣ	੯੫
ਗੁਲਾਬੀ ਜੁਰੰਕਸ਼	੭੮	ਬਹੁਤ ਗਰਮ ਜਲ ਗੁਣ	੯੫
ਮੀਤ ਜੁਰ ਅੰਜਨ	੭੮	ਉਸਨ ਸੀਤ ਪਾਣੀ ਗੁਣ	੯੬
ਪਰਹਰੀ ਰਸ	੭੯	ਕ੍ਵਾਥ ਕਲਪਨਾ	੯੭
ਬਾਤ ਜ੍ਵਰ ਲਛਣ ਉਪਾਇ	੭੯	ਲੰਘਨ (ਫਾਕੇ) ਦਾ ਗੁਣ	੯੮
ਸ੍ਰੀ ਖੰਡਾਦਿ ਚੂਰਣ	੮੦	ਬਸਤ੍ਰ ਗੁਣ	੯੯
ਖੇਦ ਜ੍ਵਰ ਲਛਣ ਉਪਾਇ	੮੧	ਬੀਜਨਾ (ਪੱਖਾ) ਗੁਣ	੯੯
ਮਾਨਸੀ ਜ੍ਵਰ ਲਛਣ ਉਪਾਇ	੮੨	ਜ੍ਵਰ ਪੱਥ	੯੯
ਭੂਤ ਜ੍ਵਰ ਲਛਣ ਉਪਾਇ	੮੩	ਸੁਭ ਅਸੁਭ ਦ੍ਰਿਸਟਿ	੧੦੦
ਭੂਤ ਜ੍ਵਰ ਧੂਪ	੮੩	ਜ੍ਵਰ ਦੇ ਕੁਪੱਥ	੧੦੦
ਕਾਮ ਜ੍ਵਰ ਲਛਣ ਉਪਾਇ	੮੪	ਜ੍ਵਰ ਗਏ ਪੀਛੇ ਕੁਪੱਥ	੧੦੦
ਪਾਂਚ ਵਿਖਮ ਜ੍ਵਰ ਨਿਦਾਨ ਲਛਣ	੮੫	ਅਥ ਤੀਜਾ ਧਯਾਯ-ਸੰਨਿਪਾਤ	
ਪਾਂਚ ਵਿਖਮ ਨਾਮ	੮੫	ਤੇਰਾ ਸੰਨਿਪਾਤ ਨਿਦਾਨ ਨਾਮ	੧੦੧
ਵਿਖਮ ਜ੍ਵਰ ਲਛਣ ਉਪਾਇ	੮੫	ਸਰਬ ਸੰਨਿਪਾਤਾਂ ਜਿਹਬਾ ਲੱਛਣ	੧੦੨
ਸੰਤਤ ਜ੍ਵਰ ਲਛਣ ਉਪਾਇ	੮੫	ਸੰਨਿਪਾਤ ਕੋ ਲੰਘਨ (ਫਾਕਾ)	੧੦੩
ਅਨੇਦਯੁ ਜ੍ਵਰ ਲਛਨ ਉਪਾਇ	੮੬	ਸੰਧਕ ਲਛਣ ਉਪਾਇ	੧੦੪
ਤ੍ਰਿਤੀਯ ਜ੍ਵਰ ਲਛਣ ਉਪਾਇ	੮੭	ਚਿੰਤਾਮਣੀ ਰਸ	੧੦੬
ਤੇਈਏ ਤਾਪ ਲਛਣ ਉਪਾਇ	੮੭	ਰਾਮ ਬਾਣ ਰਸ	੧੦੬
ਸਰਬ ਜ੍ਵਰ ਸੁਦਰਸ਼ਨ ਚੂਰਣ	੮੯	ਦੁਤੀਯ ਚਿੰਤਾਮਣ ਰਸ	੧੦੭
ਸਰਬ ਜ੍ਵਰ ਕੋ ਬਤੀਸਾ ਚੂਰਣ	੯੦	ਅੰਤਕ ਸੰਨਿ ਲਛਣ	੧੦੭
ਸਰਬ ਜ੍ਵਰ ਕੋ ਖੋੜਸਾਂਗ ਚੂਰਣ	੯੧	ਅੰਤਕ ਸੰਨਿ ਉਪਾਇ	੧੦੭
ਵਿਸਮਾਦੀ ਚੂਰਣ	੯੨	ਕਾਲਾਂਕੁਸ਼ ਰਸ	੧੦੭
ਸਰਬ ਜ੍ਵਰ ਕੋ ਰਸ	੯੨	ਸੰਜੀਵਨੀ ਗੁਟਕਾ	੧੦੮
ਨਿੱਤ ਜ੍ਵਰ ਕੋ ਜ੍ਵਰਾਕਸ	੯੨	ਰੁਗ ਦਾਹਿ ਸੰਨਿ ਲਛਣ	੧੦੮
ਸਰਬ ਤਾਪ ਕੋ ਜ੍ਵਰਾਂਕੁਸ		ਰੁਗ ਦਾਹਿ ਸੰਨਿ ਉਪਾਇ	੧੦੯
(ਦੂਜਾ) ਜ੍ਵਰਾਕੁਸ	੯੩	ਬ੍ਰਹਮੀ ਆਦਿ ਕ੍ਵਾਥ	੧੧੦
ਕਾਲਾ ਰਸ ਸੀਤ ਜ੍ਵਰ ਕੋ	੯੪	ਖੜਾਂਗ ਪਾਨੀ	੧੧੧
ਦੂਸਰਾ ਜ੍ਵਰਾਂਕੁਸ	੯੪	ਚਿਤਭ੍ਰਮ ਸੰਨਿ ਲਛਣ ਉਪਾਇ	੧੧੧
ਵਿਖਮ ਜ੍ਵਰ ਕੋ ਵਿਸ੍ਰਤਵਾਪਰਨ ਰਸ	੯੪	ਅਵਲੇਹ (ਚਟਣੀ)	੧੧੨
ਵਿਖਮ ਜ੍ਵਰ ਪੰਜ ਉਪਦ੍ਰਵ	੯੫	ਅੰਜਨ ਤੇ ਕ੍ਵਾਥ	੧੧੩

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ
ਸੀਤਾਂਗ ਸੰਨਿ ਲਛਣ ਉਪਾਇ	੧੧੩
ਪੰਚਾਨਨ ਗੋਲੀ	੧੧੪
ਬ੍ਰਹਮੀ ਗੋਲੀ	੧੧੫
ਧੂੜਾ	੧੧੫
ਕੁੰਕਮਾਦਿ ਗੋਲੀ	੧੧੬
ਲਵੰਗਾਦਿ ਚੂਰਣ	੧੧੬
ਲਘੂ ਬ੍ਰਹਮੀ ਗੋਲੀ	੧੧੬
ਦਸ ਮੂਲ ਕ੍ਵਾਥ	੧੧੭
ਮਹਾਜੀਰ ਕਾਦਿ ਗੁਟੀ	੧੧੮
ਤ੍ਰਿਪੁਰ ਭੈਰਵ ਰਸ	੧੧੯
ਕਨਕ ਸੁੰਦੀ ਰਸ	੧੧੯
ਤੰਦ੍ਰਕ ਸੰਨਿ ਲਛਣ ਉਪਾਇ	੧੧੯
ਅੰਜਨ	੧੨੦
ਨਸਜ (ਨਸਵਾਰ)	੧੨੦
ਸਟਕਾਦਿ ਕ੍ਵਾਥ	੧੨੨
ਕੰਠ ਕੁਬਜ ਸੰਨਿ ਲਛਣ ਉਪਾਇ	੧੨੩
ਅਸਟ ਦਸਾਂਗ ਕ੍ਵਾਥ	੧੨੩
ਖੁਦ੍ਰਾਦਿ ਕ੍ਵਾਥ	੧੨੪
ਮੋਥਾਦਿ ਕ੍ਵਾਥ	੧੨੪
ਅੰਮ੍ਰਿਤਾਦਿ ਕ੍ਵਾਥ	੧੨੪
ਸਿੰਗ੍ਰਾਦਿ ਕ੍ਵਾਥ	੧੨੪
ਕਰਣਕ ਸੰਨਿ ਲਛਣ ਉਪਾਇ	੧੨੫
ਕਨੇਡੂ ਪਾਕੇ ਦਾ ਉਪਾਇ	੧੨੭
ਕਰਣਕ ਨਖਿਧ	੧੨੭
ਯੋਗ ਬਸਤੂ	੧੨੮
ਭਗਨਦ੍ਰਿਸਟ ਲਛਣ ਉਪਾਇ	੧੨੯
ਰਕਤਸਟੀਵੀ ਲਛਣ ਉਪਾਇ	੧੩੩
ਪਰਲਾਪਕ ਸੰਨਿ ਲਛਣ ਉਪਾਇ	੧੩੫
ਜਾਇਫਲਾਦੀ ਚੂਰਣ	੧੩੭
ਸਾਰਦੂਲ ਗੁਟਕਾ	੧੩੭
ਜਿਹਵਕ ਸੰਨਿ ਲਛਣ ਉਪਾਇ	੧੩੮
ਅਭਿਨਜਾਸ ਸੰਨਿ ਲਛਣ	੧੪੦
ਦਾਗ ਕਰਨੰ	੧੪੨

ਨਾਮ ਰੋਗ	ਪੰਨਾ
ਬਾਂਸਾਦਿ ਕ੍ਵਾਥ	੧੪੩
ਕੁੰਕਮਾਦਿ ਬ੍ਰਿਧ ਗੁਟੀ	੧੪੪
ਨਾਸਕੇਤ ਰਸ	੧੪੫
ਹਰਿਦ੍ਰ ਸੰਨਿ ਲਛਣ	੧੪੫
ਜਰਾਂਕੁਸ ਹਰਿਦ੍ਰ ਅਰ ਪਿਤ	੧੪੭
ਸੰਨਿਪਾਤ ਕੋ ਪਾਨੀ	੧੪੮
ਸੰਨਿਪਾਤ ਆਯੂ	੧੪੮
ਸੰਨਿਪਾਤ ਪੱਥ	੧੪੮
ਸੰਨਿਪਾਤ ਕੁਪੱਥ	੧੪੯
ਮਧੋਰਾ ਲਛਣ	੧੪੯
ਕਾਲੀ ਮਧੋਰਾ ਲਛਣ ਉਪਾਇ	੧੫੦
ਪੀਲੀ ਮਧੋਰਾ ਲਛਣ ਉਪਾਇ	੧੫੦
ਸ੍ਵੇਤ ਮਧੋਰਾ ਲਛਣ ਉਪਾਇ	੧੫੨
ਸ੍ਰਬ ਮਧੋਰਾ ਉਪਾਇ	੧੫੨
ਅਥ ਚੌਥਾ ਅਧਜਾਯ–ਅਤੀਸਾਰ	
ਅਤੀਸਾਰ ਨਿਦਾਨ ਲਛਣ	੧੫੩
ਬਾਤ (ਸੂਲ) ਅਤੀਸਾਰ ਉਤਾਇ	੧੫੩
ਆਨੰਦ ਭੈਰਵਰਸ	੧੫੫
ਪਿੱਤ ਅਤੀਸਾਰ ਲੱਛਣ ਉਪਾਇ	੧੫੬
ਲਘੂ ਗੰਗਾਧਰ ਚੂਰਣ	੧੫੬
ਬ੍ਰਿਧ ਗੰਗਾਧਰ ਚੂਰਣ	੧੫੭
ਕਫ ਅਤੀਸਾਰ ਲਛਣ ਉਪਾਇ	੧੫੯
ਚਿਤ੍ਰਕਾਦਿ ਗੋਲੀ	੧੬੦
ਬਾਤ ਪਿਤ ਅਤੀਸਾਰ ਲਛਣ ਉਪਾਇ	੧੬੦
ਪਿਤ ਸਲੇਖਹ ਅਤੀਸਾਰ ਲਛਣ ਉਪਾਇ	੧੬੧
ਬਾਤ ਸਲੇਖਮ ਲਛਣ ਉਪਾਇ	੧੬੨
ਛਰਦਿ ਅਤੀਸਾਰ ਉਪਾਇ	੧੬੩
ਸੋਥ ਅਤੀਸਾਰ ਉਪਾਇ	੧੬੪
ਆਮ ਅਤੀਸਾਰ ਲਛਣ	੧੬੪
ਰਕਤ ਅਤੀਸਾਰ ਨਿਦਾਨ ਲਛਣ ਉਪਾਇ	੧੬੫
ਪਰਵਾਹੀ ਉਤਪਤੀ	੧੬੭
ਬਾਤ ਨਿਬਾਹੀ ਉਪਾਇ	੧੬੭
ਪਿਤ ਨਿਬਾਹੀ ਉਪਾਇ	੧੬੭

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ
ਕਫ ਨਿਵਾਹੀ	੧੬੯
ਰਕਤ ਨਿਵਾਹੀ	੧੬੯
ਜ੍ਵਰ ਅਤੀਸਾਰ ਲਛਣ ਉਪਾਇ	੧੭੦
ਸਰਬ ਅਤੀਸਾਰ ਤ੍ਰਿਦੋਖ ਉਪਾਇ	੧੭੧
ਸਰਬ ਅਤੀਸਾਰੇ ਗੰਗਾਧਰ ਰਸ	੧੭੩
ਲੀਲਾਵਤੀ ਗੋਲੀ	੧੭੩
ਅਨੰਦ ਭੈਰਵ ਰਸ ਅਤੀਸਾਰ ਰੋਗੇ	੧੭੩
ਅਤੀਸਾਰ ਕੋ ਪਾਣੀ	੧੭੪
ਅਤੀਸਾਰਾਂ ਦਾ ਪੱਥ ਅਪੱਥ	੧੭੪
ਸੰਗ੍ਰਹਣੀ ਰੋਗ ਨਿਦਾਨ	
ਬਾਤ ਸੰਗ੍ਰਹਣੀ ਲਛਣ ਉਪਾਇ	੧੭੪
ਪਿੱਤ ਸੰਗ੍ਰਹਿਣੀ ਲਛਣ ਉਪਾਇ	੧੭੭
ਕਫ ਸੰਗ੍ਰਹਿਣੀ ਲਛਣ ਉਪਾਇ	੧੭੮
ਆਮ ਸੰਗ੍ਰਹਿਣੀ ਲਛਣ ਉਪਾਇ	੧੭੯
ਤ੍ਰਿਦੋਖ ਸੰਗ੍ਰਹਿਣੀ ਲਛਣ ਉਪਾਇ	੧੮੦
ਲਘੂ ਗੰਗਾਧਰ ਰਸ	੧੮੨
ਸੰਖਜੋਦਰ	੧੮੨
ਪੱਥ ਕੁਪੱਥ	੧੮੩
ਅਸਾਧ ਸੰਗ੍ਰਹਿਣੀ ਲਛਣ	੧੮੩
ਅਰਸ਼ (ਬਵਾਸੀਰ) ਨਿਦਾਨ	
ਬਾਤ ਅਰਛ ਲਛਣ ਉਪਾਇ	੧੮੪
ਪਿੱਤ ਅਰਸ਼ ਲਛਣ ਉਪਾਇ	੧੮੫
ਕਫ ਅਰਸ਼ ਲਛਣ ਅੁਪਾਇ	੧੮੬
ਰਕਤ ਅਰਸ਼ ਲਛਣ ਉਪਾਇ	੧੮੭
ਸਰਬ ਅਰਸ਼ ਉਪਾਇ	੧੮੯
ਲਸਨਾਦਿ ਗੋਲੀ	੧੯੦
ਸੂਰਨ ਗੋਲੀ	੧੯੨
ਬਿਜੈ ਚੂਰਣ	੧੯੨
ਬਵਾਸੀਰ ਦੇ ਪੱਥ ਅਪੱਥ	੧੯੩
ਮੰਦਾਗਨੀ ਨਿਦਾਨ	
ਮੰਦਾਗਨੀ ਲੱਛਣ	੧੯੪
ਮੰਦਾਗਨੀ ਉਪਾਇ	੧੯੪
ਅਗਨੀ ਮੁਖ ਚੂਰਣ	੧੯੪
ਅੰਮ੍ਰਿਤ ਨਾਮ ਗੋਲੀ	੧੯੬
ਬ੍ਰਿਧ ਅਗਨੀ ਮੁਖਚੂਰਨ	੧੯੬
ਲਵਣ ਭਾਸਕਰ	੧੯੭
ਪੂਦਨਾਦਿ ਫੱਕੀ	੧੯੮
ਅਜੀਰਣ ਕੰਟਕੋ ਰਸ	੧੯੯
ਬ੍ਰਿਧ ਤਾਲੀਸਾਦਿ ਚੂਰਣ	੧੯੯
ਲਘੂ ਤਾਲੀਸਾਦਿ ਚੂਰਣ	੨੦੦
ਪੰਚ ਕੋਲ ਚੂਰਣ	੨੦੦
ਅਗਨੀ ਕੁਠਾਰ ਰਸ	੨੦੦
ਭਸਮ ਰੋਗ ਨਿਦਾਨ	
ਭਸਮ ਰੋਗ ਲਛਣ ਉਪਾਇ	੨੦੧
ਪੱਥ ਕੁਪੱਥ	੨੦੨
ਅਥ ਪੰਚਮ ਧਜਾਯ–ਕ੍ਰਿਮੀ ਰੋਗ	
ਕ੍ਰਿਮੀ ਰੋਗ ਲੱਛਣ ਉਪਾਇ	੨੦੪
ਕ੍ਰਿਮੀ ਰੋਗ ਦੇ ਪੱਥ ਅਪੱਥ	੨੦੫
ਅਰੁਚੀ	
ਅਰੁਚੀ ਨਿਦਾਨ	੨੦੮
ਅਰੁਚੀ ਲਛਣ ਉਪਾਇ	੨੦੮
ਪੱਥ ਕੁਪੱਥ	੨੧੦
ਪਾਂਡੂ ਰੋਗ ਨਿਦਾਨ	੨੧੦
ਬਾਤ ਪਾਂਡੂ ਲਛਣ	੨੧੦
ਪਿਤ ਪਾਂਡੂ ਲਛਣ	੨੧੦
ਕਫ ਪਾਂਡੂ ਲਛਣ	੨੧੧
ਤ੍ਰਿਦੋਖ ਪਾਂਡੂ ਲਛਣ	੨੧੧
ਮਿੱਟੀ ਪਾਂਡੂ ਲਛਣ	੨੧੧
ਕਾਮਲਾ ਲਛਣ	੨੧੧
ਕੁੰਭ ਕਾਮਲਾ ਲਛਣ	੨੧੧
ਹਲੀਮਕ ਲਛਣ	੨੧੨
ਪਾਂਡੂ ਰੋਗ ਮੰਡੂਰਾਦਿ ਬਟੀ	੨੧੨
ਕਾਮਲਾ ਰੋਗ ਉਪਾਇ	੨੧੪
ਕੁੰਭ ਕਾਮਲਾ ਉਪਾਇ	੨੧੬
ਹਲੀਮਕ ਰੋਗ ਉਪਾਇ	੨੧੬
ਅਭਜਾਦਿ ਗੋਲੀ ਪਾਂਡੂ ਰੋਗ	੨੧੭

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ
ਨਵ ਰਸਾਦਿ ਗੋਲੀ	੨੧੭
ਵਿਦਜਾਧਰ ਰਸ	੨੧੮
ਪਾਂਡੂ ਪੱਥ ਕੁਪੱਥ	੨੧੯
ਰਕਤ ਪਿੱਤ	
ਰਕਤ ਪਿਤ ਨਿਦਾਨ	੨੧੯
ਰਕਤ ਪਿਤ ਅਸਾਧ ਲਛਣ,ਉਪਦ੍ਰਵ	੨੧੯
ਰਕਤ ਪਿੱਤ ਉਪਾਇ	੨੨੦
ਕਫ ਛਰਦਿ ਉਪਾਇ	੨੨੨
ਰਕਤ ਪਿੱਤ ਮੁਖ ਨਾਸਾਂ ਪੜੇ ਉਪਾਇ	੨੨੪
ਚੰਦਨਾਦਿ ਚੂਰਣ	੨੨੪
ਰਕਤ ਪਿਤੇ ਨਸਵਾਰ	੨੨੭
ਰਕਤ ਪਿਤ ਪਥ	੨੨੯
ਕੁਪੱਥ	੨੨੯
ਰਾਜ ਯਖਮ	
ਰਾਜ ਯਖਮ ਨਿਦਾਨ ਲੱਛਣ	੨੩੦
ਰਾਜ ਯਖਮ ਅਸਾਧ ਉਪਾਇ	੨੩੦
ਮ੍ਰਿਗਾਂਕ ਰਸ	੨੩੪
ਮਹਾਂ ਤਾਲੀਸਾਦਿ ਚੂਰਣ	੨੩੫
ਕਪੂਰਾਦਿ ਚੂਰਣ	੨੩੬
ਜਵਾਨਜਾਦਿ ਚੂਰਣ	੨੩੬
ਰਾਜ ਯਖਮ ਪਥ ਕੁਪੱਥ	੨੩੭
ਖਾਂਸੀ ਰੋਗ	
ਖਾਂਸੀ ਰੋਗ ਨਿਦਾਨ	੨੩੮
ਅਸਾਧ ਲਛਣ	੨੩੮
ਬਾਤ ਕਾਸ (ਖਾਂਸੀ ਲਛਣ	੨੩੮
ਪਿਤ ਕਾਸ (ਖਾਂਸੀ) ਲਛਣ	੨੪੦
ਕਫ ਖਾਂਸੀ ਲਛਣ ਉਪਾਇ	੨੪੨
ਬਾਤ ਕਫ ਕਾਸ (ਖਾਂਸੀ) ਉਪਾਇ	੨੪੩
ਪਿੱਤ ਕਫ ਖਾਂਸੀ ਉਪਾਇ	੨੪੪
ਖਤ ਕਾਸ ਲਛਣ ਉਪਾਇ	੨੪੪
ਕਾਸ ਸ੍ਵਾਸ ਉਪਾਇ	੨੪
ਖਯਕਾਸ ਲਛਣ ਉਪਾਇ	੨੪੭
ਸ੍ਰਬ ਕਾਸ (ਖਾਂਸੀ) ਉਪਾਇ	੨੪੭
ਖਾਂਸੀ ਦੇ ਪੱਥ ਅਪੱਥ	੨੪੭
ਹਿੜਕੀ	
ਹਿੜਕੀ ਰੋਗ ਨਿਦਾਨ	੨੫੦
ਪਾਂਚ ਹਿਕ੍ਵਾ ਨਾਮ ਲਛਣ	੨੫੦
ਅਸਾਧ ਲਛਣ ਉਪਾਇ	੨੫੧
ਪੱਥ ਅਪੱਥ	੨੫੫
ਸ੍ਵਾਸ ਦਮਾਂ	
ਸ੍ਵਾਸ (ਦਮ) ਰੋਗ ਨਿਦਾਨ	੨੫੬
ਮਹਾ ਸ੍ਵਾਸ ਲਛਣ	੨੫੬
ਊਰਧ. ਛਿੰਨਾ, ਤਮਕ ਸ੍ਵਾਸ ਲਛਣ	੨੫੬
ਖੁਦ੍ਰ ਸ੍ਵਾਸ ਲਛਣ	੨੫੭
ਸ੍ਰਬ ਸ੍ਵਾਸ ਕੋ ਉਪਾਇ	੨੫੭
ਸ੍ਵਾਸਾਰੀ ਬਟੀ	੨ ੭
ਮੁਕਤਾਦਿ ਚੂਰਣ	੨੬੦
ਧੂੰਮ੍ਰ ਪਾਨ ਵਿਧੀ	੨੬੧
ਤਮਕ ਸ੍ਵਾਸ ਉਪਾਇ	੨੬੨
ਸਟਕਾਦਿ ਚੂਰਣ	੨੬੨
ਸਰਬ ਸ੍ਵਾਸ ਸੂਰਯਾਵਰਤਰਸ	੨੬੩
ਸ੍ਵਾਸ ਕੁਠਰ ਰਸ	੨੬੩
ਸ੍ਵਾਸ ਦੇ ਪੱਥ ਕੁਪੱਥ	੨੬੫
ਸ੍ਵਰਭੰਗ	
ਸ੍ਵਰਭੰਗ (ਅਵਜ਼) ਬੈਠ ਜਾਣੀ ਨਿਧਾਨ	੨੬੫
ਬਾਤ ਪਿਤ ਸੁਰਭੰਗ ਲਛਣ	੨੬੫
ਕਫ ਸੁਰਭੰਗ ਲਛਣ	੨੬੫
ਅਸਾਧ ਸੁਰਭੰਗ ਲਛਣ	੨੬੬
ਸੁਰਭੰਗ ਉਪਾਇ	੨੬੬
ਸੁਰਭੰਗ ਦੇ ਪੱਥ ਕੁਪੱਥ	੨੬੮
ਅਥ ਛੇਵਾਂ ਧਯਾਯ-ਛਰਦਿ (ਕੈ)	
ਛਰਦਿ (ਕੈ) ਨਿਦਾਨ	੨੬੯
ਉਪਦ੍ਰਵ	੨੬੯
ਬਾਤ ਛਰਦ ਲਛਣ ਉਪਾਇ	੨੬੯
ਪਿਤ ਛਰਦਿ ਲਛਣ ਉਪਾਇ	੨੭੦
ਕਫ ਛਰਦਿ ਲਛਣ ਉਪਾਇ	੨੭੧

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ
ਤ੍ਰਿਦੋਖ ਛਰਦਿ ਲਛਣ ਉਪਾਇ	੨੭੨
ਏਲਾਦੀ ਚੂਰਣ	੨੭੩
ਤ੍ਰਿਸਨਾ ਛਰਦਿ ਉਪਾਇ	੨੭੬
ਜ੍ਵਰ ਤ੍ਰਿਸਨਾ ਛਰਦਿ ਉਪਾਇ	੨੭੮
ਛਰਦ ਰੋਗ, ਪੱਥ ਅਪੱਥ	੨੭੮
ਬਿਸੂਚੀ [ਹੈਜਾ] ਉਪਾਇ	੨੭੮
(ਤ੍ਰਿਸ਼ਨਾ (ਪਜਾਸ)	
ਤ੍ਰਿਸ਼ਨਾ (ਪਜਾਸ] ਨਿਦਾਨ	੨੭੯
ਉਪਦ੍ਰਵ	੨੮੦
ਬਾਤ ਪਿਤ ਕਫਾਦਿ ਲਛਣ ਉਪਾਇ	੨੮੧
ਤ੍ਰਿਖਾ ਦੇ ਪੱਥ ਕੁਪੱਥ	੨੮੨
ਭੁੱਖ	
ਲਘੂ ਦਾੜਮਾਸਟਕ ਚੂਰਣ	੨੮੪
ਬ੍ਰਿਧਦਾੜਮਾਸਟਕ ਚੂਰਨ	੨੮੫
ਭੂਖ ਕੋ ਮਹਾਂ ਖਾਂਡਵ ਚੂਰਣ	੨੮੫
ਭੂਖ ਕੋ ਅਮਲਕਾਦਿ ਚੂਰਣ	੨੮੬
ਦਾਹ ਰੋਗ	
ਦਾਹ ਰੋਗ ਨਿਦਾਨ	੨੮੬
ਦਾਹ ਲਛਣ	੨੮੭
ਅਸਾਧ ਦਾਹ ਲਛਨ	੨੮੭
ਦਾਹ ਉਪਾਇ	੨੮੭
ਗਲਦਾਹ ਉਪਾਇ	੨੮੯
ਦਾਹ,ਤ੍ਰਿਸ਼ਨਾ,ਮੁਖ ਸੋਖ ਉਪਾਇ	੨੯੦
ਦਾਹ ਤੇ ਪੱਥ ਕੁਪੱਥ	੨੯੦
ਮੂਰਛਾ (ਗਸ਼ੀ)	
ਮੂਰਛਾ (ਗਸ਼ੀ) ਨਿਦਾਨ	੨੯੧
ਸੰਖਜਾ	੨੯੧
ਪੂਰਬ ਰੂਪ	੨੯੨
ਬਾਤ, ਪਿਤ, ਕਫ ਤੇ ਤ੍ਰਿਖਾਦਿ ਮੂਰਛਾ ਦੇ ਲਛਣ	੨੯੩
ਸਰਬ ਮੂਰਛਾ ਉਪਾਇ	੨੯੩
ਮੂਰਛਾ ਦੇ ਪੱਥ ਕੁਪੱਥ	੨੯੪
ਮਦਾਤਜਯ ਰੋਗ	
ਨਿਦਾਨ ਲਛਣ	੨੯੫
ਮਦਾਤਜਯ ਰੋਗ ਉਪਾਇ	੨੯੭
ਮਦਾਤਜਯ ਦੇ ਪਥ ਕੁਪੱਥ	੨੯੭
ਉਨਮਾਦ	
ਉਨਮਾਦ ਨਿਦਾਨ	੨੯੮
ਬਾਤ ਉਨਮਾਦ ਲਛਣ	੨੯੮
ਪਿਤ ਉਨਮਾਦ ਲਛਣ	੨੯੮
ਕਫ ਉਨਮਾਦ ਲਛਣ	੨੯੯
ਤ੍ਰਿਦੋਖ ਲਛਨ	੨੯੯
ਮਾਨਸੀ ਰੁਧਰ ਉਨਮਾਦ ਲਛਣ	੨੯੯
ਵਿਖ ਉਨਮਾਦ ਲਛਣ	੨੯੯
ਸੁਰਾ ਉਨਮਾਦ ਲਛਣ	੩੦੦
ਭੂਤੋਨਮਾਦ ਲਛਣ	੩੦੦
ਦੇਵਤਾ ਉਨਮਾਦ ਲਛਣ	੩੦੦
ਦੈਤ ਉਨਮਾਦ ਲਛਣ	੩੦੦
ਗੰਧ੍ਰਬ ਉਨਮਾਦ ਲਛਣ	੩੦੧
ਯਖ ਉਨਮਾਦ ਲਛਣ	੩੦੧
ਪਿਤ ਉਨਮਾਦ ਲਛਣ	੩੦੧
ਨਾਗ ਕੁਮਾਰ ਉਨਮਾਦ ਲਛਣ	੩੦੨
ਰਾਖਸ਼ ਉਨਮਾਦ ਲਛਣ	੩੦੨
ਪਿਸਾਚ ਉਨਮਾਦ ਲਛਣ	੩੦੨
ਪ੍ਰਹਾਰ ਉਨਮਾਦ ਲਛਣ	੩੦੨
ਸ੍ਰਬ ਉਨਮਾਦ ਉਪਾਇ	੩੦੩
ਅਮਰ ਸੁੰਦਰੀ ਗੋਲੀ	੩੦੭
ਜ਼ਿਹਬਾ ਲਟਪਟੀ ਬਾਹਰ ਨਿਕਸੀ ਕਾ ਉਪਾਇ	੩੦੮
ਉਨਮਾਦ ਦੇ ਪੱਥ ਕੁਪੱਥ	੩੦੯
ਅਪਸਮਾਰ (ਮ੍ਰਿਗੀ) ਨਿਦਾਨ	
ਬਾਤ, ਪਿਤ ਮ੍ਰਿਗੀ ਲਛਣ	੩੧੦
ਕਫ, ਤ੍ਰਿਦੋਖ ਮ੍ਰਿਗੀ ਲਛਣ	੩੧੦
ਅਸਾਧ ਮ੍ਰਿਗੀ ਵਛਣ	੩੧੧
ਮ੍ਰਿਗੀ ਦਾ ਸਮਯ	੩੧੧

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ	ਨਾਮ ਰੋਗ	ਪੰਨਾ
ਪਾਠਾਂਤ੍ਰ ਮ੍ਰਿਗੀ ਲਛਣ	੩੧੧	ਸੁਪਤ ਬਾਤ ਉਪਾਇ	੩੩੪
ਮ੍ਰਿਗੀ ਦਾ ਉਪਾਇ	੩੧੨	ਹ੍ਰਿਦਯ ਬਾਤ ਉਪਾਇ	੩੩੪
ਨਸਵਾਰ	੩੧੨	ਪਖਜਾਘਾਤ (ਅਧਰੰਗ) ਬਾਤ ਉਪਾਇ	੩੩੪
ਬ੍ਰਹਮੀ ਬੂਟੀ	੩੧੩	ਅਰਧਾਂਗਬਾਤ ਉਪਾਇ	੩੩੬
ਕਲਜਾਣ ਚੂਰਣ	੩੧੪	ਛਾਤੀ ਬਾਤ ਪਰ ਇਰਿੰਡ ਸਪਤਕ	੩੩੭
ਬ੍ਰਹਮੀ ਕ੍ਵਾਥ	੩੧੬	ਰਾਸਨਾ ਪੰਚਕ ਸਰਬਾਂਗ ਬਾਤੇ	੩੩੭
ਮ੍ਰਿਗੀ ਦੇ ਪਥ ਕੁਪਥ	੩੧੭	ਰਾਸਨਾ ਸਪਤਕ ਕਟਿ (ਕਮਰ) ਪੀੜ੍ਹ ਪੈ	੩੩੭
ਬਧ ਕੋਸ਼ਟ		ਚੌਰਾਸੀ ਬਾਤ ਪਰ ਗੋਲੀ	੩੩੭
ਬੱਧ ਕੋਸ਼ਟ ਨਿਦਾਨ ਲਛਣ ਉਪਾਇ	੩੧੮	ਮੁਖ ਬਜੰਗ ਉਪਾਇ	੩੩੯
ਬਧ ਕੋਸ਼ਟ ਦੇ ਪਥ	੪੦੮	ਸਰਬ ਬਾਤੇ ਸ੍ਵਛੰਦ ਭੈਰਵਰਸ	੩੪੧
ਅਥ ਸਤਵਾਂ ਧਜਾਯ-ਬਾਤ		ਗਜਾਂਕੁਸ਼ ਰਸ	੩੪੨
		ਸਰਬ ਬਾਤ ਪਰ ਅਨੰਦ ਭੈਰਵਰਸ	੩੪੨
ਬਾਤ ਨਿਦਾਨ	੩੨੧	ਗੰਠੀਆਂ ਬਾਤ ਉਪਾਇ	੩੪੩
ਸ੍ਰਬ ਬਾਤ ਦੇ ਲਛਣ	੩੨੧	ਝੋਲੇ ਕੋ ਤੇਲ	੩੪੩
ਅਸਾਧ ਬਾਤ ਲਛਣ	੩੨੨	ਟੰਗਾਂ ਬਾਹਾਂ ਤਨ ਪੀਰ	੩੪੪
ਸ੍ਰਬ ਬਾਤ ਦੇ ਮੂਲ ਪੰਚ ਬਾਤ ਨਾਮ	੩੨੨	ਝੋਲੇ ਕੇ ਗੋਲੀ	੩੪੪
ਸ੍ਰਬ ਬਾਤ ਕੋ ਰਸੈਨ	੩੨੩	ਗੰਠੀਆ ਬਾਤ ਉਪਾਇ	੩੪੫
ਗੋਲੀ ਸਰਬ ਬਾਤ ਪਰ	੩੨੪	ਅਰਦਿਤ ਬਾਤ ਉਪਾਇ	੩੪੫
ਝੋਲਾ ਬਾਤ ਉਪਾਇ	੩੨	ਪ੍ਰਸੂਤ ਬਾਤ ਉਪਾਇ	੩੪੫
ਸਰਬ ਬਾਤ ਕੋ ਫਕੀ	੩੨੫	ਪ੍ਰਸੂਤ ਬਾਤ ਲਾਲ ਪਰ ਘਾਸਾ	੩੪੫
ਸਰਬ ਬਾਤ ਕੋ ਅਵਲੇਹ	੩੨੫	ਪ੍ਰਸੂਪ ਚੂਰਣ	੩੪੬
ਉਦਰ ਬਾਤ ਪੀੜ ਉਪਾਇ	੩੨੫	ਪ੍ਰਸੂਤ ਬਾਤ ਯਤਨ	੩੪੭
ਆਕਮ ਸੂਲ ਸੰਧਿਨ ਬਾਤ ਪੀੜ ਉਪਾਇ	੩੨੫	ਪੰਚ ਜੀਰਕ ਬਟੀ	੩੪੮
ਕੰਪ ਬਾਤ ਉਪਾਇ	੩੨੬	ਭੈਰਵ ਰਸ	੩੪੯
ਸਰਬ ਬਾਤ ਉਪਾਇ	੩੨੭	ਬਾਤ ਰੋਗ ਦੇ ਪੱਥ ਕੁਪੱਥ	੩੪੯
ਗੀੜਣ ਬਾਤ ਉਪਾਇ	੩੨੭	ਬਾਤ ਰਕਤ	
ਸੰਧਾਨ ਬਾਤ ਉਪਾਇ	੩੨੯		
ਸਰਬ ਬਾਤ ਪਰ ਗੋਲੀ	੩੨੯	ਬਾਤ ਰਕਤ ਨਿਦਾਨ	੩੫੧
ਬਾਂਹ ਪੀੜ ਉਪਾਇ	੩੩੦	ਬਾਤ ਰਕਤ ਲਛਣ ਉਪਾਇ	੩੫੧
ਸਰਬ ਬਾਤ ਕੋ ਚੂਰਣ	੩੩੦	ਲਘੁਮੰਜਿਸਟਾਦਿ ਕਾੜ੍ਹਾ	੩੫੩
ਸੰਧਾਨ ਬਾਤ ਪਰ ਕਾੜ੍ਹਾ	੩੩੧	ਬ੍ਰਿਧ ਮੰਜਿਸਟਾਦਿ ਕਾੜ੍ਹਾ	੩੫੩
ਅਪਤੰਤ੍ਰ ਬਾਤ ਉਪਾਇ	੩੩੩	ਰਕਤ ਮੰਡਲ ਕੋ ਲੇਪ	੩੫੪
ਅਤਤਾਨ ਬਾਤ ਉਪਾਇ	੩੩੩	ਸੁੰਨ ਬਹਿਰੀ ਕੋ ਗੱਦ	੩੫੪
ਊਰਧ ਬਾਤ ਉਪਾਇ	੩੩੩	ਬਾਤ ਰਕਤ ਦੇ ਪਥ	੩੫੬

Digitized by Panjab Digital Library | www.panjabdigilib.org

ਕੁਪੱਥ ੩੫੬

ਉਰੂਸਥੰਭ

ਉਰੂਸਥੰਭ ਨਿਦਾਨ ੩੫੭
ਉਰੂਸਥੰਭ ਲਛਣ ੩੫੭
ਦੂਸਰਾ ਨਾਮ, ਉਪਾਇ ੩੫੭
ਉਰੂਸਥੰਭ ਦੇ ਪੱਥ ੩੬੦
ਕੁਪੱਥ ੩੬੦

ਆਮ ਬਾਤ

ਆਮ ਬਾਤ ਨਿਦਾਨ ੩੬੦
ਆਮ ਬਾਤ ਲਛਣ ੩੬੧
ਆਮ ਬਾਤ ਉਪਾਇ ੩੬੧
ਅਲੰਬੁਖਾਦਿ ਚੂਰਣ ੩੬੩
ਬੈਸ੍ਵਾਨਰ ਚੂਰਣ ੩੬੩
ਆਮ ਬਾਤ ਪਥ ਕੁਪਥ ੩੬੫

ਸੂਲ ਰੋਗ

ਸੂਲ ਰੋਗ ਨਿਦਾਨ ੩੬੬
ਬਾਤ ਸੂਲ ਲਛਣ ੩੬੬
ਪਿਤ ਸੂਲ ਲਛਣ ੩੬੬
ਕਫ ਸੂਲ ਲਛਣ ੩੬੬
ਕਫਾਦਿ ਸੂਲਾਂ ਦੇ ਸਥਾਨ ੩੬੭
ਆਮ ਸੂਲ ਲਛਣ ੩੬੭
ਅਸਾਧ ਸੂਲ ਲਛਣ ੩੬੭
ਬਾਤ ਸੂਲ ਉਪਾਇ ੩੬੮
ਪਾਰਸ ਪੀੜ (ਜਾਤੁਲਜੰਮ) ਉਪਾਇ ੩੬੯
ਕਫ ਸੂਲ ਉਪਾਇ ੩੭੧
ਬਾਤ ਕਫ ਸੂਲ ਉਪਾਇ ੩੭੨
ਪਿਤ ਕਫ ਸੂਲ ਉਪਾਇ ੩੭੩
ਪਿਤ ਬਾਤ ਸੂਲ ਉਪਾਇ ੩੭੩
ਆਮ ਸੂਲ ਉਪਾਇ ੩੭੩
ਅਰਿੰਡ ਸਪਤਕ ੩੭੩
ਤ੍ਰਿਦੋਖ ਸੂਲ ਉਪਾਇ ੩੭੩
ਤੁੰਬਰਾਦਿ ਚੂਰਣ ੩੭੫
ਸਰਬ ਸੂਲ ਚੂਰਣ ੩੭੫
ਸਰਬ ਸੂਲ ਕੋ ਲੇਪ ੩੭੬
ਪ੍ਰਣਾਮਕ ਸੂਲ ਲਛਣ ਉਪਾਇ ੩੭੭
ਸੰਬੂਕਾਦਿ ਮੋਦਕ ੩੭੯
ਸਰਬ ਸੂਲ ਕੋ ਰਸ ੩੭੯
ਸੂਲ ਕੇਸਰੀ ਰਸ ੩੭੯
ਅਗਨੀ ਮੁਖ ਰਸ ੩੮੦
ਤ੍ਰਿਨੇਤ੍ਰ ਰਸ ੩੮੧
ਸਰਬ ਸੂਲ ਕੋ ਰਸ ੩੮੧
ਸੂਲ ਦੇ ਪੱਥ ਕੁਪੱਥ ੩੮੨

ਉਦਾਵਰਤ

ਉਦਾਵਰਤ ਨਿਦਾਨ ੩੮੩
ਅਸਾਧ ਲਛਣ ੩੮੪
ਅਫਾਰਾ ਲਛਣ ੩੮੪
ਉਦਾਵਰਤ ਲਛਣ ੩੮੪
ਉਦਾਵਰਤ ਉਪਾਇ ੩੮੫
ਲੇਪ, ਬਤੀ, ਚੂਰਣਾਦਿ ੩੮੫
ਗੁੜਾਸਟਕ ਚੂਰਣਾਦਿ ੩੮੬
ਅਫ਼ਾਰਾ ਉਪਾਇ ੩੮੬
ਹਿੰਗਵਾਦਿ ਚੂਰਣ ਦੋ ੩੮੭
ਵਚਾਦਿ ਚੂਰਣ ੩੮੮
ਉਦਾਵਰਤ ਅਨਾਹ ਦੇ ਪੱਥ ਕੁਪੱਥ ੩੮੯

ਗੁਲਮ ਗੋਲਾ

ਗੁਲਮ (ਗੋਲਾ) ਨਿਦਾਨ ੩੯੦
ਬਾਤ, ਕਫ ਤੇ ਪਿਤ ਗੁਲਮ ਲਛਣ ੩੯੧
ਤ੍ਰਿਦੋਖ ਗੁਲਮ ਲਛਣ ੩੯੧
ਰਕਤ ਗੁਲਮ ਨਿਦਾਨ ੩੯੧
ਰੁਧਰ ਗੁਲਮ ਲਛਣ ੩੯੧
ਅਸਾਧ ਗੁਲਮ ਲਛਣ ੩੯੨
ਬਾਤ ਗੁਲਮ ਉਪਾਇ ੩੯੨
ਸਿਖੀਬਾਦ ਰਸ ੩੯੪
ਪਿਤ ਗੁਲਮ ਉਪਾਦਿ ੩੯੪
ਕਫ ਗੁਲਮ ਉਪਾਇ ੩੯੫
ਤ੍ਰਿਦੋਖ ਗੁਲਮ ਉਪਾਇ ੩੯੬

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ
ਖਜੂਖਾਰ	੩੯੭
ਕੰਕਾਯਨ ਬਟੀ	੩੯੮
ਨਾਰੀ ਰਕਤ ਗੁਲਮ ਉਪਾਇ	੩੯੯
ਗੁਲਮ ਦੇ ਪੱਥ ਕੁਪਥ	੩੯੯
ਹ੍ਰਿਦੇ ਰੋਗ	
ਹ੍ਰਿਦੇ ਰੋਗ ਨਿਦਾਨ	੪੦੦
ਬਾਤ, ਪਿਤ, ਕਫ ਤੇ ਕ੍ਰਿਮੀ ਹ੍ਰਿਦੇ ਰੋਗ ਦੇ ਲਛਣ	੪੦੦
ਹ੍ਰਿਦੇ ਰੋਗ ਉਪਦ੍ਰਵ	੪੦੧
ਬਾਤ ਹ੍ਰਿਦੇ ਰੋਗ ਉਪਾਇ	੪੦੧
ਪਿਤ ਹ੍ਰਿਦੇ ਰੋਗ ਉਪਾਇ	੪੦੨
ਕਫ ਹ੍ਰਿਦੇ ਰੋਗ ਉਪਾਇ	੪੦੩
ਕ੍ਰਿਮੀ ਰੋਗ ਉਪਾਇ	੪੦੪
ਤ੍ਰਿਦੋਖ ਹ੍ਰਿਦੇ ਰੋਗ ਉਪਾਇ	੪੦੪
ਉਰੂਗ੍ਰਹਿ	
ਉਰੂਗ੍ਰਹਿ (ਪੱਛਾਂ ਦਾ ਰੁਕਣਾ) ਨਿਦਾਨ ਲਛਣ ਉਪਾਇ	੪੦੬
ਹ੍ਰਿਦੇ ਰੋਗ ਦੇ ਪਥ ਕੁਪਥ	੪੦੬
ਮੂਤ੍ਰ ਕ੍ਰਿਛ	
ਮੂਤ੍ਰ ਕ੍ਰਿਛ ਨਿਦਾਨ	੪੦੭
ਬਾਤ ਪਿਤ ਕਫ ਤ੍ਰਿਦੋਖਾਦਿ ਮੂਤ੍ਰ ਕ੍ਰਿਛਾਂ ਦੇ ਲਛਣ	੪੦੭
ਬਾਤ ਕ੍ਰਿਛ ਉਪਾਇ	੪੦੯
ਪਿਤ ਮੂਤ੍ਰ ਕ੍ਰਿਛ ਉਪਾਇ	੪੦੯
ਕਫ ਮੂਤ੍ਰ ਕ੍ਰਿਛ ਉਪਾਇ	੪੧੦
ਸੁਕ੍ਰ ਕ੍ਰਿਛ ਉਪਾਇ	੪੧੧
ਤ੍ਰਿਦੋਖ ਮੂਤ੍ਰ ਕ੍ਰਿਛ ਉਪਾਇ	੪੧੦
ਅਭਿਘਾਤਜ ਮੂਤ੍ਰ ਕ੍ਰਿਛ ਉਪਾਇ	੪੧੨
ਸ੍ਰਬ ਕ੍ਰਿਛ ਕ੍ਵਾਥ	੪੧੨
ਸਰਬ ਕ੍ਰਿਛ ਕੋ ਲਘੂ ਲੋਕੇਸ੍ਵਰ ਰਸ	੪੧੩
ਮੂਤ੍ਰ ਕ੍ਰਿਛ ਕੇ ਪਥ ਕੁਪਥ	੪੧੩
ਅਥ ਅਠਵਾਂ ਧਜਾਜ-ਸੁਜ਼ਾਕ	
ਮੂਤ੍ਰ ਘਾਤ (ਸੁਜ਼ਾਕ) ਨਿਦਾਨ	੪੧੫
ਤੇਰਾਂ ਪ੍ਰਕਾਰ ਮੂਤ੍ਰ ਘਾਤ ਦੇ ਲਛਣ	੪੧੬
ਤੇਰਾਂ ਮੂਤ੍ਰ ਘਾਤ ਉਪਾਇ	੪੧੮
ਮੂਤ੍ਰ ਘਾਤ (ਸੁਜ਼ਾਕ) ਉਪਾਇ	੪੨੦
ਪਿਚਕਾਰੀ, ਸੁਜ਼ਾਕ ਦੇ ਪਥ ਕੁਪਥ	੪੨੨
ਅਸਮਰੀ (ਪਥਰੀ)	
ਅਸਮਰੀ (ਪਥਰੀ) ਨਿਦਾਨ	੪੨੩
ਪਥਰੀ ਦਾ ਪੂਰਬ ਰੂਪ	੪੨੪
ਬਾਤ ਆਦਿ ਪਥਰੀਆਂ ਦੇ ਲਛਣ	੪੨੫
ਅਸਾਧ ਪਥਰੀ ਲਛਣ	੪੨੫
ਬਾਤ ਪਥਰੀ ਉਪਾਇ	੪੨੫
ਪਿਤ ਪਥਰੀ ਉਪਾਇ	੪੨੬
ਕਫ ਸੁਕ੍ਰ ਪਥਰੀ ਉਪਾਇ	੪੨੭
ਸਰਬ ਪਥਰੀ ਮੂਤ੍ਰ ਰੋਗ ਉਪਾਇ	੪੨੮
ਅਸਮਰੀ ਰੋਗੇ ਤ੍ਰਿਬਿਕ੍ਰਮ ਰਸ	੪੨੯
ਅਨੰਦ ਭੈਰਵ ਬਟੀ	੪੩੦
ਲਿੰਗ ਸੂਲ ਉਪਾਇ	੪੩੨
ਪਥਰੀ ਦੇ ਪਥ ਕੁਪਥ	੪੩੩
ਪ੍ਰਮੇਹ	
ਪ੍ਰਮੇਹ ਨਿਦਾਨ	੪੩੩
ਸਾਧਯਾਸਾਧਯ ਵਿਚਾਰ	੪੩੩
ਬੀਸ ਪ੍ਰਮੇਹ ਨਾਮ	੪੩੪
ਪ੍ਰਮੇਹ ਅਸਾਧ ਲਛਣ ਤੇ ਪੂਰਬ ਰੂਪ	੪੩੪
ਦਸ ਕਫ ਪ੍ਰਮੇਹ ਲਛਣ	੪੩੫
ਖਟ (ਛੇ) ਪਿਤ ਪ੍ਰਮੇਹ ਲਛਣ	੪੩੫
ਚਾਰ ਬਾਤ ਪ੍ਰਮੇਹ ਲਛਣ	੪੩੬
ਕਫ ਪ੍ਰਮੇਹ ਉਪਾਇ	੪੩੭
ਪਿਤ ਪ੍ਰਮੇਹ ਉਪਾਇ	੪੩੮
ਬਾਤ ਪ੍ਰਮੇਹ ਉਪਾਇ	੪੩੯
ਸ੍ਰਬ ਪ੍ਰਮੇਹ ਉਪਾਇ	੪੪੧
ਨਜਗ੍ਰਾਦਿ ਚੂਰਨ	੪੪੧
ਗੋਖੂਰਾਦਿ ਚੂਰਣ	੪੪੨
ਰਕਤ ਪ੍ਰਮੇਹ ਉਪਾਇ	੪੪੩
ਤੇਲੀਆ ਪ੍ਰਮੇਹ ਉਪਾਇ	੪੪੩

Digitized by Panjab Digital Library | www.panjabdigilib.org

ਨਾਮ ਰੋਗ	ਪੰਨਾ
ਹਲਦੀਆ ਪ੍ਰਮੇਹ ਉਪਾਇ	੪੪੩
ਲਾਲੀਆ ਪ੍ਰਮੇਹ ਉਪਾਇ	੪੪੩
ਛਾਛੀਆ ਪ੍ਰਮੇਹ ਉਪਾਇ	੪੪੪
ਗੁਹੀਆ ਪ੍ਰਮੇਹ ਉਪਾਇ	੪੪੪
ਸਰਬ ਪ੍ਰਮੇਹ ਪਰ ਲਵੰਗਾਦਿ ਚੂਰਣ	੪੪੪
ਰਸ ਗੋਲੀ ਮੇਹ ਹਰਣ	੪੪੪
ਪ੍ਰਮੇਹ ਪਿੜਕਾ ਨਿਦਾਨ	੪੪੫
ਦਸ ਪ੍ਰਮੇਹ ਪਿੜਕਾ ਦੇ ਨਾਮ ਲਛਣ	੪੪੬
ਅਸਾਧ੍ਯ	੪੪੭
ਪਿੜਕਾ ਉਪਾਇ	੪੪੭
ਪ੍ਰਮੇਹ ਪਿੜਕਾ ਦੇ ਪਥ ਕੁਪਥ	੪੪੮
ਮੇਦ (ਮੋਟਾਪਨ) ਰੋਗ	
ਮੇਦ (ਮੋਟਾਪਨ) ਰੋਗ ਨਿਦਾਨ	੪੪੯
ਮੇਦ ਲਛਣ	੪੪੯
ਕ੍ਰਿਸ (ਪਤਲੇ ਤੇ ਮੋਟਾ) ਸਥੂਲ ਉਪਾਇ	੪੫੨
ਅਮ੍ਰਿਤਾਰਣਵ ਰਸ	੪੫੨
ਪੂਰਨ ਚੰਦ੍ਰ ਰਸ	੪੫੨
ਗਾਤ੍ਰ ਦੁਰਗੰਧ ਉਪਾਇ	੪੫੩
ਵਟਣਾ	੪੫੩
ਬਗਲ ਗੰਧ ਉਪਾਇ	੪੫੪
ਪ੍ਰਸੇਦ ਉਪਾਇ	੪੫੪
ਮੇਦ ਰੋਗੇ ਪਥ ਕੁਪਥ	੪੫੫
ਉਦਰ ਰੋਗ	
ਉਦਰ ਰੋਗ ਨਿਦਾਨ	੪੫੬
ਸਰਬ ਉਦਰ ਰੋਗ ਲਛਣ	੪੫੬
ਬਾਤੋਦਰ ਆਦਿ ਦੇ ਲਛਣ	੪੫੬
ਮਹਾ ਅਸਟ ਰੋਗ ਨਾਮ	੪੬੦
ਸਮੁੰਦ੍ਰਾਦਿ ਚੂਰਣ	੪੬੦
ਤ੍ਰਲੋਕ ਸੁੰਦ੍ਰ ਰਸ	੪੬੧
ਪਿਤੋਦਰ ਉਪਾਇ	੪੬੧
ਮਹਾਂਬੰਨੀ ਰਸ	੪੬੨
ਕਫੋਦਰ ਉਪਾਇ	੪੬੨
ਸੰਮਿਪਾਤੋਦਰ ਉਤਾਇ	੪੬੩

ਨਾਮ ਰੋਗ	ਪੰਨਾ
ਬਧੋਦਰ ਉਪਾਇ	੪੬੩
ਛਿਦੋਦਰ ਉਪਾਇ	੪੬੩
ਜਲੋਧਰ ਉਪਾਇ	੪੬੪
ਸਫੋਦਰ ਉ੧ਾਇ	੪੬੪
ਪਲੀਹੋਦਰ ਉਪਾਇ	੪੬੪
ਸਰਬੋਦਰ ਉਪਾਇ	੪੬੬
ਪਟੋਲਾਦਿ ਚੂਰਣ	੪੬੬
ਨਾਰਾਯਣ ਚੂਰਣ	੪੬੨
ਲਘੂ ਜਵਾਨੀ ਆਦਿ ਚੂਰਣ	੪੬੮
ਭਲਾਤਕਾਦਿ ਮੋਦਕ	੪੬੮
ਬ੍ਰਿਧ ਜਵਾਨੀ ਆਦਿ ਚੂਰਣ	੪੬੭
ਅਗਨੀ ਮੁਖ ਲਛਣ	੪੬੮
ਸੋਫੋਦਰ ਉਪਾਇ	੪੬੯
ਇਸਤ੍ਰੀ ਜਲੋਧਰ ਰਸ	੪੬੯
ਉਦਰ ਰੋਗੇ ਪਥ ਕੁਪਥ	੪੭੦
ਅਥ ਸੋਥ	
ਬਾਤ,ਪਿਤ, ਕਫਾਦਿ ਸੋਥ ਲਛਣ	੪੭੧
ਬਾਤ ਸੋਥ ਉਪਾਇ	੪੭੧
ਪਿਤ ਸੋਥ ਉਪਾਇ	੪੭੧
ਕਫ ਸੋਥ ਉਪਾਇ	੪੭੨
ਤ੍ਰਿਦੋਖ ਸੋਥ ਉਪਾਇ	੪੭੨
ਸਰਬ ਸੋਥ ਉਪਾਇ	੪੭੫
ਚੋਟ ਸੋਥ ਉਪਾਇ	੪੭੬
ਹਥ ਪੈਰ ਮੁਖ ਸੋਥ ਉਪਾਇ	੪੭੮
ਭਮਰੀ, ਬਿਛੂ ਸੋਥ ਉਪਾਇ	੪੭੭
ਸਰਬ ਸੋਥ ਉਪਾਇ	੪੭੭
ਅੰਗਨ ਸੋਥ	੪੭੯
ਗੁੜਾਦੀ ਚੂਰਣ	੪੭੯
ਪੁਨਰਵਾਦੀ ਚੂਰਣ	੪੮੦
ਕੌਂਚਾਦਿ ਸੋਥ ਖਾਜ ਉਪਾਇ	੪੮੦
ਜਿਮੀ ਸੋਥ ਉਪਾਇ	੪੮੦
ਭਲਾਤਕ ਸੋਥ ਉਪਾਇ	੪੮੦
ਸੋਥ ਦੇ ਪੱਥਾਦਿ	੪੮੧

Digitized by Panjab Digital Library | www.panjabdigilib.org

ਅੰਡ ਬ੍ਰਿਧੀ

ਅੰਡ ਬ੍ਰਿਧੀ ਨਿਦਾਨ ਲਛਣ ੪੮੨
ਬਾਤ ਅੰਡ ਬ੍ਰਿਧੀ ਉਪਾਇ ੪੮੩
ਪਿਤ ਆਂਡ ਬ੍ਰਿਧੀ ਉਪਾਇ ੪੮੩
ਰਕਤ ਆਂਡ ਬ੍ਰਿਧੀ ਉਪਾਇ ੪੮੪
ਕਫ ਆਂਡ ਬ੍ਰਿਧੀ ਉਪਾਇ ੪੮੪
ਸਰਬ ਆਂਡ ਬ੍ਰਿਧੀ ਉਪਾਇ ੪੮੫
ਬਿਧਰਮ [ਬੱਧ] ਉਪਾਇ ੪੮੫
ਬਿਲਜਾਦਿ ਚੂਰਣ ੪੮੬
ਧਰਨ ਉਪਾਇ ੪੮੭
ਨਲ ਧਰਨ ਉਪਾਇ ੪੮੭
ਅੰਡ ਸੋਥ ਪਥ ਕੁਪਥ ੪੮੮

ਗਲਗੰਡ [ਹਜੀਰ]

ਗਲਗੰਡ [ਹਜੀਰ] ਨਿਦਾਨ ਲਛਣ ੪੮੯
ਅਸਾਧ ਗੰਡਮਾਲਾ ਲਛਣ ੪੯੦

ਅਪਚੀ

ਅਪਚੀ ਲਛਣ ੪੯੦
ਅਪਚੀ ਅਸਾਧ ਲਛਣ ੪੯੦
ਅਰਬੁਦ ਲਛਣ ੪੯੨
ਗੰਡਮਾਲਾ (ਹਜੀਰਾਂ) ਉਪਾਇ ੪੯੨
ਗੰਡਮਾਲਾ ਉਪਾਇ ੪੯੩
ਕਛਰਾਲੀ ਉਪਾਇ ੪੯੫
ਅਰਬੁਦ ਉਪਾਇ ੪੯੫
ਕਛਰਾਲੀ ਰਸੌਲੀ ਉਪਾਇ ੪੯੫
ਬਾਦ (ਬੱਧ) ਰੋਗ ਉਪਾਇ ੪੯੬
ਸਰਬ ਗ੍ਰੰਥ ਉਪਾਇ ੪੯੭
ਸਰਬ ਹਜੀਰ ਆਦਿ ਉਪਾਇ ੪੯੭
ਗਲਗੰਡ (ਹਜੀਰ) ਪੱਥ ਕੁਪੱਥ ੪੯੮

ਜਾਨੂਵਾ ਸਲੀਪਦ

ਜਾਨੂਵਾ, ਸਲੀਪਦ ਨਿਦਾਨ, ਲੱਛਣ ੪੯੯
ਬਾਤ ਸਲੀਪਦ ਲਛਣ ੫੦੦
ਪਿਤ ਕਫ ਸਲੀਪਦ ਲਛਣ ੫੦੦
ਬਾਤ ਸਲੀਪਦ ਉਪਾਇ ੫੦੦
ਪਿਤ ਸਲੀਪਦ ਉਪਾਇ ੫੦੦
ਕਫ ਸਲੀਪਦ ਉਪਾਇ ੫੦੧
ਸਰਬ ਸਲੀਪਦ ਉਪਾਇ ੫੦੨
ਕ੍ਰਿਸਨਾਦੀ ਮੋਦਕ ੫੦੨
ਪੀਪਰਾਦਿ ਚੂਰਣ ੫੦੩
ਬਿਧਾਰਾਦੀ ਚੂਰਣ ੫੦੩
ਜਾਨੂਵਾ ਰੋਗ ਉਪਾਇ ੫੦੩
ਜਾਨੂਵਾ, ਡਮਰੂ ਮੰਤ੍ਰ ੫੦੪
ਪਗ ਕੋਮਲ ਕਰਨ ਉਪਾਇ ੫੦੫
ਪਗ ਬਿਆਈ ਉਪਾਇ ੫੦੫
ਪਗ ਦਾਝ (ਦਾਹ) ਉਪਾਇ ੫੦੬
ਸਰਬ ਸਲੀਪਦ ਰੋਗੇ ਲੇਪ ੫੦੭
ਸਲੀਪਦ, ਜਾਨੂਵਾ ਤੇ ਡਮਰੂ ਦੇ ਪੱਥ ਤੇ ਕੁਪੱਥ ੫੦੮

॥ ਇਤੀ ॥

Digitized by Panjab Digital Library | www.panjabdigilib.org

ਮੁਖ ਬੰਦ

ਇਤਿਹਾਸਕਾਰ–ਖੋਜੀ–ਕਵੀ ਤੇ ਵਾਰਤਕ ਲਿਖਾਰੀ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਡੇਰਾ ਅੰਤਰਯਾਮੀ ਅੰਮ੍ਰਿਤਸਰ ਵਾਲਿਆਂ ਨੇ "ਮੇਘ–ਬਿਨੋਦ" ਦਾ ਵਾਰਤਿਕ ਵਿਚ ਬੜੀ ਸੁੰਦਰ ਸਟੀਕ ਕੀਤਾ। ਇਹ ਸਟੀਕ ਮੇਰੇ ਖਿਆਲ ਵਿਚ 11ਵੀਂ ਵਾਰ ਛਪ ਰਿਹਾ ਹੈ । ਦਸ ਐਡੀਸ਼ਨ ਛਪਕੇ ਹੱਥੋਂ ਹੱਥ ਵਿਕ ਚੁੱਕੇ ਹਨ। ਇਸ ਤੋਂ ਸਿੱਧ ਹੈ ਕਿ ਅਯੁਰਵੈਦਿਕ ਦੂਜੀ ਵਾਰ ਫਿਰ ਹਰਮਨ ਪਿਆਰਾ ਹੋ ਰਿਹਾ ਹੈ। 1981 ਵਿਚ ਇਸਦਾ ਪਹਿਲਾ ਹਿੱਸਾ ਭਾਈ ਬੂਟਾ ਸਿੰਘ ਪਰਤਾਪ ਸਿੰਘ ਫਰਮ ਨੇ ਛਾਪਿਆਂ ਸੀ । ਦੂਜਾ ਹਿੱਸਾ ਤਕਰੀਬਨ $6\frac{1}{2}$ ਸਾਲ ਬਾਅਦ ਮਾਰਕੀਟ ਵਿਚ ਆਇਆ। ਨੀਲਾ ਤਾਰਾ ਅਪਰੇਸ਼ਨ–ਕਾਲੀਗਰਜ਼ ਤੇ ਗਲਿਆਰਾ ਸਕੀਮ ਨੇ ਮਾਈ ਸੇਵਾਂ ਬਜ਼ਾਰ ਨੂੰ ਬਾਕੀ ਸ਼ਹਿਰ ਨਾਲੋਂ ਜ਼ਿਆਦਾ ਪ੍ਰਭਾਵਿਤ ਕੀਤਾ ਹੈ।

ਅਜੋਕੇ ਸਮੇਂ ਵਿਚ ਐਲੋਪੈਥੀ ਇਲਾਜ ਦਾ ਬੋਲਵਾਲਾ ਹੈ । ਚੀਰਫਾੜ ਕਰਨ ਵਿਚ ਐਲੋਪੈਥੀ ਇਲਾਜ ਵਾਕਿਆ ਹੀ ਜ਼ਿੰਦਗੀ ਵਿਚ ਮਾਰਕੇ ਦਾ ਸਥਾਨ ਰਖਦਾ ਹੈ। ਇਹ ਇਲਾਜ ਮਰੀਜ਼ ਨੂੰ ਫੌਰਨ ਅਰਾਮ ਦੇਂਦਾ ਹੈ। ਪਰ ਜਿੱਥੋਂ ਤਕ ਅਸਲੀ ਮਰਜ਼ ਨੂੰ ਠੀਕ ਕਰਨ ਦਾ ਸਬੰਧ ਹੈ ਉਹ ਸਪਸ਼ਟ ਨਹੀਂ ਸਗੋਂ ਇਕ ਬੀਮਾਰੀ ਪਿਛੋਂ ਦੂਸਰੀ ਬੀਮਾਰੀ ਜ਼ਿਆਦਾ ਤੇਜ਼ੀ ਤੇ ਭਿਆਨਕ ਰੂਪ ਵਿਚ ਮਰੀਜ਼ ਨੂੰ ਆ ਚਿੰਬੜਦੀ ਹੈ। ਐਲੋਪੈਥੀ ਦੀਆਂ ਦੁਆਈਆਂ ਰੀਐਕਸ਼ਨ ਬਹੁਤ ਕਰਦੀਆਂ ਹਨ।

ਦੂਜੇ ਪਾਸੇ ਹਿੰਦੋਸਤਾਨ ਦੀ ਧਰਤੀ ਦੀਆਂ ਪੈਦਾ ਹੋਈਆਂ ਜੜੀਆਂ ਬੂਟੀਆਂ ਦੁਆਰਾ ਦੇਸੀ ਇਲਾਜ ਹੈ। ਇਸ ਕਿਸਮ ਦਾ ਇਲਾਜ ਮਰੀਜ਼ ਨੂੰ ਫੌਰਨ ਅਰਾਮ ਬੇਸ਼ਕ ਨਹੀਂ ਦਿੰਦਾ ਪਰ ਜਦੋਂ ਅਰਾਮ ਦਿੰਦਾ ਹੈ ਤਾਂ ਫਿਰ ਪੂਰਨ ਅਰਾਮ ਬਖਸ਼ਦਾ ਹੈ। ਇਸ ਤਰ੍ਹਾਂ ਦਾ ਹੀ ਅਮੋਲਕ ਤੇ ਪੂਰਨ ਅਰਾਮ ਦੇਣ ਦਾ ਖਜ਼ਾਨਾ ਮੇਘ ਬਿਨੋਦ ਗ੍ਰੰਥ ਦਾ ਸਟੀਕ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਨੇ ਕੀਤਾ ਹੈ। ਇਸਦੇ 13 ਅਧਿਆਏ ਹਨ 7351 ਸਲੋਕ ਹਨ । 1987 ਵਿਚ ਦੂਜਾ ਹਿੱਸਾ ਛਪਿਆ ਤਾਂ ਪਾਠਕਾਂ ਨਾਲ ਖੀਸੇ ਦਾ ਹਕੀਮ–ਬਾਲ ਚਕਿਤਸਾ ਆਦਿ ਛੋਟੇ ਛੋਟੇ ਦੋ ਪੁਸਤਕ ਛਾਪਣ ਦਾ ਵਾਇਦਾ ਕੀਤਾ ਸੀ। ਰਾਜਨੀਤਕ ਪਰ ਸਥਿਤੀ ਤੇ ਆਮ ਜਨ ਜੀਵਨ ਅਸਤ ਵਿਅਸਤ ਹੋ ਗਿਆ ਨਾਲ ਹੀ ਭਾਈ ਬੂਟਾ ਸਿੰਘ ਪਰਤਾਪ ਸਿੰਘ ਫਰਮ ਨਾਲ ਮਨੋਮਈ-ਕੁਝ ਨਰਾਜ਼ਗੀ ਪੈਦਾ ਹੋ ਗਈ। ਇਸ ਸਮੇਂ ਹੀ **ਭਾਈ ਚਤਰ ਸਿੰਘ ਜੀਵਨ ਸਿੰਘ** ਫਰਮ ਨਾਲ ਸੰਪਰਕ ਹੋਇਆ । ਆਖਿਰ 20–7–88 ਤਾਰੀਖ ਨੂੰ ਇਸ ਫਰਮ ਨਾਲ ਹੇਠ ਲਿਖੀਆਂ ਪੁਸਤਕਾਂ ਛਾਪਣ ਦਾ ਅਹਿਦਨਾਮਾ (ਲਿਖਤ) ਕੀਤੀ ਗਈ। 1. ਮੇਘ ਬਿਨੋਦ, 2. ਨਿਰਮਲ ਪ੍ਰਬੋਧ, 3. ਅਧਿਆਤਮ ਪ੍ਰਕਾਸ਼, 4. ਖੀਸੇ ਦਾ ਹਕੀਮ, 5. ਭਾਰਤਮਤ ਦਰੱਪਣ, ਬੜੀ ਖੁਸ਼ੀ ਹੋਈ ਹੈ ਕਿ ਇਸ ਫਰਮ ਨਾਲ ਸੰਪਰਕ ਥੋੜੇ ਸਮੇਂ ਤੋਂ ਹੋਇਆ ਹੈ ਤੇ ਇਹ ਅਯੁਰਵੈਦਿਕ ਦੀ ਪ੍ਰਸਿੱਧ ਪੁਸਤਕ ਦਾ 11ਵਾਂ ਐਡੀਸ਼ਨ ਛਪਕੇ ਪਾਠਕਾਂ ਤਾਈਂ ਪੁੱਜ ਰਿਹਾ ਹੈ। ਸਭ ਤੋਂ ਵੱਡੀ ਕਾਮਯਾਬੀ ਮੇਰੇ ਸਵਰਗਵਾਸੀ ਗੁਰੂਦੇਵ ਸ੍ਰੀਮਾਨ 108 ਮਹੰਤ ਲਾਲ ਸਿੰਘ ਜੀ ਡੇਰਾ ਅੰਤਰਯਾਮੀਆਂ ਛਾਨ ਗਲੀ ਤੇ ਡੇਰਾ ਅੰਤਰਯਾਮੀ ਕਲੋਨੀ ਅੰਮ੍ਰਿਤਸਰ ਵਾਲਿਆਂ ਦੀ ਹੈ ਉਨ੍ਹਾਂ ਪ੍ਰੇਰਣਾ ਵਾ ਅਸ਼ੀਰਵਾਦ ਦੇ ਕੇ ਇਸ ਵੱਡੇ ਕੰਮ ਨੂੰ ਨੇਪਰੇ ਚੜ੍ਹਵਾਇਆ ਹੈ। ਉਨ੍ਹਾਂ ਦੀ ਕ੍ਰਿਪਾ ਦੁਆਰਾ ਹੀ ਇਸ ਪੁਸਤਕ ਦਾ 11ਵਾਂ ਐਡੀਸ਼ਨ ਪਾਠਕਾਂ ਤਾਈਂ ਪੁਜ ਰਿਹਾ ਹੈ।

–ਮਹੰਤ ਤੇਜਾ ਸਿੰਘ ਐਮ. ਏ
ਚੇਲਾ ਮਹੰਤ ਲਾਲ ਸਿੰਘ ਜੀ
ਡੇਰਾ ਅੰਤਰਯਾਮੀ ਕਲੋਨੀ ਅੰਮ੍ਰਿਤਸਰ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਭੂਮਿਕਾ

ਪਾਠਕੋ ! ਆਪ ਜਾਣਦੇ ਹੋ ਕਿ ਇਹ ਸੰਸਾਰ ਅਨੇਕਾਂ ਵਿਦਯਾਵਾਂ ਦਾ ਪੂਰਨ ਭੰਡਾਰ ਹੈ। ਇਸ ਵਿਚ ਆਯੁਰਵੇਦ ਵਿਦਯਾ ਭੀ ਪ੍ਰਮਾਤਮਾ ਨੇ ਮਹਾ ਅਦਭੁਤ ਅਤੇ ਚਮਤਕਾਰ ਦਿਖੌਣ ਵਾਲੀ ਰਚੀ। ਜਿਸ ਵਿਦਯਾ ਦਾ ਸਹਾਰਾ ਹਰ ਇਕ ਪ੍ਰਾਣੀ ਮਾਤ੍ਰ ਨੂੰ ਆਪਣੀ ਆਯੂ ਦੇ ਕਿਸੀ ਨਾ ਕਿਸੀ ਭਾਗ ਵਿਚ ਅਵੱਸ਼ ਹੀ ਲੈਣਾ ਪੈਂਦਾ ਹੈ। ਭਾਵੇਂ ਓਹ ਰਾਜਾ, ਮਹਾਰਾਜਾ, ਯੋਗੀ ਅਤੇ ਵਿਰਕਤ ਭੀ ਕਯੋਂ ਨਾ ਹੋਵੇ।

ਮਹੋਦਯ ! ਜਦ ਬ੍ਰਹਮਾਂ ਨੇ ਸ੍ਰਿਸ਼ਟੀ *ਰਚੀ ਅਰ ਚਾਰ ਵੇਦ ਪ੍ਰਗਟ ਕੀਤੇ ਤਾਂ ਪਿਛੋਂ ਸਿਰ ਧੁਨ ਕੇ ਪਛਤੌਣ ਲਗਾ ਕਿ ਮਨੁੱਖ ਮਾਤ੍ਰ ਜਦ ਸ਼ਰੀਰਕ ਦੁਖਾਂ ਨਾਲ ਹਾਹਾਕਾਰ ਕਰਨਗੇ, ਤਾਂ ਓਹ ਦੁਖ ਮੇਰੇ ਪਾਸੋਂ ਸੁਣਿਆ ਨ ਜਾਊ। ਕਯੋਂਕਿ ਮੈਂ ਇਸ ਦੁਖ ਦੀ ਨਵ੍ਰਿਤੀ ਵਾਸਤੇ ਕੋਈ ਬਾਨਣੂ ਨਹੀਂ ਬੰਨ੍ਹਿਆਂ। ਇਉਂ ਸੋਚ ਕੇ ਤਦ ਫਿਰ ੪ ਵੇਦ ਮਥਕੇ 'ਆਯੁਰਵੇਦ' ਪ੍ਰਗਟ ਕੀਤਾ, ਅਰ ਦੱਖ ਪ੍ਰਜਾਪਤੀ ਨੂੰ ਪੜ੍ਹਾਯਾ। ਤਦੋਂ ਅਸ਼੍ਵਨੀ ਕੁਮਾਰਾਂ ਨੇ ਆਪਣੇ ਨਾਮ ਦੀ 'ਅਸ਼੍ਵਨੀ ਕੁਮਾਰ ਸੰਹਿਤਾ' ਰਚੀ, ਉਸ ਦ੍ਵਾਰੇ ਰਿਸ਼ੀ ਮਹਾਂਰਿਸ਼ੀ ਆਦਿ ਵਿੱਦਯਾ ਦੇ ਪਾਰਗਾਮੀ ਹੋਏ। ਤਦ ਤੋਂ ਭਾਰਤ ਵਰਸ਼ ਵਿਖੇ ਇਹ ਵਿੱਦਯਾ ਪ੍ਰਸਿਧ ਹੋ ਕੇ ਅਸੰਖਾਂ ਲਾਭਾਂ ਦੇ ਦੇਣਹਾਰੀ ਅਜ ਤਕ ਹੋਈ ਅਤੇ ਹੋ ਰਹੀ ਹੈ।

ਪ੍ਰੰਤੂ ਜਦ ਤੋਂ ਇਸ ਦੇਸ਼ ਦਾ ਸੌਭਾਗ ਅਰ ਨਿਹਕਲੰਕ ਰਾਜ ਨਸ਼ਟ ਹੋ ਗਿਆ, ਅਰ ਦੇਸ਼ ਵਿਖੇ ਬਾਰੰਬਾਰ ਯਵਨ ਲੋਕਾਂ ਦੇ †ਹਮਲੇ (ਗੋਲਮਾਲ) ਹੋਣ ਲਗ ਪਏ, ਤਦ ਤੇ ਆਯੁਰ ਵੇਦ ਦਾ ਸੂਰਜ ਭੀ ਅਸਤ ਜੇਹਾ ਹੋ ਗਿਆ। ਆਯੁਰਵੇਦਕ ਚਕਿਤਸ਼ਾਲਯ ਬੰਦ ਹੋ ਗਏ। ਮੁਸਲਮਾਨੀ ਰਾਜ ਦਾ ਡੰਕਾ ਵਜਣੇ ਲੱਗਾ, ਯੂਨਾਨੀ ਮਹਾਰਾਣੀ ਦੇ ਖੇਮੇ ਤਣ ਗਏ. ਅਨੇਕਾਂ ਸਫ਼ਾਖਾਨੇ-ਖੁੱਲੇ, ਨਿੱਤ ਗੁਲੇ ਗਾਰਬਾਂ, ਗੁਲੇ ਬਨਫਸ਼ਾ, ਰੇਸ਼ਾਖਤਮੀ, ਸ਼ਰਬਤ ਜੂਫਾ, ਅਰਕ ਮਕੋ ਜਵਾਰਸ ਜਾਲੀਨੂਸ ਅਤੇ ਮੂਜਨ, ਊਦ ਵਗੈਰਾ ਤਿਆਰ ਹੋਕੇ ਵਿਕਣੇ ਲਗੀਆਂ। ਕਰੂਰੇ ਸ਼ੀਸ਼ੀਆਂ ਵਿਚ ਭਰ ਭਰ ਕੇ ਔਣ ਲਗੇ, ਤਦ ਪੰਸਾਰੀ ਲੋਕਾਂ ਦੀ ਭੀ ਕਿਸਮਤ ਚਮਕੀ, ਗੁਲਕੰਦ ਵਿਚ ਗੁੜ, ਅਰਕਾਂ ਵਿਚ ਪਾਣੀ ਪੈ ਪੈ ਬਿਕ੍ਰੀ ਹੋਣੀ ਸ਼ੁਰੂ ਹੋ ਗਈ। ਜਿਥੇ ੧ ਯਾ ੨ ਰੱਤੀ ਪ੍ਰਮਾਣ ਰੇਚਨ (ਜੁਲਾਬ) ਦੀ

---

*ਜਿਸ ਨੂੰ ਅਜ ਸੰਮਤ ੨੦੦੬ ਵਿਚ ੧੯੫੫੮੮੫੦੪੯ (੧ ਅਰਬ, ੯੫ ਕਰੋੜ, ੫੮ ਲਖ ੮੫ ਹਜ਼ਾਰ ੪੯ ਸਾਲ) ਹੁੰਦੇ ਹਨ।

†ਯਵਨਾਂ ਦੇ ਹਵਾਲ ਜਾਨਣ ਵਾਸਤੇ ਮੇਰਾ ਬਣਾਯਾ 'ਯਵਨਰਾਜ ਬ੍ਰਿਤਾਂਤ' ਅਤੇ ਅੰਨਯ ਕ੍ਰਿਤ 'ਹਮਲੇ ਹਿੰਦ' ਨਾਮ ਦੀ ਪੋਥੀ ਪੜ੍ਹੋ।

Digitized by Panjab Digital Library | www.panjabdigilib.org

ਮਾਤ੍ਰਾ ਨਿਯਤ ਸੀ, ਓਥੇ ਅੰਮਲਤਾਸ ੨ ਤੋਲੇ, ਗੁਲੇ ਸੁਰਖ ੨ ॥ ਤੋਲੇ, ਤੁਰੰਜਬੀਨ ੬ ਤੋਲੇ ਆਦਿ ੨ ਦੇ ਜੁਸ਼ਾਏ ਹੋਏ ਦਰਬੜ ਪੀਣੇ ਪ੍ਰਚਲਤ ਹੋ ਗਏ।

ਅਫਸੋਸ ! ਆਪ ਨੂੰ ਨਹੀਂ ਮਾਲੂਮ ਕਿ ਇਹ ਦੁਖ ਇਸੇ ਵਿੱਦਯਾ ਵਲੋਂ ਮੂੰਹ ਮੋੜਨੇ ਦਾ ਫਲ ਹੈ।

ਕਯੋਂਕਿ ਆਪ ਦੇਖ ਅਰ ਵਿਚਾਰ ਸਕਦੇ ਹੋ ਵਿਦੇਸ਼ੀ ਬਾਦਸ਼ਾਹ (ਰਾਜੇ) ਅਤੇ ਵਿਦਵਾਨ ਕਿਸ ਤਰ੍ਹਾਂ ਵੈਦਯਕ ਦੇ ਸਹਾਰੇ ਲੈ ਲੈ ਗੁਣ ਗਾ ਰਹੇ ਹਨ–

ਅਜ ਤੋਂ ੧੩੦੦ (ਤੇਰਾ ਸੌ) ਸਾਲ ਦੀ ਗੱਲ ਹੈ ਕਿ ਗ੍ਰੀਕ ਦੇਸ਼ ਦਾ ਸਿਰੋਮਣੀ ਮਹਾਬਾਰ ਏਲੇਕ ਜੇਂਡਰ, ਆਪਣੇ ਦੇਸ਼ ਦੇ ਅਸਾਧਯ ਰੋਗਾਂ ਦੇ ਨਸ਼ਟ ਕਰੇਣ ਖਾਤਰ ਭਾਰਤੀਯ ਵੈਧਾਂ ਨੂੰ ਆਦਰ ਅਤੇ ਸਤਕਾਰ ਸਮੇਤ ਹਮੇਸ਼ਾਂ ਆਪਣੇ ਪਾਸ ਰਖਦਾ ਸੀ।

ਏਸੇ ਤਰਾਂ ੧੨੦੦ (ਬਾਰਾਂ ਸੌ) ਸਾਲ ਦੀ ਬਾਤ ਹੈ ਕਿ ਬਗਦਾਦ–ਪਤੀ ਖਲੀਫਾ ਹਾਰੂੰ ਅਲਰਸ਼ੀਦ, ਆਯੁਰਵੇਦੀਯ ਇਲਾਜ ਸੰਸਾਰਕ ਚਕਿਤਸਾਵਾਂ ਤੋਂ ਸਰੇਸ਼ਟ ਸਮਝ ਕੇ; ਭਾਰਤੀਯ ਵੈਦਾਂ ਨੂੰ ਰਾਜ ਮੰਦਰਾਂ ਵਿਚ ਪਾਸ ਰਖਦਾ ਸੀ।

"ਅਯੁਲਉਲ" ਨਾਮ ਦੀ ਅਰਬੀ ਭਾਖਾ ਦੀ ਪੁਸਤਕ ਵਿਚ ਲਿਖਿਆ ਹੈ ਕਿ ਅਠਵੀਂ ਸਤਾਬਦੀ ਵਿਖੇ ਭਾਰਤ ਦੇ ਪੰਡਿਤ ਲੋਗ ਬਗਦਾਦ ਦੇ ਰਾਜ ਦਰਬਾਰ ਵਿਚ ਰਹਿਕੇ ਆਯੁਰ ਵੇਦ, ਅਤੇ ਜਯੋਤਿਸ਼ ਸ਼ਾਸਤ੍ਰ ਪੜ੍ਹਾਇਆ ਕਰਦੇ ਸਨ, ਜਿਨ੍ਹਾਂ ਵਿਚ 'ਸਰਕ' 'ਸਰਸਸ' ਅਰ 'ਵੇਦਾਨ' ਇਹ ਤਿੰਨੇ ਤਿਬ ਦੀਆਂ ਪੁਸਤਕਾਂ ਭਾਰਤੀ ਪ੍ਰਸਿੱਧ ਸਨ।

ਇਨ੍ਹਾਂ ਤੋਂ ਸਾਫ ਪ੍ਰਤੀਤ ਹੁੰਦਾ ਹੈ ਕਿ ਇਹ ਤਿੰਨੇ ਪੁਸਤਕਾਂ ਚਰਕ, ਸੁਸ੍ਰਿਤ ਅਤੇ ਨਿਦਾਨ ਹੀ ਸਨ, ਜੇਹੜੀਆਂ ਅਰਬੀ ਵਿਚ ਪਲਟਾਈਆਂ ਗਈਆਂ। ਕਿਸੇ ਕਾਰਣ ਇਹ ਤਿੰਨੇ ਨਾਮ ਯਥਾਰਥ ਦੇ ਅਭ੍ਰੰਸ਼ ਹੋ ਗਏ ਹੋਣ ਯਾ ਏਹੋ ਰੱਖੇ ਗਏ ਹੋਣ। ਕਯੋਂਕਿ ਵੈਦਯਕ ਸ਼ਾਸਤ੍ਰ ਬਹੁਤ ਪ੍ਰਾਚੀਨ ਹੈ। ਜਿਸ ਦਾ ਵਰਨਣ ਕੁਛ ਵੇਦਾਂ ਵਿਚੋਂ ਭੀ ਮਿਲਦਾ ਹੈ, ਜੇਹਾਕੁ–

ਰਿਗਵੇਦ ਦੇ ਮੰਡਲ ੨ ਸੂਕਤ ੭ ਤੇ ਮੰਤ੍ਰ ੧੬ ਵਿਚ ਆਯੁਰਵੇਦ ਦਾ ਵਿਧਾਨ ਹੈ। ਰਿਗਵੇਦ ਦੇ ਮੰਡਲ ੧ ਸੂਕਤ ੧੧੭ ਤੇ ਮੰਤ੍ਰ ੧੩ ਵਿੱਚ, *ਚਯਵਨ ਪ੍ਰਾਯਸ ਅਵਲੇਹ ਜੇਹੀਆਂ ਪੁਸ਼ਟੀ ਕਾਰਕ ਔਸ਼ਧੀਆਂ ਦਾ ਵਿਧਾਨ ਹੈ। ਰਿਗਵੇਦ ਮੰਡਲ ੧ ਸੂਕਤ ੧੧੬ ਮੰਤ੍ਰ ੧੫ ਵਿੱਚ ਸ਼ਲ ਵਿਦਯਾ (ਸਰਜਰੀ) ਦਾ ਤਥਾ ਟੁੱਟੀ ਫੁੱਟੀ ਟੰਗ ਦੇ ਸਥਾਨ ਲੋਹੇ ਦੀ ਟੰਗ ਬਣੌਟੀ ਲੈਣ ਦਾ ਜ਼ਿਕਰ ਹੈ। ਰਿਗ ਵੇਦ ਮੰਡਲ ੧ ਸੂਕਤ ੧੧੬ ਤੇ ਮੰਤ੍ਰ ੧੬ ਵਿਚ ਅੰਨ੍ਹਿਆਂ ਨੂੰ ਬਣੌਟੀ ਅੱਖਾਂ ਲੈਣ ਦੀ ਵਿੱਦਯਾ ਕਹੀ ਹੈ।

ਇਤਯਾਦੀ ਅਨੇਕਾਂ ਲਖ ਹਨ, ਸੋ ਕਹੋ, ਵੇਦਾਂ ਨਾਲੋਂ ਪ੍ਰਾਚੀਨ ਹੋਰ ਪੁਸਤਕ ਕੌਣ ਕਹੀ ਜਾ ਸਕਦੀ ਹੈ ?

ਏਸੇ ਤਰਾਂ ਹਕੀਮ ਜਾਲੀਨੂਸ ਆਪਣੇ ਰਿਸਾਲੇ ਵਿਚ ਲਿਖਦਾ ਹੈ ਕਿ–'ਆਯੁਰਵੇਦ ਵਿਦਯਾ ਪਹਿਲੇ ਭਾਰਤ ਵਿਚੋਂ ਮਿਸਰ ਵਿਖੇ ਆਈ। ਮਿਸਰ ਤੋਂ ਫਿਰ ਯੂਨਾਨ ਅਤੇ ਅਰਬ

*ਦੇਖੋ ਮੇਘ ਟੀਕਾ ਪ੍ਰਿ: ੯੪੩।

Digitized by Panjab Digital Library | www.panjabdigilib.org

ਦੇਸ਼ ਗਈ', ਉਸ ਦਾ ਭੀ ਇਹ ਲੇਖ ਹੈ ਕਿ ਮੇਰੇ ਗੁਰੂ *ਅਫਲਾਤੂਨ ਨੇ ਭਾਰਤ ਵਰਸ਼ ਜਾ ਕੇ ਕਾਲ ਗਯਾਨ ਦੇ ੩੬ ਲੱਛਣ ਅਤੇ ਬਹੁਤ ਸਾਰੇ ਚਕਿਤਸਾ ਦੇ ਗ੍ਰੰਥ ਪੜ੍ਹੇ।

ਜਿਨ੍ਹਾਂ ਗ੍ਰੰਥਾਂ ਦਾ ਕੁਛ ਸਾਰ ਭਾਗ ਕੱਢਕੇ, ਇਕ ਕਾਠ ਦੀ ਤਖਤੀ ਪੁਰ ਲਿਖਵਾਕੇ ਹਮੇਸ਼ਾਂ ਆਪਣੇ ਗਲ ਵਿਚ, ਜਾਮੇ ਦੇ ਅੰਦਰ ਰਖਦਾ ਸੀ, ਕਿਸੀ ਨੂੰ ਭੇਤ ਨਹੀਂ ਸੀ ਦਿੰਦਾ। ਜਦ ਉਸ ਦੀ ਮੌਤ ਦੇ ਦਿਨ ਨੇੜੇ ਆਏ ਤਾਂ ਆਪਨੀ ਵਹੁਟੀ ਨੂੰ ਸਮਝਾਯਾ, ਭਈ! ਇਹ ਮੇਰੇ ਗਲ ਦੀ ਤਖਤੀ, ਮੇਰੇ ਨਾਲ ਕਬਰ ਵਿਚ ਦੱਬ ਦੇਣੀ। ਅੰਤ ਇਸਤ੍ਰੀ ਨੇ ਇਸ ਤਰਾਂ ਕੀਤਾ।

ਪਰ ਜਦ ਉਸ ਤਖਤੀ ਦਾ ਪਤਾ ਮੈਨੂੰ ਲੱਗਾ, ਤਾਂ ਝਟ ਕਬਰ ਵਿਚੋਂ ਕੱਢ ਕੇ ਪੜ੍ਹੀ ਜਿਸ ਵਿਚ ਅਮੋਲਕ ਸਿਖ੍ਯਾ ਦੇ ਨੋਟ ਸਨ। ਅਰ ਫਿਰ ਠੰਢਾ ਸਾਹੁ ਭਰ ਕੇ ਆਖ੍ਯਾ ਗੁਰੂ ਜੀ ਆਪ ਤਾਂ ਮਰੇ, ਹਾਇ! ਆਪਨੀ ਵਿਦ੍ਯਾ ਨੂੰ ਭੀ ਮਾਰ ਗਏ! ਤਦ ਤੋਂ ਫਿਰ ਵੈਦ੍ਯਕ ਵਿਦ੍ਯਾ ਦਾ ਸੌਕ ਮੈਨੂੰ ਆਣ ਲਗਾ ਤਾਂ ਮੈਂ ਅੱਛੀ ਯੋਗ੍ਯਤਾ ਪ੍ਰਾਪਤ ਕੀਤੀ, ਫਿਰ ਮੇਰੀ ਦੇਖਾ ਦੇਖੀ ‡ 'ਅਰਸਤੂ' ਆਦਿ ਵੈਦਾਂ ਨੇ ਭੀ ਭਾਰਤ ਵਿਚ ਜਾ ਕੇ ਆਯੁਰ ਵੇਦ ਪੜ੍ਹਿਆ, ਆਦਿ ੨।

ਏਸੇ ਤਰਾਂ ਪਰੋਫੈਸਰ ਜੇ. ਐਫ. ਰਾਯਲ. ਡੀ. ਆਰ. ਐਲ. ਐਮ. ਜੀ. ਸੀ. ਜਿਹੜਾ ਪਹਿਲੇ ਬੰਗਾਲ ਦੀ ਸੈਨਾਂ ਦਾ ਡਾਕਟਰ ਸੀ, ਅਰ ਏਸ਼ੀਯਾਟਿਕ ਵਾ ਮੈਡੀਕਲ, ਵਾ ਫ਼ਿਜ਼ੀਕਲ ਸੁਸਾਇਟੀ ਏਡਿੰਗਰਾ (ਸਕਾਟ ਲੈਂਡ ਦੀ ਰਾਜਧਾਨੀ, ਅਰ ਮੇਡੀ ਕੋ ਸਰਜੀਕਲ ਸੋਸਾਇਟੀ ਲੰਡਨ ਦਾ ਮੈਂਬਰ ਸੀ ਇਹ ਆਪਨੇ ਵ੍ਯਾਖ੍ਯਾਨ ਵਿਚ ਦਸਦਾ ਹੈ ਕਿ "ਹਿੰਦੂਆਂ ਦਾ ਆਯੁਰ ਵੇਦ ਸ਼ਾਸਤ੍ਰ ਬਹੁਤ ਪ੍ਰਾਚੀਨ, ਅਰਬ, ਯੂਨਾਨ ਵਾਲਿਆਂ ਨਾਲੋਂ ਕਿਤੇ ਪਹਿਲਾ ਹੈ।"

---

*ਅਫਲਾਤੂਨ (ਹਕੀਮ) **Plato** ਇਹ ਯੂਨਾਨ ਦਾ ਬੜਾ ਫਲਾਸਫਰ (ਬ੍ਰਹਮ ਗਯਾਨੀ) ਹੋ ਚੁਕਾ ਹੈ, ਸੰ: ੪੨੯ ਈ: ਵਿਚ ਅਰਿਸ੍ਨ ਦੇ ਘਰ ਐਥੇਨਸ ਵਿਖੇ ਪੈਦਾ ਹੋਯਾ। ਬਚਪਨ ਵਿਚ ਹੀ ਕਵਿਤਾ ਕਰਨ ਦਾ ਅਭ੍ਯਾਸ ਸੀ ੨੦ ਸਾਲ ਦੀ ਉਮਰ ਵਿਚ ਸੁਕ੍ਰਾਤ ਦਾ ਸਿਖ ਹੋ ਕੇ ਉਸ ਪਾਸੋਂ ਫਲਾਸਫੀ ਪੜ੍ਹਨੀ ਅਰੰਭੀ, ਔਰ ਆਪਣੀ ਕਵਿਤਾ ਦੀਆਂ ਸਭ ਪੁਸਤਕਾਂ ਫੂਕ ਦਿਤੀਆਂ। ਬੁਧੀ ਬਹੁਤ ਚਮਤਕਾਰ ਵਾਲੀ ਸੀ, ਸੁਕ੍ਰਾਤ ਦੇ ਮਰਨ ਪਿਛੋਂ ਦੇਸ ਰਟਨ ਕੀਤਾ ਅਰ ਅਮੋਲਕ ਵਿਦ੍ਯਾ ਅਤੇ ਸਿਖ੍ਯਾ ਪਰਾਪਤ ਕੀਤੀ। ਫਿਰ ਆਪਣੀ ਜਨਮ ਭੂਮੀ ਵਿਖੇ ਵਾਪਸ ਆ ਕੇ ਇਕ ਪਾਠਸ਼ਾਲਾ ਨੀਯਤ ਕੀਤੀ,ਜਿਸ ਵਿਚ ਅਨੇਕਾਂ ਵਿਦ੍ਯਾਰਥੀ ਹਿਕਮਤ ਪੜ੍ਹਦੇ ਰਹੇ ਅਰ ੮੨ ਸਾਲ ਦੀ ਉਮਰ ਵਿਖੇ ਮ੍ਰਿਤੂ ਪਾਈ, ਸਾਰੀ ਉਮਰ ਵਿਵਾਹ ਨਹੀਂ ਕਰਾਯਾ। ਇਸ ਦੀਆਂ ਕਿਤਾਬਾਂ ਵਿਚੋਂ ਫੇਡੋ' ਬਹੁਤ ਪ੍ਰਸਿਧ ਹੈ ਪਰੰਤੂ ਹੋਰ ਸਭ ਆਪਣੀਆਂ ਰਚਿਤ ਪੁਸਤਕਾਂ ਵਿਚ ਗੁਰੂ ਸੁਕਰਾਤ ਦੇ ਉਪਦੇਸ਼ ਹੀ ਸੰਗ੍ਰਹਿ ਕੀਤੇ।

†ਅਰਸਤੂ ਹਕੀਮ **Aristole** ਇਹ ਹਕੀਮ ਨਿਕੋਮੈਂਕਸ ਦੇ ਘਰ ਸਟੇਗਿਰਾ ਨਗਰ ਯੂਨਾਨ ਵਿਚ ਪੈਦਾ ਹੋਯਾ। ਬਚਪਨ ਵਿਚ ਹੀ ਮਾਂ ਪਿਓ ਮਰ ਗਏ ਸਨ, ਕਿਸੇ ਹੋਰ ਧਨੀ ਨੇ ਪਾਲਨ ਪੋਸਨ ਕੀਤਾ ਅਰ ਪੜ੍ਹਾਯਾ। ੧੭ ਸਾਲ ਦੀ ਉਮਰ ਵਿਚ ਸਟੇਗਰਾ ਵਿਚੋਂ ਐਥੇਨਸ ਵਿਚ ਆਯਾ ਅਰ ਅਫ-ਲਾਤੂਨ ਪਾਸੋਂ ਬਹੁਤ ਤਿਦ੍ਯਾ ਪੜ੍ਹੀ ਅਫਲਾਤੂਨ ਦੇ ਮਰਨ ਪਿਛੋਂ ਇਕ ਰਾਜਕੁਮਾਰੀ ਨਾਲ ਵਿਵਾਹ ਹੋ ਗਿਆ ਈਸਵੀ ਸੰਨ ੩੪੨ ਸਾਲ ਪਾਤਿਸ਼ਾਹ ਫਿਲਪਨ ਨੇ ਆਪਣੇ ਪੁਤਰ ਸਕੰਦਰ ਦਾ ਅਧਿਆਪਕ ਬਣਾਯਾ, ਫਿਰ ਸਕੰਦਰ ਦੇ ਮਰਨ ਬਾਅਦ ਨਾਸਤਕ ਮਤ ਧਾਰਨ ਕਰ ਲਿਆ, ਇਸ ਕਾਰਨ ਦੇਸ਼ੋਂ ਕੱਢ ਦਿਤਾ। ਵਾਸਤਵ ਵਿਚ ਇਸ ਸਮਾਨ ਚਤੁਰ ਪੁਰਖ ਅਜ ਤਕ ਭੀ ਦੇਸ ਫਰੰਗ ਵਿਚ ਦੂਸਰਾ ਨਹੀਂ ਹੋਯਾ। ਇਹ ਈਸਵੀ ਸੰਨ ਤੋਂ ੩੨੨ ਸਾਲ ਪਹਿਲੇ ਪੈਦਾ ਹੋਯਾ। ਸੰਨ ਈਸਵੀ ਤੋਂ ੩੮੪ ਸਾਲ ਪਹਿਲੇ ਮ੍ਰਿਤੂ ਹੋਯਾ।

Digitized by Panjab Digital Library | www.panjabdigilib.org

ਸੁਪ੍ਰਸਿਧ ਸੰਸਕ੍ਰਿਤ ਸ਼ਾਸਤ੍ਰ ਦਾ ਪੂਰਾ ਵਿਦਵਾਨ ਪਰੋਫੈਸਰ ਹੋਰੇਸ, ਹੇਮਨ; ਵਿਲਸਨ, ਐਮ. ਏ. ਐਫ. ਆਰ. ਐਸ. ਪ੍ਰੇਜ਼ੀਡੈਂਟ ਮੈਡੀਕਲ ਸੁਸਾਇਟੀ ਕਲਕਤਾ, ਅਤੇ ਪਰੋਫੈਸਰ ਆਫ ਸੰਸਕ੍ਰਿਤ ਯੂਨੀਵਰਸਟੀ ਕਾਲਜ ਆਫ ਫੋਰਟ, ਜਿਹੜਾ ਬੜਾ ਪ੍ਰਸਿਧ ਸੰਸਕ੍ਰਿਤ ਵਿਦਯਾ ਦਾ ਪੰਡਿਤ ਮੰਨਿਆਂ ਜਾਂਦਾ ਸੀ, ਓਹ ਦਸਦਾ ਹੈ ਕਿ "ਭਾਰਤ ਵਿਚ ਚਕਿਤਸਾ, ਜਯੋਤਿਸ਼ ਅਤੇ ਦਰਸ਼ਨ ਆਦਿ ਦੇ ਬੜੇ ੨ ਵਿਦਵਾਨ ਮੌਜੂਦ ਹਨ।" ਪ੍ਰੋਫੈਸਰ *ਵਿਲਸਨ ਲਿਖਦਾ ਹੈ ਕਿ "ਕੁਛ ਵੈਦਕ ਦੀਆਂ ਬੜੀਆਂ ੨ ਕਿਤਾਬਾਂ ਦਾ ਅਰਬੀਆਂ ਨੇ ਸੰਸਕ੍ਰਿਤ ਵਿਚੋਂ ਉਲਥਾ ਕੀਤਾ" ਮਿਸਟਰ †ਰਾਯਲੇ ਨੇ ਭੀ ਇਹੋ ਰਾਇ ਦਿਤੀ ਹੈ। ਪ੍ਰੋਫੈਸਰ ‡ਸੀਚਾਉ ਦਾ ਭੀ ਇਹੋ ਲੇਖ ਹੈ। ਹਕੀਮ 0ਬੂਯਲੀ ਸੀਨਾ ਭੀ ਏਹੋ ਸੰਮਤੀ ਦਿੰਦਾ ਹੈ। ਪਰੋਫੈਸਰ ::ਮੈਕਸਮੂਲਰ ਨੇ ਲਿਖਯਾ ਹੈ ਕਿ ਫੀਰੋਜ਼ ਸ਼ਾਹ ਨੇ ਫਤੇ ਨਗਰ ਦੇ ਫਤੇ ਕਰਨ ਪਿਛੋਂ ਸੰਸਕ੍ਰਿਤ ਚਕਿਤਸਾ ਦਾ ਤਰਜਮਾ ਕਰਾਯਾ ਸੀ। ਲਾਰਡ ਐਮ. ਏ. ੦ਪੈਥਲ (ਪ੍ਰਥਮ ਗਵਰਨਰ ਮਦਰਾਸ) ਦਾ ਕਥਨ ਹੈ ਕਿ "ਹਿੰਦੂ ਵੈਦਕ ਸ਼ਾਸਤ੍ਰਾਂ ਵਿਚ ਸਿਮਰਨ ਸ਼ਕਤੀ ਦਾ ਚੰਗਾ ਵਰਨਣ ਹੈ।" ਮਿਸਟਰ ()ਵੇਪਰ ਦਾ ਕਹਿਣਾ ਹੈ ਕਿ ਹਿੰਦੂਆਂ ਦੀਆਂ ਵੈਦਕ ਕਿਤਾਬਾਂ ਬੜ੍ਹਤੀ ਪਰ ਹਨ। ਪਹਿਲੋਂ ਪਹਿਲ ਨੱਕ ਦਾ ਅਪਰੇਸ਼ਨ (ਚੀਰ ਫਾੜ) ਇਨ੍ਹਾਂ ਹੀ ਜਾਰੀ ਕੀਤਾ ਸੀ। ਲਾਰਡ []ਐਲਫਿੰਸਟਨ (ਪ੍ਰਿਥਮ ਗਵਰਨਰ ਬੰਬਈ) ਨੇ ਦਸਿਆ ਹੈ ਕਿ "ਆਯੁਰ ਵੈਦਕ ਜਰਾਹੀ ਅਜੇਹੀ ਉੱਤਮ ਹੈ, ਜੇਹੀਆਂ ਉੱਤਮ ਇਨ੍ਹਾਂ ਦੀਆਂ ਵੈਦਕ ਕਿਤਾਬਾਂ ਹਨ" ਦੂਸਰੇ ਥਾਂ ਇਹੋ ਭੀ ਦਸਿਆ ਹੈ ਕਿ ਵੈਦਕ ਤੋਂ ਭਿੰਨ ਇਨ੍ਹਾਂ ਦਾ ਵਯਾਕਰਣ ਭੀ ਹੱਦ ਟਪ ਚੁਕਾ ਹੈ। (ਦੇਖੋ ਤਾਰੀਖ ਹਿੰਦੁਸਤਾਨ ਬਾਬ ੫ ਪ੍ਰਿ: ੨੭੭ ਸੰਨ ੧੯੪੮ ਈ:) ਡਾਕਟਰ ਡਬਲਯੂ(*)ਡਬਲਯੂ ਹਿੰਟਰ ਨੇ ਲਿਖਿਆ ਹੈ-ਕਿ ਹਿੰਦੂ ਜਰਾਹ ਇਸਤ੍ਰੀਆਂ ਦੇ ਪੇਟ ਅਤੇ ਭਗੰਦ੍ਰ ਆਦਿ ਰੋਗਾਂ ਦਾਂ ਚੀਰ ਫਾੜ ਬਹੁਤ ਹੀ ਨਿਰਾਲੇ ਢੰਗ ਨਾਲ ਕਰਦੇ ਸਨ। ਡਾਕਟਰ (†)ਵਾਇਨਰ ਸਾਹਿਬ ਨੇ ਲਿਖਿਆ ਹੈ ਕਿ ਯੂਨਾਨੀ ਸੱਪ ਦਾ ਇਲਾਜ ਨਹੀਂ ਸੀ ਕਰ ਸਕਦੇ ਅਤੇ ਵੈਦਕ ਵਾਲੇ ਤਾਬੜ ਤੋੜ ਰਾਜ਼ੀ ਬਾਜ਼ੀ ਕਰਦੇ ਸਨ। ਪਰੋਫੈਸਰ (‡)ਵੇਪਰ ਸਾਹਿਬ ਨੇ ਦੂਸਰੇ ਥਾਂ ਇਹ ਭੀ ਲਿਖਿਆ ਹੈ ਕਿ 'ਅਮਰ ਕੋਸ਼' ਵਿਚ ਆਦਮੀ ਦੀਆਂ ਹੱਡੀਆਂ ਅਤੇ ਰੋਗਾਂ ਦੀ ਨਾਮਾਵਲੀ ਤੋਂ ਪ੍ਰਗਟ ਹੁੰਦਾ ਹੈ ਕਿ ਪੁਰਾਣੇ

---

*ਦੇਖੋ ਵਿਲਸਨ ਵਰਕਸ ਜਿ: ੩ ਪ੍ਰਿ: ੨੬੮

†ਦੇਖੋ ਰਾਯਲੇ ਅਨੇਸਿੰਟ ਹਿੰਦੂ ਮੈਡੀਸਨ ਪ੍ਰਿ: ੩੬

‡ਦੇਖੋ ਅਲਬੇਰੂਨੀਜ਼ ਇੰਡੀਆ

0ਦੇਖੋ ਰਾਯਲੇ ਅਨੇਸ਼ਿੰਟ ਹਿੰਦੂ ਮੈਡੀਸਨ ਪ੍ਰਿ: ੩੮

::ਦੇਖੋ ਸਾਇੰਸ ਆਫ ਲੰਗਵੇਜ਼ ਪ੍ਰਿ: ੧੬੭

੦ਦੇਖੋ ਲਾਰਡ ਤਕਰੀਰ ਮਦਰਾਸ, ਫਰਵਰੀ ੧੯੦੫ ਈ:

()ਦੇਖੋ ਵੇਪਰਸ ਇੰਡੀਆ ਲਿਟਰੇਚਰ ਪ੍ਰਿ: ੨੬੯ ਵਾ ੨੭੦

[]ਵੇਖੋ ਹਿਸਟਰੀ ਆਫ ਇੰਡੀਆ ਪ੍ਰਿ: ੧੪੫

(*)ਦੇਖੋ ਇੰਡੀਅਨ ਗੰਜ਼ੀਟੇਯਰ ਇੰਡੀਆਂ ਪ੍ਰਿ: ੨੨ ਤੇ ਇੰਡੀਅਨ ਲਿਟਰੇਜਰ ਪ੍ਰਿ: ੨੭੦

(†)ਦੇਖੋ ਹਿਸਟਰੀ ਆਫ ਮੈਡੀਸਨ ਮੁਸੰਨਫਹਿ ਡਾਕਟਰ ਵਾਇਨਰ ਪ੍ਰਿ: ੯

(‡) ਦੇਖੋ ਇੰਡੀਅਨ ਲਿਟਰੇਚਰ ਪ੍ਰਿ: ੨੬੭

Digitized by Panjab Digital Library | www.panjabdigilib.org

ਹਿੰਦੂ ਵੈਦਕ, ਚਕਿਤਸਾ (ਸਰਜਰੀ) ਵਿੱਚ ਪੂਰੇ ਸਿਖਰ ਪੁਜੇ ਹੋਏ ਸਨ, ਪਰੋਫੈਸਰ *ਡੀਟਜ ਲਿਖਦਾ ਹੈ ਕਿ ਖਲੀਫਾ ਹਾਰੂੰ ਅਲਰਸੀਦ ਦੇ ਦਰਬਾਰ ਵਿਚ ਹਿੰਦੂ ਵੈਦਕ ਨੌਕਰ ਸਨ ਜਿਨ੍ਹਾਂ ਵਿਚੋਂ ਇਕ ਦਾ ਨਾਮ †'ਮਾਣਕ' ਸੀ। ਇਹ ਸੰਸਕ੍ਰਿਤ ਤੋਂ ਇਲਾਵਾ ਤਿੱਬ ਦਾ ਭੀ ਚੰਗਾ ਵਿਦਵਾਨ ਸੀ। ਅਰ ਜੇ ਐਫ. ਰੋਬਲ, (ਸੀਨੀਅਰ ਪਰੋਫੈਸਰ ਮੈਟੀਰੀਆ ਮੇਡੀਕਾ ਥੀਊਰੀਊ ਪਿਓਟਿਕਸ ਕਿੰਗਜ਼ ਕਾਲਜ ਲੰਡਨ) ਅਤੇ ਡਾਕਟਰ ‡ਥਾਨਲ ਡਿਪਟੀ ਸਰਜਨ ਸੈਨੇਟਰੀ ਕਮਿਸ਼ਨਰ ਮਦਰਾਸ ਆਦਿ ਵੈਦਕ ਦੀ ਹੀ ਸ਼ਲਾਘਾ ਕਰਦੇ ਹਨ।

ਸੋ ਇਨ੍ਹਾਂ ਸਾਰੇ ਲੇਖਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਆਯੁਰਵੇਦ ਦਾ ਸੂਰਯ ਵਿਦੇਸ਼ੀ ਵਿਦਵਾਨਾਂ ਦੇ ਹਿਰਦਿਆਂ ਵਿਚ ਅਜੇ ਭੀ ਚਮਤਕਾਰ ਦੇ ਰਿਹਾ ਹੈ। ਏਹ ਇਸਦੇ ਅਗਾਧ ਹੋਣੇ ਦਾ ਭਾਰਾ ਸਬੂਤ ਹੈ।

ਸਾਡੇ ਦੇਸ਼ ਵਾਸੀਆਂ ਦੇ ਆਲਸ ਅਤੇ ਪ੍ਰਮਾਦ ਨਾਲ ਇਹ ਸ਼ਾਸਤ੍ਰ ਦਿਨੋ ਦਿਨ ਹੇਠ ਡਿਗਦਾ ਜਾ ਰਿਹਾ ਹੈ। ਕੀ ਆਪ ਨਹੀਂ ਜਾਣਦੇ ਕਿ ਆਪਣੇ ਦੇਸ ਦੀਆਂ ਉਤਪੰਨ ਜੜੀ ਬੂਟੀਆਂ ਤੋਂ ਬਣਨੇ ਵਾਲੀਆਂ ਦਵਾਈਆਂ ਹੀ ਮਾਂ ਦਾ ਦੁਧ ਹੁੰਦੀਆਂ ਹਨ? ਕਯੋਂਕਿ ਜਦ ਕੋਈ ਪ੍ਰਦੇਸ ਵਿਚ ਬੀਮਾਰ ਹੋ ਜਾਵੇ, ਤਾਂ ਉਸਨੂੰ ਝਟ ਜਨਮ ਭੂਮੀ ਵਿਚ ਭੇਜ ਦਿੰਦੇ ਹਨ। ਓਥੇ ਜਨਮ ਭੂਮੀ ਦਾ ਜਲ ਪਵਨ ਸਭੋ ਮਾਂ ਦੇ ਦੁਧ ਜੇਹਾ ਹੋਣ ਤੇ ਝਟ ਖੂਨ ਵਿਚ ਅਸਰ ਕਾਰਕ ਹੋ ਜਾਂਦਾ ਹੈ ਜਿਸਤੋਂ ਉਸਨੂੰ ਜਲਦੀ ਸਿਹਤ ਹੋ ਜਾਂਦੀ ਹੈ।

ਪਰੰਤੂ ਇਹ ਸਭ ਬਾਤਾ ਤਦੇ ਹੀ ਸੁਖੈਨ ਹੋ ਸਕਦੀਆਂ ਹਨ, ਜਦ ਸਭ ਦੇ ਸਮਝਣ ਯੋਗ ਸ੍ਵਦੇਸ਼ੀ ਭਾਖਾ ਵਿਚ ਵੈਦਕ ਦੇ ਪੁਸਤਕ ਪ੍ਰਾਪਤ ਹੋਣ।

ਇਸੇ ਗਲ ਨੂੰ ਮੁਖ ਰਖਕੇ ਅੱਜ ਸੰ: ੨੦੦੬ ਬਿਕ੍ਰਮੀ ਵਿਚ, ਜਿਸਨੂੰ ੧੯੯ ਸਾਲ ਹੁੰਦੇ ਹਨ, ਮੇਘ ਮੁਨੀ ਨੇ 'ਮੇਘ' ਬਿਨੋਦ ਫਗਵਾੜੇ ਸਹਿਰ ਵਿਚ ਗੁਰਮੁਖੀ ਭਾਖਾ ਵਿਚ ਰਚਿਆ ਸ਼ੀ, ਜਿਸਦੇ ੫੦੦੫ ਦੋਹਰੇ ਛੰਦ ਅਤੇ ਕਬਿੱਤ ਹਨ। ਅਰ ਜੇਕਰ ੩੨ ਅੱਖਰ ਦੇ ਹਿਸਾਬ ਨਾਲ ਗਿਣੀਏ ਤਾਂ ੭੩੫੧ ਸਲੋਕ ਹੁੰਦੇ ਹਨ। ਅਰ ਜਿਸ ਵਿੱਚ ਸ਼ਗਨ, ਅਪਸ਼ਗੁਨ, ਨਾੜੀ ਅਤੇ ਮੂਤ੍ਰ ਪ੍ਰੀਖਯਾ ਤੋਂ ਵੱਖਰੇ ੨੯੭੩ ਪ੍ਰਯੋਗ (ਨੁਸਖੇ) ਭੀ ਹਨ। ਅਸਲ ਵਿੱਚ ਵੈਦਕ ਵਿਸ਼ੇ ਦੀ ਕੋਈ ਭੀ ਅਜੇਹੀ ਬਾਤ ਨਹੀਂ ਜੋੜ੍ਹੀ ਇਸ ਵਿਚ ਨਾ ਲਿਖੀ ਹੋਵੇ। ਇਹ ਇਉਂ ਪ੍ਰਤੀਤ ਹੁੰਦਾ ਹੈ, ਜਯੋਂ ਕਿਤੇ ਬੜੇ ਪੁਸਤਕਾਲਯ ਵਿਚ ਬੈਠਕੇ ਸੰਗ੍ਰਹ ਕੀਤਾ ਹੋਯਾ ਹੈ ਥਾਂ ਥਾਂ ਗ੍ਰੰਥਾ ਦੇ ਨਾਮ, ਰੋਗਾਂ ਦੇ ਨਿਦਾਨ, ਬਾਜੇ ੨ ਥਾਂ ਅਜੇਹੇ ਟੋਣੇ ਟੋਟਕੇ ਹਨ, ਜ਼ੇੜ੍ਹੇ ਸੰਸਕ੍ਰਿਤ ਦੇ ਬੜੇ ੨ ਪੁਸਤਕਾਂ ਵਿੱਚੋਂ ਭੀ ਪ੍ਰਾਪਤ ਹੋਣੇ ਕਠਿਨ ਹਨ। ਵਾਸਤਵ ਵਿਚ ਇਹ ਇਕ ਪੁਸਤਕ ਪਾਸ ਹੁੰਦਿਆਂ ਹੋਰ ਕਿਸੇ ਵੈਦਕ ਦੇ ਪੁਸਤਕ ਦੀ ਲੋੜ ਬਹੁਤ ਘੱਟ ਜਾਪਦੀ ਹੈ।

ਪਰੰਤੂ ਸਮਯ ਦੀ ਅਦਲਾ ਬਦਲੀ ਨਾਲ ਦੇਸ਼ ਵਾਸੀ ਥੋੜੇ ਚਿਰ ਵਿਚ ਹੀ ਇਸਦੇ ਪਾਠ ਅਤੇ ਅਰਥ ਭੀ ਭੁਲਾ ਬੈਠੇ। ਅਜੇਹੀ ਦਸ਼ਾ ਵਿਚ ਸ੍ਵਾਰਥੀ ਅਰਥਾਤ ਨਾਮ ਵੈਦਕ ਇਸਦੇ ਅਧ੍ਯਾਯਕ ਅਤੇ

---

†ਦੇਖੋ ਏਨ੍ਹਾਂ ਲੇਕਟਾ ਮੈਡੀਕਾ ਲੇਪਜਿਕ ਐਡੀਸ਼ਨ ਆਫ ਸੰਨ ੧੯੩੩ ਪ੍ਰਿ: ੧੨੪
†ਅਜੇਹੇ ਨਾਮ ਹਿੰਦੂਆਂ ਦੇ ਹੀ ਹੁੰਦੇ ਹਨ।
‡ਦੇਖੋ ਲੈਕਚਰ ੧ ਅਪ੍ਰੈਲ ਸੰਨ ੧੯੯੨ ਈ:

Digitized by Panjab Digital Library | www.panjabdigilib.org

ਟੀਕਾਕਾਰ ਬਣ ਬੈਠੇ। ਜਿਨ੍ਹਾਂ ਦੁਆਰੇ ਇਸ ਵਿਦਯਾ ਦੀ ਉੱਨਤੀ ਦੀ ਆਸ਼ਾ ਸੀ, ਸਗੋਂ ਅਵ੍ਰਨਤੀ ਪ੍ਰਸਿੱਧ ਹੋ ਗਈ। ਕਯੋਂਕਿ ਓਨਾਂ ਟੀਕਾਕਾਰਾਂ ਨੇ ਪਾਠ ਦੀ ਸੁੱਧੀ ਅਸੁੱਧੀ ਵੱਲ ਧਯਾਨ ਤੱਕ ਹੀ ਨਹੀਂ ਦਿਤਾ। ਇਸਤੇ ਜਾਣ ਲਵੋ ਕਿ ਫਿਰ ਓਨ੍ਹਾਂ ਦੇ ਅਰਥਾਂ ਪਰ ਕਿਥੋਂ ਤਕ ਤਸਲੀ ਹੋ ਸਕਦੀ ਹੈ! ਯਾ ਓਹ ਅਰਥਾਂ ਦੇ ਗਯਾਤੇ ਕਹੇ ਜਾ ਸਕਦੇ ਹੋਣ? ਕਯੋਂਕਿ ਅਧਯਾਪਕ ਜਦ ਤਕ ਔਸ਼ਧੀ ਦਾ ਸਾਂਗੋ ਪਾਂਗ ਨਿਰਨਾ ਅਤੇ ਸ੍ਵਰੂਪ, ਤਥਾ ਬਣਔਖਧੀ ਦਾ ਭੇਦ, ਰੂਪ, ਰੰਗ, ਅਤੇ ਢੰਗ ਠੀਕ ਠਾਕ ਨਾਂ ਨਿਸਚੇ ਕਰਾ ਦੇਵੇ, ਤਦ ਤਕ ਵਿਦਯਾਰਥੀ ਕਿਸ ਤਰਾਂ ਪੂਰੇ ਵਿਵਰਣ ਨੂੰ ਸਮਝ ਸਕਦਾ ਹੈ? ਸੋ ਜੇਕਰ ਔਖਧੀ ਦਾ ਹੀ ਪੂਰਾ ਗਯਾਨ ਨਹੀਂ, ਤਾਂ ਫਿਰ ਰੋਗ ਪ੍ਰੀਖਯਾ ਕਿਸ ਤਰ੍ਹਾਂ ਕਰ ਸਕਦਾ ਹੈ? ਇਸੇ ਤਰ੍ਹਾਂ ਅਰਥਾਂ ਦਾ ਗਯਾਤਾ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ?

ਅਸੀਂ ਇਨ੍ਹਾਂ ਤਕਲੀਫਾਂ ਦੇ ਦੂਰ ਕਰਨ ਖਾਤਰ ਇਸੇ ਮੇਘ ਬਿਨੋਦ ਵਿਚ ਅਗੇ ਜੇਹੜਾ ੮੩੯ ਪ੍ਰਿਸਟਪਰ ਨ੍ਰਿਘੰਟੂ ਆਵੇਗਾ, ਉਸ ਵਿਚ 'ਬ੍ਰਿਤਾਂਤ' ਕਹਿਕੇ ਅੱਗੇ ਔਸ਼ਧੀਆਂ (ਬੂਟੀਆਂ) ਦੀ ਮਾਤ੍ਰਾ ਤੇ ਹੁਲੀਆ ਭੀ ਲਿਖ ਦਿੱਤਾ ਹੈ, ਜਿਸਤੇ ਦਵਾਈ ਦੀਆਂ ਚੀਜਾਂ ਲੈਣ ਵੇਲੇ ਕਿਸੀ ਤਰ੍ਹਾਂ ਦਾ ਭ੍ਰਮ ਨਾ ਰਹੇ। ਮੇਘ ਦੇ ਪਹਿਲੇ ਟੀਕਾਕਾਰਾਂ ਦੀ ਪਛਾਣ; ਬੁੱਧੀਮਾਨ ਇਸ ਤੋਂ ਹੀ ਕਰ ਸਕਦੇ ਹਨ ਕਿ ਜਦ ਓਨ੍ਹਾਂ ਪਦਾਂ ਦੇ ਅਰਥਾਂ ਵਿਚ ਜ਼ਿਮੀਂ ਅਸਮਾਨ ਜਾ ਫਰਕ ਪਾਯਾ, ਤਾਂ ਓਹ ਔਖਧੀਆਂ ਦੀ ਖਰੀਦ ਬਨਾਵਟ ਵਿਚ ਕਿੱਥੋਂ ਤਕ ਚਤੁਰ ਯਾ ਹੁਸ਼ਯਾਰ ਕਹੇ ਜਾ ਸਕਦੇ ਹਨ। ਸਗੋਂ ਚਰਕ ਵਿੱਚ ਲਿਖਯਾ ਹੈ ਕਿ ਅਜੇਹੇ ਵੈਦਾਂ ਨੂੰ ਰਾਜਾ ਪਾਸੋਂ ਦੰਡ ਦਿਲਾਵੇ। ਰਹੋ!

ਹੁਣ ਏਨ੍ਹਾਂ ਦੀ ਅਨਰਥਕ ਟੀਕਾ ਦੇ ਨਮੂਨੇ ਕੁਛ ਪ੍ਰਮਾਣਾਂ ਸਮੇਤ ਪੇਸ਼ ਕਰਦੇ ਹਾਂ, ਜਿਨ੍ਹਾਂ ਨੂੰ ਪੜ੍ਹਕੇ ਵਿਦ੍ਵਾਨ ਅਰਥ ਅਨਰਥ ਦਾ ਅੰਦਾਜ਼ਾ ਕਰਨ:-

ਯਥਾ (੧) ਆਲੋ ਸੁਹਾਰੀ ਵੈਦਜ

(ਹੋਇ ਨ ਫਟਕੜਿ *ਕਠਿਨੀ ਥਾਇ) ਫਟਕੜੀ ਨਾ ਹੋਵੇ ਤਾਂ ਕਠਿਨੀ ਕਹੀਏ ਖੜੀਆ ਮਿੱਟੀ ਪਾਵੇ, ਅਸਲ ਅਰਥ ਹੈ, ਪਰੰਤੂ ਮੋਹਾਰੀਆ ਸ਼ੋਰਾ ਅਰਥ ਦਸਦਾ ਹੈ। (†ਯਾਵਕ ਫਟਕੜਿ ਕ੍ਰਿਸ਼ਨਾ ਜੀਰ) ਏਥੇ ਯਾਵਕ ਨਾਮ ਕੂਲਥੀ ਅੰਨ ਦਾ ਹੈ, ਭਾਈ ਜੀ ਲਾਖ ਦਸਦਾ ਹੈ। (ਅਰ ਬਿਧਾਰਾ ‡ਰੋਦਨੀ ਗਿਲੋਇ) ਏਥੇ ਰੋਦਨੀ ਨਾਮ ਧਮਾਹੇ ਬੂਟੀ ਦਾ ਹੈ, ਤੇ ਆਪ 'ਰੁਦੰਤੀ' ਜਹਾਨੋਂ ਦੁਰਲਭ ਬੂਟੀ ਦਾ ਅਰਥ ਦਸਦਾ ਹੈ। (ਕਟਕੀ ਮੋਥ ਸਿਵਾਲੈ ::ਆਸਨਾ) ਏਥੇ ਆਸਨਾ ਨਾਮ ਬਿਜੇਸਾਰ ਦਾ ਹੈ. ਬਾਵਾ ਜੀ ਸਲਾਰਾ ਅਰਥ ਸੁਣੌਂਦਾ ਹੈ। (ਤਿਲ ੦ ਪਨਜਾਕ ਮਸੂਰੀ () ਤ੍ਰਿਪੁਟਾ ਯਵ ਜਾਨ) ਇਸ ਵਿਚ ਤਿਲ ਪਨਜਾਕ ਤਿਲਾਂ ਦਾ ਭੁੱਗਾ (ਕੁੱਲਰ) ਅਰਥ ਹੈ, ਟੀਕਾਕਾਰ ਤੋਰੀਆ ਦਸਦਾ ਹੈ, ਤੇ ਤ੍ਰਿਪੁਟਾ ਨਾਮ 'ਮਟਰਾਂ' ਦਾ ਹੈ, ਏਥੋਂ ਮੂੰਹ ਬੰਦ ਕਰਕੇ ਖਿਸਕਦਾ ਹੈ

---

(੧) ਇਸ ਨੇ ਵੀ ਇਕ ਜੜਪੁਟ ਮੇਘ ਜਾ ਟੀਕਾ ਚੁਕ ਘੜਿਆ ਸੀ।

*ਕਠਿਨੀ-ਖੜੀਆ ਮਿਟੀ ਹੈ, ਦੇਖੋ ਭਾਵ ਪ੍ਰਕਾਸ਼ ਪ੍ਰਿ: ੨੯੬

†ਯਾਵਕ-ਕੁਲਥੀ (ਅੰਨ) ਹੈ, ਦੇਖੋ ਔਸ਼ਧੀ ਕੋਸ਼ ਪ੍ਰਿ: ੧੩੨

‡ਰੋਦਨੀ-ਧਮਾਹਾ ਹੈ, ਦੇਖੋ ਭਾਵ ਪ੍ਰਕਾਸ਼ ਪ੍ਰਿ: ੨੨੦ ਤੇ ਅਮਰਕੋਸ਼, ਸਰਗ ੨ ਸਲੋਕ ੯੨

::ਆਸਨਾ-ਬਿਜੇਸਾਰ ਹੈ, ਦੇਖੋ ਭਾਵ ਪ੍ਰਕਾਸ਼ ਪ੍ਰਿ: ੨੫੩

੦ਤਿਲਪਨਜਾਕ ਤਿਲਾਂ ਦਾ ਭੁੱਗਾ (ਕੁੱਲਰ) ਹੈ ਦੇਖੋ ਭਾਵ ਪ੍ਰਿ: ੩੫੫

Digitized by Panjab Digital Library | www.panjabdigilib.org

ਅਰਥ ਹੀ ਨਹੀਂ ਕੀਤਾ।

(::ਨਿਸਟੀਵਨ ਹੁਇ ਅਲਪ) ਏਥੇ ਨਿਸਟੀਵਨ ਦਾ ਅਰਥ ਕਫ ਦਾ ਥੁਕਣਾਂ ਹੈ, ਸੰਤ ਜੀ ਨਕਸੀਰ ਅਰਥ ਮਨਕਥਾ ਦਸਦਾ ਹੈ। (0ਕੁਸ਼ਾ ਘੀਉ ਹਿਕ੍ਵਾ ਪਿਵੈ ਬਿਨ ਜਲ ਹਿਕ੍ਵ ਗਵਾਇ) ਏਥੇ ਕੁਸ਼ਾ ਨਾਮ ਚਕੋਧਰੇ ਦਾ ਹੈ। ਇਸ ਦਾ ਰਸ ਤੇ ਘੀਉ ਪਿਲਾਵੇ। ਭਾਈ ਜੀ ਕੁਸ਼ਾ ਦਾ ਅਰਥ ਘਾਹ ਤੇ ਜਲ ਤੇ ਬਗੈਰ ਲਗੀ ਹਿੜਕੀ ਦਸਦਾ ਹੈ। ਭਲਾ ਜਲ ਪੀਂਦਿਆਂ ਕੇਹੜੀ ਹਿੜਕੀ ਲਗਦੀ ਹੈ ?

(ਤਿਕਤਾ ਗੈਰਕ‡ਕਾਂਚਨ ਸਾਜਾ) ਇਸ ਵਿਚ ਕਾਂਚਨ ਨਾਮ ਨਾਗਕੇਸਰ ਦਾ ਹੈ; ਸ੍ਰੀ ਮਾਨ ਸੋਨਾਗੇਰੂ ਅਰਥ ਨਿਰਾ ਹੀ ਤੂਫਾਨ ਮਾਰਦਾ ਹੈ।

(1ਆਨ ਮਹੋਕੜਿ ਮੁਖ ਮੈ ਰਾਖ) ਏਥੇ ਮਹੋਕੜਿ ਨਾਮ ਮੁਣੱਕੇ ਦਾ ਹੈ ਪਰੰਤੂ ਆਪ ਸਾਹਿਬ 'ਪ੍ਰਸਿੱਧ ਹੈ' ਇਤਨਾ ਹੀ ਦਸ ਕੇ ਆਯੁਰਵੇਦਾਧਯਾਪਕ ਬਣਦਾ ਹੈ।

(ਪੰਚਕੋਲ ਬਿਲ੍ਵਾਢਕੀ) ਏਥੇ ਬਿੱਲ ਤੇ ਆਢ ਕੀ ਨਾਮ ੦ਹਰਹਰ ਦਾ ਹੈ, ਤੇ ਆਪ ਅਸੁੱਧ ਪਾਠ (ਬਿੱਲਆਦਕੀ) ਲਿਖਕੇ ਵਗੈਰਹ ਅਰਥ ਕਰਕੇ ਅਨਰਥ ਮਾਰਦਾ ਹੈ, ਆਦਿ।

ਹੋਰ ਦੇਖੋ ਮੂਸੇ * ਵਾਲੇ ਨਾਮੀ ਵੈਦਜ–

(ਯੁਗ ਧਨ ਨਾਸ) ਦਾ ਅਰਥ ਹੈ, ਮਿਥੁਨ ਤੇ ਧਨ ਰਾਸ ਵਿੱਕ ਲਹੂ ਕੱਢੇ ਤਾਂ ਸਰੀਰ ਦਾ ਨਾਸ ਹੋਵੇ। ਪਰੰਤੂ ਬਾਵਾ ਜੀ ਧਨ ਦਾ ਨਾਸ ਅਰਥ ਦਸਦਾ ਹੈ।

(ਬਕੁਲਾ ਭਾਵ ਕਲਾਰ ਆਨੰਦ) ਇਸ ਵਿਚ ਬਕੁਲਾ ਮੌਲਸਰੀ ਤੇ ਕਲਾਰ ਕਮੀਆਂ (ਨੀਲੋਫਰ) ਅਰਥ ਹੈ। ਆਪ ਸਕੁਲਾਈ ਆਦਿ ਟਪਲੇ ਮਾਰਦਾ ਹੈ।

(ਤਾਲਬਲੀ ਚਾਰੋਂ ਸਮ ਡਾਰਿਆ) ਏਥੇ ਬਲੀ ਨਾਮ ਗੰਧਕ ਦਾ ਹੈ, ਆਪ ਸਾਹਿਬ ਬੋਲਗੂੰਦ ਅਰਥ ਲਿਖਦਾ ਹੈ।

(ਪਾਤੂਰਾ ਅਰਿੰਡ ਜੋ ਦੇਇ) ਏਥੇ ਪਾਤੂਰਾ ਨਾਮ ਵਕਮ ਲਕੜੀ ਦਾ ਹੈ ਤੇ ਆਪ 'ਧਾਤੂਰਾ' ਪਾਠ ਅਸੁੱਧ ਲਿਖਕੇ ਅਰਥ ਭੀ ਧਤੂਰਾ ਜ਼ਹਰ ਕਰਕੇ ਅਨਰਥ ਮਾਰਦਾ ਹੈ।

(ਬਾਲਕ ਤੀਨ ਚੁਮਾਵੇ ਭਾਵੇ) ਇਸ ਜਗ੍ਹਾ ਦਾ ਅਰਥ ਹੈ ਕਿ ਬਾਲਕ ਦੇ ਤਿੰਨ ਚੁੰਮੇ ਪਰੇਮ ਧਾਰਕੇ ਲਵੇ, ਬਾਵਾ ਜੀ ਤਿੰਨਾਂ ਬਾਲਕਾਂ ਨੂੰ ਭੋਜਨ ਜਿਮੌਣਾਂ ਅਰਥ ਕਰਦਾ ਹੈ। ਇਹ ਪ੍ਰਯੋਗ ਹਨ ਵੰਗਸੇਨ ਦੇ, ਹਾਲਾਂਕਿ ਫੈਸਲਾ ਵੰਗਸੇਨ ਦੇਖਕੇ ਹੀ ਹੋ ਸਕਦਾ ਹੈ।

::ਨਿਸਟੀਵਨ–ਕਫ ਦਾ ਥੁਕਣਾ ਅਰਥ ਹੈ ਦੇਖੋ ਆ: ਔ: ਕੋਸ਼ ਪ੍ਰਿ: ੯੮
ਹੋਰ ਦੇਖੋ ਸਿਧਾਂਤ ਕੇਮਦੀ

0ਕੁਸ਼ਾ–ਚਕੋਧਰਾ ਹੈ;ਦੇਖੋ ਔਸ਼ਧੀ ਕੋਸ਼ ਤੇ ਗੁਣ ਹਿੜਕੀ ਨਾਸ਼ਕ ਵਾਸਤੇ ਦੇਖੋ ਭਾਵ ਪ੍ਰਕਾਸ਼ ਪ੍ਰਿ: ੨੭੯

‡ਕਾਂਚਨ–ਨਾਗਕੇਸਰ ਹੈ,ਦੇਖੋ ਔਸ਼ਧੀ ਕੋਸ਼ ਪ੍ਰਿ: ੨੯
1ਮਹੋਕੜਿ–ਮੁਨੱਕਾ ਹੈ ਦੇਖੋ ਆਇਨਾ ਅਦਵੀਆਤ ਪ੍ਰਿ: ੩੭੭
੦ਆਢਕੀ–ਹਰਹਰ (ਤੋਰ) ਹੈ, ਦੇਖੋ ਚਕਿਤਸਾ ਕੋਸ਼ ਪ੍ਰਿ: ੧੨
*ਇਹ ਭੀ ਆਪਣੇ ਆਪ ਵਿਚ ਮੇਘ ਗਜਾਨੀ ਪ੍ਰਸਿਧ ਸੀ ਅਰ ਇਕ ਪੋਥੜ ਮੇਘ ਪਰ ਟੀਕੇ ਨਾਮ ਤੇ ਭੀ ਘੜ ਮਾਰਿਆ ਸੀ।

Digitized by Panjab Digital Library | www.panjabdigilib.org

ਇਤਜਾਦੀ ਇਹ ਲੇਖ ਨਮੂਨੇ ਮਾਤ੍ਰ ਦੇਗ ਦੇ ਇੱਕ ਦਾਣਾ ਦੇਖਣ ਦੀ ਤਰਾਂ ਇਸ ਗਰਜ਼ ਨਾਲ ਪ੍ਰਗਟ ਕੀਤੇ ਹਨ ਕਿ ਟੀਕਾਕਾਰ ਜਰਾ ਬੁੱਧੀ ਬਲ ਸੋਚਕੇ ਕਲਮ ਉਠਾਯਾ ਕਰਨ।

ਪਰੰਤੂ ਇਸ ਵਿਚ ਅਧਿਕ ਵਿਚਾਰ ਇਹੋ ਫੁਰਦੀ ਹੈ ਕਿ ਜੇ ਕਦੇ ਟੀਕਾਕਾਰ ਦੇ ਅਰਥ ਪਰ ਵੈਦਜ ਨੇ 'ਪਾਤੂਰਾ' ਪਦ ਦਾ ਅਰਥ 'ਧਤੂਰਾ' ਸਮਝ ਕੇ ਧਤੂਰੇ ਦੇ ਬੀਜ, ਫਲ ਅਥਵਾ ਪੱਤ੍ਰ ਆਦਿ ਦਵਾਈ ਵਿਚ ਪਾ ਲਏ, ਤਾਂ ਕਿਤਨਾ ਅਨਰਥ ਹੋਣ ਦੀ ਸੰਭਾਵਨਾ ਹੋ ਸਕਦੀ ਹੈ ?

ਇਸ ਲੀਏ ਉਪਰੋਕਤ ਕੁਝ ਵਿਚਾਰ ਦ੍ਵਾਰਾ ਵਰਨਣ ਕੀਤਾ ਹੈ, ਨਹੀਂ ਤਾਂ ਨਾਮ ਧ੍ਰੀਕ ਵੈਦਾਂ ਦੇ ਅਗਜਾਤਪਣੇ ਪ੍ਰਗਟ ਕਰਨ ਦੀ ਮੈਨੂੰ ਕੀ ਜ਼ਰੂਰਤ ਸੀ ?

ਇਸ ਤੋਂ ਪਾਠਕਾਂ ਨੂੰ ਚਾਹੀਦਾ ਹੈ ਕਿ ਪੁਸਤਕ ਖਰੀਦਣ ਤੋਂ ਪਹਿਲਾਂ ਕਰਤਾ ਅਰ ਕਰਤਾ ਦੀ ਲਿਆਕਤ ਤਵੱਜੋ ਕਰ ਲਿਆ ਕਰਣ, ਨਹੀਂ ਤਾਂ ਲਾਭ ਦੇ ਥਾਂ ਉਲਟਾ ਅਨਰਥ ਹੋ ਜਾਣ ਦਾ ਅਵੱਸ਼ ਖਤਰਾ ਹੈ।

ਆਪ ਜਦ ਉਪਰ ਲਿਖੇ ਟੀਕੇ ਪੜ੍ਹੋ ਅਰ ਵਿਚਾਰੋਗੇ, ਤਦ ਅਨੇਕ ਪ੍ਰਕਾਰ ਦੀਆਂ ਅਸ਼ੁੱਧੀਆਂ ਅਰ ਅਰਥਾਂ ਦੇ ਅਨਰਥ ਆਦਿ ਪਾਓਗੇ। ਵੇਖੋ ਜਦ ਆਪ ਅੱਜ ਬ੍ਰਤਾਨੀਆਂ ਰਾਜ ਦੀ ਬਰਕਤ ਨਾਲ–ਜਦ ਕਿ ਬੜੇ ੨ ਦੁਰਲਭ ਪੁਸਤਕ ਭੀ ਸੁਲਭ ਹੋ ਰਹੇ ਹਨ–ਵਿਦਜਾ ਦੀ ਰੌਸ਼ਨੀ ਦਾ ਜ਼ਮਾਨਾ ਹੈ। ਅਜੇਹੇ ਰੌਸ਼ਨੀ ਦੇ ਸਮਯ ਵਿਚ ਭੀ ਸ਼ੁੱਧ ਅਸ਼ੁੱਧ ਵਲ ਧਜਾਨ ਨਾ ਕਰੋਗੇ, ਤਾਂ ਫਿਰ ਹੋਰ ਕਿਹੜੇ ਜ਼ਮਾਨੇ ਦੀ ਉਡੀਕ ਹੈ ?

ਮੈਂ ਇਸੇ ਮੇਘ ਬਿਨੋਦ ਨੂੰ ਜੇਹੜਾ ਕਿ ਅੱਜ ਗੁਰਮੁਖੀ ਵਿਚ ਸਭ ਤੋਂ ਪਹਿਲਾ ਹੈ, ਟੀਕਾ ਕਰਨ ਦਾ ਸੰਕਲਪ ਕੀਤਾ। ਪਰੰਤੂ ਇਸ ਦੇ ਅਸ਼ੁੱਧ ਪਾਠਾਂ ਦੀ ਏਥੋਂ ਤਕ ਰੱਦ ਟਪ ਗਈ ਕਿ ਜੋ ਜੋ ਪੁਸਤਕ ਦੇਖੇ ਸੋ ਸੋ ਹੀ ਅਸ਼ੁੱਧੀ ਨਾਲ ਭਰਪੂਰ ਪਾਏ। ਜਿਸ ਤਰਾਂ ਤੇਰਵੇਂ ਅਧਜਾਯ ਵਿਚ ਧਾਤਾਂ ਮਾਰਨ ਵਾਲੇ ਸਥਾਨ ਓਰ ਦ੍ਰਿਸ਼ਟੀ ਦੇ ਕੇ ਦੇਖੋ, ਕਿਸੀ ਧਾਤ ਦਾ ਸੋਧਨ ਕਿਸੇ ਥਾਂ ਹੈ, ਤੇ ਮਾਰਨਾ ਕਿਸੇ ਥਾਂ ਹੈ। ਇਸੇ ਤਰਾਂ ਗੁਣ ਕਿਸੇ ਦੂਸਰੇ ਸਥਾਨ ਪਰ ਹਨ। ਪਾਰੇ ਦਾ ਸੋਧਨ ਲਿਖਜਾ ਹੈ ਤੇ ਮਾਰਨ ਦਾ ਨਾਂ ਤਕ ਭੀ ਪਾਠ ਵਿਚ ਦ੍ਰਿਸ਼ਟੀ ਨਹੀਂ ਆਇਆ. ਇਸੇ ਤਰ੍ਹਾਂ ਹੋਰ ਪ੍ਰਕਰਣਾਂ ਵਿੱਚ ਅੱਗਾ, ਪਿੱਛਾ ਅਤੇ ਪਾਠਾਂ ਦੀ ਅਦਲਾ ਬਦਲੀ ਬੇਸ਼ੁਮਾਰ ਦੇਖੀ ਗਈ, ਜਿਨ੍ਹਾਂ ਪਾਠਾਂ ਨੂੰ ਦੇਖ ਕੇ ਸੋਧਨ ਦਾ ਹੌਸਲਾ ਟੁਟ ਗਿਆ, ਪਰੰਤੂ ਫਿਰ ਭੀ ਖੋਜ ਭਾਲ ਨਾਲ ਅਨੇਕਾਂ ਪੁਸਤਕਾਂ ਦਾ ਸੰਗ੍ਰਹ ਕੀਤਾ। ਹੋਰ ਕਈ ਪੁਸਤਕ ਮੇਘ ਦੇ ਨਾਗਰੀ ਵਿਚ ਲਿਖੇ ਦੇਖੇ, ਭਾਲੇ ਤੇ ਵਿਚਾਰੇ, ਫਿਰ ਜਿਨ੍ਹਾਂ ੨ ਸੰਸਕ੍ਰਿਤ ਪੁਸਤਕਾਂ ਵਿਚੋਂ ਮੇਘ ਜੀ ਨੇ ਚੁਨਾਵਟ ਕੀਤੀ ਹੈ,ਓਨ੍ਹਾਂ ਓਨ੍ਹਾਂ ਨਾਲ ਮਿਲਾਣ ਕਰਕੇ ਚਿਰ ਦੀ ਮੇਹਨਤ ਨਾਲ ਸ਼ੁੱਧ ਪਾਠ ਕੀਤੇ ਤਾਂ ਕੁਛ ਹੌਸਲਾ ਹੋਯਾ, ਪਰੰਤੂ ਫਿਰ ਭੀ ਪ੍ਰਮਾਣਾਂ ਵਾਸਤੇ ਭਾਵ ਪ੍ਰਕਾਸ਼,ਵੰਗਸੇਨ,ਰਸਰਾਜ ਸੁੰਦਰ, ਰਸਰਤਨਾਕਰ,ਰਸੇਂਦ੍ਰਚਿੰਤਾਮਣੀ,ਵੈਦਜਰਹੱਸ ਯੋਗਚਿੰਤਾਮਣੀ,ਨਿ੍ਘੰਟਰਤਨਾਕਰ,ਵੈਦਜਰਤਨ, ਕਾਮ-ਰਤਨ, ਰਸੇਂਦ੍ਰ ਭਾਸ਼ਕਰ, ਰਸਚਿੰਤਾਮਣੀ, ਗੁਣਰਤਨਮਾਲ,ਸ਼ਾਰੰਗਧਰ, ਚਰਕ, ਸੁਸ਼੍ਰਿਤ, ਅਮ੍ਰਿਤਸਾਗਰ, ਮਦਨਪਾਲ ਨਿ੍ਘੰਟੂ, ਨਿਰਮਲਕੋਸ਼, ਅਮਰਕਸ਼, ਚਕਿਤਸਾਕੋਸ (ਆਯੁਰਵੇਦੀਯ-ਔਸ਼ਧੀਕੋਸ਼), ਰਾਮਬਿਨੋਦ, ਬਨੌਖਧੀਵਿਗਜਾਨ, ਬ੍ਰਿੰਦ, ਦ੍ਰਬਦਰਪਣ, ਮੇਦਨੀਕੋਸ਼, ਹਿੰਦੀਸ਼ਬਦ ਸਾਗਰਕੋਸ਼, ਮਖਜ਼ਨਮੁਫਰਦਾਤ, ਯੂਨਾਨੀਕੋਸ਼ ਅਤੇ ਆਇਨਾਅਦਵੀਆਤ, ਆਦਿ ਆਦਿ

Digitized by Panjab Digital Library | www.panjabdigilib.org

ਅਨੇਕਾਂ ਪੁਸਤਕਾਂ ਦਾ ਸਹਾਰਾ ਲਿਆ, ਕਯੋਂਕਿ ਸਮਯ ਪਰ ਗਵਾਹੀ ਬਗੈਰ ਭੀ ਕੰਮ ਤਸੱਲੀ ਵਾਲਾ ਨਹੀਂ ਕਿਹਾ ਜਾ ਸਕਦਾ।

ਇਨ੍ਹਾਂ ਪੁਸਤਕਾਂ ਤੋਂ ਇਲਾਵਾ *ਖੋਜ ਭਾਲ, ਪੁੱਛ ਗਿੱਛ ਵਿਚ ਭੀ ਕਸਰ ਨਹੀਂ ਛੱਡੀ ਵਾਹ ਲਗਦੀ ਸੁੱਧ ਕਰਨ ਵਿੱਚ ਫਰਕ ਨਹੀਂ ਕੀਤਾ। ਕਈਆਂ ਪ੍ਰਯੋਗਾਂ ਦੀਆਂ ਇਕ ੨ ਯਾ ਦੋ ਦੋ, ਚਾਰ ਚਾਰ ਤੁਕਾਂ ਭੀ ਅਧੂਰੀਆਂ ਲੱਭ ਕੇ ਪਾਈਆਂ। ਫਿਰ ਭੀ ਅਸ਼ੁੱਧੀ ਰਹਿ ਜਾਣੀ ਮਨੁੱਖਪਨ ਦੇ ਕਾਰਣ ਕੋਈ ਤਅੱਜੁਬ ਨਹੀਂ, ਕਯੋਂਕਿ ਮੈਂ ਕੋਈ ਸਰਬੱਗ ਯਾ ਵੈਦਯਕ ਵਿਦਯਕ ਦਾ ਪਾਰਗਾਮੀ ਨਹੀਂ ਹਾਂ, ਇਸ ਤੇ ਵਿਦ੍ਵਾਨ ਮੰਡਲੀ ਜੈਸਾ ਯੋਗ ਚਾਹੇ ਕਰੇ, ਪਰੰਤੂ ਫਿਰ ਭੀ ਮੈਨੂੰ ਸੂਚਿਤ ਕਰਨ ਦੀ ਕ੍ਰਿਪਾ ਹੋਵੇ ਤਾਂ ਕਿ ਅਗਲੇ ਐਡੀਸ਼ਨ ਨੂੰ ਵਿਸ਼ੇਖ ਸ਼ੁਧੀ ਪਰ ਧਯਾਨ ਦਿੱਤਾ ਜਾਵੇ।

ਆਪ ਨੂੰ ਇਹ ਭੀ ਯਾਦ ਰਹੇ ਕਿ ਮੈਨੂੰ ਪੰਚੈਤੀ ਅਖਾੜੇ ਦੇ ਸਕੱਤਰ ਹੋਣ ਕਰਕੇ ਪੂਰਾ ੨ ਵਿਹਲ ਨਹੀਂ ਸੀ ਮਿਲਦਾ, ਪਰੰਤੂ ਮੈਂ ਫਿਰ ਭੀ ਫੁਰਸਤ ਵਕਤ ਪੁਸਤਕਾਂ ਵਿਚਾਰਨ ਦਾ ਪ੍ਰਬੰਧ ਰਖਦਾ ਸੀ। ਇਸ ਤੋਂ ਵਖਰਾ ਮੈਂ ਇਕ ਪੁਸਤਕ "ਨਿਰਮਲ ਸੰਹਿਤਾ" ਰਚਿਆ ਹੈ: ਜਿਸ ਵਿਚ ਚੂਰਣ, ਚਟਣੀਆਂ, ਪ੍ਰਾਕ, ਮਜੂਨਾਂ ਤੇ ਅਰਕ ਸ਼ਰਬਤ ਆਦਿ ਸਭੋ ਵਖੋ ਵਖਰੇ ਰਖੇ ਹਨ। ਪੁਸਤਕ ਦਾ ਨਿਰਾਲਾ ਢੰਗ, ਨਿਰਾਲੀ ਖੋਜ ਹੈ, ਜਿਸ ਵਿਚ ਅਨੇਕਾਂ ਚਮਤਕਾਰੀ ਅਤੇ ਵੈਦਾਂ ਦੇ ਲਾਭ ਦੀਆਂ ਬਾਤਾਂ ਹਨ, ਪਰ ਅਜੇ ਤਕ ਛਪਣ ਦਾ ਉਪਰਾਲਾ ਨਹੀਂ ਹੋ ਸਕਿਆ, ਸੋ ਹੁਣ ਸ਼ੀਘ੍ਰ ਹੀ ਛਾਪਣ ਦਾ ਪ੍ਰਬੰਧ ਹੋ ਜਾਊ। ਹੋਰ ਇਕ ਪੁਸਤਕ ਮਤ ਮਤਾਂਤ੍ਰ ਬਾਬਤ ੧੩ ਸਾਲਾਂ ਦੀ ਖੋਜ ਨਾਲ ਲਿਖਿਆ ਹੈ, ਉਸ ਦਾ ਨਾਮ ਹੈ "ਭਾਰਤ ਮਤ ਦਰਪਣ" ਇਸ ਵਿਚ ਹਿੰਦੁਸਤਾਨ ਦੇ ਨਵੀਨ ਅਤੇ ਪ੍ਰਾਚੀਨ ਸਭ ਮਤਾਂ ਦਾ ਬ੍ਰਿਤਾਂਤ ਹੈ, ਇਹ ਛਪ ਚੁਕਾ ਹੈ, ਅਰ ਪੰਜਾਬ ਯੂਨੀਵਰਸਿਟੀ ਨੇ ਗਯਾਨੀ ਕਲਾਸ ਵਾਸਤੇ ਨਿਯਤ ਕੀਤਾ ਸੀ।

ਹੁਣ ਮੈਂ ਏਸ ਮੇਘ ਸਟੀਕ ਦੀ ਇਹ ਐਡੀਸ਼ਨ ਛਾਪਣ ਦਾ ਅਧਿਕਾਰ ਸ੍ਰੀ ਮਾਨ ਭਾਈ ਗੁਰਦਿੱਤ ਸਿੰਘ ਜੀ ਸਪੁਤ੍ਰ ਭਾਈ ਹਰੀ ਸਿੰਘ ਜੀ ਸੁਰਗਵਾਸੀ ਨੂੰ ਦੇਕੇ ਆਪ ਅਗੇ ਬੇਨਤੀ ਕਰਦਾ ਹਾਂ ਕਿ ਮੇਰੇ ਉਪਰ ਲਿਖੇ ਲੇਖ ਤੋਂ ਜੇ ਕਦੇ ਆਪ ਨੂੰ ਜਰਾ ਭੀ ਲਾਭ ਪਹੁੰਚਾਣ ਦੀ ਆਸ਼ਾ ਹੋਈ, ਤਾਂ ਮੈਂ ਆਪਣੇ ਪਰੀਸ਼੍ਰਮ ਨੂੰ ਸਫਲ ਸਮਝਾਂਗਾ। ਉਕਤ ਸਭ ਬਾਤਾਂ ਦਸਣ ਦੇ ਕਾਰਣ ਇਹ ਸੰਖਿਪਤ ਮਾਤ੍ਰ ਲੇਖ ਕੁਛ "ਭੂਮਿਕਾ" ਨਾਮ ਤੇ ਲਿਖਯਾ ਹੈ। ਬੁਧੀਮਾਨ ਇਸਨੂੰ ਵਿਸਥਾਰ ਸਹਿਤ ਸਮਝਕੇ ਲਾਭ ਪ੍ਰਾਪਤ ਕਰਨਗੇ।

ਕਾਰਯਾਲਯ:-
*ਵੈਦਯਕ ਭੰਡਾਰ
ਅੰਮ੍ਰਿਤਸਰ
੧ ਵਸਾਖ ਸੰ: ੧੯੭੭
ਨਿਰਮਲ ਸੰਮਤ ੪੨੪

ਲੇਖਕ:-
ਮਹੰਤ ਗਣੇਸ਼ਾ ਸਿੰਘ ਟੀਕਾਕਾਰ
(ਸਕੱਤ੍ਰ, ਅਖਾੜਾ ਪੰਚੈਤੀ ਨਿਰਮਲਾ)

---

*ਖੋਜ ਭਾਲ ਭੂਮਿਕਾ ਦੇ ਨੋਟਾਂ ਦੇ ਦੇਖਣ ਤੋਂ ਭੀ ਕੁਛ ਮਾਲੂਮ ਹੋ ਸਕਦੀ ਹੈ।

Digitized by Panjab Digital Library | www.panjabdigilib.org

ਧਯਾਨ ਯੋਗ:—ਇਸ ਮੇਘ ਬਿਨੋਦ ਦੇ ਟੀਕੇ ਦੀ ਪੁਸ਼ਟੀ ਵਿਚ ਜਿਨਾਂ ੨ ਪੁਸਤਕਾਂ ਦੇ ਪ੍ਰਿਸ਼ਟ ਆਦਿ ਨਿਸ਼ਾਨ ਦਿਤੇ ਹਨ ਉਨ੍ਹਾਂ ਦੇ ਨਾਮ ਸਥਾਨ ਅਤੇ ਛਾਪਣ ਦੇ ਸੰਮਤ ਆਦਿ ਇਉਂ ਹਨ—

੧—ਆਇਨਾਂ ਅਦਵੀਆਤ)		
੨—ਦ੍ਰਬ ਦ੍ਰਪਣ)		
੩—ਡਿਕਸ਼ਨਰੀ ਪੰਜਾਬੀ)		ਸ਼ਾਹੀ ਪਰੈਸ ਲੁਧਿਆਣਾ
੪—ਯੂਨਾਨੀ ਕੋਸ਼)		
੫—ਸਾਲਿਗਾਮੌਖਧ ਸ਼ਬਦ ਸਾਗਰ		ਬੰਬਈ (ਵੇਂਕਟੇਸ਼੍ਵਰ ਪਰੈਸ)
੬—ਆਯੁਰਵੇਦੀਯ ਔਸ਼ਧੀ ਕੋਸ਼		
੭—ਭਾਵ ਪ੍ਰਕਾਸ਼ ਸਟੀਕ	ਸੰਮਤ ੧੯੬੩	,,
੮—ਭਾਵ ਨ੍ਰਿਘੰਟੂ	ਸੰਮਤ ੧੯੭੨	,,
੯—ਵੰਗਸੇਨ ਸਟੀਕ	ਸੰਮਤ ੧੯੬੧	,,
੧੦—ਰਸ ਰਤਨਾਕਰ ਸਟੀਕ	ਸੰਮਤ ੧੯੬੬	,,
੧੧—ਅਮਰ ਕੋਸ਼ ਸਟੀਕ	ਸੰਨ ੧੯੬੬ ਈ:	,,
੧੨—ਅਮ੍ਰਿਤ ਸਾਗਰ	ਸੰਮਤ ੧੯੬੫	,,
੧੩—ਚਰਕ	ਸੰਮਤ ੧੯੬੮	,,
੧੪—ਸੁਸ੍ਰਿਤ—	ਸੰਨ ੧੮੧੨ ਈ:	,,
੧੫—ਸਾਰੰਗਧਰ	ਸਾਕਾ ੧੮੩੬	,,
੧੬—ਰਸਰਾਜ ਸੁੰਦ੍ਰ	ਸੰਨ ੧੮੯੪ ਈ:	,,
੧੭—ਰਸੇਂਦ੍ਰ ਚਿੰਤਾਮਣੀ	ਸੰਮਤ ੧੯੫੮	,,
੧੮—ਪਥ੍ਯਾਪਥ	ਸੰਮਤ ੧੯੬੬	,,
੧੯—ਬਨੌਖਧੀ ਵਿਗਯਾਣ	ਸੰਨ ੧੯੦੬	,,
੨੦—ਵੈਦ੍ਯ ਰਤਨ	ਸੰਮਤ ੧੯੬੨	,,
੨੧—ਯੋਗ ਚਿੰਤਾਮਣੀ	ਸੰਮਤ ੧੯੬੬	,,
੨੨—ਰਸ ਚਿੰਤਾਮਣੀ	ਸੰਮਤ ੧੯੬੭	,,
੨੩—ਕਾਮ ਰਤਨ	ਸੰਮਤ ੧੯੫੬	,,
੨੪—ਮਦਨ ਪਾਲ ਨ੍ਰਿਘੰਟੂ	ਸੰਮਤ ੧੯੫੬	,,
੨੫—ਰਸੇਂਦ੍ਰ ਭਾਸ਼ਕਰ	ਸੰਮਤ ੧੯੬੭	,,
੨੬—ਰਾਮ ਬਿਨੋਦ	ਸੰਨ ੧੮੯੪ ਈ:	ਲਖਨਊ ਨਵਲਕਿਸ਼ੋਰ
੨੭—ਮਖਜ਼ਨ ਹਿਕਮਤ)		
੨੮—ਮਖਜ਼ਨ ਮੁਫਰਦਾਤ)		ਲਾਹੌਰ ਲਖਨਊ
੨੯—ਹਿੰਦੀ ਸ਼ਬਦ ਸਾਗਰ ਕੋਸ਼		ਕਾਸ਼ੀ
੩੦—ਵਿਸ਼੍ਵ ਕੋਸ਼		ਕਲਕੱਤਾ

Digitized by Panjab Digital Library | www.panjabdigilib.org

ਟੀਕਾਕਾਰ ਸੰਪ੍ਰਦਾਇ–ਕਬਿੱਤ

ਸ੍ਰੀ ਸੁ ਦਸਮੇਸ ਕੇਰੇ ਧਰਮ ਮ੍ਰਿਗੇਸ ਚੇਰੇ, ਤਾਂ ਹਰਿ ਸੰਪੂਰਣ ਥਾਨੇਸ੍ਵਰ ਨਿਵਾਸੀ ਥੇ!
ਮੋਹਰ ਮ੍ਰਿਗੇਸ ਤਾਂਕੇ ਕਟਿ ਬੱਧ ਭੇਹ ਯਾਂਕੇ, ਰਹਿਤ ਬਬੇਕਸਰ ਬਾਸੁਕਿ ਭੀ ਵਾਸੀ ਥੇ!
ਤਾਂ ਹਰਿ ਬਸੰਤ ਸੁਧਾਸਰ ਮੈਂ ਰਹਿਤ ਹਰਿ. ਮੋਹਰ ਸੁ ਟਾਂਡੇ ਬੂਟਾ ਹਰੀ ਖੁੱਡਾ ਪਾਸੀ ਥੇ!
ਤਾਂਕੇਸਿੱਖ ਹੀਰਾਸਿੰਘ ਦਾਸ ਤਾਂ ਗਣੇਸ਼ਾਸਿੰਘ,ਟੀਕਾ ਮੇਘ ਕੀਨੋ ਵਰ ਯਾਹੀ ਕਰ ਆਸੀ ਥੇ!

ਭਾਵਾਰਥ–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਧਰਮ ਸਿੰਘ ਪਜਾਰਾ, ਇਸ ਦੇ ਚੇਲੇ ਸੰਪੂਰਣ ਸਿੰਘ ਜੀ ਕੋਠੇ ਵਾਲੇ ਜੋ ਕਿ ਥਾਨੇਸ੍ਵਰ–ਕੁਰਛੇਤ੍ਰ ਰਿਹਾ ਕਰਦੇ ਸਨ, ਜਿਥੇ ਹੁਣ ਸਮਾਧ ਮਹਾਰਾਜ ਫਰੀਦ ਕੋਟ ਦੀ ਹੈ। ਇਨ੍ਹਾਂ ਦੇ ਚੇਲੇ ਮੋਹਰ ਸਿੰਘ ਕਟਈ, ਇਹ ਹਮੇਸ਼ਾਂ ਕਮਰਕੱਸਾ ਹੀ ਰਖਦੇ ਸਨ, ਜਿਸ ਤੇ ਕਟੀ ਬੱਧ ਹੋਣ ਕਰਕੇ ਲੋਕ ਕਟਈ ਕਹਿੰਦੇ ਸਨ, ਆਪ ਯੋਗੀ ਰਾਜ ਸਨ, ਬਿਬੇਕ ਸਰ ਨਿਵਾਸ ਰਖਦੇ ਸਨ, ਆਯੂ ੧੪੫ ਸਾਲ ਹੋਈ, ਸੋ ਜਦ ਸ਼ਹਿਰ ਦਾ ਕੋਟ ਬਣਿਆਂ ਤਾਂ ਆਪ ਬਾਸਰਕੇ ਗਿੱਲਾਂ ਪਿੰਡ ਜ਼ਾ ਆਸਨ ਜਮਾਯਾ। ਜਿਸ ਥਾਂ ਦਾ ਨਾਮ ਤਿੰਨਾਂ ਦੇ ਚੇਲੇ ਪੂਰਨ ਸਿੰਘ ਨੇ ਪਿਛੋਂ "ਗੁਰਿਆਣਾ ਸਾਹਿਬ" ਪ੍ਰਸਿੱਧ ਕੀਤਾ। ਤਿਨ੍ਹਾਂ ਦੇ ਚੇਲੇ ਬਸੰਤ ਸਿੰਘ; ਇਹ ਅਮ੍ਰਿਤਸਰ ਰਹਿੰਦੇ ਸਨ ਜਿਸ ਥਾਂ ਦਾ ਨਾਮ ਹੁਣ "ਡੇਰਾ ਸ੍ਰੀ ਠਾਕੁਰ ਅੰਤਰਜਾਮੀ" ਹੈ, ਇਨ੍ਹਾਂ ਦੇ ਚੇਲੇ ਮੋਹਰ ਸਿੰਘ, ਇਹ ਟਾਂਡੇ ਸ਼ਹਿਰ ਮਸੀਤ ਵਿਚ ਨਿਵਾਸ ਰਖਦੇ ਰਹੇ। ਇਨ੍ਹਾਂ ਦੇ ਚੇਲੇ ਬੂਟਾ ਸਿੰਘ ਇਹ ਖੁੱਡਾ ਗ੍ਰਾਮ ਵਿਖੇ ਗੁਰੂ ਸਰ" ਸ਼ਥਾਨ ਰਚ ਕੇ ਵਿਦਯਾਰਥੀਆਂ ਨੂੰ ਪੜ੍ਹਾਉਂਦੇ ਰਹੇ। ਏਸੇ ਥਾਂ ਆਪ ਦੇ ਚੇਲੇ ਹੀਰਾ ਸਿੰਘ ਜੀ ਹੋਏ ਜਿਨ੍ਹਾਂ ਦਾ ਸੇਵਕ ਮੈਂ ਗਣੇਸ਼ਾ ਸਿੰਘ ਹਾਂ, ਜਿਸ ਨੇ ਏਹ ਮੇਘ ਟੀਕਾ ਰਚਨਾ ਕੀਤਾ ਹੈ।

ਟੀਕਾਕਾਰ ਵੰਸ਼

ਹਮਰੇ ਪਿਤਾਮਹਿ ਭਾਨੁਵੰਸ਼ੀ ਮੁਲਤਾਨ ਰਹੇਂ,
ਦੇਸ਼ ਚਾਲ ਭਈ ਯਾਤੇ ਭੋਂਦੀ *ਗ੍ਰਾਮ ਆਏ ਹੈਂ।
ਤਾਂਤੇ ਫਿਰ ਰੱਲਣ ਸੁ ਗ੍ਰਾਮ ਮੈਂ ਥਿਰਾਏ ਸਭ,
ਅਜਹੂੰ ਲੌ ਕੁਸ਼ਲਾਤ ਵੰਸਜ ਸੁਹਾਏ ਹੈਂ।
ਧੰਨਾ ਸਿੰਘ ਜੀ ਕੇ ਸੁਤ ਭਏ ਗੁਰਦਯਾਲ ਹਰਿ,
ਤਾਕੇ ‡ਆਸਾ ਸਿੰਘ ਨੇ ਅਰੂਜ ਵਡ ਪਾਏ ਹੈਂ।
ਹੀਰਾ ਸਿੰਘ ਤਾਕੇ ਸੁਤ ਵਹੀ ਹੈਂ ਹਮਾਰੇ ਪਿਤ,
ਛੋਰ ਮੈ ਘਰਾਨੋ ਬਾਨੋ ਪਾਯੋ ਨਿਰਮਲਾਏ ਹੈਂ।

–੦–

---

*ਜ਼ਿਲਾ ਜਾਲੰਧਰ ਵਿੱਚ ਹੈ।

‡ਇਹ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਮੁਸਾਹਬ ਸਨ, ਆਪ ਨੂੰ ਕੋਟਲੀ ਗ੍ਰਾਮ ਇਨਾਮ ਮਿਲਿਆ, ਜੇਹੜਾ ਸਰਦਾਰੀ ਦਾ ਨਿਸ਼ਾਨ ਹੋਯਾ। ਇਨ੍ਹਾਂ ਸਭ ਬਾਤਾਂ ਦਾ ਸੰਪੂਰਣ ਬ੍ਰਿਤਾਂਤ ਭੌਂਦੀ ਤਾਰੀਖ ਵਿਚ ਹੈ।

Digitized by Panjab Digital Library | www.panjabdigilib.org

ਸੰਖਿਪਤ ਪੁੱਠਾ ਦਾ ਬ੍ਰਿਤਾਂਤ

੧, ਮਹਾਂਪੁਠ–ਦੋ ਹੱਥ ਡੂੰਘਾ ਤੇ ਫੈਲਾਉ ਵਿਚ ਚਾਰਕੋਣਾ ਟੋਯਾ ਕਰੇ, ਉਸਨੂੰ ਅੱਧਾ ਏਰਨਿਆਂ ਗੋਹਿਆਂ ਨਾਲ ਭਰਕੇ ਵਿੱਚ ਸੰਪੁਟ ਰੱਖੇ, ਫਿਰ ਬਾਕੀ ਦੇ ਟੋਏ ਨੂੰ ਭੀ ਏਰਨਿਆਂ ਨਾਲ ਭਰੇ ਤੇ ਬੰਦ ਕਰਕੇ ਅੱਗ ਦੇਵੇ, ਜਦ ਠੰਢਾ ਹੋਵੇ ਤਾਂ ਸੰਪੁਟ ਕੱਢੇ, ਇਸ ਨੂੰ ਮਹਾਂ ਪੁੱਠ ਆਖਦੇ ਹਨ।

੨, ਗਜ ਪੁੱਠ–ਸ਼ਭ ਪਾਸਿਓਂ ਡੂਢ ਹੱਥ ਹੀ ਟੋਯਾ ਹੋਵੇ; ਓਸਦੇ ਹੇਠ ਗੋਹੇ ਭਰਕੇ ਵਿੱਚ ਸੰਪੁਟ ਰੱਖਕੇ, ਫਿਰ ਗੋਹਿਆਂ ਨਾਲ ਭਰਕੇ ਅੱਗ ਦੇਵੇ, ਠੰਢਾ ਹੋਵੇ ਤਾਂ ਸੰਪੁਟ ਕੱਢੇ. ਇਸਨੂੰ ਗਜਪੁਠ ਤੇ ਮਾਹਿਸ਼ਪੁਠ ਭੀ ਆਖਦੇ ਹਨ।

੩, ਬਰਾਹ:ਪੁੱਠ–ਅੰਗੂਠੇ ਤੋਂ ਉਂਗਲੀ ਤਕ ਗੋਹੇ ਭਰੇ, ਵਿੱਚ ਸੰਪੁਟ ਰੱਖਕੇ ਅਗਨੀ ਦੇਵੇ, ਇਸਨੂੰ ਬਰਾਹ ਪੁੱਠ ਕਿਹਾ ਜਾਂਦਾ ਹੈ।

੪, ਕੁਕੜ ਪੁੱਠ–ਗਿੱਠ ਭਰ ਲੰਮੇ ਚੌੜੇ ਟੋਏ ਵਿਚ ਸੰਪੁਟ ਰੱਖਕੇ ਅੱਗ ਦੇਣ ਨੂੰ ਕੁੱਕੜ ਪੁੱਠ ਕਿਹਾ ਜਾਂਦਾ ਹੈ।

੫, ਕੁਪੋਤ ਪੁੱਠ–ਗਿੱਠ ਪ੍ਰਮਾਣ ਡੂੰਘੇ ਲੰਮੇ ਟੋਏ ਨੂੰ ੭-੮ ਗੋਹਿਆਂ ਦੀ ਸੰਪੁਟ ਰੱਖਕੇ ਅੱਗ ਦੇਣ ਨੂੰ ਕਪੋਤ ਪੁੱਠ ਕਿਹਾ ਜਾਂਦਾ ਹੈ।

ਗੋਬਰ ਪੁੱਠ–ਗਹੋ ਬ੍ਰੀਕ (ਮਲੀਹ) ਕਰਕੇ ਧਰਤੀ ਉਪਰ ਉਸ ਮਲੀਹ ਵਿਚ ਸੰਪੁਟ ਰਖਕੇ ਉਪਰ ਭੀ ਗੋਹਿਆਂ (ਮਲੀਹ) ਦਾ ਚੂਰਾ ਪਾਕੇ ਵਿਚ ਸੰਪੁਟ ਬੰਦ ਕਰਕੇ ਅੱਗ ਦੇਣ ਨੂੰ ਗੋਬਰ ਪੁਠ ਕਿਹਾ ਜਾਂਦਾ ਹੈ।

੭, ਕੁੰਭ ਪੁੱਠ–ਮਿੱਟੀ ਦੀ ਚਾਟੀ ਵਿੱਚ ਉਂਗਲੀ ਪ੍ਰਮਾਣ ਛੇਕ ਕੱਢੇ, ਉਸ ਅੱਧੀ ਚਾਟੀ ਨੂੰ ਕੋਇਲਿਆਂ ਨਾਲ ਭਰਕੇ ਵਿੱਚ ਸੰਪੁਟ ਰੱਖੇ, ਫਿਰ ਚਪੁਣੀ ਨਾਲ ਮੂੰਹ ਬੰਦ ਕਰਕੇ ਉਪਰ ਕਪੜ ਮਿੱਟੀ ਲਾਕੇ ਛਾਵੇਂ ਸੁਕਾਵੇ, ਫਿਰ ਉਸ ਵਿਚ ਅੱਗ ਦਾ ਕੋਇਲਾ ਪਾਕੇ ਸੁਲਘਾਵੇ ਤੇ ਚੁੱਲੇ ਪਰ ਚੜ੍ਹਾਕੇ ਅੱਗ ਜਗਾਵੇ। ਨਿਯਮਤਿ ਸਮਯ ਤੋਂ ਬਾਦ ਉਤਾਰਕੇ ੩ ਦਿਨ ਠੰਢਾ ਕਰਕੇ ਸੰਪੁਟ ਕੱਢੇ, ਇਸ ਨੂੰ ਕੁੰਭ ਪੁੱਠ ਆਖਦੇ ਹਨ।

੮, ਬਾਲਕਾ ਪੁੱਠ–ਦੋ ਠੂਠੇ ਲਵੇ, ਦੋਹਾਂ ਨੂੰ ਰੇਤ ਨਾਲ ਭਰਕੇ ਵਿੱਚ ਸੰਪੁਟ ਦੇ ਕੇ ਪਕਾਵੇ, ਇਸ ਨੂੰ ਬਾਲੁਕਾ ਪੁੱਠ ਕਿਹਾ ਜਾਂਦਾ ਹੈ।

੯, ਭੂਧਰ ਪੁੱਠ–ਦੋ ਉਂਗਲੀ ਜ਼ਮੀਨ ਖੋਦਕੇ ਉਪਰ ਸੰਪੁਟ ਰਖਕੇ ਗੋਹੇ ਯਾ ਕੋਇਲੇ ਭਰਕੇ ਪੁੱਠ ਦੇਣ ਨੂੰ ਭੂਧਰ ਪੁੱਠ ਕਿਹਾ ਜਾਂਦਾ ਹੈ।

੧੦. ਲਾਵਕ ਪੁੱਠ ਯਾ ਲਘੂ ਪੁੱਠ–ਦੋ ਠੂਠੀਆਂ ਵਿੱਚ ਦਵਾਈ ਬੰਦ ਕਰਕੇ ਉਨ੍ਹਾਂ ਉਪਰ ਸੂਤ੍ਰ ਯਾ ਤੋਹਾਂ ਅਥਵਾ ਗੋਹਿਆਂ ਦੀ ਪੁੱਠ ਦੇਣ ਨੂੰ ਲਾਵਕ ਯਾ ਲਘੂ ਪਠ ਕਿਹਾ ਜਾਂਦਾ ਹੈ, ਇਹ ਨਰਮ ਬਸਤੂ ਬਣੌਣ ਦੇ ਕੰਮ ਔਂਦੀ ਹੈ।

ਲੇਖਕ:–ਮਹੰਤ ਗਣੇਸ਼ਾ ਸਿੰਘ ਟੀਕਾਕਾਰ

Digitized by Panjab Digital Library | www.panjabdigilib.org

ਤੋਲ ਨਿਰਣਯ:–

ਵੈਦਜਕ ਵਿਚ ਤੋਲ ਦਾ ਸਮਝਣਾ ਕੁਛ ਸੁਖੈਨ ਨਹੀਂ, ਇਸ ਲਈ ਹੇਠਾਂ ਕੁਝ ਤੋਲ ਦਿੱਤੇ ਹਨ, ਸੋ ਇਹ ਤੋਲ ਕਈ ਪ੍ਰਕਾਰ ਨਾਲ ਹਨ। ਦੇਸ਼ ਵਿੱਚ ੧੬ ਸੇਰ ਪੱਕੇ ਦਾ ੧ ਮਣ ਕੱਚਾ ਅਜ ਕਲ ਹੈ, ਤੇ ਏਹੋ ਪੁਰਾਣੇ ਵੱਟੇ ਦਾ ੧੭ ਸੇਰ ਮਣ ਕੱਚਾ ਹੈ, ਇਸ ਹਿਸਾਬ ਨਾਲ ੪੨॥ ਸੇਰ ਦਾ ਪੱਕਾ ਮਣ ਪੁਰਾਣੇ ਵੱਟੇ ਦਾ ਹੁੰਦਾ ਹੈ। ਅੰਗਰੇਜ਼ੀ ਤੋਲ ਨਾਲੋਂ ੧ ਛਟਾਂਕ ਸੇਰ ਪਿੱਛੇ ਵੱਧ ਹੁੰਦਾ ਹੈ।

ਏਸੇ ਤਰ੍ਹਾਂ ਵੈਦਜਕ ਵਿੱਚ ਕਈ ੫ ਤੋਲੇ ਦਾ ਪਲ ਮੰਨਕੇ ੨੦ ਤੋਲੇ ਦਾ ਕੁੜਵ (੧ ਪਾਉ ਪੱਕਾ) ਤੇ ਕੁੜਵ ਦਾ ੧ ਪ੍ਰਸਥ [੮੦ ਤੋਲੇ ਦਾ ਸੇਰ] ਲੈਂਦੇ ਹਨ। ਇਸੇ ਤਰ੍ਹਾਂ ੪ ਸੇਰ ਪੱਕੇ ਦਾ ੧ ਆਢਕ, ੪੬ ਸੇਰ ਪੱਕੇ ਦਾ ੧ ਦਰੋਣ ਮੰਨਦੇ ਹਨ। ਪੁਰਾਣੇ ਤੋਲ ਨਾਲ ੧ ਪਲ ੮ ਤੋਲੇ ਦਾ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਭੇਦ ਅਤੇ ਵੇਰਵੇ ਸਮਝਣੇ ਚਾਹੀਏ। ਸੋ–

੮ ਖਸਖਾਸ ਦਾ	੧ ਚਾਵਲ (ਚੌਲ)	
੮ ਚਾਵਲ (ਚੌਲ) ਦੀ	੧ ਰੱਤੀ	੧ ਮਾਸੇ ਤੋਂ ਮਣ ਟਕ ਰਤੀਆਂ ਵਿਚ ਤੋਲ
੮ ਰੱਤੀ ਦਾ	੧ ਮਾਸਾ	੮ ਰੱਤੀ
੧੨ ਮਾਸੇ ਦਾ	੧ ਤੋਲਾ	੯੬ ਰੱਤੀ
੫ ਤੋਲੇ ਦੀ	੧ ਛਟਾਂਕ	੪੮੦ ਰੱਤੀ
੪ ਛਟਾਂਕ ਦਾ	੧ ਪਾਉ	੧੯੨੦ ਰੱਤੀ
੪ ਪਾਉ ਦਾ	੧ ਸੇਰ	੭੬੮੦ ਰੱਤੀ
੫ ਸੇਰ ਦੀ	੧ ਪੰਸੇਰੀ	੩੮੪੦੦ ਰੱਤੀ
੨ ਪੰਸੇਰੀ ਦੀ	੧ ਧੜੀ	੭੬੮੦੦ ਰੱਤੀ
੨ ਧੜੀ ਦੀ	੧ ਧੌਣ [੨੦ ਸੇਰ]	੧੫੩੬੦੦ ਰੱਤੀ
੨ ਧੌਣ ਦੇ	੪੦ ਸੇਰ [੧ ਮਣ]	੩੦੭੨੦੦ ਰੱਤੀ

ਦੂਸਰਾ ਪ੍ਰਕਾਰ

੮ ਰੱਤੀ ਦਾ	੧ ਮਾਸਾ
੩ ਮਾਸੇ ਦਾ	੧ ਟਾਂਕ
੪ ਟਾਂਕ ਦਾ	੧ ਤੋਲਾ
੩ ਤੋਲੇ ਦਾ	੧ ਟਕਾ [ਦੋ ਪੈਸੇ]
੧੮ ਟਕੇ ਦਾ	੧ ਸੇਰ ਜਿਸ ਦੇ

੫੪ ਤੋਲੇ ਹੁੰਦੇ ਹਨ, ਮੋਟੀ ਰੀਤੀ ਨਾਲ ੫੬ ਰੁਪਏ ਕਹੇ ਜਾਂਦੇ ਹਨ।

Digitized by Panjab Digital Library | www.panjabdigilib.org

੪੦ ਸੇਰ	੧ ਮਣ

ਇਹ ਮਣ ਕੱਚਾ ਕਿਹਾ ਜਾਂਦਾ ਹੈ, ਅਤੇ ੨੯ ਟਕੇ ਦੇ ਸੇਰ ਦਾ ਪੱਕਾ ਮਣ ੪੦ ਸੇਰ ਦਾ ਕਿਹਾ ਜਾਂਦਾ ਹੈ।

ਤੀਸਰਾ ਪ੍ਰਕਾਰ

੩੦ ਪ੍ਰਮਾਣੂ ਦੀ	੧ ਤਿਸਰੇਣੂ (ਇਸਨੂੰ *ਵੰਸੀ ਭੀ ਆਖਦੇ ਹਨ)
੬ ਤ੍ਰਿਸਰੇਣੂ ਦੀ	੧ ਮਰੀਚੀ
੬ ਮਰੀਚੀ ਦੀ	੧ ਰਾਈ
੩ ਰਾਈ ਦੀ	੧ ਸਰੋਂ (ਸਰਸੋਂ)
੮ ਸਰੋਂ (ਸਰਸੋਂ) ਦਾ	੧ ਜੌਂ
੪ ਜੌਂ ਦੀ	੧ ਰੱਤੀ
੬ ਰੱਤੀ ਦੀ	੧ ਮਾਸ਼ਾ (ਇਸ ਨੂੰ ਹੇਮ ਧਾਤਜ ਭੀ ਆਖਦੇ ਹਨ)
੪ ਮਾਸ਼ੇ ਦਾ	੧ ਸ਼ਾਣ, (ਪ੍ਰਚਲਤ ੩ ਮਾਸੇ ਹੁੰਦੇ ਹਨ) ਇਸ ਦੇ ਨਾਮ–ਨਿਸ਼ਕ, ਨਿਖਕ, ਧਰਣ ਤੇ ਟੰਕ ਕਹੇ ਜਾਂਦੇ ਹਨ।
੨ ਟੰਕ ਦਾ	੧ ਕੋਲ, (ਇਸਦੇ ਪ੍ਰਚਲਤ ੬ ਮਾਸੇ ਹੁੰਦੇ ਹਨ) ਕੋਲ ਨੂੰ ਛੁਦ੍ਰਮ, ਵਟਕ ਤੇ ਦ੍ਰੰਛਣ ਨਾਮਾਂ ਤੇ ਭੀ ਬੋਲਦੇ ਹਨ।
੨ ਕੋਲ ਦਾ	੧ ਕਰਖ, ਇਹ ਮਾਗਧੀ ਮਾਨ ਦਾ ੧੬ ਮਾਸ਼ੇ ਤੇ ਪ੍ਰਚਲਤ ਤੋਲ ਵਿਖੇ ੧ ਤੋਲੇ ਦਾ ਹੈ; ਇਸਦੇ–ਪਾਣੀ, ਮਾਨਿਕਾ, ਅੱਖ, ਪਿੱਚੂ, ਪਾਣੀਤਲ, ਕਿੰਚਿਤ ਪਾਣੀ, ਤਿੰਦੁਕ, ਵਿੜਾਲ ਪਾਦਕ, ਖੋੜਿਸ਼ਿਕਾ, ਕਰਮੱਧ, ਹੰਸਪਦ, ਸੁਵਰਣ, ਕਵਲ–ਗ੍ਰਹਿ ਤੇ ਉਦੰਬਰ ਭੀ ਨਾਮ ਕਹੇ ਜਾਂਦੇ ਹਨ।
੨ ਕਰਖ ਦਾ	੧ ਅਰਧ ਪਲ, ਜਿਸ ਨੂੰ ਸ਼ੁਕਿਤ ਤੇ ਅਸਟਮਿਕਾ ਭੀ ਬੋਲਦੇ ਹਨ।
੨ ਅਰਧਪਲ (ਸੁਕਿਤ) ਦਾ	੧ ਪਲ, ਇਹ ਮਾਗਧੀ ਮਾਨ ਨਾਲ ੫ ਤੋਲੇ, ਪ੍ਰਚਲਤ ਤੋਲ ਨਾਲ ੪ ਤੋਲੇ ਹੁੰਦਾ ਹੈ, ਇਸ ਨੂੰ

*ਜਾਲੀ ਯਾ ਝਰੋਖੇ ਵਿਚ ਹੋਕੇ ਔਣ ਵਾਲੀ ਸੂਰਜ ਦੀ ਕਿਰਣ (ਵੰਸ਼ੀ) ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

	ਮੁਸ਼ਟੀ, ਆਮ, ਚਤੁਰਥਿਕਾ, ਪ੍ਰਕੂੰਚ, ਖੋੜਸੀ ਤੇ ਬਿੱਲ ਨਾਮਾਂ ਨਾਲ ਭੀ ਬੋਲਦੇ ਹਨ।
੨ ਪਲ ਦਾ	੧ ਪ੍ਰਸਿਤੀ, (ਪ੍ਰਸ੍ਰਿਤ) ਇਹ ਮਾਗਧੀ ਤੋਲ ਨਾਲ ੧੦ ਤੋਲੇ, ਪ੍ਰਚਲਤ ਤੋਲ ਨਾਲ ੮ ਤੋਲੇ ਹੁੰਦਾ ਹੈ।
੨ ਪ੍ਰਸ੍ਰਿਤੀ (ਪ੍ਰਸਿਤ) ਦੀ	੧ ਅੰਜਲੀ, ਇਸ ਨੂੰ *ਕੁੜਵ, ਅਰਧਸ਼੍ਰਾਵ, ਅਤੇ ਅਸਟਮਾਨ ਭੀ ਆਖਦੇ ਹਨ। ਇਹ ਮਾਗਧੀਮਾਨ ਨਾਲ ੨੦ ਤੋਲੇ ਤੇ ਪ੍ਰਚਲਤ ਤੋਲ ਨਾਲ ੧੬ ਤੋਲੇ, ਪ੍ਰਸਿਧ ੨ ਪਾਉ ਹੈ।
੨ ਕੁੜਵ ਦਾ	੧ ਮਾਨਿਕ (ਮਾਨਿਕ), ਇਸ ਨੂੰ ਸ਼ਰਾਵ ਅਤੇ ਅਸ਼ਟ ਪਲ ਭੀ ਆਖਦੇ ਹਨ, ਪ੍ਰਸਿੱਧ ਅੱਧ ਸੇਰ ਹੈ।
੨ ਸ਼ਰਾਵ ਦਾ	੧ ਪ੍ਰਸਥ, ਇਹ ਇਕ ਸੇਰ ਪ੍ਰਮਾਣ ਜਾਣੋ।
੪ ਪ੍ਰਸਥ ਦਾ	੧ ਆਢਕ, ਜਿਸ ਨੂੰ ਭਾਂਜਨ ਤੇ ਕੰਸ ਪ੍ਰਾਤ ਭੀ ਆਖਦੇ ਹਨ, ਇਸ ਵਿਚ ੬੪ ਪਲ ਹੁੰਦੇ ਹਨ, ਪ੍ਰਸਿੱਧ ੪ ਸੇਰ ਹੈ।
੪ ਆਢਕ	੧ ਦਰੋਣ, ਇਸਦੇ ਕਲਸ਼, ਨਲ੍ਵਣ, ਉਨਮਾਨ ਤੇ ਘਟਰ ਸ਼ੀ ਭੀ ਨਾਮ ਹਨ। ਇਹ ੧੬ ਸੇਰ ਦਾ ਹੈ।
੨ ਦਰੋਣ ਦਾ	੧ ਸੂਰਪ (ਕੁੰਭ) ਇਸ ਦੇ ੬੪ ਸ਼ਰਾਵ ਤੇ ਪ੍ਰਸਿਧ ੩੨ ਸੇਰ ਹੁੰਦੇ ਹਨ।
੨ ਸ਼ੂਰਪ ਦੀ	੧ ਦਰੋਣੀ (ਬਾਹ, ਗੋਣੀ) ਇਸ ਵਿਚ ੧੨੮ ਸ਼ਰਾਵ, ਪ੍ਰਸਿਧ ੬੪ ਸੇਰ ਹੁੰਦੇ ਹਨ।
੪ ਦਰੋਣੀ ਦੀ	੧ ਖਾਰੀ, ਇਸ ਦੇ ੪੦੯੬ ਪਲ ਤੇ ਪ੍ਰਸਿਧ ੨੫੬ ਸੇਰ ਹੁੰਦੇ ਹਨ।
੨੦੦੦ ਪਲ ਦਾ	੧ ‡ਭਾਰ ਹੁੰਦਾ ਹੈ। ਇਸਦਾ ੨੦੦੦ ਪਲ ਹੁੰਦਾ ਹੈ। (ਪ੍ਰਸਿੱਧ ੨॥ ਮਣ ਹੈ)।
੨ ਭਾਰ ਦੀ	੧ ਛਿੰਨਾ (੪੦੦ ਪਲ, ੫ ਮਣ)
੧੦੦ ਪਲ ਦੀ	੧ ਤੁਲੀ (ਯਾ ਤਲਾ) ਹੋਵੇ ਹੈ। (੫ ਸੇਰ ਪੱਕੀ)

*੪ ਅੰਗੁਲੀ ਲੰਬਾ ਚੌੜਾ ਜੋ ਭਾਂਡਾ ਲੋਹੇ, ਮਿੱਟੀ, ਕੱਚ ਜਾਂ ਭਰਤ ਦਾ ਹੋਵੇ ਉਸ ਅੰਦਰ ਔਣ ਵਾਲੀ ਚੀਜ਼ ਕੁੜਵ ਪ੍ਰਮਾਣ (ਅੱਧ ਸੇਰ) ਕਹੀਦੀ ਹੈ।

‡ਸੰਸਾਰ ਮਾਤ੍ਰ ਦੀ ਤਮਾਮ ਬਨਸਪਤੀ ਦਾ ਇਕ ਇਕ ਪੱਤ੍ਰ ਪਾਕੇ ਤੋਲੀਏ ਤਾਂ ਇਕ ਭਾਰ ਹੁੰਦਾ ਹੈ, ਸੋ ਪ੍ਰਸਿਧ ਢਾਈ ਮਨ ਪੱਕਾ ਹੈ।

Digitized by Panjab Digital Library | www.panjabdigilib.org

ਇਸ ਉਪਰ ਕਹੇ ਪਰਚੱਲਤ ਤੋਲ ਵਿਚ ੪ ਤੋਲੇ ਦਾ ੧ ਪਲ ਲਿਖਿਆ ਹੈ, ਇਸ ਤੇ

(ਪਲ ਤੋਲਾ ਤੋਲਾ ਤੋਲਾ ਛਟਾਂਕ ਛਟਾਂਕ ਸੇਰ)

(*੧੦੦X੪ = ੪੦੦÷੫ = ੮੦÷੧੬ = ੫)

੫ ਸੇਰ ਪੱਕੇ ਜਿਹੜੇ ਅਜ ਕਲ ਪ੍ਰਚਲਤ ਹਨ, ਇਨ੍ਹਾਂ ਦੀ ੧ ਤੁਲਾ ਹੋਈ ਅਤੇ ੨੦੦੦ ਪਲ ਦਾ ੧ ਭਾਰ, ਤੇ ੧੦੦ ਪਲ ਦੀ ੧ ਤੁਲਾ (∴) ੨੦੦੦÷੧੦੦=੨੦) ਇਸ ਲੀਏ ੨੦ ਤੁਲਾ ਦਾ ੧ ਭਾਰ ਹੋਇਆ, ਇਸ (ਤੁਲਾ ਸੇਰ ਸੇਰ ਸੇਰ ਮਣ) ਕਹੀ ਗਿਣਤੀ ਅਨੁਸਾਰ ੨½ ਮਣ (ਜਿਹੜਾ ਵਰਤਮਾਨ (੨੦X੫-੧੦੦÷੪੦ = ੨½ ਅੰਗਰੇਜ਼ੀ ਤੋਲ ਪ੍ਰਚਲਤ ਹੈ) ਦਾ ੧ ਭਾਰ ਹੋਇਆ। ਐਸੇ ਸਮਝੋ।

ਅੱਗੇ ਮਾਗਧ ਮਾਨ ਤੇ ਕਲਿੰਗਮਾਨ ਦਾ ਆਪਸ ਵਿਚ ਭੇਦ ਹੋਰ ਭੀ ਦਸਦੇ ਹਾਂ,-

ਵਰਤਮਾਨ ਤੋਲ ਨਾਲ ਵੈਦਕ ਦੇ ਤੋਲ ਦਾ ਮਿਲਾਨ

ਵੈਦਕ:-	ਵੈਦਕ ਤੇ ਦੇਸੀ ਤੋਲ:-
੩ ਰਾਈ ਦੀ	੧ ਸਰੋਂ
੩ ਸਰੋਂ ਦਾ	੧ ਜੌਂ
੩ ਜੌਂ ਦੀ	੧ ਰੱਤੀ
੮ ਰੱਤੀ ਦਾ	੧ ਮਾਸ਼ਾ
੩ ਮਾਸ਼ੇ ਦਾ	੧ ਟੰਕ (ਸ਼ਾਣ)
੨ ਸ਼ਾਣ ਦਾ	੧ ਕੋਲ (੬ ਮਾਸੇ)
੨ ਕੋਲ ਦਾ	੧ ਕਰਖ (੧ ਤੋਲਾ)
੨ ਕਰਖ ਦਾ	ਅੱਧਾ ਪਲ (੨ ਤੋਲੇ)
੪ ਕਰਖ ਦਾ	੧ ਪਲ (੪ ਤੋਲੇ)
੨ ਪਲ ਦੀ	੧ ਪ੍ਰਸ੍ਰਿਤੀ (੮ ਤੋਲੇ)

*੧੦੦ ਪਲ ਨੂੰ ੪ ਗੁਣਾ ਕੀਤਾ ਤਾਂ ੪੦੦ ਤੋਲੇ ਹੋਏ ਇਨ੍ਹਾਂ ਤੋਲਿਆਂ ਨੂੰ ਪੰਜਾਂ ਤੇ ਵੰਡਕੇ ਛਟਾਂਕਾਂ ਬਣਾਈਆਂ ਤਾਂ ੮੦ ਹੋਈਆਂ, ਫਿਰ ੮੦ ਛਟਾਂਕਾਂ ਨੂੰ ੧੬ ਤੇ ਵੰਡਕੇ ਸੇਰ ਬਣਾਏ ਤਾਂ ੫ ਸੇਰ ਹੋਏ, ਇਸ ਤਰ੍ਹਾਂ ਸੌ ਪਲ ਦੇ ੫ ਸੇਰ ਬਣਦੇ ਹਨ। ਇਸ ਤਰ੍ਹਾਂ ਸਭੋ ਵੇਰਵਾ ਸਮਝੋ। ਤੋਲ ਪਰ ਵਿਸੇਸ਼ ਧਯਾਨ ਦੇਣਾਂ ਚਾਹੀਏ, ਸਾਡੇ ਦੇਸੀ ਵੈਦ ਤੋਲ ਵਲੋਂ ਅਕਸਰ ਅਣਜਾਣ ਹੁੰਦੇ ਹਨ।

Digitized by Panjab Digital Library | www.panjabdigilib.org

ਵੈਦਕ	ਵੈਦਕ ਤੇ ਦੇਸੀ ਤੋਲ,-
੨ ਪ੍ਰਸ੍ਰਿਤੀ ਦੀ	੧ ਅੰਜਲੀ (੧੬ ਤੋਲੇ) ਕੁੜਵ
੨ ਅੰਜਲੀ ਦੀ	੧ ਮਾਨਿਕਾ (੩੨ ਤੋਲੇ)
੨ ਮਾਨਿਕਾ ਦਾ	੧ ਪ੍ਰਸਥ (੬੪ ਤੋਲੇ)
੪ ਪ੍ਰਸਥ ਦਾ	੧ ਆਢਕ (੪ ਸੇਰ)
੧ ਤੁਲਾ ਦਾ	੫ ਸੇਰ (੮੦ ਤੋਲੇ ਦਾ ਸੇਰ ਨਾਲ)
੪ ਆਢਕ ਦਾ	੧ ਦ੍ਰੋਣ (੧੬ ਸੇਰ)
੨ ਦ੍ਰੋਣ ਦਾ	੧ ਸਰੂਪ ਦਾ (੩੨ ਸੇਰ)
੨ ਸੂਰਪ ਦੀ	੧ ਦ੍ਰੋਣੀ (੬੪ ਸੇਰ)
੪ ਦ੍ਰੋਣੀ ਦੀ	੧ ਖਾਰੀ (੨੫੬ ਸੇਰ)
੧ ਭਾਰ ਦਾ	੨੦੦੦ ਪਲ (੨॥ ਮਣ)
੨ ਭਾਰ ਦੀ	੧ ਛਿੰਨਾ (੪੦੦ ਪਲ) (੫ ਮਣ)
੧ ਤੁਲਾ	੧੦੦ ਪਲ ਦੀ (੫ ਸੇਰ)

ਤੋਲ ਨਿਰਣਯ

ਵੈਦਕ ਦੇ ਤੋਲਾਂ ਦਾ ਸਮਝਣਾ ਜ਼ਰਾ ਬਹੁਤ ਦਲੀਲ ਦਾ ਕੰਮ ਹੈ, ਭਾਵੇਂ ਹਿਸਾਬ ਦੇ ਜਾਣੂਆਂ ਵਾਸਤੇ ਇਹ ਕੰਮ ਬਹੁਤ ਹੀ ਸੁਖੱਲਾ ਹੈ ਕਿਉਂਕਿ ਮਾਗਧਮਾਨ ਵਿਚ ੬ ਰੱਤੀ ਦਾ ਇਕ ਮਾਸਾ ਹੈ ਤੇ ਕਲਿੰਗ ਮਾਨ ਵਿਖੇ ੮ ਰੱਤੀ ਦਾ ੧ ਮਾਸਾ ਹੈ, ਜਿਉਂ ੨ ਇਹ ਤੋਲ ਅਗੇ ਵਧਦੇ ਹਨ, ਤਿਉਂ ੨ ਇਕ ਹੋ ਜਾਂਦੇ ਹਨ, ਅਸਲੀ ਮਾਨ ਵਿਚ ਫਰਕ ਨਹੀਂ ਔਂਦਾ। ਦੇਖੋ ਮਾਗਧੀ ਮਾਨ ਵਿਚ ੪ ਮਾਸੇ ਦਾ ੧ ਸਾਣ ਹੈ ਤੇ ਕਲਿੰਗ ਮਾਨ ਵਿਚ ੩ ਮਾਸੇ ਦਾ ੧ ਸਾਣ ਹੈ। ਸੋ ਦੋਹਾਂ ਦੀਆਂ ਰੱਤੀਆਂ ਕੱਢੋ ਤਾਂ ੨੪ ਹੁੰਦੀਆਂ ਹਨ। ਇਸੇ ਤਰ੍ਹਾਂ ੨ ਸ਼ਾਣ ਦਾ ੧ ਕੋਲ ਜੋ ੪੮ ਰੱਤੀਆਂ ਦਾ ਹੈ, ਸੁਈਓ ਕਲਿੰਗਮਾਨ ਵਿਚ ੮ ਰੱਤੀ ਮਾਸੇ ਦੇ ਹਿਸਾਬ ੬ ਮਾਸੇ ਦਾ ਹੈ, ਛੇ ਅੱਠਾ ਅਠਤਾਲੀ ਕਰਕੇ ਅਠਤਾਲੀ ਰੱਤੀਆਂ ਹੋਈਆਂ। ਇਉਂ ਅਸਲੀ ਤੋਲ ਵਿਚ ਫਰਕ ਨਹੀਂ ਔਂਦਾ ਇਸ ਤੇ ਰੱਤੀਆਂ ਨਿਰਣਯ ਕਰ ਦਿਤੀਆਂ ਹਨ।

ਵਿਸਥਾਰ ਵਾਸਤੇ ਦੇਖੋ ਪ੍ਰਿ: (ਢ)

Digitized by Panjab Digital Library | www.panjabdigilib.org

ਦੋਹਾਂ ਤੋਲਾਂ ਦਾ ਵੇਰਵਾ ਦੇਖੋ

ਮਾਗਧ ਮਾਨ	੧ ਮਾਸਾ ੬ ਰਤੀ ਦਾ	ਕਲਿੰਗ ਮਾਨ ੧ ਮਾਸਾ ੮ ਰਤੀ ਦਾ		ਅੰਗਰੇਜ਼ੀ ਤੋਲ ਠਾਲ ਵਜ਼ਨ ਦਾ ਪ੍ਰਮਾਣ	੧ ਤੋਲ ਵਿਚ ਜਿਤਨੀਆਂ ਰਤੀਆਂ ਹੋਣ, ੧ ਮਾਸੇ ਤੋਂ ਤੁਲਾ ਤਕ:–
੬ ਰਤੀ ਦਾ	੧ ਮਾਸਾ	੮ ਰਤੀ ਦਾ	੧ ਮਾਸਾ		
੪ ਮਾਸੇ ਦਾ	੧ ਸਾਣ	੩ ਮਾਸੇ ਦਾ	੧ ਸਾਣ	... ...	੨੪
੧ ਕਰਖ	੧ ਤੋਲਾ ੪ ਮਾਸੇ	੧ ਕਰਖ ਦਾ	੧ ਤੋਲਾ	... ...	੯੬
੧ ਪਲ	੫ ਤੋਲੇ ੪ ਮਾਸੇ	੧ ਪਲ ਦੇ	੪ ਤੋਲੇ	... ...	੩੮੪
੧ ਪ੍ਰਸ੍ਰਿਤੀ	੧੦ ਤੋਲੇ ੮ ਮਾਸੇ	੧ ਪ੍ਰਸ੍ਰਿਤੀ ਦੇ	੮ ਤੋਲੇ	੮ ਛਟਾਂਕ ੩ ਤੋਲੇ	੭੬੮
੧ ਅੰਜਲੀ	੨੧ ਤੋਲੇ ੪ ਮਾਸੇ	੧ ਅੰਜਲੀ ਦੇ	੧੬ ਤੋਲੇ	੩ ਛਟਾਂਕ ੧ ਤੋਲਾ	੧੫੩੬
੧ ਮਾਨਿਕ	੪੩ ਤੋਲੇ ੮ ਮਾਸੇ	੧ ਮਾਨਿਕ ਦੇ	੩੨ ਤੋਲੇ	੬ ਛਟਾਂਕ ੨ ਤੋਲੇ	੩੦੭੨
੧ ਪ੍ਰਸਥ	੮੫ ਤੋਲ ੪ ਮਾਸੇ	੧ ਪ੍ਰਸਥ ਦੇ	੬੪ ਤੋਲੇ	੧੨ ਛਟਾਂਕ ੪ ਤੋਲੇ	੬੧੪੪
੧ ਆਢਕ	੩੪੧ ਤੋਲੇ ੪ ਮਾਸੇ	੧ ਆਢਕ ਦੇ	੨੫੬ ਤੋਲੇ	੩ ਸੇਰ ੩ ਛਟਾਂਕ ੧ ਤੋਲਾ	੨੪੫੭੬
੧ ਦਰੋਣ	੧੩੬੫ ਤੋਲੇ ੪ ਮਾਸੇ	੧ ਦਰੋਣ ਦੇ	੧੦੨੪ ਤੋਲੇ	੧੨ ਸੇਰ ੧੨ ਛਟਾਂਕ ੧ ਤੋਲਾ	੯੮੩੦੪
੧ ਸੂਰਪ	੨੭੩੦ ਤੋਲੇ ੮ ਮਾਸੇ	੧ ਸੂਰਪ ਦੇ	੨੦੪੮ ਤੋਲੇ	੨੫ ਸੇਰ ੯ ਛਟਾਂਕ ੨ ਤੋਲੇ	੧੯੬੬੦੮
੧ ਦਰੋਣੀ	੫੪੬੧ ਤੋਲੇ ੫ ਮਾਸੇ	੧ ਦਰੋਣੀ ਦੇ	੪੦੯੬ ਤੋਲੇ	੧ ਮਣ ੧੧ ਸੇਰ ੩ ਛਟਾਂਕ ੧ ਤੋਲੇ	੩੯੩੨੧੬
੧ ਖਾਰੀ	੨੧੮੪੫ ਤੋਲੇ੪ ਮਾਸੇ	੧ ਖਾਰੀ ਦੇ	੧੬੩੮੪ ਤੋਲੇ	੫ ਮਣ ੪ ਸੇਰ ੧੨ ਛਟਾਂਕ ੪ ਤੋਲੇ	੧੫੭੨੮੬੪
੧ ਭਾਰ	੧੦੬੬੬ ਤੋਲੇ ੮ ਮਾਸੇ	੧ ਭਾਰ ਦੇ	੮੦੦੦ ਤੋਲੇ	੨ ਮਣ ੨੦ ਸੇਰ	੭੬੮੦੦੦
੧ ਛਿਨਾ	੨੧੩੩੩ ਤੋਲੇ ੪ ਮਾਸੇ	੧ ਛਿੰਨਾ ਦੇ	੧੬੦੦੦ ਤੋਲੇ	੫ ਮਣ	੧੫੩੬੦੦੦
੧ ਤੁਲਾ	੫੩੩ ਤੋਲੇ ੪ ਮਾਸੇ	੧ ਤੁਲਾ ਦੇ	੪੦੦ ਤੋਲੇ	੬ ਸੇਰ ੧੦ ਛਟਾਂਕ ੮ ਤੋਲੇ ੪ ਮਾਸੇ	੩੮੪੦੦

ਤੋਲ ਤਿੱਬੀ ਅਰਥਾਤ ਯੂਨਾਨੀ ਦੇ

(ਇਹ ਭੀ ਜਰੂਰਤ ਮਾਤ੍ਰ ਲਿਖਯਾ ਹੈ)

੧ ਚੌਲ ਮਜਾਣਾ	ਬਰਾਬਰ ਹੈ	੨ ਯਾ ੪ ਦਾਣੇ ਰਾਈ ਦੇ
੧ ਰੱਤੀ	ਬਰਾਬਰ ਹੈ	੮ ਚੌਲ ਮਜਾਨਾ ਦੇ
੧ ਦਾਂਗ ਯਾ ਦਾਨਕ	ਬਰਾਬਰ ਹੈ	੪॥ ਯਾ ੪॥। ਰੱਤੀ ਦੇ
੧ ਮਾਸ਼ਾ	ਬਰਾਬਰ ਹੈ	੮ ਰੱਤੀ ਮਜਾਨਾ ਦੇ
੧ ਦਿਰਮ ਯਾ ਦਿਰਹਮ	ਬਰਾਬਰ ਹੈ	੩॥ ਮਾਸੇ
੧ ਦੀਨਾਰ	ਬਰਾਬਰ ਹੈ	੪॥ ਮਾਸੇ ਦੇ
੧ ਮਿਸ਼ਕਾਲ	ਬਰਾਬਰ ਹੈ	੪॥ ਮਾਸੇ ਦੇ (ਇਸਦੇ ਤੋਲ ਵਿੱਚ ਫਰਕ ਹੈ, ਫਿਰ ਭੀ ਏਹੋ ਮਸ਼ਹੂਰ ਹੈ)
੧ ਟਾਂਕ	ਬਰਾਬਰ ਹੈ	੪ ਮਾਸੇ ਦੇ
੧ ਤੋਲਾ	ਬਰਾਬਰ ਹੈ	੧੨ ਮਾਸੇ ਦੇ
੧ ਦਾਮ	ਬਰਾਬਰ ਹੈ	੧੪ ਮਾਸੇ ਦੇ
੧ ਛਟਾਂਕ	ਬਰਾਬਰ ਹੈ	੫ ਤੋਲੇ (੬੦ ਮਾਸੇ) ਦੇ
੧ ਰਤਲ ਤਿੱਬੀ	ਬਰਾਬਰ ਹੈ	੯੦ ਮਿਸ਼ਕਾਲ ਯਾ ੬੯੦ ਮਾਸੇ ਦੇ (ਇਸਦੇ ਕਈ ਤੋਲ ਹਨ, ਪਰੰਤੂ ਇਹ ਪ੍ਰਸਿੱਧ ਹੈ)

ਅੰਗ੍ਰੇਜ਼ੀ ਤੋਲ

ਅਕਸਰ ਦੇਖਿਆ ਗਿਆ ਹੈ ਕਿ ਦੇਸੀ ਵੈਦ, ਅੰਗਰੇਜ਼ੀ ਤੋਲ ਦੇ ਵਾਕਫ ਨਹੀਂ ਹੁੰਦੇ ਏਸੇਤਰ੍ਹਾਂ ਡਾਕਟਰ ਲੋਕ ਦੇਸੀ ਵੈਦਜਕ ਦੇ ਤੋਲ ਨੂੰ ਨਹੀਂ ਸਮਝ ਸਕਦੇ, ਇਸਤੇ ਅੰਗਰੇਜ਼ੀ ਤੋਲ ਭੀ ਕੁਛ ਲਿਖਯਾ ਜਾਂਦਾ ਹੈ। ਸੋ:-

ਸੁੱਕੀਆਂ ਦਵਾਈਆਂ ਦਾ ਤੋਲ		ਗਿੱਲੀਆਂ ਦਵਾਈਆਂ ਦਾ ਤੋਲ	
੨੦ ਗਰੇਨ ਦਾ	੧ ਸਕ੍ਰੂਪਾਲ	੬੦ ਬੂੰਦ ਦਾ	੧ ਜਰਾਮ
੩ ਸਕ੍ਰੂਪਾਲ ਦਾ	੧ ਡਰੌਮ	੮ ਡਰਾਮ ਦਾ	੧ ਔਂਸ
੮ ਡਰੌਮ ਦਾ	੧ ਔਂਸ	੨੦ ਔਂਸ ਦਾ	੧ ਪਾਂਇੰਟ
੧੨ ਔਂਸ ਦਾ	੧ ਪੌਂਡ	੮ ਪਾਂਇੰਟ ਦਾ	੧ ਗੈਲਨ

ਇਸ ਵਿਚ

੧੮੦ ਗਰੇਨ ਦਾ	੧ ਤੋਲਾ
੨½ ਤੋਲੇ ਦਾ	੧ ਔਂਸ

Digitized by Panjab Digital Library | www.panjabdigilib.org

ਇਹ ਸਾਰਨੀ ਤੋਲਿਆਂ ਦੇ ਹਿਸਾਬ ਨਾਲ ਗ੍ਰਾਮਾਂ ਵਿਚ ਅਤੇ ਮਿਲੀ ਗ੍ਰਾਮਾਂ ਵਿਚ ਸੰਤ ਕਰਤਾਰ ਸਿੰਘ ਜੀ ਡੇਰਾ ਅੰਤਰਜ਼ਾਮੀ ਨੇ ਸੋਧ ਕੇ ਛਪਵਾਏ ।

ਤੋਲੇ	0	1	2	3	4	5	6	7	8	9
0	0	11-664	23-328	34-991	46-655	58–319	69–983	81–647	93–310	104–974
10	116-638	128-302	139-966	151-629	163-293	174–957	186-621	198–285	209–948	221–612
20	233-276	244-940	256-604	268-267	279·931	291–595	303-259	314–923	326–587	338 250
30	349-914	361-578	373-242	384-906	396-569	408–233	419-897	431–561	443–225	454–888
40	466-522	478-216	489-880	501-544	513-207	524–871	536-535	548–199	559–863	571–526
50	583-190	594-854	606-518	618.182	629-845	641–509	653-173	664–837	676–501	688–164
ਤੋਲੇ ਦਾ	1/2	1/4	1/8	1/16	1/32	1/64	1/96		1000 ਮਿਲੀ ਗ੍ਰਾ:	1 ਗਰਾਮ
	5-832 ਗ੍ਰਾ: ਮਿ:ਗ੍ਰਾ:	2-916 ਗ੍ਰਾ: ਮਿ:ਗ੍ਰਾ:	1-458 ਗ੍ਰਾ: ਮਿ:ਗ੍ਰਾ:	0-729 ਮਿਲੀ ਗ੍ਰਾ:	0–182 ਮਿਲੀ ਗ੍ਰਾ:	0–364 ਮਿਲੀ ਗ੍ਰਾ:	0–120 ਮਿਲੀ ਗ੍ਰਾ:		1000 ਗਰਾਮ	1 ਕਿਲੋ
	ਛੇ ਮਾਸੇ ਦਾ ਵਜ਼ਨ	ਤੀਨ ਮਾਸੇ ਦਾ ਵਜ਼ਨ	$1\frac{1}{2}$ ਮਾਸੇ ਦਾ ਵਜ਼ਨ	6 ਰਤੀ ਦਾ ਵਜ਼ਨ	$1\frac{1}{2}$ ਰਤੀ ਦਾ ਵਜ਼ਨ	3 ਰਤੀ ਦਾ ਵਜ਼ਨ	1 ਰਤੀ ਦਾ ਵਜ਼ਨ			

ਮੇਘ ਟੀਕਾ ਦੇ ਸੰਕੇਤ

—o—

ਪਹਿਲੇ ਹਰ ਇਕ ਪੁਸਤਕ ਦਾ ਸੰਕੇਤ ਮਾਲੂਮ ਕਰੇ, ਤਦੇ ਹੀ ਪੜ੍ਹਨ ਦਾ ਅਨੰਦ ਔਂਦਾ ਹੈ। ਇਸਤੇ ਸੰਖਿਪਤ ਮਾਤ੍ਰ ਸੰਕੇਤਾਂ ਦੇ ਨਿਸ਼ਾਨ ਹੇਠ ਲਿਖੇ ਜਾਂਦੇ ਹਨ:-

ਮੂਲ ਅਤੇ ਟੀਕਾ ਦੇ ਅੱਖਰਾਂ ਵਿਚ ਭੇਦ ਹੈ, ਮੂਲ ਮੋਟੇ ਤੇ ਟੀਕਾ ਦੇ ਬਰੀਕ ਅੱਖਰ ਅਰ ਨੋਟਾਂ ਦੇ ਸਭ ਨਾਲੋਂ ਬਰੀਕ ਰੱਖਕੇ ਭੇਦ ਕੀਤਾ ਜਾਨਣਾ।

(,) ਜਿੱਥੇ ਪਦ ਸਮਾਪਤ ਨਾ ਹੋਵੇ, ਕਿੰਤੂ ਥੋੜਾ ਵੱਖ ਕੀਤਾ ਹੋਵੇ, ਓਥੇ ਇਹ ਨਿਸ਼ਾਨ ਹੁੰਦਾ ਹੈ, ਤੇ ਹਮੇਸ਼ਾ ਇਸ ਨਿਸ਼ਾਨ ਪਰ ਇੱਕ ਕਹਿਣ ਦੀ ਦੇਰ ਤਕ ਠਹਿਰਕੇ ਅੱਗੇ ਪੜ੍ਹਨਾ ਚਾਹੀਏ।

(?) ਇਹ ਪ੍ਰਸ਼ਨ ਦਾ ਨਿਸ਼ਾਨ ਹੈ। ਭਾਵ ਜਿਸ ਪਦ ਦੇ ਅੰਤ ਇਹ ਨਿਸਾਨ ਹੋਵੇ. ਓਥੇ ਜਾਣੋ ਕਿ ਇਹ ਪ੍ਰਸ਼ਨ ਹੈ।

(!) ਸੰਬੋਧਨ, ਉਤੇਜ ਕਰਕੇ ਪਰ, ਯਾ ਹੋਕ ਪਰ ਇਹ ਨਿਸ਼ਾਨ ਹੁੰਦਾ ਹੈ।

(੧) ਯਾ (੨) ਯਾ ਜਿਤਨੇ ਭੀ ਗਿਣਤੀ ਦੇ ਅੰਗ ਅਥਵਾ * † ‡ () ੦ ⁰₀ — ⁰⁰₀₀ ਇਤਯਾਦੀ ਹੋਰ ਭੀ ਕੋਈ ਨਿਸ਼ਾਨ ਪਦ ਵਿਚ ਨਜ਼ਰ ਆਵੇ, ਤਾਂ ਏਸੇ ਨਿਸ਼ਾਨ ਨਾਲ ਹੇਠ ਕੁਝ ਵਾਧੂ ਲਿਖਯਾ ਹਊ ਸੋ ਪੜ੍ਹਕੇ ਤੁਰਨਾ, ਇਉਂ ਜਾਣੇ।

( ) ਇਸ ਘੇਰੇ ਅੰਦਰ ਜੇੜ੍ਹਾ ਪਦ ਹੋਵੇ, ਉਹ ਪਿਛਲੇ ਪਦ ਦਾ ਅਰਥ ਹੁੰਦਾ ਹੈ, ਜਿਸ ਤਰ੍ਹਾਂ ਪ੍ਰਿ: ੯੭੪ ਪਰ ਇਸੇ ਗ੍ਰੰਥ ਮੇ ਖੰਭਾਰੀ (ਜ਼ਰਿਸ਼ਕ) ਹੈ, ਏਥੇ ਖੰਭਾਰੀ ਦਾ ਅਰਥ ਜ਼ਰਿਸ਼ਕ ਸਮਝੇ। ਯਾ ਕਿਸੇ ਸਿਰਲੇਖ ਵਿਚ ਗੰਥਾਂਤ੍ਰ ਦੇ ਵਾਕ ਭੀ ਪ੍ਰਗਟ ਕਰਦਾ ਹੈ।

(=) ਇਹ ਨਿਸ਼ਾਨ ਭੀ ਜੇ ਕਦੇ ਕਿਤੇ ਪਦਾਂ ਵਿਚ ਆਵੇ ਤਾਂ ਪਿਛਲੇ ਪਦ ਦਾ ਅਗਲਾ ਅਰਥ ਹੁੰਦਾ ਹੈ; ਜਿਸਤਰ੍ਹਾਂ ਪ੍ਰਿ: ੯੬੯ ਪ੍ਰਯੋਗ ਨੰ: ੨੭੯੦ ਪਰ ਅਰਜਨ = ਕਊ ਬ੍ਰਿੱਛ ਹੈ, ਏਥੇ ਅਰਜਨ ਪਦ ਦਾ ਅਰਥ ਕਊ ਬਿੱਛ ਅਰਥ ਹੈ, ਇਉਂ ਜਾਣੇ।

ਜਿਥੇ ਪਦ ਵਿੱਚ ੨ ਦਾ ਅੰਕ ਹੈ, ਜਿਸ ਤਰ੍ਹਾਂ ਪ੍ਰਿ: ੮੯੫ ਸਤਰ ੧੭ ਪਰ ਕੋਮਲ ੨ ਹੈ, ਏਥੇ ਕੋਮਲ ਦੋ ਵਾਰ ਪੜ੍ਹਨਾ ਚਾਹੀਏ।

(੪-੪ ਯਾ ੪।੪) ਇਸ ਨੂੰ ਚਾਰ ਚਾਰ ਪੜ੍ਹੇ ਇਸੇ ਤਰ੍ਹਾਂ ਹੋਰ ਅੰਗਾਂ ਨਾਲ ਭੀ(੧-੧ ੧।੧) ਹੋਵੇ ਤਾਂ ਇੱਕ ਇੱਕ ਪੜ੍ਹੇ।

(" " ਯਾ ' ') ਇਸ ਚਿੰਨ੍ਹ ਤੋਂ ਇਨ੍ਹਾਂ ਨਿਸ਼ਾਨਾਂ ਦੇ ਅੰਦਰ ਦਾ ਪਦ ਗੌਰ ਨਾਲ ਜਣਾਯ· ਸਮਝੇ। ਤਥਾ ਕਿਸੇ ਅਨਯ ਦਾ ਵਾਕ ਇਨ੍ਹਾਂ ਵਿਚ ਲਿਖਿਆ ਹੁੰਦਾ ਹੈ।

Digitized by Panjab Digital Library | www.panjabdigilib.org

ਪ੍ਰਿ: ਤੋਂ ਪਤ੍ਰਾ ਅਰਥਾਤ ਪ੍ਰਿਸ਼ਟ ਜਾਣੇ।
ਪੰ: ਤੋਂ ਪੰਨਾ (ਪਤ੍ਰਾ) ਯਾ ਪੰਗਤੀ ਜਾਣੇ।
ਭਾ: ਪ੍ਰ: ਤੋਂ ਭਾਵ ਪ੍ਰਕਾਸ਼ ਗ੍ਰੰਥ ਸਮਝੇ।
ਅ: ਔ: ਕੋ: ਤੋਂ ਆਯੁਰਵੇਦੀ ਔਸ਼ਧੀ ਕੋਸ਼ ਪੜ੍ਹੇ।
ਜਿ: ਤੋਂ ਜਿਲਦ
ਟੀਕੇ ਦੇ ਆਦਿ ਵਿਚ ਲਗੇ ਹੋਏ ਅੰਗ *ਪ੍ਰਯੋਗਾਂ ਦੀ ਗਿਣਤੀ ਦੇ ਜਾਨਣੇ।
ਬ੍ਰਿਤਾਂਤ–ਚੀਜ਼ਾਂ ਦਾ ਹਵਾਲ (ਹੁਲੀਆ) ਦੱਸਣ ਵਾਸਤੇ ਹੈ।

(+) ਜਮਾ (ਜੋੜ)]
(=) ਮੁਸਾਵੀ (ਬ੍ਰਾਬਰ)]
(÷) ਤਕਸੀਮ (ਭਾਗ ਦੇਣਾ)] ਹਿਸਾਬ ਦੇ ਨਿਸ਼ਾਨ ਹਨ
(.:) ਇਸ ਵਾਸਟੇ]

$\frac{1}{2}$ ਅੱਧੇ ਦਾ ਨਿਸ਼ਾਨ ਹੈ। ਜਿਸ ਤਰ੍ਹਾਂ ੨$\frac{1}{2}$ ਹੋਵੇ ਇਸ ਨੂੰ ਢਾਈ ਪੜ੍ਹਨਾ ਚਾਹੀਏ।
(ੰ–ਯਾ :-) ਕਿਸੀ ਖਾਸ ਬਾਤ ਦੇ ਆਰੰਭ ਪਰ ਇਹ ਨਿਸ਼ਾਨ ਹੁੰਦਾ ਹੈ।

ਛਪਣ ਲੱਗਿਆਂ ਕਿਸੇ ਲਗ ਮਾਤ੍ਰ ਦਾ ਟੁੱਟ ਜਾਣਾ ਸਾਧਾਰਣ ਗੱਲ ਹੈ, ਇਸ ਲਈ ਕੋਈ ਅੱਖਰ ਜਾਂ ਲਗ ਨਾ ਹੋਵੇ, ਯਾ ਟੁੱਟ ਗਿਆ ਹੋਵੇ ਅਥਵਾ ਅੱਗੇ ਪਿੱਛੇ ਪਦ ਵੰਡ ਵਿਚ ਫ਼ਰਕ ਹੋ ਗਿਆ ਹੋਵੇ, ਸੋ ਸੱਭੋ ਸੋਚ ਕੇ ਪੜ੍ਹੇ ਇਉਂ ਕੁਛ ਦਲੀਲ ਨਾਲ ਭੀ ਸਮਝ ਲਿਆ ਜਾਂਦਾ ਹੈ।

ਇਸ ਵੇਰਾਂ ਹਰ ਬੰਦ ਦੇ ਅਰਧ ਬਿਸਰਾਮ ਵਿਚ (,) ਕਾਮਾ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਛੰਦ ਚਾਲ ਦਾ ਭੀ ਲਾਭ ਪ੍ਰਾਪਤ ਹੋ ਸਕੇਗਾ।

---

*ਪ੍ਰਯੋਗ ਨਾਮ ਨੁਸਖੇ ਦਾ ਹੈ। ਇਸ ਦੇ ਨੁਕਸਾ, ਨੁਖਸਾ ਆਦਿ ਨਾਮ ਅਸ਼ੁੱਧ ਹਨ, ਹਮੇਸਾਂ ਸ਼ੁਧ ਬੋਲਣ ਦਾ ਅਭਯਾਸ ਕਰੇ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਟੀਕਾ ਕਾਰੋਕਤ ਮੰਗਲੰ

ਸ੍ਵੈਯਾ

੧–ਸ੍ਰੀ ਗੁਰੁ ਨਾਨਕ ਦੇਵ ਪਦਾਂਬੁਜ, ਸ੍ਰੀ ਦਸਮੇਸ਼ ਉਭੈ ਵਪ ਸਾਰੀ।
ਸ੍ਰੀ ਗੁਰੁ ਹੀਰਹਿ ਸਿੰਘ ਤ੍ਰਿਤੀ ਲਖ, ਪਾਦ ਪਰਾਗ ਸਭੈਂ ਸਿਰ ਧਾਰੀ।
ਬਾਰਮਬਾਰ ਨਮਾਮਿ ਕਰੋਂ ਪਦ, ਦੇਹੁ ਕ੍ਰਿਪਾ ਕਰ ਬੁੱਧਿ ਉਦਾਰੀ।
ਮੇਘ ਬਿਨੋਦ ਸਟੀਕ ਰਚੋਂ, ਉਰ ਬਾਸ ਕਰੋ ਜਗ ਕੇ ਹਿਤਕਾਰੀ।

੨–ਮੇਖ ਕੋ ਮਾਸ ਸੰਕ੍ਰਾਂਤ ਦਿਨੇ ਮੁਨਿ, ਵਾਰ ਨਿਧੀ ਸਸਿ ਸੰਬਤ ਜਾਨੋ।
ਤਾਂ ਦਿਨ ਕੀਨ ਅਰੰਭ †ਗੁਰੂ ਸਰ, ਪੂਰਣ ਸੋਇ ਸੁਧਾਸਰ ਥਾਨੋ।
ਬੁੱਧਿ ਦਈ ਗੁਰਦੇਵ ਜਥਾ ਸੁ; ਤਥਾ ਵਿਧਿ ਬਾਤਨ ਮੈ ਪ੍ਰਗਟਾਨੋ।
ਮੋਹਿ ਨ ਹੈ ਬਲ ਬੁੱਧਿ ਸਮਾਸ, ਪ੍ਰਗਾਸ਼ ਸਭੈ ਗੁਰ ਕੇ ਪਦ ਦਾਨੋ।

੩–ਲੋਭ ਨ ਸ੍ਵਾਰਥ ਕੇ ਵਸ ਹੈ੍ਹ ਕ੍ਰਿਤ, ਕੇਵਲ ਦੇਸ਼ ਹਿਤੈ ਮਨ ਲਾਈ।
ਹੈ੍ਹ ਪਰਸ੍ਵਾਰਥ ਕੇ ਵਸਿ ਯੌ ਮੁਨਿ, ਔ ਰਿਖ ਲੋਗਨ ਰੀਤ ਚਲਾਈ।
ਤਾਹਿ ਪ੍ਰਛਾਹ ਤੇ ਮੇਘ ਕਹੀ ਕੁਛ, ਮੈ ਵਹਿ ਬਾਤਨ ਮੈਂ ਸਰਲਾਈ।
ਸਾਧ ਸੁਧਾਰਤ ਹੈ ਤਰਕਾਰਜ, ਆਰਜ ਲੋਕ ਸਭੈ ਇਮ ਗਾਈ।

੪–ਸ੍ਰੀ ਗੁਰੁ ਹੀਰਹਿ ਸਿੰਘ ਸ਼ਿਰੋਮਣਿ, ਜਾਹਿ ਕ੍ਰਿਪਾ ਜੜ ਹੈ੍ਹਂ ਕਵਿ ਪੂਰੇ।
ਵੈਦਜ ਵਿਸਾਰਦ ਪਾਰਦ ਮਾਰਤ, ਔਰ ਸਭੈ ਰਸ ਰੀਤਨ ਭੂਰੇ।
ਕਾਵਜ ਕਲਾਵਿਦ ਕੋਵਿਦ ਪੂਰਨ, ਤੂਰਨ ਮੋਹ ਕਟੈਂ ਘਟ ਸੂਰੇ।
ਸੁੰਦਰ ਸੂਰਤਿ ਕਾਮ ਸਖੇ ਜਨੁ, ਕੌਨ ਲਖੈਂ ਤਿਨਕੇ ਗੁਨ ਰੂਰੇ।

੫–ਮੋਹ ਕ੍ਰਿਪਾ ਕਰ ਮੋਹ ਲਯੋ ਅਰ, ਖੋਹ ਦਯੋ ਘਟ ਜੋ ਅਗਿਆਨੋ।
ਤਾਂ ਦਿਨ ਤੇ ਵਸਿ ਤਾਹਿ ਸਮੀਪ, ਅਸੈਨ ਕਿਯੇ ਰਸ ਕਾਵਜ ਮਹਾਨੋ।
ਤਯਾਗ ਅਸਾਰ ਸਸਾਰ ਦਯੋ, ਜੁ ਰਹਜੋ ਸਰਦਾਰਨ ਕੇਰ ਘਰਾਨੋ।
ਮੋ ਪਿਤ ਮਾਤ ਨਿਰਾਸ ਭਏ ਯਹ, ਸ੍ਰੀ ਗੁਰਦੇਵ ਪ੍ਰਸਾਦਿ ਪ੍ਰਭਾਨੋ।

੬–ਦੋਹਰਾ– ਸ੍ਰੀ ਸਤਿਗੁਰ ਪ੍ਰਭਾਵ ਤੇ, ਟੀਕਾ ਰਚੋਂ ਬਨਾਇ।
ਦਾਸ ਗਣੇਸ਼ਾ ਸਿੰਘ ਕੇ, ਸਤਿਗੁਰ ਨੀਤ ਸਹਾਇ।

†ਖੁੱਡਾ ਗ੍ਰਾਮ ਵਿਖੇ ਜਿਥੇ ਮੇਰੇ ਸ੍ਰੀ ਸਤਿਗੁਰਾਂ ਦਾ ਨਿਵਾਸਾਸ਼੍ਰਮ ਹੈ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਪਾਰਸਨਾਥਾਯ ਨਮਃ ॥

ਅਥ ਮੇਘ ਬਿਨੋਦ ਸਟੀਕ ਲਿਖਯਤੇ

(ਪ੍ਰਸਿਧ ਟੀਕਾਕਾਰ-ਸ੍ਰੀ ਮਾਨ ਮਹੰਤ ਗਨੇਸ਼ਾ ਸਿੰਘ ਜੀ ਡੇਰਾ ਅੰਤਰਯਾਮੀ ਅੰਮ੍ਰਿਤਸਰ)

ਦੋਹਰਾ

ਸਕਲ ਜਗਤ ਆਧਾਰ ਪ੍ਰਭ, ਸਕਲ ਜਗਤ ਸਿਰਤਾਜ ॥
ਪਾਪ ਬਿਦਾਰਨ ਸੁਖ ਕਰਨ, ਜਯ ਜਯ ਸ੍ਰੀ ਜਿਨਿ ਰਾਜ ॥ ੧ ॥
ਤਾਹੀ ਕੋ ਮੈਂ ਸਿਮਰ ਕੈ, ਕਰੋਂ ਗ੍ਰੰਥ ਸੁਖ ਕਾਰ।
ਮੇਘ ਬਿਨੋਦੈ ਨਾਮ ਇਸ, ਸਕਲਿ ਜੀਵ ਉਪਕਾਰ ॥ ੨ ॥
ਚਰਨ ਜੁਗਲ ਗੁਰ ਕੇ ਨਮੋਂ, ਸਿਮਰੋਂ ਸਾਰਦ ਮਾਇ।
ਪੁਨ ਗਣੇਸ਼ ਪਦ ਨਿਤ ਨਮੋਂ, ਦਿਨ ਦਿਨ ਮੰਗਲ ਥਾਇ ॥ ੩ ॥
ਕਵਿ ਅਪਾਰ ਜਗ ਮੈਂ ਭਏ, ਕੀਨੇ ਗ੍ਰੰਥ ਅਪਾਰ।
ਤਿਨ ਗ੍ਰੰਥਨ ਕਾ ਮਤ ਲਹੀ, ਕਹਤ ਮੇਘ ਸੁਖ ਕਾਰ ॥ ੪ ॥

(ਕਯਾ ਹੋਗਾ ?)

ਕਛੁ ਨਿਦਾਨ ਲੱਛਨ ਕਹੂੰ, ਅਰੁ ਗਿਨਤੀ ਕਛੁ ਰੋਗ।
ਪੱਥਯਾਪੱਥ ਬਿਧਾਨ ਹੀ, ਚਤੁਰੋਂ ਕੇ ਹਿਤ ਯੋਗ ॥ ੫ ॥
ਵੈਦ ਕਹੂੰ ਅਰੁ ਸਪਨ ਬਿਧਿ, ਸਾਧਯਾਸਾਧ ਬਿਚਾਰ।
ਨਾਰਿ ਪਰੀਛਾ ਸਗੁਨ ਹੀ, ਔਰ ਮੂਤ੍ਰ ਕੀ ਧਾਰ ॥ ੬ ॥

ਸਾਰੇ ਜਗਤ ਦੇ ਆਸਰਾ ਅਰ ਸਿਰੋਮਣੀ ਪ੍ਰਭੂ ! ਪਾਪਾਂ ਦੇ ਨਾਸ਼ਕ, ਸੁਖਾਂ ਦੇ ਕਰਨਹਾਰੇ ਜਿਨਰਾਜ ਜੀ ! ਆਪਦਾ ਜਯ ਜਯ ਕਾਰ ਹੋਵੇ ॥ ੧ ॥ ਆਪਨੂੰ ਸਿਮਰ ਕੇ ਸਭ ਜੀਵਾਂ ਦੇ ਉਪਕਾਰ ਵਾਸਤੇ ਮੇਘ ਬਿਨੋਦ ਰਚਦਾ ਹਾਂ ॥ ੨ ॥ ਗੁਰਾਂ ਦੇ ਚਰਣ, ਸਰਸ੍ਵਤੀ ਮਾਤਾ ਅਰ ਗਣੇਸ਼ ਨੂੰ ਨਮਸ਼ਕਾਰ ਕਰਦਾ ਹਾਂ ॥ ੩ ॥ ਬਿਅੰਤ ਕਵੀ ਹੋਏ ਅਤੇ ਓਹਨਾਂ ਅਨੇਕਾਂ ਸੰਸਕ੍ਰਿਤ ਗ੍ਰੰਥ ਰਚੇ, ਤਿਨ੍ਹਾਂ ਦੇ ਥੋੜੇ ਵਿਚ ਕੁਛ ਭਾਵ, ਕੁਛ ਨਿਦਾਨ, ਲਛਣ, ਰੋਗਾਂ ਦੀ ਗਿਣਤੀ, ਪੱਥ ਅਪੱਥ ਦੀਆਂ ਵਿਧੀਆਂ, ਚਤੁਰਾਂ ਵਾਸਤੇ ਨੁਸਖੇ, ਵੈਦ ਪਰੀਖਯਾ, ਸੁਪਨ ਵੀਚਾਰ, ਸਾਧਯ ਅਸਾਧਯ, ਨਾੜੀ ਪਰੀਛਾ, ਸਗੁਣ ਤੇ ਕੁ-ਸਗੁਨ ਅਰ ਮੂਤ੍ਰ ਧਾਰ ਦੀ ਪ੍ਰੀਛਾ ਜਿਸ ਵਿਖੇ ਲਿਖੇ ਹਨ, ਅਜੇਹਾ ਗ੍ਰੰਥ ਰਚਦਾ ਹਾਂ ॥ ੪ ॥ ੫ ॥ ੬ ॥

Digitized by Panjab Digital Library | www.panjabdigilib.org

*ਨਾੜੀ ਪ੍ਰੀਛਾ

ਦਾਹਨ ਕਰ ਅੰਗੁਸ਼ਟ ਢਿਗ, ਦੇਖੋ ਨਸਾ ਅਕਾਰ।
ਸੁਖ ਦੁਖ ਜਾਨੋ ਜੀਵ ਕੋ, ਬਨਿਤਾ ਵਾਮੀ ਨਾਰਿ ॥ ੭॥
ਪ੍ਰਿਥਮ ਬਿਚਾਰੋ ਨਾਰਿ ਕੋ, ਨਿਸਚੈ ਕੀਜੈ ਰੋਗ।
ਤਿਸ ਪਾਛੈ ਕਛੁ ਕੀਜਿਯੋ, ਦੇਖ ਗ੍ਰੰਥ ਉਪਯੋਗ ॥ ੮॥
ਸਾਧਯਾ ਸਾਧਯ ਜੁ ਦੋ ਕਹੇ, ਤੀਜੋ ਹੈ ਕਸ਼੍ਰ ਸਾਧ।
ਤੀਨ ਜਾਤ ਸਭ ਰੋਗ ਹੈ, ਕਹਤ ਸਭੈ ਇਮ ਸਾਧ ॥ ੯॥

ਚੌਪਈ

ਆਦਿ ਪਿੱਤ ਨਾਰੀ ਕੈ ਜਾਨ। ਮੱਧ ਸਲੇਖਮ ਤਾਕੇ ਠਾਨ।
ਕਹਿਯੈ ਅੰਤ ਪਵਨ ਪਰਧਾਨ। ਲੱਛਨਤੀਨ ਜਾਤ ਨਸ ਮਾਨ॥੧੦॥
ਉਰਗ ਜੋਕ ਗਤਿ ਜਾਨੋ ਵਾਇ। ਕਾਕ ਕੁਲਿੰਗੈ ਦਾਦੁਰ ਜਾਇ।
ਜੋ ਇਨ ਗਤਿ ਮੇ ਆਵੈ ਨਾਰਿ। ਤਾਕੋ ਜਾਨੋ ਪਿੱਤ ਬਿਕਾਰ ॥੧੧॥
ਸ਼ਲੇਖਮ ਕੀ ਗਤਿ ਐਸੇ ਜਾਨ। ਹੰਸ ਪਰੇਵਾ ਦੋ ਗਤਿ ਠਾਨ।
ਤੀਤਰ ਲਵਾ ਬਟੇਰਾ ਗਤੀ। ਸੰਨਿਪਾਤ ਕੀ ਜਾਨੋ ਮਤੀ ॥੧੨॥
ਕਬਹੀ ਸ਼ੀਘਰ ਕਬਹੀ ਮੰਦ। ਦੋਇ ਦੋਖ ਨਾਰੀ ਸੋ ਛੰਦ।
ਜੋ ਨਾਰੀ ਛੋਡੈ ਸ੍ਵਧ ਠੌਰ। ਮਰੈ ਸੁ ਰੋਗੀ ਲਖੋ ਨ ਔਰ ॥੧੩॥
ਮੰਦਗਤੀ ਨਾਰੀ ਜੋ ਹੋਇ। ਤੌ ਰੋਗੀ ਮ੍ਰਿਤੁ ਆਈ ਜੋਇ।
ਛੀਨ ਸੀਤ ਜੋ ਹੋਵੈ ਨਾਰਿ। ਖਾਵੈ ਜਮ ਤਿਸ ਕਰੋ ਨ ਰਾਗ॥੧੪॥
ਧਾਤਨਿਬਲ ਮੰਦਾਗਨਿ ਯੇਹ। ਨਾਰੀ ਮੰਦਗਤੀ ਲਖ ਤੇਹ।
ਰੁਦਰ ਬਿਕਾਰੈ ਨਾਰੀ ਗਰਮ। ਭਾਰੀ ਆਮ ਜਾਨਿਯੋ ਮਰਮ॥੧੫॥
ਖੁਧਾਵੰਤ ਕੀ ਨਾਰੀ ਜਾਨ। ਲਘਵੀ ਵੇਗਵਤੀ ਗਤਿ ਮਾਨ।
ਬਲਵੰਤੈ ਭੀ ਇਮਹੀ ਠਾਨ ॥ ਭੂਖੇ ਕੀ ਚਪਲਾ ਪਰਧਾਨ ॥੧੬॥
ਤ੍ਰਿਪਤਿਵੰਤ ਕੀ ਨਾਰੀ ਕਹੀ। ਸਥਿਰਾ ਬਹਿਤ ਸੋ ਜਾਨੋ ਸਹੀ।

*ਮੇਰੀ ਬਣਾਈ "ਨਿਰਮਲ ਸੰਹਿਤਾ" ਵਿੱਚ ਨਾੜੀ ਦੇਖਣ ਦਾ ਪ੍ਰਕਾਰ ਬਹੁਤ ਸਰਲ ਅਤੇ ਵਿਸਥਾਰ ਨਾਲ ਲਿਖਿਆ ਹੈ।

Digitized by Panjab Digital Library | www.panjabdigilib.org

ਸਾਰੰਗਧਰ ਤੇ ਏ ਬਿਧਿ ਆਨੀ। ਮੇਘਬਿਨੋਦੈ ਮੇਘ ਬਖਾਨੀ ॥੧੭॥

ਸੱਜੇ ਹੱਥ ਦੇ ਅੰਗੂਠੇ ਦੇ ਪਾਸ ਦੀ ਨਾੜੀ ਦੇਖਣ ਨਾਲ, ਜੀਵ ਦੇ ਸੁਖ ਦੁਖ ਦਾ ਗਜਾਨ ਹੁੰਦਾ ਹੈ, ਪਰੰਤੂ ਇਸਤ੍ਰੀ ਦੇ‡ ਖੱਬੇ ਹੱਥ ਦੀ ਨਾੜੀ ਦੇਖੇ ॥ ੭ ॥ ਪਹਿਲੇ ਨਾੜੀ ਦੇਖ ਕੇ ਰੋਗ ਨਿਸਚੇ ਕਰੇ, ਫਿਰ ਕਿਸੇ ਗ੍ਰੰਥ ਦਾ ਪ੍ਰਯੋਗ ਸੇਵੇ ॥ ੮ ॥ ਸਾਧ (ਛੇਤੀ ਹਟ ਜਾਣ ਵਾਲੇ) ਅਸਾਧਜ (ਨਾ ਹਟਣ ਵਾਲੇ) ਕਸ਼ਟ ਸਾਧਜ (ਵਧੇਰੇ ਯਤਨਾ ਨਾਲ ਹਟਣ ਵਾਲੇ) ਇਉਂ ਤਿੰਨ ਤਰ੍ਹਾਂ ਦੇ ਰੋਗ ਰਿਸ਼ੀ ਜਨ ਆਖਦੇ ਹਨ ॥ ੯ ॥ ਨਾੜੀ ਦੇ ਆਦਿ ਪਿੱਤ, ਮੱਧ ਕਫ, ਅਰ ਅੰਤ ਵਾਯੂ ਦੀ ਪ੍ਰਧਾਨਤਾ ਹੁੰਦੀ ਹੈ, ਇਉਂ ਨਾੜੀ ਦੇ ਤਿੰਨ ਤਰ੍ਹਾਂ ਦੇ ਲੱਛਣ ਹਨ ॥ ੧੦ ॥ ਸੱਪ ਤੇ ਜੋਕ ਦੀ ਚਾਲ ਵਾਯੂ ਦੀ ਨਾੜੀ। ਕਾਂ ਚਿੜਾ ਤੇ ਡੱਡੂ ਦੀ ਚਾਲ ਪਿੱਤ ਦੀ ਨਾੜੀ। ਹੰਸ, ਕਬੂਤ੍ਰ ਦੀ ਚਾਲ ਕਫ ਵਾਲੇ ਦੀ ਨਾੜੀ ਦੋਗਤੀ ਚਲਦੀ ਹੈ। ਤਿੱਤ੍ਰ ਭਟਿੱਤ੍ਰ ਤੇ ਬਟੇਰੇ ਦੀ ਚਾਲ ਸੰਨਿਪਾਤ ਵਾਲੇ ਦੀ ਨਾੜੀ ਚਲਦੀ ਕਹੀ ਜਾਂਦੀ ਹੈ ॥ ੧੧ ॥ ੧੨॥ ਕਦੇ ਕਾਹਲੀ, ਕਦੇ ਹਉਲੀ ਦੋ ਦੋ ਦੋਖਾਂ ਵਾਲੀ ਨਾੜੀ ਚਲਦੀ ਹੈ। ਜਿਸ ਦੀ ਨਾੜੀ ਆਪਣਾ ਟਿਕਾਣਾ ਛੱਡ ਤੁਰੇ, ਉਹ ਰੋਗੀ ਮਰ ਜਾਂਦਾ ਹੈ ॥ ੧੩ ॥ ਜਿਸਦੀ ਬਹੁਤੀ ਧੀਮੀ ਨਾੜੀ ਤੁਰੇ, ਉਹ ਬੀਮਾਰ ਭੀ ਮਰ ਜਾਂਦਾ ਹੈ। ਖੀਣ ਤੇ ਠੰਢੀ ਨਾੜੀ ਚਲਨ ਵਾਲਾ ਭੀ ਯਮ ਦਾ ਖਾਜ ਹੈ ॥ ੧੪ ॥ ਧਾਤੂ ਖੀਣ, ਮੰਦਾਗਨੀ ਵਾਲੇ ਦੀ ਨਾੜੀ ਭੀ ਮੰਦਗਤੀ ਚਲਦੀ ਹੈ। ਲਹੂ ਦੇ ਵਿਕਾਰ ਵਾਲੇ ਦੀ ਗਰਮ, ਆਮ ਵਾਲੇ ਦੀ ਭਾਰੀ ੨ ਨਾੜੀ ਚਲਦੀ ਹੈ ॥ ੧੫ ॥ ਭੁੱਖੇ ਦੀ ਹਲਕੀ, ਅਜੇਹੀ ਹੀ ਬਲਵਾਨ ਦੀ, ਪਰੰਤੂ ਭੁੱਖੇ ਦੀ ਅਧਿਕ ਤੇਜਵੰਤ ਹੁੰਦੀ ਹੈ ॥ ੧੬ ॥ ਰੱਜੇ ਹੋਏ ਦੀ ਨਾੜੀ ਠਹਿਰ ੨ ਠਹਿਰ ਕੇ ਚਲਦੀ ਹੈ। ਇਹ ਸਭ ਵਿਧੀ ਸਾਰੰਗਧਰ ਤੋਂ ਕਹੀ ਹੈ ॥ ੧੭ ॥

*ਮੂਤ੍ਰ ਪਰੀਛਾ (ਕਾਲਗਜਾਨਾਤ)

ਦੁਵੈਯਾ ਛੰਦ

ਮੂਤਹਿ ਕੀ ਅਬ ਕਹੂੰ ਪਰੀਛਾ, ਜਾਂਤੇ ਜਯ ਤਵ ਹੋਈ।
ਆਦਿ ਅੰਤ ਕੀ ਧਾਰਾ ਤਜਾਗੋ, ਮੱਧ ਮੂਤ ਲੈ ਸੋਈ।
ਘਰੀ ਰਾਤ ਰਹਿਤੀ ਕਾ ਲੀਜੈ, ਆਤੰਕੀ ਕਾ ਮੂਤ੍ਰੰ।
ਕਾਂਸੀ ਉਜਲ ਭਾਂਜਨ ਪਾਵੇ, ਧੂਪ ਰਾਖ ਲਖਿ ਸੂਤ੍ਰੰ॥੧੮॥
ਕਟੁਕ ਤੇਲ ਕੀ ਬਿੰਦੁ ਇਕ ਪਾਵੇ,ਪਸਰ ਜਾਇ ਸਬ ਸਾਰੈ।
ਤਉ ਰੋਗੀ ਸੋ ਸਾਧਜ ਕਹਾਵੈ, ਵੈਦ ਚਕਿਸਤਾ ਕਾਰੈ।
ਤੇਲ ਬੂੰਦ ਜੋ ਕਣ ਕਣ ਹੋਵੈ, ਕਸ਼ਟ ਸਾਧ ਤਉ ਰੋਗੀ।
ਜੇ ਤੌ ਤਲੈ ਜਾਇਕੇ ਬੈਠੇ, ਸੋ ਅਸਾਧ ਹੈ ਯੋਗੀ॥੧੯॥
ਪੂਰਬ ਦਿਸ ਕੋ ਬੂੰਦ ਸਿਧਾਰੈ, ਰੋਗ ਘਟੈ ਚਿਰ ਜੀਵੈ।

---

‡ਇਹ ਮ੍ਰਿਯਾਦਾ ਹੀ ਹੈ, ਜੇ ਨਿਯਮ ਹੋਵੇ ਤਾਂ ਨਿਪੁੰਸਕ ਦੀ ਕੇਹੜੀ ਦੇਖੋਗੇ ?

*ਮੂਤ ਪਰੀਖਯਾ "ਵਿਸ਼ਨੂ ਸੰਹਿਤਾ" ਵਿਚ ਰਾਸਾਯਣਿਕ ਢੰਗ ਅਤੇ ਯੂਨਾਨੀ ਤਥਾ ਡਾਕਟਰੀ ਪੜਤਾਲ ਸਭ ਵੇਰਵੇ ਨਾਲ ਲਿਖੀ ਹੈ, ਜਿਸ ਨੂੰ ਸਹਜ ਨਾਲ ਹੀ ਆਦਮੀ ਸਮਝ ਸਕਦਾ ਹੈ। ਪੁਸਤਕ ਵੇਖਣੇ ਯੋਗ ਹੈ।

Digitized by Panjab Digital Library | www.panjabdigilib.org

ਦੱਛਨ ਬੂੰਦ ਗਈ ਤਬ ਜਾਨੋ, ਮ੍ਰਿਤਕ ਰੋਗੀ ਥੀਵੈ।
ਪੱਛਮ ਬਢੈ ਘਟੈ ਰੁਜ ਰੋਗੀ, ਔਖਾ ਬਹੁ ਦਿਨ ਥਾਈ।
ਉੱਤਰ ਦਿਸ ਜੌ ਜਾਇ ਤੇਲ ਬਿੰਦੁ,ਰੋਗੀ ਬਹੁ ਸੁਖ ਪਾਈ ॥੨੦॥
ਤੇਲ ਜਬੈ ਈਸਾਨ ਕਿ ਜਾਵੈ, ਮਾਸ ਪਰਤ ਮ੍ਰਿੱਤੁ ਹੋਈ।
ਅਗਨੈ ਜਾਇ ਠਰਾਵੈ ਜੌ ਬਿੰਦੁ, ਮਰੈ ਸੁ ਨਿਸਚੈ ਸੋਈ।
ਨੈਰਤ ਮਰਤ ਸੁ ਰੋਗੀ ਨਿਸਚੈ ਬਾਯਵ ਬਹੁ ਚਿਰ ਜੀਵੈ।
ਮੇਘ ਕਹੈ ਇਹ ਸਮਝ ਬਿਚਾਰੋ, ਲਖੈ ਸੁ ਪੰਡਿਤ ਥੀਵੈ ॥੨੧॥
ਛਾਈ ਤੇਲ ਰਹੈ ਜੇ ਊਪਰ, ਤਾਂਕੇ ਕਰ ਤੁਮ ਪਾਵੈ।
ਚੰਗਾ ਹੋਵੈ ਰੋਗੀ ਨਿਸਚੈ, ਡੂਬੇ ਮਰਨ ਕਹਾਵੈ।
ਜੋ ਜੋ ਰੂਪੈ ਦੀਸੈ ਸੋ ਬਿੰਦੁ, ਤਾਕੀ ਕਹੋਂ ਬਿਚਾਰੀ।
ਦੋਸੁ ਨ ਕੋਈ ਮੋਕੋ ਦੀਜੋ, ਜਾਂਕੀ ਸਮਝ ਸਭਾਰੀ ॥੨੨॥
ਹਲ ਕੱਛਪ ਅਸਟਾਪਦ ਮੰਡਲ, ਔਰ ਸੁ ਕਰਭ ਸਰੂਪਾ।
ਤੌ ਰੋਗੀ ਆਸਾਧਯ ਬਖਾਨਯੋ, ਬਾਤ ਸੁ ਯਹੀ ਅਨੂਪਾ।
ਚਾਰ ਤੀਨ ਦੋ ਮਾਰਗ ਦੀਸਤ, ਏਕ ਪੰਥ ਵਾ ਹੋਵੈ।
ਸੋ ਰੋਗੀ ਨਿਸਚੈ ਕਰ ਮਰਈ, ਤਾਕੋ ਸਕਲੇ ਰੋਵੈ ॥੨੩॥
ਸੀਸ ਬਿਨਾ ਨਰ ਪ੍ਰਿਤਮਾ ਦੀਸਤ,ਵਾ ਖੰਡ ਖੰਡ ਸਭ ਦੇਹਾ।
ਤਾਕੋ ਖਾਵੈ ਜਮ ਦਾਂਤੋਂ ਕਰਿ, ਕਹੀ ਬਾਤ ਮੁਨਿ ਏਹਾ।
ਸ਼ਸਤ੍ਰ ਧਨੁਖ ਦੰਡ ਅਰ ਮੂਸਲ, ਸੀਸ ਕਹਯੋ ਤ੍ਰਿਸੂਲੈ।
ਲਾਠੀ ਇਹੁ ਅੰਕਾਰਾ ਦੀਸਤ, ਜੀਵਤ ਨਹੀਂ ਸਮੂਲੈ ॥੨੪॥
ਹੰਸ ਤੜਾਗ ਕਮਲ ਫਲ ਚਾਮਰ, ਮਾਨਵ ਰੂਪ ਸੁਗਾਤ੍ਰ।
ਗਜ ਘਰ ਤੋਰਨ ਛੱਤ੍ਰਹਿ ਦੀਸਤ, ਰੋਗੀ ਕਸ਼ਟ ਨ ਮਾਤ੍ਰ।
ਤੇਲ ਪਸਰ ਜੇ ਹੋਇ ਛਾਲਣੀ, ਵਯੰਤਰ ਪ੍ਰੇਤ ਸਦੋਖਾ।
ਅਕਾਰ ਤ੍ਰਿਕੋਨੈ ਦੋਊ ਦੋਖ ਹੈਂ, ਦੇਵਯ ਸਾਕਨੀ ਰੇਖਾ ॥੨੫॥
ਨਰਾਕਾਰ ਗ੍ਰਹਿ ਦੋਖ ਬਿਚਾਰੋ, ਕੁਲ ਦੇਵੀ ਵਾ ਛਾਯਾ।
ਨਰਾ ਕਾਰ ਦੋ ਸੀਸ ਯੁਕਤ ਹੈ; ਦੇਵਯੰਤਰ ਦੁਖ ਦਾਯਾ।

Digitized by Panjab Digital Library | www.panjabdigilib.org

ਯਾਕਾ ਨਾਮ ਪਰੀਛਾ ਮੂਤ੍ਰ, ਕਾਲਗਯਾਨ ਮੈ ਗਾਈ।
ਕਹਿਤ ਮੇਘ ਸਮਝੈ ਜੈ ਪਾਵੈ, ਬਿਨੁ ਸਮਝੈ ਦੁਖ ਪਾਈ॥੨੬॥

ਮੂਤ੍ਰ ਪ੍ਰੀਛਾ ਲਿਖਦੇ ਹਾਂ, ਜਿਸ ਦੀ ਪ੍ਰੀਛਾ ਤੇ ਤੇਰੀ ਹੇ ਵੈਦ ! ਜਯ ਹੋਵੇ। ਮੂਤ੍ਰ ਦੀ ਪਹਿਲੀ ਤੇ ਪਿਛਲੇਰੀ ਧਾਰਾ ਛੱਡ ਕੇ ਵਿਚਲਾ ਮੂਤ੍ਰ ਘੜੀ ਰਾਤ ਰਹਿੰਦੀ ਦਾ ਰੋਗੀ ਦਾ ਲਵੇ। ਕਾਂਸੀ ਯਾ ਕੱਚ ਦੇ ਸਾਫ ਪ੍ਰਾਤ ਵਿਚ ਪਾ ਕੇ ਧੁੱਪੇ ਰਖ ਵਿਚਾਰੇ॥ ੧੮॥ ਮੂਤ੍ਰ ਉਪਰ ਕੌੜੇ ਤੇਲ ਦੀ ਬੂੰਦ ਪਾ ਕੇ ਦੇਖੇ, ਜੇ ਪਸਰ ਜਾਵੇ ਤਾਂ ਰੋਗੀ ਸਾਧ ਹੈ, ਇਲਾਜ ਨਾਲ ਰਾਜ਼ੀ ਹੋਵੇ ਜੇ ਕਿਣਕੇ ੨ ਤੇਲ ਦੀ ਬੂੰਦ ਦੇ ਹੋ ਜਾਣ ਤਾਂ ਬੜੇ ਯਤਨ ਨਾਲ ਰਾਜ਼ੀ ਹੋਵੇ। ਜੇ ਥੱਲੇ ਮੂਤ ਦੀ ਬੂੰਦ ਜਾ ਬਹੇ ਤਾਂ ਯਤਨ ਕਰਨਾ ਨਿਸਫਲ ਹੈ, ਇਸ ਨੂੰ ਅਸਾਧ ਕਹੇ॥ ੧੯॥ ਜੇ ਬੂੰਦ ਪੂਰਬ ਦਿਸ਼ਾ ਵਲ ਜਾਵੇ ਤਾਂ ਜੀਉਂਦਾ ਰਹੇ, ਰਾਜ਼ੀ ਹੋਵੇ ਜੇ ਦੱਖਣ ਦਿਸ਼ਾ ਨੂੰ ਬੂੰਦ ਪਸਰ ਜਾਵੇ ਤਾਂ ਮਰੇ। ਪੱਛਮ ਦਿਸ਼ਾ ਵੱਲ ਬੂੰਦ ਜਾਵੇ ਤਾਂ ਰੋਗੀ ਦਾ ਰੋਗ ਘਟ ਜਾਵੇਂ ਸਗੋਂ ਬਹੁਤੇ ਦਿਨ ਆਯੂ ਭੋਗੇ। ਉਤ੍ਰ ਦਿਸ਼ਾ ਵਲ ਜਾਵੇ ਤਾਂ ਸੁਖੀ ਹੋਵੇ॥ ੨੦॥ ਜੇ ਤੇਲ ਦੀ ਬੂੰਦ ਈਸ਼ਾਨ ਕੋਣ ਵੱਲ ਜਾਵੇ ਤਾਂ ਇਕ ਮਹੀਨੇ ਵਿਚ ਮਰੇ। ਅਗਨਿ ਕੋਣ ਵੱਲ ਜਾ ਠਹਿਰੇ ਤਾਂ ਭੀ ਮਰੇ। ਨੈਰਤ ਕੋਣ ਵਲ ਬੂੰਦ ਜਾ ਠਹਿਰੇ ਤਾਂ ਭੀ ਨਿਸਚੇ ਮਰੇ। ਜੇ ਬਾਇਵ ਕੋਣ ਬੂੰਦ ਜਾਵੇ ਤਾਂ ਚਿਰ ਤਕ ਜੀਵੇ। ਇਸ ਗੱਲ ਨੂੰ ਜੇਹੜਾ ਜਾਣੇ, ਓਹੋ ਪੰਡਿਤ ਹੈ॥ ੨੧॥ ਜੇ ਬੂੰਦ ਉਪਰ ਛਾ ਜਾਵੇ ਤਾਂ ਹੱਥ ਪਾ ਬਹੇ, ਰੋਗੀ ਰਾਜ਼ੀ ਹੋ ਜਾਵੇਗਾ। ਜੇ ਬੂੰਦ ਡੁੱਬੇ ਤਾਂ ਮਰ ਜਾਂਦਾ ਹੈ ਅਰ ਹੋਰ ਉਸ ਬੂੰਦ ਵਿਚ ਜੇਹੜੇ ਜੇਹੜੇ ਰੂਪ ਦ੍ਰਿਸ਼ਟੀ ਆਉਣ, ਸੋਚਣੇ ਚਾਹੀਏ॥ ੨੨॥ ਹਲ, ਕੱਛੂ, ਚੋਪੜ ਤੇ ਗੋਲਾਕਾਰ ਤੇ ਊਠ ਦ੍ਰਿਸ਼ਟੀ ਔਣ ਤਾਂ ਅਸਾਧਯ ਹੈ। ਚਾਰ, ਤਿੰਨ ਅਥਵਾ ਦੋ ਰਸਤੇ ਹੀ ਨਜ਼ਰੀ ਔਣ ਯਾ ਇਕ ਰਸਤਾ ਦ੍ਰਿਸ਼ਟੀ ਆਵੇ ਤਾਂ ਮਰੇ॥ ੨੩॥ ਸਿਰ ਬਿਨਾਂ ਮਨੁੱਖ ਦਾ ਧੜ ਦਿੱਸੇ ਯਾ ਟੁਕੜੇ ਟੁਕੜੇ ਦੇਹ ਦੇ ਦਿੱਸਣ ਤਾਂ ਭੀ ਮਰੇ। ਸ਼ਸਤ੍ਰ, ਧਨੁਖ, ਡੰਡਾ. ਮੋਹਲਾ, ਤ੍ਰਿਸ਼ੂਲ ਦਾ ਸਿਰ ਤੇ ਲਾਠੀ ਦੇਖੇ ਤਾਂ ਭੀ ਰੋਗੀ ਮਰ ਜਾਂਦਾ ਹੈ॥ ੨੪॥ ਹੰਸ, ਤਾਲ. ਕਮਲ, ਫਲ, ਚੌਰ ਮਨੁੱਖ ਦੇ ਸਰੀਰ ਦਾ ਸੁੰਦਰ ਸਰੂਪ ਦਿੱਸੇ, ਹਾਥੀ, ਘਰ ਲਾਟੂ ਅਰ ਛਤ੍ਰ ਦੇ ਅਕਾਰ ਦ੍ਰਿਸ਼ਟੀ ਔਣ ਤਾਂ ਰੋਗੀ ਨੂੰ ਮਾਸਾ ਭਰ ਕਸ਼ਟ ਹੋਣ ਵਾਲਾ ਨਹੀਂ। ਜੇ ਬੂੰਦ ਪਸਰ ਕੇ ਛਾਨਣੀ ਛਾਨਣੀ ਹੋ ਜਾਵੇ ਤਾਂ ਪ੍ਰੇਤ ਦਾ ਦੋਸ਼ ਹੈ, ਇਉਂ ਕਹੇ। ਜੇ ਬੂੰਦ ਤ੍ਰਿਕੋਣ ਬਣ ਕੇ ਦਿੱਸੇ ਤਾਂ ਦੋ ਦੋਖ ਹਨ, ਦੇਵ ਦੋਖ ਯਾ ਸਾਕਨੀ ਦਾ ਕ੍ਰੋਧ। ਜੇ ਕਦੀ ਆਦਮੀ ਦਾ ਬੁੱਤ ਨਜ਼ਰ ਆਵੇ ਤਾਂ ਕੋਈ ਗ੍ਰਹਿ ਦੋਸ਼ ਹੈ। ਯਾ ਕੁਲਦੇਵੀ ਦੀ ਛਾਯਾ ਹੋਊ। ਦੋ ਸਿਰਾਂ ਵਾਲਾ ਆਦਮੀ ਜਾਪੇ ਤਾਂ ਦੇਵੀ ਦੀ ਪੀੜਾ ਜਾਣੇ। ਇਉਂ ਥੋੜੀ ਜੇਹੀ ਮੂਤ੍ਰ ਦੀ ਪਛਾਣ ਕਹੀ ਹੈ॥ ੨੫॥ ੨੬॥

ਕਾਲ ਗਯਾਨ—ਕਬਿੱਤ

ਸਰਸੋਂ ਕਾ ਤੇਲ ਆਨ ਦਿਨ ਕੇ ਮਧਯਾਨ ਠਾਨ,
ਕਾਂਸੀ ਹੂੰ ਕੇ ਭਾਜਨ ਮੈ ਪਾਇ ਧੂਪ ਰਾਖੀਏ।
ਤਾਂ ਮੈ ਰਵਿ ਦੇਖ ਅੰਕ ਬੈਠਕੈ ਅਤੰਕੀ ਅੰਕ,
ਤਾਹੂ ਕੀ ਬਿਚਾਰ ਕਰੋ ਗਯਾਨ ਕਾਲ ਭਾਖੀਏ।
ਦੱਛਨ ਤੇ ਹੀਨ ਰਵੀ ਮਰੈ ਮਾਸ ਖਟ ਪਰੈ,
ਪੱਛਮ ਤੇ ਖੰਡ ਤਊ ਤੀਨ ਮਾਸ ਆਖੀਏ।

Digitized by Panjab Digital Library | www.panjabdigilib.org

ਉਤਰ ਤੇ ਖੰਡ ਮਾਸ ਦੋਇ ਆਉ ਰਹੀ ਤਾਸ,
ਪੂਰਬ ਤੇ ਖੰਡ ਮਾਸ ਏਕ ਮ੍ਰਿਤੁ ਰਾਖੀਏ ॥੨੭॥
ਪਰਿਹਾ—ਜੇ ਰਵਿ ਦੀਸਤ ਚਿਰ ਸਹਿਤ ਤੌ ਦਸ ਦਿਨੈ।
ਮਰਨ ਸੁ ਰੋਗੀ ਜਾਨ, ਸਹੀ ਪੰਡਿਤ ਗਿਨੈ।
ਸੂਰਜ ਦੀਸਤ ਸਯਾਮ, ਮਰਨ ਤਤਕਾਲ ਹੀ।
ਜੌ ਹੋਵੈ ਰਵਿ ਨਿਰਮਲ, ਖਾਇ ਨ ਕਾਲ ਹੀ ॥੨੮॥
ਸੋਰਠਾ—ਬੂਝਤ ਬੈਦ ਸੁਜਾਤ, ਜਾਂਕੈ ਪਰ ਗੁਰ ਕੀ ਕ੍ਰਿਪਾ।
ਜਾਨਤ ਨਾਹਿ ਕੁਜਾਤ, ਗੁਰ ਨਿੰਦਕ ਲੋਭੀ ਹਠੀ ॥੨੯॥
ਲਖਤ ਨ ਪਾਵਤ ਹਾਥ, ਜਹਾਂ ਤਹਾਂ ਆਦਰ ਲਹੈ।
ਜਗ ਮੈਂ ਹ੍ਵੈ ਵਿਖਯਾਤ, ਦਰਬ ਮਿਲੇ ਅਰੁ ਜਸੁ ਘਨੋ ॥੩੦॥
ਗੁਰ ਕਿਰਪਾ ਜਗ ਜਾਨ, ਪਢੈ ਪਢਾਵੈ ਜੋ ਜਗਤ।
ਗੁਰਬਿਨ ਕਛੂ ਨ ਮਾਨ, ਮੂਰਖ ਹਾਂਢੈ ਜਗ ਘਨੇ ॥੩੧॥

ਸਰ੍ਹੋਂ ਦਾ ਤੇਲ ਲੈ ਕੇ ਦਿਨ ਦੇ ਦੁਪੈਹਰ ਵੇਲੇ, ਕਾਂਸੀ ਦੇ ਭਾਂਡੇ ਵਿਚ ਪਾਕੇ ਧੁੱਪੇ ਰੱਖੋ। ਉਸ ਵਿੱਚ ਸੂਰਜ ਦੇ ਅੰਕ (ਹਿੱਸੇ) ਦੇਖਕੇ ਆਤੰਕੀ ਭਾਵ ਰੋਗੀ ਦਾ ਕਾਲ ਪ੍ਰੀਛਾ ਕਰ ਜੇ *ਦੱਖਣ ਦਿਸ਼ਾ ਵਲੋਂ ਸੂਰਜ ਦਾ ਭਾਗ ਹੀਣਾ ਦਿਸੇ ਤਾਂ ਛੇ ਮਹੀਨੇ ਵਿਚ ਮਰੇ। ਪੱਛਮ ਵਲੋਂ ਹੀਣਾ ਦਿਸੇ ਤਾਂ ੩ ਮਹੀਨੇ ਵਿਚ ਮਰੇ। ਉੱਤਰ ਦਿਸ਼ਾ ਤੇ ਸੂਰਜ ਹੀਣਾ ਦਿਸੇ ਤਾਂ ੨ ਮਹੀਨੇ ਵਿਚ ਮਰੇ। ਪੂਰਬ ਵਲੋਂ ਹੀਣਾ ਦਿਸਣ ਤੇ ਇਕ ਮਹੀਨੇ ਵਿਚ ਮੌਤ ਹੁੰਦੀ ਹੈ, ਇਉਂ ਕਹੇ।। ੨੭ ।। ਜੇ ਚਿਰ ਪਿਛੋਂ ਸੂਰਜ ਦਿੱਸੇ ਤਾਂ ਦਸਾਂ ਦਿਨਾਂ ਵਿਚ ਮਰੇ। ਜੇ ਸੂਰਜ ਕਾਲਾ ਦਿਸੇ, ਤਾਂ ਤਤਕਾਲ ਰੋਗੀ ਮਰ ਜਾਂਦਾ ਹੈ। ਜੇ ਸਾਫ ਦਿੱਸੇ ਤਾਂ ਨਹੀਂ ਮਰਦਾ ।। ੨੮ ।। ਇਹ ਚਤੁਰ ਵੇਦ ਜਾਣਦਾ ਹੈ, ਜਿਸ ਉਪਰ ਗੁਰਾਂ ਦੀ ਕਿਰਪਾ ਹੈ। ਕੁਜਾਤ ਲੋਭੀ ਨਹੀਂ ਜਾਣ ਸਕਦਾ। ਜੇਹੜਾ ਗੁਰਾਂ ਦਾ ਨਿੰਦਕ ਅਤੇ ਲੋਭੀ ਹਠੀਆ ਹੈ ।। ੨੯ ।। ਜੇਹੜਾ ਇਸ ਤਰ੍ਹਾਂ ਜਾਣਦਾ ਹੈ, ਫਿਰ ਹੱਥ ਨਹੀਂ ਪੌਂਦਾ। ਸੋ ਜਿਥੇ ਜਾਏ ਮਸ਼ਹੂਰ ਹੁੰਦਾ ਹੈ, ਆਦਰ (ਨਾਲ) ਜਸ ਤੇ



†ਸੂਰਜ ਚੜ੍ਹਦੇ ਵਲ ਮੂੰਹ ਕਰੇ, ਸੋ ਮੂੰਹ ਦੀ ਤਰਫ ਪੂਰਬ. ਸੱਜੇ ਹਥ ਵਲ ਦਖਣ, ਪਿੱਠ ਪਿਛੇ ਪੱਛਮ, ਖੱਬੇ ਹੱਥ ਵਲ ਉੱਤਰ ਦਿਸ਼ਾ ਮਮਝੋ।

Digitized by Panjab Digital Library | www.panjabdigilib.org

ਧਨ ਲੈਂਦਾ ॥ ੩੦ ॥ ਜੇਹੜੇ ੨ ਸੰਸਾਰ ਵਿਚ ਪੜ੍ਹ ਪੜ੍ਹਾ ਰਹੇ ਹਨ। ਸੋ ਸਤਿਗੁਰਾਂ ਦੀ ਕ੍ਰਿਪਾ ਹੈ, ਗੁਰਾਂ ਬਿਨਾਂ ਮੂਰਖ ਘਰ ਬਹੁਤੇਰੇ ਫਿਰ ਰਹੇ ਹਨ ॥ ੩੧ ॥

ਸਰਪਕਾਰ ਚੱਕ੍ਰ (ਕਾਲ ਗਜ਼ਾਨਾਤ)

ਸੋਰਠਾ

ਆਦ੍ਰਾ ਦੀਜਤ ਆਦਿ, ਮੱਧ ਜੋ ਦੀਜਤ ਮੂਲ ਕੋ।
ਅੰਤ ਸੀਸ ਮ੍ਰਿਗਦਾਦਿ, ਸਰਪ ਅਕਾਰੈ ਚੱਕ੍ਰ ਕਰ ॥੩੨॥
ਸਸਿ ਨਰ ਰਵਿ ਕੋ ਅੱਛ, ਐਕ ਨਿਸਾ ਤੀਨੋਂ ਮਿਲੈਂ।
ਕਰਤ ਕ੍ਰਿਤਾਂਤ ਜੁ ਭੱਛ, ਤਿਸ ਰੋਗੀ ਕੋ ਜਾਨਿਯੇ ॥੩੩॥

ਸਰਪ ਦੇ ਅਕਾਰ ਦਾ ਚੱਕ੍ਰ ਬਣਾਵੇ ਜੇਹਾ ਕ੍ਰ ‡ਚਿਤ੍ਰ ਵਿਚ ਹੈ, ਇਸ ਦੇ ਆਦਿ ਅਰਥਾਤ ਮੂੰਹ ਦੀ ਤਰਫ ਆਰਦ੍ਰਾ ਨਛੱਤ੍ਰ ਲਿਖੇ, ਮੱਧ ਵਿਚ ਮੂਲਾ ਅਰ ਅੰਤ ਵਿਚ ਮ੍ਰਿਗਸਰ ਨਛੱਤ੍ਰ ਲਿਖ ਕੇ ਦੇਖੇ ਅਰ ਵਿਚਾਰੇ। ਜੇ ਕਦੇ ਚੰਦ੍ਰਮਾ ਪੁਰਖ ਅਤੇ ਸੂਰਜ ਦਾ ਨਿਛੱਤ੍ਰ ਇਹ ਤਿੰਨੇ ਐਕ ਨਾੜੀ ਵਿੱਚ ਆ ਜਾਣ ਤਾਂ ਰੋਗੀ ਨੂੰ ਜਰੂਰ ਕਾਲ ਖਾ ਜਾਂਦਾ ਹੈ, ਪਰੰਤੂ ਇਹ ਬਾਤ ਜੋਤਸ਼ੀ ਬਿਨਾ ਛੇਤੀ ਸਮਝ ਵਿਖੇ ਨਹੀਂ ਆ ਸਕਦੀ ॥ ੩੨ ॥ ੩੩ ॥

ਪ੍ਰਸ਼ਨ ਵਿਧੀ

ਚੌਪਈ

ਦ੍ਵਿਗੁਨਾਕੀਜਤ ਆਰਤ ਨਾਮ। ਪ੍ਰਿੱਛਕ ਨਾਮ ਠਵੇ ਅਭਿਰਾਮ।
ਭਾਗ ਸਾਤਕਾ ਕਰਤ ਬਿਬਾਕ। ਜਿਸਤਮਰਤ ਜੀਵਤ ਜੇ ਤਾਕ॥੩੪॥

ਰੋਗੀ ਦੇ ਨਾਮ ਦੇ ਅੱਖਰ ਦੂਣੇ ਕਰੇ। ਪੁਛਣ ਵਾਲੇ ਦੇ ਨਾਮ ਦੇ ਅੱਖਰ ਭੀ ਵਿਚ ਪਾ ਕੇ ਅਕੱਠੇ ਕਰਕੇ ਜੋੜ ਲਵੇ ਫਿਰ ਸੱਤਾਂ ਪਰ ਵੰਡੇ, ਜਿਸਤ ਬਚਣ ਤਾਂ ਮਰੇ, ਟਾਂਕ ਰਹਿਣ ਤਾਂ ਰੋਗੀ ਜੀਵੇ ॥੩੪॥

ਪੁਨਾ ਕਾਲਗਜ਼ਾਨ (ਹਿਤੋਪਦੇਸ਼ਾਤ)

ਦੋਹਰਾ

ਮੁਕਰ ਤੇਲ ਘ੍ਰਿਤ ਨੀਰ ਮੈਂ, ਰੋਗੀ ਲਖਤ ਸ੍ਰਰੀਰ।
ਸੀਸ ਬਿਨਾ ਜੇ ਤਨ ਦਿਸਤ, ਮਰਤ ਪੱਖ ਇਕ ਧੀਰ ॥੩੫॥
ਕਰ ਪਦ ਹਿਰਦਾ ਅੰਗ ਤ੍ਰਿਕ, ਮੱਜਨ ਕਰੀ ਨਿਹਾਰ।
ਜੋ ਸੂਕੈ ਤਤਕਾਲ ਹੀ, ਤੁਰਤ ਮਰਤ ਨਰ ਨਾਰਿ ॥੩੬॥
ਦੀਪਕ ਬੁਝਤ ਜੁ ਗੰਧ ਕਛੁ, ਲਖਤ ਨ ਤਾਂਕੀ ਬਾਤ।
ਸੋਭਾ ਲੱਜਾ ਨਾਸ ਹ੍ਵੈ ਕਰਤ ਤਾਂਹਿ ਜਮ ਘਾਤ ॥੩੭॥

---

‡ਚਿਤ੍ਰ ਪੁਸਤਕ ਦੇ ਅਖੀਰ ਵਿੱਚ ਦੇਖੋ।

Digitized by Panjab Digital Library | www.panjabdigilib.org

ਸ਼ੀਸ਼ੇ ਵਿਚ ਤੇਲ, ਘ੍ਰਿਤ ਤੇ ਪਾਣੀ ਵਿਚ ਭੀ ਰੋਗੀ ਦਾ ਸਰੀਰ (ਮੂੰਹ) ਦਿਖਾਵੇ। ਜੇ ਸਿਰ ਤੋਂ ਬਿਨਾਂ ਧੜ ਨਜ਼ਰ ਆਵੇ ਤਾਂ ਪੰਦਰਾਂ ਦਿਨਾਂ ਵਿਚ ਮਰੇ ॥੩੫॥ ਜੇ ਹੱਥ ਪੈਰ ਤੇ ਹਿਰਦਾ (ਸੀਨਾ) ਇਹ ਤਿੰਨ ਅੰਗ ਇਸ਼ਨਾਨ ਕਰਦੇ ਦੇ ਛੇਤੀ ਸੁਕ ਜਾਣ ਤਾਂ ਤੁਰਤ ਮ੍ਰਿਤੂ ਜਾਣੋ ॥੩੬॥ ਜੇ ਦੀਵਾ ਬੁਝੇ ਦੀ ਦੁਰਗੰਧੀ ਨਾ ਪ੍ਰਤੀਤ ਦੇਵੇ। ਕ੍ਰਾਂਤੀ ਤੇ ਲੱਜਾ ਭੀ ਨਾ ਰਹੇ, ਸੋ ਤੁਰਤ ਮਰ ਜਾਂਦਾ ਹੈ ॥ ੩੭ ॥

ਮੂਤ੍ਰ ਦੇ ਰੰਗਾਂ ਦੀ ਪ੍ਰੀਛਾ

ਦੋਹਰਾ

ਪੀਤ ਬਰਨ ਤੇ ਤਰਨ ਜ੍ਵਰ ਦੀਰਘ ਰੋਗੀ ਲਾਲ।
ਦੁਰਗੰਧ ਕ੍ਰਿਸ਼ਨਾ ਬਰਨ ਤੇ, ਰੋਗੀ ਜਮ ਮੁਖ ਘਾਲ ॥੩੮॥
ਕ੍ਰਿਸ਼ਨ ਚੀਕਨਾ ਬਾਤ ਤੇ, ਪੀਤ ਪਿੱਤ ਕੋ ਜਾਨ।
ਕਫ ਕਾ ਗੰਧਲੇ ਨੀਰ ਸਮ, ਜਾਨੋ ਬੈਦ ਸੁਜਾਨ ॥੩੯॥
ਸਰਸਵ ਤੇਲ ਸਮਾਨ ਹੀ, ਦੋਇ ਦੋਖ ਪਿਤ ਬਾਤ।
ਕਾਂਜੀ ਸਮ ਕਫ ਬਾਤ ਕੋ, ਕਫਪਿਤ ਪਾਂਡੂ ਰਸਾਤ ॥੪੦॥
ਕ੍ਰਿਸ਼ਨ ਸੰਨਿ ਮੰਦਾਗਨੀ, ਅਜਾ ਮੂਤ ਕਾ ਰੰਗ।
ਜੀਰਨ ਜ੍ਵਰ ਕੁੰਕਮ ਪ੍ਰਭਾ, ਗਯੋ ਤਾਪ ਰੰਗ ਕੰਗ ॥੪੧॥
ਕਟੁਕ ਤੇਲ ਬਿੰਦੂ ਪਾਈਏ, ਉਠਤ ਬੁਦਬਦਾ ਜਾਨ।
ਪਿੱਤ ਜਲਤ ਤਿਸ ਆਖੀਏ, ਕਹਤ ਮੇਘ ਸ਼ੁਭ ਗਜਾਨ ॥੪੨॥

ਪੀਲੇ ਰੰਗ ਦਾ ਪੇਸ਼ਾਬ ਹੋਵੇ ਤੇ ਨਵਾਂ ਤਾਪ। ਚਿਰਾਕੇ ਰੋਗੀ ਦਾ ਮੂਤ੍ਰ ਲਾਲ ਕਹੇ। ਜੇ ਦੁਰਗੰਧ ਤੇ ਕਾਲੇ ਰੰਗ ਦਾ ਮੂਤ੍ਰ ਹੋਵੇ ਤਾਂ ਰੋਗੀ ਯਮ ਘਰ ਜਾਂਦਾ ਹੈ ॥ ੩੮॥ ਵਾਯੂ ਤੇ ਕਾਲਾ ਚੀਕਣਾ ਰੰਗ, ਪਿੱਤ ਤੇ ਪੀਲਾ, ਅਤੇ ਕਫ ਵਾਲੇ ਦਾ ਗੰਧਲੇ ਪਾਣੀ ਸਮਾਨ ਮੂਤ੍ਰ ਦਾ ਰੰਗ ਹੁੰਦਾ ਹੈ ॥ ੩੯ ॥ ਸਰੋਂ ਦੇ ਤੇਲ ਦੇ ਸਮਾਨ ਰੰਗ ਹੋਵੇ ਤਾਂ ਬਾਤ ਪਿੱਤ ਦਾ ਦੋਖ ਜਾਣੇ। ਕਫ ਬਾਤ ਦਾ ਕਾਂਜੀ ਦੇ ਸਮਾਨ ਤੇ ਕਫ ਪਿੱਤ ਦਾ ਪਾਂਡੂ ਦੇ ਰੰਗ ਦੇ ਮੂਤ੍ਰ ਦਾ ਹੋਂਦਾ ਹੈ ॥ ੪੦ ॥ ਸੰਨਿਪਾਤ ਵਾਲੇ ਦਾ ਕਾਲਾ ਮੰਦਾਗਨੀ ਵਾਲੇ ਦਾ ਬੱਕਰੀ ਦੇ ਪੇਸਾਬ ਸਮਾਨ, ਪੁਰਾਣੇ ਤਾਪ ਵਾਲੇ ਦਾ ਕੇਸਰੀ ਰੰਗ ਤੇ ਜਿਸ ਦਾ ਤਪ ਹਟ ਗਿਆ ਹੋਵੇ, ਉਸ ਪਾਣੀ ਦੇ ਸਮਾਨ ਚਿੱਟੇ ਰੰਗ ਵਾਲਾ ਮੂਤ੍ਰ ਹੋਂਦਾ ਹੈ ॥ ੪੧ ॥ ਜੇ ਉਸ ਮੂਤ੍ਰ ਵਿਚ ਕੌੜੇ ਤੇਲ ਦੀ ਬੂੰਦ ਪਾ ਕੇ ਦੇਖੇ ਤੇ ਬੁਦਬੁਦੇ ਉਠ ਆਵਨ, ਤਾਂ ਤਿਸ ਦਾ ਪਿੱਤ ਸੜ ਗਿਆ ਹੈ, ਇਉਂ ਜਾਣੇ ॥੪੨॥

ਮੂੰਹ ਪ੍ਰੀਛਾ—ਦੋਹਰਾ

ਰੂਆ ਬੱਕ੍ਰ ਸੁ ਕਠਿਨ ਮੁਖ, ਬਾਤ ਵਾਤ ਏ ਜਾਨ।
ਰਕਤ ਪੀਤ ਅਤਿ ਉਸਨ ਮੁਖ, ਤਾਕੋ ਪਿਤ ਦੁਖ ਠਾਨ ॥੪੩॥
ਸੂਨ ਚੀਕਨਾ ਗੁਰੁ ਬਦਨ, ਕਰਤ ਕੋਪ ਕਫ ਏਹ।
ਸਵ ਲੱਛਨ ਸੰਨਿਪਾਤ ਮੈ, ਦੋ ਦੁੰਬਜ ਲਖਿ ਤੇਹ ॥੪੪॥

Digitized by Panjab Digital Library | www.panjabdigilib.org

ਮੂੰਹ ਖੁਸ਼ਕ, ਟੇਢਾ ਤੇ ਕਰੜਾ ਬਾਤ ਵਾਲੇ ਦਾ ਹੁੰਦਾ ਹੈ, ਇਹ ਬਾਤ ਜਾਣੇ। ਲਾਲ, ਪੀਲਾ ਤੇ ਗਰਮ ਪਿੱਤ ਵਾਲੇ ਦਾ ਹੁੰਦਾ ਹੈ ॥ ੪੩ ॥ ਸੁੰਨਾ, ਚੀਕੁਣਾ ਤੇ ਭਾਰਾ ਕਫ ਕ੍ਰੋਪ ਹੋਵੇ ਤਾਂ ਜਾਣੇ। ਜਿਥੇ ਸਭੇ ਲੱਛਣ ਪ੍ਰਤੀਤ ਹੋਣ, ਉਹ ਸੰਨਿਪਾਤ ਦਾ ਤੇ ਜਿਥੇ ਦੋ ਦੋ ਲੱਛਣ ਪ੍ਰਤੀਤ ਹੋਣ ਕਹ ਦੁੰਦਜ ਦੋਖ ਦਾ ਮੂੰਹ ਸਮਝੇ ॥ ੪੪ ॥

ਨੇਤ੍ਰ ਪ੍ਰੀਛਾ—ਦੋਹਰਾ

ਪੀਤ ਬਰਨ ਪਿਤ ਜਾਨੀਯੇਂ ਸ੍ਵੇਤ ਬਰਨ ਕਫ ਜਾਨ।
ਕ੍ਰਿਸ਼ਠ ਬਰਨ ਬਾਦੀ ਕਹੀ, ਤੀਨੋ ਤੇ ਸਨਿ ਮਾਨ ॥੪੫॥

ਪੀਲੇ ਰੰਗ ਦੇ ਨੇਤ੍ਰ ਹੋਣ ਤਾਂ ਪਿੱਤ ਜਾਣੇ, ਨੇਤ੍ਰਾਂ ਦੀ ਰੰਗਤ ਚਿਟੀ ਹੋਵੇ ਤਾਂ ਕਫ ਅਤੇ ਕਾਲਾ ਰੰਗ ਨੇਤ੍ਰਾਂ ਦਾ ਹੋਵੇ ਤਾਂ ਵਾਯੂ ਦਾ ਵਾਧਾ ਕਹੇ। ਜੇਕਰ ਤਿੰਨ ਤਰ੍ਹਾਂ ਦਾ ਰੰਗ ਦ੍ਰਿਸ਼ਟੀ ਆਵੇ ਤਾਂ ਸੰਨਿਪਾਤ ਹੈ, ਇਸ ਪ੍ਰਕਾਰ ਕਹੇ ॥ ੪੫ ॥

ਵੈਦਯ ਲੱਛਣ (ਵੈਦਯ ਜੀਵਨਾਤ)—ਕਬਿਤ

ਗੁਰੂ ਹੀ ਕੈ ਪਾਸ ਪਢੈ ਬੈਦ ਕੀ ਸੁ ਬਿਦਯਾ ਸਭ,
ਹਾਥ ਹੀ ਸੁਜਸ ਜਾਂਕੈ ਕ੍ਰਿਯਾ ਸਭ ਜਾਨਿ ਹੈ।
ਲਭ ਕੋ ਤਿਆਗੀ ਸਭ ਧੀਰਜ ਧਰਨਹਾਰ,
ਸਦ ਹੀ ਪਵਿਤ੍ਰ ਸਭ ਅੰਗ ਭਲੋ ਮਾਨਿ ਹੈ।
ਦਯਾ ਕਰੈ ਰੰਕ ਦੇਖ ਰਾਖੈ ਸੁਭ ਸੇਤ ਵੇਖ,
ਸੁਧਿ ਜੋ ਧਿਕਾਰੀ ਸਭ ਸਾਸਤ੍ਰ ਲਖਿਵਾਨਿ ਹੈ।
ਐਸੋ ਈ ਜੁ ਹੋਇ ਬੈਦ ਭੇਖਜੀ ਸੁ ਖਾਵੇ ਤਿਸ,
ਸਭ ਹੀ ਸਰੀਰ ਕੀ ਸੁ ਬੇਦਨਾ ਸਭਾਨਿ ਹੈ ॥੪੬॥

ਗੁਰੂ ਪਾਸੋਂ ਵੈਦਕ ਪੜ੍ਹਿਆ ਹੋਯਾ, ਹੱਥ ਦਾ ਸੁਜੱਸੀ, ਹੱਥ ਕ੍ਰਿਯਾ ਦਾ ਜਾਨਣ ਹਾਰਾ, ਨਿਰਲੋਭੀ, ਧੀਰਜੀ, ਸਭਨਾਂ ਅੰਗਾਂ ਕਰਕੇ ਪਵਿਤ੍ਰ, ਗਰੀਬਾਂ ਪਰ ਦਯਾ ਕਰਨਹਾਰਾ, ਸਰੇਸ਼ਟ ਭੇਸ ਵਾਲਾ, ਸੁਧ ਚਿੱਤ ਤੇ ਸ਼ਾਸਤ੍ਰ ਗਯਾਤਾ, ਇਸਤਰ੍ਹਾਂ ਦੇ ਵੈਦ ਦੀ ਦਵਾਈ ਖਾਵੇ ਤਾਂ ਨਿਰੋਗ ਹੋਵੇ ॥੪੬॥

ਕੁਵੈਦਯ ਲੱਛਨ— ਚੌਪਈ

ਕਰੈ ਕੁਸੀਲ ਜੁ ਮੂਰਖ ਹੋਵੈ। ਬਚਨ ਕਠੋਰ ਭਨੈ ਮੁਖ ਸੋਵੈ।
ਸਕਲ ਗ੍ਰੰਥ ਕੀ ਲਖੈ ਨ ਸਾਰਾ। ਤਾਹਿ ਬੈਦ ਕੋ ਦੂਰ ਬਿਡਾਰਾ ॥੪੭॥
ਸੁਨੀ ਸੁਨਾਈ ਭੇਖਜ ਦੇਵੈ। ਸੋ ਰੋਗੀ ਕੇ ਪ੍ਰਾਨਹਿ ਲੇਵੈ।
ਆਪੇ ਰੋਗੀ ਪੀਰਤ ਅੰਗੀ। ਇਸੇ ਬੇਦ ਕਾ ਛਾਡਹੁ ਸੰਗੀ ॥੪੮॥
ਬਿਨਾ ਬੁਲਾਏ ਦੌੜਯਾ ਜਾਵੈ। ਗੁਰ ਕੇ ਪਾਸ ਸੁ ਪਢ ਨਹਿ ਆਵੈ।

Digitized by Panjab Digital Library | www.panjabdigilib.org

ਐਸਾ ਬੈਦ ਨ ਘਰਹਿ ਲਿਆਵੇ। ਚਤ੍ਰ ਬੈਦ ਕੋ ਲੈ ਦਿਖਲਾਵੇ ॥੪੯॥

ਤ੍ਰਿਭੰਗੀ ਛੰਦ

ਜੋ ਮਦ ਬਹੁ ਪੀਵੈ, ਆਲਸ ਥੀਵੈ, ਕੰਟ ਕਹੀਵੈ ਅਭਿਮਾਨੀ।
ਸੋ ਗੁਨ ਨਹਿ ਜਾਨੈ, ਝੂਠ ਬਖਾਨੈ, ਦਯਾ ਨ ਮਾਨੈ ਅਗਯਾਨੀ।
ਰੁਜ ਸਮਝ ਨ ਕਰਤਾ,ਦੁਖ ਨਹਿ ਹਰਤਾ,ਕ੍ਰੋਧਸੁ ਕਰਤਾ ਆਧਰਮੀ॥
ਤਾਕੀ ਸੁਨ ਦਾਰੂ, ਬਹੁ ਨਰ ਮਾਰੂ, ਹੋਇ ਨ ਸਾਰੂ ਇਨ ਕਰਮੀ ॥੫੦॥

ਬਦਚਲਨ, ਮੂੜ੍ਹ, ਕੌੜਾ ਬੋਲਣਹਾਰਾ, ਨਿੰਦ੍ਯਾਲੂ, ਗ੍ਰੰਥਾਂ ਦੇ ਤੱਤ ਨੂੰ ਨਾ ਜਾਨਣਹਾਰਾ, ਇਸਤਰ੍ਹਾਂ ਦੇ ਵੈਦ ਨੂੰ ਤਿਆਗ ਦੇਵੇ ॥ ੪੭ ॥ ਸੁਣੀ ਸੁਣਾਈ ਦਵਾਈ ਦੇਣਹਾਰਾ, ਰੋਗੀ ਦੇ ਪ੍ਰਾਣ ਹੀ ਕਢ ਲੈਂਦਾ ਹੈ। ਆਪ ਰੋਗੀ ਹੋਵੇ। ਅਜਿਹੇ ਵੈਦ ਦਾ ਸੰਗ ਛਡ ਦੇਵੇ ॥ ੪੮ ॥ ਬਿਨਾ ਬੁਲਾਏ ਆਪਣੇ ਆਪ ਦੌੜ ਆਣ ਵਾਲੇ ਪਾਸੋਂ ਅਰ ਜੇਹੜਾ ਗੁਰੂ ਪਾਸੋਂ ਪੜ੍ਹਿਆ ਨਾ ਹੋਵੇ, ਕਿੰਤੂ ਛਾਪੇ ਦੇ ਪੁਸਤਕ ਲੈ ਕੇ ਬਣਿਆਂ ਬਣੋਟੀ ਵੈਦ, ਅਜਿਹੇ ਨੂੰ ਘਰ ਨਾਂ ਲਿਆਵੇ ਅਰ ਜੇਹੜਾ ਚਤਰ ਵੈਦ (ਪੜ੍ਹਿਆ ਹੋਇਆ ਹੋਵੇ) ਉਸਨੂੰ ਲਿਆਕੇ ਦਿਖਲਾਵੇ ॥ ੪੯ ॥ ਜੇਹੜਾ ਬਹੁਤੀ ਸ਼ਰਾਬ ਪੀਣ ਵਾਲਾ, ਆਲਸੀ, ਕੌੜਾ ਬੋਲਣਹਾਰਾ, ਅਭਿਮਾਨੀ, ਸੋ ਅਜਿਹੇ ਗੁਣਾਂ ਤੋਂ ਅਗਿਆਤ, ਝੂਠ ਬੋਲਣ ਵਾਲਾ, ਨਿਰਦਈ, ਅਗਿਆਨੀ, ਰੋਗ ਨੂੰ ਨਹੀਂ ਸਮਝ ਸਕਦਾ, ਸਗੋਂ ਉਲਟਾ ਅਗੋਂ ਕ੍ਰੋਧ ਕਰਨ ਹਾਰਾ, ਅਧਰਮੀ, ਐਸੇ ਵੈਦ ਦੀ ਦਵਾਈ ਬਹੁਤੇ ਆਦਮੀਆਂ ਨੂੰ ਮਾਰਨ ਵਾਲੀ ਹੁੰਦੀ ਹੈ, ਕਿਉਂਕਿ ਅਜਿਹੇ ਕਰਮਾਂ ਵਾਲਾ ਸਰੇਸ਼ਟ ਨਹੀਂ ਹੁੰਦਾ ॥੫੦॥

ਰੋਗੀ ਲੱਛਣ—ਪਵੰਗਮਛੰਦ

ਰੋਗੀ ਕੈ ਧਨ ਹੋਇ, ਕਬੂ ਨਾ ਤੂਟ ਹੈ।
ਹੋਵੈ ਘਨਾ ਦਾਤਾਰ, ਨ ਕਾਹੂੰ ਹੂਟ ਹੈ।
ਵੈਦੇ ਦੇਵੈ ਭੇਟ, ਘਨੀ ਸੀ ਆਨਿਕੈ।
ਤੌ ਰੋਗੀ ਹੋਇ ਚੰਗ, ਭਲੀ ਬਿਧਿ ਠਾਨਿਕੈ ॥੫੧॥
ਕਹਤ ਮੇਘ ਇਹੁ ਬੇਨਤੀ, ਸੁਨਿਯੋ ਸਭ ਨਰ ਨਾਰਿ।
ਦੋਹਰਾ—ਰੋਗ ਗਵਾਵੈ ਬੈਦ ਜੋ, ਦੀਜੈ ਜੀਵ ਨਿਕਾਰ ॥ ੫੨ ॥

ਰੋਗੀ ਦੇ ਘਰ ਧਨ ਹੋਵੇ, ਟੋਟ ਔਣ ਵਾਲਾ ਨਿਰਧਨੀ ਨਾਂ ਹੋਵੇ। ਰੋਗੀ ਦਾਤਾ ਭੀ ਹੋਵੇ, ਕਿਸੇ ਨੂੰ ਨਾਂਹ ਨਾਂ ਕਰੇ। ਵੈਦ ਨੂੰ ਲਿਆ ਕੇ ਬਹੁਤ ਭੇਟਾ ਦੇਵੇ ਤਾਂ ਰੋਗੀ ਚੰਗਾ ਭਾਵ ਰਾਜ਼ੀ ਹੋ ਸਕਦਾ ਹੈ। ਇਹ ਅਛੀ ਤਰਾਂ ਕਿਹਾ ਹੈ ॥ ੫੧ ॥ ਮੇਘ ਜੀ ਆਖਦੇ ਹਨ ਹੇ ਪੁਰਖ ! ਅਥਵਾ ਇਸਤ੍ਰੀਓ !! ਜੇਹੜਾ ਵੈਦ ਰੋਗ ਗੁਆ ਦੇਵੇ, ਓਹ ਜੇਕਰ ਪ੍ਰਾਣ ਭੀ ਚਾਹੇ ਤਾਂ ਦੇ ਦੇਵੇ, ਹੋਰ ਧਨ ਮਾਲ ਤਾ ਚੀਜ਼ ਹੀ ਕੀ ਹੈ ॥ ੫੨ ॥

ਦੂਤ ਲੱਛਣ (ਸਾਰੰਗਧਰਾਤ)—ਦੋਹਰਾ

ਰੋਗੀ ਕਾਰਨ ਬੈਦ ਪੈ, ਜਾਵੈ ਐਸਾ ਦੂਤ।

Digitized by Panjab Digital Library | www.panjabdigilib.org

ਭਲੀ ਜਾਤ ਅਰੁ ਬਾਜ ਚਢ,ਬਿਕਸ ਬਦਨ ਅਦਭੂਤ॥੫੩॥
ਫਲ ਪੁਸ਼ਪਾਦਿਕ ਬੈਦ ਕੋ, ਦੇਇ ਕਰੈ ਅਰਦਾਸ।
ਪੂਰਬ ਦਿਸ ਠਾਂਢੋ ਰਹੈ,ਬੋਲਤ ਬਚਨ ਹੁਲਾਸ ॥੫੪॥
ਸੁਰ ਕੀ ਕਰਤ ਬਿਚਾਰ ਹੀ,ਵਹਤ ਦਾਹਨੀ ਨਾਸ।
ਸੋ ਰੋਗੀ ਜੀਵੈ ਸਹੀ, ਤਾਕਾ ਨਾਹਿ ਬਿਨਾਸ ॥੫੫॥

ਰਸਾਵਲ ਛੰਦ

ਦੇਵ ਦਰਸ ਗੁਰ ਦਰਸ, ਰਾਇ ਕੋ ਮਿਲਨੇ ਜਾਵਤ।
ਬੈਦ ਜੋਤਕੀ ਪਾਸ, ਜਾਇ ਨਰ ਤਾਹਿ ਬੁਲਾਵਤ।
ਕਹੀ ਪਾਂਚ ਇਹ ਠੌਰ, ਤਾਹ ਘਰ ਜਾਇ ਨ ਖਾਲੀ।
ਫਲ ਦੀਏ ਫਲ ਪਾਇ, ਬਾਤ ਇਹ ਗ੍ਰੰਥਨ ਵਾਲੀ ॥੫੬॥

ਦੂਤ, ਰੋਗੀ ਦੇ ਬੁਲੌਣ ਵਾਸਤੇ ਘੋੜੇ ਪਰ ਚੜ੍ਹਕੇ ਖਿੜੇ ਮੂੰਹ ਵਾਲਾ ਜਾਵੇ ॥ ੫੩ ॥ ਫਲ ਫੁਲ ਭੇਟਾ ਰਖਕੇ ਪੂਰਬ ਦੀ ਤਰਫ ਖੜਾ ਹੋ ਬੇਨਤੀ ਕਰੇ ॥ ੫੪ ॥ ਅਗੋਂ ਵੈਦ ਸੁਰਾਂ ਦੇ ਜਾਨਣ ਵਾਲਾ ਹੋਵੇ, ਜੇ ਸੱਜੀ ਸੁਰ ਚਲਦੀ ਹੋਵੇ ਤਾਂ ਸੋਚੇ, ਜਾਣਾ ਚੰਗਾ ਹੈ, ਰੋਗੀ ਨਹੀਂ ਮਰੇਗਾ, ਤਾਂ ਤੁਰੇ ॥ ੫੫ ॥ ਦੇਵਤਾ, ਗੁਰੂ, ਰਾਜਾ, ਵੈਦ ਤੇ ਜੋਤਸ਼ੀ ਇਨ੍ਹਾਂ ਪੰਜਾਂ ਪਾਸ ਖਾਲੀ ਹਥੀਂ ਨਾ ਜਾਵੇ। ਫਲ ਭੇਟਾ ਆਦਿ ਦੇਵੇ ਤਾਂ ਫਲ ਪ੍ਰਾਪਤ ਹੋਵੇ, ਇਹ ਬਾਤ ਗ੍ਰੰਥਾਂ ਦੀ ਹੈ ॥ ੫੬ ॥

ਸ਼ੁਭ ਸਗੁਨ–ਹਾਕਲਾ ਛੰਦ

ਅੱਛਤ ਆਮਿਖ ਏਹੈ ਦੋਇ ਦੂਬ ਹਸਤਿ ਕੰਨਯਾਂ ਭੀ ਜੋਇ।
ਚੰਦਨ ਸੰਖ ਦਹੀ ਜੋ ਜਾਨਾ ਸਰਸੋਂ ਫਲ ਦਰਪਨ ਸੋ ਠਾਨ॥੫੭॥
ਮੱਛੀ ਜੋਰਾ ਮੰਗਲ ਗੀਤ। ਰੂਪਾ ਤਾਂਬਾ ਲਖ ਯੁਤ ਮੀਤ।
ਪੁਤ੍ਰ ਸਹਿਤਾ ਹੋਵੈ ਬਾਲ। ਬਿਪਰ ਪਢਤਾ ਤਿਲਕਾ ਭਾਲ ॥੫੮॥
ਏਹ ਸ਼ਕੁਨ ਲੈ ਚਿਤੈ ਧਰੋ। ਰੋਗੀ ਕਾਜੈ ਰੋਗ ਸੁ ਹਰੋ।
ਸਨਮੁਖ ਸਗੁਨ ਜੋ ਐਸਾ ਧਾਰ।ਬੈਦ ਜਾਇ ਰੋਗੀ ਜੋ ਦ੍ਵਾਰ॥੫੯॥

ਚਾਵਲ, ਮਾਸ, ਘਾਸ, ਹਾਥੀ, ਕੰਨਯਾ, ਚੰਦਨ, ਸੰਖ, ਦਹੀਂ, ਸਰ੍ਹੋਂ, ਫਲ, ਸ਼ੀਸ਼ਾ, ਮੱਛੀ ਦਾ ਜੋੜਾ, ਮੰਗਲ ਦੇ ਗੀਤ ਗੌਂਦੇ, ਚਾਂਦੀ, ਤਾਂਬਾ, ਮਿਤਰ, ਪੁਤਰਵਤੀ ਇਸਤਰੀ, ਪੜ੍ਹਦਾ ਬ੍ਰਾਹਮਣ ਜਾਂ ਤਿਲਕ ਵਾਲਾ ਇਹ ਸਗਨ ਰੋਗੀ ਦੇ ਘਰ ਜਾਂਦੇ ਸਾਮ੍ਹਣੇ ਮਿਲਣ ਤਾਂ ਚੰਗੇ ਹਨ ॥੫੭॥੫੮॥੫੯॥

ਅਸ਼ੁਭ ਸਗੁਨ–ਰਸਾਵਲ ਛੰਦ

ਮੁੰਡਾ ਦੰਤੁਲ ਹਾਡ, ਹਾਥ ਮੈ ਅਗਨਿ ਕਪਾਲੀ।

Digitized by Panjab Digital Library | www.panjabdigilib.org

ਜਟਾਜੂਟ ਸਿਰ ਹੋਇ, ਭਸਮ ਤਨ ਨਕੁਲ ਬਯਾਲੀ।
ਭਗਮ ਬਸਨ ਸੰਯੁਕਤ, ਮਹਿਖ ਖਰ ਕਰਭ ਚਢੀਯਾ।
ਦੋ ਮਿਲ ਲੇਵਨ ਆਇ, ਕਹੈ ਜੁ ਕੁਸਗਨ ਪਢੀਯਾ ॥੯੦॥

ਸਿਰਮੁੰਨਾ, ਹੁੱਡਲ. ਫੱਥਾਂ ਵਿਚ ਹੱਡ ਵਾਲਾ, ਅੱਗ ਵਾਲਾ, ਖਪਰੀ ਵਾਲਾ, ਜਟਾਂ ਵਾਲਾ, ਸੁਆਹ ਮਲੀ ਵਾਲਾ, ਨਿਉਲ, ਸੱਪ, ਬੰਗਾਲੀ ਸਪੇਰਾ, ਮਹੀਂ, ਗਧੇ, ਊਠ ਉਤੇ ਚੜ੍ਹਿਆ ਤੇ ਮਿਲਕੇ ਦੋ ਸੱਦਣ ਆਏ ਹੋਣ ਰਾਂ ਇਹ ਕੁਸਗਨ ਹਨ. ਦੇਖ ਕੇ ਨਾਂ ਜਾਵੇ ॥ ੯੦ ॥

ਸਾਧ ਰੋਗੀ ਲੱਛਣ—ਚੌਪਈ

ਸੌਂਮਯ ਦਿਸ਼ਟ ਅਰੁ ਬਚਨ ਸੁਭਾਖ। ਗੁਦਾ ਸਾਂਤ ਜਾਨੋ ਸੁਭ ਸਾਖ।
ਤਾਂਕਾ ਕਰਿਯੋ ਬੈਦ ਉਪਾਇ। ਮਰਤ ਨ ਰੋਗੀ ਜੀਵਤ ਸਾਇ॥੯੧॥
ਕਰ ਅੰਗਨਿ ਜਿਸ ਸੀਤ ਨ ਹੋਇ। ਦਾਘ ਉਪੱਦ੍ਰਵ ਨਾਹੀ ਕੋਇ।
ਜਿਹਵਾ ਕੋਮਲ ਹੋਵੈ ਜਾਸ। ਸਾਧਯ ਕਹਯੋ ਰੋਗੀ ਸੁਭ ਭਾਸ ॥੯੨॥
ਸ੍ਵੇਦ ਰਹਤ ਜੁਰ ਜਾਹਿ ਸਰੀਰ। ਨਾਸਾ ਆਵੈ ਗੰਧ ਸਮੀਰ।
ਗਰੇ ਮਾਹਿ ਜੋ ਕਫ ਨਹਿ ਜਾਹਿ। ਤਿਸ ਰੋਗੀ ਕੀ ਮ੍ਰਿਤ ਸੁ ਨਾਹਿ॥੯੩॥
ਸਕਲ ਸਰੀਰੇ ਉਦਮ ਹੋਇ। ਭਲੀ ਨੀਂਦ ਸੋਂ ਰਹਿਤਾ ਸੋਇ॥
ਇੰਦ੍ਰੀ ਸਕਲ ਰਹੈ ਚੈਤੰਨ। ਤਿਸ ਰੋਗੀ ਜਮ ਸਕੈ ਨ ਹੰਨ ॥੯੪॥
ਭਲੀ ਭਾਂਤਿ ਸਭ ਕੀਜ ਪਛਾਨਾ। ਸ੍ਵਾਦ ਗੰਧ ਸੁਭ ਬਚਨ ਬਖਾਨਾ।
ਸਕਲ ਕਲਾ ਸੁਭ ਪੂਰਨ ਹੋਇ। ਤਾਕੋ ਔਖਦ ਦੇਵੋ ਜੋਇ ॥੯੫॥

ਚੰਗੀ ਦ੍ਰਿਸ਼ਟੀ ਦਾ ਸਪਸ਼ਟ, ਬੋਲਦਾ, ਦਸਤ ਨਾਂ ਹੋਣ ਅਜੇਹੇ ਦੀ ਉਪਾ ਕਰਨਾ ਚੰਗਾ ਹੈ, ਇਹ ਸ੍ਰੇਸ਼ਟ ਨਿਸ਼ਾਨੀਆਂ ਹਨ। ਰੋਗੀ ਮਰਦਾ ਨਹੀਂ ਯਤਨ ਕਰੋ ॥੯੧॥ ਹੱਥ ਪੈਰ ਜਿਸਦੇ ਠੰਢੇ ਨਾਂ ਹੋਣ, ਦਾਹ ਆਦਿ ਕੋਈ ਉਪਦ੍ਰਵ ਨਾ ਹੋਵੇ। ਜਿਸਦੀ ਜ਼ਬਾਨ ਨਰਮ ਹੋਵੇ। ਐਸਾ ਰੋਗੀ ਭੀ ਨਿਰੋਗ ਹੋਣ ਵਾਲਾ ਕਿਹਾ ਹੈ ॥ ੯੨ ॥ ਪਸੀਨੇ ਬਿਨਾਂ ਸਰੀਰ ਨੂੰ ਤਾਪ ਚੜ੍ਹਿਆ ਹੋਵੇ, ਨਾਸਾਂ ਦ੍ਵਾਰੇ ਸੁਗੰਧੀ ਆਉਂਦੀ ਹੋਵੇ ਗਲ ਵਿਚ ਕਫ ਨਾਂ ਖੜਕਦੀ ਹੋਵੇ. ਇਸਤਰ੍ਹਾਂ ਦਾ ਰੋਗੀ ਮਰਦਾ ਨਹੀ ਹੈ। ਸਾਰੇ ਸਰੀਰ ਵਿਚ ਉੱਦਮ ਹੋਵੇ, ਨਿੰਦ੍ਰਾ ਆਉਂਦੀ ਹੋਵੇ. ਦਿਨਾਂ ਹੀਲ ਹੁੱਜਤ ਦੇ ਸੌਂ ਰਹਿੰਦਾ ਹੋਵੇ। ਇੰਦ੍ਰਿਆਂ ਸਾਰੀਆਂ ਚੈਤੰਨ ਰਹਿੰਦੀਆਂ ਹੋਣ। ਤਿਸ ਅਜੇਹੇ ਰੋਗੀ ਨੂੰ ਯਮ ਨਹੀਂ ਮਾਰ ਸਕਦਾ। ਅਛੀ ਤਰਾਂ ਜੇਹੜਾ ਸਭ ਨੂੰ ਪਛਾਣੇ, ਰਸਨਾ ਵਿਚ ਸ੍ਵਾਦ, ਨਾਸਾਂ ਵਿਚ ਗੰਧ ਗਿਆਨ. ਮੂੰਹੋ ਸਾਫ ਬੋਲਦਾ ਹੋਵੇ। ਸਾਰੀ ਕਲਾਂ ਮਰਯਾਦਾ ਕਰਕੇ ਸਭ ਤਰਾਂ ਸ੍ਰੇਸ਼ਟ ਅਰ ਭਰਪੂਰ ਹੋਵੇ ਤਿਸਨੂੰ ਦਵਾਈ ਦੇਵੇ. ਕਿਸ ਤਰ੍ਹਾਂ ਦਾ ਖਤਰਾ ਨਹੀਂ ਹੈ ॥ ੯੩ ॥ ੯੪ ॥ ੯੫ ॥

ਰੋਗੀ ਅਸਾਧਯ ਲੱਛਣ (ਬਿੰਦ੍ਰਾਤ)—ਕਬਿਤ

ਕੰਪੈ ਤਨ ਰੰਗ ਭੰਗ ਕਾਹੂ ਕੋ ਨ ਲਖੈ ਅੰਗ,

Digitized by Panjab Digital Library | www.panjabdigilib.org

ਆਨਨ ਕੋ ਜਾਨ ਜੈਸੇ ਆਨਨ ਜਯੋਂ ਕੀਰ ਹੈ।
ਰਸਨਾ ਕਠੋਰ ਸਯਾਮ ਦੰਤ ਕ੍ਰਿਸ਼ਨ ਜਾਨ ਆਮ,
ਬੋਲਤ ਨ ਠੀਕ ਬੈਨ ਮਨ ਮੋ ਨ ਧੀਰ ਹੈ।
ਸੀਤਲ ਕਰ ਚਰਨ ਨਾਸ ਦੀਪ ਬੂਝੈ ਨਾਹਿ ਵਾਸ,
ਬਸਤ੍ਰ ਹੈ੍ ਗੰਧ ਔਰ ਅਚਵੀ ਸਰੀਰ ਹੈ।
ਸੋਮ ਰੋਗ ਦੀਠ ਮੰਦ ਤਾਹਿ ਪਰੈ ਜਮ ਫੰਦ,
ਕਹਯੋ ਹੈ ਅਸਾਧਯ ਬਿੰਦ ਜਗ ਤੈਂ ਤਗੀਰ ਹੈ॥੬੬॥

ਸਵੈਯਾ

ਅੰਤਰ ਦਾਹ ਬਸੈ ਨਰ ਕੈ ਜਿਸ, ਬਾਹਰ ਸੀਤਲਤਾ ਤਨ ਹੋਈ।
ਕੰਠ ਬਸੈ ਕਫ ਆਨਨ ਸ੍ਵਾਦਨ, ਕੂੰਕਮ ਕੋ ਰੰਗ ਨੇਤ੍ਰਹਿ ਜੋਈ।
ਸਰਲ ਬਹੈ ਰਸਨਾ ਕ੍ਰਿਸਨਾ ਤਨ,ਸੂੰਨ ਬਹੈ ਜਿਸ ਨਾਰਿ ਲਕੋਈ।
ਤਾਂ ਨਰ ਕੀ ਅਬ ਔਖਦ ਏ ਲਖ,ਰਾਮ ਹੀ ਰਾਮ ਕਹੋ ਮੁਖ ਸੋਈ॥੬੭॥

ਦੋਹਰਾ

ਅਨਿਲ ਜਾਤਿ ਜਬ ਪਿੱਤ ਗ੍ਰਿਹ, ਪਿੱਤ ਜਾਇ ਕਫ ਓਕ।
ਕਰ ਆਵਤ ਜਬ ਗਰ ਬਿਖੈ, ਤਬ ਰੋਗੀ ਕਾ ਸੋਕ॥੬੮॥
ਰਾਤ੍ਰ ਦਾਘ ਜੋ ਅਤਿ ਘਨੀ, ਦਿਵਸ ਲਗਤ ਬਹੁ ਸੀਤ।
ਹਿੱਕ੍ਵਾ ਸ੍ਵਾਸ ਜੁ ਸ੍ਵਰ ਘਟਤ, ਮਰਤ ਸੁ ਰੋਗੀ ਲੀਤ॥੬੯॥

ਸਰੀਰ ਕੰਬੇ, ਬਿਰੂਪ ਕਿਸੀ ਨੂੰ ਨਾ ਪਛਾਣੇ, ਮੂੰਹ ਦੀ ਲਾਲ ਰੰਗਤ ਅਜੇਹੀ ਜੇਹੀ ਤੋਤੇ ਦੀ ਚੁੰਜ ਹੋਂਦੀ ਹੈ। ਜੀਭ ਕਰੜੀ, ਕਾਲੀ ਤੇ ਤਮਾਮ ਦੰਦ ਕਾਲੇ, ਠੀਕ ਬੋਲਿਆ ਨਹੀਂ ਜਾਂਦਾ, ਮਨ ਵਿਚ ਧੀਰਜ ਨਹੀਂ ਅਰਥਾਤ ਧਿਰ ਟੁੱਟ ਗਈ ਹੈ, ਹੱਥ ਪੈਰ ਨੱਕ ਇਹ ਤਿੰਨੇ ਠੰਡੇ ਹਨ ਦੀਵੇ ਬੁਝੇ ਦੀ ਗੰਧ ਨਹੀਂ ਔਂਦੀ, ਬਸਤ੍ਰਾਂ ਵਿਚ ਦੁਰਗੰਧੀ ਹੈ, ਸਰੀਰ ਨੂੰ ਅੱਚਵੀ ਹੈ, ਮੂਤ੍ਰ ਬੇਹ ਟੁਰੇ, ਦ੍ਰਿਸ਼ਟੀ ਮਾਰੀ ਜਾਵੇ, ਐਸੇ ਰੋਗੀ ਨੂੰ ਜਮ ਬੰਧਨ ਮੇਂ ਪਾਵੇਗਾ, ਇਹ ਬ੍ਰਿੰਦ ਨੇ ਅਸਾਧ ਕਿਹਾ ਹੈ, ਇਹ ਸੰਸਾਰ ਨੂੰ ਤਿਆਗਦਾ ਹੈ॥ ੬੬॥ ਪੁਰਸ਼ ਦੇ ਅੰਦਰ ਦਾਹ ਹੋ ਰਿਹਾ ਤੇ ਸਰੀਰ ਬਾਹਰੋਂ ਠੰਢਾ ਹੈ, ਕੰਠ ਵਿਚ ਕਫ ਆਣ ਵਸੀ ਹੈ (ਘੁਰ ਘੁਰ) ਕਰਦਾ ਹੈ, ਮੂੰਹ ਬੇਸੁਆਦ ਹੈ, ਨੇਤ੍ਰ ਕੇਸਰ ਰੰਗੇ ਹੋ ਰਹੇ ਹਨ, ਸਾਫ ਜੀਭ ਵਗ ਰਹੀ, ਭਾਵ ਪਾਣੀ ਛੋੜਦੀ ਹੈ ਅਰ ਕਾਲੀ ਹੈ, ਸਰੀਰ ਸੁੰਨ ਜਿਹਾ ਹੋ ਰਿਹਾ ਹੈ, ਨਾੜ ਛਿਪ ਰਹੀ ਹੈ। ਤਿਸ ਅਜਿਹੇ ਪੁਰਸ਼ ਦੀ ਹੁਣ ਇਹ ਦਵਾਈ ਹੈ ਕਿ ਰਾਮ ਹੀ ਰਾਮ ਮੂੰਹੋਂ ਕਰੇ। ਹੁਣ ਆਸ ਨਹੀਂ ਹੈ॥ ੬੭॥ ਵਾਯੂ ਜਦੋਂ ਪਿਤ ਦੇ ਘਰ ਜਾਵੇ, ਅਰ ਓਹ ਫਿਰ ਕਫ ਗਲ ਵਿਚ ਆਕੇ ਘੋਰੜੂ ਪੈਦਾ ਕਰ ਦੇਵੇ ਤਾਂ ਉਸ ਪੁਰਸ਼ ਦਾ ਸ਼ੋਕ ਹੁੰਦਾ ਹੈ॥ ੬੮॥ ਰਾਤ ਨੂੰ ਅਤਯੰਤ ਦਾਹ ਲਗੇ, ਦਿਨੇ ਬਹੁਤ ਸੀਤ ਲਗੇ, ਹਿਰਕੀ, ਦਮਾਂ ਅਰ ਸੁਰਭੰਗ ਹੋ ਜਾਵੇ ਤਾਂ ਐਸਾ ਰੋਗੀ ਮੌਤ ਲਵੇ॥ ੬੯॥

Digitized by Panjab Digital Library | www.panjabdigilib.org

ਰੁਧਿਰ ਬਿਧੀ—ਦੋਹਰਾ

ਬੋਝਲ ਨਾਰੀ ਰਕਤ ਕੀ, ਤੇਜ ਘਨੀ ਬਲਵੰਤ।
ਆਸਯ ਰਕਤ ਸੋਪਤਿ ਬਦਨ, ਲੱਛਨ ਰਕਤ ਇਮੰਤ ॥੭੦॥
ਬਰਸ ਜੁ ਖੋੜਸ ਤੇ ਪਰੈ, ਸੱਤਰ ਹੀ ਲੌ ਜਾਨ।
ਇਨ ਮੈ ਮੋਖਨਿ ਰਕਤ ਕਰਿ, ਆਗੈ ਕਰੋ ਨ ਹਾਨ ॥੭੧॥

ਰਕਤ ਵਿਕਾਰ ਵਾਲੇ ਦੀ ਨਾੜੀ ਬੋਝਲ, ਬਲ ਵਾਲੇ ਦੀ ਨਾੜੀ ਬਹੁਤ ਤੇਜ਼ ਚਲਦੀ ਹੈ, ਮੂੰਹ ਲਾਲ ਤੇ ਸਰੀਰ ਸੁੱਤਾ ਜਿਹਾ, ਇਹ ਲੱਛਣ ਰਕਤ ਵਿਕਾਰ ਦੇ ਹੋਂਦੇ ਹਨ ॥ ੭੦ ॥ ਸੋਲਾਂ ਸਾਲਾਂ ਤੋਂ ੭੦ ਸਾਲਾਂ ਤੱਕ ਲਹੂ ਕਢੌਣਾ ਠੀਕ ਹੈ। ਇਸ ਤੋਂ ਪਹਿਲੇ ਯਾ ਪਿੱਛੇ ਮਨ੍ਹਾ ਹੈ ॥ ੭੧ ॥

ਲਹੂ ਯੋਗ (ਸਾਰੰਗਧਰਾਤ)—ਚੌਪਈ

ਬਾਤ ਰਕਤ ਨਿੰਦ੍ਰਾ ਕੁਚ ਅਰਸ। ਰਕਤ ਪਿਤ ਕਰ ਪਦ ਬਿਖ ਪਰਸ।
ਯਕ੍ਰਿਤ ਪਲੀਹਾ ਬ੍ਰਣ ਮੁਖ ਪਾਕ। ਪਿੜਕਾ ਸਿਲੀਪਦ ਅਰਬੁਦ ਵਾਕ॥੭੨॥
ਗ੍ਰੰਥੈ ਬਿਦ੍ਰਹਿ ਬਾਦ ਫਿਰੰਗ। ਕਰਣ ਹੋਠ ਸਿਰ ਪਾਕ ਜੁ ਅੰਗ।
ਰਕਤ ਕਢਾਵਨ ਇਨ ਰੁਜ ਜੋਗ। ਕਹਤ ਮੇਘ ਸਾਰੰਗਧਰ ਭੋਗ ॥੭੩॥

ਬਾਤ ਰਕਤ (ਸੁਰਖ ਬਾਦਾ) ਬਹੁਤ ਸੌਣ ਵਾਲਾ, ਕੁਚਰੋਗੀ, ਬਵਾਸੀਰੀ, ਰਕਤ ਪਿੱਤ ਵਾਲਾ, ਹੱਥਾਂ ਪੈਰਾਂ ਦੇ ਰੋਗ ਵਾਲਾ, ਵਿਖ ਦੇ ਸਪਰਸ ਵਾਲਾ, ਯਕ੍ਰਿਤ (ਲਿਫ) ਬਿਣੀ, ਮੂੰਹ ਪਾਕ ਵਾਲਾ, ਸਲੀਪਦ ਰੋਗੀ, ਅਰਬੁਦ ਵਾਲਾ ॥ ੭੨॥ ਗ੍ਰੰਥੀ ਵਾਲਾ. ਵਿਦ੍ਰਧੀ, ਬਾਦਫ੍ਰੰਗ, ਕੰਨਾਂ ਦਾ ਰੋਗੀ, ਹੋਠਾਂ ਦਾ ਰੋਗੀ, ਸਿਰ ਰੋਗੀ ਤੇ ਅੰਗ ਪਾਕ ਵਾਲਾ, ਇਨ੍ਹਾਂ ਦਾ ਲਹੂ ਕਢੌਣਾ ਯੋਗ ਹੈ ॥ ੭੩ ॥

ਲਹੂ ਅਯੋਗ—ਚੌਪਈ

ਅਤਿ ਕਾਮੀ ਸੂਤਕ ਕ੍ਰਿਸ ਪਾਂਡੁ। ਕਾਯਰ ਗਰਭਣਿ ਤਿਯ ਨਰ ਖਾਂਡੁ।
ਸ੍ਵਾਸ ਕਾਸ ਬਮਿ ਉਦਰੈ ਸੋਜ। ਇਨਕਾ ਰਕਤ ਨ ਕਾਢੋ ਖੋਜ ॥੭੪॥

ਬਹੁਤਾ ਕਾਮ ਕ੍ਰੀੜਾ ਕਰਨਹਾਰਾ, ਇਸਤ੍ਰੀ ਪ੍ਰਸੂਤ ਵਾਲੀ, ਲਿੱਸਾ, ਪਾਂਡੂ ਵਾਲਾ, ਡਰਾਕੁਲ, ਗਰਭਵੰਤੀ, ਨਮਰਦ, ਸ੍ਵਾਸ, ਖਾਂਸੀ, ਵਮਨ, ਆਦਿ ਨਾਲ ਪੀੜਤ ਤੇ ਪੇਟ ਦੀ ਸੋਜ ਵਾਲਾ ਹੋਵੇ ਤਾਂ ਇਨ੍ਹਾਂ ਦਾ ਲਹੂ ਭਾਵ ਫਸਦ ਨਾਂ ਖੁਲ੍ਹਾਵੇ ਇਹ ਅਯੋਗ ਹਨ ॥ ੭੪ ॥

ਰੁਧਿਰ ਮਾਤ੍ਰਾ—ਸੋਰਠਾ

ਪ੍ਰਸਥ ਏਕ ਵਾ ਆਧ, ਅਠਵਾ ਚੌਥਾਈ ਗਹੋ।
ਯਾਤੈ ਗਹੋ ਨ ਬਾਧ, ਮਾਤ੍ਰਾ ਏ ਹੈ ਰਕਤ ਕੀ ॥੭੫॥

ਇਕ ਪ੍ਰਸਥ ਯਾ ਅੱਧਾ ਪ੍ਰਸਥ ਅਥਵਾ ਚੌਥਾ ਹਿੱਸਾ ਪ੍ਰਸਥ ਦਾ ਲਹੂ ਕੱਢੇ, ਇਸ ਨਾਲੋਂ ਵੱਧ ਨਾਂ ਕੱਢੇ, ਇਹ ਲਹੂ ਕੱਢਣ ਦੀ ਮਾਤ੍ਰਾ ਹੈ ॥ ੭੫ ॥

Digitized by Panjab Digital Library | www.panjabdigilib.org

ਰੁਧਿਰ ਨਿਕਾਲਨ ਯੋਗਾਯੋਗ ਰਾਂਸਾਂ–ਚੌਪਈ

ਮੇਖ ਰੋਗ ਕੁੰਭੈ ਦੁਖ ਥਾਈ। ਯੁਗ ਧਨ ਨਾਸ ਤ੍ਰਿਯਾ ਬਲ ਜਾਈ।
ਤੁਲਾ ਸਮਾਨ ਜਾਨਿਯੋ ਦੂਖ। ਔਰ ਰਾਸ ਮੇ ਹੋਵਤ ਸੂਖ ॥੭੬॥
ਚੌਥ ਚਤੁਰ ਦਸ ਨਵਮੀ ਜਾਨ। ਮੰਗਲ ਸ਼ਨਿ ਰਵਿ ਵਾਰ ਪ੍ਰਮਾਨ।
ਕ੍ਰਿਸ਼ਨ ਪੱਖ ਮੈ ਰਕਤ ਨਿਕਾਰ।ਮਿਟਤ ਸਕਲ ਤਨ ਦੂਖ ਬਿਕਾਰ॥੭੭॥
ਦਸ ਅੰਗੁਲ ਸ੍ਰਿੰਗੀ ਨਿਕਲਾਇ। ਹਾਥ ਜਲੂਕਾ ਏਕ ਪਿਵਾਇ।
ਦ੍ਵਾਦਹ ਅੰਗੁਲ ਤੂੰਬੀ ਗਹੈ । ਏਕ ਆਂਗੁਰੀ ਛੁਰਕਾ ਕਹੈ ॥੭੮॥
ਸਿਰਾ ਏਕ ਤਨ ਸੋਧਨ ਕਰੈ। ਰੋਜ ਸਕਲੀ ਦੇਹੀ ਕਾ ਹਰੈ।
ਹਰਿ ਕਾਹੂੰ ਨਹਿ ਕੀਜੈ ਏਹ। ਸੋਧਨ ਬਮਨੀ ਰਕਤ ਕਢੇਹ ॥੭੯॥

ਮੇਖ ਰਾਸ ਵਿਚ ਲਹੂ ਕਢੇ ਤਾਂ ਰੋਗ ਹੋਵੇ, ਕੁੰਭ ਰਾਸ ਵਿਚ ਦੁੱਖ ਟਿਕਿਆ ਰਹੇ ਮਿਥਨ ਰਾਸ ਤੇ ਧਨ ਰਾਸ ਵਿਚ ਸਰੀਰ ਦਾ ਨਾਸ ਹੋਵੇ, ਕੰਨਜਾਂ ਰਾਸ ਵਿਚ ਬਲ ਨਾਸ ਹੋਵੇ। ਤੁਲਾ ਰਾਸ ਵਿਚ ਦੁਖ ਸੁਖ ਸਮਾਨ ਰਹੇ ਤੇ ਹੋਰਨਾਂ ਰਾਸਾਂ ਵਿਚ ਲਹੂ ਕੱਢੇ ਤਾਂ ਸੁਖ ਪ੍ਰਾਪਤ ਕਰੇ। ੪, ੧੪ ਅਰ ੯ ਇਨ੍ਹਾਂ ਥਿੱਤਾਂ ਵਿਚ ਮੰਗਲ, ਛਨਿੱਛਰ ਤੇ ਐਤਵਾਰ ਇਹ ਦਿਨ ਹੋਣ ਅਰ ਹਨੇਰਾ ਪੱਖ ਹੋਵੇ ਤਾਂ ਲਹੂ ਕੱਢੇ ਤਾਂ ਸਰੀਰ ਤੋਂ ਸਾਰੇ ਦੁਖ ਨਾਸ ਕਰੇ। ਸਿੰਙੀ ੧੦ ਅੰਗੁਲ ਤੱਕ ਲਹੂ ਖਿੱਚਦੀ ਹੈ। ਇਕ ਹੱਥ ਤੱਕ ਦਾ ਲਹੂ ਜੋਕ ਪੀਂਦੀ ਹੈ। ੧੨ ਅੰਗੁਲ ਤੱਕ ਤੂੰਬੀ ਲਹੂ ਕੱਢਦੀ ਹੈ ਅਰ ਉਸਤ੍ਰੇ ਦਾ ਪੱਛ ਲਾਕੇ ਲਹੂ ਕੱਢੇ ਤਾਂ ਇਕ ਉਂਗਲ ਤੱਕ ਨਿਕਲਦਾ ਹੈ। ਇੱਕੋ ਸਿਰਾ–ਨਾੜੀ ਸਰੀਰ ਦਾ ਸੋਧਨ ਕਰਦੀ ਹੈ ਸਾਰੇ ਸਰੀਰ ਦਾ ਰੋਗ ਹਰਦੀ ਹੈ ਪਰੰਤੂ ਇਹ ਹਰੇਕ ਨੂੰ ਨਾਂ ਕਰੇ ਕਿ ਜੁਲਾਬ 'ਕੈ' ਤੇ ਲਹੂ ਕੱਢਣਾ॥ ੭੬ ਤੋਂ ੭੯॥

ਅਧਿਕ ਲੋਹੂ ਨਿਕਲਨੇ ਦੇ ਵਿਕਾਰ–ਪਰਿਹਾ

ਆਖੇਪਕ ਸਿਰ ਰੋਗ, ਅੰਧਲਾ ਤ੍ਰਿਟ ਘਨੀ।
ਤਿਮਰ ਸ੍ਵਾਸ ਹਿਕ ਕਾਸ,ਦਾਹ ਤਿਸ ਅੰਗ ਭਨੀ।
ਪਾਂਡੁ ਮ੍ਰਿਤਯੁ ਪਖਘਾਤ, ਜੋ ਹੋਵਹਿ ਏ ਸਹੀ।
ਨਿਕਸਯੋ ਅਧਿਕੋ ਰਕਤ, ਮੇਘ ਮੁਨਿ ਇਮ ਕਹੀ ॥੮੦॥

(ਵਾਯੂ ਦੇ ਰੋਗਾਂ ਵਿਚੋਂ) ਅਖੇਪ ਰੋਗ, ਸਿਰ ਦੇ ਰੋਗ, ਦ੍ਰਿਸ਼ਟੀ ਮਾਰੀ ਜਾਣੀ, ਬਹੁਤੀ ਪਯਾਸ ਲਗਣੀ, ਤਿਮਰ ਰੋਗ, ਦਮਾ ਰੋਗ, ਹਿਡਕੀ, ਖਾਂਸੀ, ਅੰਗਾਂ ਵਿਖੇ ਦਾਹ, ਪਾਂਡੂ, ਮ੍ਰਿਤੂ ਅਤੇ ਪੱਖਯਾਘਾਤ ਆਦਿ ਰੋਗ ਅਧਿਕ ਲਹੂ ਕੱਢਣ ਤੇ ਹੋ ਜਾਂਦੇ ਹਨ ॥੮੦॥

ਰੁਧਿਰ ਪਥ–ਸੋਰਠਾ

ਬਾਦੀ ਸਕਲ ਤਿਆਗ, ਮੂੰਗ ਮੋਠ ਅੱਖਤ ਚਣਕ।
ਸਹਿਤਾਦਿਕ ਲਿਵ ਲਾਗ,ਖਾਇ ਅਲੂਣਾ ਘ੍ਰਿਤ ਸਹਿਤ॥੮੧॥

Digitized by Panjab Digital Library | www.panjabdigilib.org

੧-ਬਾਦੀਕਾਰਕ ਸਭ ਚੀਜ਼ਾਂ ਛੱਡੇ, ਮੂੰਗੀ, ਮੋਠ, ਚਾਵਲ, ਛੋਲੇ ਭੀ ਤਿਆਗ ਦੇਵੇ, ਕੇਵਲ ਸ਼ਹਿਤ ਨਾਲ ਪਾ ਅਲੂਣੀ ਰੋਟੀ ਘਿਓ ਨਾਲ ਖਾਵੇ ਇਹ ਪਥ ਹਨ ॥ ੮੧ ॥

ਕੁਪੱਥ-ਦੋਹਰਾ

ਪਵਨ ਤੀਯ ਸੰਗ ਨ੍ਹਾਯ ਤਜ, ਕ੍ਰੋਧ ਖੇਦ ਅਰੁ ਰਾਹ।
ਦਧਿ ਤੱਕ੍ਰਹਿ ਕੋ ਤਯਾਗ ਕਰਿ, ਕਹੇ ਕੁਪੱਥ ਸੁ ਯਾਹ ॥੮੨॥

੨- ਹਵਾ, ਇਸਤ੍ਰੀ ਦਾ ਸੰਗ, ਸਨਾਨ, ਕ੍ਰੋਧ, ਖੇਚਲ, ਪੈਂਡਾ, ਦਹੀਂ ਅਰ ਲੱਸੀ, ਇਹ ਲਹੂ ਕਢਣ ਵਾਲਾ ਤਿਆਗ ਦੇਵੇ, ਕੁਪੱਥ ਹਨ ॥ ੮੨ ॥

*ਮਾਨ ਪ੍ਰਮਾਣ

ਮਾਨ ਰਹਿਤ ਜੋ ਬਸਤੁ ਹੈ ਤਾਂਕੀ ਸਮਝ ਨ ਹੋਇ।
ਤਾਂ ਕਾਰਨ ਭਾਖਾ ਰਚੌਂ, ਸਾਰੰਗਧਰ ਤੇ ਜੋਇ ॥੮੩॥
ਮਾਸਾ ਰੱਤੀ ਛੇਇ ਕੋ, ਸਾਣ ਕਹਯੋ ਚੌ ਮਾਸ।
ਚਾਰ ਸਾਣ ਕਾ ਕਰਖ ਲਖ, ਅਧ ਪਲ ਕਰਖ ਦੁਭਾਖ ॥੮੪॥
ਚਾਰ ਕਰਖ ਕਾ ਪਲ ਕਹਯਾ, ਦੋ ਪਲ ਕਾ ਹੈ ਪ੍ਰਸਤਿ।
ਦੋਇ ਪ੍ਰਸਤਿ ਕਾ ਅੰਜੁਲਾ, ਜਾਨੋ ਏ ਪ੍ਰਬਿਰਤ ॥੮੫॥
ਦੋ ਅੰਜੁਲ ਕੀ ਮਾਨਿਕਾ, ਦੋ ਮਾਨਿਕ ਹੈ ਪ੍ਰਸਥ।
ਚਾਰ ਪ੍ਰਸਥ ਆਢਕ ਬਨੈ, ਬਾਤ ਕਹੀ ਮੁਨਿ ਸ੍ਵਸਥ ॥੮੬॥
ਚਾਰ ਆਢ ਕੈ ਦ੍ਰੋਣ ਇਕ, ਦੋ ਦ੍ਰੋਣੈ ਸਰੂਤ ਕੁੰਭ।
ਦੋ ਸਰੂਪ ਕੁੰਭ ਦ੍ਰੋਣੀਆ, ਸਾਰੰਗਧਰ ਇਸ ਥੰਭ ॥੮੭॥

ਚੌਪਈ

ਚਹੁ ਦ੍ਰੋਣੀ ਕੀ ਖਾਰੀ ਕਹੀ। ਕਾਰ ਸਹਸ ਛਿੰਨੋ ਪਲ ਸਹੀ।
ਦੋ ਹਜਾਰ ਪਲ ਭਾਰ ਜੁ ਹੋਇ। ਇਕ ਸਤ ਪਲਕੀ ਤੁਲਾਜੁ ਸੋਇ ॥੮੮॥
ਲਾਂਬਾ ਚੌੜਾ ਅੰਗੁਲ ਚਾਰ। ਅਯ ਮਾਟੀ ਕਾ ਭਾਂਜਨ ਧਾਰ।
ਸੋਹ ਵਜਨ ਕੁੜਵ ਕਾ ਸਹੀ। ਸਾਰੰਗਧਰ ਤੇ ਮੇਘੈ ਕਹੀ ॥੮੯॥
ਮਾਤ੍ਰਾ ਕੀ ਨਿਸਚੈ ਨਾ ਲੀਜੈ। ਜੈਸਾ ਸਮਾ ਸੂ ਤੈਸਾ ਦੀਜੈ।
ਗ੍ਰੰਥ ਰੀਤ ਮਨ ਮਾਹਿ ਬਿਚਾਰੋ। ਗੁਜ ਕਾ ਬਚਨ ਹਿਯੇ ਲੈ ਧਾਰੋ ॥੯੦॥

*ਤੋਲ ਦਾ ਵੇਰਵਾ ਇਸ ਪੁਸਤਕਦੇ ਆਦਿ ਵਿਚ ਹੈ, ਦੇਖ ਲਵੋ।

Digitized by Panjab Digital Library | www.panjabdigilib.org

ਮਾਗਧ ਕੀ ਇਹ ਭਾਖਾ ਜਾਨ। ਇਸਕਾ ਹੇਤ ਪਿਛੈ ਬਿੱਗਜਾਨ।
ਅਬ ਮਾਤ੍ਰਾ ਦੂਜੀ ਮੈਂ ਕਹੌਂ। ਕਲਜੁਗ ਹੇਤ ਕਲਿੰਗੈ ਲਹੌਂ ॥੯੧॥

ਤੋਲ ਤੋਂ ਬਿਨਾਂ ਕੋਈ ਵਸਤੂ ਭੀ ਹੋਵੇ, ਉਸਦੀ ਸਮਝ ਨਹੀਂ ਆਉਂਦੀ; ਇਸ ਤੇ ਤੋਲ ਦਾ ਪ੍ਰਮਾਣ ਲਿਖਦੇ ਹਾਂ॥੮੩॥

੧ ਮਾਸਾ ੬ ਰੱਤੀ ਦਾ ਹੈ। ੪ ਮਾਸੇ ਦਾ ੧ ਸਾਣ। ੪ ਸਾਣ ਦਾ ੧ ਕਰਖ, ੨ ਕਰਖਾਂ ਦਾ ਅੱਧਾ ਪਲ। ੪ ਕਰਖ ਦਾ ਇਕ ਪਲ। ੨ ਪਲ ਦਾ ਇਕ ਪ੍ਰਸਤਿ। ੨ ਪ੍ਰਸਤਿ ਦਾ ੧ ਅੰਜੁਲ। ੨ ਅੰਜੁਲ ਦੀ ੧ ਮਾਣਿਕਾ। ੨ ਮਾਣਿਕਾ ਦਾ ੨ ਪ੍ਰਸਥ। ੪ ਪ੍ਰਸਥ ਦਾ ੧ ਆਢਕ। ੪ ਆਢਕ ਦਾ ਇਕ ਦਰੋਣ। ੨ ਦਰੋਣ ਦਾ ੧ ਸੂਰਪਕੁੰਭ। ੨ ਸੂਰਪਕੁੰਭ ਦੀ ੧ ਦਰੋਣੀ। ਦਰੋਣੀ ਦੀ ਇਕ ਖਾਰੀ। ੪ ਹਜ਼ਾਰ ਪਲ ਦੀ ੧ ਛਿੰਨਾਂ। ੨ ਹਜ਼ਾਰ ਪਲ ਦਾ ਇਕ ਭਾਰ। ੧੦੦ ਪਲ ਦੀ ਇਕ ਤੁਲਾ। ਇਸ ਤਰ੍ਹਾਂ ਲੰਬਾ ੪ ਉਂਗਲੀ, ਚੌੜਾ ੩ ਉਂਗਲੀ, ਅਜੇਹਾ ਲੋਹੇ ਯਾ ਮਿੱਟੀ ਦਾ (ਵਾ ਕੱਚ ਦਾ) ਭਾਂਡਾ ਹੋਵੇ ਇਸ ਦੇ ਅੰਦਰ ਔਣ ਵਾਲੀ ਕੀਜ਼ 'ਕੁੜਵ' ਪ੍ਰਮਾਣ ਕਹੀਦੀ ਹੈ। ਇਸ ਤਰ੍ਹਾਂ ਨਿਰਾ ਮਾਤ੍ਰਾ ਤੇ ਹੀ ਨਿਰਭਰ ਨ ਰਖੇ। ਜਿਸ ਤਰ੍ਹਾਂ ਦਾ ਸਮਾ ਹੋਵੇ, ਘਟ ਵਧ ਕਰਕੇ ਕਰ ਕਰਾ ਲਵੇ। ਗ੍ਰੰਥਾਂ ਦੀ ਰੀਤੀ ਮਨ ਵਿਚ ਵਿਚਾਰ ਕੇ ਗੁਰਾਂ ਦੇ ਬਚਨਾਂ ਵਲ ਧਿਆਨ ਕਰੇ। ਇਹ ਤੋਲ ਮਾਗਧ ਭਾਖਾ ਦਾ ਹੈ, ਇਸ ਤੋਲ ਦਾ ਵਰਤਾਵ ਪਹਿਲੇ ਸਮਿਆਂ ਵਿਚ ਹੁੰਦਾ ਸੀ, ਹੁਣ ਨਹੀਂ। ਹੁਣ ਮੈਂ ਦੂਸਰੀ ਮਾਤ੍ਰਾ ਕਲਿੰਗ ਦੀ ਕਲਿਯੁਗ ਵਾਸਤੇ ਆਖਦਾ ਹਾਂ॥ ੮੩ ॥ ਤੋਂ ੯੧ ॥

ਦ੍ਵਿਪਦਾ ਛੰਦ

ਦੇਸ ਉਮਰ ਬਲ ਅਗਨਿ ਹੀ, ਦੁਖ ਸਮਾ ਬਖਾਨੋ।
ਔਖਧ ਅਰੁ ਪਰਕ੍ਰਿਤ ਹੀਨ, ਨਰ ਦੇਹੀ ਜਾਨੋ।
ਇਨਕੋ ਪਹਿਲੇ ਦੇਖੀਏ, ਪਾਛੇ ਉਪਚਾਰਾ।
ਵੈਦ ਨ ਜਾਨੈ ਯਾਹਿ ਬਿਧਿ, ਤਾਕੈ ਸਿਰ ਛਾਰਾ ॥੯੨॥

ਦੇਸ਼, ਉਮਰ, ਬਲ, ਪੇਟ ਦੀ ਅਗਨੀ, ਦੁਖ ਦਾ ਸਮਾਂ, ਦਵਾਈ, ਪ੍ਰਕ੍ਰਿਤੀ, ਪੁਰਸ਼ ਦੀ ਰਿਸ਼ਟ ਪੁਸ਼ਟ ਦੇਹੀ, ਇਨ੍ਹਾਂ ਨੂੰ ਪਹਿਲੇ ਦੇਖ ਭਾਲ ਕੇ ਪਿਛੋਂ ਯਤਨ ਕਰੇ। ਜੇ ਇਨ੍ਹਾਂ ਬਾਤਾਂ ਨੂੰ ਵੈਦ ਨਾਂ ਪਛਾਣਦਾ ਹੋਵੇ ਤਾਂ ਉਸਦੇ ਸਿਰ ਘੱਟਾ ਪਾਓ॥ ੯੨ ॥

ਸੋਰਠਾ

ਹੀਨ ਸੱਤ੍ਵ ਨਰ ਜਾਨ, ਅਗਨਿ ਮੰਦ ਅਰੁ ਹੀਨ ਬਲ।
ਦੇਹੀ ਲਘਵੀ ਮਾਨ, ਤਾਂ ਕਾਰਨ ਕਾਲਿੰਗ ਭਨ ॥੯੩॥

ਪੁਰਖ ਸੱਤਾ ਹੀਣ ਹਨ, ਮੰਦਾਗਨੀ ਵਾਲੇ, ਨਿਰਬਲ, ਦੇਹੀ ਹਲਕੀ ਜਿਹੀ ਹੈ, ਇਸ ਵਾਸਤੇ ਹਲਕਾ ਪ੍ਰਮਾਣ ਕਲਿੰਗ ਕਿਹਾ ਜਾਂਦਾ ਹੈ॥ ੯੩ ॥

ਅਬ ਕਲਿੰਗ ਭਾਖਾ—ਚੌਪਈ

ਦੋ ਜਵ ਕੀ ਗੁੰਜਾ ਤੁਮ ਜਾਨੋ। ਗੁੰਜ ਤੀਨ ਕੀ ਬੱਲ ਪਛਾਨੋ।
ਰਤੀ ਆਠ ਜਾਨਿਓ ਮਾਸਾ। ਚਹੁ ਮਾਸੇ ਇਕ ਸਾਨ ਉਲਾਸਾ ॥੯੪॥

Digitized by Panjab Digital Library | www.panjabdigilib.org

ਟੰਕ ਨਿਖਕ ਭੀ ਤਾਂਕੋ ਨਾਮ। ਖਟ ਮਾਸੇ ਗਦਯਾਣਕ ਬਾਮ।
ਕਰਖ ਹੋਇ ਮਾਸੇ ਦਸ ਜਾਠ। ਚਾਰ ਕਰਖ ਕਾ ਪਲ ਹੈ ਠਾਨ ॥੯੫॥
ਚਾਰ ਤਲਾਂ ਕਾ ਕੁੜਵਾ ਨਾਮ। ਜਾਨੋ ਵਜਨ ਕਲਿੰਗ ਅਭਿਰਾਮ।
ਦੋਇ ਜਾਤਕਾ ਮਾਨ ਵਖਾਨਯਾ। ਸਾਰੰਗਧ੍ਰ ਤੇ ਮੇਘਹਿ ਆਨਯਾ॥੯੬॥

੨ ਜੌਂ ਦੀ ੧ ਰੱਤੀ, ੩ ਰੱਤੀ ਦੀ ੧ ਬੱਲ, ੮ ਰੱਤੀ ਦਾ ੧ ਮਾਸਾ; ੪ ਮਾਸੇ ਦਾ ੧ ਸਾਣ; ਸੋ ਟੰਕ; ਨਿਮਖ ਭੀ ਇਸੇ ਦੇ ਨਾਮ ਹਨ। ੬ ਮਾਸ਼ੇ ਦਾ ੧ ਗਦਯਾਣਕ; ੧੦ ਮਾਸੇ ਦਾ ੧ ਕਰਖ; ੪ ਕਰਖ ਦਾ ੧ ਪਲ, ੪ ਪਲਾਂ ਦਾ ੧ ਕੁੜਵ ਹੁੰਦਾ ਹੈ, ਇਹ ਸਭ ਦੋ ਤਰ੍ਹਾਂ ਦਾ ਤੋਲ ਕਾਲਿੰਗ ਦਾ ਸਾਰੰਗਧਰ ਤੋਂ ਲਿਖ੍ਯਾ ਹੈ, ਵਿਸ਼ੇਸ਼ ਵੇਰਵਾ ਆਦਿ ਵਿਚ ਹੈ ॥ ੯੪ ॥ ੯੫ ॥ ੯੬ ॥

ਨਿਛੱਤ੍ਰ ਕਸ਼ਟਾਵਲੀ–ਚੌਪਈ

ਰੋਹਨਿ ਰਾਤ੍ਰੀ ਪੰਚ ਬਖਾਨ। ਮ੍ਰਿਗ ਸੀਸ ਇਕ ਮਾਸਹਿ ਜਾਨ ॥੯੭॥
ਸਾਤ ਦਿਵਸ ਆਦ੍ਰਾ ਕੇ ਕਹੇ। ਪੁਨਰਬਸਾ ਦਸਹੀ ਦਿਨ ਲਹੇ।
ਪੁੱਖ ਸਾਤ ਦਿਨ ਮਾਸ ਸਲੇਖਾ। ਮਘਾ ਸਾਤ ਦਿਨ ਜਾਨੋ ਏਖਾ ॥੯੮॥
ਪਰਵਾ ਫਾਲ ਗੁਨ ਪੱਖ ਬਤਾਈ। ਉਤ੍ਰਾ ਫਾਲਗੁਨ ਤ੍ਰਿਕ ਦਿਨ ਥਾਈ।
ਹਸਤਿ ਸਾਤਦਿਨ ਅਠਦਿਨ ਚਿੱਤ੍ਰਾ।ਸ੍ਵਾਂਤਿ ਮਾਸ ਇਕ ਜਾਨੋ ਮਿੱਤ੍ਰਾ॥੯੯॥
ਦਿਵਸ ਬਿਸਾਖਾ ਦਸ ਹੀ ਜਾਨ। ਆਠ ਮਾਸ ਅਨੁਰਾਧਾ ਠਾਨ।
ਜੇਸਟਾ ਮੂਲਾ ਦਿਨ ਸਤ ਸਾਤ। ਪੂਰਬਾ ਖਾੜਾ ਦਿਨ ਪਚਵਾਤ ॥੧੦੦॥
ਉਤ੍ਰਾ ਖਾੜਾ ਇਕ ਹੈ ਪਾਖ। ਸ੍ਰਵਣ ਨਿਛੱਤ੍ਰ ਦਿਨ ਦਸ ਰਾਖ।
ਧਨਿਸ੍ਵਾ ਸਤਭਿਖ ਦੋਨੋ ਜਾਨ। ਸਾਤ ਸਾਤ ਦਿਨ ਕਹਯੋ ਪ੍ਰਮਾਨ ॥੧੦੧॥
ਪੂਰਬਾ ਭਾਦ੍ਰਪਦਾ ਪਖ ਜਾਭੋ। ਸਾਤ ਦਿਵਸ ਉਤ੍ਰਾਂ ਮਨ ਮਾਨੋ।
ਰੇਵਤਿ ਦਿਨ ਦਸ ਅਸ੍ਵਨਿਸਾਤ। ਸਾਤ ਦਿਵਸ ਭਰਨੀ ਕੀ ਬਾਤ॥੧੦੨॥
ਨਵ ਦਿਨ ਕ੍ਰਿਤਾ ਜਾਨੋ ਮਾਨ। ਇਨ ਨਖੱਤ੍ਰ ਕਾ ਇਹ ਪਰਮਾਨ।
ਇਨ ਦਿਨ ਤੇ ਰੋਗੀ ਬਚ ਜਾਇ। ਤਾਂਕਾ ਕਰੀਓ ਬੈਦ ਉਪਾਇ ॥੧੦੩॥

ਹਰਗੀਤਕਾ ਛੰਦ

ਰਿਖ ਉਰਗ ਸ਼ਤਭਿਖ ਜਾਨ ਸ੍ਵਾਤੀ, ਮੂਲ ਆਦ੍ਰਾ ਜਾਨੀਐ।
ਭਰਨੀ ਤਿਪੁਰਵਾ ਭਾਨ ਮੰਗਲ, ਔਰ ਯਵਿ ਸੁਤ ਠਾਨੀਐ।
ਏਕਮ ਚਤੁਰਥੀ ਦ੍ਵਾਦਸੀ ਛਠ, ਜਾਹਿ ਤਨ ਰੁਜ ਆਵ ਹੈ।

Digitized by Panjab Digital Library | www.panjabdigilib.org

ਸੋ ਮਰਤ ਰੋਗੀ ਲਖੋ ਨਿਸਚੈ, ਮੇਘ ਬਾਤ ਸੁਨਾਵ ਹੈ ॥੧੦੪॥

ਇਨਾਂ ਨਛੱਤ੍ਰਾਂ ਵਿਚ ਰੋਗ ਲਗੇ ਤਾਂ ਹੇਠ ਲਿਖੇ ਦਿਨਾਂ ਦਾ ਵੇਰਵਾ ਇਉਂ ਹੈ ਕਿ:-

ਰੋਹਨੀ ਦੀ ੫ ਰਾਤਾਂ, ਮ੍ਰਿਗਸਰਾ ਦਾ ੩੦ ਦਿਨ, ਆਰਦ੍ਰਾ ਦਾ ੭ ਦਿਨ, ਪੁਨਰਬਸੂ ਦਾ ੧੦ ਦਿਨ, ਪੁਖ ਦਾ ੭ ਦਿਨ, ਸਲੇਖਾ ਦਾ ੩੦ ਦਿਨ, ਮਘਾ ਦਾ ੭ ਦਿਨ, ਪੂਰਬਾਫਾਲ ਗੁਣੀ ਦਾ ੧੫ ਦਿਨ, ਉਤ੍ਰਾ ਫਾਲਗੁਣੀ ਦਾ ਤਿੰਨ ਦਿਨ, ਹਸਤ ਦਾ ੭ ਦਿਨ, ਚਿਤ੍ਰਾ ਦਾ ੮ ਦਿਨ, ਸ੍ਵਾਂਤੀ ਦਾ ੩੦ ਦਿਨ, ਬਿਸਾਖਾ ਦਾ ੧੦ ਦਿਨ, ਅਨੁਰਾਧਾ ਦਾ ੮ ਮਹੀਨੇ, ਜੇਸਟਾ ਤੇ ਮੂਲਾ ਦਾ ੭-੭ ਦਿਨ, ਪੂਰਬਖਾੜਾ ਦਾ ੫੫ ਦਿਨ, ਉਤ੍ਰਾਖਾੜਾ ਦਾ ੧੫ ਦਿਨ, ਸ੍ਰਵਣ ਦਾ ੧੦ ਦਿਨ, ਧਨਿਸਟਾ ਤੇ ਸਤਭਿਖਾ ੭-੭ ਦਿਨ, ਪੂਰਬਾ ਭਾਦ੍ਰ ਪੰਦਾ ਦਾ ੧੫ ਦਿਨ, ਉਤ੍ਰਾ ਦਾ ੭ ਦਿਨ, ਰੇਵਤੀ ਦਾ ੧੦ ਦਿਨ, ਅਸ੍ਵਨੀ ਦਾ ੭ ਦਿਨ, ਭਰਨੀ ਦਾਂ ੭ ਦਿਨ ਤੇ ਕ੍ਰਿਤਕਾ ਦਾ ੯ ਤਿਨ ਪ੍ਰਮਾਣ ਰੋਗ ਰਹਿੰਦਾ ਹੈ। ਦੇ ਇਨ੍ਹਾਂ ਨਛੱਤ੍ਰਾਂ ਵਿੱਚੋਂ ਰੋਗੀ ਬਚ ਜਾਵੇ ਤਾਂ ਵੈਦ ਉਸ ਦੀ ਦਵਾਈ ਕਰੇ, ਨਹੀਂ ਤੇ ਇਤਨੇ ਸਮਯ ਅੰਦਰ ਮਰਨਾ ਜਾਣੇ ॥ ੯੭ ਤੋਂ ੧੦੨ ॥

ਨਿਛੱਤ੍ਰ, ਸਲੇਖਾ, ਸਤਭਿਖਾ, ਸ੍ਵਾਂਤੀ, ਮੂਲਾ, ਆਰਦ੍ਰਾ, ਭਰਨੀ, ਤਿੰਨੇ ਪੂਰਬਾਂ, (ਪੂਰਬਾ ਫਾਲਗੁਣੀ, ਪੂਰਬਾ ਖਾੜਾ, ਪੂਰਬਾ ਭਾਦ੍ਰਪਦਾ)· ਦਿਨ ਐਤ, ਮੰਗਲ ਤੇ ਛਨਿਛ੍ਰ ਥਿਤਾਂ ੧, ੪, ੧੨, ੬ ਇਨ੍ਹਾਂ ਵਿਚ ਟਿਉਂ ਜਾਣੇ, ਜਿਸਨੂੰ ਰੋਗ ਲੱਗੇ, ਸੋ ਨਿਸਚੇ ਮਰ ਜਾਵੇ ॥ ੧੦੩ ॥ ੧੦੪ ॥

ਅਥ ਵਾਰ ਕਸ਼ਟਾਵਲੀ (ਬ੍ਰਹਮਯਾਮਲਾਤ)-ਪਦਵੰਤੀਛੰਦ

ਨਵ ਦਿਨ ਸੂਰਯ ਸਪਤ ਚੰਦ੍ਰਮਾ, ਭੌਮ ਆਠ ਦਿਨ ਜਾਨ ਗਨੀਜੈ।
ਬਾਰਹ ਬੁਧ ਦਿਨ ਔਰੋ ਗੁਰੁ ਦਸ, ਸ਼ੁੱਕ੍ਰਹਿ ਕੇ ਦਿਨ ਤੇਰਾਂ ਦੀਜੈ।
ਦਿਵਸ ਇਕਾਦਸ ਸ਼ਣਿ ਕੇ ਭਾਖੇ, ਨਰ ਤਿਯ ਰੋਗ ਕਸ਼ਟ ਜਿਸ ਹੋਵੈ।
ਇਨ ਦਿਨ ਤੇ ਜੇ ਰੋਗੀ ਬਚਹੈ, ਮੇਘ ਸੁ ਜੀਵਤ ਬਹੁ ਚਿਰ ਸੋਵੈ॥੧੦੫॥

ਐਤਵ੍ਹਾਰ ਕਸ਼ਟ ਹੋਵ ਤਾਂ ੯, ਸੋਮ ੭, ਮੰਗਲ, ੮, ਬੁਧਵਾਰ, ੧੨, ਵੀਰਵਾਰ ੧੦, ਸ਼ੁਕ੍ਰਵਾਰ ੧੩ ਤੇ ਸ਼ਨੀ ਵਾਰ ੧੧ ਦਿਨ ਕਸ਼ਟ ਰਹਿੰਦਾ ਹੈ, ਜੇ ਇਨ੍ਹਾਂ ਦਿਨਾ ਤੇ ਪੁਰਖ ਇਸਤ੍ਰੀ ਬਚੇ ਤਾਂ ਜੀਵ ਸਕਦਾ ਹੈ, ਨਹੀਂ ਤਾਂ ਮਰ ਜਾਣ ਵਿਚ ਸੰਕਾ ਨਹੀਂ ॥ ੧੦੫ ॥

ਸੁਪਨ ਵਿਚਾਰ-ਦਵੱਯਾ ਛੰਦ

ਨਗਨ ਸੀਸ ਨਰ ਮੁੰਡਪ ਪਾਂਗੁਲ, ਲੂਲਾ ਅੰਗ ਜੁ ਗਲਿਤੰ।
ਰਕਤ ਸਜਾਮ ਪਟ ਪਹਿਰੈ ਕਾਲਾ, ਬਰਨ ਅੰਗਕਚ ਪਲਿਤੰ।
ਫਾਸੀ ਦੀਤਾ ਸਹਤਰ ਸਹਿਤਾ, ਮਾਰੀਤਾ ਦਿਸ ਦੱਛਨ।
ਮਹਿਖਊਠ ਗਰਧਵਪਰਿ ਚਢਿਆ, ਵਾ ਤੀਯਾਇਮ ਲੱਛਨ॥੧੦੬॥
ਊਚੈ ਤੇ ਨੀਚੇ ਕੋ ਗਿਤੜਾ, ਅਗਨਿ ਨੀਰ ਮੈਂ ਪਰਹੀ।
ਕੋਊ ਮਾਰਤ ਚਿਸਹੂੰ ਦੀਸਤ, ਨਿਗਲਤ ਮਛਲਾ ਨਰਹੀ।

Digitized by Panjab Digital Library | www.panjabdigilib.org

ਨੇਤਰ ਫੂਟੈਂ ਦੀਪਕ ਬੁਝੈਹੈ, ਤੇਲ ਸੁਰਾ ਮਧੁ ਪੀਵੈ।
ਕੂਪ ਧਸੈ ਲੋਹਾ ਤਿਲ ਲਾਭੈ, ਪਕਵਨ ਅੰਨ ਜੁ ਲੀਵੈ ॥੧੦੭॥
ਸੁਪਨੇ ਮੈ ਇਸ਼ਨਾਨ ਕਰੰਤਾ, ਇਨ ਮਾਹੋ ਇੱਕ ਦੀਜੈ।
ਰੋਗ ਰਹਿਤ ਨਰ ਰੋਗੀ ਹੋਵੈ, ਰੋਗੀ ਮ੍ਰਿਤਯੁ ਕਹੀਜੈ।
ਬੁਰਾ ਸੁਪਨ ਨਿਸ ਦੇਖੀ ਕਾਹੂ, ਆਗੇ ਮੂਲ ਨ ਕਹੀਯੈ।
ਜਾਪ ਦਾਨ ਪਰਮੇਸਰ ਪੂਜਾ, ਤ੍ਰਿਕ ਦਿਨ ਕਰ ਸੁਖ ਲਹੀਯੈ ॥੧੦੮॥

ਨੰਗੇ ਸਿਰ, ਸਿਰ ਮੁਨਿਆਂ, ਪਾਂਗੁਲਾ ,ਲੂਲਾ, ਲਾਲ, ਕਾਲੇ ਬਸਤ੍ਰਾਂ ਵਾਲਾ, ਕਾਲੇ ਰੰਗ ਦਾ; ਭੂਰੇ ਰੋਮਾਂ ਵਾਲਾ, ਫਾਹੇ ਦਿੰਦਾ, ਸ਼ਸਤ੍ਰਾਂ ਸਮੇਤ, ਮਾਰਦਾ ਦੱਖਣ ਦਿਸ਼ਾ ਵਲ। ਮਹੇਂ ਊਂਠ ਅਰ ਗਧੇ ਉੱਪਰ ਚੜ੍ਹਿਆ ਅਥਵਾ ਇਸਤ੍ਰੀ ਪੁਰ ਸਵਾਰ, ਹੋਰ ਉਚਿਉਂ ਨੀਵੇਂ ਡਿੱਗਦਾ, ਅੱਗ ਅਰ ਜਲ ਵਿਚ ਪੈਣਾ, ਕੋਈ ਕਿਸੇ ਨੂੰ ਮਾਰਦਾ ਦਿੱਸੇ, ਮਛੂਲਾ ਨਿਕਲਦਾ ਦੇਖੇ। ਨੇਤ੍ਰ ਫੁਟਦਾ, ਦੀਵਾ ਬੁੱਝਦਾ ਤੇਲ ਸ਼ਰਾਬ ਅਰ ਸ਼ਹਿਤ ਪੀਂਦਾ ਦੇਖੇ। ਖੂਹ ਵਿਚ ਉਤਰੇ, ਲੋਹਾ ਤਿਲ ਲਭਣ, ਪਕ੍ਵਾਨ ਮਿਲੇ। ਸੁਪਨੇ ਵਿਚ ਸ਼ਨਾਨ ਕਰਦਾ ਦੇਖੇ, ਅਥਵਾ ਇਨ੍ਹਾਂ ਵਿਚੋਂ ਇਕ ਅੱਧਾ ਦੇਖੇ ਤਾਂ ਕਿਸੇ ਨਿਰੋਗ, ਰੋਗਵੰਤ ਹੋਵੇ ਅਰ ਰੋਗੀ ਦੇਖੇ ਤਾਂ ਮਰ ਜਾਵੇ, ਪਰੰਤੂ ਬੁਰਾ ਸੁਪਨਾ ਰਾਤ ਦੇਖੇ ਤਾਂ ਕਿਸੇ ਅੱਗੇ ਕਹੇ ਨਹੀਂ, ਜਾਪ, ਦਾਨ ਪਰਮੇਸ਼ਵਰ ਦਾ ਪੂਜਨ ਤਿੰਨ ਦਿਨ ਤੱਕ ਕਰੇ ਤਾਂ ਸੁਖ ਪ੍ਰਾਪਤ ਹੋਵੇ ॥ ੧੦੬ ਤੋਂ ੧੦੮ ॥

ਸ਼ੁਭ ਸੁਪਨ ਵਿਚਾਰ—ਸ਼ੰਕਰਛੰਦ

ਜੋ ਦੇਵ ਰਾਜਾ ਗਊ ਬ੍ਰਹਮਨ, ਜੀਵਤਾ ਮ੍ਰਿਤੁ ਦੇਖ।
ਬਹੁ ਸੱਤ੍ਰ ਜੀਤੈ ਚਢਤ ਘਰ ਪਰਿ, ਬੈਲ ਪਰਿ ਚਢ ਪੇਖ।
ਧੂਮ ਬਿਨ ਜੋ ਅਗਨਿ ਦੀਸੈ, ਔਰ ਤੀਰਥ ਜਾਨ।
ਗਿਰ ਹਸਤਿ ਘੋਰੈ ਚਢਯੋ ਦੀਸਤ, ਆਪਕੋ ਮ੍ਰਿਤੁ ਮਾਨ ॥੧੦੯॥
ਖਾਇ ਕਾਚਾ ਤਲ ਸੁ ਰੋਵਤ, ਔਰ ਧਨੁ ਕਿਛੁ ਪਾਇ।
ਜੋਕ ਭਮਰੀ ਸਰਪ ਮਾਖੀ, ਕਾਟ ਨਰ ਤਿਸ ਖਾਇ।
ਰੋਗੀ ਲਖੈ ਨਿਹ ਰੋਗ ਹੋਵੈ, ਸ੍ਰਸਤ ਕੋ ਧਨ ਹੋਇ।
ਸੁਪਨ ਆਛੇ ਮੇਘ ਭਾਸੈ, ਕਹੀ ਬਾਤ ਸਲੋਇ ॥੧੧੦॥

ਦੇਵਤਾ, ਰਾਜਾ, ਗਊ, ਬ੍ਰਾਹਮਣ, ਜੀਊਂਦੇ ਨੂੰ ਮ੍ਰਿਤ ਹੋਯਾ ਦੇਖੇ, ਬਹੁਤੇ ਸਤਰੂਆਂ ਨੂੰ ਜਿੱਤੇ, ਘਰ ਉੱਪਰ ਯਾ ਬੈਲ ਪਰ ਸਵਾਰ ਹੋਵੇ, ਧੂੰਏਂ ਬਿਨਾਂ ਅੱਗ ਦੇਖੇ ਅਰ ਤੀਰਥ ਦੇਖੇ, ਪਹਾੜ ਹਾਥੀ ਅਰ ਘੋੜੇ ਪਰ ਚੜ੍ਹਿਆ ਆਪ ਨੂੰ ਦੇਖੇ, ਆਪਣੀ ਮੌਤ ਦੇਖੇ, ਕੱਚਾ ਮਾਸ ਖਾਵੇ, ਰੋਵੇ, ਧਨ ਲੱਭੇ, ਜੋਕ, ਭੌਰੀ (ਧਮੋੜੀ), ਸੱਪ, ਮੱਖੀ ਤਿਸਨੂੰ ਕੱਟ ਖਾਵੇ, ਇਹ ਰੋਗੀ ਦੇਖੇ ਤਾਂ ਨਿਰੋਗ ਹੋ ਜਾਵੇ, ਰਾਜ਼ੀ ਬਾਜ਼ੀ ਦੇਖੇ ਤਾਂ ਧਨ ਪਾਵੇ। ਇਹ ਸਭ ਅੱਛੇ ਸੁਪਨੇ ਹਨ ॥ ੧੦੯ ॥ ੧੧੦ ॥

Digitized by Panjab Digital Library | www.panjabdigilib.org

ਯੁਕਤਾ ਯੁਕਤ ਬਿਚਾਰ

ਚੌਪਈ

(ਪ੍ਰਯੋਗ ਵਿਚ ਕੇੜ੍ਹੀ ਯੁਕਤ-ਚੰਗੀ, ਕੇੜ੍ਹੀ ਅਯੁਕਤ-ਮੰਦੀ ਹੈ ?)

ਮਧੁ ਘ੍ਰਿਤ ਗੁੜ ਪੀਪਰ ਬਾੜਿੰਗ। ਏਹ ਪੁਰਾਨੇ ਪਾਵੇ ਚੰਗ।
ਔਰ ਔਖਦੀ ਨਮੀ ਸੁ ਆਨ। ਦੀਜੈ ਜੋਗ ਮਾਹਿ ਲੇ ਠਾਨ ॥੧੧੧॥
ਬਾਂਸਾ ਪੇਠਾ ਕੂੜਾ ਸਤਾਵਰ। ਪੀਲਾ ਬਾਂਸਾ ਸੌਂਫ ਮਿਲਾਵਰ।
ਔਰ ਪ੍ਰਸਾਰਿਨਿ ਅਸਗੰਧ ਜਾਨ। ਮੇਲ ਗੜੂਚੀ ਗੀਲੇ ਦਾਨ ॥੧੧੨॥
ਸੂਕਾ ਗੀਲਾ ਸਮ ਕਰ ਪਾਵੇ। ਅਤਿ ਗੀਲਾ ਤੌ ਦੂਨਾ ਠਾਵੇ।
ਸਮਾ ਨ ਭਾਖਿਆ ਪ੍ਰਾਤ ਬਤਾਈ॥ ਅੰਗ ਨਾ ਭਾਖਯਾ ਜੜ ਲੈ ਭਾਈ॥੧੧੩॥
ਬਜਨ ਨਹੀ ਤਿਸ ਸਮ ਹੀ ਜਾਨ। ਭਾਂਡਾ ਨਹਿ ਮਾਟੀ ਕਾ ਆਨ।
ਦ੍ਰਵ ਨ ਕਹਿਆ ਜਲ ਕੋ ਮੇਲ। ਨਾਮ ਨ ਭਾਖਯਾ ਮੀਠਾ ਤੇਲ॥੧੧੪॥
ਏਕ ਬਾਰ ਫਿਰ ਦੂਜੀ ਵਾਰ। ਔਖਦ ਭਾਖੀ ਦੁਗਨੀ ਡਾਰ।
ਚੂਰਨ ਘ੍ਰਿਤ ਮੈ ਚੰਦਨ ਸੇਤ। ਕ੍ਵਾਥ ਲੇਪ ਰਕਤ ਚੰਦਨ ਦੇਤ॥੧੧੫॥
ਗੁਨ ਤੇ ਹੀਨ ਔਖਦੀ ਜਾਨ। ਬਰਸ ਏਕ ਤੇ ਕਹੀ ਸੁਜਾਨ।
ਦੋਇ ਮਾਸ ਚੂਰਨ ਗੁਨ ਕਰੈ। ਗੋਲੀ ਚਟਨੀ ਬਰਸ ਸੁ ਧਰੈ ॥੧੧੬॥
ਘੀਉ ਤੇਲ ਖੋੜਸ ਲਖ ਮਾਸ। ਲਘੁ ਪਾਕਾਦਿਕ ਬਰਖ ਜੁ ਤਾਸ।
ਰਜ ਆਸਵ ਤੀਜੀ ਲਖ ਧਾਤ ।ਘਨੀ ਪੁਰਾਨੀ ਗੁਨ ਬਿਖਯਾਤ॥੧੧੭॥
ਜੋਗ ਮਾਹਿ ਔਖਦ ਹੈ ਕਹੀ। ਰੋਗ ਅਹਿਤ ਸੇ ਕਾਢੇ ਸਹੀ।
ਜੋਗ ਮਾਹਿ ਔਖਦ ਨਹਿ ਭਾਖੀ। ਰੋਗਿ ਜੋਗ ਸੋ ਪਾਵੇ ਦਾਖੀ ॥੧੧੮॥

ਸ਼ਹਿਤ. ਘੇਉ, ਗੁੜ ਮਘਾਂ ਤੇ ਬਾਇਵੜਿੰਗ, ਇਹ ਪੁਰਾਣੇ ਪ੍ਰਯੋਗ ਵਿਚ ਪੌਣੇ ਚੰਗੇ ਹਨ। ਹੋਰ ਚੀਜ਼ਾਂ ਤਾਜ਼ੀਆਂ (ਨਵੀਆਂ) ਪਾਵੇ। ਬਾਂਸਾ, ਪੇਠਾ, ਕੜਸੱਕ, ਸਤਾਵਰ, ਪੀਲਾਬਾਂਸਾ, ਸੌਂਫ *ਪ੍ਰਸਾਰਿਣੀ (ਲਾਜਵੰਤੀ) ਅਸਗੰਧ ਅਰ ਗਿਲੋਇ, ਇਹ ਸਭ ਗਿੱਲੇ ਪਾਵੇ। ਸੁੱਕਾ ਕੁਛ ਗਿਲਾ ਹੋਵੇ ਤਾਂ ਹੋਰਨਾ ਦੇ ਸਮਾਨ ਹੀ ਪਾ ਲਵੇ। ਜੇ ਅਤਯੰਤ ਗਿੱਲਾ ਹੋਵੇ ਤਾਂ ਦੂਣਾ ਪਾਵੇ। ਜਿੱਥੇ ਦਵਾਈ ਦੇਣ ਦਾ ਵਕਤ ਨਹੀਂ ਲਿਖਯਾ, ਉਹ ਪ੍ਰਾਤਾਕਾਲ ਜਾਨਣਾ। ਜਿਥੇ ਚੀਜ਼ ਦਾ ਅੰਗ (ਛਿਲ ਫਲ, ਫੁਲ) ਆਦਿ ਕੁਛ ਨਹੀਂ ਕਿਹਾ, ਓਥੇ ਜੜ੍ਹ ਦੀ ਛਿਲ੍ਹ ਪਾਵੇ। ਜਿਥੇ ਤੋਲ ਪ੍ਰਮਾਣ ਚੀਜ਼ਾਂ ਦਾ ਨਹੀਂ ਦਸਿਆ ਓਥੇ ਸਭ ਸਮਾਨ ਲਵੇ। ਭਾਂਡੇ ਦਾ ਨਾਮ ਨਹੀਂ ਤਾਂ ਮਿੱਟੀ ਦਾ ਭਾਂਡਾ ਜਾਣੋ, ਜਿਥੇ ਗਿੱਲੀ ਚੀਜ਼ ਨਹੀਂ ਓਥੇ ਜਲ ਪਾ ਲਵੇ। ਤੇਲ ਦਾ ਨਿਰਨਾ ਨਹੀਂ ਤਾਂ ਮਿੱਠਾ ਤੇਲ ਲਵੇ, ਇਕ ਬਾਰ ਲਿਖਕੇ ਦੋਬਾਰਾ, ਫਿਰ ਉਸੇ ਦਵਾਈ

*ਪ੍ਰਸਾਰਣੀ-ਲਾਜਵੰਤੀ ਬੂਟੀ ਹੈ, ਦੇਖੋ ਚਕਿਸਤਾ ਕੋਸ਼। ਖਿਪ ਅਯੁਕਤ ਹੈ।

Digitized by Panjab Digital Library | www.panjabdigilib.org

ਦਾ ਨਾਮ ਹੈ ਤਾਂ ਦੂਣੀ ਜਾਣੇ, ਚੂਰਣ ਅਰ ਘ੍ਰਿਤ ਵਿੱਚ ਚਿੱਟਾ ਚੰਦਨ, ਕਾੜ੍ਹੇ ਤੇ ਲੇਪ ਵਿਚ ਲਾਲ ਚੰਦਨ ਪੌਣਾ ਚਾਹੀਏ। ਬਣਾਈ ਹੋਈ ਦਵਾਈ ਇਕ ਸਾਲ ਚੰਗੀ ਰਹਿੰਦੀ, ਉਪਰੰਤ ਗੁਣ ਹੀਣ ਹੋ ਚੂਰਣ ਦੋ ਮਹੀਨੇ ਤਕ ਗੁਣ ਵਾਲਾ ਰਹਿ ਸਕਦਾ ਹੈ ਗੋਲੀ ਤੇ ਚਟਣੀ ਸਾਲ ਤਕ ਗੁਣ ਵਾਲੀ ਰਹਿੰਦੀ ਹੈ। ਤਿਆਰ ਕੀਤੇ ਹੋਏ ਘੇਉਤੇ ਤੇਲ ਸੋਲਾਂ ਮਹੀਨੇ ਤਕ ਗੁਣਵੰਤ ਰਹਿ ਸਕਦੇ ਹਨ। ਜਿਨ੍ਹਾਂ ਵਿਚ ਧਾਤੂ ਨਹੀਂ ਪੈਂਦੀ, ਐਸੇ ਲਘੂ ਪਾਕਾਦਿ ਸਾਲ ਤਕ ਗੁਣ ਵਾਲੇ ਰਹਿੰਦੇ ਹਨ। ਰਸ, ਆਸ੍ਰ (ਮਦ) ਤੇ ਤੀਜੀ ਧਾਤੂ ਇਹ ਜਿਤਨੇ ਪੁਰਾਣੇ, ਉਤਨੇ ਗੁਣਵੰਤ ਹੁੰਦੇ ਹਨ। ਪ੍ਰਯੋਗ ਵਿਚ ਤਾਂ ਦਵਾਈ ਹੈ; ਉੱਞ ਰੋਗੀ ਨੂੰ ਦੁਖਦਾਈ ਹੈ; ਉਹ ਕੱਢ ਦਿਓ। ਜੇ ਪ੍ਰਯੋਗ ਵਿਚ ਦਵਾਈ ਨਹੀਂ ਅਰ ਰੋਗੀ ਨੂੰ ਗੁਣਕਾਰ ਹੈ ਤਾਂ ਪਾ ਲਵੋ। ਇਉਂ ਸਭ ਸੋਚ ਵਿਚਾਰਕੇ ਕਰ ਕਰਾ ਲੈਣਾ ॥੧੧੧ ਤੋਂ ੧੧੮॥

ਬੂਟੀ ਵਿਚਾਰ

ਦੋਹਰਾ

ਬਿੰਧਯਾਚਲ ਗਿਰ ਸੈਲ ਕੀ, ਕਹੀ ਔਖਦੀ ਗਰਮ।
ਹਿਮ ਗਿਰ ਔਖਦ ਸੌਮ ਹੈ, ਬਨ ਉਪਬਨ ਤਯੋਂ ਮਰਮ ॥੧੧੯॥
ਅਤਿ ਪਵਿਤ੍ਰ ਉਜਲ ਬਸਨ, ਪੂਰਬ ਦਿਸ ਮੁਖ ਕਾਰ।
ਲੇਹੁ ਪ੍ਰਾਤ ਉਠ ਔਖਦੀ, ਰੁਦ੍ਰ ਹ੍ਰਿਦੈ ਮਨ ਧਾਰ ॥੧੨੦॥
ਉਤ੍ਰ ਦਿਸ ਮੁਖ ਜਾਸ ਕੇ, ਲੀਜੈ ਔਖਦ ਸੋਇ।
ਤੌ ਔਖਦ ਗੁਨਕਾਰ ਹੈ ਸੋਭਾ ਜਗ ਮੈ ਹੋਇ ॥੧੨੧॥
ਗੰਦੀ ਠੌਰ ਮਸਾਨ ਕੀ ਕੱਲਰ ਜਲ ਕੀ ਰਾਹ।
ਲਗਯੋ ਜੰਤ ਅਤਿ ਜਾਸ ਕੋ, ਸੋ ਗੁਨ ਕਬਿ ਨ ਕਰਾਹੁ ॥੧੨੨॥
ਸਰਦ ਜੁ ਰੁਤ ਕੀ ਔਖਦੀ, ਸਭ ਰੋਗਨਿ ਕੋ ਲੇਹ।
ਔਖਦ ਰੁੱਤ ਬਸੰਤ ਕੀ, ਸੋਧਨ ਬਮਨਹਿ ਦੇਹ ॥੧੨੩॥
ਜਾਕਾ ਮੂਲ ਸਥੂਲ ਹੈ, ਤਾਕੀ ਤੁਚਾ ਪਵਾਇ।
ਜਾਕੀ ਸੂਖਮ ਜੜ ਲਖੇ, ਤਾਕੋ ਤਿਮੀ ਰਲਾਇ ॥੧੨੪॥
ਗ੍ਰੀਖਮ ਰੁਤ ਰਸ ਮੰਜਰੀ, ਬਰਖਾ ਰੁਤ ਰਸ ਪਾਤ।
ਹਿਮ ਜਾਨਹੁ ਰਸ ਚਰਮ ਮੈ, ਰਸ ਬਸੰਤ ਜੜ ਘਾਤ ॥੧੨੫॥
ਗੁਲੀ ਲੇਹੁ ਬਿਜੇਸਾਰ ਕੀ, ਬਟ ਕੀ ਜਟਾ ਮੰਗਾਇ।
ਪੱਤ੍ਰ ਲੇਹੁ ਤਾਲੀਸ ਕੇ, ਤ੍ਰਿਫਲਾ ਫਲਹਿ ਰਲਾਇ ॥੧੨੬॥
ਧਾਇ ਬ੍ਰਿਖ ਕੋ ਫੂਲ ਲੇ, ਥੋਹਰਾਦਿ ਕਾ ਖੀਰ।
ਪਾਂਚ ਅੰਗ ਫਲ ਫੂਲ ਜੜ, ਪੱਤ੍ਰ ਤੁਚਾ ਲੈ ਧੀਰ ॥੧੨੭॥

Digitized by Panjab Digital Library | www.panjabdigilib.org

ਬੂਟੀ ਬਿੰਧਜਾਚਲ ਪਰਬਤੋਂ ਲਿਆਂਦੀ ਗਰਮ, ਹਿਮਾਲਯ ਦੀ ਠੰਢੀ, ਇਸੇ ਤਰ੍ਹਾਂ ਬਨ (ਜੰਗਲ) ਦੀ ਗਰਮ ਤੇ ਉਪਬਨ (ਘਰ ਦੇ ਬਾਗ) ਦੀ ਠੰਢੀ ਕਹਾਉਂਦੀ ਹੈ ॥ ੧੧੮ ॥ ਅਤਿਅੰਤ ਪਵਿਤ੍ਰ ਹੋ ਕੇ ਪਵਿਤ੍ਰ ਬਸਤ੍ਰ ਪਾ ਕੇ, ਚੜ੍ਹਦੇ ਨੂੰ ਮੂੰਹ ਕਰਕੇ ਪ੍ਰਾਤਾਕਾਲ ਉਠਕੇ, ਔਖਦੀ ਉਖਾੜੇ ਪਰੰਤੂ ਸ਼ਿਵਜੀ ਦਾ ਮਨ ਵਿਚ ਅਰਾਧਨ ਕਰੇ ॥ ੧੧੯ ॥ ਉਤ੍ਰ ਵਲ ਨੂੰ ਜਿਸ ਬੂਟੀ ਦਾ ਝੁਕਾਓ ਹੋਵੇ, ਉਹ ਲਵੇ। ਇਹ ਗੁਣਕਾਰ ਹੁੰਦੀ ਹੈ, ਜਿਸਤੇ ਜਗਤ ਵਿਚ ਸੋਭਾ ਦੇਣਹਾਰੀ ਹੈ ॥ ੧੨੦ ॥ ਗੰਦੀ ਜਗ੍ਹਾ ਮਸਾਣਾਂ ਦੇ ਥਾਂ ਦੀ ਕਲਰਾਨੀ ਥਾਂ ਦੀ, ਜਲ ਕਿਨਾਰੇ ਦੀ ਅਰ ਰਸਤੇ ਵਿਚਲੀ ਅਰ ਜਿਸ ਨੂੰ ਬਹੁਤੇ ਜੀਵ ਲੱਗੇ ਹੋਣ, ਅਜੇਹੀ ਬੂਟੀ ਨਾਂ ਉਖਾੜੇ, ਕਿਉਂਕਿ ਇਹ ਕਦੇ ਗੁਣ ਵਾਲੀ ਨਹੀਂ ਹੁੰਦੀ ਹੈ ॥ ੧੨੧ ॥ ਸਰਦ ਰਿਤੂ ਦੀ ਬੂਟੀ ਲਵੇ, ਇਹ ਸਭ ਰੋਗਾਂ ਨੂੰ ਸੁਖ ਦੇਣਹਾਰੀ ਹੁੰਦੀ ਹੈ। ਬਸੰਤ ਰੁੱਤ ਦੀ ਬੂਟੀ, ਜੁਲਾਬ ਅਰ ਵਮਨ ਦੇਣ ਵਾਲੀ ਆਖਦੇ ਹਨ ॥ ੧੨੨ ॥ ਜਿਸਦੀ ਜੜ੍ਹ ਮੋਟੀ ਹੋਵੇ, ਉਸਦੀ ਛਿਲ ਪਾਵੇ। ਜਿਸਦੀ ਬਰੀਕ ਜੜ੍ਹ ਹੋਵੇ ਸੋ ਸਭੋ ਪਾ ਦੇਵੋ ॥ ੧੨੩ ॥ ਗ੍ਰੀਖਮ (ਹਾੜ ਜੇਠ) ਦੀ ਰੁਤੇ ਰਸਾ ਸਿੱਟੇ (ਚੋਟੀ) ਵਿਚ, ਵਰਸਾਤ ਨੂੰ ਰਸ ਪੱਤਾਂ ਵਿਚ ਸਰਦੀ (ਸਿਆਲ) ਨੂੰ ਰਸਾ ਛਿਲ ਵਿਚ, ਅਰ ਬਸੰਤ ਰੁੱਤ ਵਿਖੇ ਰਸਾ ਜੜ ਵਿਚ ਹੈ, ਸੋਈ ਪਾਵੇ ॥ ੧੨੪-੧੨੫ ॥ ਬਿਜੇਸਾਰ (ਚਕੋਧਰੇ) ਆਦਿ ਦੀ ਗੁਲੀ ਲਵੇ, ਬੋਹੜ ਦੀ ਜੜ੍ਹ ਯਾ ਦਾਹੜੀ, ਤਾਲੀਸ ਦੇ ਪੱਤਰ, ਤ੍ਰਿਫਲੇ ਦੇ ਫਲ ॥ ੧੨੬ ॥ ਧਾਵਿਆਂ ਦੇ ਫੁੱਲ, ਥੋਹਰ ਆਦਿ ਦਾ ਦੁੱਧ ਲਵੇ। ਫਲ ਫੂਲ ਜੜ੍ਹ, ਪੱਤਰ ਅਰ ਛਿੱਲ ਇਹ ਪੰਚਾਂਗ ਕਿਹਾ ਜਾਂਦਾ ਹੈ ॥੧੧੯ ਤੋਂ ੧੨੭॥

ਦਵਾਈ ਦੇਣ ਦੇ ਪੰਜ ਕਾਲ–ਸੋਰਠਾ

ਜਾਨੋ ਏਕ ਪ੍ਰਭਾਤ, ਦੂਜਾ ਦਿਨ ਭੋਜਨ ਸਮੈਂ।
ਤੀਜਾ ਸੰਧਯਾ ਖਾਤ, ਚੌਥਾ ਬਾਰੰਬਾਰ ਭਨਿ ॥੧੨੮॥
ਪੰਚਮ ਸੋਵਤ ਬਾਰ, ਕਹੇ ਪੰਚ ਏ ਕਾਲ ਸਭ।
ਬਮਨ ਬਿਰੇਚਨ ਧਾਰ, ਕਫ ਪਿਤੀ ਕੋ ਪ੍ਰਾਤ ਲਹੁ ॥੧੨੯॥
ਉਲਟ ਚਲਤ ਗੁਚ ਬਾਤ, ਤੌ ਭੋਜਨ ਆਗੈ ਭਖੋ।
ਹੋਇ ਅਰੁਚਿ ਕੀ ਬਾਤ, ਭੋਜਨ ਮੈ ਮਿਲ ਦੀਜੀਏ ॥੧੩੦॥
ਨਾਭਿ ਸਮਾਨੈ ਬਾਇ, ਉਲਟ ਚਲਤ ਦੁਖ ਦੇਤ ਹੈ।
ਮੰਦ ਅਗਨਿ ਦੀਪਾਇ, ਔਖਧ ਦੇ ਦਿਨ ਅਸਨ ਮੈਂ ॥੧੩੧॥
ਸਰਬ ਸਰੀਰੈ ਬਾਤ, ਭੇਖਜ ਭੋਜਨ ਅੰਤ ਭਖੁ।
ਹਿੱਕ੍ਵਾ ਖੇਪ ਕੰਪਾਤ, ਭਖੁ ਭੇਖਜ ਭੋਜਨ ਅਗੈ ॥੧੩੨॥
ਕੰਠੈ ਬਾਇ ਉਦਾਨ, ਕੋਪ ਹੋਇ ਸ੍ਵਰਭੰਗ ਪੁਨ।
ਸੰਧਯਾ ਭੋਜਨ ਜਾਨ, ਗ੍ਰਾਸ ਗ੍ਰਾਸ ਦੈ ਔਖਧੀ ॥੧੩੩॥
ਪ੍ਰਾਨ ਵਾਇ ਹਿਯ ਮਾਹਿ, ਕਰਤ ਬਿਕਾਰ ਜੁ ਤਨ ਸਕਲ।
ਭੋਜਨ ਪੀਛੈ ਜਾਹਿ, ਤਾਕੋ ਔਖਧ ਦੀਜੀਏ ॥੧੩੪॥

Digitized by Panjab Digital Library | www.panjabdigilib.org

ਤ੍ਰਿਖਾ ਛਰਦਿ ਹਿਕੁ ਸ੍ਵਾਸ, ਇਨਕੋ ਦੀਜੈ ਛਿਨ ਛਿਨੈ।
ਬਿਖ ਕੋ ਔਖਧ ਰਾਸ, ਅੰਨ ਸਹਿਤ ਖਾਵਨ ਦਿਯੋ॥੧੩੫॥
ਗ੍ਰੀਵਾ ਊਪਰ ਰੋਗ, ਪਾਚਨ ਪ੍ਰਸਟ ਜੁ ਹੇਤ ਕਰਿ।
ਔਖਧ ਇਨ ਨਿਸ ਜੋਗ, ਸਾਰੰਗਧਰ ਇਮ ਊਚਰੈ॥੧੩੬॥

ਪਹਿਲਾ ਕਾਲ—ਪਹਿਲਾ ਪ੍ਰਭਾਤ,ਦੂਜਾ ਰੋਟੀ ਵੇਲੇ, ਤੀਜਾ ਸੰਧਿਆ ਵੇਲੇ, ਚੌਥਾ ਬਾਰੰਬਾਰ ਅਰ ਪੰਜਵਾਂ ਸੌਣ ਵੇਲੇ, ਦਵਾਈ ਦੇਣ ਦਾ ਸਮਾਂ ਹੈ। ਅਤੇ ਕੈ, ਦਸਤ, ਕਫ, ਅਰ ਪਿਤ ਵਾਲੇ ਨੂੰ ਪ੍ਰਭਾਤ ਕਾਲ ਦੇਵੇ ॥ ੧੨੮ ॥ ੧੨੯ ॥ ਇਤਿ ਪ੍ਰਥਮ ਕਾਲ ॥

ਦੂਜਾ ਕਾਲ-ਜਿਸਦੀ ਗੁਦਾ ਦੀ ਅਪਾਨ ਵਾਯੂ ਵਿਗੜੀ ਹੋਈ ਹੋਵੇ, ਉਸਨੂੰ ਭੋਜਨ ਖਾਣ ਤੋਂ ਪਹਿਲੇ, ਜੇ ਅਰੁਚਿ ਹੋਵੇ ਤਾਂ ਭੋਜਨ ਦੇ ਗ੍ਰਾਸਾਂ ਵਿਚ ਮਿਲਾਕੇ ਦੇਵੇ। ਜਿਸਦੀ ਸਮਾਨ ਵਾਯੂ ਨਾਭੀਓਂ ਖ਼ਰਾਬ ਹੋਕੇ ਉਲਟ ਕੇ ਦੁਖ ਦੇਵੇ। ਜਿਸ ਦੀ ਮੰਦ ਅਗਨਿ ਹੋਵੇ, ਫਿਰ ਪ੍ਰਜ੍ਵਲਤ ਕਰਨੀ ਹੋਵੇ, ਉਸਨੂੰ ਦਿਨ ਦੇ ਭੋਜਨ ਦੇ ਗ੍ਰਾਸ ਵਿਚ ਖੁਲਾਵੇ। ਜੇ ਕਦੇ ਸਾਰੇ ਸਰੀਰ ਵਿਚ ਵਾਯੂ ਪ੍ਰਵੇਸ਼ ਕਰ ਗਈ ਹੋਵੇ ਤਾਂ ਭੋਜਨ ਦੇ ਪਿਛੋਂ ਦਵਾਈ ਦੇਵੇ। ਹਿਡਕੀ, ਅਖੇਪ ਤੇ ਕੰਪ ਵਾਲੇ ਨੂੰ ਭੋਜਨੋਂ ਅੱਗੇ ਦੇਵੇ ॥ ੧੩੦॥੧੩੧॥੧੩੨॥ ਇਤਿ ਦੂਸਰਾ ਕਾਲ ॥

ਤੀਜਾ ਕਾਲ-ਜਿਸ ਦੀ ਕੰਠ ਦੀ ਉਦਾਨਵਾਯੂ ਕਰੁਧਿਤ ਹੋ ਕੇ ਸੁਰ ਭੰਗ ਕਰੇ, ਉਸ ਨੂੰ ਰਾਤ ਦੇ ਭੋਜਨ ਦੇ ਗ੍ਰਾਸ ਗ੍ਰਾਸ ਵਿਚ ਨਿਗਲਾਵੇ। ਜਿਸ ਨੂੰ ਹਿਰਦੇ ਵਿਚ ਰਹਿਣ ਵਾਲੀ ਪ੍ਰਾਣਵਾਯੂ ਵਿਗੜਕੇ ਸਾਰੇ ਸਰੀਰ ਵਿਚ ਵਿਕਾਰ ਕਰ ਦੇਵੇ, ਉਸ ਨੂੰ ਦਵਾਈ ਭੋਜਨ ਦੇ ਪਿਛੋਂ ਦੇਣੀ ਯੋਗਯ ਹੈ ॥੧੩੩॥੧੩੪॥ ਇਤਿ ਤੀਸਰਾ ਕਾਲ ॥

ਚੌਥਾ ਕਾਲ-ਪਿਆਸ, ਕੈ, ਹਿਡਕੀ, ਤੇ ਸਵਾਸ ਰੋਗ ਵਿਚ ਦਵਾਈ ਬਾਰੰਬਾਰ ਦੇਣੀ ਸ੍ਰੇਸ਼ਟ ਹੈ। ਵਿਖ ਵਾਲੇ ਨੂੰ ਭੋਜਨ ਵਿਚ ਰਲਾ ਕੇ ਦੇਵੇ ॥੧੩੫॥ ਇਤਿ ਚੌਥਾ ਕਾਲ ॥

ਪੰਜਵਾਂ ਕਾਲ-ਧੌਣ ਉੱਪਰ ਦੇ ਰੋਗਾਂ ਨੂੰ ਪਾਚਨ ਤੇ ਪੁਸ਼ਟੀ ਵਾਸਤੇ ਭੀ ਰਾਤ ਨੂੰ ਦਵਾਈ ਦੇਣੀ ਯੋਗ ਹੈ ॥ ੧੩੬ ॥ ਇਤਿ ਪੰਚਮ ਕਾਲ ॥

ਅੰਨ ਕਲਪਣਾ—ਚੌਪਈ

(ਹੋਰ ਹੋਵੇ ਹੋਰ ਪੌਣੀ)

ਚਿੱਤ੍ਰਕ ਹੋਇ ਨ ਦੰਤੀ ਪਾਵੇ। ਪ੍ਰਿਸਟਪਰਨ ਨਹਿ ਬ੍ਰਿਹਤੀ ਥਾਵੇ।
ਨਾਹਿ ਧਮਾਸਾ ਦੇਹੁ ਜਮਾਹਾ। ਜਾਵਾਹਾ ਨਹਿ ਤਗਰ ਮਿਲਾਹਾ॥੧੩੭॥
ਕੁਸਟ ਦੇਹੁ ਤਗਰੈ ਕੀ ਠੌਰ। ਹੋਇ ਨ ਮੂਰਵਾ ਤ੍ਰਕ ਕੀ ਗੌਰ।
ਹਿੰਗਪੱਤ੍ਰੀ ਹੋਇ ਨ ਜਹਾਂ। ਬੰਸਪੱਤ੍ਰੀ ਪਾਵੇ ਤਹਾਂ॥੧੩੮॥
ਹੀਂਸ ਠੌਰ ਲੈ ਮਾਨ ਜੁ ਕੰਦ। ਵਕੁਲ ਅਭਾਵ ਕਲਾਰ ਅਨੰਦ।

Digitized by Panjab Digital Library | www.panjabdigilib.org

ਅਥਵਾ ਪਾਵੈ ਕਵਲ ਸੁ ਫੂਲ। ਯਾਹਿ ਬਾਤ ਤੇ ਜਾਹਿ ਨ ਭੂਲ॥੧੩੯॥
ਜਹਾਲਛਮਨਾ ਹਾਥ ਨ ਆਇ। ਮੋਰਸਿਖਾ ਤਿਸ ਠੌਰ ਮਿਲਾਇ।
ਨੀਲੇ ਕਮਲ ਜਹਾਂ ਨਹਿ ਹੋਇ। ਤਾਂਕੀ ਠੌਰ ਸ੍ਵੇਤ ਲੈ ਢੋਇ॥੧੪੦॥
ਜਾਵੱਤ੍ਰੀਨਹੀਂ ਲੌਂਗ ਮਿਲਾਇ। ਅਰਕ ਦੂਧ ਨਹਿ ਰਸਾ ਠਵਾਇ॥
ਕਣਾਮੂਲ ਗਜਪੀਪਰ ਚਵਕਾ। ਤੀਨੋ ਕਾ ਗੁਨ ਏਕੋ ਢਵਕਾ॥੧੪੧॥
ਨਾਹਿ ਬਾਵਚੀ ਪਾਇ ਪਮਾਰ। ਦਾਰੁਨਿਸਾ ਨਹਿ ਹਰਦੀ ਡਾਰ।
ਰਸਵਤ ਠੌਰ ਦਾਰਵੀ ਪਾਇਹੋਇ ਨ ਫਟਕੜਿ ਕਠਨੀ ਥਾਇ॥੧੪੨॥
ਨਹੀ ਤਲੀਸ ਤਮਾਲਹਿ ਪਾਵੈਪੁਸਕਰ ਜੜ ਨਹਿ ਕੁਸਟ ਮਿਲਾਵੈ।
ਹੋਇ ਨ ਸਜਾਲੀ ਭ੍ਰਿੰਗੀ ਦੇਹੁ। ਭ੍ਰਿੰਗੀ ਠੌਰ ਤਲੀਸ ਠਵੇਹੁ॥੧੪੩॥
ਅਥਵਾ ਪਾਵੈ ਬ੍ਰਹਿਤੀਮੂਰ। ਨਹਿ ਕਰਿ ਕੇਸਰ ਪਦਮ ਕਪੂਰ।
ਅਤਰ ਲੂਣ ਨਹਿ ਸੇਂਧਾ ਧਰੋ। ਨਹਿ ਯਸਟੀ ਤੌ ਧਾਵੈ ਭਰੋ॥੧੪੪॥
ਅਮਲਬੇਤ ਨਹਿ ਅਮਲੀ ਪਾਇ। ਕਸਮੀਰੀ ਫਲ ਦਾਖੈਂ ਥਾਇ।
ਕਸਮੀਰੀ ਫਲ ਹੋਇ ਨ ਕਹੀਂ। ਤਹਿ ਮਧੂਕ ਕੋ ਕੁਸਮ ਸੁ ਸਹੀ॥੧੪੫॥
ਫੂਲ ਲਵੰਗ ਨ ਖੱਸਯਾ ਭਾਵ। ਮ੍ਰਿਗਮਦ ਨਾਹਿ ਕੰਕੋਲ ਠਵਾਵ।
ਨਾਹਿ ਕੰਕੋਲੀ ਪਾਇ ਜਵਤੀ। ਨਾਹਿ ਕਪੂਰ ਸੁ ਮੁਸਤਾ ਦਤੀ॥੧੪੬॥
ਗੰਥ ਪਰਨ ਭੀ ਤਿਹ ਜਗ ਪਾਵੈ। ਜਿਹ ਕੇਸਰ ਨ ਕੁਸੁੰਭ ਮਿਲਾਵੈ।
ਸ੍ਰੀ ਖੰਡ ਚੰਦਨ ਜਹਾਂ ਸੁ ਨਾਹਿ। ਤਾਮੈਂ ਦੇਹੁ ਕਪੂਰ ਮਿਲਾਇ॥੧੪੭॥
ਨਹੀਂ ਕਪੂਰ ਜੁ ਚੰਦਨ ਰਕਤ। ਨਹਿ ਚੰਦਨ ਲੀਜੈ ਖਸਭਕਤ।
ਮੁਸਤਾ ਪਾਉ ਪਤੀਸੇ ਠੌਰ। ਸਿਵਾ ਠੌਰ ਲੈ ਸਿਵਾ ਗਨੌਰ॥੧੪੮॥
ਮੇਦਾ ਜੀਵਕ ਕਹੀ ਕਕੋਲੀ। ਰਿੱਧ ਸੁ ਬ੍ਰਿੱਧ ਸਤਾਵਰ ਤੋਲੀ।
ਬਿਦਾਰੀ ਅਸਗੰਧ ਬਰਾਹੀ। ਸਭਨਾ ਕਾ ਗੁਨ ਏਕੋ ਆਹੀ॥੧੪੯॥
ਜਹਾਂ ਬਿਦਾਰੀ ਹੋਵੈ ਕਾਲ। ਤਹਾਂ ਤਾਈਏ ਚਰਮਕਰਾਲੁ।
ਨਹਿ ਭਲਾਵ ਤੌ ਚੰਦਨ ਲਾਲ। ਅਥਵਾ ਚਿੱਤ੍ਰਾ ਤਾਮਹਿ ਡਾਲ॥੧੫੦॥
ਨਹੀ ਈਖ ਤਹਿ ਨੜਾ ਮੰਗਾਈ। ਨਹਿ ਕੰਚਨ ਹਿਮ ਮਾਖੀ ਪਾਈ।
ਨਹੀਂ ਰੂਪ ਰਸ ਸ੍ਵੇਤ ਜੁ ਮਾਖੀ। ਸ੍ਵਰਣ ਗੈਰਕਾ ਤਿਸਥਿਤ ਰਾਖੀ੧੫੧।

Digitized by Panjab Digital Library | www.panjabdigilib.org

ਸੋਨਾ ਰੂਪਾ ਹੋਇ ਨ ਮਾਰਿਆ। ਤਹਾਂ ਸਾਰ ਨੈ ਕਾਮ ਸਵਾਰਿਆ।
ਕਾਂਤਿਲੋਹ ਅਭਰਕ ਕੈ ਥਾਨ। ਨਹੀਂ ਕਾਂਤ ਤੀਖਨ ਅਯਮਾਨ ॥੧੫੨॥
ਵਜ੍ਰ ਨਾਹਿ ਵੈਕ੍ਰਾਂਤ ਮਿਲਾਇ। ਮੋਤੀ ਸੁਕਤ ਮੁਤੀ ਕੈ ਥਾਇ।
ਹੋਇ ਨ ਪਿੱਤਾ ਰਸ ਤਹਿ ਪਾਵੈ ਕਦਵ ਫੂਲ ਨਹਿ ਬੰਵਚੁਵਾਵੈ॥੧੫੩॥
ਜੀਰਨ ਗੁੜ ਲੈ ਮਧੁ ਕੀ ਜਾਗਾ। ਖੰਡ ਠਉਰ ਸਿਤ ਸਰਕਰ ਲਾਗਾ।
ਖੰਡ ਨ ਹੋਵੈ ਸਿਤਾ ਮਿਲਾਈ। ਸਿਤਾ ਨ ਹੋਵੈ ਖੰਡ ਠਵਾਈ ॥੧੫੪॥
ਦੂਧ ਨ ਰਸਾ ਸੁ ਮੁਗਧ ਮਸੂਰ। ਅਪਰ ਨ ਚਾਵਲ ਸੱਠੀ ਪੂਰ।
ਮੋਰ ਅਭਾਵੇ ਹੰਸਾ ਜਾਨ। ਸਸਾ ਠੋਰ ਮੂਖਕ ਕੋ ਠਾਨ ॥੧੫੫॥
ਔਰ ਬਸਤ ਆਨੇਕ ਬਖਾਨੀ। ਤਾਂਕਾ ਗੁਨ ਨਿਰਘੰਟੈ ਜਾਨੀ।
ਜਾਂਕਾ ਜਾਸੋ ਗੁਨ ਮਿਲ ਜਾਇ। ਤਾਕੋ ਦੀਜੈ ਤਾਕੇ ਥਾਇ ॥੧੫੬॥
ਬਧੈ ਗ੍ਰੰਥ ਮੈਂ ਕਿਹ ਲੋ ਭਾਖੋਂ। ਮਤਲਬ ਕਾਰਨ ਥੋਰੋ ਆਖੋਂ।
ਬਾਤਕਹੀ ਗੁਨ ਰਤਨ ਜੁਮਾਲ। ਸੋਧ ਲੇਹੁ ਤੁਮ ਬਾਤ ਰਸਾਲ॥੧੫੭॥

ਚਿੱਤ੍ਰਾ ਨਾ ਹੋਵੇ ਤਾਂ ਜਾਮਲ ਗੋਟੇ ਦੀ ਜੜ੍ਹ ਪਾਵੇ। ਪ੍ਰਿਸ਼ਟਪਰਣੀ ਦੇ ਥਾਂ ਕਡਯਾਰੀ, ਧਮਾਹੇ ਦੇ ਥਾਂ ਜਵਾਹਾਂ, ਜਵਾਹਾਂ ਨਾ ਮਿਲੇ ਤਾਂ ਤਗਰ, ਤਗਰ ਦੀ ਥਾਂ ਮਿੱਠੀ ਕੂਠ ॥ ੧੩੨ ॥ ਮੂਰਵਾ-ਮੋੜਿਓਂ ਭਾਵ ਮਰੋੜਫਲੀ ਦੇ ਥਾਂ*ਤੁਚ ਕਹੀਏ ਤਜਪੱਤ੍ਰ ਪਾਵੇ। (ਪਰੰਤੂ ਵੰਗਸੇਨ,ਵਿਖੇ ਜਿੰਗਨੀ ਬ੍ਰਿਛ ਦੀ ਛਿੱਲ ਭੀ ਪਾਵੇ ਤਾਂ ਅਯੋਗ ਨਹੀਂ ਕਹੀ) (੧) ਜਿੱਥੇ ਹਿੰਗ ਪੱਤੀ ਨਾ ਹੋਵੇ ਓਥੇ ਵੰਸ਼ਪੱਤ੍ਰੀ ਪਾ ਲਵੇ ॥੧੩੮॥ (੨) ਹੀਂਸ ਨਾ ਮਿਲੇ ਤਾਂ (੩) ਮਾਨਕੰਦ ਪਾਵੇ। ਬਕੁਲਾ-ਮੋਲਸਰੀ ਦੇ ਅਭਾਵ ਵਿਚ (੪) ਕਲਾਰ-

---

*ਤੁਚ- ਤੱਜ ਪੱਤ੍ਰ ਹੈ, ਦੇਖੋ ਭਾਵ ਪ੍ਰਕਾਸ਼ ਪ੍ਰਿ:੧੮੦ ਅਰ ਆਯੁਰਵਦ ਕਸ਼ ਪ੍ਰਿ: ੭੪।

(੧) ਹਿੰਗਪਤ੍ਰੀ-ਅੰਜਦਾਨ ਨੂੰ ਆਖਦੇ ਹਨ ਪਰੰਤੂ ਵੰਗਸੇਨ ਵਿਚ ਇਸਦੇ ਥਾਂ ਹਿੰਗ ਪੌਣੀ ਕਹੀ ਹੈ, ਇਸੇਤਰ੍ਹਾਂ ਹਿੰਗ ਪੱਤ੍ਰੀ ਦੇ ਨਾਲ ਮਿਲਦੇ ਜੁਲਦੇ ਗੁਣਾਂ ਵਾਲੀ ਵੰਸ ਪੱਤ੍ਰੀ ਹੈ। ਵੰਸ ਪੱਤ੍ਰੀ ਦਾ ਮੱਧਮ ਜਾਤੀ ਦਾ ਰੁੱਖ ਗੁਜਰਾਤ ਵਿਚ ਅਧਿਕ ਹੁੰਦਾ ਹੈ, ਓਧਰ ਮਾਲਡੀ ਨਾਮ ਬੋਲਦੇ ਹਨ। ਇਸ ਦੇ ਫੁਲ ਚਿੱਟੇ, ਫਲ ਪੋਸਤ ਦੇ ਡੋਡਿਆਂ ਵਾਂਗ ਹੁੰਦੇ ਹਨ। ਇਸ ਦੇ ਗੂੰਦ ਨੂੰ ਡੀਕਾਮਾਰੀ ਆਖਦੇ ਹਨ, ਏਹੋ ਦਵਾਈ ਵਿਚ ਪਾਇਆ ਜਾਂਦਾ ਹੈ।

(੨) ਹੀਂਸ ਦਾ ਬ੍ਰਿਛ ਪ੍ਰਸਿਧ ਹੈ, ਇਸ ਨੂੰ ਗਰਨੇ ਜਹੇ ਕਾਲੇ ਫਲ ਲਗਦੇ ਹਨ।

(੩) ਮਾਨਕੰਦ-ਬੰਗਾਲ ਵਿਚ ਪ੍ਰਸਿਧ ਮਾਨਕੂਚ ਨਾਮ ਤੇ ਹੈ ਇਸ ਦਾ ਪੱਤ੍ਰ ਬਹੁਤ ਬੜਾ ਹੁੰਦਾ ਹੈ, ਹਾਥੀ ਦੇ ਕੰਨ ਨਾਲੋਂ ਅਧਿਕ ਹੁੰਦਾ ਹੈ। ਪੱਤ੍ਰ ਦੀ ਸ਼ਕਲ ਅਰਬੀ ਦੇ ਪਤ੍ਰ ਜੇਹੀ ਹੁੰਦੀ ਹੈ ਕੰਦ ਲੰਬਾ ਹੁੰਦਾ ਹੈ। ਸਕਲ ਕੰਧ ਦੀ ਕਚਾਲੂ ਜੇਹੀ ਹੁੰਦੀ ਹੈ, ਪਰੰਤੂ ਇਹ ਲੰਬਾ ਮੂਸਲ ਦੀ ਤਰ੍ਹਾਂ ਹੁੰਦਾ ਹੈ, ਕਚਾਲੂ ਗੋਲ ਹੁੰਦਾ ਹੈ, ਇਤਨਾ ਫਰਕ ਹੈ। ਇਸ ਦੀ ਭਾਜੀ ਬਣਦੀ ਹੈ, ਜਿਮੀਂਕੰਦ ਵਾਂਗ ਮੂੰਹ ਨੂੰ ਕੱਟਦਾ ਹੈ, ਖਟਾਈ ਨਾਲ ਮਿਲਾਕੇ ਭਾਜੀ ਬਣੌਂਦੇ ਹਨ, ਚਿਕਨਾ ਕਚਾਲੂ ਮਾਫ਼ਕ ਹੁੰਦਾ ਹੈ।

(੪) ਕਲਾਰ-ਕਮੀਆਂ (ਨੀਲੋਫਰ) ਹੈ, ਦੇਖੋ ਮਦਨਪਾਲ ਨ੍ਰਿਘੰਟੂ, ਹੋਰ ਆਯੁਰਵੇਦੀ ਕੋਸ਼ ਹੋਰ ਦੇਖੋ ਵੰਗਸੇਨ ਪ੍ਰਿ: ੧੦੨੮।

Digitized by Panjab Digital Library | www.panjabdigilib.org

ਨਿਲੋਫਰ (ਕਮੀਆਂ) ਅਨੰਦ ਨਾਲ ਪਾਵੇ, ਅਥਵਾ ਕਨਲ ਦੇ ਫੁਲ ਪਾਵੇ। ਇਹ ਬਾਤ ਤੇ ਭੁਲੇ ਨਹੀਂ ॥ ੧੩੯ ॥ ਜਿੱਥੇ(੫) ਲਛਮਣਾ ਬੂਟੀ ਹੱਥ ਨਾ ਆਵੇ,ਓਥੇ (੬) ਮੋਰ ਸਿਖਾ ਪਾ ਦੇਵੇ। ਨੀਲੇ ਕਮਲ ਨ ਮਿਲਦੇ ਹੋਣ ਤਾਂ ਚਿੱਟੇ ਕਮਲ ਹੀ ਪਾ ਦੇਵੇ॥੧੪੦॥ ਜਾਵਿਤ੍ਰੀ ਨ ਮਿਲੇ ਤਾਂ ਲੌਂਗ ਪਾਵੇ, ਅੱਕ ਦਾ ਦੁਧ ਨ ਮਿਲੇ ਤਾਂ ਅੱਕ ਦੇ ਪਤਾਂ ਦਾ ਰਸਾਂ ਪਾ ਦੇਵੇ। ਪਿਪਲਾਮੂਲ, ਗਦ ਪੀਪਲੀ ਤੇ ਚੱਵਕ ਇਨ੍ਹਾਂ ਤਿੰਨਾਂ ਦਾ ਗੁਣ ਇਕੋ ਢੰਗ ਦਾ ਹੈ। ਜਿਥੇ ਜੇੜ੍ਹੀ ਤਿਨ੍ਹਾਂ ਵਿਚੋਂ ਇਕ ਮਿਲੇ ਪਾ ਲਵੇ ॥ ੧੪੧ ॥ ਬਾਵਚੀ ਨ ਮਿਲੇ ਤਾਂ ਪਮਾੜ (ਏਲੋਂ) ਪਾਵੇ। ਦਾਰਹਲਦੀ ਨਾ ਹੋਵੇ ਤਾਂ ਹਲਦੀ ਪਾ ਦੇਵੇ। ਰਸੌਂਤ ਨਾ ਮਿਲੇ ਤਾਂ ਦਾਰਹਲਦੀ ਪਾਵੇ। ਫਟਕੜੀ ਨਾ ਹੋਵੇ ਤਾਂ (੧) ਖੜੀਆ ਮਿੱਟੀ ਪਾਵੇ, ਤਾਲੀਸ ਦੇ ਅਭਾਵ ਵਿਚ ਤਮਾਲਪਤ੍ਰ ਪਾਵੇ। ਪੁਹਕਰਮੂਲ ਨਾ ਹੋਵੇ ਤਾਂ ਕੌੜੀ ਕੁੱਠ ਪਾ ਲਵੇ ॥ ੧੪੩ ॥ ਸਜਾਲੀ ਨ ਹੋਵੇ ਤਾਂ (੨) ਪਤੀਸ ਲਵੇ, ਪਤੀਸ ਦੇ ਥਾਂ (੩) ਤਾਲੀਸ ਪਾਵੇ, ਅਥਵਾ ਕੰਡਯਾਰੀ ਦੀ ਜੜ ਪਾਵੇ। ਨਾਗਕੇਸਰ ਨਾ ਮਿਲੇ ਤਾਂ ਪਦਮਕ-ਪਦਮਾਖ, ਪੂਰ ਨਾਮ ਪਾਵੇ। ਹੋਰ ਲੂਣ ਨਾ ਮਿਲੇ, ਸੇਂਧਾਲੂਣ ਪਾ ਕੇ ਕੰਮ ਤੋਰੇ। ਮੁਲੱਠੀ ਨ ਹੋਵੇ ਤਾਂ ਧਾਵਿਆਂ ਦੇ ਫੂਲ (ਯਾ ਛਿਲ) ਪਾਵੇ ॥ ੧੪੪ ॥ ਅਮਲਵੇਤ (ਸੁਈਖਾਰ ਗਲਗਲ) ਦੇ ਥਾਂ ਇਮਲੀ ਪਾਵੇ। ਦਾਖ-ਮੁਨੱਕੇ ਦੇ ਥਾਂ (੪) ਕੁੰਭੇਰ ਦਾ ਫਲ-ਜ਼ਰਸ਼ਕ ਪਾਵੇ। ਜੇ ਕੁੰਭੇਰ ਜ਼ਰਿਸ਼ਕ ਫਲ ਨਾ ਮਿਲੇ, ਮਹੂਏ ਦੇ ਫੂਲ ਪਾਵੇ ॥੧੪੫॥ ਲੌਂਗਫੂਲ ਅਭਾਵ ਵਿਚ ਤਾਜ਼ੀ ਖੱਸ ਵਰਤੇ, ਅਥਵਾ ਨੱਖੂ ਦੇ ਅਭਾਵ ਵਿਚ ਲੌਂਗਫੂਲ ਲਵੇ, ਕਸਤੂਰੀ ਨਾ ਹੋਵੇ ਤਾਂ(੫) ਸਰਦ ਚੀਨੀ ਲਵੇ, ਕੰਕੋਲੀ (ਸ਼ਕਾਕਲ) ਨਾ ਮਿਲੇ ਤਾਂ ਜਾਵਿੱਤ੍ਰੀ ਲਵੇ, ਕਪੂਰ-ਕਹਰਬਾ ਨਾ ਮਿਲੇ ਤਾਂ ਮੋਥ

---

(੫) ਲਛਮਣਾ-ਪਹਾੜਾਂ ਉਪਰ ਹੁੰਦੀ ਹੈ ਇਸ ਦੇ ਪੱਤੇ ਚੌੜੇ ਚੌੜੇ ਉਨ੍ਹਾਂ ਉਤੇ ਲਾਲ ਲਾਲ ਬੂੰਦਾਂ ਜੇਹੀਆਂ ਹੁੰਦੀਆਂ ਹਨ, ਹੇਠ ਸਫੈਦ ਰੰਗ ਦਾ ਕੰਧ ਹੁੰਦਾ ਹੈ, ਏਹੋ ਦਵਾਈ ਦੇ ਸੇਵਨ ਵਿਚ ਔਂਦਾ ਹੈ, ਜੇ ਦੁਧ ਨਾਲ ਇਸਤ੍ਰੀ ਨੂੰ ਦੇਵੇ ਤਾਂ ਤੁਰਤ ਗਰਭਵੰਤੀ ਹੋਵੇ, ਏਹੋ ਗੁਣ ਮੋਰਸਿਖਾ ਵਿਚ ਹੈ। ਲਛਮਣਾ ਘੱਟ ਮਿਲਦੀ ਹੈ, ਕਈ ਲਛਮਣਾ ਚਿੱਟੀ ਕੰਡਿਆਰੀ ਨੂੰ ਹੀ ਸਮਝਦੇ ਹਨ, ਪਰੰਤੂ ਉਹ ਇਸ ਨਾਲੋਂ ਭਿੰਨ ਹੈ।

(੬) ਮੋਰਸਿਖਾ ਨੂੰ ਮੋਰਵੇਲ, ਦੇਸ ਵਿਚ ਬੋਲਦੇ ਹਨ, ਫਾਰਸੀ ਵਿਚ ਸਸਨਾਨੇ ਅਸਲਾਨ ਆਖਦੇ ਹਨ।

(੧) ਕਠਨੀ-ਖੜੀਆ ਅਰਥਾਤ ਸੇਲਖੜੀ ਮਿੱਟੀ ਹੈ, ਤਸੱਲੀ ਵਾਸਤੇ ਦੇਖੋ ਭਾਵ ਪ੍ਰਕਾਸ ਪ੍ਰਿ: ੨੯੬. ਹੋਰ ਦੇਖੋ ਔਸ਼ਧੀ ਕੋਸ਼। ਟਪਲੇ ਬਾਜ਼ ਮਨਕਥੇ ਜਟੱਲ ਮਾਰਦੇ ਹਨ।

(੨) ਭ੍ਰਿੰਗੀ-ਪਤੀਸ ਹੈ। ਦੇਖੋ ਭਾਵ ਪ੍ਰਕਾਸ਼ ਤੇ ਔਸ਼ਧੀਕੋਸ਼।

(੩) ਤਾਲੀਸ਼ਪੱਤ੍ਰ ਦਾ ਰੁਖ ਬਹੁਤ ਵੱਡਾ ਹੁੰਦਾ ਹੈ। ਪੱਤੇ ਲੰਮੇ ਲੰਮੇ ਚੁਕੁਣੇ, ਆਵਲੇ ਸਮਾਨ ਫਲਾਂ ਦੇ ਗੁੱਛੇ ਆਉਂਦੇ ਹਨ, ਇਸ ਦੀ ਲਕੜੀ ਬਹੁਤ ਪੱਕੀ ਹੁੰਦੀ ਹੈ, ਪ੍ਰਯੋਗ ਵਿੱਚ ਪੱਤ ਲਏ ਜਾਂਦੇ ਹਨ।

(੪) ਕਸ਼ਮੀਰੀ ਫਲ-ਕੁੰਭੇਰ ਅਰਥਾਤ ਜਰਸ਼ਿਕ ਹੈ, ਦੇਖੋ ਭਾਵ ਪ੍ਰਕਾਸ਼ ਪ੍ਰਿ : ੧੯੨ ਵੰਗਸੇਨ ਪ੍ਰਿ: ੧੦੨੯ ਤੇ ਔਸ਼ਧੀਕੋਸ਼ ਪ੍ਰਿ: ੩੩ ਇਸ ਬ੍ਰਿਛ ਦੇ ਪੱਤੇ ਪਿੱਤਲ ਨਾਲੋਂ ਕੁਛ ਬੜੇ ਫੁੱਲ, ਫਲ ਪੀਲੇ ਹੁੰਦੇ ਹਨ ਛਿੱਲ ਸਫੈਦ, ਵਿਚੋਂ ਦੁਧ ਨਿਕਲਦਾ ਹੈ। ਅਸਾਂ ਬੋਲਿਚਿਸਤਾਨ ਦੀ ਯਾਤ੍ਰਾ ਸਮੇਂ ਚਮਨ ਕਧਾਰ ਵਲ ਦੇਖਯਾ ਹੈ।

(੫) ਕੇਕੋਲ-ਸਰਦਚੀਨੀ ਹੈ, ਪਰੰਤੂ ਦੋ ਤਰ੍ਹਾਂ ਦੀ ਹੁੰਦੀ ਹੈ, ਮੋਟੀ ਛਿੱਲ ਵਾਲੀ ਨਾਮ "ਕੰਕੋਲਾ, ਹੈ, ਇਹ ਪੱਟੀ ਚਾਹੀਏ। ਇਸ ਨੂੰ ਬਨਕਪੂਰ ਵੀ ਆਖਦੇ ਹਨ, ਦੇਖੋ ਦ੍ਰਬਦਰਪਣ ਪ੍ਰਿ:੨੨੦।

Digitized by Panjab Digital Library | www.panjabdigilib.org

ਪਾਵੇ ॥ ੧੪੬ ॥ ਇਸੀ ਦੇ ਥਾਂ(੬) ਗ੍ਰੰਥਪਰਿਣੀ–ਬਕੁੰਨ ਭੀ ਪਾਵੇ, ਜਿਥੇ ਕੇਸਰ ਨਾ ਮਿਲੇ; ਓਥੇ ਕਸੁੰਭਾ ਪਾਵੇ, ਸ੍ਰੀ ਖੰਡ–ਚਿੱਟਾ ਚੰਦਨ ਨਾ ਮਿਲੇ ਤਾਂ ਮੁਸ਼ਕਪੂਰ ਲੈ ਲਵੇ ॥ ੧੪੭ ॥ ਜੇ ਮੁਸ਼ਕਪੂਰ ਭੀ ਨਾ ਹੋਵੇ ਤਾਂ ਲਾਲ ਚੰਦਨ ਪਾਵੇ, ਜੇ ਲਾਲ ਚੰਦਨ ਭੀ ਨਾ ਮਿਲੇ ਤਾਂ ਖੱਸ ਪਾਵੇ ਅਥਵਾ ਖੱਸ ਭਕਤ–ਕਰਕੇ ਵਕਮ ਲਕੜੀ ਜਾਣੇ, ਜੋ ਤੀਸਰਾ ਚੰਦਨ ਦਾ ਹੀ ਭੇਦ ਹੈ।

ਪਤੀਸ ਦੇ ਥਾਂ ਮੋਥਾ ਪਾਵੇ, (੭) ਹਰੜ ਦੇ ਥਾਂ ਆਵਲੇ ਪਾਵੇ ॥ ੧੪੮ ॥ ਇਸੇ ਤਰ੍ਹਾਂ ਮੇਦਾ, ਜੀਵਕ, ਕੰਕੋਲੀ, ਰਿਧੀ ਬ੍ਰਿਧੀ, ਸਤਾਵਰ ਵਿਦਾਰੀਕੰਦ (ਸਿਆਲੀਆਂ) ਅਰ ਅਸਗੰਧ ਤੇ ਬਿਰਾਹੀਕੰਦ ਇਨ੍ਹਾਂ ਦਾ ਇਕੋ ਜਿਹਾ ਗੁਣ ਹੈ,(ਇਸ ਤੇ ਇਨ੍ਹਾਂ ਵਿਚੋਂ ਜੋੜੀ ਨਾਂ ਮਿਲੇ. ਉਸਦੇ ਥਾਂ) ਜੋੜੀ ਮਿਲੇ ਪਾ ਲਵੇ ॥ ੧੪੯ ॥ ਜਿਥੇ(੧)ਵਿਚਾਰੀ ਕੰਦ ਭਾਵ ਸਿਆਲੀਆਂ ਦਾ ਕਾਲ–ਅਭਾਵ ਹੋਵੇ, ਓਥੇ ਚਰਮ-ਕਾਰਾਲੂ ਕਹੀਏ, ਬਰਾਹੀ ਕੰਦ ਪਾ ਲਵੇ। ਬਿਲਾਵਾ ਨਾ ਹੋਵੇ ਤਾਂ ਲਾਲ ਚੰਦਨ ਲਵੇ, ਅਥਵਾ ਚਿਤ੍ਰਾ ਹੀ ਪਾਵੇ ॥ ੧੫੦ ॥ ਗੰਨੇ ਦੀ ਜੜ੍ਹ ਦੇ ਅਭਾਵ ਵਿਖੇ ਨੜੇ ਦੀ ਜੜ੍ਹ ਲਵੇ, ਮ੍ਰਿਤਸੋਨਾ ਨਾ ਹੋਵੇ ਤਾਂ ਮ੍ਰਿਤ ਸੋਨਮੱਖੀ ਪਾਵੇ, ਮ੍ਰਿਤਚਾਂਦੀ ਨਾ ਹੋਵੇ ਤਾਂ ਰੂਪਾਮੱਖੀ ਮ੍ਰਿਤ ਲਵੇ, ਅਥਵਾ ਪੀਲਾ (੨)ਗੇਰੂ ਤਿਸਦੇ ਥਾਂ ਰੱਖੋ, ਭਾਵ ਪਾਵੇ ॥ ੧੫੧ ॥ ਜਿਥੇ ਸੋਨਾ ਰੂਪਾ ਮਾਰਿਆ ਨਾ ਹੋਵੇ, ਓਥੇ ਮ੍ਰਿਤ ਲੋਹਾ ਪਾਕੇ ਕੰਮ ਸਵਾਰੇ। ਕਾਂਤੀ ਲੋਹੇ ਮਾਰੇ ਦੇ ਥਾਂ ਅਭ੍ਰਕ ਪਾਵੇ ਯਾ ਕਾਂਤੀ ਲੋਹਾ ਨਾ ਮਿਲੇ ਤਾਂ ਖੇੜੀ ਦਾ ਲੋਹਾ ਬਰਤਮਾਨ ਇਸਪਾਤ ਪਾਵੇ ॥ ੧੫੨ ॥ ਹੀਰਾ ਨਾ ਮਿਲੇ ਤਾਂ ਬੈਕ੍ਰਾਂਤਮਣੀ ਪਾਵੇ, ਮੋਤੀਆਂ ਦੇ ਥਾ ਮੋਤੀ ਨਿਕਲਣ ਵਾਲੀ ਸਿੱਪੀ ਪਾਵੇ। ਜਿਸਦਾ ਪਿੱਤਾ ਨਾ ਹੋਵੇ ਉਸ ਦਾ ਰਸਾ ਪਾ ਲਵੇ, ਕੇਲੇ ਦਾ ਫੁੱਲ ਨਾ ਮਿਲੇ ਤਾਂ ਖੰਭੇ ਦਾ ਰਸ ਨਚੋੜ ਲਵੇ ॥ ੧੫੩ ॥ ਸ਼ਹਿਤ ਦੇ ਥਾਂ ਪੁਰਾਣਾ ਗੁੜ ਪਾਵੇ, ਖੰਡ ਦੇ ਥਾਂ ਮਿਸ਼ਰੀ ਜਾਂ ਬੂਰਾ ਪਾ ਲਵੇ, ਮਿਸ਼ਰੀ ਨਾ ਮਿਲੇ ਤਾਂ ਖੰਡ ਪਾ ਦੇਵੇ ॥ ੧੫੪ ॥ ਕਿਸੀ ਚੀਜ਼ ਦਾ ਦੁਧ ਨਾ ਮਿਲੇ ਤਾਂ ਰਸਾ ਪਾਵੇ, ਮੂੰਗੀ ਨਾ ਮਿਲੇ ਤਾਂ ਮਸਰ, ਹੋਰ ਚਾਵਲ ਨਾ ਮਿਲਣ ਤਾਂ ਸੱਠੀ ਦੇ ਚਾਵਲ ਪਾਵੇ, ਮੋਰਸਿਖਾ ਦੇ ਥਾਂ ਹੰਸਾਂ–ਹੰਸਰਾਜ, (ਪਰਸਾਵਸ਼ਾਂ) ਪਾਵੇ ਸਹੇਕੰਨੀ ਬੂਟੀ ਦੇ ਥਾਂ ਮੂਸੇ ਕੰਨੀ ਬੂਟੀ ਪਾਵੇ। ਅਥਵਾ–ਮੋਰ ਮਾਂਸ ਦੇ ਥਾਂ ਬਤਕ ਦਾ ਮਾਂਸ ਜਾਣੇ, ਸਹੇ ਦੇ ਮਾਂਸ ਦੇ ਥਾਂ ਚੂਹੇ ਦਾ ਮਾਸ ਖੁਲਾਵੇ। ਪਰੰਤੂ ਮੇਘ ਜੀ ਮਾਸ ਵਲੋਂ ਨਫਰਤ ਕਰਦੇ ਹਨ, ਇਸ ਤੇ ਉਪਰੋਕਤ ਅਰਥ ਹੀ ਠੀਕ ਹੈ ॥ ੧੫੫ ॥ ਇਸੇ ਤਰ੍ਹਾਂ ਹੋਰ ਭੀ ਅਨੇਕਾਂ ਵਸਤੂਆਂ ਹਨ, ਜਿਨ੍ਹਾਂ ਦਾ ਗੁਣ ਜਿਨ੍ਹਾਂ ਦੇ ਨਾਲ ਮਿਲੇ, ਓਹੋ ਨ੍ਰਿਘੰਟ ਵਿਚੋਂ ਦੇਖ ਕੇ ਪਾ ਲਵੇ ॥ ੧੫੬ ॥ ਗਰੰਥ ਵਧਦਾ ਹੈ, ਇਹ ਨਿਰਣਾ ਕਿਥੋਂ ਤਕ ਕਹਾਂ, ਮਤਲਬ

---

(੬) ਗ੍ਰੰਥਪਰਿਣੀ– ਗਠਵਨ ਯਾ ਗਨੋਨਾ ਇਹ ਵਿਸ਼ੇਸ਼ ਕਰਕੇ ਕਾਮਰੂ ਦੇਸ ਵਿਚ ਹੁੰਦੀ ਹੈ ਤ੍ਰਿਣ ਜਾਤੀ ਦੀ ਇਕ ਦਵਾਈ ਹੈ। ਪੱਤੇ ਅੰਗੁਲੀ ਸਮਾਨ ਲੰਮੇ, ਫੂਲ ਨੀਲੇ ਫਲਾਂ ਦੇ ਗੁਛੇ ਹੁੰਦੇ ਹਨ, ਸੁਗੰਧ ਔਂਦੀ ਹੈ। ਇਸ ਨੂੰ ਅਧਿਕ ਗੰਢਾਂ ਹੋਣ ਤੇ ਹੀ ਗਠਵਾਨ ਕਿਹਾ ਜਾਂਦਾ ਹੈ।

(੭)ਸ਼ਿਵਾ– ਹਰੜ ਤੇ ਆਵਲੇ ਹਨ, ਦੇਖੋ ਭਾਵ ਪ੍ਰਕਾਸ਼।

(੧) ਭਾਵੇਂ ਅਜ ਕਲ ਦੇ ਮੇਘ ਚੁਕ ਵਿਧਾਤਾ ਦਾ ਕਿਹਾ ਭੀ ਨਹੀਂ ਮੰਨਦੇ, ਫਿਰ ਵੀ ਵਾਸਤਵ ਵਿਚ ਬਾਤ ਇਹ ਕਿ "ਚਰਮਕਾਰਾਲੂ" ਨਾਮ ਬਿਹਾਰੀਕੰਦ ਦਾ ਹੈ, ਦੇਖੋ ਭਾਵ ਪ੍ਰਕਾਸ ਪ੍ਰਿ: ੨੧੫ ਤੇ ਦੇਖੋ ਬਨੌਖਧੀ ਵਿਗਯਾਨ ਪ੍ਰਿ: ੮੧ ਹੋਰ ਦੇਖੋ ਮਦਨਪਾਲ ਨ੍ਰਿਘੰਟੂ ਪਰੰਤੂ ਬਰਾਹੀ ਕੰਦ ਦੇ ਉਪਰ ਸੂਰ ਦੀ ਤਰ੍ਹਾਂ ਰੋਮ ਹੁੰਦੇ ਹਨ ॥ ਲਾਲ, ਸਫੈਦ ਭੇਦ ਨਾਲ ਦੋ ਪ੍ਰਕਾਰ ਦਾ ਭੀ ਹੁੰਦਾ ॥ ਵਿਦਾਰੀਕੰਦ ਨਾਮ ਸਿਆਲੀਆਂ ਦਾ ਹੈ ॥ ਏਸੇ ਤਰ੍ਹਾਂ ਲਾਲ ਸਫੈਦ, ਭੇਦ ਨਾਲ ਉਹ ਭੀ ਦੋ ਪ੍ਰਕਾਰ ਦੀਆਂ ਹੀ ਹੁੰਦੀਆਂ ਹਨ, ਇਨ੍ਹਾਂ ਤੇ ਰੋਮ ਨਹੀਂ ਹੁੰਦੇ ਇਤਨਾ ਭੇਦ ਹੈ ॥ ਪਰਸਪਰ ਦੋਹਾਂ ਦੇ ਗੁਣਾਂ ਵਿਚ ਅੰਤਰ ਨਹੀ ਹੈ, ਰੰਗ ਢੰਗ ਵਿਚ ਫਰਕ ਹੈ; ਏਹ ਯਥਾਰਥ ਅਰਥ ਹੈ ਲਾਖ ਲੂਖ ਢਕੋਂਸਲੇ ਮਾਰਨੇ ਸ਼ਾਸਤ੍ਰੀ ਵਿੱਦਯਾ ਤੋਂ ਸੁੰਨ ਅਗਯਾਨੀਆਂ ਦੇ ਹਨ

(੨) ਸੋਨਾਗੇਰੂ–ਪੀਲਾਗੇਰੂ ਹੈ।

Digitized by Panjab Digital Library | www.panjabdigilib.org

ਵਾਸਤੇ ਥੋੜਾ ਕਿਹਾ ਹੈ, ਇਹ ਸਭ 'ਗੁਣ ਰਤਨਮਾਲਾ ਗ੍ਰੰਥ, ਵਿਚੋਂ ਵਰਨਣ ਕੀਤਾ ਹੈ ॥ ੧੫੭ ॥

ਰਤਨ ਵਿਚਾਰ

ਰਤਨਾਂ ਦਾ ਵਿਵਹਾਰ ਭਾਰਤਵਰਸ਼ ਵਿਖੇ ਪ੍ਰਾਚੀਨ ਕਾਲ ਤੋਂ ਚਲਿਆ ਆਉਂਦਾ ਹੈ। ਪੁਰਾਣਾਂ ਵਿਚ ਇਸ ਦਾ ਅਨੇਕ ਸਥਾਨਾਂ ਵਿਖੇ ਲੇਖ ਮਿਲਦਾ ਹੈ ਤਥਾ ਆਯੁਰਵੇਦੀਯ ਅਰ ਜੋਤਿਸ਼ ਗ੍ਰੰਥਾਂ ਵਿਚ ਇਨ੍ਹਾਂ ਦੇ ਅਨੇਕ ਪ੍ਰਯੋਗਾਂ ਦਾ ਵਰਨਨ ਕੀਤਾ ਹੈ। ਪਰ ਇਨ੍ਹਾਂ ਗ੍ਰੰਥਾਂ ਦ੍ਵਾਰਾ ਏਹ ਨਹੀਂ ਮਾਲੂਮ ਹੋ ਸਕਦਾ ਕਿ ਸਭ ਰਤਨ ਭਾਰਤਵਰਸ਼ ਵਿਖੇ ਹੀ ਮਿਲਦੇ ਸਨ ਯਾ ਦੂਸਰੇ ਦੇਸ ਤੋਂ ਏਥੇ ਔਂਦੇ ਸਨ। ਅਜ ਕਲ ਅਸੀਂ ਦੇਖਦੇ ਹਾਂ ਕਿ ਕੁਛ ਰਤਨਾਂ ਦੇ ਸਿਵਾਏ ਬਾਕੀ ਏਥੇ ਨਹੀਂ ਮਿਲਦੇ, ਨਾਂ ਹੀ ਇਨ੍ਹਾਂ ਦੀ ਖੋਜ ਦਾ ਹੀ ਕੁਛਉਪਾਇ ਹੀ ਕੀਤਾ ਜਾਂਦਾ ਹੈ।ਹੋ ਸਕਦਾ ਹੈ ਕਿ ਜੇਕਰ ਖੋਜ ਕੀਤੀ ਜਾਵੇ ਤਾਂ ਕਿਤੇ ਨਾ ਕਿਤੇ ਇਸ ਦੇਸ਼ ਵਿਖੇ ਹੋਰ ਰਤਨ ਭੀ ਅਵੱਸ਼ ਮਿਲ ਜਾਣ। ਪ੍ਰਾਚੀਨ ਕਾਲ ਵਿਖੇ "ਭੂਗਰਭਵਿਦਜਾ" ਜਾਨਨ ਵਾਲੇ ਇਸ ਦੇਸ਼ ਵਿੱਚ ਭੀ ਸਨ। ਉਹ ਪ੍ਰਿਥਵੀ ਦੇ ਰੰਗ ਢੰਗ ਤਥਾਂ ਦੂਸਰੇ ਚਿੰਨ੍ਹਾਂ ਨੂੰ ਦੇਖ ਕੇ ਹੀ ਅਨੇਕਾਂ ਧਾਤੂਆਂ ਦਾ ਹੋਣਾ ਜਾਣ ਲੈਂਦੇ ਸਨ। ਪਰ ਅੱਜ ਕੱਲ ਨਾਂ ਤਾਂ ਇਸ ਵਿਦਯਾ ਦੇ ਜਾਨਨੇ ਵਾਲੇ ਹੀ ਏਥੇ ਰਹਿ ਗਏ, ਅਰ ਨਾਂ ਇਨ੍ਹਾਂ ਦੇ ਪਾਸ ਕੋਈ ਐਸੇ ਯੰਤ੍ਰ (ਔਜਾਰ) ਹੀ ਹਨ, ਜਿਨ੍ਹਾਂ ਦ੍ਵਾਰੇ ਇਹਨਾਂ ਦੀ ਖੋਜ ਕਰ ਸਕਣ।

ਜੇਕਰ ਮਿਸਟਰ ਤਾਤਾ ਦੇ ਮੈਸੂਰ ਵਾਲੇ "ਵਿਗਯਾਨ ਵਿਦਯਾਲਯ" ਯਾ ਦੂਸਰੇ ਸਥਾਨਾਂ ਵਿੱਚ "ਭੂਗਰਭ ਦੀ ਸਿੱਖਯਾ" ਦਿੱਤੀ ਜਾਏ ਤਾਂ ਇਸ ਖੋਜ ਦੀ ਸਫਲਤਾ ਦੀ ਬਹੁਤ ਕੁਛ ਆਸ਼ਾ ਕੀਤੀ ਜਾ ਸਕਦੀ ਹੈ।

ਧਨ ਪੌਣ ਦੀ ਇੱਛਾ ਕਰਨ ਵਾਲੇ ਇਹਨਾਂ ਦੀ ਖੋਜ ਵਿਚ ਅਤਯੰਤ ਉਦਯੋਗ ਕਰਦੇ ਹਨ, ਇਸ ਲਈ ਸ਼ਬਦ ਸ਼ਾਸਤ੍ਰ ਦੇ ਜਾਨਣ ਵਾਲਿਆਂ ਨ ਇਹਨਾਂ ਦਾ ਨਾਮ "ਰਤਨ" ਰਖਯਾ ਹੈ:-

(ੳ) ਹੀਰਾ ੧, ਮੋਤੀ ੨, ਮੂੰਗਾ ੩, ਗੋਮੇਦ ੪, ਨੀਲਮ ੫, ਲਹਸੁਨੀਆਂ ੬, ਪੁਖਰਾਜ ੭, ਪਨਾ ੮, ਅਰ ਲਾਲ ੯, ਇਹਨਾਂ ਨੂੰ ਮਹਾਂ ਰਤਨ ਆਖਦੇ ਹਨ।

ਹੀਰੇ ਨੂੰ ਹੀਰਕ, ਬੱਜ੍ਰ ਅਰ ਚੰਦ੍ਰਮਣੀ ਭੀ ਆਖਦੇ ਹਨ। ਹੀਰਾ ਸ਼ੁਭ੍ਰ, ਹਰਾ, ਪੀਲਾ, ਗੁਲਾਬੀ, ਧੂੰਏ ਰੰਗਾ ਅਰ ਕਾਲਾ ਭੀ ਹੁੰਦਾ ਹੈ, ਪਰ ਜੇਹੜਾ ਹੀਰਾ ਅਤਯੰਤ ਉਜ੍ਵਲ ਤਾਰੇ ਦੇ ਸਾਦ੍ਰਿਸ਼ ਹੋਵੇ, ਉਹ ਉੱਤਮ ਸਮਝਿਆ ਜਾਂਦਾ ਹੈ। ਹੀਰਾ ਭਾਰਤਵਰਸ਼ ਵਿਖੇ "ਚਰਖਾਰੀ" ਅਰ ਪੰਨਾਂ ਰਾਜ ਵਿਚ, ਅਫ੍ਰੀਕਾ ਦੇ ਕੇਪਟੋਨ ਵਿੱਚ ਅਰ ਯੂਰਪ ਦੇ ਅੰਤਰਗਤ "ਬੇਲਜੀਅਮ" ਵਿਖੇ ਭੀ ਮਿਲਦਾ ਹੈ ਤਥਾ ਈਰਾਨ ਵਿੱਚ ਭੀ ਪਾਇਆ ਜਾਂਦਾ ਹੈ। ਸ਼ੁਭ੍ਰ ਅਰ ਪੀਲਾ ਹੀਰਾ ਤਾਂ ਦੇਖਣ ਵਿੱਚ ਆਇਆ ਹੈ, ਪਰ ਦੂਸਰੇ ਰੰਗ ਦੇ ਹੀਰੇ ਘੱਟ ਦੇਖਣ ਵਿੱਚ ਔਂਦੇ ਹਨ।

(ਅ) ਮੋਤੀ ਨੂੰ ਮੁਕਤਾ, ਮੌਕਤਿਕ ਅਰ ਸੌਂਕਤਿਕ ਭੀ ਆਖਦੇ ਹਨ, ਮੋਤੀ ਸਫੇਦ, ਪੀਲਾ, ਗੁਲਾਬੀ ਅਰ ਕਾਲਾ ਭੀ ਹੁੰਦਾ ਹੈ। ਇਹ ਡੱਡੂ, ਹਾਥੀ, ਅਰ ਸੂਰ ਦੇ ਮੱਥੇ ਵਿਚੋਂ, ਮਛਲੀ, ਸਰਪ, ਸੰਖ, ਸਿੱਪੀ ਤਥਾ ਬਾਂਸ ਵਿਚੋਂ ਪਾਯਾ ਜਾਂਦਾ ਹੈ, ਪਰੰਤੂ ਵਿਸ਼ੇਸ਼ ਕਰਕੇ ਸਿੱਪੀ ਵਿਚ ਹੁੰਦਾ ਹੈ। ਚਿੱਟਾ, ਪੀਲਾ, ਅਰ ਲਾਲ ਅਰਸੱਤ ਪਰਬਤ ਦਾ ਸ੍ਰੇਸ਼ਟ ਹੁੰਦਾ ਹੈ। ਚਿੱਟਾ ਚਾਰ ਪਰਬਤ ਦਾ ਨਿਕ੍ਰਿਸ਼੍ਟ ਹੁੰਦਾ ਹੈ। ਪ੍ਰਥਮ ਪ੍ਰਕਾਰ ਦੇ ਮੋਤੀ ਵੇਧਣੇ ਦੇ ਯੋਗ ਹੁੰਦੇ ਹਨ। ਗੋਲ ਮੋਤੀ ਉੱਤਮ ਹੁੰਦਾ ਹੈ। ਚਿਪਟਾ ਤਥਾ ਬੇਡੋਲ ਮੱਧਮ ਹੁੰਦਾ ਹੈ। ਅਰ ਅਰਬ ਵਿਖੇ ਅਦਨ ਦੀ ਖਾਡੀ, ਚੂਨਾ ਖਾਡੀ, ਆਸਟਰੇਲੀਆ ਅਰ ਸ੍ਰੀ ਲੰਕਾ ਵਿਖੇ ਭੀ ਮਿਲਦਾ ਹੈ।

ਇਸ ਦੇਸ਼ ਵਿਚੋਂ ਗੋਮਤੀ ਦੀ ਸਿੱਪੀਆਂ ਵਿਚੋਂ ਭੀ ਬਹੁਤਾ ਮਿਲਦਾ ਹੈ।

Digitized by Panjab Digital Library | www.panjabdigilib.org

ਪਹਿਚਾਣ

ਲੂਣ ਸ਼ਹਿਤ ਗਰਮ ਮਿਠੇ ਤੇਲ ਵਿੱਚ ਰਾਸ ਨੂੰ ਪਾਕੇ ਮਲਣੇ ਸੇ ਜੇਕਰ ਮੋਤੀ ਦਾ ਦੂਸਰਾ ਰੰਗ ਪਲਟ ਜਾਇ ਤਾਂ ਜਾਣੋ ਮੋਤੀ ਅਸਲੀ ਨਹੀਂ ਹੈ।

(ੲ) ਮੂੰਗਾ–ਇਸ ਨੂੰ ਵਿਦ੍ਰਿਮ ਗੁਲੀ ਅਰ ਪ੍ਰਵਾਲ ਭੀ ਆਖਦੇ ਹਨ, । ਮੂੰਗਾ ਗੁਲਾਬੀ ਦੂਧੀਆ ਉੱਤਮ ਹੁੰਦਾ ਹੈ, ਇਹ ਲੰਡਨ ਦੀ ਤਰਫ ਸਮੁੰਦਰ ਦੇ ਕਿਨਾਰਿਓਂ ਮਿਲਦਾ ਹੈ।

(ਸ) ਗੋਮੇਦ– ਇਸ ਨੂੰ ਪੀਤਰਤਨ ਭੀ ਆਖਦੇ ਹਨ, ਇਹ ਕੁਛ ਪੀਲਾ ਲਾਲੀ ਲੀਏ ਤੇਲੀਏ ਰੰਗ ਦਾ ਹੁੰਦਾ ਹੈ ਅਰ ਬ੍ਰਹਮਾ ਪ੍ਰਾਂਤ ਵਿਖੇ ਪਾਯਾ ਜਾਂਦਾ ਹੈ।

(ਕ) ਨੀਲਮ–ਇਸਨੂੰ ਇੰਦ੍ਰ ਨਾਲ ਭੀ ਆਖਦੇ ਹਨ, ਇਸਦਾ ਗਾੜ੍ਹੇ ਬੱਦਲ ਦੇ ਸਦ੍ਰਿਸ਼ ਅਥਵਾ ਅਲਸੀ ਦੇ ਫੁੱਲ ਸਦ੍ਰਿਸ਼ ਰੰਗ ਹੁੰਦਾ ਹੈ। ਇਹ ਇਸ ਦੇਸ਼ ਦੇ ਜੰਮੂ (ਕਸ਼ਮੀਰ) ਤਥਾ ਸਿਆਮ ਅਰ ਸੀਲੋਨ (ਲੰਕਾ) ਵਿਖੇ ਭੀ ਮਿਲਦਾ ਹੈ।

(ਕ) ਲਹਸੁਨੀਆਂ–ਇਸਨੂੰ ਵੈਡੂਰਯਮਣੀ, ਇੰਦ੍ਰਕੇਤੂ ਤਥਾ ਗ੍ਰਿਹ ਬੱਲਭ ਭੀ ਆਖਦੇ ਹਨ। ਇਹ ਬਿੱਲੀ ਦੀ ਅੱਖ ਸਮਾਨ ਚਮਕ ਅਰ ਤੰਤੂਆਂ ਦਾਰ ਹੁੰਦਾ ਹੈ। ਢਾਈ (੨॥) ਸੂਤ ਦਾ ਉੱਤਮ ਹੁੰਦਾ ਹੈ। ਇਹ ਬ੍ਰਹਮਾ ਅਰ ਸੀਲੋਨ ਵਿਖੇ ਭੀ ਪ੍ਰਾਪਤ ਹੁੰਦਾ ਹੈ।

(ਖ) ਪੁਖਰਾਜ–ਇਸ ਨੂੰ ਪੁਸ਼ਪਰਾਗ, ਮੰਜੁਮਣੀ, ਵਾਚਸਪੱਤੀ ਅਰ ਬੱਲਭ ਭੀ ਆਖਦੇ ਹਨ। ਇਸ ਦਾ ਰੰਗ ਸੋਨੇ ਦੇ ਸਮਾਨ ਚਮਕਦਾਰ ਅਰ ਚਿੱਟਾ ਭੀ ਹੁੰਦਾ ਹੈ। ਬ੍ਰਹਮਾ ਅਰ ਸੀਲੋਨ ਦੇਸ ਵਿਚੋਂ ਮਿਲਦਾ ਹੈ।

(ਗ) ਪੰਨਾ–ਇਸ ਨੂੰ ਮਰਕਤ ਯਾ ਗਾਰੁਤਮਣੀ ਭੀ ਆਖਦੇ ਹਨ। ਇਹ ਮੋਰ ਯਾ ਤੋਤੇ ਦੇ ਖੰਭ ਸਮਾਨ ਹਰਾ ਹੁੰਦਾ ਹੈ। ਇਹ ਰੂਸ, ਈਰਾਨ, ਅਮਰੀਕਾ, ਅਰ ਮਸਕਟ ਵਿਚੋਂ ਮਿਲਦਾ ਹੈ। ਭਾਰਤਵਰਸ਼ ਦੇ ਅੰਦਰ 'ਟੋਂਕ' ਰਾਜ ਵਿਚੋਂ ਭੀ ਨਿਕਲਦਾ ਹੈ।

(ਘ) ਲਾਲ–ਇਸ ਨੂੰ ਮਾਣਿੱਕ, ਪਦਮਰਾਗ, ਰਤਨਲੋਹਿਤ ਭੀ ਆਖਦੇ ਹਨ। ਇਸਦਾ ਰੰਗ ਲਾਲ ਕਮਲ ਦੇ ਸਮਾਨ ਯਾ ਸਹੇ ਦੀ ਅੱਖ ਦੇ ਰੰਗ ਜਿਹਾ ਅਥਵਾ ਅਨਾਰ ਦਾਣੇ ਦੇ ਰੰਗ ਦਾ ਹੁੰਦਾ ਹੈ, ਪੀਲਾ ਭੀ ਹੁੰਦਾ ਹੈ, ਬ੍ਰਹਮਾ ਅਰ ਸੀਲੋਨ ਵਿਚੋਂ ਭੀ ਮਿਲਦਾ ਹੈ, ਰੱਤੀ ਭਰ ਤੋਂ ਘੱਟ ਦਾ ਲਾਲ ਚੂੰਨੀ ਕਿਹਾ ਜਾਂਦਾ ਹੈ, ਇਸ ਨਾਲੋਂ ਉਪਰ ਦਾ ੨੪ ਰੱਤੀ ਤਕ ਲਾਲੜੀ ਕਹੋਂਦਾ ਹੈ ਅਰ ੨੪ ਰਤੀਓਂ ਉਪਰ ਹੋਵੇ ਤਾਂ ਲਾਲ ਅਥਵਾ ਮਾਣਿਕ ਕਿਹਾ ਜਾਂਦਾ ਹੈ।

ਇਨ੍ਹਾਂ ਸਭ ਰਤਨਾਂ ਵਿਚੋਂ ਸਰਪ ਦੀ ਮਣੀ ਉਤਕ੍ਰਿਸ਼ਟ ਹੈ ਪਰ ਮਿਲਨੀ ਦੁਰਲਭ ਹੈ।

ਹੀਰਾ ਸ੍ਰੇਸ਼ਟ ਹੈ, ਪੰਨਾ, ਮਾਣਿਕ ਅਰ ਮੋਤੀ ਉੱਤਮ ਹਨ। ਇੰਦ੍ਰ ਨੀਲ, ਵੈਡੂਰਯਮਣੀ, ਪੁਖਰਾਜ ਮੱਧਮ ਹਨ। ਮੂੰਗਾ ਅਰ ਗੋਮੇਦ ਅਧਮ ਹਨ।

ਹੀਰਾ, ਗੋਮੇਦ, ਇੰਦ੍ਰਨੀਲ, ਵਡੂਰਯ, ਪੁਖਰਾਜ, ਮਰਕਤ ਅਰ ਮਾਣਿਕ ਪ੍ਰਿਥਵੀ ਦੇ ਤਲਿਓਂ ਮਿਲਦੇ ਹਨ। ਮੂੰਗਾ ਸਮੁੰਦਰ ਦੇ ਕਿਨਾਰਿਓਂ ਮਿਲਦਾ ਹੈ ਅਰ ਮੋਤੀ ਵਿਸ਼ੇਸ਼ ਕਰਕੇ ਸਿੱਪੀ ਵਿਚੋਂ ਹੀ ਨਿਕਲਦਾ ਹੈ।

ਮੱਧ ਵਿਚ ਜਲ ਪਰ ਰੇਖਾ ਯਾ ਬਿੰਦੂਆਂ ਦਾ ਹੋਣਾ ਰਤਨਾਂ ਵਿਚ ਦੋਖ ਹਨ।

ਜਿਸ ਰੰਗ ਦਾ ਰਤਨ ਹੋਵੇ ਜੇਕਰ ਓਹ ਛਾਯਾ ਵਿਚ ਓਸੇ ਰੰਗ ਦੀ ਪ੍ਰਭਾ ਦੇਵੇ, ਦੀਪਤਮਾਨ ਸੁੰਦਰ ਵਰਣ ਵਾ ਪਹਿਲਦਾਰ ਅਰ ਦੋਖ ਬਰਜਤ ਹੋਵੇ ਤਾਂ ਰਤਨ ਉੱਤਮ ਹੈ।

ਅਧਿਕ ਪਹਿਨਿਆਂ ਹੋਇਆ ਮੋਤੀ ਅਰ ਮੂੰਗਾ ਹੀਣ ਹੋ ਜਾਂਦਾ ਹੈ। ਪਰ ਦੂਸਰੇ ਰਤਨ ਪੁਰਾਣੇ ਨਹੀਂ ਹੁੰਦੇ ਅਰ ਨਾ ਰੰਗ ਬਦਲਦੇ ਹਨ।

ਦੋਖ ਬਰਜਿਤ, ਭਾਰੀ, ਚਮਕਦਾਰ, ਅੱਛੇ ਵਰਣ ਦਾ ਬੜਾ ਬੈਠਕ ਦਾਰ ਅਰ ਸਵਰੂਪਵਾਨ

Digitized by Panjab Digital Library | www.panjabdigilib.org

ਰਤਨ ਬਹੁਤ ਮੁੱਲ ਦੇ ਹੁੰਦੇ ਹਨ। ਹਲਕੇ ਅਰ ਵਰਣ ਹੀਣ ਘੱਟ ਮੁੱਲ ਦੇ ਹੁੰਦੇ ਹਨ।

ਉੱਤਮ ਗੁਣ ਹੋਣੇ ਪਰ ਭੀ ਖੜਾ ਹੋਇ ਤਾਂ ਥੋੜੇ ਮੁੱਲ ਦਾ ਹੁੰਦਾ ਹੈ, ਅਰ ਚਪਟਾ ਮੱਧਮ ਦਾਮ ਦਾ ਹੁੰਦਾ ਹੈ।

ਪ੍ਰੀਖਿਆ ਵਾਸਤੇ ਮੋਤੀ ਅਰ ਗੋਮੇਦ ਨੂੰ ਛੱਡ ਕੇ ਦੂਸਰੇ ਰਤਨਾਂ ਵਿਚ ਲੋਹੇ ਦ੍ਵਾਰਾ ਰੇਖਾ (ਲਕੀਰ ਅਰ ਛੇਕ) ਨਹੀਂ ਪੈ ਸਕਦੇ, ਬਹੁਤ ਕਰ ਕੇ ਪੱਥਰ ਨਾਲ ਰੇਖਾ ਕਰਦੇ ਹਨ।

ਗੋਮੇਦ ਦੇ ਸਿਵਾਏ ਹੋਰ ਰਤਨਾਂ ਦਾ ਦਾਮ ਤੋਲ ਦਵਾਰਾ ਨਹੀਂ ਹੁੰਦਾ ਬਲਕਿ ਪਸੰਦ ਕਰਨੇ ਪਰ ਹੀ ਨਿਰਭਰ ਹੈ।

ਸਭੀ ਰਤਨਾਂ ਦੇ ਤੋਲਨੇ ਦੀ ਰੱਤੀ ਵੀਹ ਅਲਸੀ ਦੀ ਹੁੰਦੀ ਹੈ ਅਰ ੨੪ ਰੱਤੀ ਦਾ ਇਕ ਟੰਕ ਹੁੰਦਾ ਹੈ।

ਆਯੁਰ ਵੇਦ ਸ਼ਾਸਤਰ ਵਿਖੇ ਚਿੱਟੇ ਹੀਰੇ ਨੂੰ ਬਾਹਮਣ, ਲਾਲ ਹੀਰੇ ਨੂੰ ਖਤਰੀ, ਪੀਲੇ ਹੀਰੇ ਨੂੰ ਵੈਸ਼, ਅਰ ਕਾਲੇ ਨੂੰ ਸ਼ੂਦ੍ਰ ਆਖਦੇ ਹਨ।

ਰਸਾਇਣ ਕਰਮ ਵਿਚ ਵਿਪ੍ਰ ਹੀਰੇ ਨੂੰ ਵਰਤਣੇ ਕਰਕੇ ਸਭ ਪ੍ਰਕਾਰ ਦੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ। ਖੱਤਰੀ ਹੀਰੇ ਨੂੰ ਵਰਤਣੇ ਕਰਕੇ ਰੋਗ, ਬੁਢਾਪਾ ਤਥਾ ਮ੍ਰਿਤੂ ਦਾ ਨਾਸ਼ ਹੁੰਦਾ ਹੈ।

ਵੈਸ਼ ਹੀਰੇ ਨੂੰ ਵਰਤੇ ਤਾਂ ਸਭ ਪ੍ਰਕਾਰ ਦੇ ਰੋਗ ਨਾਸ਼ ਹੁੰਦੇ ਹਨ ਅਰ ਬੁਢਾਪਾ ਸ਼ੀਘਰ ਨਹੀਂ ਆ ਸਕਦਾ।

ਸੁੰਦਰ, ਗੋਲ, ਦੀਪਤਮਾਨ, ਬੜਾ ਅਰ ਦੋਖ ਰਹਿਤ ਹੀਰਾ, ਪੁਰਖ ਕਿਹਾ ਜਾਂਦਾ ਹੈ। ਰੇਖਾ ਅਰ ਬਿੰਦੂਓਂ ਵਾਲਾ ਛੇ ਕੋਣਾ ਹੀਰਾ ਇਸਤੀ ਕਹੌਂਦਾ ਹੈ, ਤ੍ਰਿਕੋਣਾ ਅਰ ਲੰਬਾ ਨਪੁੰਸਕ ਕਿਹਾ ਜਾਂਦਾ ਹੈ।

ਸਭਨਾਂ ਵਿਚੋਂ ਪੁਰਖ ਹੀਰਾ ਸ੍ਰੇਸ਼ਟ ਹੈ। ਇਸਤ੍ਰੀ ਹੀਰਾ ਕ੍ਰਾਂਤੀ ਨੂੰ ਵਧੌਂਦਾ ਹੈ ਅਰ ਇਸਤ੍ਰੀ ਨੂੰ ਸੁਖ ਦਾਇਕ ਹੈ। ਨਪੁੰਸਕ ਹੀਰਾ ਬੀਰਯ ਰਹਿਤ, ਕ੍ਰਾਂਤੀ ਰਹਿਤ ਅਰ ਨਿਸ ਤੇਜ ਹੁੰਦਾ ਹੈ।

ਨਪੁੰਸਕ ਹੀਰਾ ਨਪੁੰਸਕ ਨੂੰ ਹੀ ਦੇਣਾ ਯੋਗ ਹੁੰਦਾ ਹੈ। ਪੁਰਖ ਹੀਰਾ ਸਦਾ ਸਭ ਨੂੰ ਦੇਣਾ ਉਚਿਤ ਹੈ।

ਅਸ਼ੁਧ ਹੀਰਾ ਕੁਸ਼ਟ, ਪਸਲੀਆਂ ਵਿਖੇ ਪੀੜਾ, ਪਾਂਡੂ ਰੋਗ, ਤਾਪ ਅਰ ਭਾਰੀ ਪਨ ਉਤਪਨ ਕਰਦਾ ਹੈ ਇਸ ਲਈ ਅਛੀ ਤਰਾਂ ਨਾਲ ਸ਼ੁਧ ਕੀਤਾ ਹੋਇਆ ਹੀਰਾ ਵਰਤਾਵ ਵਿਖੇ ਲਿਔਣਾ ਚਾਹੀਏ।

ਮੋਤੀ, ਸੀਤਲ, ਬਲ ਵਾਲਾ ਹੈ, ਸਰੀਰ ਨੂੰ ਮੋਟਾ, ਬਲਵਾਨ ਤਥਾ ਪੁਸ਼ਟ ਕਰਦਾ ਹੈ। ਦੂਸਰੇ ਸਭ ਰਤਨ ਖਾਣ ਵਿਚ ਮਿਠੇ, ਸਿਰ ਅਰ ਨੇਤ੍ਰਾਂ ਨੂੰ ਗੁਣਕਾਰੀ ਅਤੇ ਠੰਢੇ ਹਨ। ਜ਼ਹਿਰਾਂ ਨੂੰ ਦੂਰ ਕਰਦੇ ਅਰ ਮਨ ਨੂੰ ਰੁਚਿ ਕਾਰਕ ਹੁੰਦੇ ਹਨ।

ਜਜੋਤਿਸ਼ ਸ਼ਾਸਤ੍ਰ ਵਿਚ ਰਤਨ ਗ੍ਰਹਾਂ ਨੂੰ ਨਸ਼ਟ ਕਰਦੇ ਹਨ ਸੋ ਸੂਰਯ ਦੀ ਪ੍ਰਸੰਨਤਾ ਵਾਸਤੇ ਮਾਣਿਕ, ਚੰਦ੍ਰਮਾ ਦੀ ਪ੍ਰਸੰਨਤਾ ਵਾਸਤੇ ਮੋਤੀ, ਮੰਗਲ ਦੀ ਪ੍ਰਸੰਨਤਾ ਲਈ ਮੂੰਗਾ, ਬੁਧ ਦੀ ਪ੍ਰਸੰਨਤਾ ਲਈ ਪੰਨਾਂ, ਬ੍ਰਹਸਪਤ ਦੀ ਪ੍ਰਸੰਨਤਾ ਵਾਸਤੇ ਪੁਖਰਾਜ, ਸ਼ੁਕ੍ਰ ਦੀ ਪ੍ਰਸੰਨਤਾ ਲਈ ਹੀਰਾ, ਸ਼ਨਿਸਚਰ ਦੀ ਪਰਸੰਨਤਾ ਅਰਥ ਨੀਲਮ ਅਰ ਰਾਹੂ ਕੇਤੂ ਦੀ ਪਰਸੰਨਤਾ ਵਾਸਤੇ ਗੋਮੇਦ ਅੰਰ ਵੈਡੂਰਯ ਮਣੀ ਪਹਿਨਣੀ ਚਾਹੀਏ।

ਰੋਗ ਗਿਣਤੀ

ਚੌਪਈ

ਜ੍ਵਰ ਪਰ ਬੀਸ ਸਾਤ ਅਤਿਸਾਰ। ਸੰਗ੍ਰਹਨੀ ਪੁਨ ਪਾਂਚ ਬੀਚਾਰ।
ਚਾਰ ਕਹੇ ਪਰਵਾਹੀ ਰੋਗ। ਕਹਯੋ ਅਜੀਰਨ ਤੀਨੇ ਹੋਗ ॥੧੫੮॥

Digitized by Panjab Digital Library | www.panjabdigilib.org

ਅਲਸਿ ਬਿਸੂਚੀ ਤ੍ਰਿਕ ਬਿਧ ਜਾਨ। ਏਕ ਬਿਲੰਬਕ ਜਾਨ ਬਿਧਾਨ।
ਖਟ ਜੁ ਅਰਸ ਕ੍ਰਿਮ ਬਾਈ ਕਹੇ। ਚਰਮ ਕੀਲ ਏ ਤੀਨੋ ਲਹੇ ॥੧੫੯॥
ਪਾਂਡੂ ਪਾਂਚ ਹੈ ਕਾਮਲ ਏਕ। ਕੁੰਭ ਕਾਮਲਾ ਏਕੋ ਏਕ।
ਏਕ ਹਲੀਮਕ ਪਾਂਚੋ ਕਾਸ। ਰਕਤ ਪਿੱਤਕੌ ਤੀਨ ਪ੍ਰਕਾਸ ॥੧੬੦॥
ਸੋਖ ਕਹਯਾ ਅਰੁ ਸ੍ਵਰ ਭੰਗ ਜਾਨ। ਦੋਨੋ ਖਟ ਖਟ ਜਾਤ ਪ੍ਰਧਾਨ।
ਪਾਂਚ ਪਾਂਚ ਹਿੱਕ੍ਵਾ ਅਰ ਸ੍ਵਾਸ। ਅਗਨਮੰਦ ਤੀਨੋ ਪਰਕਾਸ ॥੧੬੧॥
ਕਹਯੋ ਅਰੋਚਕ ਪੰਚ ਪ੍ਰਕਾਰ। ਛਰਦ ਸਾਤ ਤ੍ਰਿਸਨਾ ਖਟ ਧਾਰ।
ਮੂਰਛਾ ਨਿੰਦ੍ਰਾ ਚਾਰੋ ਚਾਰ। ਕਹਿ ਉਨਮਾਦੀ ਸਾਤ ਪ੍ਰਕਾਰ ॥੧੬੨॥
ਭ੍ਰਮ ਜੁ ਏਕ ਹੈ ਭੂਤੁਨਮਾਦ। ਵੀਸ ਜਾਤ ਹੈ ਕਰੋ ਨ ਵਾਦ।
ਆਮਵਾਤ ਮਿਰਗੀ ਏ ਕਹੈ। ਚਾਰੋ ਚਾਰ ਭੇਦ ਇਨ ਲਹੈ ॥੧੬੩॥
ਅਸ੍ਰ ਸੂਲ ਤੇਰਾਂ ਉਦਵਰਤ। ਦੋਇ ਅਫਾਰਾ ਜਾਨੋ ਵਿਰਤ।
ਉਰਗ੍ਰਹਿ ਏਕ ਹ੍ਰਿਦੇ ਹੈ ਪੰਚ। ਉਦਰ ਗੁਲਮ ਏ ਅਠਅਠ ਸੰਚ॥੧੬੪॥
ਮੂਤ੍ਰ ਘਾਤ ਕੀ ਤੇਰਾਂ ਜਾਤ। ਮੂਤ੍ਰ ਕ੍ਰਿਛ ਹੈ ਆਠ ਬਿਖਯਾਤ।
ਪਥਰੀ ਚਾਰ ਬੀਸ ਪਰਮੇਹ। ਸੋਮ ਕਹੈ ਇਕ ਜਾਨ ਸਨੇਹ ॥੧੬੫॥
ਮੇਹ ਜੁ ਪਿੜਕਾ ਦਸ ਹੈ ਜਾਨ। ਮੇਦ ਰੋਗ ਇਕ ਕਹਯੋ ਸੁਆਨ।
ਬ੍ਰਿਧ ਸੁ ਸਾਤ ਸੋਥ ਨਵ ਕਹੀ। ਅੰਡ ਬ੍ਰਿਧ ਏਕੋ ਹੈ ਲਹੀ ॥੧੬੬॥
ਗੰਡਮਾਲ ਗੰਡਾਲਿਜਿ ਇਕ ਇਕ। ਗੰਠ ਰੋਗ ਨੌ ਜਾਨੋ ਤੁਮ ਠਿਕ।
ਅਰਬੁਦ ਖਸਟ ਸਿਲੀਪਦ ਤੀਨਾ ਬ੍ਰਿਣ ਪੰਦ੍ਰਾਂ ਬਿੱਦ੍ਰਧਿ ਛੇ ਕੀਨ ॥੧੬੭॥
ਸੰਧ ਜੁ ਬ੍ਰਿਣ ਅਠ ਨਾੜੀ ਪੰਚ। ਵਧ ਕੋਸਟ ਦੁਖ ਭਾਖਯੋ ਮਾਨ।
ਅਸਥਿਭੰਗ ਅਰ ਕੁਸਟ ਅਠਾਰਾਂ। ਅਗਨਦਗਧ ਕੀ ਜਾਤ ਜੁ ਚਾਰਾਂ॥੧੬੮॥
ਆਠ ਭੰਗਦਰ ਪੰਚੰਪਦੰਸ। ਲਿੰਗ ਅਰਸ ਚੌਵੀ ਹੈ ਤੰਸ।
ਭਾਖੇ ਰੋਗ ਛੁੱਦ੍ਰ ਹੈਂ ਸਾਠ। ਨਵੇ ਬਿਸਰਪਾ ਬਿਖ ਕੇ ਆਠ ।੧੬੯।
ਉਦਰਦ ਏਕ ਹੈ ਬਾਤ ਚੌਰਾਸੀ। ਚਾਲੀ ਪਿਤ ਕਫ ਬੀਸੋ ਭਾਸੀ।
ਰਕਤ ਰੋਗ ਦਸ ਕਹੇ ਬਖਾਨ। ਚੌਹਤਰ ਮੁਖ ਰੁਜ ਪਰਧਾਨ ॥੧੭੦॥
ਕਾਨ ਅਠਾਰਾਂ ਰੋਗ ਬਤਾਏ। ਕਰਨਪਾਲ ਕੇ ਸਾਤ ਕਹਾਏ।

Digitized by Panjab Digital Library | www.panjabdigilib.org

ਕਰਨ ਮੂਲ ਕੇ ਪਾਂਚੋ ਜਾਨ। ਨਾਕ ਤਨੇ ਅਠਾਰਾਂ ਮਾਨ ॥੧੭੧॥
ਨੌ ਕਪਾਲ ਸਿਰ ਦਸ ਹੈਂ ਭਾਖੇ। ਦ੍ਰਿਗ ਕੇ ਰੋਗ ਚੌਰਾਨਿਵ ਰਾਖੇ।
ਪਾਂਚ ਪੁਰਖੱਤ੍ਰ ਕਹੇ ਹੈਂ ਰੋਗ। ਸੁੱਕ੍ਰ ਆਠ ਪ੍ਰਦਰਾ ਚੌ ਹੋਗ ॥੧੭੨॥
ਤਿਰਯ ਬੀਰਯ ਆਠ ਜੋਨੈ ਬੀਸ। ਜੋਨ ਚੁ ਕੰਦ ਗਰਭ ਅਠ ਦੀਸ।
ਪਾਂਚੋਂ ਕੁਚ ਬਾਲਕ ਬਾਬੀਸ। ਬਾਲਕ ਗ੍ਰਹਿਕੇ ਬਾਰਾਂ ਦੀਸ ॥੧੭੩॥
ਬੈਤਾਲੀ ਮਹਾਂ ਦੁਸਤਰ ਕਹੇ। ਬਿਖ ਕੇ ਤੀਨ ਚੌ ਮਦ ਕੇ ਲਹੇ।
ਹੀਨ ਮਿੱਥਯਾਤਿ ਪੰਦ੍ਰਾਂ ਜਾਨ। ਸਾਰੰਗਧਰ ਤੇ ਮੇਘ ਬਖਾਨ ॥੧੭੪॥
ਕਲਾ ਸਾਤ ਅਰੁ ਸਾਤੋ ਆਸਯ। ਸਾਤ ਧਾਤ ਸਾਤੇ ਮਲ ਭਾਸਯ।
ਸਾਤ ਤੁਚਾ ਸਾਤੋ ਉਪ੍ਰਧਾਤ। ਬਾਤ ਪਿੱਤ ਕਫ ਤ੍ਰੈ ਦੁਖਵਾਤ ॥੧੭੫॥
ਨਵਸੈ ਨਾੜੀ ਬੰਧਨਿ ਤਨੀ। ਸੰਧਾ ਦੋ ਸੌ ਦਸ ਹੈ ਭਾਨੀ।
ਹਾਡ ਤੀਨ ਸੈ ਜਾਨੋ ਸਹੀ। ਮਰਮ ਏਕ ਸੌ ਸਾਤੈ ਕਹੀ ॥੧੭੬॥
ਸਿਰਾ ਨਾਰੀਆਂ ਸਤ ਸੈ ਜਾਨ। ਚੌਵੀ ਰਸ ਵਾਹਕ ਹੈਂ ਮਾਨ।
ਪੰਜ ਸੈ ਨਾੜੀ ਪਲ ਸੂੰ ਵੇਡੀ। ਪੰਜ ਸੈ ਵੀਸ ਤ੍ਰਿਯਾ ਕੈ ਬੇਡੀ ॥੧੭੭॥
ਕੰਡਰਾ ਨਾਰੀ ਖੋੜਸ ਜੋਇ। ਪੁਰਖ ਛਿੱਦ੍ਰ ਦਸ ਭਾਖੈ ਸੋਇ।
ਵਾਮੀ ਕੈ ਲਖ ਛਿਦ੍ਰ ਸੁ ਤੇਰਾ। ਅਲਪ ਕਹੀ ਸਮਝੇ ਗੁਨ ਏਰਾ॥੧੭੮॥

—o—

ਜ੍ਵਰਾਂ ਦੇ ਭੇਦ

ਜ੍ਵਰ (ਤਾਪ)—ਇਹ ੨੫ ਪ੍ਰਕਾਰ ਦਾ ਹੈ, ਸੋ–੧ਬਾਤਜ੍ਵਰ, ੨. ਪਿੱਤਜ੍ਵਰ, ੩. ਕਫਜ੍ਵਰ, ੪. ਬਾਤ ਪਿੱਤ ਜ੍ਵਰ, ੫. ਬਾਤ ਕਫ ਜ੍ਵਰ, ੬. ਪਿੱਤ ਕਫ ਦੇ ਜ੍ਵਰ, ਤ੍ਰਿਦੋਖ ਮਿਲਣੇ ਕਰ ੭. ਸੰਨਿਪਾਤ ਜ੍ਵਰ

ਭਾਵੇਂ ਸੰਨਿਪਾਤ ਦੇ ਅਨੇਕ ਭੇਦ ਹਨ ਫਿਰ ਭੀ ਇਸ ਦੇ ਪੰਜ ਵਿਖਮਜ੍ਵਰ ਹਨ, ਸੋ–
*੮ ਸੰਤਤ ਜ੍ਵਰ, †੯ ਸਤਤ ਜ੍ਵਰ, ‡੧੦ ਅਨਯੇਦਯੁਜ੍ਵਰ, ()੧੧ ਤੇਈਆ ਜ੍ਵਰ,

---

*੧ ਯਾਂ ੧੦ ਵਾ ੧੨ ਦਿਨ ਜੇਹੜਾ ਇਕ ਰਸ ਚੜ੍ਹਿਆ ਰਹੇ ਉਹ ਸੰਤਤ ਜ੍ਵਰ ਕਿਹਾ ਜਾਂਦਾ ਹੈ।
†ਦਿਨ ਰਾਤ ਵਿਚ ਜਿਹੜਾ ਦੋਬਾਰ ਆਵੇ ਉਹ ਸਤਤ ਜ੍ਵਰ ਕਹੌਂਦਾ ਹੈ।
‡ਦਿਨ ਰਾਤ ਵਿਚ ਇਕ ਜੇਹਾ ਚੜੇ, ਉਸ ਨੂੰ "ਅਨਯੇਦਯੁਜ੍ਵਰ" (ਇਕਤਰਾ) ਆਖਦੇ ਹਨ।
()ਇਕ ਦਿਨ ਛਡ ਕੇ ਜਿਹੜਾ ਚੜੇ, ਉਹ ਤੇਈਆ ਤਾਪ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

[]੧੨ ਚੌਥਾ ਜੂਰ।

ਆਗੰਤੁਕਜੂਰ, ਇਕ ਹੈ ਫਿਰ ਵੀ ਇਸ ਦੇ ਤੇਰਾਂ ਭੇਦ ਹਨ, ਸੋ-!੧੩ ਅਭਿਆਚਾਰਜਵਰ, ?੧੪ ਗ੍ਰਹਾਵੇਸ਼ ਜਵਰ, ੦੧੫ ਸ੍ਰਾਪ ਜਵਰ।

ਇਸੇ ਤਰ੍ਹਾਂ ਅਭਿਘਾਤ ਜੂਰ ਚਾਰ ਪ੍ਰਕਾਰ ਦਾ ਹੈ, ਸੋ ੧੬ ਸ੍ਰਮ ਜੂਰ ਅਗਨੀ ਆਦਿ ਦੇ ਸੜਨ ਤੋਂ ੧੭ ਦਾਹਜੂਰ, ੧੮ ਘਾਵ ਜੂਰ, ਸ਼ਸਤ੍ਰ ਆਦਿ ਲਗਣ ਤੇ ੧੯ ਪ੍ਰਹਾਰ ਜੂਰ। ਇਸ ਤਰ੍ਹਾਂ ਅਭਿਖੰਗ ਜੂਰ, ਛੇ ਪ੍ਰਕਾਰ ਦਾ ਹੈ, ਸੋ-ਮਨ ਇਛਿਤ ਇਸਤ੍ਰੀ ਦੇ ਨਾ ਮਿਲਨੇ ਤੇ ਤਪ ਹੋਵੇ ਸੋ-੨੦ ਕਾਮ ਜੂਰ, ਡਰ ਤੋਂ ਪੈਦਾ ਹੋਣ ਵਾਲਾ ੨੧ ਭਯਜਰ, ਸ਼ੋਕ ਤੋਂ ਪੈਦਾ ਹੋਇਆ ੨੨ ਸ਼ੋਕ ਜੂਰ, ਕ੍ਰੋਧ ਤੋਂ ਪੈਦਾ ਹੋਣ ਵਾਲਾ ੨੩ ਕ੍ਰੋਧ ਜੂਰ, ਹੋਰ ਥਾਵਰ-ਮਿਠੇ ਤੇਲੀਏ ਆਦਿ ਵਿਖ, ਜੰਗਮ-ਸਪਰਗੀ ਵਿਖ, ਇਨ੍ਹਾਂ ਦੇ ਸੰਜੋਗ ਤੋਂ ਪੈਦਾ ਹੋਣ ਵਾਲਾ ਤਾਪ ੨੪ ਵਿਖ ਜਵਰ ਅਤੇ ਇਸ ਤਰ੍ਹ ਅਸ਼ੋਧੀ ਆਦਿ ਦੀ ਗੰਧ ਤੋਂ ਪੈਦਾ ਹੋਯਾ ੨੫ ਗੰਧਜਵਰ, ਇਹ ਸਭ ਮਿਲੇਣ ਤੇ ਪੰਝੀ ਜਵਰ ਗਿਣੇ ਜਾਂਦੇ ਹਨ।

ਅਤੀਸਾਰ ਰੋਗ—੧ ਬਾਤ, ੨ ਪਿੱਤ, ੩ ਕਫ ੪ ਸੰਨਿਪਾਤ, ੫ ਸ਼ੋਕ, ੬ ਆਮ ਅਤੇ ੭ ਭਯ ਦਵਾਰਾ ਹੋਣ ਵਾਲੇ ਸੱਤ ਪ੍ਰਕਾਰ ਦੇ ਹਨ।

ਸੰਗ੍ਰਹਿਣੀ ਰੋਗ—੧ ਬਾਤ ਦੀ, ੨ ਪਿਤ ਦੀ, ੩ ਕਫ ਦੀ, ੪ ਤ੍ਰਿਦੋਖ ਦੀ, ੫ ਆਮ ਦੀ, ਇਸ ਪ੍ਰਕਾਰ ਪੰਜ ਪ੍ਰਕਾਰ ਦਾ ਹੈ।

ਪ੍ਰਵਾਹਿਕਾ (ਮਰੋੜ)—ਕੁਪੱਥੀ ਪੁਰਖ ਨੂੰ ਬਾਦੀ ਵਧਕੇ ਕਫ ਯੁਕਤ ਹੋਕੇ ਪ੍ਰਵਾਹਿਕਾ (ਮਰੋੜਾ) ਪੈਦਾ ਕਰ ਦੇਵੇ, ਇਸ ਨਾਲ ਪੇਟ ਵਿਖੇ ਪੀੜਾ ਹੋਕੇ ਗੁਦਾ ਰਸਤੇ ਬਹੁਤੇ ਕਸ਼ਟ ਨਾਲ ਮਲ ਉਤਰੇ। ਅਤੀਸਾਰ ਨਾਲੋਂ ਇਸ ਦਾ ਇਤਨਾ ਭੇਦ ਹੈ ਕਿ ਅਤੀਸਾਰ ਵਿਖੇ ਰਜ, ਮਲ, ਮੂਤ੍ਰ, ਪਿੱਤ ਰਕਤਾਦਿਕ ਦ੍ਰਵ ਧਾਤੁ ਕੁਪਿਤ ਵਾਯੂ ਦੁਵਾਰਾ ਦਸਤ ਦੇ ਰਾਹ ਨਿਕਲਦੇ ਹਨ, ਅਰ ਪ੍ਰਵਾਹਿਕਾ ਵਿਚ ਕੇਵਲ ਕਫ ਨਿਕਲਦੀ ਹੈ।

ਸੋ-*੧ ਬਾਤ ਦੀ ਪ੍ਰਵਾਹਿਕਾ, ()੨ ਪਿਤ ਦੀ,

[]ਦੋ ਦਿਨ ਛਡ ਕੇ ਜਿਹੜਾ ਤੀਜੇ ਦਿਨ ਚੜ੍ਹੇ ਓਹਨੂੰ ਚੌਥਾ ਤਾਪ ਬੋਲਦੇ ਹਨ।

!ਦੁਸ਼ਮਨ ਮਾਰਨ ਅਰਥ ਹੋਮ ਆਦਿ ਕਰਨ ਤੇ ਤਾਪ ਜਾਂ ਉਲਟੇ ਮੰਤਰਾਂ ਦੇ ਜਾਪ ਤੇ ਤਾਪ ਹੋਵੇ ਉਸ ਨੂੰ ਅਭਿਚਾਰ ਜੂਰ ਆਖਦੇ ਹਨ।

?ਬ੍ਰਹਮਰਾਖਛਸ਼ ਅਥਵਾ ਭੂਤਾਦਿ ਸੰਬੰਧ ਤੇ ਜਿਹੜਾ ਤਪ ਹੋਵੇ ਉਸ ਨੂੰ ਗਰਹਾਵੇਸ਼ ਜਵਰ ਜੂਰ ਬੋਲਦੇ ਹਨ।

੦ ਗੁਰੂ, ਸਿੱਧ, ਅਥਵਾ ਬ੍ਰਿਧ ਆਦਿ ਦੇ ਦੁਰਬਚੰਨ ਤੇ ਜਿਹੜਾ ਤਪ ਚੜ੍ਹ ਜਾਏ, ਉਸ ਨੂੰ ਸ੍ਰਾਪ ਜੂਰ ਕਿਹਾ ਜਾਂਦਾ ਹੈ॥

*ਬਾਤ ਦੀ ਪ੍ਰਵਾਹਿਕਾ ਵਿਖੇ ਸੂਲ ਹੁੰਦਾ ਹੈ। ਇਹ ਖੁਸ਼ਕ ਪਦਾਰਥਾਂ ਦੇ ਸੇਵਨ ਤੋਂ ਪੈਦਾ ਹੋਵੇ ਹੈ। ਇਸ ਵਿਚ ਅਤਿਅੰਤ ਪੀੜਾ ਨਾਲ ਮਲ ਉਤਰਦਾ ਹੈ।

()ਪਿੱਤ ਦੀ ਪ੍ਰਵਾਹਿਕਾ ਵਿੱਚ ਦਾਹ ਹੁੰਦਾ ਹੈ। ਇਹ ਤੀਖਣ ਪਦਾਰਥਾਂ ਦੇ ਖਾਣ ਤੋਂ ਪੈਦਾ ਹੋਵੇ ਹੈ। ਇਸ ਵਿਚ ਅਤਿਅੰਤ ਦਾਹ (ਸੜਨ) ਨਾਲ ਮਲ ਉਤਰਦਾ ਹੈ।

Digitized by Panjab Digital Library | www.panjabdigilib.org

[]੩ ਕਫ ਦੀ ਤੇ)[੪ ਰੁਧਿਰ ਦੀ ਇਉਂ ਚਾਰ ਪ੍ਰਕਾਰ ਦੀ ਹੈ।

ਅਜੀਰਣ ਰੋਗ–੧ ਵਿਸ੍ਵਬਧ ਅਜੀਰਣ, ੨ ਵਿਦਗਧਾਜੀਰਣ, ੩ ਆਮਾਜੀਰਣ, ਇਸ ਤਰ੍ਹਾਂ ਇਸ ਦੇ ਤਿੰਨ ਭੇਦ ਹਨ।

ਅਲਸ ਰੋਗ–੧ ਬਾਤ, ੨ ਪਿਤ, ਤੇ ੩ ਕਫ ਕਰ ਕੇ, ਤਿੰਨ ਪ੍ਰਕਾਰ ਦਾ ਹੈ।

ਵਿਸੂਚਕਾ–ਹੈਜ਼ੇ ਦਾ ਭੇਦ

ਵਿਸੂਚੀ (ਹੈਜ਼ਾ) ਰੋਗ–੧ ਬਾਤ, ੨ ਪਿਤ, ਤੇ ੩ ਕਫ ਦੇ ਭੇਦ ਤੇ ਤਿੰਨ ਪਰਕਾਰ ਦਾ ਹੈ।

***ਬਿਲੰਬਕਾ**–ਇਹ ਰੋਗ ਇਕ ਪ੍ਰਕਾਰ ਦਾ ਹੈ।

†ਅਰਸ਼ (ਬਵਾਸੀਰ)–੧ ਬਾਤ ਦੀ, ੨ ਪਿਤ ਦੀ, ੩ ਕਫ ਦੀ, ੪ ਸੰਨਿਪਾਤ ਦੀ ੫ ਰਕਤ ਦੀ ਤੇ ੬ ਸੰਸਰਗ ਦੀ। ਇਸ ਪ੍ਰਕਾਰ ਛੇ ਤਰ੍ਹਾਂ ਦੀ ਹੈ।

ਕ੍ਰਿਮ ਰੋਗ–ਅੰਦਰ ਬਾਹਰ ਭੇਦ ਨਾਲ ਦੋ ਜਾਤੀ ਦੇ ਕ੍ਰਿਮਿ ੨੨ ਪ੍ਰਕਾਰ ਦੇ ਹਨ। ()੧ ਮਲ (ਪਸੀਨਾ) ੨ ਕਫ, ੩ ਖੂਨ, ੪ ਵਿਸਟਾਜੰਨ ਇਉਂ ਚਾਰ ਪ੍ਰਕਾਰ ਦੇ ਹਨ। ਅੰਦਰਲੇ ੧੮ ਪ੍ਰਕਾਰ ਦੇ ਹਨ, ਸੋ–੧ ਹ੍ਰਿਦਿਆਦ, ੨ ਅੰਤਾਦ, ੩ ਉਦ੍ਰਾਵੇਸ਼ਟ, ੪ ਚਮੂਣੇ, ੫ ਮਹਾਗੁਰ, ੬ ਸੁਗੰਧ, ੭ ਦਰਬ ਕੁਸ਼ਮ, ਇਹ ਕਫ ਜੰਨ ਹਨ। ੧ ਮਾਤਰ, ੨ ਸੋਰਸ, ੩ ਲੋਮਾਵਿਧਵੰਸ, ੪ ਰੋਮ ਦਵੀਪ, ੫ ਉਦੰਬਰ, ੬ ਕੇਸਾਦ, ਇਹ ਰੁਧਿਰ ਜੰਨ ਹਨ। ੧ ਮਕੇਰੁਕ, ੨ ਲੇਸਿਲਹ, ੩ ਮਲੂਨ, ੪ ਸੋਰਾਦ, ੫ ਕਕੇਰੁਕ, ਇਹ ਜੰਨ ਹਨ। ਇਹ ਸਭੋ ਅੰਦਰਲੇ ਬਾਹਰਲੇ ਮਿਲਾਇਕੇ ੨੨ ਹਨ।

ਚਰਮ ਕੀਲ ਰੋਗ–੧ ਖਾਤ ਦਾ, ੨ ਪਿੱਤ ਦਾ, ੩ ਕਫ ਦਾ ਇਉਂ ਤਿੰਨ ਤਰ੍ਹਾਂ ਦਾ ਹੈ।

ਪਾਂਡੂ ਰੋਗ–੧ ਬਾਤ, ੨ ਪਿਤ, ੩ ਕਫ, ੪ ਸੰਨਿਪਾਤ, ੫ ਮਿੱਟੀ ਖਾਣ ਤੇ ਹੋਯਾ, ਇਸ

[]ਕਫ ਦੀ ਪ੍ਰਵਾਹਿਕਾ ਵਿਖੇ ਕਫ ਅਧਿਕ ਹੁੰਦੀ ਹੈ, ਇਹ ਚਿਕਣੇ ਪਦਾਰਥ ਸੇਵਨ ਤੋਂ ਹੋਵੇ ਹੈ। ਇਸ ਵਿਖੇ ਕਫ ਨਾਲ ਮਿਲਕੇ ਮਲ ਉਤਰਦਾ ਹੈ।

)[ਰੁਧਰ ਦੀ ਪ੍ਰਵਾਹਿਕਾ ਰੁਧਰ ਯੁਕਤ ਹੁੰਦੀ ਹੈ, ਇਹ ਖੱਟੇ ਪਦਾਰਥਾਂ ਦੇ ਸੇਵਨ ਤੋਂ ਉਤਪੰਨ ਹੋਵੇ ਹੈ, ਇਸ ਵਿਚ ਰਕਤ ਸਮੇਤ ਮਲ ਉਤਰਦਾ ਹੈ।

*ਇਹ ਭੀ ਹੈਜ਼ੇ ਦਾ ਹੀ ਭੇਦ ਹੈ, ਇਸ ਨੂੰ ਦੰਡਕਾਲਸਕ ਭੀ ਆਖਦੇ ਹਨ।

†ਇਸ ਛੇ ਪ੍ਰਕਾਰ ਦੀ ਬਵਾਸੀਰ ਦੇ ਵਾਸਤਵ ਵਿਖੇ ਦੋ ਭੇਦ ਹਨ। ਇਕ ਜਨਮ ਤੋਂ ਪੈਦਾ ਹੋਣ ਵਾਲੀ ਸਹਜਾ, ਦੂਸ਼ਰੀ ਮਿਥਯਾ ਹਾਰਾਦਿ ਦੇ ਹੋਣ ਵਾਲੀ। ਇਸ ਤਰਾਂ ਆਦ੍ਰ ਅਰ ਸੁਸ਼ਕ ਕਹੀ ਜਾਂਦੀ ਹੈ ਜਿਸ ਨੂੰ ਆਮ ਖੂਨੀ ਅਰ ਬਾਦੀ ਬੋਲਦੇ ਹਨ।

() ਮੈਲੇ ਬਸਤਰ ਆਦਿ ਦੇ ਆਸਰੇ ਹੋਣ ਵਾਲੀਆਂ ਜੂੰਆਂ, ਇਹ ਕਾਲੀਆਂ ਚਿੱਟੀਆਂ ਤਿਲਾਂ ਵਾਂਗ ਦੋ ਰੰਗ ਦੀਆਂ ਹੁੰਦੀਆਂ ਹਨ, ਇਨ੍ਹਾਂ ਦੇ ਬਹੁਤ ਪੈਰ ਹੁੰਦੇ ਹਨ। ਜੇਹੜੀਆਂ ਬਹੁਤ ਬਰੀਕ ਹੋਣ ਉਹ ਲੀਖਾਂ, ਜੇਹੜੀਆਂ ਚਮੜੇ ਨਾਲ ਚਿਪੀਆਂ ਰਹਿਣ, ਬਹੁਤੇ ਪੈਰਾਂ ਵਾਲੀਆਂ ਹੋਣ; ਉਹ ਚਮਜੂੰਆਂ ਕਹੀਆਂ ਜਾਂਦੀਆਂ ਹਨ।

Digitized by Panjab Digital Library | www.panjabdigilib.org

ਤਰ੍ਹਾਂ ਪੰਜ ਪ੍ਰਕਾਰ ਦਾ ਹੈ।

ਕਾਮਲਾਰੋਗ—ਕੁੰਭਕਾਮਲਾ ਤੇ ਹਲੀਮਕ—ਇਹ ਤਿੰਨੇ ਇਕ ਇਕ ਪਰਕਾਰ ਦੇ ਹਨ।

ਖਾਂਸੀ ਰੋਗ—੧ ਬਾਤ ਦੀ, ੨ ਪਿਤ ਦੀ, ੩ ਕਫ ਦੀ, ੪ ਉਰੁਖਤ ਦੀ, ਤੇ ੫ ਧਾਤੂ ਖਯ ਦੀ, ਇਸ ਤਰ੍ਹਾਂ ਪੰਜ ਪਰਕਾਰ ਦੀ ਹੈ।

ਰਕਤ ਪਿਤ ਰੋਗ—੧ ਉਰਧਗਾਮੀ, ੨ ਅਧੋਗਾਮੀ, ੩ ਅਧੋ ਊਰਧਗਾਮੀ ਭੇਦ ਨਾਲ ਤਿੰਨ ਪ੍ਰਕਾਰ ਦਾ ਹੈ।

ਸੋਖਰੋਗ—੧ ਅਤਿਅੰਤ ਇਸਤ੍ਰੀ ਸੰਗ, ੨ ਅਤੀਸ਼ੋਕ, ੩ ਘਾਵ, ੪ ਅਤਿਅੰਤ ਰਸਤੇ ਚਲਨਾ ੫ ਬਹੁਤੀ ਡੰਡ ਕਸਰਤ, ਤੇ ੬ ਬ੍ਰਿਧਾਵਸਥਾ ਕਰ ਇਉਂ ਛੇ ਪ੍ਰਕਾਰ ਦਾ ਹੈ।

ਸ੍ਵਰਭੰਗ (ਅਵਾਜ ਦਾ ਬੈਠ ਜਾਣਾ) ਰੋਗ—੧ ਬਾਤ ਦਾ, ੨ ਪਿਤ ਦਾ, ੩ ਕਫ ਦਾ, ੪ ਮੇਦ ਵਧਨੇ ਦਾ, ੫ ਸੰਨਿਪਾਤ ਦਾ ਤੇ ੬ ਛੈ ਰੋਗ ਦਾ ਸੁਰਭੰਗ ਇਉਂ ਛੇ ਪ੍ਰਕਾਰ ਦਾ ਹੈ।

ਹਿੜਕੀ ਰੋਗ—੧ ਛੁਦਾ, ੨ ਅੰਨਜਾ, ੩ ਗੰਭੀਰਾ, ੪ ਯਮਲਾ, ਤੇ ੫ ਮਹਤੀ ਇਸ ਤਰ੍ਹਾਂ ਪੰਜ ਪ੍ਰਕਾਰ ਦਾ ਹੈ।

ਸ੍ਵਾਸ (ਦਮਾ) ਰੋਗ—੧ ਛੁਦ੍ਰ ਸਵਾਸ, ੨ ਤਮਕਸਵਾਸ, ੩ ਉਰਧ ਸਵਾਸ, ੪ ਮਹਾ ਸਵਾਸ ਤੇ ੫ ਛਿੰਨਾ ਸਵਾਸ ਇਉਂ ਪੰਜ ਪ੍ਰਕਾਰ ਦਾ ਹੈ।

ਮੰਦਾਗਨੀ—*੧ ਵਿਖਮਾਗਨੀ, ੨ ਤੀਖਣਾਗਨੀ, ੩ ਮੰਦਾਗਨੀ, ਤੇ ੪ ਭਸਮਾਗਨੀ, ਇਉਂ ਚਾਰ ਪ੍ਰਕਾਰ ਦੀ ਹੈ। ਇਸ ਵਿਚੋਂ ਭਸਮਾਗਨੀ ਛੱਡਕੇ ਮੰਦਾਗਨੀ ਤਿੰਨ ਪ੍ਰਕਾਰ ਦੀ ਜਾਣੋ।

ਅਰੋਚਕ ਰੋਗ—੧ ਵਾਤ ਦਾ, ੨ ਪਿੱਤ ਦਾ, ੩ ਕਫ ਦਾ, ੪ ਸੰਨਿਪਾਤ ਦਾ, ਤੇ ੫ ਮਨ ਦੇ ਸੰਤਾਪ ਦਾ। ਇਉਂ ਪੰਜ ਤਰਾਂ ਦਾ ਹੈ।

ਛਰਦਿ—(ਉਲਟੀ) ਰੋਗ—੧ ਬਾਤ ਦੀ, ੨ ਪਿੱਤ ਦੀ, ੩ ਕਫ ਦੀ, ੪ ਕ੍ਰਿਮਿਯਾਂ ਦੀ, ੫ ਸੰਨਿਪਾਤ ਦੀ, ੬ ਅਮੇਧਯ, ਅਰਥਾਤ ਗਿਲਾਨੀ ਦੀ ਤੇ ੭ ਇਸਤ੍ਰੀ ਨੂੰ ਗਰਭ ਹੋਣ ਦੀ, ਇਉ ਛਰਦ ਰੋਗ ਸਤ ਪ੍ਰਕਾਰ ਦਾ ਹੈ।

ਤ੍ਰਿਸਨਾ ਅਰਥਾਤ ਪਿਆਸ ਰੋਗ—੧ ਬਾਤ, ੨ ਪਿੱਤ, ੩ ਕਫ, ੪ ਤ੍ਰਿਦੋਖ, ੫ ਅਗੰਤੁਕ ਅਰਥਾਤ ਸ਼ਸਤਰਾਦਿਕ ਦੇ ਘਾਉ ਜੰਨ, ੬ ਉਪਸਰਗਜ ਤੇ ਧਾਤੂਖਯ ਜੰਨ ਇਉਂ ਛੇ ਪ੍ਰਕਾਰ ਦਾ ਹੈ।

ਮੂਰਛਾ—ਗਸ਼ੀ (ਦੰਦਣ ਪੈਣੀ)—੧ ਬਾਤ ਦੀ, ੨ ਪਿੱਤ ਦੀ, ੩ ਕਫ ਦੀ ਅਤੇ ੪ ਸੰਨਿਪਾਤ ਦੀ ਇਉਂ ਚਾਰ ਪ੍ਰਕਾਰ ਦੀ ਹੈ।

---

*ਬਾਤ ਕਰਕੇ ਵਿਖਮਾਗਨੀ, ਪਿੱਤ ਕਰਕੇ ਤੀਖਣਾਗਨੀ ਅਰ ਕਫ ਕਰਕੇ ਮੰਦਾਗਨੀ ਹੁੰਦੀ ਹੈ, ਬਾਤ ਪਿੱਤ ਦੋ ਸਬੱਬ ਭਸਮਾਗਨੀ ਹੁੰਦੀ ਹੈ।

Digitized by Panjab Digital Library | www.panjabdigilib.org

ਨਿੰਦ੍ਰਾ ਰੋਗ-*੧ ਨਿੰਦ੍ਰਾ, †੨ ਤੰਦ੍ਰਾ, ‡੩ ਸੰਨਿਆਸ ਤਥਾ ()੪ ਗਿਲਾਨੀ। ਇਸ ਤਰਾਂ ਨੀਂਦ ਚਾਰ ਪ੍ਰਕਾਰ ਦੀ ਹੈ।

?ਮਦਰੋਗ-੧ ਬਾਤ ਮਦ, ੨ ਪਿੱਤ ਮਦ, ੩ ਕਫ ਮਦ, ੪ ਤ੍ਰਿਦੋਖ ਮਦ, ੫ ਰੁਧਰ ਕੋਪ ਤੇ ਮਦ, ੬ ਅੰਦਾਜ਼ੇ ਤੋਂ ਵਧ ਸ਼ਰਾਬ ਪੀਣ ਤੇ ਮਦ, ੭ ਮਿੱਠਾ ਤੇਲੀਆ ਆਦਿ ਵਿਖ ਖਾਣ ਤੇ ਮਦ ਇਉਂ ਮਦ-ਉਨਮੱਤਪਣਾ ਸੱਤ ਪ੍ਰਕਾਰ ਦਾ ਹੈ।

ਭ੍ਰਮ-ਇਹ ਰਜੋ ਗੁਣ, ਪਿੱਤ ਅਤੇ ਵਾਯੂ, ਇਹਨਾਂ ਤੋਂ ਪੈਦਾ ਹੁੰਦਾ ਹੈ ਸੋ ਇਕ ਪ੍ਰਕਾਰ ਦਾ ਹੈ।

ਭੂਤ ਉਨਮਾਦ ਰੋਗ-੧ ਦੇਵ ਗ੍ਰਹ, ੨ ਦਾਨਵ, ੩ ਗੰਧ੍ਰਬ, ੪ ਕਿੰਨਰ, ੫ ਯੱਖ, ੬ ਪਿਤਰ, ੭ ਗੁਰੂ, ੮ ਪਰੇਤ, ੯ ਗੁਹਯੁਕ, ੧੦ ਬ੍ਰਿਧ, ੧੧ ਸਿੱਧ, ੧੨ ਭੂਤ, ੧੩ ਪਿਸਾਚ, ੧੪ ਜਲਾਦਿ ਦੇਵਤਾ, ੧੫ ਨਾਗ, ੧੬ ਬ੍ਰਹਮਰਾਖਸ਼, ੧੭ ਰਾਖਸ਼, ੧੮ ਕੁਖਮਾਂਡ ਰਾਖਸ਼, ੧੯ ਕ੍ਰਿਤਯਾ ਤੇ ੨੦ ਬੇਤਾਲ। ਇਉਂ ਭੂਤ ਉਨਮਾਦ ਰੋਗ ਬੀਸ ਪ੍ਰਕਾਰ ਦਾ ਹੈ।

ਇਨ੍ਹਾਂ ਵਿਚੋਂ ਜੋ 'ਗ੍ਰਹ' ਸਰੀਰ ਵਿਚ ਪ੍ਰਵੇਸ਼ ਕਰ ਜਾਵੇ ਤਾਂ ਉਸ ਗ੍ਰਹ ਜੇਹੀ ਮਨੁੱਖ ਚੇਸ਼ਟਾ ਕਰਦਾ ਹੈ।

ਆਮਬਾਤ—੧ ਬਾਤ ਆਮਬਾਤ, ੨ ਪਿਤ ਆਮਬਾਤ, ੩ ਕਫ ਆਮਬਾਤ, ੪ ਸੰਨਿਪਾਤ, ਕਰਕੇ ਆਮਬਾਤ। ਇਉਂ ਚਾਰ ਪ੍ਰਕਾਰ ਦਾ ਹੈ।

ਮ੍ਰਿਗੀ ਰੋਗ—੧ ਬਾਤ ਦੀ, ੨ ਪਿਤ ਦੀ, ੩ ਕਫ ਦੀ, ਤੇ ੪ ਸੰਨਿਪਾਤ ਦੀ ਇਸ ਤਰ ਚਾਰ ਪ੍ਰਕਾਰ ਦਾ ਹੈ ॥੧੬੩॥

ਸੂਲ ਰੋਗ-੧ ਬਾਤ ਸੂਲ, ੨ ਪਿੱਤ ਸੂਲ, ੩ ਕਫ ਸੂਲ, ੪ ਬਾਤ ਪਿੱਤ ਸੂਲ, ੫ ਪਿੱਤ ਕਫ ਸੂਲ, ੬ ਕਫ ਬਾਤ ਸੂਲ, ੭ ਆਮ ਸੂਲ ੮ ਸੰਨਿਪਾਤ ਸੂਲ, ਇਉਂ ਅੱਠ ਪ੍ਰਕਾਰ ਦਾ ਹੈ। ਪਰੰਤੂ ਇਨ੍ਹਾਂ ਸਭਨਾਂ ਵਿਚ ਬਹੁਤੀ ਵਾਯੂ ਹੀ ਸੂਲਕਾਰਕ ਹੈ।

---

*ਤਮੋਗੁਣ ਅਤੇ ਕਫ ਇਨ੍ਹਾਂ ਦੋਹਾਂ ਤੇ ਉਤਪੰਨ ਹੋਵੇ, ਇੰਦ੍ਰਯ ਅਰ ਮਨ ਨੂੰ ਮੋਹਤ ਕਰ ਬਾਹਰਲੇ ਘਟ ਪਟਾਦਿਕ ਪਦਾਰਥ ਦਾ ਗਿਆਨ ਨਾ ਰਹੇ, ਉਸ ਦਾ ਨਾਮ "ਨੀਂਦ" ਹੈ।

†ਇੰਦ੍ਰੀਆਂ ਨੂੰ ਮੋਹਤ ਕਰ ਕੁਛ ਸੌਂ ਜਾਵੇ, ਕੁਛ ਜਾਗਦਾ ਰਹਿਣੇ ਪਰ ਨੇਤ੍ਰ ਖੁਲੇ ਮੂੰਦੇ ਰਹਿਣ, ਇਸ ਨੂੰ ਤੰਦ੍ਰਾ ਆਖਦੇ ਹਨ।

‡ਦੇਹ ਮਨ ਇਨ੍ਹਾਂ ਦਾ ਵਪਾਰ ਬੰਦ ਹੋਕੇ ਮੁਰਦੇ ਦੇ ਸਮਾਨ ਆਕੜ ਕੇ ਡਿੱਗ ਪਵੇ, ਉਸ ਨੂੰ ਬਾਣੀ ਸੰਨਿਆਸ ਆਖਦੇ ਹਨ।

()ਗਿਲਾਨੀ ਨਾਲ ਭੀ ਮਨ ਮੂਰਛਤ ਹੋ ਜਾਂਦਾ ਜਾਣੇ।

?ਸੁਪਾਰੀ, ਧਤੂਰਾ ਆਦਿ ਖਾਣ ਤੇ ਆਦਮੀ ਜਿਸ ਤਰ੍ਹਾਂ ਮਤਵਾਲਾ ਹੋ ਜਾਂਦਾ ਹੈ, ਉਸੀ ਤਰ੍ਹਾਂ ਬਾਤਾਦਿ ਦੇ ਦੋਖ ਦੁਸਟ ਹੋਣੇ ਪਰ ਮਨ ਵਿਭ੍ਰਮ ਹੋ ਜਾਂਦਾ ਹੈ, ਉਸਨੂੰ ਉਨਮਤ ਯਾ ਮਤਵਾਲਾ ਆਖਦੇ ਹਨ।

Digitized by Panjab Digital Library | www.panjabdigilib.org

ਉਦਾਵਰਤ-੧ ਭੁੱਖ, ੨ ਪਿਆਸ, ੩ ਨਿੰਦ੍ਰਾ, ੪ ਸ੍ਵਾਸ, ੫ ਕੈ, ੬ ਛਿੱਕ, ੭ ਉਬਾਸੀ, ੮ ਡਕਾਰ; ੯ ਆਂਸੂ, ੧੦ ਬੀਰਜ, ੧੧ ਮੂਤਰ, ੧੨ ਵਿਸ਼ਟਾ ਤੇ ੧੩ ਪੱਦ, ਇਨ੍ਹਾਂ ਦੇ ਬੇਗ ਰੋਕਣੇ ਤੇ ਤੇਰਾਂ ਪ੍ਰਕਾਰ ਦਾ ਉਦਾਵਰਤ ਹੁੰਦਾ ਹੈ, ਇਨ੍ਹਾਂ ਵਿਚੋਂ ਵਿਸ਼ਟਾ, ਮੂਤ੍ਰ ਤੇ ਅਧੋਵਾਯੂ ਰੋਕਣੇ ਤੇ ਘੋਰ ਉਪੱਦ੍ਰਵ ਕਰਨਹਾਰਾ ਉਦਾਵਰਤ ਹੁੰਦਾ ਹੈ। ਅਫਾਰਾ ਦੋ ਪ੍ਰਕਾਰ ਦਾ ਹੈ, ਇਕ ਪਕ੍ਵਾਸਯ ਵਿਖੇ ਹੁੰਦਾ ਹੈ, ਸੋ ਅਨਾਹ ਅਤੇ ਦੂਜਾ ਆਮਾਸ਼ਯ ਵਿਪੇ ਹੁੰਦਾ ਹੈ, ਉਹ ਪ੍ਰਤਯਾਨਾਹ ਹੈ।

ਉਰੋਗ੍ਰਹ-ਛਾਤੀ ਵਿਚ ਖਿੱਚਣੇ ਸਮਾਨ ਪੀੜਾ ਹੋਵੇ, ਅਜੇਹਾ *ਉਰੋਗ੍ਰਹ ਰੋਗ ਇਕ ਪ੍ਰਕਾਰ ਦਾ ਹੈ।

ਹ੍ਰਿਦਯ (ਸੀਨੇ) ਰੋਗ੧ ਬਾਤ ਹ੍ਰਿਦ ਰੋਗ, ੨ ਪਿੱਤ ਹਿਰਦੇ ਰੋਗ, ੩ ਕਫ ਹ੍ਰਿਦ ਰੋਗ, ੪ ਸੰਨਿਪਾਤ ਹਿਰਦ ਰੋਗ ਤੇ ੫ ਕ੍ਰਿਮ ਜੰਨ ਹਿਰਦ ਰੋਗ, ਇਸ ਤਰ੍ਹਾਂ ਪੰਜ ਪ੍ਰਕਾਰ ਦਾ ਹੈ।

ਉਦਰਰੋਗ-†੧ ਬਾਤੋਦਰ, ੨ ਪਿਤੋਦਰ, ੩ ਕਫੋਦਰ, ੪ ਤ੍ਰਿਦੋਖੋਰ, ੫ ਜਲੋਦਰ ੬ ਪਲੀਹੋਦਰ, ੭ ਖਤਯੋਦਰ ਤੇ ੮ ਬਧ ਗੁਦੋਦਰ ਭੇਦ ਨਾਲ ਅੱਠ ਪ੍ਰਕਾਰ ਦਾ ਹੈ।

ਗੁਲਮ ਅਰਥਾਤ ਗੋਲਾ ਰੋਗ-੧ ਬਾਤ ਗੁਲਮ, ੨ ਪਿਤ ਗੁਲਮ, ੩ ਕਫ ਗੁਲਮ ੪ ਬਾਤ ਪਿਤ ਗੁਲਮ, ੫ ਪਿਤ ਕਫ ਗੁਲਮ, ੬ ਕਫ ਬਾਤ ਗੁਲਮ, ੭ ਸੰਨਿਪਾਤ ਗੁਲਮ ਤੇ ੮ ਰਕਤ ਗੁਲਮ, ਇਉਂ ਇਹ ਅੱਠ ਪ੍ਰਕਾਰ ਦਾ ਜਾਣੋ ॥੧੬੪॥

ਮੂਤ੍ਰ ਘਾਤ (ਸੁਜ਼ਾਕ) ਰੋਗ-ਇਹ, ੧ ਬਾਤ ਕੁੰਡਲੀਕਾ, ੨ ਬਾਤ ਅਸਟੀਲਾ, ੩ ਬਾਤ ਵਸਤੀ, ੪ ਮੂਤ੍ਰਾਤੀਤ, ੫ ਮੂਤਰ ਜਠਰ, ੬ ਮੂਤ੍ਰਖਯ, ੭ ਮੂਤਰੋਤਸਰਗ, ੮ ਮੂਤ੍ਰ ਗ੍ਰੰਥੀ, ੯ ਮੂਤ੍ਰ ਸ਼ੁਕ੍ਰ, ੧੦ ਬਿਟਘਾਤ, ੧੧ ਮੂਤ ਸਾਦ, ੧੨ ਉਸ਼ਣ ਬਾਤ ਤੇ ੧੩ ਬਸ਼ਤੀ ਕੁੰਡਲਿਕਾ। ਇਉਂ ਤੇਰਾਂ ਪ੍ਰਕਾਰ ਦਾ ਹੈ। ਪਰੰਤੂ ਇਹਨਾਂ ਵਿਚੋਂ ਮੂਤ੍ਰ ਸਾਦ, ਉਸ਼ਣ ਬਾਤ, ਬਸਤੀ ਕੁੰਡਲਿਕਾ ਇਹ ਤਿੰਨ ਭਾਰੀ ਸੰਕਟ ਕਰਨ ਵਾਲੇ ਹਨ। ਪੀੜਾ ਥੋੜ੍ਹੀ, ਮੂਤਰ ਦਾ ਰੁਕਣਾ ਅਧਿਕ ਹੋਵੇ, ਤਿਸਨੂੰ ਮੂਤਰਘਾਤ ਆਖਦੇ ਹਨ। ਜਿਸ ਵਿਚ ਮੂਤਰ ਦੀ ਰੋਕ ਥੋੜੀ ਅਤੇ ਪੀੜਾ ਬਹੁਤ ਹੋਵੇ ਉਸਨੂੰ ਮੂਤ੍ਰਕ੍ਰਿਛ ਆਖਦੇ ਹਨ, ਇਸ ਤਰਾਂ ਦੋਹਾਂ ਵਿਚ ਇਤਨਾ ਭੇਦ ਹੈ।

ਮੂਤ੍ਰ ਕ੍ਰਿਛ-ਸੋ ੧ ਬਾਤ ਮੂਤ੍ਰ ਕ੍ਰਿਛ, ੨ ਪਿਤ ਮੂਤ੍ਰ ਕ੍ਰਿਛ, ੩ ਕਫ ਕ੍ਰਿਛ, ੪ ਸੰਨਿਪਾਤ

---

*ਉਰੋਗ੍ਰਹ ਅਸਲ ਵਿਚ ਹ੍ਰਿਦਯ ਰੋਗ ਦਾ ਹੀ ਇਕ ਭੇਦ ਹੈ, ਇਸ ਵਿਚ ਰਕਤ, ਮਾਂਸ, ਲਿੱਫ ਅਰ ਯਕ੍ਰਿਤ ਇਹ ਜਾਣੋ ਕਿ ਉਰੋਗ੍ਰਹ ਹੁੰਦਿਆ ਹੀ ਵਧਨੇ ਲੱਗ ਜਾਂਦੇ ਹਨ,ਫਿਰ ਬਾਤਾਦਿ ਦੋਖ ਕੁਪਿਪ ਹੋਕੇ ਰਸਧਾਤੂ ਦੂਖਤ ਕਰਕੇ ਹ੍ਰਿਦਯ ਵਿਚੋਂ ਜਾ ਕੇ ਹ੍ਰਿਦਯ ਨੂੰ ਪੀੜਾ ਕਰਦੇ ਹਨ।

†ਬਾਤੋਦਰ ਰੋਗ ਵਿਖੇ, ਹਥ ਪੈਰ, ਧੁੰਨੀ, ਕੁਖਾਂ, ਇਨ੍ਹਾਂ ਵਿਚ ਸੋਜ ਹੋਵੇ, ਸੰਧੀਆਂ ਟੁਟਣ, ਕੁਖ, ਪਸਲੀਆਂ, ਪਸਵਾੜੇ, ਪੇਟ, ਕਮਰ ਇਨ੍ਹਾਂ ਵਿਚ ਪੀੜਾ, ਸੁਕੀ ਖਾਂਸੀ, ਕਮਰੋਂ ਹੇਠ ਭਾਰੀਪਨਾ, ਮਲ ਦਾ ਸੰਙ੍ਹ ਹੋਣਾ; ਤ੍ਵਚ, ਨਖ, ਨੇਤ੍ਰਾਦਿਕਾ ਕਾਲਾ ਲਾਲ ਹੋਣਾ,ਪੇਟ ਅਚਾਨਕ ਵਧ ਜਾਣਾ, ਛੋਟੀ ਸੂਈ ਚੁਭਾਣ ਜੇਹੀ ਤਥਾ ਚੂੰਢੀਆਂ ਵਢਣੇ ਜੇਹੀ ਪੀੜਾ ਹੋਵੇ ਪੇਟ ਦੇ ਚਾਰੋਂ ਤਰਫ ਬਰੀਕ ਕਾਲੀਆਂ ਨਾੜੀਆਂ ਦਖਾਈ ਦੇਣ, ਚੁਟਕੀ ਮਾਰਨੇ ਸੇ ਫੂਲੀ ਪਖਾਲ ਦੇ ਸਮਾਨ ਸ਼ਬਦ ਹੋਵੇ,ਇਸ ਵਿਚ ਵਾਯੂ ਚਾਰੋਂ ਤਰਫ ਫਿਰ ਕਰ ਸੂਲ ਕਰਨਹਾਰ ਹੈ। ਸਭ ਦੇ ਲੱਛਣ ਕਰਨੇ ਅਗੇ ਛਡ ਦਿਪੇ ਹਨ।

Digitized by Panjab Digital Library | www.panjabdigilib.org

ਕ੍ਰਿਛ, ਪਸੂਕ੍ਰ ਕ੍ਰਿਛ, ੬ ਬਿਟਮੂਤ੍ਰ ਕ੍ਰਿਛ, ੭ ਧਾਤੂ ਕ੍ਰਿਛ ਅਤੇ ੮ਅਸਮਰੀ ਕ੍ਰਿਛ । ਇਸ ਪ੍ਰਕਾਰ ਇਹ ਰੋਗ ਅੱਠ ਪ੍ਰਕਾਰ ਦਾ ਹੈ । ਇਸ ਵਿਚ ਬਾਤਾਦਿਕ ਦੋਖ ਆਪਣੇ ੨ ਕਾਰਣਾਂ ਕਰਕੇ ਵਖੋ ਵਖ, ਅਥਵਾ ਮਿਲਕੇ ਕੁਪਿਤ ਹੋਕੇ ਮੂਤ੍ਰਆਸ਼ਯ ਵਿਖੇ ਪ੍ਰਵੇਸ਼ ਕਰਕੇ ਮੂਤ੍ਰ ਮਾਰਗ ਨੂੰ ਪੀੜਤ ਕਰ ਦਿੰਦੇ ਹਣ ਤਦ ਉਸ ਸਮਯ ਉਹ ਮਨੁਖ ਬੜੇ ਕਲੇਸ਼ ਨਾਲ ਮੂਤਰੇ, ਇਸ ਰੋਗ ਨੂੰ ਮੂਤ੍ਰ ਕ੍ਰਿਛ (ਕੁਰਰਾ) ਆਖਦੇ ਹਨ ।

ਅਸਮਰੀ (ਪਥਰੀ) ਰੋਗ–ਜੋ ੧ ਬਾਤਾਸ਼ਮਰੀ, ੨ ਪਿਤਾਸ਼ਮਰੀ, ੩ ਕਫਾਸ਼ਮਰੀ ਤੇ ੪ ਸੁਕ੍ਰਾਸ਼ਮਰੀ ਇਉਂ ਚਾਰ ਪ੍ਰਕਾਰ ਦੀ ਹੈ ।

ਪ੍ਰਮੇਹ ਰੋਗ–੧ ਇਖੂ ਪ੍ਰਮੇਹ, ੨ ਸ਼ੁਰਾ ਪ੍ਰਮੇਹ, ੩ ਪਿਸ਼ਟ ਪ੍ਰਮੇਹ, ੪ ਸਾਦ੍ਰ ਪ੍ਰਮੇਹ, ੫ ਸੁਕ੍ਰ ਪ੍ਰਮੇਹ, ੬ ਉਦਕ ਪ੍ਰਮੇਹ, ੭ ਲਾਲਾ ਪ੍ਰਮੇਹ, ੮ ਸ਼ੀਤ ਪ੍ਰਮੇਹ, ੯ ਸਿਕਤਾ ਪ੍ਰਮੇਹ ੧੦ ਸ਼ਨੈ ਪ੍ਰਮੇਹ । ਇਹ ਦਸ ਕਫ ਤੋਂ ਹੁੰਦੇ ਹਨ । ੧੧ ਮਜ਼ਿਸਟਾ ਪ੍ਰਮੇਹ, ੧੨ ਹਰਿੱਦ੍ਰਾ ਪ੍ਰਮੇਹ, ੧੩ ਨੀਲ ਪ੍ਰਮੇਹ, ੧੪ ਰਕਤ ਮੇਹ ੧੫ ਕ੍ਰਿਸ਼ਨ ਮੇਹ ਤੇ ੧੬ ਖਾਰ ਮੇਹ, ਇਹ ਛੇ ਪਿਤ ਤੋਂ ਹੁੰਦੇ ਹਨ : ੧੭ ਹਸਤਿ ਮੇਹ, ੧੮ ਵਸਾ ਮੇਹ, ੧੯ ਮਜਾ ਮੇਹ ਤੇ ੨੦ ਮਧੁ ਮੇਹ, ਇਹ ਚਾਰ ਵਾਯੂ ਤੋਂ ਪ੍ਰਗਟ ਹੁੰਦੇ ਹਨ । ਇਸ ਤਰਾਂ ਸਭੇ ਮਿਲਕੇ ਪ੍ਰਮੇਹ ਰੋਗ ਬੀਸ ਪ੍ਰਕਾਰ ਦਾ ਹੈ ।

ਇਸਤ੍ਰੀਆਂ ਦੇ ਸਭ ਦੇਹ ਵਿਚੋਂ ਜਲ ਖੋਭਿਤ ਹੋਕੇ ਯੋਨੀ ਰਸਤੇ ਸਫੈਦ ਰੰਗ ਦਾ ਗਿਰੇ ਉਸ ਨੂੰ ਸੋਮ ਰੋਗ ਆਖਦੇ ਹਨ ਇਹ ਇਕ ਪ੍ਰਕਾਰ ਦਾ ਹੈ ॥੧੬੫॥

ਪ੍ਰਮੇਹ ਪਿੜਕਾ (ਫੁੰਸੀਆਂ) ਰੋਗ–ਜਿਸ ਤਰ੍ਹਾਂ ੧ ਸ਼ਾਵਿਕਾ, ੨ ਕਛਪਿਕਾ, ੩ ਪੁਤ੍ਰਿਣੀ, ੪ ਬਿਨਤਾ, ੫ ਅਲਜੀ, ੬ ਮਸੂਰਿਕਾ ੭ ਸਰਖਪਿਕਾ ੮ ਜਲਨੀ ੯ ਵਿਦਾਰਿਕਾ ੧੦ ਵਿਦ੍ਰਖਿਕਾ । ਇਸ ਪ੍ਰਕਾਰ ਇਹ ਦਸ ਪ੍ਰਕਾਰ ਦੀਆਂ ਹਨ। ਇਹ ਪਿੜਕਾ (ਫੁੰਨਸੀਆਂ) ਪ੍ਰਮੇਹ ਰੋਗ ਦੇ ਯਤਨ ਵਲੋਂ ਘੇਸਲ ਕਰਨ ਤੇ ਹੁੰਦੀਆਂ ਹਨ, ਇਹ ਸੰਧੀਆਂ ਵਿਚ ਮਰਮਥਲਾਂ ਤੇ ਜਿਸ ਜਗਾ ਮਾਂਸ ਵਿਸ਼ੇਸ਼ ਹੋਵੇ ਉਸ ਜਗਾ ਮੇਦਾ ਦੁਸ਼ਟ ਹੋਣੇ ਤੇ ਪੈਦਾ ਹੁੰਦੀਆਂ ਹਨ ।

ਮੇਦ ਰੋਗ (ਮੋਟਾ ਪਨ)–ਇਹ ਇਕ ਪ੍ਰਕਾਰ ਦਾ ਹੈ ।

ਬ੍ਰਿਧੀ ਰੋਗ–੧ ਬਾਤ ਬ੍ਰਿਧੀ, ੨ ਪਿੱਤ ਬ੍ਰਿਧੀ ੩ ਕਫ ਬ੍ਰਿਧੀ ੪ ਰਕਤ ਬ੍ਰਿਧੀ ੫ ਮੇਦੋ ਬ੍ਰਿਧੀ ੬ ਮੂਤਰ ਬ੍ਰਿਧੀ ਤੇ ੭ ਅੰਤਰ ਬ੍ਰਿਧੀ । ਇਉਂ ਇਹ ੭ ਪ੍ਰਕਾਰ ਦੀ ਹੈ । ਇਸ ਰੋਗ ਵਿਚ ਵਾਯੂ ਆਪਣੇ ਸਵਕਾਰਣ ਕਰਕੇ ਕੁਪਿਤ ਸੂਜਨ ਅਰ ਸੂਲ ਨੂੰ ਕਰਦੀ ਹੋਈ ਹੇਠ ਦੇ ਭਾਗ ਵਿਚ ਜਾ ਕੇ ਵੰਖਨ–ਚੂਵਿਆਂ ਦਵਾਰਾ ਪਤਾਲੂਆਂ ਵਿਚ ਜਾ ਧਸੇ ਅਰ ਬ੍ਰਿਖਣਵਾਹਿਨੀ ਨਾੜੀਆਂ ਨੂੰ ਦੂਖਿਤ ਕਰ, ਕਫ ਜੈਸੇ ਪਤਾਲੂਆਂ ਦੀਆਂ ਗੋਲੀਆਂ ਨੂੰ ਅਤ ਉਪਰ ਦੀ ਖਲੜੀ ਨੂੰ ਵਧਾ ਦੇਵੇ ਇਸ ਨੂੰ ਬ੍ਰਿਧ ਆਖਦੇ ਹਨ ।

ਸੋਥ–ਸੋਜ ਰੋਗ–੧ ਬਾਤ ਸੋਥ, ੨ ਪਿੱਤ ਸੋਥ, ੩ ਕਫ ਸੋਥ, ੪ ਬਾਤ ਪਿਤ ਸੋਥ, ੫ ਪਿਤ ਕਫ ਸੋਥ ੬ ਕਫ ਬਾਤ ਸੋਥ, ੭ ਤ੍ਰਿਦੋਖ ਸੋਥ, ੮ ਅਭਿਘਾਤ ਸੋਥ ਅਤੇ ੯ ਵਿਖ ਸੋਥ । ਸੋ ਨੌ ਪ੍ਰਕਾਰ ਦੀ ਹੈ । ਇਸ ਵਿਚ ਆਪਣੇ ਕਾਰਣ ਕਰਕੇ ਵਾਯੂ ਕੁਪਿਤ ਹੋਵੇ, ਉਸੀ ਪ੍ਰਕਾਰ ਦੁਸ਼ਟ ਹੋਯਾ ਰਕਤ ਪਿੱਤ ਤੇ ਕਫ ਇਹਨਾਂ ਨੂੰ ਬਾਹਰਲੀਆਂ ਸ਼ਿਰਾਂ ਵਿਚ ਲਿਆ ਕੇ, ਫਿਰ ਉਹ ਵਾਯੂ ਰਕਤਾਦਿ ਨਾਲ ਰੁਕ ਕੇ ਤੁਚਾ ਅਰ ਮਾਸ ਦੇ ਆਸ਼ਰੇ ਹੋਕੇ ਅਚਾਨਕ ਸੋਜ ਪੈਦਾ ਕਰ ਦੇਵੇ ।

Digitized by Panjab Digital Library | www.panjabdigilib.org

ਅੰਡਬ੍ਰਿਧੀ ਰੋਗ – ਪਤਾਲੂਆਂ ਦਾ ਵਧ ਜਾਣਾ–ਇਹ ਇਕ ਪ੍ਰਕਾਰ ਦਾ ਹੈ। ਇਸਦੇ ਬਹੁਤੇ ਲੱਛਣ, ਅੰਤ੍ਰ ਬ੍ਰਿਧੀ ਦੇ ਸਮਾਨ ਹੁੰਦੇ ਹਨ ॥ ੧੬੬ ॥

ਗੰਡਮਾਲਾ, ਗਲਗੰਡ, ਗਿਲੜ ਤੇ ਅਪਚੀ–ਇਹ ਇਕ ਇਕ ਪ੍ਰਕਾਰ ਦੇ ਹਨ।

ਗ੍ਰੰਥੀ ਰੋਗ–੧ ਬਾਤ ਗ੍ਰੰਥੀ, ੨ ਪਿਤ ਗ੍ਰੰਥੀ, ੩ ਰਕਤ ਗ੍ਰੰਥੀ, ੪ ਕਫ ਗ੍ਰੰਥੀ, ੫ ਸ਼ਿਰਾ ਗ੍ਰੰਥੀ, ੬ ਮੇਦੋ ਗ੍ਰੰਥੀ, ੭ ਬ੍ਰਿਣ ਗ੍ਰੰਥੀ, ੮ ਅਸਥੀ ਗ੍ਰੰਥੀ ਤੇ ੯ ਮਾਸ ਗ੍ਰੰਥੀ, ਇਸ ਪ੍ਰਕਾਰ ਗ੍ਰੰਥੀ ਰੋਗ ਨੌਂ ਪ੍ਰਕਾਰ ਦਾ ਹੁੰਦਾ ਹੈ।

ਅਰਬੁਦ – ਰਸੌਲੀ ਰੋਗ–੧ ਬਤਾਰਬੁਦ, ੨ ਪਿਤਾਰਬੁਦ, ੩ ਕਫਾਰਬੁਦ, ੪ ਕਰਤਾਰਬੁਦ, ੫ ਮਾਸਾਰਬੁਦ, ਤੇ ੬ ਮੇਦੋ ਦੀ ਅਰਬੁਦ, ਇਸ ਤਰ੍ਹਾਂ ਇਹ ੬ ਪ੍ਰਕਾਰ ਦੀ ਹੈ।

ਸਲੀਪਦ ਰੋਗ–੧ ਬਾਤ ਦਾ, ੨ ਪਿੱਤ ਦਾ ਅਤੇ ਕਫ ਦਾ ਇਸ ਤਰ੍ਹਾਂ ੩ ਪ੍ਰਕਾਰ ਦਾ ਹੈ।

ਬ੍ਰਿਣ–ਘਾਉ [ਜ਼ਖਮ] ਰੋਗ–੧ ਆਗੰਤੁਕ ਬ੍ਰਿਣ, ੨ ਦੇਹਜ ਬ੍ਰਿਣ, ੩ ਸ਼ੁਧ ਬ੍ਰਿਣ ਤੇ ੪ ਦੁਸ਼ਟ ਬ੍ਰਿਣ। ਇਉਂ ਚਾਰ ਤਰ੍ਹਾਂ ਦੇ ਹਨ। ਸੋ–ਪਰੰਤੂ ੧ ਬਾਤ ਬ੍ਰਿਣ, ੨ ਪਿੱਤ ਬ੍ਰਿਣ, ੩ ਕਫ ਬ੍ਰਿਣ, ੪ ਰਕਤਜ ਬ੍ਰਿਣ, ੫ ਬਾਤ ਪਿੱਤ ਬ੍ਰਿਣ, ੬ ਬਾਤ ਕਫ ਬ੍ਰਿਣ, ੭ ਪਿੱਤ ਕਫ ਬ੍ਰਿਣ ੮ ਸੰਨਿਪਾਤ ਬ੍ਰਿਣ, ੯ ਬਾਤ ਰਕਤ ਬ੍ਰਿਣ, ੧੦ ਰਕਤ ਪਿੱਤ ਬ੍ਰਿਣ, ੧੧ ਕਫ ਰਕਤ ਬ੍ਰਿਣ, ੧੨ ਬਾਤ ਪਿੱਤ ਅਰ ਰਕਤ ਜੰਨ ਬ੍ਰਿਣ, ੧੩ ਬਾਤ ਕਫ ਅਰ ਰੁਧਿਰਜੰਨ ਬ੍ਰਿਣ, ੧੪ ਪਿੱਤ ਕਫ ਅਰ ਰੁਧਿਰ ਜੰਨ ਬ੍ਰਿਣ. ੧੫ ਸੰਨਿਪਾਤ ਅਰ ਰੁਧਿਤ ਜੰਨ ਬ੍ਰਿਣ। ਇਸ ਤਰ੍ਹਾਂ ਵਾਸਤਵ ਵਿਚ ਪੰਦਰਾਂ ਪ੍ਰਕਾਰ ਦੇ ਯਥਾਰਥ ਬ੍ਰਿਣ ਹਨ।

ਬਿਦ੍ਰਧੀ ਰੋਗ–੧ ਬਾਤ ਦੀ, ੨ ਪਿੱਤ ਦੀ, ੩ ਕਫ ਦੀ, ੪ ਰੁਧਿਰ ਦੀ, ੫ ਖਤ ਜੰਨ ਅਤੇ ੬ ਸੰਨਿਪਾਤ ਦੀ, ਇਨ੍ਹਾਂ ਭੇਦਾਂ ਤੇ ਛੇ ਪ੍ਰਕਾਰ ਦੀ ਹੈ ॥ ੧੬੭ ॥

ਸੰਧੀ ਬ੍ਰਿਣ ਅਰਥਾਤ ਸਦਯੋ ਬ੍ਰਿਣ–(ਵਾਸਤਵ ਵ੍ਰਿੱਚ *ਅਗੰਤਕੁ ਹਨ) ਸੋ ‡ ੧ ਅਵਕਲਿਪਤ, ‡ਬਿਲਬੰਤ, ()੩ ਛਿਨ, ?੪ ਭਿੰਨ

---

*ਅਨੇਕ ਪ੍ਰਕਾਰ ਦੀ ਧਾਰ ਵਾਲੇ ਤਥਾ ਮੂੰਹ ਵਾਲੇ ਸ਼ਸਤ੍ਰ ਅਨੇਕਾਂ ਠਿਕਾਣਿਆਂ ਪਰ ਲੱਗਣ ਨਾਲ ਅਨੇਕ ਤਰਾਂ ਦੀ ਆਕ੍ਰਿਤੀ ਵਾਲੇ ਬ੍ਰਿਣ ਹੁੰਦੇ ਹਨ, ਉਨਾਂ ਨੂੰ ਆਗੰਤਕ ਕਿਹਾ ਜਾਂਦਾ ਹੈ।

†ਜਿਸ ਬ੍ਰਿਣ ਵਿਚੋਂ ਕੈਂਚੀ ਨਾਲ ਕਰਤਨੇ ਜੇਹੀ ਪੀੜਾ ਹੋਵੇ, ਉਸ ਨੂੰ ਅਵਕਲਿਪਤ ਬ੍ਰਿਣ ਆਖਦੇ ਹਨ।

‡ਜਿਸ ਬ੍ਰਿਣ ਦਾ ਮਾਸ ਲਟਕਦਾ ਹੈ, ਉਸ ਨੂੰ ਬਿਲਬੰਤ ਬ੍ਰਿਣ ਕਹਿੰਦੇ ਹਨ।

() ਜੋਹੜਾ ਤਿਰਛਾ, ਸਿੱਧਾ ਅਤੇ ਲੰਬਾ ਹੋਵੇ ਉਸ ਨੂੰ ਛਿਨ ਬ੍ਰਿਣ ਕਹਿੰਦੇ ਹਨ।

()ਵਰਛੀ, ਭਾਲਾ, ਬਾਣ, ਤਲਵਾਰ ਦੇ ਮੁਹਰੇ, ਸਿੰਗ ਅਥਵਾ ਦੰਦ, ਇਹਨਾਂ ਨਾਲ ਕੋਠੇ ਨੂੰ ਵੇਧਕੇ ਥੋੜਾ ਜਿਹਾ ਲਹੂ ਨਿਕਲੇ, ਉਸ ਨੂੰ ਭਿੰਨਜ ਬ੍ਰਿਣ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

!!੫ ਪ੍ਰਚਲਤ, !!!੬ ਘ੍ਰਿਸਟ, ()੭ ਬਿਧ ਅਤੇ ()੮ ਨਿਪਾਤਿਤ। ਇਸਤਰ੍ਹਾਂ ਇਹ ਅੱਠ ਪ੍ਰਕਾਰ ਦੇ ਹਨ।

ਨਾੜੀ ਬ੍ਰਿਣ, [ਨਾਸੂਰ]–(‡) ੧ ਬਾਤ ਨਾੜੀਬ੍ਰਿਣ, (‡)੨ਪਿੱਤ ਨਾੜੀ ਬ੍ਰਿਣ,(?)੩ ਕਫ ਦਾ (!!)੪ ਤ੍ਰਿਦੋਖ ਦਾ ਤੇ (!!!)੫ ਸ਼ਲਨਾੜੀ ਬ੍ਰਿਣ, ਇਸ ਤਰ੍ਹਾਂ ਪੰਜ ਪ੍ਰਕਾਰ ਦਾ ਹੈ ॥

ਵਧ ਕਸ਼ਟ ਰੋਗ–[]੧ ਛਿਨਾਂਤ੍ਰਿਕ,()੨ ਨਿਹਸ੍ਰਿਤਾਂਤਕ ਭੇਦ ਤੇ ਦੋ ਤਰ੍ਹਾਂ ਦਾ ਕੋਸ਼ਟ ਭੇਦ ਹੈ।

(!!) ਜੇਹੜਾ ਮੁਦਗਰ ਆਦਿ ਦੀ ਚੋਟ ਨਾਲ ਅਥਵਾ ਦਬ ਕੇ ਪਿਚ ਜਾਵੇ, ਤਥਾ ਮੱਜਾ, ਰੁਧਿਰ ਕਰਕੇ ਯੁਕਤ ਹੋਵੇ (ਘਾਵ ਨਾ ਹੋਵੇ) ਉਸ ਨੂੰ ਪਰਚਲਤ ਬ੍ਰਿਣ, ਕਈ ਪਿਚਤ ਬ੍ਰਿਣ ਆਖਦੇ ਹਨ।

!!! ਕਰੜੇ ਸਸਤ੍ਰਾਦਿ ਦੇ ਘਸਣੇ ਨਾਲ, ਯਾ ਚੋਟ ਲਗਨੇ ਨਾਲ, ਜਿਸ ਅੰਗ ਦੇ ਉਪਰ ਦੀ ਚਮੜੀ ਉਚਿੜ ਜਾਵੇ, ਵਿਚੋਂ ਅੱਗ ਵਾਂਗ ਗਰਮ ਲਹੂ ਚੋਵੇ, ਉਸ ਨੂੰ ਘ੍ਰਿਸਟ ਬ੍ਰਿਨ, ਰਗੜ–ਘਾਸ ਆਖਦੇ ਹਨ।

() ਬਰੀਕ ਮੂੰਹ ਵਾਲੇ ਸੂਈ ਆਦਿ ਸ਼ਸਤ੍ਰ ਬਗੈਰ ਮੂੰਹ ਦੇ ਕਿਸੀ ਅੰਗ ਵਿਖੇ ਵੇਧ ਹੋਣੇ ਤੇ ਉਸ ਵਿਚੋ ਮੂੰਹ ਨਿਕਲਿਆ ਹੋਵੇ, ਚਾਹੇ ਨਾ ਨਿਕਲਿਆ ਹੋਵੇ ਉਸ ਬਿਧ ਬ੍ਰਿਣ ਆਖਦੇ ਹਨ।

() ਜਿਸ ਕਰਕੇ ਅੰਗ ਅਤੀ ਛਿੰਨ ਤਥਾ ਅਤੀ ਭਿੰਨ ਨਾ ਹੋਇਆ ਹੋਵੇ, ਕਿੰਤੂ ਇਹਨਾਂ ਦੋਹਾਂ ਦੇ ਲਛਣ ਜਿਸ ਵਿਚ ਮਿਲਦੇ ਹੋਣ ਅਰ ਬ੍ਰਿਣ ਤਿਰਛਾ ਬਾਕਾਂ ਹੋਵੇ, ਉਸ ਨੂੰ ਨਿਪਾਤਿਤ ਬ੍ਰਿਣ ਯਾਂ ਖਤ ਬ੍ਰਿਣ ਆਖਦੇ ਹਨ।

(‡)ਜੇੜਾ ਮੂਰਖ ਪੱਕੇ ਹੋਏ ਫੋੜੇ ਨੂੰ ਕਚਾ ਸਮਝ ਕੇ ਘੇਸਲ ਵਟ ਛਡੇ ਯਾ ਬਹੁਤ ਪਾਕ ਪਏ ਫੋੜੇ ਦੀ ਪਾਕ ਨਾ ਕੱਢੇ ਤਾਂ ਉਹ ਪਾਕ ਚਮੜੀ ਮਾਂਸਦਿ ਥਾਵਾਂ ਵਿਚ ਧਸ ਕੇ ਥੱਲੇ ਪਹੁੰਚਕੇ ਇਕ ਰਸਤਾ ਕਰਕੇ ਉਥੋਂ ਦੀ ਨਿਕਲਣ ਲਗ ਪਵੇ, ਓਹ ਪਾਕ ਨਾੜੀ ਦੇ ਸਮਾਨ ਬਹੇ, ਇਸ ਨੂੰ ਨਾੜੀ ਬ੍ਰਿਣ (ਨਾਸੂਰ) ਆਖਦੇ ਹਨ।

(‡) ਬਾਤ ਦੇ ਨਾੜੀਬ੍ਰਿਣ ਦਾ ਮੂੰਹ ਖੁਸਕ ਤੇ ਛੋਟਾ ਹੋਵੇ, ਸੂਲ ਚਲੇ, ਝਗ ਸਮੇਤ ਸਰਾਵ ਵਗੇ, ਰਾਤ ਨੂੰ ਬਹੁਤ ਸਰਵੇ।

() ਪਿੱਤ ਦੇ ਨਾੜੀਬ੍ਰਿਣ ਵਾਲੇ ਨੂੰ ਪਯਾਸ, ਦਾਹ ਤੇ ਤਾਪ ਹੋਵੇ ਵਿਚੋਂ ਪੀਲੇ ਰੰਗ ਦੀ ਗਰਮ ਪਾਕ ਸਰਵੇ, ਦਿਨੇ ਬਹੁਤ ਸਰਾਵ ਚਲੇ।

(?) ਕਫ ਦੇ ਨਾੜੀ ਬ੍ਰਿਣ ਵਿਚੋਂ ਚਿੱਟੀ, ਗਾੜ੍ਹੀ ਚੀਕੁਣੀ ਪਾਕ ਨਿਕਲੇ, ਖੁਰਕ ਹੋਵੇ, ਰਾਤ ਨੂੰ ਸਰਾਵ ਬਹੁਤ ਚਲੇ।

(!!) ਜਿਸ ਨਾੜੀ ਬ੍ਰਿਣ ਵਿਖੇ ਦਾਹ, ਤਾਪ, ਮੂਰਛਾ, ਸਵਾਸ ਤੇ ਮੂੰਹ ਦਾ ਸੁੱਕਣਾ ਆਦਿ ਤਿਨਾਂ ਦੋਖਾਂ ਦੇ ਲੱਛਣ ਪਾਏ ਜਾਣ ਸੋ ਤ੍ਰਿਦੋਖ ਦਾ ਨਾੜੀ ਬ੍ਰਿਣ, ਪ੍ਰਾਣ ਨਾਸ਼ਕ ਜਾਨਣਾ।

(!!!) ਸ਼ੱਲ ਕੰਡਾ ਆਦਿ ਰਕਤ ਮਾਂਸ ਤੇ ਰਾਧ ਆਦਿ ਸਥਾਨ ਤਕ ਪਹੁੰਚਕੇ ਟੁਟ ਜਾਵੇ ਤਾਂ ਉਹ ਨਾੜੀ ਬ੍ਰਿਣ ਪੈਦਾ ਕਰੇ ਉਸ ਵਿਚੋਂ ਝੱਗ ਸਮਤ ਲਹੂ, ਰਿੜਕੀ ਹੋਈ ਸਮਾਨ ਨਿਤ ਰਾਧ ਨਿਕਲੇ, ਤਥਾ ਪੀੜਾ ਹੋਵੇ ਇਸ ਨੂੰ ਸ਼ੱਲਜ ਬ੍ਰਿਣ ਬੋਲਦੇ ਹਨ।

[]ਸ਼ਸਤਰ ਆਦਿ ਨਾਲ ਪੇਟ ਦੀ ਆਂਤ ਟੁੱਟ ਗਈ ਹੋਵੇ, ਫਿਰ ਸ਼ਸਤਰ ਤੇ ਆਂਤ ਦੋਨੋਂ ਪੇਟ ਅੰਦਰ ਹੋਣ, ਉਸਨੂੰ ਛਿੰਨਾਂਤ੍ਰਕ ਆਖਦੇ ਹਨ।

()ਸ਼ਸਤਰ ਆਦਿ ਨਾਲ ਪੇਟ ਦੀ ਆਂਤ ਟੁੱਟਕੇ ਬਾਹਰ ਨਿਕਲ ਆਈ ਹੋਵੇ, ਉਸ ਨੂੰ ਨਿਹ੍ਰ–ਸ੍ਰਿਤਾਂਤਕ ਆਖਦੇ ਹਨ।

Digitized by Panjab Digital Library | www.panjabdigilib.org

ਅਸਥੀਭੰਗ—ਤੋਂ ਹੱਥ ਆਦਿਕਾਂ ਦੇ ਕਾਂਡ ਦਾ ਭੰਗ ਤੇ ਸੰਧ ਦਾ ਭੰਗ, ਇਨ੍ਹਾਂ ਦੋਹਾਂ ਦਾ ਗ੍ਰਹਣ ਹੈ। ਇਹ ਰੋਗ-੧ ਭਗਨ ਪ੍ਰਿਸ਼ਟ, ੨ ਵਿਦਾਰਤ, ੩ ਵਿਵਰਤਿਤ, ੪ ਬਿਸ਼ਲਿਸ਼ਟ, ੫ ਤਿਰਯਕਖਿਪਤ, ੬ ਅਧੋਗਤ, ੭ ਊਰਧਗਤ, ੮ ਸੰਧਿਭੰਗ, ਇਸ ਰੀਤੀ ਨਾਲ ਇਹ ਹੱਡੀ ਟੁਟਣ ਦਾ ਭਗਨ ਰੋਗ ਅੱਠ ਪ੍ਰਕਾਰ ਦਾ ਹੈ।

ਕੁਸ਼ਤ ਰੋਗ—੧ ਕਪਾਲਿਕ, ੨ ਔਦੁੰਬਰ, ੩ ਮੰਡਲ, ੪ ਤ੍ਰਿਚਰਚਿਕਾ, ੫ ਰਿਖ ਜਿਹਬ ੬ ਵਿਪਾਦਿਕਾ, ੭ ਸਿੱਧਮ, ੮ ਕਿਟਿਹ, ੯ ਅਲਸ, ੧੦ ਦਦਰੂ, ੧੧ ਪਾਮਾਂ, ੧੨ ਵਿਸਫੋਟ, ੧੩ ਮਹਾਂ ਕੁਸ਼ਟ, ੧੪ ਚਰਨ ਦਲ, ੧੫ ਪੁੰਡ੍ਰੀਕ, ੧੬ ਸ਼ਤਾਰੁਕ, ੧੭ ਕਾਰਣ ਅਰ ੧੮ ਸਿਵਤਰ ਇਸ ਤਰਾਂ ਇਹ ਅਠਾਰਾਂ ਪ੍ਰਕਾਰ ਦਾ ਹੈ।

ਅਗਨੀ ਦਗਧ ਅਰਥਾਤ ਅੱਗ ਨਾਲ ਸੜੇ ਹੋਏ ਦੇ ਭੇਦ-੧ ਪਲੁਸਟ, ੨ ਅਤੀ ਦਗਧ; ੩ ਦੁਰ ਦਗਧ ਅਰ ੪ ਸੰਮਕ ਦਗਧ, ਇਸ ਤਰ੍ਹਾਂ ਚਾਰ ਹਮ ॥੧੬੯॥

ਭਗੰਦਰ ਰੋਗ—੧ ਬਾਤ ਨਾਲ ਸ਼ਤ ਪੋਨਕ, ੧ ਪਿੱਤ ਕਰਕੇ ਉਸਟਰਗ੍ਰੀਵ, ੩ ਕਫ ਕਰਕੇ ਪਰਿਸ੍ਰਾਵੀ, ੪ ਬਾਤ ਕਫ ਕਰਕੇ ਰਿਜੂ ੫ ਬਾਤ ਪਿੱਤ ਦਵਾਰਾ ਪਰਿਖੇਪੀ ੬ ਕਫ ਪਿਤ ਨਾਲ ਅਰਸ਼ੇਸ ੭ ਅਗੰਤੁਜ ਉਨਮਾਰਗੀ ਅਰ ੮ ਤ੍ਰਿਦੋਖ ਤੋਂ ਸੰਖਾਵਰਤਿ, ਇਸ ਤਰਾਂ ਅੱਠ ਪ੍ਰਕਾਰ ਦਾ ਹੈ।

ਉਪਦੰਸ਼-ਆਤਸ਼ਕ—੧ ਬਾਤ, ੨ ਪਿੱਤ, ੩ ਕਫ, ੪ ਸੰਨਿਪਾਤ ਅਰ ੫ ਰਕਤ ਤੋਂ ਪੈਦਾ ਹੋਇਆ ਪੰਜ ਪ੍ਰਕਾਰ ਦਾ ਹੈ। ਇਸ ਵਿਚ ਲਿੰਗਿੰਦ੍ਰੀ ਪਰ ਕਿਸੀ ਕਾਰਣ ਹੱਥ ਦਾ ਕਠੋਰ ਸਪਰਸ਼ ਜਾਂ ਨਖ, ਦੰਦ ਆਦਿ ਦਾ ਘਾਵ ਲੱਗ ਜਾਵੇ ਯਾ ਮੈਥੁਨ ਦੇ ਪਿਛੋਂ ਲਿੰਗ ਨਾ ਧੋਵੇ ਇਤਯਾਦੀ ਅਨੇਕ ਕਾਰਨਾਂ ਤੇ ਲੰਗ (ਇੰਦਰੀ) ਪਰ ਉਪਦੰਸ਼-ਆਤਸ਼ਕ ਰੋਗ ਹੋ ਜਾਂਦਾ ਹੈ।

ਲਿੰਗਅਰਸ਼ ਅਰਥਾਤ ਸੂਕ ਰੋਗ—ਇਹ ਚੌਵੀ ਪ੍ਰਕਾਰ ਦਾ ਹੈ, ਸੋ-੧ ਲਿੰਗਾਰਸ਼, ੨ ਗ੍ਰਿਥਤ, ੩ ਨਿਬ੍ਰਿਤ, ੪ ਅਵਮੰਥ, ੫ ਮਿਦਿਤ, ੬ ਸ਼ਤ ਪੋਨਕ, ੭ ਅਸ਼ਟੀਲਿਕਾ, ੮ ਸਰਖਪਿਕਾ, ੯ ਤਵਕਪਾਕ, ੧੦ ਅਵਪੀੜਿਕਾ, ੧੧ ਮਾਂਸ ਪਾਕ, ੧੨ ਸਪਰਸ਼ ਹਾਨੀ, ੧੩ ਨਿਰੁੱਧਮਣੀ, ੧੪ ਮਾਂਸਾਰਬੁਦ, ੧੫ ਪੁਸ਼ਕਰਿਕਾ ੧੬ ਸੰਮੂੜ ਪਿਟਿਕਾ ੧੭ ਅਲਜੀ ੧੮ ਰਕਤਾਰਬੁਦ ੧੯ ਵਿਦ੍ਰਧੀ ੨੦ ਕੁੰਭਿਕਾ ੨੧ ਤਿਲਕਾਲਕੇ ੨੨ ਨਿਰੁੱਧ ੨੩ ਪ੍ਰਕਾਸ਼ ਅਰ ੨੪ ਪਰਿਵਰਤਿਕਾ। ਇਉਂ ੨੪ ਜਾਣੋ।

ਛੁਦ੍ਰ ਰੋਗ—ਇਹ ੬੦ ਪ੍ਰਕਾਰ ਦੇ ਹਨ, ਸੋ-੧ ਸ਼ਰਕਰਾਰਬੁਦ ੨ ਇੰਦ੍ਰਬਿਧਾ ੩ ਪਨਿਸਿਕਾ, ੪ ਬਿਬ੍ਰਤਾ ੫ ਅੰਧਾਲਜੀ ੬ ਬਫਾਹ ਦੰਸਟ੍ਰ ੭ ਬਲਮੀਕ ੮ ਕੱਛਪੀ ੯ ਤਿਲਕਾਲਕ ੧੦ ਗਰਦਭੀ ੧੧ ਰਕਸਾ ੧੨ ਯਵ ਪ੍ਰਖਯਾ ੧੩ ਵਿਦਾਰਿਕਾ ੧੪ ਕੰਦਿਰ ੧੫ ਮਸੇਕ ੧੬ ਨੀਲੀਕਾ ੧੭ ਜਾਲ ਗਰਦਭ ੧੮ ਈਰੀਵੇਲਿਕਾ ੧੯ ਜਤੂਮਣੀ ੨੫ ਗੁਦ ਭ੍ਰੰਸ ੨੧ ਅਗਨਿ ਰੋਹਿਣੀ ੨੨ ਸੰਨਿਰੁੱਧ ਗੁਦ, ੨੩ ਕੋਠ ੨੪ ਕੁਨਖ ੨੫ ਅਨਸ਼ਈ ੨੬ ਪਦਮਿਨਾ ਕੰਟਿਕ ੨੭ ਚਿੱਪਯ ੨੮ ਅਲਸ ੨੯ ਮੁਖਦੂਖਕਾ ੩੦ ਕੱਖਯਾ ੩੧ ਬ੍ਰਿਖਣ ਕਛੂ ੩੨ ਗੰਧ ੩੩ ਪਾਖਾਣ ਗਰਦਭ, ੩੪ ਰਾਜਿਕਾ, ੩੫ ਬਜੰਗ, (ਇਹ ੧ ਬਾਤ ੨ ਪਿਤ ੩ ਕਰ ਤੇ ੪ ਰੁਧਿਰ ਕਰਕੇ ਚਾਰ

Digitized by Panjab Digital Library | www.panjabdigilib.org

ਪ੍ਰਕਾਰ ਦਾ ਹੈ) ਸੋ ਇਹ ਚਾਰ ਪ੍ਰਕਾਰ ਦਾ ਅਤੇ ੪੪ ਪਿਛਲੇ ਪਾ ਕੇ ਸਭੋ ੩੮ ਹੋਏ। ਤਥਾ ਸਫੋਟ ਰੋਗ ਵਿਖੇ ਦੇਹ ਪਰ ਫੁਨਸੀਆਂ ਪੈਦਾ ਹੁੰਦੀਆਂ ਹਨ, ਇਸ ਤੇ ਇਹ ਭੀ ਛੁਦ੍ਰ ਰੋਗਾਂ ਵਿਚ ਹਨ। ਇਹ ਵਿਸਫੋਟਕ ਅੱਠ ਪ੍ਰਕਾਰ ਦਾ ਹੈ। ੧ ਬਾਤ ਵਿਸਫੋਟਿਕ, ੨ ਪਿਤ ਵਿਸਫੋਟਕ, ੩ ਕਫ ਵਿਸਫੋਟਕ, ੪ ਬਾਤ ਪਿਤ ਵਿਸਫੋਟਕ, ੫ ਕਫ ਪਿੱਤ ਵਿਸਫੋਟਕ, ੬ ਬਾਤ ਕਫ ਵਿਸਫੋਟਕ, ੭ ਰਕਤ ਵਿਸਫੋਟਕ, ੮ ਸੰਨਿਪਾਤ ਵਿਸਫੋਟਕ, ਇਉਂ ਵਿਸਫੋਟਕ ਅੱਠ ਪ੍ਰਕਾਰ ਦਾ ਜਾਣੋ। ਦੇਹ ਪਰ ਸੀਤਲਾ ਰੋਗ ਨਾਲ ਵੀ ਫੁਨਸੀਆਂ ਪੈਦਾ ਹੁੰਦੀਆਂ ਹਨ ਇਸ ਵਾਸਤੇ ਮਸੂਰਿਕਾ ਰੋਗ ਦਾ ਸੰਗ੍ਰਹ ਛੁਦ੍ਰ ਰੋਗਾਂ ਵਿਚ ਹੈ। ਸੋ ਇਹ ਮਸੂਰਿਕਾ ੧੪ ਪ੍ਰਕਾਰ ਦੀ ਹੈ।

ਸੋ–੧ ਬਾਤ ਮਸੂਰਿਕਾ, ੨ ਪਿੱਤ ਮਸੂਰਿਕਾ, ੩ ਕਫ ਮਸੂਰੀਕਾ, ੪ ਕਫ ਪਿੱਤ ਮਸੂਰਿਕਾ, ੫ ਬਾਤ ਪਿੱਤ ਮਸੂਰਿਕਾ, ੬ ਬਾਤ ਕਫ ਮਸੂਰਿਕਾ, ੭ ਸੰਨਿਪਾਤ ਮਸੂਰਿਕਾ, ੮ ਤੁਕ ਸ਼ਬਦੋਕ ਜੋ ਰਸ ਧਾਤੂ ਇਏ ਨਾਲ ਹੋਣ ਵਾਲੀ ਮਸੂਰਿਕਾ, ੯ ਰਕਤੀਜਾ, ੧੦ ਮਾਸਜਾ, ੧੧ ਮੇਦੋਜਾ, ੧੨ ਅਸਥੀਜਾ, ੧੩ ਮੱਜਾ ਜਨ, ਤਥਾ ੧੪ ਸ਼ੁਕ੍ਰ ਧਾਤੂ ਤੋਂ ਹੋਣ ਵਾਲੀ। ਇਹਨਾਂ ਵਿਚੋਂ ਅੰਤ ਦੀਆਂ ੪ ਮਸੂਰਿਕਾਵਾਂ ਕਸ਼ਟ ਸਾਧ ਜਾਨਣੀਆਂ। ਇਸ ਪ੍ਰਕਾਰ ਸਭ ਮਸੂਰਿਕਾ ੧੪ ਤੇ ੮ ਵਿਸਫੋਟ, ੩੮ ਪਿੱਛੇ ਕਹੇ ਸੋ ਸਭ ਮਿਲ ਕੇ ੬੦ ਪ੍ਰਕਾਰ ਦੇ ਛੁਦ੍ਰ ਰੋਗ ਹੋਏ ਜਾਨਣੇ।

ਵਿਸਰਪ ਰੋਗ–੯ ਪ੍ਰਕਾਰ ਦਾ ਹੈ, ਜਿਸਤਰਾਂ–੧ ਬਾਤ ਵਿਸਰਪ, ੨ ਪਿਤ ਵਿਸਰਪ, ੩ ਕਫ ਵਿਸਰਪ, ੪ ਬਾਤ ਪਿੱਤ ਵਿਸਰਪ, ੫ ਕਫ ਬਾਤ ਵਿਸਰਪ; ੬ ਕਫ ਪਿੱਤ ਵਿਸਰਪ, ੭ ਸੰਨਿਪਾਤ ਵਿਸਰਪ, ੮ ਜਠਰਾਗਨੀ ਤਾਪ ਜੰਨ ਵਿਸਰਪ ਅਤੇ ੯ ਅਭਿਘਾਤਜ ਵਿਸਰਪ, ਇਉਂ ਨੌਂ ਜਾਨਣੇ।

ਵਿਖ ਦੇ ਰੋਗ–ਸਥਾਵਰ, ਜੰਗਮ ਤੇ ਕ੍ਰਿਤਿਮ ਭੇਦ ਨਾਲ ਵਿਖ ਰੋਗ ਤਿੰਨ ਪ੍ਰਕਾਰ ਦਾ ਹੈ। ਇਸ ਵਿਚੋਂ ਕਿਰਤਿਮ ਵਿਖ ਛੱਡ ਕੇ ਬਾਕੀ ਚਾਰ ਸਥਾਵਰ ਤੇ ਚਾਰ ਜੰਗਮ ਵਿਖੇ ਮਿਲਾਕੇ ਅੱਠ ਹੁੰਦੇ ਹਨ।

ਉਦਰਦਿ–ਸੀਤ ਪਿਤੀ ਅਰਥਾਤ ਛਪਾਕੀ ਰੋਗ–ਇਹ ਇਕ ਪ੍ਰਕਾਰ ਦਾ ਹੈ। ਕਫ ਪਿੱਤ ਦੇ ਕੋਪ ਨਾਲ ਹੋਵੇ ਤਾਂ ਖੁਰਕ ਬਹੁਤ, ਪੀੜਾ ਥੋੜੀ ਹੋਵੇ, ਉਸ ਨੂੰ ਛਪਾਕੀ। ਤੇ ਜਿਸ ਵਿਚ ਬਾਤ ਪਿੱਤ ਦਾ ਕੋਪ ਹੋਵੇ ਉਸ ਵਿਖੇ ਖੁਰਕ ਥੋੜੀ, ਪੀੜਾ ਬਹੁਤ ਹੋਵੇ, ਉਸ ਨੂੰ ਸੀਤ ਪਿਤੀ ਆਖਦੇ ਹਨ। ਇਤਨਾ ਹੀ ਇਸ ਵਿਚ ਭੇਦ ਹੈ, ਪਰੰਤੂ ਤਪ, ਕੈ, ਦਾਹ ਅਤੇ ਸੂਲ ਦੋਹਾਂ ਵਿਖੇ ਇਕ ਸਮਾਨ ਹੁੰਦੇ ਹਨ।

ਬਾਤ ਰੋਗ ਚੌਰਾਸੀ ਪ੍ਰਕਾਰ ਦਾ ਹੈ–੧ ਅਖਖੇਪਕ ੨ ਹਨੂੰਸੰਤਭ ੩ ਉਰੂਸਤੰਭ, ੪ ਸਿਰੋਗ੍ਰਹ ੫ ਬਾਹਯਾਯਾਮ, ੬ ਅਭਯੰਤਰਾਯਾਮ, ੭ ਪਾਰਸ਼ਸੂਲ, ੮ ਕਟਗ੍ਰਹ ੯ ਦੰਡਾਪਤਾਨਕ, ੧੦ ਖੱਲੀ, ੧੧ ਗਿਹਬਾਸਤੰਭ,੧੧ ਅਰਦਿਤ ੧੩ ਪਖਯਾਘਾਤ, ੧੪ ਕ੍ਰੋਸ਼ਟਸ਼ੀਰਖ, ੧੫ ਮਨਯਾਸਤੰਭ ੧੬ ਪੰਗ, ੧੭ ਕਲਾਯਖੰਜ, ੧੮ ਤੂੰਨੀ, ੧੯ ਪਤਿਤੂਣੀ, ੨੦ ਖੰਜ, ੨੧ ਪਾਦਹਰਖ, ੨੨ ਗਿਰਧਸੀ, ੨੩ ਭਿਘਵਾਚੀ, ੨੪ ਅਵਬਾਹੁਕ, ੨੫ ਅਪਤੰਤ੍ਰਕ, ੨੬ ਬ੍ਰਿਣਾਯਾਮ, ੨੭ ਬਾਤ ਕੰਟਕ, ੨੮ ਅਪਤਾਨਕ ੨੯ ਅੰਗਭੇਦ ੩੦ ਅੰਗਸ਼ੋਖ ੩੧ ਸਿੰਮਿਣ ੩੨ ਕੱਲਤਾ ੩੩ ਪ੍ਰਤਿਅਸਟੀਲਿਕਾ ੩੪ ਅਸਟੀਲਾ ੩੫ ਬਾਮਨੰਤਵ ੩੬ ਕੁਬਤਜਵ ੩੭ ਅੰਗ ਪੀੜਾ ੩੮ ਅੰਗਸੂਲ ੩੯ ਸੰਕੋਚ

Digitized by Panjab Digital Library | www.panjabdigilib.org

੪੦ ਸਤੰਭ ੪੧ ਰੁਖਯਤਾ ੪੨ ਅੰਗਭੰਗ ੪੩ ਅੰਗਵਿਭਰਮ ੪੪ ਵਿਟਗਰਹ ੪੫ ਵਧਵਿਟਕਤਾ ੪੬ ਮੂਕਤਵ ੪੭ ਅਤੀਜ੍ਰਿੰਭ ੪੮ ਅਤੀ ਉਦਗਾਰ ੪੯ ਅੰਤਰਕੂਗਨ ੫੦ ਬਾਤ ਪ੍ਰਿਬਤੀ ੫੧ ਸਫੁਰਣ ੫੨ ਸਿਰਾਪੂਰਣ ੫੩ ਕੰਪਵਾਯੂ ੫੪-ਕ੍ਰਾਕਸ਼ਯ ੫੫ ਸਯਾਵਤਾ ੫੬ ਪ੍ਰਲਾਪ ੫੭ ਖਿਪਰਮੂਤ੍ਰਤਾ ੫੮ ਨਿੰਦਰਾਨਾਸ਼ ੫੯ ਸਵੇਦ ਨਾਸ਼ ੬੦ ਦੁਰਬਲਤਵ ੬੧ ਸੁਕ੍ਰਾਤਿ ਪ੍ਰਵਿਰਤੀ ੬੨ ਬਲਖਯ ੬੩ ਸ਼ੁਕ੍ਰਕਾਰਸ਼ਯ ੬੪ ਸ਼ੁਕਰਨਾਸ਼ ੬੫ ਅਨਵਸਥਿਤ ਚਿਤੱਤਵ ੬੬ ਕਾਠਿਨਯ ੬੭ ਵਿਰਸਾਸਯਤਾ ੬੮ ਕਖਾਯਬਕ੍ਰਤ੍ਰਤਾ ੬੯ ਆਧਮਾਨ ੭੦ ਪ੍ਰਤਯਾਧਮਾਨ ੭੧ ਸੀਤਤਾ ੭੨ ਰੋਮ ਹਰਖ ੭੪ ਭੀਰੁਤ੍ਰ ੭੪ ਤੋਦ ੭੫ ਕੰਡੂ ੭੬ ਰਸਾਗਯਤਾ ੭੭ ਸ਼ਬਦਾਗਯਤਾ ੭੮ ਪਰਸੁਪਤਿ ੭੯ ਗੰਗਾਗੱਤ ੮੦ ਤ੍ਰਿਸ਼ ਖਯ।

ਪਿਤ ਦੇ ਰੋਗ ੪੦—੧ ਧੂਮੋਦਗਾਰ ੨ ਵਿਦਾਹ ੩ ਉਸ਼ਣਾਗਤ ੪ ਮਤੀਭ੍ਰਮ, ੫ ਕਰਾਂਤੀ ਹਾਨੀ ੬ ਕੰਠਸੋਖ ੭ ਮੁਖਸੋਖ ੮ ਅਲਪਸ਼ੁਕਰਤਾ ੯ ਤਿਕਤਾਸਯਤਾ ੧੦ ਅਮਲ ਵੱਕ੍ਰਤ੍ਰ ੧੧ ਸ਼ੇਦਸ੍ਰਾਵ ੧੨ ਅੰਗਪਾਕਤਾ ੧੩ ਕਲਮ ੧੯ ਹਰਿਤਬਰਣ ੧੫ ਅਤ੍ਰਿਪਤੀ ੧੬ ਪੀਤਕਾਯਤਾ ੧੭ ਰਕਤ ਸਰਾਵ ੧੮ ਅੰਗਦਰਣ ੧੯ ਲੋਹ ਗੰਧਾਸ਼ਯਤਾ ੨੦ ਦੋਰਗੰਧਯ ੨੧ ਪੀਤ ਮੂਤ੍ਰ ੨੨ ਅਰਤੀ ੨੩ ਪੀਤਵਿਟਕਤਾ ੨੪ ਪੀਤਾਵਿਲੋਕਨ ੨੫ ਪੀਤ ਨੇਤ੍ਰਤਾ ੨੬ ਪੀਤ ਦੰਤਤਾ ੨੭ ਸ਼ੀਤੇਛਾ ੨੮ ਪੀਤਨਖਤਾ ੨੯ ਤੇਜੋਦੇਖ ੩੦ ਅਲਪਨਿੰਦ੍ਰਤਾ ੩੧ ਕੋਪ ੩੨ ਗਾਤ੍ਰ ਸਾਦ ੩੩ ਭਿੰਨਵਿਕੱਤਵ ੩੪ ਅੰਧਤਾ ੩੫ ਉਸ਼ਣੋਛਵਾਸਤਵ ੩੬ ਉਸ਼ਣਮੂਤ੍ਰਤਵ ੩੭ ਉਸ਼ਣਮਲਤਵ ੩੮ ਤਮੋਦਰਸ਼ਨ ੩੯ ਪੀਤਮੰਡਲ ਦਰਸ਼ਨ ਅਰ ੪੦ ਨਿਹਸਰਤ੍ਰ। ਇਉਂ ਪਿੱਤ ਰੋਗ ਚਾਲੀ ਹਨ।

ਕਫ ਦੇ ਵੀਹ ਰੋਗ—ਸੋ-੧ ਤੰਦਰਾ, ੨ ਅਤੀਨਿੰਦਾ, ੩ ਗੌਰਵ, ੪ ਮੁਖ ਮੀਠਾ ਰਹਿਣਾ, ੫ ਮੁਖ ਲੇਪ, ੬ ਪਰਸੰਕਤਾ, ੭ ਸਵੇਤ ਦੇਖਨਾ, ੮ ਸਵੇਤ ਵਿਸਟਾ ਕਾ ਉਤਰਨਾ, ੯ ਸਵੇਤ ਮੂਤ੍ਰ ਹੋਣਾ, ੧੦ ਦੇਹ ਦਾ ਰੰਗ ਸਫੈਦ ਹੋਣਾ, ੧੧ ਸ਼ੈਤਯਤਾ, ੧੨ ਉਸ਼ੁਣੇਛਾ, ੧੩ ਤਿਕਤਕਾਮਿਤਾ, ੧੪ ਮਲਧਿਕਯ ੧੫ ਸ਼ੁਕ੍ਰਬਾਹੁਲਯ, ੧੬ ਬਹੁਮੂਤ੍ਰਤਾ, ੧੭ ਆਲਸਯ, ੧੮ ਮੰਦਬੁਧੀ, ੧੯ ਤ੍ਰਿਪਤੀ ੨੦ ਘਰ ਘਰ ਵਾਕਯਤਾ ਅਰ ੨੧ ਅਚੈਤਨਯ ਇਸ ਤਰਾਂ ਜਾਣੇ। ਇਸ ਵਿਚ ਗਿਣਤੀ ੨੧ ਹੈ। ਸੋ ਸ਼ੈਤਯ ਅਰ ਉਸ਼ੁਣੇਛਾ ਇੱਕ, ਮੰਨਣ ਤੇ ਗਿਣਤੀ ਠੀਕ ਹੋ ਜਾਂਦੀ ਹੈ।

ਰਕਤ (ਲਹੂ) ਤੋਂ ਪੈਦਾ ਹੋਣ ਵਾਲੇ ੧੦ ਰੋਗ—ਸੋ-੧ ਗੌਰਵ, ੨ ਰਕਤ ਮੰਡਲਤਾ, ੩ ਰਕਤ ਨੇਤ੍ਰਤ੍ਰ ੪ ਰਕਤ ਮੂਤ੍ਰਤਾ, ੫ ਰਕਤ ਸਟੀਵਤਾ, ੬ ਰਕਤ ਪਿਟਿਕਾ ਦਰਸਨ, ੭ ਉਸ਼ਣਤਵ, ੮ ਪੂਤੀਗੰਧਿਤ, ੯ ਪੀਮਾ ਅਰ ੧੦ ਪਾਕ ਇਹ ਦਸ ਗਿਣ ਲੋ।

ਮੂੰਹ ਦੇ ੭੪ (ਚੌਹੱਤਰ) ਰੋਗ—ਸੋ, ਇਹਨਾਂ ਵਿਚੋਂ ਓਸਟ ਰੋਗ ੧੧, ਦੰਦ ਰੋਗ ੧੦, ਦੰਦਮੂਲ ਦੇ ੧੩, ਜਿਹਬਾਰੋਗ ੬, ਤਾਲੂ ਰੋਗ ੯, ਗਲ ਰੋਗ ੧੮ ਤੇ ਮੁਖ ਅੰਦਰ ਦੇ ਰੋਗ ੮, ਸਭੋ ਮਿਰਾਕ ੭੪ ਹੁੰਦੇ ਹਨ। ਸੋ-ਓਸ਼ਟ ਰੋਗ ਇਹ ਹਨ :-੧ ਬਾਤਜ, ੨ ਪਿੱਤਜ, ੩ ਕਫਜ, ੪ ਸੰਨਿਪਾਤਜ, ੫ ਰਕਤਜ, ੬ ਖਤਜ, ੭ ਮਾਂਸਾਰਬੁਦ, ੮ ਖੰਡੋਸ਼ਟ, ੯ ਜਲਾਰਬੁਦ, ੧੦ ਦੋਰਬੁਦ ਤੇ ੧੧ ਅਰਬੁਦ ਇਉਂ ਯਾਰਾਂ ਹੁੰਦੇ ਹਨ।

ਦੰਦ ਰੋਗ ੧੦—ਸੋ ੧ ਕਾਲਨ, ੨ ਕ੍ਰਿਮਿਦੰਤ, ੩ ਦੰਦਹਰਖ, ੪ ਕਰਾਲ, ੫ ਦੰਦ ਚਾਲ; ੬ ਦੰਦ ਕਰਕਰਾ, ੭ ਅਧਿਦੰਦ, ੮ ਸਯਾਦੰਦ, ੯ ਦੰਦ ਭੇਦ ਤੇ ੧੦ ਕਪਾਲਿਕਾ ਇਉਂ

Digitized by Panjab Digital Library | www.panjabdigilib.org

ਦਸ ਜਾਨਣੇ ।

ਦੰਦ ਜੜ ਦੇ ਰੋਗ ੧੩—ਸੋ–੧ ਸ਼ੀਤਾਦਿ, ੨ ਉਪਕੁਸ਼, ੩ ਦੰਦਵਿਦ੍ਰਧੀ, ੪ ਪੁਪੁਟ, ੫ ਅਧਿਮਾਂਸ, ੬ ਵਿਦਰਭ, ੭ ਮਹਾਂ ਸੌਖਿਰ, ੮ ਸੌਖਿਰ, ੯ ਬਾਤ ਨਾੜੀ, ੧੦ ਪਿੱਤ ਨਾੜੀ. ੧੧ ਕਫ ਨਾੜੀ, ੧੨ ਸੰਨਿਪਾਤ ਨਾੜੀ ਅਤੇ ੧੩ ਰਕਤ ਨਾੜੀ ਇਉਂ ੧੩ ਜਾਨਣੇ ।

ਜਿਹਬਾ ਰੋਗ ੬ ਹਨ—ਸੋ–੧ ਬਾਤਜ, ੨ ਪਿਤਜ, ੩ ਕਫਜ, ੪ ਅੱਲਸ, ੫ ਅਧਿਜਿਹਵ ਤੇ ੬ ਉਪਜਿਹਵ ਇਉਂ ਛੇ ਜਾਣੇ ।

ਤਾਲੂ ਰੋਗ ੮ ਹਨ—ਸੋ–੧ ਅਰਬੁਦ, ੨ ਤਾਲੂ ਪਿਟਿਕਾ, ੩ ਕੱਛਪਿ, ੪ ਮਾਂਸ ਸੰਹਤੀ, ੫ ਗਲਸੁੰਡੀ, ੬ ਤਾਲੂ ਸ਼ੋਖ, ੭ ਤਾਲੂ ਪਾਕ ਅਰ ੮ ਪੁੱਪਟ, ਇਹ ਅੱਠ ਹਨ ।

ਗਲ ਰੋਗ ੧੮ ਹਨ—ਸੋ–੧ ਬਾਤ ਰੋਹਿਣੀ, ੨ ਪਿੱਤ ਰੋਹਿਣੀ, ੩ ਕਫ ਰੋਹਿਣੀ, ੪ ਸੰਨਿਪਾਤ ਰੋਹਿਣੀ, ੫ ਮੇਦੋ ਰੋਹਿਣੀ; ੬ ਬ੍ਰਿੰਦ, ੭ ਗਲੌਘ ੮, ਗਲ ਵਿਦ੍ਰਧੀ ੯ ਸੂਰਹਾ, ੧੦ ਤੁੰਡਿਕੇਰੀ, ੧੧ ਸ਼ਤਘਣੀ, ੧੨ ਤਾਲੁਕ, ੧੩ ਅਰਬੁਦ, ੧੪ ਗਿਲਾਯੂ, ੧੫ ਬਲਯ, ੧੬ ਬਾਤਗੰਡ ੧੭ ਕਫ ਗੰਢ ੧੮ ਮੈਦੋਗੰਡ ਇਉਂ ਅਠਾਰਾਂ ਜਾਨਣੇ ।

ਮੂੰਹ ਅੰਦਰ ਰੋਗ ੮—-ਸੋ–੧ ਬਾਤ ਮੁਖ ਪਾਕ, ੨ ਪਿੱਤ ਮੁਖ ਪਾਕ, ੩ ਕਫ ਮੁਖ ਪਾਕ, ੪ ਰਕਤ ਮੁਖ ਪਾਕ, ੫ ਸੰਨਿਪਾਤ ਮੁਖ ਪਾਕ, ੬ ਦੁਰਗੰਧਾਸਜ, ੭ ਉਰਧ੍ਰ ਗੁਦ ਅਤੇ ੮ ਅਰਬੁਦ ਇਸ ਤਰ੍ਹਾਂ ਅੱਠ ਹਨ । ਇਸ ਪ੍ਰਕਾਰ ਸਭੋ ਮਿਲਕੇ ੭੪ ਹਨ ॥੧੭੦॥

ਕੰਨਾਂ ਦੇ ੮ ਰੋਗ—ਸੋ–੧ ਬਾਤ, ੨ ਪਿੱਤ ੩ ਕਫ, ੪ ਰਕਤ, ੫ ਸੰਨਿਪਾਤ, ੬ ਵਿਦ੍ਰਧੀ, ੭ ਸ਼ੋਥ, ੮ ਅਰਬੁਦ, ੯ ਪੂਤੀਕਰਣ, ੧੦ ਕਰਣ ਅਰਸ਼, ੧੧ ਕਰਣ ਹੱਲਿਕਾ, ੧੨ ਬਾਧਿਰਯ, ੧੩ ਤੰਤ੍ਰਿਕਾ, ੧੪ ਕੰਡੂ, ੧੫ ਸ਼ਸ਼ਕੁਲ, ੧੬ ਕ੍ਰਿਮੀ ਕਰਣਕ, ੧੭ ਕਰਣ ਨਾਦ ਅਤੇ ੧੮ ਪ੍ਰਤੀਨਾਹ, ਇਸ ਪ੍ਰਕਾਰ ਅਠਾਰਾਂ ਹਨ ।

ਕਰਣ ਪਾਲ ਦੇ ੭ ਰੋਗ—ਸੋ–੧ ਉਤਪਾਤ, ੨ ਪਾਲਿਸ਼ੋਪੋਥ, ੩ ਵਿਦਾਰੀ, ੪ ਦੁਖ ਵਰਧਨ, ੫ ਪਰਿਪੋਟ, ੬ ਲੇਹੀ ਅਤੇ ੭ ਪਿੱਪਲੀ, ਇਉਂ ਸੱਤ ਜਾਨਣੇ ।

ਕਰਣ ਮੂਲ ਦੇ ੫ ਰੋਗ—ਸੋ–੧ ਬਾਤ, ੨ ਪਿੱਤ, ੩ ਕਫ, ੪ ਸੰਨਿਪਾਤ ਅਤੇ ੫ ਰਕਤ, ਇਸ ਤਰ੍ਹਾਂ ਪੰਜ ਪ੍ਰਕਾਰ ਦੇ ਹਨ ।

ਨੱਕ ਦੇ ਹੋਣ ਵਾਲੇ ਰੋਗ ੧੮—ਸੋ–੧ ਬਾਤ ਪ੍ਰਤੀਸ਼ਾਯ, ੨ ਪਿੱਤ ਪ੍ਰਤੀਸ਼ਾਯ' ੩ ਕਫ ਪ੍ਰਤੀਸ਼ਾਯ, ੪ ਰਕਤ ਪ੍ਰਤੀਸ਼ਾਯ, ੫ ਸੰਨੀਪਾਤ ਪ੍ਰਤੀਸ਼ਾਯ ੬ ਆਪੀਨਸ, ੭ ਪੂਤੀਨਾਸ, ੮ ਨਾਸਾਰਸ਼, ੯ ਭ੍ਰੰਸ਼ਥੁ, ੧੦ ਖਜਵਥੂ, ੧੧ ਨਾਸ ਅਨਾਹ, ੧੨ ਪੂਤੀਰਕਤ, ੧੩ ਅਰਬੁਦ, ੧੪ ਦੁਸ਼ਟ ਪੀਨਸ, ੧੫ ਨਾਸਾਸ਼ੋਖ, ੧੬ ਘ੍ਰਾਣ ਪਾਕ, ੧੭ ਪੁਟਸ੍ਰਾਵ ਅਰ ੧੮ ਦੀਪਤਕ, ਇਉ ਅਠਾਰਾਂ ਗਿਣ ਲੌ ॥ ੧੭੧ ॥

ਕਪਾਲ ਦੇ ੯ ਰੋਗ—ਸੋ–੧–ਉਪਸ਼ੀਰਖਕ, ਅਰੁੰਖਿਕਾ ੩ ਵਿਦ੍ਰਧੀ ੪ ਦਰੁਣ, ੫

Digitized by Panjab Digital Library | www.panjabdigilib.org

ਪਿਟਿਕਾ, ੬ ਅਰਬੁਦ, ਇੰਦ੍ਰਲੁਪਤ, ੮ ਖਾਲਿਤ੍ਰ ਅਰ ੯ ਪਲਿਤ। ਇਹ ਸਭ ੯ ਹਨ।

ਸਿਰ ਦੇ ੧੦ ਰੋਗ—ਹਨ, ਸੋ-੧ ਅਰਧਾਵਭੇਦਕ, ੨ ਬਾਤਜਸ਼ਿਰੋਭਿਤਾਪ, ੩ ਪਿੱਤਜਸ਼ਿਰੋਭਿਤਾਪ,੪ ਕਫਸ਼ਿਰੋਭਿਤਾਪ,੫ ਰਕਤਜਸ਼ਿਰੋਭਿਤਾਪ ੬ ਸੰਨਿਪਾਤ ਜਸ਼ਿਰੋਭਿਤਾਪ, ੭ ਸੂਰਯ ਵਰਤਿ, ੮ ਸਿਰੋਪਾਕ ੯ ਕ੍ਰਿਮਿਜ ਅਰ ੧੦ ਸੰਖਕ ਇਉਂ ਦਸ ਜਾਨਣੇ।

ਨੇਤ੍ਰ ਰੋਗ ੯੪ ਹਨ—ਇਨ੍ਹਾਂ ਵਿਚੋਂ ਪਲਕਾਂ ਦੇ ਰੋਗ ੨੪ ਹਨ, ਸੋ-੧ ਕ੍ਰਿਛਰੋਨਮੀਲ ੨ ਪਖਸਸ਼ਾਂਤ, ੩ ਕਫੋਤਕਲਿਸਟ, ੪ ਲੋਹਿਤ, ੫ ਅਰੁਨਿਮੇਖ, ੬ ਰਕਤੋਕਾਲਿਸਟ, ੭ ਕੁਕੂਣਕ, ੮ ਪਖਯਮਾਰਸ਼, ੯ ਪਖਯ਼ਮਰੋਧ, ੧੦ ਪਿਤੋਤਕਾਲਿਸਟ, ੧੧ ਪੋਥਕੀ, ੧੨ ਸ਼ਾਲਿਸ਼ਟ ਵਰਤਮ, ੧੩ ਬਹਲ ੧੪ ਪਖਯਮੋਤਸੰਗ, ੧੫ ਅਰਬੁਦ, ੧੬ ਕੁੰਭਿਕਾ, ੧੭ ਸਿਕਤਾਵਰਤਮ, ੧੮ ਅਲਗਣ, ੧੯ ਅੰਜਨਾਮਿਕਾ, ੨੦ ਕਰਦਮ, ੨੧ ਸ਼ਯਾਮ ਵਰਤਮ, ੨੨ ਵਿਸਵਰਤਮ, ੨੩ ਅਲਜੀ ਤੇ ੨੪ ਉਤਕਲਿਸ਼ਟ ਵਰਤਮ।

ਨੇਤ੍ਰ ਸੰਧੀਗਤ ਰੋਗ ੯ ਹਨ—ਸੋ-੧ ਜਲਸ਼ਾਵ, ੨ ਕਫਸ਼ਾਵ, ੩ ਰਕਤ ਸ੍ਰਾਵ ੪ ਪਰਬਣੀ, ੫ ਪੂਯਸ਼ਾਵ, ੬ ਕ੍ਰਿਮਿਗ੍ਰੰਥੀ, ੭ ਉਪਨਾਹ, ੮ ਅਲਜੀ ਅਤੇ ੯ ਪੂਆਲਸ।

ਨੇਤ੍ਰਾਂ ਦੇ ਸਫੈਦ ਭਾਗ ਦੇ ਉਪਰ ੧੩ ਰੋਗ—ਹਨ, ਸੋ-੧ ਸ਼ਿਰਤੋਪਾਤ, ੨ ਸ਼ਿਰਾ ਹਰਖ, ੩ ਸ਼ਿਰਾਜਾਲ, ੪ ਸ਼ੁਕਤਿਕ, ੫ ਸ਼ੁਕਲਾਰਮ ੬ ਅਧਿਮਾਂਸਾਰਮ ੭, ਪ੍ਰਸਤਾਰਯਰਮ, ੮ ਪਿਸ਼ਿਟਕ, ੯ ਸ਼ਿਰਾਜ਼ਪ੍ਰਿਟਿਕਾਂ, ੧੦ ਕਫਗ੍ਰੰਥਿਤਕ, ੧੧ ਅਰਜਨ, ੧੨ ਸਨਾਰਯਰਮ ਤੇ ਅਧਿਮਾਂਸ ਇਸ ਤਰ੍ਹਾਂ ੧੩ ਹਨ।

ਨੇਤ੍ਰ ਦੇ ਕਾਲੇ ਭਾਗ ਵਿਚ ਹੋਣ ਵਾਲੇ ਰੋਗ—੫ ਹਨ, ਸੋ ੧ ਸ਼ੁਧਸ਼ੁਕ੍ਰ, ੨ ਸ਼ਿਰਾ ਸ਼ੁਕ੍ਰ, ੩ ਖਤ ਸ਼ੁਕ੍ਰ ੪ ਅਜਕ ਤੇ ੫ ਸ਼ਿਰਾਸੰਗ, ਇਉਂ ਪੰਜ ਹਨ।

ਬਾਤਾਦਿ ਦੋਖ ਕੁਪਿਤ ਹੋ ਕੇ ਦ੍ਰਿਸ਼ਟੀ ਦੇ ਪਟਲ ਵਿਚ ਪ੍ਰਾਪਤ ਹੋਕੇ ਕਾਚ ਰੋਗ ਪੈਦਾ ਕਰ ਦੇਵੇ, ਉਹ ਰੋਗ ੬ ਪ੍ਰਕਾਰ ਦਾ ਹੈ। ਸੋ-੧ ਬਾਤਜ, ੨ ਪਿਤਜ; ੩ ਕਾਫਜ ੪ ਸੰਨਿਪਾਤਜ ੫ ਰਕਤਜ ਤੇ ੬ ਸੰਸਰਗਜ ਇਉਂ ਛੇ ਹਨ। ਨੇਤ੍ਰਾਂ ਦੇ ਪਟਲ (ਪੜਦੇ) ਬਾਤਾਦ੍ਰਿ ਦੋਖ ਦੁਸ਼ਟ ਹੋ ਜਾਣ ਤਾਂ ਤਿਮਿਰ ਰੋਗ ਪੈਦਾ ਕਰਦੇ ਹਨ। ਇਹ ਤਿਮਿਰ ਰੋਗ-੧ ਬਾਤਜ ੨ ਪਿਤਜ ੩ ਕਫਜ ੪ ਸੰਸਰਗਜ ੫ ਰਕਤਜ ਤੇ ੬ ਸੰਨਿਪਾਤਜ ਇਉਂ ਛੇ ਪ੍ਰਕਾਰ ਦਾ ਹੈ। ਇਸ ਦੇ ਲਛਣ ਮੋਤੀਆਬਿੰਦੁ ਅਰਥਾਤ ਕਾਚ ਰੋਗ ੬ ਪ੍ਰਕਾਰ ਦਾ ਹੈ, ਉਸ ਦੇ ਸਮਾਨ ਜਾਨਣੇ। ਲਿੰਗਨਾਸ਼ ਰੋਗ ੭ ਪ੍ਰਕਾਰ ਦਾ ਹੈ। ਤਿਮਿਰਰੋਗ ਨੇਤ੍ਰ ਦੇ ਚੌਥੇ ਪੜਦੇ ਮੇਂ ਪਸ਼ੁੰਚਣ ਤੇ ਸੰਪੂਰਣ ਦ੍ਰਿਸ਼ਟੀ ਨੂੰ ਬਿਆਪਤ ਕਰ ਨਾ ਦੇਖਣੇ ਸਮਾਨ ਕਰਦਾ ਹੈ। ਇਹ ਲਿੰਗਨਾਸ਼-੧ ਬਾਤ ਜਨਯ ੨ ਪਿਤ ਜਨਯ ੩ ਕਫ ਜਨਯ ੪ ਤ੍ਰਿਦੋਖ ਜਨਯ ੫ ਉਪਸਰਗ-ਜਨਯ ੬ ਸੰਸਰਗਜ ਤੇ ੭ ਰਕਤਜ ਇਉਂ ਸੱਤ ਪ੍ਰਕਾਰ ਦਾ ਹੈ। ਦ੍ਰਿਸ਼ਟੀ ਮੰਡਲ ਦੇ ਰੋਗ ੮ ਹਨ, ਸੋ ੧ ਪਿੱਤਵਿਦਗਧ, ੨ ਅਮਲਪਿਤ ਵਿਦਗਧ ੩ ਉਸ਼ਣਵਿਦਗਧ ੪ ਨਕੁਲਾਂਧਯ ੫ ਧੂਸਰਾਂਧਯ ੬ ਰਾਤਯਧਯ ੭ ਹਰਸਵਦ੍ਰਿਸ਼ਟੀ ਤੇ ੮ ਗੰਭੀਰ ਇਉਂ ਅੱਠ ਹਨ। ਅਭਿਖਯੰਦੀਰੋਗ ੪ ਪ੍ਰਕਾਰ ਹੈ ਸੋ-੧ ਰਕਤਾਭਿਖਯੰਦ ੨ ਬਾਤਾਭਿਖਯੰਦ ੩ ਪਿਤਾਭਿਖਯੰਦ ਤੇ ੪ ਕਫਾਭਿਖਯੰਦ। ਇਸੇ ਤਰ੍ਹਾਂ ਅਧਿ ਮੰਥ ਰੋਗ ੪ ਪ੍ਰਕਾਰ ਦਾ ਹੈ। ਚਾਰ ਪ੍ਰਕਾਰ ਦੇ ਅਭਿਖਯੰਦ ਰੋਗ ਦੀ ਅਪੇਖਯਾ ਕਰਨੇ ਤੇ ੧ ਬਾਤ ੨ ਪਿਤ, ੩ ਕਫ ਤੇ ੪ ਰਕਤ ਇਹਨਾਂ ਚਾਰ ਕਾਰਣਾਂ ਤੇ ੪ ਪ੍ਰਕਾਰ ਦਾ ਅਧਿਮੰਥ ਰੋਗ ਹੁੰਦਾ ਹੈ, ਜਾਣ ਲੋ।

Digitized by Panjab Digital Library | www.panjabdigilib.org

ਸੰਪੂਰਣ ਨੇਤ੍ਰਾਂ ਵਿਚ ਬਿਆਪਤ ਜਿਹੜੇ ਰੋਗ ਹਨ, ਉਨ੍ਹਾਂ ਨੂੰ ਸੁਬਾਖੀ ਰੋਗ ਆਖਦੇ ਹਨ। ਓਹ ੮ ਪ੍ਰਕਾਰ ਦੇ ਹਨ। ਸੋ-੧ ਬਾਤ ਵਿਪਰਜਯ ੨ ਅਲਪਸ਼ੋਥ ੩ ਅੰਨਤੋਬਾਤ ੪ ਪਕਾਤੰਜ ੫ ਸੁਕ੍ਰਾਖਯੀਪਾਕ, ੬ ਸ਼ੋਫ ੭ ਅਧਯੂਸ਼ਤ ੮ ਹਤਾਧਿਮੰਥ, ਇਸ ਤਰ੍ਹਾਂ ਇਹ ਰੋਗ ੮ ਹਨ, ਇਸੇਤਰ੍ਹਾਂ ਸਭੇ ਮਿਲਾਉਣ ਤੇ ੯੪ ਹੁੰਦੇ ਹਨ।

ਪੁਰਖਤਵ ਰੋਗ ਅਰਥਾਤ ਬੀਰਜਖੀਣਤਾ ਦੇ ਕਾਰਣ ਪੁਰਖ ਨੂੰ ਨਮਰਦੀ ਪ੍ਰਾਪਤੀ ਹੁੰਦੀ ਹੈ, ਸੋ-੧ ਈਰਖਿਕ, ੨ ਆਸੇਕਯ, ੩ ਕੁੰਭਿਕ, ੪ ਸੁਗੰਧੀ ਤੇ ੫ ਖੰਡ, ਇਸ ਪ੍ਰਕਾਰ ਇਹ ਪੰਜ ਪ੍ਰਕਾਰ ਦੀ ਹੈ।

ਸੁਕ੍ਰ ਰੋਗ—ਬੀਰਜ ਦੇ ਦੋਖ ਕਰ ਹੋਣ ਵਾਲੇ ਪੁਰਖ ਦੇ ਰੋਗ— ੮ ਹਨ, ਸੋ-੧ ਬਾਤਜਨਯ, ੨ ਪਿਤਜਨਯ, ੩ ਕਫਜਨਯ ੪ ਰਕਤ ਪਿਤ ਜਨਯ ੫ ਕਫ ਪਿਤ ਜਨਯ ਪੂਯਾਕ ੬ ਬਾਤ ਪਿਤ ਜਨਯ ਖੀਣ ੭ ਕਫ ਬਾਤ ਜਨਯ ਗ੍ਰੰਥਿਲ, ੮ ਸੰਨਿਪਾਤ ਜਨਯ ਮਲਾਮ, ਇਉਂ ੮ ਜਾਨਣੇ।

ਇਸਤ੍ਰੀ ਦੇ ਰਕਤ ਪ੍ਰਦਰ ਦੇ ਰੋਗ— ੪ ਪ੍ਰਕਾਰ ਹਨ, ਸੋ ੧ ਬਾਤ ਜਨਯ ੨ ਪਿੱਤ ਜਨਯ ੩ ਕਫ ਜਨਯ ਅਰ ੪ ਸੰਨਿਪਾਤ ਜਨਯ ਇਉਂ ੪ ਭੇਦ ਜਾਨਣੇ ॥੧੭੨॥

ਤੀਯ ਬੀਰਜ ਅਰਥਾਤ ਇਸਤ੍ਰੀਆਂ ਦੇ— ਆਰਤਵ ਭਾਵ ਰਿਤੂ ਕਾਲ ਦੇ ਲੋਹੂ ਕਰ ਹੋਣੇ ਵਾਲੇ ਰੋਗ ੮ ਹਨ। ਸੋ-੧ ਬਾਤਜ ੨ ਪਿਤਜ ੩ ਕਫਜ ੪ ਪੂਯਾਭ ੫ ਕੁਣਪ ੬ ਗ੍ਰੰਥੀ ੭ ਖੀਣ ਤੇ ੮ ਮਲਸਮ, ਇਸ ਤਰ੍ਹਾਂ ਇਹ ੮ ਪ੍ਰਕਾਰ ਦਾ ਹੈ।

ਇਸਤ੍ਰੀ ਦੀ ਯੋਨੀ ਦੇ ੨੦ ਰੋਗ ਹਨ— ਸੋ-੧ ਬਤਾਲਾ, ਪਿੱਤਲਾ, ੩ ਸ਼ਲੇਖਮਾਲਾ, ੪ ਸੰਨਿਆਤਜਾ, ੫ ਰਕਤਜਾ ੧ ਲੋਹਿਤਖਾਯਾ, ੭ ਸੁਸ਼ਕਾ, ੮ ਬਾਮਨੀ, ੯ ਖੰਡੀ, ੧੦ ਅੰਤ੍ਰਮੁਖੀ ੧੧ ਸੂਚੀ ਮੁਖੀ, ੧੨ ਬਿਪਲਤਾ, ੧੩ਪੁਤ੍ਰਘਨੀ, ੧੪ ਪਰਿਪਲੁਤਾ ੧੫ ਉਪਪਲੁਤਾ, ੧੬ ਪ੍ਰਾਕਚਰਣਾ, ੧੭ ਮਹਾਂਯੋਨੀ, ੧੮ ਕਰਣਿਕਾ, ੧੯ ਨੰਦਾਂ ਅਤੇ ੨੦ ਅਤੀਚਰਣਾ, ਇਸ ਤਰ੍ਹਾਂ ਇਹ ਸਭ ੨੦ ਹਨ।

ਯੋਨੀ ਕੰਦ ਦੇ ੪ ਰੋਗ— ਸੋ-੧ ਬਾਤਜ, ੨ ਪਿੱਤਜ, ੩ ਕਫਜ, ਅਤੇ ੪ ਸੰਨਿਪਾਤਜ ਇਉਂ ਚਾਰ ਹਨ।

ਗਰਭ (ਹਮਲ) ਸੰਬੰਧੀ ਰੋਗ— -੮ ਹਨ, ਸੋ-੧ ਉਪਵਿਸਟਕ ਗਰਭ, ੨ ਨਾਗੋਦਰ, ੩ ਮੱਕੱਲ, ੪ ਮੂੜ ਗਰਭ, ੫ ਵਿਸੰਵਭ, ੬ ਗੂੜ ਗਰਭ, ੭ ਜਰਾਯੂ ਦੋਖ ਅਤੇ ੮ ਗਰਭ ਪਾਤ, ਇਉਂ ਅੱਠ ਪ੍ਰਕਾਰ ਦੇ ਗਰਭਪਾਤ ਰੋਗ ਹਨ।

ਕੁਚ (ਮੰਮਿਆਂ) ਦੇ ਰੋਗ ੫ ਪ੍ਰਕਾਰ ਦੇ ਹਨ— ਸੋ -੧ ਬਾਤਜੰਨ, ੨ ਪਿੱਤਜਨ, ੩ ਕਫ ਜੰਨ, ੪ ਸੰਨਿਪਾਤ ਜੰਨ, ਅਤੇ ੫ ਖਤ ਜੰਨ, ਇਉਂ ਪੰਜ ਪ੍ਰਕਾਰ ਹਨ। ਇਸ ਵਿਚ ਇਸਤ੍ਰੀਆਂ ਦੇ ਦੂਖ ਸੰਬੰਧੀ ਰੋਗ ਬਾਲ ਰੋਗਾਂ ਵਿਚ ਕਹਾਂਗੇ। ਪ੍ਰਸੂਤ ਰੋਗ ਭਿੰਨ ਨਹੀਂ ਹੈ।

Digitized by Panjab Digital Library | www.panjabdigilib.org

***ਬਾਲ ਰੋਗ ਬਾਈ ਹਨ** ਇਹਨਾਂ ਵਿਚ ਇਸਤ੍ਰੀਆਂ ਦੇ ਦੁਸ਼ਟਤਾ ਤੇ ਹੋਣ ਵਾਲੇ ੩ ਰੋਗ। ਸੋ-੧ ਬਾਤ ਜਨਯ, ੨ ਪਿਤ ਜਨਯ, ੩ ਕਫ ਜਨਯ, ਇਹ ਤਿੰਨ ਹਨ ੪ ਦੰਤੋਭਵ, ੫ ਦੰਤ ਘਾਤ, ੬ ਦੰਤ ਸ਼ਬੰਦ, ੭ ਅਕਾਲਦੰਤ, ੮ ਅਹਿਪੂਤਨ ਰੋਗ, ੯ ਮੁਖਪਾਕ, ੧੦ ਮੁਖਸ੍ਰਾਵ ੧੧ ਗੁਦ ਪਾਕ, ੧੨ ਉਪਸ਼ੀਰਖਕ, ੧੩ਪਾਰਸ੍ਰਾਫਣ ੧੪ ਤਾਲੂ ਕੰਟ, ੧੫ ਵਿੰਛਿੰਨ, ੧੬ ਪਾਰ ਗਰਭਿਕ, ੧੭ ਦੋਰ ਬਲਯ, ੧੮ ਗਾਤ੍ਰਸਾਦ, ੧੯ ਸੇਜਾਮੂਤ੍ਰ ੨੦ ਕ੍ਰਕੂਣਕ, ੨੧ ਰੋਦਨ ਅਤੇ ੨੨ ਅਜਗੱਲੀ ਇਸ ਤਰ੍ਹਾਂ ੨੨ ਹਨ।

ਇਸ਼ ਤਰ੍ਹਾਂ ਬਾਲ ਗ੍ਰਹ ਦੇ ਰੋਗ-੧੨ ਹਨ, ਸਕੰਦਗ੍ਰਹ, ੨ ਵਿਸ਼ਾਖਗ੍ਰਹ ੩ ਸ੍ਵਗ੍ਰਹ ੪ ਪਿਤ੍ਰਗ੍ਰਹ, ੫ ਨੈਗਮੇਯ, ੬ ਸ਼ਕੁਨੀ, ੭ ਸੀਤਪੂਰਨਾ, ੮ ਮੁਖਮੰਡਨਿਕਾ, ੯ ਪੂਤਨਾ, ੧੦ ਅੰਧਪੂਤਨਾ, ੧੧ ਰਵੇਤੀ ਅਰ ੧੨ ਸ਼ੁਸ਼ਕਰਵੇਤੀ, ਇਉਂ ਬਾਰਾਂ ਜਾਨਣੇ ॥ ੧੭੩ ॥

ਇਸੇ ਪ੍ਰਕਾਰ- ਬਾਤ ਰਕਤ ਪਾਦ, ਸੁਪਦ ਪਾਦ, ਤਥਾ ਸਤਭ, ਪਾਕ ਫੂਟਨ ਆਦਿ ਪੈਰਾਂ ਦੇ ਰੋਗ ਕਿਸੀ ਅਚਾਰਯ ਨੇ ਇਹ ੪੨ ਮਹਾਂ ਦੁਸਤ੍ਰ ਕਹੇ ਹਨ (ਇਸੇ ਤਰ੍ਹਾਂ ਸੰਨਿਪਾਤ ਦੇ ਭੇਦ ਭੀ ੬੨ ਬਾਤਾਦਿ ਭੇਦ ਕਰਕੇ ਕੀਤੇ ਹਨ, ਸੋ ਸਭ ਪਾਦ ਰੋਗਾਂ ਯਾ ਬਾਤ ਬਯਾਧੀ ਵਿਚ ਹੀ ਗਣਨਾ ਕੀਤੇ, ਜਾਨਣੇ ਕਿਸੀ ਗ੍ਰੰਥਕਾਰ ਨੇ ਨਿਰਨੇ ਨਹੀਂ ਕੀਤੇ'ਜਿਸ ਤੇ ਭਿੰਨ ਗਿਣਤੀ ਨਹੀਂ ਲਿਖੀ ਹੈ।)

ਵਿਖ-ਜ਼ਹਰ ਸੰਬੰਧੀ ਰੋਗ-੩ ਹਨ, ਕਿਉਂਕਿ ਸਥਾਵਰ, ਜੰਗਮ ਅਤੇ ਕ੍ਰਿਤਮ ਇਉਂ ਤਿੰਨ ਪ੍ਰਕਾਰ ਦੇ ਹਨ।

ਮਦ ਤੇ ਮਦਾਤ੍ਰਯ ਆਦਿ ਚਾਰ ਰੋਗ-ਹਨ। ਸੋ-੧ ਬਾਤ, ੨ ਪਿਤ, ੩ ਕਫ, ਤਥਾ ੪ ਤ੍ਰਿਦੋਖ ਭੇਦ ਨਾਲ, ਪਰਮਦ ਪਾਨਾਜੀਰਣ, ਪਾਨ ਵਿਭ੍ਰਮ, ਅਰ ਪਾਨਾਤਯ ਇਸ ਤਰ੍ਹਾਂ ਮਦਾਤਯ ਰੋਗ ਚਾਰ ਪ੍ਰਕਾਰ ਦਾ ਜਾਨਣਾ।

ਪੰਜ ਕਰਮ-੧ ਵਮਨ, ੨ ਵਿਰੇਚਨ, ੩ ਨਿਰੂਹਣ ਵਸਤੀ, ਅਨੁਵਾਸਤ ਵਸਤੀ, ਅਰ ੫ ਨਸਾਵਰ, ਇਹਨਾਂ ਪੰਜਾਂ ਕ੍ਰਮਾਂ ਦੇ †ਹੀਨ, ਮਿਥਯਾ, ਅਤੇ ਅਤੀ ਯੋਗ ਕਰਨ ਨਾਲ ਇਹਨਾਂ ਤਿੰਨਾਂ ਕਾਰਣਾਂ ਤੇ ਤਿੰਨ ਪ੍ਰਕਾਰ ਦੇ ਰੋਗ ਹੁੰਦੇ ਹਨ, ਸੋ ਪੰਜੇ ਇਕੱਠੇ ਕੀਤੇ ਜਾਣ ਤਾਂ ਪੰਜ ਤੇਆ ੧੫ ਰੋਗ ਹੁੰਦੇ ਹਨ, ਪਰੰਤੂ ਇਨ੍ਹਾਂ ਦਾ ਅੰਤ੍ਰਭਾਵ ਉਕਤ ਰੋਗਾਂ ਵਿਖੇ ਹੀ ਜਾਨਣਾ। ਇਹ ਸਭ ਸਾਰੰਗਧਰੇ ਤੋਂ ਬਰਨਨ ਕੀਤਾ ਗਿਆ ਹੈ ॥ ੧੭੪ ॥

(ਸੰਖੇਪ ਸਰੀਰਕ)

ਥੋੜੇ ਵਿਖੇ ਸ਼ਰੀਰਕ ਬਰਨਨ ਕੀਤਾ ਜਾਂਦਾ ਹੈ ਕਿ :-

ਸਰੀਰ ਵਿਖੇ ਰਸ ਆਦਿ ਧਾਤੂਆਂ ਦੇ ਜੇਹੜੇ ਸਥਾਨ ਹਨ, ਉਨ੍ਹਾਂ ਦੀ ਮ੍ਰਿਯਾਦਾ ਰੱਖਣ ਵਾਲੀਆਂ ੭ ਕਲਾਂ ਹਨ, ਕੋਸ਼ਟ ਵਿਖੇ ੭ ਆਸ਼ਯ ਅਰਥਾਨ ਹਨ। ਸਰੀਰ ਵਿਚ ੧ ਰਸ, ੨ ਰੁਧਿਰ,

---

*ਬਾਬੀਸ ਦਾ ਅਰਥ ੨੨ ਹੈ, ਪਰੰਤੂ ਆਲੋਮੁਹਾਰੀਆ ੨੦ ਅਰਥ ਅਗਿਆਨਤਾ ਦਾ ਕਰਦਾ ਹੈ।

†ਦਵਾਈ ਦੇ ਨਿਯਮ ਨਾਲੋਂ ਘਟ ਸੇਵਨ ਕੀਤੀ ਹੀਨ ਮਾਤ੍ਰਾ ਕਹੀ ਜਾਂਦੀ ਹੈ, ਨਿਯਮ ਨਾਲੋਂ ਘਟ ਵਧ ਵਲ ਧਿਆਨ ਹੀ ਨਾ ਕੀਤਾ ਜਾਵੇ, ਉਹ ਮਿਥਿਆ ਹੈ ਅਤੇ ਨਿਯਮ (ਮਿਕਦਾਰ ਮੁਕ੍ਰਰ) ਨਾਲੋਂ ਬਹੁਤ ਵਧ ਕੇ ਸੇਵਨ ਅਤੀ ਕਹੀ ਜਾਂਦੀ ਹੈ, ਇਸ ਪ੍ਰਕਾਰ ੩ ਭੇਦ ਜਾਨਣੇ।

Digitized by Panjab Digital Library | www.panjabdigilib.org

੩ ਮਾਂਸ, ੪ ਮੇਦਾ, ੫ ਹੱਡੀ, ੬ ਮੱਜਾ ਤੇ ੭ ਬੀਰਜ ਇਹ ੭ ਧਾਤੂਆਂ ਹਨ। ਧਾਤੂਆਂ ਦੇ ਇਸੇ ਤਰ੍ਹਾਂ ੭ ਮਲ ਹਨ। ੭ ਤੁਚਾਂ ਹਨ, ੭ ਉਪਧਾਤੂਆਂ ਹਨ, ਇਹ ਧਾਤੂਆਂ ਦੇ ਸਮੀਪ ਰਹਿਣ ਵਾਲੀਆਂ ਹਨ। ਬਾਤ, ਪਿਤ ਤੇ ਕਫ ਇਹ ੩ ਦੋਖ ਹਨ ॥੧੭੫॥ ਸਰੀਰ ਵਿਚ ਬੰਧਨ ਰੂਪ ੯੦੦ ਨਾੜੀਆਂ ਹਨ, ਇਨ੍ਹਾਂ ਨੂੰ ਹੀ ਸਨਾਯੂ ਆਖਦੇ ਹਨ। ਦੋ ਸੈ ਤੇ ਦਸ (੨੧੦) ਸੰਧੀਆਂ (ਜੋੜ) ਕਹੇ ਹਨ। ਸਰੀਰ ਦਾ ਦਾ ਆਸਰਾ ਰੂਪ ੩੦੦ ਹੱਡੀਆਂ ਹਨ, ਇਕ ਸੌ ਸੱਤ (੧੦੭) ਮਰਮ ਸਥਾਨ ਹਨ। ਸ਼ਿਰਾ ਨਾੜੀਆਂ ੭੦੦ ਹਨ। ਰਸਬਾਹਕ ੨੪ ਨਾੜੀਆਂ ਹਨ। ਮਾਂਸ ਦੇ ਲੰਮੇ ਲੰਮੇ ਟੁਕੜੇ ਇਹ ੫੦੦ ਹਨ। ਇਸਤ੍ਰੀ ਦੇ ੫੨੦ ਹਨ, ਸੋ ੨੦ *ਆਦਮੀ ਨਾਲੋਂ ਵਧ ਹਨ ॥੧੭੭॥ ਕੰਡਾ ਨਾੜੀਆਂ ਅਰਥਾਤ ਵੱਡੀਆਂ ੧੦ ਹਨ। ਪੁਰਖ ਦੇ ਸਰੀਰ ਵਿਚ ੧੦ ਛੇਕ ਹਨ। ਜਨਾਨੀ ਦੇ ਛੇਕ ੧੩ †ਹਨ। ਇਹ ਥੋੜੇ ਮਾਤ੍ਰ ਸਰੀਰਕ ਕਿਹਾ ਹੈ, ਸਮਝ ਰੱਖੋ ਤਾਂ ਗੁਣ ਕਰੇਗਾ ॥੧੭੮॥

ਅਥ ਤੇਲ ਵਿਧੀ—ਸੋਰਠਾ

ਹਰੀ ਵਸਤੁ ਕੋ ਪੀਸ, ਤਾਂਕਾ ਰਸ ਨਿਕਲਾਈਏ।
ਲੇਹੁ ਚੌਗੁਨਾ ਈਸ, ਚੂਰਣ ਤੇ ਤੁਮ ਜਾਨਕੈ ॥੧੭੯॥
ਤਾਂਕੋ ਕ੍ਵਾਥ ਕਰਾਇ, ਰਹੈ ਭਾਗ ਜਬ ਚੌਥਈ।
ਤਬ ਹੀ ਤੁਰਤ ਛਨਾਇ, ਦੀਜੈ ਮੇਲ ਕੜਾਹਿ ਮੇ ॥੧੮੦॥
ਤਾਂਤੇ ਚੌਗਨ ਘੀਉ, ਅਥਵਾ ਤੇਲ ਮਿਲਾਈਏ।
ਚੂਰਣ ਤੇ ਪਯ ਜੀਉ, ਚਾਰ ਭਾਗ ਧਰ ਕ੍ਵਾਥ ਮੇ ॥੧੮੧॥
ਦੀਜੈ ਅਗਨਿ ਬਲਾਇ, ਸੁਸੈ ਸਰਬ ਜਬ ਘ੍ਰਿਤ ਰਹਤ।
ਲੇਵੋ ਭਾਂਜਨ ਪਾਇ, ਘੀਉ ਤੇਲ ਇਮ ਵਿਧ ਕਰੋ ॥੧੮੨॥

ਹਰੀ ਤਾਜ਼ੀ ਵਸਤੂ (ਜਿਸ ਨੂੰ ਕ੍ਰਿਮ ਆਦਿ ਨਾਲ ਕਿਸੀ ਤਰ੍ਹਾਂ ਦਾ ਨੁਕਸਾਨ ਨਾ ਹੋ ਚੁਕਾ ਹੋਵੇ) ਲਿਆ ਕੇ, ਕੂਟ ਕੇ ਨਿਚੋੜ ਕਰ ਰਸ ਕਢ ਲਵੇ। ਅਜੇਹਾ ਸੁਰਸ ਚੂਰਣ ਨਾਲੋਂ ਚੌਗਣਾ ਪਾ ਕੇ ॥੧੨੯॥ ਕਾੜ੍ਹਾ ਕਰੇ, ਜਦ ਚੌਥਾ ਹਿੱਸਾ ਸੜ ਕੇ ਆਣ ਰਹੇ ਤਾਂ ਹੇਠਾਂ ਲਾਹਕੇ ਪੁਣ ਲਵੇ ਅਰ ਮੁੜ ਉਸ ਪੁਣੇ ਕਵਾਥ ਦੇ ਜਲ ਨੂੰ ਕੜਾਹੀ ਵਿਚ ਪਾ ਕੇ ॥੧੮੦॥ ਇਸ ਜਲ ਨਾਲੋਂ ਚੌਗਣਾ ਘਿਉ ਅਥਵਾ ਤੇਲ ਪਾਵੇ। ਚੂਰਣ ਨਾਲੋਂ ਦੁਧ ਚਾਰ ਭਾਗ ਪਾਵੇ ॥੧੮੧॥ ਫਿਰ ਕੜਾਹੀ ਹੇਠ ਅੱਗ ਜਲਾ ਦੇਵੇ, ਜਦ ਹੋਰ ਸਭ ਸੜਕੇ ਘ੍ਰਿਤ ਮਾਤ੍ਰ ਆਣ ਰਹੇ ਤਾਂ ਸਾਫ ਕਰਕੇ ਭਾਂਡੇ ਵਿਚ ਪਾ ਲਵੇ, ਇਸ ਤਰ੍ਹਾਂ ਘਿਉ ਤੇ ਤੇਲ ਬਣਨ ਦੀ ਵਿਧੀ ਕਹੀ ਗਈ ਹੈ ॥੧੮੨॥

ਦੂਜੀ ਵਿਧੀ—ਸੋਰਠਾ

ਸੂਕੀ ਔਖਧਿ ਆਨ, ਚੂਰਨ ਕਰ ਜਲ ਅਸਟ ਗੁਣ।

---

*ਕੁਚਾਂ ਵਿਚ ਪੰਜ ਪੰਜ, ਯੋਨੀ ਵਿਚ ੪, ਗਰਭ ਰਸਤੇ ਵਿਚ ੩ ਤੇ ਗਰਭ ਸਥਾਨ ਵਿਚ ੩ ਇਉਂ ੨੦ ਹਨ।

†ਦੋ ਕੁਚਾਂ ਤੇ ਇਕ ਗਰਭ ਦਾ ਇਹ ੩ ਵਧ ਹਨ।

Digitized by Panjab Digital Library | www.panjabdigilib.org

ਭੇਮ ਰਾਖ ਨਿਸ ਜਾਨ, ਪ੍ਰਾਤਹਿ ਤਾਕਾ ਕ੍ਵਾਥ ਕਰ ॥੧੯੩॥
ਲੇਹੁ ਆਠਮਾ ਅੰਸ, ਛਾਣੀ ਦੂਧ ਜੁ ਅਸਟ ਗੁਨ।
ਘੀਉ ਤੇਲ ਬਰੰਸ, ਚੂਰਣ ਤੇ ਹੀ ਚੌਗੁਣੇ ॥੧੯੪॥
ਮੀਠੀ ਅਗਨਿ ਪਕਾਇ, ਰਹੇ ਤੇਲੁ ਅਰੁ ਘ੍ਰਿਤ ਜਬੈ॥
ਲੇਵੋ ਭਾਂਡੇ ਪਾਇ, ਮਧਜਮ ਦੂਜੀ ਵਿਧਿ ਕਹੀ ॥੧੯੫॥

ਜੇ ਸੁਕੀ ਹੋਈ ਵਸਤੂ ਹੋਵੇ ਤਾਂ ਲਿਆ ਕੇ ਚੂਰਣ ਕਰ ਲਵੇ। ਰਾਤ ੮ ਗੁਣੇ ਪਾਣੀ ਵਿਚ ਭਿਉਂ ਛੱਡੇ, ਪ੍ਰਾਤਹਕਾਲ ਕਾੜ੍ਹਾ ਕਰੇ।੧੯੩॥ ਜਦ ਅੱਠਵਾਂ ਹਿੱਸਾ ਬਾਕੀ ਸੜ ਕੇ ਆ ਰਹੇ ਤਾਂ ਉਤਾਰਕੇ ਪੁਣਕੇ ਉਸ ਵਿਚ ੮ ਗੁਣਾ ਦੁਧ ਪਾਕੇ ਅਰ ਘ੍ਰਿਤ ਤੇਲ ਚੂਰਣ ਨਾਲੋਂ ਚੌਗੁਣਾ ਪਾ ਕੇ ਫਿਰ ਮੱਠੀ ਮੱਠੀ ਅੱਗ ਪਰ ਪਕਾਵੇ, ਜਦ ਘ੍ਰਿਤ ਤੇਲ ਮਾਤ੍ਰ ਆਣ ਰਹੇ, ਸਾਫ ਕਰਕੇ ਭਾਂਡੇ ਵਿਚ ਪਾ ਰਖੇ, ਇਹ ਦੂਜੀ ਵਿਧੀ 'ਮੱਧਮ' ਕਹੀ ਗਈ ਹੈ ॥੧੯੪॥੧੯੫॥

ਤੀਜੀ ਵਿਧੀ—ਸੋਰਠਾ

ਅਤਿ ਸੂਕੀ ਜੇ ਹੋਇ, ਔਖਧ ਉਖਲੀ ਕੂਟਿਯੈ।
ਸੋਲ ਗੁਣਾ ਜਲ ਢੋਇ, ਭੇਮੀ ਰਾਖੋ ਨਿਸ ਸਕਲ ॥੧੯੬॥
ਪ੍ਰਾਤਹਿ ਕਵਾਥ ਕਰਾਇ, ਅਸਟ ਵਿਸੇਖੀ ਛਾਣ ਲੇ।
ਕਵਾਥੇ ਤੇ ਲੈ ਪਾਇ, ਅਸਟ ਗੁਣਾ ਪਯ ਜਾਨਿਯੋ ॥੧੯੭॥
ਚੌ ਗੁਨ ਘ੍ਰਿਤਹਿ ਮਿਲਾਇ, ਭੇਖਜ ਤੇ ਨਿਸਚੈ ਕਰੀ।
ਲੇਵਹੁ ਘ੍ਰਿਤੇ ਪਚਾਇ, ਤੀਜੀ ਬਿਧਿ ਸਾਰੰਗਧਰੈ ॥੧੯੮॥

ਅਤਿਅੰਤ ਸੁੱਕੀ ਔਖਧੀ ਜੇ ਹੋਵੇ ਤਾਂ ਉੱਖਲੀ ਵਿਚ ਪਾ ਕੇ ਕੁੱਟ ਲਵੇ। ਉਸ ਵਿਚ ੧੬ ਗੁਣਾ ਜਲ ਪਾ ਕੇ ਰਾਤ ਭਿਉਂ ਰਖੇ ॥੧੯੬॥ ਸਵੇਰੇ ਕਵਾਥ ਕਰਕੇ ਜਦ ਅੱਠਵਾਂ ਹਿੱਸਾ ਬਾਕੀ ਰਹੇ ਤਾਂ ਉਤਾਰਕੇ ਪੁਣ ਲਵੇ। ਫਿਰ ਕਵਾਥ ਦੇ ਪਾਣੀ ਰਹੇ ਤੇ ਅੱਠ ਗੁਣਾ ਦੁਧ, ੪ ਗੁਣਾ ਘਿਉ ਦਵਾਈ ਨਾਲੋਂ ਪਾਕੇ ਪਕਾਵੇ, ਸੋ ਪੱਕਿਆ ਘਿਉ ਤੀਸਰੀ ਵਿਧੀ ਦਾ ਸਾਰੰਗਧਰ ਵਿਚ ਕਿਹਾ ਹੈ ॥ ੧੯੭ ॥ ੧੯੮ ॥

ਬਾਤ ਉਤਪਤੀ—ਚੌਪਈ

ਊਚਾ ਬੈਨ ਬਾਦ ਬ੍ਰਤ ਧਾਰ। ਖੇਦ ਭਯਾਨਕ ਚਿਤ ਬਿਚਾਰ।
ਰੂਖਾ ਕੌੜਾ ਖਾਵੈ ਕੋਇ। ਨਿਸ ਕੋ ਜਾਗਤ ਦਿਨਕੋ ਸੋਇ ॥੧੯੯॥
ਸੀਤ ਲਗਤ ਸੰਧਯਾ ਕੈ ਕਾਲ। ਉਪਜਤ ਬਾਈ ਇਨ ਤੇ ਲਾਲ।
ਸਾਵਨ ਭਾਦੋਂ ਪੋਖ ਅਸਾਢ। ਮਗਸਰ ਮਾਘੇ ਪਵਨ ਸੁ ਵਾਢ॥੨੦੦॥

ਉਚੇ ਬੋਲਣਾ, ਝਗੜਾ, ਫਾਕੇ ਰਹਿਣਾ, ਖੇਚਲ, ਭਿਆਨਕ ਵਿਚਾਰਾਂ ਚਿਤਵਣੀਆਂ। ਖੁਸ਼ਕ.

Digitized by Panjab Digital Library | www.panjabdigilib.org

ਕੌੜੇ ਖਾਣੇ। ਰਾਤ ਦਾ ਜਾਗਣਾ, ਦਿਨੇ ਸੌਣਾ ॥੧੮੯॥ ਸੰਧਿਆ ਸਮਯ ਸਰਦੀ ਲਗਣ ਤੇ ਇਉਂ ਵਾਯੂ ਦੀ ਉਤਪਤੀ ਹੁੰਦੀ ਹੈ। ਸੌਣ, ਭਾਦਰੋਂ, ਪੋਹ, ਹਾੜ, ਮੱਘਰ ਤੇ ਮਾਘ ਵਿੱਚ ਵਾਯੂ ਵਧਦੀ ਹੈ ॥ ੧੯੦ ॥

ਪਿੱਤ ਉਤਪਤੀ–ਚੌਪਈ

ਬਿਖਮਾਸਨ ਸ੍ਰਮ ਖਾਇ ਪਟਾਇ। ਖਾਰਾ ਕੌੜਾ ਤੀਖਨ ਖਾਇ।
ਖੁਧਾ ਤ੍ਰਿਖਾ ਅਤਿ ਅਚੈ ਅਹਾਰ। ਪੀਵਤ ਮਦਰਾ ਕ੍ਰੋਧ ਸੁਕਾਰ ॥੧੯੧॥
ਤਪੈ ਅਗਨਿ ਅਰੁ ਧੂਪੈ ਫਿਰੈ। ਆਧੀ ਰੈਨ ਦੁਪਹਿਰੇ ਬਿਚਰੈ।
ਉਪਜੈ ਪਿਤ ਜੇਠ ਬੈਸਾਖ। ਆਸੂ ਕਾਤੇ ਰਾਜ ਸੁਭਾਖ ॥੧੯੨॥

ਵਿਖਮਾਸਨ, ਥਕੇਵਾਂ, ਖੱਟਾ ਖਾਰਾ, ਕੌੜਾ ਤੇ ਤੀਖਣ ਖਾਣਾ, ਭੁਖ ਪਿਆਸ ਦਾ ਰੋਕਣਾ, ਬਹੁਤ ਖਾਣਾ, ਨਸ਼ਾ ਪੀਣਾ. ਕ੍ਰੋਧ ਕਰਨਾ, ਅੱਗ ਦਾ ਸੇਕਣਾ, ਧੁਪੇ ਫਿਰਣਾ, ਹੋਰ ਅੱਧੀ ਰਾਤ ਜਾਂ ਦੁਪਹਿਰੇ ਫਿਰਨ ਆਦਿ ਕਾਰਣਾਂ ਤੇ ਪਿੱਤ ਦੀ ਉਤਪਤੀ ਹੁੰਦੀ ਹੈ, ਸੋ ਜੇਠ, ਵੈਸਾਖ ਪਿਤ ਉਤਪੰਨ ਹੋਵੇ ਹੈ, ਅਰ. ਅੱਸੂ ਤੇ ਕੱਤੇਂ ਇਨ੍ਹਾਂ ਮਹੀਨਿਆਂ ਵਿਖੇ ਪਿੱਤ ਦਾ ਰਾਜ ਹੁੰਦਾ ਹੈ ॥੧੯੧॥੧੯੨ ॥

ਕਫ ਉਤਪਤੀ (ਯੋਗਸਤਾਨ)– ਚੌਪਈ

ਦੂਧ ਮਧੁਰ ਤਿਲ ਦਧ ਨਵਨੀਤ। ਲੌਣ ਖਟਾਈ ਪਲ ਝਖ ਸੀਤ।
ਦਿਨ ਸੋਵਤ ਅਰ ਤਪਤ ਅਹਾਰਾ। ਯਾਤੇ ਉਪਜਤ ਕਫ ਜੁ ਬਿਕਾਰ॥੧੯੩॥
ਫਾਗਨ ਚੇਤ੍ਰਹਿ ਰਾਜ ਸੁ ਇਸ ਕਾ। ਤੀਨੋ ਉਪਜਤ ਰਾਜ ਸੁ ਜਿਸ ਕਾ।
ਤੀਨਹੁ ਭੇਦ ਬਖਾਨੇ ਸਹੀ। ਜੋਗੁਸਤਹਿ ਤੇ ਮੇਘ ਸੁ ਕਹੀ ॥੧੯੪॥

ਦੁਧ, ਮਿੱਠਾ, ਤਿਲ, ਦਹੀਂ, ਮੱਖਣ, ਲੂਣ, ਖਟਿਆਈ, ਮਾਂਸ, ਮੱਛੀ, ਅਰ ਸਰਦ (ਵਰਫਾਦਿ), ਇਨ੍ਹਾਂ ਦੇ ਖਾਣੇ ਤੇ, ਦਿਨ ਦੇ ਸੌਣੇ ਅਰ ਗਰਮ ਖਾਣੇ ਤੇ ਕਫ ਦੀ ਉਤਪਤੀ ਹੁੰਦੀ ਹੈ। ਫੱਗੁਣ, ਚੇਤਰ ਵਿਚ ਕਫ ਦਾ ਰਾਜ ਹੁੰਦਾ ਹੈ, ਇਹ ਤਿੰਨੇ ਉਤਪੰਨ ਹੁੰਦੇ ਹਨ, ਜਿਸ ਜਿਸ ਸਮਜ ਜਿਸ ਦਾ ਰਾਜ ਹੁੰਦਾ ਹੈ, ਸੋ ਜਾਣੇ ॥੧੯੩॥੧੯੪॥

ਬਾਤ ਲੱਛਣ (ਯੋਗਸਤਾਨ)–ਦ੍ਵੈਯਾਛੰਦ

ਦੇਹ ਪੀਰ ਤਾਲੂ ਬਹੁ ਜਲਨਾ, ਆਲਸ ਸੀਤ ਡਰਾਵੈ।
ਡੋਵ ਉਠੈ ਮੰਦਾਗਨਿ ਨਿੰਦ੍ਰਾ, ਨਾਹਿ ਜੁ ਤਪ ਤਨ ਤਾਵੈ ॥
ਉਸ਼ਨ ਬਾਛਨਾ ਮੁਖੁ ਹੈ ਫੀਕਾ, ਰੂਖਾ ਅੰਗ ਜੁ ਲਹਿਯੈ।
ਲੱਛਨ ਬਾਤ ਤਨੇ ਇਹ ਭਾਖੇ, ਜੋਗਸਤਹਿ ਤੇ ਕਹਿਯੈ ॥੧੯੫॥

ਦੇਹੀ ਵਿਖੇ ਪੀੜ, ਤਾਲੂ ਦਾ ਸੜਨਾ, ਆਲਸ ਸੀਤ ਦਾ ਲੱਗਣਾ, ਡੋਬ ਪੈਣਾ, ਪੇਟ ਦੀ ਅਗਨਿ ਮਾਰੀ ਜਾਣੀ,ਨੀਂਦ ਨਾਂ ਔਣੀ, ਤਾਪ ਦਾ ਤਾਓ,ਗਰਮ ਹਵਾੜ, ਮੂੰਹ ਫਿਕਾ, ਅੰਗ ਖੁਸ਼ਕ ਰਹਿਣੇ।੧੯੫।

Digitized by Panjab Digital Library | www.panjabdigilib.org

ਪਿੱਤ ਲੱਛਣ—ਚੌਪਈ

ਕੌੜਾ ਮੁਖ ਬਯਾਕੁਲ ਬਕਬਾਦ। ਸੋਖ ਅਧਰ ਮੂਰਛਾ ਤਨ ਸਾਦ।
ਤਾਪ ਸ੍ਵੇਦ ਸੀਤਹ ਪਰਿ ਪ੍ਰੀਤ। ਦਾਘ ਘਨੀ ਲੱਛਣ ਪਿਤ ਮੀਤ ।੧੯੬।

ਮੂੰਹ ਦਾ ਸਵਾਦ ਕੌੜਾ, ਬਿਆਕੁਲਤਾ, ਬਕਬਾਦ, ਹੋਂਠ ਸੁਕਣੇ, ਮੂਰਛਾ (ਗਸ਼ੀ), ਅੰਗ ਟੁਟਣੇ ਤਾਪ, ਪਸੀਨਾ, ਠੰਢੇ ਖਾਣ ਦੀ ਚਾਹ ਅਰ ਬਹੁਤਾ ਦਾਹ ਲੱਗਣਾ, ਇਹ ਪਿੱਤ ਦੇ ਲੱਛਣ ਕਹੇ ਹਨ ॥੧੯੬॥

ਕਫ ਲੱਛਣ—ਚੌਪਈ

ਖਾਸੀ ਕੇਹਰ ਆਲਸ ਸ੍ਵਾਸ। ਮੁਖੁ ਮੀਠਾ ਕਫ ਭੂਖ ਜੁ ਨਾਸ।
ਹੀਯਾ ਭਾਰੀ ਗਲ ਗ੍ਰਹ ਜਾਨ। ਕਫ ਕੈ ਲੱਛਨ ਏਤੇ ਮਾਨ ॥੧੯੭॥

ਖਾਂਸੀ, ਜ਼ੁਕਾਮ, ਆਲਸ, ਦਮਾ, ਮੂੰਹ ਮਿਠਮਿਠਾ, ਕਫ, ਭੁਖ ਦਾ ਨਾਸ਼, ਕਲੇਜੇ ਭਾਰ ਅਰ ਗਲ ਦਾ ਰੁਕਣਾ, ਇਹ ਕਫ ਦੇ ਲੱਛਣ ਕਹਾਉਂਦੇ ਹਨ ॥੧੯੭॥

ਬਾਤ ਉਪਾਇ—ਚੌਪਈ

ਉਸਨ ਬਾਤ ਮਰਦਾਨ ਮਿਠ ਤੇਲ। ਉਸਨੋਦਕ ਬ੍ਰਤ ਸੇਕਹਿ ਮੇਲ।
ਮਦਰਾ ਨਿਸ ਦਿਨ ਕਰਤ ਅਹਾਰ ।ਬਾਤ ਬਯਾਧ ਬਿਨਸੈ ਤਤਕਾਰ॥੧੯੮॥

ਗਰਮ ਵਾਯੂ ਦਾ ਸੇਵਨ, ਮਿਠੇ ਤੇਲ ਦੀ ਮਾਲਿਸ਼, ਗਰਮ ਜਲ (ਪੀਣਾ ਸ਼ਨਾਨ ਕਰਨਾ) ਬ੍ਰਤ ਰਖਣੇ, ਸੇਕਣਾ, ਰਾਤ ਦਿਨ ਦਾਰੂ ਦਾ ਪੀਣਾ, ਇਹਨਾਂ ਕਾਰਣਾਂ ਤੇ ਬਾਤ ਦੀ ਬਿਆਧੀ ਸ਼ੀਘਰ ਨਾਸ਼ ਹੁੰਦੀ ਹੈ ॥੧੯੮॥

ਪਿੱਤ ਉਪਾਇ—ਚੌਪਈ

ਸੀਤਲ ਜਲ ਇਸਨਾਨ ਕਰਾਇ। ਭੋਜਨ ਮੈ ਰਸੁ ਗੰਧ ਕਮਾਇ।
ਚੰਦ੍ਰ ਚੰਦ੍ਰਕਾ ਸਰਦ ਜੁ ਗੇਹ। ਚੰਦਨਾਦਿ ਪਿਤ ਦੂਰਿ ਕਰੇਹ ॥੧੯੯॥

ਠੰਢੇ ਜਲ ਵਿਚ ਸਨਾਨ, ਰਸੇਦਾਰ, ਸੁਗੰਧੀ ਵਾਲੇ ਭੋਜਨ ਖਾਣੇ, ਚੰਦਮਾ ਦੀ ਚਾਂਦਨੀ ਦਾ ਸੇਵਨ, ਸਰਦ ਘਰਾਂ ਦਾ ਵਾਸ ਅਤੇ ਚੰਦਨ ਆਦਿ ਦਾ ਲੇਪ, ਇਹ ਸਭ ਪਿਤ ਨਾਸ਼ਕ ਯਤਨ ਕਹੇ ਜਾਂਦੇ ਹਨ ॥੧੯੯॥

ਕਫ ਉਪਾਇ—ਚੌਪਈ

ਬਮਨ ਬਰੇਚਨ ਤਿਕਤੈ ਖਯਾਰ। ਕਟਕ ਕਸੈਲਾ ਬ੍ਰਤ ਬਹੁਕਾਰ।
ਉਸਨ ਨੀਰ ਸ੍ਵੇਦਤ ਨਸਵਾਰ। ਇਨ ਤੇ ਜਾਵਤ ਕਫੀ ਬਿਕਾਰ॥੨੦੦॥

ਕੈ, ਦਸਤ, ਤੀਖਣ, ਖਾਰਾ, ਕੜਾ ਤੇ ਕਸੈਲਾ, ਇਤਯਾਦਿ ਖਾਣ ਯਾ ਬਹੁਤੇ ਬ੍ਰਤ ਕਰਨੇ। ਗਰਮ ਜਲ ਦਾ ਸੇਵਨ, ਪਸੀਨਾ, ਨਸਵਾਰ ਦਾ ਲੈਣਾ ਇਤਯਾਦਿ ਕਾਰਣਾਂ ਤੇ ਕਫ ਦਾ ਵਿਕਾਰ ਜਾਂਦਾ ਹੈ ॥੨੦੦॥

Digitized by Panjab Digital Library | www.panjabdigilib.org

ਬਾਤ ਪਰਕ੍ਰਿਤੀ ਲੱਛਣ ਚੌਪਈ

ਮਨ ਚੰਚਲ ਕ੍ਰਿਸ ਅਲਪ ਜੁਵਾਰ। ਰੂਖਾ ਬਪੁ ਉਸਨੈ ਦਿਲ ਧਾਰ।
ਉਡਤ ਅਕਾਸ ਸੁਪਨ ਮੈਂ ਰਾਤ। ਜਾਕੀ ਹੋਵਤ ਪ੍ਰਾਕ੍ਰਿਤ ਬਾਤ ॥੨੦੧॥

ਹੁੱਜਤੀ, ਲਿੱਸਾ ਜਿਹਾ, ਥੋੜੇ ਰੋਮਾਂ ਵਾਲਾ, ਖ਼ੁਸ਼ਕ ਸਰੀਰ, ਗਰਮ ਖਾਣ ਦਾ ਲਾਲਚੀ, ਸੁਪਨੇ ਵਿਚ ਰਾਤ ਨੂੰ ਅਕਾਸ਼ ਵਲ ਉਡੇ, ਇਹ ਸਭ ਬਾਤ ਪ੍ਰਕ੍ਰਿਤੀ ਵਾਲੇ ਦੇ ਲੱਛਣ ਹੁੰਦੇ ਹਨ ॥੨੦੧॥

ਪਿੱਤ ਪ੍ਰਕ੍ਰਿਤੀ ਲੱਛਣ–ਚੌਪਈ

ਤਰੁਣ ਸਮੇ ਮੈਂ ਧਵਲੇ ਬਾਰ। ਬੁੱਧਵੰਤ ਪਰਸਵੇਦ ਬਿਚਾਰ।
ਦੇਖੈ ਸੁਪਨੇ ਮਹਿ ਗ੍ਰਹਿ ਸਾਰੇ। ਕਰੈ ਕ੍ਰੋਧ ਪਿੱਤ ਪ੍ਰਕ੍ਰਿਤ ਧਾਰੇ ॥੨੦੨॥

ਜੋਬਨ ਵਿਚ ਹੀ ਰੋਮ ਸਫੈਦ ਹੋਣੇ, ਬੁੱਧੀਮਾਨ, ਪਸੀਨਾ ਬਹੁਤ, ਸੁਪਨੇ ਵਿਚ ਸਾਰੇ ਗ੍ਰਹਿ ਦੇਖੇ ਅਰ ਕ੍ਰੋਧੀ ਰਹੇ, ਇਹ ਪਿੱਤ ਪ੍ਰਕ੍ਰਿਤੀ ਦੇ ਲੱਛਣ ਹਨ ॥੨੦੨॥

ਕਫ ਪ੍ਰਕ੍ਰਿਤੀ ਲੱਛਣ–ਚੌਪਈ

ਸਨਿਗਧ ਕੇਸ ਬਲ ਬੁੱਧ ਗੰਭੀਰ। ਸਥੂਲ ਅੰਗ ਕਫ ਖਾਸੀ ਧੀਰ।
ਸੁਪਨੇ ਮੈਂ ਜਲ ਸਾਗਰ ਤਰੈ। ਕਫ ਸੁਭਾਵ ਏਤੇ ਗੁਨ ਕਰੈ ॥੨੦੩॥

ਕੇਸ਼ ਸੰਘਣੇ, ਬਲ ਬੁੱਧੀ ਗੰਭੀਰ, ਮੋਟੇ ਅੰਗ, ਕਫਦਾਰ ਖਾਂਸੀ, ਸੁਪਨੇ ਵਿੱਚ ਜਲ ਦੇ ਸਮੁੰਦਰ ਤਰਨੇ, ਇਹ ਕਫੀ ਸੁਭਾਵ ਵਾਲੇ ਦੇ ਲੱਛਣ ਕਹੇ ਹਨ ॥੨੦੩॥

ਦੂੰਦਜ ਨਿਦਾਨ–ਦੋਹਰਾ

ਰੁਤ ਉਲਟਤ ਹੁਇ ਔਰ ਜਿਉਂ, ਉਸਨ ਸੀਤ ਮੈਂ ਜਾਨ।
ਕਫ ਕੀ ਰਿਤ ਮੈਂ ਗ੍ਰੀਖਮਾ, ਤਾਤੇ ਦੂੰਦਜ ਮਾਨ ॥੨੦੪॥

ਰੁੱਤ ਉਲਟੀ ਹੁਇ ਆਵੇ, ਜਿਸ ਤਰ੍ਹਾਂ ਗਰਮੀ ਦੀ ਰੁੱਤ ਵਿਚ ਸਰਦੀ ਪੈਣ ਲਗ ਜਾਵੇ। ਕਫ ਦੀ ਰੁਤ ਵਿਚ ਗਰਮੀ। ਇਸ ਪ੍ਰਕਾਰ ਹੋਣ ਤੇ ਦੂੰਦਜ ਰੋਗ ਪੈਦਾ ਹੁੰਦੇ ਹਨ, ਯਾ ਮੌਸਮ ਦੇ ਬਦਲਣ ਨਾਲ ਅਜੇਹਾ ਜਾਣੇ ॥੨੦੪॥

ਬਾਤ ਪਿੱਤ ਲੱਛਣ–ਦੋਹਰਾ

ਅਨਿਲ ਰਾਜ ਮੈਂ ਉਸਨ ਹੁਇ, ਰੁਤ ਉਲਟਤ ਬਿਪਰੀਤ।
ਗਰਮ ਖਾਇ ਪਿਤ ਬਾਤ ਹੁਇ, ਜਾਨੋ ਲੱਛਣ ਮੀਤ ॥੨੦੫॥

ਵਾਯੂ ਦੇ ਰਾਜ ਵਿੱਚ ਗਰਮੀ ਉਲਟੀ ਹੁਇ ਆਵੇ, ਅਜੇਹੀ ਉਲਟੀ ਬਹਾਰ ਵਿਖੇ, ਗਰਮ ਪਦਾਰਥ ਖਾਵੇ ਤਾਂ ਕਫ ਬਾਤ ਪੈਦਾ ਹੁੰਦੀ ਹੈ ॥੨੦੫॥

ਬਾਤ ਸ਼ਲੇਖਮ ਉਤਪਤੀ–ਦੋਹਰਾ

ਬਾਤ ਰਾਜ ਕਫ ਬਸਤੁ ਕੋ, ਖਾਵਤ ਜੋ ਨਰ ਨਾਰਿ।

Digitized by Panjab Digital Library | www.panjabdigilib.org

ਰੁਤ ਉਲਟੀ ਤੇ ਹੋਤ ਹੈ, ਬਾਇ ਸਲੇਖਮ ਸਾਰ ॥ ੨੦੬ ॥

ਬਾਤ ਦੇ ਰਾਜ ਵਿਚ ਕਫਕਾਰਕ ਚੀਜ਼ਾਂ ਨੂੰ ਜੇ ਕੋਈ ਪੁਰਖ ਵਾ ਇਸਤਰੀ ਸੇਵਨ ਕਰਦਾ ਜਾਵੇ, ਤਦ ਫਿਰ ਅਸਲ ਰੁਤ ਦੇ ਮੁੜ ਆਇਆਂ ਬਾਤ ਕਫ ਪੈਦਾ ਹੁਇ ਔਂਦੀ ਹੈ ॥੨੦੬॥

ਕਫ ਪਿਤ ਉਤਪਤੀ—ਦੋਹਰਾ

ਕਫ ਕੈ ਰਾਜੈ ਉਸਨ ਹਵੈ, ਵਾ ਪਿਤਲ ਕਛੁ ਖਾਇ।
ਪਿਤ ਸਲੇਖਮ ਤਾਹਿ ਤੈ, ਨਿਸਚੈ ਕਰ ਉਪਜਾਇ ॥੨੦੭॥
ਕਰੀਓ ਸਮਝ ਉਪਾਇ ਤਿਸੁ, ਕਰੇ ਗ੍ਰੰਥ ਲਖ ਔਰ।
ਅਤ੍ਰੈ ਤੇ ਇਹੁ ਆਨਕੈ, ਕਹੀ ਮੇਘ ਇਸ ਠੌਰ ॥੨੦੮॥

ਕਫ ਦੇ ਰਾਜ ਵਿੱਚ ਗਰਮੀ ਵਧ ਆਵੇ, ਫਿਰ ਪਿਤ ਕਾਰਕ ਚੀਜਾਂ ਦਾ ਸੇਵਨ ਕਰੇ ਤਾਂ ਫਿਰ ਪਿੱਤ ਤੇ ਕਫ ਵਧ ਜਾਂਦੀ ਹੈ, ਇਹ ਬਾਤ ਨਿਸਚੇ ਹੈ। ਇਸਦਾ ਯਤਨ ਸਮਝ ਸੋਚਕੇ ਕੋਈ ਹੋਰ ਭੀ ਪੁਸਤਕ ਦੇਖ ਕੇ ਕਰਨਾ। ਇਹ ਅਤ੍ਰਿਯ ਦੇ ਮਤ ਵਿਚੋਂ ਲਿਆਕੇ ਕਿਹਾ ਗਿਆ ਹੈ ॥੨੦੭॥੨੦੮॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘਰਾਜ ਬਿਚਰਤੇ ਨਾੜੀ
ਪਰੀਛਯਾਦਿ ਨਾਮ ਪ੍ਰਿਥਮੋਂ ਧਯਾਇ ॥ ੧ ॥
॥ ਪ੍ਰਥਮ ਅਧਯਾਯ ਸਮਾਪਤ ॥ ੧ ॥

ਅਥ ਦੁਤਿਯ ਅਧਯਾਯ

ਜ੍ਵਰਾਧਿਕਾਰ—ਚੌਪਈ

ਈਸ਼ਵਰ ਕਾ ਕੀਨਾ ਅਪਮਾਨ। ਦੱਛ ਰਾਇ ਨੇ ਜਾਨੋ ਗਯਾਨ।
ਈਸ਼ਰ ਲੀਨੋ ਊਭੋ ਸਾਸ। ਤਾਂਤੇ ਜੁਰ ਏ ਆਠ ਪ੍ਰਕਾਸ ॥੧॥
ਆਮਾਸ਼ਯ ਕਾ ਦੋਖ ਬਿਚਾਰ। ਮਿਥਯਾਹਾਰ ਬਿਹਾਰ ਸੰਭਾਰ।
ਉਦਰ ਅਗਨ ਬਾਹਰ ਨਿਕਲਾਇ। ਤਾਪ ਨਿਦਾਨ ਕਹਯੋ ਮਨੁ ਲਾਇ॥੨॥
ਸਭਨਿ ਰੋਗ ਕਾ ਏਹੁ ਨਿਦਾਨ। ਘਨੀ ਮੈਲੁ ਜਿਸ ਉਦਰ ਮਧਯਾਨ।
ਅਥਵਾ ਪਾਪ ਕੀਓ ਜਿਨ ਘਨਾ। ਤਾਕੋ ਤਾਪ ਹੋਤ ਹੈ ਭਨਾ ॥ ੩ ॥

Digitized by Panjab Digital Library | www.panjabdigilib.org

ਸ਼ਿਵ ਜੀ ਦਾ ਨਿਰਾਦਰ ਦੱਛ ਪਰਜਾ ਪਤੀ ਨੇ ਕੀਤਾ, ਅਤੇ ਸ਼ਿਵਜੀ ਨੇ ਹਾਹੁਕੇ ਭਰੇ। ਤਿਨ੍ਹ ਹਾਹੁਕਿਆਂ ਤੋਂ ੮ ਪ੍ਰਕਾਰ ਦੇ ਤਾਪ ਉਤਪੰਨ ਹੋਏ ॥ ੧ ॥ ਆਮ ਆਸ਼ਯ ਦਾ ਦੋਖ। ਮਿਥਿਆ ਹਾਰ ਬਿਹਾਰ ਤੇ ਪੇਟ ਦੀ ਅਗਨੀ ਨੂੰ ਬਾਹਰ ਕੱਢ ਦੇਵੇ, ਤਿਸਨੂੰ "ਤਾਪ" ਆਖਦੇ ਹਨ। ਇਹ ਤਾਪ ਦਾ ਨਿਦਾਨ ਹੈ ॥ ੨ ॥ ਸਾਰਿਆਂ ਰੋਗਾਂ ਦਾ ਏਹੋ ਕਾਰਣ ਹੈ, ਪਰ ਜਿਸਦੇ ਪੇਟ ਅੰਦਰ ਬਹੁਤੀ ਮੈਲ ਵਧ ਜਾਵੇ ਯਾ ਜਿਸ ਨੇ ਬਹੁਤ ਪਾਪ ਕੀਤੇ ਹੋਣ, ਉਸ ਨੂੰ ਤਾਪ ਹੁੰਦਾ ਹੈ ॥੩॥

ਮਿਥਯਾਹਾਰ ਲੱਛਣ—ਚੌਪਈ

ਸਮੇ ਬਿਨਾ ਮਾਤ੍ਰਾ ਅਧਿਕਾਇ। ਬਸਤ ਅਹਿਤ ਜੋ ਬਹੁਤੀ ਖਾਇ।
ਬਿਖਮਾਸਨ ਬੈਠਤ ਨਰ ਥਾਇ। ਮਿੱਥਯਾਹਾਰ ਜੁ ਲੱਛਣ ਗਾਇ ॥੪॥

ਨਿਯਮਿਤ ਸਮਯ ਤੋਂ ਬਿਨਾਂ ਬਹੁਤਾ ਖਾਣਾ, ਨਾ ਸੁਖੋਣ ਵਾਲੀਆਂ ਵਸਤੂਆਂ ਦਾ ਬਹੁਤ ਸੇਵਨ ਅਰ ਵਿਖਮਾਸਨ ਬੈਠਣਾ ਇਹ ਮਿਥਿਆਹਾਰ ਦੇ ਲੱਛਣ ਹਨ ॥੪॥

ਮਿਥਯਾ ਵਿਹਾਰ—ਚੌਪਈ

ਕਰਤ ਖੀਨ ਜੋ ਬਹੁਤਾ ਕਾਮ। ਆਪ ਨਿਬਲੁ ਭਾਰੀ ਜਗ ਕਾਮ।
ਮਿਥਯਾ ਏਹ ਬਿਹਾਰ ਕਹਾਇ। ਮੇਘ ਬਿਨੋਦੈ ਦੀਓ ਬਤਾਇ ॥੫॥

ਮਾੜਾ ਹੋ ਕੇ ਬਹੁਤਾ ਕੰਮ ਕਰੇ। ਆਪ ਨਿਰਬਲ ਹੋ ਕੇ ਭਾਰਾ ਕੰਮ ਕਰਨ ਲਗ ਪਵੇ। ਇਉਂ ਮਿਥਿਆ ਬਿਹਾਰ ਕਹਾਉਂਦਾ ਹੈ ॥੫॥

ਕੱਚੇ ਜਵਰ ਦੇ ਲੱਛਣ—ਦੋਹਰਾ

ਰਕਤ ਬਦਨ ਹਿਯ ਭਾਰ ਬਮਿ, ਮੰਦਾਗਨਿ ਮੁਖ ਫੀਕ।
ਨਿੰਦ੍ਰਾ ਬਪੁ ਭਾਰੀ ਸਕਲ, ਥੂਲਪਨਾ ਇਹ ਠੀਕ ॥ ੬ ॥
ਮੂਤਰ ਆਵਤ ਛਿਨ ਛਿਨੈ, ਅੰਨੈ ਤੇ ਕੰਪਾਇ।
ਕਾਚਾ ਜ੍ਵਰ ਇਮ ਜਾਨਿਯੋ, ਮੂਲ ਨ ਔਖਧ ਦਾਇ ॥ ੭ ॥
ਜਿਉਂ ਪਯ ਪਾਈਐ ਉਰਗ ਮੁਖ,ਹੋਵਤ ਵਿਖ ਤਿਸੁ ਭਾਇ।
ਤਿਉਂ ਕਾਚੇ ਜ੍ਵਰ ਅਹਿ ਮੁਖੇ, ਔਖਧ ਔਗਨ ਥਾਇ ॥ ੮ ॥

ਮੂੰਹ ਦਾ ਰੰਗ ਲਾਲ, ਕਲੇਜਾ ਭਾਰਾ, ਉਥਾਕ ਔਣੇ, ਮੰਦਾਗਨੀ, ਮੂੰਹ ਦਾ ਸਵਾਦ ਫਿਕਫਿਕਾ, ਬਹੁਤੀ ਨੀਂਦ, ਦੇਹ ਕਾਰੀ, ਮੋਟਾਪਨ ॥੬॥ ਛਿਨ ੨ ਵਿਖੇ ਮੂਤ ਆਵੈ, ਅੰਨ ਵਲੋਂ ਕੰਪਾਇਮਾਨ ਭਾਵ ਖਾਣ ਨੂੰ ਮਨ ਨਾ ਚਾਹੇ,ਇਸ ਤਰ੍ਹਾਂ ਕੱਚਾ ਤਪ ਜਾਨਣਾ। ਜਿਸ ਤਰ੍ਹਾਂ ਸੱਪ ਦੇ ਮੂੰਹ ਪਾਇਆ ਦੁਧ ਜ਼ਹਿਰ ਹੋ ਜਾਂਦਾ ਹੈ, ਇਸੇ ਤਰ੍ਹਾਂ ਕੱਚੇ ਤਾਪ ਵਿਚ ਦਵਾਈ ਦਿੱਤੀ ਭੀ ਔਗੁਣਕਾਰ ਹੁੰਦੀ ਹੈ ॥੭॥੮॥

ਪੱਕ ਜਵਰ ਦੇ ਲੱਛਣ—ਚੌਪਈ

ਕੋਮਲ ਜਵਰ ਲਘੁ ਦੇਹੀ ਜਾਨ। ਪਾਕੀ ਮੈਲ ਗਿਰਤ ਸੁਖ ਨਾਨ।
ਤਾਕੋ ਔਖਧ ਦੇਹੁ ਬਨਾਇ। ਘਟਤ ਰੋਗੁ ਪਾਰਸ ਅਯ ਭਾਇ ॥੯॥

Digitized by Panjab Digital Library | www.panjabdigilib.org

ਧਾਤ ਪਾਕ ਤੇ ਰੋਗੀ ਮਰੈ। ਮਲੁ ਪਾਕੇ ਰੋਗੀ ਸੁਖ ਧਰੈ।
ਤਾਕਾ ਕਰੀਓ ਸਮਝ ਬਿਚਾਰ। ਮਾਧਵ ਮਾਹੈ ਤਾਕੀ ਸਾਰ ॥੧੦॥

ਮੱਠਾ ਜੇਹਾ ਤਪ, ਦੇਹ ਹਲਕੀ, ਮੈਲ ਪੱਕੀ ਹੋਈ ਝੜੇ। ਇਸ ਤਰ੍ਹਾਂ ਦਾ ਰੋਗੀ ਦਵਾਈ ਦੇਣੇ ਯੋਗਜ ਹੈ ॥ ੯ ॥ ਧਾਤੂ ਵਿਚ ਤਾਪ ਪੱਕੇ ਤਾਂ ਰੋਗੀ ਮ੍ਰਿਤ ਹੋਵੇ, ਮਲ ਵਿਚ ਪੱਕੇ ਤਾਂ ਬਚ ਜਾਵੇ, ਇਸ ਦਾ ਭੇਤ ਮਾਧਵ ਵਿਚੋਂ ਸਮਝਕੇ ਫਿਰ ਦਵਾਈ ਕਰੇ ॥੧੦॥

ਧਾਤੂ ਪਾਕ ਲੱਛਣ-ਦੋਹਰਾ

ਹ੍ਰਿਦ ਸਥੰਭ ਨਿੰਦ੍ਰਾ ਨਹੀਂ, ਬਿਸਟੰਭੀ ਬਪੁ ਭਾਰ।
ਨਿਬਲ ਅਰੁਚਿ ਆਰਤਘਨੀ, ਧਾਤੂ ਪਾਕ ਮ੍ਰਿਤ ਕਾਰ ॥੧੧॥

ਹਿਰਦਾ ਰੁਕੇ, ਨੀਂਦ ਨਾ ਆਵੇ, ਕਬਜ਼ੀ ਰਹੇ, ਸਰੀਰ ਭਾਰਾ, ਨਿਰਬਲਤਾ, ਅਰੁਚੀ, ਅਚਵੀ ਬਹੁਤ, ਇਸ ਤਰ੍ਹਾਂ ਦਾ ਧਾਤੂ ਪਾਕ (ਜਵਰ) ਮ੍ਰਿਤੂ ਕਾਰਕ ਹੈ ॥੧੧॥

ਮਲ ਪਾਕ ਲੱਛਣ-ਦੋਹਰਾ

ਦੋਖ ਪ੍ਰਕ੍ਰਿਤ ਦੋਨੋ ਫਿਰਤ, ਲਘੁ ਬਪੁ ਥੋਰੇ ਤਾਪ।
ਸਭ ਇੰਦ੍ਰੀ ਆਨੰਦ ਸੋਂ, ਮਲ ਪਾਕੇ ਪਰਤਾਪ ॥੧੨॥

ਦੋਖ, ਪ੍ਰਕ੍ਰਿਤੀ ਦੋਨੋ ਮੁੜ ਪੈਣ, ਹਲਕੀ ਦੇਹ, ਥੋੜਾ ਤਾਪ; ਅਰ ਸਾਰੀਆਂ ਇੰਦਰੀਆਂ ਅਨੰਦ ਨਾਲ ਹੋਣ ਤਾਂ ਪੱਕੇ ਦੋਖ ਦੇ ਲੱਛਣ ਜਾਣੇ ॥੧੨॥

ਜਵਰਪੱਕ ਮਿਰਯਾਦਾ (ਸਾਰੰਸਗ੍ਰਹਾਤ)-ਸ਼ੰਕਰਛੰਦ

ਦਿਵਸ ਸਾਤੇ ਬਾਤ ਪਾਕੈ, ਦਸਹਿ ਪਿੱਤ ਜਵਰ ਜਾਨ।
ਕਫਹਿ ਦਵਾਦਸ ਦਿਵਸ ਭਾਖੈ, ਬਾਤ ਸਾਚੀ ਮਾਨ।
ਪਿੱਤ ਅਨਿਲ ਦੁੰਦਜ ਨਵ ਦਿਨੇ ਮੈ, ਪਾਕ ਹੈ ਜ੍ਵਰ ਸੋਇ।
ਅਨਿਲ ਕਫ ਦਿਨ ਕਹੇ ਦਸ ਹੈ, ਪਿਤ ਕਫ ਪਚ ਹੋਇ ॥੧੩॥
ਦਸ ਦਿਹਾੜੇ ਤੀਨ ਦੋਖੀ, ਸੰਨ ਇਕ ਹੈ ਪਾਖ।
ਏ ਕਹੀ ਔਆ ਸਾਰਸੰਗ੍ਰਹਿ, ਮੇਘ ਮੁਨਿ ਇਮ ਭਾਖ।
ਦੋਖ ਜਾਨੋ ਮਨਹਿ ਆਨੋ, ਕਰੋ ਤਿਸੁ ਉਪਚਾਰ।
ਮੋਕੋ ਨ ਕੋਈ ਦੋਸੁ ਦੀਜੇ, ਅਪਰ ਬਾਤ ਅਪਾਰ ॥੧੪॥

ਬਾਤੇ ਦਾ ਤਾਪ ੭ ਦਿਨ ਵਿਖੇ, ਪਿੱਤ ਦਾ ੧੦ ਦਿਨ, ਕਫ ਦਾ ੧੨ ਦਿਨ, ਪਿਤ ਬਾਤ ਦਾ ਦੁੰਦਜ ੯ ਦਿਨ, ਬਾਤ ਕਫ ਦਾ ੧੦ ਦਿਨ, ਪਿਤ ਕਫ ਦਾ ੫ ਦਿਨ, ਤ੍ਰਿਦੋਖ ਦਾ ੧੦ ਦਿਨ ਅਰ ਸੰਨਿਪਾਤ ਦਾ ੧੫ ਦਿਨ ਵਿਚ ਤਾਪ ਪੱਕਦਾ ਜਾਣੇ। ਇਉਂ ਸਭ ਸੋਚ ਕੇ ਫਿਰ ਯਤਨ ਕਰੇ ।੧੩।੧੪।

ਅੰਦਰ ਜਵਰ ਦੇ ਲੱਛਣ-ਸੋਰਠਾ

Digitized by Panjab Digital Library | www.panjabdigilib.org

ਅੰਤਰਿ ਅਤਹੀ ਦਾਹ, ਤ੍ਰਿਖਾ ਸੂਲ ਸੰਧਿ ਸ੍ਵੇਦ ਬਹੁ॥
ਬਿਸਟੰਭੀ ਭ੍ਰਮ ਸਾਹ, ਅੰਤਰ ਜ੍ਵਰ ਲੱਛਣ ਭਨੇ॥ ੧੫॥

ਅੰਦਰ ਬਹੁਤਾ ਦਾਹ, ਪਜਾਸ, ਜੋੜਾਂ ਵਿਚ ਸੂਲ, ਬਹੁਤਾ ਪਸੀਨਾ, ਕਬਜ਼ੀ, ਭ੍ਰਮ ਅਰ ਸਾਸ ਇਹ ਅੰਦਰ ਜ੍ਵਰ ਦੇ ਲੱਛਣ ਜਾਨਣੇ॥ ੧੫॥

ਬਾਹਰ ਜਵਰ ਦੇ ਲੱਛਣ-ਚੌਪਈ

ਤਾਪ ਅਧਿਕ ਮੁਖ ਸੋਖ ਤਿਆਸ। ਅੰਨ ਨ ਭਾਵਤ ਦਿਲੈ ਉਦਾਸ।
ਬਾਹਰ ਜ੍ਵਰ ਕੇ ਲੱਛਣ ਕਹੇ। ਮਾਧਵ ਤੇ ਮੁਨਿ ਮੇਘੈ ਲਹੇ॥੧੬॥

ਤਾਪ ਦਾ ਜ਼ੋਰ, ਮੂੰਹ ਸੁਕਣਾ, ਪਿਆਸ, ਅੰਨ ਖਾਣਾ ਅੱਛਾ ਨਾਂ ਲੱਗਣਾ ਅਰ ਦਿਲ ਵਿਖੇ ਉਦਾਸੀਨਤਾ ਇਹ ਲੱਛਣ ਬਾਹਰ ਤਾਪ ਵਾਲੇ ਦੇ ਹੁੰਦੇ ਹਨ॥ ੧੬॥

ਜਵਰ ਪੂਰਬ ਰੂਪ-ਦੋਹਰਾ

ਜਿੰਭਾ ਭ੍ਰਮ ਬਮੁ ਭਾਰ ਹੀ, ਤਿਮਰ ਹੋਤ ਰੋਮ ਕੰਪ।
ਫੁਟਤ ਹਾਡ ਬਹੁ ਸੀਤ ਹੁਇ, ਉਪਜਤ ਜ੍ਵਰ ਇਮ ਜੰਪ॥੧੭॥

ਉਬਾਸੀਆਂ, ਭ੍ਰਮ, ਉਬਾਕ, ਹਿਰਦੇ ਵਿਖੇ ਭਾਰ, ਨੇਤ੍ਰਾਂ ਅਗੇ ਅੰਧਕਾਰ, ਰੋਮਾਂਚ, ਕਾਂਬਾ ਹਡਫੁਟਣੀ ਅਰ ਬਹੁਤਾ ਸੀਤ ਲਗਣਾ, ਇਹ ਲੱਛਣ ਹੋਣ ਤਾਂ ਜਾਨਣਾ ਕਿ ਤਾਪ ਹੋ ਜਾਇਗਾ॥ ੧੮॥

ਜਵਰ ਸਰੂਪ-ਚੌਪਈ

ਸ੍ਵੇਦਨ ਇੰਦ੍ਰੀ ਮਨ ਸੰਤਾਪ। ਗ੍ਰਿਹਨ ਅੰਗ ਅਰੁ ਤਪਤ ਬਿਲਾਪ।
ਯਾਕਾ ਨਾਮ ਸੁ ਜ੍ਵਰ ਹੈ ਭਾਖਿਆ। ਮਾਧਵ ਤੇ ਮੇਘੈ ਮੁਨਿ ਆਖਿਆ॥੧੮॥

ਦੋਹਰਾ

ਜੰਭਾਈ ਜੁਰ ਬਾਤ ਤੈ, ਨੈਨ ਦਾਘ ਜੁਰ ਪੀਤ।
ਅੰਨ ਨ ਭਾਵਤ ਕਫਜੁਰੀ, ਕਹਿਤ ਮੇਘ ਸੁਨ ਮੀਤ॥੧੯॥

ਪਸੀਨੇ ਬਿਨਾਂ ਇੰਦ੍ਰੀਆਂ, ਮਨ ਨੂੰ ਦੁੱਖ, ਅੰਗਾ ਦਾ ਜਕੜਨਾ, ਸਰੀਰ ਨੂੰ ਤਾਉ ਅਰ ਬਕਾਬਾਦ ਹੋਵੇ ਤਾਂ ਇਹ "ਜ੍ਵਰ ਦਾ ਸ੍ਵਰੂਪ" ਹੈ ਅਰਥਾਤ ਇਸ ਨੂੰ ਤਾਪ ਕਿਹਾ ਜਾਂਦਾ ਹੈ॥੧੮॥ ਬਾਤ ਵਿੱਚ ਉਬਾਸੀਆਂ, ਪਿਤ ਜ੍ਵਰ ਵਿਖੇ ਨੇਤ੍ਰਾਂ ਮੇਂ ਦਾਹ ਅਰ ਕਫ ਜ੍ਵਰ ਵਾਲੇ ਨੂੰ ਅੰਨ ਨਹੀਂ ਭਾਉਂਦਾ॥੧੯॥

ਜਵਰ ਮੁਕਤ ਲੱਛਣ-ਸ਼ਿਕਰਛੰਦ

ਸੂਨ ਸ੍ਵੇਦ ਤ੍ਰਿਟ ਭ੍ਰਮੁ ਕੰਪ ਛੂਟਤ, ਮੈਲੁ ਉਦਰ ਗਿਰਾਇ।
ਨਿਰਗੰਧ ਉਦਰ ਜੁ ਸਬਦ ਕਰਤਾ, ਦਾਹ ਲਘੁ ਤਨ ਥਾਇ।
ਸੀਸ ਕੰਡੂ ਸਵੇਦ ਛਿੱਕਾ, ਪਾਕ ਹੈ ਮੁਖ ਜਾਸ।

ਭੂਖ ਲਾਗਤ ਜਵਰ ਜੁ ਭਾਗਤ, ਕਹੇ ਲੱਛਣ ਤਾਸ ॥੨੦॥

ਪਸੀਨਾ ਨਾ ਹੋਣਾਂ, ਪਿਆਸ ਭ੍ਰਮ, ਕਾਂਬਾ, ਪੇਟ ਦੀ ਮੈਲ ਨਿਕਲ ਜਾਣੀ, ਦੁਰਗੰਧੀ ਹੀਣ, ਪੇਟ ਬੋਲਣਾ, ਦਾਹਿ ਸਰੀਰ ਨੂੰ ਥੋੜੀ ਹੋਵੇ, ਸਿਰ ਵਿਖੇ ਖੁਰਕ ਤੇ ਪਸੀਨਾ, ਛਿੱਕਾਂ ਦਾ ਔਣਾ, ਹੋਠਾਂ ਦਾ ਪਾਟ ਜਾਣਾ, ਚੰਗੀ ਤਰ੍ਹਾਂ ਭੁਖ ਲਗ ਪੈਣੀ, ਇਹ ਜ੍ਵਰ ਹਟ ਗਏ ਲੱਛਣ ਹੁੰਦੇ ਹਨ ॥ ੨੦ ॥

ਜਵਰ ਦੇ ੧੦ ਉਪਦ੍ਰਵ ਤ੍ਰਿਭੰਗੀਛੰਦ

ਤ੍ਰਿਸਨਾ ਅਤਿਸਾਰੰ,ਸ੍ਵਾਸ ਬਿਕਾਰੰ, ਮੂਰਛਾ ਧਾਰੰ,ਅਬਿਕਾਰੰ ।
ਜੋ ਰੁਚਿ ਨਹਿ ਜਾਨੰ,ਛਰਦ ਬਿਧਾਨੰ,ਹਿਚਕੀ ਠਾਨੰ,ਲਖੁ ਸਾਰੰ ।
ਬਿਟਗ੍ਰਹਿ ਜੋ ਕਾਸੰ, ਅੰਗ ਦੁਖਾਸੰ, ਦਸ ਹੀ ਭਾਸੰ, ਏ ਨਾਮੰ ।
ਉਪੱਦ੍ਰਵ ਜਾਨੋ, ਬੈਦਕ ਠਾਨੋ, ਮਨ ਮਹਿ ਆਨੋ, ਇਨ ਠਾਮੰ ॥੨੧॥

੧ ਪਜਾਸ, ੨ ਦਸਤ, ੩ ਸ੍ਵਾਸ, ੪ ਮੂਰਛਾ, ੫ ਅਰੁਚੀ, ੬ ਉਬਾਕ, ੭ ਹਿੜਕੀ, ੮ ਕਬਜ਼ੀ, ੯ ਖਾਂਸੀ ਅਰ ੧੦ ਅੰਗ ਅੰਗ ਦੁਖਣੇ, ਇਹ ਜ੍ਵਰ ਦੇ ਦਸ ਉਪਦ੍ਰਵ ਹਨ ॥ ੨੧ ॥

ਬਾਤ ਜਵਰ ਲੱਛਣ—ਸ਼ੰਕਰਛੰਦ

ਕੰਪ ਬੇਗ ਜੋ ਬਿਖਮ ਸੋਖਤ, ਅਧਰ ਕੰਠ ਮੁਖਾਸ ।
ਖਿਵ ਸਤੰਭ ਨਾਸੈ ਨੀਂਦ ਜ਼ਿੰਭਨ, ਰੂਖ ਤਨ ਹੁਇ ਜਾਸ ।
ਕਬਜ ਪੀੜਾ ਸੀਸ ਗਾਤੈ, ਹਿਯਾ ਮੁਖ ਅਤਿ ਫੀਕ ।
ਹੋਵੈ ਅਫਾਰਾ ਸੂਲ ਪੀਰਾ, ਬਾਤ ਜਵਰ ਲਖ ਠੀਕ ॥੨੨॥

ਕਾਂਬਾਂ, ਵਿਖਮ (ਘਟ ਵਧ) ਬੇਗ, ਹੋਠ, ਕੰਠ ਤਾਲੂ ਸੁਕਣਾ, ਛਿੱਕਾਂ ਅਰ ਨੀਂਦ ਨਾ ਔਣੀ, ਉਬਾਸੀਆਂ, ਸਰੀਰ ਦਾ ਖੁਸ਼ਕ ਹੋਣਾ, ਕਬਜ਼ੀ, ਸਰੀਰ, ਹਿਰਦੇ ਵਿਖੈ ਪੀੜਾ, ਮੂੰਹ ਬੇਸ੍ਵਾਦ, ਅਫਾਰਾ ਅਰ ਪੇਟ ਪੀੜਾ, ਇਹ ਸਭ ਬਾਤ ਜ੍ਵਰ ਦੀਆਂ ਨਿਸ਼ਾਨੀਆਂ ਹਨ ॥ ੨੨ ॥

ਉਪਾਯ—ਸੋਰਠਾ

ਮਰਚ ਪੀਪਰੀ ਲੋਇ, ਚਿੱਤ੍ਰਾ ਲੌਂਗ ਜੁ ਪਾਈਏ ।
ਸੇਂਧਾ ਸੁੰਠੀ ਦੇਇ, ਕੜੂ ਮਿਲਾਵੋ ਤਾਸ ਮੇ ॥੨੩॥
ਚੂਰਨ ਕਰੋ ਬਨਾਇ, ਉਸਨ ਨੀਰ ਸੰਗ ਕਰਖ ਸਮ ।
ਖਾਵੇ ਜਵਰ ਨਸ ਜਾਇ, ਬਾਤ ਨਾਮ ਹੈ ਜਾਸ ਕੋ ॥੨੪॥

੧-ਮਿਰਚ, ਮਘ, ਚਿਤ੍ਰਾ, ਲੌਂਗ, ਸੇਧਾਲੂਣ, ਸੁੰਡ ਅਰ ਕੌੜ, ਇਹ ਸਮਾਨ ਭਾਗ ਲੈ ਕੇ ਕੁੱਟ ਕੇ ਚੂਰਣ ਕਪੜ ਛਾਣ ਕਰ ਲਵੇ, ਫਿਰ ਇਕ ਤੋਲਾ ਗਰਮ ਜਲ ਨਾਲ ਲਵੇ ਤਾਂ ਬਾਤ ਜ੍ਵਰ ਨਾਸ ਕਰੇ ॥ ੨੩ ॥ ੨੪ ॥

Digitized by Panjab Digital Library | www.panjabdigilib.org

*ਕਵਾਥ–ਚੌਪਈ

ਸੁੰਠ ਪੀਪਰਾ ਮੂਰ ਮਗਾਇ। ਆਨ ਕੁੰਡਲੀ ਮਾਹਿ ਮਿਲਾਇ।
ਕਵਾਥ ਕਰੀਨੈ ਪੀਜੈ ਏਹ। ਬਾਤ ਤਾਪ ਕਾ ਨਾਸ ਕਰੇਹ ॥੨੫॥

੭–ਸੁੰਢ, ਪਿਪਲਾਮੂਲ ਤੇ ਗਿਲੋਯ, ਸਮਾਨ ਭਾਗ ਲੈਕੇ ਦਰੜਾ ਕਰੇ, ਫਿਰ ੪ ਤੋਲੇ ਇਸੀ ਵਿਚੋਂ ਕਾੜ੍ਹਾ ਕਰਕੇ (੨ ਵੇਲੇ) ਪੀਵੇ ਤਾਂ ਬਾਤ ਦਾ ਤਾਪ ਨਾਸ ਹੋਵੇ ॥ ੨੫ ॥

ਮੋਥ ਧਮਾਹਾ ਸੁੰਠ ਗਿਲੋਇ। ਕਵਾਥ ਕਰੀਨੈ ਦੇਵੈ ਸੋਇ।
ਬਾਤ ਤਾਪ ਕਾ ਕਰਤਾ ਨਾਸ। ਕਹਿਤ ਮੇਘ ਇਹ ਔਖਧ ਖਾਸ ॥੨੬॥

੮–ਮੋਥਾ, ਧਮਾਹਾ, ਸੁੰਡ ਤੇ ਗਿਲੋਯ, ਸਮਾਨ ਭਾਗ ਲੈਕੇ ੪ ਤੋਲੇ ਕਾੜ੍ਹਾ ਕਰਕੇ ਪੀਵੇ ਬਾਤ ਦਾ ਤਾਪ ਨਾਂ ਰਹੇ ॥ ੨੧ ॥

ਲੇਹੁ ਸਾਰਵਾ ਸਾਲ ਜੁ ਪਰਨੀ। ਛਿੰਨਰੁਹਾ ਬਲਾਬੀਜ ਸੁ ਧਰਨੀ।
ਦਾਖ ਪਹਾੜੀ ਕਵਾਥ ਕਰਾਇ। ਪੀਤ ਬਾਤ ਜੁਰ ਨਾਸਤ ਸਾਇ ॥੨੭॥

੯–ਸਾਰਵਾ–ਉਸ਼ਬਾ, ਸਾਲਪਰਣੀ, ਗਿਲੋਯ, ਖਰੈਟੀ ਦੇ ਬੀਜ ਅਰ ਪਹਾੜੀ ਕਿਸਮਿਸ–ਸੌਗੀ ਲੈਕੇ ਕਾੜ੍ਹਾ ਕਰਕੇ ਪਿਲਾਯਾਂ ਬਾਤ ਦੇ ਤਾਪ ਨੂੰ ਨਾਸ ਕਰਦਾ ਹੈ ॥ ੨੭ ॥

ਕਟਫਲ ਪਾਠਾ ਕਟੁਕੀ ਆਨ। ਮੋਥਾ ਇੰਦ੍ਰਜਵ ਕਾੜ੍ਹਾ ਠਾਨ।
ਪੀਤ ਬਾਤ ਜੁਰ ਨਾਸੈ ਸਹੀ। ਮੇਘੈ ਸਾਰੰਗਧਰ ਤੇ ਕਹੀ ॥੨੮॥

੧੦–ਕਾਯਫਲ, ਪਾਠਾ, ਕੌੜ ਮੋਥਾ ਅਰ ਮਿਠੇ ਇੰਦ੍ਰ ਜੌਂ, ਇਨ੍ਹਾਂ ਨੂੰ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ, ਪੀਵੇ ਤਾਂ ਬਾਤ ਦਾ ਤਾਪ ਮਿਟੇ ॥ ੨੮ ॥

ਚੂਰਨ (ਕਾਲਗਯਾਨਾਤ)–ਦੋਹਰਾ

ਸੁੰਠੀ ਪ੍ਰਥਯਾ ਮਰਚ ਲੈ, ਸੌਚਰ ਕਣਾ ਕਿਰਾਂਤ।
ਕੜੂ ਕੂਟ ਚੂਰਨ ਕਰੋ, ਉਸਨ ਨੀਰ ਸੋਂ ਖਾਤ ॥੨੯॥
ਅਨਿਲ ਤਾਪ ਕੋ ਨਾਸ ਹੁਇ, ਸੁਖ ਪਾਵੈ ਸਭੁ ਦੇਹ।
ਮੇਘ ਬਿਨੋਦੇ ਮੇਘ ਭਨ, ਕਾਲ ਗਯਾਨ ਕੀ ਏਹ ॥ ੩੦ ॥

੧੧–ਸੁੰਡ, ਹਰੜ ਦੀ ਛਿੱਲ, ਮਿਰਚ, ਸੰਚਰ ਲੂਣ ਮਘ, ਚਰੈਤਾ ਅਰ ਕੜੂ ਸਮਾਨ ਭਾਗ ਲੈਕੇ ਕੁੱਟਕੇ ਚੂਰਣ ਕਰੇ, ੧ ਤੋਲਾ ਭਰ ਗਰਮ ਜ਼ਲ ਨਾਲ ਛਕੇ ਤਾਂ ਬਾਤ ਦੇ ਤਾਪ ਨੂੰ ਨਾਸ਼ ਕਰੇ ॥ ੨੯ ॥ ੩੦ ।:

---

*ਇਹ ਹਮੇਸ਼ਾਂ ਯਾਦ ਰਹੇ ਕਿ ਕਾੜ੍ਹੇ ਦੀਆਂ ਚੀਜ਼ਾਂ ਸਮਾਨ ਭਾਗ ਲੇਕੇ ਇਸ ਵਿਚੋਂ ੪ ਤੋਲੇ ਚੀਜ਼ਾਂ ੩੨ ਤੋਲੇ ਜਲ ਵਿਚ ਮੰਦ ੨ ਅੱਗ ਤੇ ਕਾੜ੍ਹੇ, ਜਦ ੪ ਤੋਲੇ ਆਣ ਰਹੇ ਤਾਂ ਪੁਣਕੇ ਕੁਛ ਕੁਛ ਗਰਮ, ਰੋਟੀ ਹਜਮ ਹੋਈ ਦੇ ਪਿਛੋਂ ਪਿਲਾਵੇ, ਕਾੜ੍ਹਨੇ ਵਕਤ ਪਾਤ੍ਰ ਦਾ ਮੂੰਹ ਨ ਢੱਕੇ, ਕਿਉਂਕਿ ਕਾੜ੍ਹਾ ਭਾਰੀ ਹੋ ਜਾਂਦਾ ਹੈ, ਇਸ ਤੋਂ ਨੰਗਾ ਕਾੜ੍ਹੇ। ਦੇਖੋ ਸਾਰੰਗਧਰ।

Digitized by Panjab Digital Library | www.panjabdigilib.org

ਸੇਕ ਸੁੰਠ ਟੰਕ ਚਾਰ ਲੈ, ਸੈਂਧਾ ਮਾਸੇ ਦੋਇ।
ਉਸਨੋਦਕ ਸੋ ਖਾਈਏ, ਬਾਤ ਤਾਪ ਨਾਂ ਹੋਇ ॥ ੩੧ ॥

੧੨–*ਸੁੰਡ ਸੇਕ ਕੇ ੧੬ ਮਾਸੇ ਲਵੇ, ਵਿਚ ਸੇਂਧਾਲੂਣ ਪਾਕੇ ਫੱਕੇ ਪਿਛੋਂ ਗਰਮ ਜਲ ਪੀਵੇ ਤਾਂ ਬਾਤ ਦਾ ਤੁਰਤ ਨਾਸ਼ ਹੋਵੇ ॥ ੩੧ ॥

ਪਿੱਤ ਜਵਰ ਲੱਛਣ–ਸ਼ੰਕਰਛੰਦ

ਬੇਗ ਤੀਖਨ ਨਾਸ ਨਿੰਦ੍ਰਾ, ਬਮਨ ਸਵੇਦ ਪ੍ਰਲਾਪ।
ਕੰਠ ਬਦਨ ਜੁ ਅਧਰ ਨਾਸਾ, ਪਕੈ ਮੁਖ ਕਟ ਤਾਪ।
ਦਾਹ ਬਿਹਬਲ ਤ੍ਰਿਖਾ ਹੋਵਤ, ਪੀਤ ਦ੍ਰਿਗ ਬਿਟ ਮੂਤ।
ਹੋਇ ਭ੍ਰਮ ਪਿਤ ਜਵਰ ਬਖਾਨਯੋ, ਮਾਧਵੈ ਤੇ ਸੂਤ ॥੩੨॥

ਤਾਪ ਦਾ ਬੇਗ ਤੀਖਣ, ਨੀਂਦ ਨਾ ਆਵੇ, ਕੈ, ਪਸੀਨਾ, ਬਕਾਬਾਦ, ਕੰਠ, ਮੂੰਹ, ਹੋਠ ਅਤੇ ਨਾਸਾਂ ਇਹ ਪੱਕਣੇ, ਮੂੰਹ ਦਾ ਸ੍ਵਾਦ ਕੌੜਾ, ਦਾਹ ਬੇਚੈਨੀ, ਪਜਾਸ ਲੱਗਣੀ, ਅੱਖਾਂ, ਝਾੜਾ ਪੀਲੇ ਰੰਗ ਦੇ ਅਰ ਭ੍ਰਮ ਇਹ ਪਿਤ ਜ੍ਵਰ ਹੋਏ ਤਾਂ ਲੱਛਣ ਹੁੰਦੇ ਹਨ ॥ ੩੨ ॥

ਪਿੱਤ ਜਵਰ ਉਪਾਇ (ਸਾਰੰਗਧਰਾਤ)–ਸ਼ੰਕਰਛੰਦ

ਬਾਂਸਾ ਧਮਾਸਾ ਅਰੁ ਕਿਰਾਤੈ, ਪਿੱਤ ਪਾਪਰ ਠਾਨ।
ਪ੍ਰਿਯੰਗ ਪਾਈ ਕਵਾਥ ਕੀਜਤ, ਪਾਇ ਮਿਸਰੀ ਪਾਨ।
ਪਿੱਤ ਜਵਰ ਤ੍ਰਿਟ ਦਾਹ ਜਾਵਤ, ਪੀਤ ਦਗਧ ਮਿਟਾਇ।
ਕਹੈ ਸਾਰੰਗਧਰ ਬਖਾਨੀ, ਮੇਘ ਮੁਨਿ ਇਮ ਗਾਇ ॥੩੩॥

੧੩–ਬਾਂਸਾ, ਧਮਾਹਾਂ, ਚਿਰੈਤਾ, ਪਿੱਤ ਪਾਪੜਾ ਅਰ ਪ੍ਰਯੰਗੂ–ਗੋਂਦਣੀ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ, ਮਿਸਰੀ ਪਾਇ ਪਿਲਾਵੇ ਤਾਂ ਪਿੱਤ ਦਾ ਤਾਪ ਅਵੱਸ਼ ਜਾਵੇ (ਕਾੜ੍ਹਾ ੨ ਵਾਰਾਂ ਦਿਨ ਵਿੱਚ ਲਵੇ) ਇਹ ਦਾਹ (ਸੜਨ) ਅਰ ਪਿੱਤ ਸੜ ਗਏ ਨੂੰ ਭੀ ਗੁਣਕਾਰ ਹੈ ॥੩੩॥

ਕਵਾਥ (ਸਾਰੰਗਧਰਾਤ)–ਚੌਪਈ

ਮੋਥਾ ਪੱਥਯਾ ਕਟੁਕੀ ਦ੍ਰਾਖ। ਗਿਰਦ ਨਲੀ ਪਿਤ ਪਾਪਰ ਰਾਖ।
ਕਵਾਥ ਕਰੀਨੈ ਪੀਜਤ ਏਹ। ਪਿੱਤ ਤਾਪ ਕਾ ਨਾਸ ਕਰੇਹ ॥੩੪॥
ਤ੍ਰਿਖਾ ਮੂਰਛਾ ਰੁਧਰ ਬਿਕਾਰ। ਲੋਹੂ ਨਕ ਮੁਖ ਸਿਰ ਕਾ ਭਾਰ।
ਮੈਲ ਟਰਤ ਤਨ ਦਾਹ ਮਿਟਾਇ। ਭੂਖ ਲਗਤ ਸਾਰੰਗਧਰ ਭਾਇ॥੩੫॥

੧੪–ਮੋਥਾ, ਜੰਗਹਰੜ, ਕੌੜ, ਮੁਣੱਕਾ, ਅੰਮਲਤਾਸ ਦਾ ਗੁੱਦਾ ਅਰ ਪਿੱਤਪਾਪੜਾ ਸਮਾਨ ਲੈ ਕੇ ਕਾਹੜਾ ਕਰੇ ਤੇ ਪਿਲਾਵੇ ਤਾਂ ਪਿੱਤ ਜਵਰ ਦਾ ਨਾਸ ਕਰੇ। ਪਜਾਸ, ਮੂਰਛਾ, ਰਕਤਬਿਕਾਰ, ਨੱਕੋਂ ਮੂੰਹੋਂ

---

*ਸੁੰਢ ਨੂੰ ਅੱਗ ਵਿਚ ਅਧਭੁੰਨੀ ਕਰ ਲਵੇ।

Digitized by Panjab Digital Library | www.panjabdigilib.org

ਲਹੂ ਦਾ ਔਣਾ ਅਰ ਕਬਜ਼ੀ ਨੂੰ ਹਟਾਕੇ ਭੁੱਖ ਲਗਾਵੇ ॥ ੩੪ ॥ ੩੫ ॥

ਪਿਤ ਪਾਪੜਾ ਮਾਸੇ ਆਠ। ਨਿਸ ਕੋ ਰਾਖੋ ਜਲ ਮਹਿ ਮਾਠ।
ਪ੍ਰਾਤਹਿ ਪੀਵੋ ਘੋਟ ਛਨਾਇ। ਪਿੱਤ ਤਾਪ ਅਰੁ ਦਾਘ ਮਿਟਾਇ ॥੩੬॥

੧੫-ਪਿੱਤਪਾਪੜਾ ੮ ਮਾਸੇ ਲੈ ਕੇ ਰਾਤ ਨੂੰ ਜਲ ਵਿਚ ਭਿਉਂ ਛਡੇ, ਪ੍ਰਾਤਾਕਾਲ ਸਰਦਾਈ ਵਾਂਗ ਘੋਟ ਕੇ ਪੁਣੇ ਅਰ ਪੀਵੇ ਤਾਂ ਪਿੱਤ ਦਾ ਤਾਪ ਸਭ ਤਰ੍ਹਾਂ ਦਾ ਦਾਹ ਨਾਸ ਕਰੇ ॥ ੩੬ ॥

(ਕਾਲਗਯਾਨਾਤ)-ਚੌਪਈ

ਚੰਦਨ ਲੋਚਨ ਬਾਲਾ ਆਨ। ਪੀਤ ਪਾਪਰਾ ਮੋਥਾ ਠਾਨ।
ਸੌਂਠ ਉਸੀਰ ਨੀਰ ਸੋ ਧੀਰ। ਖਾਵਤ ਪਿੱਤ ਤਾਪ ਮਿਟ ਪੀਰ ॥੩੭॥
ਦਾਘ ਤ੍ਰਿਖਾ ਸਭ ਤਨ ਕੀ ਜਾਇ। ਕਾਲ ਗਯਾਨ ਮੈਂ ਮਾਖੀ ਲਯਾਇ।
ਖਰੀ ਔਖਧੀ ਭਾਖੀ ਏਹ। ਪੰਡਿਤ ਦੇਖੋ ਗੁਨ ਇਸ ਜੇਹ ॥੩੮॥

੧੬-ਚੰਦਨ, ਨੇਤ੍ਰਬਾਲਾ, ਪਿੱਤਪਾਪੜਾ, ਮੋਥਾ, ਸੁੰਢ ਤੇ ਖੱਸ ਇਨ੍ਹਾਂ ਨੂੰ ਚੂਰਨ ਕਰ ਕੇ ਫੱਕੇ ਯਾ ਸਰਦਾਈ ਦੀ ਤਰ੍ਹਾਂ ਘੋਟ ਕ ਪੀਵੇ। ਪਿਤ ਦਾ ਤਾਪ ਦਾਹ ਅਰ ਪਯਾਸ ਸਭ ਤਰ੍ਹਾਂ ਦੀ ਸਰੀਰੋਂ ਜਾਵੇ, ਇਹ ਸਰੇਸ਼ਟ ਔਖਧੀ ਪਰੀਛਾ ਕਰਨੇ ਯੋਗਯ ਹੈ ॥੩੭॥੩੮॥

ਦੋਹਰਾ

ਕੂੜ ਕਿਰਾਂਤ ਜੁ ਪਾਪਰਾ, ਕੰਟਾਰੀ ਮੁਥ ਜਾਨ।
ਕ੍ਵਾਥ ਕਰੀ ਇਸ ਪੀਜੀਏ, ਹੋਤ ਪਿੱਤ ਜੁਰ ਹਾਨ ॥੩੯॥

੧੭-ਕੜੂ, ਚਿਰੈਤਾ, ਪਾਪੜਾ, ਕੰਡਿਆਰੀ ਅਰ ਮੋਥਾ ਕਾੜ੍ਹਾ ਕਰ ਕੇ ਪੀਵੇ ਤਾਂ ਪਿੱਤ ਦਾ ਤਾਪ ਨਾਸ ਕਰੇ ॥੩੯॥

(ਵੰਗਸੇਨਾਤ)-ਚੌਪਈ

ਚੰਦਨ ਪਰਪਟ ਕਮਲ ਉਸੀਰ। ਆਨ ਕਿਰਾਂਤ ਕੁੰਡਲੀ ਧੀਰ।
ਧਨੀਆਂ ਮੇਲੀ ਕ੍ਵਾਥ ਕਰਾਇ। ਪੀਵਤ ਪਿਤ ਤਾਪ ਜੁ ਮਿਟਾਇ ॥੪੦॥

੧੮-ਚੰਦਨ, ਪਾਪੜਾ, ਕਮਲਡੋਡੇ, ਖੱਸ, ਚਿਰੈਤਾ, ਗਿਲੋਇ ਅਰ ਧਨੀਆਂ ਮਿਲਾ ਕੇ ਕਾੜ੍ਹ ਕਰੇ, ਪੀਵੇ ਤਾਂ ਪਿੱਤ ਦਾ ਤਾਪ ਨਾ ਰਹੇ ॥ ੪੦ ॥

(ਵੰਗਸੇਨਾਤ)-ਸੋਰਠਾ

ਪਟੋਲਪਤ੍ਰ ਕਰਿ ਕਵਾਹ, ਸ਼ਹਤ ਘਾਲ ਬਿਚ ਪੀਜੀਏ।
ਮਿਟਤ ਪਿੱਤ ਜੁਰ ਤਾਹ, ਬੰਗਸੈਨ ਮਤ ਉਚਰੇ ॥ ੪੧ ॥

੧੯-ਪਟੋਲਪਤ੍ਰ ਦਾ ਕਾੜ੍ਹਾ ਕਰ ਕੇ ਵਿਚ ਸ਼ਹਿਤ ਪਾਇ ਪੀਵੇ ਤਾਂ ਪਿਤ ਦਾ ਤਾਪ ਜਾਵੇ।੪੧।

ਮੁਹਲੱਠੀ ਧਨਜਾਕ, ਪਟੋਲ ਪਾਤ ਮਿਲ ਕ੍ਵਾਥ ਕਰਿ।

Digitized by Panjab Digital Library | www.panjabdigilib.org

ਪਾਇ ਪਿਵੈ ਮਧੁ ਤਾਕ, ਪਿੱਤ ਤਾਪ ਦੂਰੈ ਭਜਤ ॥ ੪੨ ॥

੨੦-ਮੁਲੱਠੀ, ਧਨੀਆਂ ਤੇ ਪਟੋਲਪਤ੍ਰ ਤਿੰਨੇ ਮਿਲਾ ਕੇ ਕਾੜ੍ਹਾ ਕਰੇ, ਸ਼ਹਿਤ ਪਾ ਕੇ ਪੀਵੇ ਤਾਂ ਪਿਤ ਦਾ ਤਾਪ ਨਾਸ ਕਰੇ ॥ ੪੨ ॥

ਧਨੀਆਂ ਪਾਨਕ (ਗੁਣ ਰਤਨਮਾਲਾਤ)-ਚੌਪਈ

ਧਨੀਏ ਕੇਰਾ ਕਲਕ ਬਨਾਇ। ਸਿਤਾ ਕਪੂਰ ਜੁ ਦੇ ਭੁਰਕਾਇ।
ਪਿੱਤ ਤਾਪ ਮੂਤ੍ਰ ਕ੍ਰਿਛ ਜਾਇ। ਕਹਤ ਰਤਨ ਗੁਨਮਾਲਾ ਸਾਇ ॥੪੩॥

੨੧-ਧਨੀਏ ਦਾ*ਕਲਕ ਕਰੇ ਤੇ ਵਿਚ ਮਿਸਰੀ ਪਾਵੇ, ਉਤੇ ਮੁਸਕਪੂਰ ਬਰੂਰ ਲਵੇ, ਫਿਰ ਪਿਲਾਵੇ ਤਾਂ ਪਿਤ ਦਾ ਤਾਪ ਅਤੇ ਦੁਖਣੂਤ੍ਰਾ ਨਾਸ ਕਰੇ ॥ ੪੩ ॥

ਚੂਰਣ (ਕਾਲਗਜਾਨਾਤ)-ਸੋਰਠਾ

ਮਿਸ੍ਰੀ ਜੀਰਾ ਸਵੇਤ, ਕੂਟੀ ਜਲ ਤਾਜੇ ਫਕੇ।
ਮਿਟਤ ਪਿੱਤ ਜੁਰ ਦੇਤ, ਕਾਲਗਜਾਨ ਮੈਂ ਇਮ ਕਹਯੋ ॥੪੪॥

੨੨-ਚਿੱਟਾ ਜੀਰਾ ਰਗੜ ਕੇ ਬਰੀਕ ਕਰੇ ਅਰ ਮਿਸਰੀ ਪਾ ਕੇ ਤਾਜ਼ੇ ਜਲ ਨਾਲ ਫੱਕੇ, ਪਿਤ ਦਾ ਤਾਪ ਨਾਸ ਕਰੇ ॥ ੪੪ ॥

ਦੋਹਰਾ

ਪਥਯਾ ਕਡੂ ਚਿਰਾਇਤਾ, ਅਰੁ ਤੋਰੀ ਕੇ ਫੂਲ।
ਸਭ ਸਮ ਮਿਸ੍ਰੀ ਪਾਇ ਫਕ, ਜਾਵਤ ਪਿਤ ਜੁਰ ਸੂਲ ॥੪੫॥

੧੩- ਹਰੜ ਦੀ ਛਿੱਲ, ਕੌੜ, ਚਿਰੈਤਾ, ਤੋਰੀਆ ਦੇ ਫੂਲ, ਬਰੀਕ ਚੂਰਣ ਕਰੇ, ਫਿਰ ਸਭ ਦੇ ਸਮਾਨ ਮਿਸ੍ਰੀ ਪਾ ਕੇ ਫੱਕੇ, ਤਾਂ ਪਿਤ ਦਾ ਤਾਪ ਨਾਸ ਕਰੇ ॥ ੪੫ ॥

ਕਫਜੂਰ ਲੱਛਣ-ਸ਼ੰਕਰਛੰਦ

ਹੁਇ ਅੰਗ ਆਕੜ ਬੇਗ ਰੋਕਤ. ਬਦਨ ਮੀਠਾ ਜਾਨ।
ਮੁਖ ਲਿਪਤ ਸੇਵਦੈ ਹਰਖ ਰੋਮੈ, ਭੂਖ ਮੰਦ ਸੁ ਠਾਨ।
ਮੂਤ੍ਰੈ ਪੁਰੀਖੈ ਸ੍ਵੇਤ ਆਲਸ, ਸੀਤ ਬਮ ਰੁਚਿ ਨਾਹਿ।
ਦ੍ਰਿਗ ਸ੍ਵੇਤ ਨਿੰਦ੍ਰਾ ਬਹੁਤ ਜਾਨੋ, ਕਫੀ ਜੁਰ ਲਖ ਤਾਹਿ ॥੪੬॥

ਆਕੜਾਂ ਔਣੀਆਂ, ਬੇਗਰਕਣੇ, ਮੂੰਹ ਦਾ ਸ੍ਵਾਦ ਮਿਠਮਿਠਾ ਤੇ ਲੇਸਦਾਰ ਮੁੜ੍ਹਕਾ, ਰੋਮ ਖੜੇ ਹੋਣੇ, ਭੁਖ ਨਾ ਲਗਣੀ, ਮੂਤ, ਵਿਸਟਾ ਚਿੱਟਾ, ਆਲਸ, ਸੀਤ, ਅੰਨ ਵਲੋਂ ਅਰੁਚੀ, ਨੇਤ੍ਰ ਚਿੱਟੇ ਅਰ ਨੀਂਦ ਬਾਹਲੀ ਹੋਏ ਤਾਂ ਇਹ ਕਫ ਜੂਰ ਦੇ ਲੱਛਣ ਹਨ ॥ ੪੬ ॥

---

*ਕਲਕ ਇਸ ਨੂੰ ਆਖਦੇ ਹਨ ਕਿ ਦਵਾਈ ੪ ਤੋਲੇ, ਉਸ ਵਿਚ ੩੨ ਤੋਲੇ ਜਲ ਪਾ ਕੇ ਰਾਤ ਨੂੰ ਭਿਉਂ ਛਡੇ, ਪ੍ਰਾਤਾਕਾਲ ਕਾੜ੍ਹ ਕੇ ੮ ਤੋਲੇ ਬਾਕੀ ਰਹੇ ਤਾਂ ਛਾਣ ਕੇ ਪਿਲਾਵੇ ॥

Digitized by Panjab Digital Library | www.panjabdigilib.org

ਉਪਾਇ–ਚੌਪਈ

ਸੁੰਠ ਪੀਪਰੀ ਬਾਂਸਾ ਜਾਨ। ਹਰੜ ਭਰਿੰਗੀ ਸਮਕਰ ਠਾਨ।
ਕਾੜ੍ਹਾ ਕਰ ਦੀਜਤ ਤਤਕਾਲ। ਕਫੀ ਤਾਪ ਕੋ ਕਰਤ ਬਿਹਾਲ ॥੪੭॥

੨੪–ਸੁੰਡ, ਮਘ, ਬਾਂਸਾ, ਹਰੜ ਦੀ ਛਿੱਲ ਅਰ ਭੜਿੰਗੀ, ਸਮਾਨ ਭਾਗ ਲੈ ਕੇ ਕਾੜ੍ਹਾ ਕਰ ਕੇ ਪਿਲਾਵੇ ਤਾਂ ਇਹ ਕਫ ਦੇ ਤਾਪ ਨੂੰ ਸ਼ੀਘਰ ਨਾਸ ਕਰੇ ॥ ੪੭ ॥

ਕ੍ਵਾਥ (ਕਾਲਗਯਾਨਾਤ)–ਸੋਰਠਾ

ਕਣਾਂ ਕੁੰਡਲੀ ਆਨ, ਕਾੜ੍ਹਾ ਕਰ ਤਿਸ ਪੀਜੀਏ।
ਹੋਤ ਕਫੀ ਜੂਰ ਹਾਨ, ਕਾਲਗਯਾਨ ਤੇ ਜਾਨਿਯੋ ॥ ੪੮ ॥

੨੫– ਮਘ ਤੇ ਗਿਲੋਯ ਦਾ ਕਾੜ੍ਹਾ ਕਰ ਦੇਵੇ ਤਾਂ ਕਫ ਦਾ ਤਾਪ ਨਾਸ ਕਰੇ ॥ ੪੮ ॥

ਕ੍ਵਾਥ (ਵੰਗਸੇਨਾਤ)–ਚੌਪਈ

ਧਾਤ੍ਰੀ ਅਭਯਾ ਚਿਤ੍ਰਕ ਕਣਾ। ਕ੍ਵਾਥ ਕਰੀਨੈ ਪੀਵਨ ਭਣਾ।
ਕਫ ਕਾ ਜਵਰ ਨਾਸਤ ਤਤਕਾਰ। ਭੇਦੀ ਦੀਪਨ ਪਾਚਨ ਸਾਰ॥੪੯॥

੨੩–ਆਵਲੇ, ਹਰੜ, ਚਿਤ੍ਰਾ, ਅਰ ਮਘ ਇਨ੍ਹਾਂ ਦਾ ਕਾੜ੍ਹਾ ਪੀਤਾ ਕਫ ਜੂਰ ਦਾ ਤਤਕਾਲ ਨਾਸ ਕਰਦਾ ਹੈ। ਨਾਲੇ ਇਹ ਦਸਤਾਵਰ ਅਰ ਪਾਚਨ ਭੀ ਹੈ ॥ ੪੯ ॥

ਕਵਾਥ–ਚੌਪਈ

ਤਿਕਤਾ ਨਾਗਰ ਨਿਸਾ ਸੁ ਜਾਨ। ਸੁੰਠ ਪੀਪਰੀ ਮਰਚਾਂ ਠਾਨ।
ਸੌਂਫ ਮਿਲਾਇ ਜੁ ਕਾਢਾ ਕਰੋ। ਪੀਵਤ ਕਫ ਜੁਰ ਤਨ ਤੇ ਹਰੋ ॥੫੦॥

੨੭–ਕੌੜ, ਸੁੰਢ, ਹਲਦੀ, ਸੁੰਢ. ਮਘ, ਮ੍ਰਿਚ ਅਰ ਸੌਂਫ ਸਭਨਾਂ ਦਾ ਕਾੜ੍ਹਾ ਕਰ ਕੇ ਪਿਲਾਵੇ ਤਾਂ ਕਫ ਦਾ ਤਾਪ ਨਾ ਰਹੇ। ਇਸ ਵਿਚ ਸੁੰਡ ਦੋ ਬਾਰ ਹੋਣ ਤੇ ਦੂਣੀ ਹੈ ॥ ੫੦ ॥

ਸੋਰਠਾ

ਕਵਾਥ ਸੰਭਾਲੂ ਕਾਰ, ਕਣਾ ਬੁਰਕ ਪੀਵਨ ਕਰੇ।
ਕਫ ਕਾ ਤਾਪ ਬਿਡਾਰ, ਬੰਗਸੈਨ ਕਾ ਬਚਨ ਯਹਿ ॥੫੧॥

੨੮–ਸੰਭਾਲੂ ਦੇ ਪੱਤਾਂ ਦੇ ਕਾੜ੍ਹੇ ਪਰ ਮਘਾਂ ਧੂੜ ਕੇ ਪੀਵੇ ਤਾਂ ਕਫ ਜੁਰ ਨਾਸ ਕਰੇ, ਇਹ ਵੰਗਸੈਨ ਦਾ ਮਤ ਹੈ ॥ ੫੧ ॥

ਚਟਣੀ–ਦੋਹਰਾ

ਕਟੂ ਫਲ ਪੁਸਕਰ ਪੀਪਰਾ, ਸ੍ਰਿੰਗੀ ਮਧੁ ਸੋਂ ਚਾਟ।
ਕਫ ਕਾ ਜੁਰ ਸਭ ਜਾਤ ਹੈ, ਹੋਇ ਸੁ ਬਾਰਾਂ ਬਾਟ ॥੫੨॥

੨੯–ਕਾਇਫਲ, ਪੁਹਕਰਮੂਲ, ਮਘ ਕਕੜਸਿੰਗੀ ਪੀਹ ਕੇ ਬਰੀਕ ਕਰੇ ਅਰ ਸ਼ਹਿਤ ਪਾ ਕੇ

Digitized by Panjab Digital Library | www.panjabdigilib.org

ਚਟਣੀ ਕਰਕੇ ਚੱਟੇ ਤਾਂ ਕਫ ਦਾ ਤਾਪ ਬਾਰਾ ਟੁਕੜੇ ਹੋ ਕੇ ਜਾਵੇ ॥ ੫੨ ॥

ਛੁੱਦ੍ਰਾ ਨਾਗਰਿ ਅੰਮ੍ਰਿਤਾ, ਔਰ ਮਿਲਾਇ ਗਿਲੋਇ।
ਕਾਢਾ ਕਰਿਕੈ ਪੀਜੀਏ, ਨਾਸ ਕਫੀ ਜੁਰ ਹੋਇ ॥੫੩॥

੩੦–ਕੰਡਯਾਰੀ, ਸੁੰਢ, ਮਘ ਅਰ ਗਿਲੋਇ ਦਾ ਕਾੜ੍ਹਾ ਕਰਕੇ ਪੀਤਾ ਕਫ ਜ੍ਵਰ ਨੂੰ ਨਾਸ਼ ਕਰਦਾ ਹੈ ॥ ੫੩ ॥

ਚਟਣੀ (ਵੰਗਸੇਨਾਤ)–ਚੌਪਈ

ਹਰੜ ਬਹੇੜਾ ਪੀਪਰ ਜਾਨ। ਧਾਤ੍ਰੀ ਫਲ ਪੀਸੋ ਸਭ ਛਾਨ।
ਸ਼ਹਿਤ ਸੰਗ ਚਾਟਨ ਕੋ ਦੇਇ। ਸ੍ਵਾਸ ਕਫੀ ਜੁਰ ਕਾਸ ਗਮੇਇ ॥ ੫੪ ॥

੩੧–ਹਰੜ, ਬਹੇੜਾ, ਮਘ, ਆਵਲੇ, ਇਨ੍ਹਾਂ ਦੀ ਸ਼ਹਿਤ ਨਾਲ ਚਟਨੀ ਕਰਕੇ ਚੱਟੇ ਤਾਂ ਕਫ ਦਾ ਤਾਪ ਦਮਾ, ਖਾਂਸੀ ਸਮੇਤ ਨਾਸ਼ ਹੋਵੇ ॥ ੫੪ ॥

ਮੁਸਤਾ ਸ੍ਰਿੰਗੀ ਪੁਹਕਰ ਮੂਲ। ਕੜੂ ਕਾਇਫਲ ਮੇਲ ਕਚੂਰ।
ਪੀਸੀ ਚੂਰਨ ਕਰੋ ਮਹੀਨ। ਸ਼ਹਿਤ ਮਾਹਿ ਤਾਕੋ ਲੈ ਦੀਨ ॥੫੫॥
ਅਦ੍ਰਕ ਰਸ ਤਿਸ ਮਾਹਿ ਪਵਾਹਿ। ਤਾਕੋ ਘੋਲੀ ਦੇਹ ਚਟਾਇ।
ਸੂਲਵਾਤ ਬਮਿ ਸਵਾਸ ਜੁ ਖਈ। ਕਫ ਕਾ ਜੁਰ ਨਾਸਤ ਇਸਲਈ ॥੫੬॥

੩੨–ਮੋਥਾ ਕਕੜਸਿੰਗੀ, ਪੁਹਕਰਮੂਲ, ਕੌੜ, ਕਾਇਫਲ, ਕਚੂਰ ਅਰ ਸ਼ਹਿਤ ਚਟਣੀ ਕਰੇ ਇਸ ਵਿਚ ਅਦ੍ਰਕ ਦੀ ਰਸਾ ਪਾ ਕੇ ਘੋਲ ਕੇ ਚੱਟੇ ਕਫ ਦਾ ਤਾਪ, ਬਾਦੀ, ਸੂਲ ਕੈ ਦਮਾਂ ਖਈ ਆਦਿ ਸੱਭੋ ਨਾਸ਼ ਕਰੇ ॥ ੫੫ ॥ ੫੬ ॥

ਕਵਾਥ (ਬੀਰਸਿੰਘਾਵਿਲੋਕਾਤ)-ਚੌਪਈ

ਚਿੱਤ੍ਰਕ ਤ੍ਰਿਫਲਾ ਮੁਸਤ ਸੁਪਾਰੀ। ਅਮਲਤਾਸ ਕਾਲਿੰਗ ਬਿਚਾਰੀ।
ਕੜੂ ਪਟੋਲ ਪਤੀਸ ਮਗਾਈ। ਇਨਕੋ ਕੂਟੀ ਕਵਾਥ ਕਰਾਈ ॥੫੭॥
ਸਹਤ ਪਾਇ ਪੀਵਤ ਦੋ ਕਾਲ। ਕਫੀ ਤਾਪ ਕੋ ਕਰਤ ਬਿਹਾਲ।
ਕਾਸ ਗਲਾਮਯ ਰੋਗ ਨਸਾਇ। ਕਹਤ ਮੇਘ ਜਾਨੋ ਸਤਿ ਭਾਇ ॥੫੮॥

੩੩–ਚਿਤ੍ਰੇ ਦੀ ਛਿੱਲ; ਤ੍ਰਿਫਲਾ; (ਹਰੜਾ, ਬਹੇੜਾ ਆਵਲੇ), ਮੋਥਾ, ਸੁਪਾਰੀਆਂ ਅਮਲਤਾਸ ਦਾ ਗੁੱਦਾ, ਇੰਦ੍ਰ ਜੌਂ ਮਿੱਠੇ, ਕੌੜੇ, ਪਟੋਲਪਤ੍ਰ ਤੇ ਪਤੀਸ ਕੁਟ ਕੇ ਕਾੜ੍ਹਾ ਕਰੇ; ਉਸ ਵਿਚ ਫੇਰ ਸ਼ਹਿਤ ਪਾਕੇ ਦੋਨੋਂ ਵਕਤ ਪੀਵੇ, ਤਾਂ ਖਫ ਦੇ ਤਾਪ, ਖੰਘ ਤੇ ਗਲ ਦੇ ਰੋਗਾਂ ਨੂੰ ਦੂਰ ਕਰਦਾ ਹੈ ॥੫੭॥੫੮॥

ਨਸਵਾਰ–ਸੋਰਠਾ

ਤ੍ਰਿਕੁਟਾ ਛਿਕਨੀ ਪਾਇ, ਮੇਲ ਕਾਇਫਲ ਪੀਸੀਏ।
ਤਾਕੀ ਨਾਸ ਦਿਵਾਇ, ਜਾਤ ਕਫੀ ਜੁਰ ਜਾਨਿਯੋ।

Digitized by Panjab Digital Library | www.panjabdigilib.org

੩੪-ਤ੍ਰਿਕੁਟਾ (ਨਘ, ਮ੍ਰਿਚ, ਸੁੰਢ) ਨਕਛਿਕਣੀ ਬੂਟੀ ਅਰ ਕਾਯਫਲ ਪੀਹਕੇ ਨਸਵਾਰ ਦੇਵੇ ਤਾਂ ਕਫ ਦਾ ਤਾਪ ਨਾਸ ਹੋਵੇ ॥੫੯॥

ਬਾਤ ਪਿੱਤ ਜੁਰ ਲੱਛਣ-ਦ੍ਵੈਯਾਛੰਦ

ਤ੍ਰਿਸਨਾ ਭ੍ਰਮ ਮੂਰਛਾ ਨਹਿ ਨਿੰਦ੍ਰਾ, ਦਾਹ ਅੰਗ ਸਿਰ ਪੀਰਾ।
ਕੰਠ ਬਦਨ ਸੂਕਤ ਬਮਿ ਤਮ ਹੈ, ਗੰਠ ਗੰਠ ਦੁਖ ਧੀਰਾ।
ਰੋਮ ਹਰਖ ਮੰਦਾਗਨਿ ਜ੍ਰਿੰਭਾ, ਬਾਤ ਪਿਤ ਜੁਰ ਭਾਖਯਾ।
ਕਹਤ ਮੇਘ ਏ ਮੇਘ ਬਿਨੋਦੈ, ਮਾਧਵ ਤੇ ਮੈ ਆਖਯਾ ॥ ੬੦ ॥

ਪਜਾਸ, ਭ੍ਰਮ, ਮੂਰਛਾ, ਨਿੰਦ੍ਰਾਨਾਸ, ਅੰਗਦਾਹ, ਸਿਰ ਪੀੜ, ਤਾਲੂ, ਮੂੰਹ ਦਾ ਸੁੱਕਣਾ, ਕੈ, ਅੰਧਕਾਰ, ਜੋੜ ਜੋੜ ਦੋਖਣਾ, ਰੋਮਾਂਚ, ਮੰਦਾਗਨੀ ਤੇ ਉਬਾਸੀਆਂ ਇਹ ਬਾਤ ਪਿਤ ਤਾਪ ਦੇ ਲੱਛਣ ਹੁੰਦੇ ਹਨ ॥੬੦॥

ਬਾਤਪਿਤ ਜੂਰ ਉਪਾਇ-ਦੋਹਰਾ

ਤ੍ਰਿਫਲਾ ਅੰਮਲਤਸ ਬ੍ਰਿਖ, ਸਾਲਮਲੀ ਆਗਸਤ।
ਕਾਢਾ ਕਰਿਕੈ ਪੀਜੀਏ, ਬਾਤ ਪਿੱਤ ਜੁਰ ਸ੍ਵਸਤ ॥ ੬੧ ॥

੩੫-ਤ੍ਰਿਫਲਾ (ਹਰੜ, ਬਹੇੜਾ, ਆਵਲੇ), ਅੰਮਲਤਾਸ ਦਾ ਗੁੱਦਾ, ਬਾਂਸਾ, ਸਿੰਮਲ ਦੀ ਜੜ੍ਹ ਦੀ ਛਿੱਲ ਤੇ *ਅਗਸਤ ਬ੍ਰਿਖ ਦੀ ਛਿੱਲ ਪਾਕੇ ਕਾੜ੍ਹਾ ਕਰੇ,ਪੀਵੇ ਤਾਂ ਬਾਤ ਪਿੱਤ ਦੇ ਤਾਪ ਨੂੰ ਨਾਸ਼ ਕਰੇ।੬੧।

ਚਿੱਤ੍ਰਾ ਦ੍ਰਾਖਾਂ ਆਮਲੇ, ਕੜੂ ਕਚੂਰ ਕਿਰਾਤ।
ਕ੍ਵਾਥ ਕਰੀ ਗੁੜ ਪਾਇ ਪਿਵ, ਬਾਤ ਪਿਤ ਜੁਰ ਘਾਤ ॥ ੬੨ ॥

੩੬-ਚਿੱਤ੍ਰਾ, ਦਾਖ, ਆਵਲੇ, ਕੋੜ, ਕਚੂਰ ਅਰ ਚਿਰੈਤਾ ਕਾੜ੍ਹਾ ਕਰ ਕੇ ਗੁੜ ਪਾ ਕੇ ਪੀਵੇ ਤਾਂ ਬਾਤ ਪਿੱਤ ਜੂਰ ਦਾ ਨਾਸ਼ ਕਰੇ ॥੬੨॥

ਬਲਾ ਭਾਰਗੀ ਅੰਮ੍ਰਿਤਾ, ਚੰਦਨ ਰੁਵਕ ਉਸੀਰ।
ਪੀਪਰ ਪਰਪਟ ਬੇਰਹ੍ਰੀ, ਕ੍ਵਾਥ ਕਰੀ ਪਿਵ ਬੀਰ ॥ ੬੩ ॥
ਪਰਵਭੇਦ ਸਿਰ ਪੀਰ ਹੀ, ਕੰਪ ਬਾਤ ਪਿਤ ਬਾਤ।
ਬੰਗਸੈਨ ਇਮ ਭਾਖਜੋ, ਸਕਲ ਹਰਤ ਸੰਤਾਪ ॥ ੬੪ ॥

੩੭-ਖਿਰੈਟੀ, ਭੜਿੰਗੀ, ਗਿਲੋਯ, ਚੰਦਨ, ਅਰਿੰਡ ਦੀ ਜੜ੍ਹ, ਖੱਸ ਮਘਾਂ, ਪਾਪੜਾ ਤੇ ਹਊਬਰ ਕਾੜ੍ਹਾ ਕਰਕੇ ਪੀਣ ਨਾਲ ਅੰਗ ਪੀੜਾ,ਸਿਰ ਪੀੜਾ,ਕੰਪਬਾਤ ਤੇ ਪਿੱਤ ਜੂਰ ਨੂੰ ਦੂਰ ਕਰਦਾ ਹੈ।੬੩।੬੪।

ਕ੍ਵਾਥ-ਪੰਚਭਦ੍ਰ

ਛਿੰਨਾ ਪਰਪਟ ਜਲਧਰਾ, ਸੌਂਠੀ ਮੇਲ ਕਿਰਾਤ।

---

*ਪੂਰਬ ਦੇਸ਼ ਵਿਚ ਇਹ ਬ੍ਰਿਛ ਪ੍ਰਸਿਧ ਹੈ।

Digitized by Panjab Digital Library | www.panjabdigilib.org

ਪੰਚ ਭਦ੍ਰ ਏ ਕ੍ਵਾਥ ਕਰਿ, ਬਾਤ ਪਿੱਤ ਜੁਰ ਘਾਤ ॥੬੫॥

੩੮-ਗਿਲੋਯ, ਪਾਪੜਾ, ਮੋਥਾ, ਸੁੰਢ ਤੇ ਚਿਰੈਤਾ ਇਸ ਦਾ ਨਾਮ ਪੰਚ ਚੀਜ਼ਾਂ ਹੋਣ ਤੇ ਪੰਚ ਭਦ੍ਰ ਕਾੜ੍ਹਾ ਹੈ, ਬਾਤ ਪਿੱਤ ਦੇ ਤਾਪ ਨੂੰ ਨਾਸ ਕਰਦਾ ਹੈ ॥੬੫॥

ਕ੍ਵਾਥ [ਵੰਗਸੇਨਾਤ]

ਬਲਾ ਪਦਮਨੀਲੋ ਗਹੋ, ਪਰਖ ਦਾਖ ਵਿਚ ਪਾਇ।
ਖਸ ਪਦਮਾਖ ਜੁ ਕਾਸਨੀ, ਯਸ੍ਟੀ ਤਾਂਹਿ ਮਿਲਾਇ ॥੬੬॥
ਗੁਲਖੈਰੇ ਕੇ ਫੂਲ ਠਵ, ਕ੍ਵਾਥ ਕਰੀਨੈ ਪਾਇ।
ਬਾਤ ਪਿੱਤ ਜੁਰ ਜਾਤ ਹੈ, ਬੰਗਸੈਨ ਕੇ ਭਾਇ ॥੬੭॥

੩੯-ਖਰੈਟੀ, ਨੀਲੋਫਰ (ਯਾ ਨੀਲੇਕਮਲ), ਫਾਲਸਾ, ਦਾਖ, ਖਸ, ਪਦਮਾਖ ਲਕੜੀ, ਕਾਸ਼ਨੀ ਮੁਲੱਠੀ ਤੇ ਗੁਲਖੈਰੇ ਦੇ ਫੁੱਲ ਪਾਕੇ ਕਾੜ੍ਹਾ ਕਰਕੇ ਪੀਵੇ ਤਾਂ ਇਹ ਬਾਤ ਪਿਤ ਦੇ ਤਾਪ ਨੂੰ ਨਿਸਚੇ ਨਾਸ ਕਰਦਾ ਹੈ ॥੬੬॥੬੭॥

ਨੀਂਬ ਗਲੋਇ ਪਟੋਲ ਲੈ, ਮੇਲੋ ਕੜੂ ਲਿਯਾਇ।
ਕ੍ਵਾਥ ਕਰੀਨੈ ਪੀਜੀਏ, ਬਾਤ ਪਿੱਤ ਜੁਰ ਜਾਇ ॥੬੮॥

੪੦-ਨਿੰਮ, ਗਿਲੋ,ਪਟੋਲ ਅਰ ਕੜੂ ਦਾ ਕ੍ਵਾਥ ਪੀਤਾ ਬਾਤ ਪਿਤ ਜ੍ਵਰ ਨੂੰ ਨਸ਼ਟ ਕਰਦਾ ਹੈ।੬੮।

ਬਾਤ ਸਲੇਖਮ ਜ੍ਵਰ ਲੱਛਣ-ਪਰਹਾ

ਆਕੜ ਗੰਠੀ ਪੀਰ, ਨੀਂਦ ਸਿਰ ਭਾਰ ਹੈ।
ਭਾਰੀ ਤਨ ਸੰਤਾਪ, ਜੁਕਾਮ ਬਿਕਾਰ ਹੈ।
ਖਾਂਸੀ ਸ੍ਵੇਦਨ ਹੋਇ, ਬੇਗ ਮੱਧਮ ਕਹੇ॥
ਬਾਤ ਸਲੇਖਮ ਤਾਪ, ਲੱਛਣਾ ਏ ਲਹੇ ॥੬੯॥

ਅਕੜੇਮੇ, ਜੋੜਾਂ ਵਿੱਚ ਦਰਦ, ਬਹੁਤੀ ਨੀਂਦ, ਸਿਰ ਭਾਰੀ, ਦਾਹ, ਜ਼ੁਕਾਮ, ਖਾਂਸੀ ਹੋਵੇ, ਪਸੀਨਾ ਆਵੇ, ਤਾਪ ਦਾ ਚੜ੍ਹਾਉ ਦਰਮਿਆਨਾ ਹੋਇ ਤਾਂ ਬਾਤ ਕਫ ਦਾ ਤਾਪ ਕਿਹਾ ਜਾਂਦਾ ਹੈ ॥੬੯॥

ਬਾਤ ਸਲੇਖਮ ਜ੍ਵਰ ਉਪਾਇ-ਚੌਪਈ

ਨਾਗਰ ਪੁਸਕਰ ਚਿੱਤ੍ਰਾ ਜਾਨ। ਪੀਪਰ ਛੁੱਦ੍ਰਾ ਆਨੀ ਠਾਨ।
ਕ੍ਵਾਥ ਕਰੀ ਪੀਵਤ ਜੁਰ ਜਾਇ। ਬਾਤ ਸਲੇਖਮ ਜਾਕਾ ਨਾਇ ॥੭੦॥

੪੧-ਸੁੰਢ, ਪੁਹਕਰਮੂਲ, ਚਿਤ੍ਰਾ, ਮਘ ਅਰ ਕੰਡਿਆਰੀ ਕਾੜ੍ਹਾ ਕਰ ਕੇ ਪੀਵੇ ਤਾਂ ਬਾਤ ਕਫ ਦਾ ਤਾਪ ਨਾਸ ਹੋਵੇ ॥੭੦॥

(ਵੰਗਸੇਨਾਤ)

ਪਦਮ ਕੰਟਾਰੀ ਚੰਦਨ ਲੇਇ। ਘਨ ਗਲੋਇ ਕਿਰਾਤ ਸਦੇਇ।

Digitized by Panjab Digital Library | www.panjabdigilib.org

ਪਰਪਟ ਬਾਂਸਾ ਪੁਸਕਰ ਮੂਰ। ਕੁੜਾ ਕੜੂ ਪਿਚਮੰਦ ਜੁ ਚੂਰ ॥੭੧॥
ਸੁੰਠੀ ਭਾਰਗੀ ਧਨੀਯਾ ਆਨ। ਪਤ੍ਰ ਪਟੋਲਹਿ ਤਾਂ ਮੈਂ ਠਾਨ।
ਕਾੜ੍ਹਾ ਕਰਿਕੈ ਪੀਜਤ ਏਹ। ਬਾਤ ਸਲੇਖਮ ਜ੍ਵਰ ਨਾਸੇਇ ॥੭੨॥
ਮੂਰਛਾ ਤ੍ਰਿਸ਼ਨਾ ਆਰੁਚ ਸ੍ਵਾਸ। ਸੂਲ ਅਨਾਹ ਬਮੀ ਅਰੁ ਕਾਸ।
ਹਿਚਕੀ ਸੰਨ ਸੁ ਗਲਗ੍ਰਹਿ ਦਾਹਿ। ਸੀਸਪਰ ਮਿਟਹੈ ਸਭ ਤਾਹਿ ॥੭੩॥

੪੨–ਕਮਲਡੋਡੇ, ਕੰਡਿਆਰੀ, ਚੰਦਨ, ਮੋਥਾ, ਗਿਲੋਇ, ਚਿਰੈਤਾ, ਪਿਤਪਾਪੜਾ, ਬਾਂਸਾ, ਪੁਹਕਰਮੂਲ, ਕੁੜਾਸੱਕ, ਕੌੜ, ਨਿੰਮ, ਸੁੰਢ, ਭੜਿੰਗੀ, ਧਨੀਆਂ ਅਰ ਪਟੋਲਪਤ੍ਰ ਸਭਨਾਂ ਦਾ ਕਾੜ੍ਹਾ ਕਰਕੇ ਪੀਵੇ ਤਾਂ ਬਾਤ ਕਫ ਦਾ ਤਾਪ, ਮੂਰਛਾ, ਪਯਾਸ, ਅਰੁਚੀ, ਸ੍ਵਾਸ, ਸੂਲ, ਅਫਾਰਾ, ਵਮਨ, ਖਾਂਸੀ, ਹਿੜਕੀ ਸੰਨਿਪਾਤੁ, ਕੰਠ ਦਾ ਦਾਹ ਤੇ ਸਿਰ ਦੀ ਪੀੜ. ਸਭ ਨੂੰ ਦੂਰ ਕਰੇਂ ਹੈ ॥੭੧॥੭੨॥੭੩॥

ਮੁਸਤਾ ਸੁੰਠੀ ਪਰਪਟ ਛਿੰਨਾ। ਮੇਲ ਧਮਾਸਾ ਕ੍ਵਾਥ ਜੁ ਕਿੰਨਾ।
ਪੀਵਤ ਬਾਤ ਕਫੀ ਜ੍ਵਰ ਜਾਇ। ਦਾਹ ਸੋਖ ਬਮ ਦੂਰ ਕਰਾਇ ॥੭੪॥

੪੩–ਮੋਥਾ, ਸੁੰਢ, ਪਾਪੜਾ, ਗਿਲੋਯ ਤੇ ਧਮਾਹਾਂ ਕਾੜ੍ਹਾ ਕਰੇ, ਪੀਵੇ ਤਾਂ ਬਾਤ ਕਫ ਦੇ ਤਾਪ ਨੂੰ, ਦਾਹ ਨੂੰ, ਸੋਖੀ ਨੂੰ ਤੇ ਕੈ ਨੂੰ ਭੀ ਦੂਰ ਕਰਦਾ ਹੈ।

(ਵੰਗਸੇਨਾਤ)

ਤ੍ਰਿਫਲਾ ਤ੍ਰਿਕੁਟਾ ਕੜੂ ਗਲੋਇ। ਨਿੰਬ, ਕਿਰਾਤ ਕੜੂ ਬ੍ਰਿਖ ਸੋਇ।
ਮੁਸਤ ਪਟੋਲ ਕੜੂ ਲੈ ਪਾਤ। ਇਨਕਾ ਕਾੜ੍ਹਾ ਕਰੇ ਸਮਾਤ ॥੭੫॥
ਬਾਤ ਸਲੇਖਮ ਕਾ ਤਪ ਜਾਇ। ਔਰ ਤਾਪ ਸਗਲੇ ਮਿਟਵਾਇ।
ਵੰਗਸੈਨ ਮਤ ਭਾਖਾ ਕਹੀ। ਮੇਘਬਿਨੋਦੈ ਸਾਚੀ ਸਹੀ ॥੭੬॥

੪੪--ਹਰੜ, ਬਹੇੜਾ, ਆਵਲੇ, ਮਘ, ਮ੍ਰਿਚ, ਸੁੰਢ, ਕੌੜ ਤੇ ਗਿਲੋਇ ਵਾ:--

੪੫--ਨਿੰਮ, ਚਰੈਤਾ, ਕੌੜ ਤੇ ਬਾਂਸਾ, ਵਾ:-

੪੬--ਮੋਥਾ, ਪਟੋਲਪਤ੍ਰ ਤੇ ਕੜੂ ਪਾਵੇ, ਇਨ੍ਹਾਂ ਦਾ ਵਖੋ ਵਖਰਾ ਕਾੜ੍ਹਾ ਕਰਕੇ ਪੀਵੇ ਤਾਂ ਬਾਤ ਬਲਗਮ ਦਾ ਤਪ ਤੇ ਹੋਰ ਸਭੇ ਤਾਪ ਨਾਸ ਕਰੇ ॥੭੫॥੭੬॥

ਗ੍ਰੰਥਕ ਮੁਸਤਾ ਤਿਕਤਾ ਜਾਨ। ਅਮਲਤਾਸ ਹਰੜੈ ਪਰਧਾਨ।
ਕ੍ਵਾਥ ਕਰੀ ਪੀਵਤ ਮਿਟ ਜਾਇ। ਕਤੀ ਬਾਤ ਕਾ ਤਾਪ ਕਹਾਇ ॥੭੭॥
ਦੀਪਨ ਪਾਚਨ ਕਰਤਾ ਏਹ। ਕਫੀ ਸੂਲ ਅਰ ਆਮ ਨਸੇਹ।
ਸਾਚੀ ਬਾਤ ਬਖਾਨੀ ਸਹੀ। ਬੰਗਸੈਨ ਮਤਿ ਮੇਘੈ ਲਹੀ ॥੭੮॥

੪੭--ਪਿਪਲਾਮੂਲ. ਮੋਥਾ, ਕੌੜ, ਅੰਮਲਤਾਸ ਦਾ ਗੁੱਦਾ ਅਤੇ ਹਰੜਾਂ ਦੀ ਛਿਲ ਲੈ ਕੇ ਕਾੜ੍ਹਾ ਕਰੇ, ਪ੍ਰਾਤਾਕਾਲ ਪੀਵੇ ਤਾਂ ਕਫ ਬਾਤ ਦਾ ਤਾਪ, ਕਫ ਦਾ ਸੂਲ ਅਤੇ ਆਮ ਇਨ੍ਹਾਂ ਸਭਨਾਂ ਦਾ ਨਾਸ਼ ਕਰਨ ਹਾਰਾ ਅਰ ਦੀਪਨ ਪਾਚਨ ਹੈ ॥੭੭॥੭੮॥

Digitized by Panjab Digital Library | www.panjabdigilib.org

ਚਵਕ ਸੁ ਚਿੱਤ੍ਰਾ ਪੀਪਰ ਮੂਰ। ਸੁੰਠੀ ਪੀਪਰ ਲੈ ਸਮ ਪੂਰ।
ਕ੍ਵਾਥ ਕਰੀ ਇਸ ਪੀਵਨ ਦੇਇ। ਕਫੀ ਬਾਤ ਤਪ ਦੂਰ ਕਰੇਇ ॥੭੯॥

੪੮-ਚਬ, ਚਿਤ੍ਰਾ, ਪਿਪਲਾਮੂਲ, ਸੁੰਢ ਤੇ ਮਘ, ਇਨ੍ਹਾਂ ਦਾ ਕਾੜ੍ਹਾ ਕਫ ਬਾਤ ਤੇ ਤਾਪ ਦਾ ਨਾਸ਼ਕ ਹੈ ॥੭੯॥

(ਵੰਗਸੇਨਾਤ)

ਪੀਪਰ ਪਾਨੀ ਉਸਨ ਫਕਾਇ। ਬਾਤ ਕਫੀ ਜੁਰ ਨਾਸ ਕਰਾਇ।
ਸ੍ਵਾਸ ਕਾਸ ਪੀੜਾ ਮਿਟ ਜਾਇ। ਬੰਗਸੈਨ ਭਾਖੀ ਸਤਭਾਇ ॥੮੦॥

੪੯-ਮਘ ਤੱਤੇ ਪਾਣੀ ਨਾਲ ਫਕਾਵੇ ਤਾਂ ਬਾਤ ਕਫ ਦਾ ਤਾਪ ਨਾਸ਼ ਕਰੇ, ਹੋਰ ਦਮਾ, ਖਾਂਸੀ ਭੀ ਹਟਾਵੇ ॥੮੦॥

ਨਿੰਬ ਅੰਮ੍ਰਿਤਾ ਕਟੁਫਲ ਦਾਰੁ। ਕਟੁਕੀ ਸੁੰਠੀ ਮੇਲੋ ਬਾਰ।
ਕਾਢਾ ਕਰਿ ਪੀਵਤ ਸੁਕ ਪਾਇ। ਬਾਤ ਸਲੇਖਮ ਤਪ ਨਸ ਜਾਇ ॥੮੧॥

੫੦-ਨਿੰਮ, ਗਿਲੋ, ਕਾਯਫਲ; ਦੇਵਦਾਰ ਕੌੜ ਅਰ ਸੁੰਢ ਪਾਣੀ ਵਿਚ ਕਾੜ੍ਹਾ ਕਰਕੇ ਪੀਵੇ ਤਾਂ ਬਾਤ ਬਲਗਮ ਦਾ ਤਾਪ ਨਾਸ਼ ਕਰੇ ॥੮੧॥

ਸਲੇਖਮ ਕਫ ਪਿਤ ਜ੍ਵਰ ਲੱਛਣ—ਸੋਰਠਾ

ਨਿੰਦ੍ਰਾ ਮੋਹੁ ਜੁ ਕਾਸ, ਮੁਖ ਲੀਪਤ ਕੌੜਾ ਰਹਿਤ।
ਤ੍ਰਿਖਾ ਅਰੁਚਿ ਪਰਕਾਸ, ਸੀਤ ਲਗਤ ਬਿਟ ਬੰਦ ਹੀ ॥੮੨॥
ਸ੍ਵੇਦ ਛਰਦ ਅਚਵਾਇ, ਅਤਿ ਹੀ ਤਨ ਤਪਤਾ ਰਹਿਤ।
ਕਫੀ ਪਿੱਤ ਜੁਰ ਸਾਇ, ਜਾਮੈ ਏ ਲੱਛਣ ਭਵਤਿ ॥੮੩॥

ਨਿੰਦ੍ਰਾ, ਮੋਹ, ਖੰਘ, ਮੂੰਹ ਲਿਪਿਆ ਜੇਹਾ ਤੇ ਕੌੜਾ ਜੇਹਾ, ਪਜਾਸ, ਅਰੁਚੀ, ਠੰਢ ਲੱਗਣੀ, ਕਬਜੀ ਪਸੀਨਾ, ਕੈ, ਅਚੋਆਈ, ਬਹੁਤੀ ਸਰੀਰ ਪਰ ਤਪੈਸ਼ ਹੋਵੇ, ਸੋ ਇਹ ਕਫ ਪਿੱਤ ਦਾ ਤਪ ਕਹਾਉਂਦਾ ਹੈ ॥੮੨॥੮੩॥

ਸਲੇਖਮ ਪਿਤ ਜ੍ਵਰ ਉਪਾਇ—ਸੋਰਠਾ

ਧਨੀਆ ਨਿੰਬ ਗਿਲੋਇ, ਪਦਮ ਸਵੇਤ ਚੰਦਨ ਗਹੋ।
ਪਿਵੇ ਕਵਾਥ ਕਰਿ ਸੋਇ, ਕਫ ਜੁਰ ਪਿੱਤੈ ਤਾਪ ਹਰਿ ॥੮੪॥

੫੧-ਧਨੀਆਂ, ਨਿੰਮ, ਗਿਲੋਯ, ਕਮਲਡੋਡੇ, ਚੰਦਨ ਇਨ੍ਹਾਂ ਦਾ ਕਾੜ੍ਹਾ ਪਿਤ ਕਫ ਦੇ ਤਾਪ ਨੂੰ ਨਾਸ਼ ਕਰਦਾ ਹੈ ॥੮੪॥

ਕਢੂ ਗਡੂਚੀ ਆਣ, ਧਨੀਆਂ ਨਿੰਬ ਜੁ ਆਨਿਯੇ।
ਚੰਦਨ ਕਟੁਕੀ ਠਾਨ, ਕਵਾਥ ਕਰੀ ਪੀਵਨ ਦਰੋ ॥੮੫॥

Digitized by Panjab Digital Library | www.panjabdigilib.org

ਤ੍ਰਿਸਨਾ ਮਿਟ ਹੈ ਦਾਹਿ, ਛਰਦ ਅਰੋਚਕ ਜਾਤ ਹੈ।
ਜੁਰ ਕਫ ਪਿੱਤੀ ਤਾਹਿ, ਕਹੀ ਮੇਘ ਜੀ ਏ ਪ੍ਰਬਲ ॥੮੬॥

੫੨-ਕੌੜ, ਗਿਲੋ, ਧਨੀਆਂ, ਨਿੰਮ, ਚੰਦਨ ਤੇ ਕੌੜ ਪਾ ਕੇ ਕਾੜ੍ਹਾ ਕਰ ਕੇ ਪੀਤਿਆਂ ਪਯਾਸ ਦਾਹ, ਕੈ, ਅਰੁਚੀ ਤੇ ਕਫ ਪਿਤ ਦਾ ਤਾਪ ਇਹ ਸਭ ਨਾਸ਼ ਹੁੰਦੇ ਹਨ ॥ ੮੫ ॥ ੮੬ ॥

ਚੰਦਨ ਯਸਟਿ ਗਿਲੋਇ, ਨਿੰਬ ਕਹੀ ਧਨੀਯਾ ਗਹੋ।
ਕਰੋ ਕ੍ਵਾਥ ਪਿਵ ਸੋਇ, ਕਫ ਪਿਤੈ ਜੁਰ ਨਾਸ ਹੁਇ ॥੮੭॥

੫੩-ਚੰਦਨ, ਮੁਲੱਠੀ, ਗਿਲੋਯ, ਨਿੰਮ ਅਰ ਧਨੀਆਂ ਇਹ ਕਾੜ੍ਹਾ ਪਿਤਾ ਕਫ ਪਿਤ ਦੇ ਤਾਪ ਨੂੰ ਨਾਸ਼ ਕਰਦਾ ਹੈ ॥ ੮੭ ॥

ਤ੍ਰਿਫਲਾ ਨਿੰਬ ਮਗਾਇ, ਮੁਹਲੇਠੀ ਸੁ ਪਟੋਲ ਦਲ।
ਦੀਜੇ ਬਲਾ ਠਵਾਇ, ਕ੍ਵਾਥ ਕਰੀ ਪੀਵੈ ਰੁਜੀ ॥੮੮॥
ਤ੍ਰਿਸਨਾ ਦਾਹ ਮਿਟਾਇ, ਤਾਪ ਜਾਇ ਕਫ ਪਿਤ ਕੋ।
ਮੇਘੇ ਦਈ ਬਤਾਇ, ਬੰਗਸੈਨ ਤੇ ਆਨ ਕੈ ॥੮੯॥

੫੪-ਤ੍ਰਿਫਲਾ, ਨਿੰਮ, ਮੁਲੱਠੀ, ਪਟੋਲਪਤ੍ਰ ਤੇ ਖਰੈਟੀ ਲੈ ਕੇ ਕਾੜ੍ਹਾ ਕਰੇ ਤੇ ਪੀਵੇ ਤਾਂ ਪਯਾਸ, ਦਾਹ ਅਤੇ ਪਿਤ ਦਾ ਕਫ ਦਾ ਤਾਪ ਸਭ ਨੂੰ ਨਾਸ਼ ਕਰੇ ॥ ੮੮ ॥ ੮੯ ॥

ਚੰਦਨ ਤਿਕਤਾ ਪਾਇ, ਪਾਠਾ ਮੂਰਵਾ ਆਨਿਯੋ।
ਪਟੋਲ ਦਲੈ ਜੁ ਮਿਲਾਇ, ਕ੍ਵਾਥ ਕਰੋ ਆਛੀ ਜੁਗਤ ॥੯੦॥
ਦੀਜੈ ਤੁਰਤ ਪਿਵਾਇ, ਕਛੁ ਸਿਯਰਾ ਕਛੁ ਤਪਤ ਹੀ।
ਛਰਦ ਅਰੁਚਿ ਮਿਟ ਜਾਇ,ਤਾਪ ਮਿਟਤ ਕਫ ਪਿੱਤ ਛਿਨ ॥੯੧॥

੫੫-ਚੰਦਨ, ਕੌੜ, ਪਾਠਾ, ਮੋਿੜਿਉਂ ਅਰ ਪਟੋਲਪਤ੍ਰ ਇਨ੍ਹਾਂ ਦਾ ਕਾੜ੍ਹਾ ਕੋਸਾ ੨ ਹੀ ਪਿਲਾ ਦੇਵੇ ਤਾਂ ਕੈ, ਅਰੁਚੀ ਅਤੇ ਕਫ ਪਿਤ ਦੇ ਤਾਪ ਸਭ ਨੂੰ ਨਾਸ਼ ਕਰੇ ॥ ੯੦ ॥ ੯੧ ॥

ਸਿਤਾ ਕੜੂ ਦੋ ਆਨ, ਪੀਸੀ ਚੂਰਨ ਟੰਕ ਦ੍ਵੈ।
ਉਸਨ ਨੀਰ ਕਰਿ ਪਾਨ, ਪਿੱਤ ਸਲੇਖਮ ਜਾਤ ਤਪ ॥੯੨॥

੫੬- ਮਿਸਰੀ, ਕੌੜ, ਦੁਹਾਂ ਦਾ ਚੂਰਨ ੮ ਮਾਸੇ ਤੱਤੇ ਪਾਣੀ ਨਾਲ ਲਵੇ ਤਾਂ ਪਿਤ ਕਫ ਦੇ ਤਾਪ ਦਾ ਨਾਸ਼ ਕਰਦਾ ਹੈ ॥ ੯੨ ॥

(ਬੰਗਸੇਨਾਤ)

ਤ੍ਰਿਫਲਾ ਕਟੁਕੀ ਦਾਖ, ਤ੍ਰਾਯਮਾਨ ਭਿਲ ਕ੍ਵਾਥ ਕਰਿ।
ਬੰਗਸੈਨ ਮਤਿ ਸਾਖ, ਤਾਪ ਜਾਇ ਕਫ ਪਿੱਤ ਕੋ ॥੯੩॥

੫੭-ਤ੍ਰਿਫਲਾ (ਹਰੜ, ਬਹੇੜਾ, ਆਵਲੇ), ਕੌੜ, ਮੁਨੱਕਾ ਅਰ ਤ੍ਰਾਹਮਾਣ ਅਰਥਾਤ

Digitized by Panjab Digital Library | www.panjabdigilib.org

ਤੁਖਮਜਰਜਰ ਅਭਾਵ ਮੈਂ ਬਨਖਸ਼ਾ ਪਾ ਕੇ ਕਾੜ੍ਹਾ ਕਰ ਕੇ ਪਿਲਾਵੇ ਤਾਂ ਕਫ ਪਿਤ ਦਾ ਤਾਪ ਨਾਸ਼ ਕਰੇ ॥੯੩ ॥

ਕੁੜਾ ਕਮਲ ਲੈ ਸੁੰਠ, ਚੰਦਨ ਛਿੰਨਾ ਧਾਨਿਯਾ।
ਦਲ ਪਟੋਲ ਲੈ ਗੁੰਠ, ਕ੍ਵਾਥ ਕਰੀ ਪੀਵਨ ਕਰੋ ॥੯੪॥
ਦਾਹ ਸੂਲ ਮਿਟ ਜਾਇ, ਹਸਤ ਪਾਦ ਕੀ ਦਾਹ ਹਰ।
ਕਫੀ ਪਿਤ ਜ੍ਵਰ ਜਾਇ, ਨਾਸਤ ਸੋ ਤਤਕਾਲ ਹੀ ॥੯੫॥

੫੮-ਕੁੜਾਸਕ, ਕਮਲਡੋਡੇ, ਸੁੰਢ, ਚੰਦਨ, ਗਿਲੋਯ, ਧਨੀਆਂ ਤੇ ਪਟੋਲਪਤ੍ਰ ਪਾ ਕੇ ਕਾੜ੍ਹਾ ਕਰੇ ਪਿਲਾਵੇ ਤਾਂ ਹੱਥਾਂ, ਪੈਰਾਂ ਦੇ ਦਾਹ ਸਮੇਤ ਸੂਲ ਅਤੇ ਪਿਤ ਕਫ ਦਾ ਤਾਪ ਨਾਸ਼ ਕਰੇ ॥੯੪ ॥ ੯੫ ॥

ਪਰਗ ਟਧਨੀਯਾ ਜਾਨਿ, ਇੰਦ੍ਰਜਵੈ ਸੁ ਪਟੋਲ ਦਲ।
ਕ੍ਵਾਥ ਸਹਿਤ ਸੰਗ ਪਾਨਿ, ਪਿਤ ਸਲੇਖਮ ਤਾਪ ਰਿਪੁ ॥੯੬॥

੫੯-ਪਿਤ ਪਾਪੜਾ, ਧਨੀਆਂ, ਇੰਦ੍ਰਜੌਂ ਮਿੱਠੇ ਤੇ ਪਟੋਲਪਤ੍ਰ ਦਾ ਕਾੜ੍ਹਾ ਸ਼ਹਿਤ ਪਾ ਕੇ ਪੀਤਾ ਹੋਯਾ ਪਿਤ ਕਫ ਦੇ ਤਾਪ ਨੂੰ ਨਾਸ਼ ਕਰਦਾ ਹੈ ॥ ੯੬ ॥

ਕ੍ਵਾਥ (ਛਿੰਨਾਸਟਕ)

ਕੜੂ ਪਟੋਲ ਗਿਲੋਇ, ਸੁੰਠੀ ਚੰਦਨ ਨਿੰਬ ਮੁਥ।
ਕੁੜਾ ਬੀਜ ਲੈ ਦੋਇ, ਕਣਾ ਭੁਰਕਿਯੇ ਕ੍ਵਾਥ ਕਰਿ ॥੯੭॥
ਪੀਵਤ ਤ੍ਰਿਟ ਬਮਿ ਜਾਇ, ਲਗਤ ਭੂਖ ਅਰੁ ਦਾਹ ਹਰਿ।
ਛਿੱਨਾਸਟਕ ਕਹਿਵਾਇ, ਹਰਤ ਤਾਪ ਕਫ ਪਿੱਤ ਕੋ ॥੯੮॥

੬੦-ਕੌੜ, ਪਟੋਲਪਤ੍ਰ, ਗਿਲੋਯ, ਸੁੰਡ, ਲਾਲ ਚੰਦਨ, ਨਿੰਮ, ਮੋਥਾ, ਕੁੜਾਸਕ ਅਤੇ ਇੰਦ੍ਰਜੌਂ ਮਿੱਠੇ ਲੈ ਕੇ ੪ ਤੋਲੇ ਦਾ ਕਾੜ੍ਹਾ ਕਰੇ ਉਪਰ ਮਘ ਦਾ ਚੂਰਨ ਧੂੜ ਕੇ ਪੀਵੇ ਤਾਂ ਤ੍ਰਿਖਾ, ਕੈ, ਪਿਤ ਕਫ ਦਾ ਤਾਪ ਨਾਸ ਕਰੇ ਅਰ ਭੁਖ ਲਗਾਵੇ, ਦਾਹ ਦੂਰ ਕਰੇ ॥ ੯੭ ॥ ੯੮ ॥

ਬਾਂਸਾ ਪਾਂਚੋਂ ਅੰਗ, ਸਿਤਾ ਸਹਿਤ ਸੋਂ ਚਾਟਿਯੇ।
ਮਿਟਤ ਰੁਧਰ ਕੋ ਰੰਗ, ਕਫੀ ਪਿੱਤ ਜੁਰ ਨਾ ਰਹਤ ॥੯੯॥

੬੧-ਬਾਂਸੇ ਦਾ *ਪੰਚਾਗ ਲੈਕੇ ਬ੍ਰੀਕ ਪੀਹ ਕੇ ਮਿਸਰੀ ਪਾ ਕੇ ਸ਼ਹਿਤ ਨਾਲ ਚਟਾਯਾ ਕਰੇ ਤਾਂ ਕਫ ਪਿਤ ਦਾ ਤਾਪ ਤੇ ਖੂਨ ਦਾ ਜੋਸ਼ ਇਹ ਸਭ ਨਾਸ਼ ਕਰੇ ॥ ੯੯ ॥

[ਬੰਗਸੇਨਾਤ]

ਤ੍ਰਿਫਲਾ ਬਰਚ ਪਟੋਲ, ਨੀਂਬ ਮੁਲੱਠੀ ਕ੍ਵਾਥ ਕਰਿ।
ਦੀਜਤ ਛਾਨੀ ਘੋਲ, ਤਾਪ ਹਰਤ ਕਫ ਪਿੱਤ ਭਨ ॥੧੦੦॥

---

*ਜੜ ਪਤ੍ਰ ਫਲ, ਫੂਲ ਤੇ ਛਿਲ ਸਭੇ ਨੂੰ ਪੰਚਾਂਗ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

੬੨-ਤ੍ਰਿਫਲਾ (ਹਰੜ, ਬਹੇੜਾ, ਆਵਲੇ), ਵਚ, ਪਟੋਲਪਤ੍ਰ, ਨਿੰਮ ਅਰ ਮੁਲੱਠੀ ਸਮਾਨ ਲੈ ਕੇ ਵਿਚੋਂ ੪ ਤੋਲੇ ਦਾ ਕਾੜ੍ਹਾ ਕਰ ਕੇ ਪਿਲਾਵੇ ਤਾਂ ਪਿਤ ਕਫ ਦੇ ਤਾਪ ਨੂੰ ਨਾਸ਼ ਕਰੇ, ਪਰੰਤੂ ਖੰਡ ਵਿਚ ਘੋਲ ਕੇ ਪਿਲਾਵੇ ॥ ੧੦੦ ॥

ਕੰਟਕਾਰੀ ਕ੍ਵਾਥ-(ਬੰਗਸੇਨਾਤ)

ਰੁਦ੍ਰ ਛਿੰਨਾ ਨਿੰਬ, ਭ੍ਰਿੰਗੀ ਸੁੰਠ ਚਰਾਇਤਾ।
ਕੁੜਾ ਬੀਜ ਮੁਥ †ਕਿੰਬ, ਬਾਂਸਾ ਕਤ੍ਰੂ ਪਟੋਲ ਦਲ ॥੧੦੧॥
ਪਿੱਤ ਕਫੀ ਜੁਰ ਜਾਇ, ਤ੍ਰਿਸਨਾ ਰੁਚਿ ਬਮਿ ਕਾਸ ਨੁਤ।
ਹਿਯਾ ਰੋਗ ਮਿਟਵਾਇ, ਦਾਹ ਹਰਤ ਅਰੁ ਸੂਲ ਦੁਖ ॥੧੦੨॥
ਛੁਦ੍ਰਾ ਆਦਿ ਕਹਾਇ, ਬੰਗਸੈਨ ਕੇ ਬਚਨ ਕਰਿ।
ਮੇਘੇ ਦਈ ਦਿਖਾਇ, ਮੇਘ ਬਿਨੋਦ ਅਨੰਦ ਮੋ ॥੧੦੩॥

੬੩-ਕੰਡਯਾਰੀ, ਗਿਲੋਯ, ਨਿੰਮ, ਭੜਿੰਗੀ, ਸੁੰਢ ਚਿਰੈਤਾ, ਮਿਠੇ ਇੰਦ੍ਰਜੌਂ, ਮੋਥਾ, ਬਾਂਸਾ ਕੌੜ, ਅਰ ਪਟੋਲਪਤ੍ਰ ਸਮਾਨ ਲੈ ਕੇ ੪ ਤੋਲੇ ਦਾ ਕਾੜ੍ਹਾ ਕਰ ਅਰ ਪਿਲਾਵੇ ਤਾਂ ਕਫ ਦਾ ਤਾਪ, ਪਿਆਸ, ਅਰੁਚੀ, ਕੈ, ਖਾਂਸੀ, ਹ੍ਰਿਦਯ ਰੋਗ, ਦਾਹ, ਸੂਲ ਸਭ ਨੂੰ ਨਾਸ ਕਰੇ, ਇਹ ਕੰਟਕਾਰੀ ਕ੍ਵਾਥ ਰਸਰਤਨਾਕਾਰ ਵਿਚ ਭੀ ਲਿਖਿਆ ਹੈ ॥ ੧੦੧ ਤੋਂ ੧੦੩ ॥

ਤ੍ਰਿਦੋਖ ਜ੍ਵਰ ਲੱਛਣ-ਸ਼ੰਕਰਛੰਦ

ਕਫ ਸੋਖ ਕੰਠ ਕਠੋਰ ਜਿਹਵਾ, ਹੋਇ ਤੰਦ੍ਰਾ ਸ੍ਵਾਸ।
ਪੀਠ ਸੀਸਹਿ ਪੀਰ ਭਨ ਸੁਨਿ, ਸ੍ਵੇਦ ਨਿੰਦ੍ਰਾ ਜਾਸ।
ਭੂਖ ਮੰਦ ਜੁ ਭੰਗ ਗ੍ਰੀਵਾ, ਅਲਪ ਤਾਪ ਸਰੀਰ।
ਲੱਛਣ ਤ੍ਰਿਦੋਖੀ ਤਾਪ ਕੇ, ਭਾਖੇ ਸੁ ਤੁਮ ਸੁਨਿ ਬੀਰ ॥੧੦੪॥

ਕਫ ਨਾਲ ਕੰਠ ਦਾ ਸੁਕਣਾ, ਜ਼ਿਹਬਾ ਕਰੜੀ ਹੋਣੀ, ਤੰਦ੍ਰਾ ਸ੍ਵਾਸ, ਪਿਠ, ਸਿਰ ਨੂੰ ਪੀੜ, ਪਸ਼ੀਨਾ ਨਿੰਦ੍ਰਾ ਬਹੁਤ, ਭੁਖ ਨਾ ਲਗਣੀ, ਗਰਦਨ ਟੁਟਣੀ, ਅਲਪ ਜਿਹਾ ਸਰੀਰ ਨੂੰ ਤਾਪ ਇਹ ਸਭ ਤ੍ਰਿਦੋਖ ਜ੍ਵਰ ਦੇ ਲੱਛਣ ਹੁੰਦੇ ਹਨ ॥ ੧੦੪ ॥

ਤ੍ਰਿਦੋਖ ਜ੍ਵਰ ਉਪਾਇ-ਦੋਹਰਾ

ਕਣਾ ਕਿਰਾਤ ਪਿਸਾਇਕੈ, ਅਦਰਕ ਰਸ ਸੌਂ ਦੇਇ।
ਤਾਪ ਤ੍ਰਿਦੋਖੀ ਜਾਤ ਹੈ, ਕਹੀ ਬਾਤ ਸੁਨਿ ਲੇਇ ॥੧੦੫॥

੬੪-ਮਘ ਤੇ ਚਰੈਤਾ ਪੀਹ ਕੇ ਅਦ੍ਰਕ ਦੇ ਰਸ ਨਾਲ ਦੇਵੇ ਤਾਂ ਤ੍ਰਿਦੋਖ ਜ੍ਵਰ ਨਾਸ਼ ਹੋਵੇ ॥ ੧੦੫ ॥

---

†ਕਿੰਬ-ਕਿਬਾ ਭਾਵ ਅਥਵਾ ਹੈ

Digitized by Panjab Digital Library | www.panjabdigilib.org

ਅੰਜਨ

ਮਰਚ ਗਿਰੀ ਜੀਯਪੋਤ ਕੀ, ਤੁਲਸੀ ਰਸਹਿ ਪਿਸਾਇ।
ਅੰਜਨ ਦ੍ਰਿਗ ਮਹਿ ਪਾਈਏ, ਤਾਪ ਦ੍ਰਿਦੋਖ ਮਿਟਾਇ ॥੧੦੬॥

੬੫- ਮ੍ਰਿਚ ਤੇ ਜੀਏਪੋਤੇ ਦੀ ਗਿਰੀ ਤੁਲਸੀ ਦੇ ਰਸ ਵਿਚ ਘੋਟ ਕੇ ਨੇਤ੍ਰੀਂ ਅੰਜਨ ਪਾਵੇ, ਇਹ ਅੰਜਨ ਤ੍ਰਿਦੋਖ ਦੇ ਤਾਪ ਦਾ ਨਾਸ਼ ਕਰਨ ਹਾਰਾ ਹੈ ॥ ੧੦੬ ॥

ਛੁਦ੍ਰਾ ਛਿੰਣਾ ਸੁੰਠ ਲੈ, ਕ੍ਵਾਥ ਕਰੋ ਮਨ ਲਾਇ।
ਪੀਪਰ ਭੁਰਕੀ ਪੀਜੀਏ, ਤਾਪ ਤ੍ਰਿਦੋਖ ਨਸਾਇ ॥੧੦੭॥

੬੬-ਕੰਡਯਾਰੀ, ਗਿਲੋਯ ਅਰ ਸੁੰਢ ਲੈ ਕੇ ੪ ਤੋਲੇ ਦਾ ਕਾੜ੍ਹਾ ਕਰਕੇ ਉਪਰ ਮਘਾਂ ਧੂੜਕੇ ਪੀਵੇ ਤਾਂ ਤ੍ਰਿਦੋਖ ਦਾ ਤਾਪ ਨਾਸ਼ ਕਰੇ ॥ ੧੦੭ ॥

(ਚਿੰਤਾਮਣਿ ਰਸ) ਗੋਲੀ

ਗੰਧਕ ਤ੍ਰਿਕੁਟਾ ਪੰਚ ਲਵਨ, ਸੱਜੀਖਾਰ ਸੁਹਾਗ।
ਦੋ ਜ਼ੀਰੇ ਬਿਖੁ ਗਗਨ ਲੇ, ਦੋ ਦੋ ਟੰਕ ਸੁਭਾਗ ॥੧੦੮॥
ਟੰਕ ਏਕ ਪਾਰਾ ਗਹੋ, ਪੀਸੀ ਖਰਲ ਕਰਾਇ।
ਅਦ੍ਰਕ ਰਸ ਪੁਟ ਸਾਤ ਕਰਿ, ਸਪਤ ਪਾਨ ਰਸ ਥਾਇ ॥੧੦੯॥
ਕੋਕਨ ਸਮ ਗੋਲੀ ਕਰੋ, ਜੁਰ ਕੋ ਤੁਲਸੀ ਸੰਗ।
ਕਣਾ ਲੌਂਗ ਸੋ ਦੀਜੀਏ, ਤਾਪ ਤ੍ਰਿਦੋਖੀ ਭੰਗ ॥੧੧੦॥
ਜੇ ਜੀਰੇ ਸੰਗ ਦੀਜੀਏ, ਤਾਪ ਜਾਇ ਸੰਨਿਪਾਤ।
ਰਸ ਚਿੰਤਾਮਣਿ ਏ ਕਹੀ, ਔਖਧ ਭਲੀ ਬਿਖਯਾਤ ॥੧੧੧॥

੬੭-ਆਵਲੇਸਾਰਗੰਧਕ, ਤ੍ਰਿਕੁਟਾ(ਮਘ, ਮ੍ਰਿਚ ਸੁੰਗ), ਪੰਜੇ ਲੂਣ (ਸੇਂਧਾ ਸਮੁੰਦ੍ਰੀ, ਸੌਂਚਰ, ਸਾਂਬਰ, ਕਚ), ਸਜੀ, ਸੁਹਾਗਾ, ਦੋਨੋਂ ਜੀਰੇ, ਸੁਧ ਮਿਠਾ ਤੇਲੀਆ ਅਰ ਮ੍ਰਿਤ ਅਭ੍ਰਕ ਇਹ ਸਭ ਅੱਠ ੨ ਮਾਸੇ ਤੇ ਪਾਰਾ ੪ ਮਾਸੇ, ਪਹਿਲੇ ਪਾਰੇ ਗੰਧਕ ਦੀ ਕਜਲੀ ਕਰੇ, ਫਿਰ ਵਖੋ ਵਖ ਘੋਟੀਆਂ ਸਭ ਦਵਾਵਾਂ ਕਜਲੀ ਵਿਚ ਪਾ ਕੇ ਖਰਲ ਕਰੇ, ਉਪਰ ਅਦ੍ਰਕ ਦਾ ਰਸ ਪਾ ਕੇ ੭ ਪੁਠਾ ਦੇਵੇ, ਇਸੇ ਤਰ੍ਹਾਂ ੭ ਪੁਠਾਂ ਪਾਠ ਦੇ ਰਸ ਦੀਆਂ ਘੋਟ ਘੋਟ ਕੇ ਵਿਰ ਕੋਕਨ ਬੇਰ ਜੇਡੀ ਗੋਲੀ ਬੰਨ੍ਹ ਕੇ ਰਖ ਲਵੇ, ਸਭ ਤਰ੍ਹਾਂ ਦੇ ਤਾਪ ਵਾਸਤੇ ਦੇਣੀ ਕਹੀ ਹੈ। ਜੇ ਕਦੇ ਜੀਰੇ ਦੇ ਚੂਰਣ ਨਾਲ ਖੁਲਾਵੇ ਤਾਂ ਸੰਨਿਪਾਤਕ ਤਪ ਨਾਸ਼ ਹੁੰਦਾ ਹੈ। ਇਹ ਬਹੁਤ ਪ੍ਰਸਿਧ ਗੋਲੀ ਹੈ ॥ ੧੦੮ ਤੋਂ ੧੧੧ ॥

ਅਜੀਰਣ ਜ੍ਵਰ ਲਛਣ-ਦੋਹਰਾ

ਉਦਰ ਪੀਰ ਅਰੁ ਛਰਦ ਹੁਇ, ਲ.ਗਤਿ ਬਿਰੇਚ ਬਿਕਾਰ।
ਆਜੀਰਣ ਜੁਰ ਚਿੱਨ ਏ, ਅਤ੍ਰੇ ਗ੍ਰੰਥ ਮਝਾਰ ॥੧੧੨॥

Digitized by Panjab Digital Library | www.panjabdigilib.org

ਪੇਟ ਪੀੜ੍ਹ, ਉਬਾਕ ਤੇ ਦਸਤ ਲਗਣੇ ਇਹ ਲਛਣ ਅਜੀਰਣ ਜ੍ਵਰ ਦੇ ਜਾਨਣੇ ॥ ੧੧੨॥

ਅਜੀਰਣ ਜ੍ਵਰ ਉਪਾਇ ਦੋਹਰਾ

ਹਰੜ ਲੇਹ ਅਜਮੋਦ ਕੋ, ਸੌਚਰ ਲੂਣ ਮਿਲਾਇ।
ਤਪਤ ਨੀਰ ਸੌਂ ਖਾਤ ਹੀ, ਅਜੀਰਣ ਜੁਰ ਜਾਇ ॥੧੧੩॥

੬੮-ਹਰੜ ਦੀ ਛਿੱਲ, ਅਜਮੋਦ ਸੌਂਚਰਲੂਣ, ਇਨ੍ਹਾਂ ਦਾ ਚੂਰਣ ਤੱਤੇ ਪਾਣੀ ਨਾਲ ਖਾਵੇ ਤਾਂ ਅਜੀਰਣ ਦਾ ਤਾਪ ਨਾਸ ਹੋਵੇ ॥ ੧੧੩ ॥

ਅੰਜਨ

ਬੀਜ ਸਿਰਸ ਸੈਂਧਵ ਮਿਰਚ, ਰਜਨੀ ਕਣਾ ਬਨਾਇ।
ਗੋਮੂਤ੍ਰ ਘਸਿ ਅੰਜੀਏ, ਤਾਪ ਅਜੀਰਣ ਜਾਇ ॥੧੧੪॥

੬੯-ਸਰੀਂਹ ਦੇ ਬੀਜ, ਸੇਂਧਾਲੂਣ, ਮ੍ਰਿਚ ਹਲਦੀ ਅਰ ਮਘ, ਗੋਮੂਤ੍ਰ ਨਾਲ ਘਿਸਾ ਕੇ ਨੇਤ੍ਰੀ ਪਾਵੇ ਤਾਂ ਅਜੀਰਣ ਜ੍ਵਰ ਦਾ ਨਾਸ ਕਰੇ ॥ ੧੧੪ ॥

ਚੂਰਣ-ਪਰਹਾ

ਸੌਂਚਰ ਸੇਂਧਾ ਹਰੜ, ਪੀਪਰੀ ਮੂਰਹੀ।
ਤ੍ਰਿਕੁਟਾ ਖਾਟੀ ਛਾਛ, ਮਾਹਿ ਲੈ ਚੂਰਹੀ।
ਧੂਪ ਦੇਇ ਉਕਲਾਇ, ਜੁ ਪਿਛੈ ਸੁਕਾਈਏ।
ਟੰਕ ਏਕ ਪਰਮਾਨ, ਨਿਤੈ ਉਠ ਖਾਇਏ॥ ੧੧੫ ॥
ਅਥਵਾ ਗੁਟੀ ਬਨਾਇ, ਟੰਕ ਇਕ ਖਾਵ ਹੈ।
ਆਜੀਰਨ ਜੁਰ ਜਾਇ, ਬਹੁਤ ਸੁਖ ਪਾਵ ਹੈ।
ਕਾਸ ਸ੍ਵਾਸ ਅਰੁ ਖਾਂਸੀ, ਕਫ ਸਭ ਭਾਗ ਹੈ।
ਲਗਤ ਭੂਖ ਗੁਨ ਜਾਨ, ਕਹੈ ਏ ਵਾਗ ਹੈ॥ ੧੧੬ ॥

੭੦-ਸੌਂਚਰਲੂਣ, ਸੇਂਧਾਲੂਣ, ਹਰੜ ਦੀ ਛਿੱਲ, ਪਿਪਲਾਮੂਲ ਤੇ ਮਘ, ਮ੍ਰਿਚ, ਸੁੰਢ, ਖੱਟੀ ਲੱਸੀ ਵਿਚ ਪਾ ਕੇ ਧੁਪੇ ਧਰ, ਖੰਬੀਰ ਉਠਵਾਇ ੪ ਮਾਸੇ ਪ੍ਰਮਾਣ ਖਾਵੇ, ਯਾ ੪-੪ ਮਾਸ਼ੇ ਦੀਆਂ ਗੋਲੀਆਂ ਬਣਾ ਕੇ ਖਾਵੇ ਤਾਂ ਅਜੀਰਣ, ਜ੍ਵਰ, ਖਾਂਸੀ ਸ੍ਵਾਸ, ਖਈ ਤੇ ਕਫ ਦੂਰ ਕਰੇ ਅਰ ਭੁਖ ਲਗਾਵੇ ॥ ੧੧੫ ॥ ੧੧੬ ॥

ਸੁੰਠ ਪੀਪਰ ਮਰਚ ਸੌਂਚਰ ਹਰੜ ਨਿੰਮ ਲੈ ਮੇਲ।
ਲੈ ਜਵਾਨੀ ਲੌਂਗ ਸਭ ਸਮ, ਕਰੋ ਇਕਨਾ ਬੇਲ।
ਨਿੰਬੂ ਸੁ ਕਚਰੀ ਦੁਗਨ ਸਭ ਤੇ. ਤਪਤ ਨੀਰ ਸੁ ਖਾਇ।

Digitized by Panjab Digital Library | www.panjabdigilib.org

ਜ੍ਵਰ ਅਜੀਰਨ ਜਾਤ ਛਿਨ ਮੈਂ ਭੂਖ ਬਹੁਤ ਲਗਾਇ ॥ ੧੧੭ ॥

੭੧-ਸੁੰਢ, ਮਘ, ਸੌਂਚਰਲੂਣ, ਹਰੜ, ਨਿੰਮ, ਜ਼ਵੈਣ, ਲੌਂਗ ਇਹ ਸਭ ਇਕ ਸਮਾਨ, ਨਿੰਬੂ ਦੀਆਂ ਕਚਰੀਆਂ ਦੂਣੀਆਂ ਪਾ ਕੇ ਚੂਰਣ ਬਣਾ ਲਵੇ, ਇਸ ਨੂੰ ਫਿਰ ਗਰਮ ਨਾਲ ਖਾਵੇ ਤਾਂ ਅਜੀਰਣ ਦਾ ਤਾਪ ਨਾਸ ਕਰੇ ਤੇ ਭੁਖ ਵਧਾਵੇ ॥ ੧੧੭ ॥

ਸੁੰਠ ਪੀਪਰ ਹਰੜ ਆਨੋ, ਤ੍ਰਿਵੀ ਤਾਹਿ ਮਿਲਾਇ।
ਨਿੰਬੂ ਜੁ ਕਚਰੀ ਪੀਸ ਛਾਨੋ, ਟੰਕ ਦੋਇ ਖਵਾਇ।
ਤਪਤ ਨੀਰੇ ਖਾਇ ਰੋਗੀ, ਲਗਤ ਭੂਖ ਸੁਜਾਨ।
ਮਿਟ ਹੈ ਅਜੀਰਨ ਤਾਪ ਤਨ ਤੇ, ਹੋਇ ਤਨ ਕਲਯਾਨ ॥੧੧੮॥

੭੨-ਸੁੰਢ, ਮਘ, ਹਰੜ, ਤ੍ਰਿਵੀ, ਨਿੰਬੂ ਦੀਆਂ ਕਚਰੀਆਂ ਇਨ੍ਹਾਂ ਦਾ ਚੂਰਣ ਬਣਾਵੇ ਤੇ ੮ ਮਾਸੇ ਤੱਤੇ ਪਾਣੀ ਨਾਲ ਖਾਵੇ ਤਾਂ ਭੁਖ ਵਧਾਵੇ ਤੇ ਅਜੀਰਣ ਦੇ ਤਾਪ ਭੀ ਦੂਰ ਕਰੇ ॥ ੧੧੮ ॥

ਦੋਹਰਾ

ਸੌਚਰ ਹਰੜ ਕਚੂਰ ਲੈ, ਅਜਮੋਦਾ ਜੁ ਮਿਲਾਇ।
ਚੂਰਣ ਕਰਿ ਅਚ ਉਸਨਕੰ, ਆਜੀਰਨ ਜੁਰ ਜਾਇ ॥੧੧੯॥

੭੩-ਸੌਂਚਰਲੂਣ, ਹਰੜ ਕਚੂਰ ਤੇ ਅਜਮੋਦ ਲੈਕੇ ਚੂਰਣ ਬਣਾਵੇ ਅਰ ਫਿਰ ਗਰਮ ਪਾਣੀ ਨਾਲ ਖਾਯਾ ਕਰੇ, ਇਹ ਅਜੀਰਣ ਦੇ ਤਾਪ ਦਾ ਨਾਸ ਕਰਨਹਾਰਾ ਹੈ ॥ ੧੧੯ ॥

ਧਾਤ੍ਰੀ ਪਥਯਾ ਪੀਪਰੀ, ਸੌਚਰ ਚਿੱਤ੍ਰਾ ਪਾਇ।
ਉਸਨ ਨੀਰ ਸੋ ਫਾਕਿਯੇ, ਆਜੀਰਨ ਤਪ ਜਾਇ ॥੧੨੦॥

੭੪-ਆਵਲੇ, ਹਰੜ, ਮਘ, ਸੌਂਚਰਲੂਣ ਤੇ ਚਿਤ੍ਰਾ, ਚੂਰਣ ਕਰਕੇ ਗਰਮ ਪਾਣੀ ਨਾਲ ਲਵੇ ਤਾਂ ਅਜੀਰਣ ਜ੍ਵਰ ਨਾਸ਼ ਹੋਵੇ ॥ ੧੨੦ ॥

ਰਜਨੀ ਸੇਕੀ ਟੰਕ ਦ੍ਵੈ, ਬੱਛੀ ਮੂਤਰ ਸੰਗ।
ਪੀਵਤ ਹੀ ਸੋ ਹੋਤ ਹੈ, ਆਜੀਰਨ ਜੁਰ ਭੰਗ ॥ ੧੨੧॥

੭੫-ਹਲਦੀ ੮ ਮਾਸੇ ਸੇਕ ਕੇ ਵੱਛੀ ਦੇ ਮੂਤ੍ਰ ਨਾਲ ਲਵੇ ਤਾਂ ਅਜੀਰਣ ਜ੍ਵਰ ਦਾ ਨਾਸ਼ ਹੋਵੇ ॥ ੧੨੧ ॥

ਤੇਲ ਸਿਧਾਰਦ ਗਰਮ ਕਰਿ, ਅੰਗਹਿ ਮਰਦਨ ਕੀਜ।
ਤਾਪ ਅਜੀਰਨ ਜਾਤ ਹੈ, ਇਸਕਾ ਇਹ ਗੁਨ ਲੀਜ ॥੧੨੨॥

੭੬-ਸਰਸੋਂ ਦਾ ਤੇਲ ਗਰਮ ਕਰਕੇ ਅੰਗਾਂ ਪਰ ਮਲੇ ਤਾਂ ਅਜੀਰਣ ਦਾ ਤਾਪ ਜਾਂਦਾ ਰਹੇ ॥ ੧੨੨ ॥

ਮਲ ਤਾਪ ਲੱਛਣ-ਚੌਪਈ

ਕੰਠ ਸੋਖ ਭ੍ਰਮ ਦਾਹ ਸਰੀਰ। ਪਰਲਾਪੀ ਅਰੁ ਸਿਰ ਸਭ ਪੀਰ।

Digitized by Panjab Digital Library | www.panjabdigilib.org

ਇਨ ਲੱਛਣ ਤੇ ਮਲਜੁਰ ਜਾਨ। ਕਰੋ ਉਪਾਇ ਸੁ ਸਮਝੀਆਨ॥੧੨੩॥

ਕੰਠ ਸੁਕਣਾ, ਭ੍ਰਮ, ਸਰੀਰ ਨੂੰ ਦਾਹ, ਬਕਣਾ, ਸਿਰ ਤੇ ਸਰੀਰ ਨੂੰ ਦਰਦ, ਇਨ੍ਹਾਂ ਲੱਛਣਾਂ ਵਾਲਾ ਮਲ ਜ੍ਵਰ ਕਿਹਾ ਜਾਂਦਾ ਹੈ ॥ ੧੨੩ ॥

ਮਲ ਜ੍ਵਰ ਉਪਾਇ (ਭੇਦਗੰਬਾਤ)–ਚੌਪਈ

ਤ੍ਰਿਵੀ ਮੁਸੱਬਰ ਅੰਬਲਤਾਸ। ਹਰੜੈਂ ਕ੍ਵਾਥ ਕਰੀ ਦੇ ਤਾਸ॥
ਜੁਰ ਨਾਸਤ ਮਲ ਕਾ ਜੋ ਹੋਇ। ਭੇਡਕ ਗੰਥਹਿ ਕਾ ਮਤਿ ਸੋਇ॥੧੨੪॥

੬੭–ਤ੍ਰਿਵੀ, ਏਲੂਆ, ਅੰਬਲਤਾਸ ਅਰ ਹਰੜ, ਇਨ੍ਹਾਂ ਦਾ ਕਾੜ੍ਹਾ ਕਰ ਕੇ ਪਿਲਾਵੇ ਤਾਂ ਮਲ ਦਾ ਤਾਪ ਨਾਸ ਹੁੰਦਾ ਹੈ ॥ ੧੨੪ ॥

ਦੋਹਰਾ

ਜੁਗ ਜੀਰੇ ਚਿੱਤ੍ਰਕ ਸਿਵਾ, ਔਰ ਜਵਾਨੀ ਪਾਇ।
ਨਿੰਬੂ ਕਚਰੀ ਪੀਸ ਫਕ, ਮਲ ਜੁਰ ਛਿਨ ਮੈ ਜਾਇ॥੧੨੫॥

੭੮–ਦੋਨੋਂ ਜੀਰੇ ਚਿਤ੍ਰਾ, ਹਰੜ, ਜੁਵੈਣ ਅਰ ਨਿੰਬੂ ਦੀਆਂ ਕਚਰੀਆਂ ਪਾਕੇ ਪੀਹੇ, ਫਿਰ ਫੱਕੇ ਤਾਂ ਮਲ ਜ੍ਵਰ ਨਾਸ਼ ਕਰੇ :। ੧੨੫ ॥

ਲੇਪ (ਹਰੀਤਾਤ)–ਚੌਪਈ

ਸਿਵਾ ਮੁਸੱਬਰ ਔਰ ਕਿਰਾਤ। ਕਣਾ ਕੜੂ ਪੀਸੋ ਜਲ ਘਾਤ।
ਤਪਤ ਕਰੀਨੈ ਲੇਪੋ ਪੇਟ। ਮਲਜੁਰ ਕੇ ਏ ਲੈ ਸਭ ਮੇਟ॥੧੨੬॥
ਭਸਮ ਹੋਤ ਤਾਕਾ ਮਲ ਸਹੀ। ਅਥਵਾ ਰੇਚਨ ਹੋਵੈ ਯਹੀ।
ਕਹੀ ਹਰੀਤ ਬਾਤ ਏ ਖਰੀ। ਮੇਘ ਲਖੀ ਈਹਾਂ ਲੇ ਧਰੀ॥੧੨੭॥

੭੯–ਹਰੜ, ਏਲੂਆ, ਚਿਰੈਤਾ, ਮਘ ਤੇ ਕੌੜ ਪਾਣੀ ਨਾਲ ਪੀਹ ਕੇ ਗਰਮਾ ਗਰਮ ਪੇਟ ਤੇ ਲੇਪ ਕਰੇ, ਇਹ ਲੇਪ ਮਲਜੁਰ ਨੂੰ ਸਮੇਟ ਲੈਂਦਾ ਹੈ, ਮਲ ਦੀ ਭਸਮ ਕਰੇ ਯਾ ਦਸਤਾਂ ਰਾਹ ਕੱਢ ਦੇਵੇ ॥ ੧੨੬ ॥ ੧੨੭ ॥

(ਕਾਲਗਯਾਨਾਤ)–ਚੌਪਈ

ਕਣਾਮੂਰ ਮੁਸਤਾ ਕਿਰਮਾਲ। ਕਟੁਕੀ ਪੱਥਪਾ ਲੀਜਤ ਲਾਲ।
ਕ੍ਵਾਥਕਰੀ ਪਿਵ ਮਲ ਜ੍ਵਰ ਜਾਇ।ਕਹੀ ਕਾਲ ਇਹੁ ਗਯਾਨੇ ਭਾਇ।੧੨੮।

੮੦–ਪਿਪਲਾਮੂਲ ਮੋਥਾ, ਅਮਲਤਾਸ, ਕੌੜ ਅਰ ਹਰੜ ਇਨ੍ਹਾਂ ਦਾ ਕਾੜ੍ਹਾ ਕਰਕੇ ਪੀਏ ਤਾਂ ਮਲਜ੍ਵਰ ਨਾਸ਼ ਕਰੇ ॥

ਦ੍ਰਿਸਟੀ ਜ੍ਵਰ ਲੱਛਣ–ਚੌਪਈ

ਪੀਤ ਬਰਨ ਤਨ ਬਮਿ ਦ੍ਰਿਗ ਨੀਲ। ਉਦਰ ਪੀਰ ਮੂਰਛਾ ਦੁਖ ਭੀਲ।
ਜੰਭਾ ਪੀਰ ਸੀਸ ਦ੍ਰਿਗ ਦਾਹ। ਦ੍ਰਿਸਟ ਜੁਰੀ ਕੇ ਲੱਛਨ ਮਾਹ॥੧੨੯॥

Digitized by Panjab Digital Library | www.panjabdigilib.org

ਸਰੀਰ ਦੀ ਰੰਗਤ ਪੀਲੀ, ਵਮਨ ਔਣੀ, ਨੇਤ੍ਰ ਨੀਲੇ ਜੇਹੇ, ਪੇਟ ਵਿਚ ਪੀੜ, ਮੂਰਛਾ, ਉਬਾਸੀਆਂ ਸਿਰ ਪੀੜ ਅਤੇ ਨੇਤ੍ਰਾਂ ਵਿਚ ਦਾਹ ਹੋਵੇ ਤਾਂ ਦ੍ਰਿਸਟ ਜ੍ਵਰ ਜਾਨਣਾ ੧੨੯ ॥

ਦ੍ਰਿਸਟੀ ਜ੍ਵਰ ਉਪਾਯ—ਦੋਹਰਾ

ਹਿੰਗ ਮਰਚ ਸੁੰਠ ਪੀਪਰ, ਪੀਸੋ ਮੇਲ ਕਿਰਾਤ।
ਚੂਰਨ ਖਾਵੇ ਨੀਰ ਸੋ, ਦਿਸਟ ਤਾਪ ਕੋ ਘਾਤ ॥੧੩੦॥

੮੧–ਹਿੰਙ, ਮ੍ਰਿਚ, ਸੁੰਢ, ਮਘ ਤੇ ਚਿਰੈਤਾ ਪੀਹ ਕੇ ਚੂਰਣ ਬਣਾ ਕੇ ਰਖੇ ਅਰ ਜਲ ਨਾਲ ਖਾਵੇ ਤਾਂ ਦ੍ਰਿਸਟ ਤਾਪ ਨਾਸ ਕਰੇ ॥ ੧੩੦ ॥

ਚੌਪਈ

ਸੁੰਠੀ ਸੌਂਚਰ ਪੀਪਰ ਮੂਰ। ਸੇਂਧਾ ਅਜਵਾਨੀ ਦੇ ਪੂਰ।
ਚਿਤ੍ਰਾ ਧਾਤ੍ਰੀ ਸਿਵਾ ਮਿਲਾਇ। ਪੁਸਕਰਮੂਰ ਸਤਾਵਰ ਲਜਾਇ ॥੧੩੧॥
ਲਘੁ ਏਲਾ ਸਭ ਚੂਰਨ ਕਰੋ। ਦੋਇ ਟੰਕ ਕਾ ਮਾਨ ਸੁ ਧਰੋ।
ਤਪਤ ਨੀਰ ਸੋ ਖਾਵੇ ਏਹ। ਉਦਰਪੀਰ ਜੁਰ ਦ੍ਰਿਸਟਿ ਹਰੇਹ ॥ ੧੩੨॥

੮੨– ਸੁੰਢ, ਸੌਂਚਲ ਨਿਮਕ, ਪਿਪਲਾਮੂਲ, ਸੇਂਧਾ ਨਿਮਕ, ਅਜਵਾਇਣ, ਚਿਤ੍ਰਾ, ਆਵਲ, ਹਰੜ ਦੀ ਛਿੱਲ ਪੁਹਕਰਮੂਲ; ਸਤਾਵਰ ਤੇ ਇਲਾਹੀ ਬੂਜੀ ਪਾ ਕੇ ਚੂਰਣ ਬਣਾ ਰਖੇ, ਦੋ ਟੰਕ (੮ ਮਾਸੇ) ਗਰਮ ਜਲ ਨਾਲ ਖਾਵੇ ਤਾਂ ਪੇਟ ਅਰ ਦ੍ਰਿਸਟ ਜ੍ਵਰ ਇਹ ਸਭ ਨਾਸ਼ ਕਰੇ ॥੧੩੧॥੧੩੨॥

ਕਾਲ ਜ੍ਵਰ ਲੱਛਣ

ਚੌਪਈ

ਪਰਘਲ ਚਲਤ ਸ੍ਵੇਦ ਬਹੁ ਅੰਗ। ਸੀਤ ਹੋਤ ਕਰ ਪਰ ਮਸਤੰਗ।
ਕ੍ਰਿਸ਼ਨ ਦੰਤ ਨਕ ਸ੍ਵਾਸ ਜੁ ਸੀਤ। ਕਾਲ ਤਾਪ ਏ ਲੱਛਨ ਮੀਤ॥੧੩੩॥

ਬਹੁਤਾ ਪਸੀਨਾ ਅੰਗਾਂ ਵਿਚੋਂ ਪਿਘਾਲ ਤੁਰੇ, ਹੱਥ, ਪੈਰ, ਮੱਥਾ ਠੰਢੇ ਹੋ ਜਾਣ ਨਾਲ ਦੰਦ ਕਾਲੇ, ਪੈ ਜਾਣ, ਨੱਕ ਤੇ ਸ੍ਵਾਸ ਸੀਤਲ ਹੋ ਜਾਣ, ਤਾਂ ਇਹ ਕਾਲ ਜ੍ਵਰ ਦੇ ਲੱਛਣ ਹਨ ॥ ੧੩੩ ॥

ਦੋਹਰਾ

ਰੋਗੀ ਤਨੇ ਉਪਾਇ ਬਹੁ, ਕੋਇ ਉਪਾਇ ਨ ਕਾਲ।
ਜਬ ਲਗ ਸ੍ਵਾਸ ਸਰੀਰ ਮੈਂ, ਜਤਨ ਕਰੀਜੈ ਲਾਲ ॥ ੧੩੪ ॥

ਰੋਗ ਦੇ ਅਨੇਕ ਉਪਾਉ ਹਨ, ਕਾਲ ਦਾ ਕੋਈ ਉਪਾਉ ਨਹੀਂ, ਫਿਰ ਭੀ ਜਿਤਨਾ ਚਿਰ ਸਰੀਰ ਵਿਚ ਸ੍ਵਾਸ ਹਨ, ਉਤਨਾ ਚਿਰ ਯਤਨ ਕਰਨਾ ਚਾਹੀਦਾ ਹੈ ॥ ੧੩੪ ॥

ਕਾਲਜ੍ਵਰ ਉਪਾਇ—ਦੋਹਰਾ

ਰਾਮ ਨਾਮ ਕੀ ਭੇਖਜੀ, ਬੈਦ ਸਾਧੁ ਜੋ ਦੇਇ।
ਰੋਗ ਘਟਤ ਸੁਖ ਪਾਵ ਹੈ, ਮਰਤੈ ਸੁਰਗ ਕਰੇਇ ॥੧੩੫॥

Digitized by Panjab Digital Library | www.panjabdigilib.org

੮੨ (ੳ)-ਸਾਧੂ– ਸ੍ਰੇਸ਼ਟ ਵੈਦਯ, ਰਾਮ ਨਾਮ ਦੀ ਦਵਾਈ ਦੇਵੇ, ਰੰਗ ਘਟੇ ਤਾਂ ਸੁਖ ਪਾਵੇ' ਅਰ ਜੇ ਮ੍ਰਿਤ ਹੋ ਜਾਏ ਤਾਂ ਸੁਰਗ ਪ੍ਰਾਪਤ ਕਰੇ ॥ ੧੩੫ ॥

ਸੁੰਠ ਭੰਗ ਦੋਨੋ ਪਿਸੀ, ਕਰ ਪਦ ਮਸਲੋ ਏਹ।
ਜੋ ਜੀਵਤ ਹੈ ਤਾਸ ਕੋ, ਤੌ ਚੇਤੰਨ ਕਰੇਹਿ ॥੧੩੬॥

੮੩– ਸੁੰਢ ਤੇ ਭੰਗ ਦੋਨੋ ਪੀਹ ਕੇ ਹੱਥਾਂ, ਪੈਰਾਂ ਪਰ ਲੇਪ ਕਰੇ, ਜੇ ਉਸ ਦੇ ਸ੍ਵਾਸ ਬਾਕੀ ਹਨ ਤਾਂ ਹੋਸ਼ ਵਿਚ ਆ ਜਾਵੇਗਾ ॥ ੧੩੬ ॥

ਲਘੁ ਸੂਚਿਕਾ ਭਰਣਰਸ(ਸਾਰੰਗਦਰਾਤ)–ਦੋਹਰਾ
ਮੀਠਾ ਪਲ ਟੰਕ ਸੂਤ ਲੈ, ਸੂਕੇ ਖਰਲ ਕਰਾਇ।
ਸੰਪੁਟ ਮੈਂ ਧਰ ਲੇਪੀਏ, ਕਾਚ ਪਘਾਰੀ ਲਾਇ ॥੧੩੭॥
ਸੰਪੁਟ ਕਰੀਯੇ ਕਾਚ ਕੋ, ਚੂਲੈ ਦੇਹੁ ਚਢਾਇ।
ਮੰਦ ਅਗਨਿ ਤਿਹ ਬਾਰੀਏ, ਭਲੇ ਦਿਵਸ ਸੁਭ ਥਾਇ॥੧੩੮॥
ਜੁਗਲ ਜਾਮ ਲੌ ਜਾਨਿਯੋ, ਉਡੀ ਲਗੈ ਪਰ ਸੂਤ।
ਖੋਲੀ ਮੁਦ੍ਰਾ ਝਾੜ ਲੌ, ਊਪਰ ਤੇ ਸਾਬੂਤ ॥੧੩੯॥
ਧੂਮ ਸਾਰਖਾ ਰੰਗ ਹੁਇ, ਪਾਵੈ ਸੀਸੀ ਮਾਹਿ।
ਸੂਈ ਕੈ ਮੁਖ ਲਾਇਕੈ, ਪਾਨ ਪਾਤ ਰਸ ਖਾਹਿ ॥ ੧੪੦॥
ਤਾਲੂ ਮੈ ਦੇ ਪਛਨੇ, ਤਾਮਹਿ ਮਰਦਨ ਕਾਰ।
ਮਿਟਤ ਕਾਲ ਜੁਰ ਜਾਨਿਯੋ, ਜੋ ਕਿਰਪਾ ਕਰਤਾਰ॥੧੪੧॥
ਸੰਨਿਪਾਤ ਤੇਰਾ ਮਿਟੇ, ਸਾਰੰਗਧਰ ਕੀ ਬਾਤ।
ਤਾਤੇ ਨਾਮ ਪ੍ਰਧਾਨ ਹੈ, ਕਾਲ ਨ ਕਰ ਹੈ ਘਾਤ ॥ ੧੪੨॥

੮੪–ਸੁੱਧ ਮਿਠਾ ਤੇਲੀਆ ੪ ਤੋਲੇ ਤੇ ਪਾਰਾ ੪ ਮਾਸੇ, ਦੋਹਾਂ ਨੂੰ ਸੁਕਿਆਂ ਖਰਲ ਕਰੇ, ਫਿਰ ਉਸ ਨੂੰ ਸੰਪੁਟ ਵਿਚ ਪਾ ਕੇ ਲਿਪੇ, ਜਿਸ ਵਿਚ ਕਚ ਪਘਾਰ ਕੇ ਲੇਪੀ ਹੋਈ ਹੋਵੇ ਅਰਥਾਤ ਜਿਨ੍ਹਾਂ ਪਯਾਲੀਆਂ ਵਿਚ ਕੱਚ ਦਾ ਪਘਾਰ ਕੇ ਪੋਚਾ ਦਿਤਾ ਹੋਯਾ ਹੋਵੇ। ਇਸ ਤਰਾਂ ਕੱਚ ਦਾ ਸੰਪੁਟ ਕਰਕੇ ਚੁਲੇ ਪਰ ਚੜ੍ਹਾਵੇ। ਉਸ ਹੇਠ ਮੱਠੀ ੨ ਅੱਗ ਜਗਾਵੇ ਅੱਛੇ ਦਿਨ ਇਹ ਕੰਮ ਆਰੰਭੇ। ਅਗ ਦੋ ਪਹਿਰ ਅਰਥਾਤ ੬ ਘੰਟੇ ਜਲਾਵੇ, ਜਦ ਪਾਰਾ ਉਡਕੇ ਉਪਰ ਜਾ ਲਗੇ, ਉਸ ਦਾ ਧੂੰਏਂ ਵਾਂਗ ਕਾਲਾ ਰੰਗ ਦੇਖ ਲਵੇ, ਫਿਰ ਸ਼ੀਸ਼ੀ ਪਾ ਰੱਖੇ। ਇਸ ਵਿਚੋਂ ਸੂਈ ਦੇ ਮੂੰਹ ਨਾਲ ਜਿਤਨਾ ਲਗੇ ਉਤਨਾ ਪਾਨ ਪਤ੍ਰ ਪਾਕੇ ਖੁਲਾਵੇ ਅਰ ਤਾਲੂ ਦੇ ਰੋਮ ਮੁੰਨ ਕੇ ਚਮੜੀ ਵਿਚ ਪੱਛ ਲਾ ਕੇ ਇਤਨਾ ਹੀ ਰਸ ਉਤੇ ਲਾ ਕੇ ਮਲੇ ਤਾਂ ਕਾਲ ਜੁਰ ਨਾਸ਼ ਹਵੇ, ਪਰੰਤੂ ਜੇ ਕਦੇ ਪ੍ਰਮਾਤਮਾ ਦੀ ਕਿਰਪਾ ਹੋਵੇ ਤਾਂ ਹੋਰ ਤੇਰਾਂ ਸੰਨਿਪਾਤ ਨਾਸ ਕਰੇ, ਪਰੰਤੂ ਇਹ ਯਾਦ ਰਹੇ ਕਿ ਇਹ ਕੱਚਜਾਸਾਂ ਬਿਨਾਂ ਸੰਪੁਟ ਨਹੀਂ ਤਿਆਰ ਹੋ ਸਕਦਾ।੧੩੭।ਤੋਂ।੧੪੨।

Digitized by Panjab Digital Library | www.panjabdigilib.org

ਸੀਤ ਜ੍ਵਰ ਲਛਣ—ਚੌਪਈ

ਮੰਦਾਗਨਿ ਮੁਖ ਫੇਨ ਜੁ ਤਾਪ। ਛਰਦ ਸ੍ਵੇਦ ਨਿੰਦ੍ਰਾ ਪਰਲਾਪ।
ਲਾਗੇ ਪਾਲਾ ਕੰਪ ਸਰੀਰ। ਸੀਤ ਤਾਪ ਲੱਛਣ ਸੁਨਿ ਬੀਰ ॥੧੪੧॥

ਅਗਨਿ ਮੰਦ, ਮੁਖੋਂ ਝੱਗ ਆਉਣੀ, ਤਾਪ, ਕੈ ਨਿੰਦ੍ਰਾ, ਪਸੀਨਾ, ਬਕਣਾ, ਪਾਲਾ ਲਗਣਾ ਅਰ ਸਰੀਰ ਕੰਦਣਾ, ਇਹ ਸੀਤਜ੍ਵਰ ਦੇ ਲਛਣ ਹੁੰਦੇ ਹਨ ॥ ੧੪੩ ॥

ਸੀਤ ਜ੍ਵਰ ਉਪਾਇ—ਦੋਹਰਾ

ਨਵਸਾਦਰ ਇਕ ਮਾਂਖਹੀ, ਪਾਨ ਪਾਤ ਸੋ ਦੇਇ।
ਚਢਨ ਸਮੈ ਤਪ ਚਾਵਲੈ, ਸੀਤ ਤਾਪ ਨ ਰਹੇਇ॥੧੪੪॥

੮੫-ਇਕ ਸਾਸ਼ਾ ਨੌਸ਼ਾਦ੍ਰ ਪਾਨ ਦੇ ਪਤ੍ਰ ਵਿਚ ਤਾਪ ਦੇ ਚੜ੍ਹਨ ਵੇਲੇ ਤਾਂ ਸੀਤ ਤਾਪ ਨਾ ਚੜ੍ਹੇ ॥ ੧੪੪ ॥

ਗੁੰਮੇ ਕੀ ਸਿਹਜਾ ਕਰੋ, ਸੋਵਤ ਰੋਗੀ ਸੋਇ।
ਤਾਪ ਮਿਟਤ ਜੋ ਸੀਤ ਕੋ, ਰੋਗੀ ਆਨੰਦ ਹੋਇ ॥੧੪੫॥

੮੬-ਗੁੰਮੇ ਤੇ ਬਿਛਾਉਣੇ ਪਰ ਰੋਗੀ ਨੂੰ ਸਲਾਉਣ ਕਰਕੇ ਉਹ ਤਾਪ ਦੂਰ ਹੋ ਜਾਂਦਾ ਹੈ ਜਿਸ ਦਾ ਨਾਮ ਸੀਤ ਜ੍ਵਰ ਹੈ ॥੧੪੫॥

ਗੁਲਾਬੀ ਜੁਰੰਕਸ—ਚੌਪਈ

ਸ੍ਵੇਤ ਸੰਖੀਆ ਸਿੰਗਰਫ ਜਾਨ। ਪੀਸੋਂ ਪਾਨੀ ਸੋਂ ਸਮ ਆਨ।
ਟੀਕੀ ਕਰ ਚੁਲੈ ਪਰ ਰਾਖ। ਤਬੈ ਹੇਠ ਜੋ ਅਗਨ ਬਲਾਖ ॥੧੪੬॥
ਫੂਲੈ ਟੀਕੀ ਲੇਹੁ ਉਤਾਰ। ਪੀਸੀ ਤਾਕੋ ਬੀਲੇ ਡਾਰ।
ਪਾਇ ਪਤਾਸੈ ਤੁੰਦਲ ਏਕ। ਸੀਤ ਜੁਰੀ ਕੇ ਮੁਖ ਮੈ ਟੇਕ ॥੧੪੭॥
ਦੁਗਧ ਭਾਤ ਕਾ ਪੱਥ ਕਰਾਇ। ਸੀਤਤਾਪ ਦੂਰੇ ਮਿਟ ਜਾਇ।
ਔਰ ਤਾਪ ਸਗਲੇ ਹੀ ਹਰੈ। ਕਹਤ ਮੇਘ ਬਹੁਤ ਗੁਨ ਕਰੈ ॥ ੧੪੮ ॥

੮੭-ਚਿੱਟਾ ਸੰਖੀਆ ਤੇ ਸਿੰਗ੍ਰਫ ਪਾਣੀ ਨਾਲ ਪੀਹਕੇ ਟਿੱਕੀ ਕਰੇ, ਤਵੇ ਤੇ ਰੱਖ ਕੇ ਚੁੱਲੇ ਚਾੜ੍ਹੇ, ਹੇਠ ਅੱਗ ਬਾਲੇ। ਜਦ ਟਿੱਕੀ *ਫੁਲ ਜਾਵੇ ਤਾਂ ਉਤਾਰ ਕੇ ਪੀਸ, ਬਿਲ ਵਿੱਚ ਪਾ ਰਖੇ। ਇਕ ਚਾਵਲ ਪ੍ਰਮਾਣ ਪਤਾਸੇ ਵਿਚ ਪਾਕੇ ਸੀਤ ਤਾਪ ਵਾਲੇ ਨੂੰ ਦੇਵੇ। ਦੁਧ ਚਾਵਲ ਦਾ ਪੱਥ ਕਰੇ ਤਾਂ ਸੀਤ ਤਾਪ ਅਰ ਹੋਰ ਸਭ ਪ੍ਰਕਾਰ ਦੇ ਤਾਪ ਨਾਸ ਹੁੰਦੇ ਹਨ, ਹੋਰ ਭੀ ਅਨੇਕ ਗੁਣ ਕਰੇ ਹੈ ॥੧੪੬॥੧੪੭॥੧੪੮॥

ਸੀਤ ਜੁਰ ਅੰਜਨ—ਦੋਹਰਾ

ਮਰਚਾਂ ਸੇਂਧਾ ਲੂਣ ਲੇ, ਔਰ ਧਮਾਸਾ ਮੇਲ।

---

*ਜੇ ਨਾ ਫੂਲੇ ਤਾਂ ਭੀ ਹਰਜ ਨਹੀਂ।

Digitized by Panjab Digital Library | www.panjabdigilib.org

ਏਕ ਦੋਇ ਤ੍ਰਿਕ ਭਾਗ ਲੈ, ਜਲ ਪੀਸੀ ਦ੍ਰਿਗ ਠੇਲ ॥੧੪੯॥
ਸੀਤ ਤਾਪ ਸਭ ਜਾਤ ਹੈ, ਕਹਤ ਮੇਘ ਇਮ ਸਾਰ।
ਮੇਘ ਬਿਨੋਦੇ ਮੇਘ ਨੈ, ਭਾਖਾ ਕਹੀ ਬਿਚਾਰ ॥੧੫੦॥

੮੮-ਮਿਰਚ ੧ ਭਾਗ, ਸੇਂਧਾਨਿਮਕ ੨ ਭਾਗ ਘਰ ਦਾ ਧੂੰਆਂ ੩ ਭਾਗ ਲੈ ਕੇ ਜਲ ਨਾਲ ਪੀਹਕੇ ਨੇਤ੍ਰੀਂ ਪਾਵੇ ਤਾਂ ਸਭ ਤਰ੍ਹਾਂ ਦਾ ਸੀਤ ਤਾਪ ਨਸ਼ਟ ਹੁੰਦਾ ਹੈ ॥੧੪੯॥੧੫੦॥

ਸੀਤਾਰਿਰਸ (ਬੈਦਕੰਤੂਹਲਾਤ)-ਚੌਪਈ

ਫੂਲਯਾ ਟੰਕਨ ਗੰਧਕ ਕਣਾ। ਟੰਕ ਟੰਕ ਸਭ ਲੈਵਣ ਭਣਾ।
ਦੰਤੀ ਬੀਜ ਟੰਕ ਪ੍ਰਮਾਨ।' ਜੰਭੀਰੀ ਰਸ ਪੀਸੋ ਆਨ ॥੧੫੧॥
ਏਕ ਦਿਵਸ ਲੌ ਖਰਲ ਕਰਾਇ। ਦੋ ਗੁੰਜਾ ਖਾਵਨ ਕੋ ਦਾਇ।
ਸੀਤਤਾਪ ਸਭਹੀ ਮਿਟ ਜਾਇ। ਬੈਦ ਕੰਤੂਹਲ ਇਮ ਕਹਿ ਭਾਇ੧੫੨।

੮੯-ਫੁਲਾਯਾ ਸੁਹਾਗਾ, ਗੰਧਕ ਆਂਵਲੇਸਾਰ, ਮਘ, ਜਮਾਲ ਗੋਟਾ ੪--੪ ਮਾਸੇ, ਗਲਗਲ (ਖਟੇ) ਦੇ ਰਸ ਨਾਲ ਇਕ ਦਿਨ ਪੀਹ ਕੇ ੨ ਰਤੀਆਂ ਖਾਣ ਨੂੰ ਦੇਵੇ ਤਾਂ ਸਭ ਤਰ੍ਹਾਂ ਦਾ ਸੀਤ ਤਾਪ ਜਾਂਦਾ ਹੈ ॥੧੫੧॥੧੫੨॥

ਰਕਤ ਜ੍ਵਰ ਲੱਛਣ (ਕਾਲਗਯਾਨਾਤ)-ਦੋਹਰਾ

ਊਰਧ ਸ੍ਵਾਸ ਬਮਿ ਅੰਗ ਦੁਖ, ਰੁਧਰ ਚਲਤ ਮੁਖ ਨਾਕ।
ਰਕਤ ਤਾਪ ਲੱਛਣ ਕਹੇ, ਕਾਲਗਯਾਨ ਕੇ ਬਾਕ ॥੧੫੩॥

ਉੱਭੇ ਸਾਹ, ਉਲਟੀਆਂ, ਅੰਗ ਦੁਖਣੇ ਅਤੇ ਨਕੋਂ ਮੂੰਹੋਂ ਲਹੂ ਦਾ ਜਾਣਾ, ਇਹ ਲੱਛਣ ਰਕਤ ਜੁਰ ਦੇ ਹੁੰਦੇ ਹਨ ॥੧੫੩॥

ਰਕਤ ਜ੍ਵਰ ਉਪਾਇ (ਕਾਲਗਯਾਨਾਤ)-ਦੋਹਰਾ

ਸੁੰਠ ਕਰੀਰ ਜੁ ਕੂਪਲਾ, ਮਧੁ ਸੋ ਪੀਸ ਚਟਾਇ।
ਕਾਲਗਯਾਨ ਮੈ ਯੌ ਕਹਯੋ, ਰਕਤ ਤਾਪ ਮਿਟ ਜਾਇ ॥੧੫੪॥

੯੦--ਸੁੰਢ ਤੇ ਕਰੀਰ ਦੀਆਂ ਕੂੰਮਲੀਆਂ, ਸ਼ਹਿਤ ਨਾਲ ਚਟਾਵੇ ਤਾਂ ਰਕਤ ਵਿਕਾਰ ਦਾ ਤਾਪ ਨਾਸ ਹੋਵੇ ॥੧੫੪॥

ਸੰਕਰਛੰਦ

ਪੱਨੀ ਜਟਾ ਪਰਪਾਟ ਬਾਲਾ, ਫੁਨਿ ਪ੍ਰਿਯੰਗਹਿ ਫੂਲ।
ਬਾਲਯੋ ਜੁ ਚੰਦਨ ਕਾਇਫਲ, ਤਜ ਧਰੋ ਧਾਵੇ ਫੂਲ।
ਸਮ ਪੀਸ ਸਭਹੀ ਲੇਹੁ ਮਿਸ੍ਰੀ, ਸੋਲ ਗੁਨ ਕੇ ਭਾਇ।
ਦੋ ਟੰਕ ਚੂਰਨ ਖਾਇ ਜਲ ਸੌਂ, ਰਕਤ ਜੁਰ ਮਿਟ ਜਾਇ ॥੧੫੫॥

Digitized by Panjab Digital Library | www.panjabdigilib.org

੯੧--ਪੰਨ੍ਹੀ ਦੀ ਜੜ੍ਹ ਅਰਥਾਤ ਖਸ, ਪਿਤਪਾਪੜਾ, *ਹਲਦੀ, ਗੋਂਦਣੀ ਦੇ ਫੁਲ, ਮੁਸ਼ਕਬਾਲਾ, ਰਕਤ ਚੰਦਨ, ਕਾਯਫਲ, ਤਜ ਅਤੇ ਧਾਵਿਆਂ ਦੇ ਫੁਲ ਇਹ ਸਭ ਇਕ ਸਮਾਨ ਲੈ ਕੇ ਪੀਹ ਕੇ ਚੂਰਣ ਕਰੇ ਅਰ ਸਭਨਾਂ ਨਾਲੋਂ ਸੋਲਾਂ ਗੁਣਾਂ ਮਿਸਰੀ ਪਾ ਕੇ ਇਸ ਵਿਚੋਂ ੮ ਮਾਸੇ ਜਲ ਨਾਲ ਨਿਤ ਖਾਯਾ ਕਰੇ ਯਾਂ ਰਕਤ ਵਿਕਾਰ ਦਾ ਤਾਪ ਨਾਸ ਕਰੇ ॥੧੫੫॥

ਦੋਹਰਾ

ਦਾਖ ਮੁਨੱਕਾ ਬ੍ਰਿਖ ਕਹਯੋ, ਤ੍ਰਿਫਲਾ ਨੇਤ੍ਰਹਿ ਮਾਲ।
ਦਾਂੜਮ ਕੂਟੀ ਚੂਰ ਕਰਿ, ਟਾਂਕ ਏਕ ਮੁਖ ਘਾਲ ॥੧੫੬॥
ਅਜਾ ਦੂਧ ਊਪਰ ਪਿਵੈ, ਰਕਤ ਤਾਪ ਨਹਿ ਦੀਸ।
ਪਿੱਤ ਤਾਪ ਭੀ ਜਾਤ ਹੈ, ਕ੍ਰਿਪਾ ਕਰਤ ਜਗਦੀਸ ॥੧੫੭॥

੯੨--ਕਿਸਮਿਸ, ਮੁਨੱਕਾ, ਬਾਂਸਾ, ਤ੍ਰਿਫਲਾ, ਨੇਤ੍ਰਬਾਲਾ ਤੇ ਅਨਾਰ ਦਾਣਾ ਸਮਾਨ ਭਾਗ ਲੈ ਕੇ ਕੁਟ ਕੇ ਚੂਰਣ ਬਣਾ ਲਵੇ, ੪ ਮਾਸੇ ਬਕਰੀ ਦੇ ਦੁਧ ਨਾਲ ਖਾਵੇ ਤਾਂ ਰਕਤ ਅਰ ਪਿਤ ਤਾਪ ਨਾਸ ਹੋਵੇ ॥੧੫੬॥੧੫੭॥

ਅਵਲੇਹ (ਚਟਣੀ) [ਯੋਗਚਿੰਤਾਮਣੀਮਤਾਤ]—ਸੰਕਰਛੰਦ

ਲੇ ਟਾਂਕ ਸੋਲਾਂ ਸਰਕਰਾ, ਏਲਾ ਜੁ ਟੰਕ ਪ੍ਰਮਾਨ।
ਆਠ ਮਾਸੇ ਜਰਨ ਤਿਤਨੀ, ਔ ਮੁਲੱਠੀ ਠਾਨ।
ਸ੍ਵੇਤ ਚੰਦਨ ਟੇਕ ਚਾਰੇ, ਸਭੀ ਕੂਟ ਰਲਾਇ।
ਗੋ ਆਜ ਮਧ ਸੰਗੇ ਚਟਾਵੈ, ਜੁਰ ਜੁ ਰਕਤ ਮਿਟਾਇ ॥੧੫੮॥
ਸ੍ਵਾਸ ਖਾਂਸੀ ਪਿਤ ਜਾਵਹਿ, ਖਈ ਤਾਪ ਨਸਾਇ।
ਦਾਹ ਭਾਗਤ ਹਾਥ ਪਗ ਕੀ, ਸੂਲ ਸਭ ਨਸ ਜਾਇ।
ਸੂਕੀ ਜੁ ਰਸਨਾ ਹੋਇ ਗੀਲੀ, ਲਗਤ ਭੂਖ ਅਘਾਇ।
ਗੁਨ ਕਹਤ ਪੰਡਿਤ ਯੋਗ ਚਿੰਤਾ, ਮਤੇ ਬਾਤ ਸੁਹਾਇ ॥੧੫੯॥

੯੩–ਮਿਸਰੀ ੬੪ ਮਾਸੇ, ਇਲਾਚੀ ੪ ਮਾਸੇ, ਜੀਰਾ ੮ ਮਾਸੇ, ਮੁਲੱਠੀ ੮ ਮਾਸੇ ਤੇ ਸਫੈਦ ਚੰਦਨ ੧੬ ਮਾਸੇ ਕੁਟਕੇ ਕਪੜ ਛਾਣ ਕਰੇ, ਗੌਕੇ ਘਿਉ ਤੇ ਸ਼ਹਤ ਵਿਚ ਮਿਲਾਕੇ ਚਟਣੀ ਕਰੇ, ਇਹ ਚਟੇ ਤਾਂ ਰਕਤ ਜ੍ਵਰ, ਸ੍ਵਾਸ, ਖਾਂਸੀ, ਪਿਤ, ਖਈ, ਤਾਪ, ਹੱਥਾਂ ਪੈਰਾਂ ਦਾ ਦਾਹ, ਜ਼ਬਾਨ ਦਾ ਅਕੜੇਵਾਂ ਹਟੇ ਅਰ ਭੁਖ ਲਗੇ ਹੋਰ ਭੀ ਅਨੇਕਾਂ ਗੁਣ ਕਰੇ ॥੧੫੮॥੧੫੯॥

ਸ੍ਰੀ ਖੰਡਾਦਿ ਚੂਰਣ (ਯੋਗ ਚਿੰਤਾਮਣਿ ਮਤਾਤ)—ਦਵੈਯਾਛੰਦ

ਸੁੰਠੀ ਚੰਦਨ ਰਕਤ ਤਮਾਲਹਿ,ਸ੍ਰੀ ਖੰਡ ਅਉ ਦ੍ਰਿਗ ਬਾਲਾ।
ਮਰਚ ਲਵੰਗ ਕਣਾ ਤਜ ਕੇਸਰ, ਹਲਦ ਮੁਲਠਿ ਪਯਾਲਾ।

---

*ਬਾਲਾ--ਹਲਧੀ ਹੈ, ਦੇਖੋ ਸਾਲਿਗ੍ਰਾਮੌਖਧਿਕੋਸ਼ ਪ੍ਰਿ: ੧੧੦।

Digitized by Panjab Digital Library | www.panjabdigilib.org

ਦਾਖ ਛੁਹਾਰਾ ਜੀਰਾ ਧਨੀਆ, ਜਾਤੀ ਫਲ ਖਸ ਖਾਸਾ।
ਪੀਪਰ ਮੂਰ ਸਭੀ ਲੈ ਕੂਟੇ, ਚੂਰਨ ਕਰੋ ਉਲਾਸਾ ॥੧੯੦॥
ਸੋਲ ਗੁਨੀ ਮਿਸਰੀ ਲੇ ਪਾਵੇ, ਖਾਵੇ ਟੰਕ ਪ੍ਰਮਾਨਾ।
ਤਾਜਾ ਪਾਨੀ ਊਪਰ ਪੀਜਤ, ਰਕਤ ਤਾਪ ਕੀ ਹਾਨਾ।
ਸ੍ਵਾਸ ਕਾਸ ਖਯ ਬਿਖਮ ਜੁ ਨਾਸੈ, ਅਤੀਸਾਰ ਪਰਮੇਹਾ।
ਬਧਹੈ ਬੀਜ ਭਰੀਂਦਰ ਸੋਖਾ, ਜਾਵੈ ਗੁਨ ਇਸ ਏਹਾ ॥੧੯੧॥

ਦੋਹਰਾ

ਰਕਤ ਪਿੱਤ ਅਰੁ ਅਰਸ ਦੁਖ, ਮਿਟਤ ਦਾਹ ਬਲ ਪੁਸਟ।
ਕਹੀ ਜੋਗ ਇਹ ਚਿੰਤਾਮਨਿ, ਘਨੇ ਰੋਗੁ ਹੋਇ ਸੁਸਟ ॥੧੯੨॥

੯੪-ਸੁੰਢ, ਰਕਤਚੰਦਨ, ਤਮਾਲਪਤ੍ਰ, ਚਿਟਾ ਚੰਦਨ, ਨੇਤ੍ਰਬਾਲਾ, ਮਿਰਚ, ਲੌਂਗ, ਮਘ, ਤਜ, ਕੇਸਰ, ਹਲਦੀ, ਮੁਲੱਠੀ, ਚਿਰੌਂਜੀ, ਸੰਗੀ, ਛੁਹਾਰੇ, ਜੀਰਾ, ਧਨੀਆਂ, ਜਾਫਲ, ਖਸਖਾਸ ਤੇ ਪਿਪਲਾਮੂਲ ਇਹ ਸਭ ਸਮਾਣ ਭਾਗ ਲਵੇ ਅਰ ਪੀਹਕੇ ਚੂਰਣ ਬਣਾਵੇ, ਇਸ ਵਿਚ ਸੋਲਾਂ ਗੁਣੀ ਮਿਸੀ ਪਾਕੇ ਨਿਤ ੪ ਮਾਸੇ ਖਾਵੇ, ਉਪਰੋਂ ਤਾਜ਼ਾ ਪਾਣੀ ਪੀਵੇ ਤਾਂ ਰਕਤਜ, ਤਾਪ, ਸ੍ਵਾਸ, ਖਾਂਸੀ, ਖਈ, ਵਿਖਮਤਾਪ, ਅਤੀਸਾਰ ਤੇ ਪ੍ਰਮੇਹ, ਸਭ ਦਾ ਨਾਸ ਕਰੇ। ਹੋਰ ਰਕਤ ਪਿਤ, ਬਵਾਸੀਰ, ਦਾਹ ਨਾਸ ਕਰੇ ਤੇ ਬਲ ਪੁਸ਼ਟੀ ਕਰੇ ॥੧੯੦॥੧੯੧॥੧੯੨॥

ਖੇਦ ਜ੍ਵਰ ਲੱਛਣ—ਚੌਪਈ

ਬਹੁ ਜ੍ਰਿੰਭਨਿ ਸਭ ਗਾਂਠੈ ਪੀਰ। ਨਿੰਦ੍ਰਾ ਆਲਸ ਸ੍ਵੇਦ ਸਰੀਰ।
ਸਰਬ ਅਸਥ ਮੈਂ ਪੀਰਾ ਹੋਇ। ਖੇਦ ਤਾਪ ਆਖਯੋ ਹੈ ਸੋਇ ॥੧੯੩॥

ਬਹੁਤੀਆਂ ਉਬਾਸੀਆਂ, ਜੋੜਾਂ ਵਿਚ ਪੀੜ, ਨੀਂਦ, ਆਲਸ, ਪਸੀਨਾ ਅਤੇ ਸਭ ਹੱਡਾਂ ਵਿਚ ਪੀੜ ਹੋਵੇ, ਅਜਿਹੇ ਲੱਛਣਾ ਵਾਲਾ ਖੇਦ ਜ੍ਵਰ ਕਿਹਾ ਜਾਂਦਾ ਹੈ ॥੧੯੩॥

ਖੇਦ ਜ੍ਵਰ ਉਪਾਇ (ਬ੍ਰਿੰਦਾਤ)—ਦੋਹਰਾ

ਤੇਲ ਮਿਸਟ ਲੈ ਕਾਯਫਲ, ਮਰਦਨ ਅੰਗਾ ਕਰਾਇ।
ਮਿਟਤ ਤਾਪ ਸਭ ਖੇਦ ਕੋ, ਬ੍ਰਿੰਦੈ ਦੀਯੋ ਬਤਾਇ ॥੧੯੪॥

੯੫-ਮਿਠੇ ਤੇਲ ਵਿਚ ਕਾਯਫਲ ਪਾ ਕੇ ਅੰਗਾਂ ਪਰ ਮਰਦਨ ਕਰੇ ਤਾਂ ਖੇਦ ਜ੍ਵਰ ਨਾਸ ਹੋਵੇ ॥ ੧੯੪ ॥

(ਕਾਲਗ੍ਯਾਨਾਤ)—ਸੋਰਠਾ

ਮਿਸਟ ਤੇਲ ਮਰਦਾਇ, ਪੀਛੇ ਮੱਜਨ ਉਸਨ ਜਲ।
ਖੇਦ ਤਾਪ ਮਿਟ ਜਾਇ, ਕਾਲਗ੍ਯਾਨ ਕੇ ਬਚਨ ਏ ॥੧੯੫॥

Digitized by Panjab Digital Library | www.panjabdigilib.org

੯੬–ਮਿਠੇ ਤੇਲ ਨਾਲ ਸਰੀਰ ਪਰ ਮਾਲਸ਼ ਚੰਗੀ ਤਰ੍ਹਾਂ ਕਰੇ, ਪਿਛੋਂ ਗਰਮ ਜਲ ਨਾਲ ਸ਼ਨਾਨ ਕਰੇ ਤਾਂ ਖੇਦ ਜੁਰ ਨਾਸ ਹੋਵੇ ॥ ੧੬੫ ॥

ਖੇਦ ਜ੍ਵਰ ਕੋ ਤੇਲ–ਸ਼ੰਕਰ

ਬਾਲਯੋ ਮੁਲੇਠੀ ਮੋਥ ਚੰਦਨ, ਖਸਾ ਲੈ ਪਦਮਾਖ।
ਲੇਯ ਸਰਲ ਕਚੂਰ ਏਲਾ, ਦਾਰ ਧਾਵੇ ਰਾਖ।
ਨਾਗਕੇਸਰ ਬਕਮ ਹਲਧੀ, ਕੜੂ ਲਵੰਗ ਮਜੀਠ।
ਕੰਕੋਲ ਨਖ ਲੈ ਸਾਰਵਾ, ਕ੍ਰਿਸਨਾਗਰਾ ਤਜ ਦੀਠ ॥੧੬੬॥
ਕੇਸਰ ਤਮਾਲਾ ਕਮਲ ਨੰਤਾ, ਪਾਪਰਾ ਪੁਨ ਰਾਲ।
ਲੈ ਛਲੀਰਾ ਸਭੈ ਚੌਗੁਨ, ਤੇਲ ਤਿਲਕਾ ਕਾਲ।
ਤੇਲ ਦਾਰੂ ਸਮ ਸਮਗਾਵੇ ਲਾਖ ਕੋ ਰਸ ਜਾਨ।
ਤੇ ਸਭੋ ਮੇਲੀ ਧਰ ਕੜਾਹੈ, ਅਗਨਿ ਮੰਦ ਪਕਾਨ ॥੧੬੭॥
ਰਹਯੋ ਤੇਲ ਉਤਾਰ ਰਾਖੋ, ਚਿਕਨ ਭਾਂਜਨ ਪਾਇ।
ਤਾਪ ਭਾਗੈ ਖੇਦ ਕੋ ਸਭ, ਅੰਗ ਮਰਦ ਜੁ ਬਾਇ।
ਬਿਖਮ ਤਾਪੈ ਮ੍ਰਿਗੀ ਜਾਵੈ, ਬਾਇ ਪਿਤ ਬਿਨਾਸ।
ਸ੍ਵਾਸ ਕਾਸੈ ਗੁਨ ਕਰੰਤਾ, ਲਾਖ ਤੇਲ ਜੁ ਭਾਸ ॥੧੬੮॥

੯੭–ਬਾਲਯੋ–ਮੁਸ਼ਕਬਾਲਾ, ਮੁਲੱਠੀ, ਮੋਥਾ, ਰਕਤਚੰਦਨ, ਖਸ, ਪਦਮਾਖਲਕੜੀ, ਭੂਪ ਲਕੜੀ ਕਚੂਰ, ਲਾਚੀਆਂ, ਦੇਵਦਾਰ, ਧਾਵਿਆਂ ਦੇ ਫੂਲ, ਨਾਗਕੇਸਰ, ਵਕਮ, ਹਲਦੀ, ਕੌੜ, ਲੌਂਗ, ਮਜੀਠ, ਕੰਕੋਲ–ਸਰਦ ਚੀਨੀ, ਨਖੂ, ਉਸ਼ਬਾ, ਕਾਲਾ ਚੰਦਨ, ਤਜਸਕ, ਕੇਸਰ, ਤਮਾਲ ਪੱਤ੍ਰ, ਕਮਲ ਦੇ ਫੂਲ ਯਾ ਫਲ, ਧਮਾਹਾ, ਪਿਤਪਾਪੜਾ, ਰਾਲ ਤੇ ਛੜ, ਇਹ ਸਮਾਨ ਭਾਗ ਲਵੇ, ਇਨ੍ਹਾਂ ਸਭਨਾਂ ਨਾਲੋਂ ਚੌਗੁਣਾ ਕਾਲੇ ਤਿਲਾਂ ਦਾ ਤੇਲ, ਤੇਲ ਅਤੇ ਸਾਰਿਆਂ ਔਖਧੀਆਂ ਨਾਲੋਂ ਸਮ ਭਾਗ ਲਾਖ ਦਾ ਰਸ ਮੰਗਾ ਕੇ ਪਾਵੇ। ਇਨ੍ਹਾਂ ਸਭਨਾਂ ਨੂੰ ਮਿਲਾਕੇ ਕੜਾਹੇ ਵਿਚ ਪਾ ਕੇ ਮੱਠੀ ਮੱਠੀ ਅੱਗ ਹੇਠ ਜਲਾ ਕੇ ਤੇਲ ਪਕਾਵੇ। ਗਦ ਹਰ ਸਭ ਸੜ ਜਾਣ ਤੇਲ ਮਾਤ੍ਰ ਆਣ ਰਹੇ ਤਾ ਹੇਠ ਉਤਰਕੇ ਪੁਣਕੇ ਚੀਕਣੇ ਭਾਂਡੇ ਵਿਚਭਰ ਰਖੇ ਫਿਰ ਇਸ ਦੀ ਮਾਲਸ਼ ਕਰੇ ਤਾਂ ਖੇਦ ਜੁਰ ਨਾਸ ਹੋਵੇ, ਅੰਗਾਂ ਦੀ ਵਾਯੂ ਨਾਂ ਰਹੇ, ਹੋਰ ਵਿਖਮ ਤਾਪ, ਮ੍ਰਿਗੀ, ਬਾਤ ਪਿਤ, ਸਭੋ ਨਾਸ ਕਰੇ। ਸ੍ਵਾਸ ਕਾਸ ਨੂੰ ਭੀ ਗੁਣਕਾਰ ਹੈ, ਇਹ ਲਾਖ ਦਾ ਤੇਲ ਹੋਰ ਭੀ ਅਨੇਕਾਂ ਗੁਣ ਕਰਨ ਹਾਰਾ ਹੈ ॥ ੧੬੬ ॥੧੬੭ ॥ ੧੬੮ ॥

ਮਾਨਸੀਜ੍ਵਰ ਲੱਛਣ (ਸਾਰੰਗਧਰਾਤ)–ਚੌਪਈ

ਕ੍ਰੋਧ ਲੋਭ ਈਰਖਾ ਬਿਖ ਬਾਦ। ਉਪਜਤ ਸੋਕ ਦੋਖ ਤਿਸ ਬਾਦ।
ਸਾਰੰਗਧਰੇ ਕਹੀ ਇਹ ਬਾਤ। ਮਾਨਸ ਜੁਰ ਭਾਖਯੋ ਬਿਖਯਾਤ ॥੧੬੯॥

Digitized by Panjab Digital Library | www.panjabdigilib.org

ਕ੍ਰੋਧ, ਲੋਭ, ਈਰਖਾ, ਬਿਖ ਝਗੜਾ ਤੇ ਸ਼ੋਕ, ਇਨ੍ਹਾਂ ਦੋਖਾਂ ਤੇ ਜੋ ਪੈਦਾ ਹੋਵੇ, ਸੋ ਮਾਨਸੀਜੂਰ ਕਿਹਾ **ਜਾਂਦਾ ਹੈ** ॥ ੧੬੯ ॥

ਮਾਨਸੀਜੂਰ ਉਪਾਇ–ਸੋਰਠਾ

ਮੀਠੇ ਬੈਨ ਸੁਨਾਇ, ਜਾਤੇ ਮਨ ਸੰਤੋਖ ਹੁਇ।
ਬਹੁਤੇ ਪਾਨ ਚਬਾਇ, ਦਾਨ ਮਾਨ ਕਰਿ ਤਪ ਮਿਟਤ ॥੧੭੦॥

੯੮–ਮਿਠੀਆ ੨ ਬਾਤਾਂ ਸੁਣਾਵੇ' ਜਿਨ੍ਹਾਂ ਤੇ ਮਨ ਨੂੰ ਸੰਤੋਖ ਹੋਵੇ, ਬਹੁਤ ਪਾਨ ਬੀੜੇ ਚਬਾਵੇ ਦਾਨ ਦੇਵੇ ਤਾਂ ਮਾਨਸੀ ਤਾਪ ਨਾਸ ਹੋਵੇ ॥ ੧੭੦ ॥

ਦੋਹਰਾ

ਚੰਦਨ ਖਸ ਧਨੀਆ ਸਿਤਾ, ਮੁਸਤ ਔਰ ਹ੍ਰੀ ਬੇਰ।
ਕ੍ਵਾਥ ਕਰੀਨੈ ਪੀਜੀਏ ਮਾਨਸ ਜੁਰ ਕੋ ਘੇਰ ॥੧੭੧॥

੯੯–ਚੰਦਨ, ਖਸ, ਧਨੀਆਂ, ਮਿਸਰੀ, ਮੋਥਾ ਤੇ *ਨੇਤ੍ਰਬਾਲਾ (ਕਮਲ ਦੀਆਂ ਤੁਰੀਆਂ) ਇਨ੍ਹਾਂ ਦਾ ਕਾੜ੍ਹਾ ਕਰ ਕੇ ਪੀਵੈ ਤਾਂ ਮਾਨਸੀ ਤਾਪ ਨਾਸ ਹੋਵੇ ॥ ੧੭੧ ॥

ਭੂਤ ਜੂਰ ਲੱਛਣ–ਸ਼ੰਕਰ

ਹੋਇ ਆਰਤ ਸੋਖ ਤ੍ਰਿਸਨਾ, ਬੇਪੱਬ ਹ੍ਰਿਦ ਉਦਗਾਰ।
ਪੀਰ ਹ੍ਰਿਦਜ ਜਢ ਮੂਰਛਾ, ਔ ਤਾਪ ਦਾਹ ਸੁਕਾਰ।
ਬਦਨ ਬਿਰਸਹਿ ਭੰਗ ਗਾਤਨ, ਪਰ ਵਸਹਿ ਬਕਬਾਇ।
ਭੂਤ ਜੁਰ ਲੱਛਣ ਬਖਾਨੇ, ਸੁਣੋ ਸਭ ਚਿਤ ਲਾਇ ॥੧੭੨॥

ਅਚਵੀ–ਬੇਚੈਨੀ, ਸੁਕਣਾ, ਪਯਾਸ, ਕਾਂਬਾ ਕਲੇਜੇ ਵਿਖੇ ਪੀੜ, ਡਕਾਰ ਔਣੇ, ਜੜਤਾ, ਮੂਰਛਾ (ਗਸ਼ੀ), ਤਾਪ, ਸੜਨ, ਮੂੰਹਦਾ ਬੇਰਸ, ਸਰੀਰ ਦਾ ਟੁਟਣਾ, ਪਰਵਸ, ਬਕਾਬਾਦ, ਇਹ ਸਭ ਲੱਖਣ ਭੂਤ ਜੂਰ ਦੇ ਕਹੇ ਜਾਂਦੇ ਹਨ ॥ ੧੭੨ ॥

ਭੂਤ ਜੂਰ ਧੂਪ (ਸਾਰਉਦਾਰਾਤ)

ਮੋਰਪੰਖਾ ਬੰਸਲੋਚਨ, ਰੀਂਗਣੀ ਗਿਰਬੀਲ।
ਸੂਨਹੀ ਗੁਗਲ ਕੰਚੁਲੀ ਅਹਿ, ਅਰੁ ਭਿਲਾਵਾ ਨੀਲ।
ਚੂਹਾ ਮੰਜਾਰੀ ਕੇਸ ਜਵਤੁਸ, ਹੀਂਗ ਦੇਵ ਜੁ ਦਾਰ।
ਚੰਡਾਲਕੇ ਕਚ ਅਰੁ ਸੰਭਾਲੂ, ਦੇਹੁ ਅਗਨਿ ਜੁ ਕਾਰ ॥੧੭੩॥
ਕਰੋ ਧੂਪ ਇਕੰਤ ਬੈਠੀ, ਬੀਜ ਕਾਰ ਕਪਾਸ।
ਭੂਤ ਜੁਰ ਕਾ ਨਾਸ ਹੋਵੈ, ਸਰਬ ਤਨ ਸੁਖ ਬਾਸ।

*ਹਊਬੇਰ–ਨੇਤ੍ਰਬਾਲਾ ਹੈ. ਦੇਖੋ ਆਯੁਰਵੇਦੀ ਔਸ਼ਧੀ ਕੋਸ਼ ਅਤੇ ਦ੍ਰਬ ਦਰਪਣ।

Digitized by Panjab Digital Library | www.panjabdigilib.org

ਜਿੰਨ ਭੂਤ ਚੁਡੇਲ ਡਾਯਣ, ਜਾਇ ਔਰ ਖਬੀਸ।
ਕਹੀ ਸਾਰਉਦਾਰ ਕੈ ਮਤਿ, ਮੇਘ ਭਾਖੀ ਦੀਸ ॥੧੭੪॥

੧੦੦-ਮੋਰ ਦੇ ਖੰਭ, ਤਬਾਸੀਰ, ਕੰਡਿਆਰੀ, ਬਿਲਗਿਰੀ, ਥੋਹਰ ਗੁਗਲ, ਸਪ ਦੀ ਕੁੰਜ, ਬਿਲਾਵੇ, ਨੀਲ ਦੇ ਪੱਤ੍ਰ; ਚੂਹੇ ਤੇ ਬਿਲੀ ਦੀ ਵਿਸ਼ਟਾ ਛੜ, ਜੌਂ, ਧਾਨਾਂ ਦੇ ਤੋਹ ਹਿੰਗ, ਦੇਵਦਾਰ, ਚੂਹੜੇ ਦੇ ਕੇਸ ਸੰਭਾਲੂ, *ਅਗਨਿ-ਨਿੰਬੂ ਅਤੇ ਵੜੇਮੇ ਇਨ੍ਹਾਂ ਸਭਨਾਂ ਚੀਜ਼ਾਂ ਦਾ ਨਵੇਕਲਾ ਬੈਜ ਕੇ ਧੂਪ ਦੇਵੇ ਤਾਂ ਭੂਤ ਜ੍ਵਰ, ਜਿੰਨ. ਖਵੀਸ ਤੇ ਡੈਣ ਆਦਿ ਸਭ ਦਾ ਦੁਖ ਦੂਰ ਕਰੇ, ਸਰੀਰ ਨੂੰ ਸਭ ਤਰ੍ਹਾਂ ਸੁਖ ਪ੍ਰਾਪਤ ਹੋਵੇ ॥੧੭੩॥੧੭੪॥

ਕ੍ਵਾਥ (ਸਾਰਉਦਾਰਾਤ)—ਚੌਪਈ

ਬੀਜੌਰਾ ਜੜ ਬਾਂਸਾ ਲੇਇ। ਲਸਨ ਨੀਂਬ ਅਜਵਾਇਣ ਦੇਇ।
ਖਸ ਏਲਾ ਕੰਕੋਲ ਮਿਲਾਇ। ਬਲਾ ਕ੍ਵਾਥ ਕਰੋ ਚਿਤ ਲਾਇ ॥੧੭੫॥
ਅਸਟ ਬਿਸੇਖੀ ਕੀਜੈ ਏਹ। ਭੂਤਕ ਬਹੁਰਿ ਨ ਤਨਹਿ ਰਹੇਹ।
ਨਿਤਯਤਾਪ ਦੁਤੀਆ ਜੁਰਜਾਇ। ਸਾਰਉਦਾਰੇ ਦੀਆ ਬਤਾਇ ॥੧੭੬॥

੧੦੧-ਖਟੇ ਦੀ ਜੜ੍ਹ, ਬਾਂਸਾ, ਲਸਨ, ਨਿੰਮ ਦੇ ਪੱਤ੍ਰ, ਅਜਵਾਇਣ, ਖਸ, ਲਾਚੀਆਂ, ਸਰਦ ਚੀਨੀ ਅਤੇ ਮੁਸ਼ਕਬਾਲਾ ਸਭੇ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ, ਅਰ ਜਦ ਅਠਵਾਂ ਹਿੱਸਾ ਸੜ ਕੇ ਬਾਕੀ ਆਣ ਰਹੇ ਤਾਂ ਛਾਣਕੇ ਕੋਸਾ ੨ ਪਿਲਾਵੇ। ਇਸ ਦੇ ਪ੍ਰਭਾਵ ਭੂਤ ਤਾਪ, ਨੇਤਕੀ ਤਾਪ, ਦੂਜੇ ਦਿਨ ਚੜ੍ਹਨ ਵਾਲਾ ਤਾਪ, ਸਭੇ ਦੂਰ ਹੁੰਦੇ ਹਨ ॥੧੭੫॥੧੭੬॥

ਕਾਮ ਜ੍ਵਰ ਲੱਛਣ

ਕਟੁਕ ਬਦਨ ਭ੍ਰਮ ਸੀਤ ਜੁ ਕੰਪ। ਰੋਮ ਹਰਖ ਸਿਰ ਪੀਰਾ ਜੰਪ।
ਕੰਠ ਸੋਖ ਜੁਰ ਭਾਖਯਾ ਕਾਮ। ਰਾਮ ਬਿਨੋਦੇ ਇਸਕਾ ਨਾਮੁ ॥੧੭੭॥

ਮੂੰਹ ਕੌੜਾ, ਭ੍ਰਮ, ਸੀਤ ਕਾਂਬਾ, ਰੋਮਾਂਚ, ਸਿਰ ਦਰਦ ਅਰ ਕੰਠ ਦਾ ਸੁਕਣਾ ਇਹ ਸਭ ਲਛਣ ਕਾਮ ਜਵਰ ਦੇ ਹੁੰਦੇ ਹਨ ॥੧੭੭॥

ਉਪਾਇ (ਵੈਦਜੀਵਨਾਤ)—ਦੋਹਰਾ

ਸਡਸ਼ਮਾ ਤਿਯ ਸੰਗ ਭੋਗ ਕਰਿ, ਚੰਦਨ ਲੇਪ ਸਰੀਰ।
ਸਿੱਜਯਾ ਕਦਲੀ ਪਾਨ ਕਰ, ਮਿਟਤ ਕਾਮ ਜੁਰ ਪੀਰ ॥੧੭੮॥

੧੦੨-ਚੰਦਨ ਦਾ ਲੇਪ ਕਰ ਕੇ, ੧੬ ਸਾਲਾਂ ਦੀ ਜੋਬਨਵਤੀ ਇਸਤ੍ਰੀ ਨਾਲ ਭੋਗ ਕਰਾਵੇ, ਪਰੰਤੂ ਕਮਲ ਦੇ ਪਤ੍ਰਾਂ ਦੀ ਹੇਠ ਸੇਜ ਬਿਛਾ ਲਵੇ, ਇਉਂ ਕਾਮਜੁਰ ਨਾਸ ਹੋ ਜਾਂਦਾ ਹੈ। ਕੇਲੇ ਦੇ ਪਤ੍ਰਾਂ ਦੀ ਸਿਹਜਾ ਪਰ ਬਿਰਾਜੇ ਤਾਂ ਕਾਮਜੁਰ ਦੀ ਤਪਤ ਜਾਵੇ ॥੧੭੮॥

---

*ਅਗਨੀ-ਨਿੰਬੂ ਹੈ, ਦੇਖੋ ਸਾਲਿਗ੍ਰਾਮੋ : ॥ ਅਗ ਦਾ ਅਰਥ ਨਹੀਂ, ਕਿਉਂਕਿ ਅਗੇ "ਕਰੋ ਧੂਪ" ਵਖਰਾ ਹੈ।

Digitized by Panjab Digital Library | www.panjabdigilib.org

ਪਾਂਚ ਬਿਖਮ ਜ੍ਵਰ ਨਿਦਾਨ (ਮਾਧਵਾਤ)—ਚੌਪਈ

ਕਾਚੇ ਜ੍ਵਰ ਜੋ ਔਖਧ ਦੇਇ। ਤਾਕੋ ਸੋਧਨ ਬਮਨ ਕਰੇਇ।
ਬਿਖਮ ਤਾਪ ਤਾਂਤੇ ਹੁਇ ਜਾਇ। ਮਾਧਵ ਤੇ ਭਾਖਯਾ ਮੈ ਲਜਾਇ॥੧੭੯॥

ਕੱਚੇ ਤਾਪ ਵਿਚ ਦਵਾਈ ਦੇਵੇ ਅਰ ਜੁਲਾਬ, ਕੈ ਕਰਾ ਦੇਵੇ ਤਾਂ ਉਸ ਨੂੰ ਵਿਖਮ ਤਾਪ ਹੋ ਜਾਂਦਾ ਹੈ ॥ ੧੭੯ ॥

ਬਿਖਮ ਜ੍ਵਰ ਲੱਛਣ—ਦੋਹਰਾ

ਕਬੀ ਹੋਤ ਕਵਿ ਛਿਪ ਰਹਿਤ, ਕਬੀ ਉਸਨ ਕਬਿ ਸੀਤ।
ਬੇਗ ਬਿਖਮਤਾ ਜਾਨਿਯੋ, ਲੱਛਣ ਬਿਖਮ ਸੁ ਮੀਤ॥੧੮੦॥

ਕਦੇ ਚੜ੍ਹੇ, ਕਦੇ ਛਿਪ ਜਾਵੇ, ਕਦੀ ਸਰੀਰ ਗਰਮ, ਕਦੀ ਸਰਦ ਹੋਵ ਇਨ੍ਹਾਂ ਲੱਛਣਾਂ ਵਾਲਾ ਵਿਖਮ ਤਾਪ ਕਿਹਾ ਜਾਂਦਾ ਹੈ ॥ ੧੮੦ ॥

ਪੰਚ ਬਿਖਮ ਜ੍ਵਰ ਦੇ ਨਾਮ—ਚੌਪਈ

ਸੰਤਤ ਸਤਤ ਅਨੇਦ੍ਵ ਨਾਮ। ਤੀਜਾ ਚੌਥਾ ਜਾਨੋ ਆਮ।
ਤਪ ਕੇ ਮਾਹਿ ਜੁ ਖਾਇ ਕੁਪੱਥ। ਬਿਖਮਤਾਪ ਕੇ ਜਾਨੋ ਅੱਥ॥੧੮੧॥

ਸੰਤਤ ਜੁਰ (੭*ਯਾ ੧੨ ਵੇਂ ਦਿਨ ਪਿਛੋਂ ਆਣ ਚੜ੍ਹਦਾ ਹੈ) ਸਤਤ ਜ੍ਵਰ (੧ ਬਾਰ ਰਾਤ, ੧ ਬਾਰ ਦਿਨੇ ਚੜ੍ਹਦਾ ਹੈ) ਅਨੇਦ੍ਵ (ਰਾਤ ਦਿਨ ਵਿਚ ੧ ਬਾਰ ਚੜ੍ਹਦਾ ਹੈ) ਤੇਈਆ (ਤੀਸਰੇ ਦਿਨ ਚੜ੍ਹਦਾ ਹੈ) ਚੌਥਾ (ਚੌਥੇ ਦਿਨ ਚੜ੍ਹਦਾ ਹੈ) ਇਨ੍ਹਾਂ ਪੰਜਾਂ ਤਪਾਂ ਨੂੰ ਵਿਖਮਜ੍ਵਰ ਆਖਦੇ ਹਨ ਅਰ ਇਸੇ ਤਰ੍ਹਾਂ ਤਾਪ ਵਿਚ ਕੁਪੱਥ ਕਰਨ ਨਾਲ ਭੀ ਵਿਖਮ ਤਾਪ ਹੁੰਦੇ ਹਨ ॥੧੮੧॥

ਸੰਤਤ ਜ੍ਵਰ ਲੱਛਣ—ਦੋਹਰਾ

ਰਸ ਧਾਤੇ ਸੰਤਤ ਬਸਤ, ਸਾਤ ਦਿਵਸ ਪਰ ਹੋਇ।
ਅਥਵਾ ਦ੍ਵਾਦਸ ਦਿਨੈ ਮੈਂ, ਆਵਤ ਮੁੜ ਫਿਰ ਸੋਇ॥ ੧੮੨॥

ਸੰਤਤ ਤਾਪ ਰਸ ਧਾਤੂ ਵਿਚ ਵਸਦਾ ਹੈ ਅਰ ੭ ਵੇਂ, ੧੨ ਵੇਂ ਦਿਨ ਮੁੜ ਆਣ ਚੜ੍ਹਦਾ ਹੈ ॥੧੮੨॥

ਉਪਾਇ (ਬੀਰ ਸਿੰਘਾਵਿਲੋਕਾਤ)—ਦੋਹਰਾ

ਮੁਹਲੱਠੀ ਸੋ ਪਟੋਲ ਦਲ, ਕਰੂ ਆਂਬ ਕਾ ਬੀਜ।
ਹਰੜ ਕ੍ਵਾਥ ਕਰ ਪੀਜੀਏ, ਸੰਤਤ ਜੁਰ ਹੁਇ ਖੀਜ॥੧੮੩॥

੧੦੩-ਮੁਲੱਠੀ, ਪਟੋਲ ਪੱਤ੍ਰ, ਕੌੜ, ਅੰਬ ਦੀ ਗਿਟਕ ਅਰ ਹਰੜ ਦੀ ਛਿੱਲ ਕਾੜ੍ਹਾ ਕਰਕੇ ਪੀਣਾ ਸੰਤਤ ਜ੍ਵਰ ਨੂੰ ਨਾਸ ਕਰਦਾ ਹੈ ॥੧੮੩॥

---

*ਅਲਪ ਦੋਖ ਹੋਣ ਕਰਕੇ ਨਿਤਯ ਤਾਪ ਦੀ ਦੋਖ ਵਿਚ ਸਾਮਰਥ ਨਹੀਂ ਹੁੰਦੀ, ਸੋ ਸਤਵੇਂ ਬਾਰਵੇਂ ਦਿਨ ਪੂਰਨ ਦੋਖ ਹੋਕੇ ਤਾਪ ਚਾੜ੍ਹ ਦੇਂਦਾ ਹੈ।

Digitized by Panjab Digital Library | www.panjabdigilib.org

ਫੂਲ ਫਟਕਰੀ ਗੁੰਜ ਤ੍ਰਿਕ, ਲੌਂਗ ਸਾਥ ਲੈ ਖਾਇ।
ਸੰਤਤ ਤਾਪ ਸੂ ਨਾਂ ਰਹਿਤ, ਕ੍ਰਿਪਾ ਕਰਤ ਜਗ ਰਾਇ ॥੧੯੪॥

੧੦੪-ਫਟਕੜੀ ਦੀ ਖਿੱਲ ੩ ਰੱਤੀਆਂ ਲੌਂਗਾਂ ਨਾਲ ਦੇਵੇ ਤਾਂ ਭੀ ਸੰਤਤ ਜ੍ਵਰ ਨਾਸ ਹੁੰਦਾ ਹੈ ॥੧੯੪॥

ਸਤਤ ਜ੍ਵਰ ਲੱਛਣ-ਚੌਪਈ

ਏਕ ਬਾਰ ਦਿਨ ਕੋ ਚਢ ਜਾਇ। ਰਾਤ ਸਮੈਂ ਫਿਰ ਕਰ ਤਪ ਥਾਇ।
ਧਾਤੁ ਰਕਤ ਮੈਂ ਬਾਸਾ ਤਾਂਹਿ। ਤਾਪ ਸਤਤ ਤੁਮ ਜਾਨੋ ਤਾਹਿ ॥੧੯੫॥

ਇਕ ਨਾਰੀ ਦਿਨੇ ਇਕ ਵਾਰੀ ਰਾਤ ਨੂੰ ਚੜ੍ਹੇ ਅਰ ਰਕਤ ਧਾਤੂ ਵਿੱਚ ਜਿਸਦਾ ਵਾਸਾ ਹੋਵੇ, ਉਸ ਨੂੰ ਸਤਤ ਜ੍ਵਰ ਕਿਹਾ ਜਾਂਦਾ ਹੈ ॥੧੯੫॥

ਸਤਤ ਜ੍ਵਰ ਉਪਾਇ-ਦੋਹਰਾ

ਕੜੂ ਪਟੋਲੀ ਸਾਰਵਾ, ਮੁਸਤਾ ਕ੍ਵਾਥ ਕਰਾਇ।
ਪੀਤ ਸਤਤ ਜੁਰ ਨਾਸ ਹੁਇ, ਮੇਘੈ ਦੀਜੋ ਬਤਾਇ ॥੧੯੬॥

੧੦੫-ਕੜੂ, ਪਟੋਲ ਪੱਤ੍ਰ, ਉਸ਼ਬਾ ਤੇ ਮੋਥਾ, ਇਨ੍ਹਾਂ ਦਾ ਕਾੜ੍ਹਾ ਪੀਵੇ ਤਾਂ ਸਤਤ ਤਾਪ ਦਾ ਨਾਸ ਹੋਵੇ ॥੧੯੬॥

ਅਨੇਦਯੁ ਜ੍ਵਰ ਲੱਛਣ-ਚੌਪਈ

ਮਾਸ ਧਾਤ ਮੈਂ ਬਾਸਾ ਕਰੈ। ਦਿਨ ਰਾਤ੍ਰੀ ਮੈ ਇਕ ਬਰ ਚਰੈ।
ਮਾਧਵ ਲੱਛਣ ਭਾਖੇ ਏਹ। ਮੇਘ ਬਿਨੋਦ ਕਹੈ ਸੁਨ ਲੇਹ ॥੧੯੭॥

ਮਾਸ ਧਾਤੂ ਵਿਚ ਨਿਵਾਸ ਕਰੇ, ਅਰ ਰਾਤ ਦਿਨ ਵਿਚ ਇਕ ਵਾਰੀ ਚੜੇ ਇਹ ਲੱਛਣ ਅਨੇਦਯੁ ਤਾਪ ਦੇ ਕਹੇ ਜਾਂਦੇ ਹਨ ॥੧੯੭॥

ਉਪਾਇ

ਛਿੰਨਾ ਰੁਹਾ ਘਨ ਧਾਤ੍ਰੀ ਲੇਹੁ। ਕ੍ਵਾਥ ਕਰੀਨੈ ਪੀਵਨ ਦੇਹੁ।
ਅਨੇਦੂ ਤਪ ਨਾਸੇ ਸਹੀ। ਮੇਘ ਬਿਨੋਦੈ ਭਾਖਾ ਕਹੀ ॥੧੯੮॥

੧੦੬-ਗਿਲੋਏ, ਮੋਥਾ, ਆਵਲੇ, ਕ੍ਵਾਥ ਕਰ ਕੇ ਪੀਣ ਨੂੰ ਦੇਵੇ ਤਾਂ ਅਨਯੇਦਯੁ ਤਾਪ ਨਾਸ਼ ਹੋਵੇ ॥੧੯੮॥

ਤ੍ਰਿਤੀਯ ਜ੍ਵਰ ਲੱਛਣ-ਚੌਪਈ

ਮੇਦ ਧਾਤ ਮੇ ਬਾਸਾ ਜਾਨ। ਚਢਤ ਤੀਸਰੈ ਦਿਨ ਸੋ ਆਨ।
ਜਾਤ ਤੀਨ ਤੇਈਆ ਜੁਰ ਹੋਇ। ਕਮਰ ਦੁਖੇ ਕਫਪਿੱਤੀ ਜੋਇ ॥੧੯੯॥
ਕਫੀ ਬਾਤ ਕਾ ਪੀਠ ਦੁਖਾਇ। ਬਾਤ ਪਿੱਤ ਸਿਰ ਪੀਰ ਕਰਾਇ।

Digitized by Panjab Digital Library | www.panjabdigilib.org

ਮਾਧਵ ਬਚਨ ਸੁਨਾਵੈ ਏਹ। ਭਾਖੇ ਮੇਘ ਈਹਾਂ ਲੈ ਤੇਹ ॥੧੯੦॥

ਮੇਦ ਧਾਤੂ ਵਿਚ ਰਹੇ, ਤੀਸਰੇ ਦਿਨ ਆਕੇ ਚੜੇ, ਸੋ ਤੇਈਆ ਤਾਪ ਹੁੰਦਾ ਹੈ। ਇਹ ਤਿੰਨ ਪ੍ਰਕਾਰ ਦਾ ਹੈ-੧ ਪਿੱਤ ਕਫ ਦਾ ਕਮਰ ਨੂੰ ਦਰਦ ਕਰੇ, ੨ ਬਾਤ ਕਫ ਦਾ ਪਿੱਠ ਨੂੰ ਦਰਦ ਕਰੇ, ੩ ਬਾਤ ਪਿਤ ਦਾ ਸਿਰ ਨੂੰ ਦਰਦ ਕਰਕੇ ਚੜਦਾ ਹੈ। ਇਉਂ ਤਿੰਨ ਭੇਦ ਹਨ।੧੮੯।੧੯੦।

ਤੇਈਏ ਤਾਪ ਦਾ ਉਪਾਇ (ਸਾਰੰਗਧਰਾਤ)-ਚੌਪਈ

ਪਰਪਟ ਧਨੀਆ ਪਾਵ ਗਲੋਇ। ਬਿਲਗਿਰੀ ਖਸ ਕੁੜਾ ਸੁ ਢੋਇ।
ਮੋਥਾ ਚੰਦਨ ਰਕਤ ਪਤੀਸ। ਨੇਤ੍ਰ ਮਾਲਾ ਸੁੰਠ ਜਗੀਸ ॥੧੯੧॥
ਇੰਦ੍ਰ ਜਵਹਿ ਪੁਨ ਮੇਲ ਕਿਰਾਤ। ਕਾਢਾ ਕਰ ਪੀਜਤ ਪਰਭਾਤ।
ਪੀਵਤ ਕਾੜਾ ਸ਼ਹਿਤ ਮਿਲਾਇ। ਤੇਈਆਜੁਰ ਨਾਸਤ ਸਤ ਭਾਇ।੧੯੨।
ਰਕਤ ਪਿਤ ਜੁਰ ਤ੍ਰਿਸਨਾ ਜਾਇ। ਅਤੀਸਾਰ ਜੁਰ ਦਾਹ ਮਿਟਾਇ।
ਸਾਰੰਗਧਰ ਤੇ ਜਾਨੋ ਸਹੀ। ਮੇਘ ਬਿਨੋਦੈ ਮੇਘੇ ਕਹੀ ॥੧੯੩॥

੧੦੭-ਪਾਪੜਾ, ਧਨੀਆਂ, ਗਿਲੋਯ, ਬਿਲਗਿਰੀ, ਖਸ, ਕੁੜਾਸਕ, ਮੋਥਾ, ਪਤੀਸ, ਨੇਤ੍ਰਮਾਲਾ, ਸੁੰਢ, ਇੰਦ੍ਰ ਜੌਂ ਅਰ ਚਿਰੈਤਾ ਮਿਲਾਕੇ ਕਾੜ੍ਹਾ ਕਰੇ ਅਰ ਫਿਰ ਉਸ ਕਾੜ੍ਹੇ ਵਿਚ ਸ਼ਹਿਤ ਪਾਕੇ ਪੀਵੇ ਤਾਂ ਤੇਈਆ ਤਾਪ ਨਾਸ ਕਰੇ। ਹੋਰ ਰਕਤ ਪਿਤ ਜ੍ਵਰ ਤਪਾ ਸਭ ਪ੍ਰਕਾਰ ਦੇ ਤਾਪ, ਪਜਾਸ, ਦਸਤ ਤੇ ਦਾਹ ਆਦਿ ਸਭ ਦੂਰ ਹੁੰਦੇ ਹਨ ॥੧੯੧ ਤੋਂ ੧੯੩॥

ਚੰਦਨ ਘਨ ਛਿੱਨਾ ਜੁ ਉਸੀਰ। ਧਨੀਯਾਂ ਸੁੰਠੀ ਮੇਲੋ ਨੀਰ।
ਕਾਢਾ ਕਰਿ ਪੀਵਤ ਜੁਰ ਜਾਇ। ਜੋ ਜਗ ਮੈਂ ਤ੍ਰਿਤਯਕ ਕਹਾਇ।੧੯੪।

੧੦੮-ਚੰਦਨ, ਮੋਟਾ, ਗਿਲੋਯ, ਖਸ, ਧਨੀਆ ਅਰ ਸੁੰਢ, ਇਨ੍ਹਾਂ ਦਾ ਕਾੜ੍ਹਾ ਪਿਲਾਉਣ ਨਾਲ ਤੇਈਆ ਤਾਪ ਨਾਸ ਹੁੰਦਾ ਹੈ ॥੧੯੪॥

ਨਾਗਰ ਮੁਸਤਾ ਦਾਖ ਕਿਰਾਤ। ਛਿੱਨਰੁਹਾ ਤ੍ਰਿਫਲਾ ਨਿੰਬ ਘਾਤ।
ਇੰਦ੍ਰਜਵਾ ਸੁ ਪਟੋਲਹਿ ਪਾਤ। ਕ੍ਵਾਥ ਕਰੀ ਪਿਵ ਤੇਈਆ ਜਾਤ॥੧੯੫॥

੧੦੯-ਸੁੰਢ, ਮੋਥਾ, ਮੁਨੱਕਾ ਚਿਰੈਤਾ, ਗਿਲੋਯ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਨਿੰਮ ਦੇ ਪੱਤ੍ਰ, ਇੰਦਰ ਜੌਂ ਤੇ ਪਟੋਲਪਤ੍ਰ ਦਾ ਕ੍ਵਾਥ ਪੀਤਾ ਭੀ ਤੇਈਏ ਤਾਪ ਨੂੰ ਨਾਸ਼ ਕਰਦਾ ਹੈ ॥੧੯੫॥

ਤ੍ਰਿਫਲਾ ਤ੍ਰਿਕੁਟਾ ਨਿੰਬ ਜੁ ਦਾਖ। ਮੁਸਤਾ ਨਿੰਬ ਪਟੋਲ ਜੁ ਰਾਖ।
ਕ੍ਵਾਥਕਰੀ ਵਿਚ ਸਿਤਾ ਪਵਾਇ। ਪੀਵਤ ਤਾਪ ਜੁ ਤੇਈਆ ਜਾਇ।੧੯੬।

੧੧੦-ਹਰੜ, ਬਹੇੜਾ, ਆਵਲੇ, ਮਘ, ਮ੍ਰਿਚ, ਸੁੰਢ, ਨਿੰਮ, ਮੁਨੱਕਾ, ਮੋਥਾ, ਨਿੰਮ ਅਰ ਪਟੋਲ-ਪੱਤ੍ਰ ਦਾ ਕਾਮ੍ਹਾ ਕਰਕੇ ਮਿਸਰੀ ਪਾਕ ਪੀਵੇ ਤਾਂ ਤੇਈਆ ਤਾਪ ਨਿਸਚੇ ਜਾਵੇ ॥੧੯੬॥

ਚੰਦਨ ਪੀਪਰ ਧਨੀਆਂ ਆਨ। ਮੁਸਤਾ ਪੀਤ ਪਾਪਰਾ ਠਾਨ।
ਸੁੰਠੀ ਕ੍ਵਾਥ ਕਰੋ ਮਨੁ ਲਾਇ। ਸਿਤਾ ਪਾਇ ਪੀਵਤ ਜੁਰ ਜਾਇ॥੧੯੭॥

Digitized by Panjab Digital Library | www.panjabdigilib.org

੧੧੧-ਚੰਦਨ, ਮਘ, ਧਨੀਆਂ, ਮੋਥਾ, ਪਾਪੜਾ ਤੇ ਸੁੰਢ, ਇਨ੍ਹਾਂ ਦਾ ਕ੍ਵਾਥ ਮਿਸਰੀ ਪਾਕੇ ਪੀਏ ਤਾਂ ਤੇਈਆ ਤਾਪ ਨਸ਼ਟ ਹੋਵੇ ॥੧੯੭॥

ਚੌਥੇ ਤਾਪ ਦੇ ਲੱਛਣ-ਦੋਹਰਾ

ਚਾਤੁਰਥਕ ਹੈ ਜਾਤ ਤ੍ਰੈ, ਬਸਤ ਅਸਥ ਅਰੁ ਮੱਜ।
ਚਢਤ ਜੁ ਚੌਥੇ ਦਿਨ ਬਿਖੈ, ਏਹ ਚਤੁਰਥਕ ਕੱਜ ॥੧੯੮॥
ਸਿਰ ਤੇਚਢਤ ਤ ਬਾਤ ਕੋ, ਮੱਧਜ ਚਢਤ ਤੋ ਪੀਤ।
ਪਗ ਤੇ ਚਢਤ ਤੁ ਕਫ ਕਹੀ, ਜਾਨੋ ਲੱਛਣ ਮੀਤ ॥੧੯੯॥
ਬਾਤ ਪਿੱਤ ਸਮ ਜਾਸ ਕੋ, ਕਫ ਹੋਵੈ ਜਿਸ ਹੀਨ।
ਤੌ ਜੁਰ ਦਿਨ ਕੋ ਹੀ ਚਢਤ,ਨਰ ਕੋ ਕਰਤ ਸੁ ਦੀਨ ॥੨੦੦॥
ਬਾਤ ਸਲੇਖਮ ਹੁਇ ਬਹੁਤ, ਪਿੱਤ ਖੀਨ ਹੁਇ ਜਾਇ।
ਤਾਂਹਿ ਨਿਸਾ ਕੋ ਜੁਰ ਚਢਤ,ਕਹੀ ਬਾਤ ਮਨੁ ਲਾਇ ॥੨੦੧॥

ਚੋਥਾ ਤਾਪ ਤਿੰਨ ਕਿਸਮ ਦਾ ਹੈ, ਹੱਡੀ ਤੇ ਮੱਜਾ ਵਿਚ ਰਹਿ ਕੇ ਚੋਥੇ ਦਿਨ ਪਿਛੋਂ ਚੜ੍ਹਦਾ ਹੈ। ਦਾਤ ਦਾ ਸਿਰ ਰਸਤੇ, ਪਿੱਤ ਦਾ ਕਮਰ ਰਸਤੇ, ਕਫ ਦੇ ਪੈਰਾਂ ਰਸਤੇ ਚੜਦਾ ਹੈ, ਜਿਸ ਵਿਚ ਬਾਤ ਪਿਤ ਸਮ ਭੇ ਕਫ ਹੀਨ ਹੋਵੇ, ਉਹ ਤਪ ਦਿਨ ਨੂੰ ਚੜਦਾ ਹੈ। ਜਿਸ ਵਿਚ ਬਾਤ ਕਫ ਅਧਿਕ ਹੋਣ ਅਰ ਪਿਤ ਘਟ ਹੋਵੇ, ਉਸ ਨੂੰ ਰਾਤੀ ਤਾਪ ਚੜ੍ਹਦਾ ਹੈ ॥੧੯੮ ਤੋਂ ੨੦੧॥

ਉਪਾਇ-ਚੌਪਈ

ਚੂਨਾ ਪਲ ਦੋ ਕਰਖ ਹਰਤਾਲ। ਕੰਨਯਾ ਰਸ ਪੀਸੋ ਤੁਮ ਲਾਲ।
ਚਨਕ ਸਮਾਨ ਗੁਟੀ ਕਰਿ ਖਾਇ। ਊਪਰ ਘ੍ਰਿਤ ਰੋਟੀ ਕੋ ਪਾਇ॥੨੦੨॥
ਤਾਪ ਚਤੁਰਥਕ ਜਾਵਤ ਸਹੀ। ਔਰ ਤਾਪ ਤੇਈਆ ਭੀ ਕਹੀ।
ਕਰੀ ਕਰਾਈ ਦੇਖੀ ਨੈਨ। ਤੌ ਮੁਨਿ ਮੇਘੈ ਭਾਖੇ ਬੈਨ ॥੨੦੩॥

੧੧੨-ਚੂਨਾ ਕਲੀ ੪ ਤੋਲੇ, ਵਰਕੀਆ ਹੜਤਾਲ ੨ ਤੋਲੇ, ਕੁਆਰ ਦੇ ਰਸ ਨਾਲ ਘੋਟ ਕੇ ਚਣੇ ਪ੍ਰਮਾਣ ਗੋਲੀ ਕਰ ਕੇ ਖਾਵੇ, ਪਥ ਘਿਓ ਨਾਲ ਰੋਟੀ ਦੇਵੇ। ਇਹ ਚੋਥੇ ਤੇਈਏ ਆਦਿ ਤਾਪ ਨੂੰ ਨਿਸ਼ਚੇ ਨਾਸ ਕਰੇ ॥੨੦੨॥੨੦੩॥

ਸੁੰਠ ਮੋਥਰਾ ਕਡ਼ੂ ਕਿਰਾਤ। ਚੰਦਨ ਛਿੱਨਾ ਧਾਤ੍ਰੀ ਘਾਤ।
ਕ੍ਵਾਥ ਕਰੀ ਪੀਵਤ ਜੁਰ ਜਾਇ। ਨਾਮ ਚਤੁਰਥਕ ਜਾਕੋ ਥਾਇ ॥੨੦੪॥

੧੧੩-ਸੁੰਢ, ਮੋਥਾ, ਕੜੂ, ਚਿਰੈਤਾ, ਚੰਦਨ, ਗਿਲੋਯ, ਆਵਲੇ ਇਨ੍ਹਾਂ ਦਾ ਕਾੜ੍ਹਾ ਕਰ ਕੇ ਪੀਣੇ ਨਾਲ ਦੀ ਚੋਥਾ ਤਪ ਜਾਂਦਾ ਹੈ ॥੨੦੪॥

ਸ਼ੰਕਰ

Digitized by Panjab Digital Library | www.panjabdigilib.org

ਲੈ ਦਾਰ ਹਰੜੈਂ ਸਾਲਪਰਣੀ, ਸੁੰਠ ਪਰਪਟ ਪਾਇ।
ਦ੍ਰਿਗ ਜੁ ਬਾਲਾ ਬ੍ਰਿਖ ਠਵਾਵੇ, ਕ੍ਵਾਥ ਬਿਧਿ ਕਰਵਾਇ।
ਭੁਰਕ ਮਿਸ੍ਰੀ ਖਾਇ ਰੋਗੀ, ਤਾਪ ਚੌਥੋ ਜਾਇ।
ਭੂਖ ਲਾਗਤ ਸ੍ਵਾਸ ਭਾਗਤ, ਕਹੀ ਮਨ ਚਿਤ ਲਾਇ ॥੨੦੫॥

੧੧੪-ਦੇਵਦਾਰ, ਹਰੜ, ਸਾਲਪਰਣੀ, ਸੁੰਢ, ਪਾਪੜਾ, ਨੇਤ੍ਰਬਾਲਾ, ਬਾਂਸਾਂ ਏਨ੍ਹਾਂ ਦਾ ਕ੍ਵਾਥ ਕਰੇ ਤੇ ਮਿਸਰੀ ਪਾ ਕੇ ਪੀਵੇ ਤਾਂ ਚੌਥਾ, ਤੇਈਆ ਤਾਪ ਤੇ ਸ੍ਵਾਸ ਨਾਸ ਕਰੇ ਅਰ ਭੁਖ ਲਗਾਵੇ ॥੨੦੫॥

ਨਸਵਾਰ (ਵੈਦਜੀਵਨਾਤ)-ਦੋਹਰਾ

ਜੀਰਨ ਘ੍ਰਿਤ ਸੋ ਨਾਸ ਦੈ, ਆਛੀ ਲੇ ਕਰ ਹਿੰਗ।
ਤਾਪ ਚੁਥਾਈ ਜਾਤ ਹੈ, ਸੁਖ ਪਾਵਤ ਸਭ ਅੰਗ ॥੨੦੬॥

੧੧੫-ਖਰੀ ਹਿੰਗ ਦੀ ਪੁਰਾਣੇ ਘਿਓ ਵਿਚ ਨਸਵਾਰ ਦੇਵੇ ਤਾਂ ਚੌਥਾ ਤਾਪ ਮਿਟੇ ॥੨੦੬॥

ਧੂਪ-ਚੌਪਈ

ਨੀਲ ਬਸਨ ਉਲੂ ਪਰ ਪਾਇ। ਗੁੱਗਲ ਮੇਲੀ ਧੂਪ ਕਰਾਇ।
ਜਾਵਤ ਜੁਰ ਚੌਥਾਈ ਨਾਮ। ਕਹਿਤ ਮੇਘ ਜੋ ਕਿਰਪਾ ਰਾਮ ॥੨੦੭॥

੧੧੬-ਨੀਲਾ ਕਪੜਾ, ਉਲੂ ਦਾ ਖੰਭ ਤੇ ਗੁਗਲ, ਇਹਨਾਂ ਦੀ ਧੂੰਣੀ ਦੇਣ ਨਾਲ ਭੀ ਚੌਥਾ ਤਾਪ ਹਟ ਜਾਂਦਾ ਹੈ ॥੨੦੭॥

ਨਸਵਾਰ-ਦੋਹਰਾ

ਅਗਸਤ ਪਾਤ ਰਸ ਨਾਸ ਦੈ, ਜਾਇ ਚਤੁਰਥਕ ਤਾਪ।
ਕਹਤ ਵੈਦ ਜੀਵਨ ਬਿਖੈ, ਹਰਿ ਸਿਮਰਤ ਜਿਮ ਪਾਪ ॥੨੦੮॥

੧੧੭-ਅਗਸਤ ਬ੍ਰਿਛ (ਪੂਰਬ ਪ੍ਰਸਿਧ ਹੈ) ਉਸ ਦੇ ਪੱਤਾਂ ਦਾ ਰਸਾ ਕੱਢ ਕੇ ਨਸਵਾਰ ਦੇਵੇ ਤਾਂ ਚੌਥਾ ਤਾਪ ਜਾਵੇ ॥੨੦੮॥

ਸਰਬ ਜ੍ਵਰ ਕੋ ਸੁਦਰਸ਼ਨ ਚੂਰਨ-ਦਵੈਯਾਛੰਦ

ਜੁਗਮ ਨਿਸਾ ਕੰਟਾਰੀ ਦੋਨੋਂ, ਤ੍ਰਿਫਲਾ ਤ੍ਰਿਕੁਟਾ ਆਨੋ।
ਛਿੱਨ ਰੁਹਾ ਕਟੁਕੀ ਜੁ ਕਚੂਰਾ, ਪਰਪਟ ਮੂਰਬਾ ਠਾਨੋ।
ਕਣਾ ਮੂਰ ਔ ਬਾਂਸਾ ਮੁਸਤਾ, ਬਾਲਾ ਲੈ ਤ੍ਰਾਹਿਮਾਨਾ।
ਨਿੰਬ ਪੁਸਕਰਾ ਮੂਰ ਕੂੜਾ ਬਚ, ਮਧੁ ਯਸਟੀ ਜੁ ਬਖਾਨਾ ॥੨੦੯॥
ਭ੍ਰਿੰਗੀ ਇੰਦ੍ਰ ਜਵੈ ਤਜ ਚੰਦਨ, ਸ੍ਰਿਗੁ ਬੀਜ ਅਜਵਾਨੀ।
ਖਰੀ ਫਟਕੜੀ ਅਤਿ ਬਿਖ ਚਬਯੰ,ਪਦਮਕ ਤਗਰੰ ਠਾਨੀ

Digitized by Panjab Digital Library | www.panjabdigilib.org

ਪ੍ਰਿਸਟਪਰਣਿ ਸਾਲਪਰਣੀ ਖਸਹੈ,ਬਾਇਬੜਿੰਗ ਮੰਗਾਈ।
ਦਾਰੁਪੱਤ੍ਰ ਪਟੋਲੀ ਚਿੱਤ੍ਰਕ, ਜੀਵਕ ਰਿਖਵ ਠਵਾਈ ॥੨੧੦॥
ਕਵਲ ਬੀਜ ਕਾਂਕੋਲੀ ਪੱਤ੍ਰਜ, ਜਾਵੱਤ੍ਰੀ ਤਾਲੀਸੰ।
ਨੇਤਰਬੰਸ ਲਵੰਗ ਬਰਾਬਰ, ਆਛੀ ਸਭ ਮਤਿ ਪੀਸੰ।
ਸਭ ਤੇ ਆਧਾ ਮੇਲ ਕਿਰਾਤੰ, ਚੂਰਨ ਕਰੋ ਉਪਾਈ।
ਤਾਜੇ ਜਲ ਵਾ ਉਸਨ ਖਵਾਵੇ, ਮਾਸੇ ਦਸ ਲੇ ਭਾਈ ॥੨੧੧॥
ਸਰਬ ਤਾਪ ਸੰਨਿ ਭ੍ਰਮ ਭਾਗਤ, ਤੰਦ੍ਰਾ ਤ੍ਰਿਖਾ ਜੁ ਕਾਸੰ।
ਪਾਂਡੂ ਹਿਯਾ ਗਦ ਸੂਲ ਕਾਮਲਾ,ਬਾਤ ਸਰਬ ਹਿਕ ਸ੍ਵਾਸੰ।
ਜੈਸੇ ਚੱਕ੍ਰ ਸੁਦਰਸਨ ਮਾਰੇ, ਜਿਤੇ ਜਗਤ ਮੈ ਦੈਤਾ।
ਤਿਮੇ ਰੋਗ ਸਭਹੀ ਹੈ ਭਾਗਤ, ਇਸ ਚੂਰਨ ਕੇ ਲੈਤਾ।

੧੧੯–ਹਲਧੀ, ਦਾਰਹਲਧੀ, ਕੰਡਿਆਰੀ, ਵਡੀ ਕੰਡਿਆਰੀ, ਹਰੜ, ਬਹੇੜਾ, ਆਵਲੇ, ਮ੍ਘ, ਮਿਰਚ, ਸੁੰਢ, ਗਿਲੋਯ, ਕੌੜ, ਕਚੂਰ, ਪਾਪੜਾ, ਮੋੜਿਉ, ਪਿਪਲਾਮੂਲ, ਬਾਂਸਾ, ਮੋਥਾ, ਮੁਸ਼ਕਬਾਲਾ, ਤ੍ਰਾਯਾਮਾਣ ਅਰਥਾਤ ਤੁਖਮ ਜਰਜਰ, ਨਿੰਮ ਦੇ ਪੱਤ੍ਰ ਪੁਹਕਰਮੂਲ, ਕੂੜਾ ਦਾ ਸਕ, ਵਚ, ਮੁਲਠੀ, ਭੜਿੰਗੀ, ਮਿਠੇ ਇੰਦ੍ਰਜੌਂ, ਤਜਪੱਤ੍ਰ, ਚੰਦਨ, ਸੁਹਾਵਣੇ ਦੇ ਬੀਜ, ਅਜਵਾਇਣ, ਫਟਕੜੀ ਦੀ ਖਿਲ, ਪਤੀਸ, ਚਵ, ਕਮਲ ਦੇ ਫੂਲ, ਤਗਰ, ਪ੍ਰਿਸਟਪਰਣੀ, ਸਾਲਪ੍ਰਣੀ, ਖਸ, ਬਾਇਵੜਿੰਗ, ਦੇਵਦਾਰ, ਪਟੋਲਪੱਤ੍ਰ, ਚਿਤ੍ਰਾ, ਜੀਵਕ, ਰਿਖਭ, ਕਮਲਡੋਡੇ, ਸਰਦ ਚੀਨੀ, ਤਜਸਕ, ਜਾਵਿਤ੍ਰੀ, ਤਾਲੀਸ, ਤਵਾਸ਼ੀਰ ਤੇ ਲੌਂਗ ਇਹ ਸਭ ਇਕ ਸਮਾਨ, ਇਹਨਾਂ ਸਭਨਾਂ ਤੋਂ ਅੱਧਾ ਚਿਰੈਤਾ ਲੈ ਕੇ ਸਭਨਾਂ ਨੂੰ ਪੀਹ ਕੇ ਕਪੜਛਾਣ ਕਰਕੇ ਚੂਰਣ ਕਰ ਲਵੇ। ਇਸ ਵਿਚੋਂ ੧੦ ਮਾਸੇ ਸੱਜਰੇ ਪਾਣੀ ਨਾਲ ਅਥਵਾ ਗਰਮ ਜਲ ਨਾਲ ਦੇਵੇ ਤਾਂ ਸਭ ਪ੍ਰਕਾਰ ਦੇ ਤਾਪ, ਸੰਨਿਪਾਤ, ਭ੍ਰਮ, ਤੰਦ੍ਰਾ, ਪਯਾਸ, ਖਾਂਸੀ, ਪਾਂਡੂ, ਹ੍ਰਿਦਯਰੋਗ ਸੂਲ, ਕਾਮਲਾ, ਸਭ ਪ੍ਰਕਾਰ ਦੀ ਵਾਯੂ, ਹਿੜਕੀ ਦਮਾ ਅਤੇ ਹੋਰ ਸਭ ਰੋਗ ਇਸ ਚੂਰਣ ਦੇ ਖਾਣ ਨਾਲ ਇਉਂ ਜਾਂਦੇ ਹਨ, ਜਿਸ ਤਰ੍ਹਾਂ ਸੁਦ੍ਰਸ਼ਨ ਚਕ੍ਰ ਦੇ ਮਾਰੇ ਦੈਂਤ ਰਫੂ ਚਕ੍ਰ ਹੁੰਦੇ ਹਨ ॥੨੦੯॥੨੧੦ ॥੨੧੧॥੨੧੨॥

ਬਤੀਸਾ ਚੂਰਣ ਸਰਬ ਜ੍ਵਰ ਕੋ (ਵੈਦਕੰਤੂਹਲਾਤ)–ਦ੍ਵੈਯਾ

ਸੁੰਠ ਕਟਾਈ ਪੁਸਕਰਿ ਮੂਰਾ, ਕੜੂ ਕਚੂਰਾ ਸ੍ਰਿੰਗੀ।
ਲੀਜੈ ਸਾਲ ਜੁ ਪਰਨੀ ਯਸਟੀ, ਛਿੱਨ ਰੁਹਾ ਅਤਿ ਚੰਗੀ।
ਕਣਾ ਮਿਰਚ ਕਲੌਂਜੀ ਪਰਪਟ, ਪੱਤ੍ਰਜ ਅਗਰ ਧਮਾਸਾ।
ਕੂੜਾ ਲੋਚਨਾ ਬਾਲਾ ਮੋਥਾ, ਤੱਜ ਆਮਲਾ ਖਾਸਾ ॥੨੧੩॥
ਦਾਰੁ ਪਟੋਲ ਪਤੀਸ ਮੂਰਵਾ, ਚਿੱਤ੍ਰਕ ਅੱਭਯਾ ਆਨੀ।

Digitized by Panjab Digital Library | www.panjabdigilib.org

ਪੀਪਰ ਮੂਰ ਜਵਾਨੀ ਸਭ ਸ਼ਮ, ਪੀਸੋ ਕਪੜੇ ਛਾਨੀ।
ਸਭ ਤੇ ਆਧ ਭਾਗ ਨੈਪਾਲੀ, ਚੂਰਣ ਤਾਤੇ ਨੀਰੰ।
ਕਰਖ ਏਕ ਕਾ ਵਜਨ ਖਵਾਵੇ, ਸਭ ਜੁਰ ਜਾਵਤ ਪੀਰੰ ॥੨੧੪॥
ਮੋਹ ਤੰਦਰਾ ਪਾਂਡੂ ਹਿਯਾਗਦ, ਦਾਹ ਕਮਲਾ ਪਯਾਸੰ।
ਸੰਨ ਸੂਲ ਭ੍ਰਮ ਡਾਕੀ ਜਾਵੈ, ਔਰ ਸ੍ਵਾਸ ਅਰ ਕਾਸੰ।
ਬਾਤ ਚੌਰਾਸੀ ਰੋਗ ਅਨੇਕਾਂ, ਜਾਵੈ ਛਿਨ ਨਾ ਲਾਵੈ।
ਵੈਦ ਕੰਤੂਹਲ ਇਹ ਬਿਧਿ ਭਾਖੀ, ਮੇਘ ਬਿਨੋਦ ਸੁਹਾਵੈ ॥੨੧੫॥

੧੧੯–ਸੁੰਢ, ਕੜਿਆਰੀ, ਪੁਹਕਰਮੂਲ, ਕੜੂ, ਕਚੂਰ, ਕਕੜਸਿੰਗੀ, ਸਾਲਪਰਣੀ, ਮੁਲੱਠੀ, ਗਿਲੋਯ, ਮਘ, ਮਿਰਚ, ਕਲੌਂਜੀ, ਪਾਪੜਾ, ਤੇਜਪੱਤ੍ਰ ਅਗਰ, ਧਮਾਹਾ, ਕੁੜਾਸਕ, ਨੇਤ੍ਰਬਾਲਾ, ਮੋਥਾ, ਤਜਸਕ, ਆਵਲੇ, ਦੇਵਦਾਰ, ਪਟੋਲਪੱਤ੍ਰ ਪਤੀਸ, ਮੋੜਿਉਂ, ਚਿਤ੍ਰਾ, ਹਰੜਾਂ, ਪਿਪਲਾਮੂਲ ਤੇ ਅਜਵਾਇਣ ਸਭ ਸਮ, ਸਭਨਾਂ ਦਾ ਅੱਧਾ ਹਿੱਸਾ ਚਿਰੈਤਾ ਪੀਹਕੇ ਕਪੜਛਾਣ ਕਰਕੇ ੧੦ ਮਾਸੇ ਗਰਮ ਪਾਣੀ ਨਾਲ ਖਾਵੇ ਤਾਂ ਸਭ ਤਾਪਾਂ ਦੀ ਪੀੜ ਦੂਰ ਕਰੇ ਤੇ ਮੋਹ, ਤੰਦ੍ਰਾ, ਪਾਂਡੂ ਰੋਗ, ਹਿਰਦੇ ਰੋਗ, ਦਾਹ, ਕਮਲਾ, ਪਯਾਸ. ਸੰਨਿਪਾਤ ਸੂਲ ਭ੍ਰਮ ਡਾਕੀ ਸ੍ਵਾਸ ਕਾਸ ਚੌਰਾਸੀ ਬਾਤ ਦੇ ਰੋਗ ਹੋਰ ਅਨੇਕਾਂ ਰੋਗਾਂ ਨੂੰ ਇਹ ਚੂਰਣ ਚੂਰ ਕਰਦਾ ਹੈ ॥੨੧੩ ਤੋਂ ੨੧੫॥

ਸਰਬ ਜੂਰ ਕੋ ਖੋੜਸਾਗ ਚੂਰਣ (ਵੈਦਕੰਤੂਹਲਾਤ)–ਸ਼ੰਕਰ

ਮੋਥ ਦੰਤੀ ਹਰੜ ਸੈਂਧਾ, ਪੀਪਰੀ ਲੈ ਮੂਰ।
ਕਟੁਕੀ ਕਟਾਰੀ ਦੋਇ ਸੁੰਠੀ, ਪੀਪਰੀ ਕਾਚੂਰ।
ਪਾਪਰਾ ਪਾਟੋਲ ਛਿੰਨਾ, ਪੁਸਕਰਾ ਨੈਪਾਲ।
ਦੋ ਟੰਕ ਚੂਰਨ ਪੀਸ ਪੀਜੈ, ਤਪਤ ਨੀਰ ਸੁ ਘਾਲ॥੨੧੬॥
ਸਰਬ ਤਾਪ ਜੁ ਨਿਤ ਕੋ, ਜੁਰ ਦੂਜ ਤੀਜਾ ਜਾਇ।
ਚੌਥ ਪੰਚਮ ਛੈਹ ਸਾਤਮ, ਆਠਮੋ ਸੁ ਬਿਲਾਇ।
ਬਿਖਮ ਪਾਂਚੋ ਭਾਗ ਜਾਵੈ, ਕਰਤ ਗੁਨ ਜਨ ਏਹ।
ਔਰ ਰੋਗ ਅਨੇਕ ਭਾਜੈਂ, ਜਾਨ ਬੈਦ ਸੁ ਤੇਹ ॥੨੧੭॥

੧੨੦–ਮੋਥਾ ਜਮਾਲਗੋਟੇ ਦੀ ਜੜ ਹਰੜ ਦੀ ਛਿੱਲ ਸੇਂਧਾਲੂਣ ਪਿਪਲਾਮੂਲ ਕੋੜ ਦੋਨੋਂ ਕੰਡਿਆਰੀਆਂ ਸੁੰਢ ਮਘ ਕਚੂਰ ਪਿਤਪਾਪੜਾ ਪਟੋਲਪੱਤ੍ਰ ਗਿਲੋਯ ਪੁਹਕਰਮੂਲ ਅਤੇ ਚਿਰੈਤਾ ਇਹ ਸਭੋ ਸਮਾਨ ਭਾਗ ਲੈ ਕੇ ਚੂਰਣ ਬਣਾ ਲਵੇ। ਇਸ ਵਿਚੋਂ ੮ ਮਾਸੇ ਗਰਮ ਜਲ ਨਾਲ ਖੁਲਾਵੇ ਤਾਂ ਸਭ ਤਰਾਂ ਦੇ ਤਾਪ ਨੇਤਕੀ ਦੂਜੇ ਦਿਨ ਤੀਜੇ ਦਿਨ ਚੌਥੇ ਦਿਨ ਪੰਜਵੇਂ ਦਿਨ ਛੇਵੇਂ ਦਿਨ ਅਤੇ ਸਤਵੇਂ ਦਿਨ ਚੜ੍ਹਨ ਵਾਲੇ ਸਭੋ ਨਾਸ ਕਰੇ। ਪੰਜੇ ਵਿਖਨ ਜੁਰ ਭੀ ਦੂਰ ਕਰੇ। ਹੋਰ ਭੀ ਅਨੇਕਾਂ ਗੁਣ ਕਰਨਹਾਰਾ ਇਹ ਚੂਰਣ ਹੈ ॥੨੧੬॥੨੧੭॥

Digitized by Panjab Digital Library | www.panjabdigilib.org

ਸਰਬ ਜ੍ਵਰ ਕੋ (ਨਿੰਮਾਦਿ ਚੂਰਨ)—ਚੌਪਈ

ਦ੍ਵਾਦਸ ਟੰਕ ਨਿੰਬ ਕੇ ਪਾਤ। ਸੁੰਠ ਪੀਪਰੀ ਮਿਰਚਾਂ ਘਾਤ।
ਹਰੜ ਬਹੇੜਾ ਧਾਤ੍ਰੀ ਛਲਾ। ਟੰਕ ਟੰਕ ਲੀਜਤ ਸਭ ਭਲਾ ॥੨੧੮॥
ਤੀਨ ਲਵਨ ਸੱਜੀ ਜਵਖਾਰ। ਟੰਕ ਦੋਇ ਦੁਇ ਲੀਜੈ ਭਾਰ।
ਚਾਰ ਟੰਕ ਅਜਵਾਇਨ ਮੇਲ। ਚੂਰਨ ਕੀਜੈ ਸਭ ਹੀ ਠੇਲ ॥੨੧੯॥
ਤਪਤ ਨੀਰ ਸੋਂ ਪ੍ਰਾਤਹਿ ਖਾਹਿ। ਨਿੱਤਯ ਦੂਸਰਾ ਜੁਰ ਮਿਟ ਜਾਇ।
ਤਿਈਯਾ ਚੌਥਾ ਸਭ ਜੁਰ ਹਰੈ। ਨੀਂਬ ਆਦਿ ਏਤੇ ਗੁਨ ਕਰੈ ॥੨੨੦॥

੧੨੧—ਨਿੰਮ ਦੇ ਪੱਤ੍ਰ ੧੨ ਟੰਕ ਅਰਥਾਤ ੪ ਤੋਲੇ, ਸੁੰਢ ਮਘ ਮਿਰਚ ਹਰੜ ਬਹੇੜਾ ਤੇ ਆਵਲੇ ਇਹ ੧-੧ ਟੰਕ ਅਰਥਾਤ ਚਾਰ ੨ ਮਾਸੇ ਤਿੰਨੇ ਲੂਣ (ਸੇਂਧਾ ਵਿੜ ਤੇ ਸੇਂਚਲ) ਸਜੀ ਜੋਂਖਾਰ ਇਹ ਦੋ ਦੋ ਟੰਕ ਅਰਥਾਤ ਅੱਠ ੨ ਮਾਸੇ ਅਰ ੧੬ ਮਾਸੇ ਅਜਵਾਇਣ ਪਾਕੇ ਕੂਟ ਛਾਣ ਚੂਰਣ ਕਰ ਲਵੇ ਫਿਰ ਗਰਮ ਜਲ ਨਾਲ ਪ੍ਰਾਤਾਕਾਲ ਦਿਆ ਕਰੇ ਤਾਂ ਨਿਤ ਦਾ ਤਾਪ ਦੂਜੇ ਦਿਨ ਦਾ ਤੇਈਆ ਚੋਥਾ ਆਦਿ ਸਭੇ ਨਾਸ ਕਰੇ ॥੨੧੮ ਤੋਂ ੨੨੦॥

ਸਰਬ ਜ੍ਵਰ ਕੋ ਰਸ—ਚੌਪਈ

ਪਾਰਾ ਇਕ ਗੰਧਕ ਦੋ ਭਾਗ। ਬਿਖ ਮਿਰਚਾਂ ਤ੍ਰਿਕ ਤ੍ਰਿਕ ਲੈ ਭਾਗ।
ਅਭਰਕ ਚਾਰ ਤੀਨ ਲੇ ਤਾਮਾਂ। ਛੜ ਲੇ ਏਕ ਭਾਗ ਅਭਿਰਾਮਾਂ॥੨੨੧॥
ਨਿੰਬੂ ਰਸ ਸੋਂ ਮਰਦਨ ਕਰੋ। ਦੋਇ ਜਾਮ ਸੋਂ ਪੀਸਨ ਧਰੋ।
ਮਧੁ ਸੰਗੈ ਦੋ ਰੱਤੀ ਖਾਇ। ਸਨਬ ਤਾਪ ਦੂਰੇ ਨਸ ਜਾਇ॥ ੨੨੨॥

੧੨੨—ਪਾਰਾ ੧ ਤੋਲਾ, ਗੰਧਕ ੨ ਤੋਲੇ, ਮਿੱਠਾ ਤੇਲੀਆ ੩ ਤੋਲੇ, ਮ੍ਰਿਚਾਂ ੩ ਤੋਲੇ, ਅਭ੍ਰਕ ੪ ਤੋਲੇ, ਤਾਂਬਾ ੩ ਤੋਲੇ ਤੇ ਛੜ ੧ ਤੋਲਾ ਲੈ ਕੇ ਨਿੰਬੂ ਦੇ ਰਸ ਨਾਲ ੨ ਪਹਿਰ ਤਕ ਖਰਲ ਕਰੇ, ਫਿਰ ਸ਼ਹਿਤ ਨਾਲ ੨ ਰਤੀਆਂ ਖੁਲਾਵੇ ਤਾਂ ਸਭ ਤਰ੍ਹਾਂ ਦੇ ਬੁਖਾਰ ਨਾਸ ਕਰੇ ਪਰੰਤੂ ਪੁਰਾਣੇ ਪੁਸਤਕ ਵਿਚ ੩-੪ ਤੁਕਾਂ ਦਾ ਪਾਠ ਇਸਤਰ੍ਹਾਂ ਹੈ "ਅਭ੍ਰਕ ਚਾਰ ਤੀਨ ਲੇ ਤਾਮਾ। ਛੜ ਲੈ ਕੇ ਏਕ ਭਾਗ ਅਭਿਰਾਮਾ ਅਸਾਂ ਇਹੋ ਪਾਠ ਮੁਖ ਸਮਝਕੇ ਅਰਥ ਕੀਤਾ ਹੈ।

ਨਿਤ ਜ੍ਵਰ ਕੋ ਜ੍ਵਰਾਂਕੁਸ਼ (ਬ੍ਰਿੰਦਾਤ)—ਚੌਪਈ

ਟੰਕ ਦਸ ਕਲੀ ਚੂਨਾ ਲਯਾਇ। ਤਾਕੇ ਸਮ ਹਰਤਾਲ ਮੰਗਾਇ।
ਰਸ ਕੁਮਾਰ ਸੌਂ ਮਰਦੋ ਸਹੀ। ਚਾਰ ਜਾਮ ਲੌਂ ਮਾਨੋ ਕਹੀ ॥੨੨੩॥
ਸੰਪੁਟ ਧਰਕੈ ਗਜਪੁਟ ਕਾਰ। ਸੀਤਲ ਕਰਕੈ ਲੇਹੁ ਨਿਕਾਰ।
ਖੰਡ ਸਾਥ ਦੋ ਰੱਤੀ ਦੇਇ। ਊਪਰ ਤਾਤਾ ਨੀਰ ਪਿਵੇਇ ॥੨੨੪॥
ਨਿੱਤ ਇਕਾਂਤਰ ਤੇਇਆ ਜਾਇ। ਚੌਥੇ ਜੁਰ ਕਾ ਨਾਮ ਨ ਥਾਇ।

Digitized by Panjab Digital Library | www.panjabdigilib.org

ਬ੍ਰਿੰਦਸਾਰ ਕੀ ਬਾਤ ਬਖਾਨੀ। ਮੇਘਬਿਨੋਦੇ ਮੇਘੇ ਆਨੀ ॥੨੨੫॥

੧੨੩-ਕਲੀ ਚੂਨਾ ੧੦ ਟੰਕ-੪੦ ਮਾਸੇ, ਇਤਨੀ ਹੀ ਵਰਕੀਆ ਹੜਤਾਲ, ਚਾਰ ਪਹਿਰ ਤਕ ਕੂਰਿ ਦੇ ਰਸ ਵਿਚ ਘੋਟੇ। ਫਿਰ ਸੰਪਟ ਵਿਚ ਬੰਦ ਕਰਕੇ ਗਜਪੁਟ ਦੇਕੇ ਭਸਮ ਕਰੇ, ਠੰਡੀ ਹੋਈ ਕੱਢਕੇ ਰਖੇ ਅਰ ਦੋ ਰਤੀਆਂ ਖੰਡ ਵਿਚ ਰੱਖ ਕੇ ਦੇਵੇ। ਉਪਰੋਂ ਤੱਤਾ ਜਲ ਧੀਵੇ ਤਾਂ ਨਿਤ ਦਾ ਤਾਪ, ਇਕਾਂਤਰ ਤੇਈਆ ਤੇ ਚੌਥਾ ਤਾਪ ਸਭੋ ਦੂਰ ਕਰੇ ॥ ੨੨੩ ॥ ੨੨੪ ॥ ੨੨੫ ॥

ਸਰਬ ਤਾਪ ਕੋ ਜੂਰੰਕੁਸ਼-ਚੌਪਈ

ਸੁੰਠ ਮਰਚ ਮਾਗਧੀ ਪਤੀਸ। ਗੰਧਕ ਪਾਰਾ ਸੁੱਧ ਸੁ ਦੀਸ।
ਬੀਜ ਧਤੂਰੇ ਪਲ ਪਲ ਆਨ। ਮੀਠਾ ਸੋਧੀ ਪੈਸਾ ਠਾਨ ॥੨੨੬॥
ਅਦਰਕ ਰਸ ਸੋ ਗੋਲੀ ਕਰੋ। ਮਰਚਾ ਭਾਰ ਸੁਕਾਈ ਧਰੋ।
ਅਦਰਕ ਰਸ ਸੌਂ ਬਾਦੀ ਜਾਇ। ਬੁਜੀ ਏਲਾ ਸੌਂ ਪਿਤ ਦਾਇ ॥੨੨੭॥
ਅਥਵਾ ਪਿਤੈ ਸੰਗ ਪਤਾਸੈ। ਪਾਨ ਸੰਗ ਕਫ ਤਾਪ ਬਿਨਾਸੈ।
ਮਘਾ ਸਿਤਾ ਸੰਗ ਭੂਖ ਲਗਾਇ। ਹਰੜੈ ਸੇਤੀ ਆਪਚ ਜਾਇ ॥੨੨੮॥

੧੨੪-ਸੁੰਢ, ਮ੍ਰਿਚ ਮਘ, ਪਤੀਸ, ਆਵਲੇ ਸਾਰ ਗੰਧਕ, ਪਾਰਾ ਇਹ ਦੋਨੋਂ ਸੁਧ ਕੀਤੇ ਅਤੇ ਧਤੂਰੇ ਦੇ ਬੀਗ ਇਹ ਸਭ ਚਾਰ ੨ ਤੋਲੇ ਲਵੇ। ਸੁਧ ਮਿਠਾ ਤ੍ਰੇਲੀਆ ਪੈਸਾ ਭਰ ਪਾ ਕੇ ਅਦ੍ਰਕ ਦੇ ਰਸ ਵਿਚ ਘੋਟ ਕੇ ਪ੍ਰਮਾਣ ਗੋਲ਼ੀ ਬੰਨ੍ਹ ਕੇ ਸੁਕਾ ਰਖੇ ਅਦ੍ਰਕ ਰਸ ਨਾਲ ਇਕ ਦੇਵੇ ਤਾਂ ਬਾਦੀ ਦਾ, ਬੁਜੀ ਇਲਾਚੀ ਨਾਲ ਦੇਵੇ ਤਾਂ ਪਿਤ ਦਾ ਅਥਵਾ ਪਿਤ ਤਾਪ ਵਾਲੇ ਨੂੰ ਪਤਾਸੇ ਨਾਲ, ਕਫ ਦੇ ਤਾਪ ਨੂੰ ਪਾਨ ਵਿਚ ਦੇਵੇ ਤਾਂ ਨਾਸ ਕਰੇ। ਜੇ ਕਦੇ ਮਘ ਮਿਸਰੀ ਨਾਲ ਦੇਵੇ ਤਾਂ ਭੁਖ ਲਗਾਵੇ। ਹਰੜ ਨਾਲ ਇਸ ਰਸ ਨੂੰ ਖੁਲਾਵੇ ਤਾਂ ਅਪਚੀ ਦੂਰ ਕਰੇ ॥ ੨੨੬ ॥ ੨੨੭ ॥ ੨੨੮ ॥

ਪੁਨਾ-ਸਰਬ ਤਾਪ ਕੋ ਜੁਰੰਕਸ਼-ਚੌਪਈ

ਇਕ ਸਿਰਸਾਹੀ ਮਨਸਿਲ ਪਾਇ। ਤਾਤੇ ਦੂਨਾ ਚੂਨਾ ਥਾਇ।
ਨੀਲਾਥੋਥਾ ਟੰਕ ਦੁ ਜਾਨ। ਜਲ ਸੋ ਪੀਸੀ ਟੀਕੀ ਬਾਨ ॥੨੨੯॥
ਹਾਂਡੀ ਧਰ ਮੁੱਦ੍ਰਾ ਮੁਖ ਦਾਇ। ਚਾਰ ਘੜੀ ਪਾਵਕ ਜਾਲਾਇ।
ਪਿਛੇ ਉਤਾਰੀ ਰੱਤੀ ਦੋਇ। ਤੀਨ ਕਸੀਰਾ ਖੰਡ ਸੁ ਹੋਇ ॥੨੩੦॥
ਪ੍ਰਾਤ ਸਮੈ ਲੈ ਜਲ ਕੈ ਸੰਗ। ਤੰਦੁਲ ਪਯ ਪਥ ਜੁਰ ਭੰਗ।
ਰੁੱਦ੍ਰ ਮੁਨੀ ਨੇ ਭਾਖਯਾ ਏਹ। ਅਪਨੇ ਸੁਤ ਕੇ ਕਾਰਨ ਤੇਹ ॥੨੩੧॥

੧੨੫ ਮਨਸਿਲ ੨। ਤੋਲੇ. ਚੂਨਾ ਕਲੀ ੪॥ ਤੋਲੇ ਨੀਲਾ ਥੋਥਾ ੮ ਮਾਸੇ ਪਾ ਕੇ ਜਲ ਨਾਲ ਖਰਲ ਕਰਕੇ ਟਿਕੀ ਬਣਾਵੇ। ਟਿਕੀ ਹਾਂਡੀ ਵਿਚ ਮੂੰਹ ਚੰਗੀ ਤਰ੍ਹਾਂ ਲਿਪੇ, ਚੁਲ੍ਹੇ ਤੇ ਚਾੜ੍ਹ ਕੇ ੪ ਪਹਿਰ ਹੇਠਾਂ ਅੱਗ ਜਲਾਵੇ। ਪਿਛੋਂ ਉਤਾਰ ਕੇ ਰੱਖ ਛਡੇ। ਫਿਰ ਇਸ ਵਿਚੋਂ ੨ ਰਤੀਆਂ ਇਕ ਤੋਲਾ ਖੰਡ ਵਿਚ ਰਖਕੇ ਪ੍ਰਾਤਾਕਾਲ ਜਲ ਨਾਲ ਨਿਗਲਾਵੇ। ਦੁਧ ਚਾਵਲ ਦਾ ਪਥ ਖਾਣ ਨੂੰ ਦੇਵੇ ਤਾਂ ਸਭ ਤਰ੍ਹਾਂ

Digitized by Panjab Digital Library | www.panjabdigilib.org

ਦਾ ਤਾਪ ਨਾਸ਼ ਕਰੇ। ਇਹ ਰੁਦ੍ਰ ਮੁਨੀ ਨੇ ਆਪਣੇ ਪੁਤ੍ਰ ਵਾਸਤੇ ਪ੍ਰਯੋਗ ਕਿਹਾ ਹੋਯਾ ਹੈ ॥ ੨੨੯ ॥ ੨੩੦ ॥ ੨੩੧ ॥

ਕਾਲਾ ਰਸ ਸੀਤਜ੍ਵਰ ਕੋ (ਰਸ ਚਿੰਤਾਮਣਿਯਾਤ)—ਚੌਪਈ

ਇਕ ਪਾਰਾ ਗੰਧਕ ਦੋ ਭਾਗੁ। ਪੀਪਰ ਮੀਠਾ ਲੌਂਗ ਸੁਹਾਗ।
ਜਾਤੀਫਲ ਜਾਵੱਤ੍ਰੀ ਪਾਇ। ਮਿਰਚਾਂ ਧੂਰਤ ਬੀਜ ਮੰਗਾਇ ॥੨੩੨॥
ਗੰਧਕ ਸਮ ਕਾ ਵਜਨ ਕਰਾਇ। ਅਦ੍ਰਕ ਰਸ ਸੋਂ ਖਰਲ ਠਵਾਇ।
ਤੀਨ ਦਿਵਸ ਲੌ ਮਰਦੋ ਖਰੀ। ਕਾਲਾ ਰਸ ਲੈ ਬਿੱਲੈ ਧਰੀ ॥੨੩੩॥
ਪਾਨੋ ਅਦਰਕ ਰਸ ਸੋ ਖਾਇ। ਸੀਤ ਤਾਪ ਮੂਰਛਾ ਮਿਟ ਜਾਇ।
ਬਾਤ ਸਰਬ ਕਾ ਕਰਤਾ ਨਾਸ। ਰਸ ਚਿੰਤਾਮਨਿ ਕਹਯੋ ਬਿਲਾਸ॥੨੩੪॥

੧੨੬– ਪਾਰਾ ੧ ਭਾਗ, ਗੰਧਕ ੨ ਭਾਗ ਅਰ ਮਘ, ਮਿਠਾ ਤੇਲੀਆ, ਲੌਂਗ ਸੁਹਾਗਾ, ਜਾਫਲ ਜਵੈਣ, ਮ੍ਰਿਚਾਂ ਤੇ ਧਤੂਰੇ ਦੇ ਬੀਜ ਇਸ ਸਭ ਗੰਧਕ ਦੇ ਸਮਾਨ ਅਰਥਾਤ ਦੋ ਦੋ ਭਾਗ ਲਵੇ। ਫਿਰ ਅਦ੍ਰਕ ਦੇ ਰਸ ਨਾਲ ੩ ਦਿਨ ਤਕ ਖ੍ਰਲ ਕਰੇ। ਇਸ ਤਰ੍ਹਾਂ ਕਾਲਾ ਰਸ ਤਿਆਰ ਹੋ ਜਾਵੇ, ਇਸਨੂੰ ਬਿਲ ਵਿਚ ਪਾ ਰਖੇ। ਇਸ ਨੂੰ ਫਿਰ ਪਾਨ ਯਾ ਅਦ੍ਰਕ ਦੇ ਰਸ ਨਾਲ ਖਾਵੇ ਤਾਂ ਸੀਤ ਤਾਪ, ਮੂਰਛਾ ਅਤੇ ਸਭ ਤਰ੍ਹਾਂ ਦੀ ਬਾਤ ਨੂੰ ਨਾਸ਼ ਕਰੇ ॥੨੩੨॥੨੩੩॥੨੩੪॥

ਜ੍ਵਰੰਕੁਸ (ਰਸਰਤਨਾਕਰਾਤ)—ਚੌਪਈ

ਸੁੱਧ ਸੂਧ ਗੰਧਕ ਬਿਖ ਜਾਨ। ਤੀਨੋ ਸਮ ਧੂਰਤ ਬੀਜਾਨ।
ਤ੍ਰਿਕੁਟਾ ਲੈ ਚਾਰੋਂ ਤੇ ਦੂਨਾ। ਅਦਰਕ ਰਸ ਸੋਂ ਖਰਲ ਠਵੂਨਾ ॥੨੩੫॥
ਗੁੰਜਾ ਜੁਗ ਅਦ੍ਰਕ ਰਸ ਘਾਲ। ਰੋਗੀ ਕੋ ਤੁਰਤ ਪਿਯਾਲ।
ਸਰਬ ਤਾਪ ਕਾ ਕਰਤਾ ਨਾਸ। ਰਸਰਤਨਾਕਰ ਭਾਖਯੋ ਖਾਸ ॥੨੩੬॥

੧੨੭–ਸੁਧ ਪਾਰਾ, ਸੁਧਗੰਧਕ, ਸੁਧ ਮਿਠਾ ਤੇਲੀਆ, ਤੇਹਾਂ ਦੇ ਸਮਾਨ ਧਤੂਰੇ ਦੇ ਬੀਜ, ਮਘ, ਮਿਰਚ, ਸੁੰਢ. ਚੌਹਾਂ ਨਾਲੋਂ ਦੂਣੇ ਫਿਰ ਅਦ੍ਰਕ ਦਾ ਰਸ ਪਾ ਕੇ ਖਰਲ ਕਰੇ, ਰੋਗੀ ਨੂੰ ੨ ਰਤੀਆਂ ਅਦ੍ਰਕ ਦੇ ਰਸ ਵਿਚ ਪਾ ਕੇ ਦੇ ਦੇਵੇ ਤਾਂ ਸਭ ਪ੍ਰਕਾਰ ਦੇ ਤਾਪ ਨਾਸ ਕਰੇ ॥੨੩੫॥੨੩੬॥

ਵਿਖਮ ਜ੍ਵਰ ਕੋ ਵਿਸ੍ਵ ਤਾਪ ਹਰਣਰਸ(ਵੈਦਜੀਵਨਾਤ)—ਚੌਪਈ

ਅਰਕ ਭਸਮ ਬਿਖ ਦੰਤੀ ਬੀਜ। ਪਾਰਾ ਗੰਧਕ ਤ੍ਰਿਵਤਾ ਲੀਜ।
ਕਤ੍ਰੂ ਕਣਾ ਪੱਥਯਾ ਤਿੰਤੜੀਕ। ਵਜਨ ਬਰਾਬਰ ਸਭਕਰ ਠੀਕ॥੨੩੭॥
ਧੂਰਤ ਰਸ ਮੋਂ ਮਰਦਨ ਕਰੋ। ਬੱਲ ਏਕ ਦੋਇ ਖਾਵਨ ਧਰੇ।
ਅਦਰਕ ਰਸ ਸੋਂ ਖਾਵੈ ਜੋਇ। ਮੂੰਗ ਭਾਤ ਕਾ ਪੱਥ ਸੁ ਹੋਇ ॥੨੩੮॥
ਬਿਖਮ ਤਾਪ ਸਾਰੇ ਮਿਟ ਜਾਇ। ਔਰ ਤਾਪ ਕਾ ਨਾਂਮ ਨ ਥਾਇ।

Digitized by Panjab Digital Library | www.panjabdigilib.org

ਬਿਖਮ ਤਾਪ ਮੈਂ ਹੋਇ ਉਪੱਦ੍ਰਵ ਤਾਕੀ ਔਖਧ ਕਰੇ ਨ ਅੱਜ੍ਰਵਿ॥੨੩੯॥

੧੨੮–ਮਾਰਿਆ ਤਾਂਬਾ, ਮਿੱਠਾ ਤੇਲੀਆ, ਜੈਪਾਲ, ਪਾਰਾ, ਗੰਧਕ, ਤ੍ਰਿਵੀ, ਕੜ੍ਹ, ਮਘ, ਹਰੜ ਤੇ ਇੰਮਲੀ ਸਭੋ ਇਕ ਸਮਾਨ ਧੂਤਰੇ ਦੇ ਪੱਤ੍ਰਾਂ ਦੇ ਰਸ ਨਾਲ ਖਰਲ ਕਰੇ, ਦੋ ਰਤੀਆਂ ਅਦ੍ਰਕ ਦੇ ਰਸ ਨਾਲ ਰੋਗੀ ਨੂੰ ਦੇਵੇ, ਮੂੰਗੀ ਦੀ ਦਾਲ ਤੇ ਚਾਵਲਾਂ ਦਾ ਪਥ ਕਰੇ, ਤਾਂ ਵਿਖਮ ਤਾਪ ਹੋਰ ਸਭੋ ਤਾਪ ਨਾਸ ਹੁੰਦੇ ਹਨ, ਪ੍ਰੰਤੂ ਵਿਖਮ ਤਾਪ ਵਿਚ ਉਪਦ੍ਰਵ ਉਠ ਪੈਣ ਤਾਂ ਅਸਾਧਜ ਹੈ, ਦਵਾਈ ਛਡ ਦੇਵੇ ॥ ੨੩੭ ॥ ੨੩੮ ॥ ੨੩੯ ॥

ਵਿਖਮ ਜ੍ਵਰ ਪੰਜ ਉਪਦ੍ਰਵ–ਚੌਪਈ

ਸ੍ਵਾਸ ਮੂਰਛਾ ਅਰੁ ਅਤਿਸਾਰ। ਮੂਤ੍ਰ ਕ੍ਰਿਛ ਬਿਨ ਚੇਤਨ ਧਾਰ।
ਪਾਂਚ ਉਪਦ੍ਰਵ ਬਿਖਮੀ ਤਾਪ। ਤਾਕੋ ਹਾਥ ਨ ਪਾਵੇ ਆਪ ॥੨੪੦॥

ਸ੍ਵਾਸ, ਮੂਰਛਾ, ਅਤੀਸਾਰ, ਮੂਤ੍ਰਕ੍ਰਿਛ ਅਤੇ ਹੋਸ਼ ਬਿਨਾ ਹੋਵੇ, ਇਹ ਪੰਜ ਵਿਖਮ ਤਾਪ ਦੇ ਉਪਦ੍ਰਵ ਹਨ। ਜਿਸ ਵਿਖੇ ਹੋਣ ਹਥ ਨਾਂ ਪਾਵੇ ॥ ੨੪੦ ॥

ਰੋਗੀ ਦੀ ਸਿਹਜਾ ਗੁਣ (ਗੁਣਰਤਨਮਾਲਾਤ)–ਚੌਪਈ

ਪੂਰਬ ਸਿਰ ਤੈ ਔਖਾ ਬਧੈ। ਦੱਛਨ ਤੈ ਸੁਖ ਸ਼ੰਪਤ ਸਧੈ।
ਪਸਚਮ ਤੇ ਦੁਖ ਚਿੰਤਾ ਜਾਨ। ਉੱਤਰ ਸੀਸੈ ਭੈ ਮ੍ਰਿਤੁ ਠਾਨ ॥੨੪੧॥

ਪੂਰਬ ਨੂੰ ਸਿਰ ਹੋਵੇ ਤਾਂ ਆਯੂ ਵਧੇ, ਦੱਖਣ ਵਲ ਹੋਵੇ ਤਾਂ ਸੁਖ ਸੰਪਦਾ ਵਧੇ। ਪੱਛਮ ਵੱਲ ਹੋਵੇ ਤਾਂ ਦੁਖ ਚਿੰਤਾ ਪੈਦਾ ਕਰੇ। ਜੇਕਰ ਉਤ੍ਰ ਦਿਸ਼ਾ ਵੱਲ ਸਿਰ ਹੋਵੇ ਤਾਂ ਮੌਤ ਨਿਸ਼ਾਨੀ ਹੈ ॥ ੨੪੧ ॥

ਸੀਤ ਪਾਣੀ ਗੁਣ– ਚੌਪਈ

ਦਾਹ ਪਿੱਤ ਮੂਰਛਾ ਬਮਿ ਤਮਕ। ਰੋਗ ਮਦਾਤਯ ਬਿਖ ਭ੍ਰਮੁ ਕ੍ਰਿਮਕ।
ਰੁਧਰ ਰੋਗ ਇਨਕੈ ਹਿਤਜਾਨ। ਪਾਨੀ ਸੀਤ ਤਨਾ ਗੁਨਮਾਨ ॥੨੪੨॥

੧੨੯–ਦਾਹ, ਪਿੱਤ, ਮੂਰਛਾ, ਕੈ, ਤਮਕਸ੍ਵਾਸ, ਮਦਾਤਯਾਯ, ਵਿਖ ਰੋਗ, ਭ੍ਰਮ ਕ੍ਰਿਮਿ ਤੇ ਰੁਧਰ ਵਿਕਾਰ, ਇਤਨੇ ਰੋਗਾਂ ਪਰ ਠੰਢਾ ਪਾਣੀ ਪਿਲਾਉਣਾ ਗੁਣਕਾਰ ਹੈ ॥ ੨੪੨ ॥

ਉਸਨ (ਗਰਮ) ਜਲ ਗੁਣ

ਪਾਰਸ ਸੂਲ ਪ੍ਰਤੀਸਯਾ ਬਾਤ। ਕਫੈ ਜੁਗਲ ਗ੍ਰਹ ਰੇਚਨ ਸਾਤ।
ਪੇਟ ਅਫਾਰਾ ਨੌਤਨ ਜੁਰੀ। ਤਪਤ ਨੀਰ ਇਨਕੋ ਗੁਨਕਰੀ ॥੨੪੩॥

੧੩੦–ਪਸੂਲੀ ਦਾ ਸੂਲ (ਜਾਤੁਲਜੰਬ) ਰੇਸ਼ਾ, ਬਾਤ ਰੋਗ ਕਫਰੋਗ, ਗਲ ਦਾ ਰੁਕਾਉ, ਜੁਲਾਬ ਲਏ ਪਰ, ਪੇਟ ਦੇ ਅਫਾਰੇ ਅਤੇ ਨਏ ਤਾਪ ਨੂੰ ਗਰਮ ਪਾਣੀ ਦੇਣਾ ਗੁਣਕਾਰ ਹੈ ॥ ੨੪੩ ॥

ਮੰਦੇ ਪਾਣੀ ਗੁਣ

ਮੁਖ ਪਰ ਸੇਕ ਅਰੋਚਕ ਜਾਨ। ਪਤੀਸਯਾਇ ਮੰਦਾਗਨਿ ਠਾਨ।
ਸੋਥ ਤਾਪ ਨੇਤ੍ਰਹਿ ਦੁਖ ਕਹਯੋ। ਮੰਦ ਉਸਨ ਏਤੇ ਗੁਨ ਲਹਯੋ ॥੨੪੪॥

Digitized by Panjab Digital Library | www.panjabdigilib.org

੧੩੧-ਮੁਖ਼ ਪਰੇਸਕ-ਲਾਲਾਂ ਬਹਾਨੇ ਪਰ, ਅਰੁਚੀ, ਰੇਸੇ ਮੰਦਾਗਠੀ, ਸੋਜ, ਤਾਪ ਤੇ ਨੇਤ੍ਰਾਂ ਦੇ ਦੂਖਣੇ ਵਾਲੇ ਇਤਨਿਆਂ ਨੂੰ ਥੋੜ੍ਹਾ ਗਰਮ ਪਾਣੀ ਦੇਣਾ ਗੁਣਕਾਰ ਹੈ ॥ ੨੪੪ ॥

ਅਤੀਉਸ਼ਨ (ਬਹੁਤ ਗਰਮ) ਜਲ ਗੁਣ-ਚੌਪਈ

ਕਫੈ ਅਜੀਰਨ ਪਵਨ ਨਸਾਇ। ਰਾਤ ਸਮੇਂ ਜੋ ਜਲ ਪੀਵਾਇ।
ਫੇਣ ਰਹਤ ਜਲ ਸੁੱਧ ਸੁਜਾਣ। ਰੋਗ ਦੇਖਕੇ ਦੀਜੇ ਪਾਨ ॥੨੪੫॥
ਪਾਦਹੀਨ ਜਲ ਬਾਤ ਨਸਾਇ। ਅਰਧ ਹੀਨ ਪਿਤੈ ਦੁਖ ਜਾਇ।
ਪਾਦ ਸੇਖ ਕਫ ਨਾਸੈ ਸਹੀ। ਪਾਨੀ ਕੀ ਬਿਧ ਆਛੀ ਕਹੀ ॥੨੪੬॥
ਦਿਨ ਕਾ ਕੀਤਾ ਦਿਨ ਹੀ ਪੀਯ। ਰਾਤ੍ਰੀ ਕੋ ਕਰ ਰਾਤ੍ਰੀ ਦੀਜ।
ਦਿਨ ਕਾ ਰਾਤੀ ਰਾਤ ਦਿਵਾਇ। ਦੇਵੈ ਤੌ ਅਤਿ ਰੋਗ ਬਢਾਇ ॥੨੪੭॥

੧੩੨ ਕਫ, ਅਜੀਰਣ ਤੇ ਵਾਯੂ ਰੋਗ ਦੇ ਨਾਸ ਨੂੰ ਬਹੁਤਾ ਤੱਤਾਂ ਪਾਣੀ ਰਾਤ ਨੂੰ ਪੀਣਾ ਗੁਣਕਾਰ ਕਿਹਾ ਹੈ। ਝਗ ਰਹਿਤ ਪਾਣੀ ਸੁਧ ਸਮਝੋ ਪਰੰਤੂ ਰੋਗ ਸਮਝਕੇ ਪੀਣ ਨੂੰ ਦੇਣਾ ਇਹ ਵੈਦਯ ਦਾ ਕੰਮ ਹੈ ਸੜਕੇ ਚੌਥਾ ਹਿੱਸਾ ਰਿਹਾ ਜਲ ਬਾਤ ਨੂੰ, ਅੱਧਾ ਰਿਹਾ ਪਿੱਤ ਨੂੰ ਤੇ ਤਿਹਾਈ ਰਿਹਾ ਕਫ ਨੂੰ ਗੁਣਕਾਰ ਹੁੰਦਾ ਹੈ। ਇਸਤਰ੍ਹਾਂ ਜਾਨ ਲਵੇ। ਦਿਨ ਦਾ ਕੀਤਾ ਗਰਮ ਜਲ ਦਿਨ ਨੂੰ ਅਤੇ ਰਾਤ ਦਾ ਗਰਮ ਕੀਤਾ ਰਾਤ ਨੂੰ ਦੇਵੇ ਤਾਂ ਹੀ ਅੱਛਾ ਹੈ। ਜੇ ਕਦੇ ਦਿਨ ਦਾ ਤੱਤਾ ਜ਼ਲ ਰਾਤ ਨੂੰ ਤੇ ਰਾਤ ਦਾ ਦਿਨ ਨੂੰ ਦੇਵੇ ਤਾਂ ਰੋਗ ਵਧੇਂਦਾ ਹੈ ॥ ੨੪੫ ॥ ੨੪੬ ॥ ੨੪੭ ॥

ਉਸਨ ਸੀਤ ਪਾਣੀ ਗੁਣ-ਚੌਪਈ

ਬਾਤ ਪਿੱਤ ਕਫ ਛਰਦ ਪਿਪਾਸ। ਧਾਤ ਛੀਨ ਅਤਿਸਾਰੇ ਸ੍ਵਾਸ।
ਪਿੱਤ ਤਾਪ ਅਰੁ ਸੰਨ ਜੁ ਪਾਤ। ਉਸਨਸੀਤ ਏ ਗੁਨ ਬਿਖਯਾਤ।੨੪੮।
ਅਧਕ ਤਪਤ ਪਾਨੀ ਕੋ ਲੇਇ। ਤੀਨ ਦੋਖ ਜੁਰ ਦੂਰ ਕਰੇਇ।
ਅਲਪ ਅਲਪ ਦੀਜੈ ਸੌ ਬਾਰ। ਸੇਕ ਬਾਰ ਬਹੁ ਦੇਇ ਬਿਕਾਰ ॥੨੪੯॥
ਪ੍ਰਾਨੀ ਕਾ ਏ ਜੀਵਨ ਪਾਨੀ। ਯਾਂਹੀ ਕੀ ਉਤਪਤਿ ਸਭ ਜਾਨੀ।
ਹਰਿਕਾ ਰੂਪ ਜੁ ਹਰਿ ਹੀ ਜਾਨੋ।ਮੀਤਮਿਲਤ ਤਨ ਸਭ ਦੁਖ ਭਾਨੋ।੨੫੦
ਜਲ ਬਿਨੁ ਅੰਨ ਪਚੈ ਨਹੀਂ ਜਾਨ। ਪਾਨੀ ਬਿਨ ਨਹੀਂ ਜੋਤ ਸੁ ਮਾਨ।
ਅੰਨ ਪਚਾਵੈ ਬੁਧਿ ਭਾ ਕਰੈ। ਔਰ ਅਨੇਕ ਤਨੋਂ ਦੁਖ ਹਰੈ ॥੨੫੧॥
ਪਹਰ ਆਧ ਤਾਤਾ ਜਲ ਪਚੈ। ਏਕ ਜਾਮ ਸੀਤਲ ਜਲ ਖਚੈ।
ਪੀਵਨ ਕ੍ਵਾਥੈ ਕੂਪ ਸੁ ਨੀਰ। ਜਹਾਂ ਤਹਾ ਤਾਜਾ ਜਲ ਭੀਰ ॥੨੫੨॥
ਸੂਰਜ ਅਗਨਿ ਪਖਾਨ ਜੁ ਲੋਹ। ਸੋਨਾ ਰੁਪਾ ਮਾਟੀ ਸੋਇ।

Digitized by Panjab Digital Library | www.panjabdigilib.org

ਤਪਤ ਕਰੀ ਜਲ ਮਾਹਿ ਬੁਝਾਇ। ਪੱਥ ਰਹਤ ਸਭ ਰੋਗ ਗਵਾਇ॥੨੫੩॥
ਘ੍ਰਿਤ ਪਾਨੀ ਪਾਕ ਬਯੰਜਨ ਤੇਲ। ਕਾਢਾ ਔਰ ਬਸਤ ਸਭ ਮੇਲ।
ਉਸਨ ਸੀਤ ਪੁਨ ਤਪਤ ਕਰਾਇ ਬਿਖਕੇ ਗੁਨਸਭ ਤਿਸ ਮੈ ਥਾਇ॥੨੫੪॥

੧੩੩–ਬਾਤ, ਪਿਤ, ਕਫ, ਕੈ ਪਿਆਸ, ਧਾਤੂਖੀਣ, ਅਤੀਸਾਰ, ਦਮਾ, ਪਿਤ, ਤਾਪ ਤੇ ਸੰਨਿਪਾਤ ਏਤਨਿਆਂ ਰੋਗਾਂ ਉਤੇ ਗਰਮ ਕਰਕੇ ਠੰਢਾ ਕੀਤਾ ਹੋਯਾ ਪਾਣੀ ਗੁਣਕਾਰ ਹੈ। ਬਹੁਤ ਤਤਾ ਪਾਣੀ ਤ੍ਰਿਦੋਖ ਦੇ ਤਾਪ ਨੂੰ ਥੋੜਾ ੨ ਬਹੁਤ ਵਾਰ ਦੇਣਾ ਉਤਮ ਹੈ। ਇਕ ਵਾਰ ਬਹੁਤ ਦੇਣਾ ਬੁਰਾ ਹੈ ਪ੍ਰਾਣੀ ਦੇ ਜੀਵਨ ਦਾ ਸਹਾਰਾ ਪਾਣੀ ਹੈ। ਇਸੇ ਜਲ ਤੋਂ ਸਭ ਦੀ ਉਤਪਤੀ ਹੁੰਦੀ ਹੈ। ਪ੍ਰਮਾਤਮਾ ਦਾ ਰੂਪ ਹੀ ਹੈ। ਇਹ ਜਲ ਇਕ ਮਿਤ੍ਰ ਸਮਾਨ ਹੈ, ਮਿਲਣੇ ਤੇ ਸਭ ਦੁਖ ਨਾਸ ਕਰਦਾ ਹੈ। ਜਲ ਬਿਨਾ ਅੰਨ ਨਹੀਂ ਪਚਦਾ। ਜਲ ਬਿਨਾਂ ਸਰੀਰ ਦੀ ਕ੍ਰਾਂਤੀ ਨਹੀਂ ਰਹਿੰਦੀ। ਜਲ ਅੰਨ ਨੂੰ ਪਚਾਵੇ ਬੁਧੀ ਨੂੰ ਵਧਾਵੇ ਅਰ ਹੋਰ ਭੀ ਅਨੇਕਾਂ ਦੁਖਾਂ ਨੂੰ ਦੂਰ ਕਰਨੇਹਾਰਾ ਹੈ। ਚਾਰ ਘੜੀਆਂ ਤਕ ਤਤਾ ਪਾਣੀ ੮ ਘੜੀਆਂ ਤਕ ਠੰਢਾ ਪਾਣੀ ਪਚਦਾ ਹੈ। ਪੀਣ ਵਾਸਤੇ ਮਿਟੀ ਦੇ ਟੁਕੜੇ ਤਤੇ ਕਰਕੇ ਇਹਨਾਂ ਨੂੰ ਜਲ ਵਿਚ ਬੁਝਾਵੇ, ਇਹ ਫਿਰ ਜਲ ਪਥ ਰੂਪ ਸਭ ਰੋਗਾਂ ਨੂੰ ਦੂਰ ਕਾਰਨਹਾਰਾਂ ਕਿਹਾ ਹੈ। ਸੋ ਦੇਖ ਕੇ ਜਰੂਰਤ ਵੇਲੇ ਐਸਾ ਦੇਵੇ। ਇਸ ਤਰ੍ਹਾਂ ਘੋਉ ਜਲ ਪਾਕ (ਪਿੰਨੀਆਂ ਆਦਿ) ਭੋਜਨ, ਤੇਲ, ਕਾੜ੍ਹਾ ਹੋਰ ਭੀ ਕੋਈ ਖਾਣ ਵਾਲੀ ਚੀਜ਼, ਗਰਮ ਕੀਤੀ ਹੋਈ, ਠੰਢੀ ਹੋਵੇ, ਫੇਰ ਉਸ ਨੂੰ ਤੱਤੀ ਕਰਕੇ ਖਾਵੇ ਤਾਂ ਉਸ ਵਿਚ ਜ਼ਹਿਰ ਸਮਾਨ ਔਗੁਣ ਹੋ ਜਾਂਦਾ ਹੈ, ਇਸ ਤੇ ਦੂਸਰੀ ਬਾਰ ਤਤੀ ਕਰਕੇ ਕੋਈ ਚੀਜ਼ ਨਾ ਖਾਵੇ ॥ ੨੪੮ ਤੋਂ ॥੨੫੪ ॥

ਅਥ ਕ੍ਵਾਥ ਕਲਪਨਾ–ਚੌਪਈ

ਜਲ ਖੋੜਸ ਗੁਣ ਦ੍ਰਵਹਿ ਦੇਇ। ਕਾਢੀ ਪੈਸੇ ਚਾਰ ਰਖੇਇ।
ਚੌਥਾ ਅਠਮਾ ਖੋੜਸ ਅੰਸ। ਸਿਤਾ ਸਿਹਤ ਵਾ ਪਾਵੇ ਤੰਸ ॥੨੫੫॥
ਜੀਰਾ ਗੁਗਲ ਲੂਨ ਜੁ ਹਿੰਗ। ਸਿਲਾਜੀਤ ਤ੍ਰਿਕੁਟਾ ਲੈ ਅੰਗ।
ਜਵਾਖਾਰ ਏ ਟੰਕ ਪ੍ਰਮਾਨ। ਮੇਲੋ ਕਾੜੇ ਮਾਹਿ ਸੁ ਆਨ ॥੨੫੬॥
ਤੇਲ ਸੁ ਘੀਉ ਮੂਤ੍ਰ ਗੁੜ ਖੀਰ। ਔਰ ਦ੍ਰਬਯ ਭਿੰਨ ਕਰਖੈ ਭੀਰ।
ਬਾਤ ਪਿੱਤ ਕਫ ਰੋਗ ਨਸਾਇ। ਪੰਡਿਤ ਬੈਦ ਜੁ ਦੇਵੈ ਆਇ ॥੨੫੭॥
ਨਮੇਂ ਤਾਪ ਮੈ ਦੇਹੁ ਨ ਏਹ। ਕਾਢਾ ਸੋਧਨ ਬਮਨ ਜੁ ਤੇਹ।
ਜੇ ਦੇਵੈ ਬਲ ਘਟਤਾ ਜਾਇ। ਬਿਖਮ ਤਾਪ ਵਾ ਨਰ ਮਰਜਾਇ॥੨੫੮॥
ਮੈਥੁਨ ਭੋਜਨ ਪੂਰਬ ਬਾਤ। ਦਿਨ ਕਾ ਸੋਨਾ ਸ੍ਰਮ ਬਹੁ ਬਾਤ।
ਸਨਾਨ ਕ੍ਵਾਥ ਅਰੁ ਕ੍ਰੋਧ ਅਭਯੰਗ। ਨਮੇ ਤਾਪ ਮੈ ਬਰਜੋ ਸੰਗ॥੨੫੯॥

੧੩੪–ਕਾੜ੍ਹੇ ਵਿਖੇ ਜਲ ਚੀਜ਼ਾਂ ਨਾਲੋਂ ਸੋਲਵਾਂ ਹਿਸਾ ਪਾਵੇ। ਕੜ੍ਹਕੇ ਬਾਕੀ ੪ ਪੈਸੇ ਪ੍ਰਮਾਣ ਰਿਹਾ ਲਵੇ, ਉਸ ਵਿਚ ਵਾ ਕਹੀਏ ਵਿਕਲ ਕਰਕੇ ਮਿਸਰੀ ਤੇ ਸ਼ਹਤ ਪਾਵੇ, ਸੋ–ਬਾਤ ਮੈਂ ਚੌਥੀ ਅੰਸ ਪਿਤ ਵਿਖੇ ਅੱਠਵੀਂ ਅੰਸ ਅਤੇ ਕਫ ਵਿਖੇ ਸੋਲਵੀਂ ਅੰਸ ਮਿਸਰੀ ਪਾਵੇ। ਇਸੇ ਪ੍ਰਕਾਰ ਬਾਤ ਵਿਖੇ,

Digitized by Panjab Digital Library | www.panjabdigilib.org

ਸੋਲਵਾਂ ਹਿਸਾ, ਪਿਤ ਵਿਖੇ ਅਠਵਾਂ ਹਿਸਾ, ਅਤੇ ਕਫ ਵਿਖੇ ਚੌਥਾ ਹਿਸਾ, ਸ਼ਹਤ ਪਾਵੇ। ਜਿਸ ਦੀ ਪ੍ਰਧਾਨਤਾ ਦੇਖੇ ਵੈਸਾ ਅੰਸ ਮਿਸਰੀ ਤੇ ਸ਼ਹਤ ਪਾਵੇ। ਜੀਰਾ, ਗੁਗਲ, ਲੂਣ, ਹਿੰਗ, ਸਿਲਾਜੀਤ, ਤ੍ਰਿਕੁਟਾ ਤੇ ਜੌਂਖਾਰ, ਇਹ ਕਾੜ੍ਹੇ ਵਿਚ ਪੌਣੇ ਹੋਣ ਤਾਂ ੧ ਟੰਕ ਅਰਥਾਤ ੪ ਮਾਸੇ ਪਾਵੇ। ਇਸੇ ਤਰ੍ਹਾਂ ਤੇਲ ਘਿਓ, ਮੂਤ੍ਰ, ਗੁੜ ਤੇ ਦੁਧ ਹੋਰ ਪਤਲੇ ਪਦਾਰਥ ਕਲਕ ਚੂਰਣਾਦਿ ੧ ਤੋਲੇ ਪਮਾਣ ਪਾਵੇ। ਇਸ ਵਿਧੀ ਨਾਲ ਬਾਤ, ਪਿਤ ਤੇ ਕਫ ਦੇ ਰੋਗਾਂ ਨੂੰ ਨਾਸ ਕਰਦੇ ਪੰਡਿਤ ਵੈਦ ਜਨ ਆਖਦੇ ਹਨ। ਪਰੰਤੂ ਨਏ ਤਾਪ ਵਿਚ ਕਾੜ੍ਹਾ, ਜੁਲਾਬ ਤੇ ਉਲਟੀ ਨਾ ਦੇਵੇ। ਜੇ ਕਦੇ ਭੁਲ ਕ੍ਰੇ ਦੇ ਭੀ ਦੇਵੇ ਤਾਂ ਬਲ ਘਟਦਾ ਹੈ। ਇਸ ਨਾਲ ਬਿਖਮ ਤਾਪ ਹੋ ਜਾਵੇ ਯਾ ਰੋਗੀ ਮਰ ਜਾਵੇ। ਇਸਤ੍ਰੀ ਸੰਗ, ਭੋਜਨ, ਪੂਰਬ ਦੀ ਹਵਾ, ਦਿਨ ਦਾ ਸੌਣਾ, ਸੂਮ ਬਹੁਤੀ ਵਾਯੂ, ਸਨਾਨ, ਕਾੜ੍ਹਾ ਕ੍ਰੋਧ ਤੇ ਮਾਲਸ਼, ਇਹ ਸਭ ਨਵੇਂ ਤਾਪ ਵਿਚ ਵਰਜ ਦੇਵੇ ॥ ੨੫੫ ਤੋਂ ੨੫੯॥

ਲੰਘਨ ਗੁਣ—ਦੋਹਰਾ

ਦ੍ਰਿਗ ਛਾਤੀ ਸਿਰ ਰੋਗ ਕੋ, ਬ੍ਰਣੀ ਪਾਚਮੋਂ ਤਾਪ।
ਇਨਕੋ ਲੰਘਨ ਖੂਬ ਹੈ, ਮਿਟਤ ਸਰਬ ਸੰਤਾਪ ॥੨੬੦॥

੧੩੫—ਨੇਤ੍ਰ ਰੋਗ, ਹ੍ਰਿਦਯ ਰੋਗ, ਸਿਰ ਰੋਗ, ਬ੍ਰਿਣ ਰੋਗ ਅਤੇ ਪੰਜਵਾਂ ਤਾਪ ਰੋਗ, ਇਹਨਾਂ ਵਿਚ ਲੰਘਣ (ਫਾਕਾ) ਕਰੇ ਤਾਂ ਸ੍ਰੇਸ਼ਟ ਹੈ ਅਰ ਸਾਰੇ ਸੰਤਾਪਾਂ ਦੇ ਨਾਸ ਕਾਰਨਹਾਰਾ ਹੈ ॥੨੬੦॥

ਲੰਘਨ ਔਗੁਣ—ਚੌਪਈ

ਪਰਬ ਭੇਦ ਮੁਖ ਸੋਖ ਪਿਪਾਸ। ਕ੍ਰਿਸ ਮੰਦਾਗਨਿ ਭ੍ਰਮ ਅਰ ਕਾਸ।
ਨੇਤਰ ਕਾਨ ਹਾਨ ਬਲ ਬੋਲ। ਅਤਿ ਲੰਘਨ ਤੇ ਏਹ ਕਲੋਲ ॥੨੬੧॥

੧੩੬—ਜੋੜਾਂ ਵਿਚ ਭੇਦਨੇ ਜਿਹੀ ਪੀੜਾਂ, ਮੂੰਹ ਦਾ ਸੁਕਣਾ, ਪਯਾਸ, ਕ੍ਰਿਸ਼ਤਾ, ਮੰਦਾਗਨੀ, ਭ੍ਰਮ ਖਾਂਸੀ, ਨੇਤ੍ਰ ਰੋਗ ਕੰਨਾਂ ਦੇ ਰੋਗ ਬਲਹੀਣਤਾ ਤੇ ਸੁਰਭੰਗ, ਇਹ ਰੋਗ ਬਹੁਤ ਲੰਘਨ (ਫਾਕਾ) ਕਰਨੇ ਤੇ ਹੁੰਦੇ ਹਨ ॥੨੬੧॥

ਹੀਣ ਲੰਘਨ ਗੁਣ—ਚੌਪਈ

ਛਰਦ ਕਾਸ ਤੰਦ੍ਰ ਸੁ ਅਚੈਨੀ। ਗਰਭਨ ਬੂਢਾ ਬਾਲਕ ਧੈਨੀ।
ਥਕਯੋ ਹੀਨ ਬਲ ਕ੍ਰਿਸ ਤਨਜਾਸ। ਜਾਕੋ ਲੰਘਨ ਨਹੀ ਸੁਭਾਸ ।੨੬੨।

੧੩੭—ਕੈ, ਖਾਂਸੀ, ਤੰਦ੍ਰਾ, ਬੇਚੈਨੀ, ਗਰਭਣੀ, ਬ੍ਰਿਧ, ਬਾਲਕਾ, ਥਕਿਆ ਹੋਯਾ ਬਲਹੀਣ ਤੇ ਲਿੱਸਾ, ਇਹਨਾਂ ਨੂੰ ਲੰਘਣ ਕਰਨਾ ਹਛਾ ਨਹੀਂ ਹੈ ॥ ੨੬੨ ॥

ਸੁੱਧ ਲੰਘਣ ਗੁਣ—ਚੌਪਈ

ਸੁੱਧ ਬਾਤ ਮੂਤਰ ਬਿਟ ਸ੍ਰਾਵ। ਹਲਕਾ ਤਨ ਅਰੁ ਭੂਖ ਪ੍ਰਭਾਵ।
ਸ੍ਵੇਦ ਪਿਪਾਸਾ ਸੁੱਧ ਡਿਕਾਰ। ਜਾਨੋ ਲੰਘਨ ਸੁੱਧ ਬਿਚਾਰ ॥੨੬੩॥
ਲੰਘਨ ਭਾਖਯਾ ਖਟ ਜੁ ਪ੍ਰਕਾਰ। ਲੰਘਨ ਬਮਨਿ ਬਿਰੇਚ ਬਿਚਾਰ।
ਸ੍ਵੇਦਨ ਪਾਨੀ ਤਾਂਤਾ ਪਾਨ। ਰਕਤ ਨਿਕਾਰਨ ਖਟ ਏ ਮਾਨ॥੨੬੪॥

Digitized by Panjab Digital Library | www.panjabdigilib.org

ਹਰਿ ਕਾਹੂ ਨਾ ਕੀਜੈ ਏਹ। ਲੰਘਨ ਬਮਨਿ ਬਿਰੇਚਨ ਤੇਹ।
ਜੋਗ ਜਾਨਕੈ ਕਰੀਓ ਜੋਗ। ਰਕਤ ਨਿਕਾਰਨ ਔਰ ਪ੍ਰਯੋਗ ॥੨੬੫॥

੧੩੮–ਹਵਾ ਚੰਗੀ ਤਰ੍ਹਾਂ ਸਰੇ, ਮੂਤ੍ਰ, ਬਿਸ਼ਟਾ, ਖੁਲਾਸਾ ਆਵੇ। ਸਰੀਰ ਹਲਕਾ, ਭੁਖ ਲਗੇ, ਪਸੀਨਾ, ਪਯਾਸ, ਡਕਾਰ ਠੀਕ ਆਵੇ। ਇਹ ਸੁਧ ਲੰਘਨ ਦੇ ਗੁਣ ਹਨ। ਲੰਘਨ ਛੇ ਪ੍ਰਕਾਰ ਦਾ ਹੈ– ਫਾਕਾ, ਕੈ, ਦਸਤ, ਪਸੀਨਾ, ਤੱਤੇ ਪਾਣੀ ਦਾ ਪੀਣਾ ਅਤੇ ਫਸਤ ਕਰੌਣਾ ਇਹ ਛੇ ਜਾਣ ਲਵੇ। ਹਰ ਕਿਸੀ ਨੂੰ ਇਹ ਨਾਂ ਕਰੇ, ਫਾਕਾ ਤੇ ਦਸਤ ਯੋਗਤਾ ਜਾਣ ਕੇ ਕਰੇ। ਇਸੇ ਤਰ੍ਹਾਂ ਫਸਤ ਦਾ ਖੋਲ੍ਹਣਾ ਭੀ ਜਾਣ ਲਵੇ ॥੨੬੩ ਤੋਂ ੨੬੫॥

ਅਥ ਬਸਤ੍ਰ ਗੁਣ (ਗੁਨਰਤਨਮਾਲਾਤ)

ਸ੍ਵੇਤ ਬਸਨ ਪਿਤੋਂ ਕੋ ਜੀਤ। ਤ੍ਰਿਸਨਾ ਦਾਹ ਸਮੈ ਹਿਤ ਮੀਤ।
ਓਜ ਬ੍ਰਿਧ ਕਫ ਬੀਰਜ ਕਰੈ। ਸ੍ਵੇਤ ਬਸਨ ਏਤੇ ਗੁਨ ਧਰੈ ॥੨੬੬॥
ਦਾਹ ਉਸਨ ਮੰਜਿਸਟ ਕਰਾਵੈ। ਬਾਂਤ ਸਲੇਖਮ ਸਭ ਹਟ ਜਾਵੈ।
ਸੰਨਪਾਤ ਪਟ ਵਸਤਰ ਹਰੈ। ਪਸਮੀਨਾ ਬਾਦੀ ਪਰ ਕਰੈ ॥੨੬੭॥

੧੩੯–ਚਿੱਟਾ ਬਸਤ੍ਰ ਪਿਤ ਨੂੰ, ਪਿਆਸ ਨੂੰ ਤੇ ਦਾਹ ਨੂੰ ਜਿਤਣਹਾਰਾ ਹੈ। ਓਜ, ਕਫ ਅਤੇ ਬੀਰਜ ਇਹਨਾਂ ਨੂੰ ਵਧਾਉਂਦਾ ਹੈ ॥ ੨੬੬ ॥

ਮੰਜੀਠੀ ਰੰਗ ਦਾ ਬਸਤ੍ਰ ਦਾਹ, ਗਰਮੀ ਕਰਨਹਾਰਾ ਤੇ ਵਾਯੂ, ਬਲਗਮ ਦਾ ਨਾਸਕ ਹੁੰਦਾ ਹੈ। ਰੇਸ਼ਮੀ ਬਸਤ੍ਰ ਸੰਨਿਪਾਤ ਦਾ ਨਾਸ਼ਕ ਅਤੇ ਪਸਮੀਨੇ ਦਾ ਬਸਤ੍ਰ ਬਾਦੀ ਨੂੰ ਪਰੇ ਕਰਨਹਾਰਾ ਅਰਥਾਤ ਨਾਸ਼ਕ ਹੈ ॥ ੨੬੭ ॥

ਬੀਂਜਨਾ (ਪਖਾ) ਗੁਣ–ਚੌਪਈ

ਅਨਿਲ ਸ੍ਵੇਦ ਮੂਰਛਾ ਤ੍ਰਿਟ ਦਾਹ। ਸਮਨ ਬਿਯਾਮ ਗੁਣਾ ਪਖਿਯਾਹ।
ਤਾੜ ਪੱਤ੍ਰ ਸਭ ਦੁਖ ਕੋ ਹਰੈ। ਬੰਸ ਬੀਂਜਨਾ ਗਰਮੀ ਕਰੈ ॥੨੬੮॥
ਬਯੰਜਨ ਚਾਮਰ ਓਜ ਕਰਾਇ। ਮਾਖੀ ਮਾਰਤ ਤਨ ਸੁਖ ਥਾਇ।
ਬੈਤ ਬਸਨ ਅਰੁ ਪੂੰਛੀ ਮੋਰ। ਤੀਨ ਦੋਖ ਕੀ ਜਾਨੋ ਬੋਰ ॥ ੨੬੯ ॥

੧੪੦–ਪੱਖੇ ਦੀ ਵਾਯੂ, ਪਸੀਨਾ, ਮੂਰਛਾ ਪਯਾਸ, ਦਾਹ ਅਤੇ ਦੰਡ ਪੇਲਣ ਦੇ ਥਕੇਵੇਂ ਨੂੰ ਦੂਰ ਕਰਦੀ ਹੈ, ਇਹ ਗੁਣ ਪੱਖੇ ਦਾ ਹੈ। ਤਾੜ ਦਾ ਪੱਤ੍ਰ ਦਾ ਪੱਖਾ ਝਲੇ ਤਾਂ ਸਭ ਦੁਖ ਨਾਸ ਕਰਨਹਾਰਾ ਹੈ। ਬਾਂਸ ਦਾ ਪਖਾ ਗਰਮੀ ਕਰਦਾ ਹੈ। ਪੱਖਾ ਝਲੇ ਤਾਂ ਸਭ ਦੁਖ ਨਾਸ ਮਖੀਆਂ ਮਾਰਦੇ ਤੇ ਸਰੀਰ ਨੂੰ ਨੂੰ ਸੁਖ ਦੇਂਦੇ ਹਨ। ਬੈਂਤ ਦੇ ਬਸਤ੍ਰ ਅਰ ਮੋਰ ਦੇ ਖੰਭਾਂ ਦਾ ਪਖਾ ਤ੍ਰਿਦੋਖ ਨਾਸ਼ਕ ਹਨ ॥ ੨੬੮ ॥ ੨੬੯ ॥

ਜ੍ਵਰ ਪਥ–ਚੌਪਈ

ਕੁਲਥ ਮੂੰਗ ਜੌਂ ਮੋਠ ਮਸੂਰ। ਚਣਕ ਕਰੇਲੇ ਦਾੜਮ ਪੂਰ।

Digitized by Panjab Digital Library | www.panjabdigilib.org

ਸੱਠੀ ਚਾਵਲ ਬੈਂਗਨ ਦਾਖ। ਸ੍ਰਿਗਫਲੀ ਸੁ ਕਕੋੜਾ ਭਾਖ ॥੨੭੦॥
ਲਘੁ ਮੂਲੀ ਕਾ ਪਿੱਥ ਚੌਲਾਈ। ਬਾਥੂ ਪਾਲਕ ਪੱਥ ਕਰਾਈ।
ਕਫੀ ਬਾਤ ਜੋ ਹਰਵੈ ਦ੍ਰਵ। ਦੈ ਜ੍ਵਰ ਕੋ ਭਾਖਜੋ ਕਰਤੱਵ ॥੨੭੧॥

੧੪੧-ਕੁਲਥ, ਮੂੰਗੀ, ਮੋਠ, ਮਸਰ, ਛੋਲ, ਕਰੇਲੇ, ਅਨਾਰ, ਸਠੀ ਦੇ ਚਾਵਲ, ਵਤਾਊਂ, ਅੰਗੂਰ, ਸੁਹਾਵਣੇ ਦੀਆਂ ਫਲੀਆਂ, ਬਨ ਕਰੇਲੇ, ਛੋਟੀ ਮੂਲੀ, ਕੈਥਫਲ, ਚੌਲਾਈ ਦਾ ਸਾਗ। ਬਾਥੂ ਤੇ ਪਾਲਕ ਇਹ ਸਭ ਆਣੇ ਪਥ ਰੂਪ ਹਨ। ਕਫ ਬਾਤ ਨਾਸ਼ਕ ਪਦਾਰਥ ਇਹ ਸਭ ਤਾਪ ਵਿਖੇ ਦੇਣੇ ਜੋਗ ਹਨ ॥੨੭੦॥੨੭੧॥

ਸ਼ੁਭ ਦ੍ਰਿਸ਼ਟ-ਚੌਪਈ

ਪਾਠਕ ਘੋੜਾ ਬੈਦ ਚਕੋਰ। ਮਾਤਾ ਪਿਤਾ ਰਸੋਈਆ ਮੋਰ।
ਤਿਯ ਅਪਨੀ ਇਨ ਦੇਖਤ ਦੇਇ। ਕਾੜ੍ਹਾ ਭੋਜਨ ਪੱਥਯ ਕਰੇਇ॥੨੭੨॥

ਪਾਠ ਕਰਨਹਾਰਾ, ਘੋੜਾ, ਵੈਦ, ਚਕੋਰ, ਮਾਤਾ, ਪਿਤਾ, ਰਸੋਈਆ, ਮੋਰ ਅਤੇ ਆਪਣੀ ਇਸਤ੍ਰੀ ਇਹਨਾਂ ਦੇ ਦੇਖਦਿਆਂ, ਕ੍ਵਾਥ ਭੋਜਨ ਆਦਿ ਪਥ ਰੋਗੀ ਨੂੰ ਖਾਣ ਨੂੰ ਦੇਵੇ ॥੨੭੨॥

ਅਸ਼ੁਭ ਦ੍ਰਿਸ਼ਟ-ਚੌਪਈ

ਜੋਗੀ ਬੱਧਕ ਬਿੱਲਾ ਬਯਾਲ। ਡਾਯਨ ਨਾਯਨ ਨੇਉਲ ਸਯਾਲ।
ਨੀਚ ਪੁਰਖ ਅਰੁ ਨਾਰੀ ਜਾਨ। ਖੋਟ ਦ੍ਰਿਸ਼ਟ ਬਖਾਨੀ ਆਨ ॥੨੭੩॥

ਕੰਨ ਪਾਟਾ ਜੋਗੀ, ਬਧਕ, ਚਿੜੀਮਾਰ, ਬਿੱਲਾ, ਸਪ, ਡੈਣ, ਕਲੇਜਾ ਕਢਣ ਵਾਲੀ, ਨੈਣ, ਨਿਉਲਾ, ਗਿਦੜ, ਨੀਚ ਪੁਰਖ ਤੇ ਵਿਭਚਾਰਨੀ ਰੰਨ ਇਹਨਾਂ ਦੀ ਦ੍ਰਿਸ਼ਟੀ ਖੋਟੀ ਕਹੀ ਹੈ, ਇਹਨਾਂ ਦੇ ਦੇਖਦਿਆਂ ਕੁਝ ਨਾਂ ਦੇਵੇ, ਨਾ ਖਾਵੇ ॥੨੭੩॥

ਕੁਪਥ-ਚੌਪਈ

ਅਤਿਸਯਾਤਮ ਅਤਿ ਭੋਜਨ ਬਮੀ। ਬੇਗ ਬਿਰੁੱਧਾਹਾਰ ਸੁ ਦਮੀ।
ਬਿਦਾਹੀ ਗੁਰ ਜਾਨੋ ਅੰਨ। ਪੱਤ੍ਰ ਸਾਕ ਪਿੰਨਯਾਕ ਸੁ ਮੰਨ ॥੨੭੪॥
ਗੰਧਲਾ ਪਾਨੀ ਖਾਰਾ ਨੀਰ। *ਲਕੁਚਿ ਕੁਲਿੰਗੈ ਫਲ ਸੁਨ ਬੀਰ।
ਪੀਠਿ ਮਸਰ ਤੋਰੀ ਨਾ ਖਾਇ। ਅਲਪ ਕੁਪੱਥ ਕਹੇ ਮੈ ਲਯਾਇ॥੨੭੫॥

੧੪੨-ਬਹੁਤਾ ਬੇਹਾ ਪਦਾਰਥ, ਅਤਯੰਤ ਭੋਜਨ, ਕੈ, ਬੇਗਾਂ ਦਾ ਰੋਕਣਾ, ਬਿਰੁੱਧਾਹਾਰ, ਸੜਿਆ ਹੋਯਾ, ਭਾਰਾ ਅੰਨ, ਪੱਤ੍ਰਾਂ ਦਾ ਸਾਗ, ਕੁਲਰ, ਮੋਟਾ ਤੇ ਖਾਰਾ ਪਾਣੀ, ਢੇਊ, ਹਦਵਾਣਾ, ਪੀਠੀ, ਮਸਰ ਤੇ ਤੋਰੀਆਂ ਨਾ ਖਾਵੇ ਇਹ ਕੁਪੱਥ ਹਨ ॥ ੨੭੪ ॥ ੨੭੫॥

ਜ੍ਵਰ ਗਏ ਪੀਛੇ ਕੁਪੱਥ-ਦੋਹਰਾ

ਮੱਜਨ ਸ੍ਰਮ ਤਿਯ ਸੰਗ ਹੀ, ਫਿਰਨਾ ਔਰ ਬਿਆਮ।

*ਲਕੁਚ-ਢੇਊ ਹੈ। ਦੇਖੋ ਦ੍ਰਬ ਦਰਪਣ।

Digitized by Panjab Digital Library | www.panjabdigilib.org

ਚਿਕਨੀ ਭਾਰੀ ਬਸਤ ਸਭ, ਏ ਜੁਰ ਕੈ ਨਹਿ ਕਾਮ ॥੨੭੬॥
ਔਰੋ ਬਾਤ ਅਨੇਕ ਹੈ, ਕਿਹ ਲੌ ਕਰੌਂ ਬਖਾਨ।
ਬੈਦਕ ਗ੍ਰੰਥ ਸਮੁਦ੍ਰ ਹੈ, ਤਾਕਾ ਲਖੋਂ ਨ ਗਯਾਨ ॥ ੨੭੭ ॥

੧੪੩–ਇਸ਼ਨਾਨ, ਖੇਚਲ, ਇਸਤ੍ਰੀ ਦੀ ਸੰਗਤ, ਬਹੁਤ ਫਿਰਨਾ, ਦੰਡ ਪੇਲਣਾ, ਚਿਕਨੀ ਤੇ ਭਾਰੀ ਚੀਜ਼ ਖਾਣੀ ਏਹ ਜ੍ਵਰ ਵਾਲੇ ਦੇ ਕੰਮ ਦੇ ਨਹੀਂ, ਕੁਪੱਥ ਹਨ। ਹੋਰ ਭੀ ਅਨੇਕਾਂ ਬਾਤਾਂ ਹਨ, ਕਿਥੋਂ ਤਕ ਕਹਾਂ, ਇਹ ਥੋੜੇ ਮਾਤ੍ਰ ਕਿਹਾ ਹੈ ॥ ੨੭੭ ॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘਰਾਜ
ਬਿਰਚਤੇ ਜੁਰਾਦਿ ਦ੍ਵਿਤੀਯੋ ਧਯਾਯ ॥੨॥

ਦੂਜਾ ਧਯਾਯ ਸਮਾਪਤ ॥੨॥

ਅਬ ਤ੍ਰਿਤੀਓ ਅਧਯਾਯ

ਤੇਰਾ ਸੰਨਿਪਾਤ ਨਿਦਾਨ–ਦੋਹਰਾ

ਸਭ ਕਵਿਤਨ ਕੇ ਚਰਨ ਹੀ, ਬੰਦਤ ਮੇਘ ਸੁਜਾਨ।
ਤਿਨ ਪ੍ਰਸਾਦਿ ਅਬ ਸੰਨਿ ਕੀ, ਭਾਖਾ ਰਚੋਂ ਪ੍ਰਧਾਨ ॥ ੧ ॥

ਸਭਨਾਂ ਕਵੀਆਂ ਨੂੰ ਨਮਸਕਾਰ ਕਰਕੇ ਹੁਣ ਸੰਨਿਪਾਤਾਂ ਦਾ ਵਰਨਣ ਕਰਦਾਂ ਹਾਂ ॥ ੧ ॥

ਨਿਦਾਨ ਯਥਾ–ਦ੍ਵੈਯਾ ਛੰਦ

ਉਸਨ ਖਟਾਈ ਚਿਕਨਾ ਕੌੜਾ, ਰੂਖਾ ਮਧੁਰ ਸੁਰਾ ਹੈ।
ਅਤਿ ਤੀਖਨ ਅਰੁ ਕ੍ਰੋਧ ਜੁ ਪਾਲਾ, ਸੋਕ ਬਿਯਾਮ ਬੁਰਾ ਹੈ।
ਚਿੰਤਾ ਗ੍ਰਹਿ ਗਣ ਮਾਸ ਅਹਾਰਾ, ਬਹੁਤ ਤਿਯਾ ਕਾ ਸੰਗੀ।
ਅਹਿਤ ਸੁਖਾਵੈ ਸਰਦ ਬਸਤ ਤੈ, ਬਰਖਾ ਰੁਤਿ ਬਹੁ ਰੰਗੀ ॥੨॥

Digitized by Panjab Digital Library | www.panjabdigilib.org

ਰਾਖਸ ਧਰਖਿਤ ਔਰ ਨਿਸਾਚਰ, ਮਾਤ ਪਿਤਾ ਬਹੁ ਪਾਪਾ।
ਬ੍ਰਾਹਮਨ ਰਾਖਸ ਔਰ ਪਿਸਾਚੈ, ਗੁੱਝਕ ਕਾ ਬੈਲਾਪਾ।
ਗੁਰ ਦੇਵੀ ਨਹਿ ਪੂਜਾ ਕੀਨੀ, ਬਾਰ ਨਿਛਤ੍ਰਹਿ ਜਾਨੋ।
ਸਾਧ ਸਰਾਪ ਲਗਯੋ ਹੈ ਉਤਪਤ, ਸੰਨਿ ਜੁ ਪਾਤ ਬਖਾਨੋ ॥੩॥

ਗਰਮ, ਖੱਟੀਆਂ, ਚੀਕੁਣੀਆਂ, ਕੌੜੀਆਂ, ਖੁਸ਼ਕ, ਮਿਠੀਆਂ, ਸ਼ਰਾਬ ਅਤਯੰਤ ਤਿੱਖੀਆਂ ਬਸਤਾਂ ਖਾਵੇ, ਕ੍ਰੋਧ, ਸਰਦੀ, ਸੋਕ, ਕਸਰਤ, ਚਿੰਤਾ, ਗ੍ਰਹਦੋਸ਼, ਮਾਂਸ ਦਾ ਖਾਣਾ, ਬਹੁਤਾ ਇਸਤ੍ਰੀ ਦਾ ਸੰਗ, ਅਹਿਤ ਅਰਥਾਤ ਨਾਂ ਸੁਖੌਣ ਵਾਲੇ ਖਾਣੇ, ਅਤਯੰਤ ਠੰਢੀਆਂ ਬਸਤਾਂ ਖਾਣੇ ਤੇ, ਵਰਸਾਤ ਦੇ ਵਿਗਾੜ ਕਰਕੇ, ਇਸੇ ਤਰ੍ਹਾਂ ਬ੍ਰਹਮਾਰਖਸ਼, ਪਿਸ਼ਾਚ, ਗੁਹਯੁਕ, ਬਿਰਲਾਪ ਤੇ ਵਾ ਵਿਰਲਾਪ ਕਰਕੇ ਬੈਤਾਲ ਦੇ ਦੋਸ਼ ਤੇ, ਹੋਰ ਗੁਰੂ, ਦੇਵੀ ਇਹਨਾਂ ਦੀ ਪੂਜਾ ਨ ਕਰਨੇ ਤੇ ਇਸੇ ਪ੍ਰਕਾਰ ਨਿਖਿਧ ਦਿਨ, ਨਿਖਧਿ ਨਛਤ੍ਰ, ਅਤੇ ਸਾਧੂਆਂ ਦੇ ਸ੍ਰਾਪ ਤੇ ਸੰਨਿਪਾਤ ਰੋਗ ਉਤਪਤਿ ਹੁੰਦਾ ਹੈ ॥ ੨ ॥ ੩ ॥

ਤੇਰਾਂ ਸੰਨਿਪਾਤ ਨਾਮ–ਦ੍ਵੈਯਾ ਛੰਦ

ਸੰਧਕ ਅੰਤਕ ਹੈ ਰੁਗਦਾਹਾ, ਚਿੱਤ ਬਿਭ੍ਰਮਾ ਕਹਿਯੈ।
ਹੈ ਸੀਤਾਂਗੀ ਤੰਦ੍ਰਕ ਕੰਠੰ, ਕੁਬਜ ਕਰਨਕਾ ਲਹਿਯੈ।
ਨੇਤ੍ਰੈ ਭਗਨ ਰਕੰਤ ਸਟੀਵੀ, ਨਾਮ ਪ੍ਰਲਾਪਕ ਜਾਨੋ।
ਜਿਹਵਕ ਜੋ ਅਭਿਨਯਾਸ ਤੇਰਮੋ, ਹਾਰਿਦ੍ਰਿਕ ਮਨ ਆਨੋ ॥੪॥

੧ ਸੰਧਕ, ੧ ਅੰਤਕ, ੩ ਰੁਗਦਾਹਕ, ੪ ਚਿਤਭ੍ਰਮ, ੫ ਸੀਤਾਂਗ, ੬ ਤੰਦ੍ਰਿਕ, ੧ ਕੰਠਕੁਬਜ, ਕਰਣਕ, ੯ ਨੇਤ੍ਰ ਭਗਨ, ੧੦ ਰੋਕਤਸਟੀਵੀ, ੧੧ ਪ੍ਰਲਾਪਕ, ੧੨ ਜਿਹਬਕ, ੧੩ ਅਭਿਨਯਾਸ, ਇਹ ਤੇਰਾਂ ਹਨ, ਪਰੰਤੂ ਹਾਰਦ੍ਰਿਕ ੧੪ ਵਾਂ ਭੀ ਗ੍ਰੰਥਾਂਤ੍ਰਾਂ ਵਿਚ ਕਿਹਾ ਹੈ, ਸੋ ਇਹ ਸਭ ਇਹਨਾਂ ਦੇ ਨਾਮ ਹਨ ॥੪॥

ਸਰਬ ਸੰਨਿਪਾਤੇ ਜਿਹਵਾ ਲੱਛਣ–

ਪਰਹਾ

ਸੰਧਿਕ ਜਿਹਵਾ ਲਾਲ ਰੰਗ ਤਿਸ ਜਾਨਯੋ।
ਭਾਰੀ ਹੋਵੈ ਸ੍ਵੇਤ, ਭਗਨ ਦ੍ਰਿਗ ਮਾਨਿਯੋ।
ਅਤਕ ਪਤਰ ਸਾਕ, ਲਿਪਤ ਰੁਗ ਦਾਹਕੀ।
ਤੰਦ੍ਰਕ ਮੰਡਲ ਲਾਲ, ਕਰੀ ਹੈ ਯਾਹਿਕੀ ॥੫॥
ਕੰਠ ਕੁਬਜ ਕੀ ਸਯਾਮ, ਕਰਣਕੈ ਲਾਲ ਹੈ।
ਰਕਤ ਸਟੀਵੀ ਸੰਧਿਕ, ਸ੍ਵੇਤ ਜੁ ਭਾਲ ਹੈ।
ਪਰਲਾਪੀ ਕੀ ਸੂਨਜ, ਜਿਹਵ ਕੇ ਕੰਟ ਹੈ।

Digitized by Panjab Digital Library | www.panjabdigilib.org

ਚਕ੍ਰਤ ਹੈਂ ਅਭਿਨਯਾਸ, ਬਿਭ੍ਰਮਾ ਬੰਟ ਹੈ ॥੬॥
ਸੰਨਿਪਾਤ ਸਾਮੁਦ੍ਰੈਂ, ਜੋ ਨਰ ਬਹਿ ਗਯੋ।
ਤਾਕੋ ਕਾਢਨ ਹਾਰ, ਜਗਤ ਮੈ ਕੋ ਭਯੋ।
ਜੋ ਕਾਢੈ ਤਿਸ ਬੈਦ, ਸੁ ਬੈਦ ਨ ਜਾਨਿਯੋ।
ਰਾਮ ਕਹਯੋ ਹੈ ਸੋਇ, ਜੁ ਮਾਂਗਤ ਦਾਨਿਯੋ ॥ ੭ ॥

ਦੋਹਰਾ

ਸੰਨਿਪਾਤ ਅਜਗਰ ਗ੍ਰਸਯੋ, ਬੈਦ ਛਡਾਵੈ ਜੋਇ।
ਤਾਂਤੇ ਜੀਯ ਨ ਰਾਖਿਯੇ, ਕੰਚਨ ਕਿਤ ਗੁਨ ਹੋਇ ॥ ੮ ॥
ਸੰਨਿਪਾਤ ਕੀ ਦਾਹ ਮੈ, ਦੇਵੈ ਸੀਤ ਜੁ ਵਾਰ।
ਤਾਕੋ ਬੈਦ ਨ ਜਾਨਿਯੋ, ਸੋ ਜੀਵਨ ਪਰਹਾਰ ॥ ੯ ॥
ਸੰਨਿਪਾਤ ਏ ਕਾਲ ਮਲ, ਘੁਲੀ ਬੈਦ ਲੈ ਜੀਤ।
ਤਾਂਕੋ ਮੈਂ ਬੰਦੋਂ ਚਰਨ, ਸੋ ਹੈ ਹਮਰਾ ਮੀਤ ॥੧੦॥
ਪਵਨ ਰੂਪ ਭਗਵਾਨ ਹੈ, ਕਫ ਕੋ ਦੇਹੁ ਸੁਕਾਇ।
ਪਿੱਤ ਨ ਸੋਖਤ ਕੀਜੀਯੋ, ਜਯੋਂ ਆਤਮ ਜਸ ਥਾਇ ॥੧੧॥

ਸੰਧਕ ਵਾਲੇ ਦੀ ਜੀਭ ਲਾਲ, ਨੇਤ੍ਰਭਗਨ ਵਾਲੇ ਦੀ ਭਾਰੀ ਤੇ ਸਫੇਦ, ਅੰਤਕ ਦੀ ਸਾਗ ਦੇ ਪੱਤ੍ਰਾਂ ਦੀ ਤਰ੍ਹਾਂ, ਰੁਗਦਾਹਕ ਦੀ ਲਿੰਬੀ ਹੋਈ ਅਤੇ ਤੰਦ੍ਰਕ ਦੀ ਲਾਲ ਚਕਤਿਆਂ ਵਾਲੀ ਜੀਭ ਦੀ ਰੰਗਤ ਹੁੰਦੀ ਹੈ। ਕੰਠ ਕੁਬਜ ਦੀ ਕਾਲੀ, ਕਰਣਕ ਦੀ ਲਾਲ, ਰਕਤਸਟੀਵੀ ਦੀ ਤੇ ਸੰਧਕ ਦੀ ਚਿਟੀ, ਪ੍ਰਲਾਪਕ ਦੀ ਸੂੰਨਯ, ਜਿਹਵਕ ਦੀ ਕੰਡਿਆਂ ਵਾਲੀ, ਅਭਿਨਯਾਸ ਦੀ ਚਕ੍ਰਾਂ ਵਾਲੀ, ਵਿਭ੍ਰਮ ਦੀ ਗੰਢਾਂ ਵਾਲੀ ਜੀਭ ਹੁੰਦੀ ਹੈ। ਸੰਨਿਪਾਤ ਦੇ ਸਮੁੰਦਰ ਵਿਚ ਜੇਹੜਾ ਰੁੜ ਗਿਆ ਹੈ, ਓਸਦੇ ਕਢਣ ਵਾਲਾ ਕੋਈ ਨਹੀਂ ਜੇਹੜਾ ਕਢਦਾ ਹੈ, ਉਸ ਨੂੰ ਵੈਦ ਨਹੀਂ, ਕਿੰਤੂ ਰਾਮ ਰੂਪ ਜਾਨਣਾ, ਉਹ ਜੋ ਮੰਗੇ ਸੋ ਦੇ ਦੇਣਾ ਅਯੋਗ ਨਹੀਂ। ਸੰਨਿਪਾਤ ਅਜਗਰ (ਸੱਪ) ਦੇ ਗ੍ਰਸੇ ਹੋਏ ਪਾਸੋਂ ਜੇਹੜਾ ਵੈਦ ਛੁਡਾਵੇ, ਉਹ ਪ੍ਰਾਣ ਮੰਗੇ ਤਾਂ ਦੇ ਦੇਵੇ, ਹੋਰ ਸੋਨਾ ਚੀਜ ਹੀ ਕੀ ਹੈ *ਸੰਨਿਪਾਤ ਦੇ ਦਾਹ ਵਿਚ ਜੇਹੜਾ ਸੀਤਲ ਪਾਣੀ ਦੇਂਦਾ ਹੈ, ਉਸਨੂੰ ਵੈਦ ਨਹੀਂ ਜਾਨਣਾ, ਕਿੰਤੂ ਜੀਵਾਂ ਦੇ ਮਾਰਨੇ ਵਾਲਾ ਫੰਧਕ ਜਾਨਣਾ। ਸੰਨਿਪਾਤ ਕਾਲ ਮੱਲ ਨਾਲ ਘੁਲਕੇ ਜੇਹੜਾ ਵੈਦ ਜਿਤ ਜਾਵੇ, ਉਸਦੇ ਚਰਨ ਪੂਜਣੇ ਜੋਗਯ ਹਨ, ਉਹ ਸਾਡਾ ਮਿਤ੍ਰ ਹੈ ਪਵਨ ਭਗਵਾਨ ਦਾ ਰੂਪ ਹੈ, ਉਹ ਕਫ ਨੂੰ ਸੁਤੇ ਹੀ ਸੁਕਾਵੇ ਹੈ, ਪਰ ਹੇ ਵੈਦਯ! ਤੁਸਾਂ ਪਿਤ ਨੂੰ ਨਹੀਂ ਸੁਕਾਉਣਾ, ਇਸ ਤਰ੍ਹਾਂ ਆਪ ਦਾ ਯਸ ਹੋਵੇਗਾ ॥੮ ਤੋਂ ੧੧॥

ਸੰਨਿਪਾਤ ਕੋ ਲੰਘਨ—ਦੋਹਰਾ

ਤੀਨ ਪੰਚ ਦਿਨ ਸਾਤ ਹੀ, ਲੰਘਨ ਕਰੀਏ ਜਾਨ।

---

*ਵਿਸ਼ੇਖ ਨਿਰਨਾ ਮੇਰੇ ਬਣਾਏ ਸਟੀਕ ਯਤੀ ਨਿਦਾਨ ਵਿਚੋਂ ਦੇਖੋ।

Digitized by Panjab Digital Library | www.panjabdigilib.org

ਬਾਤ ਸਲੇਖਮ ਸੋਖੀਏ ਉਸਨ ਨੀਰ ਦੈ ਪਾਨ ॥੧੨॥

੧੪੩ (ੳ)-ਤਿੰਨ, ਪੰਜ ਅਤੇ ਸਤ ਦਿਨ ਦਾ ਫਾਕਾ ਰਖਾਵੇ ਤਾਂ ਬਲਗਮ ਖੁਸ਼ਕ ਹੋ ਜਾਵੇ ਅਰ ਗਰਮ ਜਲ ਪੀਣ ਨੂੰ ਦੇਵੇ ॥੧੨॥

ਸੰਧਕ ਲੱਛਣ—ਸ਼ੰਕਰ

ਸੂਲ ਸੋਫ ਸੁ ਦਾਹ ਬੇਦਨ, ਅੰਗ ਸਾਰੇ ਥਾਇ।
ਤਾਪ ਹੀ ਬਲਿ ਹਾਨਿ ਜਾਗਰ, ਅਰੁ ਸਲੇਖਮ ਸਾਇ।
ਏ ਜਾਨ ਲੱਛਣ ਸੰਧਿਕੈ, ਦਿਨ ਤੀਨ ਲੰਘਨ ਦਾਇ।
ਉਪਚਾਰ ਪਾਛੈ ਕਰੋ ਪੰਡਿਤ, ਜੋ ਗੁਰੂ ਬਤਲਾਇ ॥੧੩॥

੧੪੩ (ਅ)-ਸੂਲ, ਸੋਜਾ, ਦਾਹ, ਸਾਰੇ ਅੰਗਾਂ ਵਿਚ ਪੀੜ, ਤਾਪ ਬਲਹੀਣਤਾ ਨਿੰਦ੍ਰਾ ਨਾਸ ਤੇ ਕਫ ਦਾ ਜ਼ੋਰ, ਇਹ ਸੰਧਕ ਦੇ ਲਛਣ ਦੇਖ ਕੇ ੩ ਦਿਨ ਤਕ ਲੰਘਣ ਕਰਾਵੇ, ਫਿਰ ਗੁਰੂ ਉਪਰੋਕਤ ਯਤਨ ਕਰੇ ॥੧੩॥

ਉਪਾਇ—ਦੋਹਰਾ

ਪੰਚ ਮੂਲ ਕੋ ਕ੍ਵਾਥ ਕਰ, ਪੀਪਰ ਭੁਰਕੀ ਪੀਜ।
ਸੇਂਧਾ ਸੁੰਠੀ ਕੁਲਥ ਵਾ, ਸੰਧਿਕ ਸੰਨ ਜੁ ਖੀਜ ॥੧੪॥

੧੪੪-ਪੰਜੇ ਮੂਲ (ਬਿੱਲ, ਅਰਣੀ, ਗੁਲਾਬ, ਸਯੋਨਾਕ ਤੇ ਕਨੇਰ) ਦਾ ਕਾਹੜਾ ਕਰਕੇ ਉਪਰ ਮਘ ਧੂੜ ਕੇ ਪਿਲਾਵੇ। ਯਾ:-

੧੫੪(ੳ)-ਸੇਂਧਾਲੂਣ, ਸੁੰਢ ਤੇ ਕੁਲਥ,ਇਹ ਕਾੜ੍ਹਾ ਪੀਵੇ ਤਾਂ ਗੰਧਕਸੰਨਿਪਾਤ ਨਾਸ ਹੋਵੇ।੧੪।

ਸ਼ੰਕਰ

ਸੁੰਠ ਦਾਰੁ ਗਲੋਇ ਰਾਸਨ, ਅਰੁ ਸਤਾਵਰ ਪਾਇ।
ਸਟਿ ਲੈ ਬਿਧਾਰਾ ਕ੍ਵਾਥ ਕੀਜੈ, ਪਿਛੈ ਗੁੱਗਲ ਸਾਇ।
ਬਾਤ ਭਾਗੈ ਕਫ ਮਿਟਾਵੈ, ਮਿਟੈ ਸੰਧਿਕ ਪੀਰ।
ਕਹੀ ਔਖਧ ਮਾਨ ਲੀਜੈ, ਜੌ ਕ੍ਰਿਪਾ ਰਘੁਬੀਰ ॥੧੫॥

੧੫੫-ਸੁੰਢ, ਦੇਵਦਾਰ, ਗਿਲੋਏ, ਰਾਸਨਾ, ਸਤਾਵਰ, ਕਚੂਰ ਤੇ ਵਿਧਾਰਾ ਲੈਕੇ ਕ੍ਵਾਥ ਕਰੇ, ਕਾੜ੍ਹੇ ਵਿਚ ਫਿਰ ਗੁਗਲ ਪਾਕੇ ਪੀਵੇ ਤਾਂ ਬਾਤ ਅਤੇ ਕਫ ਨੂੰ ਨਾਸ ਕਰੇ ਅਰ ਸੰਧਕ ਸੰਨਿਪਾਤ ਨਾਸ਼ ਹੋਵੇ ॥੧੫॥

ਪਰਹਾ

ਤ੍ਰਿਵਤਾ ਦੰਤੀ ਬਿੱਲ, ਜੁ ਅੰਮਲਤਾਸ ਹੈ।
ਕ੍ਵਾਥ ਕਰੌ ਮਨੁ ਲਾਇ, ਸਹੀ ਦੁਖ ਤ੍ਰਾਸ ਹੈ।
ਬਸਮਾ ਭੁਰਕੀ ਦੇਇ, ਦਸਤ ਤਿਸ ਲਾਗ ਹੈ।

Digitized by Panjab Digital Library | www.panjabdigilib.org

ਸੰਧਿਕ ਤਾਪ ਮਿਟਾਇ, ਭਲੇ ਜੇ ਭਾਗ ਹੈ।

੧੪੬–ਤ੍ਰਿਵੀ, ਜਮਾਲਗੋਟੇ ਦੀ ਜੜ੍ਹ, ਬਿਲਗਰੀ ਤੇ ਅੰਮਲਤਾਸ ਦਾ ਗੁੱਦਾ ਕਾੜ੍ਹਾ ਕਰਕੇ ਇਸ ਉਤੇ ਵਸਮਾ ਧੂੜ ਕੇ ਪੀਵੇ ਤਾਂ ਇਹ ਦਸਤ ਲਗਾਵੇ ਅਰ ਸੰਧਕ ਸੰਨਿਪਾਤ ਨਾਸ਼ ਕਰੇ ॥੧੬॥

ਕ੍ਵਾਥ (ਕਲਕਾਤ ਸੰਨਿਪਾਤ)–ਸ਼ੰਕਰ

ਸੁੰਠੀ ਜੁ ਰੁਹਕ ਗਿਲੋਇ ਸੁਰਤਰ, ਰਾਸਨਾ ਲੇ ਧੀਰ।
ਏ ਕ੍ਵਾਥ ਕਰਕੈ ਖਾਇ ਰੋਗੀ, ਜਾਇ ਸੰਧਕ ਪੀਰ।
ਚਾਰ ਅੱਸੀ ਬਾਤ ਜਾਵੈ, ਤਾਪ ਸਕਲ ਮਿਟਾਇ।
ਸੰਨਿਪਾਤ ਬਖਾਨ ਕਲਕਾ, ਮੇਘ ਮੁਨਿ ਇਮ ਗਾਇ ॥੧੭॥

੧੪੭–ਸੁੰਡ, ਅਰਿੰਡਗਿਰੀ, ਗਿਲੋਜ, ਦੇਵਦਾਰ ਤੇ ਰਾਸਨਾ, ਇਹਨਾਂ ਦਾ ਕਾੜ੍ਹਾ ਪੀਵੇ ਤਾਂ ਸੰਧਕ ਸੰਨਿਪਾਤ ਨਾਸ਼ ਹੋਵੇ, ਹੋਰ ੮੪ ਬਾਤ ਤੇ ਤਾਪ ਸਭ ਤਰ੍ਹਾਂ ਨਾਸ ਕਰੇ ॥੧੭॥

ਧੂਪ

ਤੁਚ ਨਿੰਬ ਬਿਜਿਯਾ ਕੁਸਟ ਸਰਸੋਂ, ਪੀਪਰੀ ਲੈ ਮੂਰ।
ਲੈ ਔਰ ਬੀਜ ਕਪਾਸ ਕੇ, ਤੇ ਅਰ ਸੰਭਾਰੂ ਪੂਰ।
ਤਗਰ ਇੰਦ੍ਰਹਿ ਜਵ ਜਟਾ, ਰਵਿ ਦਾਰੁ ਲਾਖ ਛਲੀਰ।
ਸਰਪ ਕੁੰਜ ਸ਼ਰਾਬ ਮਧੁ ਲੈ, ਧੂਪ ਸੰਨਿ ਬਹੀਰ ॥੧੮॥

੧੪੮– ਨਿੰਮ ਦੀ ਛਿੱਲ, ਭੰਗ, ਕੁਠ, ਸਰੋਂ, ਪਿਪਲਾਮੂਲ, ਵੜੇਵੇਂ, ਸੰਭਾਲੂ, ਗੁਗਲ ਤਗਰ, ਇੰਦਰਜੌਂ, ਅੱਕ ਦੀ ਜੜ੍ਹ, ਦੇਵਦਾਰ, ਲਾਖ, ਛੜ, ਸਪ ਦੀ ਕੁੰਜ, ਸ਼ਰਾਬ ਤੇ ਸ਼ਹਤ, ਇਹਨਾਂ ਸਭਨਾਂ ਦਾ ਧੂਪ ਦੇਵੇ ਤਾਂ ਸੰਨਿਪਾਤ ਨਾਸ ਹੋਵੇ ॥ ੧੮ ॥

ਕ੍ਵਾਥ–ਚੌਪਈ

ਗ੍ਰੰਥਕ ਪਥਯਾ ਸਿਵਾ ਜੁ ਬਾਰ। ਧਾਤ੍ਰੀ ਫਲ ਬ੍ਰਿਖ ਛਿੰਨਾ ਕਾਰ।
ਕ੍ਵਾਥ ਕਰੀਨੇ ਲੇਹੁ ਛਨਾਇ। ਤਾਂ ਮੈਂ ਏਰੰਡ ਤੇਲ ਪਵਾਇ ॥੧੯॥
ਭਲੇ ਸਗਨ ਮੈਂ ਪੀਵਨ ਦੇਇ। ਸੰਧਿਕ ਸੰਨ ਰਹੈ ਨਹਿ ਤੇਇ।
ਔਰ ਤਾਪ ਚੌਰਾਸੀ ਬਾਤ। ਕਹਿਤ ਮੇਘ ਏ ਛਿਨ ਮੈਂ ਜਾਤ ॥੨੦॥

੧੪੯–ਪਿਪਲਾਮੂਲ, ਜੰਗਹਰੜ, ਹਰੜ, ਦੇਵਦਾਰ, ਆਂਵਲੇ, ਬਾਂਸਾ ਤੇ ਗਿਲੋਜ, ਕਾੜ੍ਹਾ ਕਰਕੇ ਜਲ ਪੁਣ ਲਵੇ। ਇਸ ਵਿਚ ਅਰਿੰਡ ਦਾ ਤੇਲ ਪਾ ਕੇ ਪਿਲਾਵੇ ਤਾਂ ਸੰਧਕ ਸੰਨਿਪਾਤ ਨਾਸ ਹੋਵੇ ਅਰ ਪ੍ਰਕਾਰ ਦੀ ਵਾਯੂ ਭੀ ਨਾਸ਼ ਹੋਵੇ ॥ ੧੯ ॥ ੨੦ ॥

ਦੋਹਰਾ

ਰਾਸਨ ਸੁੰਠੀ ਪੀਲਾ ਬਾਜਾ, ਛਿੰਨ ਰੁਹਾ ਜਲ ਬੇਰੂ।

Digitized by Panjab Digital Library | www.panjabdigilib.org

ਆਛੀ ਹਰੜੈ ਸੁਕਲਾ ਬਾਂਸਾ, ਦਾਰ ਸਕੀ ਲੈ ਧੀਰੂ।
ਪੰਚਮੂਲ ਹਰਨੋਲੀ ਕਾਂਢੋ, ਸੰਨਿ ਜੁ ਸੰਧਿਕ ਜਾਈ।
ਅੰਗ ਪੀੜ ਜੁਰ ਸਾਰੇ ਜਾਵੈ, ਆਛੀ ਬਾਤ ਬਤਾਈ ॥੨੧॥

੧੫੦–ਰਾਸਨਾ, ਸੁੰਢ, ਪੀਲਾਬਾਂਸਾ, ਗਿਲੋਯ, *ਨੇਤ੍ਰਬਾਲਾ, †ਕੰਡਿਆਰੀ, ਹਰੜਾਂ, ‡ਵਿਦਾਰੀ ਕੰਦ, ਬਾਂਸਾ, ਦੇਵਦਾਰ, ਕਚੂਰ, ਪੰਜੇ ਮੂਲ (ਬਿਲ, ਅਰਣੀ, ਗੁਲਾਬ, ਸਯੋਨਾਕ ਤੇ ਕਨੇਰ) ਤੇ ਅਰਿੰਡ ਦੀ ਗਿਰੀ ਲੈ ਕੇ ਕਾੜ੍ਹਾ ਕਰੇ ਅਰ ਪੀਵੇ ਤਾਂ ਸੰਧਿਕ ਸੰਨਿਪਾਤ, ਅੰਗ ਪੀੜਾ ਅਤੇ ਸਭ ਤਰ੍ਹਾ ਦੇ ਤਾਪ ਨਾਸ ਕਰੇ ॥ ੨੧ ॥

(ਚਿੰਤਾਮਣਿਰਸ)–ਚੌਪਈ

ਰਸ ਗੰਧਕ ਮ੍ਰਿਤ ਤਾਂਬਾ ਪਾਈ। ਅਭਰਕ ਮਾਰਿਆ ਤ੍ਰਿਫਲ ਥਾਈ।
ਤ੍ਰਿਕੁਟਾ ਦੰਤੀ ਬੀਜ ਮੰਗਾਇ। ਦ੍ਰੋਣ ਪੁਖਪਿ ਰਸ ਮਰਦੋ ਸਾਇ ॥੨੨॥
ਏਕ ਗੁੰਜ ਵਾ ਦੋਨੋ ਖਾਇ। ਸਰਬ ਤਾਪ ਸਭ ਸੂਲ ਨਸਾਇ।
ਅਜੀਰਨ ਅਰੁ ਆਮ ਜੁ ਬਾਤ। ਸੰਧਿਕ ਜ੍ਵਰ ਕਾ ਕਰਤਾ ਘਾਤ ॥੨੩॥

੧੫੬–ਪਾਰਾ, ਗੰਧਕ, ਮ੍ਰਿਤਤਾਂਮ੍ਰ ਮ੍ਰਿਤਅਭ੍ਰਕ, ਤ੍ਰਿਫਲਾ, (ਹਰੜ, ਬਹੇੜੇ, ਆਵਲੇ) ਤ੍ਰਿਕੁਟਾ, (ਮਘ, ਮਿਰਚ, ਸੁੰਡ) ਤੇ ਜਮਾਲਗੋਟਾ ਲੈਕੇ ਦ੍ਰੋਣਪੁਸ਼ਪੀ 'ਗੁੰਮੇ) ਦੇ ਰਸ ਵਿਚ ਘੋਟ ਕੈ ੧ ਰੱਤੀ ਯਾਂ ੨ ਰੱਤੀ ਪ੍ਰਮਾਣ ਖੁਲਾਵੇ ਤਾਂ ਸਭ ਤਰ੍ਹਾਂ ਦੇ ਤਾਪ, ਸਭ ਤਰ੍ਹਾਂ ਦੇ ਸੂਲ, ਅਜੀਰਣ, ਆਮਬਾਤ ਅਤੇ ਸੰਧਕ ਸੰਨਿਪਾਤ ਨਾਸ਼ ਕਰੇ ॥ ੨੨ ॥ ੨੩ ॥

ਰਾਮ ਬਾਣ ਰਸ–ਚੌਪਈ

ਰਸ ਗੰਧਕ ਮਿਠਾ ਲਾਵੰਗ। ਗੰਧਕ ਦੂਨਾ ਰਸ ਤੇ ਅੰਗ।
ਜਾਤੀਫਲ ਰਸ ਤੇ ਲੈ ਦੂਨਾ। ਮਰਚਾਂ ਆਛੀ ਪਾਵੋ ਗੂਨਾ ॥੨੪॥
ਤਿਤੜੀਕ ਫਲ ਰਸ ਮਰਦਾਇ। ਆਮਬਾਤ ਕਰਨਕ ਮਿਟ ਜਾਇ।
ਰਾਮ ਬਾਣ ਖਰਦੂਖਨ ਹਰੈ। ਸੰਧਕ ਤਪ ਯਾਂਹੀ ਤੇ ਡਰੈ ॥੨੫॥

੧੫੨-ਪਾਰਾ, ਗੰਧਕ, ਮਿਠਾ ਤੇਲੀਆ, ਲੌਂਗ ਗੰਧਕ ਪਾਰੇ ਤੋਂ ਦੂਣੀ, ਪਾਰੇ ਤੋਂ ਹੀ ਦੂਣਾ ਜਾਫਲ, ਮਿਰਚ, ਇਮਲੀ ਫਲ ਦ ਰਸ ਨਾਲ ਖਰਲ ਕਰਕੇ ਰਸ ਬਣਾ ਰਖੇ ਅਰ ਫਿਰ ਖੁਲਾਵੇ ਤਾਂ ਆਮਬਾਤ, ਕਰਨਕ ਸੰਨਿਪਾਤ ਨੂੰ ਇਸ ਤਰ੍ਹਾਂ ਨਾਸ ਕਰੇ ਜਿਸਤਰ੍ਹਾਂ ਰਾਮ ਜੀ ਦੇ ਬਾਣ ਨੇ ਖਰਦੂਖਣ ਮਾਰਿਆ ਸੀ ਅਰ ਸੰਧਕ ਸੰਨਿਪਾਤ ਦਾ ਤਾਂ ਨਾਸਕ ਹੈ ਹੀ ॥੨੪॥੨੫॥

---

*ਜਲ ਨੇਤਰਥਾਲਾ ਹੈ ਨਤ੍ਰਬਾਲਾ ਨਾਮ ਕਮਲ ਦੀਆਂ ਤਾਰਾਂ ਦਾ ਹੈ।
†ਭੀਰੂ–ਕੰਡਿਆਰੀ ਹੈ।
‡ਸੁਕਲਾ–ਵਿਦਾਰੀਕੰਦ ਹੈ।
} ਦੇਖੋ ਚਕਿਤਸਾ ਕੋਸ਼ ਤੇ ਦ੍ਰਬ ਦਰਪਣ।

Digitized by Panjab Digital Library | www.panjabdigilib.org

(ਦੁਤੀਯ ਚਿੰਤਾਮਣਿ ਰਸ)

ਦੋ ਜੀਰਾ ਕਣ ਸੁੰਠੀ ਪਾਰਾ। ਪੰਚ ਲਵਨ ਮਾਰੀਚ ਤਿਖਾਰਾ।
ਗੰਧਕਗਗਨ ਜੁਬਿਖ ਇਕਆਧੀ। ਅਦ੍ਰਕ ਪਾਨ ਰਸੇ ਕੁਟ ਸਾਧੀ।੨੬।
ਖਰਲੀ ਗੁੰਜਾ ਪਾਚ ਜੁ ਖਾਇ। ਸੰਨਿਪਾਤ ਜੁਰ ਆਮ ਨਸਾਇ।
ਮੋਹ ਉਦਾਬਤ ਸੰਧਿਕ ਟਰੈ। ਚਿੰਤਾਮਨ ਰਸ ਏ ਗੁਨ ਕਰੈ ॥੨੭॥

੧੫੩–ਦੋਨੋ ਜੀਰੇ, ਮਘ, ਸੁੰਢ, ਪਾਰਾ, ਪੰਜੇ ਲੂਣ (ਸੇਂਧਾ, ਸਾਂਬਰ, ਸੌਂਚਰ, ਕਚ, ਵਿੜ), ਮ੍ਰਿਚ ਤਿੰਨ ਖਾਰਾਂ (ਸੱਜੀ, ਜੌਖਾਰ, ਸੁਹਾਗਾ), ਗੰਧਕ, ਅਬਰਕ, ਮਿੱਠਾ ਤੇਲੀਆ, ਇਕ ਨਾਲੋਂ ਅੱਧਾ ਲਵੇ ਅਰ ਅਦਰਕ ਦੇ ਪਾਨ ਦੇ ਯਾ ਰਸ ਨਾਲ ਘੋਟ ਕੇ ਰਸ ਸਿੱਧ ਕਰੇ। ਇਸ ਵਿਚੋਂ ਪ ਰੱਤੀਆਂ ਖਾਵੇ। ਸੰਨਿਪਾਤ ਦੇ ਆਮਜ਼ੁਰ, ਮੋਹ, ਉਦਾਵਰਤ, ਸੰਧਕ ਸੰਨਿਪਾਤ ਨਾਸ ਕਰੇ। ਇਹ ਚਿੰਤਾਮਣਿ ਰਸ ਦੇ ਗੁਣ ਕਹੇ ਹਨ॥੨੬॥੨੭॥

ਅੰਤਕ ਲੱਛਣ–ਸ਼ੰਕਰ

ਏ ਕਰਤ ਦਾਹਾ ਤਾਪਨੰ, ਪਰ ਮੋਹ ਰੁਦ ਧੀ ਸੀਸ।
ਬਹੁ ਕੰਪ ਸੀਸੈ ਹੋਤ ਹਿੱਕ੍ਵਾ, ਸ੍ਵਾਸ ਕਾਸ ਸਦੀਸ।
ਨਾਮ ਅੰਤਕ ਕਾਲ ਕੋ ਹੈ, ਇਹੀ ਕਾਲ ਪ੍ਰਮਾਨ।
ਰਾਮ ਨਾਮੈ ਔਖਦੀ, ਇਸ ਹੋਇ ਅੰਤਕ ਹਾਨ ॥੨੮॥

੧੫੪–ਹਥਾਂ ਪੈਰਾਂ ਨੂੰ ਦਾਹ, ਸਰੀਰ ਨੂੰ ਸੜਨ, ਮੋਹ, ਰੋਣਾ, ਸਿਰ ਦਰਦ, ਸਿਰ ਕੰਪ, ਹਿੜਕੀ, ਸ੍ਵਾਸ, ਕਾਸ, ਅੰਤਮ ਨਾਮ ਕਾਲ ਦਾ ਹੈ, ਸੋ ਇਹ ਭੀ ਕਾਲ ਸਮਾਨ ਹੈ, ਇਸ ਤੇ ਰਾਮ ਨਾਮ ਦੀ ਦਵਾਈ ਦੇਣ ਨਾਲ ਹੀ ਅੰਤਕ ਦਾ ਨਾਸ ਹੋ ਸਕਦਾ ਹੈ ਫਿਰ ਭੀ ॥੨੮॥

ਉਪਾਇ–ਚੌਪਈ

ਸੁੰਠੀ ਪੁਸਕਰ ਮੂਰ ਭੜੰਗੀ। ਦਸੇ ਮੂਲ ਮੇਲੋ ਸਮ ਅੰਗੀ।
ਕ੍ਵਾਥ ਕਰੀ ਚਤੁਰਾਂਸਾ ਦੇਇ। ਸੰਨਿਪਾਤ ਅੰਤਕ ਨ ਰਹੇਇ ॥੨੯॥

੧੫੫–ਸੁੰਢ, ਪੋਹਕਰਮੂਲ, ਭੜਿੰਗੀ, ਦਸਮੂਲ, ਸਮਾਨ ਭਾਗ ਲੈ ਕੇ ਕਾੜ੍ਹਾ ਕਰੇ, ਚੌਥਾ ਭਾਗ ਰਹੇ ਪਿਲਾਵੇ ਤਾਂ ਅੰਤਕ ਸੰਨਿਪਾਤ ਦੇ ਤਾਪ ਨੂੰ ਨਸ਼ਟ ਕਰ ਦੇਵੇ ॥੨੯॥

ਕਾਲਾਂਕੁਸ਼ ਰਸ (ਵੈਦਕੰਤੂਹਲਾਤ)

ਗੰਧਕ ਮਰਚਾਂ ਟੰਕਣ ਚਿੱਤਾ। ਜਾਤੀਫਲ ਲੀਜੈ ਸੁਭ ਮਿੱਤਾ।
ਕਰਖ ਕਰਖ ਏ ਪਾਚੋ ਜਾਨ। ਚਾਰ ਕਰਖ ਲਾਵੰਗ ਮਿਲਾਨ ॥੩੦॥
ਤੀਨ ਕਰਖ ਸਿਵ ਭਖ ਲੈ ਬੀਜ। ਕਣਾ ਕਰਖ ਦਸ ਆਛੀ ਦੀਜ।
ਅਦਰਕ ਰਸ ਵਾ ਪਾਨ ਸਨੀਰ। ਤੀਨ ਦਿਵਸ ਲੈ ਖਰਲੋ ਬੀਰ॥੩੧॥

Digitized by Panjab Digital Library | www.panjabdigilib.org

ਅਦਰਕ ਰਸ ਵਾ ਪਾਨੋ ਪਾਤ। ਗੁੰਜਾ ਇਕ ਵਾ ਦੋਨੋ ਖਾਤ।
ਸੰਨਿਪਾਤ ਮਹਾਂਘੋਰ ਮਿਟਾਇ। ਮੂਰਛਾ ਦਾਹਨ ਸਭ ਹੀ ਥਾਇ ॥੩੨॥
ਅਪਸਮਾਰ ਨਾਸੈ ਉਨਮਾਦ। ਸੰਨਿ ਸੀਤਾਂਗਹਿ ਕਰਤਾ ਬਾਦ।
ਆਰੋਚਕ ਪ੍ਰਤਿਸਾਯ ਜੁ ਕਾਸ। ਹਨੂਸਥੰਭ ਖਯ ਜਾਨੋ ਸ੍ਵਾਸ ॥੩੩॥
ਸਰਬ ਰੋਗ ਅਰੁ ਸਿਰ ਕਾ ਰੋਗ। ਰੋਗ ਪ੍ਰਸੂਤਕ ਇਹ ਭੀ ਖੋਗ।
ਬਾਤ ਗਲੱਗ੍ਰਹ ਕਰਤਾ ਨਾਸ। ਬੈਦਕੰਤੂਹਲ ਏ ਗੁਨ ਭਾਖ ॥੩੪॥

੧੫੬-ਗੰਧਕ, ਮਿਚ, ਸੁਹਾਗਾ, ਚਿਤ੍ਰਾ ਤੇ ਜਾਫਲ ਇਹ ਪੰਜੇ ਤੋਲਾ ਤੋਲਾ, ਲੌਂਗ ੪ ਤੋਲੇ, ਧਤੂਰੇ ਦੇ ਬੀਜ ੩ ਤੋਲੇ ਤੇ ਮਘਾਂ ੧੦ ਤੋਲੇ ਇਹਨਾਂ ਨੂੰ ਅਦ੍ਰਕ ਦੇ ਰਸ ਯਾ ਪਾਨਾਂ ਦੇ ਰਸ ਵਿਚ ੩ ਦਿਨ ਤਕ ਚੰਗੀ ਤਰ੍ਹਾਂ ਖਰਲ ਕਰੇ। ਫਿਰ ਅਦ੍ਰਕ ਦੇ ਰਸ ਯਾ ਪਾਨਾਂ ਦੇ ਰਸ ਨਾਲ ੧ ਯਾ ੨ ਰੱਤੀਆਂ ਤਕ ਖੁਲਾਵੇ, ਤਾਂ ਮਹਾਂ ਘੋਰ ਸੰਨਿਪਾਤ ਨਾਸ ਹੋਵੇ। ਮੂਰਛਾ, ਦਾਹ, ਅਪਸਮਾਰ, ਉਨਮਾਦ (ਮਾਲੀ-ਖੌਲੀਆ), ਸੀਤਾਂਗ, ਸੰਨਿਪਾਤ, ਅਰੁਚੀ, ਰੇਜ਼ਾ, ਖਾਂਸੀ, ਜਬਾੜਿਆਂ ਦਾ ਆਕੜਨਾ, ਦਮਾ, ਹੋਰ ਸਭ ਰੋਗ, ਸਿਰ ਦੇ ਰੋਗ, ਪ੍ਰਸੂਤ ਰੋਗ, ਵਾਜੂ ਤੇ ਗਲ ਦੀ ਰੁਕਾਵਟ ਆਦਿ ਨਾਸ਼ ਕਰ ॥ ੩੦ ਤੋਂ ੩੪ ॥

ਸੰਜੀਵਨੀ ਗੁਟਕਾ (ਵੈਦਕੰਤੂਹਲਾਤ)

ਪੀਪਰ ਤ੍ਰਿਫਲਾ ਸੁੰਠ ਬਿੜੰਗ। ਮਿੱਠਾ ਬਚ ਛਿੰਨਾ ਲੈ ਅੰਗ।
ਸੋਥਕਾਰ ਗੋ ਮੂਤ ਪਿਸਾਇ। ਗੁੰਜਾ ਸਮ ਗੋਲੀ ਕਰਿ ਖਾਇ ॥੩੫॥
ਏਕ ਗੁਟੀ ਮੰਦਾਗਨਿ ਦੇਇ। ਸਰਪ ਦਸਟ ਕੋ ਦੋ ਲੈ ਵੇਇ।
ਦੋਨੋ ਦੇਵੋ ਸੂਤਕ ਰੋਗ। ਸੰਨਿਪਾਤ ਕੋ ਚਾਰ, ਸਹੋਗ ॥੩੬॥
ਬੈਦਕੰਤੂਹਲ ਮਤਿ ਤੇ ਲਹੀ। ਮੇਘ ਬਿਨੋਦੈ ਮੋਘੇ ਕਹੀ।
ਇਸਕੇ ਮੋ ਹੈ ਗੁਨ ਜੁ ਅਨੇਕ। ਮੈ ਨਾ ਭਾਖਯੋ ਹੈ ਗੁਣ ਏਕ ॥੩੭॥

ਦੋਹਰਾ

ਜਬ ਲਗ ਘਟ ਮੇਂ ਸ੍ਵਾਸ ਹੈ, ਤਬ ਲਗ ਕਰੋ ਉਪਾਇ।
ਏ ਗ੍ਰੰਥਨ ਕੀ ਰੀਤ ਹੈਂ, ਸਤਿਗੁਰ ਦਈ ਬਤਾਇ ॥ ੩੮ ॥

੧੫੭-ਮਘ, ਹਰੜ; ਬਹੇੜਾ, ਆਂਵਲੇ, ਸੁੰਢ ਬਾਵੜਿੰਗ, ਮਿਠਾ ਤੇਲੀਆ, ਵਿਚ, ਗਿਲੋਯ ਤੇ ਭਿਲਾਵੇ ਸਮਾਨ ਭਾਗ ਲੈ ਕੇ ਚੰਗੀ ਤਰ੍ਹਾ ਗਊ ਮੂਤ੍ਰ ਵਿਚ ਖਰਲ ਕਰੇ। ਫਿਰ ੧ ਗੋਲੀ ਰਤੀ ਪ੍ਰਮਾਣ ਦੀ ਕਰੇ। ਮੰਦਾਗਨੀ ਵਾਲੇ ਨੂੰ ਇਕ ਗੋਲੀ ਸਪ ਦੇ ਡਸੇ ਹੋਏ ਨੂੰ ਦੋ ਗੋਲੀਆਂ, ਸੂਤਕ ਰੋਗ ਪਰ ਭੀ ਦੋ ਗੋਲਿਆਂ ਸੰਨਿਪਾਤ ਵਾਲੇ ਨੂੰ ੪ ਗੋਲੀਆਂ ਦੇਵੇ, ਕਿਉਂਕਿ ਇਸ ਗੋਲੀ ਵਿਚ ਅਨੇਕਾਂ ਗੁਣ ਹਨ। ਵਾਸਤਵ ਵਿਚ ਜਦ ਤਕ ਸਰੀਰ ਵਿਚ ਸ੍ਵਾਸ ਹਨ, ਤਦ ਤੀਕ ਯਤਨ ਕਰਨਾ ਹੀ ਚਾਹੀਦਾ ਹੈ, ਇਹ ਗ੍ਰੰਥਕਾਰਾਂ ਦੀ ਆਗਜਾ ਹੈ ਇਸ ਤਰ੍ਹਾਂ ਸਾਇਦ ਹੈ ਕਿ ਅੰਤਕ ਸੰਨਿਪਾਤ ਨਾਸ ਹੋਵੇ ॥ ੩੫ ਤੋਂ ੩੮ ॥

ਰੁਗਦਾਹਕ ਲੱਛਣ-ਪਰਹਾ

Digitized by Panjab Digital Library | www.panjabdigilib.org

ਪਰਤਾਪਨ ਬਹੁ ਮੋਹ, ਘਾਮ ਪਰਲਾਪ ਹੈ।
ਬੇਦਨ ਸ੍ਰਮ ਭ੍ਰਮ ਕੰਠ, ਪੀਰ ਬਹੁ ਤਾਪ ਹੈ।
ਸ੍ਵਾਸ ਸੂਲ ਸੋਂ ਬਯਾਕੁਲ, ਤ੍ਰਿਖਾ ਜੁ ਜਾਨਿਯੈ।
ਸੰਨਯਾਹ ਰੁਗਦਾਹ, ਲੱਛਣਾ ਮਾਨਿਯੈ ॥੩੯॥

ਦੋਹਰਾ

ਸੰਨਿਪਾਤ ਕਲਕਾ ਵਿਖੈ,ਕਸਟ ਸਾਧਯ ਰੁਗਦਾਹ।
ਅਧਿਕ ਪਿੱਤ ਯਾਂ ਮੈ ਬਸਤ,ਪੰਡਿਤ ਕਰੋ ਉਪਾਹ ॥੪੦॥

ਤਪਾਇਸ਼ ਬਹੁਤ, ਮੋਹ, ਗਰਮਾਈ, ਬਕਾਬਾਦ, ਪੀੜਾ ਸ੍ਰਮ, ਭ੍ਰਮ, ਕੰਠ ਪੀੜਾ, ਬਹੁਤੀ ਤਕਲੀਫ ਦਮਾ. ਸੂਲ ਤੇ ਤ੍ਰਿਖਾ ਕਰਕੇ ਅਤਯੰਤ ਬਿਆਕੁਲ ਹੋਵੇ, ਇਸ ਪ੍ਰਕਾਰ ਦੇ ਲੱਛਣ ਰੁਦਗਾਹ ਸੰਨਿਪਾਤ ਦੇ ਕਹੇ ਜਾਂਦੇ ਹਨ। ਇਸ ਵਿਚ ਪਿਤ ਦੀ ਬਹੁਤ ਅਧਿਕਤਾ ਹੈ, ਇਸ ਦਾ ਯਤਨ ਕਰੇ ॥ ੩੯ ॥ ੪੦॥

ਉਪਾਇ–ਦਵੈਯਾ

ਮੁਕਤਾਹਲ ਮਾਲਾ ਚੰਦਨ ਲੇਪਨ,ਅਉਰ ਕੁਸਮ ਸੁਭ ਬਾਸਾ।
ਸ੍ਵੇਤ ਬਸਨ ਭੂਖਤ ਸਭ ਅੰਗੰ, ਗਹਿਨੇ ਜਰੇ ਜੁ ਖਾਸਾ।
ਖੋੜਸ ਬਰਸੀ ਸੁੰਦਰ ਰੂਪੰ, ਗੌਰ ਬਰਨ ਤਸ ਛਾਜੈ।
ਕਰੋ ਅਲਿੰਗਨ ਆਛੀ ਬਿਧਿ ਸੋ, ਰੁਗਦਾਹੀ ਸੰਨਿ ਭਾਜੈ ॥੪੧॥

੧੫੮–ਮੋਤੀਆਂ ਦੀ ਮਾਲਾ ਗਲ ਵਿਚ ਪਾਵੇ, ਚੰਦਨ ਦਾ ਲੇਪ ਕਰੇ, ਸੁਗੰਧਿਤ ਫੁੱਲ ਸੁੰਘਾਵੇ, ਚਿਟੇ ਬਸਤ੍ਰ ਅਤੇ ਜੜਾਊ ਗਹਿਣੇ ਸਭਨਾਂ ਅੰਗਾਂ ਵਿਚ ਪਹਿਨਾਂਵੇ। ਸੋਲਾਂ ਸਾਲਾਂ ਦੀ ਸੁੰਦਰ ਰੂਪਵੰਤੀ ਗੋਰੇ ਰੰਗ ਵਾਲੀ ਅਜਿਹੀ ਇਸਤ੍ਰੀ ਨਾਲ ਕੇਲ ਅਲਿੰਗਨ ਆਦਿ ਕਰਾਵੇ ਤਾਂ ਰੁਦਗਾਹ ਸੰਨਿਪ੍ਰਾਤ ਨਾਸ ਹੋਵੇ ॥ ੪੧ ॥

ਦੋਹਰਾ

ਲੈ ਕਦਲੀ ਦਲ ਨਾਭ ਪਰ, ਰਾਖੋ ਪੰਡਿਤ ਆਨ।
ਚੰਦਨ ਲੇਪ ਕਪੂਰ ਕੋ, ਸਯਾਮਾ ਸੰਗਮ ਠਾਨ ॥੪੨॥

੧੫੯--ਕੇਲੇ ਦੇ ਪੱਤ੍ਰ ਲੈ ਕੇ ਧੁੰਨੀ ਪਰ ਰਖੇ ਅਰ ਫਿਰ ਚੰਦਨ ਤਥਾ ਮੁਸ਼ਕਪੂਰ ਨਾਲ ਲੇਪੀ ਹੋਈ ਸੁੰਦਰੀ ਨਾਲ ਸੰਗ ਕਰੇ ਤਾਂ ਰੁਗਦਾਹ ਸੰਨਿਪਾਤ ਨਾਸ਼ ਹੋਵੇ ॥ ੪੨ ॥

ਸਿੱਜਯਾ ਕਦਲੀ ਪਾਤਕੀ, ਛੁਟਤ ਫੁਹਾਰਾ ਨੀਰ।
ਰੰਗ ਰਾਗ ਰੁਗਦਾਹ ਹਰ, ਮਿਟਤ ਦਾਹ ਕੀ ਪੀਰ ॥੪੩॥

੧੬੦--ਯਾ ਓਥੇ ਕੇਲਿਆਂ ਦੇ ਪੱਤ੍ਰਾਂ ਦੀ ਸੇਜਾ, ਵਿਛਾਵੇ, ਜਿਥੇ ਜਲ ਦੇ ਫੁਹਾਰੇ ਚਲ ਰਹੇ ਹੋਣ, ਨਾਲ ਹੀ ਰੰਗ ਰਾਗ ਹੁੰਦਾ ਹੋਵੇ ਤਾਂ ਭੀ ਰੁਗਦਾਹ ਸੰਨਿਪਾਤ ਦੀ ਪੀੜਾ ਮਿਟਦੀ ਹੈ ॥ ੪੩ ॥

ਮੁਗਦਾਮਲ ਕਾ ਯੂਖ ਲੈ, ਦੀਪਨ ਸੀਤਲ ਜਾਨ।

Digitized by Panjab Digital Library | www.panjabdigilib.org

ਬ੍ਰਣ ਕ੍ਰਿਮ ਰੁਗਦਾਹੈ ਹਰਨ, ਕਫ ਪਿੱਤੀ ਜੁਰ ਹਾਨ ॥੪੪॥

੧੬੧--ਯਾ ਮੂੰਗੀ, ਆਵਲਿਆਂ ਦਾ ਯੂਖ ਪਿਲਾਵੇ, ਹੋਰ ਦੀਪਨ ਠੰਢੇ ਪਦਾਰਥ ਦੇਵੇ। ਇਸ ਤਰ੍ਹਾਂ ਬ੍ਰਿਣ ਅਰ ਕ੍ਰਿਮਿ ਦੀ ਰੁਗਦਾਹ ਸੰਨਿਪਾਤ ਦੀ ਪੀੜਾ, ਹੋਰ ਕਫ ਪਿਤ ਦਾ ਤਾਪ ਇਹ ਸਭ ਨਾਸ਼ ਹੁੰਦੇ ਹਨ ॥ ੪੪ ॥

ਕ੍ਵਾਥ (ਬ੍ਰਹਮੀ)—ਸੰਕਰ

ਲੈ ਭਾਰਤੀ ਜਲਧਰ ਜੁ ਦਾਖਾ, ਭੀਰ ਪੱਥਯਾ ਅੱਛ।
ਤਿਕਤਾ ਕੁਸਾਤਿਕ ਆਮਲੇ, ਸਮਯਾਕ ਬਚ ਲੈ ਰੱਛ।
ਤੁਚਿ ਨਿੰਬ ਭੂ ਨਿੰਬ ਦਸ ਜੁ ਮੂਲੈ, ਕ੍ਵਾਥ ਕਰਕੈ ਪੀਯ।
ਪਵਨ ਬਯਾਧ ਜੁ ਸੰਧਿ ਭਾਗੈ, ਮਿਟੈ ਰੁਗਦਾਹੀਯ ॥੪੫॥

੧੬੨–ਬ੍ਰਹਮੀ, ਮੋਥਾ, ਮੁਣੱਕਾ, ਸਤਾਵਰ, ਹਰੜ, ਬਹੇੜਾ, ਕੌੜ, ਕੱਚੇ †ਪਟੋਲ ਦੀ ਜੜ੍ਹ, ਆਵਲੇ, ਮਮਾਕ, ਵਚ, ਨਿੰਮ ਦੀ ਛਿੱਲ, ਚਿਰੈਤਾ ਅਰ ਦਸਮੂਲ ਇਹ ਸਭ ਇਕ ਸਮਾਨ ਲੈ ਕੇ ਇਸ ਵਿਚੋਂ ਚਾਰ ਤੋਲੇ ਕਾੜ੍ਹਾ ਕਰਕੇ ਪਿਲਾਵੇ ਤੇ ਸੰਧੀਆਂ ਅਰਥਾਤ ਜੋੜਾਂ ਦੀ ਵਾਯੂ ਅਤੇ ਰੁਗਦਾਹ ਸੰਨਿਪਾਤ ਨਾਸ਼ ਕਰੇ ॥ ੪੫ ॥

ਦਾਰੁ ਚੰਦਨ ਕਮਲ ਕਟੁ ਫਲ, ਕੜੂ ਬਾਂਸਾ ਡਾਰ।
ਤੀਨ ਫਲ ਕਰਿ ਕ੍ਵਾਥ ਕੀਜੈ, ਦਾਹਿ ਸੰਨਿ ਬਿਡਾਰ।
ਰੁਗਦਾਹ ਤਾਪ ਜੁ ਬਿਖਮ ਭਾਗੈ, ਗੁਨ ਕਹੇ ਇਸ ਏਹ।
ਸਕਲ ਔਰ ਜੁ ਤਾਪ ਜਾਵੈ, ਜੋ ਬਿਧਹਿ ਕਰਿ ਦੇਹ ॥੪੬॥

੧੬੩–ਦੇਵਦਾਰ, ਚੰਦਨ, ਕਮਲ, ਕਾਯਫਰ, ਕੌੜ, ਬਾਂਸਾ, ਹਰੜ ਤੇ ਆਵਲੇ ਕਾੜ੍ਹਾ ਕਰਕੇ ਕਰਕੇ ਪੀਵੇ ਤਾਂ ਦਾਹ ਸੰਨਿਪਾਤ, ਰੁਗਦਾਹ ਸੰਨਿ, ਵਿਖਮ ਜ੍ਵਰ ਸਭ ਤਰ੍ਹਾਂ ਦੇ ਤਾਪ ਨਾਸ ਕਰੇ ॥੪੬॥

ਚੌਪਈ

ਰੀਠਾ ਬੇਰੀ ਪੱਤ੍ਰਹਿ ਫੇਨ। ਸ੍ਰੀ ਖੰਡ ਖਸ ਲੇਪ ਜੁ ਦੇਨ।
ਮਿਟਤ ਸੰਨਿ ਰੁਗਦਾਹੀ ਜਾਨ। ਦਾਹ ਮਿਟਤ ਜੋ ਕਰ ਅਨੁਪਾਨ ॥੪੭॥

੧੬੪–ਰੀਠੇ ਫਲ ਦੀ ਛਿੱਲ, ਬੇਰੀ ਦੇ ਪੱਤਾਂ ਦਾ ਝੱਗ, ਚੰਦਨ ਤੇ ਖਸ ਲੇਕੇ ਗਲ ਨਾਲ ਘਸਾ ਕੇ ਸਰੀਰ ਪਰ ਲੇਪ ਕਰੇ ਤਾਂ ਰੁਗਦਾਹ ਸੰਨਿਪਾਤ ਨਾਸ ਹੋਵੇ ॥੪੭॥

ਰੁਗਦਾਹੀ ਕੋ ਦਾਹ ਜੁ ਹੋਇ। ਸੀਤਲ ਪਾਨੀ ਦੇਹੁ ਨ ਕੋਇ।
ਰਾਖੇ ਮੁਖ ਮੈ ਆਨ ਕਪੂਰ। ਸੰਨਿਪਾਤ ਰੁਗਦਾਹੇ ਚੂਰ ॥੪੮॥

---

†ਕੋਸਾਂਤਿਕ–ਕਚੇ ਪਟੋਲ ਦੀ ਜੜ੍ਹ ਯਾ ਪੁਟਕੰਡਾ ਹੈ ਏਥੇ ਤੋਰੀ ਦਾ ਵਾਚਕ ਨਹੀਂ ਹੈ। ਤਸੱਲੀ ਵਾਸਤੇ ਦੇਖੋ ਮੇਦਨੀ ਕੋਸ਼ ਹੋਰ ਦੇਖੋ ਅਮਰ ਕੋਸ਼, ਟੀਕਾ ਸੰਸਕ੍ਰਿਤ ਪ੍ਰਿ: ੨੯੮ ਛਾਪਾ ਬੰਬਈ ਸੰਨ ੧੮੯੬

Digitized by Panjab Digital Library | www.panjabdigilib.org

੧੬੫--ਜੇ ਕਦੇ ਰੁਗਦਾਹ ਸੰਨਿਪਾਤ ਵਾਲੇ ਨੂੰ ਦਾਹ ਲੱਗ ਤੁਰੇ ਤਾਂ ਉਸਨੂੰ ਠੰਢਾ ਪਾਣੀ ਨਾਂ ਦੇਵੇ, ਕਿੰਤੂ ਮੂੰਹ ਵਿਚ ਕਪੂਰ ਰੱਖੇ। ਇਉਂ ਰੁਗਦਾਹ ਸੰਨਿਪਾਤ ਨਾਸ ਹੋਵੇ ॥੪੮॥

ਮੁਸਤਾ ਚੰਦਨ ਅਗਰ ਕਪੂਰ। ਬਿਜੈਸਾਰ ਸੇਲਾਰਸੁ ਸਲਾਰਾ ਚੂਰ।
ਨਖ ਦ੍ਰਿਗ ਮਾਲਾ ਮਧਖਿਪ ਧੂਪ। ਰੁਗਦਾਹੈ ਮਿਟਹੈ ਮੁਨਿ ਭੂਪ ॥੪੯॥

੧੬੬-ਨਾਗਰ ਮੋਥਾ, ਚੰਦਨ, ਅਗਰ, ਕਪੂਰ, ਬਿਜਯਸਾਰ (ਕਮਰਕਸ) *ਸਿਲਾਰਸ, ਨਖੂ, ਨੇਤ੍ਰਬਾਲਾ ਤੇ ਸ਼ਹਿਤ, ਇਹਨਾਂ ਦੀ ਧੂਪ ਦੇਵੇ ਤਾਂ ਰੁਗਦਾਹ ਸੰਨਿਪਾਤ ਮਿਟੇ ॥੪੯॥

ਖੜਾਂਗ ਪਾਨੀ (ਸੰਨਿਪਾਤ ਕਲਕਾਤ)

ਮੁਸਤਾ ਪਰਪਟ ਚੰਦਨ ਖਸਾ। ਸੁੰਠੀ ਨੇਤਰ ਮਾਲਾ ਧਸਾ।
ਇਨਕਾਸ੍ਰਿਤਸੀਤਲ ਜਲ ਪਯਾਇ। ਦਾਹ ਔਰ ਰੁਗਦਾਹ ਮਿਟਾਇ।੫੦।
ਜੀਰਨ ਜੁਰ ਮੰਦਾਗਨਿ ਮਿਟੈ। ਸ੍ਵਾਸ ਕਾਸ ਕੀ ਪੀਰਾ ਘਟੈ।
ਸੰਨਿਪਾਤ ਕਲਕਾ ਇਮ ਕਹੈ। ਪੰਡਿਤ ਹੋਇ ਸੁ ਗੁਨ ਕੋ ਲਹੈ।੫੧।

੧੬੭-ਮੋਥਾ, ਪਾਪੜਾ, ਚੰਦਨ, ਖਸ, ਸੁੰਢ ਤੇ ਨੇਤ੍ਰਬਾਲਾ, ਇਹਨਾਂ ਦਾ ਪਾ ਕੇ ਕਾੜਿਆ ਹੋਯਾ ਜਲ ਠੰਢਾ ਕਰਕੇ ਪਿਲਾਵੇ ਤਾਂ ਦਾਹ ਅਤੇ ਰੁਗਦਾਹ ਸੰਨਿਪਾਤ ਨਾਸ਼ ਹੋਵੇ। ਪੁਰਾਣਾ ਤਾਪ, ਮੰਦਾਗਨੀ ਸ੍ਵਾਸ ਤੇ ਕਾਸ ਇਹ ਭੀ ਨਾਸ ਕਰੇ ॥੫੦॥੫੧॥

ਕ੍ਵਾਥ-ਸ਼ੰਕਰ

ਦਾਖ ਸਟਿ ਸ੍ਰਿੰਗੀ ਜੁ ਨਾਗਰ, ਕੜੂ ਮੁਸਤ ਗਿਲੋਇ।
ਲਾਲ ਚੰਦਨ ਪਾਵ ਲੀਜੈ, ਨੰਤ ਭੂਨਿੰਬ ਸੋਇ।
ਕ੍ਵਾਥ ਕਰਿ ਪੀਵਤ ਜੋ ਰੋਗੀ, ਮਿਟੈ ਸੰਨਿ ਰੁਗਦਾਹ।
ਬਿਖਮ ਸ੍ਵਾਸਰੁ ਕਾਸ ਭਾਗੈ, ਮਿਟੈ ਸਗਰੀ ਦਾਹ ॥੫੨॥

੧੬੮-ਮੁਣੱਕਾ, ਕਚੂਰ, ਕੱਕੜਸਿੰਗੀ, ਸੁੰਢ, ਕੜੂ, ਮੋਥਾ, ਗਿਲੋਯ, ਲਾਲ ਚੰਦਨ, ਜਵਾਂਹਾਂ ਤੇ ਚਿਰੈਤਾ ਕਾੜਾ ਕਰ ਕੇ ਰੋਗੀ ਨੂੰ ਪਿਲਾਵੇ, ਰੁਗਦਾਹਕ, ਸੰਨਿਪਾਤ, ਵਿਖਮ ਤਾਪ, ਸ੍ਵਾਸ, ਕਾਸ ਤੇ ਸਭ ਤਰ੍ਹਾਂ ਦੇ ਦਾਹ ਨਾਸ ਕਰੇ ॥੫੨॥

ਚਿਤਭ੍ਰਮ ਲੱਛਣ-ਗੀਤਕਾ

ਜਿਸ ਦਾਹ ਪੀਰਾ ਬਿਕਲ ਭ੍ਰਮ ਹੈ, ਔਰ ਮਦਹਿ ਅਚੇਤ ਹੈ।
ਉਨਮਾਦ ਬਿਕਟ ਜੁ ਨੈਨ ਜਾਂਕੇ, ਤਾਪ ਪਰ ਮ੍ਰਿਤ ਹੇਤ ਹੈ।
ਹਸਤ ਗਾਵਤ ਗਾਰ ਦੇਵਤ, ਹੋਇ ਤਨ ਪਰਲਾਪ ਹੀ।

---

*ਸਿਲਾਰਸ-ਸਿਲਕ ਬ੍ਰਿਛ ਦਾ ਗੂੰਦ, ਪਕੇ ਲਸੂੜੇ ਦੇ ਰਸ ਸਮਾਨ ਚੀਕੁਣਾ, ਸੁਗਧੀਦਾਰ ਧ ਰੰਗਾ ਗੂੰਦ ਹੁੰਦਾ ਹੈ। ਦੇਖੋ ਭਾਵ ਪ੍ਰ: ਪ੍ਰਿ: ੧੭੮।

Digitized by Panjab Digital Library | www.panjabdigilib.org

ਪਰ ਚਿਤ ਭ੍ਰਮ ਸੰਨਿਪਾਤ ਲਛਣ, ਕਹਯੋ ਹੈ ਸੰਤਾਪ ਹੀ ॥੫੩॥

ਦਾਹ, ਪੀੜ, ਬਿਕਲਤਾ, ਭ੍ਰਮ, ਘੂਕੀ, ਅਚੇਤਤਾ, ਉਨਮਾਦ ਤੇ ਨੇਤ੍ਰ ਟੇਢੇ, ਇਹ ਤਾਪ ਮ੍ਰਿਤੂ ਕਰਨੇਹਾਰਾ ਹੈ, ਇਸ ਦੇ ਵਿਚ ਰੋਗੀ ਹੱਸਦਾ, ਗਾਉਂਦਾ, ਗਾਲੀਆਂ ਦਿੰਦਾ, ਬਕਦਾ ਰਹਿੰਦਾ ਹੈ। ਇਹ ਚਿਤ ਭ੍ਰਮ ਸੰਨਿਪਾਤ ਦੇ ਲੱਛਣ ਸੰਤਾਪ ਦੇਣਹਾਰੇ ਕਹੇ ਜਾਂਦੇ ਹਨ ॥੫੩॥

ਉਪਾਇ—ਪਰਿਹਾ

ਪਰਪਟ ਕਟੁਕੀ ਦਾਖ, ਜੁ ਪਥਯਾ ਦਾਰੁ ਹੀ।
ਮੋਥਾ ਅੰਮਲਤਾਸ, ਕਿਰਾਤੈ ਡਾਰਹੀ।
ਧਾਤ੍ਰੀ ਫਲ ਜੁ ਪਟੋਲ, ਕ੍ਵਾਥ ਕਰਿ ਪੀਜੀਏ।
ਚਿੱਤ ਭ੍ਰਮ ਸੰਨਿ ਜਾਇ, ਬਹੁਤ ਚਿਰ ਜੀਜੀਏ ॥੫੪॥

੧੬੯—ਪਾਪੜਾ, ਕੌੜ, ਮੁਣੱਕਾ, ਜੰਗ ਹਰੜਾਂ, ਦੇਵਦਾਰ, ਮੋਥਾ, ਅੰਬਲਤਾਸ; ਚਿਰੈਤਾ, ਆਵਲੇ ਤੇ ਪਟੋਲਪੱਤ੍ਰ, ਕ੍ਵਾਥ ਕਰਕੇ ਪਿਲਾਵੇ। ਚਿਤ ਭ੍ਰਮ ਸੰਨਿਪਾਤ ਨਾਸ਼ ਹੋਵੇ ਅਰ ਰੋਗੀ ਬਹੁਤ ਚਿਰ ਜੀਵੇ ॥ ੫੪ ॥

ਦਵੈਯਾ

ਹਰੜੈਂ ਪਰਪਟ ਕੁਸਮ ਦੁਪਹਰੀ, ਕਟੁਕੀ ਨੇਤਰਮਾਲਾ।
ਦਾਖ ਭਾਰਗੀ ਅੰਮਲਤਾਸਾ, ਕ੍ਵਾਥ ਕਰੀ ਮੁਖ ਘਾਲਾ।
ਜਾਵੈ ਤਾਪ ਮਿਟੈ ਚਿਤ ਭਰਮਾ, ਸੰਨਪਾਤ ਜਿਸ ਨਾਮੈ।
ਸ੍ਵਾਸ ਕਾਸ ਅਰੁ ਦਾਹ ਬਿਨਾਸੰ, ਜੋ ਰੋਗੈ ਸੋ ਜਾਮੈ ॥੫੫॥

੧੭੦—ਹਰੜ, ਪਿਤਪਾਪੜਾ, ਗੁਲਦੁਪਹਰੀ ਦਾ ਫੂਲ, ਕੌੜ, ਨੇਤ੍ਰਬਾਲਾ, ਮੁਣੱਕਾ, ਭੜਿੰਗੀ ਅਰ ਅੰਮਲਤਾਸ ਦਾ ਗੁੱਦਾ, ਇਹਨਾਂ ਦਾ ਕਾੜ੍ਹਾ ਕਰ ਕੇ ਪਿਲਾਵੇ ਤਾਂ ਚਿਤਭ੍ਰਮ, ਸੰਨਿਪਾਤ, ਤਾਪ, ਦਮਾ, ਖਾਂਸੀ ਅਤੇ ਸਭ ਤਰ੍ਹਾਂ ਦਾ ਦਾਹ ਦੂਰ ਹੋਵੇ ॥ ੫੫ ॥

ਅਵਲੇਹ (ਚਟਣੀ)—ਚੌਪਈ

ਪੀਪਰ ਆਨੀ ਮੇਲ ਕਿਰਾਤ। ਮਧੁ ਸੰਗੈ ਚਟਣੀ ਕਰ ਖਾਤ।
ਚਿੱਤ ਭਰਮ ਸੰਨਪਾਤ ਮਿਟਾਇ। ਮੇਘ ਬਿਨੋਦੈ ਦਈ ਬਤਾਇ ॥੫੬॥

੧੭੧—ਮਘ, ਚਿਰੈਤਾ ਕੁਟ ਛਾਣ ਸ਼ਹਿਤ ਮਿਲ ਕੇ ਚਟਣੀ ਕਰ ਰਖੇ, ਅਰ ਚਟਾਵੇ ਤਾਂ ਚਿਤ ਭ੍ਰਮ ਸੰਨਿਪਾਤ ਨਾਸ਼ ਕਰੇ ॥ ੫੬ ॥

ਨਸਵਾਰ—ਦੋਹਰਾ

ਮਧੂਕ ਸਾਰ ਰਸ ਪੀਪਰੀ, ਬੀਜੇ ਨਾਵਨ ਏਹ।
ਸੰਨਪਾਤ ਚਿਤ ਭਰਮ ਹੀ, ਜਾਵਤ ਛਿਨ ਮੈ ਤੇਹ ॥੫੭॥

੧੭੨—ਮਹੂਆ ਰਸ ਮਿਚ ਮਘ ਪੀਹ ਕੇ ਨਸਵਾਰ ਦੇਵੇ ਤਾਂ ਚਿਤ ਭ੍ਰਮ ਸੰਮਿਪਾਤ ਨਾਸ

Digitized by Panjab Digital Library | www.panjabdigilib.org

ਹੋਵੇ ॥ ੫੭ ॥

ਅੰਜਨ

ਪੀਪਰ ਮਰਚਾ ਬਚ ਕਹੀ, ਗੋਮੂਤਰ ਘਸ ਆਨ।
ਦ੍ਰਿਗ ਪਾਵੇ ਚਿੱਤ ਭ੍ਰਮ ਕੈ, ਛਿਨਮਹਿ ਹੋਇ ਕਲਯਾਨ॥੫੮॥

੧੭੩–ਮਘ, ਮਿਰਚ ਤੇ ਵਚ ਲੈ ਕ ਗਊਮੂਤ੍ਰ ਵਿਚ ਘਸਾ ਕੇ ਨੇਤ੍ਰੀ ਅੰਜਨ ਕਰੇ ਤਾਂ ਚਿਤ ਭ੍ਰਮ ਸੰਨਿਪਾਤ ਨਾਸ ਹੋਵੇ ॥ ੫੮ ॥

ਕ੍ਵਾਥ–ਚੌਪਈ

ਤਿਕਤਾ ਤ੍ਰਿਕੁਟਾ ਬਰਚ ਭੜਿੰਗੀ। ਨੈਪਾਲਾ ਸੁ ਬਿਸਾਲਾ ਚੰਗੀ।
ਤ੍ਰਿਫਲਾ ਬ੍ਰਹਮੀ ਰਹਸਣਿ ਨੰਤਾ। ਦਾਰੁ ਹਰਦ ਘਨ ਦਾਰਵੀ ਸੰਤਾ॥੫੯॥
ਤ੍ਰਾਹਿਮਾਨ ਬਾਂਸਾ ਜੁ ਕਟਾਰੀ। ਬੀਜ ਸੰਭਾਰੂ ਨਿੰਬ ਜੁ ਕਾਰੀ।
ਤ੍ਰਿਵੀ ਪਤੀਸ ਪਟੋਲ ਜੁ ਪਾਤ। ਪੁਸਕਰ ਕਕਰਾ ਸ੍ਰਿੰਗੀ ਘਾਤ ॥੬੦॥
ਛਿੰਨਾ ਇਟਸਿਟ ਪਾਟਲ ਲੇਇ। ਕੁੜਾ ਬੀਜ ਸਮ ਕ੍ਵਾਥ ਕਰੇਇ।
ਚਿੱਤ ਭਰਮ ਸੰਨਿ ਅੰਗੈ ਪੀਰ। ਭ੍ਰਮ ਉਨਮਾਦਿ ਦਸਨ ਕੀ ਭੀਰ ॥੬੧॥
ਬਿਕਲ ਪ੍ਰਲਾਪ ਮਿਟੈ ਬਕਬਾਇ। ਸਿੰਘ ਦੇਖ ਜਿਮ ਗਜ ਨਸ ਜਾਇ।
ਰਾਮ ਨਾਮ ਅਘ ਸਾਰੇ ਕਟੈ। ਚਿਤ ਭ੍ਰਮਾ ਯਾਂਤੇ ਤਿਮ ਹਟੈ ॥੬੨॥

੧੭੪–ਕੌੜ, ਮਘ, ਮ੍ਰਿਚ, ਸੁੰਢ, ਵਚ, ਭੜਿੰਗੀ ਚਿਰੈਤਾ, ਤ੍ਰਾਜੀ ਤੁੰਮੇ ਦੀ ਜੜ੍ਹ, ਹਰੜ, ਬਹੇੜਾ, ਆਵਲੇ, ਬ੍ਰਹਮੀ, ਰਾਸਨਾ, ਜਵਾਹਾਂ, ਦੇਵਦਾਰ ਹਲਦੀ, ਮੋਥਾ, ਦਾਰਹਲਦੀ, ਤ੍ਰਾਯਮਾਣ, ਬਾਂਸਾ, ਕੰਡਿਆਰੀ, ਸੰਭਾਲੂ ਦੇ ਬੀਜ, ਨਿੰਮ ਦੀ ਛਿੱਲ, ਤ੍ਰਿਵੀ, ਪਤੀਸ ਪਟੋਲਪਤ੍ਰ, ਪੁਹਕਰਮੂਲ, ਕਕੜਸਿੰਗੀ, ਗਿਲੋਯ, ਇਟਸਿਟ, ਗੁਲਾਬ ਦੇ ਫੁਲ ਅਰ ਮਿਠੇ ਇੰਦ੍ਰਜੌਂ, ਸਭੋ ਇਕ ਬਰਾਬਰ ਲੈਕੇ ਇਸ ਵਿਚੋਂ ਇਕ ਵਾਰ ਵਾਸਤੇ ੪ ਤੋਲੇ ੬੪ ਤੋਲੇ ਜਲ ਵਿਚ ਪਕਾਵੇ, ਜਦ ੮ ਤੋਲੇ ਬਾਕੀ ਰਹੇ ਤਾਂ ਕੋਸਾ ਜਿਹਾ ਪਿਲਾਵੇ। ਇਸ ਨਾਲ ਚਿਤ ਭ੍ਰਮ ਸੰਨਿਪਾਤ, ਅੰਗਾਂ ਦੀ ਪੀੜ, ਭ੍ਰਮ ਉਨਮਾਦ, ਦੰਦਾਂ ਦੀ ਪੀੜ, ਬਿਕਲਤਾ, ਅਨਰਥ ਬੋਲਨਾ ਤੇ ਬਕਬਾਦ ਇਹ ਸਭ ਇਸ ਤਰ੍ਹਾਂ ਨਾਸ ਹੋ ਜਾਂਦੇ ਹਨ, ਜਿਸ ਤਰ੍ਹਾਂ ਸ਼ੇਰ ਤੋਂ ਹਾਥੀ ਨੱਸ ਜਾਂਦੇ ਹਨ ॥ ੫੯ ਤੋਂ ੬੨ ॥

ਸੀਤਾਂਗ ਲੱਛਣ–ਪਰਿਹਾ

ਸੀਤ ਸਲੇਖਮ ਸ੍ਵਾਸ, ਕਾਸ ਅਤਿ ਪਯਾਸਹੀ।
ਅੰਗ ਸਿਥਲ ਬਮਿ ਛੀਕਾਂ, ਤਨ ਤਪ ਤਾਸਹੀ।
ਗੁੱਦਾ ਭ੍ਰਸਟ ਅਤਿ ਹੋਇ, ਮੂਰਛਾ ਜਾਨਿਯੇ।
ਸਕਲ ਸੀਤ ਤਨ ਹੋਇ, ਸੀਤਾਂਗ ਬਖਾਨਿਯੇ ॥੬੩॥

Digitized by Panjab Digital Library | www.panjabdigilib.org

ਸਰਦੀ, ਕਫ ਸ੍ਵਾਸ ਕਾਸ ਬਹੁਤੀ ਤਜਾਸ ਅੰਗਸਿਥਲ ਕੈ ਛਿਕਾਂ ਸਰੀਰ ਨੂੰ ਤਾਪ ਅਤੀਸਾਰ, ਬਹੁਤੀ ਮੂਰਛਾ ਸਾਰਾ ਸਰੀਰ ਠੰਢਾ ਪੈ ਜਾਵੇ, ਇਹ ਸੀਤਾਂਗ ਸੰਨਿਪਾਤ ਦੇ ਲੱਛਣ ਹਨ ॥ ੬੩ ॥

ਉਪਾਇ—ਦੋਹਰਾ

ਮੀਠਾ ਭਾਗ ਜੁ ਏਕ ਲੈ, ਬੰਗ ਭਾਗ ਦੋ ਦੇਇ।
ਮਿਰਚਾਂ ਖਟ ਜੁ ਬਖਾਨੀਏ, ਦ੍ਵਾਦਸ ਫਟਕਰਿ ਲੇਇ ॥੬੪॥
ਪੀਸੀ ਰੱਤੀ ਚਾਰ ਲੈ, ਅਦਰਕ ਰਸ ਮਹਿ ਘਾਲ।
ਸੀਤਬਾਤ ਮੂਰਛਾ ਬਿਕਲ, ਸੰਨਿ ਸੀਤਾਂਗੈ ਟਾਲ ॥੬੫॥

੧੭੫–ਮਿਠਾ ਤੇਲੀਆ ੧ ਭਾਗ, ਮ੍ਰਿਤਵੰਗ ੨ ਭਾਗ, ਮ੍ਰਿਚਾਂ ੬ ਭਾਗ ਅਤੇ ੧੨ ਭਾਗ ਫਟਕੜੀ ਸਭੇ ਲੈਕੇ ਪੀਹਕੇ ਚਾਰ ਰੱਤੀਆਂ ਅਦ੍ਰਕ ਦੇ ਰਸ ਵਿਚ ਘੋਲ ਕੇ ਦੇਵੇ ਤਾਂ ਸੀਤਬਾਤ, ਮੂਰਛਾ, ਬਿਕਲਤਾਈ ਅਰ ਸੀਤਾਂਗ ਸੰਨਿਪਾਤ ਇਹ ਸਭ ਨਾਸ ਕਰੇ ॥ ੬੪ ॥ ੬੫ ॥

ਗੋਲੀ

ਪਾਰਾ ਇਕ ਗੰਧਕ ਜੁਗਮ, ਮੀਠਾ ਗੰਧ ਸਮਾਨ।
ਸਹ ਤੈ ਦੂਨਾ ਗੁੜ ਗਹੋ, ਗੁਟਕਾ ਕੋਕਨ ਮਾਨ ॥੬੬॥
ਪ੍ਰਾਤ ਸਾਂਝ ਨਿਤ ਖਾਈਏ, ਸੰਨਿ ਜਾਇ ਸੀਤਾਂਗ।
ਮੂਰਛਾ ਤਜ ਚੇਤਨ ਲਹੈ, ਰੋਗੀ ਹੋਵੈ ਚਾਗ ॥੬੭॥

੧੭੬–ਪਾਰਾ ੧ ਭਾਗ, ਗੰਧਕ ੨ ਭਾਗ, ਮਿਠਾ ਤੇਲੀਆ ਗੰਧਕ ਦੇ ਸਮਾਨ ਤੇ ਸਭ ਨਾਲੋਂ ਦੂਣਾ ਗੁੜ ਪਾ ਕੇ ਕੋਕਨਬੇਬ ਪ੍ਰਮਾਣ ਬੰਨ੍ਹ ਲਵੇ, ਦੋਨੋਂ ਵਕਤ ਇਕ ਇਕ ਖਾਵੇ ਤਾਂ ਸੀਤਾਂਗ ਸੰਨਿਪਾਤ ਮੂਰਛਾ ਦੂਰ ਕਰੇ ਚੈਤੰਨਤਾ ਹੋਵੇ ॥ ੬੬ ॥ ੬੭ ॥

ਪੰਚਾਨਨ ਗੋਲੀ

ਗੰਧਕ ਦੁਇ ਇਕ ਸੂਤ ਲੈ, ਮੀਠਾ ਏਕ ਪ੍ਰਮਾਨ।
ਮੋਥਾ ਚਿੱਤ੍ਰਾ ਤ੍ਰਿਕੁਟ ਹੀ, ਬਾਇ ਬਿੜੰਗ ਸੁ ਠਾਨ ॥੬੮॥
ਤ੍ਰਿਫਲਾ ਸਭ ਸਮ ਆਨਿਯੇ, ਦੂਨਾ ਗੁੜ ਸਭ ਤੇਇ।
ਗੁੰਜਾ ਗੋਲੀ ਕਰਿ ਭਖੋ, ਤੁਲਸੀ ਲੌਂਗ ਠਵੇਇ ॥੬੯॥
ਖੱਧ ਕੁਸਟ ਅਤਿਸਾਰ ਹੀ, ਗੁਲਮ ਸੂਲ ਸੀਤਾਂਗ।
ਕਫ ਖਾਂਸੀ ਕ੍ਰਿਮ ਜਾਤਿ ਹੈ, ਰੋਗੀ ਹੋਵਤ ਚਾਂਗ ॥੭੦॥

੧੭੭–ਗੰਧਕ ੮ ਮਾਸੇ, ਪਾਰਾ ੪ ਮਾਸੇ, ਮਿਠਾ ਤੇਲੀਆ ੪ ਮਾਸੇ, ਮੋਥਾ, ਚਿਤ੍ਰਾ ਮਘ, ਮ੍ਰਿਚ, ਸੁੰਢ, ਬਾਇਬੜਿੰਗ, ਹਰੜ, ਬਹੇੜਾ ਤੇ ਆਵਲੇ, ਇਹ ਸਭ ਪਿਛਲੀਆਂ ਦਵਾਇਆਂ ਦੇ ਸਮਾਨ ਅਤੇ ਸਭਨਾਂ ਨਾਲੋਂ ਦੂਣਾ ਗੁੜ ਪਾਕੇ ਰੱਤੀ ਪ੍ਰਮਾਣ ਦੀਆਂ ਗੋਲੀਆਂ ਬੰਨ੍ਹ ਰਖੇ ਅਰ ਫਿਰ ਲੌਂਗ ਤੇ ਤੁਲਸੀ ਦੇ ਰਸ

Digitized by Panjab Digital Library | www.panjabdigilib.org

ਨਾਲ ਖੁਲਾਯਾ ਕਰੇ, ਪੇਟ ਦੀ ਰੁਕਾਵਟ ਅਤੀਸਾਰ, ਗੋਲਾ, ਸੂਲ, ਸੀਤਾਂਗ, ਸੰਨਿਪਾਤ, ਕਫ ਅਤੇ ਖਾਂਸੀ ਅਤੇ ਕ੍ਰਿਮਿ ਇਤਨੇ ਰੋਗ ਨਾਸ ਕਰੇ ॥ ੬੮ ॥ ੬੯ ॥ ੭੦ ॥

ਬ੍ਰਹਮੀ ਗੋਲੀ—ਦਵੈਯਾ

ਬ੍ਰਹਮੀ ਤਜ ਲਵੰਗ ਕੇਸਰਾ, ਪੀਪਰ ਪੀਪਰ ਮੂਰਾ।
ਸੁੰਠ ਸਤਾਵਰ ਜਾਤੀਫਲ ਲੈ, ਜਾਵਤ੍ਰੀ ਲੈ ਪੂਰਾ।
ਮਿਰਚ ਪੁਸਕਰਾ ਸੰਖਾਹੋਲੀ, ਬਰਚ ਕਿਰਾਤ ਜੁ ਏਲਾ।
ਗਜਕੇਸਰ ਅਜਮੋਦ ਚਿਤਰਾ, ਅਜਵਾਇਨ ਲੈ ਮੇਲਾ ॥੭੧॥
ਪਾਨ ਜਟਾ ਸੁ ਤਮਾਲੈ ਪੱਤ੍ਰ, ਸੋਵੈ ਸਾਰ ਮਿਲਾਵੈ।
ਅਕਰਕਰਾ ਅਭਰਕ ਲੈ ਮਾਰਯ, ਤੇਜਬਲਾ ਸਮ ਪਾਵੈ।
ਸਭ ਤੇ ਦੂਣੀ ਦਾਖ ਮੁਨਕਾ, ਕੂਟੀ ਗੋਲੀ ਤੰਕੰ।
ਖਾਇ ਪ੍ਰਭਾਤਹਿ ਸੀਤਾਂਗ ਭਾਗੈ, ਸ੍ਵਾਸ ਕਾਸ ਵਾਇ ਵੰਕੰ ॥੭੨॥

੧੭੮—ਬ੍ਰਹਮੀ, ਤਜਸਕ, ਲੌਂਗ, ਕੇਸਰ. ਮਘ, ਪਿਪਲਾਮੂਲ, ਸੁੰਢ, ਸਤਾਵਰ, ਜਾਫਲ, ਜਾਵਿਤ੍ਰੀ ਗੁਗਲ, ਮ੍ਰਿਚ ਪੁਹਕਰਮੂਲ, ਭੇੜਭੜਿੰਗ, ਵਚ, ਚਿਰੈਤਾ, ਇਲਾਚੀ, ਨਾਗਕੇਸਰ, ਅਜਮੋਦ, ਚਿਤ੍ਰਾ, ਅਜਵਾਯਣ, ਪਾਨ ਦੀ ਜੜ੍ਹ, ਤਮਾਲ ਪੱਤ, ਸੋਏ, ਮ੍ਰਿਤਲੋਹਾ, ਅਕਰਕਰਾ, ਅਭ੍ਰਕ ਦੀ ਭਸਮ ਅਰ ਤੇਜਬਲ ਇਹ ਸਭ ਇਕ ਸਮਾਨ, ਸਭ ਨਾਲੋਂ ਦੂਣੀ ਸੌਗੀ ਯਾ ਮੁਣੱਕਾ ਪਾ ਕੇ ਕੁਟ ਕੇ ਗੋਲੀ ੪ ਮਾਸੇ ਦੀ ਕਰ ਕੇ ਪ੍ਰਾਤਾ ਖੁਲਾਯਾ ਕਰੇ ਤਾਂ ਸੀਤਾਂਗ, ਸਨਿਪਾਤ ਸ੍ਵਾਸ ਕਾਸ ਅਤੇ ਵਿਗੜੀ ਹੋਈ ਵਾਯੂ ਸਭੇ ਨਾਸ਼ ਕਰੇ ॥ ੭੧ ॥ ੭੨ ॥

ਧੂੜਾ—ਚੌਪਈ

ਸੋਏ ਤਿਕਤਾ ਬਚਾ ਕਿਰਾਤ। ਕਟੁਚਲ ਮੇਲੀ ਧੂਰੋ ਗਾਤ।
ਸੰਨਪਾਤ ਸੀਤਾਂਗ ਮਿਟਾਇ। ਚੂਰਨ ਪੀਸੋ ਮਨ ਚਿਤ ਲਾਇ ॥੭੩॥

੧੭੯—ਸੌਏ, ਕੌੜ, ਵਚ, ਚਿਰੈਤਾ ਤੇ ਕਾਯਫਲ ਬਰੀਕ ਪੀਹ ਕੇ ਸ਼ਰੀਰ ਪਰ [illegible] ਸੰਨਿਪਾਤ ਨਾਸ ਹੋਵੇ ॥੭੩॥

ਸੁੰਠ ਪੀਪਰੀ ਮਰਚ ਕਿਰਾਤ। ਕੁਠ ਸੁ ਕੜੂ ਲੋਧ੍ਰ ਲੈ ਘਾਤ।
ਇੰਦ੍ਰ ਜਵਹਿ ਪੱਥਯਾ ਸੁੰਢਿ ਪਾਇ। ਪੀਸੀ ਰੋਗੀ ਤਨ ਧੂਰਾਇ ॥੭੪॥
ਸੀਤ ਤਾਪ ਅਰੁ ਸ੍ਵੇਦ ਸੀਤਾਂਗ। ਕੰਠ ਰੋਧ ਮਰਦਨ ਤੇ ਚਾਂਗ।
ਸਾਧਜ ਭਾਵ ਛੂਟਤਿ ਤਿਯ ਸੰਗ। ਔਖਧ ਦਰਸਨ ਤੇ ਰੁਜ ਭੰਗ ॥੭੫॥

੧੮੦—ਸੁੰਢ, ਮਘ, ਮ੍ਰਿਚ, ਚਿਰੇਪਾ, ਕੁਠ, ਕੜੂ, ਲੋਧ, ਇੰਦ੍ਰਜੌਂ, ਹਰੜ ਤੇ ਸੁੰਢ ਪੀਹ ਕੇ ਸਰੀਰ ਪਰ ਧੂੜੇ ਤਾਂ ਮੀਤਤਾਪ, ਮੁੜ੍ਹਕਾ, ਸੀਤਅੰਗ, ਕੰਠ ਦਾ ਰੁਕਣਾ, ਟਿਹ ਚਾਰ ਰੋਗ ਇਉਂ ਨਾਸ ਹੁੰਦੇ ਹਨ, ਜਿਉਂ ਇਸਤ੍ਰੀ ਦੀ ਸੰਗਤ ਤੇ ਯਤ ਨਾਸ ਹੁੰਦਾ ਹੈ ॥੭੪॥੭੫॥

Digitized by Panjab Digital Library | www.panjabdigilib.org

ਚਣਕ ਖੀਲ ਗੋਹੇ ਕੀ ਰਾਖ। ਕਟੁਫਲ ਵਚਾ ਕਿਰਾਤ ਸੁ ਭਾਖ।
ਹਾਥੀ ਇਸਟਾ ਪੀਸੀ ਬੂਰ। ਰੋਗ ਸੀਤਾਂਗਹਿ ਕਰਹੈ ਚੂਰ ॥੭੬॥

੧੮੧–ਛੋਲਿਆਂ ਦੀਆਂ ਖਿੱਲਾਂ, ਗੋਹੇ ਦੀ ਭਸਮ, ਕਾਯਫਲ, ਵਚ ਚਿਰੈਤਾ, ਹਾਥੀ ਦੀ ਲਿੱਦ, ਇਹ ਸਭ ਬਰੀਕ ਕਰਕੇ ਧੂੜਾ ਅੰਗਾਂ ਪਰ ਪਾਵੇ ਤਾਂ ਸੀਤਾਂਗ ਸੰਨਿਪਾਤ ਚਕਨਾਚੂਰ ਹੋਵੇ ॥੭੬॥

ਕੁੰਕਮਾਦਿ ਗੋਲੀ

ਕੇਸਰ ਪੀਪਰ ਅਕਰਕਰਾਇ। ਰਾਮਸੈਨ ਅਰੁ ਲੌਂਗ ਠਵਾਇ।
ਅਦਰਕ ਰਸ ਸੋ ਗੋਲੀ ਕਰੈ। ਕੋਕਨ ਬੇਰ ਬਰਾਬਰ ਧਰੈ ॥੭੭॥
ਸੰਨਪਾਤ ਸੀਤਾਂਗ ਮਿਟਾਇ। ਮੂਰਛਾ ਤੰਦ੍ਰਾ ਭੁਕਤੈ ਜਾਇ।
ਕਫ ਬਾਦੀ ਉਨਮਾਦੈ ਹਰੈ। ਕੁੰਕਮਾਦਿ ਏਤੇ ਗੁਨ ਕਰੈ ॥੭੮॥

੧੮੨–ਕੇਸਰ, ਮਘ, ਅਕਰਕਰਾ, ਚਿਰੈਤਾ ਅਤੇ ਲੌਂਗ ਇਹ ਸਭ ਸਮਾਨ ਭਾਗ ਲੈ ਕੇ ਅਦ੍ਰਕ ਦੇ ਰਸ ਨਾਲ ਘੋਟ ਕੇ ਗੋਲੀਆਂ ਕੋਕਨਬੇਰ ਬਰਾਬਰ ਬਣਾ ਰਖੇ। ਖੁਲਾਵੇ ਤਾਂ ਸੀਤਾਂਗ, ਸੰਨਿਪਾਤ, ਮੂਰਛਾ ਤੰਦ੍ਰਾ ਅਰ ਕਫ, ਬਾਦੀ, ਉਨਮਾਦ ਸਭ ਨੂੰ ਨਾਸ਼ ਕਰੇ ॥੭੭॥੭੮॥

ਲਵੰਗਾਦਿ ਚੂਰਣ

ਲੌਂਗ ਅਕਰਕਰ ਤ੍ਰਯੂਖਨ ਪਾਇ। ਕਨਕ ਬੀਜ ਪੀਸੋ ਸ਼ਮ ਭਾਇ।
ਗੁੰਜ ਏਕ ਸੀਤਾਂਗ ਗਵਾਇ। ਤਾਪਸ੍ਵੇਦ ਤਨ ਰਹਤ ਨ ਸਾਇ ॥੭੯॥

੧੮੩–ਲੌਂਗ, ਅਕਰਕਰਾ, ਮਘ, ਮ੍ਰਿਚ, ਸੁੰਢ ਤੇ ਧਤੂਰੇ ਦੇ ਬੀਜ ਸਮਾਨ ਭਾਗ ਲੈ ਕੇ ਬਰੀਕ ਪੀਹੇ ਅਰ ਚੂਰਣ ਬਣਾ ਰਖੇ। ਇਸ ਵਿਚੋਂ ਫੇਰ ਇਕ ਰਤੀ ਪ੍ਰਮਾਣ ਖੁਆਵੇ ਤਾਂ ਸੀਤਾਂਗ, ਸੰਨਿਪਾਤ, ਤਾਪ, ਪਸੀਨਾ ਸਭ ਨਸ਼ਟ ਕਰੇ ॥੭੯॥

ਲਘੁ ਬ੍ਰਹਮੀ ਗੋਲੀ

ਕੁੰਕਮ ਪੀਪਰ ਮੂਰ ਮੰਗਾਇ। ਕਣਾ ਅਕਰਕਰ ਲੌਂਗ ਠਵਾਇ।
ਦੁਗਨੀ ਦਾਖਹਿ ਗੋਲੀ ਕਰੋ। ਦੋਨੋ ਕਾਲਹਿ ਖਾਵਨ ਧਰੋ ॥੮੦॥
ਸੀਤ ਗਾਤ ਅਤਿ ਸੀਤ ਜੁ ਤਾਪ। ਬਾਤ ਚੌਰਾਸੀ ਮਿਟ ਸੰਤਾਪ।
ਲਘੁ ਬ੍ਰਹਮੀ ਯਾਹੀ ਕਾ ਨਾਮ। ਕਰਤੀ ਜਗ ਮੈ ਬਹੁਤੇ ਕਾਮ ॥੮੧॥

੧੮੪–ਕਸਰ, ਪਿਪਲਾਮੂਲ, ਮਘ, ਅਕਰਕਰਾ ਤੇ ਲੌਂਗ ਦੂਣੀ ਦਾਖ ਅਰਥਾਤ ਮੁਣੱਕਾ ਪਾਕੇ ੪ ਮਾਸੇ ਦੀ ਗੋਲੀ ਬੰਨ੍ਹ ਰਖੇ, ਫਿਰ ਗੋਲੀ ਦੋਨੋਂ ਵਕਤ ਖੁਆਯਾ ਕਰੇ ਤਾਂ ਸਰੀਰ ਦਾ ਠਢੇ ਰਹਿਣਾ, ਬਹੁਤੇ ਸੀਤ ਦਾ ਲਗਣਾ, ਸੀਤ ਤਾਪ ਅਤੇ ਚੌਰਾਸੀ ਪ੍ਰਕਾਰ ਦੀ ਵਾਯੂ ਸਭਨਾਂ ਨੂੰ ਨਾਸ ਕਰੇ, ਇਸ ਦਾ ਨਾਮ "ਲਘੂ ਬ੍ਰਹਮੀ ਗੋਲੀ" ਇਹ ਬਹੁਤੇ ਰੋਗਾਂ ਪਰ ਕੰਮ ਦੇਣਹਾਰੀ ਹੈ ॥੮੦॥੮੧॥

ਰੋਟੀ–ਚੌਪਈ

Digitized by Panjab Digital Library | www.panjabdigilib.org

ਅਕਰਕਰਾ ਕੁਠ ਰਾਈ ਜਾਨ। ਕਨਕ ਬੀਜ ਕਟੁਫਲ ਕੋ ਠਾਨ।
ਮਿਠਾ ਮੇਥੀ ਪੁਸਕਰਮੂਰ। ਲਸਨ ਮਗਾਵੇ ਪਲ ਪਲ ਚੂਰ ॥੯੨॥
ਮਾਖ ਚੂਨ ਪਲ ਪੰਚ ਪ੍ਰਮਾਨ। ਸਭੀ ਪੀਸ ਕਪੜੇ ਮੈ ਛਾਨ।
ਗੋਮੂਤ੍ਰ ਸੋ ਰੋਟੀ ਕਰੇ। ਸੇਕ ਬਿਨਾ ਨਿਸ ਸੀਸ ਸੁ ਧਰੇ ॥੯੩॥
ਸੀਸ ਰੋਗ ਮਿਰਗੀ ਉਨਮਾਦਿ। ਸੰਨਿਪਾਤ ਸੀਤਾਂਗ ਜੁ ਬਾਦ।
ਮੂਰਛਾ ਔਰ ਮੂਕਤ ਨਸਾਇ। ਸੀਸ ਬਾਤ ਸਾਰੀ ਨਸ ਜਾਇ ॥੯੪॥

੧੯੫-ਅਕਰਕਰਾ, ਕੁੱਠ, ਰਾਈ, ਧਤੂਰੇ ਦੇ ਬੀਜ, ਕਾਯਫਲ, ਮਿਠਾ ਤੇਲੀਆ, ਮੇਥੀ ਦੇ ਬੀਜ, ਪੁਹਕਰਮੂਲ ਅਤੇ ਲਸਨ ਇਹ ਸਭ ੪-੪ ਤੋਲੇ, ਮਹਾਂ ਦਾ ਆਟਾ ੨੦ ਤੋਲੇ ਲਵੇ। ਸਭਨਾਂ ਨੂੰ ਬਰੀਕ ਕਰਕੇ ਕਪੜੇ ਵਿਚ ਛਾਣ ਲਵੇ, ਫਿਰ ਗੋਕੇ ਮੂਤ੍ਰ ਨਾਲ ਰੋਟੀ ਪਕਾ ਕੇ ਬਿਨਾਂ ਸੇਕੇ ਤੋਂ ਰਾਤ ਨੂੰ ਸਿਰ ਤੇ ਬੰਨ੍ਹੇ ਤਾਂ ਸਿਰ ਦੇ ਰੋਗ, ਮ੍ਰਿਗੀ, ਮਾਲੀਖੋਲੀਆ, ਸੀਤਾਂਗ, ਸੰਨਿਪਾਤ, ਵਾਯੂ. ਮੂਰਛਾ, ਗੁੰਗਪੁਣਾ ਅਤੇ ਸਿਰ ਦੀ ਸਭ ਤਰ੍ਹਾਂ ਵਾਯੂ ਤਮਾਮ ਨਾਸ ਕਰੇ।੯੨।੯੩।੯੪।

ਦਸ਼ ਮੂਲ ਕ੍ਵਾਥ-ਚੌਪਈ

ਬਿੱਲ ਕੱਥ ਅਰਨੀ ਸਯੋਨਾਕ। ਪਾਟਲ ਸਿਥਰਾ ਕੁਬੇਰਨ ਥਾਕ।
ਪ੍ਰਿਸਟਪਰਨਿ ਤ੍ਰੈ ਕੰਟਕ ਜਾਨ। ਦੋਇ ਕੰਟਾਰੀ ਦਿਗ ਜੜਮਾਨ ॥੯੫॥
ਕ੍ਵਾਥ ਕਰੀ ਪੀਪਰ ਭੁਰਕੇਇ। ਸੰਨਪਾਤ ਸੀਤਾਂਗ ਨਸੇਇ।
ਛਰਦੇ ਤੰਦ੍ਰਾ ਪਾਰਸ ਸੂਲ। ਸ੍ਵਾਸ ਕਾਸ ਕਾ ਭਾਜਤ ਮੂਲ ॥੯੬॥

੧੯੬-ਬਿਲਗਿਰੀ, ਅਰਣੀ, ਸਿਓਨਾਕ, ਗੁਲਾਬ, ਸਾਲਪ੍ਰਣੀ, ਕਨੇਰ ਪ੍ਰਿਸਟਪਣੀ, ਭਖੜਾ ਤੇ ਦੋਨੋਂ ਕੰਡਿਆਰੀਆਂ ਇਹ ਦਸ ਮੂਲ ਹਨ, ਇਨ੍ਹਾਂ ਦਾ ਕਾੜ੍ਹਾ ਕਰ ਕੇ ਪਿਲਾਵੇ, ਉਪਰ ਮਘਾਂ ਧੂੜ ਲਵੇ ਤਾ ਸੀਤਾਂਗ, ਸੰਨਿਪਾਤ, ਉਲਟੀਆਂ, ਤੰਦ੍ਰਾ, ਪਸਲੀ ਦੀ ਪੀੜ, ਤਾਪ, ਸ੍ਵਾਸ ਤੇ ਖਾਂਸੀ ਆਦਿ ਦੀ ਜੜ੍ਹ ਕਟੀ ਜਾਂਦੀ ਹੈ॥ ੯੫ ॥ ੯੬ ॥

ਜਾਵਕ ਫਟਕਰਿ ਕ੍ਰਿਸਨਾ ਜੀਰ। ਤਿਕਤ ਕਿਰਾਤ ਬਚਾ ਲੈ ਬੀਰ।
ਕੌੜੀ ਤੂੰਬੀ ਬੀਜ ਮਗਾਇ। ਜੀਰਨ ਗੋਹਾ ਰਾਖ ਰਲਾਇ ॥੯੭॥
ਪੀਸੀ ਲੈ ਜੋ ਬਸਨੈ ਛਾਨ। ਰੁਜੀਗਾਤ ਧੂਰੇ ਸੁਭ ਜਾਨ।
ਸ੍ਵੇਦ ਤਾਪ ਸੀਤਾਂਗ ਨਸਾਇ। ਉੱਤਮ ਧੂਰਾ ਦੀਆ ਬਤਾਇ ॥੯੮॥

੧੯੭-*ਕੁਲਥ, ਫਟਕੜੀ; ਮਘ, ਜੀਰਾ ਕੌੜ, ਚਿਰੈਤਾ, ਵਚ †ਪੁਹਕਰਮੂਲ, ਕੌੜੀ ਤੂੰਬੀ ਦੇ ਬੀਜ, ਅਤੇ ਪੁਰਾਣੇ ਗੋਹੇ ਦੀ ਭਸਮ, ਇਨ੍ਹਾਂ ਸਭਨਾਂ ਨੂੰ ਪੀਸ ਕੇ ਕਪੜ ਛਾਣ ਕਰੇ ਅਰ ਫਿਰ ਰੋਗੀ ਦੇ ਸਰੀਰ ਤੇ ਧੂੜੇ ਤਾਂ ਮੁੜਕਾ, ਸੰਨਿਪਾਤ, ਸੀਤਾਂਗ ਤੇ ਤਾਪ ਦੂਰ ਹੁੰਦੇ ਹਨ ।।੯੭।।੯੮।।

---

*ਜਾਵਕ-ਕੁਲਥ ਹੈ, ਦੇਖੋ ਸਾਲਿਗ੍ਰਾਮ ਕੋਸ਼ ਪ੍ਰਿ: ੩੨
†ਬੀਰ-ਪੁਹਕਰਮੂਲ ਹੈ, ਦੇਖੋ ਅਮਰ ਕੋਸ਼ ਤੇ ਭਾਵ ਪ੍ਰਕਾਸ਼

Digitized by Panjab Digital Library | www.panjabdigilib.org

ਧੂੜਾ—ਚੌਪਈ

ਕਟੁਫਲ ਸੇਂਧਾ ਤ੍ਰਿਕੁਟ ਕਿਰਾਤ। ਕ੍ਰਿਸਨ ਜੀਰ ਬਿਚ ਮੇਲੀ ਬਾਤ।
ਪੀਸੀ ਧੂੜਾ ਗਾਤਹਿ ਪਾਇ। ਸ੍ਵੇਦ ਸੰਨਿ ਸੀਤਾਂਗ ਮਿਟਾਇ ॥੮੯॥

੧੮੮-ਕਾਯਨਲ, ਸ਼ੇਂਧਾਲੂਣ, ਮਘ, ਮ੍ਰਿਚ, ਸੁੰਢ, ਚਿਤਰਾ ਤੇ ਕਾਲਾ ਜੀਰਾ ਬਰੀਕ ਕਪੜ ਛਾਣ ਕਰਕੇ ਸਰੀਰ ਪਰ ਧੂੜੇ ਤਾਂ ਮੁੜਕਾ, ਸੰਨਿ, ਸੀਤਾਂਗ ਦਾ ਨਾਸ ਹੁੰਦਾ ਹੈ ॥੮੯॥

ਧੂੜਾ

ਭਾਗ ਅਸਟ ਧੂਰਤ ਫਲ ਰਾਖ। ਮਰਚ ਆਣਕੈ ਚਾਰ ਸੁ ਭਾਖ।
ਏਕ ਭਾਗ ਮਿੱਠਾ ਬਿਚ ਪਾਇ। ਚੂਰਨ ਕੀਜੈ ਪੀਸ ਛਨਾਇ ॥੯੦॥
ਗਾਤਨ ਪਰ ਮਰਦਨ ਇਸ ਕਰੋ। ਸੰਨਪਾਤ ਸੀਤਾਂਗੈ ਹਰੋ।
ਸ੍ਵੇਦ ਤਾਪ ਬਾਤ ਕਫ ਮਿਟੇ। ਰਾਮ ਨਾਮ ਤੇ ਜਿਮ ਅਘ ਘਟੇ ॥੯੧॥

੧੮੯-ਧਤੂਰੇ ਦੇ ਫਲ ਦੀ ਰਾਖ ੮ ਭਾਗ, ਮਿਰਚ ੪ ਭਾਗ ਤੇ ਤੇਲੀਆ ੧ ਭਾਗ ਸਭ ਨੂੰ ਪੀਹ ਕੇ ਚੂਰਨ ਕਰ ਲਵੇ, ਫਿਰ ਸਰੀਰ ਪਰ ਧੂੜੇ ਤਾਂ ਸੀਤਾਂਗ ਸੰਨਿਪਾਤ, ਮੁੜ੍ਹਕਾ, ਤਾਪ, ਕਫ ਤੇ ਬਾਤ ਸਭ ਨਾਸ ਕਰੇ ॥੯੦॥੯੧॥

ਮਹਾਂ ਜੀਰਕਾਦਿ ਗੁਟੀ

ਸੇਤ ਅਸੇਤ ਜੁ ਪਲ ਪਲ ਜੀਰੇ। ਅਜਵਾਨੀ ਕਾਲੌਂਜੀ ਭੀਰੇ।
ਪਲ ਪਲ ਮਾਤ੍ਰਾ ਇਨਕੀ ਲੇਇ। ਏਲਾ ਲੌਂਗ ਕਣਾ ਸਭ ਦੇਇ ॥੯੨॥
ਮਿਰਚ ਅਕਰਕਰ ਪਲ ਪਲ ਜਾਨ। ਖਸਾ ਬੀਜ ਬਿਸ੍ਵਾ ਕੋ ਠਾਨ।
ਤੀਨ ਤੀਨ ਪਲ ਦੋਨੋਂ ਕਹੇ। ਕਣਾ ਮੂਰ ਪਲਮਾਤ੍ਰ ਸੁ ਲਹੇ ॥੯੩॥
ਪਲ ਬਿਸੰਤ ਗੁੜ ਯਾਮੈ ਪਾਇ। ਕੁੜਵ ਏਕ ਗੋ ਘ੍ਰਿਤ ਬਿਚ ਥਾਇ।
ਕਰਖ ਏਕ ਗੋਲੀ ਇਹੁ ਕਰੋ। ਦੋਨੋਂ ਬਖਤੇ ਖਾਵਨ ਧਰੋ ॥੯੪॥
ਸੰਨਪਾਤ ਸੂਕਤ ਜੋ ਸੀਤ। ਅਸਥਿਸੂਰ ਅਰੁ ਦਾਹ ਬਿਦੀਤ।
ਸੀਤ ਤਾਪ ਸੀਤਾਂਗ ਮਿਟਾਇ। ਜੀਰਕਾਦਿ ਇਹ ਬਟੀ ਕਹਾਇ ॥੯੫॥

੧੯੦-ਕਾਲਾ ਤੇ ਚਿੱਟਾ ਦੋਨੋਂ ਜੀਰੇ, ਅਜਵਾਇਣ, ਕਲੌਂਜੀ, ਇਲਾਚੀ, ਮਘ, ਮ੍ਰਿਚ, ਅਕਰਕਰਾ ਇਹ ਸਭ ੪-੪ ਤੋਲੇ, ਖੱਸ ਦੇ ਬੀਜ ਤੇ ਸੁੰਢ ਇਹ ੧੨-੧੨ ਤੋਲੇ। ਪਿਪਲਾਮੂਲ ੪ ਤੋਲੇ, ਗੁੜ ੧ ਸੇਰ ਪੱਕਾ ਤੇ ਗੋਕਾ ਘਿਉ ੩੨ ਤੋਲੇ ਲੈ ਕੇ ਪਾਵੇ। ਇਸ ਤਰ੍ਹਾਂ ਸਭਨਾਂ ਦੀ ਮਿਲਾ ਕੇ ੧ ਤੋਲੇ ਦੀ ਗੋਲੀ ਬਣਾਵੇ ਅਰ ਦੋਨੋਂ ਵਕਤ (ਪ੍ਰਾਤਾ ਸ਼ਾਮ) ਇਕ ਇਕ ਗੋਲੀ ਖਾਯਾ ਕਰੇ ਤਾਂ ਸੰਨਿਪਾਤ, ਗੁੰਗਪੁਣਾ, ਸਰਦੀ, ਹੱਡੀ ਦਾ ਸੂਲ, ਦਾਹ, ਸੀਤ ਤਾਪ ਅਰ ਸੀਤਾਂਗ, ਸੰਨਿਪਾਤ ਇਨ੍ਹਾਂ ਸਭਨਾਂ ਨੂੰ ਇਹ ਜੀਰਕਾਦਿ ਗੋਲੀ ਨਾਸ ਕਰੇ ॥੯੨ ਤੋਂ ੯੫॥

Digitized by Panjab Digital Library | www.panjabdigilib.org

ਤ੍ਰਿਪੁਰ ਭੈਰਵ ਰਸ

ਮੀਠਾ ਟੰਕ ਏਕ ਪਰਮਾਨ। ਟੰਕਨ ਤੀਨ ਚਾਰ ਮਿਰਚਾਨ।
ਚਾਰ ਟੰਕ ਸੁੰਠੀ ਸਭ ਪੀਸ। ਅਦਰਕ ਰਸ ਮਰਦੋ ਸੁ ਜਗੀਸ ॥੯੬॥
ਗੁੰਜ ਏਕ ਨਿੰਬੂ ਰਸ ਖਾਇ। ਬਾਤ ਚੌਰਾਸੀ ਛਿਨ ਮੈ ਜਾਇ।
ਬੀਸ ਸਲੇਖਮ ਜੁਰ ਪਚ ਬੀਸ। ਸੰਨਿਪਾਤ ਸੀਤਾਂਗ ਨ ਦੀਸ ॥੯੭॥

੧੯੧–ਮਿਠਾ ਤੇਲੀਆ ੪ ਮਾਸੇ, ਸੁਹਾਗਾ ੧੨ ਮਾਸੇ, ਮ੍ਰਿਚ ੧੬ ਮਾਸੇ, ਸੁੰਢ ੧੬ ਮਾਸੇ, ਸਭਨਾਂ ਨੂੰ ਅਦ੍ਰਿਕ ਦੇ ਰਸ ਨਾਲ ਖਰਲ ਕਰਕੇ ੧ ਰਤੀ ਦੀ ਗੋਲੀ ਬੰਨ੍ਹ ਰਖੇ ਤੇ ਨਿੰਬੂ ਦੇ ਰਸ ਨਾਲ ਖਾਵੇ ਤਾਂ ੮੪ ਬਾਤ, ੨੦ ਪ੍ਰਕਾਰ ਕਫ ਦੇ ਰੋਗ, ੨੫ ਜੁਰ, ਸੀਤਾਂਗ, ਸੰਨਿਪਾਤ ਨਿਸਚੇ ਨਾਸ ਕਰੇ।੯੬।੯੭।

ਕਨਕ ਸੁੰਦ੍ਰੀ ਰਸ

ਮਰਚਾਂ ਮਿੱਠਾ ਅਕਰਕਰਾਇ। ਬੀਜ ਧਤੂਰੇ ਮੇਲੋ ਲਯਾਇ।
ਭ੍ਰਿੰਗਰਾਜ ਰਸ ਬਟੀ ਕਰਾਇ। ਸਰਸਵ ਤੀਨ ਜੁ ਦਾਨੇ ਭਾਇ ॥੯੮॥
ਸੰਨਿਪਾਤ ਕਫ ਬਾਤ ਬਿਨਾਸ। ਸੀਤ ਤਾਪ ਸੀਤਾਂਗ ਜੁ ਜਾਸ।
ਗੁਪਤ ਕਰੀਨੈ ਰਾਖੋ ਏਹ। ਸੰਨਿ ਸਰਪ ਕਾ ਮੰਤ੍ਰ ਜੁ ਤੇਹ ॥੯੯॥

੧੯੨–ਮ੍ਰਿਚਾਂ, ਤੇਲੀਆ, ਅਕਰਕਰਾ ਤੇ ਧਤੂਰੇ ਦੇ ਬੀਜ ਲੈ ਕੇ ਇਕ ਸਮਾਨ ਕਰੇ, ਫਿਰ ਭੰਗਰੇ ਦੇ ਰਸ ਨਾਲ ਘੋਟ ਕੇ ੩ ਸਰੋਂ ਦੇ ਦਾਨਿਆਂ ਸਮਾਨ ਗੋਲੀ ਬੰਨ੍ਹੇ, ਖਾਵੇ ਤਾਂ ਸੰਨਿਪਾਤ, ਕਫ ਵਾਯੂ, ਸੀਤਤਾਪ ਅਰ ਸੀਤਾਂਗ, ਸੰਨਿਪਾਤ ਨਿਸਚੇ ਨਾਸ ਕਰੇ। ਪਰੰਤੂ ਲੋੜ ਵੇਲੇ ਅਨੂਪਾਨ ਕਲਪੇ: ਹਰ ਸਮਯ ਪਾਣੀ ਯਾ ਅਰਕ ਅਥਵਾ ਕਿਸੇ ਕਾੜ੍ਹੇ ਆਦਿ ਨਾਲ ਦੇਵੇ, ਇਹ ਸੰਨਿਪਾਤ ਰੂਪੀ ਸਪ ਦਾ ਛੂਮੰਤ੍ਰ ਹੈ, ਲਕੋਕੇ ਰੱਖਣਾ ॥੯੮॥੯੯॥

ਤੰਦ੍ਰਿਕ ਸੰਨਿ ਸੰਨਿ ਲੱਛਣ–ਸ਼ੰਕਰ

ਬਹੁ ਨੀਂਦ ਤੰਦ੍ਰਾ ਜੁਰ ਪਿਪਾਸਾ, ਕਫੀ ਹੁਇ ਅਤੀਸਾਰ।
ਸੁਸਕ ਪ੍ਰਿਥੁਲਾ ਕਠਿਨ ਕੰਟਕ, ਜੀਭ ਕੋ ਜੁ ਬਿਚਾਰ।
ਮੋਹ ਸ੍ਰੁਤ ਰੁਜ ਕੰਠ ਕੰਡੂ, ਜਾਨ ਤੰਦ੍ਰਕ ਏਹ।
ਪ੍ਰਿਥਮ ਜੁਰ ਉਤਪੱਤ ਮੈਂ, ਤਮ ਦ੍ਰਿਗਨਿ ਮਾਹੈ ਦੇਹ ॥੧੦੦॥

ਬਹੁਤੀ ਨੀਂਦ, ਤੰਦ੍ਰਾ, ਤਾਪ, ਪਯਾਸ, ਕਫ ਦੇ ਦਸਤ, ਸੁਕੀ ਕਰੜੀ ਤੇ ਕੰਡਿਆਂ ਵਾਲੀ ਜੀਭ ਹੋਵੇ, ਘੂਕੀ, ਕੰਨਾਂ ਦੀ ਪੀੜ, ਕੰਠ ਵਿਚ ਜਲੂਣ, ਇਹ ਤੰਦ੍ਰਿਕ ਸੰਨਿਪਾਤ ਦੇ ਲੱਛਣ ਕਹੇ ਜਾਂਦੇ ਹਨ, ਇਸ ਵਿਚ ਪਹਿਲੇ ਤਾਪ ਚੜ੍ਹਦਿਆਂ ਅੱਖਾਂ ਅੱਗੇ ਅੰਧੇਰ ਹੋਣ ਲਗਦਾ ਹੈ ॥੧੦੦॥

ਉਪਾਇ–ਦੋਹਰਾ

ਪੁਸਕਰ ਪਥਯਾ ਭਾਰਗੀ, ਬ੍ਰਿਹਤੀ ਸੁੰਠ ਗਿਲੋਇ।

Digitized by Panjab Digital Library | www.panjabdigilib.org

ਕ੍ਵਾਥ ਕਰੀ ਪਿਵ ਤੰਦਕੈ, ਤੁਰਤਹਿ ਨਾਸ ਕਰੋਇ।

੧੯੩-ਪੁਹਕਰਮੂਲ, ਹਰੜ. ਭੜਿੰਗੀ, ਕੰਡਿਆਰੀ, ਸੁੰਢ ਤੇ ਗਿਲੋਯ ਸਮਾਨ ਭਾਗ ਲੈਕੇ ਇਨ੍ਹਾਂ ਦਾ ਕਾੜ੍ਹਾ ਕਰਕੇ ਪੀਵੇ ਤਾਂ ਤੰਦ੍ਰਿਕ ਸੰਨਿਪਾਤ ਸ਼ੀਘ੍ਰ ਦੂਰ ਹੋਵੇ ॥੧੦੧॥

ਅੰਜਨ-ਪਰਿਹਾ

ਕੁਸਟ ਗਵਾਖੀ ਨਾਗਰ, ਮਨਸਿਲ ਬਚ ਗਹੋ।
ਵਤਸਕ ਮਰਚਾ ਪੀਪਰ, ਆਛੀ ਬਿਧਿ ਲਹੋ।
ਪੀਸੋ ਬਾਰ ਮਿਲਾਇ, ਜੁ ਅੰਜਨ ਦ੍ਰਿਗ ਭਰੋ।
ਤੰਦ੍ਰਕ ਸੰਨਿ ਮਿਤਾਇ, ਔਖਧੀ ਚਿਤ ਧਰੋ ॥੧੦੨॥

੧੯੪-ਕੁੱਠ, ਤੁੰਮੇ ਦੀ ਜੜ੍ਹ, ਸੁੰਢ, ਮਨਸਿਲ, ਵਚ, ਇੰਦ੍ਰਜੌਂ, ਮ੍ਰਿਕ ਤੇ ਮਘ ਪਾਣੀ ਨਾਲ ਰਗੜਕੇ ਨੇਤ੍ਰਾਂ ਵਿਖੇ ਅੰਜਨ ਪਾਵੇ ਤਾਂ ਤੰਦ੍ਰਿਕ ਸੰਨਿਪਾਤ ਨਾਸ ਕਰੇ ॥੧੦੨॥

ਚੌਪਈ

ਕ੍ਰਿਸਨਾ ਮਨਸਿਲ ਲੈ ਹਰਤਾਲ। ਪੱਤ੍ਰ ਕਨੇਰਾ ਰਸ ਬਿਚ ਡਾਰ।
ਪੀਸੀ ਅੰਜਨ ਨੈਨੈ ਦੇਇ। ਤੰਦ੍ਰਕ ਸੰਨਿ ਮਿਟੈ ਸੁਖ ਲੇਇ ॥੧੦੩॥

੧੯੫-ਮਘ, ਮਨਸਿਲ, ਵਰਕੀਆ ਹੜਤਾਲ ਤੇ ਕਨੇਰ ਦੇ ਪੱਤ੍ਰਾਂ ਦਾ ਰਸ ਪਾਕੇ ਪੀਹੇ, ਨੇਤ੍ਰੀਂ ਅੰਜਨ ਕਰੇ, ਤੰਦ੍ਰਿਕ ਸੰਨਿਪਾਤ ਜਾਵੇ ॥੧੦੩॥

ਕ੍ਵਾਥ (ਸੰਨਿਪਾਤ ਕਲਕਾਤ)

ਚੰਦਨ ਛਿੰਨਾ ਪਦਮ ਮਿਲਾਇ। ਇੰਦ੍ਰ ਜਵਹਿ ਸੁ ਜਵਾਸਾ ਪਾਇ।
ਅੱਭਯਾ ਅਰਗਵਧਾ ਓਸੀਰ। ਪਾਠਾ ਧਨੀਆ ਮੋਥਾ ਭੀਰ ॥੧੦੪॥
ਕਡੂ ਮੇਲ ਜੋ ਕ੍ਵਾਥ ਕਰਾਇ। ਊਪਰ ਪੀਪਰ ਭੁਰਕੋ ਲਯਾਇ।
ਤੰਦ੍ਰਾ ਸੰਨਿ ਪਿਪਾਸਾ ਕਾਸ। ਦਾਹ ਤਾਪ ਬਿਸਟੰਭੀ ਸ੍ਵਾਸ ॥੧੦੫॥
ਤੀਨ ਦੋਖ ਮੂਤ੍ਰਾਨਿਲ ਜਾਇ। ਦੀਪਨ ਪਾਚਨ ਗੁਨ ਬਹੁ ਥਾਇ।
ਕਹਯੋ ਗੜੂਚੀ ਆਦਿ ਜੁ ਕ੍ਵਾਹ। ਸੰਨਪਾਤ ਕਲਿਕਾ ਮੈ ਯਾਹਿ ॥੧੦੬॥

੧੯੬-ਚੰਦਨ, ਗਿਲੋਯ, ਕਮਲ, ਇੰਦ੍ਰਜੌਂ, ਜਵਾਂਹਾ, ਜੰਗਹਰੜ, ਅਮਿਲਤਾਸ ਦਾ ਗੁਦਾ, ਖਸ, ਪਾਠਾ, ਧਨੀਆਂ, ਮੋਥਾ, ਸਤਾਵਰ। ਕੌੜ, ਇਨ੍ਹਾਂ ਦੇ ਕ੍ਵਾਥ ਉਤੇ ਮਘਾਂ ਬਰੂਰਕੇ ਪੀਵੇ ਤਾਂ ਤੰਦ੍ਰਾ, ਸੰਨਿਪਾਤ ਪਯਾਸ, ਖਾਸੀ, ਦਾਹ, ਤਾਪ, ਕਬਜੀ, ਦਮਾ, ਤ੍ਰਿਦੋਖ, ਮੂਤ੍ਰ ਰੋਗ ਤੇ ਵਾਯੂ ਰੋਗ ਦੂਰ ਕਰਕੇ ਦੀਪਨ ਪਾਚਨ ਕਰਦਾ ਹੈ ॥੧੦੪॥੧੦੫॥੧੦੬॥

ਨੱਸਯ (ਨਸਵਾਰ)

ਸੇਤ ਮਰਚ ਸੇਂਧਾ ਕੁਠ ਮੇਲ। ਸਰਸੋ ਗੋਮੂਤ੍ਰਹਿ ਬਿਚ ਠੇਲ।

Digitized by Panjab Digital Library | www.panjabdigilib.org

ਪੀਸੀ ਨਾਵਨ ਦੀਜੈ ਏਹ। ਸੰਨਪਾਂਤ ਤੰਦ੍ਰਕ ਨਸ ਜੇਹ ॥੧੦੭॥

੧੯੭-ਭੂਰੀਆਂ ਮਿਰਚਾਂ, ਸੇਂਧਾਲੂਣ, ਕੁੱਠ ਤੇ ਸਰਸੋਂ, ਗਊਮੂਤ੍ਰ ਵਿੱਚ ਪੀਹਕੇ ਨਸਵਾਰ ਦੇਵੇ ਤਾਂ ਸੰਨਿਪਾਤ ਤੰਦ੍ਰਿਕ ਨਾਸ਼ ਕਰ ॥੧੦੭॥

ਅੰਜਨ

ਕੁਰਕਟ ਬਿਸਟਾ ਪੀਸੋ ਆਨ। ਮਧੁ ਸੋਂ ਅੰਜਨ ਦ੍ਰਿਗ ਮੋਂ ਠਾਨ।
ਤੰਦ੍ਰਾ ਜਾਵੈ ਮਿਟ ਸੰਨਿਪਾਤ। ਨਾਠਤ ਜ੍ਵਰ ਸੁ ਉਪੱਦ੍ਰਵ ਘਾਤ॥੧੦੮॥

੧੯੮-ਕੁਕੜ ਦੀ ਵਿਠ ਪੀਹਕੇ ਸ਼ਹਤ ਨਾਲ ਨੇਤ੍ਰਾਂ, ਵਿਖੇ ਅੰਜਨ ਕਰੇ ਤਾਂ ਤੰਦ੍ਰਾ ਸੰਨਿਪਾਤ ਅਤੇ ਜ੍ਵਰ ਦੇ ਉਪਦ੍ਰਵ ਸਭ ਨਾਸ਼ ਕਰੇ ॥੧੦੮॥

ਕ੍ਵਾਥ-ਸ਼ੰਕਰ

ਕਕਰਾ ਸੁ ਸ੍ਰਿੰਗੀ ਦਾਰੁ ਅੱਭਯਾ, ਭਾਰਗੀ ਕੈਰਾਤ।
ਜਰਨ ਪੀਪਰ ਪਰਪਟਾ, ਬਚ ਕੁਸਟ ਬਾਂਸਾ ਘਾਤ।
ਕਾਯਫਲ ਲੈ ਸੁੰਠ ਸੂਕਲਾ, ਕਡੂ ਬਤਸਕ ਬੀਜ।
ਸਟੀ ਪਾਠਾ ਰੇਣੁਕਾ, ਗਜ ਪੀਪਰੀ ਨਿਸ ਦੀਜ ॥੧੦੯॥
ਚਵਕ ਚਿੱਤ੍ਰਕ ਪੀਪਰੀ, ਜਰ ਕ੍ਰਿਸਨ ਜੀਰਾ ਮੇਲ।
ਧਨੀਯਾ ਬਿਸਾਲਾ ਸੋਮਰਾਜੀ, ਹਰਦ ਦਾਰ ਸੁ ਠੇਲ।
ਪਾਤਸਿਗ੍ਰ ਅਰੁ ਬਿਧਾਰਾ, ਰੋਦਨੀ ਗਾਲੋਇ।
ਬਾੜਿੰਗ ਰਾਈ ਕ੍ਵਾਥ ਕਰਿ, ਪਿਵ ਹਿੰਗ ਅਦਰਕ ਦੋਇ ॥੧੧੦॥
ਭੁਰਕ ਪੀਜੈ ਜਾਇ ਤੰਦ੍ਰਕ, ਔਰ ਮਿਟ ਅਨਯਾਸ।
ਸਨ ਤੇਰਾਂ ਕਰਨ ਮੂਲ ਸੁ, ਦਾਹ ਹਿਚਕੀ ਨਾਸ।
ਮੂਰਛਾ ਤ੍ਰਿਟ ਸੀਤ ਤਾਪਾ, ਸੁਸਕ ਜਿਹਵਾ ਬਾਇ।
ਪ੍ਰਿਸਟ ਭੰਗ ਜੁ ਸੀਸ ਬੇਦਨ, ਔਰ ਧਨਖ ਸੁ ਬਾਇ ॥੧੧੧॥

੧੯੯-ਕਕੜਸਿੰਗੀ, ਦੇਵਦਾਰ,, ਹਰੜ ਦੀ ਛਿੱਲ। ਭੜਿੰਗੀ, ਚਿਰੈਤਾ, ਗੀਰਾ, ਮਘ, ਪਾਪੜਾ, ਵਚ, ਕੁੱਠ, ਬਾਂਸਾ ਕਾਯਫਲ, ਸੁੰਢ, *ਵਿਦਾਰੀਕੰਦ, ਕਮੂ, ਇੰਦ੍ਰਜੌਂ, ਕਚੂਰ, ਪਾਠਾ, ਸੰਭਾਲੂ ਦੇ ਬੀਜ ਲੰਬੀ ਮਘ, ਹਲਦੀ, ਚਵ, ਚਿਤ੍ਰਾ, ਪਿਪਲਾਮੂਲ, ਕਾਲਾਜੀਰਾ, ਧਨੀਆਂ, ਤੁੰਮੇ ਦੀ ਜੜ੍ਹ, ਬਾਵਚੀ, ਦਾਰਹਲਧੀ, ਸੁਹਾਂਵਣੇ ਦੇ ਪੱਤ੍ਰ, ਵਿਧਾਰਾ, †ਧਮਾਹਾ, ਗਿਲੋਯ, ਬਾਇਵੜਿੰਗ ਤੇ ਰਾਈ ਸੱਭੋ ਸਮਾਨ

---

*ਸੂਕਲਾ-ਵਿਦਾਰੀਕੰਦ ਹੈ। ਦੇਖੋ ਔਸ਼ਧੀ ਕੋ: ਪ੍ਰਿ: ੨੬੭

†ਰੋਦਨੀ-ਧਮਾਹਾਂ ਹੈ, ਦੇਖੋ ਭਾਵ ਪ੍ਰਿ: ੨੨੦ ਤੇ ਦੇਖੋ ਅਮਰਕੋਸ਼ ਸਰਗ ੨ ਸਲੋਕ ੯੨ ਆਲੋਮੁਹਾਰੀਆ ਰੋਦਨੀ ਦਾ ਅਰਥ 'ਰੋਦੰਤੀ' ਜੋ ਜਹਾਨੋ ਅਪ੍ਰਸਿਧ ਹੈ, ਮਨਘੜਤ ਦਸਦਾ ਹੈ।

Digitized by Panjab Digital Library | www.panjabdigilib.org

ਲੈ ਕੇ ਅਰ ਫਿਰ ੪ ਤੋਲੇ ਦਾ ਕਾੜ੍ਹਾ ਕਰਕੇ ਪੁਣਕੇ ਉਸ ਪਰ ਹਿੰਗ ਅਰ ਅਦ੍ਰਿਕ ਭੁਰਕਕੇ ਪਿਲਾਵੇ ਤਾਂ ਤੰਦ੍ਰਿਕ ਅਭੀਨਯਾਸ, ਵਾਸਤਵ ਵਿੱਚ ਤੇਰਾਂ ਸੰਨਿਪਾਤ ਹੀ ਪਰੰਤੂ ਕੰਨਾਂ ਦੇ ਮੂਲ ਦੀ ਸੜਨ, ਹਿੜਕੀ' ਮੂਰਛਾ, ਤ੍ਰਿਖਾ, ਸੀਤਜ੍ਵਰ, ਜ਼ਬਾਨ ਦਾ ਸੁਕੇ ਰਹਿਣਾ, ਵਾਂਯੂ, ਪਿੱਠ ਦੀ ਪੀੜ, ਸਿਰ ਪੀੜ ਅਤੇ ਧਨਖ ਵਾਯੂ ਇਹ ਸਭ ਨਾਸ਼ ਕਰੇ ॥੧੦੯॥੧੧੦॥੧੧੧॥

ਸਟਕਾਦਿ ਕ੍ਵਾਥ–ਚੌਪਈ

ਸਟੀ ਬਯਾਘ੍ਰੀ ਪੁਸਕਰ ਲੈ ਮੂਰ। ਸੁੰਠੀ ਪਾਠਾ ਸ੍ਰਿੰਗੀ ਚੂਰ।
ਕਟੂ ਕਿਰਾਂਤ ਧਮਾਹ ਗਲੋਇ। ਕਾਢਾ ਕਰਿ ਤੁਮ ਪੀਜੋ ਸੋਇ ॥੧੧੨॥
ਸੰਨਿਪਾਤ ਤੰਦ੍ਰਕ ਮਿਟ ਜਾਇ। ਕਾਸ ਹ੍ਰਿਦੈ ਗ੍ਰਹਿ ਤੰਦ੍ਰਾ ਜਾਇ।
ਸੂਲ ਪਸੂਲੀ ਜਾਵੈ ਸ੍ਵਾਸ। ਸਟਿਆਦਿ ਇਹ ਬਰਗ ਸੁ ਖਾਸ ।੧੧੩।

੨੦੦–ਕਚੂਰ, ਕੰਡਿਆਰੀ, ਪੁਹਕਰਮੂਲ, ਸੁੰਡ, ਪਾਠਾ, ਕਕੜਸਿੰਗੀ, ਕੜੂ, ਚਿਰੈਤਾ, ਧਮਾਹਾ ਤੇ ਗਿਲੋਯ, ਕ੍ਵਾਥ ਕਰਕ ਦੇਵੇ ਤਾਂ ਸੰਨਿਪਾਤ, ਤੰਦ੍ਰਿਕ, ਖਾਂਸੀ, ਹ੍ਰਿਦੇਰੋਗ, ਤੰਦ੍ਰਾ, ਪਸ਼ਲੀ ਦੀ ਪੀੜ ਦਮਾ ਨਾਸ ਕਰੇ ॥ ੧੧੨ ॥ ੧੧੩ ॥

ਨੱਸਯ–ਦੋਹਰਾ

ਮਾਲਕੰਗੁਨੀ ਤੇਲ ਘਸਿ, ਪਿੰਡਾਰਕ ਜੜ ਲੇਇ।
ਨਾਵਨ ਤੰਦ੍ਰਾ ਜਾਤ ਹੈ, ਸੰਨਿਪਾਤ ਮਿਟ ਤੇਇ ॥੧੧੪॥

੨੦੧–ਮਾਲਕੰਗੁਨੀ ਦੇ ਤੇਲ ਵਿਚ †ਪਿੰਡਾਰਕ ਦੀ ਜੜ੍ਹ ਘੋਟ ਕੇ ਨਸਾਵਰ ਦੇਵੇ ਤਾਂ ਤੰਦ੍ਰਿਕ ਸੰਨਿਪਾਤ ਨਾਸ ਹੋਵੇ ॥੧੧੪॥

ਅੰਜਨ–ਚੌਪਈ

ਸਿਰਸ ਬੀਜ ਸੇਂਧਵ ਲੈ ਕਣਾ। ਮਿਰਚ ਰਸੋਨ ਰਸੇ ਦ੍ਰਿਗ ਠਣਾ।
ਲੱਸਨ ਬਰਚ ਮਨਸਿਲ ਘਸਪਾਇ। ਅੰਜਨ ਦੋਨੋ ਤੰਦ੍ਰਕ ਜਾਇ॥੧੧੫॥

੨੦੨–ਸਰੀਂਹ ਦੇ ਬੀਜ, ਸੇਂਧਾਲੂਣ, ਮਘ ਤੇ ਮਿਰ, ਲਸਨ ਦੇ ਰਸ ਨਾਲ ਰਗੜਕੇ ਨੇਤ੍ਰੀ ਪਾਵੇ। ਯਾ:–

੨੦੩–ਲਸਨ, ਵਚ ਤੇ ਮਨਸਿਲ ਘਿਸਾਕੇ ਅੰਜਨ ਦੋਹਾਂ ਨੇਤ੍ਰਾਂ ਵਿਚ ਕਰੇ ਤਾ ਤੰਦਕ ਸੰਨਿਪਾਤ ਜਾਵੇ ॥੧੧੫॥

ਚਟਣੀ(ਸੰਨਿਪਾਤ ਕਲਕਾਤ)

ਪੀਪਰ ਮਧੁ ਅਦਰਕ ਰਸ ਘਾਲ। ਚਟਨੀ ਚਾਟੇ ਸੰਨਿ ਬਹਾਲ।
ਸੰਨਿਪਾਤ ਤੇਰਾਂ ਮਿਟ ਜਾਹਿ। ਕਹੀ ਔਖਧੀ ਕਲਕਾ ਮਾਹਿ ॥੧੧੬॥

੨੦੪–ਮਘ ਤੇ ਸ਼ਹਤ ਅਦ੍ਰਿਕ ਦਾ ਰਸ ਪਾਕੇ ਚੱਟੇ ਤਾਂ ਤੇਰਾਂ ਸੰਨਿਪਾਤ ਦੂਰ ਕਰੇ ॥੧੧੬॥

---

‡ਪਿੰਡਾਰਕ–ਫਲ ਦਾ ਸਾਗ ਹੈ, ਪੂਰਬ ਪ੍ਰਸਿਧ ਹੈ। ਦੇਖੋ ਭਾਵ ਪ੍ਰਕਾਸ਼ ਪ੍ਰਿ: ੩੨੩

Digitized by Panjab Digital Library | www.panjabdigilib.org

ਕੰਠਕੁਬਜ ਸੰਨਿ ਲੱਛਣ–ਪਰਿਹਾ

ਸਿਰੋ ਬਰਤਿ ਗ੍ਰਹਿ ਕੰਠ, ਕੰਪ ਅਤਿ ਦਾਹ ਹੀ।
ਰਕਤ ਸਮੀਰਨ ਤਾਪ, ਮੋਹ ਦੁਖ ਯਾਹ ਹੀ।
ਹਨੂਗ੍ਰਹਿ ਮੂਰਛਾ ਹੋਇ, ਘਨੋ ਬਿਲਲਾਪ ਹੈ।
ਕੰਠ ਕੁਬਜ ਸੰਨਿਪਾਤ, ਕਹਯੋ ਪਰਤਾਪ ਹੈ ॥੧੧੭॥

੨੦੫–ਸਿਰ ਨੂੰ ਕਫ਼, ਗਲਘੋਟੂ, ਕਾਂਬਾ, ਅਤਯੰਤ ਜਲਨ, ਚਿਹਰੇ ਪਰ ਲਾਲੀ, ਤਾਪ, ਘੂਕੀ, ਜਬਾੜੇ ਰੁਕਣੇ, ਮੂਰਛਾ ਬਹੁਤ ਤੇ ਬਿਰਲਾਪ, ਇਨ੍ਹਾਂ ਲਛਣਾਂ ਵਾਲਾ ਦੁਖ ਦੇਣਹਾਰਾ ਕੰਠ ਕੁਬਜ ਸੰਨਿਪਾਤ ਕਿਹਾ ਜਾਂਦਾ ਹੈ ॥੧੧੭॥

ਕੰਠ ਕੁਬਜ ਉਪਾਇ–ਚੌਪਈ

ਤ੍ਰਿਕੁਟਾ ਕੂੜਾ ਜੁ ਕਟੁਕੀ ਜਾਨ। ਹਰੜ ਬਹੇੜਾ ਆਮਲ ਠਾਨ।
ਬਾਸਾ ਰਜਨੀ ਜੁਗਮ ਮਿਲਾਇ।ਕ੍ਵਾਥ ਕਰੀ ਪਿਵ ਕੁਬਜਕ ਜਾਇ।੧੧੮।

੨੦੬–ਮਘ, ਮ੍ਰਿਚ, ਸੁੰਢ, ਕੁੜਾਸਕ, ਕੌੜ, ਹਰੜ, ਬਹੇੜਾ, ਆਵਲੇ,ਬਾਂਸਾ ਤੇ ਦੋਨੋਂ ਹਲਦੀਆਂ ਪਾਕੇ ਕਾੜ੍ਹਾ ਕਰੇ ਅਰ ਪੀਏ ਤਾਂ ਕੰਠ ਕੁਬਜ ਸੰਨਿਪਾਤ ਦੂਰ ਹੋਏ ॥੧੧੮॥

ਦੰਦ ਮਰਦਨਾਦਿ–ਦੋਹਰਾ

ਊਖਣ ਲਵਨ ਚਿਰਾਇਤਾ, ਪੀਸੀ ਦਸਨ ਮਿਲਾਇ॥
ਸੰਨਪਾਤ ਕੁਬਿਜਕ ਹਰਿਤ, ਅਪਨੇ ਘਰ ਸੁਧ ਆਇ ॥੧੧੯॥

੨੦੭–*ਮ੍ਰਿਚਾਂ, ਲੂਣ ਤੇ ਚਿਰੈਤਾ ਪੀਹਕੇ, ਦੰਦਾਂ ਤੇ ਮਲੇ ਤਾਂ ਕੁਬਜਕ ਸੰਨਿਪਾਤ ਦੂਰ ਹੋਕੇ ਚੇਤੰਨਤਾਂ ਹੁਇ ਆਵੇ ॥ ੧੧੯ ॥

ਅਸਟਦਸਾਂਗ ਕ੍ਵਾਥ–ਦਵੈਯਾ

ਦਸ ਮੂਲੀ ਸਟਿ ਸ੍ਰਿੰਗੀ ਪੁਸਕਰ, ਭਾਰਗੀ ਮੇਲ ਧਮਾਹਾ।
ਕੂੜਾ ਬੀਜ ਪਾਟੋਲੀ ਕਟੁਕੀ, ਅਸਟਾ ਦਸ ਗਿਨ ਆਹਾ।
ਕ੍ਵਾਥ ਕਰੀਨੈ ਪੀਵਨ ਦੇਵੈ, ਸੰਨਿਪਾਤ ਮਿਟ ਜਾਈ।
ਕਾਸ ਜੁ ਉਰਗ੍ਰਹਿ ਹਿਚਕੀ ਸੂਲਾ, ਪਾਰਸ ਵਮੀ ਮਿਟਾਈ ॥੧੨੦॥

੨੦੮–ਦਸੇਮੂਲ, ਕਚੂਰ, ਕਕੜਸਿੰਗੀ, ਪੁਹਕਰਮੂਲ, ਭਰਿੰਗੀ, ਧਮਾਹਾਂ, ਇੰਦਜੌਂ, ਪਟੋਲ ਤ ਕੌੜ, ਇਹ ੧੮ ਚੀਜ਼ਾਂ ਦਾ ਕ੍ਵਾਥ ਕਰਕੇ ਪੀਣ ਨੂੰ ਦੇਵੇ ਤਾਂ ਸੰਨਿਪਾਤ, ਖਾਂਸੀ, ਉਰੂਗ੍ਰਹਿ, ਸੂਲ, ਵੱਖੀ ਦਰਦ ਵਗੈਰਾ ਸਭੇ ਨਾਸ਼ ਕਰੇ ॥ ੧੨੦ ॥

---

*ਊਖਣ–ਕਾਲੀ ਮ੍ਰਿਚ ਹੈ, ਦੇਖੋ ਆ: ਔ: ਕੋਸ਼ ਪੂਨਾ ਦੇਖੋ ਨਿਰਮਲ ਕੋਸ ਪੰਗਤੀ ਊੜੇ ਦੀ। ਦੇਖੋ ਭਾਵ ਪ੍ਰਕਾਸ਼ ਪ੍ਰਿ:੧੪੧ ਪਰੰਤੂ ਤ੍ਰਿਊਖਣ–ਨਾਮ ਤ੍ਰਿਕੁਟੇ ਦਾ ਹੈ, ਜੋ ਵਾਸਤਵ ਵਿਚ ਚਾਹੀਦਾ ਸੀ।

Digitized by Panjab Digital Library | www.panjabdigilib.org

ਖੁਦ੍ਰਾਦਿ ਕ੍ਵਾਥ

ਲੈ ਛੁਦ੍ਰਾ ਚੰਦਨ ਘਨ ਛਿੰਨਾ, ਪਦਮਕ ਮੇਲ ਕਿਰਾਤੰ।
ਪਰਪਟ ਤਿਕਤਾ ਪੁਸਕਰਮੂਰੰ, ਦਲਾ ਪਟੋਲੇ ਘਾਤੰ।
ਭਾਰੰਗੀ ਸੰਠੀ ਨਿੰਬ ਜੁ ਬਾਂਸਾ, ਇੰਦ੍ਰਜਵਾ ਲੈ ਧਨੀਯਾ।
ਕ੍ਵਾਥ ਕਰੀਨੈ ਪੀਵਤ ਰੋਗੀ, ਸੰਨਿਪਾਤ ਗਤਿ ਗਨੀਯਾ ॥੧੨੧॥

ਦੋਹਰਾ

ਬਮਨਿ ਸੁ ਕਾਸ ਅਨਾਹ–ਹਿਕ੍ਵਾ,ਤ੍ਰਿਖਾ,ਸੁ ਸਿਰ ਕੀ ਪੀਰ।
ਸੂਲ ਤ੍ਰਿਤੀ ਜ਼ੁਰ ਜਾਤ ਹੈ, ਕੁਬਜ ਕੰਟ ਹਟ ਧੀਰ ॥੧੨੨॥

੨੦੯–ਕੰਡਿਆਰੀ, ਰਕਤਚੰਦਨ, ਮੋਥਾ, ਗਿਲੋਯ, ਕਮਲ, ਚਿਰੈਤਾ, ਪਾਤੜਾ, ਕੌੜ, ਪੁਹਕਰ-ਮੂਲ, ਪਟੋਲਪਤ੍ਰ, ਭੜਿੰਗੀ, ਸੁੰਡ, ਨਿੰਮ, ਬਾਂਸਾ, ਇੰਦਜੌਂ ਤੇ ਧਨੀਆਂ ਕਾੜ੍ਹਾ ਕਰਕੇ ਪੀਵੇ ਤਾਂ ਕੈ, ਖਾਂਸੀ, ਅਫਾਰਾ, ਹਿੜਕੀ, ਪਜਾਸ, ਸਿਰ ਦਰਦ, ਸੂਲ, ਤੇਈਆ ਤਾਪ ਤੇ ਕੰਠਕੁਬਜ ਸੰਨਿਪਾਤ, ਸਭ ਨਾਸ ਹੋਵੇ ॥ ੧੨੧ ॥ ੧੨੨ ॥

ਮੋਥਾਦਿ–ਕ੍ਵਾਥ–ਚੌਪਈ

ਮੁਸਤਾ ਪਰਪਟ ਸੁੰਠੀ ਦਾਰੁ। ਤ੍ਰਿਫਲ ਧਮਾਹਾ ਖਸ ਲੈ ਡਾਰੁ।
ਤ੍ਰਿਵ ਕੰਬੀਲਾ ਤਿਕਤ ਕਿਰਾਤ। ਨੇਤਰਮਾਲਾ ਯਸਟੀ ਘਾਤ ॥੧੨੩॥
ਕਣਾ ਮੂਰ ਲੈ ਕ੍ਵਾਥ ਕਰਾਇ। ਸੰਨਪਾਤ ਸਿਰ ਰੋਗ ਗਵਾਇ।
ਕੰਠ ਕੁਬਜ ਕੀ ਜਾਵਤ ਪੀਰ। ਜਾਨੋ ਗੁਨ ਇਸਕੇ ਤੁਮ ਬੀਰ ॥੧੨੪॥

੨੧੦--ਮੋਥਾ, ਪਾਪੜਾ, ਸੁੰਢ ਦੇਵਦਾਰ, ਤ੍ਰਿਫਲਾ (ਹਰੜ, ਬਹੇੜੇ, ਆਵਲੇ), ਧਮਾਹਾਂ, ਖਸ, ਤ੍ਰਿਵੀ, ਕੰਬੀਲਾ, ਕੌੜ, ਚਿਰੈਤਾ, ਨੇਤ੍ਰਬਾਲਾ, ਮੁਲੱਠੀ ਤੇ ਪਿਪਲਾਮੂਲ ਇਨ੍ਹਾਂ ਦਾ ਕਾੜ੍ਹਾ ਕਰਕੇ ਪਿਵਾਵੇ ਤਾਂ ਸੰਨਿਪਾਤ, ਸਿਰੰਰੋਗ, ਕੰਠ ਕੁਬਜ ਨੂੰ ਨਾਸ਼ ਕਰੇ ॥ ੧੨੩ ॥ ੧੨੪ ॥

ਅੰਮ੍ਰਿਤਾਦ ਕ੍ਵਾਥ–ਦੋਹਰਾ

ਛਿੰਨਾ ਲੈ ਦਸਮੂਲ ਕੋ, ਕ੍ਵਾਥ ਕਰੀਨੈ ਦੇਇ।
ਕੰਠ ਕੁਬਿਜ ਸੰਨਿ ਜਾਤ ਹੈ, ਤਾਪ ਸਕਲ ਨਸ ਜੇਇ ॥੧੨੫।

੨੧੧–ਗਿਲੋਯ ਤੇ ਦਸਮੂਲ ਦੋਹਾਂ ਦਾ ਕ੍ਵਾਥ ਪੀਵੇ ਤਾਂ ਕੰਠ ਕੁਬਜ ਸੰਨਿਪਾਤ ਤੇ ਸਭੋ ਤਾਪ ਨਾਸ ਕਰ ॥ ੧੨੫ ॥

ਸ੍ਰਿੰਗਜਾਦਿ ਕ੍ਵਾਥ–ਦਵੈਯਾ

ਸ੍ਰਿੰਗੀ ਬਤਸਕ ਅਭਯਾ ਘਣ ਸਟਿ,ਬਾਂਸਾ ਮੇਲ ਭੜਿੰਗੀ।
ਪੁਸਕਰ ਤਿਕਤਾ ਭੂ ਨਿੰਬ ਹਰਦੀ, ਚਿੱਤ੍ਰਕ ਚਵਕਾ ਚੰਗੀ।

Digitized by Panjab Digital Library | www.panjabdigilib.org

ਕਣਾ ਕਟੁਫਲਾ ਧਾਤ੍ਰੀ ਮਰਚਾਂ, ਬਯਾਘ੍ਰੀ ਦੇਵ ਜੁ ਦਾਰਾ।
ਆਨ ਬਹੇਰੇ ਕ੍ਵਾਥ ਕਰਾਵੈ, ਊਪਰ ਪੀਪਰ ਧਾਰਾ ॥੧੨੬॥

ਦੋਹਰਾ

ਸੰਨਿਪਾਤ ਟਰ ਜਾਤ ਹੈ, ਕੰਠ ਕੁਬਜ ਜਿਸ ਨਾਮ।
ਔਖਧਿ ਗੁਨ ਨਾ ਕਰ ਸਕੈ, ਜੌ ਕੋਪਯੋ ਹੁਇ ਰਾਮ ॥੧੨੭॥

੨੧੨-ਕੱਕੜਸਿੰਗੀ, ਇੰਦ੍ਰਜੌਂ, ਹਰੜ, ਮੋਥਾ, ਕਚੂਰ, ਬਾਂਸਾ, ਭੜਿੰਗੀ, ਪੁਹਕਰਮੂਲ, ਕੌੜ, ਚਿਰੈਤਾ, ਹਲਦੀ, ਚਿਤ੍ਰਾ, ਚਬਕ, ਮਘ, ਕਾਯਫਲ, ਆਂਵਲੇ ਮ੍ਰਿਚ, ਕੰਡਿਆਰੀ, ਦੇਵਦਾਰ ਅਰ ਬਹੇੜੇ ਕ੍ਵਾਥ ਕਰਕੇ, ਉਪਰ ਮਘ ਬਰੂਰ ਕੇ ਪੀਵੇ ਤਾਂ ਕੰਠਕੁਬਜ ਸੰਨਿਪਾਤ ਨਿਸਚੇ ਨਾਸ ਹੋਵੇ॥੧੨੬॥੧੨੭॥

ਨਸਯ

ਅਪਾਮਾਰਗ ਕੇ ਬੀਜ ਲੈ, ਨਾਸ ਦੇਹੁ ਜਲ ਸੰਗ।
ਕਟੁ ਤੂੰਬੀ ਰਸ ਤ੍ਰੈਕੁਟਾ, ਦੋਨੋਂ ਸੰਨਿ ਕੋ ਭੰਗ ॥੧੨੮॥

੨੧੩-ਪੁਟਕੰਡੇ ਦੇ ਬੀਜ ਲੈ ਕੇ ਜਲ ਨਾਲ ਘੋਟਕੇ ਨਸਵਾਰ ਦੇਵੇ, ਯਾ:-

੨੧੪-ਕੌੜੀ ਤੂੰਬੀ ਦੇ ਰਸ ਵਿਚ ਮਘ, ਮ੍ਰਿਚ ਸੁੰਢ ਪੀਹਕੇ ਨਸਵਾਰ ਦੇਵੇ ਤਾਂ ਇਹ ਦੋਨੋਂ ਸੰਨਿਪਾਤ ਨਾਸ ਕਰਦੀਆਂ ਹਨ ॥੧੨੮॥

ਕਰਣਕ ਸੰਨਿ ਲੱਛਣ

ਰੁਧਿਰ ਕੋਪ ਪਰਲਾਪ ਜੁਰ, ਕੰਠ ਗਲਗ੍ਰਹਿ ਪੀਰ।
ਸ੍ਵਾਸ ਕੰਪ ਪਰਸੇਕ ਅਤਿ, ਅਤੀਸਾਰ ਸੁਨਿ ਬੀਰ ॥੧੨੯॥
ਕਾਨ ਪਿਛੈ ਜੋ ਗੰਠ ਹੁਇ, ਕਹੈਂ ਕਨੇਡੂ ਤਾਹਿ।
ਕਰਨਕ ਸੰਨਿ ਸੁ ਜਾਨਿਯੋ, ਕਸਟ ਦੇਤ ਜ੍ਵਰ ਜਾਹਿ ॥੧੩੦॥
ਜੁਰ ਕੈ ਆਦਿ ਜੁ ਸੋਥ ਹੁਇ, ਕਹਯੋ ਅਸਾਧ ਬਖਾਨ।
ਜੁਰ ਕੈ ਮੱਧੇ ਹੋਤ ਜੋ, ਕਸਟ ਸਾਧ ਤਿਸ ਮਾਨ ॥੧੩੧॥
ਜੁਰ ਅੰਤਹਿ ਜੋ ਹੋਵਈ, ਸੋ ਤੋ ਤੁਰਤ ਮਿਟਾਇ।
ਸਾਧਯ ਕਹੀ ਮਾਧਵ ਬਿਖੇ, ਜਿਹ ਜੁਰ ਕੋ ਹੈ ਭਾਇ ॥੧੩੨॥

ਲਹੂ ਦਾ ਕੋਪ, ਬ੍ਰਿਲਾਪ, ਤਾਪ, ਗਲਾ ਰੁਕਣਾ, ਪੀੜਾ ਦਮਾਂ, ਕਾਂਬਾ ਬਹੁਤਾ ਪਸੀਨਾ, ਦਸਤ, ਕੰਨਾਂ ਪਿਛੇ ਗੰਡਾਂ (ਜਿਨ੍ਹਾਂ ਨੂੰ ਕਨੇਡੂ ਆਖਦੇ ਹਨ) ਅਰ ਤਾਪ ਦਾ ਜ਼ੋਰ, ਇਹ ਲਛਣ ਕਰਨਕ ਸੰਨਿਪਾਤ ਦੇ ਹੁੰਦੇ ਹਨ। ਕਨੇਡੂ ਤਾਪ ਦੇ ਆਦਿ ਹੋਵੇ ਤਾਂ ਅਸਾਧ, ਵਿਚ ਹੋਵੇ ਤਾਂ ਕਸ਼ਟ ਸਾਧ ਅਰ ਅੰਤ ਹੋਵੇ ਤਾਂ ਜਲਦੀ ਅਰਾਮ ਹੋ ਜਾਂਦਾ ਹੈ ॥ ੧੨੯ ਤੋਂ ੧੩੨ ॥

ਉਪਾਇ-ਚੌਪਈ

Digitized by Panjab Digital Library | www.panjabdigilib.org

ਦਸੇ ਮੂਲ ਅੱਭਯਾ ਲੈ ਦਾਰੁ। ਅਦਰਕ ਕ੍ਵਾਥ ਕਰੀ ਮੁਖ ਡਾਰੁ।
ਸੀਤ ਉਸਨ ਕਛੁ ਪੀਜੈ ਏਹ। ਸੰਨਿਪਾਤ ਕਰਨਕ ਨਸ ਜੇਹ ॥੧੩੩॥

੨੧੫-ਦਸਮੂਲ. ਜੰਗੀਹਰੜ, ਦੇਵਦਾਰ ਤੇ ਅਦ੍ਰਿਕ ਇਨ੍ਹਾ ਦਾ ਕ੍ਵਾਥ ਕਰਕੇ ਕੋਸਾ ਜਿਹਾ ਪੀਵੇ ਤਾਂ ਸੰਨਿਪਾਤ ਕਰਨਕ ਨਾਸ ਹੋਵੇ ॥ ੧੩੩ ॥

ਕ੍ਵਾਥ-ਪਵੰਗਮ ਛੰਦ

ਪੁਸਕਰ ਕਟੁਕੀ ਮੋਥ, ਸਿਵਾ ਲੈ ਰਾਸਨਾ।
ਤ੍ਰਿਕੁਟਾ ਬ੍ਰਿਹਤੀ ਜਾਨ, ਗਲੋਯ ਜੁ ਆਸਨਾ।
ਭਾਰਗੀ ਬਚ ਕਰਿ ਕ੍ਵਾਥ, ਪੀਜੀਏ ਏਹਨੋ।
ਕਰਨਕ ਜਾਵਤ ਸੰਨਿ, ਹੋਤ ਸੁਖ ਦੇਹਨੋ ॥੧੩੪॥

੨੧੬-ਪੁਹਕਰਮੂਲ, ਕੋੜ, ਮੋਥਾ, ਹਰੜ, ਰਾਸਨਾ, ਤ੍ਰਿਕੁਟਾ, ਕੰਡਿਆਰੀ, ਗਿਲੋਯ *ਬਿਜਯਸਾਰ (ਕਮਰਕਸ), ਭੜਿੰਗੀ ਤੇ ਵਚ ਲੈਕੇ ਕਾੜ੍ਹਾ ਕਰੇ ਅਰ ਪਿਲਾਵੇ ਤਾਂ ਕਰਨਕ ਸੰਨਿਪਾਤ ਨਾਸ ਕਰੇ ॥ ੧੩੪ ॥

ਦੋਹਰਾ

ਦਸੇ ਮੂਲ ਮਰਚਾ ਕੜੂ, ਪੀਪਰ ਸੁੰਠ ਕਿਰਾਤ।
ਤ੍ਰਿਫਲਾ ਕ੍ਵਾਥ ਜੁ ਕਰ ਪਿਵੈ, ਕਰਨਕ ਮਿਟ ਸੰਨਿਪਾਤ ॥੧੩੫॥

੨੧੭-ਦਸ ਮੂਲ, ਮ੍ਰਿਚ, ਕੋੜ, ਮਘ, ਸੁੰਢ, ਚਿਰੈਤਾ ਤੇ ਤ੍ਰਿਫਲਾ, ਕ੍ਵਾਥ ਕਰਕੇ ਪਿਲਾਵੇ ਤਾਂ ਕਰਨਕ ਸੰਨਿਪਾਤ ਨਾਸ਼ ਕਰੇ ॥ ੧੩੫ ॥

ਰਕਤ ਕਢਾਵੇ ਜੋਕ ਕਾ, ਘ੍ਰਿਤ ਮਿਰਚਾਂ ਕਰਿ ਪਾਨ।
ਕਰਨਕ ਗ੍ਰੰਥ ਜੁ ਨਾਸ ਹੈ, ਗ੍ਰੰਥੈ ਜੋਗ ਠਵਾਨਿ ॥੧੩੬॥

੨੧੮-ਗੋਢਾਂ ਤੇ ਜੋਕਾਂ ਲਗਾ ਕੇ ਲਹੂ ਕਢਾ ਦੇਵੇ, ਪਿਛੋਂ ਮ੍ਰਿਚਾਂ ਚਬਾ ਕੇ ਘਿਉ ਪਿਲਾਵੇ ਤਾਂ ਕਰਨਕ ਸੰਨਿਪਾਤ ਦੀਆਂ ਗੋਢਾਂ ਨਾਸ ਕਰੇ ॥ ੧੩੬ ॥

ਲੇਪ-ਚੌਪਈ

ਸੇਂਧਾ ਈਂਗਰ ਨਿਸਾ ਬਿਸਾਲਾ। ਸੁਰਤਰੁ ਕੁਸਟੈ ਮੇਲੋ ਲਾਲਾ।
ਦੂਧ ਸੌਂ ਪਯ ਲੇਪ ਲਗਾਇ। ਕਰਨਕ ਗ੍ਰੰਥ ਮਿਟੈ ਸੁਖ ਪਾਇ ॥੧੩੭॥

੨੧੯-ਸੇਂਧਾਲੂਣ, ਸ਼ਿੰਗ੍ਰਫ. ਹਲਦੀ. ਤੂੰਮਾਂ, ਦੇਵਦਾਰ, ਕੂਠ, ਅੱਕ ਦੇ ਦੁਧ ਨਾਲ ਕੰਨਾਂ ਦੀਆਂ ਗਢਾਂ ਪਰ ਲੇਪ ਲਗਾਵੇ ਤਾਂ ਕਰਨਗ੍ਰੰਥਿ ਨਾਸ ਹੋਵੇ (ਏਹ ਲੇਪ ਪਲੇਗ ਪਰ ਭੀ ਲਾਭਕਾਰੀ ਹੈ) ॥ ੧੩੭ ॥

ਕੁੰਭੀ ਕੁਸਟ ਕੁੜਾ ਲੈ ਚਿੱਤਾ। ਕਾਲਮੇਖ ਕਾ ਕਾਹੀ ਲਿੱਤਾ।

*ਆਸਨ-ਬਿਜਯਸਾਰ ਅਰਥਾਤ ਕਮਰਕਸ ਹੈ, ਦੇਖੋ ਭਾਵ ਪ੍ਰਿ: ੨੫੩

Digitized by Panjab Digital Library | www.panjabdigilib.org

ਅਰਕ ਸੁਨਹੀ ਪਜ ਲੇਪ ਜੁ ਜਾਸ। ਕਰਨਕਗ੍ਰੰਥ ਮਿਟਤ ਸੁਖਤਾਸ।੧੩੮।

੨੨੦–†ਗੁੱਗਲ, ਕੁੱਠ, ਕੁੜਾ ਦਾ ਸੱਕ, ਚਿੱਤ੍ਰੇ ਦੀ ਛਿੱਲ, ਕਾਲੀ ਜੀਰੀ, ਸੁਰਖ ਕਾਹੀ, ਅੱਕ ਅਰ ਥੋਹਰ ਦੇ ਦੁੱਧ ਨਾਲ ਲੇਪ ਕਰੇ ਤਾਂ ਕਰਨਕ ਸੰਨਿਪਾਤ ਦੀਆਂ ਗੰਢਾਂ ਨਾਸ ਕਰੇ ॥ ੧੩੮ ॥

ਪੁਸਕਰ ਦੰਤੀ ਕੁੜਾ ਲੈ ਚਿੱਤਾ। ਕਾਹੀ ਕੁਸਟ ਮਿਲਾਵੈ ਮਿਤਾ।
ਕਾਂਜੀ ਰਵਿ ਪਯ ਲੇਪ ਲਗਾਇ। ਕਰਨਕ ਸੋਥ ਮਿਟੈ ਸੁਖ ਥਾਇ।੧੩੯।

੨੨੧–ਪੁਹਕਰਮੂਲ, ਜਮਾਲਗੋਟਾ; ਕੁੜਾ, ਚਿੱਤ੍ਰਾ, ਕਾਹੀ ਤੇ ਕੁੱਠ. ਕਾਂਜੀ ਤੇ ਅੱਕ ਦੇ ਦੁੱਧ ਨਾਲ ਲੇਪ ਕਰੇ ਤਾਂ ਕਰਨਕ ਸੰਨਿਪਾਤ ਦੀ ਗੰਢ ਮਿਟੇ ॥ ੧੩੯ ॥

ਦੋਹਰਾ

ਬੀਜੌਰਾ ਜਟ ਅਰਿਣ ਹੀ, ਗੋ ਜਲ ਲੇਪਨ ਕਾਰ।
ਕਰਨਸੂਲ ਗ੍ਰੰਥਕ ਮਿਟਤ, ਰੁਧਰੈ ਜਾਇ ਬਿਕਾਰ ॥੧੪੦॥

੨੨੨–ਬਿਜੌਰੇ ਦੀ ਜੜ੍ਹ ਤੇ ਅਰਨੀ ਗਊਮੂਤ੍ਰ ਨਾਲ ਲੇਪ ਕਰਨ ਤੇ ਭੀ ਕੰਨ ਮੂਲ ਦੀ ਸੋਜ ਨਸ਼ਟ ਹੁੰਦੀ ਹੈ ॥ ੧੪੦ ॥

ਚੌਪਈ

ਚਿੱਤ੍ਰਕ ਰਜਨੀ ਮੇਲ ਧਮਾਹਾ। ਸਰਸੋਂ ਸੁੰਠੀ ਸੇਂਧਵ ਆਹਾ।
ਬਚ ਪਯ ਸੰਗੇ ਲੇਪ ਲਗਾਇ। ਕਰਨਕ ਪੀਰਾ ਦੂਰ ਕਰਾਇ॥ ੧੪੧॥

੨੨੩–ਚਿਤ੍ਰਾ, ਹਲਦੀ, ਧਮਾਹਾਂ, ਸਰ੍ਹੋਂ ਸੁੰਢ, ਸੇਂਧਾਲੂਣ ਤੇ ਵਚ. ਦੁਧ ਨਾਲ ਲੇਪ ਕੀਤਾ ਭੀ ਕਰਨਕ ਦੀ ਸੋਜ ਦੂਰ ਕਰਦਾ ਹੈ ਅਤੇ ਸਭ ਤਰ੍ਹਾਂ ਦ ਸੋਜ ਨਾਸ ਕਰੇ ॥ ੧੪੧ ॥

ਸੁੰਠੀ ਸਰਸਵ ਸਿਗ੍ਰ ਦਾਰ। ਇਟਸਿਟ ਪੀਸੇ ਕਾਂਜੀ ਬਾਰ।
ਸਰਬ ਸੋਥ ਕਾ ਨਸ੍ਹਾ ਕਰਾਇ। ਕਰਨਕ ਗ੍ਰੰਥ ਮਿਟੈ ਸੁਖਦਾਇ।੧੪੨॥

੨੨੪–ਸੁੰਢ, ਸਰ੍ਹੋਂ, ਸੁਹਾਂਜਣਾ, ਦੇਵਦਾਰ ਤੇ ਇਟਸਿਟ ਕਾਂਜੀ ਨਾਲ ਘਿਸਾਕੇ ਲੇਪ ਲਗਾਵੇ ਤਾਂ ਕਰਨਕ ਦੀ ਸੋਜ ਨਾਸ ਹੋਵੇ ॥੧੪੨॥

ਕਨੇਡੂ ਪਾਕੇ ਦਾ ਉਪਾਇ–ਦੋਹਰਾ

ਧਾਵੇ ਅਰਜੁਨ ਜਾਨਿਯੋ, ਅਉਰ ਕਦੰਬੈ ਲੇਪ।
ਪਾਕ ਸੋਫ ਸਭ ਜਾਤ ਹੈ, ਕਰਨਕ ਦੁਖ ਸੰਖੇਪ ॥੧੪੩॥

੨੨੫–ਧਾਵੇਬ੍ਰਿਛ, ਕਊਬ੍ਰਿਛ ਅਤੇ ਕਦੰਬਬ੍ਰਿਛ ਇਨ੍ਹਾਂ ਦੀ ਛਿਲ ਦਾ ਲੇਪ ਜਲ ਨਾਲ ਕਰੇ ਤਾਂ ਕਨੇਡੂ ਪਾਕ ਅਤੇ ਸੋਜ ਸਭ ਤਰਾਂ ਦੀ ਨਾਸ ਕਰੇ ਅਰ ਕਰਨਕ ਸੰਨਿਪਾਤ ਨਾਸ ਹੋਵੇ ॥੧੪੩॥

ਕਰਨਕ ਨਖਿਧ–ਸ਼ੰਕਰ

ਸੰਗ ਜੋਖਿਤ ਸੁਪਨ ਦਿਨ ਕਾ, ਬਹੁਤ ਪੀਵਨ ਨੀਰ।

---

†ਕੁੰਭੀ–ਗੁਗਲ ਹੈ, ਔਸ਼ਧੀ ਕੋਸ਼ ਪ੍ਰਿ: ੩੫

Digitized by Panjab Digital Library | www.panjabdigilib.org

ਸੀਤ ਨਿਸ ਮੈ ਜਾਗਨਾ, ਅਰੁ ਦਯਾਮ ਮਾਖ ਸਭੀਰ।
ਗੋ ਧੂਮ ਤਿਲ ਪਿੰਨਯਾਕ ਮਸੂਰੀ, ਤ੍ਰੈਪੁਟਾ ਜਮ ਜਾਨ।
ਤੇਲ ਏਤੀ ਬਸਤ ਤਯਾਗੋ, ਕਰਨ ਕੇ ਦੁਖ ਜਾਨ ॥੧੪੪॥

ਦੋਹਰਾ

ਬੈਂਗਨ ਸੂਰਨ ਲਸਨ ਹੀ, ਤਜੋ ਕੰਦ ਸਭ ਜਾਤ।
ਆਮਿਖ ਸੂਕਾ ਸਾਕ ਸਭ, ਲੇਹੁ ਨ ਹੋਇ ਬਿਖਯਾਤ ॥੧੪੫॥

੨੨੬--ਇਸਤ੍ਰੀ ਸਗ, ਦਿਨੇ ਸੌਣਾ, ਬਹੁਤ ਪਾਣੀ ਪੀਣਾ, ਸਰਦੀ ਵਿਚ ਰਿਹੈਸ਼, ਰਾਤ ਨੂੰ ਜਾਗਣਾ, ਕਸਰਤ ਕਰਨੀ, ਮਾਂਹ, ਕਣਕ, ਤਿਲਾਂ ਦੀ ਕੂਲਰ, ਮਸਰ, *ਮਟਰ, ਜੌਂ ਤੇ ਤੇਲ, ਇਤਨੀਆਂ ਵਸਤਾਂ ਖਾਣੀਆਂ, ਇਹ ਸਭ ਕਰਨਕ ਸਨਿ ਵਿਚ ਵਰਜ ਦੇਵੇ, ਦੁਖਦਾਈ ਅਰ ਨਖਿਧ ਹਨ। ਬਤਾਊਂ ਜਿਮੀਕੰਦ, ਲਸਨ ਹੋਰ ਸਭੇ ਕੰਦ (ਸ਼ਲਗਮ, ਭੇਂ ਆਦਿ ਸਭ ਕੰਦ ਹਨ) ਇਹ ਸਭ ਵਰਜ ਛਡੇ, ਹੋਰ ਸੁਕੇ ਹੋਏ ਮਾਂਸ ਤੇ ਸਾਗ ਭੀ ਨਾ ਖਾਵੇ ॥ ੧੪੪ ॥ ੧੪੫ ॥

ਯੋਗ ਬਸਤੂ—ਦੋਹਰਾ

ਪੇਠਾ ਤੋਰੀ ਸਾਲੀਆ, ਅਦਰਕ ਸੋਏ ਲਯਾਇ।
ਸੰਨਪਾਤ ਕਰਨਕ ਬਿਖੈ, ਇਨਕਾ ਬਯੰਜਨ ਖਾਇ ॥੧੪੬॥

੨੨੭-ਪੇਠਾ, ਤੋਰੀਆਂ, ਸਿਆਲੀਆਂ, ਅਦ੍ਰਿਕ ਤ ਸੋਏ ਇਹ ਕਰਨਕ ਸੰਨਿ ਵਾਲੇ ਖਾਣ ਯੋਗ ਚੀਜ਼ਾਂ ਹਨ ॥ ੧੪੬ ॥

ਉਪਾਇ

ਸੀਤਲ ਜਲ ਪੀਯ ਨਾਸ ਮਗ, ਉਠੀ ਨਰ ਪਰਭਾਤ।
ਕਰਨ ਸੋਧ ਕਰਨਕ ਮਿਟਤ, ਜਾਨੋ ਸੰਨ ਜੁ ਪਾਤ ॥੧੪੭॥

੨੨੮-ਠੰਡਾ ਪਾਣੀ ਨਕ ਰਸਤੇ ਤੜਕੇ ਉਠਕੇ ਪੀਵੇ, ਤਾਂ ਕੰਨਾ ਦੀ ਸੋਜ ਕਰਨਕ ਸੰਨਪਾਤ ਨਾਸ ਕਰੇ ॥੧੪੭॥

ਕਟੁਫਲਾਦਿ ਕ੍ਵਾਥ—ਦਵੈਯਾ ਛੰਦ

ਕਟੁਫਲ ਮੋਥਾ ਧਾਵੇ ਜਾਤੀ, ਪੁਸਕਰ ਬਚ ਕੈਰਾਤੰ।
ਪਰਪਟ ਦਾਰਵੀ ਅੱਭਯਾ ਸ੍ਰਿੰਗੀ, ਨਾਗਰ ਪੀਪਰ ਘਾਤੰ।
ਕੜੂ ਸਟੀ ਕਾਲਿੰਗ ਰੌਦ੍ਰੀ, ਭਾੜਿੰਗੀ ਲੈ ਧਨੀਆਂ।
ਕ੍ਵਾਥ ਤਰੀ ਅਦਰਕ ਸਿੰਗ ਪਾਵੇ, ਕਰਣਗ੍ਰੰਥ ਗਤਿ ਗਨੀਆ।੧੪੮।
ਮੱਨਯਾਗਲ ਕਫ ਸ੍ਵਾਸਾ ਜਾਵੈ, ਤਾਪ ਮਿਟੈ ਸਭ ਰੋਗਾ।

---

*ਤ੍ਰੈਪੁਟਾ-ਮਟਰ ਹੈ, ਦੇਖੋ ਨਿਰਮਲਕੋਸ਼ ਤੇ ਮਟਰ ਨਾਮ ਭਾਵ ਪ੍ਰਕਾਸ਼ਤ।

Digitized by Panjab Digital Library | www.panjabdigilib.org

ਗੰਡਮਾਲ ਗਲਗੰਡਾ ਜਾਵੈ, ਸੀਸ ਤਨਾ ਦੁਖ ਸੋਗਾ।
ਬਧਰ ਕਾਸ ਹਿਕ੍ਹਾ ਸੁਰਭੰਗਾ, ਔਰ ਸੰਨਿਭਿੰਨਜਾਸਾ।
ਜੇ ਦਸ ਮੂਲਾ ਮਾਹਿ ਮਿਲਾਵਤ, ਬਾਤ ਚੌਰਾਸੀ ਨਾਸਾ ॥੧੪੯॥

੨੨੯–ਕਾਇਫਲ, ਮੋਥਾ ਧਾਵੇ, ਜਾਫਲ, ਪੁਹਕਰਮੂਲ, ਵਚ, ਚਿਰੈਤਾ, ਪਾਪੜਾ ਦਾਰਹਲਦੀ, ਹਰੜ, ਕਕੜਸਿੰਗੀ, ਸੁੰਢ, ਮਘ, ਕੜੂ, ਕਚੂਰ, ਇੰਦ੍ਰਜੌਂ, ਬੋਹੜ ਦੀ ਦਾੜੀ, ਭੜਿੰਗੀ ਤੇ ਧਨੀਆ ਕਵਾਥ ਕਰਕੇ ਅਦ੍ਰਕ ਤੇ ਹਿੰਗ ਪਾਕੇ ਪੀਵੇ, ਕਰਣਕ ਸੰਨਿ ਦੀ ਗੁੰਥੀ ਦੂਰ ਹੋਵੇ, ਤੇ ਜਬਾੜਿਆਂ ਦਾ ਆਕੜਨਾ, ਗਲ ਦਾ ਰੁਕਣਾ, ਕਫ, ਸ੍ਵਾਸ, ਤਾਪ ਦੇ ਸਭ ਰੋਗ, ਗੰਡਮਾਲਾ, ਗਲਗੰਡ (ਗਿਲੜ) ਸਿਰਦਰਦ, ਬੋਲਾਪਨ, ਖਾਂਸੀ, ਹਿੜਕੀ, ਗਲਾ ਬੈਠਣਾ, ਹੋਰ ਸੰਨਿ ਅਭਿਨਯਾਸ ਇਤਨੇ ਰੋਗਾਂ ਨੂੰ ਨਾਸ ਕਰਦਾ ਹੈ। ਜੇ ਦਸ ਮੂਲ ਮਿਲਾਕੇ ਇਹੋ ਕ੍ਵਾਥ ਪੀਵੇ ਤਾਂ ਚੋਰਾਸੀ ਤਰਾਂ ਦੀ ਵਾਯੂ ਦੇ ਰੋਗ ਨਾਸ ਕਰੇ ਹੈ.॥੧੪੮॥੧੪੯॥

ਲੇਪ–ਚੌਪਈ

ਹਾਲੋਂ ਕਟਫਲ ਸੁੰਠੀ ਸੋਏ। ਪਾਨੀ ਸੋ ਕਰ ਤਪਤ ਸਮੋਏ।
ਲੇਪ ਕਰੋ ਇਸ ਬਾਰੰਬਾਰ। ਕਰਨ ਸੋਥ ਕੋ ਦੂਰ ਬਿਡਾਰ ॥੧੫੦॥

੨੩੦–ਹਾਲੋਂ, ਕਾਇਫਲ, ਸੁੰਢ ਤੇ ਸੋਏ, ਪਾਣੀ ਨਾਲ ਤਤੇ ਕਰਕੇ ਝਟ ਝਟ ਪਿਛੋਂ ਲੇਪ ਕਰੀ ਜਾਵੇ ਤਾਂ ਕਰਨਕ ਦੀ ਸੋਜ ਦੂਰ ਹੋਵੇ ॥੧੫੦॥

ਕ੍ਵਾਥ

ਬੀਜੌਰਾ ਜੜ ਅਰਣੀ ਦਾਰੁ। ਸੁੰਠੀ ਸੈਂਧਵ ਰਾਸਨ ਡਾਰ।
ਕ੍ਵਾਥ ਕਰੀ ਜੇ ਪੀਵਤ ਕੋਇ। ਅਥਵਾ ਲੇਪੋ ਸੰਨਿ ਨ ਹੋਇ॥੧੫੧॥

੨੩੧–ਬਿਜੋਰੇ ਦੀ ਜੜ੍ਹ ਅਰਣੀ, ਦੇਵਦਾਰ, ਸੁੰਢ, ਸੇਂਧਾਲੂਣ ਤੇ ਰਾਸਨਾ ਇਹਨਾਂ ਦਾ ਕਾੜ੍ਹਾ ਪੀਵੇ ਯਾਂ ਲੇਪ ਕਰੇ ਤਾਂ ਭੀ ਸੰਨਿ ਦਾ ਦੁਖ ਨਹੀਂ ਹੁੰਦਾ ॥੧੫੧॥

ਭਗਨ ਦ੍ਰਿਸਟ ਲੱਛਣ–ਪਰਹਾ

ਜੁਰ ਪਰਲਾਪ ਬਿਲਾਪ, ਅਚੇਟਨ ਸ੍ਵਾਸ ਹੀ
ਭਗਨ ਦ੍ਰਿਸਟ ਭ੍ਰਮ ਮੋਹ, ਜੁ ਕੰਪਨਿ ਤਾਸ ਹੀ
ਸੂਨਯ ਸੋਜ ਹੋਇ ਪੀਰਾ, ਕੰਠਹਿ ਮਾਨਿਯੋ।
ਦ੍ਰਿਸਟ ਭਗਨ ਸੰਨਿਪਾਤਾ ਲੱਛਣ ਜਾਨਿਯੋ॥ ੧੫੨ ॥

ਤਾਪ, ਅਨਰਥ ਬੋਲਣਾ, ਕੀਰਣੇ, ਬਿਹੋਸ਼ੀ, ਦਮਾਂ, ਦ੍ਰਿਸ਼ਟੀ ਦਾ ਨਾਸ, ਭ੍ਰਮ ਅਗਿਯਾਨ, ਕਾਂਬਾ, ਸੁੰਨਾਪਨ ਤੇ ਗਲ ਵਿਚ ਪੀੜਾ, ਇਹ ਭਗਨ ਦ੍ਰਿਸਟੀ ਸੰਨਿਪਾਤ ਦੇ ਲੱਛਣ ਹੁੰਦੇ ਹਨ ॥੧੫੨॥

ਉਪਾਇ–ਚੌਪਈ

ਨਿੰਬ ਪਟੋਲ ਕੜੂ ਦੋ ਨਿਸਾ। ਤ੍ਰਿਫਲਾ ਖੁਦ੍ਰਾ ਘਨ ਲੈ ਮਿਸਾ।

Digitized by Panjab Digital Library | www.panjabdigilib.org

ਕ੍ਵਾਥ ਕਰੀ ਪੀਵਤ ਸੰਨਿ ਜਾਇ। ਭਗਨ ਨੇਤ੍ਰ ਕੀ ਪੀਰ ਪਰਾਇ।੧੫੪।

੨੩੨–ਨਿੰਮਪਤ੍ਰ, ਪਟੋਲਪਤ੍ਰ, ਕੜੂ, ਦੋਨੋਂ ਹਲਦੀਆਂ, ਤ੍ਰਿਫਲਾ (ਹਰੜ, ਬਹੇੜਾ, ਆਵਲੇ)' ਕੰਡਯਾਰੀ, ਮੋਥਾ ਤੇ ਸੋਂਫ ਇਨ੍ਹਾਂ ਦਾ ਕ੍ਵਾਥ ਪੀਤਾ ਭੀ ਭਗਨ ਦ੍ਰਿਸ਼ਟ ਸੰਨਿਪਾਤ ਦਾ ਨਾਸ ਕਰੇ।੧੫੩॥

ਕ੍ਵਾਥ

ਧਨੀਆਂ ਨਿੰਬ ਪਟੋਲੀ ਦਾਰੁ। ਕਟੁਕੀ ਅਭਯਾ ਘਨ ਲੈ ਡਾਰ।
ਕ੍ਵਾਥ ਕਰੀ ਪਿਵ ਸੰਨਿ ਮਿਟਾਇ।ਪਿੱਤਤਾਪ ਮੇਹਭਗਨਦ੍ਰਿਗਾਇ।੧੫੪।

੨੩੩–ਧਨੀਆਂ, ਨਿੰਮ, ਪਟੋਲਪਤ੍ਰ, ਦੇਵਦਾਰ, ਕੌੜ, ਜੰਗਹਰੜ ਤੇ ਮੋਥਾ ਸਮਾਨ ਲੈਕੇ ਕਾੜ੍ਹਾ ਕਰੇ, ਪੀਵੇ ਤਾਂ ਸੰਨਿਪਾਤ, ਗਰਮੀ ਦਾ ਤਾਪ, ਪ੍ਰਮੇਹ, ਭਗਨ ਦ੍ਰਿਸ਼ਟੀ ਨਾਸ ਹੁੰਦੇ ਹਨ ॥੧੫੪॥

ਅਵਲੇਹ (ਚਟਣੀ)–ਦੋਹਰਾ

ਸੋਵਨ ਮਾਖੀ ਪੀਪਰਾ, ਤਾਮਹਿ ਮੇਲ ਕਿਰਾਤ।
ਸਹਿਤ ਸੰਗ ਚਾਟਨ ਕਰੋ, ਭਗਨ ਨੈਨ ਸੰਨਿਘਾਤ ॥ ੧੫੫ ॥

੨੩੪–ਸੋਨਮਖੀ ਦੀ ਭਸਮ, ਮਘ ਤੇ ਚਿਰੈਤਾ ਪੀਹਕੇ ਸ਼ਹਿਤ ਪਾ ਕੇ ਚਟਣੀ ਚੱਟੇ ਤਾਂ ਭਗਨ-ਨੇਤ੍ਰ ਸੰਨਿਪਾਤ ਦੂਰ ਹੋਵੇ ॥੧੫੫॥

ਅੰਜਨ–ਸੋਰਠਾ

ਪੀਪਰ ਮਨਸਿਲ ਲੈਇ, ਮਰਚ ਮੇਲਿ ਦ੍ਰਿਗ ਅੰਜੀਏ।
ਜਲ ਸੰਗੇ ਏ ਦੋਇ, ਸੰਨਿ ਜਾਤ ਹੈ ਭਗਣ ਦ੍ਰਿਗ॥੧੫੬॥

੨੩੫–ਮਘ, ਮਨਸ਼ਿਲ ਤੇ ਮਿਰਚ ਮਿਲਕੇ ਜਲ ਨਾਲ ਪੀਹੇ ਅਰ ਫਿਰ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਭਗਨਦ੍ਰਿਸ਼ਟੀ ਸੰਨਿਪਾਤ ਨਾਸ ਹੋਵੇ ॥੧੫੬॥

ਸੋਰਠਾ

ਬਚ ਮਰਚਾਂ ਕਣ ਹਿੰਗ, ਮਹੁਵਾ ਸੇਂਧਾ ਜਲ ਘਸੇ।
ਦ੍ਰਿਗ ਮਹਿ ਅੰਜਤਿ ਸੰਗ, ਭਗਨ ਦ੍ਰਿਗਾ ਸੰਣਿ ਨਾਂ ਰਹਿਤ॥੧੫੭॥

੨੩੬–ਵਚ, ਮ੍ਰਿਚ, ਮਘ, ਹਿੰਗ, ਮਹੂਆ ਤੇ ਸੇਂਧਾਲੂਣ ਜਲ ਨਾਲ ਘੋਟਕੇ ਨੇਤ੍ਰਾਂਜਨ ਕਰੇ ਤਾਂ ਭਗਨ ਦ੍ਰਿਸ਼ਟੀ ਸੰਨਿਪਾਤ ਨਾਸ ਹੋਵੇ ॥੧੫੭॥

ਨਸਵਾਰ–ਚੌਪਈ

ਮਿਰਚਾਂ ਬਚ ਸੁ ਸਮੁੰਦਰ ਝਾਗ। ਕ੍ਰਿਸਨਾਂ ਉਗ੍ਰਗੰਧਾ ਸੋਭਾਗ।
ਲਸਨ ਨੀਰ ਵਾ ਮੋਥਾ ਨੀਰ। ਭਾਵਨ ਦੀਜੈ ਤਾਕੋ ਬੀਰ ॥੧੫੮॥
ਨਾਵਨ ਤੇ ਚੈਤੰਨ ਸੁ ਥਾਇ। ਮੂਰਛਾ ਤਜੈ ਭਗਨ ਦ੍ਰਿਗ ਜਾਇ।
ਸਿਧ ਜੋਗ ਭਾਖਿਆ ਹੈ ਸਹੀ। ਰੋਗ ਦੇਖ ਕੈ ਦੀਜੈ ਕਹੀ ॥੧੫੯॥

Digitized by Panjab Digital Library | www.panjabdigilib.org

੨੩੭-ਮ੍ਰਿਚ, ਵਚ, ਸਮੁੰਦ੍ਰਝਗ. ਮਘ ਤੇ ਹਿੰਗ, ਲਸਨ ਦੇ ਪਾਣੀ ਯਾਂ ਮੋਥੇ ਦੇ ਪਾਣੀ ਦੀਆਂ ਭਾਵਨਾਂ ਦੇਕੇ ਨਸਵਾਰ ਦੇਵੇ ਤਾਂ ਚੈਤੰਨਤਾ ਹੋਇ, ਮੂਰਛਾ, ਭਗਨ ਦ੍ਰਿਸ਼ਟੀ ਸੰਨਿਪਾਤ ਜਾਵੇ, ਇਹ ਸਿਧ ਜੋਗ ਹੈ, ਸੋਚਕੇ ਦੇਵੇ ॥੧੫੮॥੧੫੯॥

ਲੇਪ-ਦੋਹਰਾ

ਪੀਪਰ ਮੇਲ ਚਰਾਇਤਾ, ਮਧੁ ਸੰਗੈ ਲਿਪ ਨੈਨ।
ਭਗਨ ਨੇਤ੍ਰ ਸੰਨਿ ਜਾਤ ਹੈ, ਭਾਖੀ ਔਖਧ ਐਨ ॥ ੧੬੦ ॥

੨੩੮-ਮਘ, ਚਿਰੈਤਾ, ਸ਼ਹਿਤ ਨਾਲ ਨੇਤ੍ਰਾਂ ਤੇ ਲੇਪ ਕਰੇ ਤਾਂ ਭਗਨ ਦ੍ਰਿਸ਼ਟੀ ਸੰਨਿਪਾਤ ਮਿਟੇ ॥੧੬੦॥

ਅੰਜਨ-ਚੌਪਈ

ਮਿਰਚਾਂ ਮਨਸਿਲ ਲੇ ਹਰਤਾਲ। ਸੇਂਧਾ ਪੀਪਰ ਪੀਸੇ ਸਾਰ।
ਲਸਨ ਨੀਰ ਸੋ ਅੰਜਨ ਕਰੋ। ਭਗਨ ਨੈਨ ਸੰਨਿ ਤਨ ਤੇ ਹਰੋ॥੧੬੧॥

੨੩੯-ਮ੍ਰਿਚਾਂ, ਮਨਸਿਲ, ਵਰਕੀਆਹੜਤਾਲ, ਸੇਂਧਾਲੂਣ ਤੇ ਮਘ, ਚੰਗੀ ਤਰ੍ਹਾਂ ਪੀਹਕੇ ਲਸਨ ਦੇ ਪਾਣੀ ਨਾਲ ਅੰਜਨ ਕਰੇ ਤਾਂ ਭਗਨ ਦ੍ਰਿਸ਼ਟੀ ਸੰਨਿਪਾਤ ਜਾਵੇ ॥੧੬੧॥

ਨਸਵਾਰ (ਸੰਨਿਪਾਤ ਕਲਕਾਤ)-ਸੋਰਠਾ

ਸੁੰਠ ਦੁਪਹਰੀ ਫੂਲ, ਬਚ ਮੇਲੀ ਨਸਵਾਰ ਦੈ।
ਮਿਟਤ ਭਗਨ ਦ੍ਰਿਗ ਸੂਲ, ਸੰਨਿਪਾਤ ਕਲਿਕਾ ਬਚੈ ॥੧੬੨॥

੨੪੦-ਸੁੰਢ, ਗੁਲਦੁਪਹਿਰੀ ਤੇ ਵਚ ਇਨ੍ਹਾਂ ਦੀ ਨਸਵਾਰ ਦੇਵੇ ਤਾਂ ਭਗਨ ਦ੍ਰਿਸ਼ਟ ਸੰਨਿਪਾਤ ਨਾਸ਼ ਹੋਵੇ ॥੧੬੨॥

ਚੌਪਈ

ਲਸਨ ਦੁਪਹਿਰੀ ਫੂਲ ਮੰਗਾਇ। ਮਰਚ ਤੁਗ੍ਰ ਗੰਧਾ ਭੀ ਥਾਇ।
ਕਣਾ ਤੂੰਬੜੀ ਕਟ ਲੈ ਬੀਜ। ਅਦਰਕ ਬਚ ਪੀਸੇ ਸਮਲੀਜ ॥੧੬੩॥
ਉਸਨ ਨੀਰ ਸੋ ਨਾਵਨ ਦੇਇ। ਭਗਨ ਨੈਨ ਕੀ ਪੀਰ ਹਰੇਇ।
ਸਿਧ ਜੋਗ ਧਨਵੰਤਰ ਭਾਖਯਾ। ਮੇਘ ਬਿਨੋਦੈ ਮੇਘੈ ਰਾਖਯਾ ॥੧੬੪॥

੨੪੧-ਲਸਨ, ਦੁਪਹਿਰੀ ਦਾ ਫੂਲ, ਮ੍ਰਿਚ, ਅਸਗੰਧ, ਮਘ, ਕੌੜੀ ਤੂੰਬੀ ਦੇ ਬੀਜ, ਅਦ੍ਰਿਕ ਤੇ ਵਚ, ਸਮਾਨ ਭਾਗ ਲੈਕੇ ਪੀਹੇ, ਗਰਮ ਪਾਣੀ ਨਾਲ ਨਸਵਾਰ ਦੇਵੇ ਤਾਂ ਭਗਨ ਦ੍ਰਿਸ਼ਟੀ ਸੰਨਿਪਾਤ ਨਾਸ ਹੋਵੇ ॥੧੬੩॥੧੬੪॥

ਕ੍ਵਾਥ

ਦਸੇ ਮੂਲ ਕਾ ਕ੍ਵਾਥ ਕਰਾਇ। ਪੀਪਰ ਪੁਸਕਰ ਦੈ ਭੁਰਕਾਇ।
ਸ੍ਵਾਸ ਕਾਸ ਕਫ ਤਪ ਹੀ ਹਰੈ। ਸੰਨਿਪਾਤ ਦ੍ਰਿਗ ਭਗਨੈ ਟਰੈ ॥੧੬੫॥

Digitized by Panjab Digital Library | www.panjabdigilib.org

੨੪੨–ਦਸਮੂਲ ਦਾ ਕ੍ਵਾਥ ਕਰਕੇ ਮਘ ਤੇ ਪੋਹਕਰਮੂਲ ਧੂੜ ਕੇ ਪੀਵੇ ਤਾਂ ਸਾਸ, ਕਾਸ, ਕਫ, ਤਪ, ਭਗਨ ਦ੍ਰਿਸ਼ਟੀ ਸੰਨਿਪਾਤ ਨਾ ਰਹੇ ॥੧੬੫॥

ਦਸੇ ਮੂਲ ਊਖਨ ਸਟਿ ਛਿੰਨਾ। ਲੇਹੁ ਭੜਿੰਗੀ ਕ੍ਵਾਥ ਜੁ ਕਿੰਨਾ।
ਸੰਨਪਾਤ ਭਾਗਤ ਭਗਨੈਨ। ਮਿਟੈ ਤਾਪ ਅਰੁ ਤਨ ਸਭ ਚੈਨ ॥੧੬੬॥

੨੪੩–ਦਸਮੂਲ, ਮਿਰਚਾਂ, ਕਚੂਰ, ਗਿਲੋਯ ਤੇ ਭੜਿੰਗੀ ਕ੍ਵਾਥ ਕਰਕੇ ਪਿਲਾਯਾਂ ਭਗਨ ਦ੍ਰਿਸ਼ਟੀ ਸੰਨਿਪਾਤ ਨੂੰ ਨਾਸ ਕਰਦਾ ਹੈ ॥੧੬੬॥

ਅਸਟਾਦਸਾਂਗ ਕ੍ਵਾਥ–ਦਵੈਯਾ

ਨਿੰਬ ਪੁਸਕਰਾ ਸ੍ਰਿੰਗੀ ਦਾਖਾ, ਸਟੀ ਗਲੋਇ ਮੰਗਾਵੇ।
ਸੁੰਠੀ ਮੁਸਤਾ ਕੁਟਕੀ ਪਾਠਾ, ਔਰ ਕਿਰਾਤ ਠਵਾਵੇ।
ਨੇਤਰਬਾਲਾ ਮੇਲ ਧਮਾਹਾ, ਪਦਮਕ ਧਨੀਯਾ ਪਾਵੇ।
ਚੰਦਨ ਸੁਰਖ ਉਸੀਰ ਕੰਟਾਰੀ, ਇਨਕਾ ਕ੍ਵਾਥ ਕਰਾਵੇ ॥੧੬੭॥

ਦੋਹਰਾ

ਜੀਰਨ ਜੁਰ ਮੰਦਾਗਨੀ, ਜਾਵਤ ਸ੍ਵਾਸਰੁ ਕਾਸ।
ਸ੍ਵੇਦ ਭਗਨ ਦ੍ਰਿਗ ਜਾਤ ਹੈ, ਪਿਵਤ ਔਖਧੀ ਜਾਸ ॥੧੬੮॥

੨੪੪–ਨਿੰਮ, ਪੁਹਕਰਮੂਲ, ਕਕੜਸਿੰਗੀ, ਮੁਨੱਕਾ, ਕਚੂਰ, ਗਿਲੋਯ, ਸੁੰਢ, ਮੋਥਾ, ਕੋੜ, ਪਾਠਾ, ਚਿਰੈਤਾ, ਨੇਤ੍ਰਬਾਲਾ, ਧਮਾਹਾ, *ਪਦਮਾਖ ਲਕੜੀ, ਧਨੀਆਂ, ਲਾਲਚੰਦਨ, ਖਸ ਤੇ ਕੰਡਿਆਰੀ; ਇਨ੍ਹਾਂ ਦਾ ਕ੍ਵਾਥ ਕਰ ਕੇ ਪਿਲਾਵੇ ਤਾਂ ਪੁਰਾਣੇ ਤਾਪ, ਮੰਦਾਗਨੀ, ਸ੍ਵਾਸ, ਚਾਸ, ਮੁੜ੍ਹਕਾ, ਭਗਨਨੇਤ੍ਰ ਸੰਨਿਪਾਤ ਸਭ ਨੂੰ ਨਾਸ ਕਰੇ ॥੧੬੭॥੧੬੮॥

ਦਸਾਂਗ ਕ੍ਵਾਥ

ਕਫੂ ਕਲਿੰਗ ਜੁ ਸੁੰਠ ਕਿਰਾਤ। ਧਨੀਯਾ ਗਜਪੀਪਰ ਲੈ ਘਾਤ।
ਦੇਵਦਾਰੁ ਘਨ ਦਸੇ ਜੁ ਮੂਰ। ਕ੍ਵਾਥ ਕਰੀ ਪੀਵੇ ਉਠ ਸੂਰ ॥੧੬੯॥
ਭਗਨ ਨੈਨ ਜੁਰ ਸੰਨਿ ਮਿਟਾਇ। ਕਾਸ ਸੁ ਉਰਗ੍ਰਹ ਸ੍ਵਾਸਹਿ ਜਾਇ।
ਛਰਦ ਪੱਸੁਲੀ ਜਾਵੈ ਸੂਰ। ਸੁਖ ਪਾਵੈ ਦੁਖ ਨਾਸੈ ਦੂਰ ।੧੭੦।

੨੪੫–ਕਮੂ, ਇੰਦ੍ਰਜੌਂ, ਸੁੰਢ, ਚਿਰੈਤਾ, ਧਨੀਆਂ, ਵਡੀ ਮਘ, ਦੇਵਦਾਰ, ਮਥਾ ਤ ਦਸਮੂਲ ਕ੍ਵਾਥ ਕਰਕੇ ਪ੍ਰਾਤਾਕਾਲ ਪੀਵੇ ਤਾਂ ਭਗਨ ਦ੍ਰਿਸ਼ਚ ਸੰਨਿਪਾਤ, ਖਾਂਸੀ, ਉਰੁਗ੍ਰਹਿ, ਦਾਮਾ, ਕੈ, ਪਸਲੀਆਂ ਦਾ ਦਰਦ ਸਭੇ ਨਾਸ ਕਰੇ ॥੧੬੯॥੧੭੦॥

---

*ਪਦਮਕ–ਪਦਮਾਖ ਹੈ। ਇਸ ਬ੍ਰਿਛ ਪਰ ਫਲ ਨਹੀਂ ਲਗਦੇ, ਲਕੜੀ ਕੰਮ ਔਂਦੀ ਹੈ। ਭਾ: ਪ੍ਰ: ਪ੍ਰਿ: ੧੭੫।

Digitized by Panjab Digital Library | www.panjabdigilib.org

ਰਕਤਸਟੀਵੀ ਲੱਛਣ–ਰਸਾਵਲ

ਰਕਤ ਸੂਵੈ ਮੁਖ ਨਾਕ, ਛਰਦ ਤ੍ਰਿਟ ਤਾਪ ਦਿਖਾਵਤ।
ਉਦਰ ਸੂਲ ਅਤਿਸਾਰ, ਅਰੁਚਿ ਪਰਲਾਪ ਹਿਕਾਵਤ।
ਜਿਹਵਾ ਸਯਾਮ ਅਚੇਤ, ਰਕਤ ਮੰਡਲ ਹੈ ਰਸਨਾ।
ਹੋਤ ਮੋਹ ਭ੍ਰਮ ਤਾਸ, ਜਾਨਿਯੋ ਤਾਕੈ ਲੱਛਨਾ ॥੧੭੧॥

ਨਾਸਾਂ ਅੰਤੇ ਮੂੰਹ ਰਸਤੇ ਲਹੂ ਦਾ ਵਗਣਾ. ਕੇ, ਪਯਾਸ, ਤਾਪ, ਪੇਟ ਪੀੜਾਂ, ਅਤੀਸਾਰ, ਅਰੁਚੀ, ਪ੍ਰਲਾਪ, ਹਿੜਕੀ, ਜ਼ਬਾਨ ਕਾਲੇ, ਲਾਲ ਚਕਤਿਆਂ ਵਾਲੀ, ਨਾਂ ਬੋਲਣ ਵਾਲੀ, ਮੋਹ, ਭ੍ਰਮ, ਇਹ ਰਕਤਸਟੀਵੀ ਸੰਨਿਪਾਤ ਦੇ ਲੱਛਣ ਕਹੇ ਜਾਂਦੇ ਹਨ ॥੧੭੧॥

ਉਪਾਇ–ਚੌਪਈ

ਪਰਪਟ ਧਨੀਯਾ ਦੋਨੋ ਬਾਂਸਾ। ਕਮੂ ਕਿਰਾਤ ਜੁ ਕ੍ਰਾਥ ਕਰਾਸਾ।
ਪਾਈ ਮਿਸਰੀ ਪੀਵਨ ਦੇਇ। ਰਕਤਸਚੀਵੀ ਸੰਨਿ ਹਰੇਇ ॥੧੭੨॥

੩੪੬–ਪਿਤਪਾਪੜਾ, ਧਨੀਆਂ, ਦੋਨੋਂ ਬਾਂਸੇ (ਪੀਲਾ ਤੇ ਚਿਟਾ), ਕੜੂ ਤੇ ਚਿਰੈਤਾ ਇਨ੍ਹਾਂ ਦਾ ਕ੍ਰਾਥ ਮਿਸਰੀ ਪਾਕੇ ਪੀਪਾ ਰਕਤ ਸਟੀਵੀ ਸੰਨਪਾਤ ਨੂੰ ਨਾਸ ਕਰਦਾ ਹੈ ॥੧੭੨॥

ਨੇਤ੍ਰ ਮਾਲਾ ਪਰਪਟ ਨੱਖਯ। ਚੰਦਨ ਛਿੰਨਾ ਬਰੀ ਸੁ ਰੱਖਯ।
ਜਵ ਮਧੂਕ ਮੁਹਲੇਠੀ ਘਨਾ। ਚੰਦਨ ਰਕਤ ਸੁ ਆਨੀ ਭਨਾ ॥੧੭੩॥
ਕਾਢਾ ਕਰਿ ਇਸ ਲੀਜੈ ਨੀਰ। ਰਕਤ ਸਟੀਵੀ ਜਾਵੈ ਪੀਰ।
ਨਾਕ ਬਦਨ ਕਾ ਲੋਹੂ ਮਿਟੈ। ਰਾਮ ਸਿਮਰ ਜਨੋਂ ਅਘ ਸਭ ਕਟੈ।੧੭੪।

੨੪੨–ਨੇਤ੍ਰਬਾਲਾ, ਪਾਪੜਾ, ਨਖੂ, ਰਕਤਚੰਦਨ, ਗਿਲੋਯ, ਸਤਾਵਰ ਪਿਪਲ ਦੀ *ਲਾਖ, ਇੰਦ੍ਰਜੌਂ, ਮਹੂਆ, ਮੁਲਠੀ, ਮੋਥਾ ਤੇ ਲਾਲ ਚੰਦਨ, ਸਮਾਨ ਭਾਗ ਲੈਕੇ ਕਾੜ੍ਹਾ ਕਰੇ ਅਰ ਪਿਲਾਵੇ ਤਾਂ ਰਕਤਸਟੀਵੀ ਸੰਨਿਪਾਤ ਦੇ ਨਕੋਂ ਮੂੰਹੋਂ ਲਹੂ ਆਉਣੇ ਨੂੰ ਤੁਰਤ ਦੂਰ ਕਰੇ ਹੈ ॥੧੭੩॥੧੭੪॥

ਕੁੰਕਮਾਦਿ ਅਵਲੇਹ–ਪਰਹਾ

ਕੁੰਕਮ ਤ੍ਰਿਕਟਾ ਸ੍ਰਿਂਗੀ, ਪੁਸਕਰ ਕਟੁ ਫਲਾ।
ਏਲਾ ਤੋਖਾ ਖੀਰ, ਤਮਾਲਾ ਅਤਿ ਭਲਾ।
ਕਸਤੂਰੀ ਗਜ ਕੇਸਰ, ਦਾਲ ਜੁ ਚੀਨਹੀ।
ਮਧੁ ਸੰਗੇ ਇਹ ਚਾਟੇ, ਸੰਨਿ ਜੁ ਹੀਨਹੀ ॥੧੭੫॥

---

*ਰਖਯਾ–ਨਾਮ ਲਾਖ ਹੈ। ਦੇਖੋ ਆ: ਐ: ਕੋਸ਼: ਪਿ: ੧੩੬ ਪੰ: ੭ ਦੇਖੋ ਗੁਣ ਭਾਵ ਪ੍ਰਕਾਸ਼ਾਤ ਪ੍ਰ: ੧੬੧।

Digitized by Panjab Digital Library | www.panjabdigilib.org

ਬਾਤ ਪਿੱਤ ਕਫ ਤ੍ਰਿਸਨਾ; ਜੀਭ ਜੁ ਫੂਟੀਆ।
ਹਿੱਕ੍ਹਾ ਸ੍ਵਾਸਾ ਕਾਸ, ਖਈ ਜੁਰ ਛੂਟੀਆ।
ਦਗਧ ਹਰੀ ਕਰ ਹੋਇ, ਪਿੱਤ ਇਮ ਜਾਨਿਯੇ।
ਕਹੀ ਕੁੰਕਮਾ ਆਦਿਕ, ਚਟਨੀ ਮਾਨਿਯੇ॥੧੭੬॥

੨੪੮-ਕੇਸਰ, ਤ੍ਰਿਕੁਟਾ, ਕਕੜਸਿੰਗੀ, ਪੁਹਕਰਮੂਲ, ਕਾਇਫਲ, ਲਾਚੀਆਂ, ਤੇਖਾਖੀਰ (ਇਹ ਇਕ ਸਫੈਦ ਮਿਟੀ ਹੈ), ਤਮਾਲਪੱਤ੍ਰ, ਕਸਤੂਰੀ, ਨਾਗਕੇਸਰ, ਤੇ ਦਾਰਚੀਨੀ ਬਰੀਕ ਪੀਹ ਕੇ ਸ਼ਹਿਤ ਨਾਲ ਚਟਣੀ ਚੱਟੇ ਤਾਂ ਸੰਨਿਪਾਤ ਜਾਂਦਾ ਹੈ। ਹੋਰ ਬਾਤ, ਪਿਤ, ਕਫ, ਪਯਾਸ, ਜੀਭ ਦਾ ਫੁਟਣਾ, ਹਿੜਕੀ ਸ੍ਵਾਸ, ਕਾਸ, ਖਈ ਤੇ ਤਾਪ ਨਾਸ ਹੋਵੇ। ਸੜੀ ਕਫ ਹਰੀ ਹੋਵੇ, ਪਿਤ ਹਰੇ ਹੋਣ. ਇਹ ਚਟਣੀ ਬਹੁਤ ਗੁਣਕਾਰ ਹੈ ॥੧੭੫॥੧੭੬॥

ਕਾੜ੍ਹਾ-ਚੌਪਈ

ਬਾਂਸੇ ਕੇਰਾ ਕ੍ਵਾਥ ਕਰਾਇ। ਛਾਨੀ ਤਾ ਮੈ ਸਹਿਤ ਮਿਲਾਇ।
ਸ੍ਵਾਸ ਕਾਸ ਰਕਤਾ ਸੰਨਿ ਜਾਇ। ਰਕਤ ਸਮੁੰਦ੍ਰਹਿ ਪਾਲ ਬੰਧਾਇ।੧੭੭।

੨੪੯-ਬਾਂਸੇ ਦਾ ਕ੍ਵਾਥ ਕਰ ਕੇ ਫਿਰ ਉਸ ਵਿਚ ਸ਼ਹਿਤ ਪਾ ਕੇ ਪੀਏ ਤਾਂ ਸ੍ਵਾਸ, ਕਾਸ, ਰਕਤ-ਸਟੀਵੀ ਸੰਨਿਪਾਤ ਨੂੰ ਨਿਰਸੰਦੇਹ ਦੂਰ ਕਰੇ ॥੧੭੭॥

ਕ੍ਵਾਥ

ਬਾਂਸਾ ਪਰਪਟ ਨਿੰਬ ਜੁ ਦਾਰੁ। ਪ੍ਰਿਸਟ ਪਰਨਿ ਘਨ ਸੁੰਠੀ ਡਾਰੁ।
ਇੰਦ੍ਰਜਵ ਬਚ ਪੀਪਰ ਮੂਰ। ਮੇਲ ਭੱਖੜਾ ਕਰਿਯੇ ਚੂਰ ॥੧੭੮॥
ਕ੍ਵਾਥ ਕਥੀ ਪੀਵਨ ਕੋ ਦੇਇ। ਰਕਤ ਸਟੀਵੀ ਸੰਨ ਹਰੇਇ।
ਸ੍ਵਾਸ ਕਾਸ ਜਾਵੈ ਅਤਿਸਾਰ। ਮੰਦਾਗਨਿ ਤਨ ਸੂਰ ਬਿਡਾਰ ॥੧੭੯॥

੨੫੦-ਬਾਂਸਾ, ਪਾਪੜਾ, ਨਿੰਮ, ਦੇਵਦਾਰ, ਪਿਸਟਪਰਨੀ, ਮੋਥਾ, ਸੁੰਢ, ਇੰਦ੍ਰਜੌਂ, ਵਚ, ਪਿਪਲਾ ਮੂਲ ਅਰ ਭਾਖੜਾ ਦਰੜਕੇ ੪ ਤੋਲੇ ਦਾ ਕਾੜ੍ਹਾ ਕਰੇ ਤੇ ਪੀਵੇ ਤਾਂ ਰਕਤ ਸਟੀਵੀ ਸੰਨਿਪਾਤ, ਸ੍ਵਾਸ, ਕਾਸ, ਅਤੀਸਾਰ, ਮੰਦਾਗਨਿ ਅਰ ਸੂਲ ਨਿਸਚੈ ਦੂਰ ਕਰੇ ॥੧੭੮॥੧੭੯॥

ਨਸਵਾਰ-ਦੋਹਰਾ

ਕੁਸਮ ਦਾੜਿਮੀ ਦੂਬ ਜਲ,ਨਾਵਨ ਨਾਕ ਚਢਾਇ।
ਰਕਤ ਸਟੀਵੀ ਜਾਤਿ ਹੈ, ਮੋਘੇ ਦਈ ਬਤਾਇ ॥੧੮੦॥

੨੫੧-ਅਨਾਰ ਦੇ ਫੂਲ, ਖੱਬਲ ਦੇ ਪਾਣੀ ਵਿਚ ਘੋਟਕੇ ਨਸਵਾਰ ਦੇਵੇ ਤਾਂ ਰਕਤ ਸਟੀਵੀ ਸੰਨਿਪਾਤ ਜਾਵੇ ॥੧੮੦॥

ਚੌਪਈ

ਪਾਹਨ ਭੇਦ ਜੁ ਗੋ ਘੀ ਪਾਇ। ਰੋਗੀ ਦੀਜੈ ਨਾਸ ਬਨਾਇ।

Digitized by Panjab Digital Library | www.panjabdigilib.org

ਨਾਕ ਬਦਦ ਲੋਹੂ ਥੰਭਾਇ। ਰਕਤ ਸਟੀਵੀ ਸੰਨਿ ਮਿਟਾਇ ॥੧੯੧॥

੨੫੨–‡ਪਖਾਣਭੇਦ ਵਿਚ ਗੋਕਾ ਘਿਉ ਮਿਲਾਕੇ ਨਸਵਾਰ ਦੇਵੇ ਤਾਂ ਨਕ ਮੂੰਹ ਦਾ ਖੂਨ ਬੰਦ ਕਰੇ ਤੇ ਰਕਤ ਸਟੀਵੀ ਸੰਨਿਪਾਤ ਨਾਸ਼ ਕਰੇ ॥੧੯੧॥

ਤੂੰਮਾ ਜੜ ਦ੍ਵਾਦਸ ਲੈ ਟੰਕ। ਤਾਹੀ ਸਮ ਪੋਸਤ ਜੜ ਅੰਕ।
ਗਊ ਦੂਧ ਸੋ ਦੇਹੁ ਪਿਵਾਇ। ਰਕਤ ਸਟੀਵੀ ਸੰਨਿ ਮਿਟਾਇ ॥੧੯੨॥

੨੫੩–ਤੁੰਮੇ ਦੀ ਜੜ੍ਹ ੪ ਤੋਲੇ, ਪੋਸਤ ਦੀ ਜੜ ੪ ਤੋਲੇ ਘੋਟਕੇ ਗੋਕੇ ਦੁਧ ਨਾਲ ਪਿਲਾਵੇ ਤਾਂ ਰਕਤ ਸਟੀਵੀ ਸੰਨਿਪਾਤ ਨਾਸ ਹੋਵੇ ॥੧੯੨॥

ਪਰਲਾਪਕ ਲੱਛਣ–ਸ਼ੰਕਰ

ਕੰਪ ਤਨ ਪਰਲਾਪ ਅੰਦਰ, ਦਾਹ ਬਾਹਰ ਹੋਇ।
ਕੰਠ ਪੀਰਾ ਸੋਜ ਮੁਖ ਤੇ, ਭਾਖਤਾ ਬਹੁ ਸੋਇ।
ਮਤ ਬਿਨਾ ਬਕਬਾਇ ਕਰਤਾ, ਭੂਤ ਜਿਮ ਹੈ ਬੈਨ।
ਕਾਠੋਰ ਜਿਹਵਾ ਸੂਨਯਤਾ ਹੁਇ, ਜਾਨ ਲੱਛਣ ਐਨ ॥੧੯੩॥

ਦੋਹਰਾ

ਦੌਰ ਦੌਰ ਬਾਹਰ ਭਜੈ, ਭਾਖਤ ਬੈਨ ਅਨੇਕ
ਕਹੇ ਕਿ ਮੁਝਕੋ ਜਾਨ ਦਯੋ, ਤਾਂ ਤੇ ਬੈਦ ਬਿਬੇਕ ॥੧੯੪॥

ਕੰਬਣਾ, ਬਿਅਰਥ ਬਕਣਾ, ਅੰਦਰ ਬਾਹਰ ਜਲਨ, ਗਲ ਵਿਚ ਪੀੜ, ਮੂੰਹ ਤੇ ਸੋਜ, ਬਹੁਤ ਬੋਲਣਾ, ਬੇਮਤਲਬ ਬਕਬਾਦ, ਭੂਤ ਚਿੰਬੜੇ ਦੀ ਤਰ੍ਹਾਂ ਬਕਾਹਟ, ਕਰੜੀ ਜ਼ਬਾਨ ਅਰ ਜਕੜੀ ਜੇਹੀ ਤੇ ਦੌੜ ੨ ਬਾਹਰ ਭਜਣਾ ਇਤਯਾਦੀ ਪ੍ਰਲਾਪਕ ਸੌਨਿ ਦੇ ਲੱਛਣ ਹੁੰਦੇ ਹਨ ॥੧੯੩॥੧੯੪॥

ਉਪਾਇ–ਸ਼ੰਕਰ

ਤਗਰ ਅਸਗੰਧ ਪਰਪਟਾ ਲੈ ਸੰਖਹੋਲੀ ਪਾਇ।
ਦਸ ਜੁ ਮੂਲੀ ਤਿਰਕੁਟਾ, ਤ੍ਰਿਕਤਾ ਮੁਨਕਾ ਥਾਇ
ਭਾਰਤੀ ਘਨ ਭੂਤ ਕੇਸੀ, ਹਰੜ ਅਮਲਤਾਸ।
ਕ੍ਵਾਥ ਕਰਿ ਕੈ ਪੀਜੀਏ, ਪਰਲਾਪ ਸੰਨ ਜੁ ਨਾਸ ॥੧੯੫॥

੨੫੪–ਤਗਰ, ਅਸਗੰਧ, ਪਾਪੜਾ, ਭੇੜਭੜਿੰਗ, ਦਸਮੂਲ, ਤ੍ਰਿਕੁਟਾ, ਕੌੜ, ਮੁਨੱਕਾ, ਬ੍ਰਹਮੀ, ਮੋਥਾ, ਛੜ, ਹਰੜ ਤੇ ਅਮਲਤਾਸ, ਇਨ੍ਹਾਂ ਦਾ ਕ੍ਵਾਥ ਕਰਕੇ ਪਿਲਾਵੇ ਤੇ ਪ੍ਰਲਾਪਕ ਸੰਨਿਪਾਤ ਨਾਸ ਹੋਵੇ ॥੧੯੫॥

---

‡ਪਖਾਣਭੇਦ ਦੋ ਪ੍ਰਕਾਰ ਦੀ ਹੁੰਦੀ ਹੈ, ਇਕ ਬ੍ਰਿਛ ਜਿਸਨੂੰ ਯੂਨਾਨੀ ਗੌਸ਼ਾਦ ਆਖਦੇ ਹਨ ਤੇ ਦੂਜੀ ਪਥਰ ਇਸ ਨੂੰ "ਹੁਜਰਲ ਯਹੂਦ" ਯੂਨਾਨੀ ਆਖਦੇ ਹਨ। ਪਰੰਤੂ ਏਥੇ ਬ੍ਰਿਛ ਅਰਥਾਤ ਲਕੜੀ ਗੌਸ਼ਾਦ ਹੀ ਲਵੇ।

Digitized by Panjab Digital Library | www.panjabdigilib.org

ਚੌਪਈ

ਮੂਰ ਦਸੋ ਪਟੋਲੀ ਦਾਰ। ਸੁੰਠ ਕਿਰਾਤ ਗੜੂਚੀ ਧਾਰ।
ਪਾਠਾ ਕ੍ਵਾਥ ਕਰੀਨੈ ਪੀਇ। ਪਰਲਾਪਕ ਸੰਨਿਪਾਤ ਨ ਥੀਇ ॥੧੮੬॥

੨੫੫–ਦਸਮੂਲ, ਪਟੋਲ, ਦੇਵਦਾਰ, ਸੁੰਢ, ਚਿਰੈਤਾ, ਗਿਲੋਯ ਤੇ ਪਾਠਾ, ਕਾੜ੍ਹਾ ਕਰਕੇ ਪਿਲਾਵੇ ਤਾਂ ਪ੍ਰਲਾਪਕ ਸੰਨਿ ਜਾਵੇ ॥੧੮੬॥

ਮੁਸਤਾਦਿ ਕ੍ਵਾਥ–ਪਰਹਾ

ਘਨ ਦਸਮੂਲੀ ਸੁੰਠੀ, ਔ ਦ੍ਰਿਗ ਮਾਲ ਹੀ।
ਚੰਦਨ ਪਰਪਟ ਬਾਂਸਾ, ਖਸਾ ਸੁ ਘਾਲ ਹੀ।
ਕ੍ਵਾਥ ਕਰੀ ਦੈ ਪੀਵਨ, ਜਾਤ ਪ੍ਰਲਾਪ ਹੈ।
ਇਸ ਔਖਧ ਕਾ ਜਾਨੋ, ਬਡ ਪਰਤਾਪ ਹੈ ॥੧੮੭॥

੨੫੬–ਮੋਥਾ, ਦਸਮੂਲ, ਸੁੰਢ, ਨੇਤ੍ਰਬਾਲਾ, ਚੰਦਨ, ਪਾਪੜਾ, ਬਾਂਸਾ ਤੇ ਖਸ, ਕ੍ਵਾਥ ਕਰਕੇ ਪੀਏ ਤਾਂ ਪ੍ਰਲਾਪਕ ਸੰਨਿ ਜਾਂਦਾ ਹੈ ॥੧੮੭॥

ਪਿਪਲਾਦਿ ਕ੍ਵਾਥ–ਦ੍ਰਿਢਪਟਾ ਛੰਦ

ਪੀਪਰ ਪੀਪਰ ਮੂਲ ਚਵ, ਚਿੱਤ੍ਰਕ ਬਚ ਜਾਜੀ।
ਸੁੰਠੀ ਆਨ ਪਤੀਸ ਕੌੜ, ਪਾਠਾ ਲੈ ਸਾਜੀ।
ਕੁੜਾ ਰੇਣੁਕਾ ਤਿਕਤਕੰ, ਮੂਰਵਾ ਬਾੜਿੰਗੀ।
ਸਰਖਪ ਮਿਰਚਾਂ ਪੁਸਕਰਾ, ਲੈ ਕੁੜਾ ਜੁ ਸ੍ਰਿੰਗੀ ॥੧੮੮॥
ਅਰਕ ਮੂਲ ਕਟੁਕੀ ਗਹੋ, ਗਜ ਪੀਪਰ ਆਨੋ।
ਦੋਨੋਂ ਮੇਲ ਕੰਟਾਰੀਆਂ, ਭਾੜਿੰਗੀ ਜਾਨੋ।
ਦੋ ਅਜਵਾਇਨ ਆਨੀਏ, ਸੁਕਨਾਸ ਧਮਾਹਾ।
ਹੀਸ ਮਿਲਾਈ ਕ੍ਵਾਥ ਏ, ਪੀਵਨ ਦੈ ਤਾਹਾ ॥੧੮੯॥
ਬਾਤ ਸਲੇਖਮ ਜਾਤ ਜੁਰ, ਬਾਈ ਚੌਰਾਸੀ।
ਸੰਨਿ ਪ੍ਰਲਾਪਕ ਨਿੰਦ੍ਰਾ, ਹਰਖਾ ਕਚ ਜਾਸੀ।
ਸੂਨਯ ਸੀਤ ਬਕਬਾਦ ਹੀ, ਸਭਹੀ ਕਾ ਨਾਸਾ।
ਅਸਟਾ ਬਿਸੰਤ ਕ੍ਵਾਥ ਏ, ਮੁਨਿ ਮੇਘੇ ਭਾਸਾ ॥੧੯੦॥

੨੫੭–ਮਘ, ਪਿਪਲਾਮੂਲ, ਚੱਵ, ਚਿਤ੍ਰਾ ਵਚ, ਜੀਰਾ, ਸੁੰਢ, ਪਤੀਸ, ਕੌੜ, ਪਾਠਾ, ਕੂੜਾ ਦਾ

Digitized by Panjab Digital Library | www.panjabdigilib.org

ਸੱਕ, ਰੇਣੁਕਾ (ਗੋਲ ਦਾਣੇ) ਮੋੜਿਓਪੱਤ੍ਰ, *ਪਟੋਲਪੱਤ੍ਰ ਬਾਇਵੜਿੰਗ, ਸਰੋਂ, ਮਿਰਚ, ਪੁਹਕਰਮੂਲ, ਕੱਕੜਸਿੰਗੀ ਅੱਕ, ਬੀ ਜੜ੍ਹ, ਕੁਟਕੀ, ਲੰਬੀ ਮਘ, ਛੋਟੀ ਕੰਡਯਾਰੀ, ਵਡੀ ਕੰਡਯਾਰੀ, ਭੜਿੰਗੀ ਅਜਵਾਇਣ ਦੇਸੀ, ਅਜਵਾਇਣ ਖੁਰਾਸਨੀ, ਸੋਨਾਕ, ਧਮਾਹਾਂ ਤੇ ਹੀਸ, ਇਹ ਸਭ ਇਕ ਸਮਾਨ ਲੈ ਕੇ ਵਿਚੋਂ ੪ ਤੋਲੇ ਦਾ ਕਾੜ੍ਹਾ ੬੪ ਤੋਲੇ ਪਾਣੀ ਵਿਚ ਕਾੜ੍ਹੇ। ਜਦ ਚੋਥਾ ਹਿੱਸਾ ਸੜ ਕੇ ਰਹੇ ਤਾਂ ਸੀਤ ਗਰਮ ਪਿਲਾਵੇ। ਇਹ ਬਾਤ ਕਫ਼, ਤਾਪ, ਚੋਰਾਸੀ ਵਾਯੂ, ਪ੍ਰਲਾਪਕ ਸੰਨਿਪਾਤ, ਨਿਦ੍ਰਾ, ਰੋਮਾਂਚ, ਸੂੰਨਤਾ, ਸਰਦੀ ਤੇ ਬਕਾਬਾਦ, ਸਭ ਦਾ ਨਾਸ ਕਰੇ। ਇਹ ਕ੍ਵਾਥ ਅਸ਼ਟਾਬਿੰਸਨ ਅਰਥਾਤ ਅਠਾਈ ਚੀਜ਼ਾਂ ਦਾ ਹੈ। ਜੋ ਜੇਕਰ ਅਜਵਾਯਣਾਂ ਤੇ ਕੰਡਯਾਰਿਆਂ ਇਕ ਇਕ ਗਿਣੀਏ ਤਾਂ ੨੮ ਹੁੰਦੀਆਂ ਹਨ ॥ ੧੮੮ ॥ ੧੮੯ ॥ ੧੯੦ ॥

ਜਾਇਫਲਾਦਿ ਚੂਰਣ—ਸ਼ੰਕਰ

ਜਾਇਫਲ ਜਲਵੱਤਰੀ ਤਜ, ਇਲਾ ਬਾਇਬੜਿੰਗ।
ਚੋਪਚੀਨੀ ਲੌਂਗ ਤ੍ਰਿਕੁਟਾ, ਪੀਪਰੀ ਜੜ ਅੰਗ।
ਨਾਗਕੇਸਰ ਫਲ ਬਿਭੀਤਕ, ਦੋਇ ਲੈ ਅਜਵਾਨ।
ਕੱਥ ਅਭਰਕ ਅਰੁ ਨੈਪਾਲਾ, ਪੋਸਤੈ ਜੜ ਠਾਨ ॥੧੯੧॥
ਸਾਰ ਮਿਠਾ ਖੂਬ ਪੀਸੇ, ਕਰੋ, ਚੂਰਣ ਏਹ।
ਟੰਕ ਦੁਇ ਮਧੁ ਸੰਗ ਖਾਵੇ, ਪ੍ਰਾਤ ਸੰਧਯਾ ਤੇਹ।
ਮਿਟਤ ਹੈ ਪਰਲਾਪ ਤਪ ਸਭ, ਜਾਇ ਤਨ ਕੀ ਪੀਰ।
ਸ੍ਵਾਸ ਕਾਸ ਜੁ ਬਾਇ ਭਾਗਤ, ਹੋਇ ਸੁਖਦ ਸਰੀਰ ॥੧੯੨॥

੨੫੮—ਜਾਯਫਲ, ਜਾਵਤ੍ਰੀ, ਤੇਜਪੱਤ੍ਰ, ਇਲਾਚਿਆਂ ਬਾਯਵੜਿੰਗ, ਚੋਬਚੀਨੀ, ਲੌਂਗ, ਮਘ ਮ੍ਰਿਚ, ਸੁੰਢ, ਪਿਪਲਾਮੂਲ, ਨਾਗਕੇਸਰ, ਬਹੇੜਾ, ਦੇਸੀ ਤੇ ਕੁਰਾਸਾਨੀ ਅਜਵਾਯਣਾਂ, ਕੱਥ, ਮ੍ਰਿਤਅਭਰਕ ਚਰੈਤਾ, ਪੋਸਤ ਦੀ ਜੜ੍ਹ, ਮ੍ਰਿਤਲੋਹ ਅਰ ਮਿੱਠਾ ਤੇਲੀਆ, ਸਭ ਇਕ ਸਮਾਨ ਲੇ ਕੇ ਪੀਹ ਕੇ ਚੂਰਣ ਬਣਾ ਲਵੇ। ਸ਼ਹਿਤ ਨਾਲ ੮ ਮਾਸੇ ਪ੍ਰਾਤਾ ਅਤੇ ਸੰਧਯਾ ਸਮਯ ਖਾਯਾ ਕਰੇ ਤਾਂ ਪ੍ਰਲਾਪ ਸੰਨਿਪਾਤ ਸਾਰ, ਰੀਰ ਦੀ ਪੀੜਾ, ਦਮਾ ਖਾਂਸੀ ਅਤੇ ਸਭ ਪ੍ਰਕਾਰ ਦੇ ਵਾਯੂ ਦੇ ਰੋਗਨਾਸ ਕਰੇ ॥ ੧੯੧ ॥ ੧੯੨ ॥

ਸਾਰਦੂਲ ਗੁਟਕਾ (ਚਰਕਾਤ)—ਦਵੈਯਾ

ਸੇਂਧਾ ਜੀਰਾ ਬਰਚ ਪੀਪਰੀ, ਲੈ ਮਰਚਾਂ ਬਾੜਿੰਗੀ।
ਸੁੰਠੀ ਕੁੱਠ ਸਿਵਾ ਕੈਰਾਤੀ, ਅਜਮੋਦਾ ਭਾੜਿੰਗੀ।
ਚਿੱਤ੍ਰਕ ਸਭ ਤੇ ਦੂਨਾ ਗੁੜ ਲੈ, ਸੌਪਾਰੀ ਸਮ ਗੁਟਕਾ।
ਬਾਤ ਚੌਰਾਸੀ ਅਰ ਪਰਲਾਪਾ, ਸੰਨ ਫਿਰੈ ਜਗ ਭਟਕਾ ॥੧੯੩॥
ਅਰਸ ਭਗੰਦਰ ਗੁਲਮਾ ਬਾਦੀ, ਤਾਪ ਬਾਤ ਕਾ ਜਾਵੈ।

‡ਤਿਕਤਕ—ਪਟੋਲਪੱਤ੍ਰ ਹਨ, ਦੇਖੋ ਆ ਅੰ: ਪ੍ਰਿ ੬੮ ਤੇ ਯੂਨਾਨੀ ਕੋਸ਼ ਪ੍ਰਿ: ੨੮੦

Digitized by Panjab Digital Library | www.panjabdigilib.org

ਰਿਦੈ ਰੋਗ ਅਰੁ ਸਾਕਨਿ ਦੋਖਾ, ਭੂਤਰੁ ਪ੍ਰੇਤ ਭਗਾਵੈ।
ਸੂਲ ਬਿਸੂਚੀ ਮੰਤ੍ਰ ਤੰਤ੍ਰ ਔ, ਰਾਖਸ ਔਰ ਪਿਸਾਚਾ।
ਥਾਵਰ ਜੰਗਮ ਬਿਖ ਸਭ ਭਾਗੈ, ਚਰਕ ਦੀਓ ਇਹ ਬਾਚਾ।੧੯੪।

੨੫੯–ਸੇਂਧਾਲੂਣ, ਜ਼ੀਰਾ, ਵਚ, ਮਘ, ਮਿਰਚ, ਬਾਇਵੜਿੰਗ, ਸੁੰਢ, (ਮਿੱਠੀ), ਕੁਠ, ਹਰੜ, ਚਿਰੈਤਾ, ਅਜਮੋਦ, ਭੜਿੰਗੀ ਤੇ ਚਿਤ੍ਰਾ ਸਭੇ ਸਮਾਨ, ਸਭਨਾਂ ਨਾਲੋਂ ਦੂਣਾ ਪੁਰਾਣਾ ਗੁੜ ਪਾਕੇ ਸੁਪਾਰੀ ਸਮਾਨ ਗੋਲੀ ਕਰੇ। ਖਾਵੇ ਤਾਂ ੮੪ ਪ੍ਰਕਾਰ ਦੀ ਬਾਤ ਪ੍ਰਲਾਪਕ, ਸੰਨਿਪਾਤ ਨੂੰ ਨਾਸ ਕਰੇ। ਬਵਾਸੀਰ, ਭਗੰਦਰ, ਗੋਲਾ, ਬਾਦੀ, ਵਾਤਜੁਰ, ਹਿਰਦੇਰੋਗ, ਸਾਕਨੀਦੋਖ, ਭੂਤਪਰੇਤ, ਸੂਲ ਅਤੇ ਹੈਜ਼ਾ ਭੀ ਦੂਰ ਹੋਇ, ਮੰਤ੍ਰ, ਤੰਤ੍ਰ, ਰਾਖਸ਼, ਪਿਸਾਚ ਅਸਥਾਵਰ ਤੇ ਜੰਗਮ, ਵਿਖ ਸਭ ਦੂਰ ਹੋਏ ॥੧੯੩॥੧੯੪॥

ਜਿਹਵਕ ਲੱਛਣ–ਪਰਿਹਾ

ਕੰਠ ਤਾਲਵੈ ਰਸਨਾਂ, ਜਾਕੈ ਲਾਗ ਹੈ।
ਕੰਟੇ ਰਸਨ ਕਠੋਰ, ਰਾਤ ਦਿਨ ਜਾਗ ਹੈ।
ਕਾਸ ਸ੍ਵਾਸ ਤਪ ਮੂਕ, ਸੁਨੈ ਨਹਿ ਕਾਹੁਕੀ।
ਜਿਹਵਕ ਸੰਨਿ ਪ੍ਰਕਾਸ਼, ਕ੍ਰਿਯਾ ਕਰਿ ਤਾਹੁਕੀ ॥੧੯੫॥

ਗਲ, ਤਾਲੂ ਨਾਲ ਰਸਨਾ ਲਗ ਜਾਵੇ, ਉਪਰ ਕੰਡੇ ਤੇ ਜ਼ਬਾਨ ਕਰੜੀ ਹੋਵੇ, ਰਾਤ ਜਾਗਦਾ ਰਹੇ, ਖਾਂਸੀ, ਦਮਾਂ, ਤਪ, ਗੁੰਗਾ ਹੋਵੇ, ਕਿਸੇ ਦੀ ਨਾਂ ਸੁਣੇ, ਅਜਿਹੇ ਜਿਹਵਕ ਸੰਨਿਪਾਤ ਦੇ ਲੱਛਣ ਕਹੇ ਜਾਂਦੇ ਹਨ ॥੧੯੫॥

ਉਪਾਇ–ਚੌਪਈ

ਕਟੁਕਾ ਸੁਰਤਰੁ ਨਿਸਾ ਜੁ ਦੋਇ। ਨਿੰਬ ਬਹੇਰਾ ਅਭਯਾ ਢੋਇ।
ਸੁੰਠੀ ਬਾਸਾ ਪੁਸਕਰ ਮੂਰ। ਮੁਸਤ ਪਟੋਲ ਗਡੂਚੀ ਚੂਰ ॥੧੯੬॥
ਸਭ ਸਮਾਨ ਕਾਢਾ ਕਰਿ ਖਾਇ। ਸੰਨਿਪਾਤ ਜਿਹਵਕ ਮਿਟ ਜਾਇ।
ਕੰਟੇ ਜਾਵੈ ਮਿਟ ਹੈ ਤਾਪ। ਰਾਮ ਕਰੈ ਕਿਰਪਾ ਜਬ ਆਪ ॥੧੯੭॥

੨੬੦–ਕੁਟਕੀ, ਦੇਵਦਾਰ, ਹਲਦੀ, ਦਾਰਹਲਦੀ, ਨਿੰਮ, ਬਹੇੜਾ ਹਰੜ, ਸੁੰਢ, ਬਾਂਸਾ, ਪੋਹਕਰ ਮੂਲ, ਮੋਥਾ, ਪਟੋਲਪੱਤ੍ਰ, ਗਿਲੋਜ ਤੇ ਕਪੂਰ ਸਭੇ ਸਮਾਨ ਲੈ ਕੇ ਕਾੜ੍ਹਾ ਕਰ ਕੇ ਪੀਵੇ ਤਾਂ ਸੰਨਿਪਾਤ ਜਿਹਵਕ ਤੇ ਜ਼ਬਾਨ ਦੇ ਕੰਡੇ ਸਭ ਚਲੇ ਜਾਂਦੇ ਹਨ ॥੧੯੬॥੧੯੭॥

ਕ੍ਵਾਥ–ਚੌਪਈ

ਪੰਚ ਮੂਲ ਪਾਟੋਲ ਪਤੀਸ। ਮੁਸਤਾ ਬ੍ਰਿਹਤੀ ਦੋਇ ਜਗੀਸ।
ਨਿੰਬ ਕਿਰਾਤ ਜੁ ਕਾਢਾ ਕਰੇ। ਪੀਵਤ ਜਿਹਵਕ ਸੰਨਿ ਸੁ ਹਰੇ ॥੧੯੮॥

੨੬੧–ਪੰਜੇਮੂਲ, ਪਟੋਲ, ਪਤੀਸ, ਮੋਥਾ, ਦੋਨੋਂ ਕੰਡਯਾਰੀਆਂ, ਨਿੰਮ ਤੇ ਚਿਰੈਤਾ, ਕਾੜ੍ਹਾ ਕਰ ਕੇ ਪੀਏ ਤਾਂ ਜਿਹਵਕ ਸੰਨਿਪਾਤ ਦੂਰ ਹੋਵੇ ॥੧੯੮॥

Digitized by Panjab Digital Library | www.panjabdigilib.org

ਅਵਲੇਹ

ਕਸਤੂਰੀ ਗ੍ਰੰਥਕ ਲੇ ਕਣਾ। ਕੇਸਰ ਲੌਂਗ ਤੀਸੀਏ ਘਨਾ।
ਅਦਰਕ ਰਸ ਸੋਂ ਚਾਟਨ ਦੇਈ। ਜਿਹਵਕ ਸੰਨਿ ਜੁ ਦੂਰ ਕਰੇਈ॥੧੯੯॥

੨੬੨–ਕਸਤੂਰੀ, ਪਿਪਲਾਮੂਲ, ਮਘ, ਕੇਸਰ ਤੇ ਲੌਂਗ ਚੰਗਾ ਪੀਹ ਕੇ ਫਿਰ ਅਦ੍ਰਿਕ ਦੇ ਰਸ ਨਾਲ ਚਟਾਵੇ ਤਾਂ ਭੀ ਜਿਹਵਕ ਸੰਨਿਪਾਤ ਨਾਸ ਹੁੰਦਾ ਹੈ ॥੧੯੯॥

ਲੇਪ–ਦੋਹਰਾ

ਊਖਣ ਸੇਂਧਾ ਅਕਰਕਰ, ਅਦਰਕ ਰਸ ਮਰਦਾਇ।
ਘਰਖਣ ਕੀਜੈ ਜੀਭ ਪਰ, ਜਿਹਵਕ ਕੰਟ ਨਸਾਇ ॥੨੦੦॥

੨੬੩–ਮ੍ਰਿਚਾਂ, ਸੇਂਧਾਲੂਣ ਤੇ ਅਕਰਕਰਾ, ਅਦ੍ਰਿਕ ਦੇ ਰਸ ਨਾਲ ਘੋਟ ਕੇ ਜ਼ਬਾਨ ਪਰ ਮਲੇ ਤਾਂ ਕੰਡੇ ਨਾਸ ਕਰੇ ॥੨੦੦॥

ਲੇਪ

ਪੀਪਰ ਸੇਂਧਾ ਮੇਲ ਕਿਰਾਤ। ਨੀਕੀ ਪੀਸੋ ਅਦਰਕ ਘਾਤ।
ਲੇ ਜਿਹਵਾ ਪਰ ਮਰਦਨ ਕਰੋ। ਸੰਨਿਪਾਤ ਸਭ ਜਿਹਵਕ ਹਰੋ॥੨੦੧॥

੨੬੪–ਮਘ, ਸੇਂਧਾਲੂਣ ਤੇ ਚਿਰੈਤਾ, ਅਦ੍ਰਿਕ ਦੇ ਰਸ ਨਾਲ ਚੰਗੀ ਤਰ੍ਹਾਂ ਪੀਹਕੇ ਜ਼ਬਾਨ ਪਰ ਮਲੇ ਤਾਂ ਜਿਹਬਕ ਸੰਨਿਪਾਤ ਨਾਸ ਹੋਵੇ ॥੨੦੧॥

ਲੇਪ–ਦੋਹਰਾ

ਮਰਚਾਂ ਤੁਲਸੀ ਬੀਜ ਲੈ, ਸੁੰਠੀ ਅਕਰ ਕਰਾਇ।
ਇੰਦਰਜਵ ਚੈਰਾਇਤਾ, ਬੀਜਪੂਰ ਰਸ ਪਾਇ ॥੨੦੨॥

੨੬੫–ਮ੍ਰਿਚ, ਤੁਲਸੀ ਦੇ ਬੀਜ, ਅਕਰਕਦਾ, ਇੰਦ੍ਰਜੌਂ, ਚਿਰੈਤਾ ਤੇ ਬਿਜੌਰੇ ਦਾ ਰਸ ਪਾਕੇ ਲੇਪ ॥੨੦੨॥ ਯਾ:–

ਮਰਚਾਂ ਸੇਂਧਾਲੂਨ ਲੇ, ਬੀਜੌਰੇ ਰਸ ਪੀਸ।
ਲੇਪ ਕਰੋ ਜਿਹਵਾ ਬਿਖੈ,ਜਿਹਵਕ ਜਾਇ ਜਗੀਸ॥੨੦੩॥
ਲੇਪ ਕਰੋ ਜਿਹਵਾ ਪਰੈ, ਨੀਕਾ ਪੀਸੀ ਏਹ।
ਸੰਨਿਪਾਤ ਜਿਹਵਕ ਘਟਤ,ਸੁਖ ਪਾਵਤ ਸਭ ਦੇਹ॥੨੦੪॥

੨੬੬–ਮ੍ਰਿਚ, ਸੇਂਧਾਨਿਮਕ, ਬਿਜੌਰੇ ਦਾ ਰਸ, ਰਸਨਾ ਪਰ ਲੇਪ ਕਰੇ ਤਾਂ ਜਿਹਵਕ ਸੰਨਿਪਾਤ ਮਿਟੇ, ਇਨ੍ਹਾਂ ਦਾ ਲੇਪ ਕਰੇ ਜਾਂ ਮਲੇ ॥੨੦੩॥੨੦੪॥

ਗੋਲੀ–ਪਰਹਾ

ਤ੍ਰਿਕੁਟਾ ਕੇਸਰ ਲੌਂਗ, ਜਵਤ੍ਰੀ ਆਨਿਯੇ।

Digitized by Panjab Digital Library | www.panjabdigilib.org

ਖਯਰ ਕਾਢ ਰਸ ਪੀਸੋ, ਆਛੀ ਛਾਨਿਯੇ।
ਗੋਲੀ ਕੋਕਨ ਮਾਨ, ਜੁ ਮੁਖ ਮੈਂ ਰਾਖਿਯੈ।
ਜਿਹਵਕ ਕੇਰੀ ਹਾਨ, ਧਨੰਤਰੁ ਦਾਖਿਯੈ ॥੨੦੫॥

੨੯੭–ਤ੍ਰਿਕੁਟਾ, (ਮਘ, ਮ੍ਰਿਚ, ਸੁੰਢ), ਕੇਸਰ, ਲੌਂਗ ਤੇ ਜਵਿਤ੍ਰੀ ਕੱਥੇ ਦੇ ਰਸ ਨਾਲ ਪੀਹਕੇ ਗਲੀ ਕੋਕਨ ਬੇਰ ਪ੍ਰਮਾਣ ਕਰਕੇ ਮੂੰਹ ਵਿਚ ਰੱਖੇ ਤਾਂ ਜਿਹਵਕ ਸੰਨਿਪਾਤ ਨਾਸ ਹੋਵੇ ॥੨੦੫॥

ਕੁਰਲਾ

ਸੁੰਠੀ ਚਿਤ੍ਰਾ ਚਵਕ, ਲਾਇਚੀ ਪੀਪਰਾ।
ਚੰਬੇ ਪੱਤ੍ਰ ਜੁ ਧਨੀਯਾ, ਨਿੰਬ ਜੁ ਈਪਰਾ।
ਗੁੰਥਕ ਤਿਲਕਾ ਤੇਲ, ਬਿਜੈਸਾਰ ਪਾਵਹੀ।
ਬਾਲਯੋ ਕਲਕ ਕਰਾਇ,ਬ੍ਰਿਹਤਿ ਰਸ ਲਯਾਵਹੀ॥੮੦੬॥
ਦੋਨੋ ਦੇਹੁ ਰਲਾਇ, ਸੂ ਕੁਰਲਾ ਕੀਜੀਏ।
ਸੰਨਿਪਾਤ ਇਹ ਜਿਹਵਕ, ਛਿਨ ਮਹਿ ਛੀਜੀਏ।
ਜਿਹਵਾ ਕੰਟੇ ਨਾਸ, ਸੁੱਧ ਤਨ ਹੋਵਹੀ।
ਸਾਚੀ ਬਾਤ ਬਖਾਨ, ਮੇਘ ਕਹਿ ਜੋਵਹੀ ॥੨੦੭॥

੨੯੮–ਸੁੰਢ, ਚਿੱਤ੍ਰਾ, ਚੱਬਕ, ਲਾਇਚੀ, ਮਘਾਂ, ਚੰਬੇ ਦੇ ਪੱਤ੍ਰ, ਧਨੀਆਂ, ਨਿੰਮਪਤਰ ਪਿਪਲਾ ਮੂਲ, ਤਿਲਾਂ ਦਾ ਤੇਲ, ਬਿਜੈਸਾਰ ਤੇ *ਮੁਸ਼ਕਬਾਲਾ, ਇਨ੍ਹਾਂ ਦੇ ਕਾੜ੍ਹਾ ਕੀਤੇ ਜਲ ਵਿਚ, ਕੰਡਯਾਰੀ ਦਾ ਰਸ ਪਾਕੇ ਦੋਨੋਂ ਰਲਾਇਕੇ ਕਰੇ ਤਾਂ ਸੰਨਿਪਾਤ ਜਿਹਵਕ,ਜਿਹਵਾ ਦੇ ਕੰਡੇ ਭੀ ਨਾਸ ਕਰੇ।੨੦੬।੨੦੭।

ਅਭਿਨਯਾਸ ਲੱਛਣ–ਸ਼ੰਕਰ

ਬਦਨ ਚਿਕਨਾ ਬਿਕਲਤਾ ਹੈ, ਬਕੈ ਬੈਨ ਕਠੋਰ।
ਬਾਤ ਪਿਤੈ ਨੀਂਦ ਬਹੁਤੀ, ਕਫਿ ਕਰਤ ਅਤਿ ਸੋਰ।
ਚੇਤਨਾ ਤੇ ਰਹਤ ਸ੍ਵਾਸਾ, ਹੋਤ ਬਲਿ ਅਤਿ ਛੀਨ।
ਸੋ ਕਾਲ ਕੈ ਸਮ ਜਾਨਿਯੋ, ਅਭਿਨਯਾਸ ਸੰਨਿ ਸਦੀਨ ॥੨੦੮॥

ਮੂੰਹ ਚੀਕਨਾ, ਬਿਆਕੁਲਤਾਈ, ਕਠੋਰ ਰਚਨ, ਬਾਤ ਪਿੱਤ।ਤੇ ਨਿੰਦ੍ਰਾ ਬਹੁਤ, ਕਫ ਦਾ ਖੜਕਾਰ ਬਿਹੋਸ਼ੀ, ਸ੍ਵਾਸ ਹੈ ਬਲ ਨਹੀਂ, ਇਹ ਲੱਛਣ ਅਭਿਨਯਾਸ ਸੰਨਿਪਾਤ ਦੇ ਕਾਲ ਦੇ ਸਮਾਨ ਕਹੇ ਜਾਂਦੇ ਹਨ ॥੨੦੮॥

ਉਪਾਇ ਅਵਲੇਹ–ਸੋਰਠਾ

*ਬਾਲਯੋ–ਮੁਸ਼ਕਬਾਲਾ ਦੇਖੋ ਨਿਰਮਲ ਕੋਸ਼ ਪ: (ਬ)

Digitized by Panjab Digital Library | www.panjabdigilib.org

ਰਾਮਠ ਨਾਗਰ ਭ੍ਰਿੰਗ ਰਸੇ ਸਹਿਤ ਮੁਖ ਪਾਈਏ।
ਕਟੁ ਤਿਕਤਾ ਜੁ ਕਤਿੰਗ, ਮੁਖ ਸੋਧਨ ਏਹੀ ਕਰਤ ॥ ੨੦੯॥

੨੬੯–ਹਿੰਗ ਤੇ ਸੁੰਢ, ਭੰਗਰੇ ਦੇ ਰਸ ਨਾਲ ਮੂੰਹ ਪਾਵੇ, ਇਹ ਕੌੜੀ ਤੇ ਤੀਖਣ ਹੋਣ ਕਰ ਕੇ ਮੂੰਹ ਦਾ ਸੋਧਨ ਕਰਦੀ ਹੈ ॥੨੦੯॥

ਨਸਯ (ਨਸਵਾਰ)–ਦੋਹਰਾ

ਮਰਚ ਲਵਨ ਕ੍ਰਿਸਨਾ ਛੜਾ, ਮਹੁਵਾ ਤਾਤੇ ਨੀਰ।
ਨਾਸ ਨਾਸ ਕੋ ਕਰਤ ਹੈ, ਅਭਿਨਯਾਸਹਿ ਕੀ ਪੀਰ ॥ ੨੧੦ ॥

੨੧੦–ਮ੍ਰਿਚ ਨਮਕ, ਮਘ, ਛੜ ਤੇ ਮਹੂਆ ਪੀਹਕੇ ਤੱਤੇ ਪਾਣੀ ਨਾਲ ਨਸਵਾਰ ਦੇਵੇ ਤਾਂ ਅਭਿਨਯਾਸ ਸੰਨਿਪਾਤ ਦਾ ਨਾਸ ਕਰੇ ॥ ੨੧੦ ॥

ਨੇਤ੍ਰਾਂਜਨ–ਚੌਪਈ

ਲਸਨ ਮਰਚਕ੍ਰਿਸਨਾ ਬਚ ਜਾਨ। ਸੇਂਧਾ ਸੁੰਠੀ ਸਿਰਸ ਬੀਜਾਨ।
ਗੋ ਮੂਤ੍ਰ ਅੰਜਨ ਦ੍ਰਿਗ ਦੇਇ। ਸੰਨਿਪਾਤ ਅਭਿਨਯਾਸ ਹਰੇਇ ।੨੧੧।

੨੧੧–ਲਸਨ, ਮ੍ਰਿਚ, ਮਘ, ਵਚ, ਸੇਂਧਾਲੂਣ, ਸੁੰਢ ਤੇ ਸਰੀਹ ਦੇ ਬੀਜ, ਗੋਮੂਤ੍ਰ ਨਾਲ ਨੇਤ੍ਰਾਂਜਨ ਕੀਤਾ, ਅਭਿਨਜਾਸ ਸੰਨਿਪਾਤ ਦਾ ਨਾਸ ਕਰਦਾ ਹੈ ॥ ੨੧੧ ॥

ਕ੍ਵਾਥ

ਦਾਰਵਿ ਘਨ ਤਿਕਤਾ ਫਲ ਤੀਨ। ਕੰਟਾਰੀ ਸੁ ਪਟੋਲ ਜੁ ਲੀਨ।
ਰਜਨੀ ਨਿੰਬ ਕ੍ਵਾਥ ਕਰ ਦੇਇ। ਸੰਨਿਪਾਤ ਅਭਿਨਯਾਸ ਗਵੇਇ।੨੧੨।

੨੧੨–ਦਾਰਹਲਦੀ, ਮੋਥਾ, ਕੌੜ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਕੰਡਜਾਰੀ ਪਟੋਲਪੱਤ੍ਰ ਹਲਦੀ ਤੇ ਨਿੰਮ ਲੈ ਕੇ ਕਾੜ੍ਹਾ ਕਰੇ ਅਰ ਪਿਲਾਵੇ ਤਾਂ ਅਭਿਨਜਾਸ ਸੰਨਿਪਾਤ ਦਾ ਨਾਸ ਕਰੇ ॥ ੨੧੨॥

ਲੇਪ

ਕੇਸਰ ਮਾਤਲੰਗ ਰਸ ਜਾਨ। ਸੇਂਧਾ ਤ੍ਰਿਕੁਟਾ ਅਦਰਕ ਠਾਨ।
ਦੋਨੋ ਜੋਗ ਘਰਖੀਏ ਬਦਨ। ਤਾਲੂ ਜਿਹਵਾ ਕੰਠੈ ਦਸਨ ॥੨੧੩॥
ਸੁੱਧ ਹੋਤ ਮੁਖ ਰਸਨਾ ਲਹੀ। ਬਾਤ ਸਲੇਖਮ ਕੰਟੇ ਰਹੀ।
ਸ੍ਵਾਸ ਕਾਸ ਕੀ ਪੀਰਾ ਜਾਇ। ਸੰਨਿਪਾਤ ਅਭਿਨਯਾਸ ਮਿਟਾਇ।੨੧੪।

੨੧੩–ਕੇਸਰ, ਬਿਜੌਰੇ (ਨਿੰਬੂ) ਦੇ ਰਸ ਨਾਲ, ਜਾ :–

੨੧੩–(ੳ)–ਸੇਂਧਾਲੂਣ, ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਤੇ ਅਦਰਕ ਦਾ ਰਸ ਪਾ ਕੇ ਏਹ ਦੋਨੋਂ ਨੁਸਖੇ ਮੂੰਹ, ਤਾਲੂ, ਜ਼ਬਾਨ ਤੇ ਦੰਦਾਂ ਤੇ ਮਲੇ ਤਾਂ ਦਮਾਂ, ਖਾਂਸੀ, ਅਭਿਨਜਾਸ ਸੰਨਿਪਾਤ ਨੂੰ ਨਾਸ ਕਰਦੇ ਹਨ ॥ ੨੧੩ ॥ ੨੧੪ ॥

ਦੋਹਰਾ

Digitized by Panjab Digital Library | www.panjabdigilib.org

ਉਖਣ ਪੱਥਯਾ ਚਵਕ ਲੈ, ਸੇਂਧਾ ਮਲੇ ਜਿਵਾਨ।
ਮਿਟਭਿਨਯਾਸ ਮੁਹੁ ਸੁਧ ਹੁਇ, ਸਾਚੀ ਕਹੀ ਬਖਾਨ ॥੨੧੫॥

੨੧੪–ਮ੍ਰਿਚ, ਹਰੜ, ਚਬ ਤ ਸੇਂਧਾਲੂਣ, ਜ਼ਬਾਨ ਪਰ ਮਲੇ ਤਾਂ ਅਭਿਨਜਾਸ ਸੰਨਿਪਾਤ ਜਾਵੇ ॥ ੨੧੫ ॥

ਦਾਗ ਕਰਨੰ–ਚੌਪਈ

ਸੀਤਲ ਹੋਵੈ ਸਾਰੀ ਗਾਤ। ਸ੍ਵੇਦ ਬਹਿਤ ਤਿਸਨੋ ਦਿਨ ਰਾਤ।
ਪੱਤ੍ਰ ਫਲ ਵਾ ਬਾਲੁਕ ਸ੍ਵੇਦ। ਕਰੋ ਕਰਾਹੂੰ ਸਿਰ ਕੋ ਲੇਦ ॥੨੧੬॥
ਜੇ ਇਸਤੇ ਚੇਤਨ ਨਹ ਥਾਇ। ਲੋਹ ਸਲਾਕਾ ਗਰਮ ਕਰਾਇ।
ਪਾਦ ਦਾਗ ਤੇ ਲਹਈ ਚੇਤ। ਬਾਮ ਅੰਗੁਸਟਹਿ ਦਾਗ ਤੁ ਦੇਤ॥੨੧੭॥
ਅਥਵਾ ਮਣਿ ਬੰਧ ਹਿਯੈਕਾਰ। ਇਨ ਦਾਹੇ ਤੇ ਚੇਤਨ ਧਾਰ।
ਇਨ ਦਾਝੈ ਜੁ ਅਚੇਤੈ ਰਹੈ। ਪਗ ਜੁਗ ਭਾਲ ਸੀਸ ਕੋ ਦਹੈ ॥੨੧੮॥

ਦੋਹਰਾ

ਕਾਲ ਨ ਦਾਰੂ ਕੋ ਜਗਤ, ਦਾਰੂ ਰੋਗ ਨਿਵਾਰ।
ਬੈਦ ਨ ਦੇਵੇ ਦੇਸ ਕੋ, ਦੇਇ ਤ ਮੂਢ ਗਵਾਰ ॥੨੧੯॥
ਜੋ ਉਤਪਤ ਤਾਕੀ ਖਪਤ, ਆਦਿ ਅੰਤ ਯੌ ਜਾਣ।
ਰਾਮ ਚੰਦ ਦਸ ਸੀਸ ਏ, ਕਾਲ ਕੀਏ ਕਵਲਾਨਿ ॥੨੨੦॥
ਕਾਲ ਜਤਨ ਜੇ ਹੋਵਤੇ, ਕਯੋਂ ਮਰਤੇ ਲੁਕਮਾਨ।
ਬੈਦ ਧਨੰਤਰ ਜੀਵਤੇ, ਸਭ ਤੈ ਜਮ ਬਲਵਾਨ ॥੨੨੧॥

੨੧੫–ਜਿਸ ਦਾ ਸਰੀਰ ਠੰਢਾ ਹੋ ਜਾਵੇ, ਦਿਨ ਰਾਤ ਮੁੜ੍ਹਕਿਉਂ ਮੁੜ੍ਹਕਾ ਚਲੇ ਤਾਂ ਉਸ ਨੂੰ ਪੱਤ੍ਰਾਂ ਫੁਲਾ ਤੇ ਰੇਤੇ ਨਾਲ ਸ੍ਵੇਦਨ ਕਰੇ (ਭਾਵ ਬਿਛੂਆਬੂਟੀ ਦੇ ਪੱਤ੍ਰ ਗਜੂਲੀ ਦੇ ਫਲਾਂ ਦੇ ਰੋਮ ਲਗਾਵੇ ਯਾਂ ਤੱਤਾ ਰੇਤਾ ਪਾਵੇ ਯਾਂ ਕਰੋ ਕੜਾਹ ਸਿਰ ਨੂੰ ਗਰਮਾਂ ਗਰਮ ਲੇਪ ਕਰੇ। ਜੇ ਇਨ੍ਹਾਂ ਦੇ ਕਰਨੇ ਤੇ ਭੀ ਹੋਸ਼ ਨਾ ਕਰੇ ਤਾਂ ਲੋਹੇ ਦੀਆਂ ਸਲਾਈਆਂ ਤਾ ਕੇ ਪੈਰਾਂ ਤੇ ਦਾਗ ਦੇਵੇ, ਪਰੰਤੂ ਖੱਬੇ ਅੰਗ ਅੰਗੂਠੇ ਨੂੰ ਸਾੜੇ, ਗੁੱਟ ਸਾੜੇ ਯਾ ਹਿਰਦਾ ਸਾੜੇ, ਜ ਫਿਰ ਭੀ ਹੋਸ਼ ਨਾ ਕਰੇ ਤਾਂ ਦੋਨੋਂ ਪੈਰ, ਸਿਰ, ਤਾਲੂ ਤੇ ਦਾਗ ਕਰੇ, ਜੇ ਫਿਰ ਭੀ ਨਾ ਜਾਗੇ, ਤਾਂ ਅੰਤ ਨੀਂਦ ਨਾਲ ਸੁੱਤਾ ਜਾਣੇ। ਭਾਈਓ ! ਕਾਲ ਦਾ ਦਾਰੂ ਕੋਈ ਨਹੀਂ ਹੈ, ਵੈਦ ਨੂੰ ਕੀ ਦੋਸ਼ ਹੈ, ਇਹੀ ਅਗਾਧ ਗਤੀ ਹੈ। ਕਾਲ ਦਾ ਦਾਰੂ ਹੁੰਦਾ ਤਾਂ ਰਾਮ ਜੀ, ਰਾਵਣ, ਧਨੰਤਰ, ਲੁਕਮਾਨ ਕਿਉਂ ਮਰਦੇ ? ॥੨੧੯ ਤੋਂ ੨੨੧॥

ਉਪਾਇ–ਚੌਪਈ

ਸ੍ਰਿੰਗੀ ਧਨੀਯਾ ਸਟੀ ਜਵਾਂਸਾ। ਪੁਸਕਰ ਭਾਰਗੀ ਮੇਲੋ ਬਾਂਸਾ।

Digitized by Panjab Digital Library | www.panjabdigilib.org

ਕ੍ਵਾਥ ਕਰੀ ਪਿਵ ਕਫ ਕੋ ਨਾਸ। ਸੰਨਿਪਾਤ ਮਿਟਤਾਭਿਨਯਾਸ॥੨੨੨॥

੨੭੬–ਕੱਕੜਸਿੰਗੀ, ਧਨੀਆਂ, ਕਚੂਰ, ਜਵਾਹਾਂ, ਪੁਹਕਰਮੂਲ, ਭੜਿੰਗੀ ਤੇ ਬਾਂਸਾ ਸਮਾਨ ਲੈਕੇ ਕਾੜ੍ਹਾ ਕਰਕੇ ਪੀਵੇ ਤਾਂ ਕਫ ਅਤੇ ਅਭਿਨਯਾਸ ਸੰਨਿਪਾਤ ਨੂੰ ਨਾਸ ਕਰੇ ॥੨੨੨॥

ਸ੍ਵੇਦ ਕੋ–ਦੋਹਰਾ

ਕੁਲਥ ਭੂਨ ਚੂਰਨ ਕਰੇ, ਗਾਤਰ ਕੌ ਮਰਦਾਇ।
ਸ੍ਵੇਦ ਜਾਤ ਸਭ ਗਾਤ ਕੋ, ਉੱਤਮ ਏਹੁ ਉਪਾਇ ॥੨੨੩॥

੨੭੭–ਕੁਲਥ ਭੁੰਨ ਕੇ ਆਟਾ ਕਰਕੇ ਸਰੀਰ ਤੇ ਮਲੇ ਅਰਥਾਤ ਬਰੂਰੇ ਤਾਂ ਪਸੀਨਾ ਆਉਣਾ ਬੰਦ ਹੋਵੇ ॥੨੨੩॥

ਕ੍ਵਾਥ–ਚੌਪਈ

ਮੰਜਿਸਟਾ ਮੂਲਕ ਬਿਲਗਿਰੀ। ਸਟੀ ਕਰੰਜੂ ਹਰਦੀ ਧਰੀ।
ਸੁੰਠੀ ਬ੍ਰਿਹਤੀ ਤ੍ਰਾਯੁ ਜੁ ਮਾਨ। ਬਾਂਸਾ ਮਰਚਾਂ ਪੀਪਰ ਠਾਨ ॥੨੨੪॥
ਕ੍ਵਾਥ ਕਰੀ ਪੀਵਨ ਕੋ ਦੇਇ। ਸੰਨਿਪਾਤ ਅਭਿਨਯਾਸ ਹਰੇਇ।
ਸਭ ਜੁਰ ਕਾ ਇਹ ਕਰਤਾ ਨਾਸ। ਕਹਤ ਮੇਘ ਔਖਧ ਏ ਖਾਸ ॥੨੨੫॥

੨੭੮–ਮਜੀਠ, ਮੂਲੀ, ਬਿਲਗਿਰੀ, ਕਚੂਰ, ਮੀਚਕਾ, ਹਲਦੀ, ਸੁੰਢ, ਕੰਡਿਆਰੀ, ਤ੍ਰਾਯਮਾਨ (ਤੁਖਮ ਜਰਜਰ), ਬਾਂਸਾ, ਮ੍ਰਿਚ ਤੇ ਮਘ, ਇਨ੍ਹਾਂ ਦਾ ਕਵਾਥ ਅਭਿਨਯਾਸ ਸੰਨਿਪਾਤ ਨੂੰ ਚੂਰ ਕਰੇ ॥੨੨੪॥੨੨੫॥

ਬਾਂਸਾਦੀ ਕ੍ਵਾਥ (ਸੰਨਿਪਾਤ ਕਲਿਕਾਤ)

ਬਾਸਾ ਸੇਂਧਾ ਬਿੱਲ ਅਰੰਡ। ਸੁੰਠ ਪਖਾਨਹਿ ਭੇਦ ਜੁ ਅੰਗ।
ਪਾਠਾ ਕ੍ਵਾਥ ਕਰੀਨੈ ਦੇਇ। ਤਿਸ ਮਾਹੇ ਗੋਮੂਤ੍ਰ ਮਿਲੇਇ ॥੨੨੬॥
ਕਫ ਖਾਂਸੀ ਨੈ ਜਾਵੈ ਕਾਸ। ਸੰਨਿਪਾਤ ਜਾਵੈ ਅਭਿਨਯਾਸ।
ਸੰਨਿਪਾਤ ਕਲਕਾ ਤੇ ਲਹੀ। ਮੇਘ ਬਿਨੋਦੈ ਮੇਘੈ ਕਹੀ ॥੨੨੭॥

੨੭੯–ਬਾਂਸ਼ਾ, ਸੇਂਧਾਲੂਣ, ਬਿਲ, ਅਰਿੰਡ ਦੀ ਜੜ, ਸੁੰਢ, ਪਖਾਨਭੇਦ ਤੇ ਪਾਠਾ ਪਾਕੇ ਕਾਹੜ ਕਰੇ ਅਰ ਗਊ ਮੂਤਰ ਮਿਲਾਕੇ ਪਿਲਾਵੇ ਤਾਂ ਬਲਗਮ, ਖਾਂਸੀ, ਖਈ ਅਰ ਅਭਿਨਯਾਸ ਸੰਨਿਪਾਤ ਨਸ਼ਟ ਕਰੇ ॥੨੨੬। ੨੨੭॥

ਕ੍ਵਾਥ

ਤ੍ਰਾਯੰਤੀ ਪੁਸਕਰ ਦਸਮੂਰ। ਸੁੰਠ ਭੜਿੰਗੀ ਏਰੰਡ ਚੂਰ।
ਸੋਏ ਛਿੰਨਾ ਬਾਸਾ ਲੇਇ। ਕ੍ਵਾਥ ਕਰੀ ਗੋਮੂਤ੍ਰ ਮਿਲੇਇ ॥੨੨੮॥
ਰੋਗੀ ਪੀਵੇ ਉਠ ਪਰਭਾਤ। ਸੰਨਿਪਾਤ ਅਭਿਨਯਾਸ ਜੁ ਘਾਤ।

Digitized by Panjab Digital Library | www.panjabdigilib.org

ਕਫ ਬਾਦੀ ਅਰੁ ਜਾਵਤ ਕਾਸ। ਤਪਤ ਜਾਤ ਚੇਤਨ ਪਰਕਾਸ ॥੨੨੯॥

੨੮੦–ਤ੍ਰਯਮਾਣ (ਤੁਖਮ ਜਰਜਰ) ਅਭਾਵਮੇਂ ਬਨਖਸ਼ਾ, ਪੁਹਕਰਮੂਲ, ਦਸਮੂਲ, ਸੁੰਢ, ਭੜਿੰਗੀ, ਅਰਿੰਡਜੜ੍ਹ, ਕਚੂਰ, ਸੋਏ, ਗਿਲੋਇ ਤੇ ਦਾਂਸਾ ਇਹ ਸਭ ਸਮਾਨ ਭਾਗ ਲੈ, ਕਾੜ੍ਹਾ ਕਰ, ਗਊਮੂਤ੍ਰ ਪਾਇਕੇ ਪਿਲਾਵੇ ਤਾਂ ਅਭਿਨਯਾਸ ਸੰਨਿਪਾਤ, ਕਫ, ਵਾਯੂ, ਖਾਂਸੀ ਆਦਿ ਸਭ ਨਾਸ ਕਰੇ ॥੨੨੮॥੨੨੯॥

ਸ੍ਰਿੰਗੀ ਇਟ ਸਿਟ ਮੇਲ ਧਮਾਹਾ। ਕ੍ਵਾਥ ਕਰੀ ਪੀਵਨ ਕੋ ਆਹਾ।
ਕਫ ਜੁਰ ਅਰੁ ਅਭਿਨਯਾਸਮਿਟਾਇ।ਹ੍ਰਿਦੈ ਬੇਦਨਾ ਤਾਪ ਨਸਾਇ।੨੩੦।

੨੮੧–ਕਕੜਸਿੰਗੀ, ਇਟਸਿਟ ਤੇ ਧਮਾਹਾ, ਕਾੜ੍ਹਾ ਕਰਕੇ ਪਿਲਾਵੇ ਤਾਂ ਕਫਜ੍ਵਰ ਅਭਿਨਯਾਸ, ਹ੍ਰਿਦਯਪੀੜਾ ਅਰ ਤਾਪ ਨਾਸ ਹੋਵੇ ॥੨੩੦॥

ਬਯਾਘ੍ਰੀ ਸੁੰਠੀ ਸਟੀ ਧਮਾਹਾ। ਭਾਰਗੀ ਸ੍ਰਿੰਗੀ ਪੁਸਕਰ ਤਾਹਾ।
ਕ੍ਵਾਥ ਕਰੀ ਪਿਵ ਹਰਿ ਅਮਿਨਯਾਸ। ਰਿਦੈਰੋਗ ਅਰ ਕਫਜੁਰ ਨਾਸ।੨੩੧।

੨੮੨–ਕੰਡਿਆਰੀ, ਸੁੰਢ, ਕਚੂਰ, ਧਮਾਹਾਂ, ਭੜਿੰਗੀ, ਕਕੜਸਿੰਗੀ ਤੇ ਪੁਹਕਰਮੂਲ, ਕਾਹੜਾ ਕਰਕੇ ਪੀਵੇ ਤਾਂ ਅਭ੍ਰਿਨਯਾਸ ਸੰਨਿਪਾਤ, ਹਿਰਦੇ ਰੋਗ ਅਰ ਕਫ ਦਾ ਤਾਪ ਇਤਨੇ ਰੋਗ ਨਾਸ ਕਰੇ ॥ ੨੩੦ ॥

ਸ਼ੰਕਰ

ਰਾਸਨਾ ਘਨ ਨਾਗਰੀ, ਦਸਮੂਰ ਪੀਪਰ ਜਾਨ।
ਭਾਰਗੀ ਜੋ ਪੁਸਕਰੇ, ਬਿਲ ਲੈ ਸੁ ਕਾਢਾ ਠਾਨ।
ਹਿੰਗੁ ਅਦਰਕ ਪੀਪਰੀ, ਜੋ ਪੀਸ ਕੈ ਭੁਰਕਾਇ।
ਸੂਲ ਬੱਖੀ ਜੁਰ ਅਫਾਰੈ,ਸੰਨਿਅਭਿਨਯਾਸ ਜਾਇ॥੨੩੨॥

੨੮੩–ਰਾਸਨਾ, ਮੋਥਾ, ਸੁੰਢ, ਦਸ ਮੂਲ, ਮਘ, ਭੜਿੰਗੀ, ਪੁਹਕਰਮੂਲ ਤੇ ਬਿਲ ਲੈ ਕੇ ਕਾਹੜਾ ਕਰੇ, ਫਿਰ ਹਿੰਗ; ਅਦ੍ਰਿਕ, ਮਘਾਂ ਧੂੜ ਕੇ ਪੀਵੇ ਤਾਂ ਜਾਤੁਲਜੰਭ, ਅਭਿਨਯਾਸ ਸੰਨਿਪਾਤ ਤਾਪ ਅਰ ਅਫਾਰਾ ਸਭਨਾਂ ਦਾ ਨਾਸ ਕਰੇ ॥੨੩੨॥

ਚੌਪਈ

ਹਿੰਗ ਸੁੰਠ ਅਦਰਕ ਰਸ ਘਾਲ। ਪੀਵਨ ਕੋ ਦੀਜੈ ਤਤਕਾਲ।
ਮਿਟੈ ਸੰਮਿ ਅਭਿਨਯਾਸਾ ਨਾਮ।ਜਿਮ ਅਘ ਕਾਟੈ ਸਿਮਰਯੋ ਰਾਮ।੨੩੩।

੨੮੪–ਹਿੰਗ ਤੇ ਸੁੰਢ ਅਰ ਅਦਰਕ ਦਾ ਰਸ ਪਾਕੇ ਪੀਵੇ ਤਾਂ ਅਭਿਨਯਾਸ ਸੰਨਿਪਾਤ ਦੂਰ ਹੋਵੇ ॥੨੩੩॥

ਕੁੰਕਮਾਦਿ ਬ੍ਰਿਧ ਗੁਟੀ–ਸ਼ੰਕਰ

ਕਰਾਹਟ ਕੇਸਰ ਮਾਲਤੀਸੁਤ, ਛੜ ਉਟੰਗਨ ਬੀਜ।

Digitized by Panjab Digital Library | www.panjabdigilib.org

ਭੂ ਨਿੰਬੁ ਲੇ ਜਾਵੱਤਰੀ, ਅਰੁ ਦਾਰਚੀਨੀ ਲੀਜ।
ਸੰਖ ਪੁਖਪੀ ਭੱਖੜਾ, ਲੈ ਭਾਰਗੀ ਲਾਵੰਗ।
ਲੈ ਜਵਾਨੀ ਤੇਜਬਲ, ਅਰੁ ਪੁਸਕਰਾ ਸਮ ਅੰਗ ॥੨੩੪॥
ਦਾਖ ਸੌਂ ਗੋਲੀ ਬਨਾਵੇ, ਟੰਕ ਏਕ ਪ੍ਰਮਾਨ।
ਸੰਨ ਤੇਰਾਂ ਬਾਤ ਕਫ ਸਭ, ਜਾਤ ਹੈ ਇਸ ਖਾਨ।
ਸੀਸ ਬੇਦਨ ਭੁਜਾ ਪੀਠੈ, ਕੰਪ ਬਯਾਧ ਨਸਾਇ।
ਸ੍ਵੇਦ ਪੰਡੂ ਮੂਰਛਾ ਕਫਿ, ਸ੍ਵਾਸ ਕਾਸ ਮਿਟਾਇ ॥੨੩੫॥

੨੮੫-*ਮੈਨਫਲ, ਕੇਸਰ, ਜਾਜ਼ਫਲ, ਛੜ, ਉਟੰਗਣ ਦੇ ਬੀਜ, ਚਿਰੈਤਾ, ਜਵਿਤ੍ਰੀ, ਦਾਰਚੀਨੀ, ਭੋੜਭੜਿੰਗ, ਭਖੜਾ, ਬ੍ਰਹਮੀ, ਲੌਂਗ, ਅਜਵਾਇਣ, ਤੇਜਬਲ ਤੇ ਪੁਹਕਰਮੂਲ, ਇਹ ਸਭ ਸਮਾਨ ਭਾਗ ਲੈਕੇ ਦੂਣਾ ਮੁਣੱਕਾ ਦਾਣੇ ਕੱਢ ਕੇ ਪਾਏ, ਗੋਲੀ ੪ ਮਾਸੇ ਦੀ ਬੰਨ੍ਹੇ, ਪ੍ਰਾਤਾਕਾਲ ਯਾ ਦੋਨੋਂ ਕਾਲ ਖੁਲਾਯਾ ਕਰੇ ਤਾਂ ਤੇਰਾਂ ਹੀ ਸੰਨਿਪਾਤ, ਵਾਯੂ, ਕਫ ਦੇ ਰੋਗ, ਸਿਰ ਦੀ ਪੀੜ, ਕੰਪ ਵਾਯੂ, ਕਮਰ ਪੀੜ, ਪਸੀਨਾ ਔਣਾ, ਪਾਂਡੂ, ਮੂਰਛਾ, ਦਮਾਂ ਤੇ ਖਾਂਸੀ ਇਹ ਸਭ ਨਾਸ ਕਰੇ ॥੨੩੪॥੨੩੫॥

ਨਾਸਕੇਤ ਰਸ-ਚੌਪਈ

ਰਸ ਗੰਧਕ ਬਿਖ ਬਯੋਖ ਮੰਗਾਇ। ਔਖਧ ਲੀਜੈ ਚਢਤੇ ਭਾਇ।
ਪੀਸੀ ਨਾਸ ਨਾਕ ਦੈ ਰਤੀ। ਅਭਿਨਯਾਸ ਮੂਰਛਾ ਸੰਨਿਹਤੀ॥੨੩੬॥

੨੮੬-ਪਾਰਾ ੧ ਭਾਗ, ਗੰਧਕ ੨ ਭਾਗ, ਮਿਠਾ ਤੇਲੀਆ ੩ ਭਾਗ ਤੇ ਤ੍ਰਿਕੁਟਾ (ਮਘ. ਮਿਰਚ, ਸੁੰਢ), ਇਹ ੪ ਭਾਗ, ਫਿਰ ਸਭਨਾਂ ਨੂੰ ਪੀਹ ਕੇ ਨਸਵਾਰ ਦੇਵੇ ਤਾਂ ਅਭਿਨਯਾਸ ਸੰਨਿਪਾਤ ਮੂਰਛ, (ਗਸ਼ੀ) ਨਾਸ ਕਰੇ ॥੨੩੬॥

ਨਸਯ-ਚੌਪਈ

ਤੀਨ ਲਵਨ ਅਦਰਕ ਰਸ ਪਾਇ। ਬੀਜੌਰਾ ਰਸ ਗਰਮ ਕਰਾਇ।
ਨਾਕ ਮਾਂਹਿ ਦੀਜੈ ਨਸਵਾਰ। ਸੰਨਿ ਅਭਿਨਯਾਸ ਮਿਟੈ ਤਤਕਾਰ॥੨੩੭॥

੨੮੭-ਤਿੰਨਲੂਣ (ਸੇਂਧਾ, ਵਿੜ, ਸੌਂਚਲ) ਅਦ੍ਰਿਕ ਦਾ ਰਸ, ਤੇ ਬਿਜੌਰੇ (ਨਿੰਬੂ) ਦਾ ਰਸ ਪਾ ਕੇ ਗਰਮ ਕਰੇ, ਅਰ ਫਿਰ ਨਕ ਵਿਚ ਨਸਵਾਰ ਦੇਵ ਤਾਂ ਅਭਿਨਯਾਸ ਸੰਨਿਪਾਤ ਨਾਸ ਹੋਵੇ ॥੨੩੭॥

ਹਰਿਦ੍ਰਕ ਸੰਨਿ-ਲੱਛਣ

ਕਫ ਕੇ ਸੋਖੇ ਜਬ ਹੀ ਬਾਇ। ਤਬਹਿ ਪਿੱਤ ਬਾਹਰ ਨਿਕਲਾਇ।
ਤਾਤੈ ਉਪਜਤ ਜਾਨੋ ਸਹੀ। ਹਰਿਦ੍ਰਕ ਨਿਸੰ ਗ੍ਰੰਥ ਇਹ ਕਹੀ ॥੨੩੮॥

---

*ਕਰਹਾਟ-ਮੈਨਫਲ (ਰਾੜਾ) ਹੈ, ਦੇਖੋ ਆ: ਔ: ਕੋ: ਪ੍ਰਿ: ੨੪ ਤੇ ਭਾ: ਪ੍ਰ: ਪ੍ਰਿ: ੧੫੬। ਗਿਰੀ ਕੱਢ ਕੇ ਪਾਵੇ।

Digitized by Panjab Digital Library | www.panjabdigilib.org

ਅਥ ਲੱਛਣ—ਪਰਹਾ

ਨਖ ਨੇਤ੍ਰ ਬਪੁ ਮੂਤ, ਬਿਸਟ ਕਰ ਪੀਤ ਹੀ।
ਤੁਚਾ ਪੀਤ ਸੋ ਪੀਲਾ, ਥੂਕ ਜੁ ਮੀਤ ਹੀ।
ਜਾਨੋ ਘਨਾ ਅਸਾਧਯ, ਦਾਹ ਜਿਸ ਹੋਵਹੀ।
ਕਹੈ ਲੱਛਣਾ ਏਹ, ਮੇਘ ਮੁਨਿ ਜੋਵਹੀ॥੨੩੯॥

ਜਦੋਂ ਬਾਤ ਕਫ ਨੂੰ ਸੁਕਾ ਲਵੇ, ਤਦੋਂ ਪਿਤ ਬਾਹਰ ਨਿਕਲ ਆਉਂਦਾ ਹੈ ਤਾਂ ਫਿਰ ਹਰਿਦ੍ਰਿਕ ਸੰਨਿਪਾਤ ਹੋ ਜਾਂਦਾ ਹੈ। ਨਹੁੰ, ਨੇਤ੍ਰ, ਸਰੀਰ, ਮੂਤ੍ਰ ਤੇ ਬਿਸ਼ਟਾ ਇਹ ਪੀਲੇ, ਚਮੜੀ ਪੀਲੀ, ਪੀਲਾ ਹੀ ਥੁਕ ਜਿਸਦਾ ਹੋਵੇ, ਅਜਿਹਾ ਬਹੁਤ ਅਸਾਧਯ ਹੈ॥੨੩੮॥੨੩੯॥

ਉਪਾਇ—ਦੋਹਰਾ

ਹਾਰਿਦ੍ਰਕ ਸੰਨਿਪਾਤ ਕੋ, ਦੇਵੇ ਘਨੇ ਬਰੇਚ।
ਇਸ ਕਾ ਦਾਰੂ ਏ ਕਹਯਾ, ਜਾਨ ਲੇਹੁ ਤੁਮ ਪੇਚ॥੨੪੦॥

੨੮੮—ਹਰਿਦ੍ਰਿਕ ਸੰਨਿਪਾਤ ਵਾਲੇ ਨੂੰ ਬਹੁਤ ਦਸਤ ਦੇਣੇ ਸਰਸ਼ਟ ਹਨ, ਇਸ ਦਾ ਇਤਨਾ ਹੀ ਪੇਚ ਹੈ ਕਿ ਹੋਰ ਦਵਾਈ ਸਰੇਸ਼ਟ ਨਹੀਂ ਹੈ॥੨੪੦॥

ਕਾੜ੍ਹਾ

ਦਾਖ ਪਾਪਰਾ ਖਸ ਕਹੀ, ਧਨੀਯਾ ਛਿੰਨ ਕਿਰਾਤ।
ਕੜੂ ਮਾਲ ਦ੍ਰਿਗ ਕ੍ਵਾਥ ਕਰਿ, ਪਚੀ ਹਰਿਦ੍ਰਕ ਜਾਤ॥੨੪੧॥

੨੮੯—ਮੁਣਕਾ, ਪਾਪੜਾ, ਖਸ, ਧਨੀਆਂ, ਗਿਲੋਯ, ਚਿਰੈਤਾ, ਕੌੜ ਅਤੇ ਨੇਤ੍ਰਬਾਲਾ ਕਾਹੜਾ ਕਰਕੇ ਪਿਲਾਵੇ ਤਾਂ ਹਰਿਦ੍ਰਿਕ ਸੰਨਿਪਾਤ ਨਾਸ ਹੋਵੇ॥੨੪੧॥

ਕ੍ਵਾਥ (ਸੰਨਿਪਾਤ ਕਲਿਕਾਤ)—ਚੌਪਈ

ਤ੍ਰਾਯੰਤੀ ਮਾਧੂਕ ਗਲੋਇ। ਪੀਪਰਜਰ ਵਾਸਾ ਘਨ ਹੋਇ।
ਨਿੰਬਕਿਰਾਤ ਕੜੂ ਲੇ ਪਾਇ। ਕ੍ਵਾਥ ਕਰੀ ਵਿਚ ਸਹਿਤ ਮਿਲਾਇ।੨੪੨।
ਸੀਤਲ ਕਰਕੈ ਪੀਵਨ ਦੇਇ। ਸੰਨ ਹਰਿੱਦ੍ਰਕ ਤਾਪ ਮਿਟੇਇ।
ਮਿਟਤ ਪਯਾਸ ਪੀਲੱਤਨ ਜਾਇ।ਸੰਨਿਪਾਤ ਕਲਕਾ ਇਮ ਗਾਇ।੨੪੩।

੨੯੦—ਤ੍ਰਾਯਮਾਣ (ਤੁਖਮ ਜਰਜਰ) *ਮਹੁਆ, ਗਿਲੋਯ, ਪਿਪਲਾਮੂਲ, ਬਾਂਸਾ, ਮੱਥਾ ਨਿੰਮ, ਚਿਰੈਤਾ ਅਤੇ ਕੜੂ ਸਨਾਨ ਲੈਕੇ ਕਾੜ੍ਹਾ ਕਰਕੇ ਸ਼ਹਿਤ ਪਾਕੇ ਪੀਤਾ ਹੋਇਆ ਹਰਿਦ੍ਰਿਕ ਸੰਨਿਪਾਤ ਤਾਪ ਪਿਆਸ ਤੇ ਪੀਲਾ ਪਨ ਨਿਰਸੰਦੇਹ ਨਾਸ ਕਰੇ॥੨੪੨॥੨੪੩॥

ਤ੍ਰਿਫਲਾ ਛਿੰਨਾ ਨਿੰਬ ਕਿਰਾਤ। ਬਾਂਸਾ ਦਾਰਵੀ ਕ੍ਵਾਥ ਸਮਾਤ।

*ਮਧੂਕ—ਮਹੂਆ ਹੈ, ਦੇਖੋ ਚਕਿਤਸਾ ਕੋਸ਼

Digitized by Panjab Digital Library | www.panjabdigilib.org

ਹਾਰਿਦ੍ਰਕ ਸੰਨਿ ਪਾਂਡੁ ਪਰਾਇ। ਪਿੱਤ ਅਰਸ ਦੁਖ ਦੂਰੈ ਜਾਇ ॥੨੪੪॥

੨੯੧–ਤ੍ਰਿਫਲਾ, ਗਿਲੋਯ, ਨਿੰਮ, ਚਿਰੈਤਾ, ਬਾਂਸਾ ਤੇ ਦਾਰਹਲਦੀ, ਕਵਾਥ ਕਰਕੇ ਪੀਵੇ ਤਾਂ ਹਰਿਦ੍ਰਿਕ ਸੰਨਿਪਾਤ, ਪਾਂਡੂ, ਪਿਤ ਦੀ ਬਵਾਸੀਰ, ਸਭ ਨੂੰ ਨਾਸ ਕਰੇ ॥੨੪੪॥

ਤ੍ਰਿਵਤ ਬਿਸਾਲਾ ਤ੍ਰਿਫਲਾ ਦਾਰੁ। ਕਟੁਕ ਰੋਹਨੀ ਤ੍ਰਿਕਤਾ ਡਾਰ।
ਗਿਰਦਨਲੀ ਕਰ ਕ੍ਵਾਥ ਮਿਲਾਇ।ਹਾਰਦ੍ਰਿਕ ਪੀਵਤ ਸੰਨਿ ਜਾਇ।੨੪੫।

੨੯੨–ਤ੍ਰਿਵੀ, ਤੁੰਮੇ ਦੀ ਜੜ੍ਹ, ਤ੍ਰਿਫਲਾ, ਦੇਵਦਾਰ, †ਕੁਟਕੀ, ‡ਪਿਤਪਾਪੜਾ ਅਰ ਅੰਮਲਤਾਸ ਦਾ ਗੁੱਦਾ ਕਾੜ੍ਹਾ ਕਰਕੇ ਪੀਵੈ ਤਾਂ ਹਰਿਦ੍ਰਿਕ ਸੰਨਪਾਤ ਨੂੰ ਨਾਸ ਕਰਦਾ ਹੈ ॥੨੪੫॥

ਜ੍ਵਰਾਕੁਸ਼ ਹਾਰਿਦ੍ਰ ਅਰ ਪਿਤ ਜ੍ਵਰ ਕੋ–ਚੌਪਈ

ਮਿਸਟ ਤੇਲ ਮੈ ਸੋਧੀ ਸੀਸਾ। ਗਰਮ ਕਰੀ ਸਤ ਬਾਰ ਕਰੀਸਾ।
ਸੋ ਸੀਸਾ ਪੈਸਾ ਭਰ ਏਕ। ਤਾਹੀ ਸਮ ਪਾਰਾ ਲੈ ਟੇਕ ॥੨੪੬॥
ਦੋਨੋ ਕੋ ਛਲਬੇਦ ਕਰਾਇ। ਤਾਸ ਮਾਹਿ ਔਖਧ ਲੈ ਪਾਇ।
ਬਡੀ ਲਾਇਚੀ ਲੌਂਗ ਜੁ ਕਣਾ। ਭੰਗ ਸੁੰਠ ਕੀਜੈ ਖੂਲ ਭਨਾ ॥੨੪੭॥
ਕਰਖ ਕਰਖ ਲੀਜੈ ਸਭ ਏਹ। ਸਭੀ ਮੇਲਕੈ ਖਰਲ ਕਰੇਹ।
ਤੀਨ ਦਿਵਸ ਲੌ ਖਰਲ ਕਰਾਇ। ਸਿਤਾਸੰਗ ਰੱਤੀ ਦੁਇ ਖਾਇ।੨੪੮।
ਸੀਤਲ ਸੰਗ ਸੀਤ ਗੁਨ ਕਾਰ। ਗਰਮ ਸੰਗ ਗਰਮੀ ਗੁਨਧਾਰ।
ਸੰਨਹਰਿਦ੍ਰਕ ਪਿਤ ਜੁਰ ਜਾਇ। ਜੋ ਸੰਗਤ ਤੈਸਾ ਗੁਨ ਥਾਇ ॥੨੪੯॥

ਦੋਹਰਾ

ਅਨੂਪਾਨ ਬਿਨ ਔਖਧੀ, ਰਿਕਤ ਕਟੋਰੈ ਤੇਲ।
ਨੀਰ ਬਿਨਾ ਪਸਰਤ ਨਹੀ, ਅਨੂਪਾਨ ਹਰਿ ਮੇਲ ॥੨੫੦॥

੨੯੩–ਮਿਠੇ ਤੇਲ ਵਿਚ ਤਪਾਇਕੇ ਸੈ ਬਾਰਾਂ ਬੁਝਾਯਾ ਹੋਯਾ ਸਿੱਕਾ ੧ ਪੈਸਾ ਭਰ, ਪਾਰਾ੧ ਪੈਸਾ ਭਰ, ਦੋਹਾਂ ਨੂੰ ਰਲਾਕੇ ਕਤਰ ਲਵੇ, ਅਰ ਫਿਰ ਡੱਡਾ ਲਾਇਚੀ, ਲੌਂਗ, ਮਘ, ਭੰਗ ਅਰ ਸੁੰਢ ਇਹ ਸਭ ਤੋਲਾ ਲੈਕੇ ਮਿਲਾਵੇ ਅਰ ੩ ਤਿਨ ਦਿਨ ਤਕ ਸੁਕੇ ਖਰਲ ਕਰਕੇ ਰਖੇ, ਫਿਰ ਇਸ ਵਿਚੋਂ ੨ ਮਿਸਰੀ ਨਾਲ ਰੋਗੀ ਨੂੰ ਦੇਵੇ। ਜੇਕਰ ਠੰਢੇ ਅਨੂਪਾਨ ਨਾਲ ਦੇਵੇ ਤਾਂ ਠੰਢਾ ਗੁਣ ਕਰੇ ਅਰ ਗਰਮ ਅਨੂਪਾਨ ਨਾਲ ਦੇਵੇ ਤਾਂ ਗਰਮ ਗੁਣ ਕਰ। ਇਹ ਹਰਿਦ੍ਰਿਕ ਸੰਨਪਾਤ ਅਰ ਪਿਤ ਤਾਪ ਨੂੰ ਨਿਰਸੰਦੇਹ ਨਾਸ ਕਰੇ। ਅਨੂਪਾਨ ਤੋਂ ਬਿਨਾ ਦਵਾਈ ਦੇਣੀ ਇਉਂ ਜਾਨੋ, ਜਿਸ ਤਰਾਂ ਖਾਲੀ ਕਟੋਰ ਵਿਚ ਤੇਲ ਦੀ ਬੂੰਦ ਪਾਈ ਪਸਰਦੀ ਨਹੀਂ। ਅਨੂਪਾਨ ਇਕ ਜਲ ਦੇ ਸਮਾਨ ਹੈ, ਜਿਸ ਪਰ ਬੂੰਦ ਪਾਈ ਪਸਰ ਜਾਂਦੀ ਹੈ ॥੨੪੬ ਤੋਂ ੨੫੦॥

---

†ਕਟੁਕ ਰੋਹਣੀ–ਕੁਟਕੀ ਹੈ, ਦੇਖ ਆ: ਆ: ਔ: ਕੋ: ਪ੍ਰ: ੨੦
‡ਤਿਕਤਾ ॥ ਪਿੱਤਪਾਪੜਾ ਹੈ, ਦੇਖੋ ਉਕਤ ਕੋਸ਼ ਪ੍ਰਿ: ੬੮.

Digitized by Panjab Digital Library | www.panjabdigilib.org

ਸੰਨਿਪਾਤ ਕੋ ਪਾਨੀ

ਸੰਧਕ ਸੀਤਲ ਗਾਤ ਕੋ, ਕੰਠ ਕੁਬਿਜ ਅਭਿਨਯਾਸ।
ਕਰਨਕ ਕੋ ਇਨ ਤਪਤ ਜਲ, ਸੇਖ ਸੀਤ ਸੁਤ ਭਾਸ॥ ੨੫੧॥

੨੫੪-ਸੰਨਕ, ਸੀਤਾਂਗ, ਕੰਠਕੁਬਜ, ਅਭਿਨਯਾਸ ਤੇ ਕਰਨਕ ਸੰਨਿਪਾਤ ਇਨ੍ਹਾਂ ਵਿਚ ਤਤਾ ਜਲ ਰੋਗੀ ਨੂੰ ਦੇਵੇ, ਹੋਰਨਾਂ ਵਿਚ ਕਾੜ੍ਹਕੇ ਜਲ ਠੰਢਾ ਕੀਤਾ ਦੇਣਾ ਯੋਗ ਹੈ ॥੨੫੧॥

ਸੰਨਿਪਾਤ ਆਯੂ-ਚੌਪਈ

ਸੰਧਿਕ ਸਪਤ ਰਾਤ ਹੈ ਆਯੂ। ਦਸ ਦਿਨ ਅੰਤਕ ਕੇ ਕਹਿਵਾਯੂ।
ਬੀਸ ਦਿਵਸ ਰੁਗਦਾਹੀ ਕਹੈ। ਬਰਖ ਤੀਨ ਚਿਤ ਬਿਭ੍ਰਮ ਲਹੈ॥੨੫੨॥
ਪੱਕ ਏਕ ਜਾਨੋ ਸੀਤਾਂਗ। ਤੰਦ੍ਰਿਕ ਕੇ ਦਿਨ ਪੱਚੀ ਆਂਗ।
ਕੰਠਕੁਬਜ ਕੀ ਤੇਰਾਂ ਰਾਤ। ਕਰਨਕ ਕੇ ਤ੍ਰਿਕ ਮਾਸ ਬਿਖਯਾਤ॥੨੫੩॥
ਭਗਨ ਨੈਨ ਦਿਨ ਆਠ ਪ੍ਰਮਾਨ। ਰਕਤ ਸਟੀਵੀ ਦਸ ਦਿਨ ਜਾਨ।
ਦ੍ਵਾਦਸ ਦਿਨ ਪਰਲਾਪਕ ਭਾਲ।ਜਿਹਵਕ ਕੇ ਦਿਨ ਸੋਲਾਂ ਲਾਲ।੨੫੪॥
ਪੰਦ੍ਰਾਂ ਦਿਨ ਅਭਿਨਯਾਸੈ ਕਹੈ। ਅਥਵਾ ਜੀਵਤ ਵਾ ਮਿਟਤ ਲਹੈ।
ਸੰਨਿਪਾਤ ਸਭ ਕਾਲ ਸਮਾਨ। ਕੋਊ ਦੁਸਾਧ ਅਸਾਧਯ ਬਖਾਨ।੨੫੫।

ਦੋਹਰਾ

ਰਕਤਸਟੀਵੀ ਭਗਨ ਦ੍ਰਿਗ, ਪਰਲਾਪਕ ਸੀਤਾਗ।
ਅੰਤਕ ਅਰੁ ਅਭਿਨਯਾਸ ਹੀ, ਕਹੇ ਅਸਾਧ ਖਟਾਂਗ ॥੨੫੬॥

ਸੰਧਕ ਦੀ ੭, ਅੰਤਕ ਦੀ ੨੦, ਰੁਗਦਾਹੀ ਦੀ ੨੦ ਦਿਨ, ਇਸੇਰਾਂ ਚਿਤਭ੍ਰਮ ਸਨਿਪਾਤ ਦੀ ਆਯੂ ੩ ਸਾਲ ਦੀ ਕਹੀ ਹੈ। ਸੀਤਾਂਗ ਦੀ ੧੫ ਦਿਨ, ਤੰਦ੍ਰਿਕ ਦੀ ੨੫, ਕੰਠਕੁਬਜ ਦੀ ੧੩,ਕਰਨਕ ਦੀ ੯੦, ਭਗਨ ਨੇਤ੍ਰ ਦੀ ੮ ਰਕਤਸਟੀਵੀ ਦੀ ੧੦, ਪ੍ਰਲਾਪਕ ਦੀ ੧੨, ਜਿਹਵਕ ਦੀ ੧੬ ਅਤੇ ਅਭਿਨਯਾਸ ਦੀ ੧੫ ਦਿਨ ਦੀ ਆਯੂ ਹੁੰਦੀ ਹੈ। ਇਉਂ ਜਾਣੋ। ਇਤਨੇ ਦਿਨਾਂ ਵਿਚ ਰੋਗੀ ਬਚੇ ਯਾ ਮਰੇ ਇਹ ਸਿਧਾਂਤ ਹੈ, ਪਰੰਤੂ ਵਾਸਤਵ ਵਿਚ ਸੰਨਿਪਾਤ ਸਭੋ ਹੀ ਕਾਲ ਸਮਾਨ ਕਸ਼ਟ ਸਾਧਯ ਹਨ, ਫਿਰ ਭੀ ਕਈ ਕਸ਼ਟ ਤੇ ਅਸਾਧ ਹਨ। ਜਿਨ੍ਹਾਂ ਵਿਚੋਂ ਰਕਤ ਸਟੀਵੀ ਭਗਨ ਨੇਤਰ, ਪਰਲਾਪਕ, ਸੀਤਾਂਗ, ਅੰਤਕ ਅਤੇ ਅਭਿਨਯਾਸ ਇਹ ਅਸਾਧ ਹਨ ॥੨੫੨ ਤੋਂ ੨੫੬॥

ਸੰਨਿਪਾਤ ਪਥ-ਚੌਪਈ

ਕਨਕ ਪੁਰਾਤਨ ਚਾਵਲ ਜਾਨ। ਗੋਕਾ ਦੂਧ ਦਹੀ ਘ੍ਰਿਤ ਠਾਨ।
ਚੌਲਾਈ ਪਟੋਲ ਕੇ ਫਲਾ। ਸੇਂਧਾ ਘੀਆ ਮੁਗਧਾਂ ਭਲਾ ॥੨੫੭॥
ਨਾਲੀਏਰ ਕਾ ਪਾਨੀ ਜਾਨ। ਦਾੜਮ ਦਾਖਾ ਕਦਲੀ ਠਾਨ।

Digitized by Panjab Digital Library | www.panjabdigilib.org

ਅਭਯੰਗਨਿ ਲਾਖਾਦਿਕ ਤੇਲ। ਔਰ ਨਰਾਇਨ ਤੇਲ ਸੁ ਮੇਲ ॥੨੫੮॥
ਜਥਾ ਜੋਗ ਸੀਤੇ ਉਪਚਾਰ। ਜੋ ਦੇਵੈ ਤ੍ਰਿਸ਼ਨਾ ਕੋ ਟਾਰ।
ਸੀਤ ਦੋਖ ਤੌਂ ਉਸਨ ਉਪਾਇ। ਸੰਨਿਪਾਤ ਕੋ ਲੰਘਨ ਦਾਇ ॥੨੫੯॥
ਕਹਯੋ ਹੈ ਸੌਧਕ ਔਰ ਖਜੂਰ। ਮਸਤਕ ਸੀਤ ਨੀਰ ਸੌਂ ਪੂਰ।
ਗ੍ਰੰਥ ਰੀਤ ਮੈਂ ਬਾਤ ਬਖਾਨੀ। ਮੁਗਧ ਮੋਠ ਕੋ ਯੂਖ ਠਬਾਨੀ ॥੨੬੦॥

੨੯੫–ਪੁਰਾਣੀ ਕਣਕ, ਚੌਲ, ਗੋਕਾ ਦੁਧ, ਦਹੀਂ, ਘਿਉ, ਚੌਲਾਈ ਦਾ ਤੇ ਪਟੋਲ ਦੇ ਫਲ ਦਾ ਸਾਗ, ਸੇਂਧਾ ਲੂਣ, ਘੀਆ, ਮੂੰਗੀ, ਨਰੇਲ ਦਾ ਪਾਣੀ, ਅਨਾਰ, ਦਾਖ, ਕੇਲਾ, ਲਾਖਾਦੀ ਤੇਲ ਦੀ ਮਾਲਸ਼, ਏਹ ਪਥ ਹਨ। ਜ਼ਰੂਰਤ ਮੁਜਬ ਠੰਢਾ ਇਲਾਜ ਜੇਹੜਾ ਤ੍ਰੇਹ ਰੋਕਦਾ ਦੇਵੇ ਕਰੇ,ਠੰਢਾ ਵਿਕਾਰ ਹੋਵੇ ਤਾਂ ਗਰਮ ਉਪਾਇ ਕਰੇ, ਪਰ ਸੰਨਿ ਨੂੰ ਦ੍ਰਤ (ਫਾਕਾ) ਅਛਾ ਹੈ। ਨਾਲੀਏਰ, ਜਲ, ਖਜੂਰੇ, ਸਿਰ ਪਰ ਠੰਢੇ ਜਲ ਦਾ ਤਰੇੜਾ, ਮੂੰਗੀ, ਮੋਠਾਂ ਦਾ ਰਸ ਏਹ ਦੇਣਾ ਗ੍ਰੰਥਾਂਤ੍ਰਾ ਵਿਚ ਅੱਛਾ ਕਿਹਾ ਹੈ ॥੨੫੭ ਤੋਂ ੨੬੦॥

ਕੁਪਥ–ਪਰਹਾ

ਬੈਂਗਨ ਪੇਠਾ ਮਾਖ, ਮਟੂਰ ਮਸੂਰ ਹੀ।
ਸਰਸੋਂ ਤਿਲ ਅਸਨਾਨ, ਜੁ ਕਾਂਜੀ ਦੂਰ ਹੀ।
ਬਿਸਟੰਭੀ ਜੋ ਭੋਜਨ, ਤਿਯ ਕਾ ਸੰਗ ਹੀ।
ਕਦਲੀ ਰਲ ਕੋ ਤਯਾਗੋ, ਸੰਨ ਜੁ ਭੰਗ ਹੀ ॥੨੬੧॥

੨੯੩–ਵਤਾਊਂ, ਪਠਾ, ਮਾਂਹ ਮਟਰ, ਮਸਰ, ਸਰ੍ਹੋਂ, ਤਿਲ, ਸਨਾਨ, ਕਾਂਜੀ, ਅਰ ਕਬਜੀ ਕਰਨ ਵਾਲੇ ਭੋਜਨ, ਇਸਤ੍ਰੀ ਦਾ ਸੰਗ ਤੇ ਕੇਲਾ ਫੁਲ ਇਹ ਸੰਨਿਪਾਤਾਂ ਵਾਲਾ ਤਿਆਗ ਦੇਵੇ ॥੨੬੧॥

ਮਧੌਰਾ ਲੱਛਣ–ਸੰਕਰ

ਦਾਹ ਭ੍ਰਮ ਤਪ ਬਮਨ ਤ੍ਰਿਸਨਾ, ਨੀਂਦ ਬਹੁ ਅਤਿਸਾਰ।
ਦੰਤ ਰਸਨਾ ਸਯਾਮ ਕੰਠਾ, ਰਕਤ ਕੋ ਮੁਖ ਭਾਰ।
ਪਿੱਤ ਕੋਪ ਜੁ ਬਿਕਲ ਦੀਸੈ ਸ੍ਰਵਤ ਬਹੁ ਲਘੂ ਨੀਤ।
ਗ੍ਰੀਵ ਮੱਧੇ ਸਰਖਪਾ ਸਮ, ਹੋਹਿ ਪਿੜਕਾ ਮੀਤ ॥੨੬੨॥

ਚੌਪਈ

ਮਧੌਰਾ ਕੀ ਜਾਤਾਂ ਤੀਨ। ਕਾਲੀ ਪੀਲੀ ਸ੍ਵੇਤਾ ਕੀਨ।
ਬਾਤ ਪਿੱਤ ਕਫ ਕਾ ਬਿਸਥਾਰ। ਜਾਨੋ ਪੰਡਿਤ ਏਹ ਬਿਚਾਰ ॥੨੬੩॥

ਦਾਹ, ਭ੍ਰਮ, ਤਪ, ਉਕਾਰੀਆਂ, ਪਿਆਸ, ਨੀਂਦ, ਦਸਤ, ਦੰਦ ਤੇ ਜੀਭ ਦੋਨੋ ਕਾਲੇ ਕੰਠ, ਮੂੰਹ ਲਹੂ ਨਾਲ ਭਰਿਆ ਹੋਵੇ। ਪਿਤ ਦਾ ਕੋਪ, ਬਿਕਲਤਾਈ, ਚੋਆ ੨ ਮੂਤ੍ਰ, ਧੌਣ ਵਿਖੇ ਸਰੋਂ ਦੇ ਦਾਣਿਆਂ

Digitized by Panjab Digital Library | www.panjabdigilib.org

ਸਮਾਨ, ਫਿਨਸੀਆਂ, ਇਹ ਮਧੌਰਾ ਦੇ ਲੱਛਣ ਕਹੇ ਜਾਂਦੇ ਹਨ। ਪਰੰਤੂ ਮਧੌਰਾ ਤਿੰਨ ਪ੍ਰਕਾਰ ਦੀ ਹੈ ਕਾਲੀ, ਪੀਲੀ ਅਤੇ ਚਿੱਟੀ ਸੋ ਕ੍ਰਮ ਨਾਲ ਬਾਤ ਪਿਤ ਕਫ ਦਾ ਹੀ ਵਿਕਾਰ ਜਾਣੋ ॥ ੨੬੨ ॥ ੨੬੩ ॥

ਕਾਲੀ ਮਧੌਰਾ—ਲੱਛਣ

ਕਾਸ ਸ੍ਵਾਸ ਤਪ ਨੇਤ੍ਰ ਸ੍ਰਾਵ। ਛਾਛ ਰਾਵ ਪਰ ਚਾਲੈ ਭਾਵ।
ਹੋਠ ਦੰਤ ਕਾਲੀ ਹੈ ਰਸਨਾ। ਕਾਲੀ ਫੁਨਸੀ ਜਾਨੇ ਲੱਛਨਾ ॥੨੬੪॥

ਖਾਂਸੀ, ਦਮਾ, ਤਾਪ, ਨੇਤ੍ਰ ਸ੍ਰਾਵ, ਲਸੀ ਤੇ ਰਾਬ ਨੂੰ ਜੀ ਕਰਨਾਂ, ਹੋਠ ਤੇ ਦੰਦ ਕਾਲੇ, ਤੇ ਜੀਭ ਪਰ ਭੀ ਕਾਲੀਆਂ ਫਿਨਸੀਆਂ ਹੋ ਜਾਣੀਆਂ ॥ ੨੬੪ ॥

ਉਪਾਇ

ਖੈਰਸਾਰ ਅਰੁ ਦਾੜਮ ਸਾਰ। ਚਾਰ ਚਾਰ ਟੰਕ ਲੀਜੈ ਭਾਰ।
ਮਾਸਾ ਏਕ ਕਪੂਰ ਮੰਗਾਇ। ਨਾਗਰਬੇਲ ਰਸੇ ਮਰਦਾਇ ॥੨੬੫॥
ਚਨਕ ਏਕ ਗੋਲੀ ਕਾ ਮਾਨ। ਮੁਖ ਮੈ ਰਾਖੋ ਗੋਲੀ ਆਨ।
ਸ੍ਵਾਸ ਕਾਸ ਮੁਧੌਰਾ ਕਾਲਾ। ਮਿਟਤ ਜਾਨਿਯੋ ਬੈਦ ਸਲਾਲਾ ॥੨੬੬॥

੨੬੭—ਕਥ, ਅਨਾਰ ਦੇ ਫੁਲ ਸੋਲਾਂ ਸੋਲਾਂ ਮਾਸੇ, ਕਪੂਰ ੧ ਮਾਸਾ ਪਾਨਾਂ ਦੇ ਰਸ ਨਾਲ ਘੋਟਕੇ ਚਣੇ ਪ੍ਰਮਾਣ ਗੋਲੀਆਂ ਬੰਨ੍ਹ ਲਵੇ ਅਰ ਫਿਰ ਰਾਤ ਨੂੰ ੧ ਮੂੰਹ ਵਿਚ ਰਖੇ ਤਾਂ ਦਮਾਂ, ਖਾਂਸੀ ਤੇ ਕਾਲੀ ਮਧੌਰਾ ਮਿਟਾਵੇ ॥ ੨੬੫ ॥ ੨੬੬ ॥

ਪੀਲੀ ਮਧੌਰਾ ਲੱਛਣ—ਦੋਹਰਾ

ਫਟਤ ਜੀਭ ਰੇਖਾ ਜਰਦ, ਫੁਨਸੀ ਰੰਗ ਜੁ ਲਾਲ।
ਪਿੱਤ ਬੇਦਨਾ ਜਾਨਿਯੋ, ਤਿਯ ਸੇਵਾ ਮਨ ਲਾਲ ॥੨੬੭॥

ਜੀਭ ਤੇ ਫਟਕੇ ਪੀਲੇ ਰੰਗ ਦੀਆਂ ਲਕੀਰਾਂ ਪੈਣੀਆਂ, ਪਿਤ ਦੀ ਪੀੜਾ, ਇਸਤ੍ਰੀ ਦੇ ਸੰਗ ਨੂੰ ਮਨ ਚਾਹੇ ॥ ੨੬੭ ॥

ਉਪਾਇ—ਦੋਹਰਾ

ਚਦਨ ਘਨ ਮਲਯਾਗਰਾ, ਪਰਪਟ ਨੇਤ੍ਰੈਮਾਲ।
ਬਾਲਾ ਸੁੰਠ ਕਿਰਾਤ ਲੈ, ਕਰੋ ਕ੍ਵਾਥ ਸਮ ਲਾਲ ॥੨੬੮॥
ਪੀਵਤ ਛਿਨ ਮਹਿ ਜਾਤ ਹੈ, ਮੁਧੌਰਾ ਅਰੁ ਦਾਹ।
ਪਿਤ ਬੇਦਨਾ ਸਭ ਮਿਟਤ, ਕਹੀ ਸਾਚੁ ਸੁਨ ਯਾਹ ॥੨੬੯॥

੨੬੮—ਰਕਤਚੰਦਨ ਮੋਥਾ, ਮਲਿਆਗਰ ਚੰਦਨ, (ਜਿਸਦੀ ਗੰਧ ਨਾਲ ਨਿੰਮ ਚੰਦਨ ਹੋ ਜਾਂਦੀ ਹੈ) ਪਾਪੜਾ ਨੇਤ੍ਰਬਾਲਾ *ਹਲਦੀ, ਸੁੰਢ ਤੇ, ਚਿਰੈਤਾ, ਕਾੜ੍ਹਾ ਕਰਕੇ ਪਿਲਾਵੇ ਤਾਂ ਮਧੌਰਾ ਦਾਹ ਤੇ ਪਿਤ

---

*ਬਾਲਾ—ਹਲਦੀ ਹੈ ਦੇਖੋ ਆ: ਔ: ਕੋ: ਪ੍ਰਿ: ੧੧੦

Digitized by Panjab Digital Library | www.panjabdigilib.org

ਦੀ ਪੀੜਾ ਨਸ਼ਟ ਹੋਵੇ ॥ ੨੬੮ ॥ ੨੬੯ ॥

ਚੰਦਨ ਬਾਲਾ ਜੀਰੇ ਦੋਇ । ਕਾਸਮੀਰ ਪਰਪਟ ਘਨ ਢੋਇ ।
ਮੁਹਲੇਠੀ ਅਰੁ ਕਮਲ ਜੁ ਦਾਖ । ਅਸਟ ਬਸੇਖ ਜੁ ਕਾਢਾ ਭਾਖ।੨੭੦।
ਸਹਤ ਟਾਂਕ ਇਕ ਮਾਂਹ ਮਿਲਾਇ । ਪਿਤ ਮੁਧੌਰਾ ਛਿਨ ਮੈਂ ਜਾਇ ।
ਬਮਨਿ ਮੂਰਛਾ ਦਾਹ ਭਿ ਜਾਇ। ਸਿੱਧ ਜੋਗ ਪੰਡਿਤ ਕਹਿਵਾਇ।੨੭੧।

ਚੌਪਈ

੨੬੯–ਚੰਦਨ, ਹਲਦੀ, ਦੋਨੋਂ ਜੀਰੇ *ਪੁਹਕਰਮੂਲ, ਪਾਪੜਾ, ਮੋਥਾ ਮੁਲੱਠੀ, ਕਮਲ, ਤੇ ਮੁਨਕਾ ਕਾੜ੍ਹਾ ਕਰੇ । ਅਠਵਾਂ ਹਿਸਾ ਬਾਕੀ ਰਹੇ ਤਾਂ ੪ ਮਾਸੇ ਸ਼ਹਿਤ ਪਾ ਕੇ ਪੀਵੇ ਪਿਤ, ਮਧੌਰਾ ਕੈ, ਮੂਰਛਾ ਤੇ ਦਾਹ ਨਿਸਚੇ ਜਾਵੇ ॥ ੨੭੦ ॥ ੨੭੧ ॥

ਸ੍ਵੇਤ ਮਧੌਰਾ ਲੱਛਣ (ਸਾਰ ਉਧਾਰਾਤ)

ਹੋਠ ਸ੍ਵੇਦ ਅਰੁ ਜਿਹਵਾ ਸ੍ਵੇਤ । ਫੁਨਸੀ ਮੋਤੀ ਦਾਨ ਸਹੇਤ ।
ਕਫ ਅੰਗੈ ਮੁਧੌਰਾ ਜਾਨ । ਸਾਰਉਧਾਰ ਕਹਤ ਇਮ ਬਾਨਿ ॥੨੭੨॥

ਹੋਠ ਤੇ ਜੀਭ ਦੀ ਰੰਗਤ ਦੀ ਚਿਟੀ ਹੋਵੇ, ਅਰ ਜੀਭ ਉਪਰ ਮੋਤੀਆਂ ਦੇ ਦਾਣਿਆਂ ਸਮਾਨ ਚਿੱਟੀਆਂ ਫਿਨਸੀਆਂ ਭੀ ਹੋਣ ਅਜੇਹੀ ਮਧੌਰਾ ਕਫ ਦੀ ਕਹੀ ਜਾਂਦੀ ਹੈ ॥ ੨੭੨ ॥

ਉਪਾਇ–ਦੋਹਰਾ

ਮਿਰਚਾਂ ਜੀਰਾ ਸ੍ਵੇਤ ਲੈ, ਤੁਲਸੀ ਰਸਹਿ ਪਿਸਾਇ ।
ਸ੍ਵੇਤ ਮੁਧੌਰਾ ਜਾਤ ਹੈ, ਉੱਤਮ ਏਹ ਉਪਾਇ ॥੨੭੩॥

੩੦੦–ਮ੍ਰਿਚ ਤੇ ਚਿੱਟਾ ਜੀਰਾ, ਤੁਲਸੀ ਦੇ ਰਸ ਨਾਲ ਪੀਹਕੇ ਪਿਲਾਵੇ ਤਾਂ ਚਿੱਟੀ ਮਧੌਰਾ ਜਾਵੇ ॥ ੨੭੩ ॥

ਸਰਬ ਮਧੌਰਾ–ਉਪਾਇ

ਨਾਲੇਰੀ ਖਸਖਾਸ ਹੀ, ਕੱਛੂ ਲੇਹ ਕਪਾਲ ।
ਏਲਾ ਤੁਲਸੀ ਪਾਨ ਸੌਂ, ਗੋਬਰ ਰਸ ਘਸ ਡਾਲ ॥੨੭੪॥
ਪ੍ਰਾਤ ਉਠੀਨੈ ਪਯਾਈਏ, ਮਿਟਤ ਮਧੌਰਾ ਰੋਗ ।
ਤਨਿ ਸੁਖ ਪਾਵਤ ਅਤਿਘਨਾ, ਭੋਗਤ ਘਨੇ ਸੁ ਭੋਗ ॥੨੭੫॥

੩੦੧–ਨਲਿਯੇਰ, ਖਸਖਸ, ਕਛੂ ਦੀ ਖੋਪਰੀ, ਇਲਾਇਚੀ, ਤੁਲਸੀ ਦੇ ਪੱਤੇ ਤੇ ਗੋਹ ਦੇ ਰਸ ਨਾਲ ਪ੍ਰਾਤਾਕਾਲ ਘੋਟ ਕੇ ਪਿਲਾਵੇ ਤਾਂ ਸਭ ਤਰਾਂ ਦਾ ਮਧੌਰਾ ਨਾਸ ਹੋਵੇ ॥ ੨੭੪ ॥ ੨੭੫ ॥

ਮਿਰਤਕ ਮਾਖੀ ਜਰਨ ਸਿਤ, ਗੋਬਰ ਰਸੇ ਪਿਵਾਇ ।

---

*ਕਾਸ਼ਮੀਰ–ਪੁਹਕਰਮੂਲ ਹੈ, ਦੇਖੋ ਆ: ਔ: ਕੋ: ਪ੍ਰਿ: ੨੨ ਅਤੇ ਭਾਵ ਪ੍ਰ: ਪ੍ਰਿ: ੧੫੮.

Digitized by Panjab Digital Library | www.panjabdigilib.org

ਮੁਧੌਰਾ ਕੋ ਨਾਸ ਹੁਇ, ਸਾਚਾ ਕਹਯਾ ਉਪਾਇ ॥੨੭੬॥

੩੦੨-ਮੂਈ ਮੱਖੀ (ਦੇ ਖੰਭ ਲਾਹਕੇ) ਚਿੱਟਾ ਜੀਰਾ ਤੇ ਗੋਹੇ ਦਾ ਰਸ ਪਾਕੇ ਘੋਟਕੇ ਪੀਣ ਨਾਲ ਭੀ ਮਧੌਰਾ ਸਭ ਨਾਸ ਹੁੰਦੀ ਹੈ ॥ ੨੭੬ ॥

ਬਾਰਾਂ ਸਿੰਗਾ ਜਰਨ ਲੈ, ਚੰਦਨ ਜਲ ਪੀਸਾਇ।
ਘੂਟੀ ਦੀਜੈ ਜੁਗਤ ਸੌਂ, ਰੋਗ ਮੁਰਧੌ ਜਾਇ ॥੨੭੭॥

੩੦੩-ਬਾਰਾਂਸਿੰਙਾ, ਜੀਰਾ ਤੇ ਚੰਦਨ, ਜਲ ਨਾਲ ਪੀਹਕੇ ਚਮਚੇ ਨਾਲ ਥੋੜਾ ਥੋੜਾ ਦੇਂ ਤਾਂ ਮਧੌਰਾ ਜਾਵੇ ॥ ੨੭੭ ॥

ਚੌਪਈ

ਜੀਰਾ ਛਿਨਾ ਲੈ ਪਦਮਾਖ। ਕੁੜਾ ਬੀਜ ਨੈਪਾਲਾ ਰਾਖ।
ਏਲਾ ਜਲ ਸੌਂ ਦੇਹ ਪਿਸਾਇ। ਰੋਗ ਮੁਧੌਰਾ ਦੂਰ ਪਰਾਇ ॥੨੭੮॥

੩੦੪-ਜੀਰਾ, ਗਿਲੋਯ, ਕਮਲਡੋਡੇ, ਇੰਦ੍ਰਜੌਂ, ਚਿਰੈਤਾ ਤੇ ਲਾਇਚੀ ਪਾਣੀ ਨਾਲ ਪੀਹ ਕੇ ਦੇਵੈ ਤਾਂ ਮਧੌਰਾ ਜਾਵੇ ॥੨੭੮॥

ਦੋਹਰਾ

ਗਰਧਬ ਲੇਡਾ ਰਸ ਗਹੀ, ਪੀਸੀ ਜੀਰਾ ਦੇਇ।
ਰੋਗ ਮੁਧੌਰਾ ਜਾਤ ਹੈ, ਸਾਰ ਉਧਾਰੇ ਤੇਇ ॥੨੭੯॥

੩੦੫-ਗਧੇ ਦੇ ਤਾਜੇ ਲੇਡੇ ਦਾ ਪਾਣੀ ਕਢਕੇ ਜੀਰਾ ਪਾਕੇ ਪੀਵੇ ਤਾਂ ਮਧੌਰਾ ਜਾਵੇ ॥੨੭੯॥

ਚੌਪਈ

ਕੀਕਰ ਫੂਲ ਭਾਂਗਰਾ ਜਾਨ। ਨਿੰਬ ਟੰਕ ਏ ਪਚ ਪਚ ਆਨ।
ਦਾਰਨਿਸਾ ਟੰਕ ਤੀਨ ਪ੍ਰਮਾਨ। ਸੋਹਾਗਾ ਫਟਕਰ ਪਰਧਾਨ ॥੨੮੦॥
ਸਹਤ ਸੰਗ ਦਿਨ ਸਾਤ ਚਟਾਇ। ਲਘੁ ਦੀਰਘ ਕੌਂ ਦੇਖੀ ਭਾਇ।
ਰੋਗ ਮੁਧੌਰਾ ਪੀਲਾ ਸਯਾਮ। ਰਕਤਬਰਨ ਨਾਠਤ ਅਭਿਰਾਮ ॥੨੮੧॥
ਸੰਨਿਪਾਤ ਮੁਧੌਰਾ ਦੇਇ। ਤੀਜੇ ਧਯਾਇ ਯਹੀ ਮੈ ਸੇਇ।
ਆਗੈ ਧਯਾਯ ਚਤੁਰਥਕ ਜਾਨ। ਕਹਤ ਮੇਘ ਸਭ ਕੋ ਸੁਖਦਾਨ॥੨੮੨॥

੩੦੬-ਕਿਕਰ ਦੇ ਫੁਲ, ਭੰਗਰਾ ਤੇ ਨਿੰਮ ਇਹ ੨੦-੨੦ ਮਾਸੇ. ਦਾਰਹਲਦੀ, ਸੁਹਾਗਾ, ਫਟਕੜੀ, ਇਹ ਤੋਲਾ ਤੋਲਾ ਸ਼ਹਿਤ ਨਾਲ ੭ ਦਿਨ ਛੋਟੇ ਵਡੇ ਸਭ ਨੂੰ ਚਟਾਵੇ ਤਾਂ ਸਭ ਤਰ੍ਹਾਂ ਦੀ ਮਧੌਰਾ ਜਾਵੇ ॥੨੮੦ ਤੋਂ ੨੮੨ ॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘ ਰਾਜ ਬਿਚਰਤੇ
ਸੰਨਿਪਾਤਾਦਿ ਨਾਮ ਤ੍ਰਿਤੀਯੋ ਧਯਾਇ ॥੩॥
ਤੀਸਰਾ ਧਯਾਯ ਸਮਾਪਤ ॥ ੩ ॥

oo

Digitized by Panjab Digital Library | www.panjabdigilib.org

ਅਥ ਚਤੁਰਥੋ ਧਯਾਯ

ਅਤੀਸਾਰ ਨਿਦਾਨ–ਦਵੈਯਾ ਛੰਦ

ਭਾਰੀ ਚਿਕਨਾ ਰੂਖਾ ਬਹੁਤਾ' ਖਾਵੈ ਜੋ ਅਹਾਰਾ।
ਸੁਰਾਪਾਨ ਖੋਟਾ ਜਲ ਪੀਵੈ, ਰਿਤ ਵਿਪਰੀਤ ਵਿਕਾਂਰਾ।
ਜਲ ਕ੍ਰੀੜਾ ਅਰੁ ਬੇਗ ਬਿਘਾਤਨ, ਕ੍ਰਿਮ ਮਿਥਜਾ ਅਹਾਰਾ।
ਬਿਖਮਯ ਸ਼ੋਕੋ ਉਤਪਤ ਜਾਨੋ, ਪੰਡਿਤ ਏ ਅਤਿਸਾਰਾ ॥ ੧ ॥

ਬੋਝਲ, ਚੀਕਟਾਂ, ਖੁਸ਼ਕ, ਬਹੁਤਾ ਖਾਵੇ, ਸ਼ਰਾਬ ਤੇ ਖਰਾਬ ਪਾਣੀ ਪੀਵੇ, ਰੁਤ ਬਦਲਨੇ ਜਲ ਕੇਲ, ਬੇਗਾਂ ਦੇ ਰੋਕਨੇ, ਕ੍ਰਿਮੀ ਰੋਗ, ਮਿਥਜਾ ਹਾਰ, ਵਿਖ, ਸ਼ੋਕ ਅਤੇ ਚਿੰਤਾਦਿ ਤੇ ਅਤੀਸਾਰ ਰੋਗ ਹੁੰਦਾ ਹੈ ॥੧॥

ਅਤੀਸਾਰ ਲੱਛਣ–ਪਰਹਾ

ਸ੍ਵਾਸ ਮੂਰਛਾ ਦਾਹ ਬਮੀ ਤ੍ਰਿਟ ਸੂਲ ਹੀ।
ਅਤੀਸਾਰ ਪਗ ਸੋਥ, ਜੁ ਹਿਕ੍ਵਾ ਮੂਲ ਹੀ।
ਗੁਦਾ ਦੂਖ ਜੁਰ ਜਾਨ, ਲੱਛਣਾ ਏ ਕਹੈ।
ਕਹਯੋ ਅਸਾਧ ਪ੍ਰਮਾਨ, ਜੁ ਔਖਧ ਨਾ ਦਹੈ ॥ ੨ ॥

ਸ੍ਵਾਸ, ਮੂਰਛਾ, ਦਾਹ, ਕੈ, ਪਯਾਸ, ਸੂਲ, ਅਤੀਸਾਰ, ਪੈਰਾਂ ਤੇ ਸੋਜਾ, ਹਿੜਕੀ, ਗੁਦਾ ਦੂਖਨੀ ਤੇ ਤਾਪ ਇਹ ਅਸਾਧਯ ਅਤੀਸਾਰ ਦੇ ਲੱਛਣ ਕਹੇ ਜਾਂਦੇ ਹਨ ॥੨॥

ਬਾਤ ਅਤੀਸਾਰ ਲੱਛਣ–ਚੌਪਈ

ਉਦਰ ਸੁ ਬੰਧ ਅਪਚ ਹੈ ਆਮ। ਸਬਦ ਕਰਤ ਉਦਰੈ ਦੂਖ ਬਾਮ।
ਬੈਠਤ ਝਾੜੈ ਬਾਰੰਬਾਰ। ਲੱਛਣ ਬਾਤ ਕਹੇ ਅਤੀਸਾਰ ॥੩॥

ਪੇਟ ਬੰਦ, ਅਪਚੀ, ਆਮ, ਪੇਟ ਦਾ ਗੁੜ ਗੁੜ ਕਰਨਾ, ਖੱਬੇ ਪਾਸੇ ਦਰਦ ਤੇ ਬਾਰੰਬਾਰ ਝਾੜੇ ਬੈਠਣਾਂ। ਇਹ ਬਾਤ ਅਤੀਸਾਰ ਦੇ ਲੱਛਣ ਕਹਾਉਂਦੇ ਹਨ ॥੩॥

ਸੂਲ ਅਤੀਸਾਰ ਕੇ ਤਾਲੀਸਾਦਿਚੂਰਣ–ਚੌਪਈ

ਏਲਾ ਸ੍ਰਿੰਗੀ ਹਰੜ ਕਚੂਰ। ਦਾਖ ਤਲੀਸ ਤਮਾਲ ਖਜੂਰ।
ਤ੍ਰਿਕੁਟਾ ਦਾੜਮ ਤਜ ਦੁਇ ਜੀਰ। ਕਰ ਕੇਸਰ ਜਾਤੀਫਲ ਭੀਰ ॥ ੪ ॥
ਬੰਸਜ ਲੌਂਗ ਪੀਸ ਸਭ ਛਾਨ। ਸਭ ਕੈ ਸਮ ਮਿਸਰੀ ਲੈ ਠਾਨ।
ਸ੍ਵਾਸ ਕਾਸ ਖਯ ਅਰਸ ਜੁ ਸੂਰ। ਅਤੀਸਾਰ ਮੰਦਾਗਨਿ ਚੂਰ ॥ ੫ ॥

Digitized by Panjab Digital Library | www.panjabdigilib.org

ਰਕਤ ਪਿੱਤ ਭ੍ਰਮ ਮਦ ਅਰੁ ਪੰਡ। ਅਮਲਪਿੱਤ ਆਰੋਚਕ ਖੰਡ।
ਜਠਰ ਰੋਗ ਜੁਰ ਸਭ ਮਿਟ ਜਾਇ। ਤਾਲੀਸਾਦਿਕ ਨਾਮ ਕਹਾਇ॥੬॥

੩੦੭–ਇਲਾਯਚੀ, ਕੱਕੜਸਿੰਗੀ, ਹਰੜ, ਕਚੂਰ, ਮੁਣੱਕਾ, ਤਲੀਸ, ਤਮਾਲਪਤ੍ਰ, ਖਜੂਰ, ਤ੍ਰਿਕੁਟਾ, ਅਨਾਰਦਾਣਾ, ਤਜ, ਦੋਨੋਂ ਜੀਰੇ, ਨਾਗ ਕੇਸਰ, ਜਾਫਲ, *ਕੰਡਯਾਰੀ, ਤਵਾਸੀਰ ਤੇ ਲੌਂਗ ਇਹ ਸਭ ਸਮਾਨ। ਸਭਨਾਂ ਦੇ ਸਮਾਨ ਮਿਸਰੀ, ਚੂਰਨ ਕਰਕੇ ਖਾਵੇ ਤਾਂ ਸ੍ਵਾਸ, ਕਾਸ, ਖਈ, ਬਵਾਸੀਰ, ਸੂਲ, ਅਤੀਸਾਰ, ਮੰਦਾਗਨੀ, ਰਕਤ ਪਿੱਤੀ, ਭ੍ਰਮ, ਘੂਕੀ, ਪਾਂਡੂ, ਅਮਲਪਿੱਤੀ, ਅਰੁਚੀ ਅਰ ਹੋਰ ਪੇਟ ਦੇ ਰੋਗ ਤੇ ਤਾਪ ਸਭ ਨਾਸ ਕਰੇ॥੪॥੫॥੬॥

ਚੂਰਣ (ਭੇੜ ਗ੍ਰੰਥਾਤ)

ਤ੍ਰਿਕੁਟਾ ਘਨ ਕਟੁਕੀ ਜੁ ਪਤੀਸ। ਸੂੰਠੀ ਪਾਠਾ ਸੇਂਧਾ ਲੀਸ।
ਹਿੰਗੁ ਮੋਥ ਨੀਕੇ ਸਭ ਪੀਸ। ਤਪਤ ਨੀਰ ਸੋਂ ਖਾਵਨ ਦੀਸ॥੭॥
ਅਤੀਸਾਰ ਜਾਵੈ ਜੋ ਬਾਇ। ਆਮ ਬਾਤ ਕੀ ਪੀਰਾ ਜਾਇ।
ਭੇੜ ਗ੍ਰੰਥ ਕੀ ਬਾਤ ਬਖਾਨੀ। ਮੇਘ ਬਿਨੋਦੇ ਮੇਘੇ ਆਨੀ॥੮॥

੩੦੮--ਤ੍ਰਿਕੁਟਾ, (ਮਘ, ਮ੍ਰਿਚ, ਸੁੰਢ) ਮੋਥਾ, ਕੌੜ, ਪਤੀਸ. ਸੁੰਢ, ਪਾਠਾ, ਸੇਂਧਾਲੂਣ, ਹਿੰਗ ਅਰ ਮੋਥਾ ਸਭ ਪੀਹਕੇ ਗਰਮ ਪਾਣੀ ਨਾਲ ਫਕਾਵੇ ਤਾਂ ਬਾਈ ਦਾ ਅਤੀਸਾਰ ਆਮ ਬਾਤ ਦੀ ਸਭ ਪੀੜਾ ਜਾਵੇ॥੭॥੮॥

ਉਪਾਇ-ਪਰਹਾ

ਕਟੁਕੀ ਪੀਪਰ ਮੂਰ, ਬਚਾ ਖੁਰਸਾਨ ਕੀ।
ਪੱਥਯਾ ਸੁੰਠੀ ਬੱਨਿ, ਕੁੜਾ ਬਜਾਨ ਕੀ।
ਪਾਠਾ ਚੂਰਨ ਨੀਰ, ਉਸਨ ਸੋਂ ਖਾਵ ਹੈ।
ਅਤੀਸਾਰ ਜੋ ਬਾਤ, ਅਫਾਰਾ ਜਾਵ ਹੈ॥੯॥

੩੦੯--ਕੌੜ, ਪਿਪਲਾਮੂਲ, ਖੁਰਾਸਾਨੀ ਵਚ, ਹਰੜ, ਸੁੰਢ, ਚਿਤ੍ਰਾ, ਇੰਦ੍ਰਜੌਂ ਅਰ ਪਾਠਾ ਚੂਰਨ ਕਰਕੇ ਤੱਤੇ ਪਾਣੀ ਨਾਲ ਖੇਾਵ ਤਾਂ ਬਾਤ ਅਤੀਸਾਰ ਤੇ ਅਫਾਰਾ ਨਾਸ ਹੋਵੇ॥੯॥

ਕੁੜਾ ਬੀਜ ਸੌਂਚਰ ਲੈ ਹਿੰਗ। ਅਤਿਬਿਖ ਅੱਭਯਾ ਸੁੰਠੀ ਚੰਗ।
ਪੀਸੀ ਚੂਰਨ ਜਲ ਸੋਂ ਖਾਇ। ਅਤੀਸਾਰ ਸੰਗ੍ਰਹਨੀ ਜਾਇ॥੧੦॥

੩੧੦--ਇੰਦ੍ਰਜੌਂ, ਸੌਂਚਰ ਨਿਮਕ, ਹਿੰਗ, ਪਤੀਸ, ਜੰਗ ਹਰੜ ਤੇ ਸੁੰਢ ਪੀਹਕੇ ਚੂਰਣਕਰੇ ਅਰ ਪਾਣੀ ਨਾਲ ਖਾਵੇ ਤਾਂ ਅਤੀਸਾਰ ਸੰਗ੍ਰਹਿਣੀ ਨਾਸ ਕਰੇ॥੧੦॥

ਕ੍ਵਾਥ (ਹਰੀਤਕਾਲ)–ਚੌਪਈ

†ਭੀਰੂ ਨਾਮ ਕੰਡਿਆਰੀ ਹੈ, ਦੇਖੋ ਆ: ਅ: ਕੋਸ਼ ਪ੍ਰਿ: ੧੧੩ ਪੰ: ੧੧.

Digitized by Panjab Digital Library | www.panjabdigilib.org

ਬਚ ਪਤੀਸ ਸੁੰਠੀ ਦ੍ਰਿਗ ਮਾਲਾ। ਮੋਥ ਪਾਪਰਾ ਕ੍ਵਾਥ ਕਰਾਲਾ।
ਤ੍ਰਿਸਨਾ ਜੁਰ ਅਤਿਸਾਰਹਿ ਬਾਇਹਰੀਤਕ ਮਤ ਮੈਂ ਦਈ ਬਤਾਇ॥੧੧॥

੩੧੧--ਵਚ, ਪਤੀਸ, ਸੁੰਢ, ਨੇਤ੍ਰਬਾਲਾ, ਮੋਥਾ ਤੇ ਪਾਪੜਾ ਸਮਾਨ ਲੈਕੇ ਕਾੜ੍ਹਾ ਕਰੇ ਅਰ ਪਿਲਾਵੇ ਤਾਂ ਪਯਾਸ, ਜ੍ਵਰ, ਬਾਈ ਦਾ ਅਤੀਸਾਰ ਨਾਸ ਕਰੇ ॥੧੧॥

ਬਿਲਕਥ ਅੱਭਯਾ ਗੋਖਰੁ ਲੇਇ। ਮੁਹਲੇਠੀ ਇੰਦ੍ਰਜਵ ਦੇਇ।
ਪੀਸ ਇਰੰਡੈ ਕਾਂਜੀ ਸੰਗ। ਬਾਤ ਸੂਲ ਅਤਿਸਾਰੈ ਭੰਗ ॥੧੨॥

੩੧੨--ਬਿਲਗਿਰੀ, ਜੰਗਹਰੜ, ਭਖੜਾ, ਮੁਲਠੀ, ਇੰਦ੍ਰਜੌਂ, ਅਰਿੰਡ ਦੇ ਰਸ ਨਾਲ ਘੋਟਕੇ ਕਾਂਜੀ ਨਾਲ ਖਾਵੇ ਤਾਂ ਬਾਤਸੂਲ ਅਰ ਅਤੀਸਾਰ ਨਾਸ ਕਰੇ ॥੧੨॥

ਚੂਰਣ-(ਬਿੰਦ੍ਰਾਤ)

ਗਜ ਕਨ ਪੀਪਰ ਗ੍ਰੰਥਕ ਰਾਲਾਚਵਕ ਸਿਲਾਜਿਤ ਬਿਲ ਕਥ ਘਾਲ।
ਸੁੰਠ ਚਿੱਤਰਾ ਪੀਸੀ ਛਾਨ । ਤਪਤੋਦਕ ਸੋਂ ਖਾਵੇ ਆਨ ॥੧੩॥
ਅਤੀਸਾਰ ਅਰੁ ਆਮ ਨਸਾਇ। ਬਾਦੀ ਕਫ ਕਾ ਪਾਚਨ ਥਾਇ।
ਕਹਤ ਬ੍ਰਿੰਦ ਏ ਸਾਚੀ ਬਾਤ। ਅਤੀਸਾਰ ਜਾਵਤ ਸੋ ਬਾਤ ॥੧੪॥

੩੧੩--ਗਜਪਿਪਲੀ, ਮਘ, ਪਿਪਲਾਮੂਲ, ਰਾਲ, ਚਬਕ, ਸਿਲਾਜੀਤ, ਬਿਲਗਿਰੀ, ਸੁੰਢ ਤੇ ਚਿਤ੍ਰਾ, ਪੀਸ ਕਪੜ ਛਾਣ ਕਰਕੇ ਚੂਰਨ ਕਰ ਲਵੇ ਅਰ ਫਿਰ ਗਰਮ ਪਾਣੀ ਨਾਲ ਖਾਏ ਤਾਂ ਅਤੀਸਾਰ ਆਮਵਾਯੂ ਕਫ ਦੂਰ ਕਰਕੈ ਪਾਚਨ ਕਰੇ ਹੈ ॥੧੩॥੧੪॥

(ਵੰਗਸੇਨਾਤ)

ਬਿੱਲ ਕਪਿੱਥ ਚੰਗੇਰੀ ਆਨ । ਪੰਚਮੂਲ ਤੱਕ੍ਰਹਿ ਸੋਂ ਪਾਨ।
ਅਤੀਸਾਰ ਜਾਵਤ ਸੋ ਬਾਇ। ਬੰਗਸੈਨ ਤੇ ਭਾਖੀ ਲਯਾਇ ॥੧੫।

੩੧੪--ਬਿਲਗਿਰੀ, ਕੈਥ, ਚੰਗੇਰੀ (ਸਲੂਣਕ ਤੇ ਪੰਜੇ ਮੂਲ, ਲਸੀ ਵਿਚ ਪਾਕੇ ਪੀਵੇ ਤਾਂ ਬਾਈ ਦਾ ਅਤੀਸਾਰ ਜਾਵੇ ॥੧੫॥

ਦੋਹਰਾ

ਪੰਚ ਮੂਲ ਧਨੀਯਾ ਕਮਲ, ਬਿਲਗਿਰ ਤੱਕ੍ਰਹਿ ਸੰਗ।
ਪੀਵਤ ਹੀ ਦੁਖ ਜਾਤ ਹੈ, ਬਾਤ ਅਤੀਸਾਰ ਅੰਗ ॥੧੬॥

੩੧੫-ਪੰਜੇਮੂਲ, ਧਨੀਆਂ, ਕਮਲ, ਬਿਲਗਿਰੀ ਲਸੀ ਨਾਲ ਖਾਵੇ ਤਾਂ ਬਾਤ ਦਾ ਅਤੀਸਾਰ ਨਾਸ ਕਰੈ ॥ ੧੬ ॥

ਅਨੰਦ *ਭੈਰਵ ਰਸ-ਚੌਪਈ

*ਬਹੂਮੂਤ੍ਰ ਪਰ ਤੇ ੮੪ ਬਾਤ ਪਰ ਅਨੰਦ ਭੈਰਵ ਰਸ ਬੜੇ ਲਾਭ ਵਾਲਾ ਸਿਧ ਹੋਯਾ ਹੈ।

Digitized by Panjab Digital Library | www.panjabdigilib.org

ਸਿੰਗਰਫ ਮਿੱਠਾ ਮਰਚ ਸੁਹਾਗਾ। ਪੀਪਰ ਪੀਸੋ ਸਮ ਹੀ ਭਾਗਾ।
ਗੁੰਜ ਏਕ ਵਾ ਦੋ ਲੇ ਦੇਇ। ਕੁੜਾ ਕ੍ਵਾਥ ਵਾ ਮਧੁ ਸੋ ਦੇਇ ॥੧੭॥
ਮਠਾ ਭਾਤ ਕਾ ਪਥਯ ਕਰਾਇ। ਅਤੀਸਾਰ ਬਾਈ ਕਾ ਜਾਇ।
ਸੰਗ੍ਰਹਿਨੀ ਸਾਤੋ ਅਤੀਸਾਰ। ਸਾਰੰਗਧਰ ਕੈ ਏ ਅਨੁਸਾਰ ॥੧੮॥

੩੧੬-ਸਿੰਗ੍ਰਫ ਮਿੱਠਾ ਤੇਲੀਆ, ਮ੍ਰਿਚ, ਸੁਹਾਗਾ ਤੇ ਮਘਾਂ, ਸਮਾਨ ਭਾਗ ਲੇ ਕੇ (ਅਦ੍ਰਿਕ ਦੇ ਰਸ ਵਿੱਚ) ਪੀਹੇ ੧ ਯਾਂ ੨ ਰਤੀਆਂ ਕੁੜਾ ਦੇ ਕ੍ਵਾਥ ਵਾ ਸ਼ਹਿਤ ਨਾਲ ਦੇਵੇ। ਮਠੇ ਚਾਵਲਾਂ ਦਾ ਪਥਯ ਕਰੇ ਤਾਂ ਬਾਈ ਅਤੀਸਾਰ, ਸੰਗ੍ਰਹਿਣੀ ਹੋਰ ਸਤੇ ਅਤੀਸਾਰ ਨਾਸ ਕਰੇ ॥ ੧੭ ॥ ੧੮ ॥

ਪਿਤ ਅਤੀਸਾਰ ਲੱਛਣ

ਪੀਤ ਮੀਰ ਰੁਧਰੈ ਹੰਗਾਰ। ਮੂਰਛਾ ਤ੍ਰਿਟ ਉਦਰੈ ਦੁਖਕਾਰ।
ਅੰਨੁ ਨ ਪਚਤਾ ਅਰੁ ਹੈ ਦਾਹ ਅਤੀਸਾਰ ਪਿੱਤਾਂ ਕਾ ਯਾਹ ॥੧੯॥

ਪੀਲਾ ਪਾਨੀ ਜੇਹਾਂ ਯਾਂ ਲਹੂ ਦਾ ਹਗਣ ਆਵੇ, ਪਯਾਸ, ਮੂਰਛਾ ਪੇਟ ਦਰਦ, ਅੰਨ ਨਾਂ ਪਚਣਾ ਦਾਹ ਹੋਣਾ ਇਹ ਪਿਤ ਅਤੀਸਾਰਾਂ ਦੇ ਲੱਛਣ ਹੁੰਦੇ ਹਨ ॥੧੯॥

ਉਪਾਇ ਗੋਲੀ-ਚੌਪਈ

ਧਾਵੇ ਬਿੱਲ ਕੁੜੇ ਕੇ ਬੀਜ। ਲੋਧ ਮੋਚਰਸ ਮੋਥਾ ਲੀਜ।
ਗੁੜ ਸੋਂ ਗੋਲੀ ਕਰੀ ਸੁਖਾਇ। ਅਤੀਸਾਰ ਪਿੱਤਾਂ ਕਾ ਜਾਇ ॥੨੦॥

੩੧੭-ਧਾਵੇ ਦੇ ਫੁਲ, ਬਿਲਕਥ, ਇੰਦ੍ਰਜੌਂ, ਲੋਧ, ਮੋਚਰਸ ਤੇ ਮੋਥਾ ਗੁੜ ਨਾਲ ਅਨੁਪਾਨ ਮਾਫਕ ਗੋਲੀ ਕਰਕੇ ਖਾਵੇ ਤਾਂ ਪਿੱਤ ਦਾ ਅਤੀਸਾਰ ਨਾਸ ਕਰੇ ॥੨੦॥

ਕਲਕ (ਚਰਕਾਤ)

ਧਾਵੇ ਸੌਚਰ ਔ ਬਿਲਗਿਰੀ। ਕੰਟਾਰੀ ਮਜੀਠ ਜੁ ਭਿਰੀ
ਦਾੜਮ ਤੰਦੁਲ ਜਲ ਬਿਚ ਪਾਇ। ਕਲਕ ਕਰੀਨੈ ਪੀਵਨ ਦਾਇ॥੨੧॥
ਜਾਵਤ ਪਿੱਤਾਂ ਕੋ ਅਤਿਸਾਰ। ਮਿਟੈ ਅਪਚ ਸੌ ਭੂਖੈ ਕਾਰ।
ਚਰਕ ਬਾਤ ਐਸੇ ਕਰਿ ਕਹੀ। ਕਹਤ ਮੇਘ ਸਾਚੀ ਏ ਸਹੀ ॥੨੨॥

੩੧੮-ਧਾਵਿਆਂ ਦੇ ਫੁਲ, ਸੌਚਲ ਲੂਣ, ਬਿੱਲ ਕੱਥ, ਕੰਡਿਆਰੀ,ਮੰਜੀਠ ਅਰ ਅਨਾਰ ਦਾਣਾ, ਇਹ ਸਭੋ ਸਮਾਨ ਭਾਗ ਲੈਕੇ ਇਸ ਵਿਚੋਂ ੪ ਤੋਲੇ ਦਵਾਈ ੩੨ ਤੋਲੇ ਜਲ ਵਿਚ ਰਾਤ ਭਿਉਂ ਰੱਖੇ, ਦਿਨੇ ਕਾੜ੍ਹਕੇ ਜਦ ੮ ਤੋਲੇ ਬਾਕੀ ਰਹੇ ਤਾਂ ਪਿਲਾਵ ਤਾਂ ਪਿੱਤ ਅਤੀਸਾਰ, ਅਪਚੀ ਨਾਸ ਕਰੇ ਤੇ ਭੁਖ ਲਗਾਵੇ ॥੨੧॥੨੨॥

ਲਘੂ ਗੰਗਾਧਰ ਚੂਰਣ-ਚੌਪਈ

ਜਾਮਨ ਗਿਟਕ ਬਿੱਲਕਥ ਪੂਰ। ਸੂੰਗਾਟਕ ਸੋ ਪੱਤ੍ਰ ਕਚੂਰ।

Digitized by Panjab Digital Library | www.panjabdigilib.org

ਦ੍ਰਿਗਮਾਲਾ ਦਾੜਮ ਕੀ ਕਲੀ। ਸੁੰਹਤ ਮਥੋਰਾ ਸਭ ਸਮ ਰਲੀ ॥ ੨੩ ॥
ਪੀਸੀ ਚੂਰਨ ਕਪੜੇ ਛਾਨ। ਜਲ ਸੀਤਲ ਸੰਗ ਦੀਜੈ ਖਾਨ।
ਗੰਗਾ ਕੇ ਰੋਕਤ ਪਰਵਾਹ। ਅਤੀਸਾਰ ਪਿੱਤਾਂ ਕਾ ਜਾਹ ॥੨੪॥

੩੧੯–ਜਾਮਨੂੰ ਦੀ ਗਿਟਕ, ਬਿਲਕੱਥ, ਸੰਘਾੜੇ, ਕਮਲਡੋਡੇ, ਕਚੂਰ, ਨੇਤ੍ਰਬਾਲਾ (ਕਾਲਾ ਅਗਰ), ਅਨਾਰ ਦੀ ਕਲੀ, ਸੁੰਢ ਤੇ ਮੋਥਾ ਸਭ ਸਮਾਨ ਲੈ ਕੇ ਪੀਹਕੇ ਚੂਰਨ ਕਰੇ ਅਰ ਠੰਢੇ ਜਲ ਨਾਲ ਛਕੇ ਤਾਂ ਇਹ ਗੰਗਾ ਦੇ ਪ੍ਰਵਾਹ ਸਮਾਨ ਚਲਦੇ ਪਿੱਤ ਦੇ ਅਤੀਸਾਰਾਂ ਨੂੰ ਬੰਦ ਕਰਦਾ ਹੈ।੨੩।੨੪।

ਬ੍ਰਿਧ ਗੰਗਾਧਰ ਚੂਰਣ–ਦੋਹਰਾ।

ਮੋਥਾ ਕਟੁਕੀ ਪਾਨ ਲੈ, ਲੋਧ ਕੁੜਾ ਕੇ ਬੀਜ।
ਫੂਲ ਧਾਇ ਸੁੰਠੀ ਕਹੀ, ਤ੍ਰਿਫਲਾ ਬਿੱਲ ਜੁ ਲੀਜ ॥੨੫॥
ਮੁਹਲੱਠੀ ਫਲ ਨੂਤ ਕੋ, ਜਾਮਨ ਫਲ ਜੁ ਪਤੀਸ।
ਤੰਦਲ ਜਲ ਪੀਸੀ ਫਕੇ, ਅਤੀਸਾਰ ਪਿਤ ਖੀਸ ॥੨੬॥

੩੨੦–ਮੋਥਾ, ਕੌੜ, ਪਾਠਾ, ਲੋਧ, ਇੰਦ੍ਰਜੌਂ, ਧਾਵੇ ਦੇ ਫੁੱਲ, ਸੁੰਢ, ਤ੍ਰਿਫਲਾ (ਹਰੜ, ਬਹੇੜਾ ਆਵਲੇ) ਬਿਲਗਿਰੀ, ਮੁਲੱਠੀ, ਅੰਬ ਦੀ ਤੇ ਜਾਮਨੂੰ ਦੀ ਗਿਟਕ ਅਰ ਪਤੀਸ ਪੀਹਕੇ ਚਾਵਲਾਂ ਦੇ ਪਾਣੀ ਨਾਲ ਇਹ ਚੂਰਣ ਫੱਕੇ ਤਾਂ ਪਿੱਤ ਦੇ ਅਤੀਸਾਰ ਨਿਸਚੇ ਨਾਸ਼ ਕਰੇ ॥੨੫॥੨੬॥

ਕ੍ਵਾਥ–ਸੋਰਠਾ

ਕੁੜਾ ਬੀਜ ਜੁ ਪਤੀਸ, ਘਨ ਸੁੰਠੀ ਅਰੁ ਕਾਇਫਲ।
ਕ੍ਵਾਥ ਕਰੀਨੈ ਪੀਸ, ਅਤੀਸਾਰ ਪਿਤੈ ਮਿਟਤ ॥ ੨੭ ॥

੩੨੧–ਇੰਦ੍ਰਜੌਂ, ਪਤੀਸ, ਮੋਥਾ, ਸੁੰਢ ਤੇ ਕਾਇਫਲ ਦਾ ਕਾੜ੍ਹਾ ਕਰਕੇ ਪੀਵੇ ਤਾਂ ਪਿੱਤ ਦਾ ਅਤੀਸਾਰ ਜਾਵੇ ॥੨੭॥

ਚੂਰਨ (ਯਾ ਕ੍ਵਾਥ)–ਦੋਹਰਾ

ਬਿਲ ਪਤੀਸੈ ਫੂਲਿਧਵਿ, ਸੁੰਠ ਕੁੜਾ ਕੇ ਬੀਜ।
ਰਸਵਤ ਤੰਦੁਲ ਨੀਰ ਪਿਵ, ਅਤੀਸਾਰ ਪਿਤ ਖੀਜ ॥੨੮॥

੩੨੨–ਬਿਲਗਿਰੀ, ਪਤੀਸ, ਧਾਵੇ ਦੇ ਫੁੱਲ, ਸੁੰਢ, ਇੰਦ੍ਰ ਜੌਂ ਤੇ ਰਸੌਂਤ ਚਾਵਲਾਂ ਦੇ ਪਾਣੀ ਨਾਲ ਲਵੇ ਤਾਂ ਪਿੱਤ ਦਾ ਅਤੀਸਾਰ ਨਾਸ਼ ਕਰੇ ॥੨੮॥

ਕ੍ਵਾਥ (ਬ੍ਰਿੰਦਾਤ)–ਚੌਪਈ

ਬਿਲ ਮਜੀਠ ਜੁ ਦਾੜਮ ਦਾਨ। ਤਿੰਤੜੀਕ ਧਾਵੇ ਫੂਲ ਆਨ।
ਕ੍ਵਾਥ ਕਰੀ ਤੰਦੁਲ ਜਲ ਪਾਇ। ਅਤੀਸਾਰ ਪੀਵਤ ਪਿਤ ਜਾਇ ॥੨੯॥
ਸੂਲ ਰੋਗ ਅਰੁ ਰਕਤ ਜੁ ਆਮ। ਆਪਚ ਮਿਟਤ ਜਾਨਿਯੋ ਕਾਮ।

Digitized by Panjab Digital Library | www.panjabdigilib.org

ਕਹਤ ਬਿੰਦ ਸਾਚੀ ਲਖ ਏਹ। ਕਹਤ ਮੇਘ ਭਾਖੀ ਲੈ ਤੇਹ ॥ ੩੦ ॥

੩੨੩–ਬਿਲਗਿਰੀ, ਮਜੀਠ, ਅਨਾਰਦਾਣਾ, ਇੰਮਲੀ ਅਰ ਧਾਵਿਆਂ ਦੇ ਫੂਲ ਲੈਕੇ ਕਾੜ੍ਹਾ ਕਰੇ, ਇਸ ਕਾੜ੍ਹੇ ਵਿਚ ਫਿਰ ਚੌਲਾਂ ਦਾ ਪਾਣੀ ਪਾਕੇ ਪੀਵੇ ਤਾਂ ਪਿੱਤ ਦੇ ਅਤੀਸਾਰ, ਸੂਲ. ਰਕਤ, ਆਮ ਅਰ ਅਪਚੀ ਇਹ ਸਭੇ ਰੋਗ ਨਾਸ ਕਰੇ ॥੨੯॥੩੦॥

ਸੋਰਠਾ

ਕੁੜਾ ਪਤੀਸ ਮੰਗਾਇ, ਖੌਦਰ ਤੰਦੁਲ ਨੀਰ ਮਿਲ।
ਪੀਵਤ ਮਨ ਚਿਤ ਲਾਇ, ਜਾਵਤ ਪਿਤ ਅਤੀਸਾਰ ਹੀ ॥੩੧॥

੩੨੪–ਕੁੜਾਸੱਕ, ਪਤੀਸ, ਸ਼ਹਿਤ ਅਤੇ ਚਾਵਲਾਂ ਦਾ ਪਾਣੀ ਪਾਕੇ ਕ੍ਵਾਥ ਪੀਵੇ ਤਾਂ ਪਿੱਤ ਅਤੀ-ਸਾਰ ਨਾਸ ਕਰੇ ॥੩੧॥

ਚੌਪਈ

ਕਾਲਮੇਖ ਕਾ ਸੇਂਧਾ ਧਾਇ। ਬਿੜ ਜੁ ਲੂਨ ਲੈ ਸ਼ਹਿਤ ਮਿਲਾਇ।
ਤੰਦੁਲ ਜਲ ਸੰਗ ਪੀਵਨ ਕਰੈ। ਪਿੱਤ ਆਦਿ ਅਤੀਸਾਰ ਜੁ ਹਰੈ॥੩੨॥

੩੨੫–ਮਜੀਠ, ਸੇਂਧਾਲੂਣ, ਧਾਵੇ ਦੇ ਫੁੱਲ, ਬਿੜਲੂਣ ਕਾੜ੍ਹਾ ਕਰਕੇ ਸ਼ਹਿਤ ਪਾਕੇ ਚਾਵਲਾਂ ਦੇ ਪਾਣੀ ਨਾਲ (ਕ੍ਵਾਥ ਯਾ ਚੂਰਣ) ਲਵੇ ਤਾਂ ਪਿੱਤ ਅਤੀਸਾਰ ਨਾਸ ਕਰੇ ॥੩੨॥

ਪਰਹਾ

ਚੰਦਨ ਭੂ ਨਿੰਬ ਬਾਲਾ, ਮੁਸਤਾ ਜਾਨਿਯੇ।
ਮੇਲ ਧਮਾਹਾ ਆਨ, ਜੁ ਕ੍ਵਾਥ ਠਾਨਿਯੇ।
ਪੀਵਤ ਉਠ ਪਰਭਾਤ, ਤੰਦੁਲਾ ਨੀਰ ਹੀ।
ਮਿਟਤ ਪਿੱਤ ਅਤੀਸਾਰ, ਸੁਨੋਂ ਤੁਮ ਬੀਰ ਹੀ ॥੩੩॥

੩੨੬–ਚੰਦਨ ਚਿਰੈਤਾ, ਮੁਸ਼ਕਬਾਲਾ, ਮੋਥਾ ਤੇ ਧਮਾਹਾਂ ਲੈਕੇ ਕਾੜ੍ਹਾ ਕਰੇ ਅਰ ਫਿਰ ਵਿਚ ਚਾਵਲਾਂ ਦਾ ਪਾਣੀ ਪਾਕੇ ਪੀਵੇ ਤਾਂ ਪਿਤ ਅਤੀਸਾਰ ਨਾਸ ਕਰੇ ॥੩੩॥

ਚੌਪਈ

ਚੰਦਨ ਲੋਧਰ ਸੁੰਠ ਉਸੀਰ। ਬਿੱਲ ਕਮਲ ਅਛਤ ਦੇ ਨੀਰ।
ਜਾਵਤ ਛਿਨ ਮਹਿ ਪਿਤ ਅਤਿਸਾਰ। ਬੰਗਸੈਨ ਮੈ ਬਚਨ ਪ੍ਰਕਾਰ॥੩੪॥

੩੨੭–ਚੰਦਨ ਲੋਧ, ਸੁੰਢ, ਖਸ, ਬਿਲਗਿਰੀ ਤੇ ਕਮਲ ਡੋਡੇ ਲੈਕੇ ਕਾੜ੍ਹਾ ਕਰੇ ਅਰ ਚਾਵਲਾਂ ਦੇ ਪਾਣੀ ਨਾਲ ਪਿਲਾਵੇ ਤਾਂ ਪਿਤ ਅਤੀਸਾਰ ਨਾ ਰਹੇ ॥੩੪॥

ਦੋਹਰਾ

ਦਾਰਵੀ ਮੇਲ ਦੁਰਾਲਭਾ, ਬਾਲਾ ਚੰਦਨ ਲਾਲ।
ਪੀਵਤ ਹੀ ਤੰਦੁਲ ਸਲਲ, ਪਿਤ ਅਤਿਸਾਰ ਬਿਹਾਲ ॥੩੫॥

੩੨੮–ਦਾਰਹਲਦੀ, ਜਵਾਹਾਂ, ਮੁਸਕਬਾਲਾ ਅਤੇ ਰਕਤ ਚੰਦਨ ਸਮਾਨ ਭਾਗ ਲੈਕੇ ਚਾਵਲਾਂ

Digitized by Panjab Digital Library | www.panjabdigilib.org

ਦੇ ਪਾਣੀ ਨਾਲ ਪੀਤੇ ਪਿਤ ਅਤੀਸਾਰਾਂ ਨੂੰ ਨਾਸ ਕਰਦੇ ਹਨ। (ਅਸਲ ਵਿਚ ੨੯ ਤੋਂ ਲੈ ਕੇ ੩੫ ਤਕ ਕਲਕ ਹੀ ਹਨ) ॥੩੫॥

ਕਫ ਅਤੀਸਾਰ ਲੱਛਣ–ਚੌਪਈ

ਆਮ ਸੁਕਲ ਅਰੁ ਨੀਰ ਸਮਾਨ। ਅਤੀਸਾਰ ਬਹੁ ਫੇਨ ਸਠਾਨ।
ਬਹਤੀ ਬਾਰੰਬਾਰ ਹਗਾਰ। ਕਫ ਕਾ ਭਾਖਯਾ ਯਹਿ ਅਤੀਸਾਰ ॥੩੬॥

ਆਮ ਸਮੇਤ ਚਿਟੇ ਯਾ ਜਲ ਜੇਹੇ ਅਤੀਸਾਰ ਬਹੁਤੀ ਝੱਗਦਾਰ, ਇਸ ਤਰਾਂ ਬਹੁਤੀ ਬਾਰ ਔਣ ਤਾਂ ਇਹ ਕਫ ਦੇ ਅਤੀਸਾਰ ਕਹੇ ਜਾਂਦੇ ਹਨ ॥੩੬॥

ਉਪਾਇ ਚੂਰਣ–ਦੋਹਰਾ

ਸੌਂਚਰ ਸੇਂਧਾ ਹਿੰਗ ਬਚ, ਹਰੜ ਪਤੀਸ ਮੰਗਾਇ।
ਤਪਤ ਨੀਰ ਚੂਰਨ ਭਖੇ, ਕਫ ਅਤੀਸਾਰ ਮਿਟਾਇ ॥੩੭॥

੩੨੯–ਸੌਂਚਰਲੂਣ, ਸੇਂਧਾਲੂਣ, ਹਿੰਗ, ਵਚ, ਹਰੜ ਦੀ ਛਿੱਲ ਤੇ ਪਤੀਸ ਸਮਾਨ ਭਾਗ ਚੂਰਣ ਕਰਕੇ ਤਤੇ ਪਾਣੀ ਨਾਲ ਫਕੇ ਤਾਂ ਕਫ ਅਤੀਸਾਰ ਨਾਸ ਕਰੇ ॥੩੭॥

ਸੌਂਚਰ ਸੇਂਧਾ ਹਿੰਗ ਪਤੀਸ। ਤ੍ਰਿਕੁਟਾ ਹਰੜੈ ਬਚ ਲੈ ਪੀਸ।
ਉਸਨ ਨੀਰ ਸੌਂ ਪਾਨ ਕਰਾਇ। ਅਤੀਸਾਰ ਕਫ ਕਾ ਜੁ ਨਸਾਇ॥੩੮॥

੩੩੦–ਸੌਂਚਰਲੂਣ, ਸੇਂਧਾਲੂਣ, ਹਿੰਗ, ਪਤੀਸ, ਤ੍ਰਿਕੁਟਾ ਹਰੜ, ਵਚ, ਗਰਮ ਜਲ ਨਾਲ ਪੀਵੇ ਤਾਂ ਕਫ ਦਾ ਅਤੀਸਾਰ ਨਾਸ ਕਰੇ ॥੩੮॥

ਚੂਰਣ (ਖਯਾਰਪਾਣਾਤ)

ਕੜੂ ਕੁੱਠ ਪਾਠਾ ਬਚ ਗਹੋ। ਤ੍ਰਿਕੁਟਾ ਪੀਸ ਉਸਨ ਜਲ ਲਹੋ।
ਅਤੀਸਾਰ ਕਫ ਦੂਰ ਨਸਾਇ। ਖਾਰਪਾਨ ਮੈਂ ਦਈ ਬਤਾਇ ॥੩੯॥

੩੩੧–ਕੌੜ, ਕੁਠ, ਪਾਠਾਂ, ਵਚ, ਮਘ, ਮ੍ਰਿਚ ਤੇ ਸੁੰਢ ਇਕ ਸਮਾਨ ਲੈਕੇ ਪੀਹਕੇ ਚੂਰਣ ਬਣਾ ਰਖੇ, ਅਰ ਫਿਰ ਗਰਮ ਪਾਣੀ ਨਾਲ ਦੇਵੇ ਤਾਂ ਕਫ ਦੇ ਅਤੀਸਾਰ ਨਾਸ ਕਰੇ ॥੩੯॥

ਸੋਰਠਾ

ਬਿੱਲ ਕੁੜੇ ਕੇ ਬੀਜ, ਸੁੰਠਿ ਬਿਖਾ ਸਮ ਜਾਨਿਯੋ।
ਇਕ ਤੇ ਦੁਗਨੋਂ ਲੀਜ, ਧਾਵੇ ਫੂਲ ਸੁ ਕਲਕ ਕਰ ॥੪੦॥
ਕਪੜ ਛਾਨ ਜਲ ਲੇਇ,ਸੀਤ ਉਸਨ ਕਛੁ ਪੀਜੀਏ।
ਕਫਿ ਅਤਿਸਾਰ ਹਰੇਇ, ਖਾਰ ਪਾਨ ਬਿਧ ਏ ਕਹੀ ॥੪੧॥

੩੩੨–ਬਿਲਕਥ, ਇੰਦ੍ਰਜੌਂ, ਸੁੰਢ ਤੇ ਪਤੀਸ ਇਹ ਸਭ ਇਕ ਸਮਾਨ ਅਰ ਇਕ ਨਾਲੋਂ ਦੂਣੇ ਧਾਵਿਆਂ ਦੇ ਫੁਲ ਅਰ ਫਿਰ ਇਸ ਵਿਚੋਂ ੪ ਤੋਲੇ ੩੨ ਤੋਲੇ ਜਲ ਵਿਚ ਰਾਤ ਨੂੰ ਭਿਉਂਕੇ ਦਿਨੇ ਕਾੜ੍ਹੇ ਅਰ ਜਦ ੮ ਤੋਲੇ ਬਾਕੀ ਰਹੇ ਤਾਂ ਕੋਸਾ ਜਿਹਾ ਪੀਵੇ ਤਾਂ ਕਫ ਦੇ ਅਤੀਸਾਰ ਨਾਸ ਕਰੇ ॥੪੦॥੪੧॥

Digitized by Panjab Digital Library | www.panjabdigilib.org

ਚਿਤ੍ਰਕਾਦਿ ਗੋਲੀ-ਚੌਪਈ

ਚਿੱਤ੍ਰਕ ਚਬਕ ਪੀਪਰਾ ਮੂਲ। ਤ੍ਰਿਕੁਟਾ ਲਵਨ ਪਾਂਚ ਲੈ ਚੂਰ।
ਅਜਮੋਦਾ ਜੋ ਹਿੰਗੁ ਦੁ ਖਾਰ। ਗੁਟਕਾ ਦਾੜਮ ਫਲ ਰਸ ਕਾਰ ॥੪੨॥
ਅਥਵਾ ਬੀਜੌਰੇ ਰਸ ਕਰੋ। ਟੰਕ ਦੋਇ ਕਾ ਮਾਨ ਸੁ ਧਰੋ।
ਕਫ ਕਾ ਜਾਵਤ ਜੋ ਅਤਿਸਾਰ। ਤੀਨ ਦੋਖ ਸੰਗ੍ਰਹਨਿ ਬਿਡਾਰ ॥੪੩॥

੩੩੩-ਚਿਤ੍ਰਾ, ਚਬ, ਪਿਪਲਾਮੂਲ, ਤ੍ਰਿਕੁਟਾ, ਪੰਜੇਲੂਣ, ਅਜਮੋਦਾ, ਹਿੰਗ, ਦੋਨੋਂ ਖਾਰਾਂ (ਜੌਂ ਖਾਰ, ਸੁਹਾਗਾ) ਅਨਾਰਦਾਣੇ ਦੇ ਰਸ ਯਾਂ ਖਟੇ ਨਿੰਬੂ ਦੇ ਰਸ ਨਾਲ ੮ ਮਾਸੇ ਦੀ ਗੋਲੀ ਕਰੇ ਅਰ ਦੇਵੇ ਤਾਂ ਕਫ ਦੇ ਅਤੀਸਾਰ ਤ੍ਰਿਦੋਖ ਅਰ ਸੰਗ੍ਰਹਣੀ ਆਦਿ ਨਾਸ ਕਰੇ ॥੪੨॥

ਦੋਹਰਾ

ਸੁੰਠ ਸੌਂਫ ਅਰੁ ਖੰਡ ਲੈ, ਉਸਨ ਨੀਰ ਸੋਂ ਖਾਇ।
ਅਤੀਸਾਰ ਕਫ ਕਾ ਮਿਟਤ, ਤਨ ਸਭ ਕੇ ਸੁਖ ਥਾਇ ॥੪੪॥

੩੩੪-ਸੁੰਢ, ਸੌਂਫ ਤੇ ਖੰਡ ਇਕ ਸਮਾਨ ਮਿਲਾਕੇ ੧ ਤੋਲਾ ਤਤੇ ਪਾਣੀ ਨਾਲ ਖਾਵੇ ਤਾਂ ਕਫ ਦਾ ਅਤੀਸਾਰ ਨਾਸ ਕਰੇ ॥੪੪॥

ਬਾਤ ਪਿਤ ਅਤੀਸਾਰ ਲੱਛਣ-ਚੌਪਈ

ਰੁਧਰ ਫੇਨ ਬਿਸ੍ਰਾ ਰੰਗ ਪੀਤ। ਚਲਤ ਘਨੀ ਦੁਰਗੰਧਾ ਮੀਤ।
ਬਾਤ ਪਿੱਤ ਅਤਿਸਾਰ ਕਹਾਇ। ਜੋ ਇਨ ਲੱਛਨ ਮਾਹੇ ਆਇ ॥ ੪੫॥

ਲਹੂ ਝਗ ਸਮੇਤ, ਵਿਸਟਾ ਪੀਲੇ ਰੰਗ ਦਾ ਆਵੇ, ਉਸ ਵਿਚੋਂ ਬਹੁਤ ਦੁਰਗੰਧੀ ਆਵੇ। ਇਹ ਲਛਣ ਬਾਤ ਪਿਤ ਅਤੀਸਾਰਾਂ ਦੇ ਕਹੇ ਜਾਂਦੇ ਹਨ ॥੪੫॥

ਉਪਾਇ ਚੂਰਣ-ਦੋਹਰਾ

ਮੁਹਲੇਠੀ ਨਸਪਾਲ ਲੈ, ਲੋਧ ਕਾਇਫਲ ਪਾਇ।
ਤੰਦੁਲ ਜਲ ਫਾਕਤ ਮਿਟਤ, ਅਤੀਸਾਰ ਪਿਤ ਬਾਇ ॥ ੪੬ ॥

੩੩੫-ਮੁਲੱਠੀ. ਨਸਪਾਲ, ਲੋਧ ਤੇ ਕਾਇਫਲ ਚੂਰਨ ਕਰਕੇ ਚਾਵਲਾਂ ਦੇ ਜਲ ਨਾਲ ਫੱਕੇ ਤਾਂ ਬਾਤ ਪਿੱਤ ਦਾ ਅਤੀਸਾਰ ਨਾਸ ਹੋਵੇ ॥੪੬॥

ਕਲਕ-[ਬਿੰਦ੍ਰਾਤ]

ਮੋਥ ਕਾਇਫਲ ਇੰਦ੍ਰਜੌਂ, ਬਿਖਾ ਹਰੜ ਨਸਪਾਲ।
ਕਲਕ ਅਚੋ ਤੰਦੁਲ ਜਲੇ, ਆਛੀ ਬਿਧਿ ਸੋਂ ਲਾਲ ।੪੭।
ਬਾਤ ਪਿਤ ਅਤਿਸਾਰ ਹੀ, ਮਿਟਤ ਨ ਲਾਗਤ ਬਾਰ।
ਕਹਤ ਬ੍ਰਿੰਦ ਸਾਚੇ ਬਚਨ, ਸਭ ਜਗ ਕੇ ਹਿਤਕਾਰ ॥੪੮॥

Digitized by Panjab Digital Library | www.panjabdigilib.org

੩੩੬–ਮੋਥਾ, ਕਾਇਫਲ, ਇੰਦ੍ਰਜੌਂ, ਪਤੀਸ, ਹਰੜ, ਨਸਪਾਲ, ਇਨ੍ਹਾਂ ਦਾ ਕਲਕ ਕਰਕੇ ਚੌਲਾਂ ਦੇ ਪਾਣੀ ਨਾਲ ਪੀਵੇ ਤਾਂ ਬਾਤ ਪਿਤ ਅਤੀਸਾਰ ਜਾਂਦਾ ਰਹੇ ॥੪੭॥੪੮॥

ਕੁੜਾ ਦਾਰ ਘਨ ਬਰਚ ਪਤੀਸ। ਕਲਕ ਕਰੀ ਤੰਦਲ ਜਲ ਦੀਸ।
ਬਾਤ ਪਿੱਤ ਅਤਿਸਾਰ ਮਿਟਾਇ। ਬੰਗਸੈਨ ਮਤਿ ਇਮ ਕਹਿਵਾਇ॥੪੯॥

੩੩੭–ਕੁੜੇ ਦਾ ਸੱਕ, ਦੇਵਦਾਰ, ਮੋਥਾ ਵਚ ਤੇ ਪਤੀਸ, *ਕਲਕ ਕਰਕੇ ਚਾਵਲਾਂ ਦੇ ਪਾਣੀ ਨਾਲ ਪੀਵੇ ਤਾਂ ਬਾਤ ਪਿੱਤ ਦਾ ਅਤੀਸਾਰ ਨਾਸ ਕਰੇ ॥੪੯॥

ਪਿੱਤ ਸਲੇਖਮ ਅਤੀਸਾਰ ਲੱਛਣ–ਚੌਪਈ

ਨੀਲੀ ਸ੍ਵੇਤ ਆਮ ਬਹੁ ਗਿਰੈ। ਰਕਤ ਅਪਚ ਬਹੁ ਭਾਰੈ ਕਰੈ।
ਕਫੀ ਪਿੱਤ ਅਤਿਸਾਰੀ ਏਹ। ਕਹਤ ਬਿੰਦ ਸਾਚੀ ਲਖ ਲੇਹ ॥੫੦॥

ਨੀਲੀ, ਚਿੱਟੀ, ਆਮ ਗਿਰੇ, ਲਹੂ, ਅਪਚੀ, ਪੇਟ ਭਾਰੀ ਪ੍ਰਤੀਤ ਦੇਵੇ ਕਫ ਪਿੱਤ ਦਾ ਅਤੀਸਾਰ ਜਾਣੇ ॥੫੦॥

ਚਟਣੀ–(ਬਿੰਦਾਤ)

ਪ੍ਰਿਸਟਪਰਨਿ ਘਨ ਨਿਸਾ ਮੁਲੱਠ। ਕੁੜਾ ਪੀਸ ਮਧੁ ਮਿਲਵੈ ਕੱਠ।
ਕਫਪਿਤੀ ਅਤਿਸਾਰ ਚਟਾਇ। ਕਹਤ ਬਿੰਦ ਤਨ ਕੋਂ ਸੁਖ ਥਾਇ ॥੫੧॥

੩੩੮–ਪ੍ਰਿਸਟਪਰਣੀ, ਮੋਥਾ, ਹਲਦੀ, ਮੁਲੱਠੀ ਤੇ ਕੁੜ ਦਾ ਸੱਕ ਪੀਹਕੇ ਸ਼ਹਿਤ ਪਾ ਕੇ ਚਟਣੀ ਕਰਕੇ ਚੱਟੇ ਤਾਂ ਕਫ ਪਿੱਤ ਦਾ ਅਤੀਸਾਰ ਨਾਸ ਹੋਵੇ ॥੫੧॥

ਕਲਕ

ਘਨ ਬਚ ਸੁੰਠੀ ਕੁੜਾ ਪਤੀਸ। ਦਾਰਨਿਸਾ ਇਸ ਕਲਕ ਕਰੀਸ।
ਸ਼ਹਿਤ ਸੰਗ ਖਾਵੈ ਅਤਿਸਾਰ। ਕਫੀ ਪਿੱਤ ਅਤਿਸਾਰ ਬਿਡਾਰ ॥੫੨॥

੩੩੯–ਮੋਥਾ, ਵਚ, ਸੁੰਢ, ਕੁੜਾ, ਪਤੀਸ ਤੇ ਦਾਰਹਲਦੀ, ਇਨ੍ਹਾਂ ਦਾ ਕਲਕ ਕਰਕੇ ਸ਼ਹਿਤ ਪਾ ਕੇ ਪੀਵੇ ਤਾਂ ਕਫ ਪਿਤ ਦਾ ਅਤੀਸਾਰ ਨਾਸ਼ ਹੋਵੇ ॥੫੩॥

[ਵੰਗਸੇਨਾਤ]

ਮੂਰਬਾ ਕੁੜਾ ਜੁ ਘਨਾ ਪਤੀਸ। ਬਚ ਕਾਢਾ ਕਰਿ ਸਹਿਤ ਮਿਲੀਸ।
ਪੀਵਤ ਰੋਗੀ ਉਠ ਪਰਭਾਤ। ਕਫ ਪਿਤੀ ਅਤਿਸਾਰੈ ਜਾਤ ॥੫੩॥

੩੪੦–ਮੋੜਿਓਂ, ਕੁੜਾਸਕ, ਮੋਥਾ, ਪਤੀਸ ਤੇ ਵਚ, ਕਲਕ ਕਰਕੇ ਸ਼ਹਿਤ ਪਾਇ ਪ੍ਰਾਤਾਕਾਲ ਪਿਲਾਵੇ ਤਾਂ ਕਫ ਪਿੱਤ ਅਤੀਸਾਰ ਨਾਸ ਕਰੇ ॥੫੩॥

ਚੂਰਣ (ਵੰਗਸੇਨਾਤ)

*ਕਲਕ ਦੀ ਵਿਧੀ ਬਾਰਵੇਂ ਅਧਜਾਯ ਵਿਚ ਦੇਖੋ। ਯਾਂ ਇਸੇ ਅਧਜਾਯ ਦਾ ਨੰ: ੨੪੭੧ ਤੇ ਦੇਖੋ

Digitized by Panjab Digital Library | www.panjabdigilib.org

ਸਮੰਗਾ ਬਿਲ ਧਾਵੇ ਲੋਧਰ, ਆਂਬ ਬੀਜ ਗਿਰ ਪਾਵੇ।
ਪਦਮ ਕੇਸਰਾ ਮੋਚਰਸਾ ਲੈ, ਕੁੜਾ ਇੰਦ੍ਰ ਜੌ ਠਾਵੇ।
ਕਲਕ ਕਰੀ ਵਾ ਚੂਰਨ ਦੇਵੇ, ਤੰਦੁਲਜਲ ਵਿਚ ਪਾਈ।
ਪਿੱਤ ਕਫੀ ਅਤਿਸਾਰ ਮਿਟਾਵੈ, ਬੰਗਸੈਨ ਮੈਂ ਗਾਈ ॥੫੪॥

੩੪੧–†ਲਾਜਵੰਤੀ, ਬਿੱਲਕੱਥ, ਧਾਵੇ, ਲੋਧ, ਅੰਬ ਦੀ ਗਿਟਕ, ਕਮਲ ਦੀਆਂ ਤਰੀਆਂ, ਮੋਚਰਸ, ਕੁੜਾ ਤੇ ਇੰਦ੍ਰਜੌਂ, ਕਲਕ ਯਾਂ ਚੂਰਨ ਕਰੇ, ਚੌਲਾਂ ਦੇ ਜਲ ਵਿਚ ਪੀਵੇ ਤਾਂ ਕਫ ਪਿਤ ਦਾ ਅਤੀਸਾਰ ਜਾਵੇ ॥੫੪॥

ਪਰਹਾ

ਲੋਦ ਚੰਦਨਾ ਯਸਟਿ, ਦਾਰਵੀ ਜਾਨੀਏ।
ਪਾਠਾ ਕਮਲ ਜੁ ਸ੍ਵੇਤ, ਪੀਸ ਕਰਿ ਛਾਨੀਏ।
ਤੰਦੁਲ ਜਲ ਸੋਂ ਖਾਇ, ਰੁਜੀ ਪਰਭਾਤ ਹੀ।
ਅਤੀਸਾਰ ਕਫ ਪਿੱਤ, ਜੁ ਛਿਨ ਮੈਂ ਜਾਤ ਹੀ ॥ ੫੫ ॥

੩੪੨–ਲੋਧ, ਚੰਦਨ, ਮੁਲਠੀ, ਦਾਰਹਲਦੀ, ਪਾਠਾ ਤੇ ਚਿੱਟੇ ਕਮਲ ਪੀਹਕੇ ਚੂਰਣ ਕਰੇ, ਚਾਵਲਾਂ ਦੇ ਤਾਨੀ ਨਾਲ ਖਾਵੇ ਤਾਂ ਕਫ ਪਿਤ ਦਾ ਅਤੀਸਾਰ ਨਾਸ਼ ਹੋਵੇ ॥੫੫॥

ਬਾਤ ਸਲੇਖਮ ਲੱਛਣ–ਚੌਪਈ

ਉਦਰ ਬੀਚ ਤੇ ਆਮ ਜੁ ਪਰੈ। ਬਾਰ ਬਾਰ ਝਾੜੇ ਸੋ ਫਿਰੈ।
ਜਠਰਸੂਲ ਤਿਸ ਛਿਨ ਛਿਨ ਹੋਇ। ਕਰ ਬਾਤੇ ਅਤੀਸਾਰੈ ਜੋਇ ॥੫੬॥

ਪੇਟ ਵਿਚੋਂ ਆਮ ਗਿਰੇ, ਬਾਰੰਬਾਰ ਝਾੜੇ ਬੈਠੇ ਬਾਰੰਬਾਰ ਸੂਲ ਹੋਵੇ ਤਾਂ ਇਹ ਕਫ ਬਾਂਤ ਦਾ ਅਤੀਸਾਰ ਕਿਹਾ ਜਾਂਦਾ ਹੈ ॥੫੬॥

ਉਪਾਇ

ਪਾਠਾ ਹਿੰਗੁ ਸਿਵਾ ਬਿਲ ਕੱਥ। ਕੁੜਾ ਬੀਜ ਪੀਸੋ ਸਭ ਸੱਥ।
ਤੰਦੁਲ ਜਲ ਸੋਂ ਖਾਵੈ ਏਹ। ਕਫ ਬਾਤੇ ਅਤਿਸਾਰ ਹਰੇਹ ॥ ੫੭ ॥

੩੪੩–ਪਾਠਾ, ਹਿੰਗ, ਹਰੜ, ਬਿਲਕੱਥ ਤੇ ਇੰਦ੍ਰਜੌਂ ਪੀਹਕੇ ਚੌਲਾਂ ਦੇ ਪਾਣੀ ਨਾਲ ਦੇਵੇ ਤਾਂ ਕਫ ਬਾਤ ਦਾ ਅਤੀਸਾਰ ਨਾਸ ਹੋਵੇ ॥੫੭॥

ਬਿੱਲ ਕੱਥ ਧਾਵੇ ਲੈ ਕਣਾ। ਤਿੰਤੜੀਕ ਅਜਮੋਦਾ ਭਣਾ।
ਦਾੜਮ ਦਾਰਾ ਤ੍ਰਯ ਤ੍ਰਯ ਟੰਕ। ਆਠ ਭਾਗ ਕਪਿੱਥ ਲੈ ਅੰਕ ॥ ੫੮ ॥

†ਲਾਜਵੰਤੀ ਭਾਵ ਲਾਜਵੰਤੀ ਬੂਟੀ ਦਸਤ ਬੰਦ ਕਰਨਹਾਰੀ ਹੈ, ਦੇਖੋ ਭਾਵ ਪ੍ਰਕਾਸ਼।

Digitized by Panjab Digital Library | www.panjabdigilib.org

ਮਿਸਰੀ ਪਾਵੇ ਖਟ ਲੈ ਭਾਗ। ਪੀਸੀ ਚੂਰਨ ਕਰੋ ਸੁ ਭਾਗ।
ਕਫ ਬਾਤੈ ਕਾ ਅਤੀ ਜੁ ਸਾਰਾ। ਮਿਟਤ ਨ ਲਾਗੈ ਜਾਨੋ ਬਾਰਾ ॥੫੯॥

੩੪੪–ਬਿਲਕਥ, ਧਾਵੇ, ਮਘਾਂ, ਇਮਲੀ, ਅਜਮਦ ਤੇ ਅਨਾਰਦਾਣਾ ਇਕ ਇਕ ਤੋਲਾ ਅਟਵਾਂ ਭਾਗੁ ਕੈਂਥ: ਮਿਸਰੀ ੬ ਭਾਗ ਪੀਹਕੇ ਚੂਰਨ ਕਰ ਲਵੇ ਖਾਣੇ ਤੇ ਕਫ ਬਾਦੀ ਦਾ ਅਤੀਸਾਰ ਨਾਸ ਕਰੇ ॥੫੮॥੫੯॥

ਸੋਰਠਾ

ਸੁੰਠੀ ਘਨੈ ਪਤੀਸ, ਚਿੱਤ੍ਰਕ ਬਿੱਲ ਜੁ ਬਾਲ ਹੀ।
ਕਟੁਫਲ ਪੱਥਯਾ ਦੀਸ, ਕੁੜਾ ਇੰਦ੍ਰ ਜੌਂ ਮੇਲੀਯੈ ॥੬੦॥
ਚੂਰਨ ਕਰ ਫਕਵਾਇ, ਤੰਦੁਲ ਨੀਰ ਵ ਉਸਨ ਜਲ।
ਮਿਟਤ ਸਲੇਖਮ ਬਾਇ, ਅਤੀਸਾਰ ਇਕ ਨਾਸਹੀ ॥੬੧॥

੩੪੫–ਸੁੰਢ, ਮੋਥਾ, ਪਤੀਸ, ਚਿਤਾ, ਕਚੇ ਬਿਲ ਦੀ ਗਿਰੀ, ਕਾਇਫਲ ਜਗ ਹਰੜ, ਕੁੜਾਸਕ ਅਰ ਇੰਦ੍ਰ ਜੌਂ ਸਭਨਾਂ ਦਾ ਚੂਰਨ ਕਰਕੇ ਚੌਲਾਂ ਦੇ ਯਾ ਗਰਮ ਪਾਣੀ ਨਾਲ ਫਕੇ ਤਾਂ ਕਫ ਬਾਤ ਦਾ ਅਤੀਸਾਰ ਨਾਸ ਕਰ ॥੬੦॥੬੧॥

ਚੌਪਈ

ਪੂਤਿਦਾਰ ਲੋਧਰ ਲੈ ਕੁੜਾ। ਸੁੰਠੀ ਦਾੜਮ ਦਾਨਾ ਜੁੜਾ।
ਤੱਕ੍ਰਹਿ ਸੋਂ ਪਿਵ ਬਾਤ ਕਫਾਇ। ਅਤੀਸਾਰ ਛਿਨ ਮਾਹਿ ਮਿਟਾਇ॥੬੨॥

੩੪੬–ਦੇਵਦਾਰ, ਲੋਧ, ਕੁੜਾ, ਸੁੰਢ ਤੇ ਅਨਾਰਦਾਣਾ ਚੂਰਣ ਕਰਕੇ ਲਸੀ ਨਾਲ ਖੁਆਵੇ ਤਾ ਕਫ ਦਾ ਅਤੀਸਾਰ ਨਾਸ ਹੋਵੇ ॥੬੨॥

ਛਰਦ ਅਤੀਸਾਰ ਉਪਾਇ

ਪਟੋਲ ਇੰਦ੍ਰ ਜੌਂ ਧਨੀਆਂ ਪਾਇ। ਕ੍ਵਾਥ ਕਰੀਂ ਮਧੁ ਸਿਤਾ ਮਿਲਾਇ।
ਪੀਵਤ ਸੀਤਲ ਕਰਕੈ ਏਹ। ਅਤੀਸਾਰ ਅਰ ਬਮੀ ਨਸੇਹ ॥੬੩॥

੩੪੭–ਪਟੋਲਪਤ੍ਰ, ਇੰਦ੍ਰਜੌਂ ਤੇ ਧਨੀਆਂ ਸਮਾਨ ਲੈਕੇ ਕਾੜ੍ਹਾ ਕਰੇ ਅਰ ਠੰਢਾ ਕਰਕੇ ਫਿਰ ਮਿਸਰੀ ਮਿਲਾਕੇ ਪੀਭੇ ਤਾਂ ਕੇ, ਅਤੀਸਾਰਾਂ ਨੂੰ ਨਾਸ ਕਰੇ ॥੬੩॥

ਦੋਹਰਾ

ਮੁਸਤਾ ਔਰ ਪ੍ਰਯੰਗੁ ਲੈ, ਕਮਲ ਬੀਜ ਕਰਿ ਕ੍ਵਾਹ।
ਤੰਦੁਲ ਜਲ ਮਧੁ ਪਾਇ ਪਿਵ, ਅਤੀਸਾਰ ਬਮਿ ਜਾਹ ॥੬੪॥

੩੪੩–ਮੋਥਾ, ਗੋਂਦਣੀ ਤੇ ਕਮਲ ਡੋਡੇ, ਕ੍ਵਾਥ ਕਰਕੇ ਚਾਵਲਾਂ ਦਾ ਪਾਣੀ ਅਰ ਸਹਿਤ ਪਾਇਕੇ ਪੀਤਾ ਅਤੀਸਾਰ ਤੇ ਕੈ ਨੂੰ ਨਾਸ ਕਰਦਾ ਹੈ ॥੬੪॥

ਚੌਪਈ

ਆਂਬ ਜਾਮਨੂੰ ਕੇ ਲੈ ਪਾਤ। ਬਟ ਸ੍ਰਿੰਗੀ ਅਬਰੋਹਾ ਘਾਤ।

Digitized by Panjab Digital Library | www.panjabdigilib.org

ਮੇਲ ਉਸੀਰੈ ਕ੍ਵਾਥ ਕਰੇਇ। ਤਾਂ ਮੈ ਸਿਤਾ ਸਹਿਤ ਕੋ ਦੇਇ ॥੬੫॥
ਅਤੀਹਾਰ ਬਮਿ ਮੂਰਛਾ ਜਾਇ। ਤ੍ਰਿਸਨਾ ਰੋਗ ਘਟੈ ਸੁਖ ਪਾਇ।
ਬੰਗਸੈਨ ਮਤਿ ਜਾਨੋ ਸਹੀ। ਮੇਘ ਬਿਨੋਦੇ ਮੇਘੇ ਕਹੀ ॥ ੬੬ ॥

੩੪੯–ਅੰਬ, ਜਾਮਨ ਦੇ ਪੱਤ੍ਰ, ਬੋਹੜ ਦੀ ਦਾੜੀ, ਕਕੜਸਿੰਗੀ *ਗਿਲੋਂਯ, ਤੇ ਖਸ ਸਭਨਾਂ ਦਾ ਕਾੜ੍ਹਾ ਕਰੇ ਫਿਰ ਮਿਸਰੀ ਤੇ ਸਹਿਤ ਪਾਕੇ ਪਿਲਾਵੇ ਤਾਂ ਅਤੀਸਾਰ, ਬਮਨ, ਮੂਰਛਾ ਤੇ ਪਯਾਸ ਵਗੈਰਾ ਨਾਸ ਕਰੇ ॥੬੫॥੬੬॥

ਸੋਥ ਅਤੀਸਾਰ ਉਪਾਇ

ਬਿਖਾ ਬੜਿੰਗ ਕਲਿੰਗੈ ਦਾਰੁ। ਘਨ ਪਾਠਾ ਮਰਚਾਂ ਲੈ ਧਾਰ।
ਕ੍ਵਾਥ ਕਰੀਨੈ ਪੀਵਨ ਦੇਇ। ਅਤੀਸਾਰ ਜੁਤ ਸੋਥ ਹਰੇਇ ॥ ੬੭ ॥

੩੫੦–ਪਤੀਸ, ਬਾਇਵੜਿੰਗ, ਇੰਦ੍ਰਜੌਂ, ਦੇਵਦਾਰ, ਮੋਥਾ ਪਾਠਾ ਤੇ ਮਿਰਚਾਂ ਕਾੜਾ ਕਰਕੇ ਪੀਵੇ ਤਾਂ ਅਤੀਸਾਰ ਅਰ ਸੋਥ ਨੂੰ ਦੂਰ ਕਰਦਾ ਹੈ ॥੬੭॥

ਸੋਰਠਾ

ਛਿੰਨਾ ਮਰਚ ਕਿਰਾਤ, ਚੰਦਨ ਧਨੀਯਾਂ ਘਨ ਗਹੋ।
ਅਤੀਸਾਰ ਸੁਥ ਘਾਤ, ਕ੍ਵਾਥ ਕਰੀਨੈ ਪੀਜੀਏ ॥੬੮॥

੩੫੧–ਗਿਲੋਯ, ਮਿਰਚਾਂ, ਚਿਰੈਤਾ, ਚੰਦਨ, ਧਨੀਆਂ ਤੇ ਮੋਥਾ ਕ੍ਵਾਥ ਕਰਕੇ ਪੀਤਾ ਅਤੀਸਾਰ ਤੇ ਸੋਜ ਨੂੰ ਨਾਸ ਕਰਦਾ ਹੈ ॥੬੮॥

ਆਮ ਅਤੀਸਾਰ ਲੱਛਣ (ਰਾਮਬਿਨੋਦਾਤ)–ਦੋਹਰਾਂ

ਕਟਿ ਪੇਡੂ ਗਰਦਨ ਦੁਖੈ, ਹੋਤ ਘਨੋ ਅਤਿ ਭਾਰ।
ਆਮ ਕਹਯੋ ਅਤਿਸਾਰ ਹੀ, ਰਾਮ ਬਿਨੋਦ ਸੁ ਧਾਰ ॥੬੯॥

ਕਮਰ, ਪੇਡੂ, ਗਰਦਨ ਦੁਖੇ, ਦਸਤ ਬਹੁਤ ਆਵਣ ਇਹ ਆਮ ਅਤੀਸਾਰ ਦੇ ਲਛਣ ਕਹੇ ਜਾਂਦੇ ਹਨ ॥੬੯॥

ਉਪਾਇ–ਚੌਪਈ

ਘਨ ਧਨੀਯਾ ਦ੍ਰਿਗਮਾਲਾ ਪਾਇ। ਬਿੱਲ ਪਤੀਸ ਜੁ ਸੁੰਠੀ ਬਾਇ।
ਤੰਦੁਲ ਜਲ ਸੌਂ ਪੀਵਨ ਦੇਇ। ਅਤੀਸਾਰ ਅਰੁ ਆਮ ਨਸੇਇ ॥੭੦॥

੩੫੨–ਮੋਥਾ, ਧਨੀਆਂ, ਨੇਤ੍ਰਬਾਲਾ, ਬਿਲਗਿਰੀ, ਪਤੀਸ ਤੇ ਸੁੰਢ, ਸਮਾਨ ਭਾਗ ਲੈਕੇ ਪੀਹੇ ਅਰ ਚਾਵਲਾਂ ਦੇ ਪਾਨੀ ਨਾਲ ਦੇਵੇ ਤਾਂ ਅਤੀਸਾਰ ਅਰ ਆਮ ਅਤੀਸਾਰ ਨਾਸ ਕਰੇ ॥੭੦॥

ਸੁੰਠ ਮਜੀਠ ਜੁ ਪਾਠਾ ਕੁੜਾ। ਅਜਮੋਦਾ ਪੀਸੋ ਸਭ ਜੁੜਾ।

---

*ਅਬਰੋਹਾ–ਗਿਲੋਯ ਹੈ, ਦੇਖੋ ਨਿਰਮਲ ਕੋਸ਼

Digitized by Panjab Digital Library | www.panjabdigilib.org

ਸੀਤਲ ਜਲ ਸੋ ਖਾਵਨ ਕਹੀ। ਆਮ ਨਿਬਾਹੀ ਜਾਵੈ ਸਹੀ ॥੭੧॥

੩੫੩-ਸੁੰਢ, ਮਜੀਠ, ਪਾਠਾ ਕੁੜਾ ਤੇ ਅਜਮੋਦ ਸਭਨਾਂ ਨੂੰ ਪੀਹੇ ਅਰ ਠੰਢੇ ਪਾਣੀ ਨਾਲ ਦੇਵੇ ਤਾਂ ਆਮ ਅਤੀਸਾਰ ਨਸ਼ਟ ਹੋਵੇ ॥੭੧॥

ਸਿਲਾਜੀਤ ਬਿਲਕਥ ਬਿੜ ਲੂਨ। ਲੋਧ ਪੀਸ ਕੀਜੈ ਸਮ ਗੂਨ।
ਤੇਲ ਸੰਗ ਲੀਜੈ ਅਵਲੇਹ। ਮਿਟਤ ਨਿਬਾਹੀ ਆਮ ਸਹੇਹ ॥੭੨॥

੩੫੪-ਸਿਲਾਜੀਤ, ਬਿਲਕਥ, ਬਿੜਲੂਣ ਤੇ ਲੋਧ, ਸਮ ਭਾਗ ਪੀਹਕੇ ਤੇਲ ਨਾਲ ਚਟਣੀ ਬਣਾਕੇ ਚਟਾਵੇ ਤਾਂ ਆਮ ਅਤੀਸਾਰ ਅਰ ਨਿਵਾਹੀ ਨਾਸ ਕਰੇ ॥੭੨॥

(ਸਿਧਸਾਰਾਤ)

ਤ੍ਰਿਕੁਟਾ ਮਧੁ ਕੈ ਸੰਗਿ ਚਟਾਇ। ਆਮ ਨਿਬਾਹੀ ਛਿਨ ਮਹਿ ਜਾਇ।
ਮੈਦਾ ਚੀਜ ਨ ਖਾਵੈ ਸਹੀ। ਸਿੱਧਸਾਰ ਗ੍ਰੰਥਹਿ ਤੇ ਕਹੀ ॥੭੩॥

੩੫੫-ਮਘ, ਮ੍ਰਿਚ, ਸੁੰਢ ਬਰੀਕ, ਪੀਹਕੇ ਸ਼ਹਤ ਨਾਲ ਚਟਾਵੇ ਤਾਂ ਆਮ ਨਿਵਾਹੀ ਤੁਰਤ ਨਾਸ ਕਰੇ, ਪਰੰਤੂ ਮੈਦੇ ਦੀ ਚੀਜ਼ ਬੰਦ ਕਰੇ, ਨਾਂ ਖਾਵੇ ॥੭੩॥

ਰਕਤ ਅਤੀਸਾਰ ਨਿਦਾਨ-ਦੋਹਰਾ

ਗਰਮ ਬਸਤੁ ਕੇ ਖਾਨ ਤੈ, ਜਾਂਤੇ ਉਪਜੈ ਪਿੱਤ।
ਤਾਂਤੇ ਉਪਜਤ ਰਕਤ ਹੀ, ਅਤੀਸਾਰ ਸੁਨ ਮਿੱਤ ॥੭੪॥

ਗਰਮ ਵਸਤੂ ਦੇ ਖਾਣ ਤੇ ਪਿਤ ਵਧਦਾ ਹੈ, ਪਿਤ ਦੇ ਵਧਣੇ ਤੇ ਰਕਤ ਵਧਦਾ ਹੈ, ਇਸਤੇ ਫਿਰ ਰਕਤ ਅਤੀਸਾਰ ਹੁੰਦਾ ਹੈ ॥੭੪॥

ਲੱਛਣ-ਦੋਹਰਾ

ਗੁਦਾ ਪਾਕ ਲੋਹੂ ਪੜਤ, ਤ੍ਰਿਸਨਾ ਘਨੀ ਜੁ ਦਾਹ।
ਫਿਰਤ ਸੀਸ ਰੰਗ ਪੀਤ ਹੁਇ, ਅਤੀਸਾਰ ਉਕਤਾਹ ॥੭੫॥

ਗੁਦਾ ਪਕ ਜਾਵੇ, ਲਹੂ ਆਵੇ, ਪਿਆਸ ਬਹੁਤ ਲਗੇ, ਦਾਹ ਹੋਵੇ, ਸਿਰ ਚਕ੍ਰਾਵੇ, ਪੀੜਾ ਹੋਵੇ ਇਹ ਰਕਤ ਅਤੀਸਾਰ ਦੇ ਲੱਛਣ ਕਹੇ ਜਾਂਦੇ ਹਨ ॥੭੫॥

ਉਪਾਇ-ਚੌਪਈ

ਕੁੜਾ ਪਤੀਸ ਰਸਾਂਜਨ ਪਾਇ। ਇੰਦ੍ਰਜਵ ਸੁੰਠੀ ਲੇ ਧਾਇ।
ਤੰਦੁਲ ਜਲ ਮਧੁ ਸੋਂ ਲੈ ਖਾਇ। ਅਤੀਸਾਰ ਲੋਹੂ ਮਿਟ ਜਾਇ ॥੭੬॥

੩੫੬-ਕੁੜਾ, ਪਤੀਸ, ਰਸੌਂਤ, ਇੰਦ੍ਰਜੌਂ ਸੁੰਢ ਤੇ ਧਾਵੇ ਦੇ ਫੂਲ ਪੀਹਕੇ ਚਾਵਲਾਂ ਦੇ ਪਾਣੀ ਵਿਚ ਸ਼ਹਿਤ ਪਾਕੇ ਲਵੇ ਤਾਂ ਅਤੀਸਾਰ ਲਹੂ ਦੇ ਨਾਸ ਕਰੇ ॥੭੬॥

ਬੱਦ੍ਰੀਫਲ ਕਾ ਕਲਕ ਕਰਾਇ। ਅਥਵਾ ਤਿਲਕ ਕਲਕ ਠਵਾਇ।

Digitized by Panjab Digital Library | www.panjabdigilib.org

ਸਹਤ ਖੀਰ ਸੋਂ ਦੋਨੋ ਯੋਗ। ਅਤੀਸਾਰ ਲੋਹੂ ਕੋ ਖੋਗ ॥ ੭੭॥

੩੦੭–ਕਚੇ ਬੇਰਾਂ ਦਾ ਕਲਕ ਬਕਰੀ ਦੇ ਦੁਧ ਵਿਚ ਸ਼ਹਿਤ ਪਾਕੇ ਦੇਵੇ, ਯਾਂ–

੩੫੮–ਤਿਲਾਂ ਦਾ ਕਲਕ ਸ਼ਹਿਤ ਪਾਕੇ ਬਕਰੀ ਦੇ ਦੁਧ ਨਾਲ ਪਿਲਾਵੇ ਤਾਂ ਲਹੂ ਦੇ ਦਸਤ ਬੰਦ ਕਰੇ ॥ ੭੭ ॥

ਦੋਹਰਾ

ਮੂਹਲੱਠੀ ਲੈ ਸਯਾਮ ਤਿਲ, ਪਦਮ ਕੇਸਰਾ ਪਾਇ।
ਉਤਪਲ ਖੰਦਰ ਖੰਡ ਮਿਲ, ਖਾਵਤ ਰੋਗੀ ਸਾਇ ॥੭੮॥
ਅਤੀਸਾਰ ਲੋਹੂ ਮਿਟਤ, ਸੰਗ੍ਰਹਨੀ ਟਰ ਜਾਇ।
ਬੰਗਸੈਨ ਮਤਿ ਏ ਕਹੀ, ਕਹੀ ਮੇਘ ਮਨ ਲਾਇ ॥੭੯॥

੩੫੯–ਮੁਲੱਠੀ, ਕਾਲੇ ਤਿਲ, ਕਮਲ, ਕਮਲ ਡੋਡੇ, ਸ਼ਹਿਤ ਤੇ ਖੰਡ ਮਿਲਾ ਕੇ ਚਟਾਵੇ ਤਾਂ ਲਹੂ ਦੇ ਦਸਤ ਤੇ ਸੰਗ੍ਰਹਿਣੀ ਨਾਸ ਹੋਵੇ। ਇਹ ਵੰਗਸੇਨਾਤ ਵਿਚ ਲਿਖਿਆ ਹੈ ॥ ੭੮ ॥ ੭੯ ॥

[ਵੰਗਸੇਨਾਤ]–ਚੌਪਈ

ਤੰਦੁਲ ਜਲ ਮੈਂ ਸ਼ਹਿਤ ਮਿਲਾਇ। ਪ੍ਰਿਯੰਗੁ ਕ੍ਵਾਥ* ਜਲ ਇਨਮੈਂ ਪਾਇ।
ਅਤੀਸਾਰ ਰਕਤੈ ਮਿਟ ਜਾਇ। ਬੰਗਸੈਨ ਮਤ ਭਲਾ ਸੁਹਾਇ ॥੮੦॥

੩੬੦–ਚੌਲਾਂ ਦੇ ਜਲ ਵਿਚ ਸ਼ਹਿਤ ਪਾਕੇ ਅਰ ਫਿਰ ਇਸ ਵਿਚ ਗੋਂਦਣੀ ਦੇ ਕਾੜ੍ਹੇ ਦਾ ਜਲ ਪਾਕੇ ਪਿਲਾਵੇ ਤਾਂ ਰਕਤ ਅਤੀਸਾਰ ਨਾਸ ਕਰੇ ॥ ੮੦ ॥

ਕੁੜਾ ਇੰਦ੍ਰ ਜੌਂ ਬਿਖਾ ਮੰਗਾਇ। ਧਾਵੇ ਨਾਗਰ ਰਸਵਤ ਪਾਇ।
ਤੰਦੁਲ ਜਲ ਸੋਂ ਖਾਵੇ ਏਹ। ਸੂਲ ਰਕਤ ਅਤੀਸਾਰ ਗਮੇਹ ॥੮੧॥

੩੬੧–ਕੁੜਾ, ਇੰਦ੍ਰਜੌਂ, ਪਤੀਸ. ਧਾਵੇ, ਸੁੰਢ ਤੇ ਰਸੌਂਤ ਇਹ ਚੌਲਾਂ ਦੇ ਪਾਣੀ ਨਾਲ ਫੱਕੇ ਤਾਂ ਸੂਲ ਤੇ ਲਹੂ ਅਤਿਸਾਰ ਨਾਸ ਕਰੇ ॥ ੮੧ ॥

ਬਾਂਸਾ ਕੁੜਾ ਸਤਾਵਰ ਆਲ। ਈਸਬੰਦ ਸੰਖ ਪੁਖਪੀ ਡਾਲ।
ਦਾੜਮ ਫੂਲ ਸਿਤਾ ਸਭ ਦੂਨੀ। ਪੀਸੀ ਚੂਰਨ ਕਰੀਓ ਗੂਨੀ ॥੮੨॥
ਸਾਤ ਦਿਵਸ ਲੌ ਖਾਵੇ ਏਹ। ਤੰਦੁਲ ਜਲ ਸੋਂ ਮੇਲੀ ਤੇਹ।
ਅਤੀਸਾਰ ਲੋਹੂ ਮਿਟ ਜਾਇ। ਜਾਇ ਸੰਗ੍ਰਹਨੀ ਦਈ ਬਤਾਇ ॥੮੩॥

੩੬੨–ਬਾਂਸਾ, ਕੁੜਾ, ਸਤਾਂਵਰ, †ਮਗਜ਼ਕਦੂ, ਹਰਮਲ, ਭੋਡ ਭੜਿੰਗ ਤੇ ਅਨਾਰ ਦੇ ਫੂਲ

---

*ਪ੍ਰਯੰਗੁ ਦਾ ਅਰਥ ਮਦਨ ਪਾਲ ਨ੍ਰਿਘੰਟੂ ਦੇ ਟੀਕਾਕਾਰ ਟਕਸਾਲ ਨਿਵਾਸੀ ਨੇ ਗੋਂਦਣੀ ਹੀ ਕੀਤਾ ਹੈ। ਇਸਤੇ ਅਸਾਂ ਵੀ ਗੋਂਦਣੀ ਸਹੀ ਰਖਕੇ ਅਰਥ ਕੀਤਾ ਹੈ। ਗੋਂਦਣੀ ਬ੍ਰਿਛ ਪ੍ਰਸਿਧ ਹੈ ਜੋ ਲਸੂੜੀ ਦੀ ਸ਼ਕਲ ਦਾ ਹੁੰਦਾ ਹੈ।

†ਆਲ ਕਰਕੇ ਕਦੂ ਦੇ ਮਗਜ਼ ਪਾਵੇ।

Digitized by Panjab Digital Library | www.panjabdigilib.org

ਸਭ ਨਾਲੋਂ ਦੂਣੀ ਮਿਸਰੀ ਪਾਕੇ ਚੂਰਣ ਕਰੇ ਅਰ ਚੌਲਾਂ ਦੇ ਪਾਣੀ ਵਿਚ ਸ਼ਹਿਤ ਪਾਕੇ ਉਸ ਨਾਲ ੭ ਦਿ੍ਨ ਖਾਵੇ ਤਾਂ ਲਹੂ ਦੇ ਅਤੀਸਾਰ, ਸੰਗ੍ਰਿਹਣੀ ਨਾਸ ਕਰੇ ॥ ੮੨ ॥ ੮੩ ॥

ਦੋਹਰਾ

ਰਾਲ ਸੁਪਾਰੀ ਤ੍ਰੀਨ ਫਲ, ਕੱਥ ਲੌਂਗ ਸਭ ਪੀਸ।
ਤੰਦੁਲ ਜਲ ਪਿਵ ਰਕਤ ਹੀ, ਅਤੀਸਾਰ ਸਭ ਖੀਸ ॥੮੪॥

੩੯੩-ਰਾਲ, ਸੁਪਾਰੀਆਂ, ਹਰੜ ਬਹੇੜਾ, ਆਵਲੇ, ਕਥ ਤੇ ਲੌਂਗ ਸਭਨਾਂ ਨੂੰ ਬਰੀਕ ਪੀਹਕੇ ਚੌਲਾਂ ਦੇ ਪਾਣੀ ਨਾਲ ਫੱਕੇ ਤਾਂ ਲਹੂ ਦਾ ਅਤਿਸਾਰ ਨਾਸ ਕਰੇ ॥ ੮੪ ॥

ਪਰਵਾਹੀ ਉਤਪਤੀ

ਪੌਨ ਪਰੇਰਤ ਹੇਠ ਕੋ, ਅਪੱਥ ਜੁ ਖਾਵੈ ਕੋਇ।
ਅਤੀਸਾਰ ਤੇ ਹੋਤ ਹੈ, ਪਰਵਾਹੀ ਲਖਿ ਸੋਇ ॥੮੫॥

ਅਤੀਸਾਰਾਂ ਵਾਲਾ ਜੇ ਕਦੇ ਅਪਥ ਚੀਜ਼ਾਂ ਸੇਵਨ ਕਰਦਾ ਜਾਏ ਤਾਂ ਉਹ ਵਾਯੂ ਦਾ ਪ੍ਰੇਰਿਅ ਹੇਠਾਂ ਧਕਿਆ ਜਾਂਦਾ ਹੈ। ਇਸ ਤਰ੍ਹਾਂ ਤੋਂ 'ਪ੍ਰਾਵਹੀ' ਰੋਗ ਹੋ ਜਾਂਦਾ ਹੈ ॥ ੮੫ ॥

ਲੱਛਣ

ਅਲਪੋ ਅਲਪ ਹਗਾਰ ਹੀ, ਮੈਲ ਰਕਤ ਅਰੁ ਫੈਨ।
ਪਰਵਾਹੀ ਤਾਂਕੋ ਕਹੈ, ਮਾਧਵ ਮੈ ਇਵ ਬੈਨ ॥੮੬॥
ਬਾਤ ਨਿਬਾਹੀ ਸੂਲ ਸੋਂ, ਪਿਤ ਨਿਬਾਂਹੀ ਦਾਹ।
ਕਫੈ ਨਿਬਾਹੀ ਕਫ ਕਹੀ, ਰੁਧਰੈ ਰੁਧਰ ਨਿਵਾਹ ॥੮੭॥
ਚਾਰ ਜਾਤਿ ਕੀ ਜਾਨਿਯੋ, ਲੱਛਣ ਦੀਏ ਬਤਾਇ।
ਤਾਂਕੀ ਸਮਝ ਕ੍ਰਿਯਾ ਕਰੋ, ਜਿਮ ਗੁੰਥਨਿ ਮਤਿ ਗਾਇ ॥੮੮॥

ਹੱਗਣ ਥੋੜਾ ਥੋੜਾ ਆਵੇ, ਉਹ ਮੈਲ, ਰਕਤ ਅਰ ਝਗ ਸਮੇਤ ਬਹੇ, ਇਸ ਨੂੰ ਪ੍ਰਵਾਹੀ ਆਖਦੇ ਹਨ। ਬਾਤ ਦੇ ਨਿਵਾਹੀ ਵਿਚ ਲੂਣ, ਪਿਤ ਦੇ ਨਿਵਾਹੀ ਵਿਚ ਸੜਨ, ਕਫ ਦੇ ਨਿਵਾਹੀ ਵਿਖੋ ਕਫ ਅਤੇ ਰਕਤ ਦੀ ਨਿਵਾਹੀ ਵਿਚ ਖੂਨ ਔਂਦਾ ਹੈ। ਇਸ ਤਰ੍ਹਾਂ ਚਾਰ ਭਾਂਤ ਦਾ *ਨਿਵਾਹੀ ਰੋਗ ਕਿਹਾ ਹੈ, ਇਸ ਦਾ ਯਤਨ ਸਮਝ ਕੇ ਉਸੇ ਤਰ੍ਹਾਂ ਕਰਨਾ ਚਾਹੀਏ, ਜਿਸ ਤਰ੍ਹਾਂ ਗ੍ਰੰਥਾਂ ਦਾ ਮਤ ਹੈ ॥੮੬ ਤੋਂ ੮੮॥

ਬਾਤ ਨਿਵਾਹੀ ਉਪਾਇ ਚਟਣੀ-ਚੌਪਈ

ਧਾਵੇ ਬਿਲਗਿਰ ਮੋਚ ਰਸਾਇ। ਅੰਬ ਅਸਥ ਟੰਕ ਜੁਗ ਜੁਗ ਪਾਇ।
ਆਫੂ ਟੰਕ ਸਹਤ ਇਚ ਪਾਇ। ਦ੍ਵਾਦਸ ਰਤੀ ਚਟਨੀ ਖਾਇ ॥੮੯॥
ਮਿਟਤ ਨਿਬਾਹੀ ਜੋ ਹੈ ਬਾਇ। ਅਤੀਸਾਰ ਸਭ ਛਿਨ ਮੈਂ ਜਾਇ।

*ਪਵਾਹੀ ਅਰ ਨਿਵਾਹੀ ਇਕ ਹੀ ਹੈ, ਸਿਰਫ ਬੋਲਣ ਦਾ ਭੇਦ ਹੈ।

Digitized by Panjab Digital Library | www.panjabdigilib.org

ਸਾਚੀ ਬਾਤ ਬਖਾਨੀ ਸਹੀ। ਮੇਘ ਬਿਨੋਦੈ ਭਾਖੈ ਕਹੀ ॥੯੦॥

੩੬੪–ਧਾਵਿਆਂ ਦੇ ਫੁਲ, ਬਿਲਗਿਰੀ, ਮੋਚਰਸ ਤੇ ਅੰਬ ਦੀ ਗਿਟਕ, ਇਹ ਸਭ ੮-੮ ਮਾਸੇ, ਅਫੀਮ ਪਕੀ ੪ ਮਾਸੇ ਨਿਲਾਕੇ ਚਟਣੀ ਬਣਾ ਲਵੇ, ਇਸ ਵਿਚੋਂ ੧੨ ਰਤੀਆਂ ਚਟੇ ਤਾਂ ਬਾਤ ਦੇ ਨਿਵਾਹੀ ਨਾਸ ਕਰੇ, ਹੋਰ ਭੀ ਸਭਨਾਂ ਅਤੀਸਾਰਾਂ ਨੂੰ ਤੁਰਤ ਨਾਸ ਕਰੈ ॥੮੯॥੯੦॥

ਘ੍ਰਿਤੇ ਤਲਾਵੇ ਫੁਲ ਕਚਨਾਰ। ਤਾਕੇ ਸਮ ਖੰਡ ਆਛੀ ਡਾਰ।
ਤੰਦੁਲ ਜਲ ਸੋਂ ਫੱਕੀ ਖਾਇ। ਬਾਤ ਨਿਬਾਹੀ ਛਿਨ ਮਹਿ ਜਾਇ।੯੧।

੩੬੫–ਕਚਨਾਰ ਦੇ ਫੁਲ ਘਿਉ ਵਿਚ ਤਲੇ, ਫਿਰ ਉਨ੍ਹਾਂ ਦੇ ਬਰਾਬਰ ਦੀ ਖੰਡ ਮਿਲਾਕੇ ਫੱਕੀ ਚਾਵਲਾਂ ਦੇ ਪਾਣੀ ਨਾਲ ਲਵੇ ਤਾਂ ਬਾਤ ਨਿਵਾਹੀ ਨਾਸ ਕਰੇ ॥੯੧॥

ਫਲ ਕਰੀਰ ਪੀਸੀ ਲੈ ਛਾਨ। ਤਾਂਕੇ ਸਮ ਸਿਤ ਖੰਡਹਿ ਠਾਨ।
ਗੋਤੱਕ੍ਰਹਿ ਸੋਂ ਪੀਵਨ ਦੇਇ। ਬਾਤ ਨਿਬਾਹੀ ਦੂਰ ਕਰੇਇ ॥ ੯੨ ॥

੩੬੬-ਡੇਲੇ ਪੀਹਕੇ ਛਾਣਕੇ ਉਨ੍ਹਾਂ ਦੇ ਸਮਾਨ ਖੰਡ ਪਾਕੇ ਗਊ ਲਸੀ ਨਾਲ ਫਕੇ ਤਾਂ ਬਾਤ ਨਿਵਾਹੀ ਨਾਸ ਹੋਵੇ ॥੯੨॥

ਪਿਤ ਨਿਵਾਹੀ

ਧਾਵੈ ਮੋਚਰਸਾ ਨਸਪਾਲ। ਪੀਸੀ ਮਧੁ ਮਹਿ ਦੇਵੋ ਡਾਲ।
ਸਾਂਝ ਪ੍ਰਾਤ ਕੋ ਖਾਵਨ ਧਰੋ। ਪਿੱਤ ਨਿਬਾਹੀ ਮਿਟ ਸੁਖੁ ਭਰੋ ॥੯੩॥

੩੬੭–ਧਾਵਿਆਂ ਦੇ ਫੁਲ, ਮੋਚਰਸ ਤੇ ਨਸਪਾਲ ਪੀਹਕੇ ਸ਼ਹਿਤ ਮਿਲਾਕੇ ਦੋਨੋਂ ਵੇਲੇ ਦੇਵੇ, ਪਿਤ ਨਿਵਾਹੀ ਦਾ ਨਾਸ ਹੋਵੇ ॥੯੩॥

ਗਾਜਨ ਮਾਟੀ ਕਾਚੇ ਬੇਰ। ਮੋਚਰਸਾ ਤਾਮੈ ਲੈ ਭੇਰ।
ਪੋਸਤ ਜਲ ਸੋਂ ਗੁਟੀ ਬਧਾਇ। ਏਕ ਟੰਕ ਕਾ ਜਾਨੋ ਭਾਇ ॥੯੪॥
ਤੰਦੁਲ ਜਲ ਸੋਂ ਗੋਲੀ ਖਾਇ। ਪਿਤ ਨਿਬਾਹੀ ਮਿਟੈ ਸੁਭਾਇ।
ਅਤੀਸਾਰ ਰਕਤਾ ਅਤਿਸਾਰ। ਮਿਟਤ ਨ ਲਾਵਹਿ ਜਾਨੋ ਬਾਰ ॥੯੫॥

੩੬੮–ਗਾਜਨੀ ਮਿਟੀ, ਕੱਚੇ ਬੇਰ ਤੇ ਮੋਚਰਸ ਕੁਟਕੇ ਬਰੀਕ ਕਰੇ, ਫਿਰ ਪੋਸਤ ਦੇ ਡੋਡੇ ਭਿਉਂ ਕੇ ਉਸ ਜਲ ਨਾਲ ਗੋਲੀ ੪ ਮਾਸੇ ਦੀ ਕਰੇ ਅਰ ਚੌਲਾਂ ਦੇ ਪਾਣੀ ਨਾਲ ਖੁਲਾਵੇ ਤਾਂ ਪਿਤ ਨਿਵਾਹੀ ਅਤੇ ਲਹੂ ਦੇ ਅਤੀਸਾਰ ਸ਼ੀਘਰ ਨਾਸ ਕਰੇ ॥੯੪॥੯੫॥

(ਵੰਗਸੇਨਾਤ)

ਬੇਰਪੱਤ੍ਰ ਧਾਂਵੇ ਕਾਪਿੱਥ। ਰਸਵਤ ਲੋਦ ਪੀਸ ਮਧੁ ਮੱਥ।
ਪਿਤ ਨਿਬਾਹੀ ਜਾਵਤ ਸਹੀ। ਬੰਗਸੈਨ ਮਤਿ ਸਾਚੀ ਕਹੀ ॥ ੯੬ ॥

੩੬੯–ਬੇਰੀ ਦੇ ਪਤ੍ਰ, ਧਾਵਿਆਂ ਦੇ ਫੁਲ, ਕੈਥਫਲ, ਰਸੌਂਤ ਅਤੇ ਲੋਧ ਪੀਹਕੇ ਫਕੀ ਸ਼ਹਿਤ ਨਾਲ ਮਿਲਾਕੇ ਚੱਟੇ ਤਾਂ ਪਿਤ ਨਿਵਾਹੀ ਤੁਰਤ ਨਾਸ ਹੋਵੇ ॥੯੬॥

Digitized by Panjab Digital Library | www.panjabdigilib.org

ਕਫ ਨਿਵਾਹੀ (ਵੰਗਸੇਨਾਤ)

ਮਰਚ ਪੀਪਰੀ ਕ੍ਵਾਥ ਕਰਾਇ। ਦੁਗਧ ਸੰਗ ਪੀਵਨ ਕੋ ਦਾਇ।
ਜਾਤ ਨਿਬਾਹੀ ਕਫ ਕੀ ਜੋਇ। ਬੰਗਸੈਨ ਮਤ ਭਾਖੀ ਸੋਇ॥ ੯੭॥

੩੭੦-ਮਿਰਚ, ਮਘ ਦੋਹਾਂ ਦਾ ਕਾੜ੍ਹਾ ਕਰਕੇ ਉਹ ਫਿਰ ਕਾੜ੍ਹਾ ਦੁਧ ਵਿਚ ਮਿਲਾਕੇ ਪਿਲਾਵੇ ਤਾਂ ਕਫ ਨਿਵਾਹੀ ਨਾਸ ਹੋਵੇ। ੯੭॥

ਦੋਹਰਾ

ਲੋਧ ਬਿਲਗਿਰੀ ਤੇਲ ਗੁੜ, ਮਰਚ ਪਾਇ ਕੈ ਚਾਟ।
ਕਫਹਿ ਨਿਬਾਹੀ ਜਾਤ ਹੈ, ਹੋਵਤ ਬਾਰਾਂ ਬਾਟ॥੯੮॥

੩੭੧-ਲੋਧ, ਬਿਲਗਿਰੀ, ਤੇਲ ਗੁੜ ਤੇ ਮ੍ਰਿਚ ਸਭੋ ਮਿਲਾਕੇ ਚੱਟੇ ਤਾਂ ਕਫ ਨਿਵਾਹੀ ਬਾਰ ਟੁਕੜੇ ਹੋਕੇ ਜਾਵੇ॥੯੮॥

ਰਕਤ ਨਿਵਾਹੀ (ਵੰਗਸੇਨਾਤ)-ਚੌਪਈ

ਨਾਗਰ ਬਿੱਲ ਬਿਖਾ ਹ੍ਰੀਬੇਰ। ਘਨ ਧਨੀਯਾ ਪੀਵੇ ਸਮ ਭੇਰ।
ਉਸਨ ਨੀਰ ਸੌਂ ਪੀਵਨ ਦੇਇ। ਕਰ ਪਰਵਾਹੀ ਦੂਰ ਕਰੇਇ॥੯੯॥
ਦਾਹ ਸੋਥ ਪਾਚਨ ਹੋਇ ਆਮ। ਰਕਤ ਤਾਪ ਮੇਟਨ ਸੁਖ ਠਾਮ।
ਬੰਗਸੈਨ ਭਾਖਾ ਕਰਿ ਕਹੀ। ਮੇਘ ਕਹਤ ਤੁਮ ਜਾਨੋ ਸਹੀ॥੧੦੦॥

੩੭੨-ਸੁੰਢ, ਬਿਲਗਿਰੀ, ਪਤੀਸ ਸੁਗੰਧਬਾਲਾ, ਮੋਥਾ ਤੇ ਧਨੀਏਂ ਦੇ ਬੀਜ, ਇਕ ਸਮਾਨ ਲੈਕੇ ਪੀਹਕੇ ਫਕੀ ਕਰੇ, ਫਕੀ ਫਿਰ ਗਰਮ ਪਾਣੀ ਨਾਲ ੧ ਤੋਲਾ ਪ੍ਰਮਾਣ ਲਵੇ ਤਾਂ ਕਫ ਪ੍ਰਵਾਹੀ ਸ਼ੀਘਰ ਹੀ ਨਾਸ ਹੋਵੇ। ਹੋਰ ਦਾਹ, ਸੋਜ, ਲਹੂ ਤੇ ਤਾਪ ਹਟਾਕੇ ਪਾਚਨ ਭੀ ਅਛਾ ਕਰੇ ੯੯॥੧੦੦॥

(ਵੰਗਸੇਨਾਤ)

ਮੋਚਰਸਾ ਪੀਪਰ ਸ੍ਰਿੰਗ ਬੇਰ। ਸੌਂਫ ਖੰਡ ਸਭ ਕੇ ਸਮ ਸੇਰ।
ਤੱਕ੍ਰਹਿ ਸੰਗ ਸੁ ਪਾਨ ਕਰਾਇ ਰਕਤ ਨਿਬਾਹੀ ਤਤਛਿਨ ਜਾਇ।੧੦੧।

੩੭੩-ਮੋਚਰਸ, ਮਘ, ਸੁੰਢ, ਸੌਂਫ ਤੇ ਸਭਨਾਂ ਦੇ ਬਰਾਬਰ ਦੀ ਪਾਕੇ ਚੂਰਣ ਕਰੇ, ਗੌਕੀ ਲਸੀ ਨਾਲ ਫਕੇ ਤਾਂ ਰਕਤ ਨਿਵਾਹੀ ਅਵਸ਼ ਨਾਸ ਹੋਵੇ॥ ੧੦੧॥

(ਬ੍ਰਿੰਦਾਤ)

ਸੋਏ ਸੁੰਠੀ ਦਧ ਘ੍ਰਿਤ ਸਿਤਾ। ਤੇਲ ਸਹਿਤ ਮੇਲੋ ਸਮ ਇਤਾ।
ਸਰਬ ਘੋਲ ਕੈ ਤਾਨ ਕਰਾਇ। ਆਮ ਨਿਬਾਹੀ ਛਿਨ ਮੈਂ ਜਾਇ॥੧੦੨॥
ਅਤੀਸਾਰ ਅਰੁ ਰਕਤ ਨਿਬਾਹੀ। ਯਾਂਤੇ ਸਭ ਹੀ ਮਿਟ ਕਰ ਜਾਹੀ।
ਕਹਤ ਬ੍ਰਿੰਦ ਇਸਕੇ ਗੁਨ ਘਨੇ। ਜਾਨ ਲੇਹੁ ਮੈ ਨਾਹੀ ਭਨੇ॥੧੦੩॥

Digitized by Panjab Digital Library | www.panjabdigilib.org

੩੭੪–ਸੋਏ, ਸੁੰਢ, ਦਹੀਂ ਘਿਤ, ਮਿਸਰੀ ਤੇ ਸ਼ਹਿਤ ਸਮਾਨ ਭਾਗ ਲਵੇ, ਮਿਲਾ ਕੇ ਘੋਲ ਕੇ ਪੀਵੇ ਤਾਂ ਆਮ ਨਿਵਾਹੀ ਤੁਰਤ ਨਾਸ ਹੋਵੇ,ਹੋਰ ਅਤੀਸਾਰ, ਰਕਤ ਨਿਵਾਹੀ ਭੀ ਨਾਸ ਕਰੇ।੧੦੨।੧੦੩

ਜ੍ਵਰ ਅਤੀਸਾਰ ਲੱਛਣ–ਦੋਹਰਾ

ਸਭ ਲੱਛਣ ਅਤਿਸਾਰ ਕੇ, ਅਰੁ ਜੁਰ ਹੋਵੈ ਤਾਹਿ।
ਤਾਕੀ ਗੁਰਮੁਖ ਸਾਂ ਭਲੀ, ਕਰੋ ਕ੍ਰਿਯਾ ਜਗ ਮਾਹਿ ॥੧੦੪॥

ਸਾਰੇ ਤਾਂ ਅਤੀਸਾਰਾਂ ਦੇ ਲੱਛਣ ਹੋਣ, ਫਿਰ ਤਾਪ ਹੋਵੇ ਤਾਂ .ਇਸਦੀ ਗੁਰਾਂ ਦੇ ਮੁਖੋਂ ਸੁਣੀ ਕਰੇ, ਅੰਨਥਾ ਅਤਾਰੀਆਂ ਪਸਾਰੀਆਂ ਪਾਸੋਂ ਸੁਣ ਕੇ ਨਾਂ ਦੇਵੇ ॥ ੧੦੪ ॥

ਉਪਾਇ (ਲੋਲਮਰਾਜਾਤ)–ਚੌਪਈ

ਘਨ ਕਿਰਾਤ ਅਰੁ ਸੁੰਠ ਗਲੋਇ। ਇੰਦ੍ਰ ਜਵਾ ਪਤੀਸ ਜੁ ਹੋਇ।
ਕ੍ਵਾਥ ਕਰੀ ਪਿਵ ਮਧੁ ਕੋ ਪਾਇ। ਜੁਰ ਅਤਿਸਾਰੈ ਨਾਸ ਕਰਾਇ।੧੦੫।

੩੭੫–ਮੋਥਾ, ਚਿਰੈਤਾ, ਸੁੰਢ, ਗਿਲੋਯ, ਇੰਦ੍ਰ ਜੌਂ ਤੇ ਪਤੀਸ ਲੈ ਕੇ ਕਾੜ੍ਹਾ ਕਰੇ, ਫਿਰ ਸ਼ਹਿਤ ਪਾਇ ਪਿਲਾਵੇ ਤਾਂ ਜ੍ਵਰ ਅਤੀਸਾਰ ਨਾਸ ਕਰੇ ॥ ੧੦੫ ॥

ਚੰਦਨ ਖਸ ਇੰਦ੍ਰ ਜੌ ਕੁੜਾ। ਪਾਠਾ ਧਨੀਯਾ ਪਦਮਕ ਜੁੜਾ।
ਮੋਥਾ ਚਿੱਤ੍ਰਾ ਬਿੱਲ ਪਤੀਸ। ਨੇਤ੍ਰਹਿ ਬਾਲਾ ਸੁੰਠ ਜੁ ਲੀਸ ॥੧੦੬॥
ਮੇਲ ਕਿਰਾਤ ਜੁ ਕ੍ਵਾਥ ਕਰਾਇ। ਸਹਿਤ ਮੇਲ ਕੈ ਪੀਵਨ ਦਾਇ।
ਹਿਯਰੁਜ ਤ੍ਰਿਸਨਾਬਮਨਿ ਅਰੁਚਾ। ਜੁਰ ਅਤਿਸਾਰੀ ਯਾਕੋ ਭੁਚਾ॥੧੦੭॥

੩੭੬–ਚੰਦਨ, ਖਸ, ਇੰਦ੍ਰ ਜੌਂ, ਕੁੜਾਸਕ, ਪਾਠਾ, ਧਨੀਆਂ, ਪਦਮ ਕਾਠ ਅਭਾਵ ਮੈ ਕਮਲ ਡੋਡੇ, ਮੋਥਾ, ਚਿਤ੍ਰਾ, ਬਿਲਗਿਰੀ, ਪਤੀਸ, ਨੇਤ੍ਰਬਾਲਾ, ਸੁੰਢ ਤੇ ਚਿਰੈਤਾ ਸਮਾਨ ਭਾਗ ਲੈਕੇ ਕਾੜ੍ਹਾ ਕਰੇ, ਫਿਰ ਸ਼ਹਿਤ ਪਾਕੇ ਪੀਵੇ ਤਾਂ ਹ੍ਰਿਦਜ ਰੋਗ, ਪਯਾਸ, ਕੈ, ਅਰੁਚੀ ਜ੍ਵਰ ਅਤੀਸਾਰ ਸਭ ਨੂੰ ਨਾਸ ਕਰੇ

ਚੌਪਈ

ਪਾਠਾ ਮੋਥਾ ਲੈ ਦਸਮੂਰ। ਕੌੜ ਗਿਲੋਇ ਬਲਾ ਖਸ ਪੂਰ।
ਇੰਦ੍ਰਜਵ ਸੁੰਠੀ ਬਿਲਗਿਰੀ। ਕ੍ਵਾਥ ਕਰੀ ਨਰ ਪੀਵਨ ਧਰੀ ॥੧੦੮॥
ਅਤੀਸਾਰ ਜੁਰ ਸੂਲ ਜੁ ਸ੍ਵਾਸ। ਕਾਸ ਰੋਗ ਕਾ ਕਰਤਾ ਨਾਸ।
ਪਯਾਸ ਮਿਟੈ ਤਨਕੋਂ ਸੁਖਦਾਇ। ਜੋ ਕਿਰਪਾ ਕਰਿ ਹੈ ਰਘੁਰਾਇ।੧੦੯।

੩੭੭–ਪਾਠਾ, ਮੋਥਾ *ਦਸੇ ਮੂਲ, ਕੌੜ, ਗਿਲੋਯ, ਖਿਰੈਟੀ, ਖੱਸ, ਅਗਰ ਇੰਦ੍ਰ ਜੌਂ, ਸੁੰਢ ਤੇ ਬਿਲਗਿਰੀ, ਕ੍ਵਾਥ ਕਰਕੇ ਪੀਵੇ ਤਾਂ ਅਤੀਸਾਰ ਜ੍ਵਰ, ਸੂਲ ਸ੍ਵਾਸ, ਕਾਸ, ਪਯਾਸ, ਸਭ ਵਾਸਤੇ ਉਤਮ ਹੈ ॥ ੧੦੮ ॥ ੧੦੯ ॥

ਸੋਰਠਾ

*ਬਿਲ, ਸ਼ਯੋਨਾਕ ਖੰਭਾਰੀ ਪਾਟਲ ਅਰਣੀ, ਸਵਰਨ ਪਿਠਵਨ ਦੋਨੋਂ ਕੰਡਯਾਰੀਆਂ ਤੇ ਭਖੜਾ।

Digitized by Panjab Digital Library | www.panjabdigilib.org

ਸੁੰਠ ਕੁੜਾ ਕੈਰਾਤ, ਬਿਖਾ ਜਵਾਸਾ ਘਨ ਗਹੋ।
ਅਤੀਸਾਰ ਜੁਰ ਜਾਤ, ਚੂਰਨ ਜਲ ਸੰਗਹਿ ਅਚੋ ॥੧੧੦॥

੩੭੮-ਸੁੰਢ, ਕੁੜਾ, ਚਿਰੈਤਾ, ਪਤੀਸ, ਜਵਾਹਾਂ ਤੇ ਮੋਥਾ, ਚੂਰਣ ਕਰਕੇ ਜਲ ਨਾਲ ਖਾਵੇ ਤਾਂ ਅਤਿਸਾਰ ਜੁਰ ਦਾ ਨਾਸ ਕਰੇ ॥ ੧੧੦ ॥

(ਬੰਗਸੇਨਾਤ)-ਚੌਪਈ

ਦਾਰੂ ਕਤ੍ਰੂ ਗਜਪੀਪਰ ਪਾਠ। ਪੀਪਰ ਧਨੀਯਾ ਬਿੱਲ ਕਮਾਠ।
ਅਜਵਾਨੀ ਗੋ ਕੰਟਾ ਪਾਇ। ਕ੍ਵਾਥ ਕਰੀ ਪਿਵ ਆਛੇ ਭਾਇ ॥੧੧੧॥
ਜਾਵਤ ਜੁਰ ਅਤਿਸਾਰਹਿ ਸੰਗ। ਦਾਹ ਮਿਟਤ੍ਰ ਅਰੁ ਤ੍ਰਿਸਨਾ ਭੰਗ।
ਆਛੀ ਬਿਧ ਸੋ ਔਖਧ ਦੇਇ। ਯੌ ਸੁਖ ਪਾਂਵਤ ਰੋਗੀ ਦੇਹ ॥੧੧੨॥

੩੭੯-ਦੇਵਦਾਰ, ਕੌੜ, ਗਜ, ਮਘ ਧਨੀਆਂ, ਬਿੱਲਕੱਥ, ਜਵੈਣ ਤੇ ਭਖੜਾ ਪਾਕੇ ਕਾੜ੍ਹਾ ਕਰੇ ਤੇ ਪੀਵੇ ਤਾਂ ਤਾਪ, ਅਤੀਸਾਰ, ਦਾਹ, ਪਯਾਸ ਜਾਵੇ ॥ ੧੧੧ ॥ ੧੧੨ ॥

ਪਦਮ ਕੇਸਰਾ ਕਮਲ ਖਿਪ, ਅਰੁ ਮੇਲੋ ਨਸਪਾਲ।
ਜਲ ਤੰਦੁਲ ਸੰਗ ਪੀਵਤੇ, ਅਤੀਸਾਰ ਜੁਰ ਟਾਲ ॥੧੧੩॥

੩੮੦-ਕਮਲ, ਕੇਸਰ, ਕਮਲ ਤੇ ਨਸਪਾਲ, ਚਾਵਲਾਂ ਦੇ ਪਾਣੀ ਨਾਲ ਪੀਵੇ ਤਾਂ ਤਾਪ ਅਤੀਸਾਰ ਨਾਸ ਕਰੇ (ਖਿਪ-ਪਾਵੇ)॥ ੧੧੩॥

ਘਨ ਉਸੀਰ ਬਾਲਾ ਗਹੋ, ਧਨੀਯਾ ਬਿੱਲ ਜੁ ਧਾਇ।
ਲੋਧ ਮੰਜਿਸਟਾ ਸੁੰਠ ਲੈ, ਕ੍ਵਾਥ ਕਰੋ ਸੁ ਬਨਾਇ ॥੧੧੪॥
ਪੀਵਤ ਪਾਚਨ ਕਰਤ ਹੈ, ਅਤੀਸਾਰ ਜੁਰ ਸੰਗ।
ਕਬਜ ਬੇਦਨਾ ਜਾਤ ਹੈ, ਅਤੀਸਾਰ ਸਭ ਭੰਗ ॥੧੧੫॥

੩੮੧-ਮੋਥਾ, ਖੱਸ, ਮੁਸਕਬਾਲਾ, ਧਨੀਆਂ, ਬਿੱਲਗਿਰੀ, ਧਾਵੇ, ਲੋਧ, ਮਜੀਠ ਤੇ ਸੁੰਢ, ਕਾੜ੍ਹਾ ਕਰਕੇ ਪੀਵੇ ਤਾਂ ਪਾਚਨ ਕਰੇ, ਤਾਪ, ਅਤੀਸਾਰ ਤੇ ਕਬਜ ਸਭ ਨੂੰ ਨਾਸ਼ ਕਰੇ ॥ ੧੧੪ ॥ ੧੧੫ ॥

ਸਰਬ ਅਤੀਸਾਰੇ ਤ੍ਰਿਦੋਖ ਲੱਛਣ-ਸੋਰਠਾ

ਬਾਤ ਪਿੱਤ ਕਫ ਜਾਨ, ਤੀਨੋ ਕੇ ਲੱਛਣ ਮਿਲਤ।
ਨਿਸਚੈ ਮਨ ਮੈ ਆਨ, ਤੀਨ ਦੋਖ ਅਤਿਸਾਰ ਬਹੁ ॥੧੧੬॥

ਬਾਤ ਦੇ, ਪਿੱਤ ਦੇ, ਕਫ ਦੇ ਤਿੰਨਾਂ ਦੇ ਲੱਛਣ ਇਕ ਥਾਂ ਮਿਲ ਜਾਨ ਤਾਂ ਉਸਨੂੰ ਤ੍ਰਿਦੋਖ ਕਿਹਾ ਜਾਂਦਾ ਹੈ, ਸੋ ਤ੍ਰਿਦੋਖ ਦੇ ਅਤੀਸਾਰ ਕਹਾਉਂਦੇ ਹਨ ॥੧੧੬॥

ਅਤੀਸਾਰ ਉਪਾਇ (ਵੰਗਸੇਨਾਤ)-ਚੌਪਈ

ਅਤਿਬਿਖ ਮੁਸਤਾ ਸੁੰਠੀ ਧਾਇ। ਮਜੀਠ ਗ੍ਰਾ ਹ੍ਰੂਬੇਰ ਕਹਾਇ।

Digitized by Panjab Digital Library | www.panjabdigilib.org

ਬਿਲ ਕੁੜਾ ਇੰਦ੍ਰ ਜੌ ਦੇਇ। ਕ੍ਰਾਥ ਕਰੀ ਪੀਵਨ ਕੋਂ ਲੇਇ ॥੧੧੭॥
ਬਾਤ ਪਿੱਤ ਕਫ ਮਿਟ ਅਤਿਸਾਰ। ਸੋਥ ਸੂਲ ਤ੍ਰਿਸਨਾ ਸੁਖਕਾਰ।
ਅਤੀਸਾਰ ਜੁਰ ਜਾਵਤ ਸਹੀ। ਬੰਗ ਸੈਨ ਤੇ ਮੋਘੈ ਕਹੀ ॥੧੧੮॥

੩੯੨-ਪਤੀਸ, ਮੋਥਾ' ਸੁੰਢ ਧਾਵੇ, ਮਜੀਠ, ਸੁਗੰਧਬਾਲਾ, ਬਿਲਕਥ, ਕੁੜਾ ਤੇ ਇੰਦ੍ਰਜੌਂ, ਕਾਹੜਾ ਕਰਕੇ ਦੇਵੇ ਤਾਂ ਤ੍ਰਿਦੋਖਾਤੀਸਾਰ, ਸੋਜ, ਸੂਲ, ਪਯਾਸ, ਜ੍ਵਰਾਤਿਸਾਰ ਸਭ ਨੂੰ ਨਾਸ ਕਰੇ॥੧੧੭॥੧੧੮॥

ਹਰੜ ਨਾਗਰਾ ਘਨ ਗੁੜ ਪਾਇ। ਗੁਟੀ ਕਰੀਨੈ ਖਾਵੇ ਸਾਇ।
ਬਾਤ ਪਿੱਤ ਕਫ ਮਿਟ ਅਤਿਸਾਰ। ਬੰਗਸੈਨ ਤੇ ਲਈ ਨਿਕਾਰ॥੧੧੯॥

੩੯੩-ਹਰੜ, ਸੁੰਢ ਤੇ ਮੋਥਾ, ਦੂਣਾ ਗੁੜ ਪਾਕੇ ਗੋਲੀ ਬੰਨੇ ਅਰ ਖਾਵੇ ਤਾਂ ਤ੍ਰਿਦੋਖ ਦੇ ਅਤੀਸਾਰ ਨਾਸ ਕਰੇ ॥੧੧੯॥

ਊਖਣਾ ਚਿੱਤ੍ਰਾ ਕੜੂ ਪਤੀਸ। ਇੰਦ੍ਰ ਜੌਂ ਨੈਪਾਲੀ ਦੀਸ।
ਨਿੰਬ ਭੰਗਰਾ ਪਾਠਾ ਜਾਨ। ਦਾਲਨਿਸਾ ਜੋ ਬਲਾ ਸਮਾਨ ॥੧੨੦॥
ਸਭਨਿ ਸਮਾਨ ਕੁੜਾ ਲੈ ਪਾਇ। ਚੂਰਨ ਕੀਜੈ ਬਿਧ ਸੋ ਲਯਾਇ।
ਤੰਦੁਲ ਜਲ ਵਾ ਮਧੁ ਸੌਂ ਚਾਟ। ਅਤੀਸਾਰ ਸਭ ਬਾਰਾ ਬਾਟ ॥੧੨੧॥
ਪਾਚਨ ਤ੍ਰਿਸਨਾ ਜੁਰ ਅਤੀਸਾਰ। ਕਮਲਬਾਤ ਗ੍ਰਹਨੀ ਦੁਖ ਹਾਰ।
ਗੁਲਾਮ ਅਫਾਰਾ ਪਾਂਡੂ ਜੋ ਰੋਗ। ਮੋਹ ਸ੍ਵਾਸ ਕਾਸਾ ਕੇ ਖੋਗ ॥੧੨੨॥

੩੯੪-†ਮ੍ਰਿਚ, ਚਿਤ੍ਰਾ, ਕੜੂ ਪਤੀਸ, ਅਿੰਦ੍ਰ ਜੌਂ, ਚਿਰੈਤਾ, ਨਿੰਮ, ਭਾਂਗਰਾ, ਪਾਠਾ, ਦਾਰਹਲਦੀ ਤੇ ਖਰੈਟੀ, ਸਮਾਨ ਭਾਗ। ਸਭ ਦੇ ਸਮਾਨ ਕੁੜਾ ਦਾ ਸੱਕ ਪਾ ਕੇ ਚੂਰਣ ਕਰ ਅਰ ਚਾਵਲਾਂ ਦੇ ਪਾਣੀ ਯਾ ਸ਼ਹਿਤ ਨਾਲ ਖਾਵੇ ਤਾਂ ਸਭ ਪ੍ਰਕਾਰ ਦੇ ਅਤੀਸਾਰ ਨਾਸ਼ ਕਰੇ, ਪਾਚਨ ਕਰੇ, ਪਯਾਸ, ਤਾਪ, ਅਤੀਸਾਰ ਘ੍ਰਕੀ, ਵਾਯੂ, ਸੰਗ੍ਰਹਿਣੀ, ਗੋਲਾ, ਅਫਾਰਾ, ਅਫਾਰਾ, ਪਾਂਡੂ, ਮੋਹ, ਸਵਾਸ, ਖਾਂਸੀ ਇਤਯਾਦੀ ਨਾਸ਼ ਕਰੇ ॥੧੨੦॥੧੨੧॥੧੨੨॥

ਗੋਲੀ

ਪੱਤਰ ਬੇਰੀ ਗੁਰੂ ਆਨ। ਜੀਰਨ ਖੋਪਾ ਜਾਫਲ ਠਾਨ।
ਅੰਮਬੀਜ ਅਹਿਫੇਨ ਮਗਾਇ। ਪੋਸਤਜਲ ਸੋਂ ਗੁਟੀ ਬੰਧਾਇ ॥੧੨੩॥
ਰਤੀ ਤੀਨ ਗੋਲੀ ਕਾ ਮਾਨ। ਤੰਦੁਲ ਜਲ ਸੋਂ ਕਰਿ ਜੋ ਪਾਨ।
ਅਤੀਸਾਰ ਸਾਰੇ ਟਰ ਜਾਂਹਿ। ਮੇਘ ਬਿਨੋਦੈ ਭਾਖੀ ਯਾਹਿ ॥੧੨੪॥

੩੯੫-ਬਰੀ ਦੇ ਪੱਤ੍ਰ, ਗੇਰੂ, ਪੁਰਾਣਾ ਖੋਪਾ ਅਰਥਾਤ ਗਰੀ, ਜਾਯਫਲ, ਅੰਬ ਦੀ ਗਿਟਕ ਤੇ ਅਫੀਮ, ਪੋਸਤ ਦੇ ਪਾਣੀ ਨਾਲ ੩ ਰਤੀ ਦੀ ਗੋਲੀ ਕਰਕੇ ਚਾਵਲਾਂ ਦੇ ਪਾਣੀ ਨਾਲ ਖੁਲਾਵੇ ਤਾਂ ਸਭ

---

†ਊਖਣ ਕਰਕੇ ਮਿਰਚ ਹੈ, ਪਰੰਤੂ ਏਥੇ ਤ੍ਰਿਕੁਟਾ ਪਾਵੇ।

Digitized by Panjab Digital Library | www.panjabdigilib.org

ਅਤੀਸਾਰ ਨਾਸ ਕਰੇ ॥੧੨੩॥੧੨੪॥

ਸਰਬ ਅਤੀਸਾਰੇ ਗੰਗਾਧਰ ਨਾਮ ਰਸ

ਗੰਧਕ ਪਾਰਾ ਛਰਾ ਪਤੀਸ । ਕੁਸਮ ਕੀਕਰੀ ਆਫੂ ਲੀਸ ।
ਬਿਲਕਥ ਲੋਧ ਜਲਦ ਲੈ ਧਾਇ।ਜਵ ਇੰਦਰ ਅਬ ਗਿਟਕ ਥਾਇ।
ਨੇਤ੍ਰਬਾਲਾ ਮੋਚਰਸਾਇ । ਜਾਤੀ ਫਲ ਮੇਲੋ ਸਮ ਭਾਇ ।
ਪੀਸ ਪੋਸਤ ਜਲਪੁਟ ਚਾਰ । ਤੀਨ ਦਿਵਸਲੌਂ ਖਰਲ ਬੀਚਾਰ ॥੧੨੫॥
ਤੰਦੁਲ ਜਲ ਸੋਂ ਬਲ ਪਰਮਾਨ । ਮਠਾ ਭਾਤ ਦੀਜੈ ਨਿਸ ਖਾਨ ।
ਅਤੀਸਾਰ ਸਭ ਹੀ ਮਿਟ ਜਾਇ । ਸੰਗ੍ਰਹਨੀ ਕੀ ਜਰ ਕਟਵਾਇ ॥੧੨੬॥

੩੮੬-ਗੰਧਕ, ਪਾਰਾ, ਛੜ, ਪਤੀਸ, ਕਿਕਰ ਦੇ ਫੁਲ, ਅਫੀਮ, ਬਿਲਕਥ, ਲੋਧ, ਮੋਥਾ ਧਾਵੇ, ਇੰਦ੍ਰਜੌਂ, ਅੰਬ ਦੀ ਗਿਟਕ, ਨੇਤ੍ਰਬਾਲਾ, ਮੋਚਰਸ ਤੇ ਜਾਫਲ ਪੀਹਕੇ ਪੋਸਤ ਦੇ ਪਾਣੀ ਦੀਆਂ ੪ ਪੁਠਾਂ ਦੇਵੇ, ੩ ਦਿਨ ਤਕ ਖਲ੍ਹ ਕਰੇ, ਫਿਰ ਚਾਵਲਾਂ ਦੇ ਪਾਣੀ ਨਾਲ ਹੀ ੩ ਰਤੀ ਪ੍ਰਮਾਣ ਖੁਲਾਵੇ ਅਰ ਦਹੀਂ ਚੌਲ ਪਥ ਕਰੇ ਤਾਂ ਸਭੋ ਅਤੀਸਾਰ ਨਾਸ ਕਰੇ ॥੧੨੫॥੧੨੬॥

ਲੀਲਾਵਤੀ ਗੋਲੀ ਸਰਬ ਅਤੀਸਾਰੇ-ਦੋਹਰਾ

ਮਰਚ ਮਸਤਕੀ ਖਰੈਹਟੀ, ਲੋਧ ਲੋਚਨਾ ਬੰਸ ।
ਆਂਬ ਬੀਜ ਦਾਰਮ ਕਲੀ, ਮਾਜੂ ਮਾਈ ਤੰਸ ॥ ੧੨੭ ॥
ਧਾਇ ਕੱਬੁ ਬਤਸਕ ਗਹੋ, ਟੰਕ ਟੰਕ ਸਭ ਲੇਇ ।
ਟੰਕ ਤੀਨ ਆਫੂ ਕਹੀ, ਪੋਸਤ ਜਲੈ ਪਿਸੇਇ ॥੧੨੮॥
ਕੋਕਨ ਸਮ ਗੋਲੀ ਕਰੋ, ਤੰਦੁਲ ਜਲ ਸੋ ਖਾਇ ।
ਅਤੀਸਾਰ ਸਭ ਹੀ ਮਿਟਤ, ਸਾਚੀ ਕਹੀ ਬਨਾਇ ॥ ੧੨੯ ॥

੩੮੭-ਮਿਰਚ, ਮਸਤਕੀ, ਖਰੈਟੀ, ਲੋਧ, ਤਬਾਸੀਰ, ਅੰਬ ਦੀ ਗਿਟਕ, ਅਨਾਰ ਦੀਆਂ ਕਲੀਆਂ ਮਾਜਫੂਲ, ਮਾਂਈਂ, ਧਾਵੇ ਦੇ ਫੁਲ, ਕਥ ਤੇ ਇੰਦ੍ਰ ਜੌਂ ਇਹ ਸਭ ੪-੪ ਮਾਸੇ ਅਰ ਅਫੀਮ ੧੨ ਮਾਸੇ ਪਾਕੇ ਪੋਸਤ ਦੇ ਜਲ ਨਾਲ ਘੋਟਕੇ ਕੋਕਨ ਬੇਰ ਪ੍ਰਮਾਣ ਗੋਲੀ ਬਣਾ ਰਖੇ, ਸਮਯ ਪਰ ਇਕ ਗੋਲੀ ਚੋਲਾਂ ਦੇ ਪਾਣੀ ਨਾਲ ਖੁਆਵੇ ਤਾਂ ਸਭ ਪ੍ਰਕਾਰ ਦੇ ਅਤੀਸਾਰ ਨਾਸ ਕਰੇ ॥੧੨੭॥੧੨੮॥੧੨੯॥

ਅਨੰਦ ਭੈਰਵ ਰਸ ਸਰਬ ਅਤੀਸਾਰ ਕੋ-ਪਰਹਾ

ਸਿੰਗਰਫ ਮਰਚਾ ਪੀਪਰ ਆਨ ਸੁਹਾਗਹੀ ।
ਮਿਠਾ ਪੀਸੋ ਜਾਨ, ਦਿਵਸ ਤ੍ਰਿਕ ਲਾਗਹੀ ।
ਕੁੜਾ ਕ੍ਰਾਥ ਸੰਗਿ ਦੇਇ, ਜੁ ਗੁੰਜਾ ਦੋ ਕਹੀ ।
ਅਤੀਸਾਰ ਸਭ ਜਾਇ, ਸੁ ਜਾਨੋ ਏ ਸਹੀ ॥ ੧੩੦ ॥

Digitized by Panjab Digital Library | www.panjabdigilib.org

੩੮੮–ਸਿੰਗ੍ਰਫ, ਮਿਰਚਾਂ, ਮਘਾਂ, ਸੁਹਾਗਾ, ਮਿਠਾ ਤੇਲੀਆ ਲੈਕੇ ਸਭਨਾਂ ਨੂੰ ੩ ਦਿਨ (ਅਦ੍ਰਿਕ ਦੇ ਰਸ ਵਿਚ) ਖਰਲ ਕਰੇ ਫਿਰ ਕੁੜਾ ਦੇ ਕ੍ਵਾਥ ਨਾਲ ੨ ਰਤੀਆਂ ਖੁਆਵੇ, ਸਭੇ ਅਤੀਸਾਰ ਸਭ ਪ੍ਰਕਾਰ ਦੀ ਬਾਤ ਨਾਸ ਹੋਵੇ ॥੧੩੦॥

ਅਤੀਸਾਰ ਕੋ ਪਾਣੀ–ਦੋਹਰਾ

ਅਰਧ ਅੰਸ ਚਤੁਰਾਂਸ ਅਠ, ਅਤੀਸਾਰ ਜਲ ਜਾਨ।
ਜਿਮ ਚੜਤਾ ਜਲ ਦੀਜੀਏ ਅਤੀਸਾਰ ਗੁਨ ਠਾਨ ॥੧੩੧॥
ਕਨਕ ਘੁੰਘਨੀ ਮਸੁਰਕਾ, ਅੱਖਯਤ ਕਾ ਜਲ ਦੇਇ।
ਸਰਬ ਜਾਤ ਅਤੀਸਾਰ ਹੀ, ਇਨਹੀ ਕੌ ਹਿਤ ਲੇਇ ॥ ੧੩੨ ॥

੩੮੯–ਸੜਕੇ ਅੱਧਾ ਰਿਹਾ, ਚੌਥਾ ਹਿੱਸਾ ਬਾਕੀ ਰਿਹਾ ਤੇ ਅਠਵਾਂ ਹਿਸਾ ਰਿਹਾ ਪਾਣੀ ਅਤੀਸਾਰ ਵਾਲੇ ਨੂੰ ਪੀਣ ਦੇਣਾ ਸਰੇਸ਼ਟ ਹੈ। ਹੋਰ ਕਣਕ ਦੀਆਂ ਘੁੰਗਣੀਆਂ ਦਾ ਜਲ, ਰਿੰਨੇ ਮਸਰਾਂ ਦਾ ਜਲ ਅਤੇ ਭੇਵੇਂ ਚਾਵਲਾਂ ਦਾ ਜਲ ਭੀ ਅਤੀਸਾਰਾਂ ਨੂੰ ਪਥ ਰੂਪ ਹੈ ॥੧੩੧॥੧੩੨॥

ਅਤੀਸਾਰਾਂ ਕੋ ਪੱਥ–ਸੰਕਰ

ਲੈ ਮੂੰਗ ਚਾਵਲ ਮਠਾ ਮਸੁਰੀ, ਬਿੱਲ ਜੀਰ ਪਨੀਰ।
ਲਵਨ ਸੇਂਧਾ ਪਿੱਛ ਤੱਕ੍ਰਹਿ, ਬਮਨ ਲੰਘਨ ਭੀਰ।
ਜਾਮਣੂ ਸੱਠੀ ਪੁਰਾਨੀ, ਬੋਝ ਰਹਤ ਅਨਾਜ।
ਦਾੜਮ ਚੰਗੇਰੀ ਨੀਂਦ ਰਾਤਰ, ਇਹੀ ਪੱਥ ਸੁ ਸਾਜ ॥੧੩੩॥

੩੯੦–ਮੂੰਗੀ, ਚਾਵਲ, ਮਠਾ, ਮਸਰ, ਬਿਲਗਿਰੀ, ਜੀਰਾ, ਪਨੀਰ, ਸੇਂਧਾਲੂਣ, ਪਿਛ, ਲਸੀ, ਕੈ, ਫਾਕਾ, ਜਾਮਣ, ਪੁਰਾਣੀ ਸਠੀ, ਹਲਕੇ ਅੰਨ, ਅਨਾਰ, ਸੇਂਚਲ ਦਾ ਸਾਗ, ਰਾਤ ਦਾ ਸੌਣਾ, ਇਹ ਅਤੀਸਾਰ ਵਾਲੇ ਨੂੰ ਸੇਵਨ ਕਰਨੇ ਪਥਯ ਹਨ ॥੧੩੩॥

ਮਾਖ ਪਿਸਟੀ ਮਦਯ ਭਾਰੀ, ਅੰਨ ਮੂਰ ਨਾ ਖਾਇ।
ਸ੍ਰਮੁ ਜੁ ਮਾਰਗ ਰਕਤ ਮੋਖਨ, ਚਿਕਨ ਅਗਨ ਤਪਾਇ।
ਸੰਗ ਬਨਤਾ ਮਰਦਨੰ ਅਵਗਾਹਨੰ ਇਸਨਾਨ।
ਜੁੱਧ ਕ੍ਰੋਧ ਬਿਯਾਮ ਜਾਗਨ, ਆਪਥਹਿ ਇਮ ਮਾਨ ॥੧੩੪॥

੩੯੧–ਮਾਂਹ ਦੀ ਪੀਠੀ, ਮਦਰਾ, ਭਾਰਾ ਅੰਨ, ਥਕੇਵਾਂ, ਪੈਂਡਾ ਤੁਰਨਾ, ਲਹੂ ਕਢਾਣਾ, ਚੀਕਣਾ ਭੋਜਨ, ਅੱਗ ਸੇਕਣਾ, ਇਸਤ੍ਰੀ ਦਾ ਸੰਗ, ਮਾਲਸ਼, ਤਰਨਾ, ਇਸ਼ਨਾਨ, ਜੁਧ, ਕ੍ਰੋਧ, ਕਸਰਤ ਤੇ ਜਾਗਣਾ ਇਹ ਅਤੀਸਾਰ ਵਾਲੇ ਨੂੰ ਸਭ ਕੁਪਥ ਹਨ ॥੧੩੪॥

ਸੰਗ੍ਰਹਿਣੀ ਰੋਗ ਨਿਦਾਨ–ਚੌਪਈ

ਕੌੜਾ ਤਿਕਤ ਕਸੈਲਾ ਸੀਤ। ਅਤੀਸਾਰ ਤੇ ਜਾਨੋ ਮੀਤ।
ਰੂਖਾ ਚਿਕਨਾ ਬਹੁਤਾ ਖਾਇ। ਪੰਚ ਜਾਤ ਸੰਗ੍ਰਹਿਨੀ ਥਾਇ ।੧੩੫।

Digitized by Panjab Digital Library | www.panjabdigilib.org

ਕੌੜਾ, ਤਿਕਤ, ਕਸੇਲੇ ਤੇ ਠੰਢੇ ਪਦਾਰਥ, ਅਤੀਸਾਰ ਹਟੇ ਪਿਛੋਂ ਸੇਵਨ ਕਰੇ ਯਾ ਖੁਸ਼ਕ ਚੀਕਣੇ ਬਹੁਤੇ ਖਾਵੇ ਤਾਂ ਇਸਤੇ ੫ ਪ੍ਰਕਾਰ ਦੀ ਸੰਗ੍ਰਹਿਣੀ ਉਤਪੰਨ ਹੁੰਦੀ ਹੈ ॥੧੩੫॥

ਬਾਤ ਸੰਗ੍ਰਹਿਣੀ ਲੱਛਣ

ਸੂਕੀ ਗੀਲੀ ਮੈਲ ਪੜਾਇ। ਦੁਖ ਸੋਂ ਝਾਗ ਸਬਦ ਕਰਵਾਇ।
ਵਾ ਪਤਲੀ ਵਾ ਬਾਰਹਿ ਬਾਰ। ਪੀਰਤ ਗ੍ਰਹਨੀ ਬਾਤ ਸੁ ਧਾਰ ।੧੩੬।
ਅੰਨ ਨ ਪਚਤਾ ਉਦਰ ਮਝਾਰ। ਤਾਂ ਤੇ ਕਾਚੀ ਹੋਇ ਹਗਾਰ।
ਮਾਧਵ ਤੇ ਲੱਛਨ ਏ ਕਹੇ। ਐਸੇ ਮੁਖ ਗੁਰ ਕੇ ਤੇ ਲਹੇ ॥੧੩੭॥

ਸੁੱਕੀ ਕਦੇ ਗਿੱਲੀ ਮਲ ਝੜੇ, ਦੁਖ ਨਾਲ ਝੱਗਦਾਰ ਕਦੇ ਗੁੜ ੨ ਯਾ ਪਿੜ ੨ ਸ਼ਬਦ ਕਰਦਾ ਯਾਂ ਪਤਲੀ ਯਾਂ ਬਾਰ ੨ ਝੜੇ ਤਾਂ ਇਹ ਬਾਤ ਸੰਗ੍ਰਹਣੀ ਕਹਾਉਂਦੀ ਹੈ। ਪੇਟ ਵਿਚ ਅੰਨ ਨਹੀਂ ਪਚਦਾ ਇਸ ਤੇ ਹੱਗਣ ਕੱਚਾ ਹੀ ਹੁੰਦਾ ਹੈ ॥੧੩੬॥੧੩੭॥

ਬਾਤ ਸੰਗ੍ਰਹਣੀ ਉਪਾਇ(ਵੰਗਸੇਨਾਤ)ਪੀਪਰਾਦਿ ਚੂਰਣ

ਪੀਪਰ ਬਯਾਘ੍ਰੀ ਬ੍ਰਹਤੀ ਪਾਠ। ਜਵਹਿਖਾਰ ਕਾਲਿੰਗ ਕਮਾਠ।
ਸਟੀ ਸਾਰਵਾ ਚਿੱਤ੍ਰਕ ਜਾਨ। ਪਾਂਚ ਲੂਨ ਮੇਲੋ ਤੁਮ ਆਨ ॥੧੩੮॥
ਚੂਰਨ ਕਰ ਤੱਕ੍ਰਹਿ ਸੋਂ ਖਾਇ। ਜਾਵਤ ਗ੍ਰਹਿਨੀ ਜੋ ਹੈ ਬਾਇ।
ਮਿਟਤ ਅਪਚਿ ਅਰੁਭੂਖਲਗਾਇਚੂਰਨ ਪੀਪਰ ਆਦਿ ਕਹਾਇ੧੩੯॥

੩੯੨-ਮਘ, ਛੋਟੀ ਤੇ ਵਡੀ, ਦੋਨੋਂ ਕੰਡਿਆਰੀਆਂ, ਪਾਠਾ, ਜੌਂਖਾਰ, ਇੰਦ੍ਰਜੌਂ, ਕਚੂਰ, ਉਸ਼ਬਾ ਚਿਤਰੇ ਦੀ ਛਿਲ ਅਤੇ ਪੰਜੇ ਲੂਣ ਇਹਨਾਂ ਸਭਨਾਂ ਦਾ ਕੁਟਕੇ ਚੂਰਨ ਕਰ ਲਵੇ, ਫਿਰ ਲਸੀ ਨਾਲ ਖੁਆਵੇ ਤਾਂ ਬਾਤ ਦੀ ਸੰਗ੍ਰਹਿਣੀ ਨਾਸ ਹੋਵੇ, ਅਪਚੀ ਹਟਾਕੇ ਭੁਖ ਲਗਾਏ ॥੧੩੮॥

ਪਰਹਾ

ਧਨੀਯਾਂ ਨੇਤ੍ਰਮਾਲ, ਪਤੀਸ ਜਵਾਇਨੀ।
ਸੰਠੀ ਬਾਲਾ ਮੁਸਤਾ, ਬਿੱਲ ਮੰਗਾਇਨੀ।
ਲਿਹੁ ਪਰਨੀ ਦੋ ਜਾਨ, ਕ੍ਵਾਥ ਕਰਿ ਦੀਜੀਏ।
ਪਾਚਨ ਬਾਤ ਜੁ ਗ੍ਰਹਨੀ, ਛਰਦ ਮਿਟੀਜੀਏ ॥੧੪੦॥

੩੯੩-ਧਨੀਆਂ,ਨੇਤ੍ਰਬਾਲਾ,ਪਤੀਸ, ਅਜਵਾਇਣ,ਸੁੰਢ, ਸੁਗੰਧਬਾਲਾ, ਨਾਗਰ ਮੋਥਾ ਬਿਲਗਿਰੀ ਤੇ ਦੋਨੋਂ ਪਰਣੀਆਂ ਅਰਥਾਤ ਸਾਲਪਰਨੀ ਤੇ ਪ੍ਰਿਸਟਪਰਣੀ, ਸਮਾਨ ਭਾਗ ਲੈਕੇ ਕਾਹੜਾ ਕਰੇ ਅਰ ਪਿਲਾਵੇ ਤਾਂ ਪਾਚਨ ਕਰੇ ਅਰ ਬਾਤ ਦੀ ਸੰਗ੍ਰਹਣੀ ਅਤੇ ਉਲਟੀ ਨਾਸ ਕਰੇ ॥੧੪੦॥

ਸੋਰਠਾ

ਹਿੰਗੁ ਜੁ ਕੁੜਾ ਪਤੀਸ, ਬਚ ਸੌਂਚਰ ਅਨੁਪਾ ਗਹੋ।
ਉਸਨ ਨੀਰ ਪਿਵ ਪੀਸ, ਗਹਨੀ ਬਾਤ ਜੁ ਛਰਦ ਮਿਟ ॥੧੪੧॥

Digitized by Panjab Digital Library | www.panjabdigilib.org

੩੯੪–ਹਿੰਗ ਦੀ ਭੁੰਨੀ ਹੋਈ, ਕੁੜਾਸਕ, ਪਤੀਸ, ਵਚ ਸੌਂਚਲਲੂਣ ਤੇ *ਧਨੀਆਂ ਇਹਨਾਂ ਨੂੰ ਪੀਹਕੇ ਗਰਮ ਪਾਣੀ ਨਾਲ ਸੇਵਨ ਕਰੇ ਤਾਂ ਬਾਤ ਦੀ ਸੰਗ੍ਰਹਿਣੀ ਅਰ ਉਲਟੀਆਂ ਨੂੰ ਬੰਦ ਕਰੇ॥੧੪੧॥

ਸ਼ੰਕਰ

ਬੀਜ ਕੁਟਜੰ ਪੀਪਰੀ ਲੈ, ਨਾਗਰੰ ਜਵਖਾਰ।
ਦੋਇ ਬ੍ਰਿਹਤੀ ਸਾਰਵਾ, ਪਚ ਲੂਣ ਪਾਠਾ ਧਾਰ।
ਅਗਨ ਪੀਸੀ ਦਧ ਸੁਰਾਮੰਡ, ਆਰਨਾਲੈ ਸੰਗ।
ਬਾਤ ਗ੍ਰਹਿਨੀ ਜਾਤ ਅਪਕ, ਸੁ ਭਲੋ ਚੂਰਨ ਰੰਗ ॥੧੪੨॥

੩੯੫–ਇੰਦ੍ਰਜੌਂ, ਮਘਾਂ, ਸੁੰਢ, ਜੌਂਖਾਰ ਦੋਨੋਂ ਕੰਡਿਆਰੀਆ, ਉਸ਼ਬਾ ਪੰਜੇ ਲੂਣ, ਪਾਰਾ ਤੇ ਚਿਤਰਾ ਪੀਹ ਕੇ ਦਹੀਂ, ਸ਼ਰਾਬ, ਪਿਠ ਜਾਂ ਕਾਂਜੀ ਨਾਲ ਖਾਵੇ ਤਾਂ ਬਾਤ ਸੰਗ੍ਰਹਿਣੀ, ਅਪਚੀ ਨਾਸ ਕਰੇ ॥੧੪੨॥

ਚੂਰਣ–ਚੌਪਈ

ਬਸ਼ੇਖ ਹਿੰਗੁ ਜੀਰੇ ਜੁਗ ਪਾਇ। ਸੈਂਧਾ ਅਜਵਾਨੀ ਮੰਗਵਾਇ।
ਨੀਰਹਿ ਸੰਗ ਅਪਚ ਕੋ ਭੰਗ। ਬਾਤ ਜੁ ਗ੍ਰਹਿਨੀ ਜਾਵਤ ਰੰਗ॥੧੪੩॥

੩੯੬–ਮਘ, ਮਿਰਚ, ਸੁੰਢ, ਹਿੰਗ, ਦੋਨੋਂ ਜੀਰੇ, ਸੇਂਧਾਲੂਣ, ਅਜਵੈਣ ਪੀਹਕੇ ਪਾਣੀ ਨਾਲ ਫਕੇ ਤਾਂ ਅਪਚੀ ਬਾਤ ਸੰਗ੍ਰਹਿਣੀ ਜਾਵੇ ॥੧੪੩॥

ਗੋਲੀ

ਪੀਪਰ ਗੁੜ ਬਿਜੀਆ ਲੈ ਪਾਇ। ਤਾਂਕੀ ਗੋਲੀ ਕਰੋ ਬਨਾਇ।
ਘੀਉ ਸਹਿਤ ਤਿਸ ਪਾਨ ਕਰਾਇ। ਸੰਗ੍ਰਹਨੀ ਜਾਵਤ ਜੋ ਬਾਇ॥੧੪੪॥

੩੯੭–ਮਘ, ਗੁੜ ਤੇ ਭੰਗ ਪੀਹਕੇ ਗੋਲੀ ਕਰੇ, ਘਿਉ ਸਮੇਤ ਖੁਲਾਵੇ ਤਾਂ ਬਾਤ ਸੰਗ੍ਰਹਿਣੀ ਦੂਰ ਕਰੇ ॥੧੪੪॥

ਚਿਤ੍ਰਕਾਦਿ †ਗੋਲੀ–ਚੌਪਈ

ਲਵਨ ਪਾਂਚ ਦੋ ਖਾਰ ਮਿਲਾਇ। ਚਿੱਤ੍ਰਕ ਤ੍ਰਿਕੁਟਾ ਹਿੰਗੁ ਬਨਾਇ।
ਅਜਮੋਦਾ ਗ੍ਰੰਥਕ ਚਬ ਕਾਨ। ਮਾਤਲੁੰਗ ਦਾੜਮ ਰਸ ਠਾਨ ॥੧੪੫॥
ਗੋਲੀ ਕੀਜੈ ਪੀਸ ਬਨਾਇ। ਕਰਖ ਏਕ ਕਾ ਵਜਨ ਕਰਾਇ॥
ਪਚਤਆਮ ਸੰਗ੍ਰਹਨੀ ਬਾਇ। ਅਤੀਸਾਰ ਸਭ ਦੂਰ ਪਰਾਇ ॥੧੪੬॥

---

*ਅਨੁਪਾ-ਦੇ ਥਾਂ ਲਿਖਤ ਦੇ ਪੁਸਤਕ ਵਿਚ ਪਾਠ 'ਧਨੀਆਂ' ਹੈ, ਵਾਸਤਵ ਵਿਚ ਅਨੁਪਾ ਨਾਮ ਭੀ ਧਨੀਏ ਦਾ ਹੀ ਹੈ।

†ਨੋ: ੩੯੮ ਤੋਂ ੪੦੫ ਤਕ ਪ੍ਰਯੋਗ ਵੰਗਸੇਨ ਦੇ ਹਨ।

Digitized by Panjab Digital Library | www.panjabdigilib.org

੩੯੮–ਪੰਜੇ ਲੂਣ, ਦੋਨੋਂ ਖਾਰਾਂ (ਸਜੀ, ਜੌਂਖਾਰ) ਚਿਤ੍ਰਾ, ਤ੍ਰਿਕੁਟਾ ਹਿੰਗ, ਅਜਮੋਦਾ, ਪਿਪਲਾ ਮੂਲ, ਚਬ, ਚਕੋਧਰੇ ਤੇ ਅਨਾਰ ਦੇ ਪਾਣੀ ਨਾਲ ਪੀਹਕੇ ਗੋਲੀ ੧ ਤੋਲੇ ਦੀ ਕਰੇ, ਖਾਵੇ ਤਾਂ ਬਾਤ ਸੰਗ੍ਰਹਿਣੀ ਸਭ ਪ੍ਰਕਾਰ ਦੇ ਅਤੀਸਾਰ ਦੂਰ ਕਰੇ ॥੧੪੦॥੧੪੬॥

ਪੰਜ ਲਵਨ–ਚੂਰਣ

ਸੇਂਧਾ ਸੌਂਚਰ ਬਿੜ ਲੈ ਸਾਗਰ। ਸਾਂਭਰ ਮੇਲੀ ਅਗਨ ਪਕਾਕਰ।
ਪੀਵੈ ਤੱਕ੍ਰਹਿ ਸੰਗ ਮਿਲਾਇ। ਬਾਤ ਸੰਗ੍ਰਹਨੀ ਛਿਨ ਮੈਂ ਜਾਇ॥੧੪੭॥

੩੯੯–ਸੇਂਧਾਲੂਣ, ਸੌਂਚਰਲੂਣ, ਬਿੜਲੂਣ, ਸਮੁੰਦ੍ਰਲੂਣ ਤੇ ਸਾਂਭਰ ਲੂਣ ਮਿਲਾਕੇ ਅਗਨੀ ਤੇ ਪਕਾਕੇ ਫਿਰ ਲਸੀ ਵਿਚ ਪਾਕੇ ਪੀਵੇ ਤਾਂ ਬਾਤ ਸੰਗ੍ਰਹਿਣੀ ਸ਼ੀਘਰ ਹੀ ਨਾਸ ਹੋਵੇ ॥੧੪੭॥

ਕ੍ਵਾਥ–ਸੋਰਠਾ

ਸਾਲਪਰਣਿ ਲੈ ਸੁੰਠ, ਧਨੀਯਾਂ ਬਿੱਲ ਬਲਾ ਗਹੋ।
ਪੀਵੋ ਕ੍ਵਾਥੀ ਗੁੰਠ, ਬਾਤ ਜੁ ਗ੍ਰਹਿਨੀ ਜਾਤ ਹੈ ॥ ੧੪੮ ॥

੪੦੦–ਸਾਲ ਪਰਣੀ, ਸੁੰਢ, ਧਨੀਆਂ, ਬਿਲਗਿਰੀ, ਖਰੈਟੀ, ਕਾਹੜਾ ਕਰਕੇ ਪੀਵੇ ਤਾਂ ਬਾਤ ਸੰਗ੍ਰਹਿਣੀ ਜਾਵੇ ॥੧੪੮॥

ਪਿਤ ਸੰਗ੍ਰਹਿਣੀ ਲੱਛਣ–ਦੋਹਰਾ

ਤੀਖਨ ਕਟੁਕ ਜੁ ਦਾਹ ਤ੍ਰਿਟ, ਪੀਤ ਨੀਲ ਬਿਟ ਜਾਨ।
ਹ੍ਰਿਦੈ ਕੰਠ ਮੈ ਦਾਹ ਅਤਿ, ਪਿਤ ਸੰਗ੍ਰਹਨੀ ਠਾਨ॥ ੧੪੯ ॥

ਤੀਛਣ, ਕੌੜਾ, ਦਾਹ ਕਾਰਕ, ਖਾਣ ਤੇ ਪਯਾਸ ਲਗੇ, ਪੀਲੀ ਨੀਲੀ ਰੰਗਤ ਝਾੜੇ ਦੀ ਹੋਵੇ, ਹ੍ਰਿਦਯ ਤੇ ਗਲ ਵਿਚ ਸੜਨ, ਇਹ ਪਿਤ ਦੀ ਸੰਗ੍ਰਹਿਣੀ ਦੇ ਲੱਛਣ ਹੁੰਦੇ ਹਨ ॥੧੪੯॥

ਪਿਤ ਸੰਗ੍ਰਹਿਣੀ ਉਪਾਇ–ਦੋਹਰਾ

ਨਾਗਰ ਮੁਸਤਾ ਧਾਨਕੀ, ਰਸਵਤ ਬਿਖਾ ਮਿਲਾਇ।
ਕੁੜਾ ਇੰਦ੍ਰ ਜੌਂ ਬਿੱਲ ਲੈ, ਪਾਠਾ ਕੜੂ ਮਿਲਾਇ।
ਚੂਰਨ ਕਰ ਅੱਖਯਤ ਸਲਲ, ਮਧੁ ਮੈ ਲੀਜੈ ਖਾਇ।
ਸੰਗ੍ਰਹਿਨੀ ਪਿਤੈ ਹਰਤ, ਅਰਸ ਪ੍ਰਵਾਹੀ ਜਾਇ॥੧੫੧॥

੪੦੧–ਸੁੰਢ, ਮੋਥਾ, ਧਨੀਆਂ ਰਸੌਂਤ, ਪਤੀਸ, ਕੁੜਾ, ਇੰਦ੍ਰ ਜੌਂ, ਬਿਲਗਿਰੀ, ਕੜੂ ਇਹਨਾਂ ਦਾ ਚੂਰਨ ਕਰੇ, ਚੋਲਾਂ ਦੇ ਪਾਣੀ ਵਿਚ ਸ਼ਹਿਤ ਪਾ ਕੇ ਪੀਤਾ, ਪਿਤ ਸੰਗ੍ਰਹਿਣੀ, ਬਵਾਸੀਰ ਤੇ ਪ੍ਰਵਾਹੀ ਨੂੰ ਦੂਰ ਕਰਦਾ ਹੈ ॥੧੫੦॥੧੫੧॥

ਭੂਨਿੰਬਾਦਿ ਚੂਰਨ (ਵੰਗਸੇਨਾਤ)–ਚੌਪਈ

ਭੂ ਨਿੰਬ ਕਟੁਕੀ ਮੋਥ ਮਗਾਇ। ਬਜੇਖ ਕੁੜਾ ਇੰਦ੍ਰ ਜੌਂ ਲਯਾਇ।

Digitized by Panjab Digital Library | www.panjabdigilib.org

ਏਕੈ ਦੂਗਨਾ ਚਿਤ੍ਰਕ ਦੇਇ। ਚੂਰਨ ਕੀਜੈ ਇਨ ਕੋ ਲੇਇ ॥੧੫੨॥
ਗੁੜ ਸੀਤਲ ਜਲ ਪਾਨ ਕਰਾਇ। ਗੁਲਮ ਕਾਮਲਾ ਮੇਟ ਮਿਟਾਇ।
ਅਤੀਸਾਰ ਸੰਗ੍ਰਹਨੀ ਪੀਤ। ਇਸ ਔਖਧ ਸੇਂ ਜਾਵਤ ਮੀਤ ॥੧੫੩॥

੪੦੨-ਚਿਰੈਤਾ, ਕੌੜ, ਮੋਥਾ, ਤ੍ਰਿਕੁਟਾ, ਕੁੜੇ ਦੀ ਛਿੱਲ, ਇੰਦ੍ਰ ਜੌਂ ਤੇ ਇਕ ਨਾਲੋਂ ਦੂਣਾ ਚਿਤ੍ਰਾ ਪਾ ਕੇ ਚੂਰਣ ਕਰੇ, ਗੁੜ ਦੇ ਸ਼ਰਬਤ ਨਾਲ ਖਾਵੇ ਤਾਂ ਗੋਲਾ, ਕਾਮਲਾ (ਯਰਕਾਨ) ਪ੍ਰਮੇਹ, ਅਤੀਸਾਰ ਤੇ ਪਿੱਤ ਦੀ ਸੰਗ੍ਰਹਿਣੀ ਨਾਸ ਕਰੇ ॥੧੫੨॥੧੫੩॥

ਪਾਠਾਦਿ ਚੂਰਣ (ਵੰਗਸੈਨਾਤ)-ਪਰਹਾ

ਪਾਠਾ ਬਯੋਖ ਪਤੀਸ, ਚਿੱਤਰਾ ਦਾਰਵੀ।
ਜੰਬੂ ਦਾਰਮ ਮੁਸਤਾ, ਧਾਵੇ ਆਨਵੀ।
ਕਟੁਕੀ ਭੂਨਿੰਬ ਪੀਸ, ਕੀਜੀਏ ਚੂਰਨਾ।
ਕੁੜਾ ਕ੍ਵਾਥ ਮਧੁ ਅੱਖਯਤ, ਲੈ ਜਲ ਪੂਰਨਾ ॥੧੫੪॥
ਖਾਵਤ ਤੀਨੋਂ ਸਾਥ, ਜੁ ਚੂਰਨ ਏਹਨੋ।
ਛਰਦ ਸੂਲ ਅਤਿਸਾਰ, ਜੁਰੀ ਸੁਖ ਭੇਹਨੋ।
ਹਿਯ ਗਦ ਗ੍ਰਹਿਨੀ ਪਿੱਤ, ਅਰੋਚਕ ਜਾਤ ਹੈ।
ਪਾਠਾਦਿਕ ਏ ਚੂਰਨ, ਜੋ ਜਗ ਖਾਤ ਹੈ ॥੧੫੫॥

੪੦੩-ਪਾਠਾ, ਮਘ, ਮਿਰਚ, ਸੁੰਢ, ਪਤੀਸ, ਚਿਤ੍ਰਾ, ਦਾਰ ਹਲਦੀ, ਜਾਮਨ ਦੀ ਛਿਲ, ਅਨਾਰ ਦਾਣਾ, ਮੋਥਾ, ਧਾਵੇ, ਕੌੜ ਤੇ ਚਿਰੈਤਾ, ਇਨ੍ਹਾਂ ਦਾ ਪੀਹਕੇ ਚੂਰਣ ਕਰੇ, ਕੁੜਾਂਸਕ ਦੇ ਕ੍ਵਾਥ ਯਾ ਸ਼ਹਿਤ ਵਾ ਚਾਵਲਾਂ ਦੇ ਪਾਣੀ ਨਾਲ ਖਾਵੇ ਤਾਂ ਕੈ, ਸੂਲ, ਦਸਤ, ਤਪ, ਹ੍ਰਿਦਯ ਰੋਗ, ਪਿਤ ਦੀ ਸੰਗਹਿਣੀ ਤੇ ਅਪਚੀ ਸਭਨਾਂ ਨੂੰ ਨਾਸ ਕਰੇ ॥੧੫੪॥੧੫੫॥

ਕਫ ਸੰਗ੍ਰਹਿਣੀ ਲੱਛਣ-ਚੌਪਈ

ਚਰਦ ਅਰੋਚਕ ਖਾਂਸੀ ਹੋਇ। ਮੁਖ ਪੀਠਾ ਲੀਪਯਾ ਸਾ ਹੋਇ।
ਥੂਕੈ ਹਿਰਦੈ ਪੀਰਾ ਜਾਨ। ਨਾਕ ਬੰਦ ਅਕਰਯੋ ਉਦਰਾਨ ॥੧੫੬॥
ਭਾਰੀ ਦ੍ਰਿਸਟਟ ਮਧੁਰ ਡੀਕਾਰ। ਅੰਗ ਸਿਥਲ ਕਫ ਹੋਤ ਹਗਾਰ।
ਦੁਰਬਲ ਦੇਹੀ ਆਲਸ ਘਨਾ। ਕਫ ਸੰਗ੍ਰਹਿਨੀ ਲੱਛਣ ਭਨਾ ॥੧੫੭॥

ਕੈ, ਅਰੁਚੀ, ਖਾਂਸੀ ਮੂੰਹ ਮਿਠਾ ਮਿਠਾ, ਲਿਪਯਾ ਜਿਹਾ, ਥੁਕਣਾ, ਕਲੇਜ ਦਰਦ, ਨਕਬੰਦ,ਪੇਟ ਆਕੜਿਆ ਰਹਿਣਾ, ਦ੍ਰਿਸ਼ਟੀ ਮੰਦ, ਮਿਠੇ ਮਿਠੇ ਡਕਾਰ, ਅੰਗ ਮੁਰਝਾਏ ਜਿਹੇ, ਝਾੜੇ ਰਾਹ ਕਫ ਆਵੇ; ਸਰੀਰ ਕਮਜ਼ੋਰ ਤੇ ਬਹੁਤਾ ਆਲਸ, ਇਹ ਕਫ ਦੀ ਸੰਗ੍ਰਹਿਣੀ ਦੇ ਲੱਛਣ ਹੁੰਦੇ ਹਨ। ੧੫੬॥੧੫੭॥

ਕਫ ਸੰਗ੍ਰਹਿਣੀ ਉਪਾਇ (ਵੰਗਸੈਨਾਤ)-ਸੋਰਠਾ

Digitized by Panjab Digital Library | www.panjabdigilib.org

ਚਿੱਤ੍ਰਕ ਸੁੰਠ ਪਤੀਸ, ਗ੍ਰੰਥਕ ਪੱਥਯਾ ਕੁਸਟ ਬਚ।
ਮੁਸਤ ਬਿੜੰਗ ਜਗੀਸ, ਚੂਰਨ ਕੀਜੈ ਪੀਸਕੇ ॥੧੫੮॥
ਸੁਰਾ ਤੱਕਰਾ ਬਾਰ, ਪੀਵਤ ਗ੍ਰਹਨੀ ਕਫ ਹਰਤ।
ਉਦਰ ਭੂਖ ਬਹੁਕਾਰ, ਪਾਚਨ ਕਰਤਾ ਆਮ ਕੋ ॥੧੫੯॥

੪੦੪-੫-ਚਿਤ੍ਰਾ, ਸੁੰਢ, ਪਤੀਸ, ਪਿਪਲਾਮੂਲ, ਹਰੜ, ਕੁਠ, ਵਚ, ਮਿਥਾ, ਬਾਵੜਿੰਗ ਪੀਹਕੇ ਚੂਰਨ ਕਰੇ। ਸ਼ਰਾਬ, ਲਸੀ ਯਾ ਪਾਣੀ ਨਾਲ ਖਾਵ ਤਾਂ ਕਫ ਦੀ ਸੰਗ੍ਰਹਿਣੀ ਦੂਰ ਕਰੇ, ਭੁਖ ਲਗਾਵੇ ਅਰ ਆਮ ਨੂੰ ਪਾਚਨ ਕਰਨੇਹਾਰਾ ਹੈ ॥੧੫੮॥੧੫੯॥

ਕੜੂ ਪਟੋਲ ਕਿਰਾਤ, ਨਿੰਬ ਪਰਪਟਾ ਮੇਲਿਯੇ।
ਮਹਿਖ ਮੂਤ ਸੋਂ ਖਾਤ, ਕਫ ਗ੍ਰਹਿਨੀ ਮਿਟ ਹੈ ਅਰੁਚਿ ॥੧੬੦॥

੪੦੬-ਕੜ੍ਹ, ਪਟੋਲ, ਚਿਰੈਤਾ, ਨਿੰਮ, ਪਾਪੜਾ ਪੀਹਕੇ ਮਹੀਂ ਦੇ ਮੂਤ੍ਰ ਨਾਲ ਖਾਵੇ ਕਫ ਦੀ ਸੰਗ੍ਰਹਿਣੀ ਤੇ ਅਰੁਚੀ ਜਾਵੇ ॥੧੬੦॥

ਪਿਪਲਾਦਿਕ ਚੂਰਣ-ਦੋਹਰਾ

ਕਣਾ ਮੂਲ ਲੈ ਪੀਪਰਾ, ਜੁਗਮਖਾਰ ਪਚਲੂਣ।
ਮਾਤਲੁੰਗ ਅਭਯਾ ਗਹੋ, ਸਟੀ ਮਰਚ ਸਮ ਗੂਨ ॥੧੬੧॥
ਸੁੰਠੀ ਮੇਲੋ ਰਾਸਨਾ, ਪੀਸ ਸੀਤ ਜਲ ਖਾਇ।
ਕਫ ਗ੍ਰਹਿਨੀ ਦੁਖ ਜਾਤ ਹੈ,ਪਿਪਲਾਦਿਕ ਕਹਿਵਾਇ੧੬੨।

੪੦੭-ਪਿਪਲਾਮੂਲ, ਮਘਾਂ, ਦੋਨੋਂ ਖਾਰਾਂ (ਸਜੀ ਤੇ ਜੌਂਖਾਰ), ਪੰਜੇ ਲੂਣ, ਚਕੋਧਰਾ, ਜੰਗ ਹਰੜ, ਕਚੂਰ, ਮਿਰਚ, ਸੁੰਢ ਤੇ ਰਾਸਨਾ ਪੀਹਕ ਠੰਢੇ ਜਲ ਨਾਲ ਖਾਵੇ ਤਾਂ ਕਫ ਦੀ ਸੰਗ੍ਰਹਿਣੀ ਨਾ ਰਹੇ ॥੧੬੧॥ ੧੬੨॥

ਕ੍ਵਾਥ-ਚੌਪਈ

ਪਲਾਸ ਚਿੱਤਕੰ ਚਵਕ ਮੰਗਾਇ। ਮਾਤਲੁੰਗ ਪੀਪਰ ਲੈ ਪਾਇ।
ਹਰੜ ਪੀਪਰੀ ਮੂਲ ਜੁ ਲਹੋ। ਬਰੁਨਾ ਸੁੰਠੀ ਸਭ ਸਮ ਗਹੋ ॥੧੬੩॥
ਕ੍ਵਾਥ ਕਰੀਜੈ ਪੀਵਨ ਦੇਇ। ਕਫ ਸੰਗ੍ਰਹਿਨੀ ਦੂਰ ਕਰੇਇ।
ਲਾਗਤ ਭੁਖ ਅਪਚ ਮਿਟ ਜਾਇ। ਬੰਗਸੈਨ ਤੇ ਭਾਖੀ ਲਜਾਇ॥੧੬੪॥

੪੦੮-ਛਿਛਰੇ ਦੀ ਜੜ੍ਹ ਦੀ ਛਿੱਲ, ਚਿਤ੍ਰਾ, ਚਵਕ, ਚਕੋਧਰਾ, ਮਘਾਂ, ਹਰੜ, ਪਿਪਲਾਮੂਲ, ਬਰਨਾ ਤੇ ਸੁੰਢ ਸਭ ਸਮਾਨ ਭਾਗ ਲੈ ਕੇ ਕਾੜ੍ਹਾ ਕਰ ਤੇ ਪਿਲਾਵੇ ਤਾਂ ਕਫ ਦੀ ਸੰਗ੍ਰਹਿਣੀ ਦੂਰ ਕਰੇ, ਭੁਖ ਲਗਾਵੇ ਅਪਹੀ ਨਾਸ ਕਰ ॥੧੬੩॥੧੬੪॥

ਆਮ ਸੰਗ੍ਰਹਿਣੀ ਲੱਛਣ (ਵੰਗਸੇਨਾਤ)

Digitized by Panjab Digital Library | www.panjabdigilib.org

ਆਮ ਪਿੱਛ ਸੀ ਚਿਕ੍ਨ ਹਗਾਰ। ਹਰਤ ਪੀਤ ਅਰੁ ਸ੍ਵੇਤ ਦਿਦਾਰ।
ਸਬਦ ਬੇਦਨਾ ਉਦਰ ਕਰਾਇ। ਕਟੀ ਪੀਰ ਏ ਆਮ ਸੁਭਾਇ ॥੧੬੫॥

ਕੱਚੀ ਪਿਛ ਜਿਹੀ ਬਿਸਟਾ, ਹਰੀ, ਪੀਲੀ, ਚਿੱਟੀ ਤੇ ਪੇਟ ਵਿਚ ਪੀੜ, ਗੁੜ ੨ ਸ਼ਬਦ ਕਰੇ, ਕਮਰ ਪੀੜ, ਇਹ ਆਮ ਸੰਗ੍ਰਹਿਣੀ ਦੇ ਲੱਛਣ ਹਨ ॥੧੬੫॥

ਆਮ ਸੰਗ੍ਰਹਿਣੀ ਉਪਾਇ (ਵੰਗਸੈਨਾਤ)—ਚੌਪਈ

ਬਿਲਗਿਰ ਸੁੰਠੀ ਮੂਲ ਅਕੋਲ। ਧਾਵੇ ਕ੍ਵਾਥ ਕਰੋ ਇਸ ਘੋਲ।
ਕੁੱਖ ਰੋਗ ਸੰਗ੍ਰਹਿਣੀ ਆਮ। ਰੋਗ ਘਟਤ ਸੁਖ ਹੋਗ ਅਰਾਮ ॥੧੬੬॥

੪੦੯–ਬਿਲਗਿਰੀ, ਸੁੰਢ,*ਅੰਕੋਲ–ਢੇਰਾ ਬ੍ਰਿਛ ਦੇ ਜੜ੍ਹ ਦੀ ਛਿੱਲ ਤੇ ਧਾਵਿਆਂ ਦੇ ਫੁਲ ਕਾੜ੍ਹਾ ਕਰ ਕੇ ਫਿਰ ਠੰਢਾ ਕਰ ਕ੍ਰੇ ਪਿਲਾਵੇ ਤਾਂ ਵਖੀ ਦੀ ਪੀੜ (ਜਾਤਲਜੰਮ) ਅਰ ਸੰਗ੍ਰਹਿਣੀ ਨਾਸ ਕਰੇ। ਅਥਵਾ 'ਇਸ ਘੋਲ' ਪਾਠ ਤੋਂ ਇਹ ਅਰਥ ਜਾਣੋ ਕਿ ਘੋਲ ਨਾਮ ਹੈ ਉਸ ਮੱਠੇ ਲਸੀ ਦਾ ਜਿਸ ਨੂੰ ਬਿਨਾਂ ਪਾਣੀ ਪਾਏ ਰਿੜਕੇ ਸੋ ਕ੍ਵਾਥ ਵਿਚ ਅਜਿਹੀ ਘੋਲ ਲਸੀ ਪਾਕੇ ਪਿਲਾਵੇ ॥੧੬੬॥

ਦੋਹਰਾ

ਬਾਲ ਬਿੱਲ ਧਾਵੇ ਬਲਾ, ਸੁੰਠੀ ਮੁਸਤ ਧਨਯਾਕ।
ਕ੍ਵਾਥ ਕਰੀ ਪਿਵ ਆਮਕੀ, ਗ੍ਰਹਿਨੀ ਜਾਵਤ ਬਾਕ ॥੧੬੭॥

੪੧੦–ਕਚੇ ਬਿਲ ਦੀ ਗਿਰੀ, ਧਾਵੇ ਦੇ ਫੁੱਲ, ਖਿਰੈਟੀ, ਸੁੰਢ, ਮੋਥਾ ਤੇ ਧਨੀਆਂ, ਇਨਾਂ ਸਭਨਾਂ ਦਾ ਕਾੜ੍ਹਾ ਕਰਕੇ ਪਿਲਾਵੈ ਤਾਂ ਆਮ ਸੰਗ੍ਰਹਿਣੀ ਦਾ ਨਾਸ ਹੋਵੇ ॥੧੬੭॥

ਚੌਪਈ

ਜੰਬੂ ਦਾਰਮ ਪਾਠਾ ਲੇਇ। ਸ੍ਰਿੰਗੂ ਕੰਚਟ ਪਲਵ ਦੇਇ।
ਆਮੈ ਗ੍ਰਹਿਨੀ ਅਰੁ ਅਤੀਸਾਰ। ਕ੍ਵਾਥਕਰੀ ਪਿਵ ਤਨ ਸੁਖਕਾਰ।੧੬੮।

੪੧੧–ਗਿਟਕ ਜਾਮਨ ਦੀ, ਅਨਾਰਦਾਣਾ, ਪਾਠਾ, ਸੁਹਾਂਵਣੇ ਦੀ ਜੜ ਤੇ ਜਲ †ਚੋਲਾਈ ਦੇ ਪੱਤ੍ਰ ਪਾ ਕ ਕਾੜ੍ਹਾ ਕਰੇ ਅਰ ਪਿਲਾਵੇ ਤਾਂ ਆਮ ਸੰਗ੍ਰਹਿਣੀ ਅਰ ਅਤੀਸਾਰ ਨਾਸ ਕਰੇ ॥੧੬੮॥

ਤ੍ਰਿਦੋਖ ਸੰਗ੍ਰਹਿਣੀ ਲੱਛਨ—ਦੋਹਰਾ

ਬਾਤ ਪਿੱਤ ਕਫ ਜਾਨਿਯੋ, ਮਿਲਤ ਜੂ ਲਛਣ ਤੀਨ।

---

*ਅੰਕੋਲ–ਢੇਰਾ ਬ੍ਰਿਛ ਹੈ, ਇਸ ਦੇ ਬ੍ਰਿਛ ਬੜੇ ੨ ਹੁੰਦੇ ਹਨ, ਜੰਗਲ ਬਨ ਤੇ ਪਹਾੜਾਂ ਉਪਰ ਅਧਿਕ ਹੁੰਦੇ ਹਨ, ਪਤੇ ੧ ਉਂਗਲ ਚੌੜੇ ਤੇ ੫ ਜਾਂ ੬ ਅੰਗਲ ਲਮੇ ਹੁੰਦੇ ਹਨ। ਫੁਲ ਚਿਟੇ, ਫਲ ਕਚੇ ਨੀਲੇ, ਪਕ ਜਾਣੇ ਪਰ ਲਾਲ ਹੋ ਜਾਂਦੇ ਹਨ। ਉਨ੍ਹਾਂ ਉਪਰ ਕਾਲ ਪਨ ਝਲਕਦਾ ਰਹਿੰਦਾ ਹੈ ਇਸ ਬ੍ਰਿਛ ਪਰ ਕੰਡੇ ਬਹੁਤ ਹੁੰਦੇ ਹਨ। ਪ੍ਰਯੋਗ ਵਿਚ ਇਸ ਦੀ ਜੜ ਦੀ ਛਿੱਲ ਲਈ ਜਾਂਦੀ ਹੈ।

†ਕੰਚਟ–ਜਲ ਚੌਲਾਈ, ਸਾਗ ਭੇਦ ਹੈ, ਦੇਖੋ ਆ: ਔ: ਕੋ: ਪ੍ਰਿ: ੨੦, ਬੋਹੜ ਆਦਿ ਟਪਲੇ ਮਾਰਨੇ ਅਗਯਾਤਤਾ ਹੈ। ਹਾਂ ਪਾਠਾਂਤ੍ਰ "ਸਿੰਗ੍ਰ ਜਟ ਬਟ ਪਲਵ ਦੇਇ" ਹੈ, ਏਥੇ ਸੁਹਾਵਣੇ ਦੀ ਜੜ੍ਹ ਬੋਹੜ ਦੇ ਪੱਤ੍ਰ ਅਰਥ ਹੈ।

Digitized by Panjab Digital Library | www.panjabdigilib.org

ਤੀਨ ਦੋਖ ਕੀ ਗ੍ਰਹਿਣ ਏ, ਮਾਧਵ ਬਚਨ ਪ੍ਰਵੀਨ ॥੧੬੯॥

ਜਿਸ ਜਗ੍ਹਾ ਬਾਤ, ਪਿਤ ਅਤੇ ਕਫ ਤਿੰਨਾਂ ਦੇ ਲੱਛਣ ਮਿਲ ਜਾਣ ਉਸ ਜਗ੍ਹਾ ਤ੍ਰਿਦੋਖ ਦੀ ਸੰਗ੍ਰਹਿਣੀ ਕਹੀ ਜਾਂਦੀ ਹੈ ਐਸਾ ਜਾਣੋ ॥੧੬੯॥

ਤ੍ਰਿਦੋਖ ਸੰਗ੍ਰਹਿਣੀ ਉਪਾਇ—ਚੌਪਈ

ਸੇਂਧਾ ਰਾਖ ਸੰਬੂਕ ਮੰਗਾਇ। ਪੀਸੀ ਮਾਸੈ ਚਾਰ ਖਵਾਇ।
ਸਹਤ ਸੰਗ ਚਟਨੀ ਕਰ ਖਾਇ। ਸਭ ਸੰਗ੍ਰਹਨੀ ਦੂਰ ਕਰਾਇ ॥੧੭੦॥

੪੧੨—ਸੇਂਧਾ ਲੂਣ ਤੇ †ਘੋਗੇ ਦੀ ਸੁਆਹ ਇਹ ਦੋਨੋਂ ਪੀਹਕੇ ਸ਼ਹਿਤ ਪਾ ਕੇ ਚਟਣੀ ਬਣਾਵੇ ਅਰ ਫਿਰ ੪ ਮਾਸੇ ਚਟੇ ਤਾਂ ਸਭ ਤਰ੍ਹਾਂ ਦੀ ਸੰਗ੍ਰਹਿਣੀ ਜਾਵੇ ॥੧੭੦॥

ਸਰਬ ਸੰਗ੍ਰਹਿਣੀ ਕਨਕ ਸੁੰਦ੍ਰੀਰਸ (ਰਸਰਤਨਾਕਰਾਤ)—ਪਰਹਾ

ਹਿੰਗਲੁ ਮਰਚਾਂ ਗੰਧਕ, ਟੰਕਣ ਬਿਖ ਕਹੀ।
ਕਣਾ ਧਤੂਰੇ ਬੀਜ, ਸਮਾਨੈ ਸਭ ਲਹੀ।
ਬਿਜੀਯਾਂ ਸੈਂ ਖਰਲਾਇ, ਚਨਕ ਸਮ ਦੀਜੀਏ।
ਅਤੀਸਾਰ ਸੰਗ੍ਰਹਨੀ, ਸਭਹੀ ਛੀਜੀਏ ॥੧੭੧॥

੪੧੩—ਸਿੰਗ੍ਰਫ, ਮਿਰਚ, ਗੰਧਕ, ਸੁਹਾਗਾ, ਮਿੱਠਾ ਤੇਲੀਆ, ਮਘ ਤੇ ਧਤੂਰੇ ਦੇ ਬੀਜ ਇਹ ਸਭ ਸਮਾਨ ਲੇਕੇ ਭੰਗ ਦੇ ਪਾਣੀ ਨਾਲ ਘੋਟੇ ਅਰ ਫਿਰ ਚਣੇ ਬਰਾਬਰ ਗੋਲੀਆਂ ਬੰਨ੍ਹ ਰਖੇ, ਫਿਰ ਖੁਲਾਵੇ ਤਾਂ ਅਤੀਸਾਰ ਅਰ ਸੰਗ੍ਰਹਿਣੀ ਨਾਸ ਹੋਵੇ ॥ ੧੭੧ ॥

[ਰਸਰਤਨਾਕਰਾਤ]—ਚੌਪਈ

ਤ੍ਰਿਊਖਣ ਟੰਕਣ ਕੌਡੀ ਰਾਖ। ਗੰਧਕ ਬਿਖੁ ਪਾਰਦ ਲੈ ਰਾਖ।
ਜੰਭੀਰੀ ਰਸ ਮਰਦਨ ਕਰੋ। ਮਰਚ ਘੀਉ ਸੋ ਬੱਲ ਸੁ ਧਰੋ ॥੧੭੨॥
ਸਭ ਸੰਗ੍ਰਹਿਨੀ ਮਿਟ ਅਤਿਸਾਰ। ਲਗਤ ਭੂਖ ਅਰੁ ਅਰਸ ਬਿਡਾਰ।
ਮਿਟਤ ਤਾਪ ਅਦਰਕ ਰਸ ਦੇਇ। ਉਦਰ ਰੋਗ ਸਭ ਦੂਰ ਕਰੇਇ।੧੭੩।

੪੧੪—ਮਘ, ਮਿਰਚ, ਸੁੰਢ, ਸੁਹਾਗਾ, ਕੌਡੀਆਂ ਦੀ ਭਸਮ, ਗੰਧਕ, ਮਿੱਠਾ ਤੇਲੀਆ, ਪਾਰਾ। ਪਹਿਲੇ ਪਾਰੇ ਗੰਧਕ ਦੀ ਕਜਲੀ ਕਰੇ, ਫਿਰ ਸਭ ਮਿਲਾਕੇ ਘੋਟੇ, ਅਰ ਰਿਰ ਗਲਗਲ ਦਾ ਰਸ ਪਾਕੇ ਖਰਲ ਕਰੇ, ਇਉਂ ਰਸ ਤਿਆਰ ਕਰਕੇ ਰਖ ਲਵੇ। ਇਸ ਵਿਚੋਂ ਫਿਰ ਤ੍ਰੈ ਰੱਤੀਆਂ ਘਿਉ ਮਿਰਚਾਂ ਨਾਲ ਖਾਵੇ ਤਾਂ ਸਭ ਪ੍ਰਕਾਰ ਦੀ ਸੰਗ੍ਰਹਿਣੀ, ਅਤੀਸਾਰ ਨਾਸ ਕਰੇ ਅਰ ਭੁਖ ਲਗਾਵੇ। ਬਵਾਸੀਰ ਨਾਸ ਕਰੇ। ਜੇ ਕਰ ਅਦ੍ਰਿਕ ਦੇ ਰਸ ਨਾਲ ਰਤੀਆ ਖਾਯਾ ਕਰੇ ਤਾਂ ਤਾਪ ਅਰ ਸਭ ਰੋਗ ਪੇਟ ਦੇ ਨਾਸ ਕਰੇ ॥੧੭੨ ॥ ੧੭੩ ॥

ਬਿਜਯ ਭੈਰਵੀ ਗੋਲੀ (ਰਸ ਮੰਜਰੀਆਤ)—ਚੌਪਈ

†ਘੋਗਿਆਂ ਨੂੰ ਭੰਗ ਦੇ ਨੁਗਦੇ ਵਿਚ ਫੂਕ ਲਵੇਂ

Digitized by Panjab Digital Library | www.panjabdigilib.org

ਪਾਰਾ ਗੰਧਕ ਚਿੱਤ੍ਰਕ ਸਾਰ। ਬਿਖੁ ਬੜਿੰਗ ਘਨ ਬੇਲਾ ਡਾਰ।
ਕੇਸਰ ਪੱਤ੍ਰ ਪੱਤ੍ਰਜ ਆਨ। ਤ੍ਰਿਫਲਾ ਤ੍ਰਿਕੁਟਾ ਰੇਨਕ ਜਾਨ ॥੧੭੪॥
ਸੁਲ ਭਸਮੈ ਸਭਤੇ ਗੁੜ ਦੂਨਾ। ਜੁਗ ਗੁੰਜਾ ਤਿਸ ਬਟੀ ਕਰੂਨਾ।
ਬਟਕਾ ਦੋ ਖਾਵੈ ਉਠ ਪ੍ਰਾਤ। ਸ੍ਵਾਸ਼ ਕਾਸ ਛਯ ਮੇਹ ਬਿਘਾਤ ॥੧੭੫॥
ਰਾਜ ਜਖਮ ਬਿਖਮਾਜੁਰ ਜਾਇ। ਭੂਤ ਦੋਖ ਸੰਗ੍ਰਹਿਨਿ ਮਿਟਾਇ।
ਅਗਨਿ ਮੰਦ ਅਰੁ ਸੂਲ ਜੁ ਪਾਂਡੁ।ਹਸਤ ਪਾਦ ਕਾ ਰੁਜ ਸਭ ਖਾਂਡੁ।੧੭੬।

੪੧੫–ਪਾਰਾ, ਗੰਧਕ, ਚਿਤ੍ਰੇ ਦੀ ਛਿੱਲ, ਮ੍ਰਿਤ ਲੋਹਾ, ਮਿੱਠਾ ਤੇਲੀਆ, ਬਾਇਵੜਿੰਗ, ਮੋਥਾ, ਇਲਾਚੀ, ਕੇਸਰ, ਤਜਪਤ੍ਰ, ਤਮਾਲ ਪਤ੍ਰ, ਹਰੜ ਬਹੇੜਾ, ਆਵਲੇ, ਮਘ, ਮ੍ਰਿਚ, ਸੁੰਢ, ਸੰਭਾਲੂ ਦੇ ਬੀਜ ਤੇ ਤਾਂਮੇ ਦੀ ਭਸਮ ਇਹ ਸਭ ਇਕ ਸਮਾਨ ਲਵੇ, ਸਭਨਾਂ ਨੂੰ ਬ੍ਰੀਕ ਕਰ ਲਵੇ ਅਰ ਦੂੰਣਾ ਗੁੜ ਪਾ ਕੇ ੨ ਰੱਤੀ ਪ੍ਰਮਾਣ ਗੋਲੀਆਂ ਬਣਾ ਲਵੇ ੧ ਗੋਲੀ ਪ੍ਰਾਤਾਕਾਲ ਖਾ ਲਿਆ ਕਰੇ ਤਾਂ ਦਮਾਂ, ਖਾਂਸੀ, ਖਈ, ਪ੍ਰਮੇਹ, ਰਾਜ ਜ਼ਖਮ, ਵਿਖਮਜੁਰ, ਭੂਤ ਦੋਖ, ਸੰਗ੍ਰਹਿਣੀ, ਮੰਦਾਗਨੀ, ਸੂਲ, ਪਾਂਡੂ ਅਤੇ ਹੱਥਾਂ ਪੈਰਾਂ ਦਾ ਦਾਹ ਇਹ ਸਭ ਨਾਸ਼ ਕਰੇ ॥੧੭੪ ਤੋਂ ੧੭੬॥

ਲਘੂ ਗੰਗਾਧਰ ਰਸ (ਰਸਰਤਨਾਕਰਾਤ)–ਪਰਹਾ

ਗੰਧਕ ਪਾਰਾ ਬਿਜੀਯਾਂ, ਅਭਰਕ ਪਾਈਏ।
ਤੀਨ ਖਾਰ ਬਚ ਮੇਲੋ, ਆਛੀ ਲਯਾਈਏ।
ਮੋਚਰਸਾ ਪਲ ਅਧਿ ਅਧਿ,ਸਭੀ ਪਿਸਾਈਏ।
ਭੰਗ ਰਸ ਜੰਭੀਰੀ, ਖਰਲ ਕਰਾਈਏ ॥੧੭੭॥
ਮਧ ਸੰਗ ਰੱਤੀ ਚਾਰ, ਦਿਵਸ ਲੈ ਸਾਤ ਹੀ।
ਵਾ ਚੌਦਾ ਦਿਨ ਖਾਵਤ, ਗ੍ਰਹਨੀ ਜਾਤ ਹੀ।
ਊਪਰ ਪੀਵਤ ਛਾਛ, ਜਾਤ ਅਤੀਸਾਰ ਹੈ।
ਜੁਰ ਜਾਵਤ ਯਾ ਸੰਗ, ਔ ਪੇਟ ਬਿਕਾਰ ਹੈ॥੧੭੮॥

੪੧੬–ਗੰਧਕ, ਪਾਰਾ, ਭੰਗ ਅਭ੍ਰਿਕ, ਭਸਮ, ਸਜੀ, ਸੁਹਾਗਾ, ਜੌਂਖਾਰ, ਵਚ ਤ ਮੋਚਰਸ ਇਹ ਸਭ ੨–੨ ਤੋਲੇ ਸਭਨਾਂ ਨੂੰ ਘੋਟਕੇ ਫਿਰ ਭੰਗ ਅਰ ਗਲਗਲ ਦੇ ਰਸ ਵਿਚ ਚੰਗੀ ਤਰ੍ਹਾਂ ਖਰਲ ਕਰ ਕੇ ਰੱਖ ਲਵੇ ਫਿਰ ਸ਼ਹਿਤ ਨਾਲ ੪ ਰਤੀਆਂ ੭ ਯਾ ੧੪ ਦਿਨ ਤਕ ਖੁਲਾਵੇ। ਉਪਰੋਂ ਲੱਸੀ ਪਥ ਦੇਵੇ ਤਾਂ ਸੰਗ੍ਰਹਿਣੀ, ਅਤੀਸਾਰ, ਤਾਪ ਅਰ ਪੇਟ ਦੇ ਵਿਕਾਰ ਸਭ ਨਾਸ ਕਰੇ ॥੧੭੭॥੧੭੮॥

ਸੰਖਯੋਦਰ ਰਸ–ਸ਼ੰਕਰ ਛੰਦ

ਇਕ ਟੰਕ ਪਾਰਾ ਜੁਗਮ ਗੰਧਕ, ਤੀਨ ਤ੍ਰਿਕੁਟਾ ਡਾਰ।
ਦੋ ਜਰਨ ਟੰਕ ਉਟੰਗਨੰ, ਇਕ ਤੇਲੀਆ ਲੈ ਧਾਰ।

Digitized by Panjab Digital Library | www.panjabdigilib.org

ਹਿੰਗੁ ਧਨੀਯਾਂ ਲੈ ਜਵਾਠੀ, ਸੌਂਚਰਾ ਟੰਕ ਟੰਕ।
ਸੰਗ ਭਸਮਾ ਰਾਖ ਕੌਡੀ, ਟੰਕ ਤੇਰਾਂ ਅੰਕ ॥੧੭੯॥
ਪੀਸ ਸੂਕੇ ਦਿਵਸ ਸਾਤੇ, ਖਾਇ ਮਾਸੇ ਦੋਇ।
ਬਾਲ ਗ੍ਰਹਿਣੀ ਸਕਲ ਜੁਰ, ਸਭ ਉਦਰ ਰੋਗ ਨ ਹੋਇ।
ਅਤੀਸਾਰ ਮਿਟਾਇ ਦੇਵਤ, ਭਲੋ ਅੱਛਤ ਨੀਰ।
ਭੂਖ ਲਾਗੈ ਰੋਗ ਭਾਗੈ, ਸੁਨੋ ਬੈਦ ਸੁ ਬੀਰ ॥੧੮੦॥

੪੧੭–ਪਾਰਾ ੧ ਟੰਕ, ਗੰਧਕ ੨ ਟੰਕ, ਤ੍ਰਿਕੁਟਾ ੩ ਟੰਕ, ਜੀਰਾ ੨ ਟੰਕ, ਉਟੰਗਣ ਦੇ ਬੀਜ ੧ ਟੰਕ, ਮਿਠਾ ਤੇਲੀਆ ੧ ਟੰਕ, ਹਿੰਗ ੧ ਟੰਕ, ਧਨੀਆਂ ੧ ਟੰਕ, ਅਜਵਾਇਣ ੧ ਟੰਕ, ਸੌਂਚਰ ਲੂਣ ੧ ਟੰਕ, ਸੰਖ, ਭਸਮ ਤੇ ਕੌਡੀਆਂ ਦੀ ਭਸਮ ਇਹ ਦੋਨੋਂ ੧੩ ਟੰਕ। ਇਹਨਾਂ ਸਭਨਾਂ ਨੂੰ ਸੁਕੀਆਂ ੭ ਦਿਨ ਪੀਹੇ, ਫਿਰ ਇਸ ਵਿਚੋਂ ੨ ਮਾਸੇ ਖਾਇਆ ਕਰੇ ਤਾਂ ਸੰਗ੍ਰਹਿਣੀ ਸਭ ਪ੍ਰਕਾਰ ਦੇ ਤਾਪ, ਪੇਟ ਰੋਗ, ਅਰ ਅਤੀਸਾਰ ਸਭ ਨੂੰ ਨਾਸ ਕਰੇ। ਪਰੰਤੂ ਅਨੁਪਾਨ ਪਿਛੋਂ ਚਾਵਲਾਂ ਦਾ ਜਲ ਦਿਆ ਕਰੇ ਤੇ ਇਹ ਭੁਖ ਭੀ ਵਧਾਵੇ ॥੧੭੯॥੧੮੦॥

ਪਥ *(ਵੰਗਸੇਨਾਤ)–ਦੋਹਰਾ

ਚਾਵਲ ਸੱਠੀ ਮੂੰਗ ਲੈ, ਗੋਕੀ ਤੱਕ੍ਰ ਮਸੂਰ।
ਅੰਨ ਨ ਭਾਰੀ ਯੂਖ ਤਿਸ,ਸੰਗ੍ਰਹਿਨੀ ਰੁਜ ਪੂਰ ॥੧੮੧॥

੪੧੮–ਸਠੀ ਦੇ ਚਾਵਲ, ਮੂੰਗੀ, ਗੋਕੀ ਲੱਸੀ ਅਤੇ ਮਸੂਰ ਇਹ ਖਾਣੇ ਅਛੇ ਹਨ। ਭਾਰੀ ਅੰਨ ਤਥਾ ਭਾਰੀ ਅੰਨਾਂ ਦੇ ਯੂਖ ਇਹ ਸੰਗ੍ਰਹਿਣੀ ਵਾਲਾ ਰੋਗੀ ਨਾਂ ਖਾਵੇ ਇਹ ਰੋਗ ਨੂੰ ਪਰੀ ਪੂਰਣ ਕਰਨੇ ਵਾਲੇ ਹਨ ॥੧੮੧॥

ਅਪੱਥ–ਸੋਰਠਾ

ਮੱਦ ਮਾਸ ਅਰੁ ਮਾਖ, ਬਿਸੰਟਭੀ ਭਾਰੀ ਬਸਤੁ।
ਇਹੀ ਕੁਪੱਥ ਜੁ ਭਾਖ,ਔਰ ਬਾਤ ਅਤਿਸਾਰ ਜਿਮ॥੧੮੨॥

੪੧੯–ਸਰਾਬ, ਮਾਂਸ, ਮਾਂਹ, ਕਬਜ਼ੀ ਕਾਰਕ, ਭਾਰੀ ਬਸਤੂਆਂ ਇਹ ਸਭ ਕੁਪੱਥ ਹਨ। ਬਾਕੀ ਬਾਤ ਅਤੀਸਾਰ ਦੇ ਕੁਪਥਾਂ ਸਮਾਨ ਤਿਆਗਣੇ ॥੧੮੨॥

ਅਸਾਧ ਸੰਗਹਿਣੀ ਲਛਣ–ਦਵੈਯਾ ਛੰਦ

ਦਸ ਦਿਨ ਪਾਖ ਮਹੀਨੇ ਪੀਛੋਂ, ਹੋਵਤ ਮਿਟ ਫਿਰ ਹੋਈ।
ਚਲੈ ਆਕਰੇ ਆਂਦ੍ਰ ਬੋਲੈ, ਆਲਸ ਦੁਖ ਸਿਥਲੋਈ।
ਦਿਨ ਕੋ ਕੋਪੈ ਨਿਸ ਕੋ ਲੋਪੈ, ਸੂਲ ਹਾਥ ਪਗ ਸੋਜੈ।

*ਵੰਗਸੈਨ ਵਿਚ ਹੁਣ ਹੈ ਨਹੀਂ।

ਘਟੀ ਸਬਦ ਏ ਆਂਮਹਿ ਹੋਵਤ,ਕਹਯੋ ਅਸਾਧਯ ਸਖੋਜੈ॥੧੮੩॥

ਦੋਹਰਾ

ਇਸਕੋ ਦੇਖ ਅਸਾਧ ਹੀ, ਬੈਦ ਨ ਔਖਦ ਦੇਹੁ।
ਸਾਧ ਦੇਖ ਉਪਚਾਰ ਕਰ, ਜਗ ਮਾਹੇ ਜਸ ਲੇਹੁ॥੧੮੪॥

੧੫ ਯਾ ੧੫ ਅਥਵਾ ੩੦ ਦਿਨ ਪਿਛੋਂ ਹਟ ਕੇ ਫਿਰ ਹੋ ਜਾਵੇ। ਪੇਟ ਚਲੇ ਅਰ ਆਂਦਰਾਂ ਬੋਲਿਆ ਕਰਨ, ਆਲਸ, ਦੁਖ ਅਰ ਢਿਲਿਆਈ ਬਹੁਤ ਹੋਵੇ। ਦਿਨੇ ਵਧੇ, ਰਾਤ ਨੂੰ ਘਟੇ, ਸੂਲ ਹੋਵੇ ਅਰ ਹੱਥਾਂ ਪੈਰਾਂ ਵਿਚ ਸੋਜ ਹੋਵੇ ਹਲਟ ਦੀਆਂ ਟਿੰਡਾਂ ਵਾਂਗ ਪੇਟ ਵਿਚ ਗੜ ੨ ਸ਼ਬਦ ਹੋਵੇ। ਸੋ ਐਸੀ ਸੰਗ੍ਰਹਿਣੀ ਅਸਾਧ ਹੈ, ਅਸਾਧ ਨੂੰ ਦਵਾਈ ਨਾਂ ਦੇਵੇਂ ਅਰ ਸਾਧ ਦੇਖਕੇ ਔਸ਼ਧੀ ਕਰੇ॥੧੮੩॥੧੮੪॥

ਅਰਸ਼ (ਬਵਾਸੀਰ) ਨਿਦਾਨ-ਚੌਪਈ

ਕੌੜਾ ਤੀਖਨ ਰੂਖ ਕਖਾਇ। ਠੰਣਾ ਹਲਕਾ ਥੋੜਾ ਖਾਇ।
ਮੱਦਯਪਾਨ ਮੈਥੁਨ ਅਤਿ ਕਰੈ। ਦੇਸ ਕਾਲ ਬਿਪਰੀਤ ਸੁ ਧਰੈ॥੧੯੫॥
ਲੰਘਨ ਸੀਤਲ ਡੰਡ ਜੁ ਬਜਾਮ। ਅਗਨਿ ਸੇਕ ਅਰੁ ਧੂਪ ਜੁ ਠਾਮ।
ਸੋਕ ਬਾਤ ਸੀਤਲ ਕਛੁ ਖਾਇ। ਬਾਤ ਮਵੇਸੀ ਇਨਤੇ ਥਾਇ॥੧੯੬॥
ਕੌੜਾ ਖੱਟਾ ਲੂਣ ਬਿਯਾਮ। ਉਸਨ ਅਗਨਿ ਮਦ ਧੂਪੈ ਠਾਮ।
ਕ੍ਰੋਧ ਗਰਮ ਅਤਿ ਖਾਵੈ ਸਹੀ। ਪਿੱਤ ਅਰਸ ਏ ਉਤਪਤ ਕਹੀ॥੧੯੭॥
ਮਿੱਠਾ ਭਾਰੀ ਚਿਕਨਾ ਸੀਤ। ਖਟਾ ਬਯਾਮ ਕਫੀ ਭਖੁ ਮੀਤ।
ਪੂਰਬ ਬਾਤ ਦਿਵਸ ਕੋ ਸੋਵੈ। ਯਾਤੇ ਕਫ ਕੀ ਅਰਸ ਸੁ ਹੋਵੈ॥੧੯੮॥
ਖਸਟ ਪ੍ਰਕਾਰਹਿ ਅਰਸ ਬਖਾਨੀ। ਬਾਤ ਪਿੱਤ ਕਫ ਤੀਨੋ ਜਾਨੀ।
ਤੀਨ ਦੋਖ ਅਰੁ ਰੁਧਰ ਕਹਾਇ। ਛਟੀ ਕਹਾਵੈ ਸਹਿਜੇ ਭਾਇ॥੧੯੯॥

ਕੌੜਾ, ਤੀਕਣ. ਖੁਸ਼ਕ, ਕਸੈਲਾ, ਠਢਾ, ਹਲਕਾ ਥੋੜਾ ਖਾਵੇ, ਬਹੁਤੀ ਸ਼ਰਾਬ ਪੀਵੇ, ਬਹੁਤ ਭੋਗ ਕਰੇ, ਦੇਸ ਕਾਲ ਦੇ ਬਦਲਨੇ ਤੇ, ਬ੍ਰਤ ਕਰਕੇ, ਠੰਢਾ ਲਗਨੇ ਤੇ, ਬਹੁਤੀ ਕਸਰਤ, ਅੱਗ ਸੇਕਣੀ, ਧੁੱਪੇ ਫਿਰਨਾ, ਸ਼ੋਕ, ਵਾਯੂਕਾਰਕ ਚੀਜ਼ਾਂ ਤੇ ਬਰਫ ਖਾਣ ਤੇ ਬਾਤ ਦੀ ਬਵਾਸੀਰ ਹੁੰਦੀ ਹੈ ਕੌੜਾ, ਖੱਟਾ, ਲੂਣ ਵਾਲਾ, ਕਸਰਤ ਕਰਨੀ, ਗਰਮੀ. ਅਗਨੀ, ਸ਼ਰਾਬ ਅਧਿਕ ਸੇਵਨ ਕਰਨੀ, ਧੁਪ' ਕ੍ਰੋਧ, ਗਰਮਾਂ ਗਰਮ ਖਾਣਾ ਤੇ ਅਤਯੰਤ ਖਾਣਾ, ਇਸ ਤੇ ਪਿਤ ਦੀ ਬਵਾਸੀਰ ਹੁੰਦੀ ਹੈ। ਮਿਠਾ, ਭਾਰਾ, ਚੀਕੁਣਾ, ਠੰਢਾ, ਖੱਟਾ, ਕਸਰਤ ਕਫਕਾਰਕ ਖਾਵੇ, ਪੂਰੇ ਦੀ ਪੌਣ ਲਵ ਅਰ ਦਿਨੇ ਸਵੇ ਤਾਂ ਕਫ ਦੀ ਬਵਾਸੀਰ ਹੁੰਦੀ ਹੈ। ਬਵਾਸੀਰ ਛੇ ਪ੍ਰਕਾਰ ਦੀ ਹੈ-ਬਾਤ ੧, ਪਿਤ ੨, ਕਫ ੩, ਤ੍ਰਿਦੋਖ ੪, ਰੁਧਰਜ ੫ ਤੇ ੬ ਸਹਜਾ, ਇਉਂ ਛੇ ਹਨ ਪਰੰਤੂ ਮੁਖ ਖੁਸ਼ਕ ਤੇ ਤਰ ਦੋ ਹੀ ਤਰ੍ਹਾਂ ਦੀ ਹੁੰਦੀ ਹੈ॥੧੯੫ ਤੋਂ ੧੯੯॥

ਬਾਤ ਅਰਸ਼ ਲੱਛਣ-ਦੋਹਰਾ

ਸਰਸਵ ਬੇਰ ਖਜੂਰ ਫਲ, ਰਾਈ ਔਰ ਕਪਾਸ।

Digitized by Panjab Digital Library | www.panjabdigilib.org

ਤਿਸ ਅਕਾਰ ਅੰਕੁਰ ਹੁਵੈ, ਕਟ ਸਿਰ ਪੀਰਾ ਭਾਸ ॥ ੧੯੦॥
ਚਿਮ ਚਿਮਾਟ ਹੀਯਾ ਦੁਖੈ, ਅਕੜਯੋ ਰਹੇ ਅੰਕੂਰ ।
ਸੱਥਲ ਸੂਲ ਜੁ ਚੂਲ ਮੈ, ਬਾਤ ਅਰਸ ਦੁਖ ਪੂਰ ॥ ੧੯੧ ॥

ਸਰੋਂ, ਬੇਰ, ਖਜੂਰਫਲ, ਰਾਈ ਦੇ ਦਾਣੇ ਅਰ ਕਪਾਹ ਦੇ ਫਲ (ਟੀਂਡੇ) ਸਮਾਨ ਮਹੁਕੇ ਹੋਣ, ਅਰ ਕਮਰ, ਸਿਰ ਵਿਚ ਪੀੜ ਹੋਵੇ । ਗੁਦਾ ਵਿਚ ਚਿਮ ਚਿਮਾਹਟ ਹੋਵੇ, ਹਿਰਦਾ ਦੁਖੇ, ਮਹੁਕੇ ਆਕੜੇ ਰਹਿਣ । ਪੱਟਾਂ ਵਿਚ ਸੂਲ ਅਰ ਚੂਲਿਆ ਵਿਚ ਦਰਦ ਫਹੇ, ਇਹ ਬਾਤ ਦੀ ਬਵਾਸੀਰ ਦੇ ਲੱਛਣ ਹੁੰਦੇ ਹਨ ॥੧੯੦॥੧੯੧॥

ਬਾਤ ਅਰਸ਼ ਉਪਾਇ (ਰਸਰਤਨਾਕਰਾਤ)—ਚੌਪਈ

ਬਚਾ ਹਿੰਗੁ ਬਾੜਿੰਗ ਮੰਗਾਇ । ਸੇਂਧਾ ਜੀਰਾ ਨਾਗਰ ਪਾਇ ।
ਮਰਚ ਪੀਪਰੀ ਕੁਸਟ ਜੁ ਲੇਇ । ਹਰੜ ਚਿੱਤ੍ਰਾ ਆਨੀ ਦੇਇ ॥੧੯੨॥
ਅਜਮੋਦਾ ਉੱਤਰ ਲੈ ਭਾਗ । ਦੁਗਨਾ ਗੁੜ ਪਾਵੇ ਤਿਸ ਲਾਗ ।
ਕਰਖ ਉਸਨਜਲ ਨਿਤਉਠਖਾਇ।ਬਾਤਅਰਸ ਦੁਖਛਿਨਮੈਜਾਇ।੧੯੩।

੪੨੦—ਵਚ, ਹਿੰਗ, ਬਾਇਵੜਿੰਗ, ਸੇਂਧਾ ਨਿਮਕ, ਜੀਰਾ, ਸੁੰਢ, ਮਿਰਚ, ਮਘ, ਕੁੱਠ, ਮਿਠੀ, ਹਰੜ ਦੀ ਛਿੱਲ, ਚਿਤਰੇ ਦੀ ਜਿੱਲ, ਅਰ ਅਜਮੋਦ ਇਹ ਸਭ ਉਤਰ ਦੇ ਭਾਗ ਲਵੇ ਅਰਥਾਤ ਪਹਿਲੀ ਨਾਲੋਂ ਦੂਜੀ ਅੱਧੀ, ਦੂਜੀ ਨਾਲੋਂ ਤੀਜੀ ਅੱਧੀ, ਇਸ ਤਰ੍ਹਾਂ ਫਿਰ ਕੁਟ ਛਾਣਕੇ ਸਭ ਨਾਲੋਂ ਦੂਣਾ ਗੁੜ ਤਾਕੇ ਰਖੇ, ਨਿਤ ੧ ਤੋਲਾ ਗਰਮ ਜਲ ਨਾਤ ਖਾਵੇ ਤਾਂ ਬਾਤ ਦੀ ਬਵਾਸੀਰ ਨਾਸ਼ ਹੋਵੇ॥੧੯੨॥੧੯੩॥

ਪਿਤ ਅਰਸ਼ ਲੱਛਣ—ਚੌਪਈ

ਪਿੱਤ ਅੰਕੂਰੇ ਛੋਟੇ ਜਾਨ । ਸਿਥਲ ਗੁਦਾ ਨੈ ਬਹੁ ਦੁਖ ਠਾਨ ।
ਰਕਤ ਨੀਲ ਪੀਲਾ ਅੰਕੂਰ । ਗੁਦਾ ਪਾਕ ਅਰੁ ਦਾਹ ਜੁ ਸੂਲ।੧੯੪।

ਪਿਤ ਦੇ ਮਹੁਕੇ ਛੋਟੇ ਹੁੰਦੇ ਹਨ, ਪੱਟਾਂ ਅਰ ਗੁਦਾ ਵਿਚ ਬਹੁਤਾ ਦੁਖ ਹੁੰਦਾ ਹੈ ਅਰ ਮਹੁਕਿਆਂ ਦੀ ਰੰਗਤ ਲਾਲ, ਨੀਲੀ ਤੇ ਪੀਲੀ ਹੁੰਦੀ ਹੈ । ਗੁਦਾ ਪਕੀ ਰਹੇ ਤੇ ਸੜ ਅਤ ਸਲ ਹੋਵੇ ਇਹ ਪਿਤ ਦੀ ਬਵਾਸੀਰ ਦੇ ਲੱਛਣ ਹੁੰਦੇ ਹਨ ॥੧੯੪॥

ਪਿਤ ਅਰਸ਼ ਉਪਾਇ(ਰਸਰਤਨਾਕਰਾਤ)—ਸ਼ੰਕਰ ਛੰਦ

ਮ੍ਰਿਤ ਸੂਤ ਅਭ੍ਰਕ ਹੇਮ ਅਰਕੈ, ਤੀਖਨੰ ਮਾਂਡੂਰ ।
ਮੂੰਡ ਮਾਥੀ ਜ੍ਰਨ ਗੰਧਕ, ਕੰਨਯਾ ਰਸ ਪੂਰ ।
ਪੀਸ ਅੰਧੇ ਮੂਖ ਪਾਵੇ, ਦਿਵਸ ਤ੍ਰਿਕ ਪੁਟ ਦਾਇ ।
ਤੀਨ ਅਗਨਿ ਸੁ ਦੀਜੀਏ, ਤਬ ਬੀਲ ਮੈ ਲੈ ਪਾਇ ॥੧੯੫॥
ਮਾਖ ਮਾਤਰ ਸੰਗ ਮਿਸਰੀ, ਖਾਇ ਰੋਗੀ ਏਹ ।

Digitized by Panjab Digital Library | www.panjabdigilib.org

ਪਿੱਤ ਅਰਸ ਮਿਟਾਇ ਦੇਵੈ, ਦਿਵਸ ਇੱਕੀ ਲੇਹ।
ਸਹਿਤ ਸੰਗ ਖਾਵਇ ਰੋਗੀ, ਮਿਟਤ ਪਿਤ ਬਿਕਾਰ।
ਨਾਮ ਤੀਖਨ ਮੁਖਰਸਾ, ਇਹ ਕਟਤ ਅਰਸ ਜੁ ਧਾਰ ॥੧੯੬॥

੪੨੧-ਮ੍ਰਿਤਪਾਰਾ, ਮ੍ਰਿਤਅਭ੍ਰਕ, ਮ੍ਰਿਤਸੋਨਾ, ਮ੍ਰਿਤਤਾਂਬਾ, ਮ੍ਰਿਤ ਤੀਖਣ ਕਹੀਏ ਕਾਂਤੀ ਦਾ *ਲੋਹਾ, ਮ੍ਰਿਤਮਨੂਰ, ਮ੍ਰਿਤਮੁੰਡਜਾਤੀ ਦਾ ਲੋਹਾ, ਸੋਨਮਖੀ ਅਰ ਆਵਲੇਸਾਰ ਗੰਧਕ, ਇਹ ਸਭ ਸਮਾਨ ਲੈਕੇ ਕੁਆਰ ਦੇ ਰਸ ਵਿੱਚ ਇਕ ਦਿਨ ਘੋਟਕੇ, ‡ਅੰਧਮੂਖਾਜੰਤ੍ਰ ਦਵਾਰੇ ਤਿੰਨ ਦਿਨ ਪਕਾਵੇ ਅਰ ਫਿਰ ਕੱਢਕੇ ਬਰੀਕ ਕਰਕੇ ਬਿੱਲ ਵਿਚ ਪਾ ਰੱਖੇ, ਲੋੜ ਵੇਲੇ ੧ ਮਾਸਾ ਮਿਸਰੀ ਨਾਲ ਖੁਲਾਵੇ ਤਾਂ ਪਿੱਤ ਦੀ ਬਵਾਸੀਰ ੨੧ ਦਿਨਾਂ ਵਿਚ ਨਾਸ ਹੋਵੇ। ਜੇ ਸ਼ਹਿਤ ਨਾਲ ਖੁਲਾਵੇ ਤਾਂ ਪਿੱਤ ਦੇ ਵਿਕਾਰਾਂ ਨੂੰ ਨਾਸ਼ ਕਰੇ ਇਹ 'ਤੀਖਣ ਮੁਖ ਰਸ' ਰਸਰਤਨਾਕਰ ਵਿਚ ਬਵਾਸੀਰ ਵਾਸਤੇ ਲਿਖਿਆ ਹੈ ॥੧੯੫॥੧੯੬॥

ਕਫ ਅਰਸ਼ ਲੱਛਣ-ਚੌਪਈ

ਭਾਰੀ ਅੰਕੁਰ ਥੋਰੀ ਪੀਰ। ਸਪਿੱਛਲ ਗੁਦ ਮੈ ਪੀਰ।
ਹਾਥ ਸੁਖਾਵੈ ਤਨ ਰੰਗ ਸ੍ਵੇਤ। ਗੋਕੁਚ ਮਹੁਕਾ ਸਮ ਹੈ ਹੇਤ ॥ ੧੯੭ ॥

ਮਹੁਕੇ ਮੋਟੇ ਹੋਣ, ਉਹਨਾਂ ਵਿਚ ਪੀੜਾ ਥੋੜੀ, ਖੁਰਕ, ਪਿੱਛ ਜੇਹੇ ਹੋਣ, ਅਰ ਗੁਦਾ ਵਿਚ ਪੀੜ ਹੋਵੇ। ਹੱਥ ਦਾ ਸਪਰਸ਼ ਸੁਖਾਂਦਾ ਹੈ, ਸਰੀਰ ਦੀ ਰੰਗਤ ਸਫੈਦ ਹੋ ਜਾਂਦੀ ਹੈ। ਅਰ ਮਹੁਕੇ ਮੁਣੱਕੇ ਦੇ ਅਕਾਰ ਪ੍ਰਤੀਤ ਦਿੰਦੇ ਹਨ, ਇਹ ਲੱਛਣ ਕਫ ਬਵਾਸੀਰ ਦੇ ਕਹੀਦੇ ਹਨ ॥੧੯੭॥

ਕਫ ਅਰਸ਼ ਉਪਾਯ [ਰਸਰਤਨਾਕਰਾਤ]-ਚੌਪਈ

---

*ਲੋਹੇ ਦੇ ਤਿੰਨ ਭੇਦ ਹਨ, ਜਿਸ ਤਰ੍ਹਾਂ ਮੁੰਡ, ਤੀਖਣ ਤੇ ਕਾਂਤ। ਇਸ ਵਿਚ ਮੁੰਡ ਲੋਹਾ, ਮ੍ਰਿਦ, ਕੁੰਡ ਤੇ ਕੁੰਡਾਰ, ਇਨ੍ਹਾਂ ਭੇਦਾਂ ਦਵਾਰਾ ਫਿਰ ਤਿੰਨ ਪ੍ਰਕਾਰ ਦਾ ਹੈ,ਵਿਸ਼ੇਸ਼ ਨਿਰਣੇ ਵਾਸਤੇ ਦੇਖੋ ਵੰਗਸੈਨ ਪ੍ਰਿ: ੧੫੦ (ਅਰਸ਼ਾਧਿਕਾਰ) ਪ੍ਰੰਤੂ ਮੁੰਡ ਜਾਤੀ ਦਾ ਮਿਦ ਲੋਹਾ ਉਤਮ, ਨਰਮ ਕਫ, ਸੂਲ, ਆਮਸੂਲ, ਤ੍ਰਮੇਹ, ਬਵਾਸੀਰ ਪਾਂਡੂ ਰੋਗ, ਗੁਲਮ, ਸੂਜਨ ਆਦਿ ਰੋਗਾਂ ਦਾ ਨਾਸਕ ਹੈ। ਇਸ ਤੇ ਮੁੰਡ ਲੋਹੇ ਨੂੰ ਪੌਣਾ ਵੱਖਰਾ ਲਿਖਿਆ ਹੈ।

ਇਸੇ ਤਰ੍ਹਾਂ ਤੀਖਣ ਜਾਤੀ ਦਾ ਲੋਹਾ ਭੀ ੬ ਪ੍ਰਕਾਰ ਦੇ ਭੇਦਾਂ ਦਾ ਹੈ ਸੋ ਵਖਰਾ ਪੌਣਾ ਕਿਹਾ ਹੈ। ਸਮਾਨ ਲੋਹੇ ਨਾਲੋਂ ਦੂਣੇ ਗੁਣ ਉਗ੍ਰ ਲੋਹੇ ਵਿਚ, ਇਸ ਨਾਲੋਂ ੧੦ ਅਧਿਕ ਕਲਿੰਗ ਲੋਹ ਵਿਚ ਇਸ ਨਾਲੋਂ ਦਸ ਗੁਣ ਵਧ ਭੱਦ ਲੋਹੇ ਵਿਚ, ਭਦ੍ਰ ਨਾਲੋਂ ਹਜ਼ਾਰ ਗੁਣ ਵਧ ਬਜ੍ਰ ਲੋਹੇ ਵਿਚ, ਬਜ੍ਰ ਤੋਂ ਸੱਠ ਗੁਣ ਵਧ ਪਾਂਡਜ ਲੋਹੇ ਵਿਚ ਇਸ ਨਾਲੋਂ ਇਕ ਹਜ਼ਾਰ ਕ੍ਰੋੜ ਗੁਣ ਵਧ ਕ੍ਰਾਂਤਿ ਲੋਹੇ ਵਿਚ। ਇਸ ਤਰ੍ਹਾਂ ਜਾਣਕੇ ਦੋ ਪ੍ਰਕਾਰ ਦਾ ਲੋਹਾ ਲਿਖਿਆ ਹੈ, ਹੁਣ ਲੋਹੇ ਦੀਆਂ ਜਾਤਾਂ ਘਟ ਪ੍ਰਾਪਤ ਹੁੰਦੀਆਂ ਹਨ, ਇਸ ਤੇ ਮ੍ਰਿਤਲੋਹਾ ਦੂਣਾ ਪਾਕੇ ਕੰਮ ਰੇੜ੍ਹ ਲਵੇ। ਅਗਯਾਨੀਆਂ ਨੇ ਮਨਕਥੇ ਕਈ ਜੱਟਲ ਮਾਰੇ ਹਨ। ਸੋ ਦੇਖਣੇ ਪੜਤਾਲਨੇ ਯੋਗਯ ਹਨ।

‡ਦੋ ਪਯਾਲਿਆਂ ਵਿਚ ਪਾਕੇ ਸੰਪੁਟ ਲਿਪ ਕਪੜੌਤੀ ਕਰਕੇ ਸੁਕਾਵੇ ਅਰ ਫਿਰ ਧਾਨਾਂ ਅਰਥਾਤ ਚਾਵਲਾਂ ਦੇ ਤੋਹਾਂ ਵਿਚ ਰਖਕੇ ਅੱਗ ਦੇਵੇ, ਇਸ ਤਰ੍ਹਾਂ ਅੱਗ ਦੇਣ ਨੂੰ 'ਅੰਧਮੂਖਾ ਯੰਤ੍ਰ' ਆਖਦੇ ਹਨ।

ਨਿਰਨਾ ਚਾਹੋ ਤਾਂ ਦੇਖੋ ਦ੍ਰਬ ਦਰਪਣ ਪ੍ਰਿ: ੨੭, ਰਸਰਾਜ ਸੁੰ: ਪ੍ਰਿ: ੩੪੬ ਤੇ ਰਸਰਤਨਾਕਰ ਜਿਸ ਦਾ ਇਹ ਪ੍ਰਯੋਗ ਹੈ, ਦੇਖੋ ਪ੍ਰਿ: ੧੯੧.

Digitized by Panjab Digital Library | www.panjabdigilib.org

ਪੀਪਰ ਮਰਚਾਂ ਸਿੰਗਰਫ ਜਾਨ। ਟੰਕਨ ਮਿੱਠਾ ਸਭ ਸਮ ਆਨ।
ਇਨਕਾ ਚੂਰਨ ਕਰੋ ਬਨਾਇ। ਅਨੰਦ ਭੈਰਵੀ ਰਸ ਕਹਿਵਾਇ॥੧੯੮॥
ਅਤੀਸਾਰ ਮੈਂ ਪਾਛਾ ਕਹਯਾ। ਮਤਲਬ ਹੇਤ ਇਹਾਂ ਭੀ ਲਹਯਾ।
ਤਾ ਸਮ ਮਾਰਯਾ ਤਾਂਬਾ ਪਾਇ। ਦੋਨੋ ਪੀਸੀ ਫੇਰ ਰਲਾਇ॥੧੯੯॥
ਗੁੰਜਾਤ੍ਰਿਕ ਖਾਵੈ ਪਤ ਪਾਨ। ਕਫ ਅਰਸੈ ਕੀ ਕਰਤਾ ਹਾਨ।
ਰਸਰਤਨਾਕਰ ਭਾਖੀ ਏਹ। ਮੋਰੀ ਬਾਤ ਨ ਜਾਨੋ ਵੇਹ॥੨੦੦॥

੪੨੨-ਮਘ, ਮ੍ਰਿਚ, ਸਿੰਗ੍ਰਫ, ਸੁਹਾਗਾ ਅਰ ਮਿੱਠਾ ਤੇਲੀਆ ਇਹ ਸਭ ਸਮਾਨ ਭਾਗ ਲੈਕੇ, ਚੰਗੀ ਤਰ੍ਹਾਂ ਪੀਹਕੇ ਚੂਰਣ ਕਰ ਲਵੇ। ਇਸ ਦਾ ਨਾਮ 'ਅਨੰਦ ਭੈਰਵੀ ਰਸ' ਹੈ, ਭਾਵੇਂ ਪਿਛੇ ਅਤੀ-ਸਾਰਾਂ ਵਿਚ ਭੀ ਕਿਹਾ ਹੈ ਪਰੰਤੂ ਫਿਰ ਭੀ ਮਤਲਬ ਵਾਸਤੇ ਦੋਬਾਰਾ ਲਿਖਿਆ ਹੈ। ਉਕਤ ਚੂਰਣ ਦੇ ਸਮਾਨ ਮ੍ਰਿਤਤਾਂਵਾ ਮਿਲਾਕੇ ਫਿਰ ਘੋਟੇ ਅਰ ਫਿਰ ਇਸ ਵਿਚੋਂ ੩ ਰੱਤੀਆਂ ਪਾਨਪੱਤ੍ਰ ਨਾਲ ਖਾਵੇ ਤਾਂ ਕਫ ਦੀ ਬਵਾਸੀਰ ਨਾਸ਼ ਕਰੇ।।੧੯੮ ਤੋਂ ੨੦੦॥

ਰਕਤ ਅਰਸ਼ ਲੱਛਣ-ਚੌਪਈ

ਰਕਤ ਮਵੇਸੀ ਤਿਤ ਕੀ ਜਾਨ। ਪਰਬਾਲੀ ਬਟ ਕੂੰਪਲ ਠਾਨ।
ਲੋਹੂ ਕੀ ਪਰਤੀ ਬਹੁ ਧਾਰ। ਰੰਗ ਸ੍ਵੇਤ ਤਨ ਕ੍ਰਿਸ ਬਹੁਕਾਰ॥੨੦੧॥

ਰਕਤ ਦੀ ਬਖਾਸੀਰ ਪਿੱਤ ਸਮਾਨ ਜਾਣੇ। ਮਹੁਕੇ (ਮੱਸੇ) ਗੁਲੀਆਂ, ਅਰ ਬੋਹੜ ਦੀਆਂ ਕੂੰਮਲਾਂ ਦੇ ਅਕਾਰ ਹੁੰਦੇ ਹਨ। ਓਨਾਂ ਵਿਚ ਲਹੂ ਦੀ ਬਹੁਤ ਧਾਰਾ ਹੀ ਵਗ ਪੈਂਦੀ ਹੈ, ਇਸ ਕਰਕੇ ਸਰੀਰ ਦਾ ਰੰਗ ਸਫੈਦ ਅਰ ਲਿੱਸਾ ਹੁੰਦਾ ਹੈ॥੨੦੧॥

ਰਕਤ ਅਰਸ਼ ਉਪਾਇ (ਰਸਰਤਨਾਕਰਾਤ)-ਦੋਹਰਾ

ਬੀਜ ਭਲਾਤਕ ਲੀਜੀਏ, ਅਰੁ ਇਰੰਡ ਕੇ ਬੀਜ।
ਪੀਸੀ ਭਾਵਨ ਕੀਜੀਯੇ, ਇਨ ਬੂਟੀ ਰਸ ਦੀਜ॥੨੦੨॥
ਗੁੰਜਾ ਮੁੰਡੀ ਭੰਗਰਾ, ਸਿੰਬਲ ਕੇਤਕ ਜਾਨ।
ਛਿੰਨਾ ਪੁਟ ਖਟੁ ਦੇ ਕਰੀ, ਦੋ ਮਾਸੇ ਨਿਤ ਖਾਨ॥੨੦੩॥
ਰਕਤ ਅਰਸ ਮਿਟ ਜਾਤ ਹੈ, ਰਸਰਤਨਾਕਰ ਭਾਸ਼।
ਕਹਤ ਮੇਘ ਪੰਡਿਤ ਲਖੋ, ਔਖਧ ਭਲੀ ਸੁ ਖਾਸ॥੨੦੪॥

੪੨੩-ਭਿਲਾਵੇ ਦੇ ਬੀਜ ਤੇ ਅਰਿੰਡ ਦੇ ਬੀਜ ਇਨ੍ਹਾਂ ਦੋਹਾਂ ਨੂੰ ਪੀਹਕੇ ਹੇਠ ਲਿਖੀਆਂ ਬੂਟੀਆਂ ਦੀਆਂ ਭਾਵਨਾ ਦੇਵੇ-ਰਤਕਾਂ, ਮੁੰਡੀ, ਭੰਗਰਾ, ਸਿੰਮਲ, ਕੇਤਕੀ ਅਰ ਗਿਲੋਯ ਇਨ੍ਹਾਂ ਛਿਆਂ ਦੇ ਰਸ ਵਿਚ ੬ ਭਾਵਨਾ ਦੇਕੇ ਰੱਖੇ ਅਰ ਫਿਰ ੨ ਮਾਸੇ ਨਿੱਤ ਖਾਵੇ ਤਾਂ ਰਕਤ ਦੀ ਬਵਾਸੀਰ ਮਿਟਦੀ ਹੈ ॥੨੦੨॥੨੦੩॥੨੦੪॥

Digitized by Panjab Digital Library | www.panjabdigilib.org

ਉਪਾਇ (ਬ੍ਰਿੰਦਾਤ)–ਦੋਹਰਾ

ਤਿਲ ਨਵਨੀਤ ਪ੍ਰਭਾਤ ਸਮਿ, ਆਠ ਟਾਂਕ ਨਿਤ ਖਾਇ।
ਅਰਸ ਰਕਤ ਕੀ ਜਾਤ ਹੈ, ਕਹਤ ਬ੍ਰਿੰਦ ਸਚੁ ਭਾਇ ॥੨੦੫॥

੪੨੪–ਤਿਲ ਤੇ ਮੱਖਣ, ਦੋਨੋਂ ਸਵੇਰੇ ਬੇਨਾਗਾ ੩੨ ਮਾਸ਼ੇ ਨਿੱਤ ਨਿਗਲੇ ਤਾਂ ਰਕਤ ਬਵਾਸੀਰ ਅਰਥਾਤ ਖ਼ੂਨ ਦਾ ਜਾਣਾ ਬੰਦ ਕਰੇ ॥੨੦੦॥

ਸੋਰਠਾ

ਕਰਿ ਕੇਸਰ ਨਵਨੀਤ, ਮਿਸਰੀ ਮਿਲ ਤੀਨੋ ਭਖੇ।
ਅਰਸ ਰਕਤ ਮਿਟ ਮੀਤ, ਕਹੈ ਬ੍ਰਿੰਦ ਸਾਚੀ ਕਥਾ ॥੨੦੬॥

੪੨੫–ਨਾਗਕੇਸਰ, ਮੱਖਨ ਅਰ ਮਿਸਰੀ ਮਿਲਾ ਕੇ ਤਿੰਨੇ ਖਾਵੇ, ਤਾਂ ਰਕਤ ਬਵਾਸੀਰ ਮਿਟੇ ॥ ੨੦੬ ॥

ਦੋਹਰਾ

ਚੰਦਨ ਤਿਲ ਅਰੁ ਮੋਚਰਸ,ਕਮਲ ਮਜੀਠ ਮੰਗਾਇ।
ਪਿੱਤ ਪਾਪਰਾ ਦੂਧ ਸੋਂ ਬਕਰੀ ਕੈ ਲੇ ਖਾਇ ॥੨੦੭॥
ਤੀਨ ਟੰਕ ਨਿਤ ਖਾਈਏ, ਅਰਸ ਰਕਤ ਮਿਟ ਜਾਇ।
ਚੂਰਨ ਏਹੁ ਪਰ ਸੱਤ ਹੈ, ਸਾਚੀ ਦਈ ਸੁਨਾਇ ॥੨੦੮॥

੪੨੬–ਚੰਦਨ, ਤਿਲ, ਮੋਚਰਸ, ਕਮਲਡੋਡੇ, ਮਜੀਠ ਅਰ ਪਾਪੜਾ ਪੀਹ ਕੇ ੧ ਤੋਲਾ ਚੂਰਣ ਨਿਤ ਬਕਰੀ ਦੇ ਦੁਧ ਨਾਲ ਖਾਵੇ ਤਾਂ ਰਕਤ ਬਵਾਸੀਰ ਨਾਸ ਕਰੇ ਇਹ ਚੂਰਣ ਬਹੁਤ ਸਰੇਸ਼ਟ ਹੈ ॥੨੦੭॥੨੦੮॥

ਚੌਪਈ

ਤੀਨ ਕਸੀਰੇ ਰਾਈ ਆਨ। ਕੂਟੀ ਗੋ ਤੱਕ੍ਰਹਿ ਸੰਗ ਪਾਨ।
ਰਕਤ ਮਲੇਸੀ ਜਾਵੈ ਸਹੀ। ਮੇਘ ਬਿਨੋਦੇ ਮੇਘੈ ਕਹੀ ॥੨੦੯॥

੪੨੭–ਰਾਈ ੩ ਪਸ ਭਰ ਕੁਟਕੇ ਗੋਕੀ ਲਸੀ ਨਾਲ ਪਾਨ ਕਰੇ ਰਕਤ ਬਵਾਸੀਰ (ਖ਼ੂਨ ਜਾਣਾਂ) ਨਾਸ ਕਰੇ ॥੨੦੯॥

ਸੋਰਠਾ

ਗੋਭੀ ਘ੍ਰਿਤਹਿ ਪਕਾਇ, ਕਨਿਕ ਰੋਟ ਸੋ ਖਾਈਏ।
ਅਰਸ ਰਕਤ ਮਿਟ ਜਾਇ,ਦਿਨ ਇਕ ਬੀਸ ਪ੍ਰਮਾਨ ਕਰ ॥੨੧੦॥

੪੨੮–ਗੋਭੀ ਘਿਉ ਵਿਚ ਪਕਾਕੇ ਕਣਕ ਦੀ ਰੋਟੀ ਨਾਲ ੨੧ ਦਿਨ ਖਾਵੇ ਤਾਂ ਖ਼ੂਨ ਗਿਰਨਾ ਬੰਦ ਹੋਵੇ ਅਰਥਾਤ ਰਕਤ ਬਵਾਸੀਰ ਮਿਟੇ ॥੨੧੦।

ਕੀਕਰ ਫਲੀ ਨਿਬੀਜ, ਛਾਵ ਸੁਕਾਈ ਕਰਖ ਸਮ।

Digitized by Panjab Digital Library | www.panjabdigilib.org

ਜਲ ਸੀਤਲ ਸੋ ਲੀਜ, ਅਰਸ ਰਕਤ ਸਭ ਜਾਇ ਟਰ ॥੨੧੧॥

੪੨੯-ਕੱਚੀਆਂ ਕਿਕਰ ਦੀਆਂ ਫਲੀਆਂ ਛਾਂਵੇਂ ਸੁਕਾਕੇ ਪੀਹੇ ਅਰ ੧ ਤੋਲਾ ਠੰਢੇ ਪਾਨੀ ਨਾਲ (੧ ਮਹੀਨਾ) ਖਾਵੇ ਤਾਂ ਰਕਤ ਬਵਾਸੀਰ ਜਾਵੇ ॥੨੧੧॥

ਕਚੀ ਨਿਸਾ ਜੋ ਟੰਕ, ਦੋ ਖਾਵੈ ਗੁੜ ਮੇਲਕੈ ।
ਦਿਨ ਇਕ ਬੀਸਜੁ ਅੰਕ, ਅਰਸ ਰਕਤ ਕਾ ਨਾਸ ਹੁਇ ॥੨੧੨॥

੪੩੦-ਕੱਚੀ ਹਲਦੀ ੮ ਮਾਸ ਗੁੜ ਨਾਲ ੨੧ ਦਿਨ ਖਾਵੇ ਤਾ ਰਕਤ ਬਵਾਸੀਰ ਜਾਵੇ ।੨੧੨।

ਦੋਹਰਾ

ਜੰਗੀ ਹਰੜ ਰਸੌਤ ਲੈ, ਗੇਰੂ ਕੁੜਾ ਮਕੋਇ ।
ਈਸਦਗੋਲੰ ਸਭ ਸਭੈ, ਖਾਇ ਘਰੜ ਸੰਗ ਕੋਇ ॥੨੧੩॥

੪੩੧-ਜੰਗ ਹਰੜ, ਰਸੌਤ, ਗੇਰੀ, ਕੁੜਾਸਕ, ਮਕੋ ਦੇ ਪੱਤ੍ਰ ਅਰ ਈਸਬਗੋਲ ਸਭੇ ਇਕ ਸਮਾਨ ਲੈਕੇ ਬਰੀਕ ਪੀਹੇ ਅਰ ਫਿਰ ਅਧਰਿੜਕੇ ਨਾਲ ੧ ਤੋਲੇ ਤਕ ਨਿਤ ਖਾਵੇ ਤਾਂ ਰਕਤ ਬਵਾਸੀਰ ਮਿਟੇ ॥੨੧੩॥

ਚੌਪਈ

ਸੂਰਨ ਸੋਲਾ ਟੰਕ ਮਗਾਇ । ਟੰਕ ਆਠ ਗੁੜ ਮਾਹਿ ਰਲਾਇ ।
ਸਾਤ ਟਾਂਕ ਨਿਤ ਖਾਵੈ ਸਹੀ । ਅਰਸ ਮਵੇਸੀ ਜਾਵਤ ਕਹੀ ॥੨੧੪॥

੪੩੨-*ਸੁਧ ਕੀਤਾ ਜਿਮੀਕੰਦ ੬੪ ਮਾਸੇ ਤੇ ਗੁੜ ੩੨ ਮਾਸੇ ਰਲਾਕੇ ੨੮ ਮਾਸੇ ਨਿਤ ਖਾਵੇ ਤਾਂ ਰਕਤ ਬਵਾਸੀਰ (ਖੂਨ ਜਾਂਦਾ) ਨਾਸ ਕਰੇ ॥੨੧੪॥

ਸਰਬ ਅਰਸ਼ ਉਪਾਇ-ਚੌਪਈ

ਨੀਲਾਥੋਥਾ ਫਟਕਰਿ ਜਾਨ । ਸੋਹਾਗਾ ਜਵਖਾਰ ਸੁ ਆਨ ।
ਸੰਮਲਫਾਰ ਨਿਸਾਦਰ ਸਹੀ । ਨਿੰਬੂ ਰਸ ਸੋਂ ਗੋਲੀ ਕਹੀ ॥੨੧੫॥
ਚਨਕ ਸਮਾਨ ਗੁਟੀ ਕਰ ਖਾਇ । ਪ੍ਰਾਤਸਾਂਝ ਇਕ ਏਕੋ ਥਾਇ ।
ਕਾਟਾ ਖਾਰਾ ਬਰਜੇ ਸਹੀ । ਅਰਸ ਸਕਲ ਮਿਟ ਜਾਵਤ ਲਹੀ ॥੨੧੬॥

੪੩੩-ਨੀਲਾਥੋਥਾ, ਫਟਕੜੀ. ਸੁਹਾਗਾ, ਜੌਂਖਾਰ, ਸੰਖੀਆ ਅਰ ਨੌਸ਼ਾਦਰ ਸਮਾਨ ਭਾਗ ਲੈਕੇ ਨਿੰਬੂ ਦੇ ਰਸ ਨਾਲ ਘੋਟ ਕੇ ਚਣੇ ਪ੍ਰਮਾਣ ਗੋਲੀਆਂ ਕਰੇ, ੧ ਇਕ ਗੋਲੀ ਸ਼ਾਮ, ੧ ਗੋਲੀ ਪ੍ਰਾਤਾਕਾਲ ਨਿਤ ਖਾਵੇ, ਖੱਟਾ ਤੇ ਖਾਰਾ ਬਰਜ ਰਖੇ ਤਾਂ ਸਭ ਤਰ੍ਹਾ ਦੀ ਬਵਾਸੀਰ ਨਾਸ ਕਰੇ । (ਪਰੰਤੂ ਜ਼ਹਿਰ ਹੈ, ਖਬਰਦਾਰ ਸੋਚਕੇ ਦੇਵੇ) ॥੨੧੫॥੨੧੬॥

---

*ਜਿਮੀਕੰਦ ਦੋ ਤਰ੍ਹਾਂ ਦਾ ਹੁੰਦਾ ਹੈ ਜਿਸ ਨੂੰ ਮਿਟੀ ਨਾਲ ਲਿਪਕੇ ਭੁਬਲ ਵਿਚ ਪਕਾਵੇ ਤਾਂ ਫਿਰ ਸੁਧ ਹੋਵੇ ਪਰੰਤੂ ਕਰਾਚੀ ਵਲੋਂ ਇਕ ਜਿਮੀਂਕੰਦ ਔਂਦਾ ਹੈ, ਉਹ ਨਿਰਵਿਖ ਹੁੰਦਾ ਹੈ, ਉਸ ਦੇ ਸੁਧ ਕਰਨੇ ਦੀ ਜ਼ਰੂਰਤ ਨਹੀਂ ਹੈ ।

Digitized by Panjab Digital Library | www.panjabdigilib.org

ਲਸਨਾਦਿ–ਗੋਲੀ

ਨਿੰਬੋਲੀ ਗਿਰ ਸੱਜੀ ਹਿੰਗ। ਲਸਨ ਗੁਲੀ ਟੰਕ ਪੰਚ ਪੰਚ ਅੰਗ।
ਬੀਸ ਟਾਂਕ ਗੁੜਮੇਲ ਕੁਟੇਇ। ਤੀਨਟੰਕ ਕੀ ਗੁਟੀ ਬੰਧੇਇ ॥੨੧੭॥
ਪ੍ਰਾਤ ਸਾਂਝ ਖਾਵਤ ਇਕੁ ਏਕੁ। ਖਟ ਪ੍ਰਕਾਰ ਕੀ ਅਰਸ ਕਟੇਕ।
ਊਦਰ ਸੂਰ ਨਾਸੈ ਇਸ ਖਾਤ। ਲਸਨਾਦਿਕਏ ਗੁਟੀ ਬਿਖਯਾਤ॥੨੧੮॥

੪੩੪–ਨਿੰਮ ਦੀ ਗਿਰੀ, ਸਜੀ, ਹਿੰਗ ਤੇ ਲਸਨ ਦੀਆਂ ਗੁਲੀਆਂ ਇਹ ਸਭ ੨੦–੨੦ ਮਾਸੇ ਇਸ ਵਿਚ ੮੦ ਮਾਸੇ ਗੁੜ ਪਾਕੇ ਕੁਟੇ ਅਰ ਫਿਰ ੧ ਤੋਲੇ ਦੀ ਗੋਲੀ ਬੰਨ੍ਹ ਰਖ। ਇਸ ਵਿਚੋਂ ੧ ਪ੍ਰਾਤਾ ੧ ਸ਼ਾਮ ਨੂੰ ਖੁਲਾਜਾ ਕਰੇ ਤਾਂ ੬ ਪ੍ਰਕਾਰ ਦੀ ਬਵਾਸੀਰ ਤੇ ਪੇਟ ਪੀੜਾ ਨੂੰ ਇਹ ਲਸਨਾਦਿ ਗੋਲੀ ਦੂਰ ਕਰੇ ਹੈ ॥੨੧੭॥੨੧੮॥

ਧੂੰਣੀ–ਚੌਪਈ

ਅਪਮਾਰਗ ਕੇ ਕਾਟੇ ਲੇਇ। ਬੀਸ ਟਾਂਕ ਕਾ ਵਜਨ ਕਰੇਇ।
ਪਾਂਚ ਟਾਂਕ ਲੈ ਲੌਂਗ ਮਿਲਾਇ। ਗੁਦਾ ਬੀਚ ਧੂਨੀ ਕਰਵਾਇ॥੨੧੯॥
ਮਾਰੁਤ ਬਿਨੁ ਅਸਥਾਨ. ਬੈਠਾਇ। ਨਾਂਗੋ ਮੁਖ ਬਪੁ ਬਸਨ ਛਪਾਇ।
ਦਿਨ ਇਕ ਬਿਸੰਤ ਕਰੋ ਉਪਾਇ। ਅਰਸ ਰੋਗ ਸਭਹੀ ਝੜ ਪਾਇ॥੨੨੦॥

੪੩੫–ਪੁਟਕੰਡੇ ਦੇ ਕੰਡੇ ੮੦ ਮਾਸੇ ਤੇ ਲੌਂਗ ੨੦ ਮਾਸੇ ਦੋਹਾਂ ਦੀ ਧੂੰਣੀ ਗੁਦਾ ਵਿਚ ਦੇਵੇ, ਜਿਥੇ ਹਵਾ ਨਾ ਲਗੇ, ਅਜਿਹੇ ਥਾਂ ਬੈਠਕੇ। ਅਰ ਸਾਰਾ ਸਰੀਰ ਬਸਤ੍ਰ ਨਾਲ ਢਕ ਲਵੇ, ਸਿਰਫ ਮੂੰਹ ਨੰਗਾ ਰਖੇ, ਇਸ ਤਰ੍ਹਾਂ ੨੧ ਦਿਨ ਕਰੇ ਤਾਂ ਬਵਸੀਰ ਦੇ ਮਹੁਕੇ ਝੜ ਜਾਂਦੇ ਹਨ ॥੨੧੯॥੨੨੦॥

ਧੂਪ–ਚੌਪਈ

ਜੰਗਲ ਗੋਹਾ ਆਨ ਭਖਾਇ। ਊਪਰ ਮੁੰਡੀ ਬੂਟੀ ਪਾਇ।
ਗੁਦਾ ਬੀਚ ਤਿਸ ਧੂੰਆਂ ਦੇਇ। ਜੜ ਕਾਟੀ ਮਹੁਕਾ ਝੜ ਪੇਇ॥੨੨੧॥

੪੩੬–ਜੰਗਲੀ ਲੋਹਾ ਅਰਥਾਤ ਏਰਨੇ ਗੋਹੇ ਦੀ ਅੰਗਿਆਰੀ ਪਰ ਮੁੰਡੀ ਬੂਟੀ ਦਾ ਚੂਰਣ ਪਾਕੇ ਗੁਦਾ ਵਿਚ ਧੂੰਣੀ ਦੇਵੇ ਤਾਂ ਮਹੁਕੇ ਝੜਕੇ ਜੜ੍ਹ ਕੱਟੀ ਜਾਵੇ ॥੨੨੧॥

ਊਪਰ ਲਾਵੇ ਉਪਲਾ ਤੇਲ। ਬਵਾਸੀਰ ਸਭ ਦੂਰੈ ਠੇਲ।
ਵਕਤ ਅਰਸ ਕਾ ਕਰਤਾ ਨਾਸ। ਭਲਾ ਜੋਗੁ ਮੈ ਕੀਨਾ ਭਾਸ ॥੨੨੨॥

੪੩੭–ਜੰਗਲੀ ਗੋਹੇ ਅਰਥਾਤ ਏਰਨਿਆਂ ਦਾ ਤੇਲ ਪਤਾਲਯੰਤ੍ਰ ਨਾਲ ਕੱਢਕੇ ਮਹੁਕਿਆਂ ਉਪਰ ਲਾਵੇ ਤਾਂ ਰਕਤ ਦੀ ਬਵਾਸੀਰ ਨਾਸ ਕਰੇ, ਇਹ ਯੋਗ ਸਰੇਸ਼ਟ ਹੈ (ਹਰੀਤ ਵਿਚ ਲਿਖਿਆ ਹੈ) ॥੨੮੨॥

ਸੋਰਠਾ

ਕਰੀ ਦੰਤ ਕਾ ਬੂਰ, ਧੂਪ ਦੇਹੁ ਅਗ ਪਾਇਕੈ ॥

Digitized by Panjab Digital Library | www.panjabdigilib.org

ਬਵਾਸੀਰ ਸਭ ਦੂਰ, ਗੁਦਾ ਮਾਹਿ ਜੋ ਜਾਵਹੀ ॥੨੨੩॥

੪੩੮–ਹਾਥੀ ਦੇ ਦੰਦ ਦਾ ਬੂਰਾ ਅੱਗ ਪਰ ਪਾਕੇ ਗੁਦਾ ਵਿਚ ਧੂੰਣੀ ਦੇਵੇ ਤਾਂ ਸਭ ਤਰ੍ਹਾਂ ਦੀ ਬਵਾਸੀਰ ਨਾਸ ਕਰ ॥੨੨੩॥

ਕਕੜ ਤਮਾਖੂ ਆਨ, ਸਿੰਗਰਫ ਨੀਲਾ ਥੋਥ ਲੈ।
ਧੂਪ ਦੇਹੁ ਗੁਦ ਠਾਨ, ਅਰਸ ਸੂਕ ਸਭਹੀ ਗਿਰਤ ॥੨੨੪॥

੪੩੯–ਗਿਦੜ ਤਮਾਕੂ, ਸਿੰਗ੍ਰਫ ਤੇ ਨੀਲਾ ਥੋਥਾ ਲੈਕੇ ਪੀਹੇ ਅਰ ਧੂੰਣੀ ਦੇਵੇ ਤਾਂ ਬਵਾਸੀਰ ਦੇ ਮਹੁਕੇ ਸੁਕ ਜਾਂਦੇ ਹਨ ॥੨੨੪॥

ਗੋਲੀ–ਸ਼ੰਕਰਛੰਦ

ਚਾਰ ਗੰਧਕ ਤ੍ਰਿਕੁਟ ਚੌਬੀ, ਚਿੱਤਰਾ ਦਸ ਆਨ।
ਸਾਤ ਸੇਂਧਾ ਭਾਗ ਲੀਜੈ, ਗੁਟੀ ਨਿੰਬੂ ਠਾਨ।
ਗੁਟੀ ਕੋਕਨ ਸਮ ਕਰਾਵੇ, ਪ੍ਰਾਤ ਸੰਧਯਾ ਖਾਇ।
ਅਰਸ ਖਸਟ ਪ੍ਰਕਾਰ ਜਾਵਤ, ਤਨ ਘਨਾ ਸੁਖ ਪਾਇ ॥੨੨੫॥

੪੪੦–ਗੰਧਕ ੪, ਤ੍ਰਿਕੁਟਾ ੨੪, ਚਿੱਤ੍ਰਾ ੧੦ ਤੇ ਸੇਂਧਾਲੂਣ ੭ ‡ਭਾਗ ਲੈਕੇ ਨਿੰਬੂ ਦੇ ਰਸ ਨਾਲ ਗੋਲੀ ਕੋਕਨਬੇਰ ਪ੍ਰਮਾਣ ਕਰੇ, ੧ ਪ੍ਰਾਤਾ, ੧ ਸ਼ਾਮ ਨੂੰ ਗੋਲੀ ਖਾਯਾ ਕਰੇ ਤਾਂ ਛੇ ਪ੍ਰਕਾਰ ਦੀ ਬਵਾਸੀਰ ਨਾਸ ਕਰੇ ॥੨੨੫॥

ਲੇਪ–ਸੋਰਠਾ

ਕਟੂ ਤੋਰੀ ਕੋ ਆਨ, ਨਿਸਾ ਤੇਲ ਸਰਸਵ ਗਹੀ।
ਲੇਪੁ ਮਵੇਸੀ ਜਾਨ ਜੜ ਕਾਟਤ ਏ ਅਰਸ ਕੀ ॥ ੨੨੬ ॥

੪੪੧–ਕੌੜੀ ਤੋਰੀ, ਹਲਦੀ ਤੇ ਤੇਲ ਸਰੋਂ ਦਾ ਇਨ੍ਹਾਂ ਦਾ ਲੇਪ ਭੀ ਕਰੇ ਤਾਂ ਮਹੁਕਿਆਂ ਦੀ ਜੜ੍ਹ ਕੱਟਦਾ ਹੈ ॥੨੨੬॥

ਦੋਹਰਾ

ਪੱਤ੍ਰ ਪੀਚਕਾ ਆਨਕੈ, ਗੋਮੂਤ੍ਰ ਸੰਗ ਲੇਪ।
ਭਲੋ ਜੁਗ ਏ ਜਾਨਿਯੋ. ਸਕਲ ਅਰਸ ਸੰਖੇਪ ॥ ੨੨੭ ॥

੪੪੨–ਮੀਚਕੇ ਦੇ ਪੱਤ੍ਰ ਗਊਮੂਤ੍ਰ ਨਾਲ ਪੀਹਕੇ ਲੇਪ ਕਰੇ ਤਾਂ ਭੀ ਬਵਾਸੀਰ ਦੇ ਮਹੁਕੇ ਹਟ ਜਾਂਦੇ ਹਨ ॥ ੨੨੭ ॥

ਗੋਲੀ

ਤਿਲੁ ਗੁੜ ਹਰੜ ਭਲਾਤਕਾ, ਸਮ ਕਰ ਗੋਲੀ ਖਾਇ।

---

‡ਇੱਕ ਇੱਕ ਤੋਲਾ, ਭਾਵੇਂ ਇੱਕ ਇੱਕ ਮਾਸਾ ਲਵੇ।

Digitized by Panjab Digital Library | www.panjabdigilib.org

ਸ੍ਵਾਸ ਕਾਸ ਜੁਰ ਪਾਂਡੇ ਲੀਹ, ਏਤੇ ਰੋਗ ਗਵਾਇ ॥੨੨੮॥

੪੪੩–ਤਿਲ, ਗੁੜ, ਹਰੜ ਤੇ ਭਿਲਾਵੇ ਸਮਾਨ ਲੈਕੇ ਘੋਟਕੇ ਗੋਲੀਆਂ ਬੰਨ੍ਹ ਰਖੇ ਅਰ ਖਾਵੇ ਤਾਂ ਦਮਾ, ਖਾਂਸੀ, ਜੁਰ ਪਾਂਡੂ ਤੇ ਲਿਫ ਇਤਨੇ ਰੋਗ ਨਾਸ ਕਰੇ ॥ ੨੨੮ ॥

ਸੂਰਨ ਗੋਲੀ–ਚੌਪਈ

ਮਰਚ ਏਕ ਸੁੰਠੀ ਲੇ ਦੋਇ। ਚਿੱਤ੍ਰਾ ਆਠ ਭਾਗ ਲੈ ਢੋਇ।
ਸੂਰਨ ਸੋਲਾਂ ਭਾਗ ਠਵੇਇ। ਸ਼ਭ ਤੇ ਦੂਨਾ ਗੁੜ ਲੈ ਦੇਇ ॥੨੨੯॥
ਗੋਲੀ ਕਰਿ ਇਕੁਨਿਤਪ੍ਰਤਿ ਖਾਇਗੁਲਮ ਅਫਾਰਾ ਸਭ ਮਿਟ ਜਾਇ।
ਦੁਸਟ ਮਵੇਸੀ ਸਗਲੀ ਮਿਟੈ। ਰਾਮ ਨਾਮ ਤੇ ਜਯੋਂ ਅਘਘਟੈ॥੨੩੦॥

੪੪੪–ਮਿਰਚ ੧, ਸੁੰਢ ੨, ਚਿੱਤ੍ਰਾ ੮ ਜਿਮੀਕੰਦ ੧੬ ਭਾਗ ਲੈਕੇ ਸਭ ਤੋਂ ਦੂਣਾ ਗੁੜ ਪਾਕੇ ੧ ਤੋਲੇ ਦੇ ਨੇੜੇ ਗੋਲੀ ਬੰਨ੍ਹੇ ਅਰ ਇਕ ਰੋਜ ਖਾਵੇ ਤਾਂ ਗੋਲਾ ਅਫਾਰਾ ਅਰ ਦੁਸ਼ਟ ਬਵਾਸੀਰ ਦੇ ਮਹੁਕੇ ਨਾਸ ਕਰੇ ॥ ੨੨੯ ॥ ੨੩੦ ॥

ਬਿਜਯ ਚੂਰਨ(ਵੰਗਸੇਨਾਤ]–ਸ਼ੰਕਰਛੰਦ

ਤ੍ਰਯਗੰਧ ਤ੍ਰਿਫਲਾ ਤ੍ਰਿੱਕੁਟ ਚਵਕਾ, ਸੌਂਫ ਨਿਸ ਲੈ ਦੋਇ।
ਬੜਿੰਗ ਪਾਠਾ ਲਵਨ ਪਾਂਚੋਂ, ਕੌੜ ਬਿਲ ਗਿਰ ਢੋਇ।
ਅਜਮੋਦ ਪੀਪਰ ਮੂਰ ਰਾਮਠ, ਮੇਲ ਦੋਨੋ ਖਾਰ।
ਬਚ ਪੀਸ ਚੂਰਨ ਟੰਕ ਚਾਰੇ, ਉਸਨ ਜਲ ਸੋਂ ਧਾਰ ॥੨੩੧॥
ਏਰੰਡ ਤੇਲੁ ਮਿਲਾਇ ਖਾਵੈ, ਅਰਸ ਪਾਰਸ ਸੂਰ।
ਸ੍ਵਾਸ ਕਾਸਾ ਮੇਹ ਪਾਂਡੋ, ਗੁਦਾ ਕ੍ਰਿਮ ਜੁਰ ਮੂਰ।
ਕਾਮਲਾ ਹ੍ਰਿਦ ਉਦਾਵਰਤਕ, ਔਰ ਆਮ ਜੁ ਬਾਤ।
ਬਸਤ ਸੂਲਾ ਗ੍ਰਹਨਿ ਜਾਵੈ, ਮਿਟੈ ਸਕਲੀ ਬਾਤ ॥੨੩੨॥
ਭਾਗੰਦ੍ਰਾ ਅਰੁ ਆਂਦ ਕੂਜਤ, ਮਿਟੇ ਦੋਖ ਜੁ ਭੂਤ।
ਭੂਖ ਲਾਗੈ ਦੋਖ ਭਾਗੈ, ਤਨ ਸਕਲ ਸਭੁ ਸੂਤ।
ਬਿਜਯ ਚੂਰਨ ਨਾਮ ਜਾਨੋ, ਘਟਤ ਸਗਲੇ ਰੋਗ।
ਜਯੋਂ ਸਾਧ ਕੇ ਗੁਨ ਜਾਤ ਮਿਟ ਹੈਂ,ਲਲਿਤ ਤਿਯ ਕੇ ਭੋਗ॥੨੩੩॥

੪੪੫–ਦਾਲਚੀਨੀ, ਇਲਾਚੀ, ਤਮਾਲਪੱਤ੍ਰ, ਹਰੜ, ਬਹੇੜਾ, ਆਵਲੇ. ਮਘ, ਮਿਰਚ, ਸੁੰਢ, ਚਵਾਂ ਸੌਂਫ, ਦਾਰਹਲਦੀ, ਬਾਇਬੜਿੰਗ, ਪਾਠਾ, ਪੰਜੇਲੂਣ, ਕੌੜ, ਬਿਲਗਿਰੀ, ਅਜਮੋਦ, ਪਿਪਲਾਮੂਲ, ਹਿੰਗ ਸੱਜੀ ਖਾਰ, ਜੌਂਖਾਰ ਤੇ ਵਚ ਇਨ੍ਹਾਂ ਸਭਣਾਂ ਨੂੰ ਚੂਰਣ ਕਰ ਲਵੇ, ਫਿਰ ੧੬ ਮਾਸੇ ਨਿੱਤ ਗਰਮ ਜਲ

Digitized by Panjab Digital Library | www.panjabdigilib.org

ਨਾਲ ਅਰ ਅਰਿੰਡ ਦਾ ਤੇਲ ਪਾ ਕੇ ਖਾਵੇ ਤਾ ਬਵਾਸੀਰ, ਵੱਖੀ ਦੀ ਪੀੜ. ਦਮਾ, ਖਾਂਸੀ, ਪ੍ਰਮੇਹ, ਪਾਂਡੂ, ਗੁਦਾ ਦੇ ਕ੍ਰਿਮਿ, ਤਾਪ, ਕਾਮਲਾ, ਹ੍ਰਿਦਯ ਰੋਗ, ਉਦਾਵਰਤ, ਆਮਬਾਤ,ਮੂਤ੍ਰਾਸ਼ਯ ਦਾ ਸੂਲ, ਸੰਗ੍ਰਹਿਣੀ ਸਰਬ ਪ੍ਰਕਾਰ ਦੀ ਵਾਯੂ, ਭਗੰਦਰ, ਆਂਦ੍ਰਾਂ ਦਾ ਬੋਲਣਾ, ਭੂਤਦੋਖ ਅਰ ਭੂਤਆਦਿ ਦਾ ਲੱਗ ਜਾਣਾ ਆਦਿ ਅਨੇਕ ਰੋਗ ਇਹ ਬਿਜਯ ਚੂਰਣ ਨਾਸ ਕਰੇ ਅਰ ਭੁਖ ਲਗਾਵੇ, ਦੋਖ ਆਦਿ ਸਰੀਰ ਮਾਤ੍ਰ ਦੇ ਨਾਸ਼ ਕਰੇ ਇਹ ਬਿਜਯ ਚੂਰਣ ਬਹੁਤ ਪ੍ਰਭਾਵ ਵਾਲਾ ਹੈ, ਜਿਸ ਤਰ੍ਹਾਂ ਇਸਤਰੀ ਸਪਰਸ਼ ਤੇ ਸਾਧਪਣਾ ਨਸ਼ਟ ਹੋ ਜਾਂਦਾ ਹੈ, ਇਉਂ ਸਭ ਰੋਗ ਨਾਸ ਕਰਦਾ ਹੈ ॥੨੩੧॥੨੩੨॥੨੩੩॥

ਬਵਾਸੀਰ ਪੱਥ–ਚੌਪਈ

ਰੇਚ ਲੇਪ ਅਰੁ ਰਕਤ ਕਢਾਵਨ। ਖਾਰ ਅਗਨਿ ਹਥਯਾਰ ਕਟਾਵਨ।
ਸੱਠੀ ਚਾਵਲ ਕੁਲਥ ਪਟੋਲ। ਜੌਂ ਸੂਰਨ ਪਾਲਕ ਲੈ ਘੋਲ ॥੨੩੪॥
ਇਟਸਿਟ ਸਰਸੋਂ ਤੇਲ ਸੌਬੀਰ। ਅਗਨ ਕਾਰ ਸਭ ਅੰਨ ਲੈ ਭੀਰ।
ਲਸਨ ਚਿੱਤਰਾ ਪੱਥ ਬਖਾਨ। ਪੱਥਯਾਪਥ ਜੁ ਇਹਬਿਧ ਠਾਨ॥੨੩੫॥

੪੪੬–ਜੁਲਾਬ, ਲੇਪ, ਲਹੂ ਕਢੌਣਾ, ਖਾਰ, ਤਿਜਾਬ ਆਦਿ ਲਗਾਉਣੀ. ਅਗਨੀ ਨਾਲ ਸਾੜਣਾਂ, ਹਥਯਾਰ ਨਾਲ ਕੱਟਨਾ, ਸੱਠੀ ਦੇ ਚਾਵਲ, ਕੁਲਥ, ਪਟੋਲ, ਜੌਂ, ਜਿਮੀਕੰਦ, ਪਾਲਕ, *ਘਰੜ ਇਟਸਿਟ ਦਾ ਸਾਗ, ਸਰੋਂ ਦਾ ਤੇਲ, ‡ਕਾਂਜੀ, ਅਗਨੀ ਵਰਧਕ ਸੱਭੇ ਅੰਨ ()ਗੰਨੇ, ਲਸਨ ਤੇ ਚਿਤ੍ਰਾ ਇਹ ਸਭ ਪੱਥ ਰੂਪ ਹਨ ॥੨੩੪॥੨੩੫॥

ਅਪੱਥ–ਦਵੈਯਾ ਛੰਦ

ਉਤਕਟ ਆਸਨ ਸਰਤਾ ਜਲੁ ਭਨਿ, ਬੇਗ ਰੋਧ ਤਿਯ ਸੰਗੰ।
ਗਾਡੀ ਘੋੜਾ ਜਾਨ ਬੁਰੇ ਹੈ, ਕਰਤ ਮਵੇਸੀ ਜੰਗੰ।
ਆਮਖ ਮਤਸ ਪਿਨਯਾਕ ਮਾਟੁਰੀ,ਮਾਖ ਆਂਬ ਜੁ ਬਿਵਾਤੰ।
ਬਿਸੰਭੀ ਗੁਰੁ ਏ ਸਭ ਤਯਾਗੋ, ਕਹੇ ਕੁਪੱਥ ਬਿਖਜਾਂਤੰ ॥੨੩੬॥

੪੪੬(ੳ)–ਪੈਰਾਂ ਭਾਰ ਬੈਠਣਾਂ, ਨਦੀ ਦਾ ਜਲ, ਬੇਗਾਂ ਦਾ ਰੋਕਣਾ. ਇਸਤ੍ਰੀ ਦਾ ਸੰਗ, ਗੱਡੀ ਘੋੜੇ ਦੀ ਸਵਾਰੀ, ਮਾਸ, ਮੱਛੀ ਕੁਲਰ, ਮਟਰ, ਮਾਂਹ, ਅੰਬ, ਬਾਤ ਕਾਰੀ ਚੀਜਾਂ, ਕਾਬਜ ਤੇ ਭਾਰੇ ਅੰਨ ਇਹ ਸਭ ਬਰਜ ਦੇਵੇ, ਕੁਪੱਥ ਹਨ ॥ ੨੩੬ ॥

ਮੰਦਾਗਨਿ ਨਿਦਾਨ–ਚੌਪਈ

ਬਾਤ ਪਿੱਤ ਕੈ ਅਧਿਕੀ ਹੋਇ। ਕਫੀ ਅਧਿਕ ਭੁੰਜੈ ਬਹੁ ਕੋਇ
ਜੀਮੈ ਉਪਰ ਜੀਮੈ ਅੰਨ। ਬਾਢਤ ਮੈਲੁ ਉਦਰ ਮੈ ਮੰਨ ॥ ੨੩੭ ॥

---

*ਘੋਲ–ਮਠਾ ਘਰੜ ਹੈ। ਦੇਖੋ ਭਾਵ ਪ੍ਰਕਾਸ਼।
‡ਸੌਬੀਰ–ਕਾਂਜੀ ਹੈ, ਦੇਖੋ ਆ: ਔ: ਕੋਸ਼ ਪ੍ਰਿ: ੯੯੭।
()ਭੀਰ–ਗੰਨੇ ਹਨ। ਦੇਖੋ ਆ: ਔ: ਪ੍ਰਿ: ੧੧੩।

Digitized by Panjab Digital Library | www.panjabdigilib.org

ਅਤ ਪੀਵਨ ਅਤ ਖਾਵਨ ਜਾਨ ।ਵਿਖਮਾਸਨ ਜਾਗਨ ਨਿਸਮਾਨ ।
ਬੇਗਮੂਤ ਰੋਧਨ ਜੇ ਕਰੈ । ਆਜੀਰਨ ਯਾਤੇ ਉਤਪਰ ॥ ੨੩੮ ॥

ਬਾਤ ਪਿੱਤ ਦੇ ਵਧ ਜਾਣ ਤੇ ਅਥਵਾ ਕਫ ਕਾਰਕ ਚੀਜ਼ਾਂ ਬਹੁਤ ਖਾਣ ਤੇ, ਖਾਏ ਪਰ ਖਾਣੇ ਤੇ, ਪੇਟ ਵਿਚ ਮੈਲ ਦੇ ਵਧ ਜਾਣੇ ਤੇ, ਅਤਯੰਤ ਪੀਣ ਅਤਯੰਤ ਖਾਣੇ ਤੇ, ਵਿਖਮਾਸਨ ਕਹੀਏ ਵਕਤੋਂ ਕੁਵਕਤ ਭੋਜਨ ਕਰਨ ਤੇ ਯਾਂ ਪੈਰ ਉਕੇ ਸਿਰ ਨੀਵਾਂ ਕਰ ਸੌਣੇ ਤੇ, ਯਾ ਵਿਪ੍ਰੀਤ ਸੰਭੋਗ, ਤੇ ਰਾਤ ਦੇ ਜਾਗਣੇ ਤੇ ਅਰ ਮੂਤ੍ਰਾਦਿ ਵੇਗਾਂ ਦੇ ਰੋਕਣੇ ਤੇ ਇਹ ਅਜੀਰਣ ਉਤਪੰਨ ਹੋਵੇ ਹੈ ॥ ੨੩੮ ॥

ਲੱਛਣ–ਰਸਵਾਲ

ਬਮਨ ਪਿਪਾਸਾ ਸੂਲ, ਮੂਰਛਾ ਭ੍ਰਮ ਹੋਇ ਕੰਪਾ ।
ਅਤੀਸਾਰ ਜੰਭਾਇ, ਦਾਹਿ ਉਦਾਗਰ ਸੁ ਜੰਪਾ ।
ਨਿੰਦ੍ਰਾ ਹੋਇ ਬਿਨਾਸ, ਸ੍ਵਾਸ ਅਰੁ ਬਹੁ ਹੈ ਭਾਰਾ ।
ਕਹੈ ਜੁ ਮਾਧਵ ਏਮ, ਅਗਨਿ ਮੰਦ ਹੈ ਜੋ ਚਾਰਾ ॥੨੩੯॥

ਕੈ ਪਯਾਸ, ਸੂਲ, ਮੂਰਛਾ, ਭ੍ਰਮ, ਕਾਂਬਾ, ਅਤੀਸਾਰ, ਉਬਾਸੀਆਂ, ਦਾਹ, ਡਿਕਾਰ, ਨਿਦ੍ਰਾਨਾਸ, ਸ੍ਵਾਸ ਤੇ ਪੇਟ ਭਾਰੀ । ਇਸ ਤਰਾਂ ਚਾਰ ਪ੍ਰਕਾਰ ਦੀ ਮੰਦਾਗਨੀ ਕਹੀ ਹੈ ॥ ੨੩੯ ॥

ਮੰਦਾਗਨਿ ਅਸਾਧ ਲੱਛਣ–ਰਸਵਾਲਛੰਦ

ਘਨੀ ਜੁ ਨਿੰਦ੍ਰਾ ਹੋਇ, ਔਰ ਆਰਤ ਬਹੂ ਭਾਖੀ
ਕੰਪੈ ਮੂਤ ਨਿਰੋਧ, ਔਰ ਚ੍ਰੇਸਾ ਨਹਿ ਆਖੀ
ਕਹੀ ਅਸਾਧ ਬਖਾਨ, ਅਗਨਿ ਮੰਦਾ ਜੁ ਅਜੀਰਨ ।
ਬਿਸੂਚਕ ਆਲਸਕਾ, ਬਿਲੰਬਕ ਜਾਨ ਸਭੀਰਨ ॥ ੨੪੦ ॥

ਬਹੁਤੀ ਨੀਂਦ, ਬਹੁਤੀ ਬੇਚੈਨੀ, ਕਾਂਬਾ, ਮੂਤ੍ਰ ਰੁਕਣਾ, ਚੇਸ਼ਟਾ ਰੁਕਣੀ, ਇਹ ਮੰਦਾਗਨੀ ਅਸਾਧ ਕਹੀ ਹੈ । ਅਜੀਰਣ, ਬਿਸੂਚਕਾ, ਆਲਸਕ ਤੇ ਬਿਲੰਬਕਾ ਭੀ ਇਸੇ ਪ੍ਰਕਾਰ ਹਨ ॥ ੨੪੦ ॥

ਮੰਦਾਗਨੀ ਉਪਾਇ–ਚੌਪਈ

ਸੌਂਚਰ ਸੁੰਠੀ ਹਰੜੇ ਕਣਾ । ਤ੍ਰਿਵੀ ਮੇਲ ਸਮ ਪੰਚ ਹੈ ਭਨਾ ।
ਉਸਨ ਨੀਰ ਖਾਵੇ ਮਿਟ ਸੂਰ ॥ਅਰਸ ਅਨਾਹਜੁ ਆਮ ਨ ਮੂਰ॥੨੪੧।

੪੪੬(ਅ) ਸੌਂਚਰਲੂਣ, ਸੁੰਢ, ਹਰੜ, ਮਘ ਤੇ ਤ੍ਰਿਵੀ ਇਹ ਪੰਜੇ ਇਕ ਸਮਾਨ ਲਵੇ ਅਰ ਗਰਮ ਪਾਣੀ ਯਾ ਗਰਮ ਦੁੱਧ ਨਾਲ ਖਾਵੇ ਤਾਂ ਸੂਲ, ਬਵਾਸੀਰ, ਅਫਾਰਾ ਤੇ ਆਮ ਨਾਸ ਕਰੇ ॥ ੨੪੧।

ਅਗਨਿ ਮੁਖ ਚੂਰਣ–ਛਪੈ

ਏਕ ਹੀਂਗ ਦੁਇ ਬਰਚ, ਤੀਨ ਪੀਪਰ ਸੁੰਠੀ ਚਤੁ ।
ਪੰਚ ਜਵਾਨੀ ਚਿੱਤ੍ਰ, ਛੇਹ ਹਰੜੈ ਆਨੀ ਸਤ ।

Digitized by Panjab Digital Library | www.panjabdigilib.org

ਆਠ ਕੁਸਟ ਏ ਭਾਗ, ਪੀਸ ਚੂਰਣ ਕਰੀਯੋ ਇਸੁ।
ਉਸਨ ਨੀਰ ਦਧ ਮੇਲ, ਖਾਇ ਰੋਗੀ ਜਾਨੋ ਤਿਸੁ।
ਬਾਤ ਉਦਰ ਬਿਖੁ ਅਰਸ ਹਿਕ੍ਰ,ਸ੍ਵਾਸ ਕਾਸ ਕਫ ਖਈ ਭਨਿ।
ਅਜੀਰਨ ਮੰਦਅਗਨਿ ਪਲੀਹ,ਰੋਗਸੂਲ ਸਭ ਇਨਨਿ ਹਨਿ।੨੪੨।

੪੪੭–ਹਿੰਗ ੧, ਵਚ ੨, ਮਘਾਂ ੩, ਸੁੰਢ ੪, ਅਜਵਾਇਣ ੫, ਚਿਤ੍ਰਾ ੬, ਹਰੜਾਂ ੭,ਤੇ ਕੁੱਠ ਮਿਠੀ ੮ ਭਾਗ ਲਵੇ ਅਰ ਏਨਾਂ ਦਾ ਚੂਰਣ ਕਰਕੇ ਗਰਮ ਪਾਣੀ ਨਾਲ ਜਾ ਦਹੀਂ ਵਿਚ ਪਾ ਕੇ ਖਾਵੇ ਤਾਂ ਬਾਤਰੋਗ, ਬਿਖ ਰੋਗ, ਬਵਾਸੀਰ, ਹਿੜਕੀ, ਸਵਾਸ, ਕਾਸ, ਕਫ, ਖਈ, ਅਜੀਰਣ, ਮੰਦਾਗ਼ਨੀ, ਲਿਫ ਤੇ ਉਦਰ ਰੋਗ ਅਰ ਸਭਨਾਂ ਸੂਲਾਂ ਨੂੰ ਦੂਰ ਕਰ ॥੨੪੨॥

ਸੋਰਠਾ

ਹਰੜ ਪੀਪਰੀ ਮੇਲ, ਸੇਂਧਾ ਚਿੱਤ੍ਰਕ ਉਸਨ ਜਲੁ।
ਮੰਦਾਗਨਿ ਕੋ ਠੇਲ, ਭੂਖ ਲਗਤ ਪਾਚਨ ਕਰਤ ॥ ੨੪੩ ॥

੪੪੮–ਹਰੜ, ਮਘ, ਸੇਂਧਾਲੂਣ ਤੇ ਚਿਤ੍ਰਾ ਪੀਹਕੇ ਚੂਰਣ ਕਰੇ ਅਰ ਗਰਮ ਪਾਣੀ ਨਾਲ ਖਾਏ ਤਾਂ ਮੰਦਾਗਨੀ ਦੂਰ ਕਰਕੇ ਭੁੱਖ ਲਗਾਵੇ ॥੨੪੩।

ਪੀਪਰ ਹਰੜ ਮਿਲਾਇ, ਅਜਮੋਦਾ ਸੁੰਠੀ ਲਵਨ।
ਉਸਨ ਨੀਰ ਸੋਂ ਖਾਇ, ਮੰਦਾਗਨਿ ਮਿਟ ਸੁਖੁ ਕਰਤ ॥੨੪੪॥

੪੪੯–ਮਘਾਂ, ਹਰੜ, ਅਜਮੋਦ, ਸੁੰਢ, ਸੇਂਧਾਲੂਣ ਲੈਕੇ ਚੂਰਣ ਕਰਕੇ ਗਰਮ ਪਾਣੀ ਨਾਲ ਖਾਵੇ ਤਾਂ ਮੰਦਾਗਨੀ ਦੂਰ ਕਰਕੇ ਸੁਖ ਦੇਵੇ ਹੈ ॥੨੪੪॥

ਫੱਕੀ (ਯੋਗ ਚਿੰਤਾਮਣੀਮਤਾਤ)–ਪਰਹਾ

ਹਿੰਗੁ ਏਕ ਬਚ ਦੋਇ, ਜੁ ਬਿੜ ਲੈ ਤੀਨਹੀ।
ਚਾਰ ਸੁੰਠ ਪੰਚ ਜੀਰਾ, ਛੇ ਹਰੜੀਨ ਹੀ।
ਸਾਤ ਪੁਸਕਰਾ ਆਠ, ਜੁ ਕੌਬੇਰੀ ਗਹੇ।
ਉਸਨ ਨੀਰ ਭਖ ਗਯੇ, ਅਜੀਰਨ ਤੇ ਸਹੇ ॥ ੨੪੫ ॥
ਗੁਲਮ ਬਿਸੂਚੀ ਜਾਇ, ਘਟੈ ਤਨ ਸੂਰਹੀ।
ਲਗਤ ਭੂਖ ਮਿਟ ਜਾਇ, ਜੁ ਬਾਤੈ ਮੂਰਹੀ।
ਕਹਤ ਜੋਗ ਏ ਚਿੰਤਾਮਨਿ, ਮਤ ਏ ਸਹੀ।
ਭਾਖਾ ਕੀਨੀ ਮੇਘ ਬਿਨੋਦੈ, ਮੈ ਕਹੀ ॥ ੨੪੬ ॥

੪੫੦–ਹਿੰਗ ੧, ਵਚ ੨. ਬਿੜਲੂਣ ੩, ਸੁੰਢ ੪, ਜੀਰਾ ੫, ਹਰੜ ੬, ਪੁਹਕਰਮੂਲ ਤੇ ਕੁੱਠ (ਮਿੱਠੀ) ੭ ਭਾਗ ਲੈਕੇ ਪੀਹਕੇ ਚੂਰਣ ਕਰੇ ਅਰ ਗਰਮ ਪਾਣੀ ਨਾਲ ਖਾਵੇ ਤਾਂ ਅਜੀਰਣ ਨਾਸ ਕਰੇ;

Digitized by Panjab Digital Library | www.panjabdigilib.org

ਹੋਰ ਗੋਲਾ, ਵਿਸੂਚੀ (ਹੈਜ਼ਾ) ਸੂਲ ਭੀ ਦੂਰ ਕਰੇ, ਭੁੱਖ ਲਗਾਵੇ ਅਰ ਵਾਯੂ ਦੀ ਜੜ੍ਹ ਕੱਟ ਦੇਵੇ ॥੨੪੫ ॥੨੪੬॥

ਸੋਰਠਾ

ਅਭਯਾ ਪੀਪਰ ਆਨ, ਸੌਂਚਰ ਤਪਤ ਜੁ ਨੀਰ ਹੀ।
ਬਿਸੂਚਕ ਜੋ ਹਾਨ, ਮਿਟਤ ਅਜੀਰਨ ਤਤ ਛਿਨੈ ॥੨੪੭॥

੪੫੧–ਹਰੜ, ਮਘ ਤੇ ਸੌਂਚਰਲੂਣ ਤੱਤੇ ਪਾਣੀ ਨਾਲ ਪੀਹਕੇ ਚੂਰਣ ਕਰਕੇ ਲਵੇ ਤਾਂ ਹੈਜ਼ਾ, ਅਜੀਰਣ ਨਾਸ ਕਰੇ ॥੨੪੭॥

ਅਮ੍ਰਿਤ ਨਾਮ ਗੋਲੀ–ਛਪਯ

ਖਾਰਹਿ ਤੀਨ ਲਵੰਗ. ਮਰਚ ਅੱਭਯਾਕੀ ਲੈ ਛਿਲ।
ਦਾੜਮ ਪੀਪਰ ਮੂਲ, ਲੂਨ ਚਿੱਤ੍ਰਕ ਧਨੀਯਾਂ ਬਿਲ।
ਤਿੰਤੜੀਕ ਅਜਮੋਦ, ਜਰਨ ਸੁੰਠੀ ਮਘਧਾ ਸਮ।
ਪੀਸ ਭਾਵਨਾ ਦੇਕ, ਰਸਾ ਜੰਬੀਰ ਨਿਤਾ ਕ੍ਰਿਮ।
ਗੁਟੀ ਬਨਾਵੋ ਟੰਕ ਜੁਗ, ਖਾਵਤ ਉਠ ਪਰਭਾਤ ਨਿਤ।
ਮੰਦਾਗਨਿ ਬਮਿ ਸੂਰ ਮਿਟ,ਲਗਤ ਭੂਖ ਤਿਸੁ ਜਾਨ ਮਿਤ॥੨੪੮॥

੪੫੨–ਤਿੰਨ ਖਾਰਾਂ (ਸੱਜੀ ਸੁਹਾਗਾ ਜੌਂਖਾਰ) ਲੌਂਗ, ਮ੍ਰਿਚ ਹਰੜ ਦੀ ਛਿੱਲ ਅਨਾਰਦਾਣਾ. ਪਿਪਲਾਮੂਲ, ਲੂਣ, ਚਿਤ੍ਰਾ, ਧਨੀਆਂ, ਬਿਲਗਿਰੀ *ਸਮਾਕ, ਅਜਮੋਦ, ਜੀਰਾ ਸੁੰਢ ਤੇ ਮਘਾਂ, ਸੱਭੇ ਸਮਾਨ ਲੈ ਕੇ ਪੀਹਕੇ ਗਲਗਲਾਂ ਦੇ ਰਸ ਦੀ ੧ ਪੁੱਠ ਦੇਕੇ ਗੋਲੀ ੮ ਮਾਸੇ ਦੀ ਕਰ ਲਵੇ ਅਰ ਪ੍ਰਾਤਾ-ਕਾਲ ਉਠਕੇ ਬੇਨਾਗਾ ੧ ਗੋਲੀ ਜਲ ਨਾਲ ਖਾਵੇ ਤਾਂ ਮੰਦਾਗਨੀ ਤੇ ਸੂਲ ਨਾਸ ਕਰੇ ਅਰ ਬਹੁਤ ਭੁੱਖ ਲਗਾਵੇ ॥ ੨੪੮ ॥

ਬ੍ਰਿਧ ਅਗਨੀ ਮੁਖ ਚੂਰਨ (ਰਾਮਬਿਨੋਦਾਤ)–ਦਵੈਯਾ ਛੰਦ

ਚਿੱਤ੍ਰਕ ਪਾਠਾ ਛਾਰ ਜੁਗਮ ਬਚ, ਲਵਨ ਕਰੰਜੁ ਭੜਿੰਗੀ।
ਏਲਾ ਪੁਸਕਰ ਤ੍ਰਿਵਤਾ ਮੋਥਾ, ਇੰਦ੍ਰ ਜਵਾ ਸੁੰਠ ਹਿੰਗੀ।
ਸਟੀ ਕਬੀਲਾ ਦਾਰਵੀ ਪੱਤ੍ਰਜ, ਤਿੰਤੜੀਕ ਦ੍ਰਿ ਗੁ ਮਾਲਾ।
ਅਭਯਾ ਜੀਰਾ ਫਲੁ ਲੈ ਧਾਤ੍ਰੀ, ਦਾਰਮਦਾਨਾ ਡਾਲਾ ॥੨੪੯॥
ਚੋਪਚੀਨੀ ਅਮਲੀ ਤਿਲ ਪੀਪਰ,ਮਰਚ ਆਮਲਹਿ ਬੇਤਾ।
ਅਜਵਾਯਣ ਅਜਮੋਦ ਭਲਾਵਾ, ਦਾਰਮ ਜੀਰਾ ਸ੍ਵੇਤਾ।

---

*ਸਮਾਕ = ਖੱਟੇ ਮਸਰ ਹਨ ਇਨ੍ਹਾਂ ਦੀ ਛਿਲ ਪਾਵੋ, ਬੀਜ ਫੈਂਕ ਦੇਖੋ, ਅਭਾਵ ਮੇ ਇਮਲੀ ਪਾਵੋ ।

Digitized by Panjab Digital Library | www.panjabdigilib.org

ਏਲਾ ਗਿਰਦ ਨਲੀ ਹੌਬੇਰਪਤੀਸੈ,ਸ੍ਰਿੰਗ ਫਲੀ ਲੈ ਲਾਣਾ।
ਸਯਾਹਿ ਤ੍ਰਿਵੀ ਪਲਾਸ ਪਾਪਰਾ, ਤਾਲਮਖਾਣਾ ਆਣਾ ॥੨੫੦॥
ਪੀਸੀ ਗੋ ਮੂਤ੍ਰ ਪੁਟ ਤੀਨੋ, ਅਦ੍ਰਕ ਪੁਟ ਤ੍ਰਿਕਦਾਈ।
ਬੀਜੌਰੇ ਰਸ ਕੀ ਪੁਟ ਤੀਨੋ, ਸੂਕੈ ਫੇਰ ਪਿਸਾਈ।
ਦੋਇ ਟਾਂਕ ਚੂਰਨ ਨਿਤ ਖਾਵੇ, ਉਸਨ ਨੀਰ ਕੈ ਸੰਗੇ।
ਅਜੀਰਨ ਕਫ ਅਰਸ ਮੰਦਾਗਨਿ, ਪੇਟ ਕੁਰਕਰੀ ਭੰਗੇ ॥੨੫੧॥
ਗੁਲਮ ਪਲੀਹਾ ਬਾਤ ਬ੍ਰਿਥਾ ਬਮਿ,ਸੂਲ ਰੋਗੁ ਟਰ ਜਾਵੈ।
ਲਗੇ ਭੂਖ ਜੁਰ ਸਾਰੇ ਜਾਵੈ, ਅੰਨ ਬਹੁਤਿ ਤਿਸ ਭਾਵੈ।
ਬ੍ਰਿਧ ਅਗਨਿ ਮੁਖ ਚੂਰਨ ਭਾਖਯਾ,ਰਾਮ ਬਿਨੋਦ ਸੁਨਾਈ
ਤਿਨ ਨੈ ਆਨਯੋ ਬ੍ਰਿੰਦ ਮਤੈ ਤੇ, ਮੇਘ ਇਹਾਂ ਲੇ ਗਾਈ ॥੨੫੨॥

੪੫੩–ਚਿੱਤ੍ਰਾ, ਪਾਠਾ, ਸੱਜੀ, ਜੌਂਖਾਰ, ਵਚ, ਸੇਂਧਾਲੂਣ, ਮੀਚਕਾ, ਭੜਿੰਗੀ, ਇਲਾਯਚੀ, ਬੁੱਜੀ, ਪੁਹਕਰ ਮੂਲ, ਤ੍ਰਿਵੀ, ਮੋਥਾ, ਇੰਦ੍ਰ ਜੋਂ, ਸੁੰਢ, ਹਿੰਗ, ਕਚੂਰ, ਕਮੀਲਾ, ਦਾਰਹਲਦੀ, ਤੇਜ ਪਤ੍ਰ, ਸਮਾਕ, ਨੇਤ੍ਰ ਬਾਲਾ, ਹਰੜ, ਕਾਲਾਜੀਰਾ, ਆਵਲੇ, ਅਨਾਰਦਾਣਾ, ਚੋਪਚੀਨੀ, ਇਮਲੀ, ਤਿਲ, ਮਘ, ਮ੍ਰਿਚ, ਅਮਲਵੇਤ, ਅਜਵਾਇਨ, ਅਜਮੋਦ, ਭਿਲਾਵੇ, †ਦਾਰਮ ਬ੍ਰਿਛ ਦੀ ਛਿੱਲ, ਚਿਟਾਜੀਰਾ, ਦਾਣਾ ਇਲਾਯਚੀ, ਅਮਲਤਾਸ ਦਾ ਗੁੱਦਾ, ਹਊ ਬੇਰ, ਪਤੀਸ, ਸੁਹਾਵਣੇ ਦੀ ਫਲੀ, ਲਾਣਾ, ਕਾਲੀ ਤ੍ਰਿਵੀ, ਢੱਕ ਦੇ ਬੀਜ ਤੇ ਤਾਲਮਖ ਨਾ ਇਹ ਸਭ ਸਮਾਨ ਭਾਗ ਲੈ ਕੇ ਬਰੀਕ ਪੀਹਕੇ ੩ ਪੁੱਠਾਂ ਗਊ ਮੂਤ੍ਰ ਦੀਆਂ ਤਿੰਨੇ ਪੁੱਠਾਂ ਅਦ੍ਰਿਕ ਦੇ ਰਸ ਦੀਆਂ, ਇਸੇ ਤਰ੍ਹਾਂ ੩ ਪੁੱਠਾਂ ਨਿੰਬੂ ਦ ਰਸ ਦੀਆਂ ਦੇਕੇ ਰਖੇ, ਜਦ ਮੁੜ ਸੁੱਕ ਜਾਵੇ ਤਾਂ ਪੀਹਕੇ ਚੂਰਣ ਬਣਾ ਲਵੇ ਅਰ ਫਿਰ ਵਕਤ ਪਰ ੮ ਮਾਸੇ ਇਹ ਚੂਰਣ ਨਿੱਤ ਗਰਮ ਜਲ ਨਾਲ ਖਾਵੇ ਤਾਂ ਅਜੀਰਣ, ਕਫ, ਬਵਾਸੀਰ, ਮੰਦਾਗਨੀ, ਪੇਟ ਦੀ ਕੁਰਕੁਰੀ, ਪੇਟ ਦਾ ਗੋਲਾ, ਲਿਫ, ਬਾਤ ਰੋਗ, ਵਮਨ ਰੋਗ ਤੇ ਸੂਲ ਨਾਸ ਕਰੇ। ਭੁਖ ਲਗਾਵੇ. ਤਾਪ ਸਭ ਨਾਸ ਕਰੇ, ਬਹੁਤਾ ਅੰਨ ਖਾ ਸਕੇ, ਇਹ ਚੂਰਣ ਰਾਮ ਬਿਨੋਦ ਵਿੱਚੋਂ ਕਿਹਾ ਹੈ, ਓਸਨੇ ਬ੍ਰਿੰਦ ਵਿਚੋਂ ਲਿਆਂਦਾ ਹੈ ॥ ੨੪੯ ਤੋਂ ੨੫੨ ॥

*ਰਵਿਲਵਣ (ਬ੍ਰਿੰਦਾਤ)–ਸ਼ੰਕਰ ਛੰਦ

ਲੈ ਕ੍ਰਿਸਨ ਜੀਰਾ ਪੀਪਰਾ, ਧਨੀਯਾ ਜੁ ਪੀਪਰਮੂਰ।
ਬੜਿੰਗ ਸੇਂਧਾ ਪਤਿ ਤਲੀਸੈ, ਨਾਗ ਕੇਸਰ ਪੂਰ।
ਏ ਪਲੁ ਜੁ ਦੋ ਦੋ ਮਿਰਚ ਜੀਰਾ, ਸ੍ਵੇਤ ਸੌਂਚਰ ਸੁੰਠ।
ਪਲੁ ਪਲੁ ਮੰਗਾਵੋ ਏ ਸਕਲ, ਤਜ ਅਧਿ ਪਲੈ ਲੈ ਗੁੰਠ ॥੨੫੩॥

---

†ਦਾਰਮ–ਇਸ ਨਾਮ ਦਾ ਇੱਕ ਬ੍ਰਿਛ ਹੈ, ਏਸਦੀ ਛਿੱਲ ਪਾਵੇ। ਦੇਖੋ ਆ: ਔ: ਕੋ: ਪ੍ਰਿ: ੭੬ ਅਭਾਵ ਮੇਂ ਅਨਾਰਦਾਣਾ ਪਾਵੇ।

*ਰਵਿਲਵਣ–ਅਰਥਾਤ ਲਵਨ ਭਾਸਕਰ।

Digitized by Panjab Digital Library | www.panjabdigilib.org

ਲਾਇਚੀ ਅਧ ਪਲ ਜੁ ਪੈਸੇ, ਦਸੇ ਦਾਰਮਦਾਨ।
ਅਮਲਬੇਤ ਸੁ ਪਲ ਜੁਗਮ ਲੈ, ਤੋਲ ਆਛੈ ਠਾਨ।
ਅਧ ਸੇਰ ਪਾਕਾ ਲੂਣ ਆਛੈ, ਪੀਸ ਸਕਲੈ ਛਾਨ।
ਦੋ ਟੰਕ ਖਾਵੈ ਸ੍ਵਾਸ ਜਾਵੈ, ਬਾਤ ਗੁਲਾਮਾ ਹਾਨ ॥੨੫੪॥
ਕਫ ਕਾਸ ਗ੍ਰਹਨੀ ਸੋਫ ਫੀਹਾ, ਅਰਸ ਕ੍ਰਿਮ ਮਿਟ ਜਾਇ।
ਛਾਛ ਸੰਗ ਜੁ ਖਾਇ ਰੋਗੀ, ਭੂਖ ਬਹੁਤੀ ਥਾਇ।
ਮਿਟ ਹੈ ਅਜੀਰਨ ਮੰਦ ਅਗਨੀ, ਅਰ ਭਗੰਦਰ ਰੋਗੁ।
ਬ੍ਰਿੰਦ ਭਾਖੈ ਮੇਘ ਆਖੈ, ਲਵਨ ਰਵਿ ਏ ਜੋਗੁ ॥੨੫੫॥

੪੫੪–ਕਾਲਾ ਜੀਰਾ, ਮਘ, ਧਨੀਆਂ, ਪਿਪਲਾਮੂਲ, ਬਾਇਵੜਿੰਗ, ਸੇਂਧਾਲੂਣ, ਤਾਲੀਸਪਤ੍ਰ ਤੇ ਨਾਗਕੇਸਰ ਇਹ ਸਭ ੮-੮ ਤੋਲੇ, ਮ੍ਰਿਚ ਜੀਰਾ ਚਿਟਾ, ਸੌਂਚਰਲੂਣ ਤੇ ਸੁੰਢ, ਇਹ ਸਭ ੪–੪ ਤੋਲੇ, ਤਜਪਤ੍ਰ ਤੇ ਲਾਚੀਆਂ ਇਹ ੨–੨ ਤੋਲੇ ਅਨਾਰਦਾਨਾ ੧੦ ਪੈਸੇ ਭਰ, ਅਮਲਵੇਤ ੮ ਤੋਲੇ ਤੇ ਲੂਣ ਅਧ ਸ਼ੇਰ ਪਕਾ ਲਵੇ ਫਿਰ ਸਭਨਾਂ ਨੂੰ ਪੀਹਕੇ ਕਪੜਛਾਣ ਕਰੇ ਇਸ ਵਿਚੋਂ ੮ ਮਾਸੇ ਜਲ ਨਾਲ ਖਾਵੇ. ਤਾਂ ਦਮਾਂ, ਵਾਯੂ ਦਾ ਗੋਲਾ, ਕਫ, ਖਾਂਸੀ ਸੰਗ੍ਰਹਿਣੀ ਸੋਜ, ਲਿਫ, ਬਵਾਸੀਰ ਤੇ ਕ੍ਰਿਮੀ ਸਭੇ ਨਾਸ ਕਰੇ। ਜੇ ਕੋਈ ਗੋਕੀ ਲਸੀ ਨਾਲ ਖਾਵੇ ਤਾਂ ਬਹੁਤੀ ਭੁਖ ਲਗਾਵੇ। ਅਜੀਰਣ, ਮੰਦਾਗਨੀ ਅਤੇ ਭਗੰਦ੍ਰ ਇਨ੍ਹਾਂ ਸਭਨਾਂ ਨੂੰ ਨਾਸ ਕਰਨਹਾਰਾ ਇਹ ਰਵਿਲਵਣ ਹੈ ॥ ੨੫੩ ॥ ੨੫੪ ॥ ੨੫੫ ॥

ਪੂਦਨਾਦਿ ਫਕੀ–ਚੌਪਈ

ਲੈ ਜੁ ਪੂਦਨਾ ਪਲੁ ਸੁਭ ਪੰਚ। ਬਮਰਾ ਤ੍ਰਿਕ ਸਿਰਸਾਹੀ ਸੰਚ।
ਸਿਰਸਾਹੀ ਪਚ ਦਾਰਮਬੀਜ। ਟੰਕਨ ਕਰਖਿ ਸਮਾਨ ਧਰੀਜ ॥੨੫੬॥
ਨਵਸਾਦਰ ਲੈ ਕਰਖ ਪ੍ਰਮਾਨ। ਅਰਧ ਪਈਸਾ ਲੌਂਗ ਜੁ ਠਾਨ।
ਹਰੜ ਜਵਾਨੀ ਪਲੁ ਪਲੁ ਦੇਇ। ਸੌਚਰ ਚਿੱਤ੍ਰਕ ਰਾਈ ਲੇਇ ॥੨੫੭॥
ਕਣਾ ਬੀਜ ਮੂਲੀ ਕੇ ਪਾਇ। ਖਗਾ ਤ੍ਰਿਵੀ ਜੁ ਏਲਾ ਲਯਾਇ।
ਕਮਲ ਬੀਜ ਹੌਬੇਰ ਵੜਿੰਗ। ਕਾਲਰਿ ਸੁੰਚਰ ਚਿੱਤਕ ਅੰਗ ॥੨੫੮॥
ਮੋਰ ਸਿਖਾ ਸਭ ਪੈਸਾ ਪੈਸਾ। ਕੂਟੀ ਕਪੜੇ ਛਾਨੇ ਐਸਾ।
ਟੰਕ ਦੋਇ ਖਾਵੈ ਨਿਤ ਪ੍ਰਾਤ। ਆਜੀਰਨ ਅੱਨਾਹ ਮਿਟਾਤ ॥੨੫੯॥
ਮੰਦਾਗਨਿ ਸੁ ਬਿਸੂਚੀ ਸੂਰ। ਪੇਟ ਬੰਧ ਕਾ ਜਾਵੈ ਮੂਰ।
ਉਦਰ ਕੁਰਕਰੀ ਜਠਰ ਬਿਕਾਰ। ਪੂਦਨਾਦਿ ਫੱਕੀ ਗੁਨਕਾਰ ॥੨੬੦॥

Digitized by Panjab Digital Library | www.panjabdigilib.org

੪੫੫-ਪੂਦਨਾਂ ੨੦ ਤੋਲੇ,*ਖੁਰਾਸਾਨੀ ਅਜਵਾਇਣ ੩ ਸਰਸਾਈਆਂ, ਅਨਾਰਦਾਣਾ ੫ ਸਰਸਾਹੀ, ਸੁਹਾਗਾ ੧ ਤੋਲਾ ਨੌਸ਼ਾਦ੍ਰ ੧ ਤੋਲਾ ਲੌਂਗ ੬ ਮਾਸ਼, ਹਰੜ ਤੇ ਅਜਵਾਇਣ ੪-੪ ਤੋਲੇ, ਸੌਂਚਰਲੂਣ, ਚਿਤ੍ਰਾ, ਰਾਈ, ਮਘ, ਮੂਲੀ ਦੇ ਬੀਜ, ਪਲਾਹ ਦੇ ਬੀਜ, ਤ੍ਰਿਵੀ, ਇਲਾਚੀ, ਕਮਲਡੋਡੇ, ਹਊਬੇਰ ਬਾਇਵਿੜਿੰਗ, ਕਲਰ ਨਿਮਕ, ਸੌਂਚਲ ਨਿਮਕ, ਚਿਤ੍ਰਾ, †ਮੋਰ ਸਿਖਾ, ਇਹ ਸਭ ਪੈਸਾ ਪੈਸਾ ਭਰ ਲੈਕੇ ਕੁਟ ਕਪੜ ਛਾਣ ਕਰਕੇ ਚੂਰਣ ਬਣਾ ਰਖੇ, ਅਰ ੮ ਮਾਸੇ ਨਿਤ ਪ੍ਰਾਤਾਕਾਲ ਇਸ ਨੂੰ ਜਲ ਨਾਲ ਖੁਆਵੇ ਤਾਂ ਅਜੀਰਣ, ਮੰਦਾਗਨੀ, ਬਿਸੂਚੀ (ਹੈਜਾ) ਸੂਲ, ਪੇਟ ਦਾ ਬੰਨ੍ਹ ਤੇ ਪੇਟ ਦੀ ਜਲੂਣ ਆਦਿ ਸਭ ਰੋਗ ਇਹ ਪੂਦਨਾਦਿ ਫਕੀ ਬਹੁਤ ਹੀ ਜਲਦੀ ਨਾਸ ਕਰਦੀ ਹੈ ।।੨੫੬ ਤੋਂ ੨੬੦।।

ਅਜੀਰਣ ਕੰਟਕੋ ਰਸ (ਰਸਰਤਨਾਕਰਾਤ)-ਸੋਰਠਾ

ਗੰਧਕ ਬਿਖੁ ਲੈ ਸੂਤ, ਮਰਚ ਧਰੋ ਤਿਨ ਤੀਨ ਸਮ।
ਕੰਟਾਰੀ ਫਲ ਹੂਤ, ਤਾਹਿ ਰਸੈ ਮਰਦਨ ਕਰੋ ॥੨੬੧॥

ਪੁਚ ਇਕ ਬਿੰਸਤ ਦਾਇ, ਬਟੀ ਗੁੰਜ ਤ੍ਰਿਕ ਖਾਈਏ।
ਮਿਟੀ ਅਜੀਰਨ ਜਾਇ, ਮੰਦਾਗਨਿ ਜੁ ਬਿਸੂਚਿਕਾ ॥੨੬੨॥

੪੫੬-ਗੰਧਕ, ਮਿਠਾ ਤੇਲੀਆ ਅਰ ਪਾਰਾ, ਇਹ ਸਭੇ ਇਕ ਸਮਾਨ ਫਿਰ ਸਭਨਾਂ ਦੇ ਬਰਾਬਰ ਦੀਆਂ ਮਿਰਚਾਂ ਪਾਕੇ ਕੰਡਿਆਰੀ ਦੇ ਫਲਾਂ ਦੇ ਰਸ ਨਾਲ ਘੋਟ ੨ ਕੇ ੨੧ ਪੁਠਾਂ ਦੇਵੇ,ਫਿਰ ੩ ਰਤੀ ਦੀ ਗੋਲੀ ਬਣਾ ਰਖੇ, ਖਾਵੇ ਤਾਂ ਅਜੀਰਣ; ਮੰਦਾਗਨੀ, ਤੇ ਹੈਜ਼ਾ, ਸਭੇ ਨਾਸ ਕਰੇ ।।੨੬੧।।੨੬੨।।

ਬ੍ਰਿੱਧ ਤਾਲੀਸਾਦਿ ਚੂਰਣ (ਵੰਗਸੇਨਾਤ)-ਸ਼ੰਕਰਛੰਦ

ਤਾਲੀਸ ਸ੍ਰਿੰਗੀ ਤ੍ਰਿਕੁਟ ਪਥਜਾ, ਦਾਖ ਲੌਂਗ ਖਜੂਰ।
ਬੀਜ ਦਾਰਮ ਦਾਰ ਚੀਨੀ, ਨਾਗਕੇਸਰ ਪੂਰ।
ਦੋ ਜਰਨ ਏਲਾ ਦ੍ਰਿਗੁ ਜੁ ਮਾਲਾ, ਤਵਾਖੀਰ ਤਮਾਲ।
ਬੰਸ ਲੋਚਨ ਸਟੀ ਸਭ ਸਮ, ਆਨ ਮਿਸਰੀ ਘਾਲ ॥੨੬੩॥
ਦੋ ਟੰਕ ਚੂਰਨ ਖਾਇ ਨਿਤਪ੍ਰਤਿ, ਖਈ ਅਰਸ ਮਿਟਾਇ।
ਸ੍ਵਾਸਕਾਸਾ ਜਠਰ ਰੋਗਾ, ਪਾਂਡੁ ਜੁਰ ਭ੍ਰਮਿ ਜਾਇ।
ਸੂਲ ਅਗਨੀ ਮੰਦ ਭ੍ਰਮ ਜੁ, ਅਰੁਚੀ ਜਾਵੈ ਰੋਗੁ।
ਰਕਤ ਪਿੱਤੀ ਅਰੁ ਅਜੀਰਨ, ਸਭਨਿ ਕੈ ਹਿਤ ਜੋਗੁ ॥ ੨੬੪ ॥

---

*ਬਮਰਾ-ਖੁਰਾਸਾਨੀ ਅਜਵਾਇਣ ਹੈ, ਯੂਨਾਨੀ, 'ਬਜ਼ੁਰੁਲ ਬੇਜਾ' ਆਖਦੇ ਹਨ, ਦੇਖੋ ਦ੍ਰਬ ਦਰਪਣ ਤੇ ਮਖਜ਼ਨ ਹਿਕਮਤ ਪ੍ਰਿ: ੯.

‡ਮੋਰ ਸਿਖਾ-ਇਕ ਬੂਟੀ ਹੈ, ਜਿਸ ਨੂੰ ਮੋਰ ਦੀ ਕਲਗੀ ਵਾਂਗ ਸਿਰ ਪਰ ਕਲਗੀ ਨਿਕਲਦੀ ਹੈ, ਯੂਨਾਨੀ 'ਸਸਨਾਨੋ' 'ਅਲਸਾਨੇ' ਬੋਲਦੇ ਹਨ। ਕਈ ਕੋਸ਼ਾਂ ਵਿਚ 'ਸਲਿਆਰਾ' ਦਸਿਆ ਹੈ।

Digitized by Panjab Digital Library | www.panjabdigilib.org

੪੫੭–ਤਾਲੀਸਪਤ੍ਰ, ਕਕੜਸਿੰਗੀ, ਮਘ, ਮ੍ਰਿਚ, ਸੁੰਢ ਹਰੜ, ਮੁਣੱਕਾ, ਲੌਂਗ, ਛੁਹਾਰਾ, ਅਨਾਰਦਾਣਾ, ਦਾਰਚੀਨੀ, ਨਾਗਕੇਸਰ, ਦੋਨੋਂ ਜੀਰੇ, ਲਾਚੀਆਂ, ਨੇਤ੍ਰਬਾਲਾ, ਤੋਖਾਖੀਰ, ਤਮਾਲ ਪੱਤ੍ਰ, ਤਵਾਸੀਰ ਤੇ ਕਚੂਰ ਇਹ ਸਭ ਇਕ ਸਮਾਨ ਲਵੇ। ਸਭਨਾਂ ਨਾਲੋਂ ਚਾਰਗੁਣੀ ਮਿਸਰੀ ਪਾਕੇ ਚੂਰਣ ਬਣਾ ਰਖੇ, ਫਿਰ ੮ ਮਾਸੇ ਨਿਤ ਚੂਰਣ ਖਾਜ਼ਾ ਕਰੇ ਤਾਂ ਖਈ, ਬਵਾਸੀਰ, ਦਮਾਂ, ਖਾਂਸੀ, ਪੇਟ ਰੋਗ, ਪਾਂਡੂ, ਤਾਪ ਕੈ, ਸੂਲ, ਮੰਦਾਗਨੀ, ਭ੍ਰਮ, ਅਰੁਚੀ, ਰਕਤ ਪਿਤੀ ਅਰ ਅਜੀਰਣ ਸਭੋ ਨਾਸ ਕਰੋ ॥੨੬੩॥੨੬੪॥

ਲਘੂ ਤਾਲੀਸਾਦਿ ਚੂਰਣ (ਸਾਰੰਗਧਰਾਤ)–ਪਰਹਾ

ਪਾਤ ਤਲੀਸਾ ਸੁੰਠੀ, ਮਰਚਾਂ ਪੀਪਰੀ।
ਲੋਚਨਬੰਸ ਜੁ ਬਢਤੇ, ਪਾਂਚੋ ਏ ਭਰੀ।
ਏਕੈ ਜੁਗਮ ਸੁ ਤੀਨ, ਚਾਰ ਪਚ ਕਰਖ ਹੀ।
*ਤੁਚ ਏਲਾ ਅਧ ਕਰਖ,ਜੁ ਮਾਹੈ ਰਾਖ ਹੀ ॥੨੬੫॥
ਸਿਤਾ ਅਸਟਪਲ ਦੇ, ਜੁ ਚੂਰਨ ਕੀਜੀਏ।
ਰੋਚਨ ਦੀਪਨ ਭੂਖ, ਕਰੈ ਇਹ ਦੀਜੀਏ।
ਅਥਵਾ ਮਿਸਰੀ ਪਾਤ, ਗੁਟੀ ਕਰ ਖਾਵ ਹੈ।
ਧਾਤ ਕਰੈ ਬਹੁ ਪੁਸਟ, ਮਹਾਂ ਸੁਖ ਪਾਵ ਹੈ ॥੨੬੬॥
ਸ੍ਵਾਸ ਕਾਸ ਜੁਰ ਛਰਦ,ਜਾਇ ਅਤਿਸਾਰ ਹੀ।
ਕਫ ਖਾਂਸੀ ਅਧਮਾਨ,ਸਕਲ ਰੁਜ ਟਾਰ ਹੀ।
ਗ੍ਰਹਣੀ ਗੁਲਮਾ ਪਾਂਡੂ, ਖਈ ਸਭ ਜਾਤ ਹੈ।
ਰਕਤ ਪਿੱਤ ਕਾ ਨਾਸ, ਗ੍ਰੰਥ ਬਿਖਯਾਤ ਹੈ ॥੨੬੭॥

੪੫੮–ਤਾਲੀਸਪੱਤ੍ਰ ੧ ਤੋਲਾ, ਸੁੰਢ ੨ ਤੋਲੇ, ਮ੍ਰਿਚ ੩ ਤੋਲੇ ਮਘ ੪ ਤੋਲੇ, ਤਬਾਸ਼ੀਰ ੫ ਤੋਲੇ ਇਸ ਤਰ੍ਹਾਂ ਪਹਿਲੀ ਨਾਲੋਂ ਅਗਲੀ ਦੂਣੀ ਲਵੇ. ਦਾਲਚੀਨੀ ੬ ਮਾਸੇ, ਇਲਾਚੀ ੬ ਮਾਸੇ। ਮਿਸਰੀ ੩੨ ਤੋਲੇ ਲੈ ਕੇ ਬਰੀਕ ਕਪੜ ਛਾਣ, ਚੂਰਣ ਕਰ ਲਵੇ। ਇਹ ਚੂਰਣ ਰੁਚੀਕਾਰਕ, ਅਗਨੀ ਤੇਜ ਕਰਨਹਾਰਾ ਤੇ ਭੁਖ ਵਧਾਣਹਾਰਾ ਹੈ। ਅੰਥਵਾ ਮਿਸ੍ਰੀ ਦੀ ਪਤ ਕਰਕ ਬਾਕੀ ਚੂਰਣ ਵਿਚ ਪਾ ਕੇ ਤੋਲਾ ਪ੍ਰਮਾਣ ਗੋਲੀਆਂ ਬੰਨ੍ਹ ਰਖੇ। ਖਾਂਵੇ ਤਾਂ ਮਹਾਂ ਪੁਸ਼ਟੀ (ਤਾਕਤ) ਤੇ ਸੁਖ ਦੇਣਹਾਰਾ ਹੈ। ਖਾਂਸੀ, ਦਮਾ, ਤਪ, ਕੈ, ਅਤੀਸਾਰ, ਬਲਗਮੀ, ਖੰਘ, ਅਫਾਰਾ, ਸੰਗ੍ਰਹਿਣੀ, ਪੇਟ ਦਾ ਗੋਲਾ, ਪਾਂਡੂ, ਖੀਣਤਾ ਤੇ ਰਕਤ ਪਿਤੀ ਆਦਿ ਸਭੋ ਰੋਗ ਨਾਸ ਕਰੇ। ਇਹ ਚੂਰਣ ਪ੍ਰਸਿਧ ਹੈ ॥੨੬੫॥੨੬੬॥੨੬੭॥

ਪੰਚਕੋਲ ਚੂਰਣ–ਚੌਪਈ

ਸੁੰਠ ਕਣਾ ਚਵ ਪੀਪਰ ਮੂਰ। ਚਿੱਤ੍ਰਕ ਉਸਨੌਦਕੁ ਭਖੁ ਪੂਰ।

---

*ਤ੍ਰਚ–ਦਾਲਚੀਨੀ ਹੈ। ਤਜ ਨਹੀਂ ਦੇਖੋ ਸਾਰੰਗਧਰ।

Digitized by Panjab Digital Library | www.panjabdigilib.org

ਦੀਪਨ ਪਾਚਨ ਗੁਲਮਾ ਸੂਰ। ਕਫ ਆਰੁਚਿ ਮੰਦਾਗਨਿ ਚੂਰ॥੨੬੮॥

੪੫੯-ਸੁੰਢ, ਵਘ, ਚਵ, ਪਿਪਲਾਮੂਲ ਤੋਂ ਕਿਤ੍ਰਾ, ਚੂਰਣ ਕਰਕੇ ਗਰਮ ਜਲ ਨਾਲ ਖੁਆਵੇ ਤਾਂ ਦੀਪਨਪਾਚਨ ਹੈ, ਗੋਲਾ, ਸੂਲ, ਕਫ, ਅਰੁਚੀ ਅਰ ਮੰਦਾਗਨੀ ਸਭ ਨੂੰ ਨਾਸ ਕਰੇ ॥੨੬੮॥

ਤ੍ਰਿਫਲਾਦਿ ਚੂਰਣ-ਸੋਰਠਾ

ਤ੍ਰਿਫਲਾ ਪੀਪਰ ਚਾਰ, ਮਧੁ ਸੰਗਹਿ ਚਟੁ ਭੂਖ ਬਹੁ!
ਸ੍ਵਾਸ ਕਾਸ ਜੁਰ ਹਾਰ, ਮੰਦਾਗਨਿ ਕਫ ਨਾਸ ਹੋਇ ॥੨੬੯॥

੪੬੦-ਹਰੜ, ਬਹੇੜਾ, ਆਵਲੇ ਤੇ ਮਘ ਇਹ ਚਾਰੇ ਚੂਰਣ ਕਰਕੇ ਸ਼ਹਿਤ ਨਾਲ ਚਟੇ ਸਵਾਸ, ਕਾਸ, ਤਪ, ਮੰਦਾਗਨੀ ਅਤੇ ਕਰ ਸਭ ਨਾਸ ਕਰੇ ॥੨੬੯॥

ਅਗਨਿਕੁਠਾਰ ਰਸ (ਸਾਰੰਗਧਰਾਤ)-ਸਰਾਸੀ ਛੰਦ

ਸੁੰਠ ਪਾਰਾ ਬਿਖੁ ਜੁ ਗੰਧਕ, ਤ੍ਰਿਫਲ ਚਿੱਤ੍ਰਕ ਲਿਠਏ।
ਜੋਖਾਰ ਸੱਜੀ ਖਾਰ ਸੇਂਧਾ, ਜਰਨ ਤ੍ਰਿਕੁਟਾ ਕਠਏ।
ਲੂਨ ਸੌਂਚਰ ਅਰ ਸਮੁੰਦ੍ਰ, ਮੇਲੁ ਬਾਇਬੜਿੰਗਏ।
ਜਭੀਰ ਰਸੁ ਸੋ ਮੇਲ ਕਰੀਏ, ਗੁੰਜ ਗੁਟਕਾ ਅੰਗਏ ॥੨੭੦॥
ਪਰਭਾਤ ਖਾਵੈ ਭੂਖ ਲਾਵੈ, ਲਗੈ ਸ੍ਵਾਦ ਸੁ ਅੰਨਏ।
ਪੀਰ ਉਦਰ ਬਿਕਾਰ ਜਾਵੈ, ਬਾਤ ਸਕਲਾ ਹੰਨਏ।
ਅਗਨਿ ਜਾਰਤ ਕਾਠ ਕੋ ਜਿਮ, ਭੋਜਨੇ ਤਿਮ ਜਾਰਏ।
ਔਰ ਰੋਗ ਅਨੇਕ ਜਾਵੈ, ਗੁਲਮ ਔਰ ਅਫਾਰਏ ॥੨੭੧॥

੪੬੧-ਸੁੰਢ, ਪਾਰਾ, ਮਿਠਾ ਤੇਲੀਆ, ਗੰਧਕ, ਹਰੜ, ਬਹੇੜਾ, ਆਵਲੇ, ਚਿਤ੍ਰਾ, ਜੋਂਖਾਰ, ਸਜੀ ਸੇਂਧਾਲੂਣ, ਜੀਰਾ, ਮਘ, ਮ੍ਰਿਚ, ਸੁੰਢ, ਸੌਂਚਰਲੂਣ, ਸਮੁੰਦ੍ਰਲੂਣ ਤੇ ਬਾਇਵੜਿੰਗ ਇਹ ਸਭ ਸਮਾਨ ਲੇ ਕੇ ਖਰਲ ਕਰਕੇ ਨਿੰਬੂ ਦੇ ਰਸ ਨਾਲ ੧ ਰਤੀ ਪ੍ਰਮਾਣ ਗੋਲੀ ਕਰੇ, ਅਰ ਖਾਵੇ ਤਾਂ ਭੁਖ ਲਾਵੇ ਅੰਨ ਦਾ ਚੰਗਾ ਸ੍ਵਾਦ ਆਵੇ, ਪੇਟ ਪੀੜ, ਪੇਟ ਰੋਗ, ਚੌਰਾਸੀ ਬਾਤ ਨਾਸ ਕਰੇ ਜਿਸ ਤਰਾਂ ਅਗਨੀ ਲਕੜੀਆਂ ਫੂਕਦੀ ਹੈ, ਇਵੇਂ ਇਹ ਅੰਨ ਨੂੰ ਭਸਮ ਕਰਨੇਹਾਰਾ ਹੈ ॥੨੭੦॥੨੭੧॥

ਭਸਮ ਰੋਗ ਨਿਦਾਨ-ਚੌਪਈ

ਪਿੱਤ ਘਨੋ ਮੰਦਾਗਨਿ ਹੋਇ। ਕਫ ਕੋ ਛੀਨ ਕਰਤ ਪਿੱਤ ਜੋਇ।
ਪੀਛੈ ਬਾਤ ਪਿੱਤ ਸ੍ਵਜ ਠੌਰ। ਬਢਤ ਅਗਨਿ ਭਸਮਾਕ੍ਰਿਤ ਜੋਰ॥੨੭੨॥

ਜਦ ਪਿਤ ਬਹੁਤ ਵਧ ਜਾਵੇ, ਅਗਨੀਮੰਦ ਹੋ ਜਾਵੇ, ਓਹ ਪਿਤ ਕਫ ਨੂੰ ਹਟਾ ਦੇਵੇ ਪਿਛੇ ਫਿਰ ਵਾਯੂ ਅਰ ਪਿਤ ਆਪਣੇ ਸਥਾਨ ਪਰ ਵਧ ਕੇ ਅਗਨੀ ਪ੍ਰਜ੍ਵਲਤ ਕਰ ਦੇਣ ਤਾਂ ਭਸਮਕ ਰੋਗ ਹੋ ਜਾਂਦਾ ਹੈ ॥੨੭੨॥

Digitized by Panjab Digital Library | www.panjabdigilib.org

ਭਸਮ ਰੋਗ ਲਛਣ–ਦੋਹਰਾ

ਤ੍ਰਿਖਾ ਸ੍ਵੇਦ ਅਤਿ ਦਾਹ ਹੋਇ, ਸਾਤ ਧਾਤ ਜਰ ਜਾਇ।
ਮੂਰਛਾ ਅਤਿ ਹੀ ਅਗਨਿ ਬਲੁ, ਅੰਨ ਜਰਤ ਛਿਨ ਸਾਇ॥੨੭੩॥

ਪਿਆਸ, ਪਸੀਨਾ, ਬਹੁਤਾ ਦਾਹ, ਸਤੇ ਧਾਤਾਂ ਸੜ ਜਾਵਨ ਤਾਂ ਫਿਰ ਮੂਰਛਾ ਹੋਵੇ, ਅਗਨੀ ਦੇ ਪ੍ਰਭਾਵ ਅੰਨ ਬਹੁਤ ਛੇਤੀ ਭਸਮੀ ਭੂਤ ਹੋ ਜਾਵੇ ॥੨੭੩॥

ਉਪਾਇ (ਵੰਗਸੇਨਾਤ)

ਗੁੱਲਰ ਤੁਚਾ ਮੰਗਾਇਕੈ, ਨਾਰੀ ਪਯ ਪਿਵ ਸੰਗ।
ਭਸਮ ਰੋਗ ਕਾ ਨਾਸ ਹੋਇ, ਸੁਖ ਪਾਵਤ ਸਭ ਅੰਗ॥੨੭੪॥

੪੬੨–ਗੁਲਰ ਦੀ ਛਿਲ ਲੈਕੇ ਇਸਤ੍ਰੀ ਦੇ ਦੁਧ ਨਾਲ ਫਕਾਵੇ ਤਾਂ ਭਸਮ ਰੋਗ ਮਿਟੇ ॥੨੭੪॥

ਚੌਪਈ

ਸ੍ਵੇਤ ਕਮਲ ਸਿਤ ਚਾਵਲ ਪਾਇ। ਛਾਗ ਖੀਰ ਸੋਂ ਖੀਰ ਰਿਧਾਇ।
ਸਿਤਾ ਘੀਉ ਪਾਈ ਨੈ ਖਾਇ। ਬਹੁਤ ਭੂਖ ਕੋ ਦੇਇ ਗਵਾਇ॥੨੭੫॥

੪੬੩–ਚਿਟੇ ਕਮਲ, ਬਾਸਮਤੀ ਦੇ ਚਾਵਲਾਂ ਦੀ ਬਕਰੀ ਦੇ ਦੁਧ ਵਿਚ ਖੀਰ ਰਿੰਨ੍ਹਕੇ ਮਿਸਰੀ ਅਰ ਘਿਉ ਪਾਕੇ ਖੁਆਵੇ ਤਾਂ ਭਸਮ ਰੋਗ ਦੀ ਭੁਖ ਹਟਾਵੇ ॥੨੭੫॥

ਚੌਪਈ

ਬਿਦਾਰੀ ਰਸੁ ਦੂਧ ਰਲਾਇ। ਅਸਟ ਭਾਗ ਬਿਚ ਘੀਉ ਪਚਾਇ।
ਸੂਕੇ ਰਸ ਤਬ ਦੇਹੁ ਖਵਾਇ। ਅਤਿ ਖੁੱਧਯਾ ਕਾ ਨਾਸ ਕਰਾਇ॥੨੭੬।

੪੬੪–ਸਿਆਲੀਆਂ ਦਾ ਰਸ ਤੇ ਦੁਧ ਰਲਾਵੇ ਇਨ੍ਹਾਂ ਤੋਂ ਅਠਵਾਂ ਹਿਸਾ ਘਿਉ ਪਾਕੇ ਰਿੰਨੇ ਜਦ ਖੁਸ਼ਕ ਹੋਵੇ ਤਾਂ ਖੁਆਵੇ ਤਾਂ ਬਹੁਤੀ ਭੁਖ ਦਾ ਲਗਣਾ ਬੰਦ ਕਰੇ ॥੨੭੬॥

(ਮੰਦਾਗਨੀ, ਅਜੀਰਣ, ਆਲਸਕ ਅਤੇ ਬਿਲੰਬਕ)

ਪਥ–ਸ਼ੰਕਰ

ਬਮਨ ਕਫ ਕੋ ਪਿੱਤ ਰੇਚਨ, ਬਾਤ ਸ੍ਵੇਦਨ ਜਾਨ।
ਬਯਾਮ ਦੀਪਨ ਲਘੁ ਜੁ ਅੰਨੈ, ਮੁਗਦ ਸਾਠੀ ਠਾਨ।
ਲਾਜ ਮੰਡ ਬਿਲੇਪ ਬਾਥੂ, ਲਸਨ ਮੂਲੀ ਧਾਰ।
ਨਵੀਨ ਕਦਲੀ ਫਲ ਜੁ ਪੇਠਾ, ਸੇਉ ਭੋਜਨ ਕਾਰ ॥੨੭੭॥
ਆਮਲੇ ਬਿਰਤਾਕ ਦਾਰਮ, ਨਾਗਰੰ ਜੋ ਪਟੋਲ।
ਆਦਾ ਕਕੌਰਾ ਲੈ ਕਰੇਲਾ, ਮਾਤ ਲੁੰਗ ਜੁ ਝੋਲ।

Digitized by Panjab Digital Library | www.panjabdigilib.org

ਮਰਕ ਮੇਥੀ ਜਰਨ ਤੱਕਰ, ਰਾਮਠੰ ਨਵਨੀਤ।
ਸੌ ਬੀਰ ਘ੍ਰਿਤ ਨਿੰਬੂ ਜੁ ਅਮਲੀ, ਇਹੀ ਪੱਥ ਸੁ ਮੀਤ ॥੨੭੮॥

੪੬੫–ਕਫ ਨੂੰ ਉਲਟੀ, ਪਿਤ ਨੂੰ ਜੁਲਾਬ ਅਤੇ ਬਾਤ ਨੂੰ ਪਹਿਲੇ ਪਸੀਨਾ ਦੇਵੇ, ਕਸਰਤ, ਦੀਪਨ, ਹਲਕੇ ਅੰਨ ਮੂੰਗੀ, ਸਠੀ ਦੇ ਚਾਵਲ, ਫੁਲੀਆਂ ਦਾ ਮੰਡ, ਪਿਛ, ਵਿਲੇਪੀ=ਮੂੰਗੀ ਆਦਿ ਦੇ ਯੂਖ, ਬਾਥੂ, ਲਸਨ, ਮੂਲੀ, ਕੱਚੇ ਕੇਲੇ ਦੇ ਫਲ, ਪੇਠਾ, ਸੁਹਾਂਵਣਾ, ਆਂਵਲੇ, ਵਤਾਊਂ, ਅਨਾਰਾ, ਸੁੰਢ, ਪਟੋਲਫਲ, ਅਦਰਕ, ਕਕੋੜੇ, ਕਰੇਲੇ, ਵਿਜੋਰਾ (ਨਿੰਬੂ), *ਅਮਲਤਾਸ ਮਿਰਚਾਂ, ਮੇਥੀ, ਜੀਰਾ, ਲੱਸੀ, ਹਿੰਗ, ਮੱਖਣ, ਕਾਂਜੀ, ਘਿਉ, ਕਾਗਜੀ ਨਿੰਬੂ ਅਰ ਇਮਲੀ ਇਹ ਸਭ ਪਥ ਰੂਪ ਹਨ ॥੨੭੭॥੨੭੮॥

ਅਪੱਥ

ਮੂਤ ਬਿਸਟਾ ਧਾਰਨੰ, ਬਿਖਮਾਸਨੰ ਝਖ ਮਾਸ।
ਪੀਠ ਜੰਬੂ ਕੂਚਿਕਾ, ਅਰੁ ਮੋਰਟੈ ਪਯ ਤਾਸ।
ਬਿਸੰਟਭ ਰਕਤ ਨਿਕਾਰਨਾ, ਤਾਲਾਸਿਥ ਭਾਰਿ ਕਿਲਾਟ।
ਜਲ ਦੁਸਟ ਸਰ ਸਭ ਲਛਨਾ, ਹੈ ਜਾਨ ਕੁਪੱਥਹਿ ਘਾਟ॥੨੭੯॥

੪੬੬–ਮੂਤ੍ਰ, ਵਿਸ਼ਟੇ ਦਾ ਰੋਕਣਾ, ਵਿਖਮਾਸਨ, ਮਛੀ, ਮਾਂਸ, ਪੀਠੀ, ਜਾਮਣੂ, ‡ਕੂਰਚਿਕ ਕਹੀਏ ਦਹੀਂ ਪਾ ਕੇ ਗਾੜ੍ਹਾ ਪੀਤਾ ਹੋਯਾ ਦੁਧ, ()ਮੋਰਟ ਕਹੀਏ ਦੁਧ ਦਾ ਪਾਣੀ, ਕਬਜੀ ਕਾਰਕ ਭੋਜਨ ਫਸਦ ਖੋਲਨਾ, []ਤਾਲ ਫਰ ਦੀ ਗਿਟਕ ਖਾਣੀ, ਬੋਝਲ ਪਦਾਰਥ,)[ਕਲੈੜੀ ਦੁਸ਼ਟ ਜਲ, ਤਾਲ ਆਦਿ ਦਾ ਯਾ ਸਰ ਕਰਕੇ ਤਾਲ ਵਿਚ ਹੋਣ ਵਾਲੇ ਕਮਲਕੰਦ ਆਦਿ ਜਾਨਣੇ ਇਹ ਸਭ ਕੁਪਥ ਦੇ ਘਾਟ ਹਨ। ੨੬੯॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘਰਾਜ ਬਿਰਚਤੇ
ਅਤੀਸਾਰ, ਸੰਗ੍ਰਹਿਨੀ, ਅਰਸ਼, ਮੰਦਾਗਨਿ ਨਿਦਾਨ
ਲੱਛਨ ਉਪਾਇ ਪੱਥਯਾਪੱਥ ਨਾਮ ਚਤੁਰਥੋ ਧਯਾਇ ॥੪॥
ਚੌਥਾ ਅਧਯਾਯ ਸਮਾਪਤ ॥ ੪ ॥

---

*ਝੱਲ–ਅਮਲਤਾਸ ਹੈ, ਦੇਖੋ ਦ੍ਰਬ ਪ੍ਰਿ: ੨੬੯. ਪਰੰਤੂ ਪਥਯਾਪਥਾਨੁਸਾਰ ਅਨਲਵੇਤ ਚਾਹੀਏ

‡'ਕੂਰਚਿਕਾ ਅਰ ਮੋਰਟੈਪਤਤਾਸ' ਇਸ ਮੂਲ ਪਾਠ ਦਾ ਅਰਥ ਇਉਂ ਹੈ ਕਿ ਦੁਧ ਦੇ ਸਮਾਨ ਦਹੀਂ ਪਾਕੇ ਪਕਾਵੇ, ਉਸ ਕਾੜੇ ਹੋਏ ਨੂੰ 'ਕੂਰਦਿਕਾ' ਆਖਦੇ ਹਨ. ਇਹ ਲੂਣ ਯਾ ਮਿਠਾ ਪਾਕੇ ਖਾਯਾ ਜਾਂਦਾ ਹੈ. ਦੇਖੋ ਮਦਨਪਾਲ ਨ੍ਰਿਘੰਟ ਪ੍ਰਿ: ੨੫੭,

()ਮੋਰਟੈ ਪਯਤਾਸ ਅਰਥਾਤ ਮੋਰਟ ਦੁਧ ਉਹ ਕਿਹਾ ਜਾਂਦਾ ਹੈ, ਜੇਹੜਾ ਦੁਧ ਫਟਾਕੇ ਪਾਣੀ ਕੱਢਿਆ ਜਾਂਦਾ ਹੈ, ਇਹ ਜੇਜਟ ਦਾ ਮਤ ਹੈ, ਇਹ ਜਲ ਮਿਸ੍ਰੀ ਯਾ ਖੰਡ ਪਾ ਕੇ ਖਾਯਾ ਜਾਂਦਾ ਹੈ, ਤਸੱਲੀ ਵਾਸਤੇ ਦੇਖੋ ਭਾ. ਪ੍ਰਿ: ੩੬੬ ਅਰ ਮਦਨਪਾਲ ਨ੍ਰਿਘੰਟੂ ਪ੍ਰਿ: ੨੦੮ ਅਰ ਆ: ਅੰ: ਕੋ: ਪ੍ਰਿ: ੩੭ ਪਥਯਾਪਥ ਪ੍ਰਿ: ੧੫ ਅਰ ਨਿਰਮਲਕੋਸ਼। ਲੁਚੀਆਂ ਆਦਿ ਅਰਥਾਂ ਦੇ ਟਪਲੇ ਮਾਰਨੇ ਅਗਯਾਨਤਾ ਹੈ, ਪ੍ਰਸਿਧ ਰਸਗੁੱਲੇ ਹਨ।

[]ਤਾਲਸਥ–ਤਾਲ ਫਲ ਦੀ ਗਿਟਕ ਹੈ, ਦੇਖੋ ਪਥਯਾਰਥ ਪ੍ਰਿ: ੧੪।

)[ਦੋਹਰਾ–ਦੁਧ ਤਕ੍ਰ ਇਕੱਠੇ ਕਰੇ, ਪਾਣੀ ਦੀਜੇ ਡਾਰ।
ਟਿਕੀ ਧੁਪੇ ਸੁਕਾਈਏ, ਨਾਮ 'ਕਲੈੜੀ' ਧਾਰ।

Digitized by Panjab Digital Library | www.panjabdigilib.org

ਅਥ ਪੰਚਮੋ ਅਧਯਾਯ

ਅਥ ਕ੍ਰਿਮਿ ਰੋਗ ਨਿਦਾਨ—ਚੌਪਈ

ਮੀਠਾ ਖਾਟਾ ਗੀਲਾ ਖਾਇ। ਪੀਠੀ ਗੁੜ ਦਿਨ ਕਉ ਸੌਂ ਜਾਇ।
ਕਰਤ ਬਿਰੁੱਧਾਹਾਰ ਜੁ ਕੋਇ। ਤਾਂਤੇ ਕ੍ਰਿਮ ਉਤਪਤਿ ਹੈ ਹੋਇ॥ ੧॥

ਮਿੱਠਾ, ਖੱਟਾ, ਗਿੱਲਾ, ਪੀਠੀ ਤੇ ਗੁੜ ਇਹ ਖਾਣੇ, ਦਿਨ ਦਾ ਸੌਣਾ, ਵਿਰੁਧ ਭੋਜਨ ਦੇ ਕਰਨੇ ਆਦਿ ਤੇ ਕ੍ਰਿਮੀ ਰੋਗ ਦੀ ਉਤਪੱਤੀ ਹੁੰਦੀ ਹੈ ॥੧॥

ਕ੍ਰਿਮਿ ਲਛਣ

ਅਗਨਿਮੰਦ ਬਮਿ ਜੁਰ ਅਤਿਸਾਰ। ਪੀਤ ਬਰਨ ਹੀਯੇ ਦੁਖਕਾਰ।
ਖਾਵਤ ਦੇਖ ਹੋਤ ਹੈ ਸੂਰ। ਗੁਦਾ ਖਾਜ਼ ਜਾਨੋ ਕ੍ਰਿਮ ਮੂਰ।
ਪਾਨੀ ਸੇਤੀ ਮੁਖ ਭਰ ਆਇ। ਚਟੈ ਕਲੇਜਾ ਕ੍ਰਿਮ ਜਬ ਸਾਇ।
ਕਛੁਕ ਖਾਇ ਤਬ ਦਿਲ ਪ੍ਰਸੰਨ। ਕ੍ਰਿਮ ਕੇ ਲੱਛਣ ਲੀਜੈ ਮੰਨ॥ ੩॥

ਮੰਦਾਗਨੀ, ਵਮਨ, ਤਪ, ਅਤੀਸਾਰ, ਰੰਗ ਪੀਲਾ, ਹ੍ਰਿਦਾਯਪੀੜਾ, ਦੁਖਦਾਈ ਭੋਜਨ ਦੇ ਖਾਣ ਤੇ ਦੇਖ ਦੁਸ਼ਟ ਹੋਵੇ ਤਾਂ ਸੂਲ ਹੋਵੇ। ਗੁਦਾ ਵਿੱਚ ਖੁਰਕ, ਸੁੱਤਿਆਂ ਰਾਤ ਨੂੰ ਪਾਣੀ ਨਾਲ ਭਰ ਜਾਣਾ, ਕਲੇਜੇ ਨੂੰ ਕ੍ਰਿਮਿ ਚੱਟਦੇ ਹਨ, ਜੇ ਕੁਛ ਉਸ ਵਕਤ ਖਾ ਲਵੇ ਤਾਂ ਅਨੰਦ ਹੁੰਦਾ ਹੈ। ਇਸ ਪ੍ਰਕਾਰ ਕ੍ਰਿਮਿ ਰੋਗ ਦੇ ਲੱਛਣ ਕਹੇ ਜਾਂਦੇ ਹਨ ॥੨॥੩॥

ਕ੍ਰਿਮਿ ਉਪਾਇ ਕੀਟ ਮਰਦ ਰਸ (ਰਸਰਤਨਾਕਰਾਤ)—ਚੌਪਈ

ਸੁੱਧ ਸੂਤ ਇੰਦ੍ਰਜਵ ਆਨ। ਅਜਮੋਦਾ ਮਨਸਿਲ ਲੈ ਠਾਨ।
ਏਲਾ ਸਮ ਚੂਰਨ ਸਭ ਕਰੋ। ਦੇਵਦਾਲ ਰਸੁ ਮਰਦਨ ਕਰੋ॥ ੪॥
ਟੰਕ ਏਕ ਨਿੱਤ ਖਾਵੈ ਏਹ। ਮੂਸੇ ਕਰਨੀ ਕ੍ਵਾਥ ਕਰੇਹ।
ਪਾਈ ਮਿਸਰੀ ਊਪਰ ਪੀਤ। ਕ੍ਰਿਮ ਕਾ ਰੋਗੁ ਸਕਲ ਮਿਟ ਮੀਤ॥ ੫॥
ਵਾ ਮਧੁ ਕੇ ਸੰਗ ਚਾਟਨ ਦੇਇ। ਕ੍ਰਿਮ ਕੀ ਪੀਰਾ ਤੁਰਤ ਹਰੇਇ।
ਕੀਟ ਮਰਦ ਰਸੁ ਯਾਕੋ ਨਾਮ। ਰਸਰਤਨਾਕਰ ਭਾਖਯੋ ਆਮ॥ ੬॥

੪।੬।੭—ਸ਼ੁੱਧ ਪਾਰਾ, ਇੰਦ੍ਰਜੌਂ, ਅਜਮੋਦ, ਮਨਸਿਲ ਅਰ ਬੱਜੀ ਇਲਾਚੀ ਇਹ ਸਭ ਸਮਾਨ ਲੈ ਕੇ ਪਹਿਲੇ ਮਨਸਿਲ ਤੇ ਪਾਰਾ ਖਰਲ ਕਰਕੇ ਫਿਰ ਸੱਭੋ ਮੇਲਕੇ ਘੱਘਰਵੇਲ ਦੇ ਰਸ ਨਾਲ ਖਰਲ ਕਰੇ ਅਰ ਚੂਰਣ ਤਿਆਰ ਕਰ ਰਖੇ ਫਿਰ ੧ ਤੋਲੇ ਤਕ ਖਾਵੇ, ਪਿਛੋਂ ਮੂਸੇਕੰਨੀ ਬੂਟੀ ਦਾ ਕਾੜ੍ਹਾ ਕਰਕੇ

Digitized by Panjab Digital Library | www.panjabdigilib.org

ਉਪਰ ਮਿਸਰੀ ਪਾਕੇ ਪੀ ਲਵੇ ਯਾ ਸ਼ਹਿਤ ਨਾਲ ਚੱਟ ਲਿਆ ਕਰੇ ਤਾਂ ਕ੍ਰਿਮਿ ਦਾ ਦੁਖ ਅਵੱਸ਼ ਨਾਸ ਕਰੇ। ਇਸ ਰਸ ਦਾ ਨਾਮ "ਕੀਟ ਮਰਦਰਸ" ਹੈ ਅਤੇ ਰਸਰਤਨਾਕਰ ਵਿੱਚ ਕਿਹਾ ॥੪॥੫॥੬॥

ਕ੍ਵਾਥ (ਯੋਗਸਤਾਤ)

ਖਦਰ ਇੰਦ੍ਰਜਵ ਨਿੰਬੁ ਮੰਗਾਇ। ਬਚ ਤ੍ਰਿਕੁਟਾ ਤ੍ਰਿਫਲਾ ਲੈ ਪਾਇ।
ਤ੍ਰਿਵੀ ਮੇਲ ਕੈ ਕ੍ਵਾਥ ਕਰਾਇ। ਛਾਨੀ ਬਿਚ ਗੋ ਮੂਤ ਮਿਲਾਇ ॥ ੭ ॥
ਪੀਵਤ ਰੋਗੀ ਉਠ ਪਰਭਾਤ। ਕ੍ਰਿਮ ਅਨੇਕ ਕਾ ਕਰਤਾ ਘਾਤ।
ਆ ਚੂਰਨ ਗੋ ਮੂਤ ਮਿਲਾਇ। ਸਾਤ ਦਿਵਸ ਲੌ ਕ੍ਰਿਮ ਨਿਕਰਾਇ ॥੮॥

੪੬੮-ਕੱਥ, ਇੰਦ੍ਰਜੌਂ, ਨਿੰਮ ਦੇ ਪੱਤ੍ਰ, ਵਚ, ਮਘ, ਮ੍ਰਿਚ, ਸੁੰਢ, ਹਰੜ, ਬਹੇੜਾ, ਆਵਲੇ ਅਰ ਤ੍ਰਿਵੀ ਪਾਕੇ ਕਾੜ੍ਹਾ ਕਰੇ, ਅਰ ਛਾਣਕੇ ਪਿਛੋਂ ਗਊਮੂਤ੍ਰ ਪਾਕੇ ਪ੍ਰਤਾਕਾਲ ਰੋਗੀ ਨੂੰ ਪਿਲਾਯਾ ਕਰੇ ਤਾਂ ਸਭ ਤਰ੍ਹਾਂ ਦੇ ਕ੍ਰਿਮਿ ਦਾ ਨਾਸ ਕਰੇ। ਅਥਵਾ ਇਹ ਚੂਰਣ ਗਊਮੂਤ੍ਰ ਨਾਲ ਮਿਲਾਕੇ ਹੀ ਦੇਵੇ ਤਾਂ ਸੱਤ ਦਿਨ ਤੱਕ ਕ੍ਰਿਮਿ ਨਿਕਾਲ ਦੇਵੇ ਹੈ ॥ ੭ ॥ ੮ ॥

ਕਾੜ੍ਹਾ (ਯੋਗਸਤਾਤੇ)

ਮੋਥਾ ਮੂਸੇ ਕਰਨੀ ਦਾਰ ॥ ਤ੍ਰਿਫਲਾ ਸਿੱਗ੍ਰੂ ਕਾ ਲੈ ਛਾਰ।
ਕ੍ਵਾਥ ਕਰੀ ਪੀਪਰ ਸੁ ਬੜਿੰਗ। ਭੁਰਕੀ ਪੀਵੇ ਔਖਧ ਚੰਗ ॥ ੯ ॥
ਗੁਦਾ ਬਦਨ ਮਗੁ ਕ੍ਰਿਮ ਨਿਕਲਾਇਕ੍ਰਿਮ ਕੀ ਪੀਰਾ ਛਿਨ ਮੈ ਜਾਇ।
ਕਹਤ ਜੋਗ ਸਤ ਏ ਪਾਠਾਂਤਰ। ਕ੍ਰਿਮ ਕਾ ਸਤ੍ਰ ਕ੍ਵਾਥ ਸੋ ਭਾਤਰ ॥੧੦॥

੪੬੯-ਮੋਥਾ, ਚੂਹੇਕੰਨੀ, ਦੇਵਦਾਰ, ਹਰੜ ਬਹੇੜਾ, ਆਵਲੇ ਤੇ ਸੁਹਾਂਵਣੇ ਦੀ ਛਿੱਲ, ਇਨ੍ਹਾਂ ਦਾ ਕਾੜ੍ਹਾ ਕਰੇ, ਮਘਾਂ ਯਾ ਬਾਵੜਿੰਗ ਉਪਰ ਭੁਰਕਾ ਕੇ ਪੀਵੇ ਤਾਂ ਗੁਦਾ ਮੂੰਹ ਰਸਤੇ ਕ੍ਰਿਮਿ ਨਿਕਲ ਜਾਂਦੇ ਹਨ ॥੯॥੧੦॥

[ਬੀਰ ਸਿੰਘਾਬਿਲੋਕਾਤ]-ਦੋਹਰਾ

ਦਾਰਮ ਛਾਲ ਜੁ ਕ੍ਵਾਥ ਕਰ, ਤੇਲੁ ਤਿਲਾਂ ਕਾ ਪਾਇ।
ਤੀਨ ਦਿਵਸ ਪੀਵਨ ਕਰਤ, ਕ੍ਰਿਮ ਕੀ ਪੀਰਾ ਜਾਇ ॥ ੧੧ ॥

੪੮੦-ਅਨਾਰ ਦੀ ਛਿੱਲ ਦਾ ਕਾੜ੍ਹਾ ਕਰਕੇ ਉਸ ਵਿਚ ਤਿਲਾਂ ਦਾ ਤੇਲ ਪਾ ਕੇ ਪੀਵੇ ਤਾਂ ੩ ਦਿਨ ਵਿਚ ਹੀ ਕ੍ਰਿਮਿ ਕੱਢ ਦੇਵੇ ॥੧੧॥

ਚੂਰਣ[ਜੋਗ ਚਿੰਤਾਮਣੀਮਤਾਤ]-ਪਰਹਾ

ਬਚ ਅਜਮੋਦ ਪਲਾਸ, ਬੀਜ ਲੈ ਹਿੰਗੁ ਹੀ।
ਤ੍ਰਿਵੀ ਕਬੀਲਾ ਪੀਸ, ਉਸਨ ਜਲ ਸੰਗ ਹੀ।
ਪੀਵਤ ਕ੍ਰਿਮ ਸਭ ਜਾਇ, ਮਿਟੈ ਤਨ ਰੋਗੁ ਹੀ।

Digitized by Panjab Digital Library | www.panjabdigilib.org

ਜੋਗ ਚਿੰਤਾਮਨਿ ਮਾਹਿ, ਕਹਯੋ ਏ ਜੋਗ ਹੀ ॥ ੧੨ ॥

੪੭੧–ਵਚ, ਅਜਮੋਦ, ਪਲਾਹ ਬੀਜ ਹਿੰਗ, ਤ੍ਰਿਵੀ ਤੇ ਕਮੀਲਾ ਚੂਰਨ ਕਰਕੇ ਗਰਮ ਪਾਣੀ ਨਾਲ ਪੀਵੇ ਤਾਂ ਸਭ ਤਰ੍ਹਾਂ ਦੇ ਕ੍ਰਿਮ ਜਾਂਦੇ ਹਨ ॥੧੨॥

ਦੋਹਰਾ

ਤ੍ਰਿਫਲਾ ਦੰਤੀ ਤ੍ਰਿਵਤ ਵਚ, ਕੰਬੀਲਾ ਸਮ ਪੀਸ।
ਪਾਂਚ ਦਿਵਸ ਗੋ ਮੂਤ ਸੋ, ਪੀਵਤ ਕ੍ਰਿਮ ਸਭ ਖੀਸ ॥ ੧੩ ॥

੪੭੨–ਤ੍ਰਿਫਲਾ, ਦੰਤੀ, ਤ੍ਰਿਵੀ, ਵਚ ਤੇ ਕੰਮੀਲਾ ਸਮਾਨ ਭਾਗ ਪੀਹਕੇ ਚੂਰਨ ਕਰਕੇ ਪੰਜ ਦਿਨ ਗੋਮੂਤ੍ਰ ਨਾਲ ਪੀਏ ਤਾਂ ਕ੍ਰਿਮਿ ਸਭ ਨਿਕਲ ਜਾਂਦੇ ਹਨ ॥੧੩॥

[ਰਾਮਬਿਨੋਦਾਤ] ਸੋਰਠਾ

ਸੰਧਯਾ ਕੋ ਗੁੜ ਖਾਇ, ਤੀਨ ਕਸੀਰੇ ਭਾਰਈ।
ਖਟ ਪੈਸਾ ਜੁ ਮੰਗਾਇ, ਕੰਬੀਲਾ ਸਭ ਛਾਨ ਕੈ ॥ ੧੪ ॥
ਦਧ ਪੈਸੇ ਦਸ ਦੋਇ, ਤਾ ਮੈ ਮੇਲੀ ਪ੍ਰਾਤ ਪਿਵ।
ਕ੍ਰਿਮ ਨਾਸੈ ਸਭ ਕੋਇ, ਘ੍ਰਿਤ ਖਿਚਰੀ ਕਾ ਪਥ ਕਰ ॥ ੧੫ ॥

੪੭੩–ਸੰਧਯਾ ਨੂੰ* ੩ ਕਸੀਰੇ ਭਰ ਗੁੜ ਖਾਕੇ ਸੌਂ ਜਾਵੇ, ਦਿਨੇ ੬ ਪੈਸੇ ਭਰ ਕੰਬੀਲਾ ਚੰਗਾ ਛਾਣਕੇ ਦਹੀਂ ੧੨ ਪੈਸੇ ਭਰ ਵਿਚ ਘੋਲਕੇ ਪੀਵੇ ਤਾਂ ਸਭ ਤਰ੍ਹਾਂ ਦੇ ਕ੍ਰਿਮਿ ਨਾਸ ਕਰੇ, ਖਿਚੜੀ ਦਾ ਪਥ ਕਰੇ ॥੧੪॥੧੫॥

ਚੂਰਣ [ਬ੍ਰਿੰਦਾਤ]--ਚੌਪਈ

ਸੇਂਧਾ ਹਰੜ ਜੁ ਬਾਇਬੜਿੰਗ। ਕੰਬੀਲਾ ਜਵਖਾਰ ਜੁ ਅੰਗ।
ਗਊ ਤਕ੍ਰ ਸੋ ਪੀਵਨ ਦਾਇ। ਸਭਿਨ ਕ੍ਰਿਮਨ ਕਾ ਨਾਸ ਕਰਾਇ॥੧੬॥

੪੭੪–ਸੇਂਧਾਲੂਣ, ਹਰੜ ਦੀ ਛਿਲ, ਬਾਇਵੜਿੰਗ, ਕਮੀਲਾ ਤੇ ਜੌਂਖਾਰ, ਇਨ੍ਹਾਂ ਦਾ ਚੂਰਣ ਕਰਕੇ ਗੋਕੀ ਲਸੀ ਨਾਲ ਸੇਵਨ ਕਰੇ ਤਾਂ ਸਭ ਪ੍ਰਕਾਰ ਦੇ ਕ੍ਰਿਮਿ ਨਾਸ ਕਰੇ ॥੧੬॥

ਪਿਪਲਾਦਿ ਚੂਰਣ [ਵੰਗਸੇਨਾਤ]–ਸ਼ੰਕਰ ਛੰਦ

ਕਣਾ ਪੀਪਰ ਮੂਰ ਸੇਂਧਾ, ਕ੍ਰਿਸਨ ਜੀਰ ਤਲੀਸ।
ਚਬਕ ਚਿਤ੍ਰਕ ਨਾਗਕੇਸਰ, ਪਲ ਜੁ ਦੋ ਦੋ ਲੀਸ।
ਪੰਚ ਪਲ ਸੋਬਰਚਲੰ, ਸੁੰਠੀ ਸੁ ਜਾਜੀ ਸੇਤ।
ਏਕ ਇਕ ਪਲ ਬੀਜ ਦਾਰਮ, ਕੁੜਵ ਇਕ ਲੈ ਦੇਤ ॥ ੧੭ ॥
ਲੈ ਅਮਲਬੇਤ ਸੁ ਪਲ ਜੁਗਮ, ਸਭ ਪੀਸ ਚੂਰਨ ਕੀਜ।

*ਤਿੰਨ ਕਸੀਰਾ ਭਰ ਤੋਲ (੪॥) ਸਾਢੇ ਚਾਰ ਮਾਸੇ ਪ੍ਰਮਾਣ ਹੈ।

Digitized by Panjab Digital Library | www.panjabdigilib.org

ਪਿਪਲਾਦਿਕ ਏ ਬਖਾਨਯੋ, ਪ੍ਰਾਤ ਉਠਕ ਲੀਜ।
ਅਰਸ ਗ੍ਰਹਿਨੀ ਗੁਲਮ ਕ੍ਰਿਮ,ਰੁਜ ਨਸਟ ਆਗ ਦਿਪਾਇ।
ਏਕੰਡ ਅਰੁ ਭਾਗੰਦਰਾ, ਮਿਟ ਬੰਗਸੈਨ ਕਰਾਇ॥ ੧੮॥

੪੭੫–ਮਘ, ਪਿਪਲਾਮੂਲ, ਸੇਂਧਾਲੂਣ, ਕਾਲਾ ਜੀਰਾ, ਤਾਲੀਸਪੱਤ੍ਰ, ਚਵ, ਚਿਤ੍ਰਾ ਤੇ ਨਾਗਕੇਸਰ, ਇਹ ਸਭ ੮–੮ ਤੋਲੇ। *ਕਾਲਾ ਨਿਮਕ ੨੦ ਤੋਲੇ, ਸੁੰਢ ਤੇ ਚਿੱਟਾ ਜੀਰਾ, (‡ਮ੍ਰਿਚ), ਇਹ ੩–੪ ਤੋਲੇ, ਅਨਾਰਦਾਣਾ ੩੨ ਤੋਲੇ, ਅਮਲਵੇਤ ੮ ਤੋਲੇ ਲੈਕੇ ਸਭਨਾਂ ਨੂੰ ਪੀਹਕੇ ਚੂਰਣ ਕਰ ਲਵੇ। ਇਸ ਨੂੰ ਪ੍ਰਾਤਾਕਾਲ ਉਠਕੇ ਖਾਵੇ, ਬਵਾਸੀਰ, ਸੰਗ੍ਰਹਿਣੀ, ਗੋਲਾ ਤੇ ਕ੍ਰਿਮਿ ਪੇਟ ਦੇ ਇਹ ਸਭ ਨਾਸ ਕਰੇ ॥੧੭॥੧੮॥

ਕ੍ਰਿਮਿ ਰੋਗ ਦੇ ਪੱਖ–ਦਵੈਯਾ

ਖਸਟਕ ਚਾਵਲ ਲਸਨ ਪਟਲਾ, ਪਾਲਕ ਸਰਖਪ ਕੇਲਾ।
ਬ੍ਰਿਹਤੀ ਪਥ੍ਯਾ ਤੇਲੁ ਤਿਲਾਂ ਕਾ, ਕਾਂਜੀ ਰੇਚਨ ਏਲਾ।
ਗਵ ਮੂਤਰ ਘ੍ਰਿਤ ਪੈ ਲੈ ਖਾਰਾ, ਅਜਮੋਦਾ ਪੁਣ ਪਾਨੀ।
ਉਸਟ ਮੂਤ ਦੂਧ ਲੈ ਖਦਰੰ, ਬਦਰੰ ਬਸਤਕ ਜਾਨੀ॥ ੧੯॥

੪੭੬–ਸਠੀ ਦੇ ਚੌਲ, ਲਸਨ, ਪਟੋਲ, ਪਾਲਕ, ਸਰੋਂ ਦਾ ਸਾਗ, ਕੇਲਾ, ਕੰਡਿਆਰੀ, ੦ਚਿਬੜ, ਤਿਲਾਂ ਦਾ ਤੇਲ, ਕਾਂਜੀ, ਦਸਤ ਦੇਣੇ, ਲਾਚੀਆਂ, ਗਊਮੂਤ੍ਰ, ਘ੍ਰਿਤ, ਦੁਧ, ਖਾਰਾ, ਅਜਮੋਦ, ਪਾਨ, ਊਠ ਦਾ ਮੂਤਰ, ਕਥ, ਬੇਰ ਤੇ ਕੜਾਸਕ ਇਹ ਦੇਣੇ ਕ੍ਰਿਮਿ ਰੋਗ ਵਿਖੇ ਪਥ ਹਨ ॥੧੯॥

ਕੁਪੱਥ–ਸ਼ੰਕਰਛੰਦ

ਛਰਦ ਬੇਗ ਬਿਧਾਰਨੰ, ਸੁ ਬਿਰੁੱਧਹਾਰਾ ਆਨ।
ਬੰਨਿ ਨਿੰਦ੍ਰਾ ਪਿਸਟ ਮਾਖਾ, ਦਹੀ ਮਾਸੈ ਜਾਨ।
ਘ੍ਰਿਤ ਪਕ ਪਤਰ ਸਾਕ ਅਮਲੰ,ਮਧੁਰ ਭੋਜਨ ਖਾਇ।
ਖੀਰਾਨ ਏਹ ਕੁਪਥ ਭਾਖੇ, ਦੀਏ ਮੇਘ ਦਿਖਾਇ॥੨੦॥

੪੭੭–ਕੈ ਦਾ ਬੇਗ ਰੋਕਣਾ, ਬਿਰੁੱਧ ਭੋਜਨ ਖਾਣਾ, ਅਗ ਸੇਕਣੀ, ਸੌਣਾ, ਮਹਾਂ ਦੀ ਪੀਠੀ, ਦਹੀਂ, ਮਾਸ, *ਪਕਾਘ੍ਰਿਤ, ਪੱਤਾਂ ਦਾ ਸਾਗ, ਖਟਾਈ, ਮਿਠਾ ਤੇ ਖੀਰ ਦਾ ਭੋਜਨ, ਇਹ ਸਭ ਕੁਪੱਥ ਹਨ॥ ੨੦॥

ਅਤਿਭੋਜਨ ਅਤਿ ਭਾਰੀ ਖਾਇ। ਜੀਮੇ ਊਪਰ ਜੀਮੇ ਸਾਇ।
ਬਿਖਮਾਸਨ ਉਪਜਤ ਏ ਕਹੀ। ਆਰੁਚਿ ਮਾਧਵ ਮੈ ਇਮ ਸਹੀ॥੨੧॥

---

*ਸੋਂਚਰਚੇਲ-ਕਾਲਾ ਨਿਮਕ ਹੈ ਇਹ ਸੌਂਚਲਲੂਣ ਤੋਂ ਵਖਰਾ ਹੈ।
‡ਮੂਲ ਵਿਚ ਮਿਰਚ ਭੀ ਹੈ।
0ਪਥ੍ਯਾ–ਏਥੇ ਚਿਬੜ ਹੈ, ਦੇਖੋ ਆ: ਔ: ਕੋ: ਪ੍ਰਿ: ੯੩.

Digitized by Panjab Digital Library | www.panjabdigilib.org

ਬਹੁਤਾ ਅਨ, ਭਾਰੀ ਅੰਨ ਖਾਣੇ ਤੇ, ਖਾਣੇ ਪਰ ਫਿਰ ਖਾਣ ਤੇ, ਵਿਖਮਾਸਨ ਆਦਿ ਕਾਰਣਾਂ ਤੇ ਅਰੁਚੀ ਪੈਦਾ ਹੋ ਜਾਂਦੀ ਹੈ ॥ ੨੧ ॥

ਅਰੁਚੀ ਲੱਛਣ—ਦੋਹਰਾ

ਦਾਹ ਸੋਖ ਕਫ ਤ੍ਰਿਟ ਕਹੀ। ਭੋਜਨ ਕੋ ਨਹਿ ਚਾਹ।
ਬਪੁ ਪੀਰਤ ਹੀਯ ਸੂਰ ਹੀ, ਏ ਲਛਣ ਰੁਚ ਯਾਹ ॥ ੨੨ ॥

ਸੜਨਾਂ, ਸੁਕਣਾਂ; ਬਲਗਮ, ਪਯਾਸ, ਭੋਜਨ ਦੀ ਲੋੜ ਨਾਂ ਹੋਣੀ ਸਰੀਰ ਪੀੜ ਅਜਿਹਾ ਰਹਿਣਾ, ਹ੍ਰਿਦੇ ਸੂਲ ਹੋਣਾ। ਇਹ ਸਭ ਅਰੁਚੀ ਦੇ ਲੱਛਣ ਹੁੰਦੇ ਹਨ ॥੨੨॥

ਉਪਾਇ—ਸੋਰਠਾ

ਤ੍ਰਿਕੁਟਾ ਤ੍ਰਿਫਲਾ ਪਾਇ, ਨਿਸਾ ਪੀਸ ਮਧੁ ਸੰਗ ਚਟ।
ਸਾਤ ਦਿਵਸ ਲੌ ਖਾਇ, ਮਿਟਤ ਅਜੀਰਨ ਅਰੁਚਿ ਇਮ ॥ ੨੩ ॥

੪੭੮—ਮਘ, ਮ੍ਰਿਚ, ਸੁੰਢ, ਹਰੜ, ਬਹੇੜਾ, ਆਵਲੇ ਤੇ ਹਲਦੀ ਸਮਾਨ ਲੈਕੇ ਚੂਰਣ ਕਰੇ ਫਿਰ ਸਤ ਦਿਨ ਸ਼ਹਿਤ ਨਾਲ ਚਟੇ ਤਾਂ ਅਜੀਰਣ ਤੇ ਅਰੁਚੀ ਨਾਸ ਹੋਵੇ ॥੨੩॥

ਚੌਪਈ

ਸੌ ਪੀਪਰ ਮ੍ਰਿਚਾਂ ਸੌ ਦੋਇ। ਮਿਸ੍ਰੀ ਪਲ ਇਕ ਮਾਹਿ ਜੁ ਢੋਇ।
ਟਾਂਕ ਦੋਇ ਪੀਸੀ ਪ੍ਰਭਾਤ। ਖਾਵਤ ਅਰੁਚਿਕ ਖਿਨ ਮਹਿ ਜਾਤ॥੨੪॥

੪੭੯—ਮਘ ੧੦੦, ਮ੍ਰਿਚ ੨੦੦ ਤੇ ਮਿਸਰੀ ੪ ਤੋਲੇ ਚੂਰਨ ਕਰਕੇ ਫਿਰ ੮ ਮਾਸੇ ਪ੍ਰਾਤਾਕਾਲ ਨਿਤ ਖਾਵੇ ਤਾਂ ਅਰੁਚੀ ਨਾਸ਼ ਕਰ ॥੨੪॥

ਸੋਰਠਾ

ਮਰਚ ਕਲੌਂਜੀ ਦਾਖ ਦਾਰਮ ਸੌਚਰ ਜਰਨ ਗੁੜ।
ਤਿੰਤੜੀਕ ਮਧੁ ਭਾਖ, ਗੋਲੀ ਕੀਜੈ ਪੀਸ ਕੇ ॥ ੨੫ ॥
ਏਕ ਏਕ ਨਿਤ ਖਾਇ, ਮਿਟੈ ਅਜੀਰਨ ਅਰੁਚਿ ਗਦ।
ਲਗਤ ਭੂਖ ਸੁਖ ਪਾਇ, ਸਾਚੀ ਕਹੀ ਬਨਾਇਕੈ ॥ ੨੬ ॥

੪੮੦—ਮਿਰਚਾਂ, ਕਲੌਂਜੀ, ਮੁਨੱਕਾ, ਅਨਾਰਦਾਣਾ, ਸੌਂਚਰਲੂਣ, ਜੀਰਾ, ਗੁੜ ਤੇ ਇਮਲੀ ਇਹ ਸ਼ਹਿਤ ਪਾਕੇ ਸਭ ਦੀ ਗੋਲੀ ਕਰੇ ਨਿਤ ਇਕ ਇਕ ਖਾਵੇ ਤਾਂ ਅਜੀਰਣ, ਅਰੁਚੀ ਦਾ ਰੋਗ ਮਿਟੇ ਤੇ ਬਹੁਤ ਭੁਖ ਲਗੇ ॥੨੫॥੨੬॥

ਗੋਲੀ (ਵੈਦ ਕੰਤੂਹਲਾਤ)—ਪਰਹਾ

ਸੇਂਧਾ ਸੁੰਠੀ ਆਨ, ਜੁ ਗੰਧਕ ਪਾਈਏ।
ਸਮ ਪੀਸੀ ਪੁਟ ਦੇਹੁ, ਜੁ ਨਿੰਬੂ ਲਯਾਈਏ।

---

*ਮਖਣ ਕੁਪੱਥ ਨਹੀਂ ਹੈ।

Digitized by Panjab Digital Library | www.panjabdigilib.org

ਗੋਲੀ ਮਾਸਾ ਦੋਇ, ਸਮਾਨ ਕਰਾਈਏ।
ਅਰੁਚਿ ਔਰ ਮੰਦਾਗਨਿ, ਤੁਰਤ ਗਵਾਈਏ॥ ੨੭॥

੪੯੧-ਸੇਂਧਾਲੂਣ, ਸੁੰਠ ਤੇ ਆਵਲੇਸਾਰ ਗੰਧਕ, ਸਮਾਨ ਭਾਗ ਪੀਹਕੇ ਨਿੰਬੂ ਦੇ ਰਸ ਦੀ ਪੁਠ ਦੇਕੇ ੨ ਮਾਸੇ ਦੀ ਗੋਲੀ ਕਰੇ, ਖਾਵੇ ਤਾਂ ਅਰੁਚੀ, ਮੰਦਾਗਨੀ ਤੁਰਤ ਨਾਸ ਹੋਵੇ ॥੨੭॥

ਖੁਧੋਦਰ ਰਸ (ਵੈਦਕੰਤੂਹਲਾਤ)-ਸ਼ੰਕਰਛੰਦ

ਭ੍ਰਿਸਟ ਟੰਕਨ ਦਰਦ ਸੇਂਧਵ, ਚਿਤ੍ਰਕੰ ਸਮ ਲੇਇ।
ਸੁੰਠ ਦ੍ਵਾਦਸ ਭਾਗ ਮਰਚ,ਾਂ ਦਸ ਸੁ ਆਨੀ ਦੇਇ।
ਪੀਸ ਨਿੰਬੂ ਰਸੇ ਇਕ ਦਿਨ, ਪਾਨ ਸੰਗ ਚੌ ਮਾਖ।
ਖਾਇ ਗ੍ਰਹਿਨੀ ਸ੍ਵਾਸ ਕਾਸੰ, ਅਰੁਚਿ ਬਿਸੂਚੀ ਭਾਖ॥ ੨੮॥
ਜਾਇ ਅਜੀਰਨ ਅਰੁ ਮੰਦਾਗਨਿ, ਮਿਟੈ ਹੈ ਯਹ ਜੋਇ।
ਜਠਰ ਫੀਹਾ ਗੁਲਮ ਹਿਕ੍ਵਾ, ਸੂਰ ਮੂਰ ਨ ਹੋਇ।
ਤਾਪ ਜਾਵੈ ਬਹੁਤ ਖਾਵੈ, ਕਰਤ ਬਲ ਅਤਿ ਜੋਰ।
ਕਹਤ ਬੈਦ ਜੁ ਇਮ ਕੰਤੂਹਲ ਭੂਖ ਕੋ ਰਸ ਘੋਰ॥ ੨੯॥

੪੯੨-ਭੁੰਨਿਆਂ ਸੁਹਾਗਾ, ਸ਼ਿੰਗ੍ਰਫ, ਸੇਂਧਾਲੂਣ ਤੇ ਚਿਤ੍ਰਾ ਸਮਾਨ ਲਵੇ ਅਰ ਸੁੰਢ ੧੨ ਭਾਗ ਤੇ ਮਿਰਚਾਂ ੧੦ ਭਾਗ, ਨਿੰਬੂ ਦ ਰਸ ਨਾਲ ੧ ਦਿਨ ਘੋਟਕੇ ਪਾਨ ਨਾਲ ਚਾਰ ਮਾਸੇ ਖਾਵੇ ਤਾਂ ਸੰਗ੍ਰਹਿਣੀ, ਸ੍ਵਾਸ, ਕਾਸ, ਅਰੁਚੀ, ਹੈਜ਼ਾ ਸਭ ਨੂੰ ਨਾਸ ਕਰੇ, ਹੋਰ ਅਜੀਰਣ, ਮੰਦਾਗਨੀ, ਲਿਫ, ਪੇਟ ਦਾ ਗੋਲਾ, ਹਿਡਕੀ, ਸੂਲ, ਤਾਪ ਨਾਸ ਕਰੇ, ਭੁਖ ਤੇ ਬਲ ਬਹੁਤ ਪੈਦਾ ਕਰੇ ॥੨੮॥੨੯॥

ਪੁਨਾ ਖੁਧਯੋਦਰ ਰਸ-ਸ਼ੰਕਰ ਛੰਦ

ਦੂਰਰ†ਅੰਮ੍ਰਿਤ*ਵਿਮਲ ਪਲਪਲ, ਪਲ ਦੁ ਟੰਕਣ ਡਾਰ।
ਮਰਚ ਪਲ ਚਤੁ ਪੀਸ ਨਿੰਬੂ, ਨੀਰ ਸੋ ਪੁਟਕਾਰ।
ਸਾਤ ਪੁਟ ਦੈ ਪਾਨ ਪਾਤੈ, ਗੁੰਜ ਇਕ ਨਿਤ ਖਾਇ।
ਭੂਖ ਲਾਗੈ ਸ੍ਵਾਸ ਭਾਗੈ, ਛਰਦ ਰੋਗ ਮਿਟਾਇ॥ ੩੦॥

੪੯੩-ਸਿੰਗ੍ਰਫ, *ਮਿੱਠਾ ਤੇਲੀਆ, †ਰੂਪਾਮੱਖੀ ਇਹ ੪-੪ ਤੋਲੇ, ਸੁਹਾਗਾ ੮ ਤੋਲੇ ਤੇ ਮਿਰਚ ੧੬ ਤੋਲੇ ਬਰੀਕ ਕਰਕੇ ਫਿਰ ਖਰਲ ਵਿਚ ਨਿੰਬੂ ਦਾ ਰਸ ਪਾਕੇ ੭ ਪੁਠਾਂ ਦੇਵੇ, ਲੋੜ ਵੇਲੇ ਪਾਨ ਵਿਚ ਇਕ ਰਤੀ ਖਾਵੇ ਤਾਂ ਭੁਖ ਪੈਦਾ ਕਰੇ। ਸ੍ਵਾਸ, ਕੈ ਸਭ ਨਾਸ ਕਰੇ। ਇਹ ਰਸ ਭੁਖ ਵਧੌਣ ਵਾਸਤੇ ਬਹੁਤ ਸਰੇਸ਼ਟ ਹੈ ॥੩੪॥

---

*ਅੰਮ੍ਰਿਤ-ਮਿਥ ਤੇਲੀਆ ਹੈ ਦੇਖੋ ਭਾ: ਪ੍ਰ: ਪ੍ਰਿ: ੨੮੮. ਔਸ਼ਧੀ ਕੋ: ਪ੍ਰਿ: ੧੫੩.

†ਵਿਮਲ-ਰੂਪਾ ਮਖੀ ਹੈ।

Digitized by Panjab Digital Library | www.panjabdigilib.org

ਪੱਥ–ਸੋਰਠਾ

ਦਾਰਮ ਰਸਾ ਪਿਵਾਇ, ਅੰਨ ਜੁ ਹਲਕਾ ਖਾਈਏ।
ਚਾਵਲ ਮੂੰਗ ਦਿਵਾਇ, ਮਰਚ ਪੀਪਰੀ ਮੰਡੁ ਦੈ॥ ੩੧॥

੪੯੪–ਅਨਾਰਾਂ ਦਾ ਰਸ ਪੀਵੇ, ਹਲਕਾ ਅੰਨ ਖੁਲਾਵੇ, ਚਾਵਲ ਮੂੰਗੀ ਦੇਵੇ ਅਰ ਮਿਰਚਾਂ,ਮਘਾਂ ਪਾਕੇ ਪਿੱਛ ਪੀਵੇ, ਇਹ ਸਭ ਪੱਥ ਰੂਪ ਹਨ ॥੩੧॥

ਕੁਪੱਥ–ਸੋਰਠਾ

ਮਾਖਾ ਪਿਸਟ ਨ ਖਾਇ, ਬਿਸਟੰਭੀ ਝਖ ਮਾਸ ਤਜ।
ਕ੍ਰੋਧ ਦਹੀ ਜੁ ਨ ਖਾਇ; ਕਹੇ ਕੁਪੱਥ ਜੁ ਅਲਪ ਇਤ॥ ੩੨॥

੪੯੫–ਮਹਾਂ ਦੀ ਪੀਠੀ, ਕਾਬਜ਼ ਵਸਤਾਂ; ਮੱਛੀ ਦਾ ਮਾਸ,ਕ੍ਰੋਧ ਨਾ ਕਰੇ, ਦਹੀਂ ਨਾ ਖਾਵੇ, ਇਹ ਕੁਪੱਥ ਸਨ ॥੩੨॥

ਪਾਂਡੂ ਰੋਗ ਨਿਦਾਨ–ਸਾਰਸਛੰਦ

ਖਾਇ ਮਾਟੀ ਦਿਵਸ ਸੋਵੈ, ਔਰ ਤੀਖਨ ਬਯਾਮਏ।
ਮਦਯ ਪੀਵੈ ਰੋਕ ਰਾਖੈ; ਬਿਟ ਜੁ ਮੂਖ ਸਨਾਮਏ।
ਉਸਨ ਮੈ ਕਛੁ ਸੀਤ ਖਾ,ਵੈ ਧੂਪ ਮੈ ਕਛੁ ਬਾਤ ਏ।
ਉਤਪੱਤ ਪਾਂਡ ਸੁ ਰੋਗ ਯਾਤੇ; ਮਾਧਵੇ ਬਿਖਯਾਤਏ॥ ੩੩॥

ਮਿੱਟੀ ਖਾਵੇ, ਦਿਨੇ ਸੌਂਵੇਂ, ਤੀਛਣ ਖਾਵੇ, ਕਸਰਤ, ਸ਼ਰਾਬ ਪੀਵੇ, ਮੂਤ੍ਰ ਬਿਸਟਾ ਰੋਕੇ, ਗਰਮੀ ਵਿਚ ਠੰਢੀਆਂ ਤੇ ਧੁੱਪ ਵਿਖੇ ਬਾਤ ਕਾਰਕ ਚੀਜ਼ਾਂ ਖਾਵੇ ਤਾਂ ਪਾਂਡੂ (ਭੂਸ) ਰੋਗ ਹੋ ਜਾਂਦਾ ਹੈ ॥੩੩॥

ਬਾਤ ਪਾਂਡੂ ਲੱਛਣ–ਚੌਪਈ

ਤੁਚਾ ਮੂਤ੍ਰ ਦ੍ਰਿਗ ਰੂਖੇ ਹੋਇ। ਕ੍ਰਿਸਨ ਅਰੁਨ ਤਨ ਆਭਾ ਜੋਇ।
ਭ੍ਰਮਰੁ ਅਫਾਰਾ ਤਨ ਮੈ ਪੀਰ। ਬਾਤ ਪਾਂਡ ਤੁਮ ਜਾਨੋ ਬੀਰ॥੩੪॥

ਚਮੜੀ, ਮੂਤ੍ਰ ਤੇ ਨੇਤ੍ਰ ਖੁਸ਼ਕ; ਕਾਲੀ ਲਾਲ ਪ੍ਰਭਾ ਸਰੀਰ ਦੀ ਹੋਵੇ। ਭਵਾਲੀਆਂ, ਅਫਾਰਾ, ਸਰੀਰ ਵਿਖੇ ਪੀੜਾ, ਇਹ ਸਭ ਬਾਤ ਪਾਂਡੂ ਦੇ ਲੱਛਣ ਹੁੰਦੇ ਹਨ ॥੩੪॥

ਪਿੱਤ ਪਾਂਡੂ ਲੱਛਣ–ਚੌਪਈ

ਬਿਟ ਮੂਤਰ ਦ੍ਰਿਗ ਜਾਨੋ ਪੀਤ। ਤ੍ਰਿਖਾ ਦਾਹ ਜੁਰ ਹੋਵਤ ਮੀਤ।
ਬਿਸਟਾ ਸ੍ਵੇਦਨ ਟੁਕਮੀ ਆਇ। ਪਿਤ ਪਾਂਡੂ ਏ ਦੀਓ ਬਤਾਇ॥੩੫॥

ਵਿਸ਼ਟਾ, ਮੂਤ੍ਰ, ਨੇਤ੍ਰ ਪੀਲੇ, ਪਯਾਸ, ਦਾਹ ਤੇ ਜੂਰ ਹੋਣਾ, ਵਿਸ਼ਟਾ *ਸ੍ਵੇਦਨ ਕਹੀਏ ਗਿੱਲੀ

---

*ਸ੍ਵੇਦਨ ਦਾ ਅਰਥ ਗਿੱਲਾ ਹੈ,ਪਸੀਨਾ ਯਾ ਚਿੱਟਾ ਵਿਸ਼ਟਾ ਅਰਥ ਅਯੁਕਤ ਹੈ। ਤਸੱਲੀ ਨਹੀਂ ਤਾਂ ਦੇਖੋ ਭਾਵ ਪ੍ਰਕਾਸ਼।

Digitized by Panjab Digital Library | www.panjabdigilib.org

ਭਾਵ ਪਤਲੀ ਤੇ ਥੋੜੀ ਥੋੜੀ ਔਣੀ, ਇਹ ਪਿੱਤ ਪਾਂਡੂ ਦੇ ਲੱਛਣ ਹਨ ॥੩੫॥

ਕਫ ਪਾਂਡੂ ਲੱਚਣ-ਚੌਪਈ

ਕਫ ਹੋਵੈ ਲਾਲਾ ਮੁਖ ਪਰੈ। ਤੰਦ੍ਰਾ ਆਲਸ ਸ੍ਵਾਸ ਉਚਰੈ।
ਨੈਨ ਮੂਤ ਤੁਚ ਰੰਗ ਹੈ ਸ੍ਵੇਤ। ਤਨ ਭਾਰੀ ਏ ਕਫ ਕੇ ਹੇਤੁ ॥ ੩੬ ॥

ਕਫ, ਮੂਹੋਂ ਲਾਲਾਂ, ਤੰਦ੍ਰਾ, ਆਲਸ, ਸ੍ਵਾਸ, ਨੇਤ੍ਰ, ਖੱਲੜੀ ਦਾ ਸਫੈਦ ਰੰਗ ਤੇ ਸਰੀਰ ਭਾਰਾ, ਇਹ ਕਫ ਪਾਂਡੂ ਦੇ ਲੱਛਣ ਹੁੰਦੇ ਹਨ ॥੩੬॥

ਤ੍ਰਿਦੋਖ ਪਾਂਡੂ ਲੱਛਣ-ਦੋਹਰਾ

ਬਾਤ ਪਿਤ ਕਫ ਤੀਨ ਮਿਲ, ਹੁਇ ਲੱਛਨ ਇਕ ਥਾਨ।
ਸੋਇ ਤ੍ਰਿਦੋਖੀ ਪਾਂਡੂ ਲਖੁ, ਮਾਧਵ ਕਰਤ ਬਖਾਨ ॥੩੭॥

ਜਿਥੇ ਬਾਤ, ਪਿੱਤ, ਕਫ ਤਿੰਨਾਂ ਦੇ ਲੱਛਣ ਇਕ ਜਗ੍ਹਾ ਪਾਏ ਜਾਣ, ਉਹ ਤ੍ਰਿਦੋਖ ਦਾ ਪਾਂਡੂ ਕਹਾਉਂਦਾ ਹੈ ॥੩੭॥

ਮਿਟੀ ਪਾਂਡੂ ਲੱਛਣ-ਚੌਪਈ

ਕਰ ਪਦ ਨਾਭ ਦ੍ਰਿਗਨ ਕੇ ਕੂਨ। ਗੰਡ ਭੌਹਨ ਇਨ ਠੌਰੇ ਸੂਨ।
ਰੁਧਰ ਸਲੇਖਮ ਸੋ ਮਲ ਦ੍ਵੈ। ਮਾਟੀ ਪਾਂਡੂ ਸੁ ਇਮ ਉਚਰਵੈ ॥੩੮॥
ਕਹਯੋ ਅਸਾਧਯ ਸੁ ਮਾਧਵ ਮਾਹਿ। ਤਾਕੀ ਕਿਰਿਆ ਕਰੀਓ ਨਾਹਿ।
ਹਾਥ ਨ ਪਾਵੇ ਤਾਕੋ ਜਾਨ। ਜੋ ਪਾਵੈ ਤੋ ਜਸ ਕੀ ਹਾਨ ॥੩੯॥

ਹੱਥ, ਪੈਰ, ਧੁੰਨੀ, ਨੇਤ੍ਰਾਂ ਦੇ ਕੋਏ, ਗੱਲ੍ਹਾਂ, ਭ੍ਰਵੱਟੇ, ਇਨ੍ਹੀਂ ਥਾਈਂ ਸੋਜ, ਜਦ ਮਲ ਆਵੇ ਤਾਂ ਲਹੂ ਕਫ ਨਾਲ ਆਵੇ, ਇਹ ਮਿੱਟੀ ਖਾਏ ਤੋਂ ਹੋਏ ਪਾਂਡੂ ਦੇ ਲੱਛਣ ਹਨ, ਇਹ ਅਸਾਧ ਹੈ ਹੱਥ ਨਾਂ ਪਾਵੋ ॥੩੮॥੩੯॥

ਕਾਮਲਾ ਲੱਛਣ-ਚੌਪਈ

ਬਿਸਤਾ ਮੂਤਰ ਪੀਲਾ ਲਾਲ। ਹਰੇ ਨੈਨ ਮੰਦਾਗਨਿ ਸਾਲ।
ਦੁਰਬਲ ਦਾਹ ਜੁ ਮੀਂਡਕ ਰੰਗ। ਨਿਹਤੇਜੀ ਕਾਮਲ ਦੁਖ ਸੰਗ ॥੪੦॥

ਵਿਸਟਾ, ਮੂਤ੍ਰ ਪੀਲਾ ਯਾ ਲਾਲ, ਨੇਤ੍ਰਾਂ ਦੀ ਰੰਗਤ ਹਰੀ, ਮੰਦਾਗਨੀ, ਦੁਰਬਲਤਾ ਅਤੇ ਦਾਹ ਡੱਡੂ ਜੇਹੀ ਰੰਗਤ, ਤੇਜ ਮਾਰਿਆ ਜਾਵੇ ਤਾਂ ਐਸੀ ਕਾਮਲਾ ਦੁਖਦਾਈ ਹੈ ॥੪੦॥

ਕੁੰਭ ਕਾਮਲਾ ਲੱਛਣ-ਚੌਪਈ

ਛਰਦ ਅਰੋਚਕ ਜੁਰ ਬਮਿ ਕਾਸ। ਰਕਤ ਨਿਵੀਹੀ ਬਿਟ ਭਿਦ ਸ੍ਵਾਸ।
ਮਰਤ ਕਾਮਲਾ ਕੁੰਭਕ ਰੋਗੀ। ਤਾਕੋ ਹਾਥ ਨਾ ਪਾਵੇ ਜੋਗੀ॥੪੧॥

ਕੈ, ਅਰੁਚੀ, ਤਾਪ, ਸੁੱਕੀਆਂ ਉਕਾਰੀਆਂ, ਖਾਂਸੀ, ਰਕਤ ਦੇ ਨਿਵਾਹੀ, ਵਿਸਟਾ ਪਤਲਾ ਆਵੇ

Digitized by Panjab Digital Library | www.panjabdigilib.org

ਅਰ ਸ੍ਵਾਸ ਹੋਵੇ, ਐਸੀ ਕੁੰਭ ਕਾਮਲਾ ਵਾਲਾ ਮਰ ਜਾਂਦਾ ਹੈ ।।੪੧।।

ਹਲੀਮਕ ਲੱਛਣ—ਸ਼ੰਕਰਛੰਦ

ਤੇ ਪਾਂਡੁ ਬਰਨ ਸਰੀਰ ਪੀਲਾ, ਰਕਤ ਸਯਾਮ ਜੁ ਹੋਇ।
ਜੋ ਮੰਦ ਜੁਰ ਮੰਦਾਗਨਹਿ, ਤਿਯ ਸੰਗ ਮਨ ਨਹਿ ਜੋਇ।
ਬਹੁ ਨੀਂਦ ਸ੍ਵਾਸਾ ਰੁਚਿ ਜੁਭ੍ਰਮਅੰਗ,ਮਰਦ ਤ੍ਰਿਸਨਾ ਜਾਨ।
ਪਿਤ ਬਾਤ ਤੇ ਸੁ ਹਲੀਮਵੈ, ਏ ਹੋਤ ਮਾਧਵ ਬਾਨਿ ॥ ੪੨ ॥

(ਉਕਤ ਪਾਂਡੂ ਵਾਲੇ ਦਾ ਸਰੀਰ) ਪੀਲਾ, ਲਾਲ, ਕਾਲਾ ਹੋਵੇ, ਮੱਠਾ ੨ ਤਾਪ ਤੇ ਮੰਦਾਗਨੀ ਹੋਵੇ, ਇਸਤ੍ਰੀ ਦੀ ਸੰਗਤ ਨੂੰ ਮਨ ਨ ਚਾਹੇ, ਨੀਂਦ ਬਹੁਤੀ ਆਵੇ, ਸਾਸ, ਅਰੁਚੀ ਭ੍ਰਮ, ਅੰਗ ਦਲੇ ਮਲੇ ਅਤੇ ਖਯਾਸ ਹੋਵੇ। ਅਜੇਹੇ ਹਲੀਮਕ ਦੇ ਲੱਛਣ ਬਾਤ ਪਿੱਤ ਵਾਲੇ ਦੇ ਕਹੇ ਜਾਂਦੇ ਹਨ ।।੪੨।।

ਪਾਂਡੂ ਰੋਗੇ ਮੰਡੂਰਾਦਿ ਬਟੀ (ਸਾਰੰਗਧਰਾਤ)—ਚੌਪਈ

ਤ੍ਰਿਕੁਟਾ ਤ੍ਰਿਫਲਾ ਮਗਧਾ ਮੂਰ। ਚਿਤ੍ਰਕ ਸੁਰਿਦਾਰੈ ਲੈ ਚੂਰ।
ਸੋਵਨਮਾਖੀ ਘਨ ਤਜ ਪਾਇ। ਦਾਰਵੀ ਚਵਕ ਬਿੜੰਗ ਮੰਗਾਇ॥੪੩॥
ਕਰਖ ਕਰਖ ਲੀਜੇ ਸਭ ਏਹ। ਦੁਗਨਾ ਚੂਰਨ ਲੋਹ ਕਰੇਹ।
ਗੋਮੂਤ੍ਰ ਅਠ ਗੁਨਾ ਮਿਲਾਇ। ਅਗਨ ਸੰਗ ਪੀਸੀ ਪਕਵਾਇ ॥੪੪॥
ਗੁਟਤਾ ਬਾਂਧੇ ਬੇਦ ਸੁਜਾਨ। ਗੋ ਤਕ੍ਰ ਸੋ ਕਰਿਯੋ ਪਾਨ।
ਅਰਸ ਪਾਂਡੁ ਫਿਹ ਕਾਮਲ ਬਾਇ। ਆਜੀਰਨ ਪਰਮੇਹ ਗਵਾਇ॥੪੫॥
ਉਰੂਸਥੰਭ ਕਲੈਜਾ ਦਾਹ। ਤ੍ਰਿਸਨਾ ਗੁਲਮ ਸਭੀ ਮਿਟ ਜਾਹ।
ਕਹੀ ਮੰਡੂਰਾਦਿਕ ਇਹ ਬਟੀ। ਸਾਰੰਗਧਰ ਤੇ ਆਨੀ ਠਟੀ॥ ੪੬॥

੪੯੬—ਤ੍ਰਿਫਲਾ (ਹਰੜ, ਬਹੇੜਾ, ਆਵਲੇ), ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਪਿਪਲਾਮੂਲ, ਚਿਤ੍ਰਾ, ਦੇਵਦਾਰ, ਸੋਨਮਖੀ, ਮੋਥਾ, ਤਜ, ਦਾਰ ਹਲਦੀ, ਚਵ ਤੇ ਬਾਇਵੜਿੰਗ ਇਹ ਸਭੇ ੧-੧ ਤੋਲਾ ਅਤੇ ਸਭ ਨਾਲੋਂ ਦੂਨਾ ਅਰਥਾਤ ੩੦ ਤੋਲੇ ਮ੍ਰਿਤ *ਲੋਹਚੂਨ ਪਾਵੇ। ਇਨ੍ਹਾਂ ਸਭਨਾਂ ਵਿਚ ਅੱਠ ਗੁਣਾਂ ਗਊਮੂਤ੍ਰ ਪਾ ਕੇ ਅੱਗ ਪਰ ਚਾੜ੍ਹ ਕੇ ਪਕਾਵੇ ਤੇ ਘੋਟੇ। ਫਿਰ ਗੋਲੀ ਬਣਾ ਕੇ (ਬਲਅਨੁਸਾਰ) ਖੁਲਾਵੇ ਉਪਰੋਂ ਗੋਕੀ ਲੱਸੀ ਪਿਲਾਵੇ, ਇਸ ਤਰ੍ਹਾਂ ਕੁਛ ਦਿਨ ਸੇਵਨ ਨਾਲ ਬਵਾਸੀਰ, ਪਾਂਡੂ, ਲਿੱਫ, ਕਾਮਲਾ, ਵਾਯੂ ਅਜੀਰਣ, ਪ੍ਰਮੇਹ, ਉਰੂਸਤੰਭ' ਹ੍ਰਿਦੇ ਦਾ ਦਾਹ (ਸੜਨ) ਪਯਾਸ ਤੇ ਪੇਟ ਦਾ ਗੋਲਾ ਇਹ ਸੱਭੇ ਰੋਗ ਨਾਸ ਕਰੇ ।।੪੩ ਤੋਂ ੪੬।।

ਕ੍ਵਾਥ (ਬੀਰਸਿੰਘਾਵਲੋਕਾਤ)

ਤ੍ਰਿਫਲਾ ਬਾਂਸਾ ਤਿਕਤ ਗਿਲੋਇ। ਭੂਨਿੰਗ ਕ੍ਵਾਥ ਕਰੀ ਮਧੁ ਢੋਇ।

---

*ਲੋਹਚੂਨ ਯਾ ਲੋਹਚੂਰਣ ਮਨੂਰ ॥ ਦੇਖੋ ਆ: ਔ: ਕੋਸ਼ ਪ੍ਰਿ: ੧੪੩ ਪੰਨਾ ੧੬.

Digitized by Panjab Digital Library | www.panjabdigilib.org

ਪੀਵਤ ਪਾਂਡੁ ਕਾਮਲਾ ਜਾਇ। ਮੇਘ ਬਿਨੋਦੈ ਦਈ ਬਤਾਇ ॥੪੭॥

੪੮੭–ਤ੍ਰਿਫਲਾ, ਬਾਂਸਾ, ਕੌੜ, ਗਿਲ਼ੋਯ ਤੇ ਚਿਰੈਤਾ ਕਾੜ੍ਹਾ ਕਰਕੇ ਸ਼ਹਿਤ ਪਾਕੇ ਪੀਵੇ ਤਾ ਪਾਡੂ ਕਾਮਲਾ ਜਾਵੇ ॥੪੭॥

ਇਟਸਿਟ ਨਿੰਬ ਪਟੋਲ ਗਿਲੋਇ। ਤਿਕਤਾ ਸੁੰਠੀ ਪਥਯਾ ਹੋਇ।
ਦਾਰੁਨਿਸਾ ਸਮ ਕਰੋ ਕਖਾਇ। ਪੀਵਤ ਪਾਂਡੁ ਸੋਥ ਮਿਟ ਜਾਇ ॥੪੮॥
ਸ੍ਵਾਸ ਕਾਸ ਅਰ ਰਕਤ ਪਰਾਇ। ਉਦਰ ਸੋਥ ਪੀੜਾ ਘਟ ਜਾਇ।
ਕਹਤ ਬੀਰ ਸਿੰਘ ਬਿਲੋਕ। ਔਰ ਸਧੇ ਯਾਤੇ ਸਭ ਥੋਕ ॥੪੯॥

੪੮੮–ਇਟਸਿਟ, ਨਿੰਮ, ਪਟੋਲ, ਗਿਲੋਯ, ਕੌੜ, ਸੁੰਢ, ਜੰਗਹਰੜ ਤੇ ਦਾਰਹਲਦੀ ਸਮਾਨ ਲੈਕੇ ਕਾੜ੍ਹਾ ਕਰੇ ਤੇ ਪੀਵੇ ਤਾਂ ਪਾਂਡੂ, ਸੋਜਾ, ਸ੍ਵਾਸ, ਕਾਸ, ਖੂਨ ਦਾ ਪੈਣਾ, ਪੇਟ ਦੀ ਸੋਜਾ ਤੇ ਪੀੜਾ ਸਭੇ ਨਾਸ ਕਰੇ ॥੪੮॥੪੯॥

ਚਟਣੀ (ਬੀਰਸਿੰਘਾਵਿਲੋਕਾਤ)

ਮਡੂਰ ਚਿਤ੍ਰਾ ਬਾਇਬੜਿੰਗ। ਪਥਯਾ ਬਯੋਖ ਇੰਦ੍ਰਜਵ ਅੰਗ।
ਸਭ ਕੈ ਸਮ ਲੈ ਤਾਪਯ ਮਿਲਾਇ। ਗੋਮੂਤ੍ਰ ਮਧੁ ਲੇਹੁ ਮਿਲਾਇ ॥ ੫੦ ॥
ਕਰ ਅਵਲੇਹੀ ਚਾਟਨ ਦੇਇ। ਪਾਂਡੁ ਕੀ ਜੜ੍ਹਾਂ ਕਟੇਇ।
ਸੋਥ ਮਿਟਤ ਤਨ ਸੁਖ ਕੌ ਲਹੈ। ਬੀਰ ਸਿੰਘ ਅਵਲੋਕ ਜੁ ਕਹੈ ॥੫੧॥

੪੮੯–ਮੰਡੂਰ, ਚਿਤ੍ਰਾ, ਬਾਇਵੜਿੰਗ. ਹਰੜ, ਤ੍ਰਿਕੁਟਾ ਤੇ ਇੰਦ੍ਰਜੌਂ ਮਿਠੇ, ਸਭਨਾਂ ਦੇ ਸਮਾਨ ਸੁਧ ਸੋਇਨਮਖੀ ਲਵੇ, ਗੋਮੂਤ੍ਰ ਸ਼ਹਿਤ ਪਾਕੇ ਪਕਾਕੇ ਚਟਣੀ ਕਰੇ ਅਰ ਚਟਾਵੇ ਤਾਂ ਪਾਂਡੂ ਤੇ ਸੋਜਾ ਦੂਰ ਕਰੇ ॥੫੦॥੫੧॥

ਚੂਰਣ (ਵੰਗਸੇਨਾਤ)–ਚੌਪਈ

ਚਿਤ੍ਰਕ ਅਜਮੋਦਾ ਲੈ ਸੁੰਠ। ਸੇਂਧਾ ਮਰਚਾਂ ਚੂਰਨ ਗੁੰਠ।
ਗੋ ਤਕਰ ਤਿਵ ਪਾਂਡੁ ਪਰਾਇ। ਅਰਸਿ ਮੰਦਾਗਨਿ ਨਾਮ ਨਥਾਇ॥੫੨॥

੪੯੦–ਚਿਤ੍ਰਾ, ਅਜਮੋਦ, ਸੁੰਢ. ਸੇਂਧਾਲੂਣ ਤੇ ਮਿਰਚਾਂ ਚੂਰਣ ਕਰਕੇ ਗੋਕੀ ਲੱਸੀ ਨਾਲ ਦੇਵੇ ਤਾਂ ਪਾਂਡੂ, ਬਵਾਸੀਰ, ਮੰਦਾਗਨੀ ਸਭ ਦਾ ਨਾਸ ਕਰੇ ॥੫੨॥

ਚੂਰਣ

ਗੋਮੂਤ੍ਰ ਪੁਟ ਸਾਤ ਕਰਾਇ। ਲੈ ਮਾਂਡਰੂ ਪੁਰਾਨਾ ਸਾਇ।
ਪਯਸੰਗ ਪੀਵਤ ਪਾਂਡੁ ਨਸਾਇ। ਪ੍ਰਤੀਸਯਾਇਕਾ ਨਾਸ ਕਰਾਇ॥੫੩॥

੪੯੦–ਪੁਰਾਣਾ ਮਨੂਰ ਲੈਕੇ ਗੋਮੂਤ੍ਰ ਦੀਆਂ ੭ ਪੁਠਾਂ ਦੇਵੇ ਦੁਧ ਨਾਲ, ਕੱਦ ਮੁਜਬ ਫਕਾਵੇ ਪਾਂਡੂ ਤੇ ਨਜ਼ਲਾ ਨਾਸ ਕਰੇ ॥੫੩॥

ਸ਼ੰਕਰ

Digitized by Panjab Digital Library | www.panjabdigilib.org

ਤ੍ਰਊਖਣੰ ਗਜ ਪੀਪਰੀ, ਨਿਸਾਦਰ ਚਿਤ੍ਰਕ ਦਾਖ।
ਤ੍ਰਿਫਲਾ ਨਲਨੀਫਲ ਮੰਜਿਸਟਾ, ਇੰਦ੍ਰਜੌਂ ਘਨ ਭਾਖ।
ਸਤਮੂਲ ਸਿਗ੍ਰ ਬੀਜ ਕਟੁਕੀ, ਸਾਲ ਪਰਨੀ ਜਾਨ।
ਬ੍ਰਿਹਤੀ ਕੰਟਾਰੀ ਪ੍ਰਿਸਟਪਰਨੀ, ਪਾਠ ਅਭਯਾ ਠਾਨ ॥ ੫੪ ॥
ਜਵਖਾਰ ਸਭ ਸਮ ਕੂਟਿ ਪਾਵੇ, ਗਊ ਮੂਤਰ ਪੀਸ।
ਅਖਯ ਮਾਤਰ ਗੁਟੀ ਤੰਦੁਲ; ਮੀਰ ਸੋ ਭਖੁ ਈਸ।
ਪਾਂਡ ਕ੍ਰਿਮ ਅਰੁ ਕੁਸਟ ਮੇਹਾ, ਜਾਇ ਗ੍ਰਹਨੀ ਰੋਗੁ।
ਅਰਸ ਭਾਗੈ ਬੰਗਸੈਨੈ; ਭਾਖਿਯੋ ਇਹ ਜੋਗੁ ॥ ੫੫ ॥

੪੯੨-ਤ੍ਰਿਕੁਟਾ, ਮਘ, ਮਿਰਚ, ਸੁੰਢ, ਲੰਬੀ ਮਘ, ਦਾਰਹਲਦੀ, ਚਿਤ੍ਰਾ, ਮੁਨੱਕਾ, ਤ੍ਰਿਫਲਾ, ਹਰੜ, ਬਹੇੜਾ, ਆਵਲੇ ਕਮਲਡੋਡੇ, ਮਜੀਠ, ਮਿਠੇ ਇੰਦ੍ਰਜੌਂ, ਮੋਥਾ, ਸਤਾਵਰ, ਸੁਹਾਂਜਣੇ ਦੇ ਬੀਜ, ਕੌੜ, ਸਾਲਪਰਨੀ, ਦੋਨੋਂ ਕੰਡਿਆਰੀਆਂ, ਪ੍ਰਿਸਟਪਰਨੀ, ਪਾਠਾ, ਹਰੜ ਤੇ ਜੌਂਖਾਰ ਸਭ ਸਮਾਨ ਲੈਕ ਕੁਟੇ। ਗਊ ਮੂਤ੍ਰ ਪਾਕੇ ਤੋਲੇ ਪ੍ਰਮਾਣ ਗੋਲੀ ਬਣਾਵੇ ਫਿਰ ਚਾਵਲਾਂ ਦੇ ਪਾਣੀ ਨਾਲ ਖੁਲਾਵੇ ਤਾਂ ਪਾਂਡੂ ਕ੍ਰਿਮਿ, ਕੁਸ਼ਟ, ਪ੍ਰਮੇਹ ਸੰਗ੍ਰਹਿਣੀ ਤੇ ਬਵਾਸੀਰ ਨਾਸ ਕਰੇ ॥੫੪॥੫੦॥

ਕਾਮਲਾ ਰੋਗ ਉਦਾਇ-ਦੋਹਰਾ

ਬਯੋਖ ਆਮਲੇ ਲੋਹ ਰਜ, ਨਿਸਾ ਸਿਤਾ ਮਧੁ ਪਾਇ।
ਚਾਟੇ ਨਿਤ ਉਠ ਪ੍ਰਾਤ ਹੀ, ਰੋਗੁ ਕਾਮਲਾ ਜਾਇ ॥੫੬॥

੪੯੩-ਤ੍ਰਿਕੁਟਾ, ਮਘ, ਮਿਰਚ, ਸੁੰਢ ਆਵਲੇ ਲੋਹਚੂਰਣ, ਹਲਦੀ, ਮਿਸਰੀ ਤੇ ਸ਼ਹਿਤ ਪਾਕੇ ਪ੍ਰਾਤਾਕਾਲ ਚੱਟੇ ਤਾਂ ਕਾਮਲਾ ਰੋਗ ਨਾਸ ਹੋਵੇ ॥੫੬॥

ਲਹਰਜਾ ਨਿਸ ਦੋਇ, ਤ੍ਰਿਫਲਾ ਤ੍ਰਿਕੁਟਾ ਚੂਨ ਕਰਿ।
ਘ੍ਰਿਤ ਮਧੁ ਸੋ ਲੈ ਸੋਇ, ਰੋਗੁ ਕਾਮਲਾ ਜਾਤ ਹੈ ॥ ੫੭ ॥

੪੯੪-ਮ੍ਰਿਤ ਲੋਹਚੂਨ, ਦੋਨੋਂ ਹਲਦੀਆਂ, ਤ੍ਰਿਫਲਾ ਤੇ ਤ੍ਰਿਕੁਟਾ ਚੂਰਣ ਕਰ ਕੇ ਘਿਉ ਅਤੇ ਸ਼ਹਿਤ ਨਾਲ ਮਿਲਾਕੇ ਚਟੇ ਤਾਂ ਕਾਮਲਾ ਜਾਵੇ ॥੫੭॥

(ਬੀਰਸਿੰਘਾਵਿਲੋਕਾਤ)-ਚੌਪਈ

ਤ੍ਰਿਫਲਾ ਦਾਰਵੀ ਨਿੰਬ ਗਿਲੋਇ। ਭੇਮੀ ਰਾਖੇ ਜਲ ਨਿਸ ਸੋਇ।
ਪ੍ਰਾਤਹਿ ਪੀਵੇ ਸਹਿਤ ਮਿਲਾਇ। ਰੋਗੁ ਕਾਮਲਾ ਛਿਨ ਮਹਿ ਜਾਇ॥੫੮॥

੪੭੫-ਹਰੜ, ਬਹੇੜਾ, ਨਿੰਮ ਤੇ ਗਿਲੋਯ ਰਾਤ ਨੂੰ ਭਿਉਂ ਰਖੇ ਸਵੇਰੇ ਸ਼ਹਿਤ ਪਾ ਕੇ ਪੀਵੇ ਤਾਂ ਕਾਮਲਾ ਰੋਗ ਸ਼ੀਘਰ ਜਾਵੇ ॥੫੮॥

ਕਾਮਲਾ ਕੋ ਅੰਜਨ (ਬੀਰਸਿੰਘਾਵਿਲੋਕਾਤ)-ਸੋਰਠਾ

Digitized by Panjab Digital Library | www.panjabdigilib.org

ਦ੍ਰੋਣ ਪੁਸਪ ਰਸੁ ਆਨ, ਅੰਜਨ ਕੀਜੈ ਦ੍ਰਿਗਨ ਮੈ।
ਰੋਗੁ ਕਾਮਲਾ ਹਾਨ, ਬੀਰ ਸਿੰਘ ਅਵਲੋਕ ਭਨ ॥ ੫੯ ॥

੪੯੬-ਗੁੰਮੇ ਦੇ ਫੁਲਾਂ ਦੇ ਰਸ ਦਾ ਅੰਜਨ ਕਰੇ ਤਾਂ ਕਾਮਲਾ ਜਾਵੇ ॥੫੯॥

ਗੇਰੂ ਨਿਸਾ ਮਿਲਾਇ, ਮੇਲ ਆਮਲੇ ਨੀਰ ਸੋ ॥
ਅੰਜਨ ਦ੍ਰਿਗਹਿ ਪਿਵਾਇ, ਰੋਗੁ ਕਾਮਲਾ ਜਾਤ ਮਿਟ ॥੬੦॥

੪੯੭-ਗੇਰੀ ਤੇ ਹਲਦੀ ਆਵਲਿਆਂ ਦੇ ਰਸ ਨਾਲ ਘੋਟਕੇ ਨੇਤ੍ਰੀਂ ਅੰਜਨ ਕਰੇ ਤਾਂ ਕਾਮਲਾ ਜਾਵੇ ॥੬੦॥

ਨਸਵਾਰ (ਬੈਦਜੀਵਨਾਤ)-ਦੋਹਰਾ

ਬ੍ਰਿੰਦਾਲੀ ਫਲ ਆਨ ਕੇ, ਨਾਵਨ ਦੀਜੋ ਨਾਕ।
ਰੋਗੁ ਕਾਮਲਾ ਜਾਤ ਹੈ, ਬਡੇ ਬੈਦ ਕੇ ਬਾਕ ॥ ੬੧ ॥

੪੯੮-ਘੱਗਰਵੇਲ ਦਾ ਫਲ ਲੈਕੇ ਇਸ ਦੇ ਰਸ ਦੀ ਨਸਵਾਰ ਦੇਵੇ ਤਾਂ ਕਾਮਲਾ ਰੋਗ ਨਾਸ਼ ਕਰੇ ॥ ੬੧ ॥

ਗੇਰੂ ਤ੍ਰਿਫਲਾ ਮਜ ਲੈ, ਨਿਸਾ ਨੀਰ ਘਸ ਅੰਜ।
ਰੋਗੁ ਕਾਮਲਾ ਜਾਤ ਹੈ, ਸੁਰ ਅਸੁਰਾ ਜਿਮ ਭੰਜ ॥੬੨॥

੪੯੯-ਗੇਰੀ, ਤ੍ਰਿਫਲੇ ਦੀ ਗਿਰੀ ਤੇ ਹਲਦੀ ਪਾਣੀ ਨਾਲ ਘਿਸਾ ਕੇ ਨੇਤ੍ਰੀਂ ਅੰਜਨ ਕਰੇ ਤਾਂ ਕਾਮਲਾ ਜਾਵੇ ॥ ੬੨ ॥

ਸੋਰਠਾ

ਗਊ ਦੂਧ ਸੋ ਪੀਤ, ਸੁੰਠੀ ਆਠੀ ਪੀਸ ਕੈ।
ਰੋਗੁ ਕਾਮਲਾ ਜੀਤ, ਲੋਲੰਬੇ ਜੋ ਰਾਜ ਭਨ ॥ ੬੩ ॥

੫੦੦-ਸੁੰਢ ਪੀਹਕੇ ਗੌਕੇ ਦੁੱਧ ਨਾਲ ਪੀਵੇ ਤਾਂ ਕਾਮਲਾ ਜਾਵੇ ॥੬੩॥

ਦੋਹਰਾ

ਦਾਰਨਿਸਾ ਨਿੰਬੂ ਰਸ ਲਈ, ਮੇਲ ਸਹਿਤ ਕਰ ਪਾਨ।
ਰੋਗੁ ਕਾਮਲਾ ਜਾਤ ਹੈ, ਪਾਡੂ ਰੋਗੁ ਕੀ ਹਾਨ ॥ ੬੪॥

੫੦੧-ਦਾਰ ਹਲਦੀ, ਨਿੰਮ ਦਾ ਰਸ ਸ਼ਹਿਤ ਪਾਕੇ ਪੀਏ ਤਾਂ ਕਾਮਲਾ ਤੇ ਪਾਂਡੂ ਜਾਵੇ ॥੬੪॥

ਨਸਯ (ਨਸਵਾਰ)

ਨਾਸ ਦੀਜੀਏ ਸਾਤ ਦਿਨ, ਕਟੁ ਤੂੰਬੀ ਰਸੁ ਲੇਇ।
ਮਿਟਤ ਕਾਮਲਾ ਰੋਗ ਸਭ, ਚਨਕ ਦਾਲ ਪਥੁ ਦੇਇ ॥੬੫॥

੫੦੨-ਕੌੜੀ ਤੂੰਬੀ ਦੇ ਰਸ ਦੀ ੭ ਦਿਨ ਨਸਵਾਰ ਦੇਵੇ, ਅਰ ਛੋਲਿਆਂ ਦੀ ਦਾਲ ਦਾ ਪੱਥ ਖੁਲਾਵੇ ਤਾਂ ਕਾਮਲਾ ਰੋਗ ਨਾਸ ਹੋਵੇ ॥੬੫॥

Digitized by Panjab Digital Library | www.panjabdigilib.org

ਸੋਰਠਾ

ਖਰ ਮੀਂਗਨ ਰਸ ਕਾਂਢ, ਗੋ ਤੱਕ੍ਰਹਿ ਸਿਤ ਜਰਨ ਮਿਲ।
ਰੋਗ ਕਾਮਲਾ ਬਾਢ, ਪਾਨ ਕਰਤ ਜਬ ਏ ਤ੍ਰਿਕੈ ॥ ੬੬ ॥

੫੦੩–ਖੋਤੇ ਦੇ ਤਾਜੇ ਲੇਡਣਿਆਂ ਦਾ ਰਸ ਕੱਢ ਕੇ ਗੋਕੀ ਲੱਸੀ ਵਿਚ ਪਾਕੇ ਫਿਰ ਚਿੱਟਾ ਜੀਰਾ ਪਾਕੇ ਇਸ ਤਰ੍ਹਾਂ ਇਹ ਤਿੰਨੇ ਜਦ ਮੇਲਕੇ ਪੀਵੇ ਤਾਂ ਵਧਿਆ ਹੋਯਾ ਭੀ ਕਾਮਲਾ ਰੋਗ ਨਾਸ ਹੋਵੇ ॥੬੬॥

ਕੁੰਭ ਕਾਮਲਾ ਉਪਾਇ (ਵੰਗਸੇਨਾਤ)

ਸਿਲਾਜੀਤ ਆਛਾ ਸੁਧ ਆਨ। ਗੋਮੂਤ੍ਰ ਸੰਗ ਕਰ ਜੋ ਪਾਨ।
ਕੁੰਭ ਕਾਮਲਾ ਰੋਗੁ ਨਸਾਇ। ਬੰਗਸੈਨ ਕੇ ਜਾਨੋ ਭਾਇ ॥ ੬੭ ॥

੫੦੪–ਅੱਛੀ ਸੁੱਧ ਸਿਲਾਜੀਤ ਗੋਮੂਤ੍ਰ ਨਾਲ ਪੀਵੇ ਤਾਂ ਕੁੰਭ ਕਾਮਲਾ ਜਾਵੇ ॥੬੭॥

ਧਾਤੁ ਮਾਖਕੰ ਹਰਣ ਜੁ ਬੀਠ। ਦਗਧ ਕਰੀ ਗੋਮੂਤਰ ਪੀਠ।
ਅਸਟ ਬਾਰ ਭਾਵਨ ਗੋਮੂਤ। ਤੌ ਹੋਵੈ ਖਾਵਨ ਕੋ ਸੂਤ ॥ ੬੮ ॥
ਮਧਹੁ ਸੰਗਿ ਇਸ ਚਾਟਨ ਕਰੋ। ਕੁੰਭ ਕਾਮਲਾ ਤਨ ਤੇ ਹਰੋ।
ਮਿਟਤ ਪਾਂਡੂ ਕਾ ਜਾਨੋ ਰੋਗ। ਬੰਗਸੈਨ ਕਾ ਏਹੈ ਜੋਗੁ ॥ ੬੯ ॥

੫੦੫–ਧਾਤੂਮਾਖ–ਕਹੀਏ ਸੋਨਮਖੀ ਹਰਣਜ–ਕਹੀਏ ਸੋਨੇ ਦੀ ਮੈਲ, ਬੀਠ–ਕਹੀਏ ਮਨੂਰ, ਇਨ੍ਹਾਂ ਨੂੰ ਮਾਰਕੇ ਗਊ ਮੂਤ੍ਰ ਵਿਚ ਪੀਹੇ ਪਰੰਤੂ (ਮਾਰੇ ਇਉਂ ਕਿ ਬਹੇੜੇ ਦੀਆ ਲਕੜਾਂ ਦੀ ਅਗ ਵਿਚ ਤਪਾ ਤਪਾ ੮ ਬਾਰ ਗਊ ਮੂਤਰ ਵਿਕ ਬੁਝਾਵੇ ਤਾਂ ਖਾਣ ਯੋਗ ਬਣੇ) ਫਿਰ ਸ਼ਹਿਤ ਨਾਲ ਬਲਾਨੁਸਾਰ ਚਟੇ ਤਾਂ ਕੁੰਭਕਾਮਲਾ ਤੇ ਪਾਂਡੂ ਰੋਗ ਨਾਸ ਕਰੇ। ਇਹ ਪ੍ਰਯੋਗ ਵੰਗਸੇਨ ਦਾ ਹੈ ॥੬੮॥੬੯॥

ਨੋਟ–ਕਈ ਸੋਨਮਖੀ ਤੇ ਭਿੰਨ "ਸੋਨੇ ਦੀ ਮੈਲ ਕੁਛ ਬਸਤੂ ਨਹੀਂ ਹੈ" ਆਖਦੇ ਹਨ, ਸੋ ਉਹ ਵੰਗਸੇਨ ਦੇ ਟੀਕਾਕਾਰਾਂ ਨਾਲ ਵਿਵਾਦ ਕਰਨ, ਪਰੰਤੂ ਫਿਰ ਭੀ ਹਰਣਜ ਬੀਠ ਕਰਕੇ ਹਰਣੀਦ ਵਿਸਟਾ ਅਰਥ ਕਰਨਾ ਅਗਯਾਨਤਾ ਹੈ। ਰਹੋ ਅਧਿਕ ਵਿਚਾਰ। ਜਿਸ ਖਾਣ ਵਿਚੋਂ ਸੋਨਾ ਨਿਕਲਦਾ ਹੈ ਉਸ ਸਮਯ ਸੋਨਾ ਢਾਲਣ ਤੋਂ ਬਾਦ ਜੋ ਮੈਲ ਨਿਕਲੇ ਓਹੋ ਸੋਨੇ ਦੀ ਮੈਲ ਹੈ। ਮੈਂ ਨੇ ਚੀਨ ਯਾਤ੍ਰਾ ਸਮੇਂ ਪਾਂਗ ਦੇ ਟਾਪੂ ਦੇਖੀ ਸੀ।

ਹਲੀਮਕ ਰੋਗ ਉਪਾਇ (ਵੰਗਸੇਨਾਤ)–ਸੋਰਠਾ

ਖਦਰ ਤੋਇਕੈ ਸੰਗ; ਰਜ ਲੋਹਾ ਮਦ ਪੀਜੀਏ।
ਮਿਟਤ ਹਲੀਮਕ ਅੰਗ, ਵੰਗਸੈਨ ਇਮ ਉਚਰੈ ॥ ੭੦ ॥

੫੦੬–ਖੈਰ ਬ੍ਰਿਛ ਦੇ ਜਲ ਨਾਲ ਲੋਹਚੂਨ ਤੇ ਮਦਰਾ (ਸ਼ਰਾਬ) ਮਿਲਾ ਕੇ ਪੀਵੇ ਤਾਂ ਹਲੀਮਕ ਜਾਵੇ, ਇਉਂ ਵੰਗਸੈਨ ਵਿਚ ਲਿਖਿਆ ਹੈ ॥੭੦॥

ਤ੍ਰਿਫਲਾ ਰਜਨੀ ਦੋਇ, ਚੰਦਨ ਰਕਤ ਸੁ ਪੀਸ ਕੁਟ।
ਮਧੁ ਘ੍ਰਿਤ ਸੋ ਚਟੂ ਸੋਇ, ਰੋਗ ਹਲੀਮਕ ਜਾਤ ਮਿਟ ॥੭੧॥

Digitized by Panjab Digital Library | www.panjabdigilib.org

੫੦੭-ਤ੍ਰਿਫਲਾ, ਦੋਨੋਂ ਹਲਦੀਆਂ ਤੇ ਲਾਲਚੰਦਨ ਕੁਟ ਪੀਹ ਕੇ ਸ਼ਹਿਤ ਤੇ ਘਿਉ ਨਾਲ ਚਟੇ ਤਾਂ ਹਲੀਮਕ ਜਾਵੇ ॥ ੭੧ ॥

ਛਿੰਨਾ ਕਲਕ ਕਰਾਇ, ਚਤੂਰ ਗੁਨਾ ਘ੍ਰਿਤ ਦੂਧ ਭਿਲ।
ਰਹਤ ਘੀਉ ਜੋ ਆਇ; ਪੀਵਤ ਹਾਲੀਮਕ ਮਿਟਤ ॥ ੭੨ ॥

੫੦੮-ਗਿਲੋਯ ਦਾ ਸੁਰਸ ਯਾ ਕਲਕ ਕਰਕੇ ੪ ਹਿਸੇ ਘਿਉ ਤੇ ਦੁਧ ਪਾਕੇ ਪਕਾਵੇ, ਜਦੋਂ ਘਿਉ ਨਿਰੇਲ ਰਹਿ ਜਾਵੇ ਉਤਾਰ ਛਾਣਕੇ ਘ੍ਰਿਤ ਪਾਨ ਕਰੇ ਤਾਂ ਹਲੀਮਕ ਨਾਸ ਹੋਵੇ ॥ ੭੨ ॥

ਅਭਯਾਦਿ ਗੋਲੀ ਸਰਬ ਤ੍ਰਿਦੋਖ ਪਾਂਡੂ ਮਾਟੀਭੁਸ ਰੋਗੇ
ਰਾਮਬਿਨੋਦਾਤ-ਸ਼ੰਕਰ

ਹਰੜ ਪੀਪਰਮੂਰ ਮਰਚਾਂ, ਨਾਗਰੰ ਸੁ ਤਮਾਲ।
ਤੱਜ ਮੋਥਾ ਆਮਲੇ, ਬਾੜਿੰਗ ਟੰਕ ਟੰਕ ਘਾਲ।
ਦੋ ਟੰਕ ਦੰਤੀ ਸਿਤਾ ਖਟ ਟੰਕ,ਪਲੁ ਤ੍ਰਿਵੀ ਲੈ ਦੋਇ।
ਬਾਂਧ ਗੋਲੀ ਟੰਕ ਤ੍ਰੈ ਕੀ, ਸਹਿਤ ਸੰਗੈ ਸੋਇ ॥ ੭੩ ॥
ਸਾਂਝ ਪ੍ਰਾਂਤ ਦੁ ਖਾਇ ਗੋਲੀ, ਸੀਤ ਜਲ ਕੈ ਸੰਗ।
ਪਾਂਡੂ ਕੁਸਟ ਭਗੰਦਰਾ ਕ੍ਰਿਮਿ, ਸੋਥ ਦਾਹ ਸੁ ਭੰਗ।
ਸੂਲ ਸਿਰ ਕੀ ਪੀਰ ਮਿਰਗੀ, ਮਿਟਤ ਅਪਜੁਸਮਾਰ।
ਮਿਟਤ ਮੂਤਰ ਕ੍ਰਿਛ ਲਾਗਹਿ, ਰੇਚਨਾ ਸੁਖਕਾਰ ॥੭੪॥

੫੦੯-ਹਰੜ, ਪਿਪਲਾਮੂਲ, ਮਿਰਚਾਂ, ਸੁੰਢ, ਤਮਾਲ ਪੱਤ੍ਰ, ਤਜ, ਮੋਥਾ,ਆਂਵਲੇ ਤੇ ਬਾਇ-ਬੜਿੰਗ. ਇਹ ਚਾਰ ੨ ਮਾਸੇ, ੮ ਮਾਸੇ ਦੰਤੀ. ਦੋ ਤੋਲੇ ਮਿਸਰੀ ਤੇ ੮ ਤੋਲੇ ਤ੍ਰਿਵੀ ਘੋਟਕੇ ਗੋਲੀ ੧ ਤੋਲੇ ਦੀ ਕਰੇ, ਸ਼ਹਿਤ ਨਾਲ ਪ੍ਰਾਤ ਸੰਧਯਾ ਇਕ ਇਕ ਖਾਵੇ. ਉਪਰੋਂ ਠੰਢਾ ਪਾਣੀ ਪੀਵੇ ਤਾਂ ਪਾਡੂ. ਭੁਸ. ਕੋੜ੍ਹ. ਭਗੰਦਰ, ਕ੍ਰਿਮਿ. ਸੋਜ, ਦਾਹ ਸੂਰਭੰਗ, ਸੂਲ. ਸਿਰ ਪੀੜ. ਮਿਰਗੀ. ਅਪਸਮਾਰ ਤੇ ਮੂਤ੍ਰ ਕ੍ਰਿਛਾਦਿ ਨਾਸ ਕਰੇ ਤੇ ਦਸਤ ਚੰਗੇ ਲਗਾਵੇ ॥੭੩॥੭੪॥

ਨਵਰਸਾਦਿ ਗੋਲੀ (ਚਿੰਤਾਮਣੀ ਰਸਾਤ)-ਦਵੈਯਾ

ਚਿਤ੍ਰਕ ਤ੍ਰਿਫਲਾ ਮੋਥ ਬੜਿੰਗੀ, ਤ੍ਰਿਕੁਟਾ ਸਭ ਸਮ ਪਾਇ।
ਮਧੁ ਘ੍ਰਿਤ ਸੋ ਲੈ ਚਾਟਨ ਕਰੀਓ,ਵਾ ਗੁੜ ਗੁਟੀ ਬਨਾਈ।
ਗੋ ਮੂਤ੍ਰ ਵਾ ਤਕ੍ਰ ਖੁਲਾਵੇ, ਪਾਂਡੂ ਭਗੰਦਰ ਕਾਸਾ।
ਹ੍ਰਿਦ ਕੋਸਟ ਸੰਗ੍ਰਹਿਣੀ ਅਰਸਾ, ਮਿਟੈ ਮੰਦਾਗਨਿ ਸ੍ਵਾਸਾ ॥ ੭੫ ॥

ਦੋਹਰਾ

ਕ੍ਰਿਮ ਕੀ ਪੀਰਾ ਸੂਰ ਸਭ, ਮਿਟਤ ਨਾ ਲਾਗੈ ਬਾਰ।

Digitized by Panjab Digital Library | www.panjabdigilib.org

ਕਹੀ ਨਵਰਸਾ ਆਦਿ ਗੁਟਿ, ਚਿੰਤਾਮਨਿ ਰਸ ਸਾਰ ॥ ੭੬ ॥

੫੧੦–ਚਿਤ੍ਰਾ, ਤ੍ਰਿਫਲਾ, ਮੋਥਾ, ਬਾਇਬੜਿੰਗ ਤੇ ਤ੍ਰਿਕੁਟਾ ਇਹ ਸਭ ਸਮਾਨ ਲਵੇ, ਕੁਟਕੇ ਸ਼ਹਿਤ ਤੇ ਘ੍ਰਿਤ ਪਾਕੇ ਚੱਟੇ ਯਾ ਗੁੜ ਨਾਲ ਗੋਲੀ ਕਰਕੇ ਗੋਮੂਤ੍ਰ ਨਾਲ ਯਾ ਲੱਸੀ ਨਾਲ ਖਾਵੇ ਤਾਂ ਪਾਂਡੂ, ਭਗੰਦ੍ਰ, ਖਾਂਸੀ, ਹ੍ਰਿਦਯ ਰੋਗ, ਕੁਸਟ ਰੋਗ, ਸੰਗ੍ਰਹਿਣੀ, ਬਵਾਸੀਰ, ਮੰਦਾਗਨੀ, ਦਮਾਂ, ਕ੍ਰਿਮਿ ਤੇ ਸਭ ਪ੍ਰਕਾਰ ਦਾ ਸੂਲ ਇਹ ਨਵਰਸਾਦਿ ਗੋਲੀ ਨਾਸ ਕਰੇ ।੭੫॥੭੬॥

ਬ੍ਰਿਧ ਨਵਰਸਾਦਿ ਗੋਲੀ [ਯੋਗ ਚਿੰਤਾਮਣੀ ਮਤਾਤ] ਸਾਰਸੀ ਛੰਦ

ਤ੍ਰਿਫਲਾ ਤ੍ਰਿਕੁਟਾ ਤਜ ਜੁ ਮੋਥਾ, ਆਨ ਬਾਇਬੜਿੰਗਏ।
ਲੈ ਬੰਸਲੋਚਨ ਪਤ ਤਮਾਲਹਿ, ਨਾਗ ਕੇਸਰ ਅੰਗਏ।
ਲਘੁ ਇਲਾਚੀ ਅਰੁ ਸੁਮਨ ਮਾਖੀ, ਸਾਰ ਤੋਖਾ ਖੀਰਏ।
ਸ੍ਵੇਤ ਮਿਸਰੀ ਸਮ ਕੁਟਾਵੇ, ਪੀਸ ਛਾਨੋ ਚੀਰਏ ॥ ੭੭ ॥
ਮਧੁ ਸੰਗ ਗੋਲੀ ਟੰਕ ਤ੍ਰੈਟ ਕੀ, ਖਾਇ ਜਾਇ ਪ੍ਰਮੇਹਏ।
ਸੋਫ ਪਾਂਡੁ ਹਲੀਮ ਕਾਮਲ, ਗੁਲਮੁ ਸ੍ਵਾਸ ਸਨੇਹਏ।
ਕੋੜ੍ਹ ਕਾਸਾ ਬਿਖਮ ਜੁਰ ਸਭ, ਜਾਤ ਲਗਤ ਨ ਵਾਰਏ।
ਜੋਗੁ ਚਿੰਤਾਮਨਿ ਬਖਾਨੀ, ਮੇਘ ਮੁਨਿ ਏ ਕਾਰਏ ॥ ੭੮ ॥

੫੧੧–ਤ੍ਰਿਫਲਾ, ਤ੍ਰਿਕੁਟਾ, ਤਜਸਕ, ਮੋਥਾ, ਬਾਇਬੜਿੰਗ, ਤਬਾਸੀਰ, ਤਮਾਲਪਤ੍ਰ, ਨਾਗ ਕੇਸਰ, ਛੋਟੀਲਾਚੀ, ਸੋਨਮਖੀ, ਲੋਹਾ, ਤੋਖਾਖੀਰ ਤੇ ਸਫੈਦ ਮਿਸਰੀ ਸਭ ਸਮਾਨ ਕੁਟਕੇ ਕਪੜਛਾਣ ਕਰੇ। ਸ਼ਹਿਤ ਨਾਲ ੧ ਤੋਲੇ ਦੀ ਗੋਲੀ ਕਰਕੇ ਖਾਵੇ ਤਾਂ ਪ੍ਰਮੇਹ, ਸੋਜ, ਪਾਂਡੂ, ਹਲੀਮਕ, ਕਾਮਲਾ, ਗੋਲਾ, ਸ੍ਵਾਸ, ਕੁਸ਼ਟ, ਕਾਸ ਤੇ ਵਿਖਮਤਾਪ, ਸਭ ਨਾਸ ਕਰੇ ॥੭੭॥੭੮॥

ਵਿਦਯਾਧਰ ਰਸ (ਵੈਦਕੁਤੂਹਲਾਤ)–ਚੌਪਈ

ਗੰਧਕ ਤਾਂਬਾ ਭਸਮ ਮਗਾਇ। ਤ੍ਰਿਕੁਟਾ ਦੰਤੀ ਬਿਖ ਲੈ ਪਾਇ।
ਤ੍ਰਿਫਲਾ ਹੇਮ ਅਰਕਜਰ ਥਾਇ। ਕਟੁਕੀ ਤ੍ਰਿਵਤਾ ਸੂਤ ਰਲਾਇ ॥੭੯॥
ਟੰਕਣ ਸਭ ਕੈ ਸਮ ਜੋ ਕਹਯਾ। ਦੰਤੀ ਫਲੁ ਸੋਧਯਾ ਸੋ ਲਹਯਾ।
ਸੁਨਹੀ ਛੀਰ ਮਰਦੋ ਚਿਤੁ ਲਾਇ। ਦੰਤੀ ਕ੍ਵਾਥੈ ਅਧਗੁੰਜ ਖਾਇ ॥੮੦॥
ਪਾਂਡ ਗੁਲਮ ਅਰਸਾ ਮਿਟ ਸੂਰ। ਜਠਰ ਰੋਗੁ ਗ੍ਰਹਿਨੀ ਕਾ ਮੂਰ।
ਆਂਮਬਾਤ ਕ੍ਰਿਮਕੋਰਿ ਮਿਟਾਇ। ਮਿਟ ਮੰਦਾਗਨਿ ਭੂਖ ਲਗਾਇ॥੮੧॥

੫੧੨–ਗੰਧਕ, ਮ੍ਰਿਤਤਾਂਬਾ, ਮਘ, ਮਿਰਚ, ਸੁੰਢ, ਜਮਾਲਗੋਟੇ ਦੀ ਜੜ੍ਹ, ਮਿੱਠਾ ਤੇਲੀਆ, ਹਰੜ, ਬਹੇੜਾ, ਆਵਲੇ, ਧਤੂਰੇ ਤੇ ਅਕ ਦੇ ਜੜ੍ਹ ਦੀ ਛਿੱਲ, ਕੌੜ, ਤ੍ਰਿਵੀ, ਪਾਰਾ ਤੇ ਸੁਹਾਗਾ, ਇਹ ਸਭੋ ਇਕ ਸਮਾਨ, ਇਨ੍ਹਾਂ ਸਭਨਾ ਦੇ ਸਮਾਨ ਸੋਧਿਆ ਜਮਾਲਗੋਟਾ ਪਾਕੇ ਥੋਹਰ ਦੇ ਦੁਧ ਨਾਲ ਤੇਗੀ ਤਰਾਂ ਖਰਲ

ਕਰਕੇ ਰਸ ਤਿਆਰ ਰਖੇ। ਇਸ ਵਿਚੋਂ ਅਧੀ ਰਾਤ ਜਮਾਲਗੋਟੇ ਦੀ ਜੜ੍ਹ ਦੇ ਕਾੜ੍ਹੇ ਨਾਲ ਦੇਵੇ ਤਾਂ ਪਾਂਡੂ, ਪੇਟ ਦਾ ਗੋਲਾ, ਬਵਾਸੀਰ, ਸੂਲ, ਸਭੇ ਪੇਟ ਦੇ ਰੋਗ, ਸੰਗ੍ਰਹਿਣੀ ਦੀ ਜੜ੍ਹ, ਆਮਬਾਤ, ਪੇਟ ਦੇ ਕ੍ਰਿਮੀ ਤੇ ਮੰਦਾਗਨੀ ਸਭੇ ਨਾਸ ਕਰੇ ਤੇ ਭੁਖ ਵਧਾਵੇ ॥੭੯॥੮੦॥੮੧॥

ਸਰਬ ਪਾਂਡੂ ਕੋ ਮਨੂਰ—ਛਪਜ

ਤ੍ਰਿਕੁਟਾ ਤ੍ਰਿਫਲਾ ਨਿਸਾ, ਜੁਗਮ ਜੰਤਯਘਨ ਦਾਰੁ ਧਰਿ।
ਗੰਥਕ ਚਵਕਾ ਕਤੂ, ਮੋਥ ਹੇਮ ਮਾਖੀ ਸਮ ਕਰਿ।
ਛਿੰਨਾ ਸਭ ਪੀਸਾਇ, ਛਾਨੀਓ ਆਨ ਬਸਨ ਤਰੁ।
ਸਭ ਕੈ ਸਮ ਮੰਡੂਰ, ਪਾਈਯੇ ਸੁੱਧ ਕਰੋ ਭਰਿ।
ਗੋਤੱਕਰ ਸੋ ਟਾਂਕ ਤ੍ਰਿਕ, ਖਾਵਤ ਉਠ ਪਰਭਾਤ ਨਿਤ।
ਖਾਇ ਅਲੋਨੀ ਰੋਟਿ ਘ੍ਰਿਤ,ਪਾਂਡੁ ਮਿਟਤ ਸਭ ਜਾਤ ਮਿਤ ॥ ੮੨ ॥

੫੧੩–ਤ੍ਰਿਕੁਟਾ, ਤ੍ਰਿਫਲਾ, ਦੋਨੋ ਹਲਦੀਆਂ, ਬਾਇਬੜਿੰਗ, ਦੇਵਦਾਰ, ਪਿਪਲਾਮੂਲ, ਚਵ, ਕੜੂ, ਮੋਥਾ, ਸੋਨਮਖੀ ਤੇ ਗਿਲੋਯ, ਸਭੇ ਸਮਾਨ ਲੈ ਕੇ ਪੀਹਕੇ ਇਨ੍ਹਾਂ ਸਭਨਾਂ ਦੇ ਸਮਾਨ, ਮਨੂਰ ਪਰੰਤੂ ਸੁਧ ਕੀਤਾ ਹੋਯਾ ਮਿਲਾਕੇ ਘੋਟ ਰਖੇ। ਫਿਰ ਗੋਕੀ ਲੱਸੀ ਨਾਲ ੧ ਤੋਲਾ ਪ੍ਰਾਤਾਕਾਲ ਖਾਵੇ। ਪਥ-ਅਲੂਣੀ ਰੋਟੀ ਘਿਉ ਨਾਲ ਦੇਵੇ ਤਾਂ ਸਭ ਤਰ੍ਹਾਂ ਦੇ ਪਾਂਡੂ ਰੋਗ ਨਾਸ ਹੋਵੇ ॥੮੨॥

ਪਾਂਡੂ ਪੱਥ (ਬੀਰਸਿੰਘਾ ਬਿਲੋਕਾਤ)—ਚੌਪਈ

ਛਰਦ ਬਿਰੇਚਨ ਜੀਰਨ ਜਵਾ। ਗੇਹੂੰ ਸਾਠੀ ਮਸਰੇ ਲਵਾ।
ਮੂੰਗ ਮਟਰ ਕੀ ਪਥ ਬਖਾਨ। ਬੀਰਸਿੰਘ ਅਬਿਲੋਕੇ ਠਾਨ ॥੮੩॥

੫੧੪–ਕੈ ਦਸਤ, ਪੁਰਾਣੇ ਜੌਂ, ਕਣਕ, ਸਠੀ ਦੇ ਚਾਵਲ, ਮਸਰ, ਮੂੰਗੀ ਤੇ ਮਟਰ ਇਹ ਸਭ ਖਾਣੇ ਪਥ ਹਨ ॥੮੩॥

ਕੁਪਥ—ਚੌਪਈ

ਧੂਮ ਪਾਨ ਮੈਥਨ ਮਦ ਪਾਨ। ਭਾਰੀ ਅੰਨ ਜੁ ਘੋਰਾ ਜਾਨ।
ਕ੍ਰੋਧ ਧੂਪ ਅਰੁ ਦਧਿ ਹੈ ਕਹਯਾ। ਕਹੈ ਕੁਪਥ ਜੁ ਪਾਂਡੇ ਸਹਯਾ ॥੮੪॥

੫੧੫–ਹੁਕਾ ਪੀਣਾ, ਮੈਥੁਨ, ਦਾਰੂ ਪੀਣਾ, ਭਾਰੇ ਅੰਨ ਖਾਣੇ, ਘੋੜੇ ਪਰ ਚੜਨਾਂ, ਕ੍ਰੋਧ, ਧੁਪ ਤੇ ਦਹੀਂ ਇਹ ਸਭ ਕੁਪੱਥ ਹਨ ॥੮੪॥

ਰਕਤ ਪਿਤ ਨਿਦਾਨ—ਚੌਪਈ

ਘਰ ਸ਼ੋਕ ਤੀਆ ਅਤਿ ਸੰਗ। ਲਵਨ ਖਾਰ ਸ਼੍ਰਮੁ ਮਾਰਗ ਭੰਗ।
ਉਸਨ ਕਟੁਕ ਅਰੁ ਤੁਰਸ ਬਿਯਾਮ। ਪਿਤ ਬਿਗੁਨਤਾ ਜਾਨੇ ਆਮ॥੮੫॥
ਰਕਤ ਪਿਤ ਦੋ ਜਾਨੋ ਜਾਤ। ਅਧੋ ਊਰਧ ਮਾਰਗ ਬਿਖਯਾਤ।

Digitized by Panjab Digital Library | www.panjabdigilib.org

ਊਚੇ ਕਫ ਕਾ ਜਾਨੋ ਜੋਗੁ। ਨੀਚੇ ਬਾਤ ਤਨਾ ਸੋ ਰੋਗ ॥੯੬॥

ਧੁਪੇ ਫਿਰਨਾ, ਸ਼ੋਕ ਕਰਨਾ, ਅਤਯੰਤ ਇਸਤ੍ਰੀ ਦਾ ਸੰਗ, ਲੂਣ ਖਾਰਾਂ, ਬਹੁਤੇ ਸੇਵਨ ਕਰਨੇ, ਥਕੇਵਾਂ, ਰਸਤੇ ਦਾ ਅਧਿਕ ਤੁਰਨਾ, ਗਰਮ, ਕੌੜੇ, ਤੁਰਸ਼ ਖਟੇ ਖਾਣੇ, ਬਹੁਤੀ ਕਸਰਤ, ਪਿਤ ਦਾ ਵਿਗਾੜ ਇਤਯਾਦੀ ਕਾਰਣਾਂ ਤੇ ਰਕਤ ਪਿਤ ਉਤਪੰਨ ਹੋਵੇ, ਸੋ ਇਸਦੀਆਂ ਦੋ ਜਾਤਾਂ ਹਨ। ਇਕ ਦਾ ਗੁਦਾ ਰਸਤੇ, ਦੂਸਰੇ ਦਾ ਮੂੰਹ ਰਸਤੇ ਖੂਨ ਚਲਦਾ ਹੈ। ਕਫ ਦਾ ਉਪਰ ਨੂੰ, ਵਾਯੂ ਦਾ ਹੇਠ ਨੂੰ ਖੂਨ ਵਗਦਾ ਹੈ। ਇਸ ਨੂੰ ਰਕਤ ਪਿਤ ਰੋਗ ਆਖਦੇ ਹਨ ॥੮੫।੮੬॥

ਰਕਤ ਪਿਤ ਅਸਾਧ ਲੱਛਣ—ਸ਼ੰਕਰ

ਖੀਨ ਦੁਰਬਲ ਦੇਹ ਪੀੜੈ, ਦਾਹ ਜੁਰ ਅਰੁ ਕਾਸ।
ਤ੍ਰਿਖਾ ਅਗਨਿ ਜੁ ਮੰਦ ਅਰੁਚੀ, ਰਕਤ ਨਿਕਸੈ ਸ੍ਵਾਸ।
ਬਦਨ ਨਾਸਾ ਗੁਦਾ ਮੇਢ੍ਰ, ਰਕਤ ਨਿਕਸੈ ਰਾਹ।
ਰਕਤ ਪਿੱਤ ਬਖਾਨ ਕੀਨੋ, ਲਛਨਾ ਹੈ ਯਾਹ।

ਖੀਣ, ਬਲਹੀਣ, ਸਰੀਰ ਪੀੜਦਾ ਰਹੇ, ਸੜਨ, ਤਾਪ, ਖਾਂਸੀ, ਪਯਾਸ, ਮੰਦਾਗਨੀ, ਅਰੁਚੀ, ਸ੍ਵਾਸ ਮੂੰਹ, ਨਾਸਾ, ਗੁਦਾ ਤੇ ਲਿੰਗੇਂਦ੍ਰੀ ਰਸਤੇ ਲਹੂ ਦਾ ਨਿਕਲਣਾ, ਇਹ ਰਕਤ ਪਿਤ ਦੇ ਲੱਛਣ ਹੁੰਦੇ ਹਨ ॥੮੭॥

ਰਕਤ ਪਿਤ ਉਪਦ੍ਰਵ

ਖੀਨ ਤਨ ਜੁਰ ਸ੍ਵਾਸ ਕਾਸਾ, ਬਮਨਿ ਮਦ ਰੰਗ ਪੀਤ।
ਦਾਘ ਮੂਰਛਾ ਬਡੀ ਪੀਰਾ, ਤ੍ਰਿਖਾ ਸਿਰ ਦੁਖ ਮੀਤ।
ਥੂਕ ਮੈ ਦੁਰਗੰਧ ਭਾਵੈ, ਨਹੀ ਅੰਨ ਬਿਕਾਰ।
ਏ ਉਪਦ੍ਰਵ ਰਕਤ ਪਿਤੈ, ਬਹਤ ਰੁਧਰੈ ਬਾਰ ॥ ੮੮ ॥

ਖੀਣ, ਸਰੀਰ, ਤਾਪ, ਸ੍ਵਾਸ, ਕਾਸ, ਕੈ, ਘੂਕੀ, ਪੀਲਾ ਰੰਗ, ਦਾਹ, ਮੂਰਛਾ, ਪੀੜਾ ਬਹੁਤ, ਪਯਾਸ, ਸਿਰ ਦੁਖਣਾਂ, ਥੁੱਕਾਂ ਵਿਚੋਂ ਬਦਬੋ ਔਣੀ ਤੇ ਅਨ ਵਲੋਂ ਅਰੁਚੀ, ਇਹ ਸਭ ਰਕਤ ਪਿਤ ਦੇ ਉਪਦ੍ਰਵ ਹੁੰਦੇ ਹਨ ॥੮੮॥

ਰਕਤ ਪਿਤ ਉਪਾਇ (ਰਸਰਤਨਾਕ੍ਰਾਤ)—ਦੋਹਰਾ

ਲਾਜਾ ਦਾਖ ਜੁ ਲੈ ਸਿਤਾ, ਮਾਖਨ ਸੰਗੈ ਖਾਇ।
ਮਸਤਕ ਮਲੀਏ ਘੀਯ ਕੋ, ਰਕਤ ਪਿਤ ਮਿਟ ਜਾਇ ॥ ੮੯ ॥

ਪ੧੬—ਫੁੱਲੀਆਂ. ਮੁਨੱਕਾ ਤੇ ਮਿਸਰੀ ਮੱਖਣ ਨਾਲ ਖਾਵੇ, ਸਿਰ ਪਰ ਘਿਉ ਦੀ ਮਾਲਸ਼ ਕਰੇ ਤਾਂ ਰਕਤ ਪਿਤ ਮਿਟੇ ॥੮੯॥

ਹਾਰ ਹੂਰ ਕਾ ਕ੍ਵਾਥ ਕਰ, ਊਪਰ ਸਿਤਾ ਪਵਾਇ।
ਪੀਵਤ ਰੋਗੀ ਪ੍ਰਾਤ ਉਠ, ਰਕਤ ਪਿਤ ਨ ਰਹਾਇ ॥ ੯੦ ॥

Digitized by Panjab Digital Library | www.panjabdigilib.org

੫੧੭-*ਦਾਖ (ਮੁਨੱਕੇ) ਦਾ ਕ੍ਵਾਥ ਕਰਕੇ ਉਪਰੋਂ ਮਿਸਰੀ ਪਾਕੇ ਪ੍ਰਾਤਾਕਾਲ ਪੀਵੇ ਤਾਂ ਰਕਤ ਪਿਤ ਜਾਵੇ ॥੯੦॥

ਬਾਂਸਾ ਰਸੁ ਮਧੁ ਸਿਤਾ ਠਵ, ਔਰ ਧਾਨ ਕੀ ਖੀਲ।
ਚਾਟਤ ਭਾਜਤ ਰਕਤ ਪਿਤ, ਤ੍ਰਿਟ ਤ੍ਰਿਸਨਾ ਜੁਰ ਹੀਲ ॥ ੯੧ ॥

੫੧੮-ਬਾਂਸੇ ਦਾ ਰਸ, ਸ਼ਹਿਤ ਮਿਸਰੀ ਤੇ ਧਾਨਾਂ ਦੀਆਂ ਫੁੱਲੀਆਂ ਮਿਲਾਕੇ ਚੱਟੇ ਤਾਂ ਰਕਤ ਪਿਤ ਨਾਸ ਹੋਵੇ ॥੯੧॥

ਰਸਰਤਨਾਕਰਾਤ-ਸੋਰਠਾ

ਪੀਸ ਆਮਰੇ ਛਾਨ, ਤਾ ਸਮ ਸਿਤਾ ਮਿਲਾਈਏ।
ਰਕਤ ਪਿਤ ਕੀ ਹਾਨ, ਜੋ ਖਾਵਤ ਜਲ ਟੰਕ ਦੁਇ ॥ ੯੨ ॥
ਤ੍ਰਿਟ ਜੁਰ ਜਾਵੈ ਦਾਹ, ਮੋਹ ਮਿਟੈ ਮੂਰਛਾ ਸਕਲ।
ਰਸਰਤਨਾਕਰ ਯਾਹ, ਮੇਘ ਕਹੀ ਯਹ ਆਨਿਕੈ ॥ ੯੩ ॥

੫੧੯-ਆਵਲੇ ਪੀਹ ਕੇ ਛਾਣਕੇ ਫੱਕੀ ਕਰੇ ਅਰ ਮਿਸਰੀ ੪ ਮਾਸੇ ਪਾਕੇ ਪਾਣੀ ਨਾਲ ਖਾਵੇ ਤਾਂ ਰਕਤ ਪਿਤ,ਪਯਾਸ,ਦਾਹ ਤੇ ਮੂਰਛਾ ਨਾਸ ਕਰੇ ॥੯੨॥੯੩॥

(ਰਾਮਬਿਨੋਦਾਤ)-ਦੋਹਰਾ

ਤ੍ਰਿਫਲਾ ਤ੍ਰਿਵਤਾ ਪੀਪਰੀ, ਮਿਸਰੀ ਮੇਲ ਪਤੀਸ।
ਸਹਿਫ ਸੰਗ ਚਟੁ ਟੰਕ ਦੋ, ਰਕਤ ਪਿਤ ਨਹਿ ਦੀਸ ॥ ੯੪ ॥

੫੨੦-ਤ੍ਰਿਫਲਾ, ਤ੍ਰਿਵੀ, ਮਘ, ਮਿਸਰੀ ਤੇ ਪਤੀਸ ਸ਼ਹਿਤ ਨਾਲ ੧੬ ਮਾਸੇ ਨਿੱਤ ਖਾਵੇ ਤਾਂ ਰਕਤ ਪਿਤ ਨਾਸ ਹੋਵੇ ॥੯੪॥

ਸੋਰਠਾ

ਪਤਰ ਆਨ ਤਲੀਸ, ਸਹਿਤ ਸੰਗ ਕੁਟ ਚਾਟਿਯੈ।
ਰਕਤ ਪਿਤ ਜੁਰ ਖੀਸ, ਖਈ ਰੋਗ ਤਨ ਤੇ ਮਿਟਤ ॥ ੯੫ ॥

੫੨੧-ਤਲੀਸ ਦੇ ਪਤ੍ਰ ਕੁੱਟਕੇ ਸ਼ਹਤ ਨਾਲ ਚਟੇ ਤਾਂ ਰਕਤ ਪਿਤ ਜੂਰ ਤੇ ਖਈ ਰੋਗ ਨਾਸ ਹੋਵੇ ॥੯੫॥

ਚੌਪਈ

ਆਨ ਸਤਾਵਰ ਔਰ ਤ੍ਰਿਕੁੰਟ। ਪੀਸੀ ਛਾਨੋ ਕਪੜੇ ਬੰਟ।
ਅਜਾ ਦੁਗਧ ਸੋ ਪੀਵਨ ਕਰੋ। ਰਕਤ ਪਿਤ ਕਾ ਨਾਸੁ ਸੁ ਕਰੋ ॥੯੬॥

੫੨੨-ਸਤਾਵਰ ਤੇ ਭਖੜਾ ਕੁਟਕੇ ਕੱਪੜ ਛਾਣ ਕਰੇ ਤੇ ਫੱਕੀ ਬੱਕਰੀ ਦੇ ਦੁਧ ਨਾਲ ਲਵੇ ਤਾਂ ਰਕਤ ਪਿਤ ਮਿਟੇ ॥੯੬॥

---

*ਹਰ ਹੂਰ-ਦਾਖ ਹੈ ਦੇਖੋ ਆ: ਅੰ: ਕੋਸ਼ ਪ੍ਰਿ: ੧੯੨, ਤੇ ਭਾਵ ਪ੍ਰਕਾਸ਼ ਪ੍ਰਿ: ੨੭੬.

Digitized by Panjab Digital Library | www.panjabdigilib.org

ਦੋਹਰਾ

ਬਾਂਸਾਂ ਪਥਯਾ ਪੀਸਕੈ, ਚਾਟੈ ਮਧੁ ਕੈ ਸੰਗ।
ਰਕਤ ਪਿਤ ਦੂਰੇ ਟਰਤ, ਦਾਹ ਤ੍ਰਿਖਾ ਕੋ ਭੰਗ॥ ੯੭॥

੫੨੩–ਬਾਂਸਾ ਤੇ ਹਰੜਾਂ ਪੀਹਕੇ ਸ਼ਹਿਤ ਨਾਲ ਚੱਟੇ ਤਾਂ ਰਕਤ ਪਿਤ, ਦਾਹ ਤੇ ਪਯਾਸ ਨਾਸ ਹੋਵੇ ॥ ੯੭ ॥

ਸੋਰਠਾ

ਕ੍ਰਿਸਨਾ ਮਧੁ ਸੋ ਚਾਟ, ਦਿਨ ਚੌਦਾਂ ਲੈ ਆਨ ਕੈ।
ਰਕਤ ਪਿਤ ਦੁਖ ਕਾਟ, ਦਾਹ ਮਿਟਤ ਜੁਰ ਬਿਖਮ ਹੀ ॥੯੮॥

੫੨੪–ਮਘਾਂ ਸ਼ਹਿਤ ਨਾਲ ਚੱਟਣ ਨੂੰ ਦੇਵੇ ਤਾਂ ੧੪ ਦਿਨ ਵਿਚ ਰਕਤ ਪਿਤ ਦਾਹ ਤੇ ਵਿਖਮ ਤਾਪ ਨਾਸ ਹੋਵੇ ॥ ੯੮ ॥

ਰਕਤ ਛਰਦਿ ਉਪਾਇ–ਦੋਹਰਾ

ਅਭਯਾ ਬਾਂਸਾ ਦਾਖ ਭਿਲ, ਕ੍ਵਾਥ ਕਰੀ ਮਧੁ ਘਾਲ।
ਸਿਤਾ ਮੇਲਕੈ ਪੀਜੀਏ, ਰਕਤ ਛਰਦ ਸਭ ਟਾਲ ॥ ੯੯ ॥

੫੨੫–ਹਰੜ, ਬਾਸਾ ਤੇ ਮੁਣੱਕਾ ਕ੍ਵਾਥ ਕਰਕੇ ਸ਼ਹਿਤ ਮਿਸਰੀ ਪਾਕੇ ਪੀਵੇ ਤਾਂ ਰਕਤ ਦੀ ਕੈ ਨਾਸ ਕਰੇ ॥ ੯੯ ॥

ਮਧੁ ਸੋ ਅਭਯਾ ਚਾਟ, ਟੰਕ ਚਾਰ ਦਿਨ ਚਾਰ ਹੀ।
ਰਕਤ ਛਰਦ ਕੋ ਕਾਟ, ਦਾਹ ਮਿਟਤ ਜੁਰ ਘਟਤ ਹੈ ॥੧੦੦॥

੫੨੬–ਹਰੜ ੧੬ ਮਾਸੇ ਸ਼ਹਿਤ ਨਾਲ ੪ ਦਿਨ ਚਟੇ। ਲਹੂ ਦੀ ਕੈ, ਦਾਹ, ਤਾਪ ਹਟ ਜਾਵੇ ॥ ੧੦੦ ॥

ਰਕਤ ਪਿਤ ਮੁਖ ਨਾਸਾ ਰੁਧਰ ਪੜਤੇ ਕੋ ਉਪਾਇ–ਚੌਪਈ

ਅਭਯਾ ਮਿਸ੍ਰੀ ਦਾੜਮ ਕਲੀ। ਦੂਰਬਾ ਰਸ ਪੀਸੋ ਸਰਮਲੀ।
ਤੀਨ ਦਿਵਸ ਲੌ ਨਾਸ ਦਿਵਾਇ। ਮੁਖ ਨਾਸਾਂ ਕਾ ਰੁਧ੍ਰ ਥੰਭਾਇ।੧੦੧।

੫੨੭–ਹਰੜ, ਮਿਸਰੀ, ਅਨਾਰ ਦੀ ਕਲੀ ਤੇ ਚਿਟੇ ਘਾਹ ਦਾ ਰਸ ਮਿਲਾਕੇ ੩ ਦਿਨ ਨਸਵਾਰ ਲਵੇ ਤਾਂ ਮੂੰਹ, ਨਾਸਾ ਦਾ ਲਹੂ ਜਾਣਾ ਰੁਕੇ ॥ ੧੦੧ ॥

ਹੁਰਮਜੁ ਸੁਰਮਾ ਮੇਲ ਪ੍ਰਸੰਗ। ਲੋਧਰ ਬਾਂਸਾ ਰਸ ਸਮ ਅੰਗ।
ਸਹਿਤ ਸੰਗ ਉਠ ਪ੍ਰਾਤਹਿ ਖਾਇ। ਮੁਖ ਨਾਸਾਂ ਕਾ ਰੁਧਰ ਮਿਟਾਇ।੧੦੨।
ਯੋਨਿ ਪ੍ਰਦਰ ਰਕਤਾ ਘਟ ਜਾਇ। ਲਿੰਗ ਰੁਧਰ ਕਾ ਨਾਮ ਨ ਥਾਇ।
ਰਕਤ ਬਹਿਤ ਤਨ ਘਾਉ ਮਝਾਰ ਤਾਕੋ ਮਿਟਤ ਨ ਲਾਗਤ ਬਾਰ।੧੦੩।

Digitized by Panjab Digital Library | www.panjabdigilib.org

੫੨੮–ਹਿਰਮਚੀ ਮਿਟੀ, ਸੁਰਮਾ, ਗੌਂਦਣੀ ਦੀ ਛਿੱਲ, ਲੋਧ ਤੇ ਬਾਂਸੇ ਦਾ ‡ਰਸ ਇਹ ਸਭ ਇਕ ਸਮਾਨ ਲੈਕੇ ਸ਼ਹਿਤ ਨਾਲ ਪ੍ਰਾਤਾਕਾਲ ਖਾਵੇ, ਤਾਂ ਮੂੰਹ, ਨਾਸਾਂ ਦਾ ਖੂਨ ਜਾਂਦਾ ਰੁਕੇ ਅਤੇ ਯੋਨੀ ਰਸਤੇ ਲਹੂ ਜਾਣਾ, ਰਕਤ ਦਾ ਪ੍ਰਦ੍ਰ, ਲਿੰਗ ਰਸਤੇ ਲਹੂ ਜਾਣਾ ਅਤੇ ਸਰੀਰ ਦੇ ਕਿਸੀ ਘਾਉ ਵਿਚੋਂ ਲਹੂ ਦਾ ਵਗਣਾ ਇਨ੍ਹਾਂ ਦੇ ਹਟਾਣ ਵਿਚ ਦੇਰੀ ਨਾਂ ਲਾਵੇ ॥੧੦੨॥੧੦੩॥

ਦੋਹਰਾ

ਪੀਸ ਆਮਰੇ ਨੀਰ ਸੋ, ਲੇਪੇ ਤ੍ਰਿਕੁਟੀ ਭਾਲ।
ਨਾਕ ਬਦਨ ਲੋਹੂ ਥੰਭੈ, ਸਤ ਬਚਨ ਏ ਲਾਲ ॥੧੦੪॥

੫੨੯–ਆਵਲੇ ਪਾਣੀ ਨਾਲ ਪੀਹਕੇ ਭਰਵੱਟੇ ਤੇ ਮੱਥੇ ਪਰ ਲੇਪ ਕਰੇ ਤਾਂ ਨਕ, ਮੂੰਹ ਦਾ ਚਲਦਾ ਲਹੂ ਬੰਦ ਹੋਵੇ ॥੧੦੪॥

ਭੂਤ ਫਟਕਰੀ ਪੀਸ ਕੈ, ਨਾਵਨ ਰਤੀ ਸਾਤ।
ਬਦਨ ਨਾਕ ਪਰਤਾ ਰਹਤ, ਰੁਧਰ ਘਟੈ ਬਿਖਯਾਤ ॥੧੦੫॥

੫੩੦–ਫਟਕੜੀ ਫੁਲਾ ਕੇ ੭ ਰਤੀਆਂ ਨਸਵਾਰ ਦੇਵੇ ਤਾਂ ਨਕ, ਮੂੰਹ ਤੋਂ ਆਉਂਦਾ ਲਹੂ ਥੰਮੇ ॥ ੧੦੫ ॥

ਸੋਰਠਾ

ਰਕਤ ਦਰਯਾਈ ਰਾਖ, ਨਾਵਨ ਦੀਜੈ ਛਿਨ ਛਿਨੈ।
ਬੈਦ ਸਕਲ ਇਮ ਭਾਖ, ਰੁਧਰ ਮਿਟਤ ਮੁਖ ਨਾਸਕਾ ॥੧੦੬॥

੫੩੧–ਲਾਲ ਦਰਿਆਈ ਦੀ ਸੁਆਹ ਪਲ ਪਲ ਪਿਛੋਂ ਨਸਵਾਰ ਚਾੜ੍ਹੇ ਤਾਂ ਮੂੰਹ, ਨਕ ਦਾ ਵਗਦਾ ਖੂਨ ਰੁਕੇ ॥ ੧੦੬ ॥

ਹ੍ਰੀ ਬੇਰਾਦਿ ਕ੍ਵਾਥ [ਵੈਦ ਕੁਤੂਹਲਾਤ]–ਚੌਪਈ

ਲੈ ਹ੍ਰੀਬੇਰ ਜੁ ਕਮਲ ਮਿਲਾਇ। ਧਨੀਆਂ ਚੰਦਨ ਰਕਤ ਠਵਾਇ।
ਮੁਹਲਠੀ ਖਸ ਬ੍ਰਿਖਹਿ ਗਿਲੋਇ। ਕ੍ਵਾਥ ਕਰੀ ਮਧੁ ਸਿਤਾ ਸੁ ਢੋਇ॥੧੦੭॥
ਰਕਤ ਪਿਤ ਤ੍ਰਿਸਨਾ ਜੁਰ ਦਾਹ। ਪੀਵਤ ਹੀ ਛਿਨ ਮਹਿ ਮਿਟ ਜਾਇ।
ਬੈਦ ਕੁਤੂਹਲ ਭਾਖੀ ਏਹ । ਮੁਨਿ ਮੇਘੈ ਭਾਖੀ ਲੈ ਤੇਹ ॥੧੦੮॥

੫੩੨–ਸੁਗੰਧ ਬਾਲਾ, ਕਮਲਡੋਡੇ ਯਾ ਕਮਲ ਫੁਲ, ਧਨੀਆਂ, ਲਾਲ ਚੰਦਨ, ਮੁਲੱਠੀ, ਖੱਸ, ਬਾਂਸਾ, ਗਿਲੋਯ ਮਿਲਾ ਕੇ ਕਾੜ੍ਹਾ ਕਰੇ ਅਰ ਸ਼ਹਿਤ ਤੇ ਮਿਸਰੀ ਪਾਕੇ ਪੀਵੇ ਤਾਂ ਰਕਤ ਪਿੱਤ, ਪਯਾਸ, ਤੇ ਤਾਪ ਖਿਨ ਵਿਚ ਨਾਸ ਕਰੇ ॥ ੧੦੭ ॥ ੧੦੮ ॥

ਕ੍ਵਾਥ [ਵੈਦਕੁਤੂਹਲਾਤ]–ਚੌਪਈ

ਬਾਂਸਾ ਸੁੰਠੀ ਬਿਖਾ ਕਿਰਾਂਤ । ਕੁੜਾ ਬੀਜ ਛਿੰਨਾ ਲੈ ਘਾਤ।

‡ਕਿਤੇ ਰਸ ਕਰਕੇ ਰਸੌਂਤ ਭੀ ਲਟੀ ਜਾਂਦੀ ਹੈ।

Digitized by Panjab Digital Library | www.panjabdigilib.org

ਮੋਥਾ ਲੋਧਰ ਬਿਲ ਜੁ ਗਿਰੀ। ਕ੍ਰਾਥ ਕਰੀ ਬਿਚ ਮਧੁ ਕੋ ਧਰੀ ॥੧੦੯॥
ਰਤ ਪਿਤ ਜੁਰ ਤ੍ਰਿਸਨਾ ਸ੍ਵਾਸ। ਦਾਹ ਮਿਟੈ ਅਰੁ ਜਾਵਤ ਕਾਸ।
ਬੈਦ ਕੰਤੂਹਲ ਕਹੀ ਬਖਾਨ। ਮੇਘ ਬਿਨੋਦੈ ਮੈਘੇ ਆਨ ॥੧੧੦॥

ਪ੩੩–ਬਾਸਾ, ਸੁੰਢ, ਪਤੀਸ, ਚਿਰੈਤਾ, ਇੰਦ੍ਰਜੌਂ ਮਿੱਠੇ, ਗਿਲੋਯ, ਮੋਥਾ, ਲੋਧ ਤੇ ਬਿਲਗਿਰੀ ਕਾੜ੍ਹਾ ਕਰਕੇ ਸ਼ਹਿਤ ਪਾਕੇ ਪੀਵੇ ਤਾਂ ਰਕਤ ਪਿੱਤ,ਤਾਪ,ਸ੍ਵਾਸ,ਦਾਹ ਤੇ ਖਾਂਸੀ ਦੂਰ ਹੋਵੇ॥੧੦੯॥੧੧੦॥

ਚੂਰਣ (ਬੰਗਸੇਨਾਤ)–ਚੌਪਈ

ਕਮਲ ਪੀਪਰੀ ਪਤ੍ਰ ਤਮਾਲ। ਚੰਦਨ ਰਕਤ ਆਮਲੇ ਡਾਰ।
ਸੁੰਠੀ ਮਾਸੀ ਏਲਾ ਜਾਨ। ਤਜ ਪੀਸਕੈ ਚੂਰਨ ਛਾਨ ॥੧੧੧॥
ਸਿਤ ਸਹਿਤ ਸੋ ਖਾਵਨ ਦੇਹ। ਰਕਤ ਪਿਤ ਕਾ ਨਾਸ ਕਰੇਹ।
ਸ੍ਵਾਸ ਕਾਸ ਕ੍ਰਿਛ ਮੂਤਰੁ ਜਾਇ। ਖਈ ਰੋਗ ਕਾ ਨਾਸ ਕਰਾਇ ॥੧੧੨॥

ਪ੩੪–ਕਮਲਫੁਲ, ਮਘ, ਤਮਾਲਪੱਤ੍ਰ, ਲਾਲ ਚੰਦਨ, ਆਵਲੇ, ਸੁੰਢ, ਛੜ, ਇਲਾਚੀ, ਤੇ ਤਜ ਸਕ ਪੀਹ ਕੇ ਚੂਰਣ ਕਰੇ ਫਿਰ ਮਿਸਰੀ ਸ਼ਹਿਤ ਨਾਲ ਖਾਵੇ ਤਾਂ ਰਕਤ ਪਿਤ, ਸ੍ਵਾਸ, ਕਾਸ, ਮੂਤ੍ਰ, ਕ੍ਰਿਛ ਤੇ ਖਈ ਰੋਗ ਨਾਸ ਕਰੇ ॥੧੧੧॥੧੧੨॥

ਚੰਦਨਾਦਿ ਚੂਰਣ (ਵੰਗਸੇਨਾਤ)–ਚੌਪਈ

ਚੰਦਨ ਨੇਤਰ ਮਾਲ ਉਸੀਰ। ਲੋਧ ਪਦਮ ਕੇਸਰ ਬਿਲਗੀਰ।
ਮੁਸਤਾ ਕੇਸਰ ਨਾਗ ਮਿਲਾਇ। ਇੰਦ੍ਰਜਵਾ ਹ੍ਰੀਬੇਰ ਰਲਾਇ ॥੧੧੩॥
ਪਾਠਾ ਸੁੰਠੀ ਅਤਿ ਬਿਖ ਮੇਲੁ। ਧਾਵੇ ਦਾਰਵੀ ਆਨੀ ਠੇਲ।
ਆਂਬ ਜਾਮਨੂ ਬੀਜ ਮਗਾਇ। ਮੋਚਰਸਾ ਛਿੰਨਾ ਭੀ ਥਾਇ ॥੧੧੪॥
ਸਮੰਗਾ ਨੀਲੋਤਪਲ ਕਹਯਾ। ਸੂਖਮ ਏਲਾ ਆਛੀ ਲਹਯਾ।
ਨਾਸਪਾਲ ਮਿਸਰੀ ਬਿਚ ਪਾਇ। ਏ ਔਖਧ ਚੌਬੀਸ ਕਰਾਇ ॥੧੧੫॥
ਤੰਦਲੋਦਕੁ ਮਧੁ ਕੈ ਲੈ ਸੰਗ। ਰਕਤ ਪਿਤ ਕਾ ਹੋਵਤ ਭੰਗ।
ਅਰਸ ਤਾਪ ਮੂਰਛਾ ਤਿਟ ਦਾਹ। ਅਤੀਸਾਰ ਬਮਿ ਦੂਰੈ ਜਾਹ ॥੧੧੬॥

ਪ੩੫–ਚੰਦਨ, ਨੇਤ੍ਰਬਾਲਾ, ਖਸ, ਲੋਮ, ਕਮਲ ਦੀਆਂ ਤੁਰੀਆਂ, ਬਿਲਗਿਰੀ,ਮੋਥਾ, ਨਾਗਕੇਸਰ ਇੰਦ੍ਰਜੌਂ, ਸੁਗੰਧਬਾਲਾ, ਪਾਠਾ, ਸੁੰਢ, ਪਤੀਸ, ਧਾਵੇ ਦੇ ਫੁੱਲ, ਦਾਰਹਲਦੀ, ਅੰਬ ਦੀ ਗਿਟਕ, ਜਾਮਣ ਦੀ ਗਿਟਕ, ਮੋਚਰਸ, ਗਿਲੋਯ, ਲਾਜਵੰਤੀ, ਨੀਲੇ ਕਮਲ ਦੇ ਫੁਲ, ਖੁੱਜੀ ਇਲਾਚੀ, ਨਸਪਾਲ ਤੇ ਮਿਸਰੀ ਇਹ ੨੪ ਚੀਜਾਂ ਇਕ ਸਮਾਨ ਲੈਕੇ ਕੁੱਟ ਛਾਣ ਚੂਰਨ ਬਣਾ ਰਖੇ। ਇਸ ਨੂੰ ਚੌਲਾਂ ਦੇ ਪਾਣੀ ਅਥਵਾ ਸ਼ਹਿਤ ਨਾਲ ਖਾਵੇ ਤਾਂ ਰਕਤ ਪਿਤ, ਬਵਾਸੀਰ, ਤਾਪ, ਮੂਰਛਾ, ਪਯਾਸ, ਦਾਹ, ਅਤੀਸਾਰ ਅਤੇ ਉਲਟੀਆਂ ਸਭਨਾਂ ਨੂੰ ਨਾਸ ਕਰੇ ॥੧੧੩ ਤੋਂ ੧੧੬॥

Digitized by Panjab Digital Library | www.panjabdigilib.org

ਚੂਰਣ (ਕਾਲਗਜ਼ਾਨਾਤ)-ਚੌਪਈ

ਤ੍ਰਿਫਲਾ ਕਥੁ ਸੁਪਾਰੀ ਰਾਲ। ਲੌਂਗ ਪੀਸ ਤੰਦੁਲ ਜਲ ਨਾਲ।
ਏਕ ਕਸੀਰਾ ਖਾਵੈ ਨਿਤ। ਮੁਖ ਕਾ ਰੁਧਿਰ ਥੰਭੈ ਸੁਨ ਮਿਤ ॥੧੧੭॥

ਪ੩੬-ਤ੍ਰਿਫਲਾ, ਕੱਥ, ਸੁਪਾਰੀ, ਰਾਲ ਤੇ ਲੌਂਗ ਪੀਹ ਕੇ ਚੂਰਣ ਕਰੇ ਅਰ ਚਾਵਲਾਂ ਦੇ ਪਾਣੀ ਨਾਲ ਦਮੜੀ ਭਰ ਖਾਵੇ ਤਾਂ ਮੂੰਹ ਦਾ ਜਾਂਦਾ ਲਹੂ ਥੰਮੇ ॥੧੧੭॥

ਕਟੁਕੀ ਬਾਂਸਾ ਈਸ ਜੁ ਬੰਦ। ਕਕਰਾ ਸ੍ਰਿੰਗੀ ਪੀਸੋ ਛੰਦ।
ਇਨਤੇ ਦੂਨੀ ਸਿਤਾ ਮਿਲਾਇਰਕਤਪਿਤ ਮਿਟ ਦਿਨ ਤਿਨ ਥਾਇ॥੧੧੮॥
ਖਈ ਕਾਸ ਜੁਰ ਕਫ ਕਾ ਨਾਸ। ਦਾਹ ਤ੍ਰਿਖਾ ਅਰ ਸ੍ਵਾਸੇ ਕਾਸ।
ਮੁਖ ਤੇ ਪਰਤਾ ਰੁਧਰ ਥੰਭਾਇ। ਨਾਕ ਰੁਧਰ ਕੀ ਪੀਰਾ ਜਾਇ ॥੧੧੯॥

ਪ੩੭-ਕੌੜ, ਬਾਂਸਾ: ਹਰਮਲ ਤੇ ਕੱਕੜ ਸਿੰਗੀ ਇਨ੍ਹਾਂ ਨਾਲੋਂ ਦੂਣੀ ਮਿਸਰੀ ਮਿਲਾਕੇ ਚੂਰਨ ਕਰੇ ਅਰ ੩ ਦਿਨ ਖਾਵੇ ਤਾਂ ਰਕਤ ਪਿਤ, ਖਈ ਦੀ ਖਾਂਸੀ, ਤਾਪ, ਕਫ, ਦਾਹ, ਪਯਾਸ, ਸ੍ਵਾਸ, ਕਾਸ, ਮੂੰਹ, ਨੱਕ ਤੇ ਆਉਂਦਾ ਲਹੂ ਬੰਦ ਹੋਵੇ ਤੇ ਸਭ ਨੂੰ ਪੀੜਾ ਨੂੰ ਨਾਸ ਕਰੇ ॥ ੧੧੮ ॥ ੧੧੯ ॥

ਬੁਜੀ ਇਲਾਚੀ ਨੇਤ੍ਰ ਮਾਲਾਂ। ਪੀਪਲ ਪੱਤ੍ਰ ਨੀਂਬ ਕੀ ਛਾਲਾ।
ਬੰਸ ਦ੍ਰਿਗਨ ਸਭ ਕਪੜੇ ਛਾਨ। ਸਭ ਤੇ ਦੁਗਨੀ ਮਿਸਰੀ ਆਨ॥੧੨੦॥
ਸਭਿ ਰਲਾਇ ਦਿਵਸ ਲੈ ਸਾਤ। ਦੋਇ ਟੰਕ ਕੀ ਜਾਨੋ ਮਾਤ।
ਤੰਦੁਲ ਜਲ ਸੋ ਖਾਵਤ ਜੋਇ। ਰਕਤ ਪਿਤ ਕਾ ਨਾਸ ਕਰੋਇ ॥੧੨੧॥

ਪ੩੮-ਬੁੱਜੀ ਇਲਾਚੀ, ਨੇਤ੍ਰਬਾਲਾ, ਪਿੱਪਲ ਦੇ ਪੱਤ੍ਰ, ਨਿੰਮ ਦੀ ਛਿੱਲ ਤਵਾਸੀਰ ਸਭੇ ਸਮਾਨ ਲੈਕੇ ਚੂਰਣ ਕਰਕੇ ਕੱਪੜਛਾਨ ਕਰੇ, ਦੂਣੀ ਮਿਸਰੀ ਲੈਕੇ ਰਲਾਵੇ ਫਿਰ ੮ ਮਾਸੇ ਚੌਲਾਂ ਦੇ ਪਾਣੀ ਨਾਲ ੭ ਦਿਨ ਖਾਵੇ ਤਾਂ ਰਕਤ ਪਿੱਤ ਸ਼ੀਘਰ ਨਾਸ ਕਰੇ ॥ ੧੨੦ ॥ ੧੨੧ ॥

ਸ਼ੰਕਰ ਛੰਦ

ਬਿਲਪਤਰ ਨੀਂਬ ਤੁਚ ਲੈ ਮੇਲ ਈਸ ਜੁ ਬੰਦ।
ਕੜੂ ਬਿਲਗਿਰ ਕਪਿਥ ਫਲ ਲੈ, ਨੇਤ੍ਰ ਬਾਲਾ ਛੰਦ।
ਪਤ੍ਰ ਪੀਪਲ ਪੀਸ ਸਭ ਸਮ, ਦੁਗਨਿ ਮਿਸਰੀ ਪਾਇ।
ਰਕਤ ਪਿਤ ਸੁ ਦਾਹ ਜੀਤੈ, ਨੀਰ ਤੰਦੁਲ ਖਾਇ ॥੧੨੨॥

ਪ੩੯-ਬਿੱਲਪਤ੍ਰ, ਨਿੰਮ ਦੀ ਛਿੱਲ, ਹਰਮਲ, ਕੜੂ, ਬਿਲਗਿਰੀ, ਕੈਥ ਫਲ ਦਾ ਗੁੱਦਾ, ਨੇਤ੍ਰ-ਬਾਲਾ, ਪਿੱਪਲ ਦੇ ਪੱਤ੍ਰ ਸਭ ਸਮਾਨ ਲੈਕੇ ਸਭ ਨਾਲੋਂ ਦੂਣੀ ਮਿਸ੍ਰੀ ਪਾਕੇ ਚੂਰਣ ਕਰ ਰਖੇ ਅਰ ਚਾਵਲਾਂ ਦੇ ਪਾਣੀ ਨਾਲ ਖਾਵੇ ਤਾਂ ਰਕਤ ਪਿੱਤ ਨਾਸ ਹੋਵੇ ॥ ੧੨੨ ॥

ਬਿਲਗਿਰੀ ਲੈ ਅਪਾਮਾਰਗ, ਨੈਨ ਬਾਲਾ ਪਾਇ।

Digitized by Panjab Digital Library | www.panjabdigilib.org

ਬਾਵਚੀ ਸੁੰਢ ਕਮਲ ਕੇਸਰੁ, ਲੌਂਗ ਏਲਾ ਥਾਇ।
ਸਭ ਪੀਸ ਦੁਗਨੀ ਸਿਤਾ ਮੇਲੋ, ਤੰਦਲੈ ਜਲ ਪਾਨ।
ਏ ਰਕਤ ਪਿਤੀ ਦਾਹ ਮੁਖ ਕਾ, ਰੁਧਰ ਪਰਤਾ ਹਾਨ ॥੧੨੩॥

੫੪੦–ਬਿਲਗਿਰੀ, ਪੁਟਕੰਡਾ, ਨੇਤ੍ਰਬਾਲਾ, ਬਾਬਚੀ, ਸੁੰਢ. ਕਮਲ ਦਾ ਕੇਸਰ, ਲੌਂਗ ਤੇ ਇਲਾਚੀ ਇਹ ਸਭ ਸਮਾਨ ਲੈਕੇ ਪੀਹੇ, ਦੂਣੀ ਮਿਸਰੀ ਪਾਕੇ ਚੂਰਣ ਕਰੇ ਅਰ ਚਾਵਲਾਂ ਦੇ ਪਾਣੀ ਨਾਲ ਖਾਵੇ ਤਾਂ ਰਕਤ ਪਿੱਤ, ਦਾਹ ਤੇ ਮੂੰਹਿ ਲਹੂ ਦਾ ਆਉਣਾ ਬੰਦ ਕਰੇ ॥੧੨੩॥

ਆਲਜੜ ਈਸਬੰਦ ਬਾਂਸਾ, ਕੜੂ ਦਾਰਮ ਫੂਲ।
ਲੈ ਸੰਖਹੋਲੀ ਅਰੁ ਸਤਾਵਰ, ਪੀਸ ਸਮ ਲੈ ਮੂਲ।
ਦੁਗਨ ਸਿਤ ਸਭ ਤੇ ਮਿਲਾਵੇ, ਖਾਇ ਤੰਦੁਲ ਨੀਰ।
ਰਕਤ ਪਿਤ ਸੁ ਦਾਹ ਤ੍ਰਿਸਨਾ, ਜਾਤ ਹੈ ਸੁਨ ਬੀਰ ॥੧੨੪॥

੫੪੧–*ਅੱਲ ਦੀ ਜੜ੍ਹ, ਹਰਮਲ, ਬਾਂਸਾ, ਕੌੜ, ਅਨਾਰ ਦੇ ਫੁੱਲ, ਸੰਖਾਹੋਲੀ- (ਭੌੜਭੜਿੰਗ] ਤੇ ਸਤਾਵਰ ਇਹ ਸਭ ਸਮਾਨ ਲੈਕੇ ਪੀਹੇ, ਦੂਣੀ ਮਿਸਰੀ ਪਾਕੇ ਚਾਵਲਾਂ ਦੇ ਪਾਣੀ ਨਾਲ ਖਾਵੇ ਤਾਂ ਰਕਤ ਪਿੱਤ, ਦਾਹ ਪਯਾਸ ਦੂਰ ਹੋਵੇ ॥ ੧੨੪ ॥

ਚੌਪਈ

ਬਾਂਸਾ ਕਟੁਕੀ ਈਸ ਜੁ ਬੰਦ। ਕਕਰ ਸ੍ਰਿੰਗੀ ਬਾਲਾ ਛੰਦ।
ਬਿਲਗਿਰੀ ਘਨ ਚੰਦਨ ਲੇਇ। ਕਪਿਥਫਲਾ ਏਲਾ ਬ੍ਰਿਧ ਦੇਇ॥੧੨੫॥
ਦਮਨ ਮੂਰਵਾ ਜੀਰਾ ਸ੍ਵੇਤ । ਨਾਰੰਗੀ ਸਤਬਰਗ ਸਲੇਤ।
ਲੈ ਕੰਕੋਲਿ ਸਭਨ ਸਮ ਪੀਸ। ਮਿਸਰੀ ਸਭ ਤੇ ਦੁਗਨੀ ਦੀਸ॥੧੨੬॥
ਤੰਦੁਲ ਜਲੁ ਮਧੁ ਸੰਗ ਚਟਾਇ। ਰਕਤ ਪਿਤ ਕਾ ਨਾਸ ਕਰਾਇ।
ਖਈ ਸ੍ਵਾਸ ਖਾਸੀ ਜੁਰ ਜਾਇ।ਕਫਤ੍ਰਿਸਨਾ ਅਰ ਦਾਹ ਮਿਟਾਇ।੧੨੭।

੫੪੨–ਬਾਂਸਾ, ਕੌੜ, ਹਰਮਲ, ਕੱਕੜ ਸਿੰਗੀ, ਮੁਸ਼ਕਬਾਲਾ, ਬਿਲਗਿਰੀ, ਮੱਥਾ, ਚੰਦਨ. ਕੈਥਫਲ, ਵੱਡੀ ਇਲਾਚੀ, ਦੌਨੇ ਦੇ ਫੁਲ,ਮਰੋੜਫਲੀ,ਚਿੱਟਾ ਜੀਰਾ, ਨਰੰਗੀ, ਸਤਵਰਗ ਦੇ ਫੁਲ ਤੇ ਸਰਦਚੀਨੀ ਇਹ ਸਭ ਇਕ ਸਮਾਨ ਲੈਕੇ ਪੀਹਕੇ ਛਾਣੇ ਅਰ ਦੂਣੀ ਮਿਸਰੀ ਪਾਕੇ ਚੂਰਣ ਬਣਾ ਰਖੇ, ਫਿਰ ਚੌਲਾਂ ਦੇ ਜਲ ਯਾ ਸ਼ਹਿਤ ਨਾਲ ਸਵਨ ਕਰੇ ਤਾਂ ਰਕਤ ਪਿਤ, ਖਈ ਸ੍ਵਾਸ, ਖਾਂਸੀ, ਜੂਰ, ਕਫ ਪਜਾਸ ਦਾਹ ਸਭ ਨਾਸ ਕਰੇ ॥ ੧੨੫ ॥ ੧੨੭ ॥

ਸੋਰਠਾ

ਏਲਾ ਦਾਖ ਖਜੂਰ, ਕੰਦ ਕੇਲ ਕੰਦ ਅਰੁ ਕਮ਼ਲ ਫਲ।
ਨੇਤ੍ਰਬਾਲਾ ਚੂਰ, ਔਰ ਬਾਬਚੀ ਸਮ ਪਿਸੇ ॥੧੨੮॥

*ਅੱਲ–ਘੀਆ ਕੱਦੂ, ਜਿਸ ਨੂੰ ਵੱਰ ਭੀ ਆਖਦੇ ਹਨ।

Digitized by Panjab Digital Library | www.panjabdigilib.org

ਦੁਗਨੀ ਸਿਤਾ ਮਿਲਾਇ, ਖਾਵਤ ਜੋ ਜਲੁ ਚਾਵਲੈ।
ਰਕਤ ਪਿਤ ਮਿਟ ਜਾਇ, ਤ੍ਰਿਸਨਾ ਦਾਹ ਸੁ ਤਾਪ ਬਮਿ ॥੧੨੯॥

੫੪੩-ਇਲਾਚਿਆਂ, ਮੁਨੱਕਾ, ਖਜੂਰਾਂ ਕੇਲੇ ਦਾ ਫਲ, ਕਮਲਡੋਡੇ, ਨੇਤ੍ਰਬਾਲਾ, ਕਚੂਰ ਅਤੇ ਬਾਬਚੀ ਇਕ ਸਮਾਨ ਲੈਕੇ ਪੀਹੇ, ਫਿਰ ਦੂਣੀ ਮਿਸਰੀ ਪਾਕੇ ਚੂਰਣ ਬਣਾਕੇ ਰਖੇ, ਚੌਲਾਂ ਦੇ ਜਲ ਨਾਲ ਸੇਵਨ ਕਰੇ ਤਾ ਰਕਤਪਿਤ, ਪਜਾਸ, ਦਾਹ, ਤਾਪ ਅਤੇ ਕੈ, ਸਭੋ ਨਾਸ ਕਰੇ ॥ ੧੨੮ ॥ ੧੨੯ ॥

ਰਕਤ ਪਿਤੇ ਨਸਵਾਰ—ਸ਼ੰਕਰ ਛੰਦ

ਫੂਲ ਦਰਮ ਲੋਧ ਬਾਲਾ, ਲੌਂਗ ਮੋਤੀ ਜਾਨ।
ਲੈ ਪ੍ਰਬਾਲੀ ਏਲਚੀ ਸਮ, ਪੀਸ ਨਾਵਨ ਠਾਨ।
ਰਕਤ ਪਿਤੀ ਦਾਹ ਤ੍ਰਿਸਨਾ, ਜਾਤ ਹੈ ਨਕਸੀਰ।
ਕਹਤ ਕਾਲ ਸੁ ਗਯਾਨ ਐਸੇ, ਜਾਨੀਓ ਤੁਮ ਬੀਰ ॥੧੩੦॥

੫੪੪-ਅਨਾਰ ਦੇ ਫੂਲ, ਲੋਧ, *ਹਲਦੀ, ਲੌਂਗ, ਅਣਵਿਧ ਮੋਤੀ, ਗੁਲੀਆਂ ਏਲਾਯਚੀ ਸਮਾਨ ਪੀਹਕੇ ਨਸਵਾਰ ਦੇਵੇ ਤਾਂ ਰਕਤ ਪਿਤ, ਦਾਹ, ਪਜਾਸ, ਤੇ ਨਕਸੀਰ ਨਾਸ ਕਰੇ ॥੧੩੦॥

ਚੌਪਈ

ਬਾਲਾ ਬਿਲਪੱਤਰ ਲੈ ਨੀਲ। ਸਰਪੰਖਾ ਕੰਕੋਲ ਜੁ ਮੀਲ।
ਬੰਸਲੋਚਨਾ ਸਟੀ ਕਪੂਰ। ਸਮ ਪੀਸੀ ਲੈ ਨਾਕੈ ਪੂਰ ॥੧੩੧॥
ਜਲ ਸੈ ਨਾਵਨ ਕਰੀਏ ਏਹ। ਮੁਖ ਕਾ ਨਾਸਾ ਰੁਧਰ ਥੰਭੇਹ।
ਰਕਟ ਪਿਤ ਕਾ ਰੋਗੁ ਗਵਾਇ। ਕਾਲਗਯਾਨ ਤੇ ਭਾਖੀ ਲਯਾਇ॥੧੩੨॥

੫੪੫-ਕੱਚਾਬਿਲ, ਨੀਲ ਦੇ ਪਤ੍ਰ, ਸਰਪੰਖਾ, ਸਰਦਗੀਨੀ, ਤਵਾਸੀਰ, †ਕਚੂਰ ਤੇ ਕਪੂਰ ਇਹ ਸਭੋ ਇਕ ਸਮਾਨ ਲਵੇ, ਪੀਹਕੇ ਜਲ ਨਾਲ ਨਸਵਾਰ ਨੱਕ ਵਿਖੇ ਚੜ੍ਹਾਵੇ ਤਾਂ ਮੂੰਹ, ਨਾਸਾਂ ਦਾ ਲਹੂ ਰੁਕੇ ਤੇ ਰਕਤ ਪਿਤ ਭੀ ਨਾਸ ਕਰੇ ॥੧੩੧॥੧੩੨॥

ਈਸ ਬੰਦ ਦਾਰਮ ਕੇ ਬੀਜ। ਸੰਖਾਹੋਲੀ ਲੋਧਰ ਲੀਜ।
ਊਧਾ ਹੋਲੀ ਏਲਾ ਪਾਇ। ਪੀਪਲਪਤ੍ਰ ਸੁ ਬਚ ਪੀਸਾਇ ॥੧੩੩॥
ਸਭ ਤੇ ਦੂਨੀ ਮਿਸ਼ਰੀ ਲਯਾਇ। ਪਾਨੀ ਸੇਤੀ ਨਾਵਨ ਦਾਇ।
ਨਾਕ ਰੁਧਰ ਅਰੁ ਮੁਖ ਕਾ ਜਾਨ। ਕਹੈ ਧਨੰਤਰੁ ਰੁਜ ਕੀ ਹਾਨ॥੧੩੪॥

੫੪੬-ਹਰਮਲ, ਅਨਾਰਦਾਣਾ, ਸੰਖਾਹੋਲੀ, ਲੋਧ, ‡ਊਧਾਹੋਲੀ, ਇਲਾਇਚੀ, ਪਿਪਲ ਦੇ ਪੱਤ੍ਰ

---

*ਬਾਲਾ ਹਲਦੀ ਹੈ ਦੇਖੋ ਅ: ਅ: ਕੋ:

†ਚੂਰ ਕਚੂਰ ਹੈ, ਦੇਖੋ ਨਿਰਮਲ ਕੋਸ਼।

‡ਊਧਾਹੋਲੀ ਬੂਟੀ ਹੈ, ਇਸ ਦੇ ਫੂਲ ਦਾ ਮੂੰਹ ਹੇਠ ਨੂੰ ਮੁਧਾ ਹੁੰਦਾ ਹੈ।

Digitized by Panjab Digital Library | www.panjabdigilib.org

ਤੇ ਵਚ, ਸਮਾਨ ਲਵੇ ਤੇ ਪੀਹੇ, ਸਭ ਨਾਲੋਂ ਦੂਣੀ ਮਿਸ਼ਰੀ ਪਾ ਕੇ ਪਾਣੀ ਨਾਲ ਨਸਵਾਰ ਲਵੇ ਤਾਂ ਮੂੰਹ ਨੱਕ ਦਾ ਲਹੂ ਥਮ ਜਾਵੇ ॥੧੩੩,੧੩੪॥

ਪਰਹਾ

ਬੇਰ ਜਟਾ ਦ੍ਰਿਗਮਾਲਾ, ਲੌਂਗ ਕੰਕੋਲ ਹੀ।
ਏਲਾ ਜੜ ਲੈ ਧ੍ਰੇਕ ਭਲੀ ਬਿਧ ਜੋ ਲਹੀ।
ਬਾਂਸਾ ਪੀਤ ਮਗਾਇ, ਸਭਨ ਕੋ ਪੀਸੀਏ।
ਦੁਗਨੀ ਸਿਤਾਂ ਮਿਲਾਇ, ਨਾਕ ਮੈ ਦੀਸੀਏ ॥੧੩੫॥

ਦੋਹਰਾ—ਨਾਸ ਦੇਤ ਤੇ ਜਾਤ ਮਿਟ, ਜਾਨੋ ਤੁਮ ਨਕਸੀਰ।
ਮੁਖ ਕਾ ਰੁਧਰ ਬੰਭਾਤ ਹੈ, ਰਕਤ ਪਿੱਤ ਮਿਟ ਪੀਰ ॥੧੩੬॥

੫੪੭-ਬੇਰੀ ਦੀ ਜੜ੍ਹ, ਨੇਤ੍ਰਬਾਲਾ, ਲੌਂਗ, ਸਰਦਚੀਨੀ, ਲਾਚੀਆਂ, ਡੇਕ (ਧ੍ਰੇਕ) ਦੀ ਜੜ੍ਹ ਤੇ ਪੀਲਾ ਬਾਂਸਾ, ਸਭੋ ਸਮਾਨ ਲੈ ਕੇ ਪੀਹੇ, ਦੂਣੀ ਮਿਸਰੀ ਪਾਕੇ ਨਸਵਾਰ ਦੇਵੇ ਤਾਂ ਮੂੰਹ ਨਾਸਾਂ ਦਾ ਲਹੂ ਔਂਦਾ, ਨਕਸੀਰ ਤੇ ਰਕਤ ਪਿੱਤ ਦੂਰ ਹੋਵੇ ॥੧੩੫॥੧੩੬॥

ਸ਼ੰਕਰ ਛੰਦ

ਬੀਜ ਪੂਰਕ ਬਕਲ ਬਿਲਗਿਰ, ਸਦਾ ਫਲ ਕੀ ਛਾਲ।
ਕੈਥ ਫਲੁ ਲੈ ਚੂਕ ਪਾਵੋ, ਮੋਚ ਰਸੁ ਸਭ ਡਾਲ।
ਅਜਮੋਦ ਸਮ ਤੇ ਦੁਗਨਿ ਮਿਸਰੀ, ਪੀਸ ਨਾਵਨ ਦੇਇ।
ਮੁਖ ਨਾਸ ਲੋਹੂ ਮਿਟੈ ਸੀਘਰ, ਰਕਤ ਪਿਤ ਹਰੇਇ ॥੧੩੭॥

੫੪੮-ਬਿਜੌਰਾ, ਮੌਲਸ੍ਰੀ, ਬਿਲਗਿਰੀ, *ਨਲਿਯੇਰ ਦੀ ਜ਼ੱਤ, ਕੈਥ ਫਲ ਦਾ ਗੁੱਦਾ, ਚੂਕਾ, ਮੋਚਰਸ ਅਤੇ ਅਜਮੋਦ ਇਹ ਸਭ ਇਕ ਸਮਾਨ ਤੇ ਦੂਣੀ ਮਿਸਰੀ ਪੀਹਕੇ ਨਸਵਾਰ ਦੇਵੇ ਤਾਂ ਮੂੰਹ ਨੱਕ ਦਾ ਲਹੂ ਗਿਰਦਾ ਬੰਦ ਕਰੇ ਅਰ ਰਕਤ ਪਿਤਾ ਦਾ ਨਾਸ ਕਰੇ ॥੧੩੭॥

ਬਿਲਗਿਰ ਕਕੜਾ ਜੁ ਸੰਗੀ, ਈਸ ਬੰਦ ਮਿਲਾਇ।
ਕੜੂ ਫੁਲ ਲੈ ਸੇਵਤੀ ਕਾ, ਬ੍ਰਿਖ ਜੁ ਕੂਪਲ ਪਾਇ।
ਲੈ ਸਿਤਾ ਦੁਗਨੀ ਸਭਨ ਹੀ ਤੇ, ਪੀਸ ਨਾਵਨ ਦੀਜ।
ਨਾਕ ਮੁਖ ਕਾ ਰੁਧਰ ਭਾਜੈ, ਰਕਤ ਪਿਤ ਖਸੀਜ ॥੧੩੮॥

੫੪੯--ਬਿਲਗਿਰੀ, ਕਕੜਸਿੰਗੀ, ਹਰਮਲ, ਕੌੜ,‡ਸੇਵਤੀ ਦੇ ਫੁਲ ਤੇ ਬਾਂਸੇ ਦੀਆਂ ਕੂੰਮਲੀਆਂ ਅਰ ਸਭ ਨਾਲੋਂ ਦੂਣੀ ਮਿਸਰੀ ਪਾਕੇ ਪੀਹ ਕੇ ਨਸਵਾਰ ਦੇਵੇ ਤਾਂ ਨਕ ਮੂੰਹ ਦਾ ਆਉਂਦਾ ਲਹੂ ਰੁਕੇ ਤੇ ਰਕਤ ਪਿਤ ਨਾਸ ਹੋਵੇ ॥ ੧੩੮ ॥

---

*ਸਦਾ ਫਲ ਨਲਿਯੇਰ ਹੈ। ਦੇਖੋ ਭਾਵ ਪ੍ਰਕਾਸ਼।

‡ਸੇਵਤੀ ਸਫੈਦ ਗੁਲਾਬ, ਕੂਜਾ ਨਾਮ ਸੇ ਪ੍ਰਸਿਧ ਹੈ।

Digitized by Panjab Digital Library | www.panjabdigilib.org

ਰਕਤ ਪਿਤ ਪੱਥ-ਸੰਕਰ ਛੰਦ

ਸਾਲ ਖਸਟਕ ਜਵ ਪ੍ਰਯੰਗਹਿ, ਮੁਗਦ ਮਸਰੀ ਖਾਇ।
ਚਨਕ ਕੋਦਾ ਚਿਰ ਭਟੀ ਲੈ, ਸਾਮਕੰ ਘ੍ਰਿਤੁ ਪਾਇ।
ਅਜਾ ਗੋਕਾ ਦੂਧ ਪੇਠਾ, ਦਾੜ ਮੈਂ ਮਧੁ ਲੇਹ।
ਮੁਕਤ ਮਣ ਸਿਤ ਬਸਨ ਪਹਰੋ, ਕੂਪ ਕਾ ਜਲੁ ਦੇਹ ॥੧੩੯॥

੫੫੦-ਸਠੀ ਦੇ ਚਾਵਲ, ਜੌਂ ਕੰਗਣੀ ਅੰਨ ਮੂੰਗੀ, ਮਸਰ ਛੋਲੇ, ਕੋਦਾ, *ਤਰ ਸ੍ਵਾਂਕ, ਘਿਉ, ਬਕਰੀ, ਗਊ ਦਾ ਦੁੱਧ, ਪੇਠਾ, ਅਨਾਰ ਤੇ ਸ਼ਹਿਤ ਖਾਣ ਅੱਛੇ ਹਨ, ਮੋਤੀ, ਮਣੀਆਂ ਤੇ ਸਫੈਦ ਕਪੜੇ ਓਢਣੇ ਅਰ ਖੂਹ ਦਾ ਜਲ ਇਹ ਸਭ ਰਕਤ ਪਿਤ ਦੇ ਪੱਥ ਹਨ।

ਕੁਪਥ

ਬ੍ਯਾਮ ਅਧਵਨਿ ਧੂਪ ਘੋਰਾ, ਹਸਤਿ ਕੀਜੇ ਯਾਨ।
ਸ੍ਵੇਦ ਅਸ੍ਰ ਸ੍ਰਤਿ ਕ੍ਰੋਧੰ, ਸੋ ਰਤਿ ਧੂਪ ਕਾ ਪਾਨ।
ਕੁਲਥ ਗੁੜ ਤਿਲ ਸਰਖ ਪਾ ਦਧ, ਖਾਰ ਬੈਂਗਨ ਏਹ।
ਮਾਖ ਪਾਨੈ ਮਦ ਲਸਨੰ, ਏ ਕੁਪਥ ਹੈ ਤੇਹ॥ ੧੪੦॥

੫੫੧-ਕਸਰਤ, ਰਸਤਾ, ਸੂਰਜ ਦੀਆਂ ਕਿਰਨਾਂ, ਘੋੜੇ ਹਾਥੀ ਦੀ ਸਵਾਰੀ, ਪ੍ਰਸੀਨਾ ਅਸ੍ਰਸ੍ਰਤਿ ਕਹੀਏ ਲਹੂ ਕਢਾਣਾ, ਕ੍ਰੋਧ, ਇਸਤ੍ਰੀ ਸੰਗ, ਧੂੰਮ੍ਰ ਪੀਣਾ, ਕੁਲਥ, ਗੁੜ. ਤਿਲ. ਸਰਸੋਂ ਦਹੀ, ਖਾਰ ਵਤਾਊਂ, ਮਾਂਹ, ਮਦਰਾ, ਪਾਨ ਤੇ ਲਸਨ, ਇਹ ਸਭ ਖਾਣੇ ਅਰ ਸੇਵਨੇ ਕੁਪਥ ਹਨ ॥ ੧੪੦।

ਅਥ ਰਾਜਯਖਮ ਨਿਦਾਨ-ਚੌਪਈ

ਬੇਗ ਰੋਕਨੈ ਸਾਹਸ ਜਾਨ। ਬਿਖਮਾਸਨ ਅਤਿ ਮੈਥੁਨ ਠਾਨ॥
ਸਾਤ ਧਾਤ ਕਾ ਛੈ ਜੋ ਹੋਇ। ਬਾਤ ਪਿਤ ਕਫ ਤੀਨੋ ਜੋਇ॥੧੪੧॥
ਮੈਥਨ ਮਾਰਗ ਸੋਕ ਬ੍ਯਾਮ। ਬ੍ਰਿਧ ਪਣਾ ਛਤਛਾਤੀ ਠਾਮ।
ਧਾਤ ਯਾਹਿ ਤੇ ਖ੍ਯਤਖ੍ਯ ਹੋਇ। ਰਾਜਯਖਮ ਪੰਡਿਤ ਭਨ ਸੋਇ॥੧੪੨॥

ਬੇਗਾਂ ਦਾ ਰੋਕਣਾ, ਸਾਹਸ = ਅਰਥਾਤ ਆਪ ਤੋਂ ਨਾ ਹੋਣ ਵਾਲੇ ਕੰਮ ਸੋ ਕਰਨੇ, ਤੇ ਵਿਖਆ-ਸਨ, ਅਤਯੰਤ ਮੈਥੁਨ ਕਰਨ ਤੇ ਸਤ ਧਾਤੂਆਂ ਦੇ ਖਯ ਹੋ ਜਾਣ ਤੇ, ਬਾਤ ਪਿਤ ਦੇ ਕਫ ਕਰਕੇ ਤਿਨਾਂ ਦੋਖਾਂ ਦੇ ਦੁਸ਼ਟ ਹੋ ਜਾਣੇ ਤੇ, ਮਜਲੋਂ ਆਕੇ ਤੁਰੰਤ ਭੋਗ ਕਰਨੇ ਤੇ, ਸ਼ੋਕ ਤਥਾ ਕਸਰਤ ਬਹੁਤੀ ਤੇ, ਇਸੇ ਤਰ੍ਹਾ ਬੁਢਾਪੇ ਤੇ, ਛਾਤੀ ਵਿਖੇ ਜ਼ਖਮ ਤੇ, ਅਰਥਾਤ ਇਨ੍ਹਾਂ ਤੇ ਜਦ ਧਾਤੂ ਖਯ ਹੋ ਜਾਵੇ ਤਾਂ ਛਾਤੀ ਵਿਚ ਜ਼ਖਮ ਜੈਸਾ ਹੋਵੇ ਉਸ ਨੂੰ ਪੰਡਿਤ ਲੋਕ "ਰਾਜ ਯਖਮ" ਐਸਾ ਆਖਦੇ ਹਨ ॥੧੪੧॥੧੪੨॥

ਲੱਛਨ

*ਚਿਰਭਟੀ-ਚਿਬੜ ਅਰਥ ਹੈ, ਪਰੰਤੂ ਕਕੜੀ (ਤਰ) ਕੋਸ਼ਾਨੁਸਾਰ ਠੀਕ ਅਰਥ ਜਾਣੇ।

Digitized by Panjab Digital Library | www.panjabdigilib.org

ਤਾਪ ਦਾਹ ਅਤਿ ਸੋਖ ਜੁ ਕਾਸ। ਰਕਤ ਪਿਤ ਬਮਿ ਕਫ ਹੈ ਸ੍ਵਾਸ।
ਕ੍ਰਿਸ ਤਨ ਪਾਂਡੂ ਭੂਖ ਅਤਿਮੰਦ। ਕੰਪਤ ਬਲ ਨਹਿ ਜਾਨੋ ਛੰਦ॥੧੪੩॥
ਬਾਜਸ ਤੋਤਾ ਸਲਾ ਜਾਨ। ਗਰਮ ਗ੍ਰਿਝ ਕਿਰਲਾ ਕਪਿ ਠਾਨ।
ਨਦੀ ਤਰ ਸੂਕਾ ਤਰੁ ਦੇਖ। ਰਾਜਜਖਮ ਸੁਪਨੇ ਮੈ ਪੇਖ ॥੧੪੪॥

ਤਾਪ, ਦਾਹ, ਸੁਕਣਾ, ਖਾਂਸੀ ਰਕਤ ਪਿਤ, ਵਮਨ, ਕਫ, ਦਮਾਂ, ਸਰੀਰ ਲਿੱਸਾ, ਪਾਂਡੂ, ਭੁੱਖ ਨਾ ਲੱਗੇ, ਕਾਂਪਾ, ਬਲਨਾਸ, ਕਾਂ, ਤੋਤੇ, ਟਿੱਡੇ, ਗਰੜ, ਗਿਰਝ, ਕਿਰਲੇ ਤੇ ਬਾਂਦਰ ਇਹ ਸੁਪਨੇ ਵਿਚ ਦੇਖਣੇ, ਇਸੇ ਤਰ੍ਹਾਂ ਨਦੀਆਂ ਦੇ ਥੱਲੇ ਖੜਸੁਕ ਬ੍ਰਿਛ ਦੇਖਣੇ, ਇਹ ਸਭ ਚੀਜ਼ਾਂ ਰਾਜ ਯਖਮੀ ਸੁਪਨੇ ਵਿਚ ਦੇਖਦਾ ਹੈ ॥੧੪੩॥੧੪੪॥

ਰਾਜ ਯਖਮ ਅਸਾਧ ਲੱਛਣ—ਚੌਪਈ

ਅਤੀਸਾਰ ਖਾਂਸੀ ਕੁਖ ਸੂਰ। ਜੁਰ ਅਰੁਚੀ ਸੁਰ ਭੇਦੈ ਪੂਰ।
ਤੀਨ ਲਿੰਗ ਜੁਰ ਪੀਰਤ ਹੋਇ। ਮੁਖ ਤੇ ਰੁਧਰ ਨਿਕਾਰੇ ਸੋਇ ॥੧੪੫॥
ਸੂਕਾ ਤਨੁ ਪੀਰਤ ਲੈ ਸ੍ਵਾਸ। ਘਟਤ ਜੋਰੁ ਅਰੁ ਰੂਪ ਸਮਾਸ।
ਬੈਦ ਚਹੈ ਜਸੁ ਅਪਨੋ ਜੋਇ। ਇਹ ਰੋਗੀ ਨਹਿ ਅਵਖਧੁ ਕੋਇ॥੧੪੬॥

ਅਤੀਸਾਰ, ਖਾਂਸੀ, ਵੱਖੀ ਦਾ ਸੂਲ, ਤਾਪ, ਅਰੁਚੀ ਸੁਰਭੰਗ, ਤ੍ਰਿਦੋਖ, ਜ੍ਵਰ ਦੇ ਚਿੰਨ੍ਹ ਜਾਪਣੇ, ਮੂੰਹੋਂ ਲਹੂ ਨਿਕਲਣਾ, ਸਰੀਰ ਸੁਕਦਾ ਜਾਣਾ, ਸ੍ਵਾਸ ਦੁਖ ਨਾਲ ਆਉਣਾ, ਜ਼ੋਰ, ਰੂਪ ਤੇ ਮਾਸ ਇਹ ਘਟਣੇ, ਇਹ ਲੱਛਣ ਦੇਖਕੇ ਜੇ ਵੈਦ ਆਪਣਾ ਜੱਸ ਚਾਹੇ ਤਾਂ ਉਸ ਰੋਗ ਦੀ ਕੋਈ ਦਵਾਈ ਨਾਂ ਕਰੇ ਅਰਥਾਤ ਅਸਾਧਯ ਜਾਣੇ ॥੧੪੫॥੧੪੬॥

ਰਾਜ ਜਖਮ ਉਪਾਇ—ਚੌਪਈ

*ਸਿਰਸਾਹੀ ਪਚ ਬਚ ਖੁਰਸਾਨ।ਦਾੜਮ ਦਾਨਾ ਪਲਤ੍ਰਿਕ ਆਨ।
ਬਲ ਜਵਾਇਨ ਟੰਕ ਚੌਬੀਸ। ਏਹ ਦਾਰੂ ਨੀਕਾ ਸਭ ਪੀਸ॥੧੪੬॥
ਅਰਕ ਫੂਲ ਦੂਨੇ ਇਸ ਪਾਇ। ਪਲ ਡੇਢ ਇਕ ਲਵਨ ਮੰਗਾਇ।
ਕੂਟੀ ਕੋਰੀ ਹਾਂਡੀ ਪਾਇ। ਊਪਰ ਚਪਨੀ ਮੁਦਰਾ ਲਾਇ॥੧੪੭॥
ਘਰੀ ਚਾਰ ਪਾਵਕ ਹਿਠਕਰੋ। ਚੂਲੇ ਚਾਢੀ ਬਿਧ ਇਮ ਧਰੋ।
ਸੀਤਲ ਕਰਕੈ ਲੇਹੁ ਉਤਾਰ। ਮਿਰਚ ਪੀਪਰਾ ਲੌਂਗ ਸੁਧਾਰ ॥੧੪੯॥
ਅਧ ਅਧ ਪਲ ਏ ਤੀਨੋ ਪਾਇ। ਸਭੇ ਮੇਲ ਦੋ ਟੰਕ ਨਿਤ ਖਾਇ।
ਸਾਂਝ ਪ੍ਰਾਤ ਖਾਵਨ ਕੋ ਦੇਇ। ਖਈ ਖੈਨ ਕਫ ਨਾਸ ਕਰੇਇ ॥੧੫੦॥

*ਇਭ ਸਰਸਾਹੀ ੨। ਤੋਲੇ ਦੀ ਹੁੰਦੀ ਹੈ।

Digitized by Panjab Digital Library | www.panjabdigilib.org

ਫੀਹਾ ਖਾਂਸੀ ਸ੍ਵਾਸ ਅਨਾਹ। ਗੁਲਮ ਰੋਗ ਕੀ ਜੜ ਮਿਟ ਜਾਹ।
ਜਠਰ ਰੋਗੁ ਕੋਈ ਨਾ ਰਹੈ। ਸਕਲ ਗ੍ਰੰਥ ਇਮ ਸਾਚੀ ਕਹੈ ॥੧੫੧॥

੫੫੨–ਪੰਜ ਸਰਾਹੀਆਂ, ਖੁਰਾਸਾਨੀਵਚ, ਅਨਾਰਦਾਣਾ ੧੨ ਤੋਲੇ ਤੇ ਬਲ ਅਜਵਾਇਣ ੮ ਤੋਲੇ ਏਹ ਦਾਰੂ ਬਰੀਕ ਪੀਹੇ, ਫਿਰ ਇਨ੍ਹਾਂ ਤੋ ਦੂਣੇ ਅੱਕ ਦੇ ਫੂਲ ਤੇ ੬ ਤੋਲੇ ਲੂਣ ਭੀ ਕੁਟ ਕੇ ਪਾਵੇ ਅਰ ਫਿਰ ਕੋਰੀ ਹਾਂਡੀ ਵਿਚ ਭਰ ਦੇਵੇ ਉਪਰ ਚਪਣੀ ਦੇਕੇ ਸੰਪੁਟ ਕਰਕੇ ਚੁਲ੍ਹੇ ਤੇ ਚਾੜ੍ਹ ਕੇ ੪ ਘੜੀ ਤਕ ਹੇਠਾਂ ਅੱਗ ਜਲਾਵੇ, ਠੰਢੀ ਹੋਵੇ ਤਾਂ ਉਤਾਰਕੇ ਮਿਰਚਾਂ, ਮਘਾਂ ਤੇ ਲੌਂਗ ਦੋ ਦੋ ਤੋਲੇ ਪਾਕੇ ਚੂਰਣ ਕਰੇ ਅਰ ੮ ਮਾਸੇ ਨਿੱਤ ਪ੍ਰਾਤਾਕਾਲ ਤੇ ਸੰਧਯਾ ਵੇਲੇ ਜਲ ਨਾਲ ਫਕੇ। ਖਈ ਕਫ, ਲਿਫ ਖਾਂਸੀ, ਸ੍ਵਾਸ, ਅਫਾਰਾ, ਪੇਟ ਦਾ ਗੋਲਾ ਤੇ ਹੋਰ ਪੇਟ ਦੇ ਸਭ ਰੋਗ ਨਾਸ ਕਰੇ, ਇਹ ਨਿਸਚਿਤ ਬਾਤ ਹੈ, ਇਹ ਰਾਜ ਯਖਮ ਰੋਗ ਵਾਸਤੇ ਬਹੁਤ ਸ੍ਰੇਸ਼ਟ ਔਖਧੀ ਹੈ ॥੧੪੭ ਤੋਂ ੧੫੧॥

ਸੋਰਠਾ

ਕਣਾਂ ਸਿਤਾ ਲੈ ਦਾਖ, ਪੀਸੀ ਭਖੁ ਤ੍ਰਿਕ ਟੰਕ ਹੀ।
ਕਰ ਖਾਂਸੀ ਖੈ ਭਾਖ, ਰਾਜ ਜਖਮ ਕਾ ਨਾਸ ਹੁਇ ॥੧੫੨॥

੫੫੩–ਮਘਾਂ, ਮਿਸਰੀ ਤੇ ਮੁਨੱਕਾ ਪੀਹ ਕੇ ੧ ਤੋਲਾ ਖਾਵੇ ਤਾਂ ਕਫ ਦੀ ਖਾਂਸੀ ਤੇ ਖਈ ਰਾਜ ਜਖਮ ਨਾਸ ਕਰੇ ॥੧੫੨॥

ਦੋਹਰਾ

ਪਾਨ ਜਟਾ ਇਕ ਟੰਕ ਹੀ, ਮਧੁ ਘ੍ਰਿਤ ਸੰਗੈ ਖਾਇ।
ਖੈ ਜੁ ਕਾਸ ਕਾ ਨਾਸ ਹੁਇ, ਰਾਜਜਖਮ ਮਿਟ ਜਾਇ ॥੧੫੩॥

੫੫੪–ਪਾਨ ਦੀ ਜੜ੍ਹ ਚਾਰ ਮਾਸੇ, ਸ਼ਹਿਤ ਤੇ ਘਿਉ ਨਾਲ ਖਾਵੇ ਤਾਂ ਖਈ ਖਾਂਸੀ ਰਾਜ ਜ਼ਖਮ ਨਾ ਰਹੇ ॥੧੫੩॥

ਮਿਸਰੀ ਅਸਗੰਧ ਪੀਪਰਾ, ਸਹਤ ਸੰਗ ਚਟਵਾਇ।
ਖਈ ਸ੍ਵਾਸ ਕਫ ਕਾਸ ਕਾ, ਤੁਰਤੈ ਮੂਰ ਗਵਾਇ ॥੧੫੪॥

੫੫੫–ਮਿਸਰੀ, ਅਸਗੰਧ, ਮਘਾਂ ਸ਼ਹਿਤ ਨਾਲ ਚੱਟੇ ਤਾਂ ਖਈ, ਖਾਂਸੀ, ਕਫ ਦੀ ਖਾਂਸੀ ਦਾ ਮੂਲ ਗਵਾਵੇ ॥੧੫੪॥

ਮੁਹਲੇਠੀ ਮਿਸਿ ਕੁਠ ਜੋ ਦਾਰੁ। ਜੁਵਾਹਾ ਮਿਸਰੀ ਮਧੁ ਡਾਰ।
ਮੇਲ ਘੀਉ ਚਾਟੇ ਅਵਲੇਹੁ। ਰਜਜਖਮ ਕਾ ਨਾਸ ਕਰੇਹੁ ॥੧੫੫॥

੫੫੬–ਮੁਲੱਠੀ, ਸੌਂਫ, ਕੁਠ, ਦੇਵਦਾਰ, ਜੁਵਾਹਾਂ ਮਿਸਰੀ ਸ਼ਹਿਤ ਤੇ ਘਿਉ ਮਿਲਾਕੇ ਚਟਣੀ ਚਟੇ ਤਾਂ ਰਾਜ ਜ਼ਖਮ ਨੂੰ ਨਾਸ ਕਰਦੀ ਹੈ ॥੧੫੫॥

ਆਸਗੰਧ ਗੋਖਰੁ ਮਧੁ ਪਾਇ। ਅਜਾ ਦੂਧ ਸੋ ਪੀਵਨ ਦਾਇ।
ਰਾਜ ਜਖਮ ਕਾ ਨਾਸ ਕਰਾਇ। ਸਿਧ ਜੋਗ ਮੈ ਦੀਆ ਬਤਾਇ॥੧੫੬॥

੫੫੭–ਅਸਗੰਧ, ਭਖੜਾ, ਸ਼ਹਿਤ ਪਾਕੇ ਬਕਰੀ ਦੇ ਦੂਧ ਨਾਲ ਪੀਣ ਨੂੰ ਦੇਵੇ ਤਾਂ ਰਾਜ ਜ਼ਖਮ ਨੂੰ ਨਾਸ ਕਰਨ ਵਾਸਤੇ ਸਿਧ ਜੋਗ ਹੈ ॥੧੫੬॥

Digitized by Panjab Digital Library | www.panjabdigilib.org

ਸੋਰਠਾ

ਅਰਕ ਕੁਸਮ ਅਸਗੰਧ, ਸਮ ਕਰਿ ਮੇਲੋ ਸਹਿਤ ਕੋ।
ਰਾਜ ਜਖਮ ਕੋ ਬੰਧ ਭੇਡ ਦੁਗਧ ਸੋ ਚਾਟ ਨਿਤ ॥੧੫੭॥

੫੫੮-ਅੱਕ ਦੇ ਫੁਲ ਤੇ ਅਸਗੰਧ ਸਮਾਨ ਭਾਗ ਲੈਕੇ ਸ਼ਹਿਤ ਪਾਕੇ ਚਟੇ, ਪਿਛੋਂ ਭੇਡ ਦਾ ਦੁਧ ਪੀਵੇ ਤਾਂ ਰਾਜ ਜ਼ਖਮ ਨਾਸ ਹੋਵੇ ॥੧੨੭॥

ਪਰਹਾ

ਪੈਸ਼ੇ ਚਾਰ ਜੁ ਫੂਲ, ਅਰਕ ਕੇ ਆਨਿਯੇ।
ਤ੍ਰਿਕੁਟਾ ਤਾਹਿ ਸਮਾਨ, ਗੁਟੀ ਗੁੜ ਠਾਨਿਯੇ।
ਅਖ ਸਮਾਨੈ ਦਾਇ, ਸਾਝ ਅਰ ਪ੍ਰਾਤ ਹੀ।
ਰਾਜ ਜਖਮ ਖੈ ਤਾਪ, ਕਾਸ ਮਿਟ ਜਾਤ ਹੀ॥ ੧੫੮ ॥

੫੫੯-ਅਕ ਦੇ ਫੁਲ ੪ ਪੈਸੇ ਭਰ, ਇਤਨਾ ਹੀ ਤ੍ਰਿਕੁਟਾ, ਇਹ ਫਿਰ ਗੁੜ ਨਾਲ ੪ ਮਾਸੇ ਪ੍ਰਮਾਣ ਦੋਨੋਂ ਸਮਯ ਖਾਵੇ ਤਾਂ ਰਾਜ ਜ਼ਖਮ, ਖਈ, ਤਾਪ ਤੇ ਖਾਂਸੀ ਜਾਵੇ ॥੧੫੮॥

ਚੌਪਈ

ਅਸਗੰਧ ਦਸ ਮੂਲ ਪਤੀਸ। ਬਾਂਸਾ ਪੁਸਕਰ ਮੂਲ ਬਰੀਸ।
ਛਿੰਨਾ ਪੀਸ ਟੰਕ ਤ੍ਰੈ ਖਾਇ। ਅਜਾ ਦੂਧ ਸੋ ਜਾਨੋ ਭਾਇ॥ ੧੫੯ ॥
ਦਿਨ ਇਕ ਤੀਸ ਖਾਈਏ ਏਹ। ਰਾਜ ਜਖਮ ਖਯ ਨਾਸ ਕਰੇਹ।
ਪੜਤਾ ਲੋਹੂ ਮੁਖ ਥੰਭਾਇ। ਸਾਚੀ ਬਾਤ ਕਹੀ ਮਨ ਲਾਇ ॥੧੬੦॥

੫੬੦-ਅਸਗੰਧ, ਦਸੇਮੂਲ, ਪਤੀਸ, ਬਾਂਸਾ, ਪੁਹਕਰਮੂਲ, ਸਤਾਵਰ ਤੇ ਗਿਲੋਯ ਪੀਹਕੇ ੧ ਤੋਲਾ ਬਕਰੀ ਦੇ ਦੁਧ ਨਾਲ ੩੧ ਦਿਨ ਖਾਵੇ ਤਾਂ ਰਾਜਜ਼ਖਮ, ਖਈ, ਮੂੰਹੋਂ ਆਉਂਦਾ ਲਹੂ ਸਭ ਨਾਸ ਕਰੇ ॥੧੫੯॥੧੬੦॥

ਭਸਮਾਰਕ-ਸ਼ੰਕਰ ਛੰਦ

ਪੰਚਫਲ ਤੁੰਮਾ ਜੁ ਲੀਜੈ, ਪਾਂਚ ਪਤ੍ਰ ਕੁਮਾਰ।
ਹਾਥ ਤ੍ਰਯ ਥੋਹਰ ਮੰਗਾਵੇ, ਪਾਂਚ ਬੈਂਗਨ ਧਾਰ।
ਕੰਤਕਾਰੀ ਫਲ ਪਚਾਸਕ,ਕਨਕ ਫਲ ਦਸ ਆਨ।
ਦਸੇ ਪਤ ਅਰਕ ਕੇ ਲੇ, ਆਨ ਮੇਲੇ ਜਾਨ ॥ ੧੬੧ ॥
ਸੇਰ ਡੇਢਕ ਪੰਜ ਲਵਨਾ,ਤਾਹਿ ਸਮ ਅਜਵਾਨ।
ਕੂਟ ਹਾਂਡੀ ਮਾਹਿ ਪਾਵੇ, ਕਰੋ ਲੇਪ ਬਨਾਨ।
ਗਢਾ ਹਾਥ ਜੁ ਚਾਰ ਖੋਦੋਂ, ਭਰੋ ਉਪਲੇ ਸਾਥ।

Digitized by Panjab Digital Library | www.panjabdigilib.org

ਬੀਚ ਤਾਂਕੇ ਹਾਂਡੀਆਂ ਕੋ, ਗਾਢਿ ਮੂੰਦ੍ਹਾ ਹਾਥ ॥ ੧੯੨ ॥
ਚਾਰ ਜਾਮ ਜੁ ਅਗਨਿ ਦੀਜੈ, ਪਿਛੈ ਸੀਤ ਨਿਕਾਰ।
ਟੰਕ ਏਕ ਜੁ ਖਾਇ ਰੋਗੀ, ਅਜਵਾਇਨੀ ਬਿਚ ਡਾਰ।
ਨੀਰ ਬਾਸੀ ਪੀਤ ਉਪਰੈ, ਖਾਇ ਦਿਨ ਬੱਤੀਸ।
ਰਾਜ ਜਖਮ ਬਿਕਾਰ ਫੀਹਾ, ਗੁਲਮ ਜਾਵਤ ਖੀਸ ॥੧੯੩॥

ਦੋਹਰਾ—ਗ੍ਰਹਿਨੀ ਸੂਲ ਅਜੀਰਨਾ, ਗਲਗ੍ਰਹਿ ਸ੍ਵਾਸ ਸੀਤੰਗ।
ਹ੍ਰਿਦੈ ਰੋਗ ਕਫ ਖਾਸਿ ਖਯ, ਇਤਨੇ ਕਰਤ ਜੁ ਭੰਗ ॥੧੯੪॥

੫੯੧—ਤੁੰਮੇ ਦੇ ਫਲ ੫, ਪਤਰੇ ਕੁਆਰ ਦੇ ੫, ਥੋਹਰ ਡੰਡਾ ੩ ਹਥਲੰਮਾ, ਵਤਾਊਂ ੫, ਕੰਡਿਆਰੀ ਦੇ ਫਲ ੫੦, ਧਤੂਰੇ ਦੇ ਫਲ ੧੫, ਪੰਜੇ ਲੂਣ ੧॥ (ਡੇਢ) ਸੇਰ, ਇਤਨੀ ਹੀ ਅਜਵਾਇਣ ਸਭ ਕੁਟਕੇ ਹਾਂਡੀ ਵਿਚ ਭਰੇ ਅਰ ਸੰਪੁਟ ਕਰਕੇ ੪ ਹੱਥ ਲੰਬਾ, ਚੌੜਾ ਤੇ ਡੂੰਘਾ ਟੋਆ ਕੱਢ ਕੇ ਉਸ ਵਿਚ ਹਾਂਡੀ ਰੱਖਕੇ ਗੋਹਿਆਂ ਨਾਲ ਭਰ ਦੇਵੇ, ਇਸ ਤਰ੍ਹਾਂ ੪ ਪਹਿਰ ਦੀ ਅੱਗ ਦੇ ਕੇ ਠੰਢੀ ਕਰਕੇ ਕੱਢ ਰਖੇ ਅਰ ਫਿਰ ਨਿਤ ੪ ਮਾਸੇ ਇਹ ਅਜਵਾਇਣ ਨਾਲ ਮਿਲਾ ਕੇ ਖਾਵੇ, ਉਪਰੋਂ ਬੇਹਾ ਪਾਣੀ ਪੀਵੇ, ਇਉਂ ੩੨ ਦਿਨ ਖਾਵੇ ਤਾਂ ਰਾਜ ਜ਼ਖਮ, ਲਿਫ, ਗੋਲਾ, ਸੰਗ੍ਰਹਿਣੀ, ਸੂਲ, ਅਜੀਰਣ, ਗਲ ਦਾ ਰੁਕਣਾ, ਸਵਾਸ, ਸੀਤਾਂਗ, ਸੰਨਿਪਾਤ, ਕਫ ਦੀ ਖਾਂਸੀ ਤੇ ਖਈ ਇਤਨੇ ਰੋਗ ਨਾਸ਼ ਕਰੇ ॥੧੯੧॥੧੯੪॥

ਰਸ—ਚੌਪਈ

ਬ੍ਰਿਧ ਸੰਖ ਸੁਕਤੀ ਫੁਨ ਦੇਇ। ਦੋਇ ਟੰਕ ਕਾ ਬਜਨ ਕਰੇਇ।
ਟੰਕ ਸੂਤ ਗੰਧਕ ਟੰਕ ਚਾਰ। ਕਜਲੀ ਪ੍ਰਥਮਹਿ ਕਰੋ ਸਵਾਰ ॥੧੯੫॥
ਅਰਕ ਦੂਧ ਸੋ ਸਭ ਮਿਲ਼ ਪੀਸ। ਟਿਕੀ ਕਰ ਸੰਪੁਟ ਜੁ ਧਰੀਸ।
ਊਪਰ ਮਾਟੀ ਲਾਇ ਸੁਕਾਇ। ਦੋਇ ਜਾਮ ਕੀ ਅਗਨ ਕਰਾਇ॥੧੯੬॥
ਸੀਤਲ ਕਰ ਇਕ ਗੁੰਜਾ ਖਾਇ। ਚਾਲੀ ਮਿਰਚਾ ਸੰਗ ਦਿਵਾਇ।
ਗੋ ਘ੍ਰਿਤ ਸੇਤੀ ਖਾਇ ਪ੍ਰਭਾਤ। ਰਾਜਜਖਮ ਖਯ ਸ੍ਵਾਸਹਿ ਜਾਤ॥੧੯੭॥

੫੯੨—ਵੱਡਾ ਸੰਖ ਤੇ ਸਿੱਪੀਆ ਇਹ ੮-੮ ਮਾਸੇ, ਸੁਧ ਪਾਰਾ ੪ ਮਾਸੇ, ਸੁਧ ਗੰਧਕ ੧੬ ਮਾਸੇ। ਪਹਿਲੇ ਪਾਰੇ ਗੰਧਕ ਦੀ ਕਜਲੀ ਕਰ, ਫਿਰ ਸਭੋ ਮਿਲਾਕੇ ਅੱਕ ਦੇ ਦੁਧ ਨਾਲ ਘੋਟੇ ਤੇ ਟਿੱਕੀ ਕਰਕੇ ਸੰਪੁਟ ਕਰੇ, ਉੱਪਰ ਮਿਟੀ ਲਾਕੇ ਸੁਕ ਲਵੇ, ਫਿਰ ਦੋ ਪਹਿਰ ਦੀ ਅੱਗ ਦੇਕੇ ਠੰਢੀ ਹੋਈ ਕੱਢ ਰਖੇ, ਫਿਰ ਰੱਤੀ ਪ੍ਰਮਾਣ ਇਹ ੪੦ ਮਿਰਚਾਂ ਨਾਲ ਖਾਕੇ ਉਪਰੋਂ ਗੋਕਾ ਘ੍ਰਿਤ ਪੀਵੇ ਤਾਂ ਰਾਜ ਜਖਮ, ਖਈ, ਦਮਾ ਨਾਸ ਕਰੇ ॥੧੯੫॥੧੯੬॥

ਖਯਘਨ ਬਟੀ (ਵੈਦ ਕੌਤੂਹਲਾਤ)—ਦੋਹਰਾ

ਅਰਕ ਫੂਲ ਅਰੁ ਲੌਂਗ ਲੈ, ਬਟੀ ਗੁੰਜ ਕਰ ਤੀਨ।

Digitized by Panjab Digital Library | www.panjabdigilib.org

ਮੁਖ ਧਾਰਤ ਖਯ ਸ੍ਵਾਸ ਹਰਿ, ਰਾਜ ਜ਼ਖ਼ਮ ਹੁਇ ਖੀਨ ॥੧੬੮॥

ਪ੬੩-ਅੱਕ ਦੇ ਫੂਲ ਤੇ. ਲੌਂਗ ਲੈਕੇ ੩ ਰੱਤੀਆਂ ਦੀ ਗੋਲੀ ਕਰਕੇ ਮੂੰਹ ਵਿਚ ਰਖੇ ਤਾਂ ਖਈ, ਸ੍ਵਾਸ ਤੇ ਰਾਜ ਜ਼ਖਮ ਦੂਰ ਹੋਵੇ ॥੧੬੮॥

ਮ੍ਰਿਗਾਂਕ ਰਸ-ਪਰਹਾ

ਪਾਰਦ, ਸੋਨਾ ਆਣ, ਸਮਾਨ ਕਰਾਈਏ।
ਦੁਗਨੇ ਮੋਤੀ ਲੇਹੁ, ਦੋਊ ਤੈ ਪਾਈਏ।
ਗੰਧਕ ਤੀਨ ਸਮਾਨ, ਸੁ ਮਾਹਿ ਮਿਲਾਵਹੀ।
ਚੌਥਾ ਭਾਗ ਸੁਹਾਗਾ, ਕਾਂਜਿ ਮਰਦਵਾਹੀ ॥ ੧੬੯ ॥
ਲਵਣੈ ਭਾਂਡੇ ਮਾਹਿ, ਜੋ ਲੇਪ ਲਗਾਈਏ।
ਕਪੜਾ ਮਾਟੀ ਸਾਤ, ਸੁ ਧੂਪ ਧਰਾਈਏ।
ਗਜ ਪੁਟ ਜਾਮ ਜੁ ਚਾਰ, ਸੀਤ ਹ੍ਵੈ ਲੀਜੀਏ।
ਪਾਨ ਸੰਗ ਇਕ ਗੁੰਜਾ, ਖਾਵਨ ਦੀਜੀਏ ॥ ੧੭੦ ॥
ਦਿਨ ਚਾਲੀ ਲੌ ਖਾਇ, ਧਾਤ ਖਯ ਸ੍ਵਾਸ ਹੀ।
ਰਾਜਜਖਮ ਖਯ ਕਾਸ, ਛ਼ਾਤ ਸਭ ਖਾਸ ਹੀ।
ਪਾਂਡੂ ਹਿਯ ਗਦ ਲੋਹੂ, ਛਾਤ ਤੋੜ ਹੀ।
ਜਾਵਤ ਏਤੇ ਰੋਗ, ਕਹਯੋ ਇਸ ਜੋੜ ਹੀ ॥ ੧੭੧ ॥

ਪ੬੪-ਪਾਰਾ ਤੇ ਸੋਨਾ ਇਹ ਦੋਨੋ ੧ ਸਮਾਨ, ਇਨ੍ਹਾਂ ਦੋਹਾਂ ਨਾਲੋਂ ਦੂਣੇ ਮੋਤੀ, ਤਿੰਨਾਂ ਦੇ ਬਰਾਬਰ ਦੀ ਗੰਧਕ ਅਤੇ ਸਭ ਨਾਲੋਂ ਚੌਥਾ ਹਿਸਾ ਸੁਹਾਗਾ ਪਾਕੇ ਕਾਂਜੀ ਨਾਲ ਖਰਲ ਕਰਕੇ ਟਿੱਕੀ ਬੰਨੇ ਅਰ ਫਿਰ ਇਕ ਮਿੱਟੀ ਦੇ ਭਾਂਡੇ ਵਿਚ ਲੂਣ ਦਾ ਲੇਪ ਕਰਕੇ ਉਸ ਵਿਚ ਇਹ ਰੱਖ ਕੇ ਫਿਰ ਭਾਂਡੇ ਦੇ ਮੂੰਹ ਨੂੰ ਬੰਦ ਕਰੇ। ਉਸ ਉਤੇ ਕਪੜ ਮਿੱਟੀ ਦੇ ਸਤ ਲੇਪ ਕਰੇ। ਧੁਪੇ ਰਖ ਕੇ ਸੁਕਾ ਲਵੇ, ਫਿਰ ਉਸ ਨੂੰ ਗਜਪੁਠ ਦੀ ਅਜੇਹੀ ਅੱਗ ਦੇਵੇ ਜੇਹੜੀ ੪ ਪਹਿਰ ਤਕ ਰਹੇ, ਫਿਰ ਠਢੀ ਹੋਵੇ ਤਾਂ ਕੱਢ ਰਖੇ। ਇਸ ਵਿਚੋਂ ਇਕ ਰੱਤੀ ਪਾਨ ਬੀੜ ਵਿਚ ਖਾਣ ਨੂੰ ਦੇਵੇ ਅਰ ੪੦ ਦਿਨ ਤਕ ਖਾਵੇ ਤਾਂ ਧਾਤੂਖਯ ਸ੍ਵਾਸ ਰਾਜ ਜ਼ਖਮ, ਖਈ, ਖਾਂਸੀ, ਪਾਂਡੂ, ਹ੍ਰਿਦਯ ਰੋਗ ਅਤੇ ਛਾਤੀ ਤੋੜਨੇ ਵਾਲਾ ਲਹੂ ਔਂਦਾ ਇਤਨੇ ਰੋਗ ਨਾਸ ਕਰੇ ॥ ੧੬੯ ॥ ੧੭੦ ॥ ੧੭੧ ॥

ਰਸ (ਰਸਰਤਨਾਕ੍ਰਾਤ)-ਚੌਪਈ

ਤੀਨ ਭਾਗ ਲੈ ਮਾਰਯਾ ਸੂਤ। ਮਾਰਯਾਂ ਹੇਮ ਜੁ ਏਕੈ ਹੂਤ।
ਤਾਲ ਜੁ ਤਾਂਬਾ ਗੰਧਕ ਆਨ। ਮਨਸਿਲ ਇਕਇਕ ਮੇਲੋਜਾਨ ।੧੭੨।
ਸਰਬ ਪੀਸ ਕੈ ਚੂਰਨ ਕਰੋ। ਆਨ ਬਰਾਟੀ ਮੁਖ ਮੈਂ ਭਰੋ।

Digitized by Panjab Digital Library | www.panjabdigilib.org

ਅਜਾ ਖੀਰ ਸੋ ਟੰਕਨ ਪੀਸ। ਮੁਖ ਲਾਯੋ ਕੌਡੀ ਕਾ ਈਸ ॥੧੭੩॥
ਮਾਂਟੀ ਭਾਂਜਨ ਧਰੋ ਸੁਕਾਇ। ਮੁਦ੍ਰਾ ਕਰਿ ਗਜਪੁਟ ਜੁ ਧਰਾਇ।
ਸੀਤਲ ਲੇਵੇ ਰਾਜ ਮ੍ਰਿਗੰਕ। ਗੁੰਜਾ ਚਾਰ ਖਾਵੇ ਤਿਸ ਅੰਕ॥੧੭੪॥
ਉਨਤੀਸੇ ਮਰਚਾਂ ਦਸ ਕਣਾ। ਸਹਿਤ ਸੰਗ ਖਾਵਨ ਸੌ ਭਨਾ।
ਅਥਵਾ ਘ੍ਰਿਤ ਕੈ ਸੰਗ ਖਵਾਇ। ਰਾਜਜਖਮ ਖਜਨਾਸ ਕਰਾਇ॥੧੭੫॥

੫੬੫-ਮਾਰਿਆ ਪਾਰਾ ੩ ਭਾਗ, ਮ੍ਰਿਤਸੋਨਾ ੧ ਭਾਗ, ਹਰਤਾਲ, ਮ੍ਰਿਤ ਤਾਂਬਾ, ਗੰਧਕ ਤੇ ਮਨਸਿਲ ਇਹ ਸਭ ਇਕ ੨ ਭਾਗ ਘੋਟਕੇ ਚੂਰਣ ਕਰੇ ਤੇ ਸਭੋ ਪੀਲੀਆਂ ਕੌਡੀਆਂ ਵਿਚ ਭਰੇ ਪਿਛੋਂ ਬਕ਼ਰੀ ਦੇ ਦੁਧ ਨਾਲ ਸੁਹਾਗਾ ਪੀਹਕੇ ਕੌਡੀਆਂ ਦੇ ਮੂੰਹ ਤੇ ਲਾਵੇ ਸੁਕਾ ਕੇ ਮਿਟੀ ਦੀ ਹਾਂਡੀ ਵਿਚ ਪਾ ਕੇ ਸੰਪੁਟ ਕਰੇ ਤੇ ਗਜਪੁਠ ਦੇਕੇ ਫੂਕੇ। ਠੰਢੀ ਹੋਣ ਤੇ ਕੱਢ ਕੇ ਰਖੇ ਇਸਦਾ ਨਾਮ ਰਾਜ ਮ੍ਰਿਗਾਂਕ ਹੈ, ਇਸਦੀ ਖੁਰਾਕ ੪ ਰਤੀ ਦੀ ਹੈ ਅਰ ਨਾਲ ੨੯ ਮਿਰਚਾਂ ਤੇ ੧੦ ਮਘਾਂ ਕੁਟਕੇ ਸ਼ਹਿਤ ਪਾਕੇ ਯਾ ਘਿਓ ਦੀ ਚਟਣੀ ਕਰੇ, ਰਾਜਜ਼ਖਮ ਦੀ ਜੜ੍ਹ ਕੱਟ ਦੇਵੇ ॥੧੭੨ ਤੋਂ ੧੭੫॥

ਮਹਾ ਤਾਲੀਸਾਦਿ ਚੂਰਣ (ਵੰਗਸੇਨਾਤ)-ਸ਼ੰਕਰ

ਤਾਲੀਸ ਚਿਤ੍ਰਕ ਬਯੋਖ ਦਾਰਮ, ਤਿੰਤੜੀਕ ਮਗਾਂਇ।
ਪਲ ਪਲ ਜੁ ਸਾਤ੍ਰਾ ਸਭਨ ਕੀ, ਇਨ ਕੂਟ ਕਪੜ ਛਨਾਇ।
ਦੀਪਯ ਕੋ ਗਜ ਪੀਪਰੀ, ਚਬ ਆਨ ਮੇਲੁ ਜਿਵਾਨ।
ਬੜਿੰਗ ਗ੍ਰੰਥਕੰ ਕੇਸਰੈ, ਤਜ ਹਾਪੁਖਾ ਲੈ ਠਾਨ ॥੧੭੬॥
ਜਰਨ ਧਨੀਆਂ ਜਾਇਫਲ, ਤ੍ਰੈਗੰਧ ਮੇਲ ਲਵੰਗ।
ਕਣਾ ਸ਼ੁਭ ਏ ਕਰਖ ਕਰਖੈ, ਸਭਨਿ ਇਮ ਲੈ ਅੰਗ।
ਮੇਲੁ ਮਿਸਰੀ ਦੁਗਨਿ ਸਭ ਤੇ, ਪੀਸ ਖਾਇ ਦੁਟੰਕ।
ਰਾਜਯਖਮਨਿ ਮੂਤ੍ਰ ਕ੍ਰਿਛੈ, ਪੀਨਸੇ ਰੁਜ ਅੰਕ ॥ ੧੭੭ ॥
ਹਿਯ ਰੋਗ ਅਪਤੰਤ੍ਰੈ, ਨੈਨ ਗਦ ਸਭ ਬਾਇ।
ਪਿਤ ਚਾਲੀ ਬੀਸ ਕਫ ਰੁਜ, ਬੀਸ ਮੇਹ ਮਿਟਾਇ।
ਤਾਪ ਅਰਸਾ ਸੂਲ ਗਲ ਗ੍ਰਹਿ, ਸੋਖ ਹਨੁਗ੍ਰਹਿ ਏਹ।
ਹਲੀਮਕਾ ਉਰੁ ਸਥੰਭ ਨਾਸੈ, ਜਾਤ ਬਾਤ ਸਨੇਹ ॥੧੭੮॥

੫੬੬-ਤਲੀਸਪਤ੍ਰ, ਤ੍ਰਿਕੁਟਾ, ਅਨਾਰਦਾਨਾ ਤੇ ਇਮਲੀ ੪-੪ ਤੋਲੇ। ਅਜਮੋਦ, ਲੰਬੀ ਮਘ ਚਬ, ਅਜਵਾਇਣ, ਬਾਇਬੜਿੰਗ, ਪਿਪਲਾਮੂਲ, ਕੇਸਰ, ਤਜ-ਪਤ੍ਰ, *ਹਊ ਬੇਰ, ਜੀਰਾ, ਧਨੀਆਂ,

---

*ਹਪੁਖਾ-ਹਊਬੇਰ ਅਰਥਾਤ ਉਨਾਬ ਹਨ, ਦੇਖੋ ਆ: ਐ: ਕੋਸ਼ ਪ੍ਰਿ: ੧੯੦,

Digitized by Panjab Digital Library | www.panjabdigilib.org

ਧਨੀਆਂ, ਜਾਇਫਲ, ਤ੍ਰੈਗੰਧ,ਦਾਲਚੀਨੀ, ਤਮਾਲਪਤ੍ਰ ਅਤੇ ਇਲਾਯਚੀ, ਲੌਂਗ, ਮਘ, ਅਰ ਤਵਾਸੀਰ ਇਹ ਸਭ ੧-੧ ਤੋਲਾ ਅਰਥਾਤ ਇਕ ਸਮਾਨ ਲਵੇ ਤੇ ਮਿਸਰੀ ‡ਸਭ ਨਾਲੋਂ ਦੂਣੀ ਪਾ ਕੇ ਪੀਹਕੇ ਚੂਰਣ ਕਰੇ ਅਰ ਨਿਤ ੮ ਮਾਸੇ ਖਾਯਾ ਕਰੇ, ਉਪਰੋਂ ਜਲ ਦਾ ਘੁਟ ਪੀਵੇ ਤਾਂ ਰਾਜ ਜਖਮਿ, ਮੂਤ੍ਰਕ੍ਰਿਛ, ਰੇਸ਼ਾ, ਹ੍ਰਿਦਯ ਰੋਗ, ਅਪਤੰਤ੍ਰਕਵਾਯੂ, ਨੇਤ੍ਰ ਰੋਗ, ੮੪ ਬਾਤ, ੪੦ ਪਿਤ ਦੇ ਰੋਗ, ੨੦ ਕਫ ਦੇ ਰੋਗ, ੨੦ ਪ੍ਰਮੇਹ, ਤਾਪ, ਬਵਾਸੀਰ, ਸੂਲ, ਗਲ ਦੀ ਰੁਕਾਵਟ, ਸੁਕਣਾਂ, ਜਬਾੜੇ ਆਕੜਨੇ, ਹਲੀਮਕ ਤੇ ਉਰੁਸਤੰਭ, ਇਤਨੇ ਰੋਗ ਨਾਸ ਕਰੇ ॥੧੭੬॥੧੭੭॥੧੭੮॥

ਕਪੂਰਾਦਿ ਚੂਰਣ—ਦੋਹਰਾ

ਕਪੂਰ ਕੰਕੋਲਿ ਜੁ ਜਇਫਲ, ਲੌਂਗ ਨਾਗਰਾ ਮੇਲ।
ਪੀਪਰ ਮਰਚਾਂ ਤਜ ਜੁ ਛੜ, ਸਭ ਸਮਾਨ ਸਿਤ ਠੇਲ ॥੧੭੯॥
ਖਾਵਤ ਹੀਯਾ ਰੋਗ ਖਯ, ਕਾਸ ਰੋਚਨਾ ਜਾਨ।
ਗੁਲਮ ਛਰਦਿ ਕੰਠਾਮ ਯਹਿ, ਇਨ ਰੋਗਨ ਕੀ ਹਾਨ ॥੧੮੦॥

੫੯੭-ਕਪੂਰ, ਸਰਦਚੀਨੀ, ਜਾਯਫਲ, ਲੌਂਗ, ਸੁੰਢ, ਮਘ, ਮਿਰਚ, ਤਜਪਤ੍ਰ ਤੇ ਛੜ, ਏਹ ਸਭ ਸਮਾਨ ਤੇ ਸਭਨਾਂ ਦੇ ਸਮਾਨ ਮਿਸਰੀ ਪਾਕੇ ਚੂਰਣ ਕਰਕੇ ਖਾਏ ਤਾਂ ਹ੍ਰਿਦਯ ਰੋਗ, ਖਈ, ਕਾਸ, ਗੁਲਮ, ਕੈ ਤੇ ਕੰਠ ਰੋਗ ਸਭ ਨਾਸ ਕਰੇ, ਵਧੇਰੇ ਅੰਨ ਦੀ ਰੁਚੀ ਵਧਾਵੇ ॥੧੭੯॥੧੮੦॥

ਜਵਾਨਯਾਦਿ ਚੂਰਨ—ਚੌਪਈ

ਅਜਵਾਇਨ ਜੋ ਆਮਲਬੇਤ। ਤਿੰਤੜੀਕ ਨਾਗਰ ਲੈ ਦੇਤ।
ਦਾਰਮ ਬਦਰੀ ਅਮਲੀ ਪਾਇ। ਕਰਖ ਕਰਖ ਸਭ ਏਹ ਮਗਾਇ।੧੮੧।
ਧਨੀਆਂ ਸੌਚਰ ਜਾਜੀ ਤੁਕਾ। ਅਰਧ ਅਰਧ ਏ ਕਰਖ ਜੁ ਦੁਕਾ।
ਸੌ ਪੀਪਰ ਮਰਚਾਂ ਸੈ ਦੋਇ। ਮਿਸਰੀ ਚਾਲ ਪਲੰ ਲੈ ਢੋਇ।੧੮੨।
ਖਾਵਤ ਜਿਹਵਾ ਸੋਧਨ ਕਰੈ। ਹੀਯਾ ਰੋਗ ਅਰੋਚਕ ਹਰੈ।
ਪਲੀਹਾ ਪਾਰਸ ਸੂਲ ਮਿਟਾਇ।ਸਰਬ ਰੋਗ ਕਾ ਨਾਸ ਕਰਾਇ।੧੮੩॥
ਦਾਹ ਸ੍ਵਾਸ ਬਮ ਕਾਸ ਨਸਾਇ। ਗ੍ਰਹਿਣੀ ਔਰ ਵਬੰਧ ਗਵਾਇ।
ਕਹਯੋ ਜਵਾਨੀ ਆਦਿਕੁ ਏਇ। ਰਾਜਜਖਮ ਕਾ ਨਾਸ ਕਰੇਇ ॥੧੮੪।

੫੯੮-ਅਜਵਾਇਣ, ਅਮਲਵੇਤ, ਸਮਾਕ, ਸੁੰਢ, ਅਨਾਰਦਾਣਾ, ਕਚ (ਖਟੇ) ਬੇਰ ਤੇ ਇਮਲੀ ਏਹ ਸਭ ਤੋਲਾ ਤੋਲਾ, ਧਨੀਆਂ, ਸੌਂਚਰਲੂਣ, ਜੀਰਾ ਤੇ ਦਾਰਚੀਨੀ ਏਹ ਛੇ ਛੇ ਮਾਸੇ ੧੦੦ ਮਘ ਅਰਥਾਤ ੪ ਤੋਲੇ, ੨੦੦ ਮਿਰਚ ਅਰਥਾਤ ੮ ਤੋਲ ਤੇ ਮਿਸਰੀ ੧੬ ਤੋਲੇ ਪਾਕੇ ਚੂਰਣ ਕਰੇ, ਖਾਏ ਤਾਂ

‡"ਕਣਾ ਸਰ ਏ ਕਰਖ ਕਰਖੈ" ਸੁਧ ਪਾਠ ਹੈ, ਇਸ ਵਿਚ "ਸੁਭ" ਤਵਾਸੀਰ ਦਾ ਨਾਮ ਹੈ, ਭਾਵ ਪ੍ਰਕਾਸ਼ ਪ੍ਰਿਸ਼ਟ ੧੫੦, ਪੰ: ੧. ਔਰ ਦੇਖੋ ਆ: ਐ: ਕੋਸ਼ ਪ੍ਰਿ: ੧੬੭. ਪ੍ਰਯੋਗ ਵਾਸਤੇ ਦੇਖੋ ਬੰਗਸੇਨ ਪ੍ਰਿ: ੨੨੮. ਕਿਤਨੀ ਅਗਯਾਨਤਾ ਹੈ ਕਿ ਸੁਭ-ਤਵਾਸੀਰ ਦੇ ਨਾਮ ਦਾ ਅਰਥ "ਸਭ" ਕਰ ਦੇਣਾ।

Digitized by Panjab Digital Library | www.panjabdigilib.org

ਜਿਹਬਾ ਸੋਧਨ ਕਰੇ, ਹ੍ਰਿਦਯ ਰੋਗ, ਅਰੁਚੀ, ਲਿਫ ਤੇ ਜਾਤੁਲਜੰਮ ਆਦਿ ਸਭ ਰੋਗ ਨਾਸ ਕਰੇ ਅਰ ਦਾਹ, ਸ੍ਵਾਸ, ਕੈ, ਖਾਂਸੀ, ਸੰਗ੍ਰਹਿਣੀ ਤੇ ਪੇਟ ਦਾ ਗੁੰਮ ਰਹਿਣਾ ਇਹ ਜਵਾਨੀਆਂ ਦੇ ਚੂਰਨ ਸਭ ਦੇ ਨਾਸ ਕਰਨਹਾਰਾ ਫਿਰ ਭੀ ਰਾਜਜ਼ਖਮ ਦਾ ਤਾਂ ਹਰਨੇਹਾਰਾ ਹੈ ॥੧੮੧ ਤੋਂ ੧੮੪॥

ਚੂਰਣ (ਵੰਗਸੇਨਾਤ)—ਸੋਰਠਾ

ਕਪਿ ਪਲੁ ਸੂਕਾ ਆਨ, ਪੀਸ ਕਰੋ ਚੂਰਨ ਤਿਸੈ।
ਅਜਾ ਛੀਰ ਸੋ ਪਾਨ, ਰਾਜ ਜਖਮ ਛਯ ਜਾਤ ਹੈ ॥੧੮੫॥

੫੬੯—ਬਾਂਦਰ ਦਾ ਮਾਸ ਸੁਕਾ ਪੀਹ ਕੇ ਬਕਰੀ ਦੇ ਦੁਧ ਨਾਲ ਦੇਵੇ ਤਾਂ ਰਾਜਜ਼ਖਮ ਤੇ ਖਈ ਨਾਸ ਕਰੇ ॥੧੮੫॥

ਹਰਨ ਛਾਂਗ ਕੋ ਸਾਸ, ਸੂਕਾ ਚਰਨ ਪੀਸ ਇਹ।
ਅਜਾ ਦੂਧ ਸੋ ਖਾਇ, ਰਾਜਜਖਮ ਜਾਤਾ ਰਹੈ ॥੧੮੬॥

ਹੋਰ ਹਰਨ ਤੇ ਬਕਰੇ ਦਾ ਮਾਸ ਭੀ ਸੁਕਾ ਚੂਰਨ ਕਰਕੇ ਬਕਰੀ ਦੇ ਦੁਧ ਨਾਲ ਦੇਵੇ ਤਾਂ ਰਾਜ ਜ਼ਖਮ ਨੂੰ ਨਾਸ ਕਰਦਾ ਹੈ ॥੧੮੬॥

ਰਾਜਯਖਮ ਪੱਥ—ਦਵੈਯਾ ਛੰਦ

ਤੰਦੁਲ ਖਸਟਕ ਮੁਗਦਾ ਚਨਕਾ, ਮਾਖਨ ਕਨਕੈ ਖਾਵੇ।
ਮਦਿਰਾ ਸਿਖਰਨ ਘ੍ਰਿਤ ਪਜਛਾਂਗਾ, ਸਿਗ੍ਰ ਦਾਖਾ ਪਾਵੇ।
ਮਨਿ ਮੋਤੀ ਕੀ ਮਾਲਾ ਪਹਿਰੇ, ਸੋਨੇ ਜਰੰਤ ਕਰਾਈ।
ਸੂਰਜ ਕਿਰਨਾ ਮ੍ਰਿਗਮਦ ਚੰਦਨ, ਲੇਪਨ ਪਥ ਬਤਾਈ ॥੧੮੭॥

੫੭੦—ਸਠੀ ਦੇ ਚੌਲ, ਮੂੰਗੀ, ਚਣੇ, ਮਾਂਹ, ਕਣਕ ਮਦਿਰਾ, †ਸਿਖਰਣਿ (ਰਸਾਲਾ) ਘੇਉ, ਬਕਰੀ ਦਾ ਦੁਧ, ਸੁਹਾਂਵਣਾ, ਮੁਣੱਕਾ ਖਾਣਾ, ਮਣੀਆਂ, ਮੋਤੀਆਂ ਦੀਆਂ ਮਾਲਾਂ ਪਹਿਰਨੀਆਂ, ਸੋਨੇ ਜੜਾਊ ਗਹਿਲੇ ਪੌਣੇ. ਸੂਰਜ ਦੀਆਂ ਕ੍ਰਿਣਾਂ, ਕਸਤੂਰੀ, ਚੰਣਨ ਦਾ ਲੇਪ, ਇਹ ਸਭ ਪਥ ਹਨ ॥੧੮੭॥

ਕੁਪਥ—ਦਵੈਯਾ ਛੰਦ

ਰੇਚਨ ਬੇਗ ਬਿਧਾਰਨ ਸ੍ਰੰਮ ਅਤਿ, ਅੰਜਨੁ ਸ੍ਵੇਦਨ ਜਾਨੋ।
ਜਾਗਨ ਸਾਹਸ ਤਿਯ ਕਾ ਸੰਗੰ, ਬਿਖਮ ਸਨ ਕੁਲ ਥਾਨੋ।
ਪੇਠਾ ਮਾਖਾ ਲਸਨੰ ਬਿੰਬੀ, ਕਰਿਕੋਟਕ ਕਾਰੇਲੇ।

---

†ਸਿਖਰਣਿ-ਰਸਾਲਾ ਇਹ ਹੁੰਦਾ ਹੈ, ਮਹੀਂ ਦਾ ਤਾਜਾ ਦੁਧ ੫੧੨ ਤੋਲੇ ਲੈ ਕੇ ਕੋਰੀਆਂ ਦੋ ਹਾਂਡੀਆਂ ਅਧੀਆਂ ਅਧੀਆਂ ਰਖਕੇ ਜਮਾ ਦੇਵੇ, ਦਿਨੇ ਉਸ ਦਾ ਖੱਟਾ ਪਾਣੀ ਕਢ ਕੇ ਫਿਰ ੨੫੬ ਤੋਲੇ ਖੰਡ ਦਾ ਬੂਰਾ ਕਪੜੇ ਵਿਚ ਪਾ ਕੇ ਦੂਸਰੀ ਹਾਂਡੀ ਦਾ ਦਹੀਂ ਪਲਟ ਕੇ ਮਲ ੨ ਕੇ ਬੂਰੇ ਸਮੇਤ ਛਾਣ ਦੇਵੇ, ਸੋ ਅਛੇ ਪਾਤ੍ਰ ਵਿਚ ਪਾਕੇ ਲਾਚੀ, ਲੌਂਗ, ਕਪੂਰ ਤੇ ਮਿਰਚ, ਮਾਫਕ ਸਿਜਾਜ਼ ਪਾਕੇ ਖਾਵੇ। ਇਹੀ ਸਿਖਰਣਿ, ਇਹੀ ਰਸਾਲਾ ਕਿਹਾ ਜਾਂਦਾ ਹੈ। ਦੇਖੋ ਭਾਵ ਪ੍ਰਕਾਸ਼ ਪ੍ਰਿ: ੩੫੧

Digitized by Panjab Digital Library | www.panjabdigilib.org

ਅਮਲੀ ਰਾਮਠ ਪਤ੍ਰ ਸਾਕੰ, ਕਹੇ ਕੁਪੱਥ ਜੁ ਏਲੇ ॥੧੮੮॥

੫੭੧-ਦਸਤ ਲੈਣੇ, ਬੇਗਾਂ ਦਾ ਰੋਕਣਾ, ਅਤਯੰਤ ਥਕੇਵਾਂ, ਸੁਰਮਾ ਪੌਣਾ, ਪਸੀਨਾ ਲੈਣਾ, ਰਾਤ ਦਾ ਜਾਗਣਾ, ਸਾਹਸ, ਇਸਤ੍ਰੀ ਦਾ ਸੰਗ, ਵਿਖਮ ਭੋਜਨ, ਕੁਲਥ; ਪੇਠਾ, ਮਾਂਹ, ਲਸਨ, ਕਦੂਰੀਆਂ, ਕਕੌੜੇ, ਕਰੇਲੇ, ਇਮਲੀ, ਹਿੰਗ ਤੇ ਪਤ੍ਰਾਂ ਦਾ ਸਾਗ ਇਹ ਸਭ ਕੁਪਥ ਹਨ ॥੧੮੮॥

ਅਥ ਕਾਸ(ਖਾਂਸੀ) ਰੋਗ ਨਿਦਾਨ- ਪਰਹਾ

ਧੂਮ ਘਾਤ ਰਜ ਧੂਲਾ, ਮੁਖ ਮੈ ਜਾਤ ਹੈ।
ਬਯਾਮ ਰੂਖ ਅੰਨ ਖਾਵੈ, ਮਾਰਗ ਸਾਤ ਹੈ।
ਬੇਗ ਰੋਕਨਾ ਭੋਜਨੁ, ਚਿਕਨਾ ਜਾਨਿਯੇ।
ਉਪਜਤ ਕਾਸ ਸੁ ਰੋਗੁ, ਜੁ ਪੰਚ ਬਖਨਿਯੇ॥ ੧੮੯॥
ਕਾਂਸੀ ਫੂਟਾ ਭਾਂਜਨ ਸਬਦਿ ਜੁ ਕਰਤ ਹੈ।
ਤਯੋਂ ਨਰ ਬੋਲਤ ਬੈਨ, ਸਬਦਿ ਸੋ ਧਰਤ ਹੈ।
ਥੂਕੇ ਬਾਰੰਬਾਰ, ਸੁ ਖਾਂਸੀ ਆਖੀਏ।
ਮਾਧਵ ਕੇ ਅਨੁਸਾਰ, ਇਹੀ ਬਿਧਿ ਰਾਖੀਏ॥੧੯੦ ॥

ਧੂੰਏਂ ਯਾ ਧੂੜ ਦੇ ਕੰਠ ਨਾਲ ਚੋਟ ਲਗਣੇ ਤੇ ਯਾ ਧੂੜੀ ਮੂੰਹ ਵਿਚ ਪੈਣ ਤੇ, ਕਸਰਤ ਕਰਨੇ, ਰੁਖੇ ਭੋਗਨ ਖਾਣੇ, ਰਸਤੇ ਦੇ ਥਕੇਵੇਂ, ਬੇਗਾਂ ਦੇ ਰੋਕਣੇ ਅਤੇ ਚੀਕਣ ਭੋਜਨਾਂ ਦੇ ਖਾਣੇ ਤੇ ਪੰਜ ਪ੍ਰਕਾਰ ਦੀ ਕਾਸ (ਖਾਂਸੀ) ਪਦਾ ਹੁੰਦੀ ਹੈ। ਕਾਂਸੀ (ਕਹੇਂ) ਦੇ ਟੁਟੇ ਭਾਂਡੇ ਵਾਂਗ ਆਦਮੀ ਬਾਰ ੨ ਬੋਲਦਾ, ਥੁਕਦਾ, ਬਾਰੰਬਾਰ ਖੰਘਦਾ ਹੈ ਸੋ ਉਹ ਕਾਸ (ਖਾਂਸੀ) ਕਹੀ ਜਾਂਦੀ ਹੈ ॥੧੮੯॥੧੯੦॥

ਅਸਾਧ ਲੱਛਣ-ਚੌਪਈ

ਸੂਲ ਤਾਪ ਦੁਰਬਲ ਅਤਿ ਛੀਨ। ਮੋਹ ਦਾਹ ਲਵ ਗੰਧ ਮਲੀਨ।
ਨੀਲੀ ਪੀਲੀ ਰਕਤ ਸਥੂਕੈ। ਦਿਨ ਦਿਨ ਰੋਗੀ ਕਾ ਤਨ ਸੂਕੈ॥੧੯੧।
ਸ੍ਵਾਸ ਕਾਸ ਕਰ ਪੀਰਤ ਅੰਗ। ਸੋ ਰੋਗੀ ਨਿਹਚੈ ਹੁਇ ਭੰਗ।
ਇਸਕਾ ਬੈਦ ਨਾ ਕਰੋ ਉਪਾਇ। ਜੋ ਕਰਿਹੋ ਤੌ ਜਸੁ ਮਿਟ ਜਾਇ॥੧੯੨॥

ਸੂਲ, ਤਾਪ, ਕਮਜ਼ੋਰੀ, ਖੀਣਤਾ, ਮੋਹ, ਦਾਹ, ਥੁਕ ਵਿਚੋਂ ਦੁਰਗੰਧੀ ਤੇ ਨੀਲੀ, ਪੀਲੀ, ਲਾਲ ਥੁਕ ਹੋਵੇ ਦਿਨ ਦਿਨ ਰੋਗੀ ਦਾ ਸਰੀਰ ਸੁਕਦਾ ਜਾਣਾ, ਸ੍ਵਾਸ, ਕਾਸ ਨਾਲ ਅੰਗ ਮੁਰਝਾਏ ਜਾਣੇ। ਇਸ ਹਾਲਤ ਵਾਲਾ ਰੋਗੀ ਮਰ ਜਾਂਦਾ ਹੈ, ਇਸ ਦਾ ਉਪਾਯ ਕਰਨਾ ਯਸ ਦਾ ਨਾਸਕ ਹੈ।੧੯੧।੧੯੨।

ਬਾਤ ਕਾਸ ਲੱਛਣ-ਦੋਹਰਾ

ਕੁਖ ਸੀਸ ਹਿਯ ਸੂਲ ਹੁਇ, ਸੁਰਭੰਗ ਹੋਵੇ ਕਾਸ।
ਸੂਕਾ ਤਨ ਬੋਲੈ ਉਠਤ, ਬਾਤ ਕਾਸ ਏ ਭਾਸ॥੧੯੩॥

Digitized by Panjab Digital Library | www.panjabdigilib.org

ਵਖੀਆਂ, ਸਿਰ ਤੇ ਰਿਦੇ ਵਿੱਚ ਸੂਲ, ਖਾਂਸੀ ਨਾਲ ਸੁਰ ਮਾਰਿਆ ਜਾਣਾ, ਸਰੀਰ ਸੁਕਦਾ ਜਾਣਾ ਅਰ ‡ਬੋਲਣੇ ਤੇ ਖਾਂਸੀ ਜ਼ੋਰ ਨਾਲ ਉਠਦੀ, ਇਹ ਬਾਤ ਖਾਂਸੀ ਕਹਾਉਂਦੀ ਹੈ ॥੧੯੩॥

ਕਾਸ ਉਪਾਇ

ਟੰਕ ਗਹੋ ਪੁਰ ਏਕ ਸੁਧ, ਆਫੂ ਗੁੰਜਾ ਚਾਰ।
ਕਾਲ ਕੁੰਚਕਾ ਟੰਕ ਦੋਇ, ਗੋਥਨ ਟੰਕ ਚੌ ਡਾਰ ॥੧੯੪॥
ਗੋਲੀ ਗੁੰਜਾ ਸਮ ਕਰੋ, ਨਿਸ ਕੋ ਮੁਖ ਮਹਿ ਡਾਰ।
ਜਾਇ ਪੁਰਾਤਨ ਕਾਂਸਿ ਖਯਤ, ਗੋਲੀ ਸਿਧ ਬਿਚਾਰ ॥੧੯੫॥

੫੭੨–ਗੁਗਲ ੪ ਮਾਸੇ, *ਸੁਧ ਪੱਕੀ ਅਫੀਮ ੪ ਰੱਤੀਆਂ, ਕਾਲਾ ਜੀਰਾ ੮ ਮਾਸੇ ਤੇ ਮੁਣੱਕਾ ੧੬ ਮਾਸੇ ਲੈਕੇ ਸਭਨਾਂ ਨੂੰ ਖਰਲ ਕਰਕੇ ਰਤੀ ਪ੍ਰਮਾਣ ਗੋਲੀ ਬੰਨ੍ਹ ਰਖੇ। ਰਾਤ ਨੂੰ ਮੂੰਹ ਵਿਚ ਰਖਕੇ ਰਸਾ ਚੂਸੇ ਤਾਂ ਪੁਰਾਣੀ ਖਾਂਸੀ, ਖਈ ਖਤ (ਜ਼ਖਮ) ਦੀ ਖਾਂਸੀ ਸਭੋ ਨਾਸ ਕਰੇ, ਇਹ ਸਿਧ ਯੋਗ ਹੈ ॥ ੧੯੪ ॥ ੧੯੫ ॥

(ਬੰਗਸੇਨਾਤ)–ਚੌਪਈ

ਪਾਂਚ ਮੂਲ ਕਾ ਕ੍ਵਾਥ ਕਰਾਇ। ਊਪਰ ਪਾਵੇ ਕਨਾ ਪਿਸਾਇ।
ਬਾਤ ਕਾਸ ਕਾ ਨਾਸ ਕਰਾਇ। ਬੰਗਸੈਨ ਤੇ ਦਿਯੋ ਬਤਾਇ ॥੧੯੬॥

੫੭੩–ਪੰਜ ਮੂਲ (ਸੋਨਾਕ, ਬਿਲ, ਕੰਡਿਜਾਰੀ, ਪਾਟਲਾ, ਅਰਣੀ) ਦਾ ਕਾੜ੍ਹਾ ਕਰਕੇ ਉਪਰ ਮਘਾਂ ਧੂੜ ਕੇ ਪੀਵੇ ਤਾਂ ਬਾਤ ਦੀ ਖਾਂਸੀ ਜਾਵੇ ॥੧੯੬॥

(ਬੰਗਸੇਨਾਤ)–ਦੋਹਰਾ

ਸ੍ਰਿੰਗੀ ਪੀਪਰ ਭਾਰੰਗੀ, ਬਾਂਸਾ ਸਟੀ ਗਿਲੋਇ।
ਗੁੜ ਮਧੁ ਤੇਲ ਸੋ ਚਾਟਿਯੇ, ਬਾਤ ਕਾਸ ਨਾ ਹੋਇ ॥੧੯੭॥

੫੭੪–ਕੱਕੜਸਿੰਗੀ, ਮਘ, ਭੜਿੰਗੀ, ਬਾਂਸਾ, ਕਚੂਰ, ਗਿਲੋਜ ਤੇ ਗੁੜ, ਸ਼ਹਿਤ, ਤੇਲ ਮਿਲਾਕੇ ਚਟਾਵੇ ਤਾਂ ਬਾਤ ਦੀ ਖਾਂਸੀ ਜਾਵੇ ॥੧੯੭॥

ਦਾਖ ਭਾਰਗੀ ਪੀਪਰੀ, ਨਾਗਰ ਸ੍ਰਿੰਗ ਕਚੂਰ।
ਚਾਟੇ ਗੁੜ ਅਰੁ ਤੇਲ ਸੋ, ਕਾਸ ਬਾਤ ਕੋ ਚੂਰ ॥ ੧੯੮ ॥

੫੭੫–ਮੁਣੱਕਾ, ਭੜਿੰਗੀ, ਮਘ, ਸੁੰਢ, ਕਕੜਸਿੰਗੀ ਤੇ ਕਚੂਰ, ਚੂਰਣ ਕਰਕੇ ਗੁੜ ਅਰ ਤੇਲ ਵਿਚ ਰਲਾਕੇ ਚਟਾਵੇ ਤਾਂ ਸ਼ੀਘਰ ਬਾਤ ਦੀ ਖਾਂਸੀ ਮਿਟੇ ॥੧੯੮॥

ਸ੍ਰਿੰਗੀ ਦੁਸਯਪ੍ਰਸ ਨਾਗਰੰ, ਸਿਤਾ ਸਟੀ ਜੋ ਦਾਖ।

---

‡ਖਾਂਸੀ-ਬੋਲਣ ਤੇ ਉਠਦੀ ਹੈ, ਉਚਿਤ ਅਨੁਚਿਤ ਅਰਥ ਕਰਨ ਵਾਲੇ ਦੀ ਅਗਯਾਨਤਾ ਹੈ। ਭ੍ਰਮਨਿ ਬ੍ਰਿਤੀ ਭਾਵ ਪ੍ਰਕਾਸ਼ ਤੇ ਵੰਗਸੇਨ ਦੇਖਕੇ ਕਰੋ।

*ਅਫੀਮ ਨੂੰ ੨੧ ਵਾਰ ਅਦ੍ਰਕ ਦ ਰਸ ਵਿਚ ਘੋਟੇ, ਹਰ ਇਕ ਪੁਟ ਦਿੰਦਾ ਸੁਕਾਈ ਜਾਵੇ. ਇਹ ਅਫੀਮ ਸੁਧ ਯੋਗ ਵਿਚ ਪੌਣ ਦੇ ਲਾਇਕ ਹੁੰਦੀ ਹੈ। ਦੇਖੋ ਬਨ ਔ: ਵਿਗਯਾਨ, ਪ੍ਰਿ: ੯.

Digitized by Panjab Digital Library | www.panjabdigilib.org

ਤੇਲ ਸੰਗ ਚਾਟਨ ਕਰੋ, ਬਾਤ ਕਾਸ ਮਿਟ ਭਾਖ ॥ ੧੯੯ ॥

੫੭੬–ਕਕੜ ਸਿੰਗੀ, ‡ਜਵਾਹਾਂ, ਸੁੰਢ, ਮਿਸਰੀ, ਕਚੂਰ ਤੇ ਮੁਣੱਕਾ ਸਮ ਪੀਹਕੇ ਤੇਲ ਨਾਲ ਚੱਟੇ ਤਾਂ ਬਾਤ ਦੀ ਖਾਂਸੀ ਤੁਰਤ ਨਾਸ ਹੋਵੇ ॥੧੯੯॥

ਪੰਚ ਕੋਲ ਅਰੁ ਲਵਨ ਪਚ, ਸੁੰਠੀ ਦੋਨੋ ਖਾਰ।
ਸਟੀ ਮਰਚ ਏ ਪੀਸਕੈ, ਦੀਜੇ ਘ੍ਰਿਤ ਮੈ ਡਾਰ ॥ ੨੦੦ ॥
ਪ੍ਰਾਤ ਉਠੀ ਚਾਟਨ ਕਰਤ, ਮਿਟਤ ਬਾਤ ਕੋ ਕਾਸ।
ਕਫ ਹਿਕ੍ਵਾ ਦੂਰੈ ਭਜਤ, ਔਖਧ ਭਲੀ ਸੁ ਖਾਸ॥ ੨੦੧ ॥

੫੭੭–*ਪੰਜਕੋਲ (ਮਘ, ਪਿਪਲਾਮੂਲ, ਚੱਬ, ਚਿਤ੍ਰਾ ਤੇ ਸੁੰਢ), ਪੰਜ ਲੂਣ (ਕਚ, ਸੇਂਧਾ, ਸਮੁੰਦ੍ਰ, ਸੌਂਚਰ ਤੇ ਕਾਲਾ) ਸੁੰਢ, ਦੋਨੋਂ ਖਾਰਾਂ (ਸੱਜੀ, ਜੌਂਖਾਰ) ਕਚੂਰ ਤੇ ਮਿਰਚਾਂ, ਇਹ ਪੀਹਕੇ ਘੇਉ ਵਿਚ ਪਾ ਦੇਵੇ। ਪ੍ਰਾਤਾਕਾਲ ਉਠ ਕੇ ਚੱਟੇ ਤਾਂ ਬਾਤ ਦੀ ਖਾਂਸੀ ਨਾਸ ਕਰੇ, ਬਲਗਮ ਹਿਡਕੀ ਭੀ ਦੂਰ ਹੋਵੇ ॥੨੦੦॥੨੦੧॥

ਸੁੰਠ ਦੁਰਾਲਭ ਦਾਖ ਸਟਿ, ਤੋਖਾਖੀਰ ਮਿਲਾਇ।
ਤੇਲ ਸੰਗ ਚੂਰਨ ਭਖੋ, ਬਾਤ ਕਾਸ ਮਿਟ ਜਾਇ ॥੨੦੨॥

੫੭੮–ਸੁੰਢ, ਧਮਾਹਾਂ, ਮੁਣੱਕਾ, ਕਚਰ ਤੇ ਤੋਖਾਖੀਰ ਪੀਹਕੇ ਤੇਲ ਨਾਲ ਖਾਵੇ ਤਾਂ ਬਾਤ ਦੀ ਖਾਂਸੀ ਜਾਵੇ ॥੨੦੨॥

ਬਰੋਖ ਜਰਨ ਜਾਤੀਫਲਾ, ਮਧੁ ਸੋ ਚਾਟਨ ਥਾਇ।
ਊਰਧ ਸ੍ਵਾਸ ਤਮਕੈ ਕਸਨ, ਬਾਤ ਰੋਗੁ ਨ ਰਹਾਇ ॥੨੦੩॥

੫੭੯–ਮਘ, ਮਿਰਚ, ਸੁੰਢ, ਜੀਰਾ ਤੇ ਜਾਫਲ ਪੀਹਕੇ ਸ਼ਹਿਤ ਨਾਲ ਚਟੇ ਤਾਂ ਊਰਧ ਸ੍ਵਾਸ, ਤਮਕ ਸ੍ਵਾਸ ਤੇ ਬਾਤ ਦੀ ਖਾਂਸੀ ਨਾ ਰਹੇ ॥੨੦੩॥

ਪਿਤ ਕਾਸ (ਖਾਂਸੀ) ਲੱਛਣ

ਦਾਘ ਤ੍ਰਿਖਾ ਬਮਿ ਛਰਦ ਭ੍ਰਮ, ਨਿਸਟੀਵਨ ਹੁਇ ਅਲਪ।
ਪੀਤ ਬਰਨ ਸਿਰ ਸੂਲ ਅਤਿ, ਪਿਤ ਕਾਸ ਇਮ ਕਲਪ॥੨੦੪॥

ਹ੍ਰਿਦਯ ਸੜਨਾ, ਪਯਾਸ, ਵਮਨ, ਸੁਕੇ ਉਬੱਤ †ਨਿਸਟੀਵਨ ਕਹੀਏ ਤੁਕਣਾਂ, ਸੋ ਮੂੰਹ ਰਸਤੇ

---

‡ਦੁਸਪਰਸ--ਜਵਾਹਾਂ ਹੈ ਦੇਖੋ ਆ: ਐ: ਕੋਸ਼ ਪ੍ਰਿ: ੭੯ ਅਮਰ ਕੋਸ਼ ਸਲੋਕ ੯੧ ਸਰਗ ੨, ਏਥ ਕੰਡਿਆਰੀ ਅਰਥ ਨਹੀਂ ਹੈ।

*ਪੰਜ ਕੋਲ ਦੇ ਨਾਵਾਂ ਵਾਸਤੇ, ਦੇਖੋ ਮੇਘ ਦਾ ੧੨ਵਾਂ ਅਧਯਾਯ, ਨ੍ਰਿਘੰਟ, ਆ: ਐ: ਕੋ: ਪ੍ਰਿ:੯੧ ਹੋਰ ਦੇਖੋ ਭਾਵ ਪ੍ਰਕਾਸ਼ ਨ੍ਰਿਘੰਟ।

†ਨਿਸਟੀਵਨ–ਥੁਕਣਾਂ: ਸੋ ਮੂੰਹ ਰਸਤੇ ਬਲਗਮ ਦੇਖੋ ਆ: ਐ: ਕੋ: ਪ੍ਰਿ: ੯੮. ਹੋਰ ਦੇਖੋ ਹਿੰਦੀ ਸ਼ਬਦ ਸਾਗਰ ਕੋਸ਼ ਪ੍ਰਿ: ੧੯੬੬ ਅਗਯਾਨੀ ਟੀਕਾਕਾਰਾਂ ਨੇ ਨਿਸਟੀ ਦਾ ਅਰਥ ਨਕਸੀਰ ਤੇ ਵਨ-ਬਾ ਅਰਥ ਅਗਨੀ ਕਰਕੇ ਅਗਯਾਨਤਾ ਜਣਾਈ ਹੈ।

Digitized by Panjab Digital Library | www.panjabdigilib.org

ਅਲਪ ਬਲਗਮ ਦਾ ਨਿਕਲਨਾ, ਪਾਂਡੂ ਰੋਗ, ਅਤਯੰਤ ਸਿਰ ਵਿਚ ਸੂਲ, ਇਹ ਪਿਤ ਖਾਂਸੀ ਦੇ ਲੱਛਣ ਕਹੇ ਜਾਂਦੇ ਹਨ ॥੨੦੪॥

ਉਪਾਇ—ਸੋਰਠਾ

ਬੰਸ ਦ੍ਰਿਗਨ ਤਵਖੀਰ, ਪੀਪਰ ਮਧੁ ਸੰਗਹਿ ਚਟੇ।
ਘ੍ਰਿਤ ਭੀ ਤਾਮਹਿ ਭੀਰ, ਪਿੱਤ ਕਾਸ ਕਾ ਨਾਸ ਹੁਇ॥੨੦੫॥

੫੮੦—ਤਵਾਸ਼ੀਰ ਤੋਖਾਖੀਰ ਤੇ ਮਘ ਸ਼ਹਿਤ ਨਾਲ ਘਿਊ ਪਾਕੇ ਚਟੇ ਤਾਂ ਪਿਤ ਦੀ ਖਾਂਸੀ ਜਾਵੇ ॥ ੨੦੫ ॥

ਯਸਟੀ ਗੂੰਥਕ ਦਾਖ, ਦੂਰਬ ਪੀਪਰ ਮਧੁ ਸਰਪਿ।
ਪਿਤ ਕਾਸ ਮਿਟ ਭਾਖ, ਜੋ ਨਿਤ ਚਾਟੇ ਪ੍ਰਾਤ ਉਠ॥੨੦੬॥

੫੮੧—ਮੁਲੱਠੀ, ਪਿਪਲਾ ਮੂਲ, ਮੁਣੱਕਾ, ਖੱਬਲ ਘਾਹ, ਮਘ, ਸ਼ਹਿਤ ਤੇ ਘਿਉ ਇਨ੍ਹਾਂ ਦੇ ਪ੍ਰਾਤਾਕਾਲ ਚੱਟਣ ਤੇ ਪਿਤ ਦੀ ਖਾਂਸੀ ਜਾਂਦੀ ਹੈ ॥੨੦੬॥

ਦੋਹਰਾ

ਮਾਤਲੁੰਗ ਰਸ਼ ਹਿੰਗ ਮਧੁ, ਸੀਤਾ ਤਿਨ ਫਲ ਪਾਇ।
ਸੇਂਧਾ ਸਭ ਪੀਸੇ ਚਟੈ, ਪਿਤ ਕਾਸ ਮਿਟ ਜਾਇ॥ ੨੦੭ ॥

੫੮੨—ਚਕੋਧਰੇ ਦਾ ਰਸ, ਹਿੰਗ, ਸ਼ਹਿਤ, ਮਿਸਰੀ, ਤ੍ਰਿਫਲਾ ਤੇ ਸੇਂਧਾਲੂਣ ਸਭ ਪੀਹਕੇ ਚਟੇ ਤਾਂ ਪਿਤ ਦੀ ਖਾਂਸੀ ਜਾਂਦੀ ਹੈ ॥੨੦੭॥

ਕਣਾ ਦਾਖ ਅਰ ਲਾਖੁ ਲੈ, ਧਾਤ੍ਰੀ ਲਾਜਾ ਪਾਇ।
ਸਿਤੋਲਪਾਸ ਮਧੁ ਚਾਟੀਏ ਪਿਤ ਕਾਸ ਨ ਰਹਾਇ ॥੨੦੮॥

੫੮੩—ਮਘ, ਮੁਣੱਕਾ, ਪਿਪਲ ਦੀ ਲਾਖ, ਆਵਲੇ,ਧਾਨਾਂ ਦੀਆਂ ਫੁਲੀਆਂ ਤੇ ਕੁੱਜੇ ਦੀ ਮਿਸਰੀ ਸ਼ਹਿਤ ਨਾਲ ਚੱਟ ਤਾਂ ਪਿਤ ਦੀ ਖਾਂਸੀ ਜਾਵੇ ॥੨੦੮॥

(ਬੰਗਸੇਨ)—ਦੋਹਰਾ

ਕਾਂਕੋਲੀ ਬ੍ਰਿਹਤੀ ਬ੍ਰਿਖਨਿ, ਸੁੰਠੀ ਮੇਦਾ ਦੋਇ।
ਅਜਾ ਦੂਧ ਸੋ ਪੀਜੀਏ, ਪਿਤ ਕਾਸ ਨਾ ਹੋਇ ॥੨੦੯॥

੫੮੪—*ਕਾਂਕੋਲੀ (ਸਕਾਕਲ) ਕੰਡਯਾਰੀ, ਬਾਂਸਾ, ਸੁੰਢ, ਮੇਦਾ, ਮਹਾ ਮੇਦਾ ਅਭਾਵ ਮੇ ਸਫੇਦ ਤੇ ਸੁਰਖ ਬ੍ਰਹਮਣ, ਇਨ੍ਹਾਂ ਦੇ ਕ੍ਵਾਥ ਦੇ ਜਲ ਨਾਲ ਬਕਰੀ ਦਾ ਦੂਧ ਮਿਲਾ ਕੇ ਪੀਤਾ, ਪਿਤ ਦੀ ਖਾਂਸੀ ਨਾਸ ਕਰਦਾ ਹੈ ॥੨੦੯॥

ਬਾਂਸਾ ਬ੍ਰਿਹਤੀ ਦਾਖ ਘਨ, ਬਾਲ ਕ੍ਵਾਥ ਕਰ ਪੀਯ।
ਸਹਿਤ ਸਿਤਾ ਤਾਂਮਹਿ ਬਿਲੋ, ਪਿਤ ਕਾਸ ਹਰਨੀਯ ॥੨੧੦॥

---

*ਕੰਕੋਲੀ—ਸ਼ਕਾਕਲ ਲਵੇ, ਸਰਦਚੀਨੀ ਨਹੀਂ ਹੈ।

Digitized by Panjab Digital Library | www.panjabdigilib.org

੫੮੫-ਬਾਂਸਾ, ਕੰਡਯਾਰੀ, ਮੁਣੱਕਾ, ਮੋਥਾ ਤੇ ਖਰੈਟੀ, ਕਾੜ੍ਹਾ ਕਰ ਕੇ ਸ਼ਹਿਤ ਮਿਸਰੀ ਪਾਕੇ ਪੀਵੇ ਤਾਂ ਪਿਤ ਦੀ ਖਾਂਸੀ ਨਾਸ ਕਰੇ ॥੨੧੦॥

ਸਟੀ ਸਰਕਰਾ ਬੇਰ ਹ੍ਰੀ, ਬ੍ਰਿਹਤੀ ਸੁੰਠ ਮਗਾਇ।
ਕ੍ਵਾਥ ਕਰੀ ਘ੍ਰਿਤ ਸਹਿਤ ਭਿਲ, ਪਿਤ ਕਾਸ ਮਿਟ ਜਾਇ॥੨੧੧॥

੫੮੬-ਕਚ, ਖੰਡ, *ਸੁਗੰਧਬਾਲਾ, ਕੰਡਯਾਰੀ ਤੇ ਸੁੰਢ ਕਾੜ੍ਹਾ ਕਰ ਕੇ ਘਿਉ, ਸ਼ਹਿਤ ਪਾਕੇ ਪੀਵੇ ਤਾਂ ਪਿਤ ਦੀ ਖਾਂਸੀ ਨਾਸ ਕਰੇ ॥੨੧੧॥

ਚੌਪਈ

ਪੀਪਰ ਦਾਖਾ ਮੇਲ ਖਜੂਰ। ਮਾਸੀ ਸਿਤਾ ਸੁ ਲਾਜਾ ਪੂਰ।
ਸਰਪਿ ਸਹਿਤ ਸੋ ਚਾਟਨ ਦੇਇ। ਪਿਤ ਕਾਸ ਕਾ ਨਾਸ ਕਰੇਇ॥੨੧੨॥

੫੮੭-ਮਘ, ਮੁਣੱਕਾ, ਖਜੂਰ, ਛੜ, ਮਿਸਰੀ, ਧਾਨਾਂ ਦੀਆਂ ਫੁਲੀਆਂ ਤੇ ਘਿਉ ਸ਼ਹਿਤ ਪਾਕੇ ਚਟਾਵੇ ਤਾਂ ਪਿਤ ਦੀ ਖਾਂਸੀ ਨਾਸ ਕਰੇ ॥੨੧੨॥

ਦੋਹਰਾ

ਪੀਪਰ ਮਿਰਚਾਂ ਦਾਖ ਲੈ, ਮੇਲੋ ਮਧੁਕ ਖਜੂਰ।
ਆਜਯ ਸਹਿਤ ਮਿਲ ਖਾਇਯੇ, ਪਿਤ ਕਾਸ ਹੁਇ ਦੂਰ ॥ ੨੧੩ ॥

੫੮੮-ਮਘ. ਮਿਰਚ, ਮੁਣੱਕਾ ਮੁਲੱਠੀ, ਖਜੂਰ, ਘਿਉ ਤੇ ਸ਼ਹਿਤ ਮਿਲਾਕੇ ਖਾਵੇ ਤਾਂ ਪਿਤ ਦੀ ਖਾਂਸੀ ਨਾਸ ਕਰੇ ॥੨੧੩॥

ਕਫ ਖਾਂਸੀ ਲਛਣ-ਦੋਹਰਾ

ਕਫ ਲਿਪਤਾ ਮੁਖ ਸੀਸ ਦੁਖ, ਕਫ ਸੋ ਪੂਰੇ ਦੇਹ।
ਭੂਖ ਮੰਦ ਗੌਰਵ ਸਦਨ, ਕਫ ਖਾਂਸੀ ਲਖ ਤੇਹ ॥੨੧੪॥

ਮੂੰਹ ਕਫ ਨਾਲ ਲਿਪਤਾ ਰਹੇ, ਸਿਰ ਪੀੜ, ਦੇਹ ਕਫ ਨਾਲ ਪੂਰਤ, ਭੁਖ ਮੰਦ ਤੇ ਸਰੀਰ ਭਾਰੀ, ਇਹ ਕਫ ਖਾਂਸੀ ਦੇ ਲੱਛਣ ਹੁੰਦੇ ਹਨ ॥੨੧੪॥

ਉਪਾਇ-ਦੋਹਰਾ

ਘਨ ਅਭਯਾ ਸ੍ਰਿੰਗੀ ਬਿਖਾਂ, ਸੁੰਠੀ ਸਟੀ ਮਿਲਾਇ।
ਪੀਸ ਸਿਲਾ ਪਰ ਨੀਰ ਸੋਂ, ਸੇਂਧਾ ਰਾਮਠ ਪਾਇ ॥੨੧੫॥
ਪੀਵਤ ਸ੍ਵਾਸੈ ਕਾਸ ਕੋ, ਕਫ ਪਾਰਸ ਕੋ ਸੂਲ।
ਤਨ ਤੇ ਜੁਰ ਸਭ ਜਾਤ ਹੈ, ਕਫੀ ਕਾਸ ਮਿਟ ਮੂਲ ॥ ੨੧੬ ॥

੫੮੯-ਮੋਥਾ, ਹਰੜ, ਕਕੜਸਿੰਗੀ, ਪਤੀਸ, ਸੁੰਢ, ਕਚੂਰ, ਪਾਣੀ ਨਾਲ ਘੋਟ ਕੇ ਸੇਂਧਾਲੂਣ, ਹਿੰਗ ਪਾਕੇ ਸਰਦਾਈ ਪੀਵੇ ਤਾਂ ਦਮਾਂ, ਕਫ ਦੀ ਖਾਂਸੀ, ਵਖੀ ਦੀ ਪੀੜ ਤੇ ਤਾਪ ਇਹ ਸਭ ਨਾਸ

*ਹ੍ਰਿਬੇਰ-ਸੁਗੰਧਬਾਲਾ ਹੈ, ਦੇਖੋ ਭਾਵ ਪ੍ਰਿ: ੧੯੩ ਚਕਿਤਸਾ ਕੋਸ਼ ਪ੍ਰਿ: ੧੯੪

Digitized by Panjab Digital Library | www.panjabdigilib.org

ਕਰੇ ॥੨੧੫॥੨੧੬॥

ਸਟੀ ਰਾਸਨਾ ਦਾਰੁ ਬ੍ਰਿਖ, ਸ੍ਰਿੰਗੀ ਧਨੀਆ ਪਾਇ।
ਤੇਲ ਛੌਦ੍ਰ ਜੁਤ ਚਾਟੀਜੇ, ਕਾਸ ਸਲੇਖਮ ਜਾਇ॥ ੨੧੭॥

੫੯੦--ਕਚੂਰ, ਰਾਸਨ (ਜੰਜ਼ਬੀਲਸ਼ਾਮੀ), ਦੇਵ ਦਾਰ, ਬਾਂਸਾ, ਕਕੜਸਿੰਗੀ ਤੇ ਧਨੀਆਂ ਤੇਲ ਤੇ ਸ਼ਹਿਤ ਪਾਕੇ ਚੱਟ ਤਾਂ ਬਲਗਮੀ ਖਾਂਸੀ ਜਾਵੇ ॥੨੧੭॥

ਬਯੋਖ ਪੁਸਕਰਾ ਦਾਖ ਸਟਿ, ਤ੍ਰਿਫਲਾ ਚਿਤ੍ਰਕ ਘਾਲ।
ਸਹਿਤ ਤੇਲੁ ਅਵਲੇਹ ਕਰਿ, ਕਫ ਕਾ ਕਾਸ਼ ਬਿਹਾਲ ॥੨੧੮॥

੫੯੧-ਤ੍ਰਿਕੁਟਾ, ਪੁਹਕਰਮੂਲ, ਮੁਨੱਕਾ, ਕਚੂਰ, ਤ੍ਰਿਫਲਾ, ਚਿਤ੍ਰਾ, ਸ਼ਹਿਤ ਤੇ ਤੇਲ ਪਾ ਕੇ ਚਟਣੀ ਕਰੇ, ਚਟੇ ਤਾਂ ਕਫ ਦੀ ਖਾਂਸੀ ਨਾਸ ਹੋਵੇ ॥੨੧੮॥

ਕਣਾ ਗਜਕਣਾ ਬੰਨਿ ਲੈ ਗ੍ਰੰਥਕ ਪੀਸ ਛਨਾਇ।
ਮਧੁ ਸੰਗੇ ਅਵਲੇਹ ਇਸ, ਕਫ ਕੀ ਕਾਸ ਮਿਟਾਇ॥ ੨੧੯॥

੫੯੨-ਮਘ; ਲੰਬੀ ਮਘ, ਚਿਤ੍ਰਾ ਤੇ ਪਿਪਲਾਮੂਲ ਪੀਸ ਛਾਣ ਕੇ ਸ਼ਹਿਤ ਨਾਲ ਚਟਣੀ ਚਟੇ ਤਾਂ ਕਫ ਦੀ ਖਾਂਸੀ ਨਾਸ ਕਰੇ ॥੨੧੯॥

ਤਜ ਏਲਾ ਪੁਸਕਰ ਜਟਾ, ਦਾਖ ਪੀਪਰੀ ਮੂਰ।
ਬਯੋਖ ਉਸਮ ਜਲ ਪੀਜੀਏ ਜਾਇ ਕਾਸ ਕਫ ਦੂਰ॥ ੨੨੦॥

੫੯੩-ਤਜਪਤ੍ਰ, ਲਾਚੀਆਂ, ਪੁਹਕਰਮੂਲ, ਛੜ, ਮੁਨੱਕਾ, ਪਿਪਲਾ ਮੂਲ, ਤ੍ਰਿਕੁਟਾ ਪੀਹਕੇ ਗਰਮ ਪਾਣੀ ਨਾਲ ਖਾਵੇ ਤਾਂ ਕਫ ਦੀ ਖਾਂਸੀ ਜਾਵੇ ॥੨੨੦॥

ਸਟੀ ਰਾਂਸਨਾ ਆਮਰੇ, ਬਭਨੀਤਕ ਮਧੁ ਘੀਇ।
ਸਿਤਾ ਮੇਲ ਚਾਟੇ ਰੁਜੀ, ਕਫ ਕਾ ਨਾਸ ਨ ਥੀਇ॥ ੨੨੧॥

੫੯੪-ਕਚੂਰ, ਰਾਸਨਾ, ਆਂਵਲੇ, ਬਹੇੜਾ, ਸ਼ਹਿਤ, ਘਿਉ ਤੇ ਮਿਸਰੀ ਪਾ ਕੇ ਚਟੇ ਤਾਂ ਕਫ ਦੀ ਖਾਂਸੀ ਨਾਸ ਕਰੇ ॥੨੨੧॥

ਬਾਤ ਕਫ ਕਾਸ ਉਪਾਇ (ਵੰਗਸੇਨਾਤ)—ਦੋਹਰਾ

ਕਟਫਲ ਕਤ੍ਰਿਣ ਭਾਰਗੀ, ਪਰਪਟ ਸੁੰਠ ਧਨਾਇ।
ਬਲਾਭਯਾ ਸ੍ਰਿੰਗੀ ਦਾਰ ਮੁਥ, ਕ੍ਵਾਥ ਕਰੋ ਜਲ ਪਾਇ॥੨੨੨॥
ਸਹਿਤ ਹਿੰਗ ਪਾਈ ਪਿਵੇ, ਕਾਸ ਬਾਤ ਕਫ ਜਾਇ।
ਕਟ ਬੰਧਨ ਰੁਜ ਸੂਲ ਹੀ, ਹਿਕ੍ਵਾ ਜ੍ਵਰ ਸ੍ਵਸ ਘਾਇ ॥੨੨੩॥

੫੯੫-ਕਾਯਫਲ, *ਕਤ੍ਰਿਣ ਕਹੀਏ ਖਵੀਆਸ, ਭਰੰਗੀ, ਪਾਪੜਾ, ਸੁੰਢ, ਧਨੀਆਂ, ਬਲਾਭਯਾ

---

*ਕਤ੍ਰਿਣ—ਰੋਹਿਸ ਘਾਸ, ਪ੍ਰਸਿਧ ਖਵੀ ਹੈ। ਅਰਬੀ ਵਿਚ ਅਜ਼ਖਰ ਬੋਲਦੇ ਹਨ। ਇਹ ਰਾਜ-ਪੂਤਾਨੇ ਅਰ ਵੈਰੋਵਾਲ ਨਨਕਾਣੇ ਸਾਹਿਬ ਵਲ ਹੈ।

Digitized by Panjab Digital Library | www.panjabdigilib.org

ਕਹੀਏ ਖਰੈਟੀ ਤੇ ਹਰੜ, ਕਕੜਸਿੰਗੀ, ਦੇਵਦਾਰ ਅਰ ਮੋਥਾ ਇਨ੍ਹਾਂ ਦਾ ਜਲ ਪਾਕੇ ਕਾੜ੍ਹਾ ਕਰੇ, ਪਿਛੋਂ ਸ਼ਹਿਤ ਅਰ ਹਿੰਗ ਧੂੜਕੇ ਪੀਵੇ ਤਾਂ ਖਾਂਸੀ, ਬਾਤ ਖਾਂਸੀ, ਕਫ, ਕੰਠ ਅਰ ਸਰੀਰ ਦੀ ਰੁਕਾਵਟ, ਪੀੜਾ, ਸੂਲ, ਹਿੜਕੀ, ਤਾਪ ਅਰ ਸ੍ਵਾਸ ਸਭ ਨ਼ਾਸ ਕਰੇ ॥੨੨੨॥੨੨੩॥

ਲਘੂ ਲਵੰਗਾਦੀ ਚੂਰਨ (ਵੰਗਸੇਨਾਤ)—ਪਰਹਾ

ਲੌਂਗ ਜਾਇਫਲ ਪੀਪਰ, ਸਮ ਏ ਆਨੀਏ।
ਮਰਚ ਪਲਾ ਪਲ ਚਾਰ, ਮਹੌਖਧ ਠਾਨੀਏ।
ਸਭ ਸਮਾਨ ਸਿਤ ਪਾਇ, ਖਾਇ ਇਸ ਪ੍ਰਾਤ ਹੀ।
ਸ੍ਵਾਸ ਕਾਸ ਕਫ ਮੇਹ, ਗੁਲਮ ਜੁਰ ਜਾਤ ਹੀ ॥੨੨੪॥

ਦੋਹਰਾ

ਅਗਨ ਮੰਦ ਗ੍ਰਹਨੀ ਬਿਖਮ, ਔਰ ਅਰੋਚਕ ਜਾਇ।
ਆਦਿ ਲਵੰਗ ਕੁ ਏ ਕਹਯੋ, ਬੰਗਸੈਨ ਲਘੁ ਭਾਇ ॥੨੨੫॥

੫੯੬-੯੭—ਲੌਂਗ, ਜਾਯਫਲ ਤੇ ਮਘ ਇਕ ਇਕ ਤੋਲਾ, ਮਿਰਚ ਅੱਧਾ ਤੋਲਾ ਤੇ ਸੁੰਢ ੧੬ ਤੋਲੇ, ਸਭਨਾਂ ਦੇ ਸਮਾਨ ਮਿਸਰੀ ਮਿਲਾਕੇ ਚੂਰਣ ਕਰੇ, ਪ੍ਰਾਤਾਕਾਲ ਖਾਵੇ ਤਾਂ ਸ੍ਵਾਸ, ਕਾਸ, ਕਫ, ਪ੍ਰਮੇਹ ਗੋਲਾ, ਤਾਪ, ਮੰਦਾਗਨੀ, ਸੰਗ੍ਰਹਿਣੀ ਦੀ ਵਿਖਮਤਾਈ ਤੇ ਅਰੁਚੀ ਨਾਸ ਕਰੇ (ਇਹ ਅਰਥ ਮੂਲ ਅਨੁਸਾਰ ਹੈ। ਦੇਖੋ ਬੰਗਸੈਨ ਪ੍ਰਿ: ੨੪੭) ॥੨੨੪॥੨੨੫॥

ਪਿਤ ਕਫ ਖਾਂਸੀ ਉਪਾਇ—ਦੋਹਰਾ

*ਹੀਂਸ ਅੰਮ੍ਰਿਤਾ ਸਿੰਘ ਕਾ, ਕ੍ਵਾਥ ਕਰੀ ਮਧੁ ਪਾਇ।
ਪੀਵਤ ਕਫ ਅਰ ਪਿਤ ਕੋ, ਕਾਸ ਛਈ ਜੁਰ ਜਾਇ ॥੨੨੬॥

੫੯੮—†ਹੀਂਸ, ਗਿਲੋਯ ਤੇ ਕੰਡਯਾਰੀ ਦਾ ਕਾੜ੍ਹਾ ਕਰਕੇ ਸ਼ਹਿਤ ਪਾਇ ਪੀਵੇ ਤਾਂ ਪਿਤ ਕਫ ਦੀ ਖਾਂਸੀ ਤੇ ਖਈ, ਤਾਪ ਨਾਸ਼ ਕਰੇ ॥੨੨੬॥

ਬਾਂਸਾ ਕ੍ਵਾਥ ਕਰਾਇ ਕੈ, ਮਧੁ ਮੈ ਲੀਨੈ ਪੀਇ।
ਸ੍ਵਾਸ ਕਾਸ ਕਫ ਪਿਤ ਜੁਰ, ਖਈ ਰਕਤ ਮਿਟ ਸੀਇ ॥੨੨੭॥

੫੯੯—ਬਾਂਸੇ ਦਾ ਕ੍ਵਾਥ ਕਰਕੇ ਸ਼ਹਿਤ ਪਾਕੇ ਪੀਵੇ, ਸ੍ਵਾਸ, ਕਾਸ, ਕਫ, ਪਿਤ, ਤਾਪ, ਖਈ ਅਰ ਰਕਤ ਮਿਟਾਵੇ ॥੨੨੭॥

ਖਯਤ ਕਾਸ ਲੱਛਣ—ਦੋਹਰਾ

ਪਰਬ ਭੇਦ ਜੁਰ ਸ੍ਵਾਸ ਤ੍ਰਿਟੁ, ਹਿਯ ਮੈ ਹੋਵੈ ਸੂਰ।
ਲਗਤ ਚੋਟ ਜਿਸ ਠੌਰ ਮੈਂ, ਸੋ ਖਯਤ ਦੁਖ ਕੋ ਮੂਰ ॥੨੨੮॥

---

†ਹੀਂਸ ਦਾ ਬ੍ਰਿਛ ਪ੍ਰਸਿਧ ਹੈ, ਇਸ ਨੂੰ ਗਰਨੇ ਮਾਫਕ ਫਲ ਲਗਦੇ ਹਨ।

Digitized by Panjab Digital Library | www.panjabdigilib.org

ਸਬਦ ਪਰਾਵਤ ਜਿਉਂ ਕਰਤ ਖਾਂਸੀ ਅਤਿਸੈ ਹੋਇ।
ਸੋ ਖਯਤ ਕਾਸ ਸੁ ਆਖੀਏ ਮਾਧਵ ਮਹਿ ਲੈ ਜੋਇ॥ ੨੨੯॥

ਜੋੜਾਂ ਵਿਚ ਵਿੰਨ੍ਹਣੇ ਜੇਹੀ ਪੀੜ, ਤਾਪ, ਸ੍ਵਾਸ, ਤਰੇਹ, ਹ੍ਰਿਦੇਸੂਲ ਜਿਸ ਥਾਂ ਸੱਟ ਲੱਗੀ ਹੋਵੇ, ਦੁਖੇ, ਇਸ ਤਰ੍ਹਾਂ ਚੋਟ ਲਗਣ ਤੇ ਜੇਹੜੀ ਖਾਂਸੀ ਹੋਵੇ ਉਹ "ਖਯਤਕਾਸ" ਕਹੀ ਜਾਂਦੀ ਹੈ। ਸੋ ਕਬੂਤਰ ਦੀ ਤਰ੍ਹਾਂ ਗੁਟਕਦਾ ਤੇ ਖਾਂਸੀ ਅਤਯੰਤ ਹੁੰਦੀ ਹੈ, ਇਹੋ ਖਯਤ ਖਾਸ ਕਹੀਦੀ ਹੈ ॥੨੨੮॥੨੨੯॥

ਉਪਾਯ—(ਵੰਗਸੇਨਾਤ)—ਚੌਪਈ

ਯਸਟੀ ਪੀਪਰ ਲਾਖਾ ਦਾਖ। ਸ੍ਰਿੰਗਿ ਸਤਾਵਰ ਸਮ ਏ ਭਾਖ।
ਇਨਤੇ ਦੂਨਾ ਦ੍ਰਿਗ ਲੈ ਬੰਸ। ਸਬ ਕੈ ਸਮ ਮਿਸਰੀ ਲੈ ਤੰਸ ॥੨੩੦॥
ਮਿਸਰੀ ਮਧੁ ਘ੍ਰਿਤ ਚਾਟੇ ਪਾਇ। ਖਜਤ ਕਾਸਾ ਸਬ ਦੇਇ ਗਵਾਇ।
ਚੋਟ ਦਰਦ ਸਭ ਨਾਸੈ ਸਹੀ। ਬੰਗਸੈਨ ਨੇ ਇਹ ਬਿਧ ਕਹੀ ॥੨੩੧॥

੬੦੦—ਮੁਲੱਠੀ, ਮਘ, ਪਿਪਲ ਦੀ ਲਾਖ, ਮੁਣੱਕਾ, ਕਕੜਸਿੰਗੀ ਤੇ ਸਤਾਵਰ ਇਹ ਸਭੇ ਸਮਾਨ ਇਨ੍ਹਾਂ ਤੋਂ ਦੂਣੀ ਤਵਾਸੀਰ, ਸਭਨਾਂ ਸਮਾਨ ਮਿਸ੍ਰੀ, ਫਿਰ ਮਿਸਰੀ ਸ਼ਹਿਤ ਤੇ ਘਿਉ ਮਿਲਾ ਕੇ ਚਟੇ ਤਾਂ ਖਤ ਖਾਂਸੀ, ਹੋਰ ਸਭ ਖਾਂਸੀ ਚੋਟ ਦੀ ਦਰਦ ਨਾਸ ਕਰੇ। ਪਰੰਤੂ ਬੰਗਸੈਨ ਵਿਚ ਮਿਸਰੀ ਚਾਰਗੁਣਾਂ ਪੌਣੀ ਲਿਖੀ ਹੈ ॥੨੩੦॥੨੩੧॥

ਦੋਹਰਾ

ਪਦਮਕ ਪੀਪਰ ਦਾਖ ਲੈ ਬ੍ਰਿਹਤੀ ਫਲ ਪਰਪਕ।
ਮਧ ਘ੍ਰਿਤ ਚਾਟੇ ਪ੍ਰਾਤ ਉਠ ਖਤ ਖਯ ਕਾਸਾ ਥਕ ॥੨੩੨॥

੬੦੧—‡ਪਦਮ ਕਾਠ ਯਾ ਕੁਠਮਿਟੀ, ਮਘ, ਮੁਣੱਕਾ, ਪੱਕੇ ਕੰਡਿਆਰੀ ਦੇ ਫਲ ਪੀਹ ਕੇ ਘਿਉ ਸ਼ਹਿਤ ਨਾਲ ਚਟਣੀ ਚਟੇ ਤਾਂ ਖਤ ਖਈ, ਖਾਂਸੀ ਨਾਸ ਕਰੇ। ਇਸ ਵਿਚ ਮਿੱਠੀ ਕੁਠ ਲਵੇ ਤਾਂ ਪਦਮ ਕਾਠ ਨਾਲੋਂ ਗੁਣਵੰਤੀ ਹੈ, ਕਈ ਕਮਲ ਡੋਡੇ "ਪਦਮਕ" ਦਾ ਅਰਥ ਕਰਦੇ ਹਨ, ਸੋ ਅਯੁਕਤ ਹੈ ॥ ੨੩੨ ॥

ਚੌਪਈ

ਪਾਠਾ ਕ੍ਰਿਸਨਾ ਅੰਜਨ ਸਯਾਮ। ਨਿਸਾ ਨਿੰਬ ਜੜ ਮੂਰਬਾ ਆਮ।
ਕਾਲ ਮੇਖ ਕਾ ਮਧੁ ਸੋ ਚਾਟ। ਖਤ ਕਾਸਾ ਬਾਰਾਂ ਹੋਇ ਬਾਟ ॥੨੩੩॥

੬੦੧—ਪਾਠਾ, ਮਘ, ਕਾਲਾ ਸੁਰਮਾ, ਹਲਦੀ, ਨਿੰਮ ਦੀ ਜੜ੍ਹ, ਮਰੋੜ ਫਲੀ ਤੇ †ਮਜੀਠ ਸ਼ਹਿਤ ਨਾਲ ਚਟ ਤਾਂ ਖਤ ਦੀ ਖਾਂਸੀ ਦੇ ਬਾਰਾਂ ਟੋਟੇ ਕਰਕੇ ਕਢ। ਕਈ ਕਾਲਮੇਖਕਾ ਦਾ ਅਰਥ ਕਾਲੀ ਜੀਰੀ ਕਰਦੇ ਹਨ ਸੋ ਅਯੁਕਤ ਹੈ ॥੨੩੩॥

ਕਾਸ ਸ੍ਵਾਸ ਉਪਾਯ—ਚੌਪਈ

---

‡ਪਦਮਕ—ਪਦਮ ਕਾਠ ਵਾ ਕੁਠ। ਦੇਖੋ ਆ: ਔ: ਕੋ: ਪ੍ਰਿ: ੯੫ ਪੰ: ੪੨.
†ਕਾਲਮੇਖਕਾ—ਮਜੀਠ ਹੈ, ਦੇਖੋ ਆ: ਔ: ਕੋ: ਪ੍ਰਿ: ੩੧, ਪੰ: ੯ ਅਮਰਕੋਸ਼ ਪ੍ਰਿ: ੮੦

Digitized by Panjab Digital Library | www.panjabdigilib.org

ਨਾਗਰ ਭੰਜੀ ਆਨ ਗਿਲੋਇ। ਮੇਲੁ ਬਯਾਘ੍ਰੀ ਪਰਨੀ ਸੋਇ।
ਕ੍ਵਾਥ ਕਰੀ ਕ੍ਰਿਸ਼ਨਾ ਭੁਰਕਾਇ। ਕਾਸ ਸ੍ਵਾਸ ਕਾ ਨਾਸ ਕਰਾਇ॥੨੩੪॥

੬੦੩–ਸੁੰਢ, ‡ਭੜਿੰਗੀ, ਗਿਲੋਯ, ਕੰਡਿਆਰੀ ਤੇ ਸਾਲ ਪਰਣੀ, ਸਭ ਦਾ ਕ੍ਵਾਥ ਕਰਕੇ ਮਘਾਂ ਧੂੜਕੇ ਪੀਵੇ, ਕਾਸ, ਸ੍ਵਾਸ, ਸਭ ਨਾਸ ਕਰੇ ॥ ੨੩੪ ॥

ਦੋਹਰਾ

ਸੁੰਠ ਭੜਿੰਗੀ ਸਿੰਘ ਕਾ ਕੁਲਥ ਮੂਲ ਕਾ ਪਾਇ।
ਕ੍ਵਾਥ ਕਰੀ ਕ੍ਰਿਸਨਾ ਠਵੇ ਕਾਸ ਸ੍ਵਾਸ ਸਬ ਜਾਇ ॥ ੨੩੫ ॥

੬੦੪–ਸੁੰਢ, ਭੜਿੰਗੀ, ਕੰਡਿਆਰੀ, ਕੁਲਥ ਤੇ ਪੁਹਕਰਮੂਲ ਕਾੜ੍ਹਾ ਕਰਕੇ ਮਘਾਂ ਧੂੜ ਕੇ ਪੀਵੇ ਤਾਂ ਸ੍ਵਾਸ ਕਾਸ ਨਾਸ ਕਰੇ ॥੨੩੫॥

ਸੋਰਠਾ

ਅਦਰਕ ਰਸਾ ਮਗਾਇ, ਸਹਿਤ ਸੰਗ ਮੇਲੀ ਚਟੋ।
ਸ੍ਵਾਸ ਕਾਸ ਮਿਟ ਜਾਇ, ' ਬੰਗਸੈਨ ਇਮ ਉਚਰੈ ॥ ੨੩੬ ॥

੬੦੫–ਅਦਰਕ ਦਾ ਰਸ ਸ਼ਹਿਤ ਪਾਕੇ ਚਟੇ ਸ੍ਵਾਸ ਕਾਸ ਜਾਵੇ ॥੨੩੬॥

ਦੋਹਰਾ

ਪਥਯਾ ਸੁੰਠੀ ਘਨ ਗੁੜੈ ਗੋਲੀ ਕਰੋ ਬਨਾਇ।
ਸ੍ਵਾਸ ਕਾਸ ਸਭ ਜਾਤ ਮਿਟ ਦੀਜਤ ਮੁਖ ਰਖਵਾਇ ॥੨੩੭॥

੬੦੬–ਹਰੜ, ਸੁੰਢ ਤੇ ਮੋਥਾ ਦੀ ਗੁੜ ਨਾਲ ਗੋਲੀ ਕਰ ਕੇ ਮੂੰਹ ਵਿਚ ਰਖੇ ਤਾਂ ਸਭ ਦੀ ਸ੍ਵਾਸ ਕਾਸ ਜਾਵੇ ॥੨੩੭॥

ਚੌਪਈ

ਪੀਪਰ ਪੁਸਕਰ ਪਥਯਾ ਸਟੀ। ਸੁੰਠੀ ਘਨ ਗੁੜ ਸੋ ਗੁਟਿ ਠਟੀ।
ਸ੍ਵਾਸ ਕਾਸ ਕਾ ਰੋਗ ਮਿਟਾਇ। ਬੰਗਸੈਨ ਨੇ ਦਈ ਬਤਾਇ ॥੨੩੮॥

੬੦੭–ਮਘ, ਪੁਹਕਰਮੂਲ, ਹਰੜ, ਕਚੂਰ, ਸੁੰਢ ਤੇ ਮੋਥਾ, ਗੁੜ ਨਾਲ ਗੋਲੀ ਕਰਕੇ ਮੂੰਹ ਵਿਚ ਰਖੇ ਤਾਂ ਸ੍ਵਾਸ ਕਾਸ ਦਾ ਨਾਸ ਕਰੇ ॥੨੩੮॥

ਪੰਚਕੋਲ ਚੂਰਨ–ਦੋਹਰਾ

ਸੁੰਠੀ ਮਗਧਾ ਮੂਲ ਲੈ ਚਿਤ੍ਰਕ ਮਗਧਾ ਚਬ।
ਕ੍ਵਾਥ ਕਰੀ ਪਿਵ ਖੀਰ ਸੋ ਸ੍ਵਾਸ ਕਾਸ ਮਿਟ ਸਬ ॥੨੩੯॥

੬੦੮––ਢ, ਪਿਪਲਾਮੂਲ, ਚਿਤ੍ਰਾ, ਮਘ ਤੇ ਚਬ, ਇਨ੍ਹਾਂ ਦਾ ਕ੍ਵਾਥ ਕਰਕੇ ਦੁਧ ਪਾਕੇ ਪੀਵੇ ਤਾਂ ਸ੍ਵਾਸ ਕਾਸ ਨਾਸ ਕਰੇ ॥੨੩੯॥

---

‡ਭੰਜੀ=ਭੜਿੰਗੀ ਹੈ, ਦੇਖੋ ਆ: ਔ: ਕੋ: ਪ੍ਰਿ: ੧੦੬ ਤੇ ਭਾਵ ਪ੍ਰਕਾਸ਼ ਪ੍ਰਿ: ੧੫੯

Digitized by Panjab Digital Library | www.panjabdigilib.org

ਏਕ ਬਿਭੀਤਕ ਬਦਨ ਧਰ ਵਾ ਪਥਯਾ ਸੋ ਸੁੰਠ ।
ਸ੍ਵਾਸ ਕਾਸ ਸਭ ਜਾਤ ਹੈ ਬੰਗਸੇਨ ਇਮ ਗੁੰਠ ॥੨੪੦॥

੬੦੯–ਬਹੇੜਾ ੧ ਮੂੰਹ ਵਿਚ ਰਖੇ । ਯਾ–
੬੧੦–ਹਰੜ ਤੇ ਸੁੰਢ ਮੂੰਹ ਵਿਚ ਰਖੇ ਤਾਂ ਸ੍ਵਾਸ ਕਾਸ ਜਾਵੇ ॥੨੪੦॥

ਖਯਕਾਸ ਲੱਛਣ–ਚੌਪਈ

ਦੁਰਬਲ ਖੀਨ ਮਾਸ ਹੈ ਜਾਸ । ਰੁਧਰ ਪੂਤ ਮੁਖਤੇ ਨਿਕਲਾਸ ।
ਸਰਬ ਲਿੰਗ ਤ੍ਰਿਦੋਖੀ ਰੰਗ । ਖਯ ਕਾਸਾ ਨਰ ਕਰ ਹੈ ਭੰਗ ॥੨੪੧॥

ਬਲਹੀਣਤਾ, ਮਾਸ ਦਾ ਘਟਦਾ ਜਾਣਾ, ਮੂੰਹ ਰਸਤੇ ਪਾਕ ਤੇ ਲਹੂ ਨਿਕਲੇ, ਸਾਰੇ ਲੱਛਣ ਤ੍ਰਿਦੋਖ ਦੇ ਪਾਏ ਜਾਣ ਤਾਂ ਇਹ ਖਯਕਾਸ ਕਹੀ ਜਾਂਦੀ ਹੈ ਸੋ ਮਾਰਨਹਾਰੀ ਹੈ ॥੨੪੧॥

ਖਯਕਾਸ ਉਪਾਯ–ਚੌਪਈ

ਮਰਚ ਪੀਪਰੀ ਪੁਸਕਰ ਮੂਰ । ਬੀਜ ਕੰਟਾਰੀ ਬਾਂਸਾ ਪੂਰ ।
ਸਹਤ ਸੰਗ ਚਾਟਨ ਦੇ ਏਹ । ਖਈ ਕਾਸ ਨਾਸੈ ਸਬ ਤੇਹ ॥੨੪੨॥

੬੧੧–ਮ੍ਰਿਚਾਂ, ਮਘ, ਪੁਹਕਰਮੂਲ, ਕੰਡਯਾਰੀ ਦੇ ਬੀਜ, ਬਾਂਸਾ ਅਰ ‡ਊਦ ਲਕੜੀ । ਇਹ ਸਭ ਸ਼ਹਿਤ ਨਾਲ ਚਟੇ ਤਾਂ ਖਈ ਕਾਸ ਤੇ ਹੋਰ ਸਭ ਖਾਂਸੀ ਨਾਸ ਕਰੇ । ੨੪੨॥

ਸਰਬ ਕਾਸ (ਖਾਂਸੀ) ਉਪਾਯ਼ (ਵੰਗਸੇਨਾਤ)
ਜੀਵੰਤੀ ਆਦਿ ਚੂਰਣ–ਦੋਹਰਾ

ਜੀਵੰਤੀ ਪਾਠਾ ਤ੍ਰਿਫਲ ਤ੍ਰਕ ਖੀਰੀ ਭਾੜ੍ਹਿੰਗ ।
ਜ਼ਸਿਟ ਸਟੀ ਘਨ ਪੀਪਰੀ ਚਾਖ ਬਿਭੀਤਕ ਅੰਗ ॥੨੪੩॥
ਯੁਗ ਕੰਟਾਰੀ ਸਾਰਿਵਾ ਪੁਸਕਰ ਮੂਰ ਰਸੌਤ ।
ਸ੍ਰਿੰਗੀ ਇਟਮਿਟ ਲੋਹ ਰਜ ਤ੍ਰਾਯਮਾਨ ਲੈ ਦੌਤ ॥੨੪੪॥
ਅਜਵਾਨੀ ਤਮਾਲ ਬ੍ਰਿਧ ਨੰਤਾ ਹਿੰਗੁ ਬੜ੍ਹਿੰਗੁ ।
ਤਵਾਖੀਰ ਚਿਤ੍ਰਕ ਧਰੇ ਅਮਲਬੇਤ ਕੋ ਅੰਗ ॥੨੪੫॥
ਬਜ਼ੋਖ ਦਾਰੁ ਸਬ ਪੀਸਕੈ ਮਧੁ ਘ੍ਰਿਤ ਕਰਿ ਅਵਲੇਹ ।
ਟੰਕਮਾਨ ਹੈ ਯਾਸ ਕੋ ਕਹਯੋ ਜਿਵੰਤੀ ਏਹ ॥ ੨੪੬ ॥
ਪੰਚ ਜਾਤ ਕੇ ਕਾਸ ਕੋ ਬਿਖਮ ਸੂਲ ਜ੍ਵਰ ਜਾਇ ।

---

‡ਪੂਰ–ਦਾਹ ਅਗਰ ਹੈ, ਜਿਸ ਨੂੰ "ਊਦ" ਕਿਹਾ ਜਾਂਦਾ ਹੈ ।

Digitized by Panjab Digital Library | www.panjabdigilib.org

ਭੂਖ ਲਗਤ ਗ੍ਰਹਿਨੀ ਮਿਟਤ ਉਦਰੈ ਗੁਲਮ ਮਿਟਾਇ॥੨੪੭॥

੬੧੨-*ਸੋਨਰੰਗੀ ਹਰੜ, ਪਾਠਾ, ਹਰੜ, ਬਹੇੜਾ, ਆਵਲੇ, ਤਵਾਸੀਰ, ਭੜਿੰਗੀ, ਮੁਲੱਠੀ, ਕਚੂਰ, ਮੋਥਾ, ਮਘ, ਮੁਨੱਕਾ, ਬਹੇੜਾ, ਦੋਨੋ ਕੰਡਯਾਰੀਆਂ, ਉਸ਼ਬਾ, ਪੁਹਕਰਮੂਲ, ਰਸੌਂਤ, ਕਕੜਸਿੰਗੀ, ਇਟਸਿਟ, ਮ੍ਰਿਤਲੋਹਾ, ਤ੍ਰਾਜਮਾਨ, (ਤੁਖਮ ਜਰਜਰ), ਅਜਵਾਯਨ, ਤੇਜਪ, ਰਿਧੀ (ਯਾਂ ਬਾਂਸਾਂ),ਜਵਾਹਾਂ ਹਿੰਗ, ਬਾਇਬੜਿੰਗ, ਜੋਖਾਰ, ਚਿਤ੍ਰਾ, ਅਮਲਵੇਤ ਤੇ ਦੇਵਦਾਰ ਸਭੋ ਪੀਹਕੇ ਸ਼ਹਿਤ ਤੇ ਘਿਉ ਨਾਲ ਚਟਣੀ ਕਰੇ, ਫਿਰ ੪ ਮਾਸੇ ਪ੍ਰਮਾਣ ਖਾਵੇ, ਇਹ ਜੀਵੰਤੀ ਆਦਿ ਚੂਰਣ ਕਿਹਾ ਜਾਂਦਾ ਹੈ. ਇਹ ੫ ਪ੍ਰਕਾਰ ਦੀ ਖਾਂਸੀ ਦੀ ਵਿਖਮਤਾ ਤੇ ਸੂਲ, ਤਾਪ ਨੂੰ ਭੀ ਨਾਸ ਕਰਦਾ ਹੈ।

ਸੂਚਨਾ-ਪਰੰਤੂ ਇਸ ਦੇ ਪਾਠ ਵਿਚ ਬਹੁਤ ਹੀ ਗੜਬੜ ਹੈ, ਅਸਾਂ ਕਈ ਮੇਘਾਂ ਨੂੰ ਦੇਖ ਕੇ ਤੇ ਮੂਲ ਬੰਗਸੇਨ ਪ੍ਰਿ: ੨੫੪ ਕਾਸਾਧਿਕਾਰ ਨਾਲ ਮੇਲ ਕੇ ਅਰਥ ਕੀਤਾ ਹੈ।

ਮੇਘ ਦਾ ਪਾਠ ਠੀਕ ਕਰਨ ਵਾਸਤੇ ਇਉਂ ਹੈ ਕਿ-

"ਅਜਵਾਨੀ ਤਾਮਲ ਕਿਰਧਿ, ਨੰਤਾ ਹਿੰਗ ਬੜਿੰਗ। ਜਵਾਖਾਰ ਚਿਤ੍ਰਕ ਧਰੇ, ਅਮਲਵੇਤ ਕੇ ਅੰਗ। ਦੇਵਦਾਰ ਸਭ ਪੀਸਕੇ ਮਧੁ ਘ੍ਰਿਤ ਕਰ ਅਵਿਲੇਹ" ਮੂਲ ਵਿਚ ਤਾਮਲਕੀ-ਭੂੰਮੀ ਆਵਲਾ, ਸੋ ਨਾ ਮਿਲਦਾ ਦੇਖ ਕੇ ਤੇਜਪਤ੍ਰ, ਰਿਧੀ ਨਾ ਮਿਲਦੀ ਦੇਖ ਕੇ ਬਾਂਸਾ ਅਭਾਵ ਮੇਂ ਲੈਣਾ ਅਯੁਕਤ ਨਹੀਂ।

ਬਜੋਖਪਦ ਦੇ ਥਾਂ ਦੇਵਦਾਰ ਪਾਠ ਹੈ, ਮੂਲ ਵਿਚ ਸੁੰਢ ਜਾ ਤ੍ਰਿਕੁਟੇ ਦਾ ਨਾਮ ਭੀ ਨਹੀਂ, ਰਹੇ ਅਧਿਕ ਵਿਚਾਰ ॥੨੪੩ ਤੋਂ ੨੪੭॥

ਪਦਮਕਾਦਿ ਚੂਰਣ-ਚੌਪਈ

ਪਦਮਕ ਤ੍ਰਿਫਲਾ ਬਯੋਖ ਬੜਿੰਗ। ਦੇਵਦਾਰ ਚੂਰਨ ਕਰ ਚੰਗ।
ਮਧੁ ਘ੍ਰਿਤ ਚਾਟੇ ਜਾਵਤ ਕਾਸ।ਸਬੀ ਜਾਤ ਕਾ ਕੁਸਟ ਬਿਨਾਸ॥੨੪੮॥

੬੧੩-‡ਪਦਮਾਖ, ਤ੍ਰਿਫਲਾ, ਤ੍ਰਿਕੁਟਾ, ਬਾਇਬੜਿੰਗ, ਦੇਵਦਾਰ ਪੀਹਕੇ ਚੂਰਨ ਕਰੇ, ਸ਼ਹਿਤ ਘਿਉ ਨਾਲ ਚੱਟੇ, ਖਾਂਸੀ ਜਾਵੇ, ਪਰੰਤੂ ਸਭ ਤਰ੍ਹਾਂ ਦਾ ਕਾਸ ਬਿਨਾਸ ਕਹਿਣੇ ਤੇ ਪੰਜ ਪ੍ਰਕਾਰ ਦੀ ਖਾਂਸੀ ਰੂਪ ਕੁਸਟ ਜਾਵੇ ॥੨੪੮॥

ਰਸ(ਰਸਤਨਾਕਰਾਤ)-ਸ਼ੰਕਰ ਛੰਦ

ਸੂਤ ਗੰਧਕ ਸਾਰ ਟੰਕਣ ਰਾਸਨਾ ਜੁ ਬੜਿੰਗ।
ਤ੍ਰਿਫਲ ਤ੍ਰਿਕੁਟਾ ਦਾਰ ਛਿੰਨਾ ਪਦਮਕੰ ਬਿਖ ਅੰਗ।
ਕੰਟਕਾਰੀ ਰਸੁ ਪਿਸਾਵੇ ਦਿਵਸ ਤ੍ਰਿਕ ਗੁੰਜ ਤੀਨ।
ਪਾਨ ਪਤ੍ਰਹਿ ਸੰਗਿ ਖਾਵੈ ਕਾਸ ਦੁਖ ਸਭ ਹੀਨ॥ ੨੪੯ ॥

੬੧੪-ਪਾਰਾ, ਗੰਧਕ, ਮ੍ਰਿਤਲੋਹਾ ਸੁਹਾਗਾ, ਰਾਸਨਾ ਬਾਯਬੜਿੰਗ: ਤ੍ਰਿਫਲਾ, ਤ੍ਰਿਕੁਟਾ, ਦੇਵਦਾਰ, ਗਿਲੋਯ, ਕੁਠ ਤੇ ਮਿਠਾ ਤੇਲੀਆ, ਕੰਡਯਾਰੀ ਦੇ ਰਸ ਨਾਲ ਖਰਲ ਕਰਕੇ ਰਖੇ, ੩ ਰਤੀ

---

*ਸੋਰਠ ਦੇਸ ਪੈਦਾ ਹੋਣ ਵਾਲੀ ਸੂਰਣ ਰੰਗੀ ਹਰੜ ਹੈ।

ਪਦਮਕ-=ਪਦਮਾਖ ਤੇ ਬੜੇ ੨ ਬ੍ਰਿਛ ਬਦ੍ਰੀ ਨਰਾਯਣ ਕੇਦਾਰ ਨਾਥ ਵਲ ਹਿਮਾਲਯ ਪਰਬਤ ਪਰ ਪੈਦਾ ਹੁੰਦੇ ਹਨ. ਪੱਤੇ ਛੋਟੇ ੨ ਵਖੋ ਵਖਰੇ ਹੁੰਦੇ ਹਨ, ਫੁਲ ਆਕੇ ਡਿਗ ਜਾਂਦੇ ਹਨ; ਫਲ ਨਹੀਂ ਲਗਦੇ। ਇਸਤੋ ਲਕੜੀ ਦਵਾਈ ਵਿਚ ਲਈ ਜਾਂਦੀ ਹੈ,ਕਮਲਡੰਡੇ ਅਰਥ ਨਹੀਂ;ਦੇਖੋ ਬੰ:ਸੇ:ਪ੍ਰਿ:੧੦੫

Digitized by Panjab Digital Library | www.panjabdigilib.org

ਪਾਨ ਪਤ੍ਰ ਨਾਲ ਖਾਵੇ ਤਾਂ ਸਰ ਤਰ੍ਹਾਂ ਖਾਂਸੀ ਨਾਸ ਕਰੇ ॥ ੨੪੯ ॥

ਬਟੀ (ਬੈਦਕੌਤੂਹਲਾਤ)–ਚੌਪਈ

ਸ੍ਰਿੰਗੀ ਭਾਰਗੀ ਬਚ ਨਸਪਾਲ। ਪੀਪਰ ਬਾਂਸੇ ਕੋ ਰਸਘਾਲ।
ਗੁਟੀ ਕਰੀ ਮੁਖ ਮੈ ਲੈ ਧਾਰ। ਕਫ ਕਾਸੈ ਕਾ ਹੈ ਪਰਹਾਰ ॥ ੨੫੦ ॥

੬੧੫–ਕਕੜਸਿੰਗੀ, ਭੜਿੰਗੀ, ਵਚ, ਨਸਪਾਲ ਤੇ ਮਘ, ਬਾਂਸੇ ਦਾ ਰਸ ਪਾ ਕੇ ਗੋਲੀ ਕਰੇ ਤੇ ਰਾਤ ਨੂੰ ਮੂੰਹ ਵਿਚ ਰਖੇ ਤਾਂ ਕਫ ਦੀ ਖਾਂਸੀ ਜਾਵੇ ॥ ੨੫੦ ॥

ਕਾਸਰਸ (ਵੈਦਕੰਤੂਹਲਾਤ)–ਚੌਪਈ

ਕੰਟਾਰੀ ਫਲ ਪਲ ਲੈ ਦੋਇ। ਦੋਇ ਸੁ ਤਿਕਤ ਮਰੀਚਕ ਹੋਇ।
ਸਿਰਸਾਹੀ ਲੈ ਅਹਿ ਕੀ ਫੇਨ। ਬਿਮਲਾ ਸੁੰਠੀ ਟੰਕਨ ਦੇਨ ॥ ੨੫੧ ॥
ਪਲ ਪਲ ਮਾਤ੍ਰਾ ਇਨ ਕੀ ਲੇਇ। ਸ੍ਰਿੰਗਬੇਰ ਰਸ ਪੁਟ ਕਰਵੇਇ।
ਪਾਂਚ ਦਿਵਸ ਲੌ ਖਰਲ ਕਰਾਇ।ਗੁੰਜ ਮਾਤ੍ਰ ਇਕ ਬਟੀ ਬਨਾਇ।੨੫੨।
ਦੋਨੋ ਕਾਲੈ ਖਾਵਤ ਸਹੀ। ਕਾਸ ਰੋਗ ਕੀ ਪੀਰਾ ਵਹੀ।
ਬਿਖਮ ਰੋਗੁ ਅਰ ਕਫ ਜੁਰ ਜਾਇ। ਬੈਦਕੰਤੂਹਲ ਦਈ ਬਤਾਇ।੨੫੩।

੬੧੬–ਕੰਡਿਆਰੀ ਦੇ ਫਲ ੨ ਪਲ ਅਰਥਾਤ ੮ ਤੋਲੇ ਦੋ ਪਲ ਹੀ ਅਰਥਾਤ ੮ ਤੋਲੇ *ਨਿਰਮਲੀ ਬੂਟੀ ਦੇ ਦਾਣ, ਸਵਾ ਦੋ ਤੋਲੇ ਅਫੀਮ, ਸੋਨ ਮਖੀ, ਸੁੰਢ ਤੇ ਸੁਹਾਗਾ ਇਹ ਪਲ ਪਲ ਅਰਥਾਤ ੪-੪ ਤੋਲੇ, ਇਨ੍ਹਾਂ ਨੂੰ ਅਦ੍ਰਿਕ ਦੇ ਰਸ ਵਿਚ ਖ੍ਰਲ ਕਰਕੇ ਪੰਜ ਦਿਨ ਪੁਠਾਂ ਦੇਵੇ ਅਰਥਾਤ ਰਸ ਪਾਪਾ ਘੋਟਦਾ ਜਾਵੇ, ਪਿਛੋਂ ਰਤੀ ਪ੍ਰਮਾਣ ਦੀਆਂ ਗੋਲੀਆਂ ਬੰਨ੍ਹ ਰਖੇ। ਪ੍ਰਾਤਾ ਤੇ ਸ਼ਾਮ ਨੂੰ ਇਕ ਇਕ ਖਾਯਾ ਕਰੇ ਤਾਂ ਖਾਂਸੀ ਨਾਸ ਕਰੇ, ਵਿਖਮ ਰੋਗ ਅਰ ਕਫ ਦਾ ਤਾਪ ਨਾਸ ਕਰੇ।

(ਇਸ ਵਿਚ ਤਿਕਤ ਦਾ ਅਰਥ ਪਾਪੜਾ, ਕੜ ਤੇ ਸਿਪੀਆਂ। ਮਰੀਚਦਾ ਅਰਥ ਮਿਰਚਾਂ ਕਈ ਅਗਯਾਨੀ ਕਰਦੇ ਹਨ, ਹੈਰਾਨੀ ਇਹ ਹੈ ਕਿ ਇਕ ਪਦ ਨੂੰ ਬਦੋ ਬਦੀ ਦੋ ਕਰਕੇ ਫਿਰ ਭੀ ਅਰਥੋਂ ਅਨਰਥ ਕਰਕੇ ਘੁਮੰਡ ਦਿਖੋਂਦੇ ਹਨ। ਭਲਾ ਜੇ ਦੋ ਚੀਜ਼ਾਂ ਹੁੰਦੀਆਂ ਤਾਂ "ਦੋ ਦੋ ਤਿਕਤ ਮਰੀਚਕ ਹੋਏ" ਪਾਠ ਹੁੰਦਾ, ਜੰਦ ਸੰਖਯਾ ਇਕ ਹੈ ਤਾਂ ਚੀਜਾਂ ਦੋ ਕਿਸਤਰਾਂ ? ਇਸਤੇ ਤਿਕਤ ਮਰੀਚ ਨਾਮ ਨਿਰਮਲੀ ਬੂਟੀ ਦਾ ਹੀ ਨਿਰਸੰਸੇ ਹੈ ॥੨੫੧ ਤੋਂ ੨੫੩॥

ਦੋਹਰਾ

ਬਾਂਸਾ ਜਗ ਮੈ ਇਮ ਕਹਤ ਜਬ ਲੌ ਜਗ ਮਮਬਾਸ।
ਕਿਉਂ ਦੁਖ ਪਾਵੈਂ ਨਰ ਜਗਤ ਜਾਕੋ ਖ੍ਯਜ ਤਬ ਕਾਸ ॥੨੫੪॥

੬੧੭–ਬਾਂਸਾ ਜਗਤ ਵਿਖੇ ਇਉਂ ਆਖਦਾ ਹੈ ਜਦ ਤਕ ਮੇਰਾ ਨਿਵਾਸ ਜਗਤ ਵਿਚ ਹੈ ਉਤਨਾ ਚਿਰ ਕਿਸ ਤਰਾਂ ਖਾਂਸੀ ਵਾਲੇ ਦੁਖ ਪੌਂਦੇ ਹਨ, ਜਿਸ ਨੂੰ ਕਫ ਦੀ ਖਾਂਸੀ ਹੋਵੇ ਕਾੜ੍ਹਕੇ ਪੀਵੇ ॥੨੫੪॥

---

*ਤਿਕਤ ਮਰੀਚਕ–ਤਿਕ ਫਲ (ਨਿਰਮਲੀ ਬੂਟੀ) ਹੈ, ਦੇਖੋ ਆ: ਅੰ: ਕੋ: ਪ੍ਰਿ: ੬੯ ਪ -੩ ਤੇ ਭ੍ਰਾਵ ਪ੍ਰਕਾਸ਼ ਪ੍ਰਿ: ੨੭੬ ਪ੍ਰਠਾ ਨਿਰਮਲ ਕੋਸ਼ ਪੰ: (ਤਿ) ਦੀ।

ਪਥ—ਦਵੈਯਾ ਛੰਦ

ਸ੍ਵੇਦ ਵਿਰੇਚਨ ਬਮਨ ਧੂਮ ਹੈ ਖਸਿਟਕ ਜਵ ਘ੍ਰਿਤ ਲਾਜਾ।
ਸਾਮਕ ਕੋਦਾ ਕਨਕ ਅੰਜਾ ਪਯ ਪਾਲਕ ਬੈਂਗਨ ਸਾਜਾ।
ਦਾਖ ਬਿਜੌਰਾ ਤਾਤਾ ਨੀਰੰ ਦਿਵਸ ਨੀਂਦ ਨਹਿ ਕੀਜੈ।
ਪਥ ਬਤਾਏ ਪਥਜਾ ਪਥੈ ਕਾਸ ਰੋਗ ਹਿਤ ਦੀਜੈ ॥੨੫੫॥

੬੧੮—ਪਸੀਨਾ, ਜੁਲਾਬ, ਕੈ, ਹੁੱਕਾ ਪਿਲੌਣਾ, ਸੱਠੀ ਦੇ ਚੌਲ, ਜੌਂ, ਘਿਉ, ਫੁੱਲੀਆਂ, ਸ੍ਵਾਂਕ, ਕੋਦਾ, ਬਕਰੀ ਦਾ ਦੁਧ, ਪਾਲਕ ਵਤਾਊਂ, ਅੰਗੂਰ, ਬਿਜੌਰਾ ਤੱਤਾਪਾਣੀ ਤੇ ਦਿਨਦਾ ਸੌਣਾ ਇਹ ਖਾਂਸੀ ਵਾਲੇ ਨੂੰ ਪਥ ਹਨ।੨੫੫।

ਅਪਥ—ਦਵੈਯਾ ਛੰਦ

ਬਸਤ ਨਸਯ ਅਸ੍ਰਿੰਗ ਕਾ ਮੋਖਨ, ਦੰਤ ਘਰਖਨੰ ਬਯਾਮੰ।
ਆਤਪ ਦੁਸਟ ਪਵਨ ਰਜ ਮਾਰਗ, ਬਿਸਟੰਭੀ ਅੰਨ ਆਮੰ।
ਬੇਗ ਬਿਧਾਰਨ ਸਰਖਪ ਤੂੰਬੀ, ਦੁਸਟ ਨੀਰ ਗੁਰ ਸੀਤੰ।
ਮਤਸ ਕੰਦ ਪਲ ਸਭ ਹੀ ਤਯਾਗੌ, ਕਹੇ ਅਪਥ ਸੁ ਮੀਤੰ ॥੨੫੬॥

੬੧੯—ਪਿਚਕਾਰੀ, ਨਸਵਾਰ, ਫਸਤ ਖੋਲਨਾ, ਦੰਦਾਂ ਦਾ ਰਗੜਨਾ, (ਦਾਤੁਨ), ਕਸਰਤ, ਧੁਪ, ਖ਼ਾਬ ਪੌਣ, ਧੂੜੀ, ਰਸਤੇ ਤੁਰਨਾ, ਕਾਬਜ ਸਭੋ ਅੰਨ, ਬੇਗ ਰੋਕਣੇ, ਸਰੋਂ, ਤੂੰਬੀ, ਖਰਾਬ ਪਾਣੀ, ਭਾਰੀ ਤੇ ਠੰਢੀ ਚੀਜ਼, ਮਛੀ ਫਲ ਤੇ ਸਭੇ ਮਾਸ ਬਰਜ ਦੇਵੇ, ਇਹ ਅਪੱਥ ਹਨ ॥੨੫੬॥

ਹਿਕ੍ਵਾ (ਹਿੜਕੀ) ਰੋਗ ਨਿਦਾਨ—ਚੌਪਈ

ਦਾਹ ਘਨੀ ਭਾਰੀ ਬਿਸਟੰਭ। ਮਲਮੂਤਰ ਰਾਖਤ ਜੋ ਥੰਭ।
ਅਭਯੰਦੀ ਭੋਜਨ ਜੋ ਕਰੈ। ਸੀਤ ਪਾਨ ਭੋਜਨ ਚਿਤ ਧਰੈ ॥੨੫੭॥
ਧੂੰਮ ਧੂਪ ਰਜ ਬਾਤ ਸਨਾਨ। ਬਯਾਮ ਭਾਰ ਮਾਰਗ ਦੁਖ ਠਾਨ।
ਹਿਚਕੀ ਸ੍ਵਾਸ ਕਾਸ ਏ ਤੀਨ। ਉਪਜਤ ਇਤਨੇ ਜਾਨ ਪ੍ਰਬੀਨ ॥੨੫੮॥

ਦਾਹ ਬਹੁਤ, ਕਬਜੀ, ਮਲ ਮੂਤ੍ਰ ਦਾ ਰੋਕਣਾ, ਖਾਏ ਤੇ ਖਾਣਾ. ਠੰਢਾ ਪੀਣਾ ਤੇ ਖਾਣਾ; ਧੂੰਆਂ, ਧੁਪੇ, ਧੂੜੀ ਵਾਲੀ ਪਵਨ, ਕਸਰਤ, ਭਾਰ ਚੁਕਣੇ, ਸਨਾਨ, ਥਕੇਵੇਂ, ਇਤਨੇ ਕਾਰਣਾਂ ਤੇ ਹਿੜਕੀ, ਦਮਾਂ, ਖਾਂਸੀ, ਇਹ ਤਿੰਨ ਉਤਪਤਿ ਹੁੰਦੀਆਂ ਹਨ ॥੨੫੭॥੨੫੮॥

ਪਾਂਚ ਹਿਕ੍ਵਾ ਨਾਮ

ਪੰਚ ਜਾਤ ਕੀ ਹਿਚਕੀ ਕਹੀ। ਪ੍ਰਿਥਮੇ ਅਨਜਾ ਜੁਮਲਾ ਸਹੀ।
ਤੀਜੀ ਖੁਦ੍ਰਾ ਚੋਥ ਗੰਭੀਰ। ਪੰਚਮ ਮਹਿਤਾ ਜਾਨੋ ਬੀਰ ॥੨੫੯॥

Digitized by Panjab Digital Library | www.panjabdigilib.org

ਅਨਿਲ ਪਾਛਲੈ ਕਫ ਜਬ ਹੋਇ। ਹਿਚਕੀ ਪਾਂਚ ਕਹਤ ਹੈ ਸੋਇ।
ਹਿਕ੍ਵਾ ਸਭ ਜਮ ਕੇ ਅਨੁਸਾਰ। ਜਮ ਹਿਕ੍ਵਾ ਏਕੋ ਆਕਾਰ ॥੨੬੦॥

ਹਿੜਕੀ ੫ ਪ੍ਰਕਾਰ ਦੀ ਹੈ:-ਅਨਜਾ ੧, ਜ਼ੁਮਲਾ ੨, ਖੁਦ੍ਰਾ ੩, ਗੰਭੀਰਾ ੪ ਤੇ ਮਹਿਤਾ ੫ ਇਉਂ ਪੰਜ ਹਨ। ਪਵਨ ਪਿੱਛੇ ਕਫ ਜਦੋਂ ਅੱਗੇ ਹੋਵੇ ਤਾਂ ੫ ਪ੍ਰਕਾਰ ਦੀ ਹਿੜਕੀ ਹੁੰਦੀ ਹੈ ਸੋ ਯਮ ਰੂਪ ਹੈ ॥੨੫੯॥੨੬੦॥

ਪਾਂਚੋਂ ਕੇ ਲੱਛਣ—ਚੌਪਈ

ਚਾਹਨ ਹੀ ਜਾਕੋ ਅਤਿ ਨੀਰ। ਤਾਤ ਕਾਲ ਕਰਤੀ ਸੋ ਪੀਰ।
ਬਾਤ ਕਰੀ ਊਪਰ ਕੋ ਆਇ। ਲਛਣ ਏ ਅਨਜਾ ਕਹਵਾਇ ॥੨੬੧॥

ਜਿਸਦਾ ਚਾਹੁਣਾ ਹੀ ਅਤਯੰਤ ਪਾਣੀ ਦਾ ਹੈ, ਭਾਵ ਬਹੁਤਾਂ ਜਲ ਪੀਨ ਨੂੰ ਜੀ ਕਰਨਾ, ਉਸ ਨੂੰ ਤਤਕਾਲ ਹੀ ਬਾਤ ਕਰਕੇ "ਹਿਕ, ਹਿਕ" ਉਜਰ ਨੂੰ ਸ਼ਬਦ ਕਰੇਂਦੀ ਹੈ, ਸੋ "ਅੰਨਜਾ" ਹੈ ॥੨੬੧॥

ਦੋਹਰਾ

ਚਿਰ ਪੀਛੇ ਜੋ ਆਵਹੀ, ਗ੍ਰੀਵ ਸ਼ੀਸ ਕੰਪਾਇ।
ਤਿਸ ਨੋ ਜ਼ਮਲਾ ਕਹਿਤ ਹੈਂ, ਮਾਧਵ ਦਈ ਦਿਖਾਇ ॥੨੬੨॥

ਚਿਰ ਪਿਛੋਂ ਆਵੇ, ਧੌਣ, ਸਿਰ, ਕੰਪਾ ਦੇਵੇ ਤਿਸਨੂੰ "ਜ਼ੁਮਲਾ" ਆਖਦੇ ਹਨ ॥੨੬੨॥

ਸੋਰਠਾ

ਰਹਤ ਅਲਪ ਸੋ ਕਾਲ, ਬੇਗ ਮੰਦ ਸੋ ਕਰਤ ਹੈ।
ਖੁਦ੍ਰਾ ਜਾਨੋ ਲਾਲ, ਮਾਧਵ ਕਹੀ ਬਿਚਾਰ ਕੈ ॥ ੨੬੩ ॥

ਥੋੜਾ ਚਿਰ ਰਹੇ, ਮਾੜਾ ਬੇਗ ਕਰੇ, ਇਸ ਨੂੰ "ਖੁਦ੍ਰਾ" ਕਿਹਾ ਜਾਂਦਾ ਹੈ ॥੨੬੩॥

ਚੌਪਈ

ਨਾਭ ਉਠੀ ਹਿਯ ਮਾਹਿ ਸਿਧਾਵੈ। ਬਡਾ ਗੰਭੀਰ ਸੁ ਸਬਦ ਕਰਾਵੈ।
ਜਾਮਹਿ ਘਨੋ ਉਪਦਵ ਜਾਨੋ। ਸੋ ਗੰਭੀਰਾ ਲਛਨ ਮਾਨੋ ॥੨੬੪॥

ਧੁੰਨੀਓਂ ਉਠਕੇ ਕਲੇਜੇ ਨੂੰ ਆਵੇ, ਵੱਡਾ ਤੇ ਗੰਭੀਰ ਸ਼ਬਦ ਕਰੇ, ਇਸ ਵਿਚ ਬਹੁਤੇ ਉਪਦ੍ਰਵ ਹੁੰਦੇ ਹਨ, ਇਸ ਤੇ ਏਹ "ਗੰਭੀਰਾ" ਕਹੀ ਜਾਂਦੀ ਹੈ ॥੨੬੪॥

ਮਰਮ ਸਥਾਨ ਕੋ ਪੀੜਤ ਕਰਹੀ। ਜਾਨ ਨਿਰੰਤਰ ਦੁਖ ਕੋ ਧਰਹੀ।
ਸੋ ਵਹਿ ਮਹਿਤਾ ਨਾਮ ਕਹਾਵਤ। ਸਕਲ ਸਰੀਰਹਿ ਕੋ ਕੰਪਾਵਤ।੨੬੫।

ਮਰਮ ਥਾਵਾਂ ਨੂੰ ਪੀੜਤ ਕਰੇ, ਨਿਰੰਤ੍ਰ ਦੁਖ ਦੇਵੇ, ਸਰੀਰ ਨੂੰ ਕੰਬਾ ਦੇਵੇ ਸੋ "ਮਹਤਾ" ਕਹਾਉਂਦੀ ਹੈ ॥ ੨੬੫ ॥

ਅਸਾਧ ਲੱਛਣ—ਦੋਹਰਾ

ਅਹਾਰ ਛੇਦ ਤਨ ਖੀਨ ਦ੍ਰਿਧ, ਬਕਤ ਪ੍ਰਲਾਪੀ ਮੋਹ।

Digitized by Panjab Digital Library | www.panjabdigilib.org

ਆਰਤ ਤ੍ਰਿਟ ਨਰ ਨਾ ਲਖਤ, ਜਮ ਘਰ ਬਸ ਹੈ ਸੋਇ ॥੨੬੬॥

ਅਹਾਰ ਛੁਟ ਗਿਆ ਹੋਵੇ, ਸਰੀਰ ਖੀਣ ਤੇ ਬੁਢਾ ਹੋਵੇ, ਅਨਰਥ ਬਚਨ, ਅਗਯਾਨ ਬੇਚੈਨੀ ਪਯਾਸ ਅਰ ਆਦਮੀ ਨਾ ਪਛਾਣੇ, ਸੋ ਮਰ ਜਾਂਦਾ ਹੈ ॥੨੬੬॥

ਉਪਾਯ, ਨਸਵਾਰਾਂ *(ਵੰਗਸੇਨਾਤ)–ਦੋਹਰਾਂ

ਮਧੁਕੰ ਮਧੁ ਸੰਜੁਗਤ ਲਖ, ਸਿਤਾ ਪੀਪਰੀ ਜੋਗੁ।
ਨਾਗਰ ਗੁੜ ਹਿਕ੍ਾ ਹਰਤ, ਤੀਨੋ ਨਾਵਨ ਜੋਗੁ ॥੨੬੭॥

੬੨੦–ਮੁਲੱਠੀ ਤ ਸ਼ਹਿਤ, ਯਾ:–
੬੨੧–ਮਘ ਤੇ ‡ਖੰਡ ਯਾ:–
੬੨੨–ਸੁੰਢ ਤੇ ਗੁੜ ਇਹ ਤਿੰਨੇ ਵਖੋ ਵਖ ਨਸਵਾਰਾਂ ਦੇਣ ਤੇ ਹਿੜਕੀ ਜਾਂਦੀ ਹੈ ॥੨੬੭॥

ਮਾਖੀ ਬਿਸਟਾ ਤਿਜ ਦੁਗਧ, ਦੂਜੀ ਯਾਵਕ ਦੇਇ।
ਗੁੜ ਪਯ ਨਾਰੀ ਨਾਸ ਤ੍ਰਿਕ, ਹਿਕ੍ਾ ਰੋਗ ਹਰੇਇ ॥੨੬੮॥

੬੨੩–ਮਖੀਆਂ ਦੇ ਹਗੇਰ ਇਸਤ੍ਰੀ ਦੇ ਦੁਧ ਨਾਲ ਯਾ–
੬੨੪–ਪਿਪਲ ਦੀ ਲਾਖ ਇਸਤ੍ਰੀ ਦੇ ਦੁਧ ਨਾਲ ਯਾ–
੬੨੫–ਗੁੜ ਇਸਤ੍ਰੀ ਦੇ ਦੁਧ ਨਾਲ, ਇਹ ਤਿੰਨੇ ਵਖੋ ਵਖ ਨਸਵਾਰਾਂ ਦੇਵੇ ਤਾਂ ਹਿੜਕੀ ਜਾਵੇ ॥੨੬੮॥

ਮਧੁ ਸੇਂਧਾ ਰਸੁ ਮਾਤਲੁੰਗ, ਚਾਟੇ ਰੋਗੀ ਏਹ।
ਹਿਕ੍ਾ ਨਾਸਤ ਪਾਂਚ ਬਿਧਿ, ਸੁਖ ਪਾਵਤ ਸਬ ਦੇਹ ॥੨੬੯॥

੬੨੬–ਸ਼ਹਿਤ ਤੇ ਸੇਂਧਾਲੂਣ ਬਿਜੌਰੇ ਦਾ ਰਸ ਪਾਕੇ ਚਟੇ ਤਾਂ ਪੰਜ ਪ੍ਰਕਾਰ ਦੀ ਹਿੜਕੀ ਨਾਸ਼ ਕਰੇ ॥੨੬੯॥

ਚਟਣੀ

ਸੁੰਠ ਆਮਰੇ ਪੀਪਰਾ, ਭਿੰਨ ਜੋਗੁ ਤ੍ਰਿਕ ਜਾਨ।
ਸਹਿਤ ਸੰਗ ਚਾਟਨ ਕਰੇ, ਹਿਕ੍ਾ ਕੇਰੀ ਹਾਨ ॥ ੨੭੦ ॥

੬੨੭–ਸੁੰਢ ਤੇ ਸ਼ਹਿਤ, ਜਾ–
੬੨੮–ਆਵਲੇ ਤੇ ਸ਼ਹਿਤ, ਯਾ–
੬੨੯–ਮਘ ਤੇ ਸ਼ਹਿਤ, ਇਹ ਵਖੋ ਵਖਰੇ ਪ੍ਰਯੋਗ ਚਟਣੀ ਬਣਾਕੇ ਚਟੇ ਤਾਂ ਹਿੜਕੀ ਜਾਵੇ ॥ ੨੭੦ ॥

ਪ੍ਰਵਾਲੀ ਚੂਰਨ–ਚੌਪਈ

ਪ੍ਰਵਾਲੀ ਸੰਖ ਤ੍ਰਿਫਲਾ ਜਾਨ। ਚੂਰਨ ਕਰ ਮਧੁ ਸੰਗ ਚਟਾਨ।

---

*ਦੇਖੋ ਬੰਗਸੇਨ ਪ੍ਰਿ: ੨੬੨,
‡ਸਿਤਾ–ਖੰਡ (ਚੀਨੀ) ਹੈ, ਦੇਖੋ ਆ: ਔ: ਐ: ਕੋਸ਼ ਪ੍ਰਿ: ੧੭੮,

Digitized by Panjab Digital Library | www.panjabdigilib.org

ਕੁਛਕ ਘੀਉ ਤਿਸ ਬੀਚ ਪਵਾਇ। ਚਾਟਤ ਹਿਕ੍ਵਾ ਰੋਗ ਨਸਾਇ॥੨੭੧॥

੬੩੦-ਮ੍ਰਿਤ ਮੂੰਗਾ, ਮ੍ਰਿਤ ਸੰਖ, ਹਰੜ, ਬਹੇੜਾ ਤੇ ਆਵਲੇ ਚੂਰਣ ਕਰੇ ਅਰ ਸ਼ਹਿਤ ਨਾਲ ੪ ਮਾਸੇ ਚਟੇ, ਪਰੰਤੂ ਥੋੜਾ ਸ਼ਹਿਤ ਤੇ ਘਿਉ ਮਿਲਾ ਲਵੇ ਤਾਂ ਹਿੜਕੀ ਜਾਵੇ ॥੨੭੧॥

ਦੋਹਰਾ

ਪੀਪਰ ਗੇਰੂ ਮਧੁ ਸਹਿਤ, ਚਾਟਤ ਹਿਕ੍ਵਾ ਜਾਇ।
ਕੁਸਾ ਘੀਉ ਹਿਕ੍ਵਾ ਪਿਵੇ, ਬਿਨੁ ਜਲੁ ਹਿਕ੍ਵ ਗਵਾਇ ॥੨੭੨॥

੬੩੧-ਮਘ, ਗੇਰੂ ਤੇ ਸ਼ਹਿਤ ਚਟਾਵੇ ਯਾ-
੬੩੨-ਚਕੋਧਰੇ ਦਾ *ਰਸ ਘ੍ਰਿਤ ਪਾ ਕੇ ਬਿਨਾ ਜਲ ਦੇ ਪੀਵੇ ਤਾਂ ਹਿੜਕੀ ਜਾਵੇ ॥੨੭੨॥

ਚੌਪਈ

ਅੰਜਨਬੇਰ ਗਿਰੀ ਪੁਨ ਲਾਜਾ। ਤਿਕਤਾ ਕਾਂਚਨ ਗੈਰਕ ਸਾਜਾ।
ਕ੍ਰਿਸਨਾ ਧਾਤ੍ਰੀ ਸੁੰਠੀ ਸਿਤਾ। ਕਾਸੀਸੰ ਦਧਿ ਲੇ ਦੋ ਇਤਾ ॥੨੭੩॥
ਪਾਠਲ ਹਾਪੁਖ ਆਛੀ ਆਨ। ਮੁਸਤ ਖਜੂਰੀ ਕੇਲੇ ਜਾਨ।
ਮਧੁ ਸੰਗ ਚਾਟੇ ਹਿਕ੍ਵਾ ਜਾਇ। ਏਕੋ ਚਰਨੈ ਜੋਗ ਕਹਾਇ ॥੨੭੪॥

੬੩੩-ਸੁਰਮਾਂ, ਕਚੇ ਬੇਰਾ ਦੀ ਗਿਟਕ, ਧਾਨਾਂ ਦੀਆਂ ਖਿੱਲਾਂ, ਯਾ-
੬੩੪-ਕੁਟਕੀ ‡ਨਾਇਕੇਸਰ ਤੇ ਗੇਰੂ, ਯਾ-
੬੩੫-ਮਘ, ਆਵਲੇ, ਸੁੰਢ ਤੇ ਮਿਸਰੀ, ਯਾ-
੬੩੬-ਕਸੀਸ ਤ ()ਕੈਥ ਦਾ ਗੁਦਾ, ਯਾ-
੬੩੭-ਗੁਲਾਬ ਦੇ ਫੁਲ ਤੇ ਹਉਬੇਰ, ਜਾ-
੬੩੮-ਮੋਥਾ, ਖਜੂਰ ਤੇ ਕੇਲਾ, ਪਾਠਾਂਤ੍ਰ ਕੇਲੇ ਦੇ ਥਾਂ "ਕ੍ਰਿਸ਼ਨਾ" ਪਾਠ ਹੈ, ਸੋਈ ਮੂਲਾਨੁਸਾਰ 0ਮਘਾਂ ਠੀਕ ਹਨ। ਇਸ ਦੇ ਇਕ ਇਕ ਚਰਣ ਵਿਚ ਇਕ ਇਕ ਯੋਗ ਹੈ, ਸੋ ਇਹ ਛੇਆਂ ਯਗਾਂ ਵਿਚੋਂ ਕੋਈ ਭੀ ਸ਼ਹਿਤ ਨਾਲ ਚਟਾਵੇ ਤਾਂ ਹਿੜਕੀ ਜਾਵੇ ॥੨੭੩॥੨੭੪॥

ਧੂਮ੍ਰ ਪਾਨ-ਦੋਹਰਾ

ਮਾਖ ਤੁਸੀ ਧਰ ਆਗ ਮੈ, ਬਦਨੈ ਧੂਪ ਦਿਵਾਇ।
ਵਾ ਹੁੱਕੇ ਮੈ ਪੀਜੀਏ, ਹਿਕ੍ਵਾ ਰੋਗੁ ਮਿਟਾਇ ॥ ੨੭੫ ॥

---

*ਕੁਸਾ-ਕਕੋਧਰਾ (ਨਿੰਬੂ) ਦੇਖੋ ਆ: ਐ: ਕੋ: ਪ੍ਰਿ: ੩੬ ਅਰ ਚਕੋਧਰੇ ਦਾ ਗੁਣ ਭੀ ਹਿੜਕੀ ਨਾਸਕ ਹੈ ਦੇਖੋ ਭਾਵ ਪ੍ਰਕਾਸ਼ ਪ੍ਰਿ: ੨੭੯.

‡ਕਾਂਚਨ-ਨਾਗਕੇਸਰ ਦੇਖੋ ਆ: ਐ: ਕੋ ਪ੍ਰਿ: ੨੯.

() ਦਧਿ-ਕੈਥ ਹੈ, ਦੇਖੋ ਆ: ਐ. ਕੋ: ਪ੍ਰਿ: ੮੫। ਭਾਵ ਇਹ ਹੈ ਕਿ ਜਿਤਨੇ ਨਾਮ ਦਹੀਂ ਦੇ ਹੁੰਦੇ ਹਨ, ਉਤਨੇ ਨਾਮ ਕੈਥ ਦੇ ਕਹੇ ਜਾਂਦੇ ਹਨ। ਇਸੀ ਤੇ ਏਥੇ ਦਹੀਂ ਅਰਥ ਨਹੀਂ, ਤਸੱਲੀ ਵਾਸਤੇ ਦੇਖੋ ਵੰਗਸੇਨ ਪ੍ਰਿ: ੨੬੩।

0ਦੇਖੋ ਵੰਗਸੇਨ ਪ੍ਰਿ: ੨੫-੨੬.

Digitized by Panjab Digital Library | www.panjabdigilib.org

੬੩੯–ਮਹਾਂ ਦੇ ਭੋਹ ਅਗ ਵਿਚ ਧਰਕੇ ਮੂੰਹ ਵਿਚ ਧੂੰਆਂ ਲਵੇ ਤਾਂ ਹੁਕੇ ਦ੍ਵਾਰਾ ਪੀਵੇ ਤਾਂ ਹਿੜਕੀ ਜਾਵੇ ॥੨੭੫॥

ਨੈਪਾਲੀ ਪਤੀਸ ਲੈ, ਰਾਲ ਧੂਮ ਕਰਿ ਪੀਇ।
ਹਿਕ੍ਵਾ ਨਾਸਤ ਤਤ ਛਿਨੈ, ਬੰਗਸੈਨ ਕਹਿ ਦੀਇ॥ ੨੭੬॥

੬੪੦–*ਮਨਸਿਲ ()ਪਤੀਸ ਤੇ ਰਾਲ ਇਨ੍ਹਾਂ ਦਾ ਧੂੰਆਂ ਪੀਵੇ ਤਾਂ ਹਿੜਕੀ ਜਾਵੇ ॥੨੭੬॥

ਹਿਕ੍ਵਾ ਮਿਟ ਮਦ ਪਾਨ ਤੇ, ਤੁਰਤੈ ਤਨ ਸੁਖ ਥਾਇ।
ਮੋਰ ਪਾਂਖ ਹੁਕੈ ਪਿਵਤ, ਹਿਕ੍ਵਾ ਤੁਰਤ ਨਸਾਇ॥ ੨੭੭॥

੬੪੧–ਸ਼ਰਾਬ ਪੀਣ ਤੇ ਤੁਰਤ ਹਿੜਕੀ ਜਾਂਦੀ ਹੈ, ਜਾ–
੬੪੨–ਮੋਰ ਦੇ ਖੰਭ ਹੁਕੇ ਵਿਚ ਪੀਵੇ ਤਾਂ ਹਿੜਕੀ ਜਾਵੇ ॥੨੭੭॥

ਚੌਪਈ

ਤਿਯ ਪਯ ਚੰਦਨ ਨਾਵਨ ਦਾਇ। ਹਿਚਕੀ ਰੋਗੁ ਮਿਟਤ ਸੁਖ ਪਾਇ।
ਮਾਖੀ ਬਿਸਟਾ ਜਾਵਕ ਮੇਲ। ਨਾਵਨ ਨੀਰੈ ਹਿਕ੍ਵਾ ਠੇਲ ॥੨੭੮॥

੬੪੩–ਇਸਤ੍ਰੀ ਦੇ ਦੁਧ ਵਿਚ ਚੰਦਨ ਦੀ, ਯਾ–
੬੪੪–ਮੱਖੀ ਦੇ ਹਜੇਰ ਵਿਚ ਪਿੱਪਲ ਦੀ ਲਾਖ ਪਾਕੇ ਨਸਵਾਰ ਦੇਵ ਤਾਂ ਹਿੜਕੀ ਜਾਵੇ।੨੭੮।

ਸ੍ਰਿੰਗੀ ਤ੍ਰਿਫਲਾ ਤ੍ਰਿਕੁਟਾ ਆਨ। ਪੰਚਲਵਨ ਭੜਿੰਗੀ ਠਾਨ।
ਕੰਟਾਰੀ ਲੈ ਪੁਸਕਰਮੂਲ। ਟਾਂਕ ਦੋਇ ਖਾਵੇ ਇਸ ਚੂਰ॥ ੨੭੯॥
ਤਾਤੇ ਪਾਨੀ ਸੰਗਹਿ ਖਾਇ। ਹਿਕ੍ਵਾ ਸ੍ਵਾਸ ਖਈ ਸਭ ਜਾਇ।
ਕਫ ਖਾਂਸੀ ਪੀਨਸ ਮਿਟ ਜਾਇਕਹੀ ਔਖਧੀ ਮਨਚਿਤ ਲਾਇ॥੨੮੦॥

੬੪੫–ਕਕੜਸਿੰਗੀ, ਤ੍ਰਿਫਲਾ, ਤ੍ਰਿਕੁਟਾ, ਪੰਜੇ ਲੂਣ, ਭੜਿੰਗੀ, ਕੰਡਿਆਰੀ ਤੇ ਪੁਹਕਰ ਮੂਲ, ਇਨ੍ਹਾਂ ਦਾ ਚੂਰਣ ਕਰਕੇ ੮ ਮਾਸੇ ਰੋਜ਼ ਗਰਮ ਜਲ ਨਾਲ ਲਵੇ ਤਾਂ ਹਿੜਕੀ, ਸ੍ਵਾਸ, ਕਫ, ਖਈ ਤੇ ਰੇਸ਼ਾ ਸਭ ਨੂੰ ਨਾਸ ਕਰੇ ॥੨੭੯॥੨੮੦॥

ਦੋਹਰਾ

ਪਾਨ ਜਟਾ ਕੋ ਕ੍ਵਾਥ ਕਰ, ਪੀਵਤ ਜੋ ਨਰ ਛਾਨ।
ਪਾਂਚ ਭਾਂਤ ਹਿਕ੍ਵਾ ਮਿਟਤ, ਤਨ ਅਤਿ ਲਹਤ ਕਲਯ ਨ ॥੨੮੧॥

੬੪੬–ਪਾਨ ਦੀ ਜੜ੍ਹ ਦਾ ਕਾੜ੍ਹਾ ਕਰਕੇ ਜੇਹੜਾ ਪੁਰਸ਼ ਇਸਤ੍ਰੀ ਪੀਵੇ, ਓਸਦੀ ੫ ਪ੍ਰਕਾਰ ਦੀ ਹਿੜਕੀ ਨਾਸ ਹੋਵੇ ॥੨੮੧॥

ਚੌਪਈ

---

*ਨੈਪਾਲੀ=ਮਨਸਿਲ ਹੈ, ਦੇਖੋ ਵੰਗ ਸੈਂ: ਪ੍ਰਿ: ੨੬੩।
()ਪਤੀਸ=ਪਤੀਸ ਦੇ ਥਾਂ ਕੁਠ ਭੀ ਅਯੁਕਤ ਨਹੀਂ ਹੈ।

Digitized by Panjab Digital Library | www.panjabdigilib.org

ਬਲਾ ਜੁ ਬੀਜ ਮੁਖ ਮਾਂਹਿ ਲਖਾਇ। ਹਿਕ੍ਵਾ ਛਿਨ ਮਹਿ ਦੂਰ ਨਸਾਇ।
ਤੁਲਸੀ ਰਸ ਏਲਾ ਪੀਸਾਇ। ਪੀਵਤ ਹਿਚਕੀ ਭਾਗੀ ਜਾਇ॥੨੮੨॥

੬੪੭–ਲਾਚੀ ਦੇ ਦਾਣੇ ਮੂੰਹ ਵਿਚ ਰਖੇ, ਹਿੜਕੀ ਛਿਨ ਵਿਚ ਜਾਵੇ, ਜਾ–
੬੪੮–ਤੁਲਸੀ ਦੇ ਰਸ ਵਿਚ ਲਾਚੀ ਪੀਹਕੇ ਪੀਵੇ ਤਾਂ ਹਿੜਕੀ ਜਾਵੇ ॥੨੮੨॥

ਗੋਲੀ

ਏਲਾ ਚੰਦਨ ਮੁਸਤਾ ਕਣਾ। ਗਜਕੇਸਰ ਸੁਰ ਕੁਸਮਾ ਭਣਾ।
ਫੂਲ ਕਪਾਹ ਲਾਜਾ ਸਿਤ ਸਿਤਾ।ਬਿਲਗਿਰੀ ਮਧੁ ਗੋਲੀ ਕ੍ਰਿਤਾ॥੨੮੩॥
ਪੁੰਗੀ ਸਮ ਗੋਲੀ ਕਾ ਮਾਨ। ਖਾਵਤ ਰੋਗੀ ਸੰਧ ਬਿਹਾਨ।
ਵਾਰ ਵਾਰ ਵਾ ਬਦਨ ਠਵਾਇ। ਹਿਚਕੀ ਰੋਗੁ ਸੁ ਦੂਰ ਪਰਾਇ॥੨੮੪॥

੬੪੯–ਲਾਚੀ, ਚੰਦਨ, ਮੋਥਾ, ਮੇਘ, ਨਾਗ ਕੇਸਰ, ਲੌਂਗ, ਕਪਾਹ ਦੇ ਫੁੱਲ, ਫੁਲੀਆਂ, ਸਫੇਦ ਮਿਸਰੀ ਤੇ ਬਿਲਗਿਰੀ ਸ਼ਹਿਤ ਨਾਲ ਸੁਪਾਰੀ ਸਮਾਨ ਗੋਲੀ ਕਰੇ, ਦੋਨੋਂ ਸਮਾਜ ਖਾਵੇ ਜਾ ਮੁੜ ਮੁੜ ਮੂੰਹ ਵਿਚ ਰਖੇ ਤਾਂ ਹਿੜਕੀ ਜਾਵੇ ॥੨੮੪॥

ਹਿੜਕੀ ਪਥ–ਸ਼ੰਕਰ ਛੰਦ

ਧੂਮਪਾਨੰ ਸ੍ਵੇਦ ਬਮਨੰ, ਬਿਰਚ ਖਸਟਕ ਸਾਲ।
ਕੁਲਥ ਜੀਰਨ ਕਨਿਕ ਤੁਲਸੀ, ਉਸਨ ਜਲ ਮਦ ਲਾਲ।
ਕਫ ਬਾਤ ਹਰੀ ਦੂਬ ਮਧੁ ਲੈ, ਤ੍ਰਾਸਨੰ ਜਰ ਧਾਰ।
ਸੋਇ ਦਿਨ ਨਿਸ ਪਥ ਭਾਖੈ, ਰੋਗ ਹਿਕ੍ਵਾ ਸਾਰ ॥੨੮੫॥

੬੫੦–ਧੂੰਆਂ ਖਿਚਣਾ, ਪਸੀਨਾ, ਕੈ, ਜੁਲਾਬ, ਸਠੀ ਦੇ ਚੌਲ, ਪੁਰਾਣੇ ਕੁਲਥ, ਕਣਕ, ਤੁਲਸੀ, ਗਰਮ ਜਲ, ਮਦਿਰਾ, ਕਫ ਬਾਤ ਨਾਸਕ ਵਸਤਾਂ, ਸ਼ਹਿਤ, ਭੈ ਦੇਣਾ, ਜਲਧਾਰਾ ਤੇ ਬਿਨਾਂ ਰਾਤ ਦੇ ਸੋਣਾ ਇਹ ਹਿੜਕੀ ਦੇ ਪਥ ਹਨ ॥੨੮੫॥

ਅਪੱਥ

ਬੇਗ ਧਾਰਣ ਚਣਕ ਮਾਖਾ, ਜਲਚਰਾ ਕੋ ਮਾਸ।
ਬਿਸਟੰਭ ਰੂਖਾ ਕਫੀ ਮਟੁਰਾ, ਤੁਰਸ ਤੇਲ ਨ ਖਾਸ।
ਸੀਤ ਗੁਰੁ ਜੋ ਅੰਨ ਪਾਨੰ, ਖਲ ਬਿਦਾਹੀ ਜੋਇ।
ਤੇਲ ਤਲਿਆ ਏ ਕੁਪਥਹਿ, ਖਾਇ ਤੇ ਦੁਖੁ ਹੋਇ ॥ ੨੮੬ ॥

੬੫੧–ਬੇਗਾਂ ਦਾ ਰੋਕਣਾ, ਛੋਲੇ, ਮਾਹ, ਜਲ ਦੇ ਜੀਵਾਂ ਦਾ ਮਾਸ, ਕਬਜ਼ੀ ਕਾਰਕ, ਖੁਸ਼ਕ, ਕਫਕਾਰੀ ਪਦਾਰਥ, ਮਟਰ, ਤੁਰਸ਼, ਤੇਲ, ਠਢੇ ਤੇ ਭਾਰੀ, ਅੰਨ, ਜਲ, ਇਹ ਨ ਸੇਵੇ, ਕੂਲਰ, ਦਾਹ ਕਾਰਕ ਅਤੇ ਤੇਲ ਦੇ ਤਲੇ ਪਦਾਰਥ ਇਹ ਸਭ ਕੁਪਥ ਹਨ ॥੨੮੬॥

Digitized by Panjab Digital Library | www.panjabdigilib.org

ਸ੍ਵਾਸ ਰੋਗ ਨਿਦਾਨ–ਚੌਪਈ

ਕਫ ਆਗੈ ਜਬ ਹੋਇ ਸਮੀਰ। ਸ੍ਵਾਸ ਰੋਗੁ ਤਬ ਦੇਇ ਉਦੀਰ।
ਮਹਾਂ ਊਰਧ ਛਿਨਾ ਤ੍ਰਿਕ ਜਾਨ। ਤਮਕ ਖੁਦ ਏ ਪਾਂਚ ਬਖਾਨ ॥੨੮੭॥

ਕਫ ਜਦੋਂ ਵਾਯੂ ਦੇ ਅਗੇ ਹੋ ਜਾਵੇ ਤਦ ਸ੍ਵਾਸ ਰੋਗ ਪੈਦਾ ਕਰ ਦੇਵੇ ਹੈ ਤਦ ੧ ਮਹਾ ਸ੍ਵਾਸ, ੨ ਊਰਧ ਸ੍ਵਾਸ, ੩; ਛਿਨਾ ਸ੍ਵਾਸ, ੪ ਤਮਕ ਸ੍ਵਾਸ ਤੇ ੫ ਛੁਦ੍ਰ ਸ੍ਵਾਸ ਇਹ ਪੰਜ ਪੈਦਾ ਕਰ ਦੇਵੇ ॥੨੮੭॥

ਮਹਾ ਸ੍ਵਾਸ ਲਛਣ–ਦੋਹਰਾ

ਮਤ ਬ੍ਰਿਖਭ ਜਿਮ ਬੋਲਤਾ, ਮੁਖ ਤੈ ਊਰਧ ਸ੍ਵਾਸ।
ਗਯੋ ਗਯਾਨ ਬਿਗਯਾਨ ਸਭ, ਭ੍ਰਾਂਤਿ ਸਹਿਤ ਦ੍ਰਿਗ ਭਾਸ ॥੨੮੮॥
ਬਧ ਮੂਤਰ ਬਿਟਿ ਹੋਤ ਹੈ, ਪਸਰਯੋ ਮੁਖ ਅਰੁ ਨੈਨ।
ਸ੍ਵਾਸ ਲੇਤ ਦੂਰੈ ਸੁਨੀ, ਮਹਾ ਸ੍ਵਾਸ ਜਮ ਸੈਨ ॥੨੮੯॥

ਮਤੇ–ਮਸਤ ਹੋਏ ਬੈਲ ਦੀ ਤਰ੍ਹਾਂ (ਘੇਘੋਂ) ਉੱਭੇ ਸਾਹ ਲੈਂਦਾ ਮੂੰਹੋਂ ਬੋਲੇ। ਗਯਾਨ ਵਿਗਯਾਨ ਸਭ ਜਾਂਦਾ ਰਹੇ। ਨੇਤ੍ਰਾਂ ਅਗੇ ਭਵਾਲੀਆਂ, ਮੂਤਰ ਵਿਸ਼ਟਾ ਰੁਕੇ, ਮੂੰਹ ਖੁਲ੍ਹਾ ਰਹੇ, ਸ੍ਵਾਸ ਲੈਂਦਾ ਦੂਰੋਂ ਸੁਣਿਆਂ ਜਾਵੇ, ਇਹ ਮਹਾਂ ਸ੍ਵਾਸ ਯਮ ਦੀ ਫੌਜ ਹੈ ॥੨੮੮॥੨੮੯॥

ਊਰਧ ਸ੍ਵਾਸ ਲਛਣ–ਦੋਹਰਾ

ਊਰਧ ਸ੍ਵਾਸ ਫਿਰ ਨ ਹਟਤ, ਕਫ ਬਯਾਪਤ ਸਭ ਸ੍ਰੋਤ।
ਊਚ ਦ੍ਰਿਸਟਿ ਦ੍ਰਿਗ ਭ੍ਰਾਂਤ ਸੋ, ਅਧੋ ਸ੍ਵਾਸ ਨਹਿ ਹੋਤ ॥੨੯੦॥
ਮਹਾਂ ਬੇਦਨਾਂ ਸੁਸਕ ਮੁਖ, ਆਰਤ ਲਾਂਬਾ ਸਵਾਸ।
ਅੰਧੋ ਸਵਾਸ ਰੋਕੀ ਚਲਤ, ਊਰਧ ਸਵਾਸ ਗੁਨਿ ਭਾਸ ॥੨੯੧॥

ਜਦੋਂ ਸਾਰੇ ਸ੍ਰੋਤਾਂ ਵਿਚ ਕਫ ਭਰਪੂਰ ਹੋ ਜਾਵੇ ਤਦੋਂ ਊਰਧ ਸ੍ਵਾਸ ਫਿਰ ਨਹੀਂ ਹਟਦਾ। ਉੱਚੀ ਦ੍ਰਿਸ਼ਟੀ, ਨੇਤ੍ਰਾਂ ਅਗੇ ਭ੍ਰਮ, ਹੇਠਾਂ ਨੂੰ ਸ੍ਵਾਸ ਨਹੀਂ ਔਂਦਾ। ਮੋਹ, ਪੀੜਾ, ਮੂੰਹ ਸੁਕਣਾ, ਅਕਵੀ, ਲੰਬੇ ਸ੍ਵਾਸ. ਹੇਠਲਾ ਸ੍ਵਾਸ ਰੁਕ ਕੇ ਆਉਣਾ, ਇਸ ਨੂੰ "ਊਰਧ ਸ੍ਵਾਸ" ਆਖਦੇ ਹਨ ॥੨੯੦॥੨੯੧॥

ਛਿੰਨਾ ਸਵਾਸ ਲਛਣ–ਚੌਪਈ

ਉਠਤ ਸਵਾਸ ਸਭ ਜੋਰੁ ਲਗਾਇ। ਮਰਮ ਛੇਦ ਪੀਰਾ ਕਰਵਾਇ।
ਮੂਰਛਾ ਸਵੇਦ ਅਫਾਰਾ ਖੀਨ। ਮੂਤ੍ਰ ਸ਼ੈ ਮੈ ਜਲਨਿ ਪ੍ਰਬੀਨ ॥੨੯੨॥
ਆਰਤ ਦ੍ਰਿਗ ਤੇ ਪਾਨੀ ਝਰੈ। ਸਵਾਸ ਲੇਤ ਦ੍ਰਿਗ ਲਾਲੀ ਕਰੈ।
ਬਰਨ ਬਿਬਰਨ ਸੁ ਬਕੈ ਅਚੇਤ। ਮੁਖ ਸੂਖਾ ਛਿੰਨਾ ਸਵਸ ਹੇਤੁ॥੨੯੩॥

ਸਾਰਾ ਜੋਰ ਲਗ ਕੇ ਸ੍ਵਾਸ ਔਨਾ, ਮਰਮਾਂ ਵਿਚ ਛੇਕ ਕਰਨੀ ਜਿਹੀ ਪੀੜਾ, ਮੂਰਛਾ. ਪਸੀਨਾ, ਖੀਣਤਾ ਮੂਤ੍ਰਾਸ਼ਯ ਵਿਚ ਸੜਨ, ਬੇਚੈਨੀ, ਨੇਤ੍ਰਾਂ ਤੇ ਪਾਣੀ ਔਣਾ, ਸ੍ਵਾਸ ਲੈਂਦਿਆਂ ਨੇਤ੍ਰ ਲਾਲ ਹੋ ਜਾਣੇ,

Digitized by Panjab Digital Library | www.panjabdigilib.org

ਰੋਗੋਂ ਕੁਰੰਗ, ਬਕਾਬਾਦ, ਬਿਹੋਸ਼ੀ ਤੇ ਮੂੰਹ ਸੁਕੇ ਇਹ ਲੱਛਣ ਛਿੰਨਾ ਸ੍ਵਾਸ ਦੇ ਹੁੰਦੇ ਹਨ॥੨੯੨॥੨੯੩॥

ਤਮਕ ਸ੍ਵਾਸ ਲੱਛਣ—ਚੌਪਈ

ਪਵਨ ਬਹਤ ਜਬ ਹੁਇ ਬਿਪਰੀਤ ।ਸਭੀ ਸ੍ਰੋਤ ਮੈ ਤਬ ਇਮ ਰੀਤ ।
ਗ੍ਰੀਵਾ ਸੀਸ ਬੇਦਨਾ ਕਰੈ । ਕਫ ਉਦੀਰ ਨਾਸਾਂ ਬੰਦ ਭਰੈ॥੨੯੪॥
ਸਬਦ ਘੁਰਘੁਰਾ ਤੀਬ੍ਰ ਸੁ ਬੇਗ । ਗਲਾਨ ਬੇਗ ਤੇ ਡਰਤਾ ਸੇਗ ।
ਖਾਂਸਤ ਕੋ ਅਤਿ ਮੋਹ ਉਪਾਇ । ਬਾਰੰਬਾਰ ਕਫੀ ਗਿਰ ਪਾਇ॥੨੯੫॥
ਸੋਵਤ ਦੁਖ ਜਾਗ੍ਰਤ ਸੁਖ ਥਾਇ । ਨਿੰਦ੍ਰਾ ਤਾਕੋ ਮੂਲ ਨ ਆਇ ।
ਉਸਨੈ ਸੁਖ ਦੂਖ ਸੀਤ ਜੁ ਖਾਇ।ਮਸਤਕ ਬੇਦ ਸ੍ਵਾਸ ਲੈ ਆਇ॥੨੯੬॥
ਬਾਰੰਬਰ ਸੁ ਲੇਵਤ ਸ੍ਵਾਸ । ਮੇਘ ਨੀਰ ਅਰੁ ਸੀਤ ਬਿਲਾਸ ।
ਪੂਰਬ ਪਵਨ ਇਨਿਹ ਕਫ ਬਧੈ।ਤਮਕਸ੍ਵਾਸ ਪੰਡਿਤ ਨਹਿ ਸਧੈ॥੨੯੭॥

ਸਰੀਰ ਦੀ ਪਵਨ ਜਦ ਆਪਣਾ ਰਸਤਾ ਛੱਡਕੇ ਦੂਸਰੇ ਰਾਹ ਨਾੜੀਆਂ ਦੇ ਸਰੋਤਾਂ ਵਿਚ ਪ੍ਰਵੇਸ਼ ਕਰਕੇ ਚਲੇ ਤਾਂ ਗਰਦਨ, ਸਿਰ ਜਕੜ ਕੇ, ਕਫ ਵਧਾਕੇ ਨਾਸਾਂ ਵਿਚ ਭਰ ਦੇਂਦੀ ਹੈ । ਤਦੋਂ ਘੁਰੜ ਘੁਰੜ ਸ਼ਬਦ ਅਧਿਕ ਬੇਗ ਵਾਲਾ ਕਰੇ, ਗਿਲਾਨੀ ਹੋਵੇ, ਬੇਗ ਤੋਂ ਸੇਰ ਵਾਂਗ ਡਰ ਆਵੇ । ਖੰਘਦਿਆਂ ਅਤਜੰਤ ਬਿਹੋਸ਼ੀ ਹੋ ਜਾਵੇ, (ਜੇ ਕਫ ਨਾ ਨਿਕਲੇ) ਤਾਂ ਰੋਗੀ ਮੂਰਛਾ ਗਤ ਹੁੰਦਾ ਹੈ, ਸੁੱਤਾ ਨਹੀਂ ਜਾਂਦਾ ਜਾਗਣੇ ਤੇ ਕੁਛ ਸੁਖ ਪ੍ਰਤੀਤ ਹੁੰਦਾ ਹੈ । ਮੱਥੇ ਤੇ ਪਸੀਨਾ ਸਾਹ ਲੈਂਦਿਆਂ ਆਉਂਦਾ ਹੈ, ਬਾਰੰਬਰ ਮੂੰਹ ਸੁੱਕਦਾ ਤੇ ਸ੍ਵਾਸ ਲੈਂਦਾ ਹੈ, ਵਰਖਾ ਵਰਖਣੇ ਤੇ ਠੰਢੇ ਪਦਾਰਥਾਂ ਦੇ ਸੇਵਨ ਕਰਨੇ ਤੇ, ਪੂਰਬ ਦੀ ਪਵਨ ਲੈਣ ਤੇ ਕਫ ਵਧਦੀ ਹੈ ।ਪੰਡਿਤ ਜਨਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਦਾ ਤਮਕ ਸ੍ਵਾਸ ਨਹੀਂ ਸਾਧਿਆ ਜਾਂਦਾ ॥੨੯੪ ਤੋਂ ੨੯੭॥

ਖੁਦ੍ਰ ਸ੍ਵਾਸ ਲੱਛਣ—ਚੌਪਈ

ਰੂਖਾ ਉਦਯਮ ਇਨ ਤੈ ਹੋਇ । ਖੁਦ੍ਰਬਾਤ ਉਦੀਰਤ ਸੋਇ ।
ਨਿਵਲ ਧਾਤ ਕੇ ਖਯ ਤੇ ਜਾਨ । ਸੋ ਤੋ ਸਾਧਕ ਭਾਖਯੋ ਮਾਨ ॥੨੯੮॥

ਖੁਸ਼ਕ ਪਦਾਰਥਾਂ ਦੇ ਖਾਣ ਅਤੇ ਪਰੀਸ਼੍ਰਮ ਤੇ ਹੁੰਦਾ ਹੈ । ਇਸ ਵਿਚ ਥੋੜੀ ਵਾਯੂ ਵਧ ਜਾਂਦੀ ਹੈ । ਨ੍ਰਿਬਲ, ਧਾਤੂ ਖਯ ਤੇ ਹੁੰਦਾ ਹੈ, ਜਰੰਤੂ ਇਸ ਨੂੰ ਸਾਧਯ ਕਿਹਾ ਹੈ ॥੨੯੮॥

ਸ੍ਰਬ ਸ੍ਵਾਸ ਕੇ ਉਪਾਯ—ਚੌਪਈ

(ਸ੍ਵਾਸਾਰੀਬਟੀ)

ਪੀਪਰ ਮਰਚਾਂ ਸੁੰਠੀ ਜਾਨ । ਹਰੜ ਬਹੇੜਾ ਧਾਤ੍ਰੀ ਠਾਨ ।
ਤਜ ਰੇਨਕਾ ਪੀਪਰਮੂਰ । ਪਤ੍ਰਜ ਚਿਤ੍ਰਕ ਲੋਹਾਚੂਰ ॥੨੯੯॥
ਗਜਕੇਸਰ ਏਲਾ ਛੜ ਨਾਗ । ਪਾਰਾ ਗੰਧਕ ਸਮ ਭਾਗ ।

Digitized by Panjab Digital Library | www.panjabdigilib.org

ਗੁੜ ਸੋ ਗੋਲੀ ਕੋਕਨ ਬੇਰ। ਸ੍ਵਾਸ ਰੋਗ ਕੋ ਲੇਤੀ ਘੇਰ ॥੩੦੦॥
ਗੁਲਮ ਕ੍ਰਿਛ ਮੂਤਰ ਪਰਮੇਹ। ਪਾਂਡੂ ਸੰਨਿ ਕਾ ਨਾਸ ਕਰੇਹ।
ਖਾਸਿ ਸੂਲ ਕੀ ਵਾਇ ਨਸਾਇ। ਖਈ ਰੋਗ ਹਿਕ੍ਵਾ ਨਸ ਜਾਇ ॥੩੦੧॥

੬੫੨–ਮਘ, ਮਿਰਚ, ਸੁੰਢ, ਹਰੜ, ਬਹੇੜਾ ਆਵਲੇ, ਤਜੰਸਕ, †ਰੇਣੂਕਾ (ਸੰਭਾਲੂ ਦੇ ਬੀਜ), ਪਿਪਲਾਮੂਲ, ਤਜਪੱਤ੍ਰ, ਚਿਤ੍ਰਾ, ਮ੍ਰਿਤਲੋਹਾ, ਨਾਗਕੇਸਰ, ਇਲਾਚੀ, ਛੜ, ਮ੍ਰਿਤਸਿਕਾ, ਪਾਠਾ ਤੇ ਗੰਧਕ ਆਵਲੇਸਾਰ, ਸਭ ਸਮਾਨ ਲਵੇ। ਪਹਿਲੇ ਪਾਰੇ ਗੰਧਕ ਦੀ ਕਜਲੀ ਕਰਕੇ ਫਿਰ ਸਭ ਦਵਾਈਆਂ ਪੀਸ ਛਾਣਕੇ ਪਾਇ ਮਿਲਾਵੇ। ਗੁੜ ਨਾਲ ਕੋਕਨ ਬੇਰ ਬਰਾਬਰ ਗੋਲੀ ਕਰੇ, ਜਲ ਨਾਲ ਖਾਵ ਤਾ ਸ੍ਵਾਸ ਰੋਗ ਨਾਸ ਕਰੇ। ਗੋਲਾ, ਮੂਤ੍ਰਕਿਛ, ਪਰਮੇਹ, ਪਾਂਡੂ, ਸੰਨਿਪਾਤ, ਖਾਂਸੀ, ਸੂਲ ਵਾਜੂ ਖਈ ਤੇ ਹਿੜਕੀ ਇਨ੍ਹਾਂ ਸਭਨਾਂ ਨੂੰ ਭੀ ਨਾਸ ਕਰੇ ॥੨੯੯ ਤੋਂ ੩੦੧॥

(ਵੰਗਸੇਨਾਤ)–ਚੌਪਈ

ਸਟੀ ਰਾਸਨਾ ਦਸ ਲੈ ਮੂਲ। ਪੀਪਰ ਬਿਸ੍ਵਾ ਪੁਸਕਰ ਮੂਲ।
ਸ੍ਰਿੰਗੀ ਆਮਲ ਕੀ ਭਾੜਿੰਗ। ਛਿੰਨਾ ਸੁੰਠੀ ਸਮ ਸਭ ਅੰਗ ॥੩੦੨॥
ਯਵਾਗੂ ਬਿਧਿ ਕ੍ਵਾਥ ਕਰਾਇ। ਪੀਵਤ ਸ੍ਵਾਸ ਕਾਸ ਮਿਟ ਜਾਇ।
ਹਿਯ ਗਦ ਹਿਕ੍ਵਾ ਦੂਰੈ ਜਾਇ। ਬੰਗਸੈਨ ਤੇ ਆਖੀ ਲਯਾਇ ॥੩੦੩॥

੬੫੩–ਕਚੂਰ, ਰਾਸਨਾ, ਦਸੇਮੂਲ ਮਘ, ਸੁੰਢ, ਪੁਹਕਰਮੂਲ, ਕਕੜਸਿੰਗੀ, †ਭੂੰਮੀ ਆਵਲਾ, ਭੜਿੰਗੀ, ਗਿਲੋਯ ਤੇ ਸੁੰਢ, ਸੱਭੇ ਸਮਾਨ ਲੈ ਕੇ ‡ਯਵਾਂਗੂ ਦੀ ਤਰ੍ਹਾਂ ਕ੍ਵਾਥ ਬਣਾਕੇ ਪੀਵੇ ਤਾਂ ਸ੍ਵਾਸ, ਕਾਸ, ਹ੍ਰਿਦਯ ਰੋਗ, ਹਿੜਕੀ ਨਾਸ ਕਰੇ (ਅਰ ਜਾਤੁਲਜੰਮ ਵਾਸਤੇ ਭੀ ਉਤਮ ਹੈ)। ੩੦੨॥੩੦੩॥

ਕੁਲਥ ਬਯਾਘ੍ਰੀ ਬਾਸਾ ਸੁੰਠ। ਕ੍ਵਾਥ ਕਰੀ ਛਾਨੀ ਜਲ ਗੁੰਠ।
ਪੀਵਤ ਪਾਰਸ ਸੂਲ ਗਦ, ਸ੍ਵਾਸ ਕਾਸ ਮਿਟ ਜਾਇ ॥੩੦੪॥

੬੫੪–ਕੁਲਥ, ਕੰਡਯਾਰੀ, ਬਾਂਸਾ ਤੇ ਸੁੰਢ ਸਮਾਨ ਲੈ ਕੇ ਕਾੜ੍ਹਾ ਕਰਕੇ ਪਾਣੀ ਲਵੇ, ਉਸ ਪਰ ਪੁਹਕਰਮੂਲ ਦਾ ਚੂਰਣ ਬਰੂਰਕ ਪੀਵੇ ਤਾਂ ਸ੍ਵਾਸ ਕਾਸ ਨਾਸ ਕਰੇ ॥੩੦੪॥

ਦੋਹਰਾ

ਦਸ ਮੂਲੀ ਕਾ ਕ੍ਵਾਥ ਕਰ, ਪੁਸਕਰ ਦੇ ਭੁਰਕਾਇ।
ਪੀਵਤ ਪਾਰਸ ਸੂਲ ਗਦ, ਸ੍ਵਾਸ ਕਾਸ ਨ ਰਹਾਇ ॥੩੦੫॥

---

†ਰੇਣੂਕਾ–ਮ੍ਰਿਚ ਬਰ ਬਰ ਗੋਲ ਬੀਜ, ਦੇਖੋ ਆ. ਐ: ਕੋ: ਪ੍ਰਿ: ੧੩੯ ਤੇ ਭਾਵ ਪ੍ਰਕਾਸ਼ (ਸੰਭਾਲੂ ਦੇ ਬੀਜ) ਦੇਖੋ ਪ੍ਰਿ: ੧੩੬. ਪਿਤਪਾਪੜਾ ਅਰਥ ਨਹੀਂ ਹੈ।

†ਭੂੰਮੀਆਵਲਾ–ਇਸਦੇ ਛੋਟੇ ੨ ਝਾੜ ਹੁੰਦੇ ਹਨ ਰਾਈ ਬਰਾਬਰ ਇਸਦੇ ਦਾਣੇ ਹੁੰਦੇ ਹਨ, ਅਭਾਵ ਮੇਂ ਪੱਕੀ ਇਮਲੀ ਪਾਵੇ। ਦੇਖੋ ਭਾਵ ਪ੍ਰ: ਪ੍ਰਿ: ੨੩੨ ਖੰਡ ੧।

‡ਚੀਜ਼ਾਂ ਤੋਂ ਸੋਲਾਂ ਗੁਣਾਂ ਪਾਣੀ ਜ਼ਿਆਦਾ ਪਾਵੇ, ਜਦ ਅੱਧਾ ਸੜ ਜਾਵੇ ਤਾਂ ਛਾਣਕੇ ਇਹ ਪਾਣੀ ਦੇਵੇ, ਇਉਂ ਯਵਾਂਗੂ ਕਿਹਾ ਜਾਂਦਾ ਹੈ, ਦੇਖੋ ਸਾਰੰਗਧਰ ਪ੍ਰਿ: ੧੦੧ ਪੰਨਾ ੨੦॥

Digitized by Panjab Digital Library | www.panjabdigilib.org

੬੫੫-ਦਸ ਮੂਲ ਦਾ ਕਾੜ੍ਹਾ ਕਰੇ, ਉੱਪਰ ਪੁਹਕਰਮੂਲ ਭੁਰਕੇ,ਫਿਰ ਪੀਵੇ ਤਾਂ ਵਖੀ ਦੀ ਪੀੜਾ, ਸ੍ਵਾਸ ਕਾਸ ਜਾਂਦੀ ਹੈ।।੩੦੫।।

ਰੰਭਾ ਕੁੰਦ ਸਰੀਖ ਤ੍ਰਿਕ, ਇਨਕੇ ਫੂਲ ਮਗਾਇ।
ਕਣਾ ਪੀਸ ਤੰਦੁਲ ਉਦਕ, ਪੀਵਤ ਸ੍ਵਾਸ ਮਿਟਾਇ ॥੩੦੬॥

੬੫੬-ਕੇਲੇ ਦੇ, ਕੁਦ (ਮਰਤਵਾਨ) ਦੇ, ਤੇ ਸਰੀਂਹ ਦੇ ਇਨ੍ਹਾਂ ਤਿੰਨਾਂ ਦੇ ਫੁਲ ਤੇ ਮਘਾਂ ਚੋਲਾਂ ਦੇ ਪਾਣੀ ਨਾਲ ਪੀਹਕੇ ਪੀਵੇ ਤਾਂ ਸ੍ਵਾਸ ਕਾਸ ਜਾਵੇ ।।੩੦੬।।

ਸੋਰਠਾ

ਬਜਾਘ੍ਰੀ ਬਚ ਸੁਰ ਦਾਰ, ਸੁੰਠ ਕਟੁਫਲਾ ਪੌਸਕਰ।
ਕ੍ਵਾਥ ਕਰੀ ਪਿਵਵਾਰ, ਸ੍ਵਾਸ ਕਾਸ ਜ੍ਵਰ ਕਾਟਯੋ ॥੩੦੭॥

੬੫੭-0ਕੰਡਜਾਰੀ, ਵਚ, ਦੇਵਦਾਰ, ਸੁੰਢ, ਕਾਯਫਲ ਤੇ ਪੁਹਕਰਮੂਲ, ਸਮਾਨ ਲੈਕੇ ਕ੍ਵਾਥ ਕਰਕੇ ਪੀਵੇ ਤਾਂ ਸ੍ਵਾਸ ਕਾਸ ਤੇ ਤਾਪ ਨਾਸ਼ ਕਰੇ ।।੩੦੭।।

ਚੌਪਈ

ਸ੍ਰਿੰਗੀ ਸੁੰਠ ਕਣਾ ਘਨ ਪੁਸਕਰ। ਮਰਚ ਸਰਕਰਾ ਪੀਸੋ ਸਮ ਕਰ।
ਪੰਚਮੂਲ ਬ੍ਰਿਖੁ ਕਾਢਾ ਕਰੀਏ। ਛਾਨੀਜਲੁ ਤਾਮੈ ਸਭ ਧਰੀਏ ॥੩੦੮॥
ਪੰਚਮੂਲ ਬ੍ਰਿਖੁ ਕ੍ਵਾਥ ਪਿਵਾਇ। ਸ੍ਵਾਸ ਕਾਸ ਕੀ ਪੀਰਾ ਜਾਇ।
ਹਿਕ੍ਵਾ ਨਾਸਤ ਸਾਚੈ ਕਹੀ। ਬੰਗਸੈਨ ਤੇ ਜਾਨੋ ਸਹੀ ॥੩੦੯॥

੬੫੮-ਕਕੜਸਿੰਗੀ, ਮਘ, ਮੋਥਾ, ਪੁਹਕਰਮੂਲ, (ਕਚੂਰ) ਮਿਰਚ, ਖੰਡ ਸਮਾਨ ਲੈਕੇ ਪੀਹੇ, ਫਿਰ ਪੰਜਮੂਲ *(ਗਿਲੋਯ) ਬਾਂਸੇ ਦਾ ਕਾੜ੍ਹਾ ਕਰ, ਛਾਣਕੇ ਉਸ ਜਲ ਵਿਚ ਉਕਤ ਚੂਰਨ ਪਾਕੇ ਇਸ ਤਰ੍ਹਾਂ ਪੰਜਮੂਲ ਤੇ ਬਾਂਸੇ ਦੇ ਕ੍ਵਾਥ ਨਾਲ ਪਿਲਾਵੇ ਤਾਂ ਸ੍ਵਾਸ ਕਾਸ ਤੇ ਹਿੜਕੀ ਨਾਸ ਕਰੇ। ਇਸ ਇਕ ਜੋਗ ਨੂੰ ਕਈ ਦੋ ਕਰਕੇ ਲਿਖਦੇ ਤ ਕਹਿੰਦੇ ਹਨ। ਅਗਯਾਨੀ ਸਮਝਾਣੇ ਤੇ ਉਲਟੇ ਕ੍ਰੋਧੀ ਤਾਂ ਭਾਵੇਂ ਹੋ ਜਾਣ, ਪਰੰਤੂ ਆਪਣੀ ਭੁੱਲ ਪਰ ਅਫਸੋਸ ਨਹੀਂ ਕਰਦੇ। ਜੇ ਹਠ ਹੈ ਤਾਂ ਪੰਜਮੂਲ ਬਾਂਸੇ ਦਾ ਕਾੜ੍ਹਾ ਬੰਙਸੇਨ ਵਿਚੋਂ ਕੱਢਕੇ ਇਸ ਤੋਂ ਨਯਾਰਾ ਦਸ ਦੇਣ? ਸੋ ਹੈ ਨਹੀਂ ਬਾਤ ਸਿਰਫ ਇਤਨੀ ਹੈ ਕਿ ਪੰਜਮੂਲ ਬਿਖ ਕ੍ਵਾਥ "ਪਿਵਾਇ" ਦੇ ਥਾਂ ਪਾਠ "ਕਰਾਇ" ਬਹੁਤੇ ਪੁਸਤਕਾਂ ਵਿਚ ਦੇਖਿਆ ਜਾਂਦਾ ਹੈ- ਇਹੀ ਭ੍ਰਮ ਵਿਚ ਪਾ ਦਿੰਦਾ ਹੈ। ਅਧਿਕ ਵਿਚਾਰ ਰਹੇ ।।੩੦੮।।੩੦੯।।

ਕੂਖ ਮਾਂਡ ਸਿਤ ਚੂਰਨ ਕਰੋ ਉਸਨ ਨੀਰ ਭਖ ਸ੍ਵਾਸਹਿ ਹਰੋ।
ਤ੍ਰਿਫਲਾ ਘ੍ਰਿਤ ਮਧੁ ਚਾਟਨਦੇਇ। ਸ੍ਵਾਸ ਕਾਸ ਕੀ ਪੀਰ ਹਰੇਇ॥੩੧੦॥

੬੫੯-ਪੇਠਾ ਤੇ ‡ਮਿਸਰੀ ਦਾ ਚੂਰਨ ਕਰਕੇ ਗਰਮ ਜਲ ਨਾਲ ਫੱਕੇ, ਯਾ-
੬੬੦-ਤ੍ਰਿਫਲਾ, ਘਿਉ ਤੇ ਸ਼ਹਿਤ ਨਾਲ ਚੱਟ ਤਾਂ ਸ੍ਵਾਸ ਕਾਸ ਨਾਸ ਕਰੇ ।।੩੧੦।।

0ਬੰਗਸੇਨ ਵਿਚ ਕੰਡਯਾਰੀ ਦੀ ਜਗ੍ਹਾ ਭੜਿੰਗੀ ਹੈ, ਦੇਖੋ ਵੰ: ਸੇ: ਪ੍ਰਿ: ੨੬੨ ਸ: ੩੭।
*ਮੂਲ ਵਿਚ ਕਚੂਰ ਤੇ ਗਿਲੋਯ ਦੋ ਅਧਿਕ ਹਨ। ਦੇਖੋ ਵੰ: ਸੇ: ਪ੍ਰਿ: ੨੬੮
‡ਇਥੇ ਸਿਤ-ਸੌਂਫ ਹੈ ਪਰੰਤੂ ਮੂਲ ਵਿਚ ਸਿਤਾ ਕਰਕੇ ਮਿਸਰੀ ਹੈ ਦੇਖੋ ਵੰ: ਸੇ: ੨੬੯।

Digitized by Panjab Digital Library | www.panjabdigilib.org

ਪਰਹਾ

ਭਾਰਗੀ ਨੰਤਾ ਸ੍ਰਿੰਗੀ ਬਿਲ ਜੁ ਗਿਰ ਕਹੀ।
ਮੇਲ ਭਖੜਾ ਕ੍ਵਾਥ, ਕਰੀ ਪਿਵ ਏ ਸਹੀ।
ਸ੍ਰਿਤ ਸੀਤਲ ਕਰਿ ਪਾਨ, ਪ੍ਰਾਤ ਉਠ ਏਹਨੇ।
ਸ੍ਵਾਸ ਕਾਸ ਪੀਰਾਹਿ, ਮਿਟੈ ਮੁਖ ਵੇਹਨੇ ॥ ੩੧੧ ॥

੬੬੧-ਭੜਿੰਗੀ ਧਵਾਹਾਂ, ਕਕੜਸਿੰਗੀ ਬਿਲਗਿਰੀ ਤੇ ਭੱਖੜਾ, ਕ੍ਵਾਥ ਕਰਕੇ ਸੀਤ ਗਰਮ ਪੀਤਾ ਸ੍ਵਾਸ ਕਾਸ ਦਾ ਨਾਸ ਕਰਦਾ ਹੈ ॥੩੧੧॥

(ਵੰਗਸੇਨਾਤ)-ਦੋਹਰਾ

ਸੂਕੀ ਮੂਲੀ ਆਨਕੈ, ਕਵਾਥ ਕਰੀਨੈ ਪਾਇ।
ਸਵਾਸ ਕਾਸ ਹਿਕਵਾ ਟਰਤ, ਬੰਗਸੈਨ ਕਹਿ ਦਾਇ ॥੩੧੨॥

੬੬੨-ਸੁਕਾਈ ਮੂਲੀ ਦਾ ਕ੍ਵਾਥ ਕਰਕੇ ਪੀਵੇ ਤਾਂ ਸ੍ਵਾਸ, ਕਾਸ ਹਿੜਕੀ ਨੂੰ ਨਾਸ ਕਰਦਾ ਹੈ ॥੩੧੨॥

ਚੌਪਈ

ਦਾਖ ਹਰੜ ਕ੍ਰਿਸਨਾ ਲੈ ਸ੍ਰਿੰਗੀ। ਨੰਤਾ ਮਧੁ ਘ੍ਰਿਤ ਚਾਟੇ ਚੰਗੀ।
ਸਵਾਸ ਕਾਸ ਦਾਰੁਨ ਮਿਟ ਜਾਇ। ਬੰਗਸੈਨ ਨੇ ਦਈ ਬਤਾਇ॥੩੧੩॥

੬੬੩-ਮੁਣੱਕਾ, ਹਰੜ, ਮਘ, ਕਕੜਸਿੰਗੀ ਅਰ ਧਮਾਹਾਂ ਸਭ ਸਮਾਨ ਲੈਕੇ ਚੂਰਣ ਬਣਾਵੇ ਅਰ ਫਿਰ ਸ਼ਹਿਤ ਘਿਓ ਪਾਕੇ ਚੱਟੇ ਤਾਂ ਸ੍ਵਾਸ ਕਾਸ ਨਾਸ ਕਰੇ ॥੩੧੩॥

ਦੋਹਰਾ

ਕਟੁਕ ਤੇਲ ਸੋ ਗੁੜ ਸਹੀ, ਚਾਟਤ ਇਕ ਦਿਨ ਬੀਸ।
ਸਵਾਸ ਕਾਸ ਹਿਕਵਾ ਮਿਟਤ, ਕਰਤ ਕ੍ਰਿਪਾ ਜਗਦੀਸ ॥੩੧੪॥

੬੬੪-ਕੌੜੇ ਤੇਲ ਦੇ ਸਮਾਨ ਗੁੜ ਮਿਲਾਕੇ ਚਟਣੀ ਕਰੇ, ੨੧ ਦਿਨ ਚੱਟੇ ਤਾਂ ਸ੍ਵਾਸ ਕਾਸ ਤੇ ਹਿੜਕੀ ਜਾਵੇ ॥੩੧੪॥

ਚੌਪਈ

ਨਿਸਾ ਮਰਚ ਦਾਖਾ ਗੁੜ ਪਾਇ। ਕਣਾ ਸਟੀ ਅਰੁ ਰਾਸਨ ਥਾਇ।
ਤੇਲ ਸੰਗ ਇਸ ਚਾਟਨ ਕਰੋ। ਸ੍ਵਾਸ ਕਾਸ ਕੀ ਪੀਰਾ ਹਰੋ ॥੩੧੫॥

੬੬੫-ਹਲਦੀ, ਮਿਰਚ, ਮੁਣੱਕਾ, ਗੁੜ, ਮਘ, ਕਚੂਰ ਤੇ ਰਾਸਨਾ ਸਮਾਨ ਭਾਗ ਲੈਕੇ ਬਰੀਕ ਕਰੇ, ਫਿਰ ਤੇਲ ਨਾਲ ਚੱਟੇ ਤਾਂ ਸ੍ਵਾਸ ਕਾਸ ਕਰੇ ॥ ੩੧੫ ॥

ਮੁਕਤਾਦਿ ਚੂਰਣ (ਚਰਕਾਤ)-ਚੌਪਈ

ਮੁਕਤ ਪ੍ਰਵਾਲ ਬੈਡੂਰਜ ਪਾਇ। ਸੰਖ ਸਫਟਕ ਸੁਅੰਜਨ ਦਾਇ।

Digitized by Panjab Digital Library | www.panjabdigilib.org

ਸਸਾਰ ਕਾਚ ਗੰਧਾ ਕਸੁਲੇਇ। ਸੂਛਮ ਏਲਾ ਲਵਣ ਦੋ ਦੇਇ॥੩੧੬॥
ਤਾਮ੍ਰ ਅਯ ਰਜ ਰੂਪਾ ਆਨ। ਸੌਗੰਧਕ ਕਾਸੇਰੁਕ ਠਾਨ।
ਜਾਤੀਫਲਸਫਲਾ ਏਹ ਕਹਿਆ।ਅਪਾਮਾਰਗ ਕਰਤੰਦੁਲਲਹਿਆ।੩੧੭।
ਟੰਕ ਏਕ ਪੀਸੀ ਨਿਤ ਖਾਇ। ਮਧੁ ਘ੍ਰਿਤ ਕੈ ਏ ਸਾਥ ਮਿਲਾਇ।
ਸਵਾਸ ਕਾਸ ਹਿਕਵਾਂ ਨਾ ਰਹੈ। ਮੁਕਤਾਦਿਕ ਏਤੇ ਗੁਨ ਕਹੈ॥੩੧੮॥
ਅਤਿ ਪੀਸੀ ਅੰਜਨ ਦ੍ਰਿਗੁ ਭਰੈ। ਏਤੇ ਰੋਗ ਤਊ ਏ ਹਰੈ।
ਤਿਮਰਕਾਚ ਅਰੁ ਨੀਲੀਵਾਇ।ਪਿਸਟਕ ਅਭਿਖਯੰਦੀਗੁਨ ਥਾਇ।੩੧੯।
ਪੈਤਕ ਕੰਡੂ ਮੋਤੀਯਬਿੰਦ। ਦੂਰ ਕਰਤ ਜਾਨੋ ਦੁਖ ਦੁੰਦ।
ਖਾਂਵਤ ਕਾਸ ਖਈ ਮਿਟ ਜਾਇ ਦ੍ਰਿਗਖਾਵਤ ਦ੍ਰਿਗਰੁਜ ਜੁ ਪਰਾਇ।੩੨੦।

੬੬੬-ਮੋਤੀ, ਮੂੰਗਾ, ਬੈਡੂਰਯ ਅਰਥਾਤ ਨੀਲਮਣੀ, ਸੰਖ, ਸਫਟਕ, (ਬਿਲੌਰ) ਕਾਲਾ ਸੁਰਮਾਂ, ‡ਸੰਸਾਰ=ਪੰਜ ਸੰਗਕਰਤਨ, ਕੱਚ, ਗੰਧਕ, ਅੱਕ ਦੀ ਜੜ੍ਹ, ਛੋਟੀ ਇਲਾਯਚੀ ਦੇ ਬੀਜ, ਦੋਨੋਂ ਲੂਣ (ਸੇਂਧਾ ਤੇ ਸੌਂਚਲ) ਤੇ ਤਮੇਸਵਰ, ਮ੍ਰਿਤਲੋਹਾ, ਮਾਰੀ ਚਾਂਦੀ, ‡ਸੌਗੰਧਕ=ਮਾਣਕ, ਕਸੇਰੂ, ਜਾਫਲ, ਸਣ ਦੇ ਬੀਜ ਅਤੇ ਪੁਟਕੰਡੇ ਦੇ ਚਾਵਲ, (ਏਥੇ ਤਾਂਦੂਲਾ ਯਾ ਚੌਲਾਈ ਅਰਥ ਨਹੀਂ ਹੈ, ਇਹ ਸਭ ਅਰਥ ਮੂਲ ਗ੍ਰੰਥਾਂ ਦੇ ਅਨੁਸਾਰ ਕਈ ਤਰ੍ਹਾਂ ਦੀ ਖੋਜ ਭਾਲ ਦੇ ਪਾਠਾਂ ਨਾਲ ਹਨ) ਇਹ ਸਭ ਸਮਾਨ ਭਾਗ ਲੈਕੇ ਪੀਹੇ, ਫਿਰ ਵਿਚੋਂ ੧ ਟੰਕ ਨਿੱਤ ਲੈਕੇ ਸ਼ਹਿਤ ਘਿਉ ਨਾਲ ਮਿਲਾਕੇ ਖਾਵੇ ਤਾਂ ਸ੍ਵਾਸ(ਦਮਾਂ) ਕਾਸ (ਖਾਂਸੀ) ਤੇ ਹਿੜਕੀ ਇਹ ਮੁਕਤਾਦਿ ਚੂਰਣ ਦਾ ਨਾਸ ਕਰਨਾ ਗੁਣ ਹੈ। ਜੇ ਕਦੇ ਬਹੁਤ ਬ੍ਰੀਕ ਪੀਹਕੇ ਨੇਤ੍ਰਾਂ ਵਿਚ ਅੰਜਨ ਪਾਵੇ ਤਾਂ ਤਿਮਰ, (ਧੁੰਧ)-ਕਾਚ, ਨੀਲਵਾਇ, ਪਿਸਟਿਕ ਨਖੂਨ ਅਰਥਾਤ ਕਾਕਨ ਹੁੰਦਰ, ਨੇਤ੍ਰਾਂ ਦਾ ਦੁਖਣਾ, ਪਿੱਤ ਸੰਬੰਧੀ ਰੋਗ, ਖੁਰਕ ਤੇ ਮੋਤੀਆ ਬਿੰਦ, ਇਤਨੇ ਰੋਗ ਨਾਸ ਕਰੇ, ਅਤੇ ਨੇਤ੍ਰ ਅੰਜਨ ਕਰੇ ਤਾਂ ਨੇਤ੍ਰਾਂ ਦੇ ਸਾਰੇ ਰੋਗ ਨਾਸ ਕਰੇ ॥੩੧੬ ਤੋਂ ੩੨੦॥

ਅਥ ਧੂੰਮਪਾਨ ਵਿਧੀ (ਵੰਗਸੇਨਾਤ)—ਚੌਪਈ

ਨਿਸਾ ਲਾਖ ਮਨਸਿਲ ਲੈ ਪਾਇ। ਏਰੰਡ ਮੂਲ ਅਰੁ ਪਤ੍ਰ ਲਯਾਇ।
ਦੇਵਦਾਰ ਘਨਮਾਸੀ ਜਾਨ। ਘ੍ਰਿਤਸੇਤੀ ਤਿਸੁ ਬਟੀ ਬਨਾਨ॥੩੨੧॥
ਤਾਕਾ ਧੂਪ ਲੇਹੁ ਮੁਖ ਮਾਹਿ। ਜਿਜੁ ਜਤਨੈ ਕਰਿ ਭੀਤਰ ਜਾਹਿ।
ਹਿਕ੍ਵਾ ਸ੍ਵਾਸ ਕਾਸ ਮਿਟ ਜਾਇ। ਧੂਮਪਾਨਕੀ ਵਿਧਿ ਕਹਿਵਾਇ।੩੨੨।

੬੬੭-ਹਲਦੀ, ਪਿੱਪਲ ਦੀ ਲਾਖ, ਮਨਸਿਲ, ਅਰਿੰਡ ਦੀ ਜੜ੍ਹ ਅਰ ਪਤ੍ਰ, ਦੇਵਦਾਰ, ਮੋਥਾ

---

‡ਅਗਨੀ ਪੁਰਾਣ ਵਿਚ ੩੬ ਪਰਕਾਰ ਦ ਰਤਨ ਕਹੇ ਹਨ, ਉਨ੍ਹਾਂ ਵਿਚ ਸਸਾਰ ਅਤੇ ਸੌਗੰਧਕ ਭੀ ਰਤਨਾਂ ਵਿਚ ਹਨ। ਇਸਤ ਏਥੇ ਸੌਗਧਕ ਦਾ ਅਰਥ ਕਮਲ ਨਹੀਂ ਹੈ। ਨਾ ਹੀ ਸੰਸਾਰ ਦਾ, ਸੰਸਾਰ ਦਾ ਪਿੱਤਾ ਅਰਥ ਹੈ, ਏਥੇ ਚਰਕ ਦੇ ਟੀਕਾਕਾਰਾਂ ਭੀ ਟਪਲਾ ਖਾਧਾ ਹੈ, ਅਰਥ ਵਿਵਰਣ ਸਹਤ ਨਹੀਂ ਕੀਤੇ।

Digitized by Panjab Digital Library | www.panjabdigilib.org

ਤੇ ਛੜ, ਬਰੀਕ ਪੀਰਕੇ ਘ੍ਰਿਤ ਨਾਲ ਬੱਟੀ ਕਰਕੇ, ਇਸ ਦਾ ਧੂੰਆਂ ਮੁਖ ਵਿਚ ਲਵੇ, ਜਿਸ ਤਰ੍ਹਾਂ ਧੂੰਆਂ ਅੰਦਰ ਜਾ ਸਕੇ, ਤਾਂ ਹਿੜਕੀ, ਸ੍ਵਾਸ ਅਰ ਕਾਸ ਨਾਸ਼ ਹੁੰਦੇ ਹਨ, ਇਹ ਧੂੰਮ ਪਾਨ ਦੀ ਵਿਧਿ ਕਹੀ ਹੈ ॥੩੨੧॥੩੨੨॥

ਚੂਰਣ—ਚੌਪਈ

ਸ੍ਰਿੰਗੀ ਤ੍ਰਿਫਲਾ ਤ੍ਰਿਕੁਟ ਵਤਾਰ। ਬਜਾਘ੍ਰੀ ਪੁਸਕਰ ਜਟਾ ਸੁਧਾਰ।
ਪਾਂਚ ਲਵਨ ਚੂਰਨ ਸਮ ਕਰੋ। ਹਿੱਕ੍ਰਾ ਸ੍ਵਾਸ ਉਸਨ ਜਲ ਹਰੋ॥੩੨੩॥

੬੬੮—ਕਕੜਸਿੰਗੀ, ਤ੍ਰਿਫਲਾ, (ਹਰੜ, ਬਹੇੜਾ, ਆਵਲੇ) ਤ੍ਰਿਕੁਟਾ (ਮਘ, ਮ੍ਰਿਚ, ਸੁੰਢ) *ਭੜਿੰਗੀ, ਕੰਡਿਆਰੀ, ਪੁਹਕਰਮੂਲ ਅਰ ਪੰਜੇਲੂਣ, ਸਮਾਨ ਲੈਕੇ ਪੀਸ ਚੂਰਣ ਕਰੇ, ਗਰਮ ਜਲ ਨਾਲ ਖਾਵੇ ਤਾਂ ਹਿੜਕੀ ਅਰ ਸ੍ਵਾਸ ਨਾਸ ਕਰੇ ॥੩੨੩॥

ਕੰਟਕਾਰੀ ਕੋ ਪੀਸ ਕੈ, ਅਦਰਕ ਹਿੰਗੁ ਮਿਲਾਇ।
ਮਧੁ ਸੋ ਚਾਟੈ ਛਿਨ ਛਿਨੈ, ਹਿਕ੍ਰਾ ਸ੍ਵਾਸ ਮਿਟਾਇ ॥੩੨੪॥

੬੬੯—ਕੰਡਿਆਰੀ ਸੁਕਾ ਕੇ ਪੀਹੇ ਫਿਰ ਅਦ੍ਰਕ ਦਾ ਰਸ ਤੇ ਹਿੰਗ ਪਾਕੇ ਸ਼ਹਿਤ ਨਾਲ ਬਾਰੰਬਾਰ ਚਟਣੀ ਚਟੇਤਾਂ ਹਿੜਕੀ ਅਰ ਸ੍ਵਾਸ ਜਾਵੇ ॥੩੨੪॥

ਤਮਕ ਸਵਾਸ ਉਪਾਇ—ਦੋਹਰਾ

ਭਲਾਤਕ ਮਧੁ ਪਰਣ ਲੈ, ਸਿਵਾ ਮੂਲ ਦਸ ਮੇਲ।
ਸੁੰਠੀ ਕਵਾਥ ਕਰੀ ਪਿਵੇ, ਤਮਕ ਸਵਾਸ ਕੋ ਠੇਲ ॥੩੨੫॥

੬੭੦—ਭਿਲਾਵੇ, †ਗਿਲੋਯ, ਹਰੜ, ਦਸੇਮੂਲ ਅਰ ਸੁੰਢ, ਕਾੜ੍ਹਾ ਕਰਕੇ ਪੀਵੇ ਤਾਂ ਤਮਕ ਸ੍ਵਾਸ ਨਾਸ ਕਰੇ ॥੩੨੫॥

ਪੁਨਾ—ਚੌਪਈ

ਸਿਵਾ ਕ੍ਵਾਥ ਪੀਪਰ ਸੋ ਦੇਇ। ਮਾਰਕ੍ਵ ਕੁਟਜ ਜੁ ਮਧੁ ਸੋ ਲੇਇ।
ਪੁਸਕਰ ਬਾਂਸਾ ਸੁੰਠੀ ਖਾਰ। ਤੀਨ ਜੋਗ ਏ ਸਵਾਸ ਬਿਡਾਰ ॥੩੨੬॥

੬੭੧—ਹਰੜ ਦੀ ਛਿੱਲ ਦਾ ਕਾੜ੍ਹਾ ਕਰਕੇ ਪਿਛੋਂ ਮਘ ਧੂੜਕੇ ਪੀਵੇ, ਜਾ—
੬੭੨—ਭੰਗਰੇ ਦਾ ਰਸ, ਇੰਦ੍ਰਜੌਂ ਦਾ ਚੂਰਣ ਸ਼ਹਿਤ ਪਾਕੇ ਚੱਟੇ। ਜਾ—
੬੭੩—ਪੁਹਕਰਮੂਲ, ਬਾਂਸਾ, ਸੁੰਢ ਅਰ ਜੌਂਖਾਰ ਪੀਹਕੇ ਜਲ ਨਾਲ ਲਵੇ, ਇਹ ਤਿੰਨੇ ਪ੍ਰਯੋਗ ਸ੍ਵਾਸ ਦਾ ਨਾਸ਼ ਕਰਨ ਹਾਰੇ ਹਨ ॥੩੨੬॥

ਸਟਕਾਦਿ ਚੂਰਣ—ਸ਼ੰਕਰ ਛੰਦ

ਸਟੀ ਪੁਸਕਰ ਤਜ ਜੁ ਮੁਸਤਾ, ਪੁਸਕਰਾ ਸੁਰਦਾਰ।

---

*ਵਾਤਾਰ=ਭੜਿੰਗੀ, ਦੇਖੋ ਭਾਵ ਪ੍ਰਕਾਸ਼

†ਮਧੂਪਰਣਿ—ਗਿਲੋਜ ਹੈ, ਦੇਖੋ ਭਾਵ ਪ੍ਰਕਾਸ਼ ਗਿਲੋਯ ਨਾਮਾਤ

Digitized by Panjab Digital Library | www.panjabdigilib.org

ਤਾਲੀਸ ਏਲਾ ਪੀਪਰੀ, ਗਜ ਬਾਲਕੰ ਸਮ ਭਾਰ।
ਅਸਟ ਗੁਨ ਲੈ ਸਰਕਰਾ, ਸਿਤ ਪੀਸ ਚੂਰਨ ਪਾਇ।
ਤਮਕ ਸ੍ਵਾਸੈ ਕਾਸ ਹਿਕਵਾ, ਮਿਟਤ ਹੈ ਸੁਖ ਥਾਇ ॥੩੨੭॥

ਦੋਹਰਾ

ਸਵਾਸ ਜਾਸ ਮੈ ਜਵਰ ਹੁਵੈ,ਮੂਰਛਾ ਬਯਾਪਤ ਹੋਇ।
ਤਮਕ ਸਵਾਸ ਤਾਕੋ ਕਹਿਤ, ਮਾਧਵ ਮੈ ਲਖ ਸੋਇ ॥ ੩੨੮॥

੬੭੪-ਕਚੂਰ, *ਕੁੱਠ, ਦਾਲਚੀਨੀ, ਮੋਥਾ, ਪੁਹਕਰਮੂਲ, ()ਤੁਲਸੀ, ਭੂੰਮੀਆਵਲਾ, ਸੁੰਢ, ਮਘ, ਅਗਰ, ਸੁਗੰਧਬਾਲਾ, ਸਭ ਸਮਾਨ ਭਾਗ ਲਵੇ;ਪੀਹਕੇ ਬਰੀਕ ਚੂਰਣ ਕਰਕੇ ਅੱਠਵਾਂ ਭਾਗ ਸਫੇਦ ਮਿਸ਼ਰੀ ਮਿਲਾਕੇ ਰੱਖੇ ਖਾਵੇ ਤਾਂ ਤਮਕ ਸ੍ਵਾਸ, ਖਾਂਸੀ ਅਰ ਹਿੜਕੀ ਦੂਰ ਹੋਵੇ। ਜਿਸ ਸਵਾਸ ਰੋਗ ਵਿਖੇ ਤਾਪ ਅਰ ਮੂਰਛਾ ਹੋਵੇ, ਉਸਨੂੰ ਤਮਕ ਸਵਾਸ ਆਖਦੇ ਹਨ ॥੩੨੭॥੩੨੮॥

ਸਰਬ ਸਵਾਸ ਪਰ ਸੂਰਯਾਵਰਤ ਰਸ (ਵੰਗਸੇਨਾਤ)—ਚੌਪਈ

ਪਾਰਾ ਪਰ ਸਰਸਾਹੀ ਗੰਧਕ। ਰਸ ਕੂਮਾਰੀ ਪੀਸੋ ਸੰਧਕ।
ਸਿਰਸਾਹੀ ਤ੍ਰਿਕ ਤਾਂਬਾ ਪਤ੍ਰ। ਤਾਕੇ ਲੇਪੋ ਦੋਨੋ ਅੰਤ੍ਰ॥੩੨੯॥
ਤਾਕੋ ਹਾਂਡੀ ਯੰਤ੍ਰ ਪਚਾਇ। ਸੀਤਲ ਹੋਇ ਤ ਪੀਸ ਛਨਾਇ।
ਦੋ ਗੁੰਜਾ ਜ਼ਾ ਮਧੁ ਸੋ ਖਾਇ। ਸਵਾਸ ਰੋਗ ਕੀ ਪੀਰਾ ਜਾਇ ॥੩੩੦॥
ਤ੍ਰਿਕੁਟ ਬਿਸਾਲਾ ਲੈ ਸੁਰਦਾਰ। ਕਵਾਥ ਕਰੀ ਮਧੁ ਮਾਹਿ ਜੁ ਡਾਰ।
ਇਨ ਸੋ ਗੁੰਜਾ ਦੋ ਰਸੁ ਦੇਇ। ਸਵਾਸ ਕਾਸ ਕੀ ਪੀਰ ਹਰੇਇ ॥੩੩੧॥

੬੮੫-ਪਾਰਾ ੪ ਤੋਲੇ ਇਸੀ ਦੇ ਸਮਾਨ ਅਰਥਾਤ ੪ ਤੋਲੇ ਹੀ ਗੰਧਕ ਦੋਹਾਂ ਨੂੰ ਕੁਾਰ ਦੇ ਰਸ ਵਿਚ ੨ ਪਹਿਰ ਘੋਟੇ, ਫਿਰ ਦੋਹਾਂ ਦੇ ਬਰਾਬਰ ਦੇ ਕੰਟਕ ਭੇਦੀ ਨਾਮੇ ਦੇ ਪੱਤ੍ਰ ਪਰ ਇਹ ਲਿਪ ਦੇਵੇ, ਇਸ ਨੂੰ ਫਿਰ ਹਾਂਡੀ 0ਜੰਤ੍ਰ ਵਿਚ ਪਚਾਵ। ਠਢੀ ਹੋਵੇ ਤਾਂ ਕੱਢਕੇ ਛਾਣ ਰੱਖੈ। ਦੋ ਰੱਤੀਆਂ ਸ਼ਹਿਤ ਨਾਲ ਖਾਵੇ ਤਾਂ ਸਵਾਸ ਰੋਗ ਨਾਸ ਕਰੇ, ਪਰੰਤੂ ਤ੍ਰਿਕੁਟਾ, ਤੁੰਮਾ ਤੇ ਦੇਵਦਾਰ ਲੈਕੇ ਕਾੜ੍ਹਾ ਕਰੇ, ਪਹਿਲੇ ਦੋ ਰੱਤੀਆਂ ਰਸ ਮੂੰਹ ਵਿਚ ਝਾੜੇ, ਪਿਛੋਂ ਇਹ ਕਾੜ੍ਹਾ ਪੀਵੇ ਤਾਂ ਸਵਾਸ ਕਾਸ ਸਭ ਤਰ੍ਹਾਂ ਦਾ ਨਾਸ ਕਰੇ ॥੩੨੯ ਤੋਂ ੩੩੧ ॥

ਸਵਾਸ ਕੁਠਾਰ ਰਸ (ਵੈਦਕੰਤੂਹਲਾਤ)—ਚੌਪਈ

ਪਾਰਦ ਗੰਧਕ ਬਿਖੁ ਅਰ ਕਣਾ। ਇਕ ਤੇ ਦੂਨੀ ਸੁੰਠੀ ਭਣਾ।

---

*ਪੁਸਕਰ-ਕੁਠ ਹੈ, ਦਖੋ ਔਸ਼ਧੀ ਕੋਸ਼

()ਸੁਰਸਾ=ਨਾਮ ਤੁਲਸੀ ਦਾ ਹੈ, ਦੇਖੋ ਚਕਿਤਸਾ ਕੋਸ਼

0ਪੱਤ੍ਰ ਲਿਪੇ ਹੋਏ ਹਾਂਡੀ ਵਿਚ ਧਰਕੇ ਸੰਪੁਟ ਕਰਕੇ ੧ ਦਿਨ ਚੁਲ੍ਹੇ ਪਰ ਤਪੌਣ ਨੂੰ "ਹਾਂਡੀ ਯੰਤ੍ਰ" ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਰਜੁ ਪਾਨੋ ਕੇ ਖਰਲ ਕਰਾਇ। ਏਕ ਦਿਵਸ ਵਾ ਅਦਰਕ ਪਾਇ॥੩੩੨॥
ਗੁੰਜ ਏਕ ਵਾ ਖਾਵੈ ਦੋਇ। ਪਾਨ ਵਾਤ ਵਾ ਅਦਰਕ ਜੋਇ।
ਸ੍ਵਾਸ ਕਾਸ ਕਫ ਜਾਵਤ ਸਹੀ। ਬੈਦ ਕੰਤੂਹਲ ਸਾਚੀ ਕਹੀ॥੩੩੩॥

੬੭੬–ਪਾਰਾ ੧ ਤੋਲਾ ਗੰਧਕ ੧ ਤੋਲਾ, ਮਿੱਠਾ ਤੇਲੀਆ ੧ ਤੋਲਾ, ਮਘ ੧ ਤੋਲਾ ਤੇ ਸੁੰਢ ੨ ਤੋਲੇ, ਇਨ੍ਹਾਂ ਨੂੰ ਪਾਨਾਂ ਦੇ ਰਸ ਵਿਚ ਜਾ ਅੰਦ੍ਰਕ ਦੇ ਰਸ ਵਿਚ ੧ ਦਿਨ ਖਰਲ ਕਰਕੇ ਰੱਖ ਛਡੇ ਵਕਤ ਪਰ ੧ ਯਾ ੨ ਰੱਤੀਆਂ ਪਾਨ ਦੇ ਬੀੜੇ ਵਿਚ ਰਖਕੇ ਯਾ ਅਦ੍ਰਕ ਦੇ ਰਸ ਵਿਚ ਘੋਲਕੇ ਚੱਟੇ ਤਾਂ ਸ੍ਵਾਸ ਕਾਸ ਅਤੇ ਕਫ ਨਿਸਚੇ ਨਾਸ ਕਰੇ॥੩੩੨॥੩੩੩॥

(ਵੰਗਸੇਨਾਤ)–ਦੋਹਰਾ

ਹਿਕ੍ਵਾ ਕੀ ਜੋ ਔਖਦੀ, ਬਾਤ ਹਰਨ ਜਗ ਜਾਨ।
ਸੋਈ ਦੀਜੈ ਸ੍ਵਾਸ ਕੋ, ਬੰਗਸੈਨ ਮਤ ਠਾਨ॥੩੩੪॥

੬੭੭–ਹਿਡ਼ਕੀ ਵਾਸਤੇ ਜੇਹੜੀ ਦਵਾਈ ਅਥਵਾ ਵਾਯੂ ਦੇ ਨਾਸ ਕਰਨ ਹਾਰੀ ਹੋਵੇ, ਸੋਈਓ ਸ੍ਵਾਸ ਰੋਗ ਵਿਚ ਦੇਵੇ, ਇਹ ਮਤ ਵੰਗਸੇਨ ਦਾ ਹੈ॥੩੩੪॥

ਸ੍ਵਾਸ ਦੇ ਪੱਥ–ਸ਼ੰਕਰਛੰਦ

ਸ੍ਵੇਦ ਰੇਚਨ ਧੂਮ ਪਾਨੋ, ਸ੍ਵਪਤ ਦਿਨ ਬਮਿ ਠਾਨ।
ਰਕਤ ਅਖਯਤ ਕਨਿਕ ਖਸਟਕ, ਜਵ ਅਜਾਪਯ ਪਾਨ।
ਘਿਰਤ ਕੁਲਥਾ ਸੁਰਾ ਦ੍ਰਾਖਾ, ਤੰਦੁਲੀਯ ਪਟੋਲ।
ਲਸਨ ਬੈਂਗਨ ਮਾਤਲੁੰਗੈ, ਅਪਰ ਬਾਥੂ ਘੋਲ॥੩੩੫॥
ਤਰ ਨਰੰਗੀ ਉਸਨ ਪਾਨੀ, ਔਰ ਗਵ ਕਾ ਮੂਤ।
ਲੈ ਜੰਭੀਰੀ ਕਫ ਜੁ ਹਰਤਾ, ਸ੍ਵਾਸ ਕੈ ਸਭ ਸੂਤ।
ਘ੍ਰਿਤ ਪੁਰਾਨਾ ਖਾਇ ਸ੍ਵਾਸੀ, ਕਟੈ ਸਭ ਦੁਖ ਜਾਲ।
ਕਹੇ ਪਥ ਬਿਚਾਰ ਦੇਖੋ, ਪਥਯਾਪਥ ਹੈ ਲਾਲ॥੩੩੬॥

੬੭੩–ਪਸੀਨਾ ਦੇਣਾ, ਦਸਤ ਦੇਣੇ, ਧੂੰਮ ਪਿਲਾਉਣਾ, ਦਿਨ ਦਾ ਸੌਣਾ, ਕੈ ਕਰੌਣੀ, ਖਾਣ ਨੂੰ ਧਾਨਾਂ ਦੇ ਚਾਵਲ, ਕਣਕ ਵਾਸਮਤੀ ਦੇ ਚਾਵਲ, ਜੌਂ, ਬਕ੍ਰੀ ਦਾ ਦੁਧ, ਪਾਨ ਘਿਉ, ਕੁਲਥ, ਸ਼ਰਾਬ, ਪਕੇ ਅੰਗੂਰ, *ਚੌਲਾਈ ਦਾ ਸਾਗ, ਪਟੋਲ, ਲਸਨ, ਵਤਾਊਂ, ਬਜੌਰਾ, ਚਕੋਦਾ, ਬਾਥੂਦਾਸਾਗ, ‡ਘੋਲ ਕਹੀਏ ਓਹ ਮਠਾ ਜਿਸ ਵਿਚ ਰਿੜਕਨ ਸਮਯ ਪਾਨੀ ਨਾ ਪਾਕੇ ਰਿੜਕਿਆ ਹੋਵੇ, ਪੱਕੀ ਤਰ (ਕਕੜੀ) ਨੁਰੰਗੀ, ਗਰਮ ਜਲ, ਗੋਮੂਤ੍ਰ, ਜੰਭੀਰੀ (ਨਿੰਬੂ) ਇਸੇ ਤਰ੍ਹਾਂ ਹੋਰ ਕਫ ਨਾਸ਼ਕ ਚੀਜ਼ਾਂ ਇਹ ਸਭੋ ਸ੍ਵਾਸ

---

*ਭੰਭਲੀਯ–ਚੌਲਾਈ ਹੈ, ਦੇਖੋ ਔਸ਼ਧੀ ਕੋਸ਼ ਪ੍ਰਿ: ੬੫

‡ਘੋਲ–ਮੱਠਾ ਲੱਸੀ ਹੈ, ਦੇਖੋ ਔਸ਼ਧੀ ਕੋਸ਼ ਪ੍ਰਿ: ੫੩ ਸ੍ਵਾਸ ਵਿਚ ਪੱਥ ਭੀ ਹੈ, ਦੇਖੋ ਭਾਵ ਪ੍ਰਕਾਸ਼ ਪ੍ਰਿ: ੩੭੦ ਇਸੇ ਤਰ੍ਹਾਂ ਮੱਠੇ ਦੀਆਂ ਪੰਜ ਕਿਸਮਾਂ ਹਨ, ਸੋ ਦੇਖੋ।

Digitized by Panjab Digital Library | www.panjabdigilib.org

ਰੋਗ ਦੇ ਰੋਕਣ ਹਾਰੇ ਪਥ ਹਨ। ਅਰ ਸ੍ਵਾਸ ਰੋਗ ਵਾਲਾ ਘਿਉ ਪੁਰਾਣਾ ਖਾਵੇ ਇਹ ਸਭਤਰ੍ਹਾਂ ਦੁਖ ਨਾਸ ਕਰਨ ਹਾਰਾ ਹੈ। ਇਹ ਬਾਤਾਂ ਪਥਯਾਪਥ ਵਿਚ ਲਿਖੀਆਂ ਹਨ ॥੩੩੫॥੩੩੬॥

ਕੁਪਥ-ਸ਼ੰਕਰਛੰਦ

ਮੂਤ੍ਰੋਦ ਗਾਰੈ ਛਰਦ ਤ੍ਰਿਟ ਹੈ, ਸਨਾਨ ਨਾਵਨ ਜਾਨ।
ਦੰਤ ਧਵਨ ਰਕਤ ਮੋਖਨ, ਬਾਤ ਪੂਰਬ ਠਾਨ।
ਭੈਸ ਘ੍ਰਿਤ ਪਜ ਦੁਸ਼ਟ ਪਾਨੀ, ਮਤਸ ਸਰਖਪ ਸੀਤ।
ਕਫੀ ਸ੍ਰਮ ਅਰੁ ਕੰਦ ਬਰਜੋ, ਏ ਕੁਪਥ ਭਨਿ ਮੀਤ ॥ ੩੩੭ ॥

੬੭੯-ਮੂਤ੍ਰ, ਡਕਾਰ, ਕੈ, ਪਯਾਸ (ਦਾ ਰੋਕਣਾ) ਸਨਾਨ, ਨਸਵਾਰ, ਦਾਤੁਣ, ਫਸਤ ਖੁਲ੍ਹਾਨਾ, ਪੁਰੇ ਦੀ ਪੌਣ, ਮਹੀਂ ਦਾ ਦੁਭ ਤੇ ਘਿਉ, ਗਧਲਾ ਪਾਣੀ, ਮਛੀ, ਸਰੋਂ ਦਾ (ਸਾਗ ਤੇ ਤੇਲ), ਸਰਦ ਚੀਜ਼ਾਂ, ਕਫ ਕਾਰਕ, ੩ਕੇਵਾਂ, †ਕੰਦ ਕਹੀਏ ਸ਼ਲਗਮ (ਯਾ ਸਭੀਫਲ) ਬੰਦ ਕਰੇ, ਇਹੁ ਕੁਪਥ ਹਨ।੩੩੭।

ਸ੍ਵਰਭੰਗ (ਅਵਾਜ ਬੈਠ ਜਾਣ) ਦਾ ਨਿਦਾਨ-

ਚੌਪਈ

ਊਚੇ ਬੋਲੈ ਬਿਖੁ ਜੋ ਖਾਇ। ਊਚਾ ਪਢਤਾ ਚੋਟ ਲਗਾਇ।
ਕੁਪਤ ਬਾਤ ਸ੍ਰੋਤਰ ਮੈ ਬ੍ਰਹੈ। ਖਟ ਪ੍ਰਕਾਰ ਸੁਰ ਭੰਗ ਜੁ ਲਹੈ ॥੩੩੮॥

ਉਚੀ ਬੋਲਣੇ, ਵਿਖ ਖਾਣ ਤੇ ਉਚੀ ਪੜ੍ਹੇ ਯਾਂ ਸਟ ਲਗੇ ਤਾਂ ਕ੍ਰੋਧਤ ਵਾਯੂ ਸ੍ਰੋਤਾਂ ਵਿਚ ਭਰ ਜਾਵੇ ਤਾਂ ੬ ਪ੍ਰਕਾਰ ਦਾ ਸੁਰਭੰਗ (ਗਲਾ ਬੈਠਨਾ) ਰੋਗ ਹੋ ਜਾਂਦਾ ਹੈ ॥੩੩੮॥

ਬਾਤ ਸੁਰਭੰਗ ਲੱਛਣ-ਦੋਹਰਾ

ਮੂਤਰ ਬਿਸਟਾ ਭੇਦ ਹੋਇ, ਬਦਨ ਨੈਨ ਰੰਗ ਸਯਾਮ।
ਰਾਸਭ ਜਿਮੇ ਕਠੋਰ ਬਚ, ਬਾਤ ਸੁਰੇ ਭੰਗ ਆਮ ॥੩੩੯॥

ਮੂਤ੍ਰ, ਬਿਸਟਾ ਰੁਕੇ, ਮੂੰਹ ਤੇ ਨੇਤ੍ਰਾਂ ਦਾ ਰੰਗ ਕਾਲਾ ਹੋ ਜਾਵੇ ਤਾਂ ਗਧੇ ਦੀ ਤਰ੍ਹਾਂ ਕਰੜਾ ਬਚਨ ਨਿਕਲੇ, ਇਹ ਬਾਤ ਦਾ ਸੁਰਭੰਗ ਕਿਹਾ ਜਾਂਦਾ ਹੈ ॥੩੩੯॥

ਪਿਤ ਸੁਰਭੰਗ ਲਛਹ-ਦੋਹਰਾ

ਬਿਸਟਾ ਮੂਤ੍ਰ ਮੁਖ ਦ੍ਰਿਗਨ, ਪੀਤ ਰੰਗ ਅਤਿ ਜਾਨ।
ਦਾਹ ਘਨੀ ਬੋਲਤ ਗਲੇ, ਪਿਤ ਸੁਰੈ ਭੰਗ ਮਾਨ ॥੩੪੦॥

ਬਿਸਟੇ, ਮੂਤ੍ਰ, ਮੂੰਹ ਤੇ ਨੇਤ੍ਰਾਂ ਦਾ ਰੰਗ ਪੀਲਾ ਹੋ ਜਾਵੇ, ਬੋਲਣੇ ਵਕਤ ਬਹੁਤਾ ਦਾਹ, ਅਤ ਗਲ ਵਿਚ ਬੋਲੇ ਇਹ ਪਿਤ ਸੁਰਭੰਗ ਜਾਨਣਾ ॥੩੪੦।

ਕਫ ਸੁਰਭੰਗ ਲਛਣ

†ਕੰਦ-ਸ਼ਲਗਮ ਯਾ ਜਿਮੀਕੰਦ, ਦੇਖੋ ਆ. ਔ: ਕੋ: ਪ੍ਰਿ: ੨੨

Digitized by Panjab Digital Library | www.panjabdigilib.org

ਮੰਦ ਸ਼ਬਦ ਕਫ ਬਦਨ ਲਿਪ, ਕਫ ਰੋਕਯੋ ਬਹੁ ਕੰਠ।
ਕਫ ਸੁਰਭੰਗੀ ਏ ਕਹਯੋ, ਮਾਧਵ ਬਚਨ ਸੁ ਗੁੰਠ ॥ ੩੪੧ ॥

ਮੰਦਾ ਸ਼ਬਦ, ਕਫ ਨਾਲ ਮੂੰਹ ਲਿਪਿਆ ਰਹੇ, ਕੰਠ ਕਫ ਨਾਲ ਰੁਕਿਆ ਰਹੇ, ਇਹ ਕਫ ਦਾ ਸੁਰਭੰਗ ਕਹਾਉਂਦਾ ਹੈ ॥੩੪੧॥

ਅਸਾਧਯ ਸੁਰਭੰਗ ਲਛਣ—ਚੌਪਈ

ਤੀਨ ਦੋਖ ਅਰ ਖੈ ਤੇ ਹੋਇ। ਬਚਨ ਭੰਗ ਮੁਖ ਬਚਨ ਨ ਸੋਇ।
ਤ੍ਰਿਖਾ ਖੀਨ ਚਿਰ ਪੀਛੇ ਬੋਲੈ। ਸੋ ਸੁਰਭੰਗੀ ਜਮਸਰ ਡੋਲੈ ॥੩੪੨॥

ਤ੍ਰਿਦੋਖ ਅਰ ਖਈ ਤੇ ਹੋਵੇ ਤਾਂ ਸੁਰ ਟੁਟਕੇ ਨਿਕਲੇ, ਬਾਣੀ ਨਾਸ ਹੋ ਜਾਵੇ, ਬੋਲਨੇ ਵਕਤ ਤ੍ਰਿਖਾ ਨਾਲ ਬਯਾਕੁਲ ਹੋ ਜਾਵੇ, ਚਿਰ ਪਿਛੋਂ ਅਵਾਜ਼ ਨਿਕਲੇ, ਇਸ (ਮੇਦ ਦੇ) ਸੁਰਵੰਗ ਵਾਲਾ ਮਰ ਜਾਂਦਾ ਹੈ ॥੩੪੨॥

ਸੁਰਭੰਗ ਉਪਾਇ

ਤਜ ਬਿਭੀਤਕ ਸੁੰਠੀ ਕਣਾ। ਸੇਂਧਾ ਗੋ ਤਕ੍ਰ ਸੋ ਭਨਾ।
ਚੂਰਣ ਮਾਸੇ ਨਿਤ ਲੈ ਚਾਰ। ਸੁਰਭੰਗਾ ਕੀ ਪੀਰਾ ਟਾਰ ॥੩੪੩॥

੬੯੦—ਤਜਸਕ, ਛਿੱਲਬਹੇੜਾ, ਸੁੰਢ, ਮਘ ਤੇ ਸੇਂਧਾਲੂਣ ਇਨ੍ਹਾਂ ਦਾ ਚੂਰਣ ਕਰ ਕੇ ੪ ਮਾਸੇ ਗੋਕੀ ਲੱਸੀ ਨਾਲ ਨਿੱਤ ਲਵੇ ਤਾਂ ਸੁਰਭੰਗ ਜਾਵੇ ॥੩੪੩॥

(ਰਸਰਤਨਾਕਰਾਤ)—ਦੋਹਰਾ

ਮਾਤਲੁੰਗ ਰਸੁ ਆਸਗੰਧ, ਪਚ ਗੋ ਮੂਤ੍ਰਹਿ ਸੰਗ।
ਕਰਖ ਰੋਜ ਉਠ ਖਾਈਏ, ਮਿਟ ਜਾਵਤ ਸੁਰ ਭੰਗ ॥ ੩੪੪॥

੬੯੧—ਬਿਜੌਰੇ ਨਿੰਬੂ ਦਾ ਰਸ ਤੇ ਅਸਗੰਧ, ਗਊਮੂਤ੍ਰ ਨਾਲ ਪਚਾਕੇ ੧੦ ਮਾਸ਼ੇ ਨਿੱਤ ਖਾਵੇ ਤਾਂ ਸੁਰਭੰਗ ਨਾਸ ਕਰੇ ॥੩੪੪॥

ਜਾਤੀ ਪਤ੍ਰੀ ਪੀਪਰੀ, ਮਾਤਲੁੰਗ ਦਲ ਮੇਲ।
ਲਾਜਾ ਪਲ ਮਧੁ ਚਾਟੀਏ,ਸੁਰ ਭੰਗੀ ਦੁਖ ਠੇਲ ॥ ੩੪੫ ॥

੬੯੨—( )ਜਾਵਿੱਤ੍ਰੀ, ਮਘ, ਬਿਜੌਰੇ, ਨਿੰਬੂ ਦੇ ਪੱਤ੍ਰ, ਧਾਨਾਂ ਦੀਆ ਖਿੱਲਾਂ, ਬਕਰੇ ਦਾ †ਮਾਸ ਸੁਕਾਯਾ ਹੋਯਾ, ਇਹ ਸਭ ਸ਼ਹਿਤ ਨਾਲ ਚੱਟੇ ਤਾਂ ਸੁਰਭੰਗ ਨਾਸ ਕਰੇ ॥੩੪੫॥

(ਰਸਰਤਨਾਕਰਾਤ)—ਚੌਪਈ

ਕਣਾ ਬਜੋਖ ਮਿਸਿ ਪਤ੍ਰ ਜੋ ਦਾਰ। ਬਚ ਨਿਸ ਸੇਂਧਾ ਔ ਸ੍ਰਿੰਗਡਾਰ।

( )ਜਾਤੀਪਤ੍ਰੀ ਚੰਬੇਲੀ ਨਹੀਂ, ਕਿੰਤੂ ਜਵਤ੍ਰੀ ਲਵੇ, ਇਸੇ ਵਿਚ ਗੁਣ ਹੈ।
†ਪਲ—ਕਰਕੇ ਮਾਸ ਲਵੇ, ਪਲ ਤੋਲ ਦਾ ਵਾਚਕ ਨਹੀਂ।

Digitized by Panjab Digital Library | www.panjabdigilib.org

ਕਰਖ ਏਕ ਮਧੁ ਘ੍ਰਿਤ ਸੋ ਖਾਇ। ਏਕ ਮਾਸ ਲੌ ਕਰੋ ਉਪਾਇ ॥੩੪੬॥
ਜੁਰ ਭੰਗਹਿ ਕੀ ਪੀਰਾ ਮਿਟੈ। ਕਫ ਕਾ ਰੋਗ ਸਭੀ ਮੁਖ ਘਟੈ।
ਕੰਠ ਸੁਧ ਕਿੰਨਰ ਜਿਮ ਗਾਇ। ਰਸ ਰਤਨਾਕਰ ਏਮ ਕਹਾਇ॥੩੪੭॥

੬੮੩–0ਕਾਲਾ ਜੀਰਾ, ਮਘ, ਮ੍ਰਿਚ, ਸੁੰਢ, ਸੌਂਫ, ਤੇਜਪੱਤ੍ਰ, ਦੇਵਦਾਰ, ਵਚ, ਹਲਦੀ, ਸੇਂਧਾਲੂਣ ਤੇ ਕਕੜਾਸਿੰਗੀ, ਸੱਭੇ ਪੀਹਕੇ ਸ਼ਹਿਤ ਨਾਲ ੧ ਤੋਲਾ ਘ੍ਰਿਤ ਮਿਲਾਕੇ ੧ ਮਹੀਨਾ ਚਟੇ ਤਾਂ ਸ੍ਵਰਭੰਗ. ਕਫ ਦਾ ਰੋਗ ਹਟਕੇ ਮੂੰਹ ਸੁੱਧ ਤੇ ਕਿੰਨਰ ਦੀ ਤਰ੍ਹਾਂ ਗਾ ਸਕੇ ॥੩੪੬॥੩੪੭॥

ਦੋਹਰਾ

ਨਿਰਗੁੰਡੀ ਚੂਰਨ ਕਰੀ, ਮਿਸਟ ਤੇਲ ਅਵਲੇਹ।
ਕਰਖ ਕਰਖ ਨਿਤ ਚਾਟੀਏ, ਸ੍ਵਰ ਭੰਗ ਜਾਵਤ ਏਹ ॥੩੪੮॥

੬੮੪–ਸੰਭਾਲੂ ਦਾ ਚੂਰਣ ਕਰੇ, ਮਿੱਠੇ ਤੇਲ ਵਿਚ ਚਟਣੀ ਕਰਕੇ ਤੋਲਾ ਤੋਲਾ ਨਿੱਤ ਚੱਟੇ ਤਾਂ ਸੁਰਭੰਗ ਨਾਸ ਕਰੇ ॥੩੪੮॥

ਚੂਰਨ ਕਰਿ ਲੈ ਆਮਰੇ ਅਜਾ ਦੂਧ ਜੋ ਪਾਨ।
ਸਾਤ ਦਿਵਸ ਵਾ ਚਤੁਰ ਦਸ, ਸ੍ਵਰ ਭੰਗ ਕੇਰੀ ਹਾਨ ॥ ੩੪੯ ॥

ਸੋਰਠਾ

੬੮੫–ਆਵਲਿਆਂ ਦਾ ਚੂਰਣ ਕਰਕੇ ਬੱਕਰੀ ਦੇ ਦੁਧ ਨਾਲ ਪੀਵੇ ੭ ਦਿਨ ਯਾ ੧੪ ਦਿਨ, ਤਾਂ ਸੁਰਭੰਗ ਨਾਸ ਹੋਵੇ ॥੩੪੯॥

ਆਦ੍ਰਕ ਕਰੁੰਡ ਭ੍ਰਿੰਗ, ਬਚ ਬਾਵਚਿ ਬ੍ਰਹਮੀ ਗਹੋ।
ਪਲ ਪਲ ਬਾਰਿਣ ਸੰਗ, ਕਿਸ਼ਨ ਮਾਘ ਕੀ ਚੌਦਸਹਿ ॥੩੫੦॥
ਤਾਂ ਦਿਨ ਤੇ ਲਗ ਖਾਨ; ਦੋ ਸਾਤੇ ਲਗ ਖਾਈਏ।
ਸੁਰਭੰਗ ਰੁਜ ਕੀ ਹਾਨ, ਕੋਕਲ ਸੁਰ ਜਿਮ ਗਾਵਹੈ ॥੩੫੧॥

੬੮੬–ਅਦ੍ਰਕ [ ]ਕਰੁੰਡ, ਅਤੀਸ, ਵਚ ਬਾਵਚੀ ਤੇ ਬ੍ਰਹਮੀ, ਇਹ ਸਭ ੪-੪ ਤੋਲੇ ਲਵੇ, ਸ਼ਰਾਬ ਨਾਲ ਮਾਘ ਦੀ ਅੰਨ੍ਹੇਰੀ ਚੌਦੇਂ ਨੂੰ ਖਾਣ ਲੱਗੇ, ਦੋ ਸਾਤੇ ਤਕ ਖਾਵੇ ਤਾਂ ਸੁਰਭਗ ਨਾਸ ਹੋਕੇ, ਕੋਇਲ ਦੀ ਤਰ੍ਹਾਂ ਗਾ ਸਕਦਾ ਹੈ ॥੩੫੦। ੩੫੧॥

ਗੋਲੀ [ਕਵਿਬਿਨੋਦਾਤ]–ਸ਼ੰਕਰ ਛੰਦ

ਅਮਲ ਬੇਤ ਬਿਯੋਖ ਚਬਕਾ, ਤਿੰਤੜੀਕ ਤਲੀਸ।
ਤੁਗਾਖੀਰੀ ਦਾਲਚੀਨੀ, ਜਰਨ ਕੇਸਰ ਪੀਸ।
ਬਾਧ ਗੁੜ ਸੋ ਗੁਟੀ ਖਾਵੇ, ਸੁਰਹਿ ਭੰਗ ਕਿ ਹਾਨ।

0ਕਣਾ–ਕਾਲਾ ਜੀਰਾ ਹੈ, ਦੇਖੋ ਚਕਿਤਸਾ ਕੋਸ਼
[ ]ਕਰੁੰਡ ਪੀਲਾ ਬਾਸਾ ਹੈ।

Digitized by Panjab Digital Library | www.panjabdigilib.org

ਭੂਖ ਲਾਗਤ ਕਫ ਜੁ ਭਾਗਤ, ਸ੍ਵਾਸ ਪੀਨਸ ਜਾਨ ॥੩੫੨॥

੬੮੭-ਅਮਲਵੇਤ, ਤ੍ਰਿਕੁਟਾ [ਮਘ, ਮਿਰਚ, ਸੁੰਢ) ਚਵ, ਸਮਾਕ ਦਾਣੇ ਦੀ ਛਿੱਲ, ਤਾਲੀਸ ਪੱਤ੍ਰ, ਤਵਾਸੀਰ, ਦਾਲਚੀਨੀ, ਚਿੱਟਾ ਜੀਰਾ ਤੇ ਕੇਸਰ, ਇਹ ਸਭ ਸਮਾਨ ਲੈਕੇ ਪੀਹਕੇ ਗੁੜ ਨਾਲ ਗੋਲੀ ਬਣਾਵੇ ਅਰ ਖਾਵੈ ਤਾਂ ਸੁਰਭੰਗ ਨਾਸ ਕਰੇ, ਭੁਖ ਲਗਾਵੇ, ਕਫ, ਸ੍ਵਾਸ, ਰੇਸ਼ਾ ਏਹ ਸੱਭੇ ਨਾਸ ਕਰੇ ॥੩੫੨॥

ਸੁਰ ਭੰਗ ਪਥ– ਸ਼ੰਕਰ ਛੰਦ

ਸ੍ਵੇਦ ਬਸਤ ਬਿਰੇਕ ਨਾਵਣ, ਸਿਰਾਬਿਧਿ ਜਵ ਏਹ।
ਧੂਮ੍ਰ ਪਾਨੰ ਕਮਲ ਗ੍ਰਹਨੰ, ਬਾਲ ਮੂਲਕ ਲੇਹ।
ਦਾਖ ਲਸਨੰ ਲਵਨ ਅਦਰਕ, ਮਾਤਲੁੰਗ ਤੰਬੂਲ।
ਮਦਯ ਮਰਚਾਂ ਖਾਇ ਰੋਗੀ, ਏ ਸੁ ਪਥ ਕਬੂਲ ॥ ੩੫੩॥

੬੮੮-ਪਸੀਨਾ ਦੇਣਾ, ਹੁਕਨਾ ਕਰਨਾ, ਦਸਤ ਦੇਣੇ, ਨਸਵਾਰ ਚਾੜ੍ਹਨੀ, ਫਸਤ ਖੋਲਨਾ, ਜੌਂ ਖਾਣੇ, ਧੂੰਆਂ ਪਿਲਾਨਾ, *ਕਵਲ ਧਾਰਣ ਕਰੌਣਾ, ਛੋਟੀ ਮੂਲੀ ਖਾਣੀ, ਦਾਖ, ਲਸਨ, ਲੂਣ, ਅਦ੍ਰਕ, ਬਿਜੌਰਾ ਨਿੰਬੂ, ਪਾਨ ਬੀੜੇ, ਸ਼ਰਾਬ ਅਤੇ ਮਿਰਚਾਂ ਇਹ ਸਭ ਖਾਣੇ ਪਥ ਰੂਪ ਹਨ ॥੩੫੩॥

ਕੁਪੱਥ–ਸ਼ੰਕਰ

ਆਂਬ ਬਕਲੰ ਜਾਮਨੂ ਵਮਿ ਸ੍ਵਪਨ ਜਲਪਨ ਭਾਲ
ਆਨ ਪਾਨ ਬਿਰੁਧ ਅਸਨੰ, ਐ ਕੁਪਥ ਜੁ ਲਾਲ।
ਸਾਲੂਕ ਤਿੰਦਕ ਕਟਕ ਭਾਖੇ, ਹੈ ਕੁਪਥ ਏ ਭਾਸ।
ਰੋਗੁ ਦੇਖੀ ਜੋਗ ਕੀਜੈ, ਬੈਦ ਬਚਨ ਜੁ ਸ੍ਵਾਸ ॥ ੩੫੪ ॥

੬੮੯-ਅੰਬ ਚੂਸਣੇ, ਮੌਲਸਰੀ. ਜਾਮਣ, ਇਹ ਖਾਣੇ, ਬਹੁਤ ਸੌਣਾ, ਬਹੁਤ ਬਕਣਾ, ਅੰਨ ਪਾਣੀ ਵਿਰੁਧ ਖਾਣੇ ਪੀਣੇ ਅਤੇ ‡ਕਮਲ ਦੀ ਜੜ੍ਹ, ()ਤੇਂਦੂਫਲ ‡ਸਮੁੰਦ੍ਰ ਲੂਣ, ਇਹ ਸਭ ਕੁਪਥ ਹਨ ਨਾ ਖਾਵੇ ॥੩੫੪॥

ਇਤੀ ਸ੍ਰੀ ਮੇਘ ਬਿਨੋਦ ਮੁਨਿ ਮੇਘ ਰਾਜ ਬਿਰਚਤੇ
ਕ੍ਰਿਮਿ, ਅਰੁਚਿ, ਪਾਂਡੁ, ਰਕਤ. ਪਿਤ, ਰਾਜ, ਜ਼ਖਮ. ਕਾਸ; ਹਿਕ੍ਵਾ, ਸ੍ਵਾਸ; ਸੁਰਭੰਗਾਦਿ
ਨਾਮ ਪੰਚਮੋ ਧਿਆਇ ੫
ਪੰਜਵਾਂ ਧਯਾਯ ਸਮਾਪਤ ॥

---

*ਦਵਾਈ ਦਾ ਗ੍ਰਾਸ ਮੂੰਹ ਵਿਚ ਰਖਣਾ। ਦੇਖੋ ਪਥਯਾ ਪ੍ਰਿ: ੨੭

‡ਸਾਲੂਕ-ਕਮਲ ਦੀ ਹੜ੍ਹ, ਕਮਲ ਦੀ ਜੜ੍ਹ ਦਾ ਅਗ੍ਰ ਭਾਗ ਸਾਲੂਕ ਕਿਹਾ ਜਾਂਦਾ ਹੈ, ਇਸ ਦਾ ਸਾਗ ਖਾਂਦੇ ਹਨ, ਭੰਡੀ ਵਲੋਂ ਭੇਂ ਕਹੌਂਦਾ ਹੈ ਦੇਖੋ ਮਦਨ ਪਾਲ ਨ੍ਰਿਘੰਟ, ਤੇ ਪੱਥਯਾਪੱਥ, ਹੋਰ ਆ: ਔ: ਕੋ: ਪ੍ਰਿ: ੬੯

()ਤਿੰਦੂਕ-ਤੇਂਦੂ ਹੈ, ਜਿਸ ਨੂੰ ਆਬਨੂਸ ਆਖਦੇ ਹਨ, ਦੇਖੋ ਆ: ਔ: ਪ੍ਰਿ: ੬੯ ਭਾਵ ਪ੍ਰਿ:੨੬੯

‡ਕਟਕ-ਸਮੁੰਦਰ ਲੂਣ ਹੈ, ਦੇਖੋ ਆ: ਔ: ਪ੍ਰਿ: ੨੦ ਤੇ ਭਾਵ ਪ੍ਰਿ: ੧੬੯

Digitized by Panjab Digital Library | www.panjabdigilib.org

ਅਥ ਛੇਵਾਂ ਅਧਯਾਯ

ਛਰਦ (ਕੈ) ਨਿਦਾਨ-ਚੌਪਈ

ਚਿਕਨਾ ਗੀਲਾ ਲਵਨੈ ਖਾਇ। ਅਤਿ ਭੋਜਨੁ ਕੁਸਮੈ ਭੁੰਚਾਇ।
ਭੈ ਸ੍ਰਮ ਕ੍ਰਿਮ ਅਜੀਰਨ ਜਾਨ। ਬਿਭਤਸਾ ਉਦ੍ਵੈਗ ਬਖਾਨ ॥ ੧ ॥
ਗਰਭਵਤੀ ਨਾਰੀ ਕਾ ਸੰਗ। ਘਰੀ ਘਰੀ ਖਾਵਤ ਬਹੁ ਰੰਗ।
ਯਾਂਤੇ ਉਪਜਤ ਛਰਦ ਬਿਕਾਰ। ਪਾਂਚ ਜਾਤ ਹੈ ਕਰੋ ਨ ਰਾਰ ॥ ੨ ॥
ਬਾਤ ਪਿਤ ਕਫ ਤੀਨੋ ਏਹ। ਚੌਥੀ ਤੀਨ ਦੋਖ ਮੈ ਲੇਹ।
ਪੰਚਮ ਵਿਭਸਾਂ ਦੇਖਤ ਹੋਇ। ਤਾਂਕੇ ਲਛਣ ਭਿੰਨ ਭਿੰਨ ਜੋਇ ॥ ੩ ॥

ਚੀਕਣਾ, ਗਿੱਲਾ, ਅਤਯੰਤ ਨਮਕੀਨ, ਅਤਯੰਤ ਭੋਜਨ, ਬੇਵਕਤ ਖਾਣਾ, ਭਯ, ਥਕੇਵਾਂ, ਕ੍ਰਿਮ ਰੋਗ, ਅਜੀਰਣ ਗਿਲਾਨੀ, ਉਦ੍ਵੇਗ ਤੇ ਗਰਭਵਤੀ ਇਸਤ੍ਰੀ ਨੂੰ ਗਰਭ ਦੀ ਸੰਗਤ ਤੇ, ਬਾਰ ਬਾਰ ਕਈ ਤਰ੍ਹਾਂ ਦਾ ਖਾਣ ਤੇ, ਪੰਜ ਪ੍ਰਕਾਰ ਦੀ ਛਰਦਿ (ਕੈ) ਪੈਦਾ ਹੋਇ ਆਉਂਦੀ ਹੈ। ਸੋ ਬਾਤ ਦੀ, ਪਿਤ ਦੀ, ਕਫ ਦੀ, ਤ੍ਰਿਦੋਖ ਦੀ, ਗਿਲਾਨੀ ਦੀ ਇਉਂ ਪੰਜ ਤਰ੍ਹਾਂ ਦੀ ਹੈ, ਪਰੰਤੂ ਲਛਣ ਜੁਦੇ ਜੁਦੇ ਹੁੰਦੇ ਹਨ ॥ ੧ ॥ ੨ ॥ ੩ ॥

ਉਪਦ੍ਰਵ-ਦੋਹਰਾ

ਸ੍ਵਾਸ ਕਾਸ ਵੈਚਿਤਯ ਜ੍ਵਰ, ਹਿਕ੍ਵਾ ਤ੍ਰਿਟ ਹਿਯ ਰੋਗੁ।
ਅੰਧਕਾਰ ਦ੍ਰਿਗ ਆਵਹੀ, ਛਰਦ ਉਪਦ੍ਰਵ ਸੋਗੁ ॥ ੪ ॥

ਸ੍ਵਾਸ, ਖਾਂਸੀ, ਬਿਹੋਸ਼ੀ, ਤਾਪ, ਹਿੜਕੀ, ਪਯਾਸ, ਹ੍ਰਿਦਯ ਰੋਗ ਤੇ ਨੇਤ੍ਰਾਂ ਅਗ ਅੰਧੇਰਾ ਹੋਣਾ, ਇਹ ਛਰਦਿ (ਕੈ) ਦੇ ਉਪਦ੍ਰਵ ਹਨ ॥ ੪ ॥

ਬਾਤ ਛਰਦਿ ਲਛਣ-ਪਰਹਾ

ਹ੍ਰਿਦੈ ਪਸਲੀ ਪੀਰ, ਪੀਰ ਸਿਰ ਨਾਸਕਾ।
ਖਾਂਸੀ ਸ੍ਵਰ ਕਾ ਭੇਦ, ਤੋਦ ਕਛ ਸ੍ਵਾਸਕਾ।
ਮੁਖ ਸੂਕਾ ਡੀਕਾਰ, ਸਬਦ ਝਗੁ ਸਹਿਤ ਹੀ।
ਪਤਲ ਕਸੈਲਾ ਬਮਿਨ, ਬਾਤ ਕਾ ਕਹਿਤ ਹੀ ॥ ੫ ॥

ਹ੍ਰਿਦਯ, ਪਸੂਲੀਆਂ, ਸਿਰ, ਨਾਸਾਂ ਵਿਚ ਪੀੜਾ, ਖਾਂਸੀ, ਸੁਰ ਨਾਸ, ਤੋੜਨੇ ਜੇਹੀ ਪੀੜਾ. ਕਫ, ਸ੍ਵਾਸ, ਮੂੰਹ ਸੁਕੇ, ਬੜੇ ਜ਼ੋਰ ਨਾਲ ਡਕਾਰ ਝੱਗ ਸਮੇਤ ਆਵੇ। ਪਤਲੀ, ਕਸੈਲੀ ਵਮਨ ਆਵੇ, ਇਹ

Digitized by Panjab Digital Library | www.panjabdigilib.org

ਬਾਤ ਦੀ ਕੈ ਕਹੀ ਜਾਂਦੀ ਹੈ ॥ ੫ ॥

ਉਪਾਯ—ਦੋਹਰਾ

ਘ੍ਰਿਤ ਸੇਂਧਾ ਚਾਟੇ ਮਿਟੈ, ਤੀਨ ਲਵਨ ਕੇ ਜੋਗੁ।
ਊਖਨ ਜਲ ਉਸਨੈ ਭਖੋ, ਮਿਟੈ ਛਰਦ ਬਿਵ ਰੋਗੁ ॥੬॥

੬੯੦—ਘ੍ਰਿਤ ਤੇ ਸੇਂਧਾ ਲੂਣ ਮਿਲਾਕੇ ਚਟੇ, ਯਾ—

੬੯੧—ਤਿੰਨੇ ਲੂਣ (ਸੇਂਧਾ, ਸੋਚਰ, ਕਾਲਾ) ਤੇ ਤ੍ਰਿਕੁਟਾ ਮੇਲਕੇ ਗਰਮ ਜਲ ਨਾਲ (ਯਾ *ਦੁਧ ਨਾਲ) ਪੀਵੇ ਤਾਂ ਬਾਤ ਦੀ ਕੈ ਨਾਸ ਕਰੇ ॥੬॥

ਸੋਰਠਾ

ਮਨਸਿਲ ਕ੍ਰਿਸਨਾ ਆਨ, ਮਰਚ ਕੈਥ ਕੇ ਨੀਰ ਭਖ।
ਲਾਜਾ ਮਧੁ ਸੋ ਪਾਨ, ਦੋਇ ਜੋਗੁ ਬਮਿ ਬਾਤ ਹਰਿ ॥੭॥

੬੯੨—ਮਨਸਿਲ, ਮਘ ਤੇ ਮ੍ਰਿਚ ਕੈਥ ਦੇ ਰਸ ਨਾਲ ਪੀਵੇ, ਯਾ—

੬੯੩—ਧਾਨਾਂ ਦੀਆਂ ਖਿੱਲਾਂ ਸਹਿਤ ਨਾਲ ਚੱਟੇ ਤਾਂ ਵਾਜੂ ਦੀ ਕੈ ਨਾਸ ਹੋਵੇ ॥ ੭ ॥

ਪਿੱਤ ਲਛਣ—ਦੋਹਰਾ

ਮਸਤਕ ਤਾਲੂ ਅਖ ਦੁਖ, ਤਮ ਭ੍ਰਮ ਤ੍ਰਿਟ ਮੁਖ ਸੋਖ।
ਹਰਤ ਪੀਤ ਤੀਖਨ ਗਰਮ, ਬਮਨਿ ਕਰਤ ਦੁਖ ਦੋਖ।
ਘਨਾ ਧੂਮ ਕੇ ਰੰਗ ਬਮਿ, ਮੂਰਛਾ ਪੀਰਤ ਜਾਨ।
ਪਿਤ ਰੋਗ ਬਮਿ ਜਾਨਿਓ, ਮਾਧਵ ਬਚਨ ਪ੍ਰਮਾਨ ॥ ੯ ॥

ਮੱਥਾ, ਤਾਲੂ ਨੇਤ੍ਰ ਦੁਖਣੇ ਅੰਧੇਰਾ, ਭ੍ਰਮ, ਤੇਹ ਮੂੰਹ ਸੁਕਣਾ, ਹਰੀ ਪੀਲੀ, ਤੀਛਣ ਤੇ ਗਰਮ ਕੈ ਹੋਣੀ, ਗਾੜ੍ਹੀ ਧੂੰਏਂ ਰੰਗੀ ਕੈ ਤੇ ਮੂਰਛਾ ਦਾਹ ਨਾਲ ਕਲੇਸ਼, ਇਹ ਪਿੱਤ ਦੀ ਕੈ ਕਹੀ ਜਾਂਦੀ ਹੈ ॥੮।੯।

ਉਪਾਯ (ਵੰਗਸੇਨਾਤ)

ਚੰਦਨ ਅਖ ਪ੍ਰਮਾਨ ਗਹਿ, ਆਮਲ ਕੇ ਰਸ ਸੰਗ।
ਸਹਿਤ ਸੰਗ ਚਾਟੋ ਤੁਰਤ, ਪਿਤ ਛਰਦ ਦੁਖ ਭੰਗ ॥ ੧੦ ॥

੬੯੪—ਚੰਦਨ†੧੦ ਮਾਸੇ ਲੈਕੇ ਆਵਲੇ ਦੇ ਰਸ ਨਾਲ ਘੋਟਕੇ ਸ਼ਹਿਤ ਮਿਲਾਕੇ ਪੀਵੇ ਤਾਂ ਪਿਤ ਦੀ ਕੈ ਨਾਸ ਕਰੇ ॥ ੧੦ ॥

ਕਮਲ ਨਾਲ ਚੰਦਨ ਤਗਰ, ਬ੍ਰਿਖ ਬਾਲਕ ਲੈ ਪੀਸ।
ਅਖਤ ਜਲ ਮਧੁ ਮੇਲ ਭਖੁ, ਪਿਤ ਛਰਦ ਦੁਖ ਖੀਸ ॥ ੧੧ ॥

---

*ਵੰਗਸੇਨ ਵਿਚ ਦੁਧ ਭੀ ਹੈ ਦੇਖੋ ਪ੍ਰਿ: ੨੮੦

†ਅਖ—ਦਸ ਮਾਸ਼ੇ ਹੈ, ਦੇਖੋ ਆ: ਔ: ਕੋਸ਼ ਪ੍ਰਿ: ੧੪, ਦੇਖੋ ਵੰਗ ਸੇ: ਪ੍ਰਿ ੨੮੧ ਬਹੇੜਾ ਨਹੀਂ।

Digitized by Panjab Digital Library | www.panjabdigilib.org

੬੯੫-ਕਮਲ ਦੀ ਨਾਲ (ਭੇਂ) ਚੰਦਨ, ਤਗਰ, ਬਾਂਸਾ ਤੇ ਮੁਸ਼ਕ ਬਾਲਾ, ਚਾਵਲਾਂ ਦੇ ਜਲ ਨਾਲ ਘੋਟਕੇ *ਕਲਕ ਕਰੇ, ਸਹਿਤ ਪਾਕੇ ਪੀਵੇ ਤਾਂ ਪਿਤ ਛਰਦ ਨਾਸ ਕਰੇ ॥ ੧੧ ॥

ਪਿਤ ਪਾਪਰਾ ਕ੍ਵਾਥ ਕਰਿ, ਪੀਵਤ ਸਹਿਤ ਮਿਲਾਇ।
ਪਿਤ ਛਰਦ ਕਾ ਨਾਸ ਹ੍ਵੈ, ਕਰਤ ਕ੍ਰਿਪਾ ਰਘੁਰਾਇ ॥ ੧੨ ॥

੬੯੬-ਪਿਤ ਪਾਪੜੇ ਦਾ ਕਾੜ੍ਹਾ ਕਰਕੇ ਸ਼ਹਿਤ ਪਾਇ ਪੀਵੇ ਤਾਂ ਪਿਤ ਦੀ ਕੈ ਨਾਸ ਕਰੇ॥੧੨॥

ਹਰੜ ਪੀਸ ਨੀਕੀ ਕਰੋ, ਪੀਵਤ ਮਧੁ ਕੈ ਸੰਗ।
ਅਥਵਾ ਚਾਟੋ ਮੇਲਕੈ, ਪਿੱਤ ਛਰਦ ਹੁਇ ਭੰਗ ॥ ੧੩ ॥

੬੯੭-ਹਰੜ ਪੀਹਕੇ ਸ਼ਹਿਤ ਨਾਲ ਪੀਵੇ, ਯਾ-
੬੯੮-ਹਰੜ ਸ਼ਹਿਤ ਨਾਲ ਪਾ ਕੇ ਚੱਟੇ ਤਾਂ ਪਿੱਤ ਕੈ ਨਾਸ ਕਰੇ ॥ ੧੩ ॥

ਤ੍ਰਿਫਲ ਪਟੋਲੀ ਅੰਮ੍ਰਿਤਾ, ਨਿੰਬ ਮੇਲ ਕਰਿ ਕ੍ਵਾਥ।
ਮਧੁ ਮੇਲੀ ਪੀਵੇ ਤੁਰਤ, ਪਿਤ ਛਰਦ ਕੀ ਹਾਥ ॥ ੧੪ ॥

੬੯੯-ਤ੍ਰਿਫਲਾ, ਪਟੋਲ ਪੱਤ੍ਰ, ਗਿਲੋਯ ਤੇ ਨਿੰਮ ਕਾੜ੍ਹਾ ਕਰਕੇ ਸ਼ਹਿਤ ਪਾਕੇ ਪੀਵੇ ਤਾਂ ਪਿੱਤ ਦੀ ਛਰਦਿ ਨਾਸ ਕਰੇ ॥੧੪॥

ਚੰਦਨ ਸਿਤਾ ਜੁ ਮਧੁ ਗਹੀ, ਚਾਟਨ ਦੇਵੇ ਏਹ।
ਘ੍ਰਿਤ ਮਿਸਰੀ ਮਧੁ ਚਾਟੀਏ,ਪਿਤ ਛਰਦ ਮਿਟਵੇਹ ॥ ੧੫ ॥

੭੦੦-ਚੰਦਨ ਤੇ ਮਿਸਰੀ ਸ਼ਹਿਤ ਪਾਕੇ ਚੱਟੇ ਯਾ-
੭੦੧-ਘਿਉ ਮਿਸਰੀ ਸ਼ਹਿਤ ਪਾਕੇ ਚੱਟੇ ਤਾਂ ਕੈ ਨਾਸ ਕਰੇ ॥੧੫॥

ਮਾਟੀ ਲਾਲ ਜੁ ਚੁਲੇ ਕੀ, ਪਾਨੀ ਬੀਚ ਭਿਗੋਇ।
ਨਿਤਾਰ ਪਿਵੇ ਜਲ ਤਾਸ ਕੋ,ਪਿਤ ਛਰਦ ਨਹਿ ਹੋਇ ॥੧੬॥

੭੦੨-ਚੁੱਲੇ ਦੀ ਲਾਲ ਮਿੱਟੀ ਪਾਣੀ ਵਿਚ ਭਿਉਂ ਛੱਡੇ, ਨਿਤਾਰ ਕੇ ਜਲ ਪੀਵੇ ਤਾਂ ਪਿੱਤ ਦੀ ਛਰਦਿ ਨਾਸ ਕਰੇ ॥੧੬॥

ਮਾਟੀ ਭਮਰੀ ਗੇਹ ਕੀ, ਖਾਵਤ ਅਖਤ ਨੀਰ।
ਪਿਤ ਛਰਦ ਕਾ ਨਾਸ ਹੁਇ,ਅਪਰ ਛਰਦ ਮਿਟ ਪੀਰ ॥੧੭॥

੭੦੩-ਘਰੀਣੀ ਦੇ ਘਰ ਦੀ ਮਿੱਟੀ ਚੌਲਾਂ ਦੇ ਜਲ ਨਾਲ ਫੱਕੇ ਤਾਂ ਪਿੱਤ ਦੀ ਛਰਦਿ ਨਾਸ ਕਰੇ ॥੧੭॥

ਕਫ ਛਰਦਿ ਲੱਛਣ-ਚੌਪਈ

ਕਫ ਲਾਲਾ ਅਹਾਰ ਨ ਖਾਇ। ਮੁਖ ਮੀਠਾ ਭਾਰੀ ਚਿਕਨਾਇ।

---

‡ਕਲਕ ਸਰਦਾਈ ਵਾਂਗ ਘੋਟਕੇ ਭੀ ਪੀਤਾ ਜਾਂਦਾ ਹੈ, ਦੇਖੋ ਭਾ: ਪ੍ਰ: ਪ੍ਰਿ: ੩੯੪ ਪ੍ਰਯੋਗ ਵਾਸਤੇ ਦੇਖੋ ਵੰ: ਸੇ: ਪ੍ਰਿ: ੨੮੧.

Digitized by Panjab Digital Library | www.panjabdigilib.org

ਸਘਨ ਅਲਪ ਬਮਿ ਨਿੰਦ੍ਰਾ ਨਾਸ। ਅਰੁਚੀ ਕਫ ਬਮਿ ਲਛਨ ਭਾਸ॥੧੮॥

ਕਫ ਦੀਆਂ ਮੂੰਹੋਂ ਲਾਲਾਂ, ਭੋਜਨ ਕੁਛ ਨਾ ਖਾਵੇ, ਮੂੰਹ ਮਿੱਠਾ, ਭਾਰੀ, ਚੀਕੁਣਾ ਜਿਹਾ, ਗਾੜ੍ਹੀ ਤੇ ਥੋੜੀ ਕੈ; ਨੀਂਦ ਨਾ ਆਵੇ, ਅਰੁਚੀ ਹੋਵੇ, ਇਹ ਕਫ ਦੀ ਕੈ ਦੇ ਲੱਛਣ ਹੁੰਦੇ ਹਨ ॥੧੮॥

ਉਪਾਇ (ਵੰਗਸੇਨਾਤ)–ਚੌਪਈ

ਤ੍ਰਿਫਲਾ ਸੁੰਠੀ ਵਾਇਵੜਿੰਗ। ਪੀਸੀ ਚੂਰਨ ਮਧੁ ਜੋ ਚੰਗ।
ਪੀਵਤ ਕਫਕੀ ਛਰਦ ਮਿਟਾਇ। ਬੰਗਸੈਨ ਤੇ ਦਈ ਬਤਾਇ ॥੧੯॥

੭੦੪–ਹਰੜ ਬਹੇੜਾ ਆਵਲੇ ਸੁੰਢ ਤੇ ਬਾਯਵੜਿੰਗ ਚੂਰਣ ਕਰਕੇ ਸ਼ਹਿਤ ਨਾਲ ਚੱਟੇ ਤਾਂ ਕਫ ਦੀ ਕੈ ਨਾਸ਼ ਕਰੇ ॥੧੯॥

ਬਾਇਬੜਿੰਗ ਜੁ ਪਿਲਖਨ ਲੇਇ। ਸੁੰਠੀ ਪੀਸੀ ਮਧੁ ਮੈ ਦੇਇ।
ਕਫ ਕ੍ਰੀ ਛਰਦ ਬਿਨਾਸੈ ਸਹੀ। ਬੰਗਸੈਨ ਨੇ ਇਹ ਬਿਧਿ ਕਹੀ॥੨੦॥

੭੦੫–ਬਾਯਵੜਿੰਗ, ਪਿਲਖਣ ਦੀ ਨਰਮ ਛਿੱਲ ਯਾ ਕੂੰਮਲਾਂ ਤੇ ਸੁੰਢ, ਚੂਰਣ ਕਰਕੇ ਸ਼ਹਿਤ ਨਾਲ ਚੱਟੇ ਤਾਂ ਕਫ ਦੀ ਕੈ ਨਾਸ਼ ਕਰੇ। ੨੦॥

ਦੋਹਰਾ

ਬੇਰਗਿਰੀ ਮਧੁ ਦੀਜੀਏ, ਵਾ ਘਨ ਸ੍ਰਿੰਗੀ ਦੇਇ॥
ਨੰਤ ਮਧੁ ਮੇਲੀ ਚਟੋ, ਕਫਿ ਬਮਿ ਤੀਨ ਹਰੇਇ॥ ੨੧॥

੭੦੬–ਕੱਚੇ ਬੇਰ ਸ਼ਹਿਤ ਨਾਲ ਖਾਵੇ, ਯਾ–
੭੦੭–ਮੋਥਾ ਕਕੜਸਿੰਗੀ, ਸ਼ਹਿਤ ਨਾਲ ਦੇਵੇ ਯਾ–
੭੦੮–ਧਮਾਹਾਂ ਸ਼ਹਿਤ ਨਾਲ ਚਟਾਵੇ ਤਾਂ ਕਫ ਦੀ ਵਮਨ ਨਾਸ ਕਰੇ ॥ ੨੧॥

ਸਰਖਪ ਸੇਂਧਾ ਪੀਪਰੀ, ਘਨ ਮਧੁ ਸੰਗ ਚਟਾਇ।
ਕਾਫੀ ਬਮਨਿ ਕਾ ਨਾਸ ਹੁਇ, ਕਹਤ ਮੇਘ ਸੁਨਿ ਭਾਇ ॥੨੨॥

੭੦੯–ਸਰ੍ਹੋਂ, ਸੇਂਧਾਲੂਣ, ਮਘ ਤੇ ਮਥਾ ਸ਼ਹਿਤ ਨਾਲ ਚਟਾਵੇ ਤਾਂ ਕਫ ਦੀ ਛਰਦ ਨਾਸ ਕਰੇ॥ ੨੨॥

ਚੌਪਈ

ਜਰਨ ਸਰਕਰਾ ਸੇਂਧਾ ਮਿਰਚ। ਪੀਸੀ ਜਲ ਸੋ ਖਾਵਨ ਧਰਚ।
ਕਫੀ ਛਰਦ ਕਾ ਨਾਸ ਕਰੰਤਾ। ਸਕਲ ਸਰੀਰੇ ਸੁਖ ਬਹੁ ਹੰਤਾ ॥੨੩॥

੭੧੦–ਜੀਲਾ, ਖੰਡ, ਸੇਂਧਾਲੂਣ ਤੇ ਮਿਰਚ ਪੀਹਕੇ ਜਲ ਨਾਲ ਲਵੇ ਤਾਂ ਕਫ ਦੀ ਕੈ ਨਾਸ ਕਰੇ ॥੨੩॥

ਤ੍ਰਿਦੋਖ ਛਰਦ ਲੱਛਣ–ਚੌਪਈ

ਰੋਮ ਹਰਖ ਬਮਿ ਸੂਲ ਪਯਾਸ। ਮੋਹ ਪ੍ਰਬਲ ਅਰੁਚੀ ਅਰੁ ਸ੍ਵਾਸ।

Digitized by Panjab Digital Library | www.panjabdigilib.org

ਅੰਨ ਨ ਪਚਤਾ ਬਮਿ ਤ੍ਰਿਦੋਖ। ਮਾਧਵ ਤੇ ਮੈ ਭਾਖਯੋ ਘੋਖ ॥੨੪॥

ਰੋਮਾਂਚ, ਵਮਨ ਵੇਲੇ ਸੂਲ, ਪਯਾਸ ਅਤਯੰਤ ਮੋਹ ਅਰੁਚੀ ਸ੍ਵਾਸ ਅੰਨ ਨਾ ਪਚੇ (ਖਟੀ ਨੀਲੀ ਕੈ ਆਵੇ) ਇਹ ਤ੍ਰਿਦੋਖ ਦੀ ਕੈ ਦੇ ਲੱਛਣ ਹੁੰਦੇ ਹਨ ॥੨੪॥

ਉਪਾਇ ਏਲਾਦੀ ਚੂਰਣ (ਸਾਰੰਗਧਰਾਤ)—ਸੋਰਠਾ

ਲਘੁ ਏਲਾ ਸੁ ਲਵੰਗ, ਕ੍ਰਿਸਮਾ ਘਨ ਚੰਦਨ ਗਹੇ।
ਬੇਰਹਿ ਗਿਰੀ ਪ੍ਰਿਯੰਗ, ਲਾਜਾ ਮਿਸਰੀ ਪੀਜੀਏ ॥ ੨੫ ॥
ਮਧੁ ਸੋ ਲੈ ਅਵਲੇਹ, ਬਾਤ ਪਿਤ ਕਫ ਬਮਿ ਮਿਟਤ।
ਸੁੰਠੀ ਮਧੁ ਸੋ ਦੇਹ, ਬਮਨਿ ਮਿਟਤ ਤਿਰਦੋਖ ਕੋ ॥ ੨੬ ॥

੭੧੧–ਬੁਜੀ ਲਾਚੀ; ਲੌਂਗ ਮਘ ਮੋਥਾ ਸਫੇਦ ਚੰਦਨ ਕਚੇ ਬੇਰ ਪ੍ਰਯੰਗ (ਗੋਂਦਣੀ ਦੇ ਫੁਲ) ਧਾਨਾਂ ਦੀਆਂ ਖਿੱਲਾਂ ਮਿਸਰੀ ਦੇ (†ਨਾਗ ਕੇਸਰ) ਸ਼ਹਿਤ ਨਾਲ ਚਟਣੀ ਕਰਕੇ ਚਟਾਵੇ ਤਾਂ ਬਾਤ ਪਿਤ ਕਫ ਦੀ ਕੈ ਮਿਟ ਜਾਵੇ ਯਾ–

੭੧੨–ਸੁੰਢ ਸ਼ਹਿਤ ਨਾਲ ਚਟਾਵੇ, ਤ੍ਰਿਦੋਖ ਦੀ ਕੈ ਨਾਸ ਕਰੇ ॥੨੫॥੨੬॥

ਲਾਖ ਆਮਰੇ ਸਰਕਰਾ, ਮਧੁ ਤੰਦੁਲ ਜਲ ਚਾਟ।
ਤੀਨ ਦੋਖ ਕੀ ਛਰਦ ਕੋ, ਕਰਿ ਹੈ ਬਾਰਾਂ ਬਾਟ ॥ ੨੭ ॥

੭੧੩–ਪਿੱਪਲ ਦੀ ਲਾਖ, ਆਵਲੇ ਤੇ ਖੰਡ, ਸ਼ਹਿਤ ਚੌਲਾਂ ਦਾ ਪਾਣੀ ਪਾਕੇ ਚੱਟੇ ਤਾਂ ਤ੍ਰਿਦੋਖ ਦੀ ਕੈ ਨਾਸ ਕਰੇ ॥੨੭॥

ਬਾਂਸਾ ਕ੍ਵਾਥ ਕਰਾਇਕੈ, ਮਧ ਸੋ ਪੀਵਤ ਜੋਇ।
ਤੀਨ ਦੋਖ ਕੀ ਛਰਦ ਕਾ, ਦੂਖੁ ਨ ਰਹਿਹੈ ਕੋਇ ॥ ੨੮ ॥

੭੧੪–ਬਾਂਸੇ ਦਾ ਕ੍ਵਾਥ ਕਰਕੇ ਸ਼ਹਿਤ ਪਾਕੇ ਪੀਵੇ ਤਾਂ ਤ੍ਰਿਦੋਖ ਦੀ ਕੈ ਨਾਸ ਕਰੇ ॥੨੮॥

ਸਤੂ ਮਸਰੀ ਸਹਿਤ ਸੋਂ, ਦਾਰਮ ਮੈ ਘੋਲ।
ਪੀਵਤ ਤੀਨ ਸੁ ਦੋਖ ਕੀ, ਛਰਦ ਭਾਗ ਹੈ ਡੋਲ ॥ ੨੯ ॥

੭੧੫–*ਮਸਰਾਂ ਦੇ ਸਤੂ ਸ਼ਹਿਤ ਪਾਕੇ ਅਨਾਰ ਦੇ ਰਸ ਵਿਚ ਘੋਲਕੇ ਪੀਵੇ ਤਾਂ ਤ੍ਰਿਦੋਖ ਦੀ ਵਮਨ ਨਾਸ ਕਰੇ ॥੨੯॥

ਕਰਿਕੈ ਕ੍ਵਾਥ ਗਲੋਇ ਕੋ, ਤਾ ਮੈ ਸਹਤ ਮਿਲਾਇ।
ਮਿਟਤ ਤ੍ਰਿਦੋਖੀ ਛਰਦ ਦੁਖ, ਜੋ ਕਿਰਪਾ ਰਘੁਰਾਇ ॥ ੩੦ ॥

੭੧੬–ਗਿਲੋਯ ਦੇ ਕ੍ਵਾਥ ਵਿਚ ਸ਼ਹਿਤ ਪਾਕੇ ਪੀਵੇ ਤਾ ਤ੍ਰਿਦੋਖ ਦੀ ਕੈ ਨਾਸ ਹੋਵੇ ॥੩੦॥

---

†ਸਾਰੰਗਧਰ ਵਿਚ ਨਾਗਕੇਸਰ ਭੀ ਹੈ ਦੇਖੋ ਪ੍ਰਿ: ੧੨੫ ਸ: ੩੧, ੩੨

*ਪਰੰਤੂ ਆਲਮਗੀਰੀ ਮਸਰੀ ਦੇ ਥਾਂ ਮਿਸਰੀ ਪਾਠ ਅਸ਼ੁਧ ਪੜ੍ਹਕੇ ਅਰਥ ਉਲਟਾ ਮਿਸਰੀ ਦਸਦਾ ਹੈ, ਤਸੱਲੀ ਵਾਸਤੇ ਦੇਖੋ ਪ੍ਰਯੋਗ ਵੈਰਾਸੇਨ ਪ੍ਰਿ: ੨੮੩

Digitized by Panjab Digital Library | www.panjabdigilib.org

ਕੋਲ ਆਮਰੇ ਮੱਜਲੈ, ਸਹਿਤ ਸਿਤਾ ਸਭ ਮੇਲ।
ਪੀਪਰ ਮੇਲੀ ਚਾਟੀਏ, ਤੀਨ ਦੋਖ ਬਮਿ ਠੇਲ॥ ੩੧॥

੭੧੭–ਕਚੇ ਬੇਰ, ਆਵਲੇ ਦੀ ‡ਛਿੱਲ ਬਰੀਕ ਕਰਕੇ ਸ਼ਹਿਤ ਮਿਸਰੀ ਪਾਕੇ ਮਘ ਤੇ ਚੌਲਾਂ ਸਮੇਤ ਚਟੇ ਤਾਂ ਤ੍ਰਿਦੋਖ ਦੀ ਕੈ ਨਾਸ ਕਰੇ॥੩੧॥

ਮਨਸਿਲ ਮਾਗਦ ਮਰਚ ਲੈ, ਲਾਜਾ ਕਾਪਿਥ ਨੀਰ।
ਅਮਲੀ ਰਸੁ ਮਧੁ ਚਾਟ ਲੈਂ, ਸਭੀ ਬਮਿਨ ਮਿਟ ਬੀਰ॥ ੩੨॥

੭੧੮–ਮਨਸਿਲ, ਮਘਾਂ, ਮਿਰਚਾਂ ਧਾਨਾਂ ()ਦੀਆਂ ਖਿੱਲਾਂ, ਕੈਥ ਦਾ ਰਸ ਤੇ ਇੰਬਲੀ ਦਾ ਰਸ ਮਿਲਾਕੇ ਸ਼ਹਿਤ ਨਾਲ ਚਟਾਵੇ, ਤ੍ਰਿਦੋਖ ਦੀ ਵਮਨ ਨਾ ਰਹੇ॥ ੩੨॥

ਪੀਪਲ ਤੁਚਾ ਜਲਾਇਕੈ, ਜਲਿ ਮਹਿ ਦੇਹੁ ਰਲਾਇ।
ਪੀਜੋ ਨਿਤਾਰੀ ਨੀਰ ਸੋ, ਬਮਿਨ ਸਕਲ ਨਸ ਜਾਇ॥ ੩੩॥

੭੧੯–ਪਿਪਲ ਦੀ ਛਿੱਲ ਸਾੜਕੇ ਜਲ ਵਿਚ ਭਿਉਂ ਦੇਵੇ, ਫਿਰ ਨਿਤਾਰ ਕੇ ਜਲ ਪੀਵੇ ਤਾਂ ਸਭ ਤਰ੍ਹਾਂ ਦੀ ਕੈ ਨਾਸ ਹੋਵੇ॥੩੩॥

(ਸਾਰੰਗਧਰਾਤ) ਕ੍ਵਾਥ–ਚੌਪਈ

ਬਿਲ ਮੂਲ ਕੀ ਤੁਚਾ ਮੰਗਾਇ। ਟੁਕਰੈ ਕਰਿਕੈ ਕ੍ਵਾਥ ਕਰਾਇ।
ਮਧੁ ਸੰਗੇ ਤੇ ਪੀਵਨ ਦਾਇ। ਸਭੀ ਛਰਦ ਕਾ ਨਾਸ ਕਰਾਇ॥੩੪॥

੭੨੦–ਬਿਲ ਜੜ ਦੀ ਛਿੱਲ ਕੁਤਰ ਕੇ ਕਾੜ੍ਹਾ ਕਰੇ ਫਿਰ ਸ਼ਹਿਤ ਪਾਕੇ ਪੀਵੇ ਤਾਂ ਸਭ ਪ੍ਰਕਾਰ ਦੀ ਵਮਨ ਨਾਸ ਕਰੇ॥੩੪॥

ਕ੍ਵਾਥ ਵਿਧੀ–ਚੌਪਈ

ਔਖਧ ਲੀਜੈ ਇਕ ਸਿਰਸਾਹੀ। ਸੋਲ ਗੁਨਾ ਜਲੁ ਮੇਲੋ ਤਾਹੀ।
ਮਾਟੀ ਭਰ ਤੈ ਭਾਂਜਨ ਪਾਇ। ਨੀਚੈ ਮੰਦ ਅਗਨਿ ਕਰਵਾਇ॥੩੫॥
ਅਠਵਾਂ ਭਾਗ ਰਹਿਤ ਜੋ ਆਇ। ਮੁਖ ਸਹਿਤਾ ਰੋਗੀ ਕੋ ਪਯਾਇ।
ਔਖਧ ਤੇ ਚੌਥਾ ਲੈ ਭਾਗ। ਮਧੁ ਮਿਸਰੀ ਪਾਵੇ ਤਹਿ ਬਾਗ॥੩੬॥
ਸਭੀ ਕ੍ਵਾਥ ਕੀ ਬਾਤ ਬਖਾਨੀ॥ਸਾਰੰਗਧਰ ਤੇ ਇਹ ਬਿਧਿ ਆਨੀ।
ਇਸੀ ਤਰਾਂ ਸਭ ਕਰੀਓ ਕ੍ਵਾਥ। ਸਭ ਰੋਗਨ ਕੀ ਕਰੀਓ ਹਾਥ॥੩੭॥

---

‡ਮਜ ਕਰਕੇ ਗਿਟਕ ਨਹੀਂ ਕਿੰਤੂ ਛਿੱਲ ਲਵੇ।
()ਵੰਗਸੇਨ ਵਿਚ ਖਿੱਲਾਂ ਸਭ ਦੇ ਬਰਾਬਰ ਦੀਆਂ ਪੌਣੀਆਂ ਕਹੀਆਂ ਹਨ ਤੇ ਇਮਲੀ ਦੇ ਥਾਂ ਨਿਬੂ ਹੈ, ਦੇਖੋ ਪਿ: ੨੯੪ ਸਲੋਕ ੪੯.

Digitized by Panjab Digital Library | www.panjabdigilib.org

੭੨੧-ਦਵਾਈ *ਸਵਾ ਦੋ ਤੋਲੇ ਲਵੇ, ਇਸ ਨਾਲੋਂ ਸੋਲਾਂ ਗੁਣ ਜਲ ਪਾਕੇ ਮਿਟੀ ਜਾਂ ਭਰਤ ਦੇ ਭਾਂਡੇ ਵਿਚ ਪਾਕੇ ਮੰਦ ਮੰਦ ਅਗਨੀ ਪਰ ਜਲਾਵੇ, ਜਦੋਂ ਅੱਠਵਾਂ ਹਿੱਸਾ ਬਾਕੀ ਜਲ ਰਹੇ ਤਾਂ ਦਵਾਈ ਨਾਲੋਂ ਚੋਥਾ ਹਿਸਾ ਸ਼ਹਿਤ ਤੇ ਮਿਸਰੀ ਪਾਕੇ ਸੁਖਾਂਦਾ ਭਾਵ ਕੋਸਾ ਜਿਹਾ ਪਿਲਾਵੇ, ਇਹ ਸਭ ਤਰ੍ਹਾਂ ਦੇ ਕ੍ਵਾਥਾਂ ਦੀ ਵਿਧੀ ਸਾਰੰਗਧਰ ਤੋਂ ਕਹੀ ਹੈ ॥੩੫ ਤੋਂ ੩੭॥

ਕੌਚਪਤ੍ਰ ਅਰੁ ਮਾਖੀ ਬਿਸਟਾ। ਬਿਲ ਪਤ੍ਰ ਪੁਨ ਬੋਲ ਸਵਿਸਟਾ।
ਦੋਇ ਟੰਕ ਪਾਨੀ ਸੌ ਪਯਾਇ। ਸਭੀ ਛਰਦ ਕਾ ਨਾਸ ਕਰਾਇ ॥੩੮॥

੭੨੨-ਕੌਚਬੀਜ, ਤਜਪੱਤ੍ਰ, ਮੱਖੀ ਦੇ ਹਗੇਰ, ਬਿੱਲ ਦੇ ਪੱਤ੍ਰ ਤੇ ਬੋਲਗੂੰਦ ਸਭ ਮਿਲਾ ਕੇ ਪੀਹਕੇ ੮ ਮਾਸੇ ਪ੍ਰਮਾਣ ਪਾਣੀ ਨਾਲ ਪਿਲਾਵੇ ਤਾਂ ਸਭ ਤਰ੍ਹਾ ਦੀ ਕੈ ਨਾਸ ਕਰੇ ॥੩੮॥

(ਕਾਲਗਯਾਨਾਤ)-ਚੌਪਈ

ਸਠੀ ਤੰਦੁਲ ਦੂਬ ਮਿਲਾਇ। ਏਲਾ †ਗੰਡ ਦੂਰਵਾ ਲਯਾਇ।
ਅਮਲੀ ਪਤ੍ਰ ਵਾ ਲੈ ਬੀਜ। ਬਾਸੀ ਜਲ ਦੁਇ ਟੰਕ ਸੁ ਲੀਜ ॥੩੯॥
ਕਾਲ ਗਯਾਨ ਤੇ ਚੂਰਨ ਆਨੀ। ਬਮਨ ਹਰਨ ਸਭ ਹੀ ਕੈ ਮਾਨੀ।
ਬਾਤ ਪਿਤ ਕਫ ਛਰਦ ਮਿਟਾਇ। ਮੇਘ ਬਿਨੋਦੈ ਦਈ ਬਤਾਇ ॥੪੦॥

੭੨੩-ਧਾਨਾਂ ਦੇ ਚੌਲ, ਖੱਬਲ ਘਾਹ, ਇਲਾਚੀ, ਖਸ ਤੇ ਇਮਲੀ ਦੇ ਪਤੇ ਯਾ ਬੀਜ ਚੂਰਣ ਕਰਕੇ ਬੇਹੇ ਜ਼ਲ ਨਾਲ ੮ ਮਾਸ ਲਵੇ ਤਾਂ ਸਭ ਤਰ੍ਹਾਂ ਦੀ ਵਮਨ ਜਾਂਦੀ ਰਹੇ ॥੩੯॥੪੦॥

ਪੀਪਰ ਪੁਸਕਰ ਅਮਲੀ ਛਾਲ। ਜਾਮਨ ਨੀਂਬ ਤੁਚਾ ਲੈ ਡਾਲ।
ਪਾਨੀ ਸੇਤੀ ਚੂਰਨ ਦੇਇ। ਸਭੀ ਬਮਨਿ ਕਾ ਨਾਸ ਕਰੇਇ ॥੪੧॥

੭੨੪-ਮਘ, ⁰ਕੱਠ, ਇਮਲੀ, ਜਾਮਣ ਦੀ ਛਿੱਲ ਤੇ ਨਿੰਬ ਦੀ ਛਿੱਲ, ਚੂਰਣ ਕਰਕੇ ਪਾਣੀ ਨਾਲ ਲਵੇ ਤਾਂ ਸਭ ਤਰ੍ਹਾਂ ਦੀ ਵਮਨ ਜਾਵੇ ॥੪੧॥

ਦੋਹਰਾ

ਮਨਸਿਲ ਹਰਧੀ ਪੀਸਕੈ, ਕਾਗਦ ਪੁੜੀ ਬਧਾਇ।
ਧੂਪ ਦੀਜੀਏ ਬਦਨ ਮੇ, ਬਮਨਿ ਸਕਲ ਮਿਟਾਇ ॥ ੪੨ ॥

੭੨੫-ਮਨਸਿਲ ਤੇ ਹਲਦੀ ਪੀਹਕੇ ਕਾਗਜ਼ ਵਿਚ ਵੱਟੀ ਦੀ ਤਰਾਂ ਪੁੜੀ ਬੰਨ੍ਹਕੇ ਇਕ ਸਿਰੇ ਅਗ ਲਾਕੇ ਧੂੰਆਂ ਪੀਵੇ ਤਾਂ ਸਭ ਤਰ੍ਹਾਂ ਦੀ ਕੈ ਜਾਵੇ ॥੪੨॥

ਮਰਚ ਕਸੀਰਾ ਏਕ ਲੈ, ਦਮਰੀ ਭਰ ਲੈ ਲੂਨ।

---

*ਇਕ ਸਿਰਸਾਹੀ ੨ ਤੋਲੇ ਦੀ ਹੈ, ਪਰੰਤੂ 'ਪਲ' ਦਾ ਤੋਲ ੪ ਤੋਲੇ ਹੈ ਜੋ ਅਸਲ ਵਿਚ ਠੀਕ ਪ੍ਰਤੀਤ ਹੋਂਦਾ ਹੈ।

†ਗੰਡਦੂਰਵਾ-ਖਸ ਨੂੰ ਆਖਦੇ ਹਨ ਇਹ ਉਪਰੋਂ ਲਵੇ ਤਾਂ ਓਹ ਗੰਡਦੂਰਬਾ ਕਹਾਉਂਦੀ ਹੈ ਜੜ੍ਹ ਲਵੇ ਤਾਂ ਖਸ ਕਹੀ ਜਾਂਦੀ ਹੈ, ਤਸੱਲੀ ਵਾਸਤੇ ਦੇਖੋ ਭਾ: ਪ੍ਰ: ਪ੍ਰਿ: ੨੨੫

⁰ਪੁਸ਼ਕਰ-ਕੂਠ ਹੈ ਦੇਖੋ ਆ: ਔ: ਕੋ: ਪ੍ਰਿ: ੧੦੨.

Digitized by Panjab Digital Library | www.panjabdigilib.org

ਪੀਸ ਖਾਇ ਬਮਿ ਜਾਤ ਹੈ, ਨੀਰ ਸੰਗ ਸਿਰ ਝੂਨ ॥ ੪੩ ॥

੭੨੬-ਸਵਾ ਤੋਲਾ ਮਿਰਚ, ੧॥ ਮਾਸਾ ਲੂਣ ਮਿਲਾਕੇ ਜਲ ਨਾਲ ਛਕੇ ਤਾਂ ਸਭ ਤਰ੍ਹਾਂ ਦੀ ਵਮਨ ਨਾਸ ਕਰੇ ॥੪੩॥

ਚੌਪਈ

ਕਵਲ ਬੀਜ ਜੜ ਪਾਨ ਮਗਾਇ। ਲਾਜਾ ਬੇਰ ਗਿਰੀ ਨਿਕਲਾਇ।
ਭਸਮ ਮੋਰ ਕੇ ਪੰਖੋ ਜਾਨ। ਲਘੁ ਏਲਾ ਧਾਤ੍ਰੀ ਫਲ ਠਾਨ ॥੪੪॥
ਦਾੜ੍ਹੀ ਜਾਲ ਨਲੇਰੇ ਕੇਰੀ। ਸਭ ਪੀਸਕੈ ਸਹਿਤਹਿ ਭੇਰੀ।
ਸਾਂਝ ਪ੍ਰਾਤ ਚਾਟਨ ਜੋ ਕਰੈ। ਸਕਰ ਬਮਨ ਦੁਖ ਦੂਰਹਿ ਟਰੈ॥੪੫॥

੭੨੭-ਕਮਲਡੋਡੇ, ਪਾਨ ਦੀ ਜੜ੍ਹ, ਖਿੱਲਾਂ, ਬੇਰ ਦੀ ਗਿਰੀ, ਮੋਰ ਦੇ ਖੰਭਾਂ ਦੀ ਸੁਆਹ, ਬੁੱਜੀ ਲਾਚੀ ਆਵਲੇ ਤੇ ਨਲਿਯੇਰ ਦੀ ਜੜ੍ਹ ਸਾੜਕੇ, ਸਭ ਪੀਹਕੇ ਸ਼ਹਿਤ ਮਿਲਾਕੇ ਦੋਨੋਂ ਸਮਯ ਚਟੇ ਤਾਂ ਸਭ ਪ੍ਰਕਾਰ ਦੀ ਵਮਨਿ ਨਾਸ ਕਰੇ ॥੪੪॥੪੫॥

ਤ੍ਰਿਸ਼ਨਾ ਛਰਦਿ ਉਪਾਇ-ਦੋਹਰਾ

ਅਾਂਬ ਜਾਮਨੂ ਪਤ੍ਰ ਲੈ, ਬੜ ਕੀ ਜਟਾ ਉਸੀਰ।
ਫਾਂਟ ਕਰੀਨੈ ਦੀਜੀਏ, ਤ੍ਰਿਖਾ ਛਰਦ ਮਿਟ ਪੀਰ ॥੪੬॥

੭੨੮-ਅੰਬ ਤੇ ਜਾਮਣੂ ਦੇ ਪੱਤੇ, ਬੋਹੜ ਦੀ ਜੜ੍ਹ ਤੇ ਖਸ, ਇਨ੍ਹਾਂ ਦਾ ਫਾਂਟ ਕਰ ਕੇ ਪਿਲਾਵੇ ਤਾਂ ਤ੍ਰਿਖਾ ਵਮਨ ਨਸ਼ਟ ਕਰੇ ॥੪੬॥

ਫਾਂਟ ਵਿਧੀ (ਸਾਰੰਗਧਰਾਤ)-ਦੋਹਰਾ

ਔਖਧ ਨੀਕੀ ਪੀਸ ਕਰ, ਪਲ ਲੇ ਦੋ ਇਕ ਮਾਨ।
ਪਲੁ ਆਠੇ ਜਲੁ ਮੇਲੀਐ, ਅਤੀ ਉਸਨ ਕਰਿ ਜਾਨ ॥ ੪੭ ॥
ਮਸਲ ਕਰੀ ਤੇ ਹਾਥ ਸੋਂ, ਕਪੜੇ ਘਾਲ ਨਿਚੋਇ।
ਸੋ ਪਾਨੀ ਕਹਯੋ ਫਾਟ ਹੈ, ਇਸ਼ ਬਿਧਿ ਫਾਟ ਸੁ ਹੋਇ ॥ ੪੮ ॥

ਚੀਜ਼ਾਂ ਚੰਗੀਆਂ ਪੀਹਕੇ ੮ ਤੋਲੇ ਪ੍ਰਮਾਣ ਲਵੇ, ਮਿਟੀ ਦੇ ਪਾਤ੍ਰ ਵਿਚ ਪਾਕੇ, ਪਿਛੋਂ ਅਤਯੰਤ ਗਰਮ ਪਾਣੀ ੩੨ ਤੋਲੇ ਪਾਕੇ ਢੱਕ ਦੇਵੇ, ਸਰਦ ਹੋਣੇ ਪਰ ਹਥ ਨਾਲ ਮਲ ਕੇ ਕਪੜੇ ਵਿਚ ਛਾਣ ਲਵੇ। ਇਸ ਨੂੰ ਫਾਂਟ ਕਿਹਾ ਜਾਂਦਾ ਹੈ ॥੪੭॥੪੮॥

ਪਲ ਦੁਇ ਜਾਨੋ ਫਾਂਟ ਹੀ, ਮਿਸਰੀ ਸਹਿਤ ਮਿਲਾਇ।
ਗੁੜ ਸੋ ਪੁਨ ਯਹਿ ਦੀਜੀਏ, ਅਨੂਪਾਨ ਬਿਧਿ ਯਾਇ ॥ ੪੯ ॥

ਇਸ ਫਾਂਟ ਦੇ ਪੀਣ ਦੀ ਮਾਤ੍ਰਾ ੮ ਤੋਲੇ ਦੀ ਹੈ, ਮਿਸਰੀ ਅਤੇ ਸ਼ਹਿਤ ਪਾਕੇ ਯਾ ਗੁੜ ਪਾਕੇ ਪੀਵੇ ॥੪੯॥

ਚੌਪਈ

Digitized by Panjab Digital Library | www.panjabdigilib.org

ਬਲਾ ਪ੍ਰਵਾਲੀ ਮਰਚਾ ਆਂਨ। ਯਸਟੀ ਨੀਲ ਕਮਲ ਪੁਨ ਠਾਂਨ।
ਕ੍ਵਾਥ ਕਰੀ ਪੀਵਨ ਕਉ ਦੇਇ।ਤ੍ਰਿਸਨਾ ਛਰਦ ਨ ਕਬਹੂ ਰਹੇ॥੫੦॥

੭੨੯-ਖਰੈਟੀ ਦੀ ਜੜ੍ਹ, ਨਿੰਮ ਦੀਆ ਕੂੰਮਲਾਂ, ਮਿਰਚ ਕਾਲੀ, ਮੁਲੱਠੀ ਤੇ ਨੀਲੇ ਕਮਲਾਂ ਦੇ ਫੂਲ ਪਾਕੇ ਕਾੜ੍ਹਾ ਕਰੇ ਅਰ ਫਿਰ ਪੀਵੇ ਤਾਂ ਪਯਾਸ ਤੇ ਕੈ ਕਦੇ ਨ ਰਹੇ ॥੫੦॥

ਦੋਹਰਾ—ਆਂਮ ਜਾਮਨੂ ਛਾਲਕਾ, ਕ੍ਵਾਥ ਕਰੀ ਮਧੁ ਪਾਇ।
ਸਰਬ ਛਰਦ ਤ੍ਰਿਸ਼ਨਾ ਘਟਤੁ, ਬੰਗਸੈਨ ਕਹਿਵਾਇ॥੫੧॥

੭੩੦-ਅੰਬ ਤੇ ਜਾਮਣ ਦੀ ਛਿੱਲ ਦਾ ਕਾੜ੍ਹਾ ਸ਼ਹਿਤ ਪਾਕੇ ਪੀਵੇ ਤਾਂ ਸਭ ਤਰ੍ਹਾਂ ਦੀ ਪਯਾਸ ਤੇ ਵਮਨ ਜਾਵੇ ॥੫੧॥

ਮਨਸਿਲ ਬਟਕੀ ਕੂੰਪਲਾਂ, ਯਸਟੀ ਲੋਧ ਅਨਾਰ।
ਮਧੁ ਤੰਦੁਲ ਕੇ ਨੀਰ ਸੋਂ, ਤ੍ਰਿਸਨਾ ਬਮਿਨ ਨਿਵਾਰ ॥ ੫੨ ॥

੭੩੧--ਮਨਸਿਲ, ਬੋਹੜ ਦੀ ਕੂੰਮਲੀ, ਮੁਲੱਠੀ, ਲੋਧ ਤੇ ਅਨਾਰ ਦਾਣਾ, ਚੋਲਾਂ ਦਾ ਜਲ ਤੇ ਸ਼ਹਿਤ ਪਾਕੇ ਪੀਵੇ ਤਾਂ ਪਯਾਸ, ਵਮਨ ਨਾ ਰਹੇ ॥੫੨॥

ਸਠੀ ਚਾਵਲ ਰੀਂਧਕੈ, ਮਧੁ ਸੋ ਖਾਵਤ ਕੋਇ।
ਤ੍ਰਿਟ ਬਮਿ ਨਾਸਤ ਜਾਨੀਓ, ਬੰਗਸੈਨ ਮਤਿ ਜੋਇ ॥ ੫੩ ॥

੭੩੨--ਧਾਨਾਂ ਦੇ ਚੌਲ ਰਿੰਨ੍ਹਕੇ ਸ਼ਹਿਤ ਨਾਲ ਖਾਵੇ ਤਾਂ ਪਜਾਸ, ਵਮਨ ਨਾਸ ਕਰੇ ॥੫੩॥

ਕ੍ਵਾਥ (ਰਸਰਤਨਾਕਰਾਤ)—ਚੌਪਈ

ਧਨੀਆਂ ਬਾਲਾ ਚੰਦਨ ਦਾਖ। ਮੇਲ ਸਾਰਵਾ ਸਭ ਸਮ ਆਖ।
ਸਭ ਕੈ ਸਮ ਲਾਜਾ ਲੈ ਪਾਇ। ਸਭ ਤੇ ਚੌਗਨ ਜਲ ਮੇਲਾਇ ॥੫੪॥
ਪਾਦ ਸੇਖ ਕਰਿ ਪੀਵੇ ਕ੍ਵਾਥ। ਤ੍ਰਿਸਨਾ ਬਮਿਕੀ ਕਰਿ ਹੈ ਹਾਥ।
ਨਾਸਤ ਹੈ ਜੁਰ ਅਰੁ ਅਤਿਸਾਰ। ਰਸ ਰਤਨਾਕਰ ਗ੍ਰੰਥ ਬਿਚਾਰ ॥੫੫॥

੭੩੩--ਧਨੀਆਂ, ਮੁਸ਼ਕਬਾਲਾ, ਚੰਦਨ, ਦਾਖ ਤੇ ਉਸ਼ਵਾ ਸਭੇ ਸਮਾਨ, ਸਭਨਾਂ ਸਮਾਨ ਖਿੱਲਾਂ ਸਭਨਾਂ ਤੋਂ ਚੌਗਣਾ ਪਾਣੀ ਪਾਕੇ ਪਕਾਵੇ। ਜਦ ਚੌਥਾ ਹਿੱਸਾ ਸੜਕੇ ਰਹੇ ਤਾਂ ਪੀਵੇ, ਪਜਾਸ, ਵਮਨ ਤਾਪ ਤੇ ਅਤੀਸਾਰ ਨਾਸ ਕਰੇ ॥੫੪॥੫੫॥

ਕਵਾਥ (ਰਸਰਤਨਾਕਰਾਤ)

ਦਾਖ ਸਾਰਵਾ ਚੰਦਨ ਮੇਲ। ਘਨ ਬਦਰੀ ਫਲ ਮਜਾ ਠੇਲ।
ਇਨਕੈ ਸਮ ਧਾਨੋ ਕੀ ਖੀਲ। ਸੋਲਗੁਨਾ ਜਲ ਦੇਵੇ ਮੀਲ ॥ ੫੬ ॥
ਕਵਾਥ ਕਰੀ ਜਲੁ ਅਰਧ ਰਖਾਇ। ਤਾਮਹਿ ਮਿਸਰੀ ਸਹਿਤ ਮਿਲਾਇ।
ਤ੍ਰਿਸਨਾ ਬਮਿ ਨਾਸਤ ਤਤਕਾਰ। ਰਸਰਤਨ ਕਰ ਭਾਖੀ ਸਾਰ ॥ ੫੭ ॥

Digitized by Panjab Digital Library | www.panjabdigilib.org

੭੩੪--ਮੁਨੱਕਾ, ਉਸ਼ਬਾ, ਚੰਦਨ, ਮੋਥਾ ਤੇ ਬੇਰ ਦੀ ਗਿਟਕ, ਇਨ੍ਹਾਂ ਸਭਨਾਂ ਦੇ ਸਮਾਨ ਧਾਨਾਂ ਦੀਆਂ ਖਿੱਲਾਂ ਪਾਕੇ ਸੋਲਾਂ ਗੁਣਾਂ ਜਬ ਪਾਕੇ ਕਾੜ੍ਹਾ ਕਰੇ, ਜਦ ਅੱਧਾ ਰਹੇ ਤਾਂ ਮਿਸਰੀ ਅਰ ਸ਼ਹਿਤ ਪਾਕੇ ਪੀਵੇ ਤਾਂ ਪਯਾਸ, ਵਮਨ ਸ਼ੀਘਰ ਨਾਸ ਕਰੇ ॥੫੬॥੫੭॥

ਜਵਰ ਤ੍ਰਿਸਨਾਂ ਛਰਦਿ ਉਪਾਇ (ਬੰਗਸੇਨਾਤ)—ਚੌਪਈ

ਘਨ ਲਾਜਾ ਪੀਪਰ ਲੇ ਪਾਇ। ਕਵਲ ਬੀਜ ਅਰ ਸਹਿਤ ਮੰਗਾਇ।
ਪ੍ਰਾਤ ਸਾਂਝ ਕੋ ਚਾਟਨ ਕਰੈ। ਜੁਰ ਤ੍ਰਿਸਨਾ ਬਮਿ ਸਾਰੇ ਟਰੈ ॥ ੫੮ ॥

੭੩੫–ਮੋਥਾ, ਖਿੱਲਾਂ, ਮਘ ਤੇ ਕਮਲਡੋਡੇ ਪੀਹਕੇ ਸਹਿਤ ਪਾਕੇ ਦੋਨੋਂ ਵਕਤ ਚਟੇ ਤਾਂ ਤਾਪ ਪਯਾਸ ਨਾਸ ਹੋਵੇ ॥੫੮॥

ਛਰਦਿਰੋਗੇ ਪੱਥ—ਸ਼ੰਕਰ ਛੰਦ

ਛਰਦ ਰੇਚਨ ਲਾਜ ਮੰਡੰ, ਔਰ ਬ੍ਰਤ ਇਸਨਾਨ।
ਸਾਲ ਖਸਟਿਕ ਮੁਗਧ ਮਟਰਾ, ਕਨਕ ਯਵ ਕਰਿ ਪਾਨ।
ਬੀਜ ਪੂਰਕ ਦਾਰਮੀ ਫਲ, ਦਾਖ ਯੂਖ ਸੁਖੰਡ।
ਕੋਲ ਨੂਤ ਕਖਾਇ ਰੋਗੀ, ਪਥ ਬਮਿਨੋ ਮੰਡ ॥ ੫੯ ॥

੭੩੬–ਵਮਨ, ਜੁਲਾਬ, ਖਿੱਲਾਂ ਦਾ †ਮੰਡ, ਬ੍ਰਤ, ਸਨਾਨ, ਬਾਸਮਤੀ ਦੇ ਚਾਵਲ, ਮੂੰਗੀ, ਮਟਰ, ਕਣਕ, ਪੁਰਾਣੇ ਜੌਂ ਤੇ ਕਈ ਤਰ੍ਹਾਂ ਦੇ ਪੀਣ ਦੇ (ਮਾਸ ਰਸ ਤੇ ‡ਜੂਖ) ਬਿਜੌਰਾ ਨਿੰਬੂ ਅਨਾਰ ਫਲ, ਦਾਖ ਖੰਡ ਦਾ ()ਯੂਖ, ਬੇਰ ਅੰਬ, ਕਸੈਲੇ ਰਸ ਖਾਣੇ ਵਮਨ ਤੇ ਪਥ ਹਨ ॥੫੯॥

ਅਪੱਥ—ਚੌਪਈ

ਸ੍ਵੇਦਨ ਨਾਵਨ ਬਸਤ ਬਿਧਾਨ। ਸਨੇਹ ਪਾਨ ਅਸਿਰਕ ਕਢਵਾਨ।
ਦੰਤ ਕਾਠ ਅੰਜਨ ਬਯਾਯਾਮ। ਕਹੇ ਕੁਪੱਥ ਜੁ ਬਮਨੇ ਠਾਮ ॥੬੦॥

੭੩੭--ਪਸੀਨਾ ਦੇਣਾ, ਨਸਵਾਰ, ਵਸਤੀ ਕਰਮ (ਹੁਕਨਾ),ਸਨੇਹ ਪਾਨ, ਲਹੂ ਕਢਾਣਾ,ਲੱਕੜੀ ਦੀ ਦਾਤੁਨ, ਸੁਰਮਾਂ ਤੇ ਕਸਰਤਾਦਿ ਕੁਪਥ ਹਨ ॥੬੦॥

ਬਿਸੂਚੀ (ਹੈਜ਼ਾ) ਲੱਛਣ—ਚੌਪਈ

ਮੂਰਛਾ ਬਮਿ ਤ੍ਰਿਸਨਾ ਅਤਿਸਾਰ। ਸੂਲ ਜੰਭਾਈ ਭ੍ਰਮੁ ਅਤਿਕਾਰ।

---

†ਮੰਡ--ਲਾਜਾਮੰਡ, ਧਾਨ ਕਚੇ ਯਾ ਭੁਜੇ ਲੈਕੇ ਇਨ੍ਹਾਂ ਤੋਂ ਚੌਦਾਂ ਗੁਣਾਂ ਪਾਣੀ ਪਾਕੇ ਰਿੰਨ੍ਹੇ, ਫਿਰ ਨਿਚੋੜਕੇ ਪਿੱਛ ਕਢੇ, ਇਸ ਵਿਚ ਸੁੰਢ ਸੇਂਧਾਲੂਣ ਪਾਕੇ ਪੀਵੇ। ਇਹ ਲਾਜਾਮੰਡ ਕਿਹਾ ਜਾਂਦਾ ਹੈ। ਦੇਖੋ ਸਾਰੰਗਧਰ ਪ੍ਰਿ: ੧੦੩.

‡ਯੂਕ ਵਿਧੀ—ਔਸ਼ਧੀਆਂ ਦਾ ਕਲਕ ੪ ਤੋਲੇ, ਸੁੰਢ ਤੇ ਮਘ ੪ ਮਾਸੇ, ੬੪ ਤੋਲੇ ਜਲ ਪਾਕੇ ਕਾੜ੍ਹੇ, ਜਦ ਅੱਧਾ ਰਹੇ ਤਾਂ ਉਤਾਰ ਕੇ ਪੀਵੇ। ਦੇਖੋ ਮੇਘ ੧੨ ਅਧਯਾਯ।

()ਕਲਕ ਦੀ ਤਰ੍ਹਾਂ 'ਖੰਡ' ਕਾੜ੍ਹਕੇ ਪੀਵੇ।

Digitized by Panjab Digital Library | www.panjabdigilib.org

ਦਾਘ ਸਰੀਰ ਜੁਬਰਨ ਬਿਬਰਨ।ਪੇਟ ਮਾਹਿ ਹੋਵੈ ਅਤਿ ਅੜਨ ॥੬੧॥
ਏ ਲਛਨ ਬਿਸੂਚਕਾ ਜਾਨ। ਨਿਦਾਨ ਕਹਯੋ ਮੰਦਾਗਨਿ ਮਯਾਨ।
ਤਿਸੀ ਠੌਰ ਮੈ ਪਥ ਬਤਾਇ। ਇਸ ਕੇ ਉਸਕੇ ਏਕ ਕਹਾਇ ॥੬੨॥

ਮੂਰਛਾ, ਕੈ, ਪਜਾਸ, ਅਤੀਸਾਰ, ਪੇਟ ਸੂਲ, ਉਬਾਸੀਆਂ, ਅਤਯੰਤ ਭ੍ਰਮ, ਸਰੀਰ ਮੇਂ ਸੜਨ ਰੂਪੋਂ ਕਰੂਪ ਤੇ ਪੇਟ ਵਿਚ ਅਕੜੇਮਾਂ,ਇਹ ਨਿਸ਼ਾਨੀਆਂ ਬਿਸੂਚਿਕਾ(ਹੈਜੇ) ਦੀਆਂ ਹਨ। ਇਹ ਮੰਦਾਗਨੀ ਵਿਚ ਬਰਨਨ ਕੀਤਾ ਹੈ ਤੇ ਪਥ ਅਪਥ ਭੀ ਓਥੇ ਕਹੇ ਹਨ ॥੬੧॥੬੨॥

ਉਪਾਇ (ਕਾਲਗਯਾਨਾਤ)—ਚੌਪਈ

ਕਰ ਪਦ ਨਾਭੇ ਤੇਲੁ ਮਲਾਇ। ਅਛਾ ਤਿਲਕਾ ਸੇਕ ਕਰਾਇ।
ਮਿਟਤ ਬਿਸੂਚੀ ਰੋਗ ਜੋ ਆਮ। ਕਾਲਗਜਾਨ ਹੈ ਇਸ ਹੈ ਕੀ ਠਾਮ।੬੩।

੭੩੮—ਚੰਗਾ ਤਿਲਾਂ ਦਾ ਤੇਲ ਹਥਾਂ ਪੈਰਾਂ ਤੇ ਨਾਭੀ ਉਪਰ ਮਲਨਾ ਤੇ ਸੇਕਣਾ, ਬਿਸੂਚੀ ਨਾਸ ਕਰੇ ॥੬੩॥

ਦੋਹਰਾ

ਸੇਂਧਾ ਕੁਠ ਜੁ ਚੋਕ ਤ੍ਰਿਕ, ਤੇਲੁ ਤਿਲਾ ਕਾ ਪਾਇ।
ਗਰਮ ਕਰੀ ਪਰ ਪਦ ਮਲੇ, ਰੋਗ ਬਿਸੂਚੀ ਜਾਇ ॥ ੬੪ ॥

੭੩੯—ਸੇਂਧਾ ਲੂਣ, ਕੁਠ ਤੇ ਚੋਕ ਇਹ ਤਿੰਨੇ ਤਿਲਾਂ ਦੇ ਤੇਲ ਵਿਚ ਪਾਕੇ ਗਰਮ ਕਰੇ, ਪੈਰਾਂ ਹਥਾਂ ਪਰ ਫਿਰ ਮਲੇ (ਬਿਸੂਚੀ ਨਾਸ ਕਰੇ) ॥੬੪॥

ਸੌਚਰ ਪਥਯਾ ਮਘਾ ਲੈ, ਚੂਰਨ ਕਰੋ ਬਨਾਇ।
ਰੋਗ ਬਿਸੂਚੀ ਜਾਤ ਹੈ, ਤਪਤੋਦਕ ਸਿਉਂ ਖਾਇ॥ ੬੫ ॥

੭੪੦—ਸੌਂਚਰਲੂਣ, ਜੰਗ ਹਰੜ ਤੇ ਮਘ ਚੂਰਣ ਕਰਕੇ ਗਰਮ ਜਲ ਨਾਲ ਖਾਵੇ ਤਾਂ ਹੈਜ਼ਾ ਨਾਸ ਕਰੇ ॥੬੫॥

ਤ੍ਰਿਸ਼ਨਾ (ਪਯਾਸ) ਨਿਦਾਨ—ਚੌਪਈ

ਭਯ ਸ੍ਰਮ ਬਲ ਅਤਿ ਹੋਵਤ ਖੀਨ।ਪਿਤ ਬਧਾਵਨ ਦਰਬੈ ਲੀਨ।
ਪਿਤ ਬਾਤ ਸੈ ਕੁਪ ਹੈ ਜਬੈ। ਤ੍ਰਿਖਾ ਰੋਗ ਉਪਜਤ ਹੈ ਤਬੈ ॥੬੬॥
ਬਾਤ ਪਿਤ ਕਫ ਤੀਨੋ ਜਾਨ। ਚੌਥੀ ਚੋਟ ਪ੍ਰਹਾਰੈ ਮਾਨ।
ਖਯ ਤੇ ਪੰਚਮ ਛੇਮੀ ਆਮ। ਸਾਤਮ ਭੋਜਨ ਤੇ ਲਖ ਨਾਮ ॥੬੭॥

ਖੌਫ, ਥਕੇਵਾਂ, ਬਹੁਤਾ ਬਲ ਖੀਣ ਹੋਣੇ ਤੇ, ਪਿਤਾਂ ਦੇ ਵਧਾਉਣ ਵਾਲੇ ਪਦਾਰਥ ਖਾਣ ਤੇ ਵਧਿਆ ਜੇਹੜਾ ਪਿੱਤ ਉਹ ਵਾਯੂ ਨੂੰ ਸਾਥ ਲੈਕੇ (ਊਰਧਗਤੀ ਨੂੰ ਪ੍ਰਾਪਤ ਹੋਵੇ ਤਾਂ, ਤਾਲੂ ਵਿਚ) ਜਾਕੇ ਤ੍ਰਿਖਾ ਰੋਗ ਪੈਦਾ ਕਰ ਦੇਵੇ। ਸੋ ਸਤ ਤਰ੍ਹਾਂ ਦੀ ਹੈ। ਬਾਤ ਦੀ ੧ ਪਿਤ ਦੀ ੨ ਕਫ ਦੀ ੩ ਚੋਟ ਦੀ ੪ ਖਯ ਦੀ ੫ ਆਮ ਦੀ ੬ ਤੇ ਦੋਜਨ ਖਾਣ ਦੀ ੭ ਹੈ ॥੬੬॥੬੭॥

Digitized by Panjab Digital Library | www.panjabdigilib.org

ਉਪੱਦ੍ਰਵ

ਤ੍ਰਿਸਨਾ ਸੋਖਨ ਜੁਰ ਖਯ ਮੋਹੁ। ਕਾਸ ਸ੍ਵਾਸ ਅਰੁਚ ਲਖ ਹੋਇ।
ਬਮਿਣ ਕਰੈ ਉਪਦ੍ਰਵ ਕਹੈ। ਹਾਥ ਨ ਪਾਵਨ ਸੋ ਜਸੁ ਚਹੈ ॥੬੮॥

ਤ੍ਰਿਖਾ ਵਿਚ ਸੋਖ, ਤਾਪ, ਖਈ, ਮੋਹ, ਕਾਸ, ਸ੍ਵਾਸ ਅਰੁਚੀ ਤੇ ਕੈ ਹੋਇ ਇਹ ਉਪਦ੍ਰਵ ਹਨ। ਐਸੇ ਰੋਗੀ ਨੂੰ ਹਥ ਨਾ ਪਾਵੇ ਜੇ ਯਸ ਦੀ ਇਛਾ ਹੋਵੇ ॥੬੮॥

ਬਾਤ ਤ੍ਰਿਖਾ ਲੱਛਣ—ਦੋਹਰਾ

ਤੋਦ ਪੀੜ ਮੁਖ ਖਾਮਤਾ, ਮੂਰਛਾ ਬਦਨ ਬਿਰਸ।
ਹੋਤ ਬੇਦਨਾ ਪੁੜਪੁੜੀ, ਸ੍ਰੋਤ ਬੰਦ ਹੈ ਤਸ ॥ ੬੯ ॥
ਅੰਨ ਨ ਬਾਂਛਤ ਨਿਸਦਿਨੇ, ਸੀਤਲ ਬਸਤ ਨ ਖਾਇ।
ਜੋ ਖਾਵਤ ਤੌ ਬਹੁ ਤ੍ਰਿਖਾ, ਤ੍ਰਿਸਨਾ ਬਾਤ ਬਤਾਇ ॥ ੭੦ ॥

ਤੋੜ ਖੋਹੀ, ਪੀੜ, ਮੂੰਹ ਮਲੀਨ ਜਿਹਾ, ਮੂਰਛਾ, ਮੂੰਹ ਬੇਸ੍ਵਾਦ, ਪੁੜਪੁੜੀਆਂ ਵਿਚ ਪੀੜ, ਸ੍ਰੋਤ੍ਰ ਰੁਕਣੇ, ਅੰਨ ਨੂੰ ਰਚੀ ਨਾ ਹੋਣੀ, ਰਾਤ ਦਿਨ ਠੰਢੀ ਚੀਜ਼ ਨਹੀਂ ਖਾਂਦਾ (ਕਿਉਂਕਿ ਠੰਢੀਆਂ ਚੀਜ਼ਾਂ ਖਾਣ ਤੇ ਪਯਾਸ ਵਧਦੀ ਹੈ ਸੋ ਬਾਤ ਦੀ ਤ੍ਰਿਖਾ ਕਹੀ ਜਾਂਦੀ ਹੈ ॥੬੯॥੭੦॥

ਪਿਤ ਪਯਾਸ ਲੱਛਣ—ਚੌਪਈ

ਮੂਰਛਾ ਅੰਨ ਬਿਦ੍ਵੇਖ ਮਿਲਾਇ। ਦਾਹ ਰਕਤ ਦ੍ਰਿਗ ਸੂਕੈ ਆਇ।
ਕਟਕ ਬਦਨ ਸੀਤਲ ਕੀ ਚਾਹ। ਤ੍ਰਿਸਨਾਪਤਿ ਬਖਾਨੀ ਯਾਹਿ ॥੭੧॥

ਮੂਰਛਾ, ਅੰਨ ਵਲੋਂ ਅਰੁਚੀ, ਦਾਹ, ਨੇਤ੍ਰ ਲਾਲ, ਸੋਖਣ, ਮੂੰਹ ਕੌੜਾ ਤੇ ਠੰਢੇ ਪਦਾਰਥਾਂ ਦੀ ਵਾਂਛਾ, ਇਹ ਪਿਤ ਦੀ ਪਯਾਸ ਕਹਾਉਂਦੀ ਹੈ ॥੭੧॥

ਕਫ ਪਯਾਸ ਲੱਛਣ

ਮਧੁਰ ਬਦਨ ਅਰੁ ਨਿੰਦ੍ਰਾ ਘਨੀ। ਉਦਰ ਭਾਰ ਕਫ ਤ੍ਰਿਸਨਾ ਭਨੀ।
ਦਾਰਦ ਚੋਟ ਲੋਹੂ ਤਨ ਜਾਇ। ਪ੍ਰਹਾਰ ਤ੍ਰਿਖਾ ਚੌਥੀ ਏ ਥਾਇ ॥੭੨॥

ਮੂੰਹ ਮਿਠਾ ਮਿਠਾ, ਬਹੁਤੀ ਨੀਂਦ, ਪੇਟ ਭਾਰੀ ਇਹ ਕਫ ਦੀ ਪਯਾਸ ਦੇ ਲਛਣ ਹਨ ॥੭੨॥

ਖਤਜ ਪਯਾਸ ਲੱਛਣ

ਖਈ ਆਮ ਭੋਜਨ ਤੇ ਤੀਨ। ਇਨ ਕੇ ਲਛਣ ਸਮਝ ਸੁ ਲੀਨ।
ਮਤਲਬ ਕਾਰਨ ਥੋਰੇ ਕਹੇ। ਇਨਕੇ ਲਛਣ ਮਾਧਵ ਲਹੇ ॥ ੭੩ ॥

ਚੋਟ ਸਥਾਨ ਦਰਦ ਤੇ, ਲਹੂ ਸਰੀਰੋਂ ਜਾਣ ਤੇ ਤ੍ਰਿਖਾ ਹੋਇ ਸੋ ਖਤਜ ਕਹਾਉਂਦੀ ਹੈ। ਖਈਜ, ਆਮਜ, ਭੋਜਨਜ, ਇਨ੍ਹਾਂ ਤਿੰਨਾਂ ਦੇ ਲਛਨ ਕੁਛ ਤ੍ਰਦੋਖ ਮਿਲਤ ਪਹਿਲੀਆਂ ਦੋਨੋਂ ਤ੍ਰਿਖਾ, ਸੋ ਉਨ੍ਹਾਂ ਦੇ ਅਵਾਂਤਰ ਕਹੇ ਕਿੰਚਿਤ ਲਛਣ ਜਾਣ ਲੈਣੇ ॥੭੩॥

Digitized by Panjab Digital Library | www.panjabdigilib.org

ਬਾਤ ਤ੍ਰਿਖਾ ਉਪਾਇ (ਗੁਣਰਤਨਮਾਲਾਤ)—ਦੋਹਰਾ

ਰਜਤ ਸ੍ਵਰਨ ਲੋਹਾਦਿਕੰ, ਤਪਤ ਕਰੀ ਜਲ ਮੇਲ।
ਸੋ ਜਲ ਪਿਆਵੇ ਰਾਤ ਦਿਨ, ਤ੍ਰਿਖਾ ਦੂਰ ਹੋਇ ਬੇਲ ॥੭੪॥
ਜਬ ਮਾਂਗੇ ਤਬ ਹੀ ਦਿਵੇ, ਸੰਕਾ ਕਰੋ ਨ ਕੋਇ।
ਬਾਤ ਤ੍ਰਿਖਾ ਕੋ ਹਰਤ ਹੈ, ਰਤਨਮਾਲ ਮਹਿ ਜੋਇ ॥ ੭੫ ॥

੭੪੧—ਚਾਂਦੀ, ਸੋਨਾ, ਲੋਹਾ (ਮਿਟੀ ਦਾ ਢੇਲਾ, ਰੇਤ) ਇਨ੍ਹਾਂ ਵਿਚੋਂ ਕੋਈ ਤਤਾ ਕਰਕੇ ਜਲ ਵਿਚ ਬੁਝਾਵੇ, ਉਹ ਜਲ ਕੋਸਾ ਕੋਸਾ ਰਾਤ ਦਿਨ ਪਿਲਾਵੇ। (ਜਾਂ ਠੰਢਾ ਕਰਕੇ ਮਿਸਰੀ ਪਾਕੇ ਪਿਲਾਵੇ) ਰੋਗੀ ਜਦ ਜਦ ਜਲ ਮੰਗੇ ਤਦ ਤਦ ਦੇਵੇ ਕੋਈ ਸ਼ੰਕਾ ਨ ਕਰੇ ਤਾਂ ਇਹ ਜਲ ਬਾਤ ਦੀ ਤ੍ਰਿਖਾ ਨਾਸ ਕਰੇ ॥੭੪॥੭੫॥

ਪਿਤ ਤ੍ਰਿਖਾ ਉਪਾਇ (ਵੰਗਸੇਨਾਤ)—ਦੋਹਰਾ

ਸ੍ਵਾਦ ਤਿਕਤ ਸੀਤਲ ਸੁ ਜਲ, ਜੋ ਜਗ ਮੈ ਹੈ ਦ੍ਰਬਯ।
ਸੋਈ ਹਰਿ ਹੈ ਪਿਤ ਤ੍ਰਿਟ, ਬੰਗਸੈਨ ਭਨ ਭਬਯ ॥ ੭੬ ॥

੭੪੨—ਸ੍ਵਾਦ ਵਾਲੇ ਭਾਵ ਮਿਠੇ, ਕੌੜੇ, ਠੰਢੇ ਤੇ ਪਤਲੇ ਜਿਤਨੇ ਦ੍ਰਵ ਹਨ, ਇਹ ਸਭ ਪਿਤ ਦੀ ਪਯਾਸ ਹਟਾਉਣ ਵਾਲੇ ਹਨ ॥੭੬॥

ਕਾਸ਼ ਮਰਯ ਮਿਸਰੀ ਜੁਗਤ, ਚੰਦਨ ਧਾਨਯ ਉਸੀਰ।
ਦਾਖ ਦੁਪਹਿਰੀ ਫੂਲ, ਤ੍ਰਿਕ ਜੋਗ ਭਲੇ ਇਮ ਬੀਰ ॥ ੭੭ ॥
ਸੀਤਲ ਜਲ ਸੋ ਪੀਜੀਏ, ਤੀਨ ਚਰਨ ਤ੍ਰਿਕ ਜੋਗ।
ਪਿਤ ਤ੍ਰਿਖਾ ਮਿਟ ਜਾਤ ਹੈ, ਰਹਤ ਨ ਕੋਊ ਰੋਗੁ ॥ ੭੮ ॥

੭੪੩—*ਕਾਸ਼ਮਰਯ, ਕੁੰਭਾਰੀ ਅਰਥਾਤ ਜ਼ਰਿਸ਼ਕ ਦੇ ਫਲ, ਮਿਸਰੀ ਨਾਲ, ਯਾ:—
੭੪੪—ਚੰਦਨ, ਧਨੀਆਂ, ਖਸ ਯਾ—
੭੪੫—ਮੁਨੱਕਾ †ਗੁਲਦੁਪਹਿਰੀ ਦੇ ਫੂਲ, ਇਹ ਤਿੰਨੇ ਯੋਗ [ਨੁਸਖੇ] ਮਿਸਰੀ ਪਾਕੇ ਠੰਢੇ ਜਲ ਨਾਲ ਪਿਲਾਵੇ ਤਾਂ ਪਿਤ ਦੀ ਪਯਾਸ ਨਸ਼ਟ ਕਰਦੇ ਹਨ ॥੭੭॥੭੮॥

ਚੌਪਈ

ਚੰਦਨ ਖਸ ਮਧੁ ਦਾਖ ਖਜੂਰ। ਤੰਦਲੋਦਕ ਸੋ ਪੀਵੇ ਪੂਰ।

---

*ਕਾਸ਼ਮਰਯ=ਖੰਭਾਰੀ, ਕੁੰਭੇਰ ਫਲ ਅਰਥਾਤ ਜਰਿਸ਼ਕ ਹੈ, ਜਿਸ ਦਾ ਬੜਾ ਬ੍ਰਿਛ ਹੁੰਦਾ ਹੈ,ਪਤੇ ਪਿਪਲ ਦੇ ਪਤਿਆਂ ਸਮਾਨ ਫੂਲ ਫਲ ਪੀਲੇ, ਛਿਲ ਚਿੱਟੀ ਵਿਚੋਂ ਦੁਧ ਨਿਕਲਦਾ ਹੈ। ਅਸਾਂ ਬਲੋ-ਚਿਸਤਾਨ ਦੀ ਜਾਤਰਾ ਕਰਦੇ ਸਮਜ ਚਮਨ ਦੇ ਆਸ ਪਾਸ ਇਹ ਬ੍ਰਿਛ ਦੇਖੇ ਸਨ। ਇਹ ਹਵਾਲ ਭਾਵ ਪ੍ਰਕਾਸ਼ ਪ੍ਰਿ; ੧੯੨ ਤੇ ਅਮਰ ਕੋ: ਪ੍ਰਿ: ੭੦ ਦੇਖ ਕੇ ਮਲੂਮ ਹੁੰਦਾ ਹੈ।

†ਗੁਲਦੁਪਹਿਰੀ=ਜ਼ਪਾਕੁਸਮ (ਮਧੂਕ) ਜਿਸ ਦੇ ਬੀਜ ਨੂੰ ਫਾਰਸੀ ਵਿਚ 'ਤੁਖਮਹਯਾਤ' ਆਖਦੇ ਹਨ ਦੇਖ ਦ੍ਰਬ ਪ੍ਰਿ: ੨੪੦

Digitized by Panjab Digital Library | www.panjabdigilib.org

ਪਿਤ ਤ੍ਰਿਖਾ ਛਿਨ ਮਹਿ ਘਟ ਜਾਇ। ਬੰਗਸੈਨ ਨੇ ਦਈ ਬਤਾਇ।੭੯।

੭੪੬–ਚੰਦਨ, ਖੱਸ ਮੁਲੱਠੀ, ਮੁਣੱਕਾ ਤੇ ਖਜੂਰ ਫਲ, ਚਾਵਲਾਂ ਦੇ ਭੇਂਵੇਂ ਜਲ ਨਾਲ ਪਿਲਾਵੇ ਤਾਂ ਪਿਤ ਦੀ ਤ੍ਰਿਖਾ ਨਾਸ ਕਰੇ ॥੭੯॥

ਕਫ ਪਜਾਸ ਉਪਾਇ (ਵੰਗਸੇਨਾਤ)–ਦੋਹਰਾ

ਪੰਚ ਕੋਲ ਬਿਲਜਾਫਿਕੀ, ਤਾਮਹਿ ਕੁਸਾ ਮਿਲਾਇ।
ਕ੍ਵਾਥ ਕਰੀਨੈ ਪੀਜੀਏ, ਕਫ ਵੀ ਤ੍ਰਿਸਨਾ ਜਾਇ ॥ ੮੦ ॥

੭੪੭–ਪੰਜਕੋਲ (ਮਘ, ਪਿਪਲਾਮੂਲ, ਚਵ, ਚਿਤ੍ਰਾ ਤੇ ਸੁੰਢ] ਬਿਲਗਿਰੀ*ਹਰਹਰ (ਤੋਰੰ) (†ਧਾਵਿਆਂ ਦੇ ਫੂਲ) ਅਰ ਖਸ ਲੈਕੇ ਕਾੜ੍ਹਾ ਕਰੇ ਅਰ ਪੀਵੇ ਤਾਂ ਕਫ ਦੀ ਤ੍ਰਿਖਾ ਨਾਸ ਕਰੇ ॥੮੦॥.

ਨਿੰਬ ਕ੍ਵਾਥ ਮੈ ਪੀਸ ਖਿਪ, ਜੀਰਾ ਅਦਰਕੁ ਏਹ।
ਸੁੰਚਰ ਪਾਈ ਪੀਜੀਏ, ਕਫ ਤ੍ਰਿਟ ਜਾਵੈ ਤੇਹ ॥ ੮੧ ॥

੭੪੮–ਨਿੰਮ ਦੇ ਕ੍ਵਾਥ ਵਿਚ ਜੀਰਾ ਤੇ ਸੌਂਚਰਲੂਣ ਪਾਕੇ ਪੀਵੇ ਤਾਂ ਕਫ ਦੀ ਪਯਾਸ ਨਾਂ ਰਹੇ ॥੮੧॥

ਗਜ ਕੇਸਰ ਮਿਸਰੀ ਜਰਨ, ਦਾਰਮ ਕ੍ਰਿਸਨਾ ਮੇਲ।
ਸਿਤਾ ਖੌਦ੍ਰ ਘ੍ਰਿਤ ਪਾਇ ਚਟੁ,ਕਫ ਤ੍ਰਿਸਨਾਂ ਕੋ ਠੇਲ ॥੮੨॥

੭੪੯–‡ਨਾਗਕੇਸਰ, ਮਿਸਰੀ, ਜੀਰਾ, ਅਨਾਰ, ਮਘ, ਫਿਰ ਮਿਸਰੀ ਤੇ ਸ਼ਹਿਤ ਘਿਉ ਪਾਕੇ ਚੱਟੇ ਤਾਂ ਕਫ ਦੀ ਪਯਾਸ ਨਾ ਰਹੇ ॥੮੨॥

ਦਾਖ ਇਖ ਰਸ ਯਸਟਿ ਮਧੁ, ਉਤਪਲਿ ਤੋਖਾਖੀਰ।
ਫੂਲ ਦੁਪਹਿਰੀ ਚਾਟੀਏ, ਕਫ ਤ੍ਰਿਸਨਾ ਜੁ ਤਗੀਰ ॥੮੩॥

੭੫੦–ਮੁਣੱਕਾ, ਗੰਨਿਆਂ ਦਾ ਰਸ; ਮੁਲੱਠੀ, ਸ਼ਹਿਤ, ਕਮਲ, ਤੋਖਾਖੀਰ ਤੇ ਗੁਲ-ਦੁਪਹਿਰੀ (ਤੁਖਮ ਹਯਾਤ ਦਾ ਫੂਲ) ਪੀਹਕੇ ਚਟੇ ਤਾ ਕਫ ਦੀ ਪਯਾਸ ਨਾਸ ਕਰੇ ॥੮੩॥

ਸਰਬ ਤ੍ਰਿਖਾ ਉਪਾਇ–ਸੋਰਠਾ

ਖਰਾ ਆਮਰਾ ਆਨ,ਮੁਖ ਮੇਲੋ ਤ੍ਰਿਟ ਜਾਸ ਨਰ।
ਤ੍ਰਿਖਾ ਸੋਖ ਮੁਖ ਮਾਨ, ਏਕੋ ਹੀ ਏਹ ਹਰਤ ਹੈ ॥੮੪॥

੭੫੧–ਬਨਾਰਸੀ ਆਵਲਾ ਲੈਕੇ ਮੂੰਹ ਵਿਚ ਰਖਾਵੇ, ਇਹ ਇਕੱਲਾ ਹੀ ਪਯਾਸ ਤੇ ਮੂੰਹ ਦੇ ਸੁਕਣੇ ਨੂੰ ਨਾਸ ਕਰਦਾ ਹੈ ॥੮੪॥

---

*ਆਫਕੀ–ਹਰਹਰ–ਤੋਰ ਹੈ, ਦੇਖੋ ਔਸ਼ਧੀ ਕੋਸ਼ ਪ੍ਰਿ: ੧੨੫.

†ਧਾਵੇ ਦੇ ਫੁੱਲ ਭੀ ਮੂਲ ਵਿਚ ਕਹੇ ਹਨ ਦੇਖੋ ਵੰ: ਸੇ: ਪ੍ਰਿ: ੨੮੯

‡ਗਜਕੇਸਰ–ਨਾਗਕੇਸਰ ਹੈ, ਜਿਸ ਦਾ ਹੁਲੀਆ ਨਾਗਕੇਸਰ ਦੇ ਨਾਮਾਂ ਵਿਚ ਮੇਘ ਦੇ ਨ੍ਰਿਘੰਟ ਵਿਚੋਂ ਦੇਖੋ। ਅਗਯਾਤ ਪੁਰਖਾਂ ਦੇ ਕਹੇ ਗਜਕੇਸਰ ਇਕ ਲਕੜ ਨੂੰ ਮੰਨ ਲੈਣਾ ਭੁੱਲ ਹੈ।

Digitized by Panjab Digital Library | www.panjabdigilib.org

ਆਵਲਾਦਿ ਗੁਟੀ (ਸਾਰੰਗਧਰਾਤ)—ਚੌਪਈ

ਧਾਤ੍ਰੀ ਡੋਡੇ ਕੁਠ ਮਗਾਇ। ਪਲਵ ਬਟ ਕੇ ਲਾਜਾ ਪਾਇ।
ਮਧੁ ਸੰਗੈ ਗੁਟਕਾ ਮੁਖ ਧਾਰ। ਤ੍ਰਿਖਾ ਦਾਹ ਮੁਖ ਸੋਖ ਨਿਵਾਰ ॥੯੫॥

੭੫੨—ਆਵਲੇ, ਕਮਲਡੋਡ, ਮਿੱਠੀ ਕੁੱਠ, ਬੋਹੜ ਦੇ ਨਰਮ ਪੱਤੇ (ਕੂੰਮਲੀਆਂ) ਤੇ ਧਾਨਾਂ ਦੀਆਂ ਖੱਲਾਂ ਪੀਹਕੇ ਸ਼ਹਿਤ ਨਾਲ ਗੋਲੀ ਕਰਕੇ ਮੂੰਹ ਵਿਚ ਰਖਾਵੇ ਤਾਂ ਪਯਾਸ, ਦਾਹ ਤੇ ਮੂੰਹ ਦਾ ਸੁਕਣਾ ਸਭੇ ਨਾਸ ਕਰੇ ॥੯੫॥

ਆਨ ਮਹੋਕੜ ਮੁਖ ਮਹਿ ਰਾਖ। ਮਿਟੈ ਤ੍ਰਿਖਾ ਜਗ ਜਾਨੈ ਸਾਖ।
ਛੁਹਾਰਾ ਗਿਟਕ ਮੁਖਮਹਿ ਪਾਇ। ਵਾ ਕ੍ਰਿਸਨਾ ਤ੍ਰਿਸਨਾ ਸਭਜਾਇ।੯੬।

੭੫੩—*ਮੁਣੱਕਾ ਮੂੰਹ ਵਿਚ ਰਖੇ ਤਾਂ ਸਭ ਤਰ੍ਹਾਂ ਦੀ ਪਯਾਸ ਨਾਸ ਕਰੇ, ਇਹ ਗੱਲ ਜ਼ਗਤ ਪ੍ਰਸਿੱਧ ਹੈ।

੭੫੪—ਛੁਹਾਰੇ ਦੀ ਗਿਟਕ ਆਣਕੇ ਮੂੰਹ ਵਿਚ ਰਖੇ, ਯਾ—

੭੫੫—ਮਘ ਰਖੇ ਤਾਂ ਪਯਾਸ ਨਾਸ ਕਰੇ ॥੯੬॥

ਮੁਖ ਸੋਖ ਉਪਾਇ (ਰਸਰਤਨਾਕਰਾਤ)—ਚੌਪਈ

ਪੁਨਰਨਵਾ ਵਾਗੇਕਾ ਮੂਰ। ਸ੍ਵੇਤ ਸਯਾਮ ਜੀਰੇ ਦ੍ਵੈ ਪੂਰ।
ਪੀਸ ਤਕ੍ਰ ਸੋ ਖਾਵੈ ਸਹੀ। ਸੋਖ ਤ੍ਰਿਖਾ ਮਿਟ ਦਾਹੈ ਤਹੀ ॥੯੭॥

੭੫੬—ਇਟਸਿਟ, ਪੁਟਕੰਡੇ ਦੀ ਜੜ੍ਹ, ਕਾਲਾ ਤੇ ਚਿੱਟਾ 'ਦੋਨੋਂ ਜੀਰੇ' ਚੂਰਣ ਕਰਕੇ ਲੱਸੀ ਨਾਲ ਖਾਵੇ ਤਾਂ ਮੂੰਹ ਦਾ ਸੁਕਣਾ, ਦਾਹ ਤੇ ਪਯਾਸ ਸਭ ਨਾਸ ਕਰੇ ॥੯੭॥

ਗੋਲੀ—ਦੋਹਰਾ

ਤੁੰਬਹਿ ਗ੍ਰੰਥਕ ਨਿੰਬ ਤੁਚ, ਸਿੰਗ ਬੇਰ ਗੁਟਿਕਾਰ।
ਬਦਨ ਸੋਖ ਤ੍ਰਿਸਨਾ ਮਿਟਤ, ਜੌ ਮੁਖ ਮੈ ਇਹੁ ਧਾਰ ॥੯੮॥

†੨੫੭—ਧਨੀਆਂ, ਪਿਪਲਾ ਮੂਲ, ਨਿੰਮ ਜੜ੍ਹ ਦੀ ਛਿੱਲ ਤੇ ਸੁੰਢ ਦੀ ਗੋਲੀ ਕਰੇ। ਮੂੰਹ ਦਾ ਸੁਕਣਾਂ, ਪਯਾਸ ਮੂੰਹ ਵਿਚ ਰਖਣੇ ਤੇ ਹੀ ਜਾਵੇ ॥੯੮॥

ਚਟਣੀ

ਇਲਾ ਸਤੂ ਮਧ ਸਿਤਾ, ਚਾਟਤ ਨਰ ਜੋ ਕੋਇ।
ਤ੍ਰਿਖਾ ਦਾਹ ਜੋ ਸੋਖ ਮੁਖ, ਇਨ ਕੀ ਪੀਰ ਨ ਹੋਇ ॥੯੯॥

੭੫੮—ਇਲਾਚੀ ਤੇ ਸਤੂ, ਸ਼ਹਿਤ, ਮਿਸਰੀ ਮਿਲਾ ਕੇ ਚੱਟੇ ਤਾਂ ਦਾਹ, ਪਯਾਸ, ਮੂਹ ਸੁੱਕਣਾ

---

*ਮਹੋਕੜਿ—ਮੁਣੱਕਾ ਹੈ, ਦੇਖੋ ਆਇਨਾ ਅਦਵੀਆਤ, ਪ੍ਰਿ: ੩੭੭

†ਤੁੰਬਹਿ—ਧਨੀਆਂ ਹੈ, ਦੇਖੋ ਆ: ਐ. ਕੋ: ਪ੍ਰਿ: ੭੦। ਭਾ: ਪ੍ਰ: ਪ੍ਰਿ: ੧੪੫ ਤ੍ਰਿਖਾ ਦਾਹ ਨਾਸਕ ਭੀ ਹੈ। ਤੂੰਬੀ ਅਰਥ ਨਹੀਂ ਹੈ।

Digitized by Panjab Digital Library | www.panjabdigilib.org

ਨਾਸ ਕਰੇ ॥੮੯॥

ਤ੍ਰਿਖਾ ਪਥ—ਸ਼ੰਕਰ ਛੰਦ

ਬਮਿਨਿ ਸੋਧਨ ਕਵਲ ਧਾਰਨ, ਨੀਂਦ ਅਰੁ ਅਸਨਾਨ।
ਸਾਲ ਮੰਡ ਬਿਲੇਪ ਪਯਾ, ਲਾਜ ਸਾਤੂ ਠਾਨ।
ਸਿਤਾ ਜਵ ਜੰਬੀਰ ਚਨਕਾ, ਮੁਗਦ ਮਸੂਰੀ ਦਾਖ।
ਫੂਲ ਕੇਲਾ ਚੰਦ ਚੰਦ੍ਰਿਕ, ਆਮਲੇ ਲੈ ਰਾਖ॥ ੯੦॥
ਸੀਤ ਪਾਨੀ ਸਹਤ ਚੰਦਨ, ਏਲਚੀ ਕਰਿ ਪੂਰ।
ਬਰਫ ਲੇਪਨ ਦਾਰਮੀ ਫਲ, ਪਾਨ ਪਤ੍ਰ ਖਜੂਰ।
ਕੂਲ ਜਲ ਕਾਪਿਥ ਪੇਠਾ, ਅਵਰ ਮੂੰਗਾ ਜਾਨ।
ਕਹੇ ਏਹੈ ਪਥ ਤ੍ਰਿਸਨਾ, ਬਦਨ ਸੋਖੈ ਠਾਨ॥ ॥ ੯੧॥

੭੫੯—ਕੈ ਜੁਲਾਬ ਮੂੰਹ ਮੇਂ *ਗ੍ਰਾਸ ਧਾਰਨਾ, ਨੀਂਦ, ਸਨਾਨ, ਚੌਲਾਂ ਦੀ ਪਿੱਛ, †ਬਿਲੇਪੀ ਦੁਧ, ਖਿੱਲਾਂ ਦੇ ਸੱਤੂ, ਮਿਸਰੀ, ਜੌਂ, ਜੰਬੀਰੀ, ਨਿੰਬੂ, ਚਣੇ, ਮੂੰਗੀ, ਮਸਰ, ਮੁਣੱਕਾ, ਕੇਲੇ ਦਾ ਫੁਲ, ਚੰਦ੍ਰਮਾਂ ਦੀ ਚਾਂਦਨੀ. ਆਵਲੇ, ਸੀਤਲ ਜਲ, ਸ਼ਹਿਤ, ਚੰਦਨ, ਇਲਾਚੀ, ‡ਵਰਫ ਦਾ ਲੇਪ, ਅਨਾਰ ਫਲ, ਪਾਨ ਪੱਤ੍ਰ, ਖੂਹ ਦਾ ਜਲ, ਕੈਥ, ਪੇਠਾ ਤੇ ਮੂੰਗੇ ਆਦਿ ਦਾ ਪਹਰਨਾ ਇਹ ਸਭ ਪਯਾਸ ਮੂੰਹ ਸੋਖ ਦੇ ਪੱਥ ਹਨ ॥੯੦॥੯੧॥

ਕੁਪੱਥ—ਪਰਹਾ

ਸ੍ਵੇਦਨ ਅੰਜਨ ਨਸਯਾ, ਧੂਪ ਜੋ ਪਾਨ ਹੈ।
ਸਨੇਹਨ ਆਤਪ ਬਯਾਮ, ਲਵਨ ਨਾ ਖਾਨ ਹੈ।
ਭਾਰੀ ਅੰਨ ਕਖਾਇ, ਦੰਤ ਜੋ ਧਾਵਨਾ।
ਤੀਖਨ ਦੁਸਟਾ ਨੀਰ, ਕੁਪਥ ਤ੍ਰਿਖਾਵਨਾ॥ ੯੨॥

੭੬੦—ਪਸੀਨਾ, ਸੁਰਮਾਂ, ਨਸਵਾਰ, ਹੁਕਾ ਪੀਣਾ, ਸਨੇਹਨ, ਧੁਪ, ਕਸਰਤ ਲੂਣ ਖਾਣਾ, ਬੋਝਲ ਅੰਨ, ਕਸੈਲੀਆਂ ਚੀਜ਼ਾਂ, ਦਾਤੁਣ, ਕੌੜੇ ਰਸ, ਖਰਾਬ ਜਲ, ਇਹ ਤ੍ਰਿਖਾ ਕੁਪਥ ਹਨ ਨਾਂ ਸੇਵੇ ॥ ੯੨ ॥

ਭੂਖ ਉਪਾਯ ਲਘੂ ਦਾੜ ਮਾਸ੍ਹਕ ਚੂਰਣ (ਸਾਰੰਗਧਰਾਤ)—ਚੌਪਈ

ਦੋ ਪਲ ਦਾਰਮ ਬੀਜ ਮੰਗਾਇ। ਮਿਸ੍ਰੀ ਪਲ ਆਠਹਿ ਜੁ ਰਲਾਇ।

---

*ਗ੍ਰਾਸ. ਦਵਾਈਆਂ ਦਾ ਰਸ ਚੂਸਨ।
†ਬਿਲੇਪਿ—ਅੰਨ ਤੇ ਚੌਗੁਣਾ ਜਲ ਪਾਕੇ ਪਕਾਵ ਤੇ ਦੇਵੇ, ਦੇਖੋ ਸ਼ਾ: ਧ: ਪ੍ਰਿ: ੧੦੩
‡ਦੇਖੋ ਧਬਯਾ: ਪ੍ਰਿ: ੩੨

Digitized by Panjab Digital Library | www.panjabdigilib.org

ਤਜ ਇਲਾਇਚੀ ਪਤ੍ਰ ਤਮਾਲ। ਇਕਇਕ ਪਲ ਲੈ ਇਨਕੋ ਡਾਲ।੯੩।
ਤ੍ਰਿਕੁਟਾ ਪਲ ਮੇਲੋ ਤਿਹੁ ਤੀਨ। ਚੂਰਨ ਕਰਿ ਟੰਕ ਪੰਚ ਸੁ ਦੀਨ।
ਦੀਪਨ ਕਰਤਾ ਮਿਸਟ ਸੁਰ ਹੋਇ। ਕਫ ਖਾਂਸੀ ਤਪ ਨਾਸੈ ਜੋਇ ॥੯੪॥
ਖਈ ਗੁਲਮ ਗ੍ਰਹਿਨੀ ਅਤੀਸਾਰ। ਲਾਗਤ ਭੂਖ ਦਾਰ ਮਜਸਾਰ।
ਦਾੜਮਾਸ਼ਟ ਕਾ ਚੂਰਨ ਏਹ। ਅੰਨ ਜਰਤ ਬਹੁਤ ਭੂਖ ਕਰੇਇ ॥੯੫॥

੭੬੧-ਅਨਾਰ ਦਾਣਾ ੮ ਤੋਲੇ, ਮਿਸਰੀ ੩੨ ਤੋਲੇ, ਤਜਸਕ ਚਾਰ ਤੋਲੇ, ਲਾਚੀ ੪ ਤੋਲੇ, ਤਮਾਲ ਪੱਤ੍ਰ ੪ ਤੋਲੇ ਤੇ ਤ੍ਰਿਕੁਟਾ ੧੨ ਤੋਲੇ, ਚੂਰਣ ਕਰਕੇ ੭੦ ਮਾਸੇ ਖੁਲਾਵੇ, ਅਗਨੀ ਤੇਜ ਕਰੇ, ਸੁਰ ਸਾਫ ਕਰੇ, ਬਲਗਮੀ ਖੰਘ, ਤਾਪ, ਖਈ, ਪੇਟ ਦਾ ਗੋਲਾ, ਸੰਗ੍ਰਹਿਣੀ ਤੇ ਦਸਤ ਨਾਸ ਕਰਕੇ ਭੁਖ ਲਗਾਵੇ, ਅੰਨ ਬਹੁਤ ਛਕੇ ॥੯੩॥੯੪॥੯੫॥

ਬ੍ਰਿਹਦ ਦਾੜਮਾਸਟਕ ਚੂਰਣ (ਸਾਰੰਗਧਰਾਤ)

ਅਠਪਲ ਦਾੜਮ ਲੀਜੈ ਬੀਜ। ਤਿਸੀ ਸਮਾਨ ਸੁ ਮਿਸਰੀ ਦੀਜ।
ਕਣਾ ਮਰਚ ਅਰ *ਦੇ ਅਜਵਾਨ। ਜੀਰਾ ਗ੍ਰੰਥਕ ਸੁੰਠੀ ਠਾਨ ॥੯੬॥
ਧਨੀਆਂ ਪਲਪਲ ਲੇਹੁ ਮਿਲਾਇ। ਤੁਗਾਖੀਰ ਏਲਾ ਲਘੁ ਪਾਇ।
ਦਾਰਚਿਨੀ ਕੇਸਰ ਗਜ ਆਨ। ਕਰਖ ਕਰਖ ਇਹ ਸਭ ਲੈ ਠਾਨ॥੯੭॥
ਸਭਹਿ ਪੀਸ ਚੂਰਣ ਕਰਵਾਇ। ਖਾਵਤ ਭੂਖ ਲਗੈ ਬਹੁ ਆਇ।
ਅਤੀਸਾਰ ਸੰਗ੍ਰਹਿਨੀ ਖਈ। ਰਾਮ ਨਾਮ ਤੇ ਅਘੁ ਜਿਮ ਜਈ ॥੯੮॥

੭੬੨-ਅਨਾਰਦਾਣਾ ੭ ਪਲ ਅਰਥਾਤ ੩੨ ਤੋਲੇ, ਮਿਸਰੀ ੩੨ ਤੋਲੇ, ਮਘ, ਮਿਰਚ, *ਅਜਵਾਇਣ, ਜੀਰਾ, ਪਿਪਲਾਮੂਲ, ਸੁੰਢ ਤੇ ਧਨੀਆਂ; ਇਹ ਸਭ ੪-੪ ਤੋਲੇ। ਤਵਾਸੀਰ, ਬੁਜੀ ਇਲਾਚੀ, ਦਾਰਚੀਨੀ ਤੇ ਨਾਗਕੇਸਰ ਇਹ ਸਭ ੧-੧ ਤੋਲਾ ਲੈਕੇ ਸਭਨਾਂ ਨੂੰ ਬਰੀਕ ਪੀਹ ਕੇ ਚੂਰਣ ਕਰ ਲਵੇ, ਖਾਵੇ ਤਾਂ ਭੁਖ ਬਹੁਤੀ ਲਗਾਵੇ, ਅਤੀਸਾਰ ਅਰ ਸੰਗ੍ਰਹਿਣੀ ਇਸ ਤਰ੍ਹਾਂ ਨਾਸ ਕਰੇ, ਜਿਸ ਤਰ੍ਹਾਂ ਰਾਮ ਨਾਮ ਜਪਣੇ ਤੇ ਪਾਪ ਭਜ ਜਾਂਦੇ ਹਨ ॥ ੯੬ ਤੋਂ ੯੮ ॥

ਭੂਖ ਕੇ ਮਹਾਖਾਂਡਵ ਚੂਰਣ (ਸਾਰੰਗਧਰਾਤ)

ਗਜਕੇਸਰ ਮਰਚਾ ਪੰਚ ਲੂਨ। ਪਤ੍ਰ ਤਲੀਸੈ ਇਕ ਇਕ ਗੂਨ।
ਗ੍ਰੰਥਕ ਚਿਤ੍ਰਕ ਤਜ ਤਮਾਲ। ਜਾਜ ਤਿੰਤੜੀ ਦੋ ਦੋ ਡਾਲ ॥੯੯॥
ਧਨੀਆਂ ਸੁੰਠੀ ਆਮਲ ਬੇਤ। ਕੋਕਨ ਬੇਰੀ ਜੜ ਤੁਚ ਲੇਤ।
ਘਨ ਅਜਮੋਦਾ ਏਲਾ ਬ੍ਰਿਧ। ਤ੍ਰਿਗੁਨਾ ਭਾਗ ਇਨੋ ਕਾ ਸਿਧ ॥੧੦੦॥

---

*"ਦੇ ਅਜਵਾਨ" ਪਾਠ ਦੇ ਥਾਂ ਦੋ ਅਜਵਾਨ ਅਰਥ ਆਲੋਮੁਹਾਰੀ ਦਾ ਹੈ, ਸੋ ਠੀਕ ਨਹੀਂ ਦੇਖੋ ਸਾਰੰਗਧਰ ਪ੍ਰਿ: ੧੧੯.

Digitized by Panjab Digital Library | www.panjabdigilib.org

ਸਭ ਔਖਧ ਤੇ ਚੌਥਾ ਭਾਗ। ਦਾਰਮ ਬੀਜ ਰਲਾਵੇ ਛਾਗ।
ਸਭ ਚੂਰਨ ਤੇ ਆਧੀ ਸਿਤਾ। ਮਹਾ ਖੰਡ ਯਹ ਚੂਰਨ ਕਿਤਾ ॥੧੦੧॥
ਪ੍ਰਾਤਹਿ ਖਾਵਤ ਭੂਖ ਲਗਾਇ। ਉਦਰ ਅੰਨ ਸਭ ਹੀ ਜਰ ਜਾਇ।
ਰਿਦੈ ਕੰਠ ਕਫ ਅਰੁ ਅਤਿਸਾਰ। ਪੇਟ ਸੋਜ ਖਾਂਸੀ ਤ੍ਰਿਟਧਾਰ॥੧੦੨॥
ਅਰਸ ਮੂਰਛਾ ਗੁਲਮ ਜੁ ਆਂਮ। ਬਮਿ ਫੀਹਾ ਅਰੁ ਸ੍ਵਾਸ ਜੁ ਖਾਮ।
ਟਾਂਕ ਚਾਰ ਖਾਵਤ ਜੋ ਨਿਤ। ਨਾਸੈ ਰੋਗ ਘਨੇਰੇ ਮਿਤ ॥ ੧੦੩ ॥
ਮਠੇ ਸੰਗ ਵਾ ਤਾਤੇ ਖੀਰ। ਕੋਠ ਬੰਦ ਕੀ ਜਾਵਤ ਪੀਰ।
ਵਿਸਟੰਭੀ ਗੋ ਤਕ੍ਰਹਿ ਨਾਲ। ਮਹਾਂ ਖੰਡ ਏ ਕਹਜੋ ਬਿਸਾਲ ॥੧੦੪॥

੭੬੩–ਨਾਗਕੇਸਰ, ਮਿਰਚ, ਪੰਜੇ ਲੂਣ, ਤਾਲੀਸਪਤ੍ਰ ਇਕ ਇਕ ਭਾਗ, ਪਿਪਲਾਮੂਲ, ਚਿਤ੍ਰਾ, ੩ਜਸਕ, ਤਮਾਲਪੱਤ੍ਰ, ਜੀਰਾ, ਇਮਲੀ ਦੀ ਛਿੱਲ ਇਹ ਦੋ ਦੋ ਭਾਗ। ਧਨੀਆਂ, ਸੁੰਢ, ਅਮਲਵੇਤ, ਨਲ੍ਹੇ ਦੀ ਜੜ੍ਹ ਦੀ ਛਿੱਲ,ਮੋਥਾ, ਅਜਮੋਦ ਡੋਡਾਇਲਾਚੀ ਇਹ ਸਭੇ ਤਿੰਨ ਤਿੰਨ ਭਾਗ। ਸਭ ਦਵਾਈਆਂ ਨਾਲੋਂ ਚੌਥਾ ਹਿੱਸਾ ਅਨਾਰਦਾਣਾ, ਸਾਰੇ ਚੂਰਣੋਂ ਅੱਧੀ ਮਿਸਰੀ ਮਿਲਾ ਕੇ ਚੂਰਣ ਕਰੇ, ਇਸ ਦਾ ਨਾਮ 'ਮਹਾਂਖਾਂਡਵ ਚੂਰਣ' ਹੈ, ਪ੍ਰਾਤਾਕਾਲ ਖਾਵੇ ਤਾਂ ਭੁਖ ਲਗਾਵੇ। ਪੇਟ ਦਾ ਖਾਧਾ ਅੰਨ ਭਸਮੀ ਭੂਤ ਕਰੇ। ਹਿਰਦੇ ਕੰਠ ਦੀ ਕਫ, ਅਤੀਸਾਰ, ਪੇਟ ਦੀ ਸੋਜ, ਖਾਂਸੀ, ਪਿਆਸ ਬਵਾਸੀਰ, ਮੂਰਛਾ, ਗੋਲਾ, ਆਮ ਵਮਨ, ਲਿੱਫ, ਸ੍ਵਾਸ ਤੇ ਖੀਣਤਾ ਇਤਯਾਦਿ ਬਹੁਤੇ ਰੋਗ ਨਾਸ ਕਰੇ। ਇਸ ਦੀ ਮਾਤ੍ਰਾ ੪ ਟੰਕ ਅਰਥਾਤ ੧੬ ਸਾਸੇ ਦੀ ਹੈ, ਇਹ ਮੱਠੇ ਨਾਲ ਯਾ ਤੱਤੇ ਜਲ ਨਾਲ ਜਾਂ ਦੁਧ ਗਰਮ ਨਾਲ ਖਾਵੇ ਤਾਂ ਕੋਠੇ ਦੇ ਬੰਦ ਰਹਿਣੇ ਦੀ ਪੀੜਾ ਗਵਾਵੇ। ਜੇ ਕਦੇ ਕਬਜ਼ੀ ਹੋਵੇ ਤਾਂ ਲੱਸੀ ਨਾਲ ਖਾਵੇ ਤਾਂ ਤੁਰਤ ਗੁਣ ਪ੍ਰਾਪਤ ਹੁੰਦਾ ਹੈ ॥ ੯੯ ਤੋਂ ੧੦੪ ॥

ਭੂਖ ਕੋ ਅਮਲਕਾਦਿ ਚੂਰਣ–ਤ੍ਰਿਭੰਗੀ ਛੰਦ

ਧਾਤ੍ਰੀ ਫਲ ਲੀਜੈ ਚਿਤ੍ਰਾ ਦੀਜੈ, ਹਰੜ ਗਨੀਜੈ ਮਘ ਪਿਪਰਾ।
ਸੈਂਧਾ ਲੈ ਲੂਨੰ ਸਮ ਸਭ ਚੂਨੰ, ਕਰਸਹਿ ਚੂਨੰ ਭਖਿ ਇਪਰਾ।
ਤੋਲਾ ਇਕ ਮਾਨੰ ਕਰਿ ਜਲ ਪਾਨੰ, ਸਜਰਾ ਆਨੰ ਨਰ ਚਤੁਰਾ।
ਕਫ ਤਪ ਪਰਹਾਰੀਭੂਖਸੁਕਾਰੀ,ਮੈਲ ਬਿਹ ਰੀ ਇਹ ਸਿਤਰਾ॥੧੦੫॥

੭੬੪–ਆਵਲੇ, ਚਿੱਤ੍ਰਾ, ਹਰੜ, ‡ਮਘ ਤੇ ਸੇਂਧਾਲੂਣ ਸਮਾਨ ਭਾਗ ਲੈਕ ਚੂਰਣ ਕਰੇ ਅਰ ਫਿਰ ੧ ਤੋਲਾ ਸੱਜਰੇ ਜਲ ਨਾਲ ਖਾਵੇ ਤਾਂ ਕਫ, ਤਾਪ ਨਾਸ਼ ਕਰੇ, ਭੁਖ ਲਗਾਵੇ ਤੇ ਮੈਲ ਕੱਢੇ ॥੧੦੫॥

ਅਥ ਦਾਹ ਰੋਗ ਨਿਦਾਨ–ਚੌਪਈ

ਤੁਚਾ ਮਾਹਿ ਪ੍ਰਾਪਤ ਜੋ ਹੋਇ। ਪ੍ਰਾਨ ਊਖਮਾ ਜਾਨੋ ਸੋਇ।

---

‡ਮਘ ਦੇ ਅਗੇ ਪਿਪਰਾ ਦਾ ਅਰਥ ਅਪੀ–ਨਿਸਚੇ ਕਰਕੇ, ਪਰ ਅਰਥਾਤ ਪਾਵੇ ਹੈ। ਪਿਪਲਾ ਮੂਲ ਨਹੀਂ ਹੈ।

Digitized by Panjab Digital Library | www.panjabdigilib.org

ਮੁਰਛਿਤ ਪਿਤ ਰੁਧਰ ਕੋ ਕਰੈ। ਦਾਹ ਬੇਦਨਾ ਘੋਰ ਸੁ ਧਰੈ ॥੧੦੬॥

ਪ੍ਰਾਣ (ਪਵਨ) ਦੀ ਹਵਾੜ (ਬਹੁਤੀ ਸ਼ਾਬਾਦਿ ਪੀਣ ਦੇ ਕਾਰਣਾਂ ਤੇ ਕ੍ਰੋਧਿਤ ਹੋਇ) ਤੁਚਾ ਵਿਚ ਪ੍ਰਾਪਤ ਹੋਕੇ. ਪਿਤ ਤੇ ਲਹੂ ਨੂੰ ਮੁਰਝਾਕੇ ਦਾਹ ਪੈਦਾ ਕਰ ਦੇਵੇ ਹੈ ॥੧੦੬॥

ਦਾਹ ਲੱਛਣ—ਚੌਪਈ

ਤ੍ਰਿਖਾ ਦਾਹ ਤਨੁ ਤਾਵੈ ਰੰਗ। ਧੁਖਤ ਰਹੈ ਸਾਰੇ ਹੀ ਅੰਗ।
ਮੁਖ ਤੈ ਗੰਧ ਰੁਧਿਰ ਸਮ ਜਾਨ। ਰਕਤ ਨੈਨ ਤਾਂਬੇ ਰੰਗ ਠਾਨ॥੧੦੭॥
ਰਕਤ ਪਿਤ ਰਿਤ ਭੇਦ ਬਖ ਨ। ਤ੍ਰਿਖਾ ਪਿਤ ਅਰੁ ਧਾਤਜ ਖਾਂਨ।
ਮਰਮ ਘਾਉ ਲੋਹ ਕਾ ਭਾਰ। ਦਾਹ ਜੁ ਕਹੀਏ ਸਾਤ ਪ੍ਰਕਾਰ॥੧੦੮॥

ਪਯਾਸ, ਦਾਹ, ਸਰੀਰ ਦੀ ਤਾਂਮੇਂ ਜੇਹੀ ਰੰਗਤ। ਸਾਰੇ ਅੰਗਾਂ ਵਿਚ ਧੁਖਧੁਖੀ, ਮੂੰਹੋਂ ਲਹੂ ਸਮਾਨ ਗੰਧੀ ਆਵੇ, ਨੇਤ੍ਰਾਂ ਦੀ ਰੰਗਤ ਭੀ ਤਾਂਬੇ ਸਮਾਨ, ਰਕਤ ਪਿੱਤ ਤੇ ੧, ਰਿਤੁਭੇਦ ਤੇ ੨, ਤ੍ਰਿਖਾ ਤੇ ੩ ਪਿੱਤ ਤੇ ੪ ਧਾਤੁ ਖਯ ਤੇ ੫, ਮਰਮ ਪਰ ਘਾਉ ਲਗਣੇ ਤੇ ੬ ਰਕਤ ਵਿਕਾਰ ਤੇ ੭, ਇਸ ਪ੍ਰਕਾਰ ਸੱਤ ਤਰ੍ਹਾਂ ਦਾ ਦਾਹ ਕਿਹਾ ਜਾਂਦਾ ਹੈ ॥੧੦੭॥੧੦੮॥

ਅਸਾਧ ਦਾਹ ਲੱਛਣ—ਚੌਪਈ

ਸੁਕਤ ਤਾਲੂ ਗਲ ਅਰ ਹੋਠ। ਕਾਢ ਜੀਭ ਕੰਪੈ ਤਨ ਸੌਠ।
ਰੁਧਰ ਸਹਤ ਕੋਠਾ ਭਰ ਜਾਇ। ਤ੍ਰਿਖਾ ਮੂਰਛਾ ਮਾਨ ਕਰਾਇ ॥੧੦੯॥

ਗਲ, ਤਾਲੂ ਤੇ ਹੋਠ ਸੁਕਣੇ, ਜੀਭ ਕੱਢ ਕੇ ਕੰਬੇ ਅਰ ਸ਼ਰੀਰ ਲਕੜੀ ਸਮਾਨ ਆਕੜ ਜਾਵੇ ਦਾਹ ਸਮੇਤ ਲਹੂ ਦਾ ਕੋਠਾ ਭਰ ਜਾਵੇ, ਪਯਾਸ ਅਤੇ ਮੂਰਛਾ ਹੋਵੇ ਸੋ ਐਸਾ ਦਾਹ ਮ੍ਰਿਤੁ ਕਾਰਕ ਹੈ ॥੧੦੯॥

ਦਾਹ ਉਪਾਇ (ਵੰਗਸੇਨਾਤ)—ਦੋਹਰਾ

ਸੌ ਬਾਰੀ ਘ੍ਰਿਤ ਧੋਇਕੈ, ਸੀਤਲ ਜਲ ਕੈ ਸੰਗ।
ਹਾਥ ਚਰਨ ਲੇਪਨ ਕਰੋ, ਸਰਬ ਦਾਹ ਕੋ ਭੰਗ ॥ ੧੧੦ ॥

੭੬੫—ਠੰਢੇ ਜਲ ਨਾਲ ੧੦੫ ਬਾਰ ਧੋਕੇ ਘ੍ਰਿਤ, ਹੱਥਾਂ, ਪੈਰਾਂ ਪਰ ਮਲੇ ਤਾਂ ਸਭ ਤਰ੍ਹਾਂ ਦਾ ਦਾਹ ਨਾਸ ਹੋਵੇ ॥੧੧੦॥

ਚੌਪਈ

ਤਾੜ ਬ੍ਰਿਖ ਕਾ ਪਖਾ ਕਰੋ। ਕਦਲੀ ਪਤਰ ਸਿਜਯਾ ਧਰੋ।
ਸੀਤਲਧਰ ਸੀਤਲ ਜ਼ਲ ਪਾਨ। ਲੇਪ ਕਪੂਰਹਿ ਦਾਹ ਸੁ ਹਾਨ॥੧੧੧॥

੭੬੬—ਤਾੜ ਪੱਤ੍ਰ ਦਾ ਪੱਖਾ ਝਲੇ ਯਾ—
੭੬੭—ਕੇਲੇ ਦੇ ਪੱਤ੍ਰਾਂ ਦੀ ਸੇਜਾ ਉਪਰ ਲਿਟਾਵੇ ਯਾ—
੭੬੮—ਠੰਢੀ ਧਰਤੀ ਪਰ ਲਿਟਾਵੇ ਯਾ—
੭੬੯—ਠੰਢੇ ਜਲ ਬਰਫਾਦਿ) ਦੇ ਪੀਵੇ, ਯਾ—

Digitized by Panjab Digital Library | www.panjabdigilib.org

੭੭੦-ਸਰੀਰਉੱਪ੍ਰ ਮੁਸ਼ਕਪੂਰ ਦਾ ਲੇਪ ਕਰੇ, ਇਸਤਰ੍ਹਾਂ ਦਾਹ ਨਾਸ਼ ਹੋ ਜਾਂਦਾ ਹੈ ॥੧੧੧॥

ਕਾਂਜੀ ਸੇਤੀ ਬਸਨ ਭਿਗਾਇ। ਰਾਖੇ ਹਿਰਦੇ ਦਾਹ ਮਿਟਾਇ।
ਮਰੁਵਾ ਚੰਦਨ ਅੰਬ ਸੁ ਪੀਸ। ਲੇਪੁ ਹਿਯੇ ਤਨ ਦਾਹ ਜੁਖੀਸ ॥੧੧੨॥

੭੭੧-(ਪਕੋੜਿਆਂ ਦੇ) ਕਾਂਜੀ ਨਾਲ ਬਸਤ੍ਰ ਭਿਉਂਕੇ ਹ੍ਰਿਦੇ ਪਰ ਰੱਖੇ ਤਾਂ ਦਾਹ ਮਿਟੇ।

੭੭੨-ਮਰੂਏ ਦੇ ਫੁਲ ਯਾਂ ਪਤ੍ਰ, ਚੰਦਨ ਤੇ ਅੰਬ ਦੀਆਂ ਕੂੰਮਲਾਂ ਘੋਟ ਕੇ ਜਲ ਨਾਲ ਹ੍ਰਿਦੇ ਸਰੀਰ ਪਰ ਲੇਪ ਕਰੇ ਤਾਂ ਦਾਹ ਨਾਸ਼ ਹੋਵੇ ॥੧੧੨॥

ਦੋਹਰਾ

ਭਸਮ ਏਰਨੇ ਆਨਿਕੈ, ਕਾਸਿ ਕਟੋਰੈ ਪਾਇ।
ਜਲੁ ਭੇਮੀ ਛਾਤੀ ਧਰੇ, ਤਨ ਹਿਯ ਦਾਹ ਮਿਟਾਇ ॥੧੧੩॥

੭੭੩-ਏਰਨੇ ਗੋਹੇ ਦੀ ਸੁਆਹ ਲੈਕੇ ਕਾਂਸੀ ਦੇ ਕਟੋਰੇ ਵਿਚ ਭਿਉਂਕੇ ਛਾਤੀ ਪਰ ਰੱਖੇ ਤਾਂ ਸਰੀਰ ਹ੍ਰਿਦੇ ਆਦਿ ਦਾ ਸੰਪੂਰਣ ਦਾਹ ਮਿਟੇ ॥੧੧੩॥

ਚੌਪਈ

ਮਸਕ ਨੀਰ ਕੀ ਧਾਰ ਬੰਧਾਇ। ਦਾਹ ਮਿਟੈ ਜੋ ਸਿਰ ਪਰ ਜਾਇ।
ਚੰਦਨ ਧਵਲਾ ਲੇਪ ਕਰਾਇ। ਦਾਹ ਰੋਗ ਸਭ ਤਨ ਤੇ ਜਾਇ ॥੧੧੪॥

੭੨੪-ਮਸ਼ਕ ਵਿਚੋਂ ਜਲ ਦੀ ਧਾਰ ਸਿਰ ਪਰ ਕਰਾਵੇ, ਯਾ-

੭੭੫-ਚਿੱਟਾ ਚੰਦਨ ਸਰੀਰ ਪਰ ਲੇਪੇ ਤਾਂ ਸਭ ਪ੍ਰਕਾਰ ਦਾ ਦਾਹ ਨਾਸ਼ ਹੋਵੇ ॥੧੧੪॥

ਚੰਦਨ ਘਸ ਕਰਿਪੂਰ ਮਿਲਾਇ। ਲੇਪ ਕਰਤ ਤਨ ਦਾਹਿ ਮਿਟਾਇ।
ਖਸ ਡੋਡੇ ਚੰਦਨ *ਹ੍ਰੀਬੇਰ। ਚੂਰਨ ਜਲ ਅਚ ਦਾਹ ਸਘੇਰ॥੧੧੫॥

੭੭੬-ਯਾ ਚੰਦਨ ਵਿਚ ਮੁਸ਼ਕਪੂਰ ਘੋਟਕੇ ਸਰੀਰ ਪਰ ਲੇਪ ਕਰੇ ਤਾਂ ਦਾਹ ਮਿਟੇ।

੭੭੭-ਖੱਸ ਕਮਲਡੋਡੇ ਤੇ *ਸੁਗੰਧਬਾਲਾ ਚੂਰਣ ਕਰਕੇ ਜਲ ਨਾਲ ਫਕੇ ਤਾਂ ਦਾਹ ਨਾਸ ਕਰੇ ॥੧੧੫॥

ਸੋਰਠਾ

ਸੀਤਲ ਨੀਰ ਮੰਗਾਇ, ਸਿਤਾ ਮੇਲ ਸਰਬਤ ਕਰੋ।
ਪੀਵਤ ਦਾਹ ਮਿਟਾਇ, ਸਾਤ ਜਾਤ ਕੀ ਛਿਨਕ ਮਹਿ ॥੧੧੬॥

੭੭੮-ਠੰਢੇ ਜਲ ਵਿਚ ਮਿਸਰੀ ਦਾ ਸ਼ਰਬਤ ਪਿਲਾਵੇ ੭ ਪ੍ਰਕਾਰ ਦਾ ਦਾਹ ਨਾਸ ਹੋਵੇ॥੧੧੬॥

(ਵੈਦਜੀਵਨਾਤ)-ਸ਼ੰਕਰ ਛੰਦ

ਸਕਲ ਸੁੰਦਰ ਰੂਪ ਰੰਭਾ, ਬਰਸ ਖੋੜਸ ਜਾਨ।
ਆਭਰਨ ਪਹਿਰੇ ਸ੍ਵੇਤ ਬਸਤ੍ਰ, ਨੈਨ ਮ੍ਰਿਗ ਸੇ ਠਾਨ।

*ਹ੍ਰੀਬੇਰ-ਸੁਗੰਧਬਾਲਾ ਆ: ਔਸ਼ਧੀ ਕੋਸ਼: ਪ੍ਰਿ. ੧੯੦.

Digitized by Panjab Digital Library | www.panjabdigilib.org

ਤਿਸ ਤਿਯ ਕਾ ਸੰਗ ਕਦਲਸਿਜਯਾ, ਗਰੇ ਮੋਤੀ ਮਾਲ।
ਲੇਪ ਚੰਦਨ ਸੀਤ ਘਰ ਮੈ, ਦਾਹ ਰੁਜ ਸਭ ਟਾਲ ॥ ੧੧੭ ॥

੭੭੯-ਸਭ ਅੰਗ ਪ੍ਰਤਯੰਗ ਵਿਚ ਸੋਹਣੀ, ਰੂਪ ਵਿਚ ਅਪੱਛਰਾਂ ਨੂੰ ਮਾਤ ਕਰੇ, ਸੋਲਾਂ ਸਾਲਾਂ ਦੀ ਭੂਖਨ ਪਾਏ, (ਰੇਸ਼ਮੀ) ਸਫੈਦ ਬਸਤ੍ਰ ਪਹਿਰੀ ਹੋਈ, ਮ੍ਰਿਗਨੈਨੀ, ਅਜੇਹੀ ਅਨੋਖੀ ਇਸਤ੍ਰੀ ਦਾ ਸੰਗ, ਕੇਲੇ ਦੇ ਪੱਤ੍ਰਾਂ ਦੀ ਸੇਜ਼ ਪਰ ਪਾਕੇ ਕਰੇ, ਪਰੰਤੂ ਆਪ ਭੀ ਗਲ ਵਿਚ ਮੋਤੀਆਂ ਦੀ ਮਾਲਾ, ਚੰਦਨ ਦਾ ਲੇਪ ਕਰਕੇ, ਠੰਢੇ ਘਰ ਵਿਚ ਵਾਸ ਕੀਤਾ ਹੋਵੇ ਤਾਂ ਸਭ ਪ੍ਰਕਾਰ ਦਾ ਦਾਹ ਰੋਗ ਜਾਵੇ ॥੧੧੭॥

ਦੋਹਰਾ

ਨੀਂਬ ਜੁ ਕੂੰਪਲ ਪੀਸਕੈ, ਤਨ ਕੋ ਲੇਪੁ ਲਗਾਇ।
ਸਕਲ ਦਾਹ ਤਨ ਤੇ ਹਰਤ, ਮੇਘੈ ਦਈ ਬਤਾਇ ॥ ੧੧੮ ॥

੭੮੦-ਨਿੰਮ ਦੀਆਂ ਕੂੰਮਲਾਂ ਦਾ ਪੀਹਕੇ ਸਰੀਰ ਪਰ ਲੇਪ ਕੀਤਾ ਭੀ ਸਭ ਪ੍ਰਕਾਰ ਦੇ ਦਾਹ ਨੂੰ ਤੁਰਤ ਨਾਸ ਕਰਦਾ ਹੈ ॥੧੧੮॥

ਰਸ ਰਸ ਗਲੋਇ ਆਨਕੈ, ਪੀਵਤ ਮਿਸਰੀ ਪਾਇ।
ਸਾਤ ਦਿਵਸ ਦੋਇ ਕਾਲ ਕਰਿ, ਦਾਹ ਮਿਟਤ ਸੁਖਦਾਇ ॥੧੧੯॥

੭੮੧-ਗਿਲੋਯ ਦਾ ਰਸ ਮਿਸਰੀ ਪਾਕੇ੭ ਦਿਨ ਦੋਨੋਂ ਵਕਤ ਪੀਵੇ ਤਾਂ ਦਾਹ ਨਾਸ ਕਰੇ।੧੧੯।

(ਬੀਰਸਿੰਘਾਵਿਲੋਕਾਤ)

ਪਿਤ ਰੋਗੁ ਉਪਚਾਰ ਜੋ, ਸੋਇ ਦਾਹ ਕੇ ਜੋਗੁ।
ਬੀਰ ਸਿੰਗ ਅਵਿਲੋਕ ਨੈ, ਕਹਯੋ ਦਾਹ ਪਿਤ ਰੋਗ ॥੧੨੦॥

੭੮੨-ਪਿੱਤ ਰੋਗ ਦੇ ਜਿਤਨੇ ਯਤਨ ਹਨ, ਸੋਈ ਇਸ ਵਿਖੇ ਕਰੇ ਇਹ ਭੀ ਦਾਹ ਦੇ ਨਾਸ ਕਰਨ ਹਾਰੇ ਹਨ ॥੧੨੦॥

ਗਲ ਦਾਹ ਉਪਾਇ (ਰਸਰਤਨਾਕਰਾਤ)-ਦੋਹਰਾ

ਸੇਂਧਵ ਨਿਸ ਬਚ ਮਰਚ ਲੈ, ਉਸਨ ਨੀਰ ਸੋ ਖਾਇ।
ਕਰਖ ਏਕ ਗਲ ਦਾਹ ਕੋ, ਤੁਰਤੈ ਦੇਹ ਗਵਾਇ ॥੧੨੧॥

੭੮੩-ਸੇਂਧਾ ਨਿਮਕ, ਹਲਦੀ, ਵਚ ਤੇ ਮਿਰਚ ਗਰਮ ਜਲ ਨਾਲ ਖਾਵੇ, ਮਾਤ੍ਰਾ ੧੦ ਮਾਸੇ ਦੀ ਕਰੇ ਤਾਂ ਗਲ ਦਾ ਦਾਹ ਤਰਤ ਫੁਰਤ ਨਾਸ ਕਰੇ ॥੧੨੧॥

ਬੀਜ ਕਰੰਜੂ ਮਜ ਲੈ, ਟੰਕ ਉਸਨ ਜਲ ਪਾਨ।
ਗਲ ਕੀ ਦਾਹ ਮਿਟੈ ਸਹੀ, ਵਾ ਮਧੁ ਪਥਜਾ ਖਾਨ॥੧੨੨॥

੭੮੪-ਮੀਚਕੇ ਦੇ ਬੀਜਾਂ ਦੀ ਗਿਰੀ ੪ ਮਾਸੇ ਪ੍ਰਮਾਣ ਗਰਮ ਜਲ ਨਾਲ ਫੱਕੇ, ਯਾ-
੭੮੫-ਸ਼ਹਿਤ ਨਾਲ ਹਰੜ ਦੀ ਛਿੱਲ ਖਾਵੇ ਤਾਂ ਗਲ ਦਾ ਦਾਹ ਨਾਸ ਹੋਵੇ ॥੧੨੨॥

ਚੌਪਈ

Digitized by Panjab Digital Library | www.panjabdigilib.org

ਗੰਧਕ ਅਭਯਾ ਨਿੰਬ ਜੁ ਬੀਜ। ਸਹਿਤ ਸੰਗ ਸੋ ਚਾਟਨ ਦੀਜ।
ਪਰਪਟ ਰਸ ਖੌਦਰਸੋ ਖਾਇ। ਦੋਊ ਜੋਗ ਗਲ ਦਾਹਿ ਮਿਟਾਇ॥੧੨੩॥

੨੮੬–ਆਵਲੇਸਾਰ ਗੰਧਕ, ਹਰੜ ਦੀ ਛਿੱਲ ਤੇ ਨਿੰਮ ਦੇ ਬੀਜਾਂ ਦੀ ਗਿਰੀ, ਇਹ ਸ਼ਹਿਤ ਨਾਲ ਚੱਟੇ, ਯਾ–

੨੮੭–ਪਿੱਤਪਾਪੜੇ ਦਾ ਰਸ ਸ਼ਹਿਤ ਨਾਲ ਲਵੇ, ਇਹ ਦੋਨੋਂ ਪ੍ਰਯੋਗ ਗਲ ਦਾ ਦਾਹ ਨਾਸ ਕਰਨ ਹਾਰੇ ਹਨ ॥੧੨੩॥

ਦਾਹ ਤ੍ਰਿਸ਼ਨਾ, ਮੁਖ ਸੋਖ ਉਪਾਇ–ਚੌਪਈ

ਪਲੁ ਚੰਦਨ ਤਿੰਸਤਿ ਪਲੁ ਨੀਰ। ਅਰਧ ਸੇਖ ਕ੍ਵਾਥੀ ਲੈ ਬੀਰ।
ਪੀਵਤ ਦਾਹ ਤਾਪ ਤ੍ਰਿਟ ਸੋਖ। ਮੁਖ ਕਾ ਜਾਵਤ ਕਰੋ ਨ ਰੋਖ ॥੧੨੪॥

੨੮੮–ਚੰਦਨ ੪ ਤੋਲੇ ਤੇ ਜਲ ੧੨੦ ਤੋਲੇ ਪਾਕੇ ਕਾੜ੍ਹਾ ਕਰੇ, ਸੜ ਕੇ ਜਦ ਅੱਧਾ ਰਹੇ ਤਾਂ ਪੁਣਕੇ ਪਿਲਾਵੇ। ਦਾਹ, ਤਾਪ, ਪਯਾਸ ਅਤੇ ਮੂੰਹ ਦਾ ਸੁੱਕਣਾ ਸਭੇ ਨਾਸ ਕਰੇ ॥੧੨੪॥

ਆਛੇ ਬਾਗ ਬਗੀਚੇ ਲਾਇ। ਤਹਾ ਜੁ ਜਲੁ ਜੰਤਰ ਕਰਵਾਇ।
ਦਾਹ ਸਹਿਤ ਨਰ ਬੈਠੇ ਜਾਇ। ਨ੍ਰਿਤ ਗੀਤ ਲਖ ਦਾਹ ਮਿਟਾਇ॥੧੨੫॥

੨੮੯–ਅੱਛੇ ਬਾਗ ਬਗੀਚੇ ਲੱਗੇ ਹੋਏ ਹੋਣ, ਜਿਨ੍ਹਾਂ ਵਿੱਚ ਜਲ ਦੇ ਫੁਹਾਰੇ ਚੱਲ ਰਹੇ ਹੋਣ, ਸਾਮ੍ਹਣੇ ਕੁਛ ਕੁਛ ਗੀਤ ਨਾਚ ਹੋ ਰਿਹਾ ਹੋਵੇ, ਓਥੇ ਦਾਹ ਵਾਲਾ ਬੈਠਾ ਹੋਵੇ, ਐਸਾ ਰੰਗਰਾਗ ਦੇਖਣੇ ਮਾਤ੍ਰ ਸੇ ਹੀ ਦਾਹ ਨਾਸ ਹੋਵੇ ॥੧੨੫॥

ਦਾਹ ਦੇ ਪੱਥ–ਸ਼ੰਕਰ ਛੰਦ

ਸਾਲ ਖਸਟਿਕ ਮੁਗਧ ਮਸਰੀ, ਚਨਕ ਯਵ ਨਵ ਨੀਤ।
ਪਨਸ ਕੇਲਾ ਕਰਕਟੀ, ਪਯ ਸਿਤਾ ਸਾਤੂ ਮੀਤ।
ਸੌਂਫ ਧਨੀਆਂ ਪਦਮ ਧਵਲੇ, ਬਸਨ ਗਾਵਨ ਨੀਰ।
ਗ੍ਰਿਹ ਤੀਯ ਸੰਗ ਕਪੂਰ ਮਜਨ, ਪਥ ਏ ਲਖ ਧੀਰ ॥੧੨੬॥

੨੯੦–ਬਾਸਮਤੀ ਦੇ ਚਾਵਲ, ਮੂੰਗ, ਮਸਰ, ਚਣੇ, ਜੌਂ, ਮੱਖਣ, ਕਟਹਲ ਫਲ, ਕੇਲਾ, ਤਰ ਦੁਧ, ਮਿਸਰੀ, ਸੱਤੂ, ਸੌਂਫ, ਧਨੀਆਂ, ਕਮਲਾਂ ਦੀ ਸੇਜਾ, ਸਫੈਦ ਬਸਤ੍ਰ, ਗਾਇਨ, ਨੀਰ; ਗ੍ਰਿਹ ਜਲ ਘਰ–ਜਿਸ ਜਗਾ ਫੁਹਾਰੇ ਚਲਦੇ ਹੋਣ, ਓਥੇ ਇਸਤ੍ਰੀ ਦਾ ਸੰਗ–ਕਪੂਰ ਦਾ ਲੇਪਨ, ਅਰ ਸ਼ਨਾਨ ਏਹ ਸਭ ਦਾਹ ਵਿਖੇ ਪਥ ਹਨ ॥੧੨੬॥

ਕੁਪੱਥ–ਸ਼ੰਕਰਛੰਦ

ਕ੍ਰੋਧ ਪਿੱਤ ਕਰਾਨਿ ਬਸਤੂ, ਬੇਗ ਧਾਰਨ ਜਾਨ।
ਅਸ੍ਵ ਹਸਤੀ ਯਾਨ ਮਾਰਗ, ਖਾਰ ਆਤਪ ਮਾਨ।
ਹਿੰਗੁ ਤਕ੍ਰਹਿ ਅਰੁ ਬਿਰੁੱਧਾ, ਅੰਨ ਪਾਨੀ ਏਹ।

Digitized by Panjab Digital Library | www.panjabdigilib.org

ਤਿਕਤ ਉਸਨਾ ਬਯਾਮ ਕਟਕੰ, ਏ ਕੁਪਥ ਜੁ ਤੇਹ ॥੧੨੭॥

੭੯੧-ਕ੍ਰੋਧ ਕਰਨਾ, ਪਿੱਤ ਕਾਰਕ ਚੀਜਾਂ ਦਾ ਸੇਵਨ, ਬੇਗਾਂ ਦਾ ਰੋਕਣਾ, ਘੋੜਾ, ਹਾਥੀ ਆਦਿ ਸਵਾਰੀਆਂ ਦਾ ਚੜ੍ਹਨਾ, ਰਸਤਾ, ਖਾਰਾ, ਧੁੱਪ, ਹਿੰਗ, ਲੱਸੀ ਬਿਰੁਧ ਭੋਜਨ ਤੀਖਣ ਗਰਮ ਖਾਣੇ ਪੀਣੇ ਕਸਰਤ ਅਰ ਕੌੜੇ ਇਹ ਸਭ ਕੁਪੱਥ ਹਨ ॥੧੨੭॥

ਅਥ ਮੂਰਛਾ = ਗਸ਼ੀ ਨਿਦਾਨ-ਪਰਹਾ

ਕਰਤ ਬਿਰੁੱਧਹਾਰ, ਘਟੈ ਤਨ ਬਲੁ ਸਹੀ।
ਸੋਕ ਤਾਪ ਭਯ ਦੋਖ, ਰੁਧਰ ਪਵਨੈ ਕਹੀ।
ਮੂਤ੍ਰ ਬਿਸਟ ਰੁਕੈ, ਚੋਟ ਲਕਟਾਦਿਕੰ।
ਕਹਯੋ ਮੂਰਛਾ ਹੇਤੁ, ਬੈਦ ਇਤਯਾਦਿਕੰ ॥ ੧੨੮ ॥

ਵਿਰੁਧ ਭੋਜਨ ਖਾਣੇ, ਸਰੀਰ ਦਾ ਬਲ ਘਟ ਜਾਵੇ, ਸ਼ੋਕ, ਤਾਪ, ਭਯ. ਖੂਨ ਦੋਖ. ਵਾਯੂ, ਦੋਸ਼ ਮਲ ਮੂਤ੍ਰ ਦੇ ਰੋਕਣੇ ਤੇ, ਲਾਠੀ ਆਦਿ ਦੀ ਚੋਟ ਲਗਣੇ ਤੇ ਇਤਯਾਦਿ ਕਰਕੇ ਮੂਰਛਾ ਹੁੰਦੀ ਹੈ, ਅਰਥਾਤ ਇਹ ਮੂਰਛਾ (ਗਸ਼ੀ] ਦੇ ਕਾਰਣ ਹਨ ॥੧੨੮॥

ਸੰਖਯਾ

ਬਾਤ ਪਿਤ ਕਫ ਤੀਨੋ, ਲੋਹੂ ਚਾਰ ਹੈ।
ਪੰਚਮ ਮਦ ਤੈ ਛਟੀ, ਜੁ ਜਹਰ ਬਿਕਾਰ ਹੈ।

੧ ਬਾਤ ਦੀ, ੨ ਪਿਤ ਦੀ ੩ ਕਫ ਦੀ ੪ ਲੋਹੂ ਦੀ ੫ ਮਦ ਦੀ ੬ ਵਿਖ ਆਦਿ ਦੀ ਇਉਂ ਮੂਰਛਾ ਛੇ ਪ੍ਰਕਾਰ ਦੀ ਹੈ।

ਪੂਰਬ ਰੂਪ

ਹਿਰਦੈ ਪੀਰ ਜੰਭਾਈ, ਦੁਬਲ ਗਿਲਾਨ ਹੈ।
ਅਲਪ ਸੰਗਯਾ ਪੂਰਬ, ਰੂਪ ਨਿਦਾਨ ਹੈ ॥ ੧੨੯ ॥

ਹ੍ਰਿਦਯ ਵਿਖੇ ਪੀੜਾ, ਉਬਾਸੀਆਂ, ਦੁਰਬਲਤਾ; ਗਿਲਾਨੀ, ਅਰ ਅਲਪ ਸੰਗਯਾ ਇਹ ਮੂਰਛਾ ਦਾ ਪੂਰਬ ਰੂਪ ਹੈ ॥੧੨੯॥

ਬਾਤ ਮੂਰਛਾ ਲੱਛਣ

ਰਕਤ ਨੀਲ ਆਕਾਸ, ਦੇਖ ਮੂਰਛਤ ਹੁਵੈ।
ਅੰਗ ਮਰਦ ਅਰੁ ਕੰਪ, ਪੀਰ ਹੀਯੈ ਸੁਵੈ।
ਦੂਰਬਲ ਕਾਲੀ ਲਾਲ, ਛਾਇ ਜੋ ਦੇਖ ਹੈ।
ਬਾਤ ਮੂਲਛਾ ਏਹ, ਲਛਨਾ ਏਖ ਹੈ ॥ ੧੩੦ ॥

ਲਾਲ, ਨੀਲਾ ਅਕਾਸ਼ ਦ੍ਰਿਸ਼ਟੀ ਆਵੇ, ਫਿਰ ਮੂਰਛਾ ਹੋਵੇ ਔਰ ਅੰਗ ਦਲੇ ਮਲੇ ਜਾਹੇ, ਕਾਂਬਾ

Digitized by Panjab Digital Library | www.panjabdigilib.org

ਹਿਰਦੇ ਵਿਚ ਪੀੜਾ, ਦੁਰਬਲਤਾ, ਲਾਲ, ਕਾਲੀ ਛਾਯਾ ਦ੍ਰਿਸਟੀ ਆਵੇ, ਇਹ ਸਭ ਲੱਛਣ ਬਾਤ ਮੂਰਛਾ ਦੇ ਹੁੰਦੇ ਹਨ ॥੧੩੦॥

ਪਿਤ ਮੂਰਛਾ ਲੱਛਣ

ਰਕਤ ਹਰਤ ਆਕਾਸ, ਦੇਖ ਮੂਰਛਾ ਲਹੈ।
ਅਥਵਾ ਪੀਲਾ ਦੇਖ, ਅੰਧੇਰੇ ਮੈ ਬਹੈ।
ਜਾਗੈ ਸ੍ਵੇਦ ਸੰਜੁਗਤ, ਤ੍ਰਿਖਾ ਸੰਤਾਪ ਹੈ।
ਪੀਤ ਰਕਤ ਦ੍ਰਿਗ ਪੀਲੀ, ਸੋਭਾ ਬਜਾਪ ਹੈ ॥੧੩੧॥

ਲਾਲ, ਹਰਾ ਅਕਾਸ਼ ਦੇਖਦਾ ਮੂਰਛਾ ਹੋਵੇ, ਅਥਵਾ ਪੀਲਾ ਦੇਖਦਾ ਹੀ ਅੰਧਕਾਰ ਵਿਚ ਗਰਕ ਜਾਵੇ। ਜਦੋਂ ਹੋਸ਼ ਵਿਚ ਆਵੇ ਤਾਂ ਪਸੀਨਾ, ਪਯਾਸ ਅਰ ਕਸ਼ਟ ਜਾਪੇ, ਨੇਤ੍ਰਾਂ ਦੀ ਲਾਲ ਪੀਲੀ ਪ੍ਰਭਾ ਹੋਵੇ ॥ ੧੩੧ ॥

ਪਿੱਤ ਮੂਰਛਾ ਲੱਛਣ-ਦੋਹਰਾ

ਅਤੀਸਾਰ ਮੁਖ ਪੀਤ ਰੰਗ, ਪੀਤ ਨਜਰ ਸਭ ਆਇ।
ਪਿਤ ਮੂਰਛਾ ਏ ਕਹੀ, ਮਾਧਵ ਤੇ ਇਤ ਲਜਾਇ ॥ ੧੩੨ ॥

ਅਤੀਸਾਰ ਹੋਣੇ, ਮੂੰਹ ਦਾ ਆਭਾ ਪੀਲੀ ਅਰ ਪੀਲਾ ਹੀ ਸਭ ਕੁਛ ਦ੍ਰਿਸ਼ਟੀ ਆਵੇ, ਇਹ ਪਿੱਤ ਦੀ ਮੂਰਛਾ ਕਹੀ ਜਾਂਦੀ ਹੈ ॥ ੧੩੨ ॥

ਕਫ ਮੂਰਛਾ ਲੱਛਣ-ਸ਼ੰਕਰਛੰਦ

ਮੇਘ ਬਰਨ ਅਕਾਸ ਦੇਖੀ, ਦ੍ਰਿਗਨ ਮੈ ਤਮ ਆਇ।
ਚੇਤਨਾ ਚਿਰ ਤੇ ਸੁ ਲਹਿਤਾ, ਅੰਗ ਭਾਰੀ ਥਾਇ।
ਆਦ੍ਰ ਚਾਂਮ ਲਪੇਟਿਓ, ਤਨ ਲਖੈ ਅਪਨੋ ਜੋਇ।
ਲਾਲ ਪਰਤੀ ਜੀਵ ਕਾਚਾ, ਕਫੀ ਮੂਰਛਤ ਸੋਇ ॥੧੩੩॥

ਅਕਾਸ਼*ਬਦਲਾਂ ਨਾਲ ਘਿਰਿਆ ਦੇਖੇ, ਅਰ ਨੇਤ੍ਰਾਂ ਅਗੇ ਅਨ੍ਹੇਰਾ ਜੇਹਾ ਆ ਕੇ ਮੂਰਛਿਤ ਹੋਵੇ, ਅਰ ਹੋਸ਼ ਚਿਰ ਪਿਛੋਂ ਆਵੇ, ਅੰਗ ਭਾਰੀ ਹੋ ਜਾਣ, ਗਿੱਲੇ ਚਮੜੇ ਵਿਚ ਲਪੇਟੇ ਵਾਂਗ ਸਰੀਰ ਜਾਣੇ। ਮੂੰਹ ਵਿਚੋਂ ਲਾਲਾਂ ਅਰ ਜੀ ਕਚਕਚਾ ਹੋਵੇ, ਇਹ ਕਫ ਮੂਰਛਾ ਦੇ ਲੱਛਣ ਹੁੰਦੇ ਹਨ ॥ ੧੩੩ ॥

ਤ੍ਰਿਦੋਖ ਮੂਰਛਾ ਲੱਛਣ-ਚੋਪਈ

ਤੀਨ ਮਿਲੇ ਤੇ ਸੰਨ ਕਹਾਇ। ਤਾਕੋ ਬੈਦ ਨ ਹਾਥ ਲਗਾਇ।
ਮ੍ਰਿਗੀ ਸਾਰਖੇ ਲਛਨ ਹੋਇ। ਮਰ ਹੈ ਰੋਗੀ ਨਿਸਚੈ ਸੋਇ ॥੧੩੪॥
ਰੁਧਰ ਗੰਧ ਤੇ ਰੁਧਰ ਕਹਾਇ। ਬਿਖ ਤੇ ਬਿਖ ਕੀ ਜਾਨੋ ਸਾਇ।

---

*ਮੇਘ-ਬਦਲ ਕਹਣੇ ਤੇ ਚਿਟੇ ਬਦਲ ਕਫ ਕਰਕੇ ਦੇਖਦਾ ਹੈ, ਇਹ ਸੁਸ੍ਰਿਤ ਦਾ ਮਤ ਹੈ।

Digitized by Panjab Digital Library | www.panjabdigilib.org

ਮਦ ਤੇ ਪੀਵਤ ਮੂਰਛਤ ਹੋਇ। ਔਰ ਕਹਾਂ ਲਗ ਭਾਖੋਂ ਸੋਇ॥੧੩੫॥

ਤ੍ਰਿਦੋਖ ਦੇ ਮਿਲਨੇ ਕਰਕੇ ਸੰਨਿਪਾਤ ਦੀ(ਮੂਰਛਾ) ਕਹੀ ਜਾਂਦੀ ਹੈ। ਤਿਸ ਐਸੀ ਮੂਰਛਾ ਨੂੰ ਵੈਦ ਹੱਥ ਨਾ ਲਗਾਵੇ ਅਰਥਾਤ ਦਵਾਈ ਦੇਣ ਦਾ ਹੌਸਲਾ ਨਾ ਕਰੇ। ਜਿਸ ਵਿਚ ਮ੍ਰਿਗੀ ਸਮਾਨ (ਝੱਗ ਕੰਪ ਆਦਿ) ਲੱਛਣ ਹੋਣ, ਸੋ ਐਸਾ ਰੋਗੀ ਨਿਸਚੇ ਮਰ ਜਾਂਦਾ ਹੈ॥੧੩੪॥ ਰੁਧਰ ਸਮਾਨ ਗੰਧੀ ਔਣ ਤੇ ਰੁਧਰ ਦੀ ਮੂਰਛਾ ਹੁੰਦੀ ਹੈ। ਵਿਖ ਦੀ (ਵਿਖ ਸਮਾਨ) ਲੱਛਣਾਂ ਵਾਲੀ ਵਿਖ ਮੂਰਛਾ ਕਹੀ ਜਾਂਦੀ ਹੈ। ਮਦ (ਸ਼ਰਾਬ) ਦੇ ਪੀਣ ਤੇ ਭੀ ਮੂਰਛਾ ਹੁੰਦੀ ਹੈ, ਸੋ ਮਦ ਮੂਰਛਾ ਕਹੀ ਜਾਂਦੀ ਹੈ। ਹੋਰ ਭੀ ਕਈ ਪ੍ਰਕਾਰ ਦੀ ਮੂਰਛਾ ਹੈ. ਕਿਥੋਂ ਤਕ ਕਹੀ ਜਾਵੇ। (ਮੂਰਛਾ ਮੇਂ ਪਿਤ ਅਤੇ ਤਮੋਗੁਣ ਅਧਿਕ ਹੁੰਦਾ ਹੈ) ॥ ੧੩੪ ॥ ੧੩੫ ॥

ਦੋਹਰਾ

ਰਜ ਦੇਖੈ ਪਿਤੈ ਪ੍ਰਬਲ, ਪਿਤ ਬਾਤ ਭ੍ਰਮ ਹੋਇ।
ਕਫ ਬਾਤੈ ਤਮ ਨੀਂਦ ਕਫ, ਜਾਨੋ ਲਛਣ ਸੋਇ॥ ੧੩੬ ॥

ਰਜੋਗੁਣ ਪਿਤ ਦੀ ਪ੍ਰਬਲਤਾ ਕਰਕੇ ਜਾਣੇ, ਸੋ ਪਿੱਤ ਅਤੇ ਵਾਯੂ ਮਿਲਣੇ ਤੇ †"ਭ੍ਰਮ" ਪੈਦਾ ਹੁੰਦਾ ਹੈ, ਕਫ ਬਾਤ ਅਤੇ ਤਮੋਗੁਣ ਮਿਲਨੇ ‡"ਤੰਦ੍ਰਾ" ਅਤੇ ਤਮੋਗੁਣ ਤੇ ਕਫ ਦੇ ਪ੍ਰਭਾਵ ਤੇ "ਨੀਂਦ" ਹੁੰਦੀ ਹੈ, ਇਸੇ ਪ੍ਰਕਾਰ ਜਾਣੇ॥ ੧੩੬ ॥

ਸਰਬ ਮੂਰਛਾ ਉਪਾਇ-ਸੋਰਠਾ

ਮਰਚ ਉਸੀਰ ਮਗਾਇ, ਬੇਰ ਗਿਰੀ ਗਜ ਕੇਸਰੀ।
ਸੀਤਲ ਜਲ ਸੌਂ ਖਾਇ, ਮੂਰਛਾ ਤਜੈ ਸੁਚੇਤ ਹੁਇ॥੧੩੭॥

੭੯੨-ਮਿਰਚ, ਖੱਸ, ਬੇਰ ਦੀ ਗਿਰੀ, ਨਾਗਕੇਸਰ, ਸਮਾਨ ਭਾਗ ਲੈਕੇ ਪੀਹਕੇ ਠੰਢੇ ਜਲ ਨਾਲ ਖੁਲਾਵੇ ਤਾਂ ਮੂਰਛਾ ਤਿਆਗ ਕੇ ਹੋਸ਼ ਵਿਚ ਆ ਜਾਵੇ॥ ੧੩੭॥

ਕ੍ਵਾਥ-ਚੌਪਈ

ਗ੍ਰੰਥਕ ਸੁੰਠੀ ਦਾਖ ਗਿਲੋਇ। ਪੁਸਕਰ ਕਲਕ ਕਰੋ ਸਮ ਸੋਇ।
ਕ੍ਰਿਸਨਾ ਮੇਲੀ ਪੀਵਨ ਦੇਇ। ਮੂਰਛਾ ਤਜੀ ਸੁ ਚੇਤਨ ਹੋਇ॥੧੩੮॥

੭੯੩-ਪਿਪਲਾਮੂਲ, ਸੁੰਢ, ਮੁਨੱਕਾ, ਗਿਲੋਯ ਤੇ ਪੁਹਕਰਮੂਲ, ਇਹ ਸਭੋ ਇਕ ਸਮਾਨ ਲੈਕੇ

---

†ਰਜੋਗੁਣ, ਪਿਤ ਵਾਯੂ ਇਨ੍ਹਾਂ ਤਿਨ੍ਹਾਂ ਦੇ ਸਮੁਦਾਇ ਤੇ ਭ੍ਰਮ ਹੁੰਦਾ ਹੈ, ਐਸਾ ਨ ਸਮਝੇ ਕਿਉਂਕਿ ਕੇਵਲ ਪਿਤ ਜ੍ਵਰ ਵਿਖੇ ਭੀ ਭ੍ਰਮ ਹੋ ਜਾਂਦਾ ਹੈ, ਜਿਸ ਪ੍ਰਕਾਰ ਚਕਰ ਪਰ ਚੜ੍ਹੇ ਸਭੀ ਪਦਾਰਥ ਘੁੰਮਦੇ ਦ੍ਰਿਸ਼ਟੀ ਆਉਂਦੇ ਹਨ, ਉਸੇ ਤਰ੍ਹਾਂ ਸਭ ਵਸਤੂਆਂ ਘੁੰਮਦੀਆਂ ਅਤੇ ਸ਼ਰੀਰ ਨੂੰ ਭੌਂਦਾ ਦੇਖੇ ਉਸਨੂੰ ਭ੍ਰਮ ਕਿਹਾ ਜਾਂਦਾ ਹੈ।

‡ਨੀਂਦ ਨਾਲ ਘੇਰੇ ਹੋਏ ਦੀ ਸਮਾਨ ਸਰੀਰ ਵਿਖੇ ਭਾਰੀਪਨ ਤਥਾ ਕਲਮ (ਗਿਲਾਨੀ) ਪ੍ਰਾਪਤ ਹੋਵੇ ਉਸ ਨੂੰ 'ਤੰਦ੍ਰਾ" ਆਖਦੇ ਹਨ।

()ਜਦ ਮਨ ਕਲਪ (ਗਿਲਾਨੀ)ਨੂੰ ਪ੍ਰਾਪਤ ਹੋਕੇ ਥੱਕੀ ਹੋਈ ਗਿਆਨੇਂਦ੍ਰਿਆਂ ਅਰ ਕਰਮੇਂਦ੍ਰਿਆਂ ਦੇ ਵਿਸ਼ੇ ਗ੍ਰਹਣ ਵਲੋਂ ਰੁਕ ਜਾਵੇ ਤਦ ਮਨੁੱਖ ਸੌਂ ਜਾਂਦਾ ਹੈ, ਉਸ ਨੂੰ ਨੀਂਦ ਆਖਦੇ ਹਨ।

Digitized by Panjab Digital Library | www.panjabdigilib.org

ਕਲਕ ਕਰੇ, ਫਿਰ ਛਾਣਕੇ, ਉਸ ਵਿਚ ਮਧ ਮਿਲਾਕੇ ਲਵੇ ਤਾਂ ਮੂਰਛਾ ਤਿਆਗ ਕੇ ਹੋਸ਼ ਮੇਂ ਆਵੇ ॥ ੧੩੮ ॥

ਚਟਣੀ—ਦੋਹਰਾ

ਸੁੰਠ ਮੁਨੱਕਾ ਦਾਖ ਲੈ, ਧਾਤ੍ਰੀ ਫਲੈ ਪਿਸਾਇ।
ਮਧੁ ਸੰਗੇ ਚਾਟਨ ਕਰੋ, ਮੂਰਛਾ ਰੋਗੁ ਪਰਾਇ ॥ ੧੩੯ ॥

੭੯੪-ਸੁੰਢ, ਮੁਣੱਕਾ, ਸੌਗੀ ਤੇ ਆਵਲੇ ਲੈਕੇ ਪੀਹੇ ਅਰ ਸ਼ਹਿਤ ਪਾਕੇ ਚੱਟੇ ਤਾਂ ਮੂਰਛਾ ਜਾਵੇ ॥ ੧੩੯ ॥

ਕ੍ਵਾਥ—(ਵੰਗਸੇਨਾਤ)

ਪਾਂਚ ਮੂਲ ਲਘੁ ਕ੍ਵਾਥ ਕਰਿ। ਸਿਤਾ ਸਹਿਤ ਬਿਚ ਪਾਇ।
ਪੀਵਤ ਹੀ ਮੂਰਛਾ ਤਜਤ, ਤਨ ਕੋ ਅਤਿ ਸੁਖ ਥਾਇ ॥੧੪੦।

੭੯੫-ਲਘੂ ਪੰਜ ਮੂਲ (ਸਰਵਨ, ਪਿਠਵਨ, ਦੋਨੋਂ ਕੰਡਯਾਰੀਆਂ, ਅਰ ਭੱਖੜਾ) ਇਹਨਾਂ ਦਾ ਕਾੜ੍ਹਾ ਕਰਕੇ ਸ਼ਹਿਤ ਪਾਇ ਪੀਏ ਤਾਂ ਮੂਰਛਾ ਮਿਟੇ ॥ ੧੪੦ ॥

ਮੂਰਛਾ ਦੇ ਪੱਥ—ਸ਼ੰਕਰਛੰਦ

ਸੇਕ ਅਵਿਗਾਹਨ ਜੁ ਮਜਨੰ, ਗਲਹਾਰ ਬੀਂਜਨ ਬਾਤ।
ਸੀਤਲ ਜਲ ਸੁਗੰਧ ਧਾਰਾ, ਗ੍ਰਿਹ *ਮਰੀਚ ਸੁਭਾਤ।
ਧੂਮ ਅੰਜਨ ਨੱਸ ਮੋਖੰ, ਰੁਧਰ ਸੂਚੀ ਤੋਦ।
ਛਰਦ ਰੇਚਨ ਲੰਘਨਾ ਭਯ, ਕ੍ਰੋਧ ਕਥਾ ਵਿਨੋਦ ॥ ੧੪੧ ॥
ਮੁਗਦ ਮਟਰੀ ਰਕਤ ਰਾਵਲ, ਮੰਡ ਲਾਜਾ ਜਾਨ।
ਜਵ ਪੁਰਾਤਨ ਛਾਂਗ ਪਯ, ਮਧੁ ਕਦਲ ਹਿਮ ਕੋ ਠਾਨ।
ਗੀਤ ਵਾਤ ਬਚਿੱਤ੍ਰ ਦਾਰਮੁ, ਅਰੁ ਚੁਲਾਈ ਖਾਇ।
ਕਪੂਰ ਚੰਦਨ ਲੇਪੁ ਮਿਸਰੀ, ਲਘੁ ਸੁ ਪਥ ਕਹਾਇ ॥੧੪੨॥

੭੯੬-ਸੇਕਣਾ, ਛਿੜਕਣਾ, ਸ਼ਨਾਨ ਕਰਨਾ, ਗਲ ਵਿਖੇ ਹਾਰ ਪੌਣਾ, ਪੱਖੇ ਦੀ ਹਵਾ, ਠੰਢੀ ਸੁਗੰਧੀਦਾਰ ਜਲ ਪਿਲਾਨਾ, ਫੁਹਾਰੇ ਦਾਰ ਘਰਾਂ ਵਿਚ ਨਿਵਾਸ, ਸਰੇਸ਼ਟ ਚੰਦ੍ਮਾਂ* ਦੀਆਂ ਕਿਰਣਾਂ, ਧੂਮ੍ਰ ਪਾਨ, ਤੀਖਣ ਅੰਜਨ, ਨਸਵਾਰਾਂ, ਲਹੂ ਕਢਾਣਾ, ਸੂਈਆਂ ਚੋਭਣੀਆਂ, ਕੈ, ਦਸਤ ਦੇਣੇ, ਬ੍ਰਤ ਰਖਾਣਾ, ਭਯ ਦੇਣਾ, ਕ੍ਰੋਧ ਦੀਆਂ ਬਾਤਾਂ ਕਹਿਣੀਆਂ, ਹਾਸੇ ਦੀਆਂ ਕਥਾਂ, ਮੂੰਗ, ਮਟਰ, ਰਤੜੂ ਦੇ ਚਾਵਲਾਂ ਦਾ ਮੰਡ, ਖਿੱਲਾਂ ਪੁਰਾਣੇ ਜੌਂ, ਬਕਰੀ ਦਾ ਦੁਧ, ਸ਼ਹਿਤ, ਕੇਲਾ, ਬਰਫ, ਗੀਤ, ਵਾਜੇ ਬਚਿਤ੍ਰ ਤਰਾਂ ਦੇ, ਅਨਾਰ, ਚੁਲਾਈ ਖਾਣੇ, ਕਪੂਰ, ਚੰਦਨ ਦਾ ਲੇਪ, ਮਿਸ਼੍ਰੀ ਤੇ ਹੋਰ ਹਲਕੇ ਪਦਾਰਥ ਮੂਰਛਾ ਦੇ ਵਿਚ ਪੱਥ ਕਹੇ ਹਨ ॥ ੧੪੧ ॥ ੧੪੨ ॥

---

* "ਮਰੀਚ ਸੁਭਾਤ" ਕਹੀਏ ਸਰੇਸ਼ਟ ਚੰਦ੍ਮਾਂ ਦੀਆਂ ਕ੍ਰਿਣਾਂ ਦੇਖੋ ਪਥਯਾਪਥ ਪ੍ਰਿ. ੩੪

Digitized by Panjab Digital Library | www.panjabdigilib.org

ਕੁਪੱਥ–ਸ਼ੰਕਰਛੰਦ

ਤਾਂਬੂਲ ਪਤ੍ਰ ਸਾਕ ਘਰਖਨ, ਦੰਤ ਆਤਪ ਛਾਹ।
ਬਿਰੁਧਅੰਨ ਜੁ ਪਾਨ ਸ੍ਵੇਦਨ, ਕਟੁਕ ਤ੍ਰਿਟ ਲਘੁ ਯਾਹ।
ਨੀਂਦ ਬੇਗ ਬਿਰੋਧ ਜਾਨੋ, ਮੂਰਛਾ ਹਿਤ ਨਾਹਿ।
ਏ ਕੁਪਥ ਜੁ ਪਥਜਾਪਥੈ, ਕਹੇ ਤਾਂਕੈ ਮਾਹਿ ॥੧੪੩॥

੭੯੭–ਪਾਨ ਬੀੜੇ, ਪੱਤਿਆਂ ਦਾ ਸਾਗ, ਦਾਤੁਣ, ਧੁੱਪ, ਰੁਖਾਂ ਦੀ ਛਾਯਾ (ਪਰੰਤੂ ਅਸਲ ਵਿਚ ਇਹ ਪਾਦ ਪੂਰਕ ਹੈ) ਵਿਰੁੱਧ ਅੰਨ, ਪਾਨ, ਪਸੀਨਾ, ਕੌੜੀ ਥਸਤੂ, ਪਿਆਸ ਦਾ ਲਗਦਾ, ਨਿੰਦ੍ਰਾ ਦਾ ਬੇਗ ਰੋਕਣਾ, ਜਾਣੋਂ ਕਿ ਇਹ ਮੂਰਛਾ ਦੇ ਹਿਤੂ ਨਹੀਂ ਹਨ, ਸਗੋਂ ਕੁਪੱਥ ਹਨ ॥੧੪੩॥

ਮਦਾਤਜਯ ਰੋਗ ਨਿਦਾਨ–ਚੌਪਈ

ਜੋ ਬਿਖ ਕੇ ਔਗਨ ਹੈਂ ਜੇਤੇ। ਮਦਯ ਮਾਹਿ ਜਾਨੋ ਸੋ ਤੇਤੇ।
ਅਤਿ ਸ਼ਰਾਬ ਜੇ ਪੀਵਤ ਕੋਈ। ਤਾਂਤੇ ਰੋਗੁ ਮਦਾਤਯ ਹੋਈ ॥੧੪੪॥

ਜਿਤਨੇ ਵਿਖ ਵਿਚ ਔਗਣ ਹਨ, ਉਤਨੇ ਹੀ ਸ਼ਰਾਬ ਵਿਚ ਔਗਣ ਜਾਨਣੇ। ਜੇ ਕੋਈ ਬਹੁਤੀ ਸ਼ਰਾਬ ਪੀਵੇ ਤਾਂ ਉਸਨੂੰ ਮਦਾਤਯ ਰੋਗ ਹੋ ਜਾਂਦਾ ਹੈ ॥ ੧੪੪ ॥

ਮਦਾਤਜਯ ਲੱਛਣ–ਸ਼ੰਕਰਛੰਦ

ਬਕਤ ਮੁਖ ਤੇ ਬਮਿਨ ਹੋਵਤ, ਅੰਗ ਕਛੁ ਬਿਨ ਚੇਤ।
ਮਾਤ ਭਗਨੀ ਭਾਰਜਾ ਕੌ, ਏਕ ਸਮਕਰਿ ਲੇਤ।
ਪ੍ਰਗਟ ਗੁਹਜ ਜੁ ਕਹਤ ਬਦਨੈ, ਭਖਯਾਭਖ ਜੁ ਖਾਇ।
ਨਿਰਤ ਗੀਤ ਅਨੇਕ ਰੰਗੀ, ਲਗੀ ਜਾਨ ਬਲਾਇ ॥੧੪੫॥

ਮੂੰਹ ਆਈ ਬਕਦਾ ਤੇ ਕੈ ਕਰਦਾ ਹੈ ਅੰਗਾਂ ਦਾ ਸੰਕੋਚ, ਹੋਸ਼ ਬਿਨਾਂ, ਮਾਂ ਭੈਣ ਤੇ ਇਸਤਰੀ ਨੂੰ ਇਕ ਸਮਾਨ ਜਾਣਦਾ ਹੈ। ਗੁਪਤ ਪ੍ਰਗਟ ਸਭ ਬਕਦਾ ਫਿਰਦਾ ਹੈ, ਭਸ ਖੇਹ ਖਾਂਦਾ ਪੀਂਦਾ ਹੈ। ਨੱਚਦਾ, ਗੌਂਦਾ, ਅਨੇਕਾਂ ਰੰਗਾਂ ਵਿਚ ਮਸਤ ਹੋਯਾ, ਇਉਂ ਪ੍ਰਤੀਤ ਹੁੰਦਾ ਹੈ, ਜਿਉਂ ਕੁਛ ਚਿੰਬੜ ਜਾਂਦਾ ਹੈ ॥ ੧੪੫ ॥

ਮਦਾਤਯਯ ਰੋਗ ਉਪਾਇ *(ਰਸਰਤਨਾਕਰਾਤ)–ਦੋਹਰਾ

ਦ੍ਵਾਤ੍ਰਿੰਸਤ ਪਲ ਨੀਰ ਲੈ, ਪਲ ਇਕ ਬਾਲਾ ਲੈ ਪਾਇ।
ਪਾਦ ਸੇਖ ਜਲ ਲੀਜੀਏ, ਸੁਭਰ ਬਸਨ ਛਿਨਾਇ ॥ ੧੪੬ ॥
ਤਾ ਮੈ ਲਾਜਾ ਸਕਤੂ ਮਧੂ, ਸਿਤਾ ਮੇਲ ਅਵਲੇਹ।

*ਰੋਗ ਦਾ ਨਾਮ ਤੱਕ ਵਿਚ ਨਹੀਂ।

Digitized by Panjab Digital Library | www.panjabdigilib.org

ਦਾਹ ਸੁ ਤ੍ਰਿਖਾ ਮਦਾਤਯਯਾ, ਤੀਨੋ ਨਾਸ ਕਰੇਹਿ ॥ ੧੪੭ ॥

੭੯੮–ਜਲ ੩੨ ਪਲ ਅਰਥਾਤ ੧੨੮ ਤੋਲੇ, ਇਸ ਵਿਚ ੪ ਤੋਲੇ ਸੁਗੰਧਬਾਲਾ ਪਾਕੇ ਪਕਾਵੇ, ਜਦ ਚੌਥਾ ਹਿੱਸਾ ਸੜਕੇ ਆ ਰਹੇ ਤਾਂ ਬਸਤ੍ਰ ਵਿਚ ਪੁਣਕੇ ਉਸ ਵਿਚ ਫੁੱਲੀਆਂ ਦੇ ਸੱਤੂ ਸ਼ਹਿਤ ਅਤੇ ਮਿਸ਼ਰੀ ਪਾ ਕੇ ਚਟਣੀ ਬਣਾ ਲਵੇ. ਅਰ ਖੁਲਾਵੇ ਤਾਂ ਦਾਹ, ਤ੍ਰਿਖਾ ਤੇ ਮਦਾਤਯਯ ਤਿੰਨੇ ਨਾਸ਼ ਕਰੇ ॥ ੧੪੬ ॥ ੧੪੭ ॥

ਸੇਂਧਾ ਟੰਕ ਜੁ ਦੀਜੀਏ, ਮਦ ਚਤਰਾ ਪਲ ਸੰਗ।
ਮਦਯ ਪਾਨ ਮਦ ਜਾਤ ਹੈ, ਤ੍ਰਿਸਨਾ ਦਾਹ ਤਰੰਗ ॥੧੪੮॥

੭੯੯–ਸੇਂਧਾ ਨਿਮਕ ੧ ਟੰਕ, ਅਰਥਾਤ ੪ ਮਾਸ਼ੇ, ਇਸ ਵਿਚ ੧੬ ਤੋਲੇ ਸ਼ਰਾਬ ਮਿਲਾ ਕੇ ਇਹ ਮਦ ਪੀਵੇ,ਮਦ ਪਾਨ ਦਾ ਮਦਾਤਯਯ ਨਾਸ਼ ਹੋਵੇ,ਹੋਰ ਪਯਾਸ ਅਤੇ ਦਾਹ ਭੀ ਨਾਸ ਕਰੇ ॥੧੪੮॥

ਚੌਪਈ

ਦਧਿ ਮਸਤ ਗੁੜ ਖੌਦ੍ਰ ਸੁ ਜਾਨ। ਮਦ ਤੋਇ ਆਮਲਕ ਕੌ ਠਾਨ।
ਕਾਂਜੀ ਘ੍ਰਿਤ ਸਤੂ ਕੋ ਖਾਇ। ਮਦਯ ਰੋਗੁ ਇਕ ਏਕੁ ਗਵਾਇ॥੧੪੯॥

੮੦੦–੧ ਦਹੀਂ, ੨ ਮੱਠਾ, ੩ ਗੁੜ, ੪ ਸ਼ਹਿਤ, ੫ ਸ਼ਰਾਬ, ੬ ਆਵਲੇ ਦਾ ਜਲ, ੭ ਕਾਂਜੀ, ੮ ਘਿਉ, ੯ ਸੱਤੂ, ਇਹ ਸਭ ਇਕ 'ਇਕ ਮਦ ਵਿਚ ਮਿਲਾ ਕੇ ਸੇਵਨ ਕਰੇ ਤਾਂ ਮਦਾਤਯਯ ਰੋਗ ਨੂੰ ਗੁਆਵੇ ॥ ੧੪੯ ॥

ਜਵਲਾਜਾ ਸਤੂ ਲੈ ਆਇ। ਸੇਂਧਾ ਸੌਚਰ ਜਰਨ ਪਿਸਾਇ।
ਪਾਨੀ ਸੰਗੇ ਪੀਵਤ ਕੋਇ। ਰੋਗ ਮਦਾਤਯਯ ਕਬ੍ਹੂ ਨ ਹੋਇ ॥੧੫੦॥

੮੦੧–ਜੌਂ, ਲਾਜਾਂ ਦੇ ਸੱਤੂ, ਸੇਂਧਾ ਨਿਮਕ, ਸੌਂਚਰ ਨਿਮਕ ਤੇ ਜੀਰਾ ਇਹਨਾਂ ਨੂੰ ਪਾਣੀ ਨਾਲ ਪੀਹਕੇ ਪੀਵੇ ਤਾਂ ਮਦਾਤਯਯ ਰੋਗ ਨਾਸ਼ ਹੋਵੇ ॥੧੫੦॥

(ਵੰਗਸੇਨਾਤ)–ਚੌਪਈ

ਚਵਕ ਬਿਜੌਰਾ ਸੌਚਰ ਲੇਇ। ਰਾਮਠ ਸੁੰਠੀ ਦੀਪਕ ਦੇਇ।
ਚੂਰਨ ਮਦ ਕੈ ਸੰਗ ਪਿਰਾਇ। ਰੋਗੁ ਮਦਾਤਯਯ ਤਨ ਤੇ ਜਾਇ੧੫੧॥

੮੦੨–ਚੱਵ, ਬਿਜੌਰਾ, ਸੌਂਚਰ ਨਿਮਕ, ਹਿੰਙ, ਸੁੰਢ ਤੇ ਅਜਮੋਦ, ਇਹਨਾਂ ਦਾ ਚੂਰਣ ਕਰ ਕੇ ਸ਼ਰਾਬ ਨਾਲ ਮਿਲਾਕੇ ਸੇਵਨ ਕਰੇ ਤਾਂ ਮਦਾਤਯਯ ਰੋਗ ਨਾਸ ਹੋਵੇ ॥੧੫੧॥

ਦੋਹਰਾ

ਗੁੜ ਅਦਰਕ ਵਾ ਮਧੁ ਤ੍ਰਿਫਲ, ਖਾਵਤ ਉਠ ਪਰਭਾਤ।
ਮੂਰਛਾ ਕਾਮਲ ਮਦ ਪ੍ਰਬਲ, ਅਰੁ ਉਨਮਾਦਹਿ ਘਾਤ ॥੧੫੨॥

੮੦੩–ਗੁੜ, ਅਦ੍ਰਕ ਯਾ–

੮੦੪–ਸ਼ਹਿਤ ਨਾਲ ਤ੍ਰਿਫਲਾ, ਇਹ ਦੋਨੋਂ ਨਿਤ ਪ੍ਰਾਤਾਕਾਲ ਖਾਯਾ ਕਰੇ ਤਾਂ ਮੂਰਛਾ (ਗਸ਼ੀ) ਕਾਮਲਾ, ਉਨਮਾਦ ਅਤੇ ਭਾਰੀ ਸਦਾਤਯਯ ਸਭੇ ਨਾਸ ਕਰੇ ॥੧੫੨॥

Digitized by Panjab Digital Library | www.panjabdigilib.org

ਪੇਠੇ ਕੇ ਰਸ ਸੰਗ ਗੁੜ, ਖਾਵਤ ਮਿਟ ਮਦ ਰੋਗੁ।
ਸਿਤਾ ਦੂਧ ਪਿਵ ਮਦ ਮਿਟਤ, ਸਿਵ ਭਖ ਕੇ ਇਮ ਜੋਗੁ॥੧੫੩॥

੮੦੫-ਪੇਠੇ ਦੇ ਰਸ ਨਾਲ ਗੁੜ ਖਾਯਾ ਕਰੇ ਤਾਂ ਮਦ ਪੀਣ ਦਾ ਮਦਾਤਯਯ ਰੋਗ ਨਾਸ ਹੋਵੇ।
੮੦੬-ਮਿਸਰੀ ਤੇ ਦੁਧ ਪੀਵੇ ਤਾਂ ਮਦਾਤਯਯ ਰੋਗ ਨਾਸ ਹੋਵੇ, ਇਹ ਯੋਗ ਧਤੂਰੇ ਖਾਏ ਤੇ ਭੀ ਦਿਤਾ ਜਾ ਸਕਦਾ ਹੈ ॥੧੫੩॥

ਧਨੀਆਂ ਦਾਖ ਕੁਪਿਥ ਲੈ, ਦਾਰਮ ਅਮਲੀ ਦੇਇ।
ਏਤੇ ਜੋਗੁ ਮਦਾਤ ਹਿਤ, ਮਦ ਹੰਤਾ ਯਹ ਦੇਇ॥ ੧੫੪॥

੮੦੭-ਧਨੀਆਂ, ਦਾਖ, ਕੈਥ, ਅਨਾਰਦਾਣਾ ਤੇ ਇਮਲੀ ਇਤਨੇ ਯੋਗ ਇਹ ਮਦਾਤਯਯ ਦੇ ਨਾਸ ਕਰਨ ਹਾਰੇ ਹਨ, ਇਸ ਤੇ ਮਦ ਮੂਰਛਤ ਨੂੰ ਦੇਵੇ ॥੧੫੪॥

ਮਦਾਤਯਯ ਦੇ ਪੱਥ-ਸ਼ੰਕਰਛੰਦ

ਵਮਨ ਸੋਧਨ ਸੁਪਨ ਲੰਘਨ, ਸ੍ਰਮ ਪੁਰਾਨੇ ਸਾਲ।
ਖਸਟਿਕਾ ਜਵ ਮੁਗਦ ਮਾਖਾ, ਕਨਿਕ ਮਟੁਰੀ ਲਾਲ।
ਖਜੂਰ ਦਾਰਮ ਫਾਲਸਾ, ਸੁ ਬਿਜੌਰ ਦਾਖ ਨਲੇਰ।
ਤੰਦੁਲੀਯੰ ਆਮਰੇ, ਜੁ ਪੁਰਾਤਨੰ ਘ੍ਰਿਤ ਭੇਰ॥ ੧੫੫॥
ਸਿਸਰ ਪਵਨ ਕਪੂਰ ਮਣਯੋ, ਔਰ ਪ੍ਰੀਤਮ ਸੰਗ।
ਖੋਮ ਬਸਤ੍ਰ ਗੀਤ ਬਾਜੇ, ਚੰਦ ਪਾਦਾ ਰੰਗੁ।
ਸਕਲ ਸੁੰਦਰ ਤੀਯ ਕਾ ਸੰਗ, ਔਰ ਦਾਰਾ ਗੇਹ।
ਪਥ ਭਾਖੇ ਹੈ ਮਦਾਤਯ, ਸਕਲ ਹਿਤ ਸਭ ਤੇਹ॥ ੧੫੬॥

੮੦੮-ਕੈ, ਦਸਤ, ਨੀਂਦ, ਬ੍ਰਤ, ਕਸਰਤ, ਪੁਰਾਣੇ ਬਾਸਮਤੀ ਦੇ ਚਾਵਲ, ਜੌਂ, ਮੂੰਗੀ, ਮਾਂਹ, ਕਣਕ, ਮਟਰ, ਲਾਲ ਕਰਕੇ ਅਨਾਰ, ਦਾਖ ਸਮੇਤ ਮੂੰਗੀ ਦਾ ਯੂਖ, ਖਜੂਰ, ਅਨਾਰ, ਫਾਲਸਾ, ਬਿਜੌਰਾ, ਦਾਖ, ਨਲਿਯੇਰ, ਚੁਲਾਈ, ਆਵਲੇ, ਪੁਰਾਣਾ ਘਿਉ, ਠੰਢੀ ਪਵਨ, ਕਪੂਰ, ਮਣੀਆਂ ਦਾ ਧਾਰਨਾ, ਪਿਆਰੇ ਦੀ ਸੰਗਤ, ਖੁੰਬੀ (ਸਫੈਦ) ਬਸਤ੍ਰਾਂ ਦਾ ਓਢਣਾ, ਗੀਤ, ਵਾਜੇ ਚੰਦਰਮਾਂ ਦੀਆਂ ਕਿਰਣਾਂ, ਰੰਗ ਤਮਾਸ਼ੇ, ਸ਼ਕਲ ਸੁੰਦਰ ਕਰਕੇ, ਅੰਗ ਪ੍ਰਤਯੰਗ, ਹਾਵ ਭਾਵ ਤਥਾ ਟੀਪ ਟਾਪ ਵਿਚ ਸੁੰਦਰ ਇਸਤ੍ਰੀ ਦੀ ਸੰਗਤ ਅਤੇ ਇਸਤਰੀਆਂ ਦੇ ਘਰਾਂ ਵਿਚ ਨਿਵਾਸ ਇਹ ਸਭ ਮਦਾਤਯਯ ਰੋਗ ਦੇ ਪੱਥ ਕਹੇ ਗਏ ਹਨ ॥ ੧੫੬ ॥

ਕੁਪੱਥ-ਚੌਪਈ

ਸ੍ਵੇਦਨ ਅੰਜਨ ਧੂਮ ਜੁ ਪਾਨ। ਨਾਵਨ ਦੰਤ ਘਰਖਨਾ ਜਾਨ।
ਪਾਨ ਪਾਤ ਕੁਪੱਥ ਬਖਾਨ। ਪਥਜਾਪਥੇ ਮਤਿ ਇਤ ਆਨ ॥੧੫੭॥

੮੦੯-ਪਸੀਨਾ, ਨੇਤਰਾਂਜਨ, ਹੁੱਕਾ ਪੀਣਾ, ਨਸਵਾਰ, ਦਾਤੁਣ ਤੇ ਪਾਨ ਚੱਬਣੇ ਇਹ ਸਭ

Digitized by Panjab Digital Library | www.panjabdigilib.org

ਕੁਪੱਥ ਹਨ ॥ ੧੫੭ ॥

ਉਨਮਾਦ ਨਿਦਾਨ-ਚੌਪਈ

ਬਿਰੁਧ ਅੰਨ ਅਰੁ ਪਾਨੀ ਜਾਨ। ਅਸੁਚ ਭੋਜਨ ਕੋ ਕਰ ਹੈ ਪਾਨ।
ਦੇਵਦੇਵੀ ਗੁਰਦ੍ਵਜ ਸੰਤਾਪ। ਕਰਧਨਿ ਭਛਨ ਗੁਰਮੁਖ ਆਪ ॥੧੫੮॥
ਯਾਤੇ ਹੋਈ ਰੁਜ ਉਨਮਾਦਿ। ਸਾਤ ਜਾਤ ਕਫ ਪਿਤੈ ਬਾਦ।
ਚੌਥਾ ਸੰਨਿ ਰੁਧਰ ਬਿਖ ਸੁਰਾ। ਕਹੇ ਸਾਤ ਉਨਮਾਦ ਸੁ ਬੁਰਾ ॥੧੫੯॥

ਵਿਰੁਧ ਅੰਨ ਪਾਣੀ, ਅਪਵਿਤਰ ਭੋਜਨ ਖਾਣੇ ਤੇ ਪੀਣੇ, ਦੇਵਤਾ, ਦੇਵੀ, ਗੁਰੂ, ਦਿਜ ਆਦਿ ਨੂੰ ਸੰਤਾਪ ਦੇਣੇ ਤੇ, ਗੁਰਾਂ ਦਾ ਧਨ ਆਪ ਖਾਣੇ ਤੇ ਇਸ ਤੇ ਉਨਮਾਦ ਰੋਗ ਪੈਦਾ ਹੁੰਦਾ ਹੈ, ਸੋ ੧ ਬਾਤ ਦਾ, ੨ ਪਿਤ ਦਾ, ੩ ਕਫ ਦਾ, ੪ ਸੰਨਿਪਾਤ ਦਾ, ੫ ਲਹੂ ਦਾ, ੬ ਵਿਖ ਦਾ, ੭ ਦੇਵਤਾ ਦਾ, ਇਉਂ ਸਤ ਪ੍ਰਕਾਰ ਦਾ ਹੈ ॥ ੧੫੮ ॥ ੧੫੯ ॥

ਅਸਾਧ ਲੱਛਣ

ਮੁਖ ਊਚੇ ਵਾ ਨੀਚੈ ਰਹੈ। ਮਾਸ ਜੋਰ ਹੀਨਾ ਹੋਇ ਤਹੈ।
ਜਾਗਤ ਘਨਾ ਦਾਹ ਹੈ ਜਾਸ। ਤਿਸ ਉਨਮਾਦੀ ਕਾ ਜੁ ਬਿਨਾਸ॥੧੬੦॥

ਮੂੰਹ ਹੇਠ ਨੂੰ ਯਾ ਉਪਰ ਨੂੰ ਹਮੇਸ਼ਾਂ ਰਹੇ। ਮਾਸ ਤੇ ਬਲ ਜਾਂਦਾ ਰਹੇ, ਬਹੁਤਾ ਜਾਗੇ (ਨੀਂਦ ਨ ਆਵੇ) ਅਰ ਦਾਹ (ਸੜਨ) ਬਹੁਤ ਹੋਵੇ। ਤਿਸ ਐਸਾ ਉਨਮਾਦ ਵਾਲੇ ਦਾ ਵਿਸਾਹ (ਭਰੋਸਾ) ਨਹੀਂ ਹੈ ॥ ੧੬੦ ॥

ਬਾਤ ਉਨਮਾਦ ਲੱਛਣ-ਸ਼ੰਕਰਛੰਦ

ਹਾਸ ਨਾਚਨ ਜਾਵਨਾ ਬਹੁ, ਦੇਹ ਹੋਇ ਬਿਖੇਪ।
ਰੋਵਨਾ ਜੁ ਕਠੋਰ ਤਨ, ਤਿਸ ਸਯਾਮ ਰਕਤ ਸਹੇਪ।
ਜਬ ਘਟਤ ਰੁਜ ਤਬ ਜੋਰ ਹੋਵੈ,ਬਾਤ ਕਾ ਉਨਮਾਦ।
ਕਹਤ ਮੇਘ ਬਖਾਨ ਕੀਨੋ, ਮਾਧਵੈ ਤੇ ਆਦਿ ॥੧੬੧॥

ਕਾਰਣ ਬਿਨਾਂ ਹੱਸਣਾ, ਨਚਣਾ, ਗੌਣਾ, ਬਹੁਤਾ ਦੇਹ ਨੂੰ ਇਧਰ ਉਧਰ ਫੈਂਕਣਾ, ਰੋਣਾ, ਸਰੀਰ ਰੁਖਾ ਹੋਣਾ, ਸਰੀਰ ਦੀ ਰੰਗਤ ਕਾਲੀ, ਲਾਲ ਹੋਵੇ ਜਦ ਫਿਰ ਰੋਗ ਘਟੇ ਤਾਂ ਜ਼ੋਰ ਰੋਗ ਦਾ ਵਧੇ। ਇਹ ਸਭ ਬਾਤ ਉਨਮਾਦ ਦੇ ਲੱਛਣ ਹੁੰਦੇ ਹਨ ॥ ੧੬੧ ॥

ਪਿਤ ਉਨਮਾਦ ਲੱਛਣ-ਸ਼ੰਕਰਛੰਦ

ਕਟਕ ਤੀਖਨ ਤੁਰਸ ਦਾਹੀ, ਗਰਮ ਭੋਜਨ ਖਾਇ।
ਫਿਕਰ ਔਰ ਅਜੀਰਨੈ ਤੇ, ਪਿੱਤ ਉਨਮਦ ਥਾਇ।
ਛਾਇ ਸੀਤਲ ਧਰੈ ਮਨਸਾ, ਨੈਨ ਮੁਖ ਤਨ ਪੀਤ।

Digitized by Panjab Digital Library | www.panjabdigilib.org

ਪਿੱਤ ਕਾ ਉਨਮਾਦ ਲੱਛਣ, ਜਾਨੀਓ ਤੁਮ ਮੀਤ ॥੧੬੨॥

ਕੌੜਾ, ਤੀਖਣ, ਤੁਰਸ਼, ਦਾਹ ਕਾਰਕ ਤੇ ਗਰਮ ਭੋਜਨ ਦੇ ਖਾਣੇ ਤੇ; ਫਿਕਰ ਕਰਨਾ, ਅਜੀਰਣ ਹੋਣ ਤੇ, ਇਉਂ ਪਿੱਤ ਦਾ ਉਨਮਾਦ ਪੈਦਾ ਹੁੰਦਾ ਹੈ। ਮਨ ਠੰਢੀ ਛਾਂ ਨੂੰ ਕਰਦਾ ਹੈ, ਨੇਤਰ ਮੂੰਹ ਤੇ ਸਰੀਰ ਪੀਲਾ ਹੁੰਦਾ ਹੈ, ਇਹ ਪਿਤ ਉਨਮਾਦ ਦੇ ਲਛਣ ਹੁੰਦੇ ਜਾਨਣੇ ॥ ੧੬੨ ॥

ਕਫ ਉਨਮਾਦ ਲੱਛਣ

ਮੰਦ ਅਗਨਿ ਜੁ ਤੀਯ ਜਾਨੋ, ਠੌਰ ਇਕੰਤ ਸੁਹਾਇ।
ਨੀਂਦ ਬਸ ਮੁਖ ਲਾਲ ਪਰਤੀ, ਭੋਜਨੈ ਬਲ ਥਾਇ।
ਬਚਨ ਮੰਦ ਸਫੈਦ ਨਖ ਮੁਖ, ਸ੍ਵੇਤ ਬਰਨ ਸਰੀਰ।
ਕਫੀ ਏ ਉਨਮਾਦ ਲੱਛਨ, ਕਰਤ ਮੇਘ ਸੁ ਬੀਰ ॥੧੬੩॥

ਮੰਦਾਗਨੀ,ਇਸਤ੍ਰੀ ਦੀ ਚਾਹ,ਏਕਾਂਤ ਸਥਾਨ ਚੰਗਾ ਜਾਪਣਾ,ਬਹੁਤੀ ਨੀਂਦ. ਲਾਲਾਂ ਵਗਣੀਆਂ ਭੋਜਨ ਕਰਨ ਪਿਛੋਂ ਰੋਗ ਦਾ ਬਲ ਵਧਣਾ, ਹੌਲੇ ਵਚਨ, ਨਹੁੰ ਤੇ ਸਰੀਰ ਦੀ ਰੰਗਤ ਸਫੈਦ ਹੋਵੇ, ਇਹ ਕਫ ਕਰਕੇ ਹੋਣ ਵਾਲੇ ਉਨਮਾਦ ਦੇ ਲੱਛਣ ਕਹੇ ਹਨ ॥ ੧੬੩ ॥

ਤ੍ਰਿਦੋਖ ਉਨਮਾਦ ਲਛਣ—ਚੌਪਈ

ਬਾਤ ਪਿੱਤ ਕਫ ਲੱਛਣ ਤੀਨ। ਸੰਨਪਾਤ ਉਨਮਾਦ ਮਲੀਨ।
ਸੋ ਤੋ ਘੋਰ ਬਤਾਯਾ ਜਾਨ। ਕਠਨ ਰੁਜੀ ਕੀ ਜਾਨੋ ਹਾਨ ॥ ੧੬੪ ॥

ਬਾਤ ਪਿਤ ਤੇ ਕਫ ਤਿੰਨਾਂ ਦੇ ਲੱਛਣ ਮਿਲਕੇ ਹੋਵੇ ਸੋ ਸੰਨਿਪਾਤ ਦਾ ਉਨਮਾਦ ਕਿਹਾ ਜਾਂਦਾ ਹੈ, ਇਹ ਭਯਾਨਕ ਹੈ, ਇਸ ਵਿਚ ਸਭ ਦਵਾਈ ਉਲਟੀ ਪੈਂਦੀ ਹੈ, ਨਾ ਕਰੇ ॥ ੧੬੪ ॥

ਮਾਨਸੀ ਵਾ ਰੁਧਰ ਉਨਮਾਦ ਲਛਣ—ਸ਼ੰਕਰਛੰਦ

ਰਾਜ ਅਨਚਰ ਚੋਰ ਅਥਵਾ, ਤਾਹਿਤੇ ਡਰ ਪਾਇ।
ਮਾਤ ਤਾਤੈ ਭ੍ਰਾਤ ਮਰਨੈ, ਘਨੋ ਨਰ ਬਿਲਲਾਇ।
ਅਨਮਿਲਤ ਤੀਯ ਕੀ ਬਾਛ ਚਿਤ ਮੈ,ਵਾ ਬਡੀ ਪਰਿਹਾਰ।
ਮਾਨਸੀ ਉਨਮਾਦ ਭਾਖਯੋ, ਰੁਧਰ ਤੇ ਵਾਕਾਰ ॥ ੧੬੫ ॥

ਰਾਜਾ ਦੇ ਸਿਪਾਹੀ, ਚੋਰ, ਇਹਨਾਂ ਦੇ ਤ੍ਰਾਸ ਦੇਣ ਤੇ ਮਾਤਾ, ਪਿਤਾ, ਭ੍ਰਾਤਾ ਇਹਨਾਂ ਦੇ ਮਰਨ ਪਿਛੋਂ ਬਹੁਤਾ ਬਿਲਾਪ ਕਰਨੇ ਤੇ, ਨਾ ਪ੍ਰਾਪਤ ਹੋਣ ਯੋਗ ਇਸਤਰੀ ਦੀ ਸਦੈਵ ਚਾਹ ਲਗੀ ਰਹਿਣ ਤੇ ਅਥਵਾ ਕਿਸੇ ਬਹੁਤਾ ਮਾਰਿਆ ਹੋਵੇ, ਇਸ ਕਰਕੇ ਮਾਨਸੀ ਉਨਮਾਦ ਹੁੰਦਾ ਹੈ। ਇਸੇ ਤਰ੍ਹਾਂ ਖੂਨ ਵਿਕਾਰ ਤੇ ਭੀ ਹੋ ਜਾਂਦਾ ਹੈ ॥ ੧੬੫ ॥

ਵਿਖ ਉਨਮਾਦ ਲਛਣ—ਚੌਪਈ

ਰੁਦਨ ਗਾਵਨਾ ਹਸੈ ਅਚੇਤ। ਰਕਤ ਨੈਨ ਮੁਖ ਜਾਨ ਅਸੇਤ।

Digitized by Panjab Digital Library | www.panjabdigilib.org

ਅਤਿ ਮੂਢ ਵਿਖੁ ਖਾਵਤ ਜੋਇ। ਲੱਛਨ ਬਿਖ ਉਨਮਾਦੀ ਸੋਇ॥੧੯੬॥

ਰੋਂਦਾ, ਗੌਂਦਾ ਅਚੇਤ ਹੋਯਾ ਹਸਦਾ ਹੈ। ਨੇਤਰ ਲਾਲ, ਮੂੰਹ ਸ਼ਾਮ ਹੁੰਦਾ ਹੈ। ਅਤਯੰਤ ਪਾਗਲ਼, ਵਿਖ ਖਾਣ ਵਾਲਾ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਲੱਛਣ ਵਿਖ ਖਾਣ ਕਰਕੇ ਉਨਮਾਦ ਦੇ ਹੁੰਦੇ ਹਨ ॥ ੧੯੬ ॥

ਸੂਰਾ ਉਨਮਾਦ ਲਛਣ—ਦੋਹਰਾ

ਪੀਵਤ ਮਦਯ ਬਿਕਾਰ ਹੁਇ, ਹਸੈ ਰੁਦਨ ਬਿਲਲਾਪ।
ਛਿਨ ਮੂਰਛਤ ਛਿਨ ਚਪਲ ਮਤਿ, ਉਨਮਾਦੀ ਮਦ ਆਪ ॥੧੯੭॥

ਮਦ (ਸ਼ਰਾਬ) ਪੀਣ ਦੇ ਵਿਕਾਰ ਤੇ ਹਸਦਾ ਰੋਂਦਾ, ਵਿਲਾਪ ਨਾਲ ਛਿਨ ਛਿਨ ਮੂਰਛਾ ਹੁੰਦਾ ਜਾਂਦਾ ਹੈ, ਚਪਲ ਬੁਧੀ ਹੋਵੇ, ਇਹ ਮਦ ਪੀਤੇ ਉਨਮਾਦ ਦੇ ਲਛਣ ਕਹੇ ਜਾਂਦੇ ਹਨ ॥ ੧੯੭ ॥

ਭੂਤੋਨੁਮਾਦ ਲਛਣ—ਸ਼ੰਕਰਛੰਦ

ਨਰਨਿ ਕੈ ਸਮ ਬਚਨ ਨਾਹੀ, ਹੋਇ ਬਿੱਕ੍ਰਮ ਧੀਰ।
ਗਯਾਨ ਅਰੁ ਬਿਗਯਾਨ ਬਲੁ ਸਭ, ਨਾਹਿ ਨਰ ਸਮ ਬੀਰ।
ਲਰਯੋ ਹੈ ਜਿਸ ਭੂਤ ਤਾਕੋ, ਭੂਤ ਲਛਣ ਹੋਇ।
ਸੋ ਭੂਤ ਹੈ ਉਨਮਾਦ ਲਛਨ, ਕਹੇ ਮੇਘ ਸੁ ਜੋਇ ॥੧੯੮॥

ਆਦਮੀਆਂ ਜੇਹੇ ਬਚਨ ਨਹੀਂ ਹੁੰਦੇ, ਬਲ, ਧੀਰਜ ਭੀ ਅਨੋਖੀ ਹੁੰਦੀ ਹੈ। ਗਿਆਨ (ਸਮਰਣ ਸ਼ਕਤੀ) ਵਿਗਿਆਨ (ਧਾਰਨ ਸ਼ਕਤੀ) ਤੇ ਬਲ ਭੀ ਨਰਾਂ ਜੇਹਾ ਨਹੀਂ ਹੁੰਦਾ। ਜਿਸਨੂੰ ਭੂਤ ਚਿੰਬੜਿਆ ਹੋਵੇ ਉਸ ਦੇ ਭੂਤਾਂ ਜੇਹੇ ਲਛਣ ਹੁੰਦੇ ਹਨ, ਸੋਈਓ ਭੂਤ ਉਨਮਾਦ ਕਿਹਾ ਜਾਂਦਾ ਹੈ ॥ ੧੯੮ ॥

ਦੇਵਤਾ ਉਨਮਾਦ ਲੱਛਣ—ਪਰਿਹਾ

ਭੋਜਨ ਬਿਨੁ ਹੈ ਤ੍ਰਿਪਤ, ਪਵਿਤ੍ਰਤਾ ਰਹੈ।
ਦਿਬਯ ਮਾਲ ਸੁਭ ਗੰਧ, ਚਹੈ ਨਿੰਦਾ ਨ ਹੈ।
ਨੇਤ੍ਰ ਸਿਥਰ ਅਰੁ ਤੇਜ. ਸੰਸਕ੍ਰਿਤ ਭਾਸ ਹੈ।
ਵਰ ਦੇਵੈ ਉਨਮਾਦ, ਦੇਵਤਾ ਆਸ ਹੈ ॥ ੧੯੯ ॥

ਬਿਨਾਂ ਭੋਜਨ ਕੀਤੇ ਹੀ ਤ੍ਰਿਪਤ ਰਹਿੰਦਾ ਹੈ, ਪਵਿਤ੍ਰਤਾ ਵਿਖੇ ਰਹੇ, ਦਿਵਯ ਮਾਲਾ ਦੀ ਸੁਗੰਧੀ ਚਾਹੁੰਦਾ ਹੈ. ਸੌਂਦਾ ਨਹੀਂ, ਨੇਤਰ ਸਥਿਰ ਅਰ ਤੇਜੱਸਵੀ ਮੂੰਹੋਂ ਸੰਸਕ੍ਰਿਤ ਬੋਲਦਾ ਹੈ, ਵਰਦਾਨ ਦਿੰਦਾ ਹੈ, ਇਹ ਉਨਮਾਦ ਦੇਵਤਾ ਗ੍ਰਸੇ ਦਾ ਕਿਹਾ ਜਾਂਦਾ ਹੈ ॥ ੧੯੯ ॥

ਦੈਂਤ ਉਨਮਾਦ ਲੱਛਣ—

ਸ੍ਵੇਦ ਹੋਇ ਭਯ ਤ੍ਰਿਪਤਿ, ਨਹੀ ਜਲੁ ਪਾਨਹੀ।
ਗੁਰੁ ਦ੍ਵਿਗ ਦੇਵਹਿ ਦੋਖ, ਸੁ ਕਰਤ ਬਖਾਨਹੀ।

Digitized by Panjab Digital Library | www.panjabdigilib.org

ਦੁਸਟ ਬੇਦ ਕੋ ਦੋਖੀ, ਲਛਣ ਜਾਨਿਯੋ।
ਦੈਤ ਕਹਯੋ ਉਨਮਾਦ, ਮਨੇ ਮਹਿ ਆਨਿਯੋ ॥੧੭੦॥

ਪਸੀਨਾ ਘਨਾ ਹੁੰਦਾ ਹੈ, ਨਿਡਰ, ਅਰ ਜਲਪਾਨ ਨਾਲ ਰਜਦਾ ਨਹੀਂ, ਗੁਰ ਦਿਵਜ, ਦੇਵਤਾ ਵਿਚ ਦੂਸ਼ਣ ਕੱਢਦਾ ਹੈ, ਦੁਸਟ ਕੰਮ ਕਰਨਹਾਰਾ, ਵੇਦ ਵਿਰੋਧੀ, ਅਜੇਹੇ ਲਖਣਾਂ ਵਾਲਾ ਦੈਂਤ ਉਨਮਾਦੀ ਕਿਹਾ ਜਾਂਦਾ ਹੈ ॥ ੧੭੦ ॥

ਗੰਧ੍ਰਬ ਉਨਮਾਦ ਲੱਛਣ—ਪਰਹਾ

ਖੁਸ਼ੀ ਆਤਮਾ ਰਹਤ, ਸਰਬ ਬਨ ਸੇਵ ਹੈ।
ਗੰਧ ਮਾਲ ਮਹਿ ਪ੍ਰੀਤ, ਚਹਤ ਹਸ ਏਵ ਹੈ।
ਅਪਨਾ ਕਹੈ ਅਚਾਰ, ਸਬਦਿ ਅਤਿ ਅਲਪ ਹੀ।
ਏ ਉਨਮਾਦ ਗੰਧਰਬ, ਜੁ ਲਛਨ ਕਲਪ ਹੀ ॥੧੭੧॥

ਪ੍ਰਸੰਨ ਆਤਮਾ ਰਹਿੰਦਾ ਹੈ, ਬਨ ਉਪਬਨ ਵਿਚ ਨਿਵਾਸ ਰਖਦਾ ਹੈ। ਸੁਗੰਧਿਤ ਮਾਲਾਂ ਵਿਚ ਪ੍ਰੀਤੀ ਅਰ ਚਾਹ ਹੁੰਦੀ ਹੈ ਤੇ ਮੁਸ਼ਕੜੋਂਦਾ ਹੈ। ਆਪਣਾ ਉੱਤਮ ਅਚਾਰ ਕਰਦਾ ਹੈ, ਧੀਮਾਂ ਬੋਲਦਾ ਹੈ। ਇਹ ਗੰਧ੍ਰਬ ਉਨਮਾਦ ਦੇ ਲੱਛਨ ਹੁੰਦੇ ਹਨ ॥ ੧੭੧ ॥

ਯਖਯ ਉਨਮਾਦ ਲੱਛਣ—ਦ੍ਵੈਯਾਛੰਦ

ਤਨ ਪਤਲਾ ਅਰੁ ਲਾਲ ਬਸਨ ਹਿਤ, ਤਾਂਬਰ ਰੰਗ ਸਨੈਨਾ।
ਸੀਘਰ ਗਤਿ ਗੰਭੀਰ ਤੇਜ ਸਹਿ, ਬਚਨ ਅਲਪ ਕਛੁ ਸੈਨਾ।
ਕਯਾ ਦੇਵਾ ਕਿਸਨੋ ਜੋ ਆਖੈ, ਸਮਝ ਬਾਤ ਨਰ ਏਹੀ।
ਕਹਯੋ ਜੱਖ ਉਨਮਾਦ ਬਿਚਾਰੈ, ਲੱਛਣ ਮਾਧਵ ਤੇਹੀ ॥੧੭੨॥

ਸਰੀਰ ਪਤਲਾ, ਲਾਲ ਬਸਤ੍ਰਾਂ ਵਿਚ ਰੁਚੀ, ਤਾਂਬੇ ਰੰਗ ਨੇਤ੍ਰ, ਸ਼ੀਘਰ ਗਤੀ ਵਾਲਾ ਗੰਭੀਰ, ਤੇਜ ਸੰਯੁਕਤ. ਧੀਮੇ ਬਚਨ, ਕੁਛ ਸਨਤ ਮਾਤ੍ਰ। ਕਿਸੇ ਨੂੰ ਕੀ ਦਿਆ ਜੋ ਕਹੇ ਸੋ ਦਿਆਂ, ਇਤਯਾਦੀ ਲੱਛਣ ਯਖ ਉਨਮਾਦ ਵਾਲ ਦੇ ਕਹੇ ਹਨ ॥ ੧੭੨ ॥

ਪਿਤ੍ਰ ਉਨਮਾਦ ਲੱਛਣ—ਸ਼ੰਕਰਛੰਦ

ਪਿੰਡਾਇ ਪ੍ਰੇਤ ਜੁ ਪਿੰਡ ਦੇਵੈ, ਸ਼ਾਂਤ ਆਤਮ ਜਾਨ।
ਤਰਫ ਖਬੀ ਬਸਤ੍ਰ ਪਹਿਰੈ, ਮਾਸ ਤਿਲ ਗੁੜ ਖਾਨ।
ਖੀਰ ਬਾਂਛਾ ਰਹੈ ਨਿਸ ਦਿਨ, ਪਿਤਰ ਕੇ ਉਨਮਾਦ।
ਕਹੈ ਮਾਧਵ ਜਾਨ ਲੀਜੋ, ਨਾਹਿ ਕਪਉ ਵਾਦ ॥੧੭੩॥

ਬਨਾਇਕੇ ਪਰੇਤ ਦੇ ਪਿੰਡ ਦਿੰਦਾ, ਸ਼ਾਂਤ ਆਤਮਾ, ਖੱਬੀ ਤਰਫ ਬਸਤ੍ਰ ਪਹਿਰਨ ਵਾਲਾ ਮਾਸ, ਤਿਲ, ਗੁੜ ਖਾਂਦਾ ਹੈ, ਖੀਰ ਦੀ ਨਿਤ ਪ੍ਰਤਿ ਚਾਹ ਰਖਦਾ ਹੈ, ਇਹ ਪਿਤ੍ਰ ਉਨਮਾਦ ਦੇ ਲੱਛਣ'

Digitized by Panjab Digital Library | www.panjabdigilib.org

ਕਹੇ ਜਾਂਦੇ ਹਨ ॥ ੧੭੩ ॥

ਨਾਗ ਕੁਮਾਰ, ਉਨਮਾਦ ਲੱਛਣ—ਸ਼ੰਕਰਛੰਦ

ਭੂਮ ਮੈ ਸੋ ਪਸਰ ਪਰਤਾ, ਨਾਗ ਕੀ ਜਿਮ ਜਾਨ।
ਜੀਭ ਸੋ ਚਾਟੈ ਬਰਾਛਾ, ਕ੍ਰੋਧ ਕਰ ਹੈ ਮਾਨ।
ਦੂਧ ਗੁੜ ਅਰੁ ਖੀਰ ਬੰਛੈ, ਕਹਯੋ ਨਾਗਕੁਮਾਰ।
ਉਨਮਾਦ ਕੇ ਲਛਨ ਬਖਾਨੇ, ਬੈਦ ਕੈ ਹਿਤਧਾਰ ॥ ੧੭੪ ॥

ਪ੍ਰਿਥਵੀ ਪਰ ਛਾਤੀ ਭਾਰ ਪਸਰ ਪੈਂਦਾ ਹੈ, ਜਿਸ ਤਰ੍ਹਾਂ ਨਾਗ ਤੁਰਦਾ ਹੈ, ਜੀਭ ਨਾਲ ਹੋਂਠ ਚੱਟਦਾ, ਕ੍ਰੋਧ ਕਰਦਾ ਹੈ, ਦੁਧ, ਗੁੜ ਦੀ ਖੀਰ ਦੀ ਵਾਂਛਾ ਕਰਦਾ ਹੈ, ਇਹ ਨਾਗ ਕੁਮਾਰ ਉਨਮਾਦ ਦੇ ਲੱਛਣ ਕਹੇ ਹਨ ॥੧੭੪॥

ਰਾਖਸ਼ ਉਨਮਾਦ ਲੱਛਣ

ਰੁਧਰ ਮਦੁ ਪਲ ਚਾਹ ਕਰਤਾ, ਅਰੁਚਿ ਹੈ ਜੋ ਬਿਕਾਰ।
ਕਠੋਰ ਕ੍ਰੋਧੀ ਸੂਰਮਾ ਬਲ, ਘਨੋ ਤਾਹਿ ਬਿਚਾਰ।
ਸੁਧ ਪਵਿਤ੍ਰ ਦੋਖ ਕਰਤਾ, ਹੋਤ ਨਹਿ ਤਿਸ ਲਾਜ।
ਏ ਰਾਂਖਸੀ ਉਨਮਾਦ ਲੱਛਣ, ਕਹਤ ਮੇਘ ਸੁ ਰਾਜ ॥ ੧੭੫ ॥

ਖੂਨ, ਮਦ, ਮਾਸ ਦੀ ਚਾਹ ਕਰਦਾ ਅਰ ਜੋ ਜੋ ਬਿਕਾਰ ਹਨ ਉਨ੍ਹਾਂ ਦੀ ਚਾਹਨਾ ਕਰੇ। ਕਠੋਰ, ਕ੍ਰੋਧੀ ਸੁਭਾਵ ਵਾਲਾ ਸੂਰਮਾ, ਬਹੁਤਾ ਬਲ ਉਸ ਵਿਚ ਆਵੇ, ਸੁਧ ਪਵਿਤ੍ਰਤਾ ਨਾਲ ਦੋਖਾਂ ਦੇ ਕਰਨ-ਹਾਰਾ, ਨਿਰਲੱਜ ਹੋ ਜਾਂਦਾ ਹੈ, ਇਸ ਤਰ੍ਹਾਂ ਰਾਕਸ ਉਨਮਾਦ ਦੇ ਲੱਛਣ ਕਹੇ ਹਨ ॥੧੭੫॥

ਪਿਸ਼ਾਚ ਉਨਮਾਦ ਲੱਛਣ

ਨਗਨਿ ਮਾੜਾ ਕਠਨਿ ਬੋਲੈ, ਬਚਨ ਜਾਨ ਬਿਰੁੱਧ।
ਦੁਰਗੰਧ ਪ੍ਰਬਲ ਅਸੁ ਚੈਤਨ, ਹੋਇ ਲੋਲਪਿ ਸਿਧ।
ਇਕੰਤ ਬਨ ਕੀ ਚਾਹ ਭ੍ਰਮ ਹੈ, ਰੁਦਨ ਬਹੁਤਾ ਖਾਇ।
ਕੁਚੇਸਟਾ ਕੋ ਕਰੈ ਨਿਸਦਿਨ, ਏ ਉਨਮਾਨ ਪਿਸਾਇ ॥ ੧੭੬ ॥

ਨੰਗਾ ਹੋ ਬੈਠਦਾ ਹੈ, ਲਿੱਸਾ, ਕਰੜਾ ਅਰ ਵਿਰੁਧ ਬਚਨ ਬੋਲਦਾ ਹੈ, ਅਤਯੰਤ ਦੁਰਗੰਧ ਵਾਲਾ, ਅਪਵਿਤ੍ਰ, ਚੰਚਲ, ਏਕਾਂਤ ਬਨ ਜਾਣ ਦੀ ਚਾਹ ਵਾਲਾ, ਭ੍ਰਮਣ ਕਰਦਾ; ਰੋਂਦਾ ਬਹੁਤਾ ਖਾਂਦਾ ਹੈ ਤੇ ਖੋਟੀਆਂ ਚੇਸ਼ਟਾਵਾਂ ਰਾਤ ਦਿਨ ਕਰਦਾ ਹੈ ਇਨ੍ਹਾਂ ਲਛਣਾ ਵਾਲਾ ਰਾਕਸ਼ ਉਨਮਾਦੀ ਕਿਹਾ ਜਾਂਦਾ ਹੈ ॥੧੭੬॥

ਅਥ ਪ੍ਰਹਾਰ ਉਨਮਾਦ ਲਛਣ—ਚੌਪਈ

ਬ੍ਰਿਖ ਗਿਰ ਸੁ ਹਾਥੀ ਤੇ ਗਿਰੈ। ਸੋ ਅਸਾਧਯ ਉਨਮਾਦੀ ਮਰੈ।

Digitized by Panjab Digital Library | www.panjabdigilib.org

ਦ੍ਰਿਗ ਭਾਰੀ ਝਗੁ ਸੀਘਰ ਬੈਨ। ਨਿੰਦ੍ਰਾ ਗਿਰਤਾ ਕੰਪੈ ਆਨ ॥੧੭੭॥
ਉਮਾਦ ਖਟ ਦਸ ਭੂਤ ਬਖਾਨ। ਚਾਰ ਮਦਾਤਜਯ ਬੀਸ ਸੁ ਆਨ।
ਬੀਸ ਜਾਤ ਜਾਨਹੁ ਉਨਮਾਦ। ਮਾਧਵ ਦੇਖੋ ਕਰੋ ਨ ਬਾਦ ॥੧੭੮॥

ਬੈਲ ਵਾ ਬ੍ਰਿਛ, ਪਹਾੜ, ਹਾਥੀਓਂ ਡਿਗੇ, ਸੋ ਅਸਾਧ ਉਨਮਾਦੀ ਮਰ ਗਾਂਦਾ ਹੈ। ਨੇਤ੍ਰ ਭਾਰੇ, ਮੂੰਹੋਂ ਝੱਗ ਆਵੇ, ਛੇਤੀ ਬੋਲੇ, ਅਧਿਕ ਨਿੰਦ੍ਰਾਲੂ, ਡਿਗ ਡਿਗ ਪਵੇ, ਕੰਬੇ, ਇਸ ਪ੍ਰਕਾਰ ਸੋਲਾਂ ਉਨਮਾਦ ਭੂਤ ਜਿੰਨ ਹਨ, ਚਾਰ ਮਦਾਤਯਯ ਦ੍ਵਾਰਾ ਸਾਰੇ ਬੀਸ ਹਨ। ਇਹ ਬੀਜ ਜਾਤ ਦਾ ਉਨਮਾਦ ਮਾਧਵ ਵਿਚ ਦੇਖਕੇ ਨ੍ਰਿਵਿਵਾਦ ਹੋਵੇ, ਵਿਵਾਦ ਨਾ ਕਰੋ ॥੧੭੭॥੧੭੮॥

ਪੂਨਮ ਕੋ ਹ੍ਵੈ ਦੇਵੁਨਮਾਦ। ਅਸਰ ਗੰਧਰਬ ਜੁ ਅਸਟਮ ਵਾਦ।
ਪੜਵਾ ਕੋ ਜਖ ਛਾਯਾ ਹੋਇ। ਪਿਤਰ ਕ੍ਰਿਸ਼ਨ ਪਖ ਜਾਨੋ ਸੋਇ॥੧੭੯॥
ਪੰਚਮ ਕੋ ਹੈ ਨਾਗ ਕੁਮਾਰ। ਰਾਛਸ ਰਜਨੀ ਕੋ ਦੁਖ ਕਾਰ।
ਪਿਸਾਚ ਚੌਦਸੇ ਛਾਯਾ ਕਰੈ। ਏ ਉਨਮਾਦੀ ਬਿਧ ਕੋ ਧਰੈ ॥੧੮੦॥

ਵਿਸ਼ੇਸ਼ ਕਰਕੇ ਪੂਰਨਮਾਸ਼ੀ ਨੂੰ ਦੇਵ ਗ੍ਰਹ ਗ੍ਰਸਦਾ ਹੈ। ਦੈਤ, ਗੰਧ੍ਰਬ, ਉਨਮਾਦ ਅਸਟਮੀ ਨੂੰ ਯਖਗ੍ਰਹ ਕੀ ਛਾਯਾ ਏਕਮ ਨੂੰ ਪਿਤ੍ਰ ਉਨਮਾਦ ਅੰਧੇਰ ਪੱਖ ਵਿਚ ਪੰਚਮੀ ਨੂੰ ਨਾਗ ਕੁਮਾਰ ਰਾਖਸ਼ ਉਨਮਾਦ ਰਾਤ ਨੂੰ, ਪਿਸ਼ਾਚ ਚੌਦੈਂ ਨੂੰ ਇਸ ਤਰ੍ਹਾਂ ਇਨ੍ਹਾਂ ਸਭ ਉਨਮਾਦਾਂ ਦੇ ਗ੍ਰਾਸ ਦਾ ਸਮਯ ਹੈ ॥੧੭੯॥੧੮੦॥

ਦੋਹਰਾ

ਸੀਸੇ ਮੇ ਪਰਵੇਸ ਨਰ, ਛਾਯਾ ਕਰ ਹੈ ਜੇਮ।
ਤਿਮ ਸਰੀਰ ਮੈਂ ਭੂਤ ਜਖ, ਛਾਯਾ ਕਰਿ ਹੈ ਤੇਮ ॥੧੮੧॥

ਸ਼ੀਸ਼ੇ ਵਿਚ ਆਦਮੀ ਦੀ ਛਾਯਾ ਜਿਸ ਤਰ੍ਹਾਂ ਪ੍ਰਵੇਸ਼ ਕਰ ਜਾਂਦੀ ਹੈ, ਤਿਸੀ ਤਰ੍ਹਾਂ ਸਰੀਰ ਵਿਖੇ ਭੂਤ ਤੇ ਯਖ ਦਾ ਪ੍ਰਵੇਸ਼ ਕਰਨਾ ਕਿਹਾ ਹੈ ॥੧੮੧॥

ਅਥ ਸਰਬ ਉਨਮਾਦ ਉਪਾਇ (ਯੋਗਸਤਾਤ)—ਚੌਪਈ

ਸਰਖਪ ਤ੍ਰਿਫਲਾ ਸਿਰਸ ਕਰੰਜ। ਮਾਲਕੰਗਨੀ ਨਿਸ ਦੁਇ ਅੰਜ।
ਤ੍ਰਿਕੁਟਾ ਬਰਚ ਮਜੀਠੈ ਦਾਰੁ। ਹਾਲੋਂ ਤਿਰਵੀ ਰਾਮਠ ਡਾਰ ॥੧੮੨॥
ਛਾਗ ਮੂਤ ਸੇ ਪੀਸੋ ਤੇਹ। ਪੀਵਤ ਰੋਗੀ ਸੁਖ ਕੋ ਲੇਹ।
ਭੂਤ ਪ੍ਰੇਤ ਉਨਮਾਦ ਨਸਾਇ। ਸਾਕਨਿ ਡਾਕਨਿ ਮੰਤਰ ਜਾਇ ॥੧੮੩॥
ਛਾਯਾ ਜੰਤਰ ਤੰਤਰ ਮਿਟੈ। ਔਰ ਦੋਖ ਸਭ ਤਨ ਤੇ ਘਟੈ।
ਕਹਤ ਜੋਗ ਸਤ ਸਾਚੀ ਬਾਤ। ਮੇਘ ਬਿਨੋਦੈ ਕਰੀ ਬਿਖਯਾਤ ॥੧੮੪॥

੮੧੦—ਸਰਸੋਂ, ਤ੍ਰਿਫਲਾ, ਸਰੀਂਹ, ਮੀਚਕਾ, ਮਾਲਕੰਡਣੀ, ਦੋਨੋਂ ਹਲਦੀਆਂ, ਤ੍ਰਿਕੁਟਾ, ਵਚ, ਮਜੀਠ, ਦੇਵਦਾਰ, ਹਾਲੋਂ, ਤ੍ਰਿਵੀ ਤੇ ਹਿੰਗ ਸਮਾਨ ਭਾਗ ਲੈਕੇ ਬਕਰੀ ਦੇ ਮੂਤ੍ਰ ਨਾਲ ਘੋਟੇ,ਫਿਰ ਪੀਵੇ

Digitized by Panjab Digital Library | www.panjabdigilib.org

ਤਾਂ ਰੋਗੀ ਸੁਖ ਪ੍ਰਾਪਤ ਕਰੇ, ਭੂਤ ਪ੍ਰੇਤ ਦਾ ਉਨਮਾਦ, ਸਾਕਣੀ ਡਾਕਣੀ ਮੰਤ੍ਰ, ਛਾਯਾ, ਜੰਤ੍ਰ, ਆਦ ਦੀ ਪੀੜਾ ਨਾਸ਼ ਕਰੇ, ਅਰ ਸਰੀਰ ਨੂੰ ਸੁਖ ਦੇਦੇ, ਹੋਰ ਦੋਖਾਂ ਨੂੰ ਭੀ ਨਾਸ ਕਰਨਹਾਰਾ ਯੋਗ ਹੈ ॥੧੯੨ ਤੋਂ ੧੯੪ ॥

ਅੰਜਨ—ਦੋਹਰਾ

ਊਖਨ ਕਟੁਕੀ ਹਿੰਗ ਬਚ, ਲਵਨ ਸਿਰਸ ਕੇ ਬੀਜ।
ਸੇਤੀ ਸਰਸੋਂ ਮੂਤ ਗਵਿ, ਗੁਟੀ ਪੀਸ ਕੈ ਕੀਜ॥ ੧੯੫ ॥
ਦ੍ਰਿਗ ਮਹਿ ਅੰਜਨ ਪਾਈਐ, ਮਿਟੈ ਸਕਲ ਉਨਮਾਦ।
ਅਪਸਮਾਰ ਜੁਰ ਚਾਉਥਾ, ਔਰ ਮਿਟੈ ਬਕਬਾਦ॥ ੧੯੬ ॥

੮੧੧—*ਮਘ, ਮਿਰਚ ਸੁੰਢ, ਕੌੜ, ਭੁੰਨੀਹਿੰਗ, ਵਚ, ਸੇਂਧਾ ਲਿਮਕ, ਸਰੀਂਹ ਦੇ ਬੀਜ ਤੇ ਚਿਟੀ ਸਰੋਂ ਗਊਂ ਦੇ ਪੇਸ਼ਾਬ ਵਿਚ ਪੀਹਕੇ ਗੋਲੀ ਬਨਾਏ, ਨੇਤ੍ਰਾਂਜਨ ਕਰੇ ਤਾਂ ਸਭ ਤਰ੍ਹਾਂ ਦੇ ਉਨਮਾਦ ਨਾਸ ਕਰੇ ਹੋਰ ਮ੍ਰਿਗੀ, ਚੋਥਾ ਤਪ ਤੇ ਬਕਬਾਦ ਆਦਿ ਸਭਨਾਂ ਨੂੰ ਨਾਸ ਕਰੇ ॥੧੯੫॥੧੯੬॥

ਧੂਪ—ਚੌਪਈ

ਗੂਗਲ ਹਰਮਲ ਗੰ੍ਰਥਕ ਪਾਇ। ਨੀਲ ਬਸਨ ਮਹਿ ਧੂਪ ਦਿਵਾਇ।
ਜਿਨ ਭੂਤ ਉਨਮਾਦ ਨਸਾਇ। ਬਿੰਦ ਰਖੀਸ੍ਰਰ ਦਈ ਬਤਾਇ ॥੧੯੭॥

੮੧੨—ਗੁਗਲ, ਹਰਮਲ, ਪਿਪਲਾਮੂਲ ਤੇ ਨੀਲਾ ਬਸਤ੍ਰ ਇਨ੍ਹਾਂ ਦਾ ਧੂਪ ਦੇਵੇ ਤਾਂ ਜਿਨ ਭੂਤ ਅਰ ਉਨਮਾਦ ਸਭ ਨਾਸ ਕਰੇ ॥੧੯੭॥

(ਰਸਰਤਨਾਕਰਾਤ)—ਚੌਪਈ

ਰਾਸਭ ਅਸਿਥ ਕਾ ਤੇਲ ਕਢਾਇ। ਚੁਕਚੁੰਦਰ ਮ੍ਰਿਤਕ ਪੀਸਾਇ।
ਮੇਲ ਦੋਊ ਰਾਖੇ ਭਿੰਨ ਭਿੰਨ। ਬੈਦ ਤਿਲਕ ਸ੍ਰਜ ਪਟਮੈਕਿੰਨ॥੧੯੮॥
ਤਿਲਕ ਲਾਇ ਰੋਗੀ ਗ੍ਰਿਹ ਜਾਇ। ਬੈਦ ਦਰਸ ਤੇ ਭੂਤ ਨਸਾਇ।
ਸਕਲ ਮਿਟੈ ਉਨਮਾਦ ਬਿਕਾਰ। ਬੈਦ ਤਿਲਕ ਦੇਖੀ ਲਿਲਾਰ॥੧੯੯॥

੮੧੩—ਗਧੇ ਦੇ ਹੱਡਾਂ ਦਾ (ਪਤਾਲ ਜੰਤ੍ਰ ਦ੍ਵਾਰਾ) ਤੇਲ ਕੱਢੇ ਅਰ ਮੋਈ ਚਕਚੂੰਧਰ ਲੈ ਆਵੇ, ਇਸ ਨੂੰ ਪੀਹ ਲਵੇ, ਦੋਨੋ ਵੱਖ ਵੱਖ ਰਖੇ ਲੋੜ ਵਲ ਦੋਨੋ ਮਿਲਾ ਲਵੇ ਅਰ ਫਿਰ ਆਪਣ ਮੱਥੇ ਉਪਰ ਯਾ ਬਸਤ੍ਰ ਉਪਰ, ਵੈਦ ਤਿਲਕ ਲਗਾਵੇ। ਅਰ ਰੋਗੀ ਦੇ ਘਰ ਜਾਵੇ ਤਾਂ ਵੈਦ ਦੇ ਦਰਸਨ ਮਾਤ੍ਰ ਤੇ ਭੂਤ ਉਠੋ ਭਜੇ। ਹੋਰ ਉਨਮਾਦ ਦੇ ਭੀ ਸਭ ਵਿਕਾਰ ਨਾਸ ਕਰ। ਜਦ ਵੈਦ ਦੇ ਤਿਲਕ ਦਾ ਬੀਮਾਰ ਦਰਸ਼ਨ ਕਰੇ ॥੧੯੯॥

ਚੌਪਈ

ਰਾਸਭ ਕ੍ਰਿਸਨ ਜੁ ਮੂਤ ਮਗਾਇ। ਚਕਚੂੰਦਰ ਮ੍ਰਿਤਕੁ ਲੇ ਆਇ।

*ਊਖਣ ਨਾਮ ਮਿਰਚ ਦਾ ਹੈ, ਪਰੰਤੂ ਏਥੇ ਤ੍ਰਿਊਖਦ ਕਰਕੇ ਤ੍ਰਿਕੁਟਾ ਜਾਣੋ।

Digitized by Panjab Digital Library | www.panjabdigilib.org

ਪੀਸ ਤਿਲਕ ਸ੍ਰਜ ਬੈਦ ਲਿਲਾਰ। ਦੇਖਤ ਭਾਗਤ ਭੂਤ ਬਿਚਾਰ॥੧੯੦॥

੮੧੪-ਕਾਲੇ ਗਧੇ ਦਾ ਪੇਸ਼ਾਬ ਲੈਕੇ ਮਰੀ ਚਕਚੂੰਧਰ ਉਸ ਵਿਚ ਪਾਕੇ, ਵੈਦ ਆਪਣੇ ਮੱਥੇ ਪਰ ਤਿਲਕ ਕੱਢੇ, ਇਸ ਤਿਲਕ ਨੂੰ ਦੇਖਦੇ ਸਾਰ ਭੂਤ ਉੱਠ ਭੱਜੇ ॥੧੯੦॥

ਰਾਸਭ ਲਿੰਗ ਨਰ ਮੂਤ ਘਸਾਇ। ਘ੍ਰਿਤ ਸੋ ਨਾਵਨ ਨਰਕੋ ਦਾਇ।
ਭੂਤ ਰਾਖਸਾ ਅਰ ਉਨਮਾਦ। ਅਪਸਮਾਰ ਕਾ ਜਾਵੈ ਬਾਦ ॥੧੯੧॥

੮੧੫-ਗਧੇ ਦਾ ਲਿੰਙ ਆਦਮੀ ਦੇ ਮੂਤ੍ਰ ਵਿਚ ਘਸਾ ਕੇ ਘਿਉ ਨਾਲ ਨਸਵਾਰ ਕਰੇ ਤਾਂ ਭੂਤ' ਰਾਖਸ ਦਾ ਉਨਮਾਦ ਅਰ ਮ੍ਰਿਗੀ ਜਾਵੇ ॥੧੯੧॥

ਰਾਸਭ ਨਰ ਵਾ ਲਿੰਗੈ ਸ੍ਵਾਨ। ਧੂਪ ਸੁਕਾਈ ਰਾਖੋ ਤਾਨ।
ਨਰ ਮੂਤ੍ਰ ਸੋਂ ਘਸ ਸਨ ਦੇਇ। ਭੂਤ ਉਨਮਾਦ ਕੋ ਦੂਰ ਕਰੇਇ॥੧੯੨॥

੮੧੬-ਗਧੇ ਦਾ ਲਿੰਗ ਯਾ ਕੁਤੇ ਦੀ ਇੰਦਰੀ ਧੁੱਪੇ ਸੁਕਾ ਕੇ ਰਖ ਛਡੇ, ਲੋੜ ਵੇਲੇ ਆਦਮੀ ਦੇ ਮੂਤ੍ਰ ਨਾਲ ਘਿਸਾਕੇ ਨਸਵਾਰ ਦੇਵੇ ਤਾਂ ਭੀ ਭੂਤ ਉਨਮਾਦ ਨਾਸ਼ ਹੋਵੇ ॥ ੧੯੨ ॥

ਮੰਤ੍ਰ (ਰਸਰਤਨਾਕਰਾਤ)-ਦੋਹਰਾ

ਨਾਰ ਸਿੰਘ ਕੇ ਮੰਤ੍ਰ ਸੋਂ ਝਾੜਾ ਇਕੀ ਵਾਰ।
ਸਾਕਨਿ ਡਾਕਨਿ ਭੂਤ ਜਿਨਿ ਅਪਸਮਾਰ ਕੋ ਟਾਰ ॥੧੯੩॥

੮੧੭-ਇਸ ਨਾਰ ਸਿੰਘ ਦੇ ਮੰਤ੍ਰ ਨਾਲ ੨੧ ਬਾਰ ਝਾੜਾ ਕਰੇ ਤਾਂ ਸਾਕਣੀ, ਡਾਕਣੀ, ਭੂਤ, ਜਿੰਨ ਅਤੇ ਮ੍ਰਿਗੀ ਸਭੇ ਨਾਸ ਹੋਵੇ ॥ ੧੯੩ ॥

ਯਥਾ ਮੰਤ੍ਰ :-

"ਓਮ ਨਮੋ ਨਰ ਸਿੰਘਾਯ, ਹਿਰਣਕਸਿਪੋ ਰਵਖਯਸਥਲ ਵਿਦਾਰਨਾਯ, ਤ੍ਰਿਭਵਣ ਵਯਾਪਕਾਯ ਭੂਤਾਯ, ਪ੍ਰਤੀਸਾਰਣਾਯ, ਡਾਕਨੀ ਕੁਲੋਨ ਮੂਲਨਾਯ, ਸਮਸਤ ਦੋਖਾਨ ਹਰ ਹਰ ਬਿਸਰ ਬਿਸਰ ਬਲ ਬਲ ਕੰਪ ਕੰਪ ਮਥ ਹੁੰ ਹੁੰ ਹੁੰ ਫਟ ਫਟ ਚਟ ਚਟ ਏਹੀ ਏਹੀ ਰੁਦ੍ਰਾਗਜਾ ਪਯ੍ਤੀ ਸ੍ਵਾਹਾ'।

ਰਾਮਠਾਦਿ ਘ੍ਰਿਤ (ਰਸਤਨਾਕਰਾਤ)-ਚੌਪਈ

ਰਾਮਠ ਸੌਂਚਰ ਊਖਨ ਪਾਇ। ਪਾਂਚੋ ਪਲ ਏ ਪਾਂਚੋ ਲਯਾਇ।
ਚੌਹਟ ਪਲ ਗੋ ਆਜਯ ਮੰਗਾਇ। ਤਾਂਤੇ ਚੌਗੁਨ ਗੋ ਜਲੁ ਪਾਇ॥੧੯੪॥
ਅਗਨਿ ਕਰੀ ਜੋ ਘੀਉ ਰਹਾਇ। ਉਨਮਾਦੀ ਕੋ ਖਾਵਨ ਦਾਇ।
ਜਿੰਨ ਭੂਤ ਸੁਰ ਜਖ ਗੰਧਰਬ। ਸਾਕਨਿ ਡਾਕਨਿ ਜਾਵਤ ਸਰਬ॥੧੯੫॥

੮੧੮-ਹਿੰਙ, ਸੌਂਚਰ ਲੂਣ, ਮ੍ਰਿਚ, ਮਘ, ਸੁੰਢ, ਇਹ ਪੰਜੇ ਪੰਜ ਪਲ ਅਰਥਾਤ ੨੦ ਤੋਲੇ ਲਵੇ, ਅਰ ਗੌਕਾ ਘ੍ਰਿਤ ੬੪ ਪਲ, ਅਰਥਾਤ ੨੫੬ ਤੋਲੇ ਇਸ ਨਾਲੋਂ ਚੌਗੁਣਾ ਗੋਕਾ ਪੇਸ਼ਾਬ ਪਾਕੇ ਅੱਗ ਪਰ ਸੁਕਾਵੇ, ਜਦ ਘਿਉ ਮਾਤ੍ਰ ਆਣ ਰਹੇ, ਤਾਂ ਉਨਮਾਦੀ ਨੂੰ ਖੁਲਾਵੇ, ਖਾਣ ਨਾਲ ਜਿੰਨ, ਭੂਤ ਦੇਵ, ਯੱਖ ਗੰਧ੍ਰਬ, ਸਾਕਨੀ ਤੇ ਡਾਕਨੀ ਸਭੇ ਤਿਆਗ ਜਾਵੇ ॥ ੧੯੪ ॥ ੧੯੫ ॥

ਭੂਤਾਂਕੁਸ ਰਸ (ਰਸਰਤਨਾਕਰਾਤ)-ਚੌਪਈ

Digitized by Panjab Digital Library | www.panjabdigilib.org

ਸੂਤ ਤੰਮੇਸਰ ਮਨਸਿਲ ਪਾਇ। ਕਾਂਤਿ ਲੋਹ ਤ੍ਰਪ ਚਾਂਦੀ ਖਾਇ।
ਮੁਕਤ ਬੱਜ੍ਰ ਗੰਧਕ ਹਰਤਾਰ। ਨੀਲਾਜਨ ਰਸ ਥੋਥਾ ਡਾਰ ॥੧੯੬॥
ਪਾਂਚੋ ਲਵਨ ਸਮੁੰਦਰ ਝਾਗ। ਏ ਲੀਜਤ ਸਭ ਸਮਕਰ ਭਾਗ।
ਚਿਤ੍ਰ ਬੋਹਰ ਪਯ ਭ੍ਰਿੰਗ ਰਾਜ। ਇਨ ਤੀਨੋ ਕੇ ਰਸ ਪੁਟ ਸਾਜ ॥੧੯੭॥
ਏਕ ਦਿਵਸ ਖਰਲੋ ਚਿਤ ਲਾਇ। ਤਾਕੀ ਟੀਕੀ ਕਰੇ ਬਨਾਇ।
ਗਜ ਪੁਟ ਦੇਕੇ ਭਸਮ ਕਰਾਇ। ਭੂਤਾਂਕੁਸ ਰਸ ਏਹ ਕਹਾਇ ॥੧੯੮॥
ਅਦ੍ਰਿਕ ਰਸ ਸੇਂ ਗੁਜਾਂ ਦੋਇ। ਜੋ ਚਾਟਤ ਉਨਮਾਦ ਨ ਹੋਇ।
ਭੂਤ ਯਖ ਰਾਖਸ ਅਰ ਦੇਵ। ਸਾਕਨਿ ਡਾਕਨਿ ਦੂਰ ਗਵੇਵ ॥੧੯੯॥

੮੧੯—ਪਾਰਾ, ਮ੍ਰਿਤਤਾਂਬਾ, ਮਨਸਿਲ, ਕਾਂਤੀਲੋਹਾ, ਸਿੱਕਾ, ਮੋਤੀ, ਹੀਰਾ, ਆਵਲੇਸਾਰ ਗੰਧਕ, ਵਰਕੀਆ ਹੜਤਾਲ, ਕਾਲਾ ਸੁਰਮਾ, ਰਸੌਂਤ, ਨੀਲਾ ਥੋਥਾ, ਪੰਜੇ ਲੂਣ, ਅਰ ਸਮੁੰਦ੍ਰਝੱਗ ਇਹ ਸਭ ਸਮਾਨ ਭਾਗ ਲਵੇ, ਫਿਰ ਚਿਤ੍ਰੇ ਦੇ ਰਸ ਨਾਲ, ਬੋਹਰ ਦੇ ਦੁੱਧ ਨਾਲ, ਅਰ ਭੰਗਰੇ ਦੇ ਰਸ ਨਾਲ ਪੁੱਠਾਂ ਦੇਵੇ, ਅਰਥਾਤ ਇਕ ਦਿਨ ਇਕ ਰਸ ਵਿਚ ਘੋਟੇ, ਇਸੇ ਤਰ੍ਹਾਂ ਸਭਣਾਂ ਵਿਚ ਪੁਠਾਂ ਦੇਕੇ ਫਿਰ ਟਿੱਕੀ ਬਣਾਕੇ ਗਜਪੁੱਠ ਦੇ ਕੇ ਫੂਕ ਰਖੇ, ਤਾਂ ਫਿਰ ਇਹ ਭੂਤਾਂਕੁਸ ਰਸ ਤਿਆਰ ਹੋ ਜਾਵੇ। ਇਸ ਨੂੰ ਫਿਰ ਨੂੰ ਫਿਰ ੨ ਰੱਤੀ ਪ੍ਰਮਾਣ ਅਦ੍ਰਕ ਦੇ ਰਸ ਨਾਲ ਚਟਾਵੇ ਤਾਂ ਉਨਮਾਦ ਨਾ ਰਹੇ। ਹੋਰ ਭੂਤ ਜੱਖ, ਰਾਖਸ਼, ਦੇਵ, ਡਾਕਨੀ ਅਰ ਸਾਕਨੀ ਸੱਭੇ ਦੂਰ ਕਰੇ ॥ ੧੯੬ ਤੋਂ ੧੯੯ ॥

ਉਪਾਇ—ਸ਼ੰਕਰਛੰਦ

ਬਾਧ ਸ੍ਰਿੰਖਲ ਤਾੜੀਏ ਕਸ, ਸਰਪ ਅਗਨਿ ਡਰਾਇ।
ਤਾਤ ਲੋਹਾ ਤਰਸ ਡਰਦੈ; ਪਿਤਾ ਮਿਤ੍ਰਯੁ ਸੁਨਾਇ।
ਭ੍ਰਾਤ ਪੁਤਰ ਭਾਰਜਾ ਮ੍ਰਿਤ; ਮੁਯਾ ਆਖ ਬਨਾਇ।
ਚੋਰ ਰਾਜ ਭਯ ਸੁਨਾਵੈ; ਮਿਟੀ ਉਨਮਦ ਜਾਇ ॥੨੦੦॥

੮੨੦—ਬੇੜੀ ਪਾਕ ਬੰਨ੍ਹ ਰੱਖੇ, ਕਰੜੀ ਤਾੜਨਾ ਦੇਵੇ, ਸੱਪ ਅਗਨੀ ਆਦਿ ਦਾ ਭਯ ਦੇਕੇ ਡਰਾਵੇ। ਤਾਪਕੇ ਲੋਹੇ ਦਾ ਭਯ ਦੇਵੇ, ਪਿਤਾ ਆਦਿ ਪਿਆਰੇ ਦੀ ਮ੍ਰਿਤੂ ਸੁਣਾਵੇ। ਭ੍ਰਾਤ੍ਰਾ, ਪੁੱਤ੍ਰ, ਇਸਤ੍ਰੀ ਅਰ ਮਿਤ੍ਰ ਮੋਯਾ ਦੱਸੇ। ਹੋਰ ਚੋਰ ਦਾ, ਰਾਜਾ ਦਾ ਭਯ ਸੁਣਾ ਕੇ ਡਰਾਵੇ ਤਾਂ ਉਨਮਾਦ ਜਾਵੇ ॥ ੨੦੦ ॥

ਧੂਪ (ਵੰਗਸੇਨਾਤ)—ਚੌਪਈ

ਗਾਦਰ ਰੀਛ ਜੁ ਬਾਰ ਮੰਗਾਇ। ਸੱਲਾਰਾ ਸਟਿ ਹਿੰਗੁ ਰਲਾਇ।
ਨਰ ਮੂਤਰ ਬਚ ਧੂਪ ਕਰਾਇ। ਉਨਮਾਦੇ ਪਿਸਾਚ ਸੁ ਜਾਇ ॥੨੦੧॥

੮੨੧—ਗਿੱਦੜ ਦੇ ਰੋਮ, ਰਿੱਛ ਦੇ ਰੋਮ, ਸਲਾਰਾ, ਕਚੂਰ, ਹਿੰਗ, ਆਦਮੀ ਦਾ ਮੂਤਰ ਤੇ ਵਿਚ ਪਾ ਕੇ ਧੂਪ ਕਰਾਵੇ ਤਾਂ ਉਨਮਾਦ ਅਰ ਪਿਸਾਚ ਉਨਮਾਦ ਨਾਸ ਕਰੇ ॥ ੨੦੧ ॥

Digitized by Panjab Digital Library | www.panjabdigilib.org

ਅੰਜਨ—ਦੋਹਰਾ

ਸਿਰਸ ਫੂਲ ਰਸੋਨਿ ਬਚ, ਨਿਸਾ ਮੰਜਿਸਟਾ ਪਾਇ।
ਸਰਸੋ ਪੀਪਰ ਬਤਸਕੇ, ਮੂਤਰ ਲੇਹੁ ਪਿਸਾਇ ॥ ੨੦੨ ॥
ਛਾਇ ਸੁਕਾਇ ਸੁ ਰਾਖੀਏ, ਗੁੰਜਾ ਬਟੀ ਬਨਾਇ।
ਗੋ ਮੂਤ੍ਰਹਿ ਦ੍ਰਿਗ ਅੰਜ ਮਿਟ, ਉਨਮਾਦੇ ਗ੍ਰਹਿ ਜਾਇ ॥ ੨੦੩ ॥

੯੨੨—ਸਰੀਂਹ ਦੇ ਫੁੱਲ, ਲਸਨ, ਵਚ, ਹਲਦੀ, ਮਜੀਠ, ਸਰ੍ਹੋਂ ਤੇ ਮਘ ਸਮਾਨ ਲੈਕੇ ਵੱਛੇ ਦੇ ਮੂਤ੍ਰ ਵਿਚ ਪੀਹੇ, ਰੱਤੀ ਪ੍ਰਮਾਣ ਦੀ ਗੋਲੀ ਬੰਨ੍ਹ ਕੇ ਛਾਵੇਂ ਸੁਕਾ ਲਵੇ ਅਰ ਲੋੜ ਵੇਲੇ ਗੋਕੇ ਮੂਤ੍ਰ ਨਾਲ ਨੇਤ੍ਰ ਵਿਚ ਅੰਜਨ ਪਾਵੇ ਤਾਂ ਉਨਮਾਦ ਅਰ ਗ੍ਰਹ ਦੂਰ ਕਰੇ ॥੨੦੨॥੨੦੩॥

ਮਹਾਂ ਧੂਪ (ਵੰਗਸੇਨਾਤ)—ਸ਼ੰਕਰਛੰਦ

ਮੋਰ ਪੰਖ ਕਪਾਸ ਬੀਜੈ, ਸਰਪ ਕੀ ਲੈ ਕੁੰਜ।
ਮਾਂਸ ਤ੍ਰਿਗੁ ਬ੍ਰਿਕੰਦਤ ਬ੍ਰਿਹਤੀ, ਸ੍ਵਾਨ ਬੀਠ ਸਯੁੰਜ।
ਕੇਸ ਨਰ ਤੁਖ ਧਾਨ ਕੁਟਜੈ, ਹਿੰਗੁ ਬਚ ਗੋ ਸ੍ਰਿੰਗੁ।
ਲੈ ਛਲੀਰਾ ਮਰਚ ਮਧੁ ਸੌਂ, ਧੂਪ ਤੇ ਮਦ ਭੰਗ ॥ ੨੦੪ ॥
ਭੂਤ ਜਖ ਗੰਧਰਬ ਕਿੰਨਰ, ਪਿਤਰ ਰਾਖਸ ਜਾਨ।
ਡਾਕਨੀ ਪੇਸਾਚ ਜੰਤਰ ਔਰ ਮੰਤਰ ਠਾਨ।
ਸਕਲ ਏ ਊਨਮਾਦ ਜਾਵੈ, ਮਿਟਤ ਅਪ ਜੁ ਸੁਮਾਰ।
ਬੰਗਸੈਨ ਬਖਾਨ ਕੀਨੋ, ਸਕਲ ਗ੍ਰਹਿ ਹਿਤਕਾਰ ॥ ੨੦੫ ॥

੯੨੩—ਮੋਰ ਦੀ ਪੂਛ ਦੇ ਚੰਦੇ, ਵੜੇਵੇਂ, ਸੱਪ ਦੀ ਕੁੰਜ, ਜਟਾ ਮਾਸੀ, ਦਾਲ ਚੀਨੀ, *ਬ੍ਰਿਕ ਦਾ ਦੰਦ, ਕੰਡਿਆਰੀ, ਕੁੱਤੇ †ਦਾ ਸੁੱਕਾ ਵਿਸਟਾ, ਆਦਮੀ ਦੀ ਹਜਾਮਤ ਦੇ ਰੋਮ, ਧਾਨਾਂ ਦੇ ਤੂਹ, ਇੰਦ੍ਰਜੌਂ ਹਿੰਗ, ਵਚ, ਗੋਕਾ ਸਿੰਗ, ਬਾਲਛੜ, ਮ੍ਰਿਚ ਕਾਲੀ ਤੇ ਸ਼ਹਿਤ ਸੱਭੇ ਇਕ ਬਰਾਬਰ ਲੈਕੇ ਪੀਹਕੇ ਧੂਪ ਦੇਵੇ ਤਾਂ ਹੇਠ ਲਿਖੇ ਉਨਮਾਦ ਨਾਸ ਹੁੰਦੇ ਹਨ ! ਭੂਤ, ਯਖ, ਗੰਧ੍ਰਬ, ਕਿੰਨਰ, ਪਿਤ੍ਰ, ਰਾਕਸ਼, ਡਾਕਨੀ, ਸਾਕਨੀ, ਪੇਸਾਚ. ਹੋਰ ਜੰਤ੍ਰ ਮੰਤ੍ਰ ਇਨ੍ਹਾਂ ਸਭਨਾਂ ਕਰ ਹੋਏ ਉਨਮਾਦ ਜਾਂਦੇ ਹਨ। ਸਗੋਂ ਮ੍ਰਿਗੀ ਦੇ ਹਟੌਣ ਹਾਰਾ ਸਾਰਿਆਂ ਗ੍ਰਹਾਂ ਦਾ ਨਾਸ਼ਕ ਧੂਪ ਵੰਗਸੇਨ ਨੇ ਕਿਹਾ ਹੈ ॥੨੦੪॥੨੦੫॥

ਅਮਰ ਸੁੰਦ੍ਰੀ ਗੋਲੀ—ਦੋਹਰਾ

ਤ੍ਰਿਫਲ ਤ੍ਰਿਕੁਟ ਲੈ ਰੇਣੁਕਾ, ਚਿਤ੍ਰਕ ਪੀਪਰ ਮੂਰ।
ਚਤੁਰ ਜਾਤ ਅਰ ਲੋਹੁ ਮ੍ਰਿਤ, ਅਕਰਕਰਾ ਸਮ ਪੂਰ ॥ ੨੦੬ ॥

---

*ਬ੍ਰਿਕ ਨਾਮ ਬਾਘ ਦਾ ਭਾਵੇਂ ਹੈ, ਪਰ ਮੂਲ ਵਿਚ ਹਾਥੀ ਦੇ ਦੰਦ ਹੈਂ. ਸੋਈ ਲੰਵੇ।
†ਕੁੱਤੇ ਦੀ ਥਾਂ ਬਿੱਲੀ ਦਾ ਵਿਸ਼ਟਾ ਮੂਲ ਵਿਚ ਹੈ।

Digitized by Panjab Digital Library | www.panjabdigilib.org

ਪਾਰਦ ਗੰਧਕ ਬਿਖੁ ਜਲਦ, ਜੰਤਯਘਨ ਲੈ ਪਾਇ।
ਸਭ ਤੇ ਦੂਨਾ ਗੁੜ ਠਵੇ, ਗੋਲੀ ਖਰਲ ਕਰਾਇ॥ ੨੦੭॥
ਗੋਲੀ ਚਨਕ ਸਮਾਨ ਕਰ, ਅਮਰ ਸੁੰਦਰੀ ਏਹ।
ਅਪਸਮਾਰ ਉਨਮਾਦ ਕਫ, ਭੂਤਾਦਿਕ ਸਭ ਜੇਹ॥ ੨੦੮॥
ਗੁਦਾ ਰੋਗ ਸੰਨਪਾਤ ਕੋ, ਸੀਤ ਬਾਤ ਮਿਟ ਜਾਇ।
ਯੱਖ ਰਾਖਸੀ ਵੇਦਨੀ, ਤਨ ਤੇ ਸਰਬ ਪਰਾਇ॥ ੨੦੯॥

੯੨੪–ਤ੍ਰਿਫਲਾ, (ਹਰੜ, ਬਹੇੜਾ, ਆਵਲੇ), ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਰੇਣੁਕਾ, ਚਿਤ੍ਰਾ, ਪਿਪਲਾਮੂਲ, ਚਤੁਰ ਜਾਤ (ਦਾਰ ਚੀਨੀ, ਲਾਇਚੀ, ਤੱਜਪੱਤ੍ਰ ਤੇ ਨਾਗਕੇਸਰ) ਮ੍ਰਿਤਲੋਹਾ, ਅਕਰਕਰਾ, ਪਾਰਾ, ਗੰਧਕ, ਮਿੱਠਾ ਤੇਲੀਆ, ਮੋਥਾ ਤੇ ਵਾਇ ਵੜਿੰਗ, ਇਹ ਸਭ ਇਕ ਵਜ਼ਨ ਦੀਆਂ ਲਵੇ ਤੇ ਪੀਹੇ, ਸਭਨਾਂ ਤੋਂ ਦੂਣਾ ਗੁੜ ਪਾਕੇ ਚਣੇ ਪ੍ਰਮਾਣ ਗੋਲੀਆਂ ਬੰਨ੍ਹ ਰੱਖੇ। ਇਸ ਗੋਲੀ ਨੂੰ ਅਮਰ ਸੁੰਦ੍ਰੀ ਆਖਦੇ ਹਨ। ਜਲ ਨਾਲ ਨਿੱਤ ਇਕ ਦੇਵੇ ਤਾਂ ਮ੍ਰਿਗੀ, ਉਨਮਾਦ, ਕਫ ਅਰ ਭੂਤਾਦਿਕ ਉਨਮਾਦ ਸਭਨਾਂ ਨੂੰ ਨਾਸ਼ ਕਰੇ। ਹੋਰ ਗੁਦਾ ਰੋਗ, ਸੰਨਿਪਾਤ, ਸੀਤ, ਬਾਤ ਦੇ ਸ਼ੱਭੋ ਰੋਗ ਅਰ ਯੱਖ ਰਾਕਸ਼ ਦੀ ਪੀੜਾ ਸਰੀਰ ਤੋਂ ਤੁਰੰਤ ਨਾਸ਼ ਕਰਨ ਹਾਰੀ ਹੈ॥੨੦੬ ਤੋਂ ੨੦੯॥

ਚੌਪਈ

ਸਨੇਹ ਪਾਨ ਬਾਤੇ ਕੋ ਦਾਇ। ਰੇਚ ਪਿੱਤ ਨਸਯ ਕਫ ਨਸ਼ ਜਾਇ।
ਅਪਸਮਾਰ ਉਨਮਾਦਊ ਏਕ। ਏਕ ਉਪਾਇ ਦੁਹੂੰ ਕੋ ਟੇਕ॥ ੨੧੦॥

ਜਿਸ ਉਨਮਾਦ ਰੋਗ ਵਿਚ ਬਾਤ ਅਧਿਕਤਾ ਹੋਵੇ, ਸਨੇਹਨ ਕ੍ਰਮ ਕਰੇ, ਪਿੱਤ ਅਧਿਕ ਹੋਵੇ ਤਾਂ ਦਸਤ ਦੇਵੇ ਅਤੇ ਜਿਸ ਵਿਚ ਕਫ ਦੀ ਅਧਿਕਤਾ ਹੋਵੇ ਉਸ ਨੂੰ ਨਸਵਾਰ ਦੇਵੇ,. ਮ੍ਰਿਗੀ ਅਰ ਉਨਮਾਦ ਕੁਛ ਇਕ ਜੇਹੇ ਹਨ, ਜਿਸ ਤੇ ਦੋਹਾਂ ਦਾ ਇਸ ਪ੍ਰਕਾਰ ਪਹਿਲੇ ਇਕ ਸਾਰਖਾ ਯਤਨ ਕਰੇ॥੨੧੦॥

ਜਿਹਵਾ ਲਟਪਟੀ ਬਾਹਰ ਨਿਕਸੀ ਕਾ ਉਪਾਯ–ਦੋਹਰਾ

ਬਡੀ ਲਾਇਚੀ ਪੀਪਰਾ, ਅਕਰਕਰਾ ਪੀਸਾਇ।
ਤੁਲਸੀ ਰਸ ਗੋਲੀ ਕਰੋ, ਜਿਹਵਾ ਘਸੋ ਰਖਾਇ॥ ੨੧੧॥
ਤਾਹਿ ਰਸਾ ਜਬ ਲੇਵ ਹੀ, ਜਿਹਵਾ ਭੀਤਰ ਜਾਇ।
ਕੰਟੇ ਮਿਟ ਲਟ ਪਟ ਮਿਟਤ, ਚਟਤ ਰਸਾ ਤਵ ਸਾਇ॥੨੧੨॥

੯੨੫–ਦਾਨਾ ਇਲਾਇਚੀ, ਮਘ, ਅਰ ਅਕਰਕਰਾ, ਤੁਲਸੀ ਦੇ ਪੱਤਾਂ ਦੇ ਰਸ ਵਿਚ ਘੋਟਕੇ ਗੋਲੀ ਕਰੇ, ਇਹ ਗੋਲੀ ਫਿਰ ਜਬਾਨ ਪਰ ਘਿਸਾਵ੍ਹੇ। ਇਹ ਰਸ ਜਦ ਜ਼ਬਾਨ ਅੰਦਰ ਧਸੇਗਾ, ਤਾਂ ਕੰਡੇ ਜ਼ਬਾਨ ਦੇ ਅਰ ਲਟਪਟੀ ਆਦਿ ਨੁਕਸ ਇਸ ਰਸ ਚੱਟਣ ਨਾਲ ਜਾਂਦੇ ਹਨ, ਅਤੇ ਜਿਹਬਾ ਅੰਦਰ ਚਲੀ ਜਾਵੇ॥ ੨੧੧॥ ੨੧੨॥

ਸੋਰਠਾ

ਸ਼ਹਿਤ ਕਣਾ ਬ੍ਰਿਧ ਦਾਖ, ਪੀਸ ਲੇਪ ਕਰ ਜੀਭ ਪਰ।

Digitized by Panjab Digital Library | www.panjabdigilib.org

ਭੀਤਰ ਜਿਹਵਾ ਰਾਖ, ਗੁੰਗ ਮਿਟਤ ਕੰਟੇ ਘਟਤ ॥ ੨੧੩ ॥

੯੨੬–ਸ਼ਹਿਤ, ਮਘ, ਅਰ ਮੁਣੱਕਾ, ਪੀਹ ਕੇ ਜੀਭ ਪਰ ਮਲੇ ਤਾਂ ਗੁੰਗਾ ਪਣ ਅਰ ਕੰਡੇ ਨਾਸ਼ ਹੁੰਦੇ ਹਨ ॥ ੨੧੩ ॥

ਉਨਮਾਦ ਦੇ ਪੱਥ–ਸ਼ੰਕਰਛੰਦ

ਸ੍ਵੇਤ ਬਮਿਨ ਬਿਰੇਚ ਕਫ ਪਿਤ, ਵਸਤਿ ਨਸ ਜੁ ਵਾਇ।
ਤਾੜ ਅੰਜਨ ਤ੍ਰਾਸ ਬੰਧਨ, ਦਾਹ ਭਯ ਦਿਖਲਾਇ।
ਸਿਰਾ ਬੇਧਨ ਧੂਮ ਪਾਨ, ਨੀਂਦ ਸ੍ਵਾਪਨ ਸੀਤ।
ਲੇਪ ਮੁਗਦਾ ਕਨਿਕ ਖਸਟਿਕ, ਲਾਲ ਚਾਵਲ ਮੀਤ ॥੨੧੪॥
ਧਾਰ ਉਸਨ ਘ੍ਰਿਤੰ ਨਵੀਨੰ, ਦੁਗਧ ਬ੍ਰਹਮੀ ਪਾਨ।
ਗਗਨਾਂਬੁ ਮੇਘ ਜੁ ਨਾਦ ਦਾਖਯਾ, ਪਨਸ ਕਾ ਪਿਥ ਖਾਨ।
ਆਚਰਯ ਕਰਮ ਆਸ੍ਵਾਸਨੰ, ਕਰੀਏ ਜੁ ਏਤੀ ਬਾਤ।
ਪਥ ਭਾਖੇ ਪਥਯਾਪਥੈ, ਗ੍ਰੰਥ ਸਭਨਿ ਸੁਹਾਤ ॥ ੨੧੫ ॥

੯੨੭–ਕਫ ਦੇ ਉਨਮਾਦ ਰੋਗ ਵਾਲੇ ਨੂੰ ਪਹਿਲੇ ਪਸੀਨਾ ਅਰ ਕੈ ਕਰਾਵੇ, ਪਿੱਤ ਦੇ ਉਨ ਮਾਦ ਵਾਲੇ ਨੂੰ ਪਹਿਲੇ ਦਸਤ, ਅਰ ਬਾਤ ਅਧਿਕ ਵਾਲੇ ਉਨਮਾਦੀ ਨੂੰ ਨਸਵਾਰ ਦੇਕੇ ਫਿਰ ਵਸਤੀ ਕ੍ਰਮ ਕਰਾਵੇ। ਤਾੜਨਾ (ਤੇਜ਼) ਸੁਰਮਾ ਨੇਤ੍ਰੀ ਪੌਣਾ, ਤ੍ਰਾਸ=ਦੁੱਖ ਦੇਣਾ, ਬੰਨ੍ਹਣਾ, ਦਾਗ ਦੇਣਾ, ਭੈ ਦਿਖੌਣਾ, ਫਸਦ ਖੋਲ੍ਹਣਾ, ਧੂੰਆਂ ਪਿਲਾਨਾ (ਨਾਸਾਂ ਵਿਚ ਧੂੰਆਂ ਦੇਣਾ) ਨਿੰਦ੍ਰਾ ਵਿਚ ਸੁਲਾ ਦੇਣਾ, ਠੰਢੇ ਲੇਪ ਕਰਨੇ, ਮੂੰਗੀ, ਕਣਕ, ਸੱਠੀ ਦੇ ਚਾਵਲ, ਤੇ ਲਾਲ ਚਾਵਲ, ਇਹ ਖਾਣ ਨੂੰ ਦੇਣੇ, ਦੁੱਧ ਦੀਆਂ *ਗਰਮ ਧਾਰਾਂ ਸਿਰ ਪਰ ਲੈਣੀਆਂ ਤਾਜ਼ਾ ਘਿਉ [ਤੇ ਪੁਰਾਣਾ ਘਿਉ] ਦੁਧ, ਬ੍ਰਹਮੀ ਬੂਟੀ ਦਾ ਰਸ ਪਿਲੌਣਾ, ਵਰਖਾ ਦਾ ਜਲ, ਚੁਲਾਈ ਦਾ ਸਾਗ, ਦਾਖ=ਅੰਗੂਰ, ਕਟਹਲ ਫਲ, ਕੈਥ ਫਲ, ਇਹ ਖਾਣ ਨੂੰ ਦੇਣੇ, ਹੋਰ ਅਸਚਰਜ ਕਰਮ=ਕੋਈ ਅਨੋਖੀ ਤਾਅੱਜੁਬ ਦੀ ਬਾਤ ਸੁਣੌਣੀ, ਧੀਰਜ ਦੇਣੀ, ਇਤਿਆਦਿਕ ਇਹ ਸਭ ਬਾਤਾਂ ਪੱਥਯਾਪੱਥ ਵਿਚ ਪੱਥ ਰੂਪ ਕਹੀਆਂ ਹਨ, ਸੋ ਕਰੇ ॥੨੧੪॥੨੧੫॥

ਕੁਪੱਥ

ਕਾਮ ਭਯ ਅਰ ਕ੍ਰੋਧ ਹਰਖਨ, ਮਾਹ ਹਰ ਅਰੁ ਜਾਨ।
ਕਟਿਲਕੰ ਅਰੁ ਪਤ੍ਰ ਸਾਕਾ, ਮਦਯ ਬੇਗ ਬੰਧਾਨ।
ਕਹੇ ਆਹਿ ਕੁਪਥ ਇਨਕੇ, ਭੂਤ ਕੋ ਪਥ ਏਹ।
ਜਾਪ ਪੂਜਾ ਬਲ ਕਰਾਵੇ, ਫੂਲ ਮੰਤਰ ਲੇਹੁ ॥ ੨੧੬ ॥

---

* ਧਾਰ ਉਸਨ=ਚੋਣ ਸਮਯ ਦੀਆਂ ਗਰਮ ਤਾਜ਼ੀਆਂ ਦੁਧ ਦੀਆਂ ਧਾਰਾਂ ਲੈਣੀਆਂ, ਤਸੱਲੀ ਵਾਸਤੇ ਦੇਖੋ ਔਸ਼ਧੀ ਕੋਸ਼ ਪ੍ਰਿ: ੯੩।

Digitized by Panjab Digital Library | www.panjabdigilib.org

੮੨੮-ਕਾਮ, ਭਯ, ਕ੍ਰੋਧ ਅਰ ਖੁਸ਼ੀਓਂ ਪੈਦਾ ਹੋਏ ਉਨਮਾਦ ਵਿਖੇ ਅਰ ਸਤਰੁਤਾ ਤੋਂ ਪੈਦਾ ਹੋਏ ਉਨਮਾਦ ਵਿਖੇ ਉਕਤ ਕਾਰਨਾਂ ਦੇ ਹਰ = ਭਾਵ ਨਾਸ ਕਰਨ ਦਾ ਚੇਸ਼ਟਾ ਕਰੇ, ਕਯੋਂਕਿ ਇਹ ਰਹਣੈ ਕੁਪੱਥ ਰੂਪ ਹਨ, ਕਰੇਲੇ, ਪੱਤਿਆਂ ਦੇ ਸਾਗ, ਸ਼ਰਾਬ ਦਾ ਪੀਣਾ, ਇਸੇ ਤਰ੍ਹਾਂ ਬੇਗਾਂ ਦਾ ਰੋਕਣਾ, ਇਹ ਸਭ ਕੁਪੱਥ ਹਨ, ਪਰੰਤੂ ਭੂਤੋਨਮਾਦ ਵਿਖੇ ਇਹ ਪਥ ਰੂਪ ਹਨ, ਫਿਰ ਭੀ ਜਾਪ, ਗੁਰਦੇਵਤਾ ਦੀ ਪੂਜਾ, ਬਲੀਦਾਨ, ਫੁੱਲ ਧਾਰਨੇ ਅਤੇ ਇਸ਼ਟ ਮੰਤ੍ਰਾਂ ਦਾ ਜਾਪ ਕਰਾਵੇ ॥ ੨੧੬ ॥

ਅਥ ਅਪਸਮਾਰ (ਮ੍ਰਿਗੀ) ਨਿਦਾਨ-ਚੌਪਈ

ਬਾਤ ਪਿੱਤ ਕਫ ਸੰਨ ਕਹਾਇ। ਚਾਰ ਜਾਤ ਕੀ ਮਿਰਗੀ ਥਾਇ।
ਤਮ ਪਰਵੇਸ ਸਥੰਭਿਦ ਦੋਇ। ਦੋਖਕੋਪ ਹਤ ਸਿਮ੍ਰਿਤ ਜੁ ਹੋਇ ॥੨੧੭॥
ਹ੍ਰਿਦਾ ਕੰਪ ਅਰੁ ਸ੍ਵੇਦ ਜੁ ਸੂਨ। ਧਯਾਨ ਮੂਢ ਮੂਰਛਾ ਤਮ ਦੂਨ।
ਨੀਂਦ ਨਾਸ ਏ ਪੂਰਬ ਰੂਪ। ਸੋ ਤੇ ਮਹਾਂ ਕਸ਼ਟ ਕੇ ਕੂਪ ॥੨੧੮॥

ਬਾਤ ਦੀ, ਪਿੱਤ ਦੀ, ਕਫ ਦੀ ਅਰ ਸੰਨਿਪਾਤ ਦੀ, ਇਸ ਤਰ੍ਹਾਂ ੫ ਪ੍ਰਕਾਰ ਦੀ ਮ੍ਰਿਗੀ ਹੈ। ਅੰਧਕਾਰ ਵਿਚ ਧਸਦਾ ਦੋਨੋ (ਨੇਤ੍ਰ) ਸਥੰਭਿਦ ਵਿਕ੍ਰਤ ਹੋ ਜਾਂਦੇ ਹਨ। ਦੋਖ ਦੇ ਕੋਪ ਨਾਲ ਸਿੰਮ੍ਰਿਤੀ ਨਾਸ ਹੋ ਜਾਂਦੀ ਹੈ। ਪਹਿਲੇ ਹਿਰਦੇ ਦਾ ਕੰਬਣਾ, ਪਸੀਨਾ ਔਣਾ; ਸੂੰਨਯਤਾ, ਧਯਾਨ ਦੀ ਟਕਟਕੀ ਲਗ ਜਾਣੀ, ਮੂਰਛਾ, ਤਮ = ਮੋਹ ਹੋਣਾ, ਨਿੰਦ੍ਰਾ ਨਾ ਔਣੀ ਇਹ ਪੂਰਬ ਰੂਪ ਹੁੰਦਾ ਹੈ, ਸੋ ਇਹੀ (ਰੋਗ) ਕਸ਼ਟ ਦਾ ਘਰ ਹੈ ॥ ੨੧੭ ॥ ੨੧੮ ॥

ਬਾਤ ਮ੍ਰਿਗੀ ਦੇ ਲੱਛਨ-ਦੋਹਰਾ

ਕਟਕ ਦੰਤ ਮੁਖ ਫੇਨਤਾ, ਸ੍ਵਾਸ ਕੰਪ ਜੁ ਕਠੋਰ।
ਸਯਾਮ ਲਾਲ ਦੇਖਤ ਦ੍ਰਿਗਨਿ, ਬਾਬ ਮ੍ਰਿਗੀ ਏਹ ਸੋਰ ॥੨੧੯॥

ਦੰਦਾਂ ਨੂੰ ਕ੍ਰੀਚੇ ਭਾਵ ਚਬਾਵੇ, ਮੂੰਹੋਂ ਝੱਗ ਜਾਵੇ, ਕੰਬੇ ਅਰ ਕਠੋਰ ਸ੍ਵਾਸ ਲਵੇ। ਨੇਤ੍ਰਾਂ ਅੱਗੇ ਕਾਲਾ ਰੰਗ ਦੇਖੇ, ਇਹ ਬਾਤ ਦੀ ਮ੍ਰਿਗੀ ਦੇ ਲੱਛਣ ਹੁੰਦੇ ਹਨ ॥੨੧੯॥

ਪਿੱਤ ਮ੍ਰਿਗੀ ਲੱਛਣ

ਪੀਤ ਰੁਧਰ ਪੀਲਾ ਲਖਤ, ਪੀਤ ਅੰਗ ਮੁਖ ਨੈਨ।
ਅਗਨਿ ਯੁਕਤ ਤਿਰਖਾ ਘਨੀ, ਏਹ ਮ੍ਰਿਗੀਪਿਤ ਐਨ ॥੨੨੦॥

ਪੀਲਾ ਰੰਗ ਯਾ ਲਾਲ ਪੀਲਾ ਰੰਗ ਦੇਖਦਾ ਹੈ, ਇਸੇ ਤਰ੍ਹਾਂ ਪੀਲੇ ਅੰਗ, ਮੂੰਹ ਅਰ ਨੇਤ੍ਰ ਭੀ ਪੀਲੇ ਹੁੰਦੇ ਹਨ। ਅਗਨੀ ਬਯਾਪਤ ਸਾਰੇ ਜਗਤ ਨੂੰ ਦੇਖਦਾ ਹੈ, ਬਹੁਤ ਪਿਆਸ ਲਗਦੀ ਹੈ, ਇਹ ਪਿੱਤ ਮ੍ਰਿਗੀ ਦੇ ਲੱਛਣ ਹੁੰਦੇ ਹਨ ॥ ੨੨੦ ॥

ਕਫ ਮ੍ਰਿਗੀ ਲੱਛਣ

ਤਨ ਮੁਖ ਨੇਤ੍ਰ ਸ੍ਵੇਤ ਰੰਗ, ਰੋਮ ਹਰਖ ਸਿਤ ਦੇਖ।
ਛੂਟਤ ਚਿਰ ਤੇ ਕਫ ਤਨੀ, ਮਿਰਗੀ ਲਛਣ ਏਖ ॥੨੨੧॥

ਸਰੀਰ, ਮੂੰਹ ਅਰ ਨੇਤ੍ਰ ਚਿਟੇ ਰੰਗ ਦੇ, ਰੋਮ ਖੜੇ ਹੋ ਜਾਂਦੇ ਹਨ, ਸਫੈਦ ਰੂਪ ਦੇਖਦਾ ਹੈ। ਇਹ

Digitized by Panjab Digital Library | www.panjabdigilib.org

ਚਿਰ ਪਿੱਛੋਂ ਛੁਟਦੀ ਹੈ, ਅਰਥਾਤ ਚੈਤੰਨਤਾ ਚਿਰ ਪਿਛੋਂ ਹੁੰਦੀ ਹੈ, ਇਹ ਕਫ ਦੀ ਮ੍ਰਿਗੀ ਦੇ ਲੱਛਣ ਹਨ ॥ ੨੨੧ ॥

ਤ੍ਰਿਦੋਖ ਮ੍ਰਿਗੀ ਦੇ ਲੱਛਣ

ਦੋਖ ਮਿਲਤ ਜੋ ਤੀਨ ਇਕ, ਠੌਰ ਸੰਨਿ ਤੋ ਜਾਨ।
ਸੋ ਅਸਾਧ ਲਛਣ, ਮ੍ਰਿਗੀ; ਮਾਧਵ ਕਰਤ ਬਖਾਨ ॥੨੨੨॥

ਜੇ ਦੋਖ ਤਿੰਨੇ ਇਕ ਜਗ੍ਹਾ ਆ ਮਿਲਣ, ਤਾ ਸੰਨਿਪਾਤ ਦੀ ਮ੍ਰਿਗੀ ਹੁੰਦੀ ਹੈ। ਸੋ ਮਾਧਵ ਵਿਚ ਅਸਾਧਯ ਕਹੀ ਹੈ ॥ ੨੨੨ ॥

ਅਸਾਧ ਮ੍ਰਿਗੀ ਲੱਛਣ

ਰੋਗ ਪ੍ਰਬਲ ਤਨ ਖੀਨ ਅਤਿ, ਫੁਰਕਤ ਭੌਹ ਜੁ ਦੋਇ।
ਨੈਨ ਬਿਕਟ ਅਤਿ ਡਰ ਕਰਤ, ਮਰਤ ਟਰਤ ਨਹਿ ਸੋਇ॥੨੨੩॥

ਰੋਗ ਬਲ ਵਾਲਾ ਹੋਵੇ, ਸਰੀਰ ਲਿੱਸਾ ਹੋਵੇ, ਦੋਨੋਂ ਭੌਹਾਂ ਫੁਰਕਦੀਆਂ ਹੋਣ, ਨੇਤ੍ਰਾਂ ਨੂੰ ਟੇਢਾ ਕਰੇ, ਅਤਯੰਤ ਡਰ ਕਰੇ, ਅਜੇਹਾ ਰੋਗੀ ਮਰ ਜਾਂਦਾ ਹੈ, ਇਹ ਹਟਦੀ ਨਹੀਂ ॥ ੨੨੩ ॥

ਮ੍ਰਿਗੀ ਦਾ ਸਮਯ

ਪੰਦ੍ਰਾਂ ਦ੍ਵਾਦਸ ਦਿਵਸ ਮੈਂ, ਕੁਪਤ ਮਾਸ ਵਾ ਦੋਇ।
ਮ੍ਰਿਗੀ ਹੋਤ ਸ੍ਵਕਾਲ ਮੈ; ਉਗਤ ਬੀਜ ਜਿਮ ਹੋਇ ॥੨੨੪॥

ਜੇਹੜੀ ਮਿਰਗੀ ੧੫ ਯਾਂ ੧੨ ਦਿਨਾਂ ਪਿਛੋਂ ਯਾ ੩੦ ਦਿਨ ਅਥਵਾ ੬੦ ਦਿਨ ਬਾਦ ਕੋਪੇ, ਮਿਰਗੀ ਭਾਵੇਂ ਆਪਣੇ ਕਾਲ ਵਿਖੇ ਹੀ ਹੁੰਦੀ ਹੈ, ਪ੍ਰੰਤੂ ਫਿਰ ਭੀ ਜਿਸ ਤਰ੍ਹਾਂ ਪ੍ਰਿਥਵੀ ਪਰ ਪਿਆ ਬੀਜ ਕੋਈ ਵਰਖਾ ਰਿਤੁ ਵਿਚ ਭੀ ਨਹੀਂ ਉੱਗਦਾ, ਉਹ ਫਿਰ ਸਰਦ ਰਿਤੁ ਵਿਚ ਜਾ ਜੰਮਦਾ ਹੈ, ਇਸੇ ਤਰ੍ਹਾਂ ਸਮਯ ਪਰ ਨਹੀਂ ਹੁੰਦਾ, ਸਮਾਂ ਟੱਪਕੇ ਭੀ ਮਿਰਗੀ ਹੋ ਜਾਂਦੀ ਹੈ ॥੨੧੪॥

ਪਠਾਤ੍ਰਾਂਤ ਮ੍ਰਿਗੀ ਲੱਛਣ–(ਰਤਨਸਾਰ ਸੰਗ੍ਰਹਾਤ)–ਦੋਹਰਾ

ਕ੍ਰਿਸਨ ਬਦਨ ਤਨ ਸ੍ਵੇਦ ਅਤਿ, ਕੀਟ ਹੋਤ ਬਹੁ ਜਾਨ।
ਬਸਤ ਕਪਾਲੈ ਸੋ ਸਹੀ, ਫਿਰਤ ਕਰਤ ਕਲਯਾਨ ॥ ੨੨੫ ॥
ਫਿਰੀ ਏਕਠੇ ਹੋਇ ਜਬ, ਏਕ ਜੁ ਜਾਗਾ ਸੋਇ।
ਹੋਇ ਮੂਰਛਾ ਨਰ ਗਿਰਤ, ਮਿਰਗੀ ਭਾਖੀ ਜੋਇ ॥ ੨੨੬ ॥
ਅਪਸਮਾਰ ਮਿਰਗੀ ਬਿਖੈ, ਕਛੂ ਨ ਅੰਤਰ ਭਾਲ।
ਰਤਨਸਾਰ ਸੰਗ੍ਰਹਿ ਕਰਤ, ਦੀਰਘ ਰੋਗੁ ਸਲਾਲ ॥ ੨੨੭ ॥

ਮੂੰਹ ਦੀ ਰੰਗਤ ਕਾਲੀ ਹੋ ਜਾਵੇ, ਸਰੀਰ ਮੁੜ੍ਹਕਿਓ ਮੁੜ੍ਹਕਾ ਹੁੰਦਾ ਜਾਵੇ, ਕ੍ਰਿਮ ਬਹੁਤ ਵਧ ਜਾਣ, ਜਿਹੜੇ ਕਪਾਲ (ਸਿਰ) ਵਿਚ ਵੱਸਦੇ ਹਨ, ਉਹ ਫਿਰਦੇ ਰਹਿਣ ਤਾਂ ਆਰਾਮ ਰਹਿੰਦਾ ਹੈ। ਫਿਰਦੇ ਹੋਏ ਜਦ ਇਕ ਜਗ੍ਹਾ ਹੋ ਜਾਣ ਤਾਂ ਪੁਰਸ਼ ਬਿਹੋਸ਼ ਹੋ ਕੇ ਡਿੱਗ ਜਾਂਦਾ ਹੈ, ਇਸਨੂੰ ਮਿਰਗੀ

Digitized by Panjab Digital Library | www.panjabdigilib.org

ਆਖਦੇ ਹਨ। ਅਪਸਮਾਰ ਅਰ ਮਿਰਗੀ ਵਿਚ ਕੁਛ ਭੇਦ ਨਹੀਂ ਹੈ ਇਹ ਰਤਨਸਾਰ ਸੰਗ੍ਰਹਿ ਪੁਸਤਕ ਵਿਚ ਚਿਰਸਥਾਈ ਰੋਗ ਕਿਹਾ ਹੈ ॥ ੨੨੫ ਤੋਂ ੨੨੭ ॥

ਮ੍ਰਿਗੀ ਦਾ ਉਪਾਉ—(ਰਤਨਸਾਰਸੰਗ੍ਰਹਾਤ)—ਚੌਪਈ

ਊਖਨ ਤ੍ਰਿਫਲਾ ਸੈਂਧਵ ਹਿੰਗ। ਕਟਕੀ ਬਚ ਸਰਖਪ ਸਿਤ ਅੰਗ।
ਕਰੰਜੁਬੀਜ ਕੀ ਗਰੀ ਪਵਾਇ। ਨਿੰਬਬੀਜ ਤਿਸ ਦੇਹ ਰਲਾਇ॥੨੨੮॥
ਗੋਮੂਤਰ ਸੋ ਬਟੀ ਕਰਾਇ। ਛਾਯ ਸੁਕਾ ਕਰ ਏਕ ਖਵਾਇ।
ਟੰਕ ਏਕ ਕੀ ਗੋਲੀ ਕਰੋ। ਅਪਸਮਾਰ ਮਿਰਗੀ ਰੁਜ ਹਰੋ ॥੨੨੯॥

੯੨੯—ਮਿਰਚ, ਮਘ, ਸੁੰਢ, ਤ੍ਰਿਫਲਾ = (ਹਰੜ, ਬਹੇੜਾ, ਆਵਲੇ) ਸੇਂਧਾ ਨਿਮਕ, ਹਿੰਗ, ਕੌੜ, ਵਚ, ਸਰਸੋਂ ਚਿੱਟੀ, ਮੀਚਕੇ ਦੇ ਬੀਜਾਂ ਦੀ ਗਿਰੀ, ਇਹ ਸਮਾਨ ਭਾਗ ਲੈ ਕੇ ਰਗੜ ਕੇ ਗਊ ਮੂਤ੍ਰ ਨਾਲ ਗੋਲੀਆਂ ੧-੧ ਟੰਕ ਦੀਆਂ (੪-੪ ਮਾਸੇ ਦੀਆਂ) ਕਰੇ, ਛਾਯਾ ਵਿਚ ਸੁਕਾ ਕੇ ਰੱਖੇ, ਇਕ ਇਕ ਗੋਲੀ ਖੁਲਾਵੇ ਤਾਂ ਮਿਰਗੀ ਦਾ ਨਾਸ ਕਰੇ ॥ ੨੨੮ ॥ ੨੨੯ ॥

ਨਸਵਾਰ (ਰਸਤਨਾਕਰਾਤ)

ਸ੍ਵੇਤਾ ਪਰਾ ਰਾਜ ਲੈ ਮੂਰ। ਬਿਜੀਆ ਬੀਜ ਦੋਊ ਲੈ ਚੂਰ।
ਨਰ ਮੂਤਰ ਸੋ ਨਾਵਨ ਦਾਇ।ਅਪਸਮਾਰ ਛਿਨ ਮਾਹਿ ਮਿਟਾਇ।੨੩੦।

੯੩੦—ਚਿੱਟੇ ਫੁੱਲ ਵਾਲੀ ਹਰਮਲ ਦੀ ਜੜ ਅਰ ਭੰਗ ਦੇ ਬੀਜ, ਦੋਨੋਂ ਬਰੀਕ ਕਰਕੇ ਆਦਮੀ ਦੇ ਮੂਤ੍ਰ ਵਿਚ ਨਸਵਾਰ ਦੇਵੇ ਤਾਂ ਮਿਰਗੀ ਜਾਵੇ ॥੨੩੦॥

ਧੂਪ—ਪਰਹਾ

ਇਸਤ੍ਰੀ ਰਜ ਕਾ ਵਸਨ, ਰਾਜ਼ਕਾ ਬਚ ਸਹੀ।
ਸ੍ਵਾਨ ਬੀਠ ਬਿਖੁ ਹਿੰਗ, ਲਸਨ ਗੁਗਲ ਕਹੀ।
ਭੈਂਸ ਹਾਡ ਦੇ ਧੂਪ, ਮਿਟ ਉਨਮਾਦ ਹੀ।
ਅਪਸਮਾਰ ਅਰੁ ਮਿਰਗੀ, ਮਿਟ ਨਹਿ ਵਾਦ ਹੀ ॥ ੨੩੧ ॥

੯੩੧—ਇਸਤ੍ਰੀ ਦੇ ਰਿਤੂਧਰਮ ਵਾਲੇ ਖੂਨ ਨਾਲ ਤਰ ਕੀਤੀ ਲੀਰ, ਰਾਈ, ਵਚ, ਕੁੱਤੇ ਦਾ ਵਿਸਟਾ, ਮਿੱਠਾਤੇਲੀਆ, ਹਿੰਗ, ਲਸਨ, ਗੁੱਗਲ ਤੇ ਮਹੀਂ ਦਾ ਹੱਡ, ਸਮਾਨ ਭਾਗ ਲੈਕੇ ਬ੍ਰੀਕ ਕਰੇ, ਅਰ ਫਿਰ ਧੂਪ ਦੇਵੇ ਤਾਂ ਉਨਮਾਦ, ਅਪਸਮਾਰ ਤਥਾ ਮ੍ਰਿਗੀ ਨਾਸ਼ ਹੋਵੇ ॥੨੩੧॥

ਦੋਹਰਾ—
ਇੰਦ੍ਰ ਬਾਰਨੀ ਮੂਲ ਘਸ, ਆਰਨਾਲ ਕੈ ਸੰਗ।
ਨਾਵਨ ਤੇ ਮਿਰਗੀ ਮਿਟਤ, ਭੂਤ ਪ੍ਰੇਤ ਦੁਖ ਸੰਗ ॥ ੨੩੨ ॥

੯੩੨—ਤੁੰਮੇਂ ਦੀ ਜੜ ਸਿਰਕੇ ਵਿਚ ਘਸਾਕੇ ਨਸਵਾਰ ਦੇਵੇ, ਤਾਂ ਮ੍ਰਿਗੀ ਜਾਵੇ, ਇਸੇ ਤਰ੍ਹਾਂ ਭੂਤ ਪ੍ਰੇਤ ਦਾ ਦੁੱਖ ਭੀ ਨਾਸ਼ ਕਰੇ ॥੨੩੨॥

ਜੜ ਤੁੰਮੇ ਕੀ ਨਾਸ ਦੈ, ਬਿੱਲਪਾਤ ਰਸ ਜੋਗ।

Digitized by Panjab Digital Library | www.panjabdigilib.org

ਅਪਸਮਾਰ ਗ੍ਰਹਿ ਭੂਤ ਜੁਰ, ਏਤੇ ਜਾਵਤ ਰੋਗ॥ ੨੩੩॥

੮੩੩–ਤੁੰਮੇਂ ਦੀ ਜੜ੍ਹ ਬਿੱਲ ਦੇ ਪੱਤਾਂ ਦੇ ਰਸ ਵਿਚ ਘੋਟਕੇ ਨਸਵਾਰ ਕਰੇ, ਤਾਂ ਮ੍ਰਿਗੀ ਅਰ ਗ੍ਰਹਿ ਰਾਖਸ਼ਾਦਿ ਸੱਭੇ ਦੂਰ ਕਰੇ ॥੨੩੩॥

ਬ੍ਰਹਮਬੂਟੀ–ਸ਼ੰਕਰ ਛੰਦ

ਗਗਨ ਪਾਰਦ ਸਾਰ ਤਾਰਮ, ਤਾਪ ਬਿਖ ਸਮ ਪਾਇ।
ਪਦਮ ਕੇਸਰ ਰਸ ਸੁ ਮਰਦੇ, ਏਕ ਦਿਨ ਸੁਭ ਭਾਇ।
ਸਨੁਕ ਬੰਨਿ ਬਿਜਯ ਸੂਰਣੈ ਵਚ, ਨਿਰਗੁੰਡੀ ਏਰੰਡ।
ਦੇਇ ਪੁਟਾ ਇਨ ਸਭਨ ਕੀ, ਪੁਨਿ ਕਰੇ ਖਰਲੈ ਮੰਡ ॥੨੩੪॥
ਫਿਰ ਅਗਨਿ ਦੇਇ ਪਚਾਇ ਲੀਜੈ, ਜੁਗਤਿ ਪੁਨ ਇਹ ਕੀਜ।
ਮਾਲ ਕੰਗੁਨਿ ਤੇਲ ਸਰਖਪ, ਤਾਹਿ ਮੈ ਲੈ ਦੀਜ।
ਜਾਮ ਮਾਤਰ ਕਾਢ ਰੋਗੀ, ਚਨਕ ਮਾਤਰ ਕਾਰ।
ਦਸਮੂਰ ਕ੍ਵਾਥੈ ਪੀਪਰੀ ਧਰ, ਤਾਹਿ ਸੰਗ ਖਵਾਰਿ॥ ੨੩੫॥
ਅਪਸਮਾਰ ਪਰਲਾਪ ਸਭ, ਜਾਵਤ ਛਿਨ ਮਹਿ ਰੋਗੁ।
ਦੋਹਰਾ– ਤਿਮਰ ਮਿਟਤ ਰਵਿ ਉਦਤ ਜਿਮ,ਰੁਜ ਤਮ ਰਵਿ ਇਹੁ ਜੋਗੁ॥੨੩੬।

੮੩੪–ਮ੍ਰਿਤ ਅਭਰਕ, ਮ੍ਰਿਤ ਪਾਰਾ, ਮ੍ਰਿਤ ਲੋਹਾ, ਮ੍ਰਿਤ ਚਾਂਦੀ ਤੇ ਮ੍ਰਿਤ ਸੋਨਮਖੀ, ਇਹ ਸੱਭੇ ਇਕ ਸਮਾਨ ਲੈਕੇ ਇਨ੍ਹਾਂ ਵਿਚ ਕਮਲ ਦੀਆਂ ਤਰੀਆਂ ਪਾਕੇ ਇਕ ਦਿਨ ਰਗੜੇ, ਫਿਰ ਥੋਹਰ ਦਾ ਦੁੱਧ, ਚਿਤ੍ਰੇ ਦਾ ਰਸ, ਅਰਣੀ ਦਾ ਰਸ, ਜ਼ਿਮੀਕੰਦ ਦਾ ਰਸ, ਵਚ ਦਾ ਰਸ, ਸੰਭਾਲੂ ਦਾ ਰਸ, ਤੇ ਅਰਿੰਡ ਦੇ ਪੱਤਾਂ ਦਾ ਰਸ ਪਾ ਪਾ ਕੇ ਇੱਕ ਇੱਕ ਦਿਨ ਖਰਲ ਕਰੇ। ਪਿਛੋਂ ਫਿਰ ਅਗਨੀ ਦੇਕੇ ਇਸ ਤਰ੍ਹਾਂ ਪਕਾਵੇ ਕਿ ਮਾਲਕੰਗਣੀ ਦਾ ਤੇਲ ਤੇ ਸਰ੍ਹੋਂ ਦਾ ਤੇਲ ਪਾ ਕੇ ੧ ਪਹਿਰ ਤਕ ਪਕਾਵੇ, ਫਿਰ ਰੱਖ ਛੱਡੇ, ਇਸ ਦੀ ਮਾਤ੍ਰਾ ਚਣੇ ਪ੍ਰਮਾਣ ਰੋਗੀ ਨੂੰ ਦੇਵੇ। ਪਿਛੋਂ ਦਸਮੂਲ ਦਾ ਕਾੜ੍ਹਾ ਉਸ ਵਿਚ ਮਘ ਧੂੜਕੇ ਪਿਲਾਵੇ ॥੨੩੪॥੨੩੫॥ ਤਾਂ ਮ੍ਰਿਗੀ ਪ੍ਰਲਾਪ ਸੰਨਿਪਾਤ, ਇਹ ਛਿਨ ਵਿਖੇ ਨਾਸ ਕਰ। ਜਿਸ ਤਰ੍ਹਾਂ ਅੰਨ੍ਹੇਰੇ ਨੂੰ ਸੂਰਜ ਨਾਸ ਕਰਦਾ ਹੈ, ਓਸੇ ਤਰ੍ਹਾਂ ਇਹ ਇਹ ਰੋਗ ਅਨ੍ਹੇਰੇ ਸਮਾਨ ਤਿਨ੍ਹਾਂ ਨੂੰ ਇਹ ਬ੍ਰਹਮ ਬੂਟੀ ਸੂਰਜ ਸਮਾਨ ਜਾਣੇ। ੨੩੬॥

ਕਲਜਾਣ ਚੂਰਣ (ਭਾਵਪ੍ਰਕਾਸ਼ਾਤ ਪ੍ਰਿ: ੭੫੩)–ਸ਼ੰਕਰ ਛੰਦ

ਤ੍ਰਿਫਲ ਸੇਂਧਾ ਮਰਚ ਕ੍ਰਿਸਨਾ, ਪੰਚ ਕੋਲ ਜਵਾਨਿ।
ਕਰੰਜੁ ਧਨੀਯਾਂ ਲੂਣ ਵਿੜ ਲੈ, ਬਾਇਵੜਿੰਗੇ ਠਾਨ।
ਪੀਸ ਚੂਰਨ ਉਸਨ ਜਲ ਬਖੁ;ਜਾਇ ਅਪ ਜੁ ਸੁਮਾਰ।
ਬਾਤ ਕਫ ਗ੍ਰਹਿਨੀ ਸੁ ਅਰਸਾ,ਮਿਟੈ ਸਕਲ ਬਿਕਾਰ ॥੨੩੭॥

Digitized by Panjab Digital Library | www.panjabdigilib.org

੯੩੫-ਤ੍ਰਿਫਲਾ-(ਹਰੜ, ਬਹੇੜਾ, ਆਵਲੇ), ਸੇਂਧਾਲੂਨ, ਜੀਰਾ ਪੰਚਕੋਲ-(ਮਘ, ਪਿਪਲਾ ਮੂਲ, ਚਵ, ਚਿਤਰੇ ਦੀ ਛਿੱਲ, ਸੁੰਢ) ਅਜਵਾਇਣ, ਮੀਚਕੇ ਦੇ ਬੀਜ ਦੀ ਗਿਰੀ, ਧਨੀਏਂ ਦੇ ਦਾਣੇ, ਵਿੜਲੂਣ ਤੇ ਬਾਇਵੜਿੰਗ, ਇਹ ਸੱਭੇ ਸਮਾਨ ਭਾਗ ਲੈਕੇ ਪੀਹਕੇ ਚੂਰਨ ਕਰ ਲਵੇ, ਇਸ ਨੂੰ ਫਿਰ ਗਰਮ ਜਲ ਨਾਲ ਸੇਵਨ ਕਰੇ, ਮ੍ਰਿਗੀ, ਵਾਯੂ, ਕਫ, ਸੰਗ੍ਰਹਿਣੀ ਅਤੇ ਬਵਾਸੀਰ ਆਦਿ ਸੱਭੇ ਵਿਕਾਰ ਨਾਸ ਕਰੇ ॥੨੩੭॥

ਬ੍ਰਹਮੀ ਕ੍ਵਾਥ (ਵੈਦ ਕੰਤੂਹਲਾਤ)

ਸੁੰਠ ਗ੍ਰੰਥਕ ਭਾਰਤੀ ਬਚ, ਦਾਰ ਨਿਸ ਸੁਰਦਾਰ ।
ਹਰੜ ਪੁਸਕਰ ਕੁੜਾ ਘਨ, ਨੈਪਾਲਸਟਿ ਸਮ ਡਾਰ ।
ਸਿਰਸ ਜੜ ਸਭ ਕ੍ਵਾਥ ਕੀਜੈ, ਪੀਤ ਮ੍ਰਿਗੀ ਸੁ ਜਾਇ ।
ਉਨਮਾਦ ਅਪ ਜੁ ਸੁਮਾਰ ਗ੍ਰਹਨੀ,ਮਿਟਤ ਕਫ ਗਦਵਾਇ॥੨੩੮॥

ਦੋਹਰਾ—
ਰੋਗ ਬਿਸੂਚੀ ਜਾਤ ਹੈ, ਸੰਨਪਾਤ ਮਿਟ ਜਾਇ ।
ਮੇਘ ਬਿਨੋਦੈ ਮੇਘ ਨੈ, ਭਾਖਾ ਰਚਯੋ ਬਨਾਇ ॥ ੨੩੯ ॥

੯੩੬-ਸੁੰਢ, ਪਿਪਲਾਮੂਲ, ਬ੍ਰਹਮੀ, ਵਚ, ਦਾਰਹਲਦੀ, ਦੇਵਦਾਰ, ਹਰੜਾਂ, ਪੁਹਕਰਮੂਲ, ਕੁੜਾ, ਮੋਥਾ, ਚਿਰੈਤਾ, ਕਚੂਰ ਅਰ ਸਰੀਂਹ ਦੀ ਜੜ੍ਹ ਸੱਭੇ ਸਮਾਨ ਭਾਗ ਲੈਕੇ, ਕਾੜ੍ਹਾ ਕਰਕੇ ਪੀਵੇ ਤਾਂ ਉਨਮਾਦ, ਮ੍ਰਿਗੀ, ਸੰਗ੍ਰਹਿਨੀ. ਕਫ, ਗੁਣਗੁਣਾ ਪਨ, ਹੈਜ਼ਾ ਅਰ ਸੰਨਿਪਾਤ ਇਹ ਸਭੇ ਨਾਸ਼ ਕਰੇ ॥੨੩੮॥੨੩੯॥

ਨਸਵਾਰ

ਮਿਰਚ ਰਾਖ੍ਹ ਥੋਹਰ ਬਿਖੈ,ਦਿਨ ਇਕ ਬੀਸ ਪ੍ਰਮਾਨ ।
ਬਾਰ ਸੰਗ ਨਾਵਨ ਕਰੋ, ਮਿਰਗੀ ਰੁਜ ਕੀ ਹਾਨ ॥੨੪੦॥

੯੩੭-ਕਾਲੀ ਮਿਰਚ, ਥੋਹਰ ਡੰਡਾ ਉਕਰਕੇ ਉਸ ਵਿਚ ੨੧ ਦਿਨ ਰੱਖ, ਪਿਛੋਂ ਪੀਹਕੇ ਜਲ ਨਾਲ ਨਸਵਾਰ ਦੇਵੇ, ਤਾਂ ਮ੍ਰਿਗੀ ਨਾਸ ਹੋਵੇ ॥੨੪੦॥

ਚੌਪਈ

ਸਮੁੰਦ੍ਰ ਫਲ ਮਧੁ ਮੇਲ ਕੰਟਾਰੀ । ਨਾਵਨ ਕਰਿ ਮਿਰਗੀ ਸਭਹਾਰੀ ।
ਗਜ ਮੂਤਰ ਸੋਂ ਕੀਕਰ ਛਾਲ । ਨਾਸ਼ ਦੇਹੁ ਮਿਰਗੀ ਰੁਜ ਟਾਲ॥੨੪੧॥

੯੩੮-ਸਮੁੰਦ੍ਰਫਲ ਤੇ ਕੰਡਿਆਰੀ ਦੇ ਫੁੱਲ ਸ਼ਹਿਤ ਨਾਲ ਨਸਵਾਰ ਕਰੇ ਤਾਂ ਮ੍ਰਿਗੀ ਜਾਵੇ । ਯਾ-
੯੩੯-ਕਿਕ੍ਰ ਦੀ ਛਿੱਲ ਹਾਥੀ ਦੇ ਮੂਤ੍ਰ ਵਿਚ ਪੀਹਕੇ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ ॥੨੪੧॥

ਯਾ:-

ਹਿੰਗੁ ਮਦਨ ਫਲ ਰਾਸਭਿ ਮੂਤ । ਨਾਸ ਦੇਹੁ ਮਿਰਗੀ ਨਹਿ ਹੂਤ ।
ਕੰਕੋੜਾਂ ਫਲ ਮਿਰਚ ਸੁ ਛਾਹ । ਨਾਸ ਦੇਹੁ ਮਿਰਗੀ ਨ ਰਹਾਹ॥੨੪੨॥

੯੪੦-ਹਿੰਙ,ਰਾੜਾ,ਗਧੇ ਦੇ ਮੂਤ੍ਰ ਵਿਚ ਪੀਹਕੇ ਨਸਵਾਰ ਦੇਵੇ ਤਾਂ ਮ੍ਰਿਗੀ ਨਾਸ ਹੋਵੇ ਯਾ-

Digitized by Panjab Digital Library | www.panjabdigilib.org

੮੪੧-ਕਕੋੜੇ ਦਾ ਫਲ ਤੇ ਕਾਲੀਮਿਰਚ ਪੀਹਕੇ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ ॥੨੪੨॥

ਵਾ:-

ਫਲ ਸਮੁੰਦ੍ਰ ਅਰੁ ਸਾਗਰ ਫੇਨ। ਸੋਂਬ ਸਮੁੰਦਰ ਮਾਹੈ ਦੇਨ।
ਮੇਲ ਕਪੂਰੇ ਨਾਵਨ ਕਰੋ। ਅਪਸਮਾਰ ਮਿਰਗੀ ਕੋ ਹਰੋ ॥੨੪੩॥

੮੪੨-ਸਮੁੰਦ੍ਰ ਫਲ ਸਮੁੰਦ੍ਰ ਝੱਗ, ਸਮੁੰਦ੍ਰਸੋਖ ਅਰ ਕਪੂਰ ਪੀਹਕੇ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ ॥੨੪੩॥

ਟੂਣਾ-(ਸਾਰਉਧਾਰਾਤ)-ਚੌਪਈ

ਮ੍ਰਿਗ ਸੀਸੈ ਨਛਤ੍ਰ ਭਾਲ। ਅਰੁ ਹੋਵੈ ਰਵਿਦਾਰ ਸੁ ਨਾਲ।
ਸਿੰਘਬੀਠ ਅਰੁ ਅਸਥ ਮਗਾਇ। ਸੋਇ ਮ੍ਰਿਦੰਗੈ ਪਾਸਿ ਬਜਾਇ।੨੪੪।
ਸ਼ਬਦ ਸੁਨਤ ਨਰ ਜੋ ਮਿਰਦੰਗ। ਮ੍ਰਿਗੀ ਰੋਗ ਕਾ ਜਾਵਤ ਰੰਗ।
ਸਾਰ ਉਧਾਰ ਜੁ ਰਾਖੀ ਏਹ। ਮੈ ਲਿਖਿ ਦੀਨੀ ਈਹਾਂ ਤੇਹ ॥੨੪੫॥

੮੪੩-ਮ੍ਰਿਗਸਰ ਨਛਤ੍ਰ ਐਤਵਾਰ ਹੋਵੇ ਤਾਂ ਸ਼ੇਰ ਦੀ ਵਿਸਟਾ ਅਰ ਸ਼ੇਰ ਦੀ ਹੱਡੀ ਮੰਗਾਕੇ ਮ੍ਰਿਦੰਗ ਵਿਚ ਪਾਕੇ ਬਜਾਵੇ। ਜੇਹੜਾ ਪੁਰਸ਼ ਮ੍ਰਿਦੰਗ ਦਾ ਸ਼ਬਦ ਸੁਣੇ ਉਸ ਦੀ ਮ੍ਰਿਗੀ ਜਾਂਦੀ ਰਹੇ ॥੨੪੪॥੨੪੫॥

ਨੱਸ (ਨਸਵਾਰ)-ਪਰਹਾ

ਫਲ ਸਮੰਦ੍ਰ ਅਰੁ ਮਿਰਚ, ਅਰਕ ਫਲ ਆਨੀਏ।
ਫਲ ਬ੍ਰਿੰਦਾਲ ਸਭ ਪੀਸ, ਮੂਤ੍ਰ ਗਜ ਠਾਨੀਏ।
ਨਾਸ ਦੇਹ ਮ੍ਰਿਗਿ ਜਾਇ, ਸਤਾਬੀ ਏ ਕਹੀ।
ਬਿਸਖਪਰਾ ਰਸ ਨਾਸ,ਜੁ ਮ੍ਰਿਗੀ ਮ੍ਰਿਗੀ ਮਿਟ ਸਹੀ ॥੨੪੬॥

੮੪੪-ਸਮੁੰਦ੍ਰਫਲ, ਮਿਰਚ, ਅੱਕ ਦੇ ਫਲ, ਘੱਗਰ ਵੇਲ ਦਾ ਫਲ, ਹਾਥੀ ਦੇ ਮੂਤ੍ਰ ਵਿਚ ਪੀਹਕੇ ਨਸਵਾਰ ਦੇਵੇ ਤਾਂ ਮ੍ਰਿਗੀ ਮਿਟੇ। ਯਾ-

੮੪੫-ਬਿਸਖਪਰਾ ਬੂਟੀ ਦੇ ਰਸ ਦੀ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ ॥ ੨੪੬ ॥

ਦੋਹਰਾ

ਮਰਚ ਪੀਸ ਗਜ ਮੂਤ ਸੇ, ਕਪੜੇ ਪੁਟ ਇਕ ਬੀਸ।
ਸੁਕੀ ਫਾਰ ਇਕ ਲੀਰ ਤਿਸੁ, ਧੂਪ ਕਰੋ ਨਕਦੀਸ ॥੨੪੭॥
ਘਰੀ ਏਕ ਮਿਰਗੀ ਸਮੈ, ਧੂਪ ਦੇਹੁ ਨਕ ਮੇਲ।
ਜਾਇ ਮ੍ਰਿਗੀ ਸਭ ਜਾਤ ਕੀ, ਰੁਜੀ ਕਰਤ ਸਭ ਕੇਲ ॥੨੪੮॥

੮੪੬-ਮਿਰਚ, ਹਾਥੀ ਦੇ ਮੂਤ੍ਰ ਨਾਲ ਘੋਟਕੇ ਬਸਤ੍ਰ ਨੂੰ ੨੧ ਪੁੱਠਾਂ ਦੇਵੇ। ਉਸ ਸੁਕਾਏ ਹੋਏ

Digitized by Panjab Digital Library | www.panjabdigilib.org

ਬੱਸਤ੍ਰ ਨਾਲੋਂ ਕੁਛ ਲੀਰ ਪਾੜਕੇ, ਉਸ ਦੀ ਨੱਕ ਵਿਚ ਧੂਣੀ ਦੇਵੇ। ਮ੍ਰਿਗੀ ਔਣ ਵੇਲੇ ਇਹ ਘੜੀ ਕੁ ਧੂਣੀ ਨਕ ਵਿਚ ਚਾੜ੍ਹੇ ਤਾਂ ਸਭ ਤਰ੍ਹਾਂ ਦੀ ਮ੍ਰਿਗੀ ਜਾਵੇ ॥ ੭੪੭ ॥ ੨੪੮ ॥

(ਅੰਜਨ)

ਪਾਰਾਵਤ ਬਿਠ ਮਨਸਿਲਾ, ਸੇਂਧਾ ਪੀਸੀ ਅੰਜ।
ਮ੍ਰਿਗੀ ਰੋਗੁ ਸਭ ਜਾਤ ਹੈ, ਕਹੂੰ ਨ ਕਰਿ ਹੈ ਲੰਜ ॥ ੨੪੯ ॥

੮੪੭–ਕਬੂਤਰ ਦੀ ਵਿੱਠ, ਨਮਸਿਲ ਅਰ ਸੇਂਧਾਲੂਣ ਪੀਹਕੇ ਸੁਰਮੇ ਵਾਂਗ ਅੰਜਨ ਕਰੇ ਤਾਂ ਸਭ ਤਰ੍ਹਾਂ ਦੀ ਮ੍ਰਿਗੀ ਜਾਵੇ ॥ ੨੪੯ ॥

ਨਸਜ

ਮ੍ਰਿਤ ਜਕ ਤਿੱਡੀ ਆਕ ਕੀ, ਰਾਖ ਕਰੀ ਦੈ ਨਾਸ।
ਰੋਗੁ ਮ੍ਰਿਗੀ ਕਾ ਜਾਤ ਘਟਿ, ਮਨ ਹੋਵਤ ਹੁੱਲਾਸ ॥੨੫੦॥

੮੪੮–ਮੋਈ ਹੋਈ ੧ ਟਿੱਡੀ ਅੱਕ ਦੀ ਸਾੜਕੇ ਉਸ ਦੀ ਸੁਆਹ ਕਰੇ ਅਰ ਨਸਵਾਰ ਦੇਵੇ ਤਾਂ ਭੀ ਮ੍ਰਿਗੀ ਘਟਦੀ ਹੈ ॥ ੨੫੦ ॥

ਮਰਚ ਖੋਪਰੀ ਨਰਨਿ ਕੀ, ਸਾਠੀ ਚਾਵਲ ਘਾਲ।
ਪੀਸ ਨਾਕ ਨਾਵਨ ਕਰੋ, ਰੋਗੁ ਮ੍ਰਿਗੀ ਕਾ ਟਾਲ ॥ ੨੫੧ ॥

੮੪੯–ਮਿਰਚ ਤੇ ਆਦਮੀ ਦੀ ਖੋਪਰੀ, ਉਸ ਵਿਚ ਸੱਠੀ ਦੇ ਚੌਲ ਭੀ ਪਾ ਲਵੇ। ਫਿਰ ਪੀਹਕੇ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ ॥ ੨੫੧ ॥

ਚੌਪਈ

ਸਿਰਚ ਸੁੰਠ ਕ੍ਰਿਸਨਾ ਬ੍ਰਿੰਦਾਲ। ਬੀਜ ਧਨੰਤ੍ਰ ਟੰਕ ਟੰਕ ਡਾਲ।
ਗਜ ਮੂਤ੍ਰ ਪੁਟ ਇੱਕੀ ਕਰੋ। ਸਾਤ ਦਿਵਸ ਲੈ ਨਾਵਨ ਧਰੋ ॥ ੨੫੨ ॥
ਜੋ ਮਿਰਗੀ ਆਵਤ ਜਿਹ ਬਾਰ। ਨਾਵਨ ਦੀਜੈ ਲੈ ਤਤਕਾਰ।
ਰੋਗੁ ਮ੍ਰਿਗੀ ਕਾ ਜਾਵਤ ਸਹੀ। ਇਹ ਨਸਵਾਰ ਜੁ ਖਾਸੀ ਕਹੀ॥੨੫੩॥

੮੫੦–ਮਿਰਚ, ਸੁੰਢ, ਜਘ, ਘੱਗਰਵੇਲ ਦਾ ਫਲ ਤੇ *ਕ੍ਰਿਸ਼ਨ ਕਾਂਤਾ (ਸੋਸਨ ਦੇ ਬੀਜ) ਇਹ ਸਭ ੪-੪ ਮਾਸੇ ਹਾਥੀ ਦੇ ਮੂਤ੍ਰ ਨਾਲ ੨੧ ਪੁੱਠਾ ਕਰੇ, ਫਿਰ ਬੇਨਾਗਾ ੭ ਦਿਨ ਤਕ ਨਸਵਾਰ ਦੇਵੇ। ਜੇਹੜੀ ਮ੍ਰਿਗੀ ਜਿਸ ਦਿਨ ਆਵੇ ਉਸੇ ਦਿਨ ਓਸੇ ਵੇਲੇ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ। ਇਹ ਨਸਵਾਰ ਬਹੁਤ ਸਰਸ਼ਟ ਹੈ ॥ ੨੫੨ ॥ ੨੫੩ ॥

ਗਜਮਦ ਮਿਰਚਾਂ ਮੇਲਕੈ, ਦੇਹੁ ਨਾਕ ਨਸਵਾਰ।
ਮਿਟਤ ਰੋਗੁ ਮਿਰਗੀ ਪ੍ਰਬਲ, ਕਹਯੋ ਸਾਰ ਉਧਾਰ ॥ ੨੫੪ ॥

---

*ਕ੍ਰਿਸ਼ਨ ਕਾਂਤਾ–ਧਨੰਤ੍ਰ ਬੀਜ ਹਨ, ਇਸ ਦ ਕਾਲੇ ਦਾਣੇ ਫਲੀਆਂ ਵਿਚੋਂ ਨਿਕਲਦੇ ਹਨ, ਕਨਖਲ ਨਿਰਮਲੇ ਸੰਤਾਂ ਦੀਆਂ ਕੁਟੀਆਂ ਵਿਚ ਵੇਲ ਹੈ, ਤਸੱਲੀ ਵਾਸਤੇ ਦੇਖੋ ਦ੍ਰਬ ਦਰਪਣ। ਯੂਨਾਨੀ ਸੋਸਨ ਦੇ ਬੀਜ ਆਖਦੇ ਹਨ।

Digitized by Panjab Digital Library | www.panjabdigilib.org

੮੫੧–ਹਾਥੀ ਦਾ ਮਦ, ਮਿਰਚ ਮਿਲਾਕੇ ਨਸਵਾਰ ਦੇਵੇ ਤਾਂ ਮ੍ਰਿਗੀ ਜਾਵੇ ॥ ੨੫੪ ॥

ਚੌਪਈ

ਦਸ ਜੁ ਮੂਲਕਾ ਕ੍ਵਾਥ ਕਰਾਇ। ਪੀਵਤ ਮਧੁ ਸੁ ਮ੍ਰਿਗੀ ਨਸਾਇ।
ਵਾ ਚੂਰਨ ਮਧੁਸੰਗ ਚਟਾਇ। ਮ੍ਰਿਗੀ ਰੋਗੁ ਕਾ ਨਾਸ ਕਰਾਇ ॥੨੫੫॥

੮੫੨–ਦਸਮੂਲ ਕ੍ਵਾਥ ਕਰਕੇ ਸ਼ਹਿਤ ਪਾਕੇ ਪੀਵੇ, ਯਾ–
੮੫੩–ਦਸੇ ਮੂਲ ਦਾ ਚੂਰਣ ਬਣਾਕੇ ਸ਼ਹਿਤ ਨਾਲ ਚੱਟੇ ਤਾਂ ਮ੍ਰਿਗੀ ਨਾਸ ਹੋਵੇ ॥ ੨੫੫ ॥

ਦੋਹਰਾ

ਹਿੰਗੁ ਮਰਚ ਬਚ ਥੋਮ ਲੈ, ਯਸਟੀ ਸਿਰਸ ਜੁ ਬੀਜ।
ਅੰਜਨ ਛੇਲੀ ਮੂਤ ਕਰਿ, ਵਟੀ ਕਰੀ ਮ੍ਰਿਗਿ ਖੀਜ ॥ ੨੫੬ ॥

੮੫੪–ਹਿੰਗ, ਮਿਰਚ, ਵਚ, ਲਸਨ ਮੁਲੱਠੀ ਅਰ ਸਰੀਂਹ ਦੇ ਬੀਜ ਲੈਕੇ ਬਰੀਕ ਕਰੇ, ਫਿਰ ਬਕਰੀ ਦੇ ਮੂਤ੍ਰ ਵਿਚ ਘੋਟਕੇ ਵੱਟੀ ਜੇਹੀ ਕਰੇ, ਅਰ ਵਕਤ ਪਰ ਨੇਤ੍ਰਾਂ ਵਿਖੇ ਅੰਜਨ ਕਰੇ ਤਾਂ ਮ੍ਰਿਗੀ ਜਾਵੇ ॥ ੨੫੬ ॥

ਮ੍ਰਿਗੀ ਦੇ ਪੱਥ–ਸ਼ੰਕਰ ਛੰਦ

ਬਸਤਿ ਬਾਤੋਤਰ ਬਿਰੇਚਨ, ਪਿੱਤ ਕਫ ਬਮ ਨਾਸ।
ਧੂਤ ਅੰਜਨ ਸਿਰਾ ਬੇਧਨ, ਦਾਨ ਬੰਧਨ ਤ੍ਰਾਸ।
ਤ੍ਰਾਸਨੰ ਭਯ ਤਰਜਨੰ, ਹੈ, ਹਰਖ ਧੂਪ ਜੁ ਪਾਨ।
ਕਨਿਕ ਚਾਵਲ ਰਕਤ ਮੁਗਦਾ, ਅਭਯੰਜਨੰ ਅਸਨਾਨ ॥੨੫੭॥
ਬ੍ਰਾਹਮਈ ਪਟੋਲ ਪੇਠਾ, ਪਾਲਕੰ ਜੁ ਅਨਾਰ।
ਦੂਧ ਪੀਠੀ ਦਾਖ ਸਿਗ੍ਰੂ, ਫਾਲਸਾ ਲੈ ਡਾਰ।
ਤੈਲ ਖਰ ਅਸ੍ਵ ਮੂਤਪਾਨੀ, ਮੇਘ ਕਾ ਲੈ ਜੋਰ।
ਪਥਯ ਭਾਖੇ ਅਪਸਮਾਰਹਿ, ਕਾਇ ਕਰਨਾ ਸੋਰੁ ॥੨੫੮॥

੮੫੫–ਬਾਤ ਦੀ ਮ੍ਰਿਗੀ ਵਿਖੇ ਬਸਤੀਕ੍ਰਮ, ਪਿੱਤ ਦੀ ਵਿਖੇ ਥਸਤ, ਕਫ ਦੀ ਮ੍ਰਿਗੀ ਵਿਖੇ ਬਮਨ ਕਰੌਣੀ ਚਾਹੀਏ। ਧੂਪ, ਦੇਣਾ, ਅੰਜਨ ਕਰੌਣਾ, ਫਸਤ ਕਰੌਣਾ, ਦਾਨ ਦਿਵਾਣਾ, ਬੰਨ੍ਹ ਰੱਖਣਾ, *ਤਸੀਹਾ ਦੇਣਾ, ਡਰਾਣਾ, ਧਮਕਾਣਾ, ਪ੍ਰਸੰਨ ਕਰਨਾ, ਅਚੰਭਾ ਦਿਖਾਣਾ, ਧੂੰਆਂ ਪਿਲਾਣਾ, ਕਣਕ, ਸੱਠੀ ਦੇ ਚਾਵਲ, ਮੂੰਗੀ, ਮਾਲਸ, ਸਨਾਨ, ਬ੍ਰਹਮੀ ਦੇ ਪੱਤੇ ਪਰਵਰ, ਪੇਠਾ, ਪਾਲਕ, ਅਨਾਰ, ਦੁੱਧ, ਪੀਠੀ ਕਹੀਏ ਪੇੜੇ, ਦਾਖ ਸੁਹਾਂਜਣਾਂ, ਫਾਲਸਾ, ਤੇਲ, ਗਧੇ, ਘੋੜ ਦਾ ਮੂਤਰ ਤੇ ਵਰਖਾ ਦਾ ਜਲ, ਇਹ ਸਭ ਦੇਣੇ ਮ੍ਰਿਗੀ ਦੇ ਪਥ ਹਨ, ਇਸ ਵਿਖੇ ਕੁਛ ਸ਼ੋਰ (ਝਗੜਾ) ਨਹੀਂ ॥ ੨੫੭ ॥ ੨੫੮ ॥

ਕੁਪੱਥ

*ਤਰਾਸ=ਪਦ ਦੇ ਥਾਂ "ਤ੍ਰਾਸ" ਪਾਠਾਂਤਰ ਭੀ ਹੈ।

Digitized by Panjab Digital Library | www.panjabdigilib.org

ਸੋਕ ਚਿੰਤਾ ਕ੍ਰੋਪ ਭਯ, ਹਠ ਮਦਯ ਮਾਤ ਬਿਰੁਧ।
ਅੰਨ ਪਾਨੀ ਉਸਨ ਗੁਰ, ਅਤਿ ਦਰਸਨਾ ਸੁਦਿ ਸੁਧ।
ਪਤ੍ਰ ਸਾਕਾ ਬਿੰਬ ਮਾਖਾ; ਅਰਹਰਾ ਤ੍ਰਿਟ ਨੀਂਦ।
ਬੇਗ ਧਾਰਨ ਅਰ ਬਿਯਾਮਾਂ, ਅਪਸ ਮਾਰੀ ਨੀਂਦ ॥੨੫੯॥

੮੫੬–ਸ਼ੋਕ, ਚਿੰਤਾ, ਕ੍ਰੋਧ ਭਯ ਹਠ, ਸ਼ਰਾਬ, ਮਾਸ, ਵਿਰੁਧ ਹੋਰ ਅੰਨ ਜਲ, ਗਰਮ ਅਰ ਭਾਰੀ ਖਾਣੇ, ਸਿਧ ਕਹੀਏ ਜੇੜੇ ਪੂਜਣੇ ਯੋਗ ਪਵਿਤ੍ਰ ਹਨ, ਉਨ੍ਹਾਂ ਦੇ ਦਰਸ਼ਨ ਤਕ ਨਾਂ ਕਰਨੇ। ਪੱਤਾਂ ਦੇ ਸ਼ਾਗ, ਕਦੂਰੀਆਂ ਮਾਂਹ ਹਰਹਰ (ਤੋਰ), ਪਯਾਸ, ਨੀਂਦ ਆਦਿ ਬੇਗਾਂ ਦਾ ਰੋਕਣਾ, ਕਸ੍ਰਿਤ, ਮ੍ਰਿਗੀ ਦੀ ਨੀਂਦ ਇਹ ਸਭ ਰੋਕ ਦੇਵੇ, ਕਯੋਂਕਿ ਕੁਪੱਥ ਹਨ ॥ ੨੫੯ ॥

ਅਥ ਬਧਕੋਸ਼ਟ ਨਿਦਾਨ–ਦੋਹਰਾ

ਬਾਤ ਪਿਤ ਕਫ ਦੋਖ ਤੈ; ਬੇਗ ਰੋਕਨਾ ਜਾਨ।
ਅੰਨ ਬਿਰੁਧੈ ਉਪਜੈ, ਕੋਸਟ ਬੰਧ ਇਮ ਮਾਨ ॥ ੨੬੦ ॥

ਬਾਤ ਪਿਤ ਅਰ ਕਫ ਦੇ ਦੋਖ ਤੇ ਅਥਵਾ ਬੇਗਾ ਦੇ ਰੋਕਣੇ ਅਰ ਵਿਰੁਧ ਅੰਨ ਖਾਣੇ ਤੇ ਕੋਸ਼ਟ ਬੱਧ ਰੋਗ ਪੈਦਾ ਹੁੰਦਾ ਹੈ ॥ ੨੬੦ ॥

ਬੱਧ ਕੋਸ਼ਟ ਲੱਛਣ (ਰਾਮ ਬਿਨੋਦਾਤ)–ਚੌਪਈ

ਬਾਇ ਬੰਧ ਜਬ ਉਦਰੇ ਹੋਇ। ਸੰਕਾ ਮਿਟਤ ਨ ਜਾਨੋ ਸੋਇ।
ਅੰਨ ਅਪਚ ਨਿਸਦਿਨ ਮੈ ਰਹੈ। ਕੋਸਟਬਧ ਤਾਂਕੋ ਨਰ ਕਹੈ ॥੨੬੧॥

ਜਦ ਪੇਟ ਵਿਖੇ ਵਾਯੂ ਰੁਕ ਜਾਵੇ। ਅਜੇਹੀ ਸ਼ੰਕਾ ਹੁੰਦੀ ਹੈ ਕਿ ਇਹ ਮਿਟਣੇ ਵਾਲਾ ਰੋਗ ਨਹੀਂ। ਰਾਤ ਦਿਨ ਅੰਨ ਪਚਦਾ ਨਹੀ ਹੈ, ਇਸ ਨੂੰ ਕੋਸ਼ਟ ਬੱਧ ਆਖਦੇ ਹਨ ॥ ੨੬੧ ॥

ਉਪਾਯ (ਯੋਗਚਿੰਤਾਮਣੀ ਮਤਾਂਤ)–ਸ਼ੰਕਰ ਛੰਦ

ਤ੍ਰਿਫਲ ਤ੍ਰੈ ਪਲ ਪੰਚ ਬਾਵਚਿ, ਚਾਰ ਪਲ ਬਾੜਿੰਗ।
ਲੈ ਭਿਲਾਵੇ ਚਾਰ ਪਲ ਪਲ, ਚਾਰ ਸਾਰ ਮ੍ਰਿਤੰਗ।
ਏਕ ਪਲ ਗੁਗਲ ਤ੍ਰਿਵੀ ਲੈ, ਪਲ ਜੁ ਮੇਲੋ ਚਾਰ।
ਸਿਲਾਜੀਤ ਜੁ ਏਕ ਪਲ; ਪੁਨ ਪੁਸਕਰਾ ਅਧ ਧਾਰ ॥ ੨੬੨ ॥
ਚਿੱਤਰਾ ਪਲ ਅਰਧ ਮੇਲੋ, ਸੁੰਠਿ ਪੀਪਰ ਠਾਨ।
ਲੈ ਬਿਸਾਲਾ ਕਰੀ ਕੇਸਰ, ਘਨੁ ਇਲਾ ਲਘੁ ਆਨ।
ਤੱਜ ਪਤਰ ਟੰਕ ਟੰਕੈ, ਸਭੀ ਚੂਰਨ ਪੀਸ।
ਸਭ ਸਾਮਨੰ ਖੰਡ੍ਰ ਲੀਜੈ, ਕਰੋ ਪਾਤ ਸੁ ਦੀਸ ॥੨੬੩॥

Digitized by Panjab Digital Library | www.panjabdigilib.org

ਪਾਤ ਹੋਈ ਭਿਲੋ ਚੂਰਨ, ਟੰਕ ਤ੍ਰੈ ਕੈ ਮਾਨ।
ਖਾਇ ਮੋਦਕ ਕਰੀ ਕਾਲੈ, ਸਾਂਝ ਪ੍ਰਾਤਹਿ ਠਾਨ।
ਕੋਸਟ ਬੱਧ ਪਲੀਹ ਗੁਲਮਾ, ਅਰੁ ਭਗਦਰ ਜਾਇ।
ਜੀਭ ਤਾਲੂ ਕੰਠ ਰੁਜ ਸਭ, ਦੇਤ ਤੁਰਤ ਗਵਾਇ॥ ੨੬੪॥

੮੫੭-ਤ੍ਰਿਫਲਾ (ਹਰੜ, ਬਹੇੜਾ, ਆਵਲੇ) ੩ ਪਲ, ਅਰਥਾਤ ੧੨ ਤੋਲੇ, ਬਾਵਚੀ ੨੦ ਤੋਲੇ ਬਾਯਵੜਿੰਗ ੧੬ ਤੋਲੇ, ਭਿਲਾਵੇ ੧੬ ਤੋਲੇ, ਮ੍ਰਿਤ ਲੋਹਾ ੧੬ ਤੋਲੇ, ਗੁਗਲ ੪ ਤੋਲੇ, ਤ੍ਰਿਵੀ ੧੬ ਤੋਲੇ, ਸਿਲਾਜੀਤ ੪ ਤੋਲੇ, ਪੁਹਕਰ ਮੂਲ ੨ ਤੋਲੇ ਚਿਤ੍ਰਾ ੨ ਤੋਲੇ, ਸੁੰਢ, ਮਘ, ਤ੍ਰੁਮਾ, ਨਾਗਕੇਸਰ, ਮੋਥਾ, ਛੋਟੀ ਲਾਚੀ ਤੇ ਤੇਜਪੱਤ੍ਰ, ਏਹ ਸਭ ੪-੪ ਮਾਸੇ ਲੈਕੇ ਪੀਹੇ ਅਰ ਫਿਰ ਸਭਨਾਂ ਦੇ ਸਮਾਨ ਲੈਕੇ ਖੰਡ ਲੈਕੇ ਉਸ ਦੀ ਚਾਸਨੀ ਕਰੇ, ਜਦ ਚੰਗੀ ਪੱਤ ਹੋ ਜਾਵੇ ਤਾਂ ਉਪਰਲਾ ਚੂਰਣ ਮਿਲਾ ਦੇਵੇ, ਫਿਰ ੩ ਟੰਕ ਅਰਥਾਤ ੧ ਤੋਲੇ ਦਾ ਲੱਡੂ ਬੰਨ੍ਹ ਰੱਖੇ ਅਰ ਪ੍ਰਾਤਾ ਸੰਧਯਾ ਸਮਯ ਇਕ ਇਕ ਲੱਡੂ ਖਾਵੇ ਤਾਂ ਕੋਸਟਬੱਧ, ਲਿੱਫ, ਗੋਲਾ ਭਗੰਦ੍ਰ, ਜੀਭ, ਤਾਲੂ ਅਰ ਗਲ ਦੇ ਸਭਨਾਂ ਰੋਗ ਨੂੰ ਨਾਸ ਕਰੇ॥ ੨੬੨॥ ੨੬੪॥

ਚੌਪਈ

ਪੀਪਰ ਤ੍ਰਿਵੀ ਜੁ ਮਿਸਰੀ ਪਾਇ। ਸਹਤ ਸੰਗ ਗੋਲੀ ਕਰਵਾਇ।
ਕੋਕਨ ਸਮ ਗੋਲੀ ਨਿਸ ਖਾਇ। ਬਧ ਕੋਸਟ ਕੀ ਪੀਰਾ ਜਾਇ॥੨੬੫॥

੮੫੮-ਮਘ, ਤਿਰਵੀ, ਮਿਸਰੀ ਅਰ ਸ਼ਹਿਤ ਲੈਕੇ ਪੀਹੇ ਅਰ ਗੋਲੀ ਕੋਕਨ ਬੇਰ ਪ੍ਰਮਾਣ ਕਰੇ, ਰਾਤ ਨੂੰ ਇਕ ਖਾਵੇ ਤਾਂ ਬੱਧਕੋਸ਼ਟ ਨਾਸ ਕਰੇ॥ ੨੬੫॥

ਲੌਂਗ ਹਰੜਜੰਗੀ ਜੁ ਮਗਾਇ। ਬਡੀ ਹਰੜ ਕੀ ਛਾਲ ਲਿਆਇ।
ਪਲਪਲ ਮਾਤ੍ਰਾ ਇਨਕੀ ਜਾਨਾ ਪੰਚ ਸਿਰਸਾਹੀ ਦਾਖ ਜੁ ਆਨ॥੨੬੬॥
ਪੰਚ ਸਿਰਸਾਹੀ ਮੇਲੁ ਸੁਨਾਇ। ਗੁਲਕੰਦ ਪਲ ਆਨੇ ਸੁ ਰਲਾਇ।
ਸਹਤ ਸੰਗ ਗੋਲੀ ਕਾ ਤੋਲ। ਤੋਲਾ ਏਕ ਜੁ ਗੋਲੀ ਟੋਲ॥੨੬੭॥
ਰਾਤ ਸਮੇ ਖਾਵਤ ਨਰ ਏਹ। ਪੀਵਤ ਪਯ ਵਾ ਜਲ ਕੋ ਤੇਹ।
ਕੋਸਟ ਬੱਧ ਕਾ ਰੋਗੁ ਨਸਾਇ। ਮੇਘ ਬਿਨੋਦੈ ਦਈ ਬਤਾਇ॥੨੬੮॥

੮੫੯-ਲੋਂਗ, ਜੰਗਹਰੜ ਤੇ ਹਰੜ ਦੀ ਛਿੱਲ, ਇਹ ਸਭ ੪-੪ ਤੋਲੇ ਦਾ ਪ੍ਰਮਾਣ ਲਵੇ, ਮੁਨੱਕਾ ੫ ਸਿਰਸਾਹੀਆਂ, ਸਰਨਾਇ ੫ ਸਿਰਸਾਹੀ ਤੇ ਗੁਲਕੰਦ ੩੨ ਤੋਲੇ, ਸ਼ਹਿਤ ਨਾਲ ਗੋਲੀਆਂ ਤੋਲੇ ਤੋਲੇ ਦੀਆ ਕਰੇ। ਰਾਤ ਨੂੰ ਇਕ ਖਾਕੇ ਉਪਰੋਂ ਦੁੱਧ ਯਾ ਗਰਮ ਜਲ ਪੀਵੇ, ਕੋਸਟ ਬੱਧ ਨਾਸ ਕਰੇ॥ ੨੬੬ ਤੋਂ ੨੬੮॥

ਚੂਰਣ-ਦੋਹਰਾ

ਤ੍ਰਿਕੁਟਾ ਮਾਸੇ ਬੀਸ ਲੇ, ਤ੍ਰਿਵੀ ਜੁ ਮਾਸੇ ਸਾਤ।

Digitized by Panjab Digital Library | www.panjabdigilib.org

ਮਾਸੇ ਤ੍ਰਿਕ ਲੈ ਬੰਸਦ੍ਰਿਗ, ਚੌਦਾਂ ਮਿਸ ਪੁਨ ਘਾਤ ॥ ੨੬੯ ॥
ਚੌਦਾਂ ਮੇਲ ਸੁਨਾਇ ਕੋ, ਮਾਸੇ ਪੰਚ ਸੁ ਖਾਇ ।
ਉਸਨ ਨੀਰ ਸੋ ਰਾਤ ਕੋ, ਬਧ ਕੋਸਟ ਸੋ ਜਾਇ ॥ ੨੭੦ ॥

੩੯੦–ਤ੍ਰਿਕੁਟਾ (ਮਘ, ਮਿਰਚ, ਸੁੰਢ) ੨੦ ਮਾਸੇ. ਤਿਰਵੀ ੭ ਮਾਸੇ, ਤਵਾਸ਼ੀਰ ੩ ਮਾਸੇ, ਸੰਢ ੧੪ ਮਾਸੇ ਤੇ ਸਰਨਾ ੧੪ ਮਾਸੇ, ਬਰੀਕ ਪੀਹਕੇ ਚੂਰਣ ਕਰੇ ਅਰ ਰਾਤ ਨੂੰ ੫ ਮਾਸੇ ਖਾਵੇ, ਉਪਰੋਂ ਗਰਮ ਜਲ ਪੀਵੇ ਤਾਂ ਬਧ ਕੋਸ਼ਟ ਨਾਸ ਹੋਵੇ ॥ ੨੬੯ ॥ ੨੭੦ ॥

ਬਧ ਕਸ਼ਟ ਦੇ ਪੱਥ

ਬਿਸਟੰਭੀ ਦਧਿ ਮਾਖ ਤਿਲ, ਮਸਰ ਨ ਏਤੇ ਖਾਇ ॥
ਰੇਚਨ ਦ੍ਰਾਵੀ ਦੀਪਨੀ, ਏਹੈ ਪਥ ਕਹਾਇ ॥ ੨੭੧ ॥

੩੯੧–ਕਬਜੀ ਕਾਰਕ, ਦਹੀਂ ਮਾਂਹ, ਤਿਲ ਅਰ ਮਸਰ ਇਹ ਨਾ ਖਾਵੇ । ਦਰਾਵਕ (ਦਸਤਾਵਰ) ਅਰ ਅਗਨੀ ਤੇਜ ਕਰਨੇ ਵਾਲੇ ਪਦਾਰਥ ਖਾਵੇ, ਇਹ ਸਭ ਪੱਥ ਹਨ ॥ ੨੭੧ ॥

–੦–

ਇਤਿ ਸ੍ਰੀ ਮੇਘ ਦਿਨੋਦ ਮੁਨਿ ਮੇਘ ਰਾਜ ਬਿਚਰਤੇ ਛਰਦ,
ਬਿਸੂਚੀ, ਤ੍ਰਿਖਾ, ਮੁਖਸੋਖ, ਭੂਖ, ਦਾਹ, ਗਲਦਾਹ, ਮੂਰਛਾ,
ਮਦਾਤਯ, ਉਨਮਾਦ, ਅਪਸਮਾਰ, [ਮਿਰਗੀ]
ਪ੍ਰਮੁਖ, ਨਾਮ ਖਸ੍ਮੋ ਧਿਆਇ ॥ ੬ ॥
ਛੇਵਾਂ ਅਧਯਾਯ ਸਮਾਪਤ ॥

Digitized by Panjab Digital Library | www.panjabdigilib.org

ਅਥ ਸੱਤਵਾਂ ਧਯਾਯ

ਦੋਹਰਾ— ਚਰਨ ਕਮਲ ਗੁਰ ਕੇ ਨਮੋ, ਸਾਰਦ ਮਾਤਾ ਧਿਆਇ।
ਅਬ ਬਖਾਨ ਮੈਂ ਕਰਤ ਹੌਂ, ਚੌਰਾਸੀ ਜਗ ਬਾਇ ॥ ੧ ॥

ਗੁਰਾਂ ਨੂੰ ਨਮਸਕਾਰ ਕਰਕੇ ਅਰ ਮਾਤਾ ਸਰਸ੍ਵਤੀ ਨੂੰ ਧਯਾਯ ਕੇ ਚੌਰਾਸੀ ਬਾਤ ਦਾ ਬਰਨਣ ਕਰਦਾ ਹਾਂ ॥ ੧ ॥

ਬਾਤ ਨਿਦਾਨ ਸ਼ੰਕਰ ਛੰਦ

ਸੀਤ ਅਲਪ ਜੁ ਰੂਖ ਲੰਘਨ, ਤੀਯ ਕਾ ਸੰਗ ਜਾਨ।
ਰੁਧਰ ਮੋਖਨ ਨਿਸਾ ਜਾਗਨ, ਬਯਾਮ ਮਾਰਗ ਮਾਨ।
ਸੋਕ ਚਿੰਤਾ ਮਰਮੁ ਘਾਤੈ, ਚੋਟ ਆਮ ਬਿਕਾਰ।
ਬੇਗੁ ਰੋਕਨ ਧਾਤ ਖਯ, ਤੈ ਹੋਤ ਬਾਤ ਸੁ ਧਾਰ ॥ ੨ ॥

ਦੋਹਰਾ— ਉਸਟ ਅਸ੍ਵ ਗਜ ਜ਼ਾਨ ਤੇ, ਅਤਿ ਖੈਂਚਤ ਜੋ ਕੋਇ।
ਬਾਤ ਚੌਰਾਸੀ ਊਪਜੈ, ਇਨ ਸਭ ਹੀ ਤੇ ਜੋਇ ॥ ੩ ॥

ਠੰਢਾ, ਥੋੜਾ, ਖੁਸ਼ਕ, ਫਾਕੇ ਇਸਤ੍ਰੀ ਦਾ ਸੰਗ, ਫਸਤ ਖੁਲ੍ਹਾਣਾ, ਰਾਤ ਦਾ ਜਾਗਣਾ, ਕਸਰਤ, ਰਸਤੇ ਦਾ ਚਲਨਾ, ਸ਼ੋਕ ਚਿੰਤਾ, ਮਰਮ ਸਥਾਨਾਂ ਵਿਖੇ ਦਾ ਚੋਟ ਦਾ ਲਗਨਾ। ਆਮ ਦਾ ਵਿਕਾਰ, ਬੇਗਾਂ ਦਾ ਰੋਕਨਾ ਤੇ ਧਾਤੂ ਦੀ ਖੀਨਤਾ, ਇਤਯਾਦਿ ਕਾਰਨਾਂ ਤੇ ਬਾਤ ਪੈਦਾ ਹੁੰਦੀ ਹੈ ਅਰ ਊਂਟ, ਘੋੜੇ ਤੇ ਹਾਥੀ ਆਦਿ ਸਵਾਰੀਆਂ ਪਰ ਚੜ੍ਹਕੇ ਦੁੜਾਵੇ, ਯਾ ਅਤਯੰਤ ਖੇਚਲ ਕਰੇ, ਤਾਂ ਚੌਰਾਸੀ ਪ੍ਰਕਾਰ ਦੀ ਬਾਤ ਵਧਦੀ ਹੈ ॥ ੨ ॥ ੩ ॥

ਸਰਬ ਬਾਤ ਕੇ ਲੱਛਨ—ਸ਼ੰਕਰ ਛੰਦ

ਗ੍ਰੀਵ ਮਸਤਕ ਕਾਨ ਨਾਸਾਂ, ਦਸਨ ਦ੍ਰਿਗੁ ਸੰਧਾਨ।
ਜੀਭ ਕੰਠ ਖਵਾਸ ਉਦਰੈ, ਪ ਸੁਲੀ ਕਟਿ ਪਾਨ।
ਨਾਭ ਪੇਡੂ ਬ੍ਰਿਖਨ ਗੁਦ ਲਿੰਗ, ਜੋਨ ਮਗਰ ਸਪੀਠ।
ਜੰਘ ਜਾਨੂ ਚਰਨ ਖਬੀ, ਅੰਗੁਲੀ ਨਖ ਦੀਠ ॥ ੪ ॥
ਸਰਬ ਗਾਤਰ ਪੀਰ ਹੋਵਤ, ਦੂਖਤ ਹੈ ਅੰਗ ਅੰਗ।
ਕਹਤ ਮਾਧਵ ਦੁਖ ਬਿਚਾਰੋ, ਬਾਤ ਕੇ ਬਹੁ ਰੰਗ।

Digitized by Panjab Digital Library | www.panjabdigilib.org

ਬਾਤ ਬਿਨੁ ਪੀਰਾ ਨ ਹੋਵੈ, ਪਿਤ ਬਿਨੁ ਨਹਿ ਦਾਹ।
ਛੁਰਦ ਬਿਨ ਕਫ ਨਾਹਿ ਹੋਵੈ, ਕਹਤ ਮੇਘ ਸੁ ਯਾਹ।

ਗਰਦਨ, ਮੱਥਾ, ਕੰਨ, ਨੱਕ, ਦੰਦ, ਨੇਤਰ, ਜੋੜ, ਜੀਭ, ਕੰਠ, ਵੱਖੀ, ਪੇਟ, ਪਸਲੀ, ਲੱਕ, ਹੱਥ, ਨਾਭੀ, ਪੇਡੂ, ਪਤਾਲੂ, ਗੁਦਾ, ਇੰਦ੍ਰੀ, ਯੋਨੀ, ਪਿੱਠ ਪਿੱਛੇ, ਜੰਘਾਂ, ਗੋਡੇ, ਪੈਰਾਂ ਦੀ ਖੱਬੀ ਅੰਗੁਲੀ, ਨਖੂਨ, ਇਹਨਾਂ ਵਿਚ ਅਰ ਸਾਰੇ ਸਰੀਰ ਵਿਖੇ ਪੀੜ ਹੋਵੇ, ਅੰਗ ਅੰਗ ਦੁਖੇ, ਇਸ ਤਰ੍ਹਾਂ ਬਾਤ ਦੇ ਅਨੇਕਾਂ ਦੁੱਖ ਹਨ, ਕਿਉਂਕਿ ਬਾਤ ਬਿਨਾਂ ਪੀੜਾ ਨਹੀਂ ਹੋ ਸਕਦੀ, ਬਿਨਾਂ ਪਿੱਤ ਦੇ ਦਾਹ ਨਹੀਂ ਹੁੰਦ ਅਰ ਉਲਟੀ ਬਿਨਾਂ ਕਫ ਦੇ ਨਹੀਂ ਹੁੰਦੀ। ਇਉਂ ਜਾਣੇ ॥ ੪ ॥ ੫ ॥

ਅਸਾਧ ਬਾਤ ਲੱਛਣ

ਬਿਸਰਪ ਪੀਰਾ ਦਾਹ ਤ੍ਰਿਸਨਾ, ਬੰਧੁ ਕਾਵੇ ਹੋਇ।
ਅਰੁਚਿ ਅਗਨਿ ਜੁ ਮੰਦਬਲ ਖਯ,ਮਾਸ ਘਟਿ ਤਨਿਜੋਇ
ਪਖਜਘਾਤਾ ਤੁਚਾ ਫੂਟਤ, ਕੰਪ ਅਫਰਾ ਸੋਜ।
ਸੂੰਨ ਅੰਗ ਸਪੀਰ ਕਰਿ ਹੈ, ਬਾਤ ਮਾਰਤ ਖੋਜ ॥ ੬ ॥

ਬਿਸਰਪ ਰੋਗ, ਪੀੜ, ਦਾਹ, ਪਯਾਸ, ਸਰੀਰ ਦਾ ਬੰਨ੍ਹਿਆਂ ਜਾਣਾ, ਅਰੁਚੀ, ਮੰਦਾਗਨੀ, ਬਲ ਨਾਸ, ਮਾਸ ਦਾ ਘਟਣਾ, ਸਰੀਰ ਦਾ ਲਿੱਸੇ ਹੁੰਦੇ ਜਾਣਾ, ਪਾਸਾ ਮਾਰਿਆ ਜਾਣਾ, ਚਮੜੀ ਦਾ ਫਟਣਾ, ਕੰਬਣੀ, ਅਫਾਰਾ, ਸੋਜਾ, ਅੰਗਾਂ ਦਾ ਸੌਂ ਜਾਣਾ ਤੇ ਪੀੜ ਸਮੇਤ ਹੋਵੇ ਅਜੇਹੀ ਵਾਯੂ ਮਾਰਨੇ ਹਾਰੀ ਹੈ ॥ ੬ ॥

ਬਾਤ ਲਛਨ ਘਨੇ ਜਗ ਮਹਿ, ਹੋਹਿ ਨਾਹਿ ਬਿਚਾਰ
ਰੋਗ ਕੇ ਅਨੁਸਾਰ ਲਛਨ, ਮਾਧਵੈ ਤੇ ਧਾਰ।
ਬਢਤ ਗ੍ਰੰਥ ਸੁ ਤਾਹਿ ਭਯ ਤੇ, ਕੀਓ ਨਾਹਿ ਫਲਾਇ।
ਕਛੁਕ ਮਤਲਬ ਯੋਗ ਭਾਖੋਂ, ਜਗਤ ਕੈ ਹਿਤ ਲਜਾਇ ॥ ੭ ॥

ਵਾਯੂ ਦੇ ਅਨੇਕ ਪ੍ਰਕਾਰ ਦੇ ਜਗਤ ਵਿਖੇ ਲੱਛਣ ਹਨ, ਸੋ ਵਿਚਾਰੇ ਨਹੀਂ ਜਾ ਸਕਦੇ। ਕੁਛਕ ਮਾਧਵ ਵਿਚੋਂ ਕਹੇ ਹਨ, ਸੋ ਮਤਲਬ ਯੋਗ। ਹੋਰ ਬਾਕੀ ਗ੍ਰੰਥ ਵਧ ਜਾਣੇ ਕਰਕੇ ਛੱਡ ਦਿਤੇ ਹਨ ॥ ੭ ॥

ਸਰਬ ਬਾਤ ਦੇ ਮੂਲ ਪੰਚ ਬਾਤ ਨਾਮ–ਦੋਹਰਾ

ਪ੍ਰਾਨ ਅਪਾਨ ਸਮਾਨ ਹੀ, ਅਰੁ ਉਦਾਨ ਜੋ ਬਯਾਨ।
ਪਾਂਚ ਬਾਤ ਸਾਰੰਗ ਧਰੈ, ਕੀਨੇ ਨਾਮ ਬਖਾਨ ॥ ੮ ॥

੧ ਪ੍ਰਾਨ, ੨ ਅਪਾਨ, ੩ ਸਮਾਨ, ੪ ਉਦਯਾਨ ਤੇ ੫ ਬਯਾਨ, ਇਹ ਪੰਜੇ ਬਾਤ ਹਨ ॥੫॥

Digitized by Panjab Digital Library | www.panjabdigilib.org

ਸਥਾਨ–ਚੌਪਈ

ਹ੍ਰਿਦਯ ਪ੍ਰਾਨ ਗੁਦ ਬਸਤ ਅਪਾਨ। ਨਾਭਿ ਸਮਾਨ ਜੁ ਕੰਠ ਉਦਾਨ।
ਬਯਾਨ ਬਾਤ ਬਸ ਹੈ ਸਭ ਗਾਤ। ਘਨੇ ਰੋਗੁ ਇਨਹੀ ਉਤਪਾਤ ॥੯॥

ਹ੍ਰਿਦੇ ਵਿਖੇ ਪ੍ਰਾਨ, ਗੁਦਾ ਤੇ ਮੂਤ੍ਰਾਸ਼ਯ ਵਿਖੇ ਅਪਾਨ, ਨਾਭੀ ਵਿਚ ਸਮਾਨ ਕੰਠ ਵਿਖੇ ਉਦਯਾਨ ਤੇ ਸਾਰੇ ਸਰੀਰ ਵਿਚ ਬਯਾਪੀ ਹੋਈ ਬਯਾਨ, ਪਵਨ ਹੁੰਦੀ ਹੈ। ਇਹਨਾਂ ਦਵਾਰੇ ਹੀ ਬਹੁਤੇ ਰੋਗ ਪੈਦਾ ਹੁੰਦੇ ਹਨ ॥ ੯ ॥

ਸਰਬ ਬਾਤ ਕੋ ਰਸੋਨ (ਲਸਨ) ਪਿੰਡੁ–ਦੋਹਰਾ

ਪਲ ਇਕੁ ਅਥਵਾ ਅਰਧ ਪਲੁ, ਲਸਨ ਕੂਟ ਕੈ ਰਾਖ।
ਏ ਔਖਧ ਯਾ ਮੈ ਭਿਲੋ, ਕਹੌਂ ਨਾਮ ਤਿਨ ਭਾਖ ॥ ੧੦ ॥
ਸੌਂਚਰ ਸੇਂਧਾ ਜਰਨ ਹਿੰਗੁ, ਤ੍ਰਿਕੁਟਾ ਸਮ ਕਰ ਮੇਲੁ।
ਇਕ ਮਾਸਾ ਭਛਨ ਕਰੋ, ਏਰੰਡ ਸ੍ਰਿਤ ਜਲ ਭੇਲ ॥ ੧੧ ॥
ਅਥਵਾ ਤੇਲ ਇਰੰਡ ਸੋ, ਮਾਸ ਏਕ ਲੌ ਖਾਤ।
ਬਾਤ ਰੋਗੁ ਬਕਰ ਬਦਨ, *ਅਪਤੰਤ੍ਰਕ ਮਿਟ ਜਾਤ ॥ ੧੨ ॥
ਸਰਬ ਅੰਗ ਅੰਗ ਆਧਿ ਹੀ, ਉਰਸਤੰਭ ਕਟਿ ਪ੍ਰਿਸਿਟ।
ਪੇਟ ਗ੍ਰਿਧੀ ਸੀ ਰੋਗ ਕੋ, ਕ੍ਰਿਮ ਮਿਟ ਜਾਵਤ ਦੁਸਟ ॥ ੧੩ ॥

੮੬੨–†ਇਕ ਪਲ ਤੇ ਅੱਧਾ ਪਲ ਭਾਵ ੬ ਤੋਲੇ ਲਸਣ ਲੈਕੇ ਕੁੱਟੇ ਅਰ ਹੇਠ ਲਿਖੀਆਂ ਦਵਾਈਆਂ ਭੀ ਵਿਚ ਮੇਲੇ, ਸੋ–ਸੌਂਚਰਲੂਣ, ਸੇਧਾਲੂਣ, ਜੀਰਾ, ਹਿੰਗੁ, ਮਘ, ਮਿਰਚ ਤੇ ਸੁੰਢ ਇਹ ਇਕ ਇਕ ਮਾਸਾ ਪਾਕੇ ਚੰਗੀ ਤਰ੍ਹਾ ਮਿਲਾਕੇ ਫਿਰ ਖੁਰਾਕ ਬਲ ਅਨੁਸਾਰ ੧ ਯਾ ੨ ਮਾਸ਼ੇ ਤਕ ਅਰਿੰਡ ਦੇ ਪਾਣੀ ਵਿਚ (ਯਾ ਕਾਹੜੇ ਵਿਚ) ਅਥਵਾ ਅਰਿੰਡ ਦੇ ਤੇਲ ਨਾਲ ਇਕ ਮਹੀਨਾ ਭਰ ਖਾਵੇ ਤਾਂ ਮੂੰਹ ਦਾ ਟੇਢਾ ਪਨ, ਅਪਤੰਤ੍ਰਕ ਵਾਯੂ, ਅੰਗ ਅੰਗ ਦੀ ਪੀੜਾ, ਉਰੂਸਤੰਭ, ਕਮਰ, ਪਿੱਠ, ਪੇਟ, ਗੋਡੇ ਦੀ ਪੀੜ ਹੋਰ ਪੇਟ ਦੇ ਕ੍ਰਿਮਿ ਆਦਿ ਵਾਯੂ ਦੇ ਰੋਗ ਸਭ ਨਾਸ ਹੋ ਜਾਂਦੇ ਹਨ ॥ ੧੦ ॥ ਤੋਂ ॥ ੧੧ ॥

ਕੂਟ ਲਸੂਨ ਸੂਖਮ ਕਰੀ, ਘ੍ਰਿਤ ਸੋਂ ਖਾਵਤ ਜੋਇ।

---

*ਆਪਣੇ ਕਾਰਣ ਬਲ ਕਰੋਧ ਹੋਈ ਵਾਯੂ ਪਕਵਾਸ਼ਯ ਦੇ ਉਪਰ ਜਾਕੇ ਹਿਰਦੇ ਨੂੰ ਪੀੜਿਤ ਕਰ ਸਰੀਰ ਨੂੰ ਕਮਾਨ ਦੀ ਤਰ੍ਹਾਂ ਨਮਾ ਦੇਵੇ, ਕੰਪਾਵੇ, ਚਿਤ ਵਿਖੇ ਮੋਹ ਪੈਦਾ ਕਰੇ, ਜਿਸ ਨਾਲ ਮਨੁਖ ਅਤਿਯੰਤ ਤਕਲੀਫ ਨਾਲ ਉਚਾ ਸ੍ਵਾਸ ਲਵੇ, ਨੇਤਰ ਖੁਲ੍ਹੇ ਅਥਵਾ ਮਿਟਾ ਦੇਵੇ, ਕਬੂਤਰ ਦੇ ਸਮਾਨ ਗੁਟਕੇ ਅਤੇ ਬੇਸੁਧ ਹੋ ਜਾਵੇ, ਐਸੇ ਲਛਣ ਜਿਸ ਵਾਯੂ ਰੋਗ ਦੇ ਹੋਣ, ਉਸਨੂੰ "ਅਪਤੰਤ੍ਰਕ" ਵਾਯੂ ਰੋਗ ਕਿਹਾ ਜਾਂਦਾ ਹੈ।

†ਏਥੇ ਮੂਲ ਪਾਠ ਵਿਚ ੧ ਪਲ ਤੇ ਅੱਧਾ ਪਲ ਕਰਕੇ ੬ ਤੋਲੇ ਲੈਣਾ ਭਾਵ ਹੈ, ਮਾਸ਼ਾ ਮਾਸ਼ਾ ਸਭੇ ਚੀਜ਼ਾਂ ਪਾਵਣੀਆਂ, ਮਾਤ੍ਰਾ ਖੁਰਾਕ, ਬਲ ਪਰ ਹੈ। ਅਗਯਾਨਨਿਬ੍ਰਿਤੀ ਵਾਸਤੇ ਦੇਖੋ ਵੰਗਸੇਨ ਪ੍ਰਿ· ੩੨੫ ਸਲੋਕ ੪੦–੪੩।

Digitized by Panjab Digital Library | www.panjabdigilib.org

ਭੋਜਨ ਪਯ ਘ੍ਰਿਤ ਸੋ ਛਕੈ, ਬਾਤ ਕਬਹੁ ਨਾ ਹੋਇ॥ ੧੪॥

੯੬੩–ਕੁਟ ਕੇ ਲਸਨ ਘਿਉ ਵਿਚ ਤਲਕੇ ਖਾਵੇ ਅਰ ਭੋਜਨ ਭੀ ਦੁਧ ਘਿਉ ਨਾਲ ਖਾਵੇ ਤਾਂ ਸਭ ਤਰ੍ਹਾਂ ਦੀ ਵਾਯੂ ਨਾਸ ਹੁੰਦੀ ਹੈ ॥ ੧੪ ॥

ਬਚ ਸੁਰਦਾਰਾ ਸੁੰਠਿ ਲੈ, ਚੂਰਨ ਤਾਤੈ ਨੀਰ।
ਹ੍ਰਿਦੈ ਬਾਤ ਕੀ ਬੇਦਨਾ, ਔਰ ਬਾਤ ਮਿਟ ਪੀਰ॥ ੧੫॥

੯੬੪–ਵਚ, ਦੇਵਦਾਰ ਤੇ ਸੁੰਢ ਚੂਰਣ ਕਰ ਕੇ ਗਰਮ ਪਾਣੀ ਨਾਲ (ਚੁਟਕੀ ਪਰਮਾਣ) ਲਵੇ ਤਾਂ ਹਿਰਦੇ ਦੀ ਬਾਤ ਪੀੜਾ ਅਰ ਹੋਰ ਸਭ ਪੀੜਾ ਨਾਸ ਹੁੰਦੀ ਹੈ ॥੧੫॥

ਕੁਖ ਬਾਤ ਉਪਾਇ–ਚੌਪਈ

ਸੁੰਠੀ ਚਿਤ੍ਰਾ ਜਲ ਸੋਂ ਖਾਇ। ਕੁਖ ਬਾਤ ਕੀ ਪੀਰਾ ਜਾਇ।
ਕੁਟਜ ਬੀਜ ਜਲ ਉਸਨੇ ਲੇਹੁ। ਕੁਖ ਬਾਤ ਕੀ ਪੀਰ ਹਰੇਹੁ ॥੧੬॥

੯੬੫–ਸੁੰਢ ਤੇ ਚਿੱਤ੍ਰਾ, ਜਲ ਨਾਲ ਫੱਕੇ ।

੯੬੬–ਇੰਦ੍ਰ ਜੌਂ ਗਰਮ ਜਲ ਨਾਲ ਖਾਵੇ । ਵਾਯੂ ਵੀ ਕੁੱਖ ਪੀੜਾ ਨਸ਼ਟ ਕਰੇ ॥੧੬॥

ਗੋਲੀ ਸਰਬ ਵਾਤ ਪਰ–ਸ਼ੰਕਰਛੰਦ

ਸੁੰਠ ਚਿਤ੍ਰਕ ਚਬਕਿ ਬਲਯਾ, ਪੀਪਰੀ ਅਜਵਾਨ।
ਲੈ ਕਲੌਂਜੀ ਜਟਾ ਪੀਪਰ, ਅਕਰਕਰ ਸਮ ਠਾਨ।
ਬਾੜਿੰਗ ਗੁੜ ਸੋ ਗੁਟੀ ਕੀਜੈ, ਟੰਕ ਏਕ ਪ੍ਰਮਾਨ।
ਬਾਇ ਅੱਸੀ ਭਾਗ ਜਾਵੈ, ਸੂਲ ਕ੍ਰਿਮ ਕੀ ਹਾਨਿ॥ ੧੭॥

੯੬੭–ਸੁੰਢ, ਚਿਤ੍ਰਾ, ਚੱਵ, ਅਸ੍ਗੰਧ, ਮਘ, ਅਜਵਾਇਨ, ਕਲੌਂਜੀ, ਪਿਪਲਾਮੂਲ, ਅਕਰਕਰਾ ਅਰ ਬਾਇਵੜਿੰਗ ਸਮਾਨ ਭਾਗ ਲੈਕੇ ਪੀਹੇ, ਗੁੜ ਨਾਲ ਗੋਲੀ ੪ ਮਾਸੇ ਦੀ ਕਰੇ, (ਗਰਮ ਜਲ ਨਾਲ ਖਾਵੇ) ਤਾਂ ਅੱਸੀ ਪ੍ਰਕਾਰ ਦੀ ਵਾਯੂ, ਹੋਰ ਧੂਲ, ਕ੍ਰਿਮ ਸੱਭੋ ਨਾਸ ਕਰੇ ॥ ੧੭ ॥

ਝੋਲਾ ਬਾਤ ਉਪਾਇ–ਚੌਪਈ

ਮਜ ਬਿਭੀਤਕ ਮਰਚ ਬਿੜੰਗ। ਸੁੰਠੀ ਬਚ ਬਿਖੁ ਮੇਲ ਸੁਧੰਗ।
ਭਿਲਾਤਕ ਸਮ ਵਜਨ ਕਰਾਇ। ਗੋਮੂਤਰ ਗੁਟਿ ਗੁੰਜ ਬਧਾਇ ॥੧੮॥
ਸਾਤ ਦਿਵਸ ਖਰਲੋ ਚਿਤ ਲਾਇ। ਸਭੀ ਜਾਤ ਕੀ ਭਾਗਤ ਬਾਇ।
ਪਥ ਖੁਲਾਵੇ ਉਸਨ ਸੁਭਾਇ। ਮੇਘ ਬਿਨੋਦੇ ਦਈ ਬਤਾਇ॥ ੧੯॥

੯੬੮–ਮੱਜ *ਫਲ, ਬਹੇੜਾ, ਮਿਰਚ, ਬਾਇਵੜਿੰਗ, ਸੁੰਢ, ਵਚ, ਸੁੱਧ ਮਿੱਠਾ ਤੇਲੀਆ ਤੇ

---

*ਮੱਜ–ਕਰਕੇ ਪ੍ਰਸਿੱਧ ਇਕ ਫਲ ਹੈ ਜੋ ਗੋਰਖਪੁਰ ਦੇ ਇਲਾਕੇ ਵਿਚ ਹੁੰਦਾ ਹੈ, ਬਹੇੜੇ ਦੀ ਗਿਰੀ ਅਰਥ ਨਹੀਂ ਹੈ. ਅਭਾਵ ਮੇਂ ਜੰਗਲੀ ਅਨਾਰ ਪਾਵੇ । ਜੇ ਤਸੱਲੀ ਚਾਹੋ ਤਾਂ ਦੇਖੋ ਦ੍ਰਬ ਦਰਪਣ ।

Digitized by Panjab Digital Library | www.panjabdigilib.org

ਭਿਲਾਵੇ. ਸਭੇ ਸਮਾਨ, ਗੋਮੂਤ੍ਰ ਨਾਲ ੭ ਦਿਨ ਘੋਟਕੇ ਗੋਲੀ ਰੱਤੀ ਪ੍ਰਮਾਣ ਕਰੇ, ਖਾਵੇ ਤਾਂ ਸਭ ਪ੍ਰਕਾਰ ਦੀ ਵਾਯੂ ਨਾਸ ਕਰੇ। ਪੱਥ ਗਰਮ ਖਾਣ ਨੂੰ ਦੇਵੇ ॥੧੮॥੧੯॥

ਸਰਬ ਬਾਤ ਕੋ ਫੱਕੀ—ਚੌਪਈ

ਬਲਯਾ ਬਾਲਜੋ ਮੇਲੋ ਤੀਨ। ਦਸੇ ਮੂਲ ਸੁੰਠੀ ਕੋ ਲੀਨ।
ਦਿਵਸ ਰਾਸ਼ਨਾ ਨਖਯ ਮੰਗਾਇ। ਪੀਸੀ ਨੀਕੇ ਬਸਨ ਛਨਾਇ ॥੨੦॥
ਉਸਨ ਬਾਰ ਸੰਗ ਖਾਵਤ ਜੋਇ। ਟੰਕ ਏਕ ਮਾਤ੍ਰਾ ਇਸ ਹੋਇ।
ਸਾਤ ਦਿਵਸ ਲੌ ਸੇਵਨ ਕਰੈ। ਰੋਗ ਬਾਤ ਕਾ ਤਨ ਤੇ ਟਰੈ ॥੨੧॥

੮੬੯—ਅਸਗੰਧ, ਮੁਸ਼ਕਬਾਲਾ, ਤੀਨ ਕਰ ਕੇ ਤ੍ਰਿਫਲਾ, (ਹਰੜ, ਬਹੇੜਾ, ਆਵਲੇ) ਦਸੇ ਮੂਲ (ਬਿਲ, ਸੋਨਪਾਠਾ, ਕੰਭਾਰੀ, (ਜ਼ਰਿਸ਼ਕ) ਪਾਢਲ (ਗੁਲਾਬ), ਅਰੁਣੀ, ਸਰਵਿਨ, ਪਿਠਵਨ, ਛੋਟੀ ਕੰਡਯਾਰੀ, ਬਡੀ ਕੰਡਜਾਰੀ ਤੇ ਭਖੜਾ) ਸੁੰਢ, ਲੌਂਗ, ਰਾਸਨਾ ਤੇ ਨਖਯੂ ਸਮਾਨ ਭਾਗ ਲਵੇ ਤੇ ਪੀਹਕੇ ਕਪੜ ਛਾਣ ਕਰੇ, ਇਕ ਟੰਕ (੪ ਮਾਸੇ) ਗਰਮ ਜਲ ਨਾਲ ਖਾਵੇ ਤਾਂ ਸੱਤ ਦਿਨ ਵਿਚ ਹੀ ਬਾਤ ਰੋਗ ਨਾਸ ਕਰੇ ॥੨੦॥੨੧॥

ਸਰਬ ਬਾਤ ਕੋ ਕਲਯਾਣ ਅਵਲੇਹ (ਚਟਣੀ—ਚੌਪਈ

ਕੂਠ ਜਰਨ ਕ੍ਰਿਸਨਾ ਨਿਸ ਮੇਲ। ਅਜਮੋਦਾ ਯਸਟੀ ਸੁੰਠੀ ਠੇਲ।
ਸੇਂਧਾ ਮਰਚਾਂ ਪੀਸ ਛਨਾਇ। ਘ੍ਰਿਤ ਸੇਤੀ ਅਵਲੇਹ ਖਵਾਇ ॥੨੨॥
ਦਿਨ ਇਕਬੀਸੈ ਚਾਟੇ ਏਹ। ਪਟ ਪੀਰਾ ਸਭ ਜਾਵੈ ਤੇਹ।
ਅਪਰਬਾਤ ਕਾ ਨਾਸ ਕਰਾਇ। ਕਲਯਾਨਕ ਅਵਲੇਹ ਕਹਾਇ ।੨੩॥

੮੭੦—ਕੁੱਠ ਮਿੱਠੀ, ਜੀਰਾ, ਮਘ, ਹਲਦੀ, ਅਜਮੋਦ, ਮੁਲੱਠੀ, ਸੇਂਧਾ ਲੂਣ ਤੇ ਮ੍ਰਿਚ, ਪੀਹਕੇ ਛਾਣੇ, ਘਿਉ ਨਾਲ ਮਿਲਾਕੇ ਚੱਟੇ ੨੧ ਦਿਨ ਵਿਚ ਹੀ ਪੱਟ ਦੀ ਪੀੜ ਅਰ ਹੋਰ ਸਭ ਬਾਤ ਨਾਸ ਕਰੇ ॥੨੨॥੨੩॥

ਉਦਰ ਬਾਤ ਪੀੜ ਉਪਾਇ—ਦੋਹਰਾ

ਨਿੰਬ ਤੁਚਾ ਘਸ ਨੀਰ ਸੌਂ, ਸਾਤ ਦਿਵਸ ਲੌ ਪਾਨ।
ਜਠਰ ਪਾਸੁਲੀ ਨਾਭਿ ਕਟਿ, ਕਰਤ ਪਵਨ ਕੀ ਹਾਨ ॥ ੨੪ ॥

੮੭੧—ਨਿੰਮ ਦੀ ਛਿੱਲ, ਜਲ ਨਾਲ ਰਗੜਕੇ ੭ ਦਿਨ ਤਕ ਪੀਵੇ, ਤਾਂ ਪੇਟ ਪੀੜ, ਪਸੂਲੀ ਦੀ ਪੀੜ, ਧੁੰਨੀ ਦੀ ਪੀੜ, ਕਮਰ ਦਰਦ ਤੇ ਵਾਯੂ ਦੀ ਸਭ ਪੀੜ ਨਾਸ ਕਰੇ ॥੨੪॥

ਆਕੜ ਸੂਲ ਸੰਧਿਨ ਬਾਤ ਪੀੜ ਉਪਾਇ—ਸੋਰਠਾ

ਏਰੰਡ ਤੇਲ ਸੋ ਖਾਇ, ਸੁੰਠੀ ਪੀਸੀ ਛਾਨਕੈ।
ਪੀਰ ਸੰਧਿ ਕੀ ਜਾਇ, ਸੂਲ ਆਕਰਾ ਜਾਤ ਹੈ ॥ ੨੫ ॥

੮੭੨—ਅਰਿੰਡ ਦੇ ਤੇਲ ਨਾਲ ਸੁੰਢ ਪੀਹ ਛਾਣ ਕੇ ਖਾਵੇ। ਜੋੜਾਂ ਦੀ ਪੀੜ, ਆਕੜ ਤੇ ਸੂਲ

Digitized by Panjab Digital Library | www.panjabdigilib.org

ਸਭ ਨਾਸ ਕਰੇ ॥੨੫॥

ਅਧੋਊਰਧ ਬਾਤ ਉਪਾਯ—ਦੋਹਰਾ

ਤਗਰ ਮੂਲ ਘਸ ਤਕ੍ਰ ਸੋ, ਸਾਤ ਦਿਵਸ ਲੌ ਪੀਯ।
ਅਧੋ ਊਰਧ ਕੀ ਬਾਤ ਮਿਟ, ਬਹੁ ਸੁਖ ਪਾਵਤ ਜੀਯ ॥ ੨੬ ॥

੮੭੩—ਤਗ੍ਰ ਦੀ ਜੜ੍ਹ ਲੱਸੀ ਨਾਲ ਘਿਸਾਕੇ ੭ ਦਿਨ ਤਕ ਪੀਵੇ। ਹੇਠ ਉਪਰਲੀ ਵਾਯੂ ਦੀ ਪੀੜਾ ਸਭ ਤਰ੍ਹਾਂ ਦੀ ਜਾਵੇ ॥੨੬॥

ਕਲਕ—ਚੌਪਈ

ਆਸਗੰਧ ਰਹਸਨ ਸਤ ਮੂਰ। ਰੋਹਿਸਫੂਲਾ ਕਲਕ ਸੁ ਚੂਰ।
ਤੇਲੁ ਇਰੰਡੈ ਸਾਥ ਮਿਲਾਇ। ਖਾਵਤ ਬਾਤ ਸੂਲ ਮਿਟ ਜਾਇ ॥੨੭॥

੮੭੪—ਅਸਗੰਧ, ਰਾਸਨਾ (ਜ਼ੰਜਬੀਲ ਸ਼ਾਮੀ), ਸਤਾਵਰ, *ਰੁਹੀੜੇ ਦੇ ਫ਼ੁੱਲ ਜਲ ਨਾਲ ਘੋਟਕੇ ਅਰਿੰਡ ਦਾ ਤੇਲ ਮਿਲਾਕੇ ਖਾਵੇ ਤਾਂ ਬਾਤ ਦਾ ਸੂਲ ਨਾਸ ਹੋਵੇ ॥੨੭॥

ਕੰਪ ਬਾਤ ਉਪਾਇ—ਦੋਹਰਾ

ਟੰਕ ਦੋਇ ਪਾਰਾ ਗਹੋ, ਦੁਗਨੀ ਲੇ ਹਰਤਾਲ।
ਮਨਸਿਲ ਤ੍ਰਿਗੁਨੀ ਪਾਈਏ, ਸੁਗੰਧ ਚੌਗਨੀ ਡਾਲ ॥ ੨੮ ॥
ਸਭ ਸਮਾਨ ਲੈ ਸਹਿਤ ਕੋ, ਆਕ ਦੂਧ ਸਭ ਪੀਸ।
ਗਜ ਬਸਤ੍ਰ ਕੋ ਲੇਪਿਯੇ, ਏਕੈ ਪਾਸ ਸੁ ਈਸ ॥ ੨੯ ॥
ਬਾਤੀ ਕਰਕੈ ਟਾਂਕਿਯੇ, ਢੀਂਗਲ ਜੰਤਰ ਜੇਮ।
ਮਿਸਟ ਤੇਲ ਊਪਰ ਖਿਜੇ, ਪੰਚ ਸ੍ਰਿਸਾਹੀ ਤੇਮ ॥ ੩੦ ॥
ਤਲੇ ਰਾਖ ਲੈ ਥਾਲ ਕੋ, ਬਾਤੀ ਆਗ ਲਗਾਇ।
ਚੁਆਇ ਤੇਲੁ ਸੀਸੀ ਭਰੇ, ਦੂਧ ਤੇਲ ਮਰਦਾਇ ॥ ੩੧ ॥
ਟਾਂਕ ਦੋਇ ਪਯ ਸੋ ਭਖੋ, ਦਿਨ ਇਕ ਤੀਸ ਪ੍ਰਮਾਨ।
ਸੀਸ ਬਾਹੁ ਜੰਘਾਂ ਅਨਿਲ, ਕੰਪ ਬਾਤ ਸਭ ਹਾਨ।

੮੭੫—†ਪਾਰਾ ੮ ਮਾਸੇ, ਹੜਤਾਲ ੧੬ ਮਾਸੇ, ਮਨਸਿਲ ੨੪ ਮਾਸੇ, ਗੰਧਕ ਆਵਲੇਸਾਰ ੩੨ ਮਾਸੇ ਤੇ ਸਭਨਾਂ ਦੇ ਬਰਾਬਰ ਦਾ ਸਹਿਤ ਪਾ ਕੇ, ਅੱਕ ਦੇ ਦੁੱਧ ਨਾਲ ਪੀਹੇ ਅਰ ਗਜ ਪ੍ਰਮਾਣ ਬਸਤਰ ਨੂੰ ਇਕ ਪਾਸੇ ਲੇਪੇ। ਫਿਰ ਉਸਦੀ ਗੋਲ ਬੱਤੀ ਬਣਾਕੇ ਢੀਂਗੁਲੀ ਜੰਤਰ ਦੀ ਤਰ੍ਹਾਂ ਕਰੇ

---

*ਰੁਹੀੜੇ ਦੇ ਬ੍ਰਿਛ, ਗਾੜ੍ਹ ਬਣਾਂ ਵਿਚ ਅਧਿਕ ਹੁੰਦੇ ਹਨ, ਫੁੱਲ ਅਨਾਰ ਦੇ ਸਮਾਨ ਲਾਲ ਹੁੰਦੇ ਹਨ, ਲਾਲ ਅਤੇ ਸੁਫੈਦ ਫੁੱਲਾਂ ਦੇ ਭੇਦ ਨਾਲ ਰੁਹੀੜਾ ਦੋ ਪ੍ਰਕਾਰ ਦਾ ਹੈ, ਦੋਹਾਂ ਵਿਚੋਂ ਕੋਈ ਰੰਗ ਹਵੇ ਫੂਲ ਲਵੇ। ਦੇਖੋ ਰਾਜ ਨ੍ਰਿਘੰਟੂ।

Digitized by Panjab Digital Library | www.panjabdigilib.org

ਉਪਰ ੫ ਸਿਰਸਾਹੀ (੧੧। ਤੋਲੇ) ਮਿੱਠਾ ਤੇਲ ਪਾਕੇ ਇਕ ਸਿਰੇ ਅੱਗ ਲਾਵੇ। ਹੇਠ ਥਾਲ ਰੱਖ ਕੇ ਤੇਲ ਚੁਆਕੇ ਸ਼ੀਸ਼ੀ ਵਿਚ ਪਾ ਲਵੇ। ਫਿਰ ਇਹ ਤੇਲ ਦੁੱਧ ਵਿਚ ਪਾ ਕੇ ਮਲੇ ਅਰ ੮ ਮਾਸੇ ਨਿੱਤ ਦੁੱਧ ਨਾਲ ੩੧ ਦਿਨ ਤੱਕ ਖਾਵੇ ਤਾਂ ਸਿਰ, ਬਾਂਹ, ਜੰਘਾਂ ਦੀ ਵਾਯੂ ਤੇ ਕੰਪਵਾਯੂ ਸੱਭੇ ਨਾਸ ਕਰੇ ॥੨੮ ਤੋਂ ੩੨॥

ਸੰਕਰ ਛੰਦ

ਲਸਨ ਲੈ ਅਧ ਸੇਰ ਗੁੱਗਲ, ਭੈਂਸਿਯਾ ਅਧ ਸੇਰ।
ਘੀਉ ਗਾਵਾ ਆਧ ਸੇਰੈ, ਮਿਟੀ ਭਾਂਜਨ ਭੇਰ।
ਧਾਨ ਮਹਿ ਦਬ ਸਾਤ ਦਿਨ ਲੌ ਪਿਛੈ ਪਲੁ ਇਕੁ ਖਾਇ।
ਕੰਪ ਬਾਤ ਜੁ ਬਾਤ ਸਗਲੀ, ਮਾਸ ਇਕ ਮੈ ਜਾਇ॥ ੩੩॥

੮੭੬–ਅਧ ਸੇਰ ਲਸਨ, ਭੈਸੀਆ ਗੁੱਗਲ ਅੱਧ ਸੇਰ ਤੇ ਗੋਕਾ ਘ੍ਰਿਤ ਅਧ ਸੇਰ, ਮਿੱਟੀ ਦੇ ਭਾਂਡੇ ਵਿਚ ਪਾ ਕੇ ਧਾਨਾਂ ਵਿਚ ੭ ਦਿਨ ਦਬਾਕੇ ਪਿਛੋਂ ੪ ਤੋਲੇ ਖਾਯਾ ਕਰੇ, ਤਾਂ ਕੰਪਬਾਤ ਅਰ ਹੋਰ ਸਭ ਤਰ੍ਹਾਂ ਦੀ ਬਾਤ ਇਕ ਮਹੀਨੇ ਵਿਚ ਨਾਸ ਕਰੇ ॥ ੩੩ ॥

ਸਰਬ ਬਾਤ ਉਪਾਇ (ਜੋਗਸਤਾਤ)–ਦੋਹਰਾ

ਅੰਮਲਤਾਸ ਛਿੰਨਾ ਬ੍ਰਿਖੈ, ਕਲਕ ਕਰਾਵੈ ਏਹ।
ਅਰਿੰਡ ਤੇਲ ਸੋ ਪੀਜੀਏ, ਸਕਲ ਪਵਨ ਮਿਟ ਤੇਹ॥ ੩੪॥

੮੭੭–ਅੰਮਲਤਾਸ ਦਾ ਗੁਦਾ, ਗਿਲੋਯ ਤੇ ਬਾਂਸਾ, ਇਨ੍ਹਾਂ ਦਾ ਕਲਕ ਕਰੇ, ਫਿਰ ਇਸ ਵਿਚ ਅਰਿੰਡ ਦਾ ਤੇਲ ਪਾ ਕੇ ਪੀਵੇ ਤਾਂ ਸਭ ਤਰ੍ਹਾਂ ਦੀ ਵਾਯੂ ਨਾਸ ਕਰੇ ॥੩੪॥

ਕੰਪ ਬਾਤ ਪਰ ਚਟਣੀ–ਸ਼ੰਕਰਛੰਦ

ਸੁੰਠ ਰਜਨੀ ਹਿੰਗੁ ਮਿਰਚਾਂ, ਬਰਚ ਪੁਸਕਰ ਮੂਰ।
ਅਜਮੋਦ ਅਰੁ ਅਜਵਾਇਨੀ, ਲੈ ਕਾਰਵੀ ਸਮ ਚੂਰ।
ਟਾਂਕ ਦੋਇ ਸੁ ਨਿਤ ਖਾਵਤ, ਮੇਲ ਘ੍ਰਿਤ ਗੋ ਆਨ।
ਕੰਪ ਬਾਤ ਬਿਨਾਸ ਹੋਵਤ, ਬਾਤ ਸਗਲੀ ਹਾਨ॥ ੩੫।

੮੭੮–ਸੁੰਢ, ਹਲਦੀ, ਹਿੰਗ, ਮਿਰਚ, ਵਚ, ਪੁਹਕਰਮੂਲ, ਅਜਮੋਦ, ਅਜਵੈਣ ਤ ਸੌਂਫ, ਸਮਾਨ ਲੈ ਕੇ ਬਰੀਕ ਪੀਹਕੇ ਚੂਰਣ ਕਰੇ, ਅਰ ਗੋਕੇ ਘਿਉ ਵਿਚ ਰਲਾ ਕੇ ਚਟਣੀ ਕਰੇ, ਨਿੱਤ ੮ ਮਾਸੇ ਖਾਵੇ। ਇਹ ਕੰਪਵਾਯੂ ਤੇ ਹੋਰ ਸਰਬ ਪ੍ਰਕਾਰ ਦੀ ਬਾਤ ਦਾ ਨਾਸ ਕਰਨਹਾਰੀ ਹੈ ॥ ੩੫॥

ਰੀਂਘਣ ਬਾਤ ਉਪਾਇ–ਦੋਹਰਾ

ਕ੍ਰਿਸ਼ਨਾ ਬਲਯਾ ਮੂਸਲੀ, ਸੁੰਠ ਸਿੰਘਾਰੇ ਚੀੜ।
ਬਿਲਕਥ ਪੀਸੀ ਸਮ ਸਿਤਾ, ਰੋਗੀ ਖਾਵਤ ਭੀੜ॥ ੩੬॥

† ਪਹਿਲੇ ਪਾਰੇ, ਗੰਧਕ ਦੀ ਕਜਲੀ ਘੋਟਕੇ ਕਰੇ, ਫੇਰ ਹੋਰ ਚੀਜਾਂ ਪਾਕੇ ਘੋਟੇ।

Digitized by Panjab Digital Library | www.panjabdigilib.org

ਪਾਂਚ ਟਾਂਕ ਘ੍ਰਿਤ ਸੰਗਿ ਸੌ ਜੋ ਚਾਟਤ ਪਰਭਾਤ।
ਕਟ ਪੀਰਾ ਗੀਂਘਨ ਅਨਿਲ ਪੁਸਤ ਬਾਤ ਮਿਟ ਜਾਤ॥ ੩੭॥

੮੭੯-ਮਘ, ਅਸਗੰਧ, ਮੂਸਲੀ, ਸੁੰਢ,ਸਿੰਘਾੜੇ, ਚੀੜ, (ਇਹ ਇਕ ਸੁਗੰਧਤ ਦ੍ਰਵ ਹੈ,ਵਾਸਤਵ ਵਿਚ ਛੁਹਾਰੇ ਬ੍ਰਿਛ ਦਾ ਗੂੰਦ ਹੈ, ਯੂਨਾਨੀ 'ਮਜਰਹ ਤੁਲਜਨ' ਆਖਦੇ ਹਨ) ਅਤੇ ਬਿਲਕੱਥ ਇਹ ਸਮਾਨ ਭਾਗ ਲੈ ਕੇ ਪੀਹੇ, ਫਿਰ ਸਭਨਾਂ ਦੇ ਬਰਾਬਰ ਦੀ ਮਿਸਰੀ ਪਾ ਕੇ ੨੦ ਮਾਸੇ ਘਿਉ ਨਾਲ ਚੱਟੇ ਤਾਂ ਕਮਰ ਪੀੜ, ਗੀਂਘਣ ਦੀ ਦਰਦ, ਪੁੜਪੁੜੀਆਂ ਦੀ ਦਰਦ ਅਰਥਾਤ ਸਭ ਪ੍ਰਕਾਰ ਦੀ ਵਾਯੂ ਨਾਸ ਕਰੇ॥ ੩੬॥ ੩੭॥

ਸੁੰਠ ਇਰੰਡੇ ਬੀਜ ਗਿਰ, ਕਰਖ ਕਰਖ ਏ ਲੇਇ।
ਗੋ ਪਯ ਸੰਗਹਿ ਪੀਜੀਏ, ਗੀਂਘਨ ਬਾਤ ਨਸੇਇ॥ ੩੮॥

੮੮੦-ਸੁੰਢ, ਅਰਿੰਡ ਦੇ ਬੀਜਾਂ ਦੀ ਗਿਰੀ, ਤੋਲਾ ਗੋਕੇ ਦੁੱਧ ਨਾਲ ਪੀਵੇ, ਗੀਂਘਣ ਬਾਤ ਨਾਸ ਕਰੇ॥ ੩੮॥

ਮਿੱਜੀ ਬੀਜ ਕਰੰਜ ਕੀ, ਮਾਸੇ ਦ੍ਵਾਦਸ ਆਨ।
ਕਰ ਟੀਕੀ ਤਿਮ ਸੇਕਿਯੈ, ਚੂਲੈ ਉਪਰ ਠਾਨ॥ ੩੯॥
ਖਾਵਤ ਗੋਕੇ ਘ੍ਰਿਤ ਸੋਂ, ਗੀਂਘਨ ਮਿਟ ਹੈ ਬਾਇ।
ਰੋਗੁ ਦੇਖਕੈ ਦੀਜੀਓ, ਤੌ ਜਗ ਮਹਿਮਾ ਥਾਇ॥ ੪੦॥

੮੮੧-ਕਰੰਜੂਏ ਦੇ ਬੀਜਾਂ ਦੀ ਗਿਰੀ ੧੨ ਮਾਸੇ, ਟਿੱਕੀ ਕਰਕੇ ਤਵੇ ਪਰ ਸੇਕ ਲਵੇ, ਫਿਰ ਗੋਕੇ ਘਿਉ ਨਾਲ ਖਾਵੇ ਤਾਂ ਗੀਂਘਣ ਬਾਤ ਨਸ਼ਟ ਹੋਵੇ॥੩੯॥੪੦॥

ਕ੍ਵਾਥ ਗੀਂਘਣ ਬਾਤ ਕੋ (ਸਾਰੰਗਧਰਾਤ)-ਦੋਹਰਾ

ਦਸ ਜੁ ਮੂਲ ਕਾ ਕ੍ਵਾਥ ਕਰਿ, ਪੁਸਕਰ ਰਾਮਠ ਪਾਇ।
ਪੀਵਤ ਗੀਂਘਨ ਬਾਤ ਦੁਖ, ਲਹਰ ਚੀਸ ਮਿਟ ਜਾਇ॥ ੪੧॥

੮੮੨-ਦਸਮੂਲ ਦਾ ਕਾੜ੍ਹਾ ਕਰਕੇ ਉਪਰ ਪੁਹਕਰ ਮੂਲ ਵਾ ਹਿੰਙ ਧੂੜਕੇ ਪੀਂਦੇ ਸਾਰ ਹੀ ਗੀਂਘਣ ਦੀ ਪੀੜ, ਚੀਸ, ਲਹਰ ਸਭ ਤਰ੍ਹਾਂ ਦੀ ਨਸ਼ਟ ਹੁੰਦੀ ਹੈ॥ ੪੧॥

ਸੋਏ ਮੇਥੇ ਮਾਲ ਕੰਗਣੀ, ਕ੍ਵਾਥੀ ਰਾਮਠ ਪਾਇ।
ਗੀਂਘਨ ਪੀਵਤ ਹੀ ਮਿਟਤ, ਤਨ ਮਨ ਕੋ ਸੁਖ ਥਾਇ॥ ੪੨॥

੮੮੩-ਸੋਏ, ਮੇਥੇ ਤੇ ਮਾਲਕੰਗਣੀ ਦਾ ਕਾੜ੍ਹਾ ਕਰਕੇ ਪਿਛੋਂ ਹਿੰਙ ਪਾਕੇ ਪੀਵੇ ਤਾਂ ਗੀਂਘਣ ਦੀ ਪੀੜਾ ਹਟਕੇ ਮਨ ਤਨ ਸੁਖੁ ਪ੍ਰਾਪਤ ਹੋਵੇ॥ ੪੨॥

ਰਾਸਨਾ ਪੰਚਕ ਸਰਬਾਂਗ ਬਾਤੇ- ਚੌਪਈ

ਰਾਇਸਨਾ ਛਿੰਨਾ ਲੈ ਦਾਰ। ਸੁੰਠ ਇਰੰਡੇ ਜੜ ਛਿਲ ਡਾਰ।
ਕ੍ਵਾਥ ਪਾਤ ਕਰਿ ਪੀਵਤ ਜੋਇ। ਸਰਬ ਅੰਗ ਮਹਿ ਪੀਰ ਨ ਹੋਇ॥੪੩॥

Digitized by Panjab Digital Library | www.panjabdigilib.org

੮੮੪–ਰਾਸਨਾ, ਗਿਲੋਯ, ਦੇਵਦਾਰ, ਸੁੰਢ ਤੇ ਅਰਿੰਡ ਜੜ੍ਹ ਦੀ ਛਿੱਲ, ਇਨ੍ਹਾਂ ਦਾ ਕਾੜ੍ਹਾ ਕਰਕੇ ਨਿਤ ਪ੍ਰਾਤਾਕਾਲ ਪੀਵੇ ਤਾਂ ਸਭ ਅੰਗ ਅੰਗ ਦੀ ਬਾਤ ਪੀੜਾ ਨਾਸ ਹੋਵੇ ॥੪੩॥

ਸੰਧਾਨ ਬਾਤ ਉਪਾਯ–ਦੋਹਰਾ

ਦੋ ਪੈਸੇ ਭਰ ਆਮਰੇ, ਜਲ ਮੈਂ ਰਖ ਅਠ ਜਾਮ।
ਪ੍ਰਭਤ ਜੁ ਪੀਵੈ ਛਾਨ ਕੈ, ਸੰਧ ਪਵਨ ਮਿਟ ਆਮ ॥ ੪੪ ॥
ਚੌਦਹਿ ਦਿਨ ਲੌ ਇਮ ਕਰੋ, ਮੂੰਗ ਅਲੂਣੇ ਪੱਥ।
ਕੁਬਿਜਕ ਰੁਧਰ ਬਿਕਾਰ ਖੋ, ਨਾਸ ਕਰਤ ਸਭ ਸੱਥ ॥ ੪੫ ॥

੮੮੫–ਆਵਲੇ ੨ ਪੈਸੇ ਭਰ ੮ ਪਹਿਰ ਜੁਲ ਵਿਚ ਭਿਉਂ ਛੱਡੇ, ਪ੍ਰਾਤਾਕਾਲ ਪੁਣਕੇ ਪੀਵੇ ਤਾਂ ਸੰਧੀਆਂ ਦੀ ਬਾਤ ਨਾਸ਼ ਕਰੇ, ਅਰ ਇਹ ੧੪ ਦਿਨ ਤਕ ਪੀਵੇ। ਅਲੂਣਾ ਪੱਥ ਆਵੇ, ਕੁਬਜ ਪਨ, ਖੂਨ ਦਾ ਵਿਗਾੜ ਭੀ ਨਸ਼ਟ ਕਰੇ ॥੪੪॥੪੫॥

ਸਰਬ ਬਾਤ ਵਾ ਚੋਟ ਕੇ ਗੱਦ (ਲੇਪ) (ਕਾਲਗਯਾਨਾਤ)–ਸ਼ੰਕਰ ਛੰਦ

ਲਸਨ ਪਾਰਾ ਹਿੰਗੁ ਮਰਚਾਂ, ਪੀਪਰੀ ਜੈਪਾਲ।
ਨੀਲਥੋਥਾ ਹੀਰਬੀ ਬਿਖ, ਔ ਨੁਸ਼ਾਦਰ ਘਾਲ।
ਟੰਕ ਦੁਇ ਦੁਇ ਸਭੇ ਲੀਜੈ,ਗੁੰਜ ਦਾਲ ਰਲਾਇ।
ਸਾਤ ਟੰਕ ਸਿਵਾਲ ਮੂਤਰ, ਪੀਸ ਸਭ ਗਦ ਲਾਇ ॥ ੪੬ ॥

ਦੋਹਰਾ–
ਬਾਤ ਚੌਰਾਸੀ ਚੋਟ ਦੁਖ, ਊੱਲ ਪੀਰ ਸਭ ਜਾਇ।
ਕਹਤ ਮੇਘ ਇਤ ਮੈਂ ਲਿਖੀ, ਕਾਲ ਗਯਾਨ ਕੈ ਭਾਇ ॥ ੪੭ ॥

੮੮੬–ਲਸਨ, ਪਾਰਾ, ਹਿੰਙ, ਮਿਰਚਾਂ, ਮਘਾਂ, ਜਮਾਲਗੋਟਾ, ਨੀਲਾ ਥੋਥਾ, ਕੌੜੀ*ਕੁੱਠ, ਮਿੱਠਾ ਤੇਲੀਆ ਤੇ ਨੁਸ਼ਾਦਰ ਇਹ ਸਭੋ ਅੱਠ ਅੱਠ ਮਾਸੇ ਤੇ ਰੱਤੀਆਂ ਦੀ ਦਾਲ ੨੮ ਮਾਸੇ, ਸਭਨਾਂ ਨੂੰ ਪੀਸਕੇ ਗਿੱਦੜ ਦੇ ਪਿਸ਼ਾਬ ਨਾਲ ਲੇਪ ਕਰੇ, ਤਾਂ ੮੪ ਪ੍ਰਕਾਰ ਦੀ ਬਾਤ, ਚੋਟ, ਊੱਲ ਅਰ ਪੀੜਾ ਸੱਭੋ ਨਾਸ ਕਰ ॥੪੬॥੪੭॥

ਸਰਬ ਬਾਤ ਪਰ ਗੋਲੀ–ਸ਼ੰਕਰ ਛੰਦ

ਲੌਂਗ ਪਲ ਇਕ ਲੈ ਸੰਭਾਲੂ, ਕੂਪਲਾ ਪਲ ਦੋਇ।
ਪੀਸ ਗੋਲੀ ਪਾਂਚ ਰੱਤੀ, ਖਾਇ ਰੋਗੀ ਸੋਇ।
ਆਧ ਅੰਗੈ ਪਖਯਘਾਤੇ, ਅੰਗ ਹੀਨ ਜੁ ਬਾਇ।
ਮਿਟਤ ਅੱਸੀ ਚਾਰ ਬਾਤੈ, ਹਰਨ ਗੋਲੀ ਥਾਇ ॥ ੪੮ ॥

੮੮੭–ਲੌਂਗ ੪ ਤੋਲੇ, ਸੰਭਾਲੂ ਦੀਆਂ ਕੂਮਲੀਆਂ ੮ ਤੋਲੇ ਪੀਹਕੇ ਗੋਲੀ ੫ ਰੱਤੀ ਦੀ ਕਰੇ

*ਹੀਰਬੀ-ਕੁੱਠ ਹੈ "ਦੇਖੋ ਦ੍ਰਬ ਦਰਪਣ"

Digitized by Panjab Digital Library | www.panjabdigilib.org

ਅਰ ਖਾਵੇ, ਤਾਂ ਅਧਰੰਗ, ਪਖਯਾਘਾਤ, ਅੰਗਹੀਣਤਾ.ਬਾਦੀ, ਸੱਭੇ ਨਾਸ ਕਰੇ। ਇਹ ਗੋਲੀ ੮੪ ਪ੍ਰਕਾਰ ਦੀ ਬਾਤ ਨਾਸ ਕਰਨ ਹਾਰੀ ਹੈ ॥੪੮॥

ਸੀਤਾਂਗ ਤੇਲੀ ਪ੍ਰਸੂਤੇ ਚੌਰਾਸੀ ਬਾਤ ਪਰ—ਚੌਪਈ

ਦੋ ਪਲ ਕੁਚਲੇ ਲੇਹੁ ਭੁਨਾਇ। ਪੀਸੀ ਦੋ ਰੱਤੀ ਲਹੁ ਖਾਇ।
ਪਾਂਚ ਲੌਂਗ ਤਾਕੈ ਦੈ ਸੰਗ। ਬਾਤ ਚੌਰਾਸੀ ਤੇਲੀ ਭੰਗ ॥ ੪੯ ॥
ਪ੍ਰਸੂਤ ਬਾਤ ਕਾ ਨਾਸ ਕਰਾਇ। ਸੀਤ ਅੰਗ ਸੰਨਪਾਤ ਮਿਟਾਇ।
ਸਿੱਧ ਔਖਧੀ ਜਾਨੋ ਏਹ। ਗੁਰ ਮੁਕ ਤੇ ਲਹਿ ਭਾਖੀ ਸੇਇ ॥੫੦॥

੮੮੮—ਕੁਚਲੇ ੮ ਤੋਲੇ ਭੱਠੀ ਵਿਚ ਭੁਨਾ ਕੇ ਅੰਦਰਲੀ ਜੀਭ ਕੱਢ ਕੇ ਪੀਹ ਰੱਖੇ, ਫਿਰ ੨ ਰੱਤੀਆਂ ਖਾਕੇ ਪਿਛੋਂ ੫ ਲੌਂਗ ਚੱਬੇ, ਇਸ ਤਰ੍ਹਾਂ ਕੁਛ ਦਿਨਾਂ ਵਿਚ ਹੀ ੮੪ ਪ੍ਰਕਾਰ ਦੀ ਵਾਯੂ ਦਾ ਨਾਸ ਹੋਵੇ। ਹੋਰ ਪਰਸੂਤ ਬਾਤ, ਸੀਤਾਂਗ ਅਰ ਸੰਨਿਪਾਤ ਸਭ ਦੇ ਨਾਸ ਕਰਨ ਦੀ ਭੀ ਇਹ ਸਿੱਧ ਔਖਧੀ ਹੈ ॥੪੯॥੫੦॥

ਬਾਂਹ ਪੀੜ ਉਪਾਇ—ਚੌਪਈ

ਸੁੰਠ ਭਾਰਤੀ ਪੀਪਰ ਆਨ। ਅਜਵਾਨੀ ਗੋ ਮੂਤ ਪਿਸਾਨ।
ਲੇਪ ਬਾਹ ਪਰ ਕਰੀਓ ਗਰਮ। ਬਾਹੁ ਬਾਤ ਕਾ ਜਾਵੈ ਭਰਮ ॥੫੧॥

੮੮੯—੯੦—ਸੁੰਢ, ਬ੍ਰਹਮੀ, ਮਘ ਤੇ ਅਜਵੈਣ, ਗੋਕੇ ਪੇਸ਼ਾਬ ਨਾਲ ਪੀਹਕੇ ਬਾਹਾਂ ਪਰ ਗਰਮ ਕਰਕੇ ਲੇਪ ਕਰੇ ਤਾਂ ਬਾਂਹ ਦੀ ਪੀੜਾ ਨਾਸ ਕਰੇ ॥੫੧॥

ਸਰਬ ਬਾਤ ਕੋ ਚੂਰਣ—ਸ਼ੰਕਰਛੰਦ

ਬੰਬੂਲ ਜੜ ਅਜਮੋਦ ਸੁੰਠੀ, ਰਾਸਨਾ ਹਹੁ ਪਾਇ।
ਅਜਵਾਯਨੀ ਲੈ ਸਤਾਵਰੀ, ਬਿਧਾਰ ਬਲਯਾ ਪਾਇ।
ਕੂਟ ਚੂਰਨ ਕਰਖ ਮਿਤ ਲੈ,ਮੱਦਜ ਘ੍ਰਿਤ ਜਲ ਤਾਤ।
ਤੀਨ ਬੀਚੋ ਏਕ ਸੌਂ ਭਖ, ਬਾਤ ਸਕਲ ਮਿਟਾਤ ॥ ੫੨ ॥
ਸੰਖਿ ਕੰਪਿਤ ਗ੍ਰਹੈ ਜਾਨੂ, ਰੀਂਘਨੀ ਕਟਿ ਬਾਇ।
ਨਾਰਿ ਮੱਜਾ ਉਦਰ ਹਾਡੈ, ਧੁਖਨ ਸਭ ਮਿਟ ਜਾਇ।
ਗੁਲਮ ਪੀਰਾ ਤਨਹਿ ਬੇਦਨ, ਔਰ ਹਿਯ ਕਾ ਰੋਗੁ।
ਬਾਤ ਨਾਸਨ ਕਹਯੋ, ਚੂਰਨ, ਬਹੁਤ ਖਾਸੋ ਜੋਗ ॥ ੫੩ ॥

੮੯੧—ਕਿੱਕਰ ਦੀ ਜੜ੍ਹ ਦੀ ਛਿੱਲ, ਅਜਮੋਦ, ਸੁੰਢ, ਰਾਸਨਾ (ਜੰਜਬੀਲ ਸ਼ਾਮੀ), ਹਊਬੇਰ (ਉਨਾਬ) ਅਜਵੈਣ, ਸਤਾਵਰ, ਬਿਧਾਰਾ ਤੇ ਅਸਗੰਧ ਸਮਾਨ ਭਾਗ ਲੈਕੇ ਪੀਹੇ, ਛਾਣਕੇ ਚੂਰਣ ਕਰ ਕੇ ੧ ਤੋਲਾ ਪ੍ਰਮਾਣ ਸ਼ਰਾਬ, ਘਿਉ ਜਾਂ ਤੱਤੇ ਜਲ ਨਾਲ ਤਿੰਨਾਂ ਵਿਚੋਂ ਇਕ ਨਾਲ ਖਾਯਾ ਕਰੇ ਤਾਂ ਸਭ

Digitized by Panjab Digital Library | www.panjabdigilib.org

ਪ੍ਰਕਾਰ ਦੀ ਬਾਤ ਨਾਸ ਹੋਵੇ। ਪੁੜਪੁੜੀਆਂ ਦੀ ਪੀੜ, ਕੰਪਵਾਯੂ, ਗੋਡਿਆਂ ਦੀ ਰੁਕਾਵਟ, ਰੀਂਘਣ ਪੀੜ. ਕਮਰ ਦਰਦ, ਨਾੜੀਆਂ ਦੀ ਪੀੜ, ਮੱਜਾ ਵਿਚਲੀ ਦਰਦ, ਢਿੱਡ ਪੀੜ, ਹੱਡ ਧੁਖ, ਗੋਲਾ ਤੇ ਹਿਰਦੇ ਰੋਗ ਹੋਰ ਭੀ ਬਾਤ ਸਬੰਧੀ ਪੀੜਾਂ ਦੇ ਨਾਸ ਕਰਨਹਾਰਾ ਇਹ ਚੂਰਣ ਹੈ ॥੫੨॥੫੩॥

ਮਹਾ ਅਜਮੋਦਾਦੀ ਚੂਰਣ ਸਰਬ ਬਾਤ ਕੋ (ਵੈਦਕੰਤੂਹਲਾਤ)

ਸ਼ੰਕਰਛੰਦ

ਅਜਮੋਦ ਮਰਚ ਬੜਿੰਗ ਸਯਾਮਾ, ਬੰਨਿ ਮਿਸ ਕਨ ਮੂਰ।
ਸਿਖਰ ਸੈਂਧਾ ਦਾਰ ਪਾਵੋ, ਪਲ ਜੁ ਅਧਿ ਅਧ ਪੂਰ।
ਕਰਖ ਦਸ ਪੱਥਯਾ ਮਿਲਾਵੋ, ਪੰਚ ਪਲੁ ਜੁਗ ਏਹ।
ਲੈ ਬਿਧਾਰਾ ਸੁੰਠ ਦੋਊ, ਪੀਸ ਚੂਰਨ ਤੇਹ॥ ੫੪ ॥
ਸੋਫ ਕਟਿ ਗੁਦ ਬਾਤ ਸੰਧਾ, ਸਗਲ ਪਾਚਨ ਜਾਨ।
ਕਫੀ ਬਾਤ ਜੁ ਆਮ ਬਾਤਾ, ਉਰੂ ਪੀਠ ਸੁ ਠਾਨ।
ਜਠਰ ਕ੍ਰਿਮ ਅਰੁ ਸ੍ਵਾਸ ਕਾਸੈ, ਤਾਪ ਜੰਘ ਸੁ ਪੀਰ।
ਹੰਤਿ ਤੂਨੀ ਅਰੁ ਪ੍ਰਤੂਨੀ, ਸੂਲ ਮਿਟ ਸਭ ਬੀਰ ॥੫੫॥

ਦੋਹਰਾ—ਮੰਦਾਗਨਿ ਚੌਰਾਸੀਆ, ਬਾਤ ਰੋਗੁ ਸਭ ਜਾਇ।
ਉਸਨ ਨੀਰ ਸੌਂ ਪ੍ਰਾਤ ਭਖੁ, ਜਬ ਲਗ ਤਨ ਮਹਿ ਬਾਇ ॥ ੫੬ ॥

੯੯੨-ਅਜਮੋਦ, ਮਿਰਚਾਂ, ਬਾਇਵੜਿੰਗ, ਮਘਾਂ, ਚਿਤ੍ਰਾ, ਸੌਂਫ, ਪਿਪਲਾ ਮੂਲ, ਪੁਟਕੰਡਾ, ਸੇਂਧਾ ਨਿਮਕ ਤੇ ਦੇਵਦਾਰ ਇਹ ਸਭ ਦੋ ਦੋ ਤੋਲੇ ਤੇ ੧੦ ਤੋਲੇ ਹਰੜ ਦੀ ਛਿੱਲ, ੨੦ ਤੋਲੇ ਬਿਧਾਰਾ ਤੇ ਸੁੰਢ ਪਾਕੇ ਚੂਰਨ ਕਰਕੇ ਖਾਵੇ ਤਾਂ ਸੋਜ,ਕਮਰ ਦਰਦ,ਗੁਦਾ ਦੀ ਪੀੜ ਜੋੜਾਂ ਦੀ ਦਰਦ ਸਭਨਾਂ ਦਾ ਨਾਸ ਕਰੇ। ਹੋਰ ਪਾਚਨ ਕਰੇ ਅਰ ਕਫ ਬਾਤ, ਆਮ ਬਾਤ, ਪੱਟ ਪੀੜ, ਪੇਟ ਪੀੜ, ਪੇਟ ਦੇ ਕਿਰਮ (ਚਮੂਣੇ) ਖਾਂਸੀ, ਦਮਾਂ, ਤਾਪ, ਜੰਘਾਂ ਦੀ ਪੀੜਾ, ਤੂੰਨੀ ਅਰ (ਦਰਦ ਗੁਰਦਾ ਤੇ ਬੀਲਾ), ਪ੍ਰਤਜੂਨੀ ਸੂਲ, ਮੰਦਾਗਨੀ ੮੪ ਪ੍ਰਕਾਰ ਦੀ ਵਾਯੂ ਸੱਭੇ ਨਾਸ ਕਰੇ। ਪਰੰਤੂ ਗਰਮ ਜਲ ਨਾਲ ਉਤਨਾ ਚਿਰ ਨਿੱਤ ਖਾਵੇ ਜਦ ਤੱਕ ਵਾਯੂ ਦਾ ਜ਼ਖੀਰਾ ਪ੍ਰਤੀਤ ਦਿੰਦਾ ਰਹੇ ॥ ੫੪ ਤੋਂ ੫੬ ॥

ਸੰਧਿ ਬਾਤ ਪਰ ਕਾੜ੍ਹਾ—ਦੋਹਰਾ

ਸਿਫਾ ਇਰੰਡੇ ਦਾਰ ਲੈ, ਛਿਨਾ ਸੁੰਠੀ ਪਾਇ।
ਕ੍ਵਾਥ ਕਰੀ ਪਿਵ ਬਾਤ ਹਰਿ, ਅਸਥਿ ਸੰਧ ਕੀ ਬਾਇ ॥ ੫੭ ॥

੯੯੩-ਸੌਂਫ, ਇਰਿੰਡ ਦੇ ਬੀਜ, ਦੇਵਦਾਰ, ਗਿਲੋਯ ਤੇ ਸੁੰਢ ਸਮਾਨ ਲੈਕੇ ਕਾੜ੍ਹਾ ਕਰੇ ਅਰ ਪੀਵੇ ਤਾਂ ਸਭ ਪ੍ਰਕਾਰ ਦੀ ਵਾਯੂ ਜੋੜ ਜੋੜ ਦੀ ਨਾਸ ਕਰੇ ॥੫੭॥

ਚੂਰਨ (ਰਤਨਸਾਰ ਸੰਗ੍ਰਹਾਤ)—ਦੋਹਰਾ

ਸਿਫਾ ਦਾਰ ਬਚ ਰਾਸਨਾ, ਹਰੜੈ ਸੁੰਢ ਇਰੰਡ।

Digitized by Panjab Digital Library | www.panjabdigilib.org

ਘਨ ਪਤੀਸ ਸਤਮੂਰ ਬ੍ਰਿਖ, ਲੈ ਗਲੋਇ ਅਰ ਖੰਡ ॥ ੫੮ ॥
ਮੇਲੁ ਧਮਾਸਾ ਕ੍ਵਾਥ ਕਰਿ, ਪੀਵਤ ਬਾਤ ਮਿਟਾਇ।
ਸੰਧ ਕਫ ਮਜਾ ਅਸਥਿ ਸਭ, ਕੰਪ ਬਾਤ ਨ ਥਾਇ ॥ ੫੯ ॥

੮੯੪-ਸੌਂਫ ਦੇਵਦਾਰ, ਵਚ, ਰਾਸਨਾ, ਹਰੜ ਦੀ ਛਿੱਲ, ਸੁੰਢ, ਅਰਿੰਡ ਦੇ ਬੀਜ, ਮੋਥਾ, ਪਤੀਸ, ਸਤਾਵਰ ਬਾਂਸਾ, ਗਿਲੋਏ, ਖੰਡ ਅਰ ਧਮਾਹਾਂ, ਇਹ ਸਭ ਸਮਾਨ ਲੈਕੇ ਕਾੜ੍ਹਾ ਕਰੇ ਅਰ ਪੀਵੇ ਤਾਂ ਸਭ ਤਰ੍ਹਾਂ ਦੀ ਵਾਯੂ ਨਾਸ ਕਰੇ, ਜੋੜ ਜੋੜ ਦੀ ਕਫ, ਮੱਜ ਹੱਡ ਦੀ ਬਾਤ ਅਰ ਕੰਪ ਬਾਤ ਭੀ ਜਾਵੇ ॥ ੫੮ ॥ ੫੯ ॥

ਹੋਰ (ਸਾਰ ਸੰਗ੍ਰਹਾਤ)–ਸ਼ੰਕਰਛੰਦ

ਕਨਾ ਚੰਦਨ ਰਾਸਨਾ ਘਨ ਬਾਲਕਾ ਅਸਗੰਧ।
ਲੈ ਬਿਹਾਰਾ ਸੁੰਠ ਛਿੰਨਾ, ਕੁਸਟ ਮਾਸੀ ਬਧ।
ਦਾਰੁ ਲਾਗਲਿ ਸਪਤ ਮੂਲੀ, ਸੈਂਧਵ ਘਨ ਪਾਇ।
ਸਾਲਪਰਨੀ ਮਿਸਿ ਮੰਜਿਸਟਾ, ਕਾਲਮੇਖਕ ਲਯਾਇ ॥ ੬੦ ॥
ਇਲਾਇਚੀ ਪਾਠਾ ਜਮੋਦਾਂ, ਪੀਸ ਚੂਰਣ ਖਾਇ।
ਸੰਗ ਘ੍ਰਿਤ ਵਾ ਤਪਤ ਨੀਰੇ, ਬਾਤ ਸਕਲ ਮਿਟਾਇ।
ਤੁਕ ਅਸਥਿਸੰਧੀ ਜਾਇ ਮਾਰਤ;ਖਾਇ ਉਠ ਪਰਭਾਤ।
ਰਤਨਸਾਰ ਜੁ ਸੰਗ੍ਰਹੀ ਮਹਿ,ਇਹੀ ਜਾਨ ਬਿਖਯਾਤ ॥ ੬੧ ॥

੮੯੫-ਮਘ, ਚੰਦਨ, ਰਾਸਨਾ, ਮੋਥਾ, ਨੇਤ੍ਰਬਾਲਾ, ਅਸਗੰਧ, ਬਿਧਾਰਾ (ਸ਼ਾਰਫ), ਸੁੰਢ, ਗਿਲੋਯ ਕੁੱਠ, ਛੜ, ਬੰਧ *ਕਰਕੇ ਕਪੂਰਕਚਰੀ ਪਾਵੇ। ਦੇਵਦਾਰ. ਨਲਿਜੇਰ, ਸਤਾਵਰ, ਸੇਂਧਾ ਨਿਸਕ ਮੋਥਾ, ਸਾਲਪ੍ਰਣੀ, ਸੌਂਫ, ਮਜੀਠ, ਕਾਲਮੇਖਕ ਕਰਕੇ [] ਕਾਲੀ ਤ੍ਰਿਵੀ ਲਵੇ। ਇਲਾਚੀ, ਪਾਠਾ ਤੇ ਅਜਮੋਦ ਇਹੋ ਸੱਭੋ ਸਮਾਨ ਲੈਕੇ ਪੀਹਕੇ ਚੂਰਨ ਕਰੇ, ਘਿਓ ਨਾਲ ਵਾ ਤੱਤੇ ਜਲ ਨਾਲ ਖਾਵੇ ਤਾਂ ਸਭ ਤਰ੍ਹਾਂ ਦੀ ਬਾਤ ਨਾਸ ਕਰੇ ਅਰ ਚਮੜੀ ਦੀ, ਹੱਡੀਆਂ, ਜੋੜਾਂ ਦੀ ਵਾਯੂ ਸੱਭੋ ਨਸ਼ਟ ਕਰੇ ॥ ੬੦ ॥ ੬੧ ॥

†ਸੀਰਖ ਬਾਤੇ ਮ੍ਰਿਚਾਦੀ ਨੱਸ (ਵੰਗਸੇਨਾਤ)–ਦੋਹਰਾ

ਮਰਚ ਸਿੱਗ੍ਰੂ ਕੇ ਬੀਜ ਲੈ, ਤਾਮਹਿ ਮੇਲ ਬੜਿੰਗ।

---

*ਦੇਖੋ "ਦ੍ਰਬ ਦਰਪਣ"

[]ਕਾਲਮੇਖਕਾ–ਕਾਲੀ ਤ੍ਰਿਵੀ ਹੈ, ਭ੍ਰਮ ਨਿਬ੍ਰਤੀ ਵਾਸਤੇ ਦੇਖੋ ਦਰਬ ਦਰਪਣ। ਹੋਰ ਦੇਖੋ ਸਾਲਿਗ੍ਰਾਮੌਖਦ ਸ਼ਬਦ ਸਾਗਰ।

†ਇਸ ਰੋਗ ਵਿਖੇ ਕਫ ਬਾਤ ਨਾਲ ਸ੍ਵਾਸਾਦਿ ਰੁਕ ਜਾਂਦੇ ਹਨ, ਇਸ ਨੂੰ ਸੀਰਖ ਬਾਤ ਅਰਥਾਤ ਅਪਤੰਤ੍ਰ ਬਾਤ ਰੋਗ ਆਖਦੇ ਹਨ।

Digitized by Panjab Digital Library | www.panjabdigilib.org

ਨਾਵਨ ਨਾਕ ਕਰੋ ਸਹੀ, ਸੀਰਖ ਬਾਤਹਿ ਭੰਗ ॥ ੬੨ ॥

੮੯੬–ਮਿਰਚ, ਸੁਹਾਂਜਣੇ ਦੇ ਬੀਜ, ਬਾਇਵੜਿੰਗ ਤੇ (0ਬਨਤੁਲਸੀ) ਬਰੀਕ ਪੀਹਕੇ ਨਸਵਾਰ ਨੱਕ ਵਿਚ ਦੇਵੇ ਤਾਂ ਸੀਰਖ–ਕਫ ਤੇ ਬਾਤ ਨਾਸ ਹੋਵੇ ॥ ੬੨ ॥

‡ਅਪਤੰਤ੍ਰ ਬਾਤ ਉਪਾਇ

ਹਰੜ ਰਾਸਨਾ ਸੈਂਧਵਾ, ਅਮਲ ਬੇਤ ਬਚ ਪਾਇ।
ਸਰਖਪ ਲੇਪੋ ਦੂਧ ਸੋ ਅਪਤੰਤ੍ਰਕ ਮਿਟ ਜਾਇ ॥ ੬੩ ॥

੮੯੭–ਹਰੜ, ਰਾਸਨਾ, ਸੇਂਧਾਲੂਣ, ਅਮਲਵੇਤ, ਵਚ ਤੇ ਸਰਸੋਂ ਸਮਾਨ ਭਾਗ ਲੈਕੇ ਦੁੱਧ ਨਾਲ ਲੇਪ ਕਰੇ ਤਾਂ ਅਪਤੰਤ੍ਰ ਵਾਯੂ ਮਿਟ ਜਾਵੇ ॥ ੬੩ ॥

‡ਅਪਤਾਨ ਬਾਤ ਉਪਾਯ (ਵੰਗਸੇਨਾਤ)–ਚੌਪਈ

ਭਦਰ ਮੁਸਤਾ ਕਣਾ ਪਤੀਸ। ਭਾਰੰਗੀ ਅਖ ਕਰੋ ਸਮ ਪੀਸ।
ਮਦਯ ਸੰਗ ਵਾ ਤਾਤੇ ਨੀਰ। ਪੀਵਤ ਅਪਤਾਨਕ ਮਿਟ ਪੀਰ ॥੬੪॥
ਸ੍ਵਾਸ ਕਾਸ ਕੀ ਪੀਰਾ ਜਾਇ। ਹਿੱਕ੍ਵਾ ਰੁਜ ਕਾ ਨਾਸ ਕਰਾਇ।
ਬੰਗਸੈਨ ਨੇ ਭਾਖੀ ਏਹ। ਲਿਖੀ ਮੇਘ ਨੇ ਈਹਾਂ ਲੇਹ ॥ ੬੫ ॥

੮੯੮–[]ਨਾਗਰਮੋਥਾ ਮਘਾਂ, ਪਤੀਸ, ਭਾੜਿੰਗੀ ਤੇ ਬਹੇੜਾ ਸਮਾਨ ਪੀਹਕੇ ਸ਼ਰਾਬ ਨਾਲ ਯਾਂ ਤੱਤੇ ਪਾਣੀ ਨਾਲ ਸੇਵਨ ਕਰੇ ਤਾਂ ਅਪਤਾਨਕ ਪੀੜਾ ਨਸ਼ਟ ਹੋਵੇ। ਹੋਰ ਖਾਂਸੀ, ਰਮਾ, ਹਿੜਕੀ ਆਦਿ ਰੋਗ ਭੀ ਨਾਸ ਹੁੰਦੇ ਹਨ ॥ ੬੪ ॥ ੬੫ ॥

ਬ੍ਰਿਖਣ (ਪਤਾਲੂਆਂ) ਦੀ ਬਾਤ ਉਪਾਇ–ਦੋਹਰਾ

ਪ੍ਰਾਤਹਿ ਪੀਵੋ ਤੇਲ ਕੋ, ਭਲੀ ਮਾਤਰਾ ਯੋਗੁ।
ਬ੍ਰਿਖਨ ਬਾਤ ਕਾ ਨਾਸ ਹੁਇ, ਔਰ ਬਾਤ ਮਿਟ ਰੋਗੁ ॥੬੬॥

੮੯੯–ਪ੍ਰਾਤਾਕਾਲ *ਮਿੱਠਾ ਤੇਲ ਵਿਚ ਮੂਜਬ ਮਾਤ੍ਰਾ ਪੀਵੇ ਤਾਂ ਬ੍ਰਿਖਣ ਬਾਤ ਭਾਵ ਪਤਾਲੂਆਂ ਦੀ ਹੋਰ ਭੀ ਬਾਤ ਦੇ ਰੋਗ ਨਾਸ ਕਰੇ ॥ ੬੬ ॥

ਊਰਧ ਬਾਤ ਉਪਾਇ–ਦੋਹਰ

ਗੂੰਥਕ ਬਾਂਸਾ ਪਾਤ ਤਿਲ, ਪਿਵੋ ਦੂਧ ਕੈ ਸੰਗ।
ਉਰਧ ਬਾਤ ਨਾਸੈ ਤੁਰਤ, ਤਨ ਹੋਵਤ ਸਭ ਚੰਗ ॥ ੬੭ ॥

0ਮੂਲ ਵਿਚ ਬਨ ਤੁਲਸੀ ਭੀ ਹੈ, ਜਿਸ ਨੂੰ ਯੂਨਾਨੀ "ਫ਼ਰੰਜਮੁਸ਼ਕ" ਆਖਦੇ ਹਨ।
‡ਅਪਤੰਤ੍ਰ ਦੇ ਤੇ ਅਪਤਾਨ ਬਾਤ ਦੇ ਲੱਛਣ ਬਾਤ ਰੋਗਾਂ ਵਿਚ ਦੇਖੋ।
[] ਭਦ੍ਰਮੋਥਾ–ਨਾਗਰਮੋਥਾ, ਅਰਥਾਤ ਮੋਟਾ ਮੋਥਾ ਹੈ। ਦੇਖੋ, ਅੰ: ਕੋਸ਼।
*ਨਾਮ ਨ ਭਾਖਯਾ ਮੀਠਾ ਤਲ, ਇਸਤੇ ॥

Digitized by Panjab Digital Library | www.panjabdigilib.org

੯੦੦–ਪਿਪਲਾਮੂਲ, ਬਾਂਸੇ ਦੇ ਪੱਤ੍ਰ ਅਰ ਤਿਲ ਦੁਧ ਨਾਲ ਪੀਵੇ ਤਾਂ ਊਰਧ ਬਾਤ ਬਹੁਤ ਸ਼ੀਸਰ ਨਾਸ ਹੋਵੇ ॥ ੬੭ ॥

ਸੁਪਤ ਬਾਤ ਉਪਾਇ–ਸੋਰਠਾ

ਰੁਧਰ ਨਿਕਾਰੋ ਗ੍ਯਾਨ, ਸੁਪਤ ਬਾਤ ਕਾ ਨਾਸ ਹੁਇ।
ਤੇਲੁ ਸੰਗ ਪਿਵ ਠਾਨ, ਸੇਂਧਾ ਗ੍ਰਿਹਿ ਕਾ ਧੂਮ ਸੁਭ ॥ ੬੮ ॥

੯੦੧–ਉਸ ਥਾਂ ਦਾ ਲਹੂ ਕਢੇ ਤਾਂ ਅਰਾਮ ਹੋਵੇ, ਅਥਵਾ ਤੇਲ ਨਾਲ ਸੇਂਧਾਨਿਮਕ ਤੇ ਘਰ ਦਾ ਧੁਆਹਾਂ ਪੀਤਾ ਭੀ ਗੁਣ ਕਰਦਾ ਹੈ ॥ ੬੮ ॥

ਹ੍ਰਿਦਯ ਬਾਤ ਉਪਾਇ–ਚੌਪਈ

ਮਰਚ ਗੜੂਚੀ ਪ੍ਰਾਤਹਿ ਪਾਇ। ਤਪਤ ਨੀਰ ਮਿਟ ਹੀਯਾ ਭਾਇ।
ਗੁੜ ਭਿਤੀਤਕਾ ਬਾਜੀ ਗੰਧ। ਉਸਨ ਨੀਰ ਮਰਤ ਹਿਯ ਬੰਧ ॥੬੯॥

੯੦੨–ਮਿਰਚ ਤੇ ਗਿਲੋਯ, ਤੱਤੇ ਪਾਣੀ ਵਿਚ ਪਾਕੇ ਪੀਵੇ ਤਾਂ ਹਿਰਦੇ ਦੀ ਬਾਤ ਨਾਸ ਹੋਵੇ। ਯਾਂ–

੯੦੩–ਗੁੜ ਬਹੇੜੇ ਤੇ ਅਸਗੰਧ ਤੱਤੇ ਪਾਣੀ ਨਾਲ ਲਵੇ ਤਾਂ ਹਿਰਦਯ ਦੀ ਪੀੜਾ ਨਾ ਰਹੇ ॥ ੬੯ ॥

ਪਖਯਾਘਾਤ (ਅਧੰਰਗ) ਉਪਾਇ–ਸ਼ੰਕਰ ਛੰਦ

ਚੱਬ ਚਿੱਤ੍ਰਕ ਬਾਜ ਗੰਧਾ, ਅਮਲਬੇਤ ਅਨਾਰ।
ਅਜਮੋਦ ਧਨੀਯਾ ਤਿੰਤੜੀਕੈ, ਹਾਪੁਖਾ ਲੈ ਧਾਰ।
ਤਾਲੀਸ ਅਜਵਾਨੀ ਜੁ ਤ੍ਰਿਕੁਟਾ, ਪੁਸਕਰੰ ਬਚ ਡਾਰ।
ਦੋ ਜਰਨ ਪਾਂਚੋ ਲਵਨ ਤੁੰਬਰ, ਸਾਤ ਮੂਰ ਉਖਾਰ ॥ ੭੦ ॥
ਬਲਾ ਮੇਲੋ ਰਾਸਨਾ ਸਭ, ਟੰਕ ਟੰਕ ਪ੍ਰਮਾਨ।
ਪੀਸ ਚੂਰਨ ਤੇ ਮਿਲਾਵੇ. ਲਸਨ ਚੌਗੁਨ ਆਨ।
ਸਰਪਿ ਸੇਤੀ ਟੰਕ ਏਕੋ, ਦੋਇ ਵਾ ਤ੍ਰਿਕ ਖਾਇ।
ਪੱਖਯਘਾਤਾ ਬਾਤ ਸ੍ਰੋਨਿਤ, ਆਢਕ ਬਾਤ ਮਿਟਾਇ ॥ ੭੧ ॥
ਪਿਸਟ ਸੀਰਖ ਹਨੁਸਥੰਭਾ, ਗਰਦਨ ਸੀ ਸਰਬੰਗ।
ਗੁਰਮ ਤਾਪ ਹਰੈ ਸ੍ਵਾਧੀ, ਸੰਧਿ ਹਾਡ ਜੁ ਭੰਗ।
ਜਾਤ ਹੈ ਤੂੰਨੀ ਪ੍ਰਤੂਨੀ, ਅਰਧ ਅੰਗ ਬਿਕਾਰ।
ਘ੍ਰਿਤ ਸੋ ਗੋਲੀ ਬਨਾਵੇ, ਲਸਨ ਪਿੰਡ ਸੁ ਧਾਰ ॥ ੭੨ ॥

Digitized by Panjab Digital Library | www.panjabdigilib.org

੯੦੪-ਚੱਵ, ਚਿਤ੍ਰਾ, ਅਸਗੰਧ, ਅਮਲਵੇਤ,ਅਨਾਰਦਾਣਾ, ਅਜਮੋਦ, ਧਨੀਆਂ ‡ਸਮਾਕਦਾਣਾ ਹਊਬੇਰ (ਉਨਾਬ), ਤਾਲੀਸਪਤ੍ਰ, ਅਜਵਾਇਣ, ਮਘ, ਮਿਰਚ, ਸੁੰਢ, ਪੁਹਕਰਮੂਲ, ਵਚ, ਕਾਲਾਜੀਰਾ ਪੰਜੇ ਲੂਣ (ਸੇਂਧਾ, ਸਾਂਬਰ, ਸੌਂਚਰ, ਕਚ ਤੇ ਵਿੜ) ()ਤੂੰਬਰੂ, ਸਤਾਵਰ, ਜੌਂਖਾਰ, ਖਰੈਟੀ ਤੇ ਫਾਸਨਾ, ਸਭ ਚਾਰ ਚਾਰ ਮਾਸੇ ਪੀਹਕੇ ਸਭ ਚੂਰਣ ਨਾਲੋਂ ਚੌਗੁਣਾ ਲਸਨ ਕੁਟ ਕੇ ਮੇਲੇ ਅਰ ਫਿਰ ਘਿਉ ਨਾਲ ੪ ਮਾਸੇ ਯਾ ੮ ਮਾਸੇ ਯਾ ੧੨ ਮਾਸੇ ਤਕ ਖਾਵੇ, ਪਖਯਾਘਾਤ, ਸ੍ਰੋਣਤਬਾਤ, ਆਢਕਬਾਤ, ਪਿੱਠ ਪੀੜਾ ਸ਼ੀਰਖਬਾਧ, ਜਬਾੜਿਆਂ ਦਾ ਅਕੜੇਵਾਂ ਗਰਦਨ ਦਾ ਵਲ, ਸਿਰ ਪੀੜ, ਪੇਟ ਦਾ ਗੋਲਾ, ਬਾਦੀ ਦੀ ਦਰਦ, ਤਾਪ, ਜੋੜਾਂ ਅਰ ਹੱਡਾਂ ਦੀ ਪੀੜਾ, ਤੂੰਨੀ ਅਰ ਪ੍ਰਤਤੂੰਨੀ, ਅਰਧੰਗ ਇਤਿਯਾਦਿ ਵਾਯੂ ਦੇ ਵਿਕਾਰ ਜਾਂਦੇ ਹਨ ਯਾ ਇਸ਼ ਦੀ ਘਿਉ ਨਾਲ ਗੋਲੀ ਲਸਨ ਸਾਫ ਕਰਕੇ ਬਣਾ ਰਖੇ ॥੭੦ ਤੋਂ ੭੨॥

ਚੌਪਈ

ਮਾਖ ਗੁਪਤ ਆਤਮ ਏਰੰਡ। ਕ੍ਵਾਥ ਕਰੈ ਤਾਂਮੇ ਏਮੰਡ।
ਸੈਂਧਾ ਰਾਮਠ ਪੀਵੋ ਪਾਇ। ਪੱਖਯਘਾਤ ਕਾ ਨਾਸ ਕਰਾਇ॥੭੩॥

੯੦੫-ਮਹਾਂ (ਉੜਦ), ਕੌਂਚਬੀਜ ਤੇ ਏਰਿੰਡ ਦੇ ਬੀਜ, ਇਨ੍ਹਾਂ ਦਾ ਕਾੜ੍ਹਾ ਕਰਕੇ ਸੇਂਧਾ ਨਿਮਕ ਤੇ ਭੁੰਨ ਕੇ ਹਿੰਙ ਪਾਇ ਪੀਵੇ-ਪਖਯਾਘਾਤ ਨੂੰ ਬਹੁਤ ਸ਼ੀਘਰ ਨਫਾ ਕਰੇ ॥੭੩॥

ਦੋਹਰਾ

ਬਾਲਾ ਬਾਦਜ ਆਤਮ ਗੁਪਤ, ਸੁੰਠ ਇਰੰਡ ਮਿਲਾਇ।
ਕ੍ਵਾਥ ਕਰੀ ਸੇਂਧਵ ਖਿਪੋ, ਪੀਵੋ ਨਾਕ ਲਗਾਇ॥ ੭੪॥
ਪੱਖਯਘਾਤ ਸਿਰ ਨੈਨ ਦੁਖ, ਹਨੁ ਸਥੰਭ ਕੋ ਦੇਇ।
ਏਤੇ ਰੋਗੁ ਮਿਟਾਵਤਾ, ਸਾਚੀ ਸਹੀ ਸੁ ਤੇਇ॥ ੭੫॥

੯੦੬-ਬਿੱਲ, *ਕਚਨਾਰ, ਕੌਂਚਬੀਜ, ਸੁੰਢ ਤੇ ਏਰਿੰਡ ਸਮਾਨ ਲਵੇ ਤੇ ਕਾਹੜਾ ਕਰਕੇ ਸੇਂਧਾਨਿਮਕ ਪਾਇ ਪੀਵੇ, ਨਾਕ ਲਗਾਇ ਦਾ ਭਾਵ ਮਨ ਲਗਾਕੇ ਹੈ, ਕਈ ਨੱਕ ਰਸਤੇ ਪੀਣਾ ਭੀ ਦੱਸਦੇ ਹਨ, ਪਖਯਾਘਾਤ, ਸਿਰ, ਨੇਤ੍ਰ ਤੇ ਜਬਾੜਿਆਂ ਦਾ ਆਕੜਨਾ ਸਭ ਦੂਰ ਕਰੇ, ਇਹ ਨਿਸ਼ਚੇ ਹੈ ॥੭੪॥੭੫॥

ਚੂਰਣ (ਰਤਨਸਾਰਸੰਗ੍ਰਹਾਤ)-ਦੋਹਰਾ

ਸੈਂਧਾ ਗ੍ਰੰਥਕ ਪੀਪਰੀ, ਚਿੱਤ੍ਰਕ ਸੁੰਠੀ ਪਾਇ।
ਮੇਲੁ ਰਾਸਨਾ ਪੀਸੀਏ, ਕਪੜੇ ਲੇਹੁ ਛਨਾਇ॥ ੭੬॥
ਮਾਖ ਕ੍ਵਾਥ ਸੋਂ ਪੀਜੀਏ, ਮਿਟਤ ਪੱਖ ਕਾ ਘਾਤ।

---

‡ਸਮਾਕ ਦੇ ਦਾਣਿਆਂ ਦੀ ਛਿੱਲ ਪਾਵੇ।

()ਇਹ ਇਕ ਫਲ ਹੈ, ਕਾਲੀ ਮਿਰਚ ਬਰਾਬਰ, ਮੂੰਹ ਫਟਿਆ ਹੋਇਆ ਹੁੰਦਾ ਹੈ, ਇਹ ਤੇਜਬਲ ਬੀਜ ਹੁੰਦੇ ਹਨ, ਰਾਵਲ ਪਿੰਡੀ ਵਲ "ਤਿੰਬਰ" ਨਾਮ ਪ੍ਰਸਿਧ ਹੈ।

*ਬਾਦਜ-ਕਚਨਾਜ ਹੈ, ਦੇਖੋ "ਆਇਨਾ ਅਦਵੀਆਤ"

Digitized by Panjab Digital Library | www.panjabdigilib.org

ਰਤਨਸਾਰ ਸੰਗ੍ਰਹਿ ਕਹਤ, ਆਧ ਅੰਗ ਦੁਖ ਜਾਤ ॥੭੭॥

੯੦੨–ਸੇਂਧਾ ਨਿਮਕ, ਪਿਪਲਾਮੂਲ, ਮਘ, ਚਿਤ੍ਰਾ, ਸੁੰਢ ਤੇ ਰਾਸਨਾ ਪੀਹਕੇ ਕੱਪੜ ਛਾਣ ਕਰੇ, ਅਰ ‡ਮਹਾਂ ਦੀ ਦਾਲ ਦੇ ਪਾਣੀ ਨਾਲ ਖਾਵੇ ਤਾਂ ਪਖਯਾਘਾਤ ਆਦਿ ਵਾਯੂ ਵਾਸਤੇ ਬਹੁਤ ਸ੍ਰੇਸ਼ਟ ਹੈ ॥੭੬॥੭੭॥

ਅਰਧਾਂਗ ਬਾਤ ਉਪਾਇ–ਚੌਪਈ

ਅਰਕ ਬਕਾਇਨ ਸਿੱਗ੍ਰੂ ਜਾਨ। ਸੰਭਾਲੂ ਏਰੰਡ ਜੁ ਮਾਨ।
ਥੋਹਰ ਇਨ ਸਭਨੋਂ ਕਾ ਪਾਤ। ਰਸ ਸਭਨੋਂ ਕਾ ਭਾਂਜਨ ਘਾਤ ॥੭੮॥
ਰਸ ਸਮਾਨ ਤੇਲਤਿਲ ਮਿਲਾਇ। ਅਗਨਿ ਦੇਇ ਕੈ ਤੇਲੁ ਪਕਾਇ।
ਮਲਤ ਅੰਗ ਅਰਧੰਗ ਮਿਟਾਇ। ਪੱਖਯਘਾਤ ਕੀ ਪੀਰਾ ਜਾਇ ॥੭੯॥

੯੦੮–ਅੱਕ, ਵਕੈਣ, ਸੁਹਾਂਢਣਾ, ਸੰਭਾਲੂ, ਏਰਿੰਡ ਤੇ ਥੋਹਰ ਇਨ੍ਹਾਂ ਛੇਆਂ ਦੇ ਪੱਤ੍ਰ ਲੈਕੇ ਰਸ ਕੱਢੇ ਅਰ ਉਸ ਰਸ ਦੇ ਬਰਾਬਰ ਦਾ ਤਿਲ ਪਾਕੇ ਕਾੜ੍ਹੇ। ਜਦ ਤੇਲ ਮਾਤ੍ਰ ਰਹੇ, ਸਾਫ ਕਰਕੇ ਸ਼ੀਸ਼ੀ ਪਾਇ ਰੱਖੇ। ਫਿਰ ਵਾਯੂ ਵਿਕਾਰਾਂ ਪਰ ਮਲੇ, ਅਧਰੰਗ, ਪਖਯਾਘਾਤ ਆਦਿ ਨਾਸ ਕਰੇ।੭੮।੭੯।

ਸੰਪੂਰਨ ਬਾਤ ਪਰ ਮਹਾਰਾਸਨਾਦਿ ਕ੍ਵਾਥ [ਸਾਰੰਗਧਰਾਤ]–ਸ਼ੰਕਰ ਛੰਦ

ਰਾਸਨਾ ਦੋ ਭਾਗ ਪਾਵੇ, ਔਰ ਔਖਧ ਏਕ।
ਧਮਾਹ ਏਰੰਡ ਕਕੜਸ੍ਰਿੰਗੀ, ਲੈ ਜਵਾਸਾ ਟੇਕ।
ਦਾਰੁ ਸਟਿ ਬਚ ਸੁੰਠ ਬਾਂਸਾ, ਹਰੜ ਪੁਨਰਨਵਾਇ।
ਗਲੋਇ ਮੋਥਾ ਸੌਂਫ ਗੋਖਰੂ, ਆਸਗੰਧ ਲਬਾਇ ॥ ੮੦ ॥
ਲੈ ਬਿਧਾਰਾ ਪੀਪਰੀ, ਗਿਰਮਾਲ ਧਨੀਯਾ ਪਾਇ।
ਸਤਮੂਰ ਅਤਿ ਬਿਖਿ ਜਰਦ ਬਾਂਸ, ਬ੍ਰਿਹਤਿ ਦੋਨੋਂ ਲਯਾਇ।
ਕਰਿ ਕ੍ਵਾਥ ਸੁੰਠ ਮਿਲਾਇ ਪੀਵੇ, ਪੀਪਰੀ ਵਾ ਦੇਇ।
ਵਾ ਤੇਲੁ ਮੇਲੁ ਅਰਿੰਡ ਪੀਵੇ, ਅਜਮੁਦਾ ਵਾ ਸੇਇ ॥ ੮੧ ॥
ਜੋਗੁ ਰਾਜ ਵਾ ਪਾਇ ਗੁਗਲੁ, ਬਾਤ ਅੱਸੀ ਚਾਰ।
ਕੰਪ ਪਖਯਾਘਾਪ ਵਾਹੈ, ਬ੍ਰਿਧ ਅੰਡ ਬਿਕਾਰ।
ਸੋਫ ਸਿਲੀਪਦ ਜੰਘ ਜਾਨੂ, ਸੂਕ੍ਰ ਦੋਖ ਜੁ ਲਿੰਗ।
ਸੂਲ ਝੋਲਾ ਹਿਯਾ ਗਦ ਮਿਟ, ਆਫਰਾ ਮਿਟ ਰੰਗ ॥ ੮੨ ॥

‡ਮਹਾਂ ਦੀ ਅਲੂਣੀ ਦਾਲ ਦਾ ਪਾਣੀ ਹੀ ਮਹਾਂ ਦਾ ਕ੍ਵਾਥ ਹੈ।

Digitized by Panjab Digital Library | www.panjabdigilib.org

੯੦੯–ਰਾਸਨਾ ੨ ਤੋਲੇ, ਧਮਾਹਾਂ, ਏਰੰਡ ਦੀ ਜੜ੍ਹ, ਕਕੜਸਿੰਗੀ, ਜਵਾਹਾਂ, ਦੇਵਦਾਰ, ਕਚੂਰ ਵਚ, ਸੁੰਢ, ਬਾਂਸਾ, ਹਰੜ, ਇਟਸਿਟ, ਗਿਲੋਯ ਮੋਥਾ. ਸੌਂਫ, ਭੱਖੜਾ, ਅਸਗੰਧ, ਖਰੈਟੀ, ਵਿਧਾਰਾ, ਮਘ, ਅਮਲਤਾਸ, ਧਨੀਆ, ਸਤਾਵਰ, ਪਤੀਸ, ਪੀਲਾਬਾਂਸਾ ਅਤੇ ਦੋਨੋਂ ਕੰਡਿਆਰੀਆਂ ਇਹ ਸਭ ਚੀਜ਼ਾਂ ੧-੧ ਤੋਲਾ ਲੈ ਕੇ ਕਾੜ੍ਹਾ ਕਰ ਅਰ ਫਿਰ ਉਸ ਕੀਤੇ ਹੋਏ ਕਾੜ੍ਹੇ ਦੇ ਜਲ ਉਤੇ ਸੁੰਢ ਦਾ ਚੂਰਣ ਯਾ ਮਘ ਦਾ ਚੂਰਣ ਵਾ ਅਰਿੰਡ ਦਾ ਤੇਲ ਪਾਕੇ ਅਥਵਾ ਅਜਮੋਦ ਦਾ ਚੂਰਣ ਧੂੜਕੇ ਯਾ ਯੋਗਰਾਜ ਗੁੱਗਲ ਪਾਕੇ ਕਾੜ੍ਹਾ ਪਿਲਾਵੇ ਤਾਂ ਚੌਰਾਸੀ ਬਾਤ, ਕੰਪਬਾਤ, ਪਖਯਾਘਾਤ, ਅੰਡਬ੍ਰਿਧੀ, ਸੋਜ, ਸਿਲੀਪਦ, ਜੰਘਾਂ ਦੀ ਦਰਦ, ਗੋਡਿਆਂ ਦੀ ਪੀੜ, ਬੀਰਜ ਦੋਖ, ਲਿੰਗ ਦੇ ਨੁਕਸ, ਸੂਲ, ਝੋਲਾ, ਹ੍ਰਿਦਯ ਰੋਗ ਅਰ ਅਫਾਰਾ ਆਦਿ ਤਮਾਮ ਨਾਸ ਕਰੇ ॥੮੦ ਤੋਂ ੮੨॥

ਛਾਤੀ ਬਾਤ ਪਰ ਅਰਿੰਡ ਸਪਤਕ (ਸਾਰੰਗਧਰਾਤ)–ਚੌਪਈ

ਇਰੰਡ ਬੀਜ ਕੀ ਗਿਰੀ ਨਿਕਾਰ। ਦੋ ਕੰਟਾਰੀ ਗੋਖਰੂ ਡਾਰ।
ਪਖਾਨਭੇਦ ਬਾਲਾ ਕੀ ਛਾਲ। ਕ੍ਵਾਥ ਕਰਿ ਏਰੰਡ ਤੇਲ ਜੁਘਾਲ ॥੮੩॥
ਅਥਵਾ ਹਿੰਗੁਬਲੀ ਜਵਖਾਰ। ਲਸਨ ਸੈਂਧਵਾ ਵਾ ਲੈ ਡਾਰ।
ਕੁਚ ਲਿੰਗੁ ਕਟਿਕੀ ਪੀਰਾ ਜਾਇ।ਹ੍ਰਿਦੈ ਬਾਇਕਾ ਦੂਖ ਗਵਾਇ ॥੮੪॥

੯੧੦--ਅਰਿੰਡ ਦੇ ਬੀਜਾਂ ਦੀ ਗਿਰੀ, ਦੋਹਾਂ ਕੰਡਿਆਰੀਆਂ ਦੀ ਜੜ੍ਹ ਦੀ ਛਿੱਲ, ਭਖੜਾ, ਪਖਾਨ ਭੇਦ ਤੇ *ਬਿਲ ਬ੍ਰਿਛ ਦੀ ਛਿੱਲ, ਇਨ੍ਹਾਂ ਦਾ ਕਾੜ੍ਹਾ ਕਰਕੇ ਅਰ ਫਿਰ ਉਸ ਕਾੜ੍ਹੇ ਵਿਚ ਅਰਿਡ ਦਾ ਤੇਲ, ਭੁੰਨੀ ਹੋਈ ਹਿੰਙ, ਜੌਂਖਾਰ, ਲਸਨ ਯਾ ਸੌਂਧਾ ਨਿਮਕ ਇਹਨਾਂ ਸਭਨਾਂ ਵਿਚੋਂ ਇਕ ਕੋਈ ਚੀਜ਼ ਪਾਕੇ ਪੀਵੇ ਤਾਂ ਮੰਮਿਆਂ ਦੀ ਪੀੜ, ਲਿੰਗ ਦਰਦ, ਕਮਰ ਪੀੜ, ਹਿਰਦੇ ਪੀੜ, ਹੋਰ ਸਭ ਤਰ੍ਹਾਂ ਦੇ ਵਾਯੂ ਵਿਕਾਰ ਨਾਸ ਕਰੇ ॥ ੮੩ ॥ ੮੪ ॥

ਰਾਸਨਾ ਸਪਤਕ ਕਟਿ ਪੀੜ ਪੈ–ਚੌਪਈ

ਰਹਸਨ ਗੋਖਰ ਏਰੰਡ ਜੜ ਛਾਲ। ਸੁਰਤਰ ਇਟਸਿਟ ਮਾਹੇ ਘਾਲ।
ਗਿਰਦ ਨਲੀ ਲੀਜੈ ਸਮ ਮਾਤ। ਕ੍ਵਾਥ ਕਰੀ ਸੁੰਠੀ ਬਚ ਘਾਤ ॥੮੫॥
ਪੀਵਤ ਕਟਿ ਤਟ ਕੁਖ ਸੁਬਾਇ। ਪੀਠ ਜੰਘ ਆਕਰ ਮਿਟ ਜਾਇ।
ਮਾਸ ਏਕ ਲੌ ਪੀਵਤ ਏਹ। ਖਾਟਾ ਖਾਰਾ ਬਰਜੇ ਦੇਹ ॥ ੮੬ ॥

੯੧੧--ਰਾਸਨਾ, ਭਖੜਾ, ਅਰਿੰਡ ਜੜ੍ਹ ਦੀ ਛਿੱਲ, ਦੇਵਦਾਰ ਤੇ ਅਮਲਤਾਸ ਦਾ ਗੁੱਦਾ, ਸਮਾਨ ਮਾਤ੍ਰਾ ਲੈ ਕੇ ਕਾੜ੍ਹਾ ਕਰਕੇ ਸੁੰਢ ਬਰੂਰਕੇ ਪੀਵ ਤਾਂ ਕਮਰ ਪੀੜ, ਵੱਖੀ ਦਾ ਸੂਲ, ਪਿੱਠ ਪੀੜ, ਟੰਗਾਂ ਦੀ ਦਰਦ, ਅਕੜਵਾਇ ਇੱਕ ਮਹੀਨੇ ਵਿੱਚ ਤਮਾਮ ਨਾਸ ਕਰੇ। ਖੱਟਾ ਖਾਰਾ ਸਭ ਪ੍ਰਹੇਜ਼ ਰਖੇ ॥ ੮੫ ॥ ੮੬ ॥

ਚੌਰਾਸੀ ਬਾਤ ਕੋ ਗੋਲੀ–ਦ੍ਵੈਯਾਛੰਦ

ਰਹਸਨ ਅਸਗੰਧ ਮੇਲੁ ਬਿਧਾਰਾ, ਬਰਚ ਬੜਿੰਗ ਭਰਿੰਗੀ

---

*ਬਾਬਾ–ਬਿਲ ਹੈ, ਦੇਖੋ ਸਾਰੰਗਧਰ।

Digitized by Panjab Digital Library | www.panjabdigilib.org

ਕੰਟਾਰੀ ਕੇ ਬੀਜ ਸੰਭਾਲੂ, ਸੋਏ ਕਕਰਾ ਸ੍ਰਿੰਗੀ।
ਚਿਤ੍ਰਕ ਤ੍ਰਿਵੀ ਕਲੌਂਜੀ ਮੇਦਾ, ਪੀਪਰ ਮੂਲ ਸੁ ਭਾਰੇ।
ਕੂਠ ਕਾਇਫਲ ਸੁੰਠ ਸਤਾਵਰ, ਮਘੈ ਪੀਪਰੈ ਧਾਰੋ॥ ੮੭॥
ਅਕਰਕਰਾ ਅਜਵਾਨ ਤੇਜੁਬਲ, ਕੌਚਬੀਚ ਗਿਰ ਆਨੈ।
ਮਾਲਕੰਗੁਨੀ ਦਿਬ ਤੰਬੇਸੂਰ, ਸਭ ਹੀ ਏਕ ਸਮਾਨੈ।
ਪੀਸ ਛਾਨ ਗੁੜ ਤੀਨ ਬਰਸ ਕਾ, ਦੂਗਨਾ ਪਾਈ ਕੂਟੇ।
ਟੰਕ ਟੰਕ ਕਾ ਗੁਟਕਾ ਕੀਜੈ, ਧੂਪੈ ਤਾਂਕੋ ਸੂਟੇ॥ ੮੮॥
ਪ੍ਰਾਤ ਏਕ ਰਾਤ ਕੋ ਦੂਜੀ, ਰੂਖੀ ਚਵ ਚਵ ਖਾਵੈ।
ਮਸਤਕੁ ਸੀਸ ਖੋਪਰੀ ਪੀਰਾ, ਕਾਨ ਸੂਰ ਮਿਟ ਜਾਵੈ।
ਹਡ ਵਹਿਨੀ ਅੰਗੁਰੀ ਧਨੁਖੀ, ਪਨਖੀ ਕਨਖੀ ਭਾਗੈ।
ਚਹੂੰ ਚਿਵਕ ਮੈ ਪੀਨਸਿ ਘੂਟਾ, ਸਰਬ ਸੂਕਨੈ ਲਾਗੈ॥ ੮੯॥
ਬੀਨੀ ਅਰੁ ਕਖਬਾ ਗਲ ਪਸੁਰੀ, ਫੀਫਰ ਤਿਲੀ ਕਲੇਜਾ।
ਆਠੋ ਸੂਰ ਪੇਡੂ ਕਾ ਧੂਖਨ, ਧੁੰਨੀ ਪੀਰਾ ਲੇਜਾ।
ਗ੍ਰਿਧਸਿ ਗੀਂਘਨ ਦੁਖੈ ਢੂੰਢਰੀ, ਕਟਿ ਗ੍ਰਾਹੀ ਕੁਚ ਜਾਨੂ।
ਆਠੋ ਅੰਗ ਪ੍ਰਿਸਟ ਕੀ ਪੀਰਾ, ਮਜ ਦੂਖ ਮਸਕਾਨੂ॥ ੯੦॥
ਦਿਲਕੀ ਜਾਫੀ ਖਟੁ ਚਿਤ ਭਰਮਾ, ਗੁਦਾ ਬਾਤ ਨਾਲ ਧਰਨੀ।
ਪਰਤੂਨੀ ਝਰ ਨਾਟਕ ਬਾਟਕ, ਅਸੀ ਬਾਇ ਬਿਧ ਬਰਨੀ।
ਪ੍ਰਾਨਾਬਾਤ ਅਪਾਨ, ਬਜਨਾਕ ਸਮਾਨਾ ਉਦਾਨਾ।
ਕਰ ਪਦ ਆਦ ਅੰਗੁਸਟਾ, ਸਥਲੀ ਚਪਨਕ ਚੂਕਨਿ ਗਾਨ॥੯੧॥
ਗਿੱਟਾ ਗਿਰਿ ਸੁਕਰਾਗਨ ਦੂਖੈ ਨਖ ਸਿਖ ਛੂਟਤ ਮਿਤਾ।
ਗੋਰਖ ਨਾਥ ਪੈ ਭਨਯਾ ਭਰਥਰੀ ਮਹਾਂਦੇਵ ਨੈ ਕਿੱਤਾ।
ਹਜਰਤ ਸਿਲੇਮਾਨ ਤਿਬ ਮਾਹੇ, ਕਹਿ ਲੁਕਮਾਨ ਸੁਨਾਯਾ।
ਧਨੰਤ੍ਰ ਸੁਖਸੈਨ ਕੇ ਆਗੈ, ਇਸਕਾ ਗੁਨ ਹੈ ਗਾਯਾ॥ ੯੨॥

੯੧੨–ਰਾਸਨਾ, ਅਸਗੰਧ, ਬਿਧਾਰਾ, ਵਚ ਬਾਇਬੜਿੰਗ, ਭੜਿੰਗੀ, ਕੰਡਯਾਰੀ, ਸੰਭਾਲੂ ਦੇ ਬੀਜ, ਸੋਏ ਕਕੜਸਿੰਘੀ, ਚਿਤਰਾ, ਤ੍ਰਿਵੀ, ਕਲੌਂਜੀ, ਮੇਦਾ, ਪਿਪਲਾ ਮੂਲ, ਮਿੱਠੀ ਕੁੱਠ, ਕਾਇਫਲ,

Digitized by Panjab Digital Library | www.panjabdigilib.org

ਸੁੰਢ, ਸਤਾਵਰ, ਮਘ, ਮਿਰਚ, ਅਕਰਕਰਾ, ਅਜਵੈਣ, ਤੇਜ ਬਲ, ਗਿਰੀ ਕੌਂਚਬੀਜ, ਮਾਲਕੰਗੁਣੀ• †ਲੌਂਗ ਤੇ ਤਾਂਬਾ ਮ੍ਰਿਤ, ਇਹ ਸਭੋ ਇਕ ਸਮਾਨ ਲਵੇ, ਕੁਟ ਪੀਹ ਕੇ ਛਾਣਕੇ ਚੂਰਣ ਕਰਕੇ ਸਭ ਨਾਲੋਂ ਦੂਣਾ ਤਿੰਨ ਸਾਲ ਦਾ ਪੁਰਾਣਾ ਗੁੜ ਪਾਕੇ ਫਿਰ ਕੁੱਟੇ, ਪਿਛੋਂ ੪-੪ ਮਾਸੇ ਦੀਆਂ ਗੋਲੀਆਂ ਬੰਨ੍ਹ ਕੇ ਧੁੱਪੇ ਸੁਕਾ ਕੇ ਰੱਖੇ। ਇਸ ਵਿਚੋਂ ਇਕ ਗੋਲੀ ਪ੍ਰਾਤਾ ੧ ਗੋਲੀ ਸ਼ਾਮ ਨੂੰ ਚੱਬ ਚੱਬ ਕੇ ਸਵਾਦ ਨਾਲ ਸੁੱਕੀ ਖੁਆਵੇ। ਇਸ ਦਾ ਗੁਣ ਇਹ ਹੈ ਕਿ ਮੱਥੇ, ਸਿਰ ਦੀ ਪੀੜ, ਖੋਪਰੀ ਦੀ ਪੀੜ, ਕੰਨ ਪੀੜ, ਹੱਡ ਫੁਟਣੀ, ਅੰਗੁਲੀ ਪੀੜ, ਧਨਖਬਾਤ ਅਰਥਾਤ ਜਿਸ ਪੀੜ ਨਾਲ ਧਨਖ ਵਾਂਗ ਨਿਵ ਜਾਵੇ, ਪਨਖਬਾਤ ਅਰਥਾਤ ਪ੍ਰਤਯਸਟੀਲਾ (ਪੇਟ ਦੀ ਗੰਢ ਨਾਲ ਪੀੜ) ਕਨਖਬਾਤ (ਕਰਣਨਾਦ ਅਰ ਕ੍ਰੋਸਟੂ ਸੀਰਖਬਾਤਾਦਿ) ਚਾਰੇ ਬੰਦਾਂ ਦੀ ਪੀੜ, ਠੋਢੀ ਪੀੜ, ਨਜ਼ਲਾ, ਸਰੀਰ ਘੁੱਟਿਆ ਜਾਣਾ, ਸਰੀਰ ਸੁਕਦਾ ਜਾਣਾ, ਬੀਣੀ ਦੀ ਬੀੜ, ਕੁੱਖਾਂ (ਚੂਲਿਆਂ ਦੀ ਪੀੜ) ਗਲ ਪੀੜ, ਅੱਠ ਪ੍ਰਕਾਰ ਦੇ ਸੂਲ, ਪੇਡੂ ਦੀ ਧੁਖਧੁਖੀ, ਧੁੰਨੀ ਦੀ ਪੀੜ, ਗ੍ਰਿਧਸੀਬਾਤ [ਇਸ ਪੀੜ ਨਾਲ ਚੂਲੇ ਦੀ ਸੰਧੀ, ਕਮਰ, ਪਿੱਠ, ਉਰੂ, ਗੋਡੇ, ਜੰਘਾਂ, ਪੈਰ, ਸਭੋ ਜਕੜੇ ਜਾਂਦੇ ਹਨ) ਰੀਂਘਣ (ਇਹ ਪੀੜ ਚੁਤੜ ਤੋਂ ਉਠਕੇ ਪੈਰ ਦੀ ਚੀਚੀ ਤਕ ਜਾਂਦੀ ਹੈ) ਢੁੰਢਰੀ ਨਿਕਲਨੀ, ਕਮਰ ਆਕੜ ਜਾਣੀ, ਮੰਮਿਆਂ ਦੀ ਪੀੜ (ਜਾਤੁਲ ਸਦਰ ਜਾਤੁਲ ਜੰਮ, ਜਾਤੁਲ ਕਬਦ) ਗੋਡਿਆਂ ਦੀ ਪੀੜ, ਅੱਠੇ ਅੰਗਾਂ ਦੀ ਪੀੜ (ਸਿਰ ਸਮੇਤ ਗ੍ਰਿਧਸੀ ਬਾਤ ਵਾਲੇ) ਪਿੱਠ ਪੀੜ, ਮੱਜਾ ਦਾ ਦੁਖਣਾ, ਸਨਾਯੂ ਪੀੜਾ, ਜੁਹਫ ਜਿਗਰ (ਪਾਂਡੂ) ਦਿਲ ਦਾ ਰੁਕਣਾ, ੬ ਪ੍ਰਕਾਰ ਦਾ ਚਿਤ ਭ੍ਰਮ, ਗੁਦਾ ਦੀ ਬਾਤ (ਪਵਨ ਨਾ ਸਰਨੀ ਯਾ ਅਧਿਕ ਸਰਨੀ) ਨਲਾਂ ਦੀ ਪੀੜਾ (ਧਰਨ ਦਾ ਟਿਕਾਣੇ ਨਾ ਰਹਿਣਾ ਅਤੇ ਪੀੜ ਹੋਣੀ) ਪ੍ਰਤਯੂਨੀ ਪੀੜ (ਗੁਰਦੇ ਦੀ ਦਰਦ) ਝਨਝਨਾਹਟ ਅਤੇ ਵੱਟਣੇ ਇਤਯਾਦਿਕ ਅੱਸੀ ਪ੍ਰਕਾਰ ਦੀ ਵਾਯੂ ਜੋ ਬਰਨਨ ਕੀਤੀ ਹੈ, ਹੋਰ ਪ੍ਰਾਣ, ਅਪਾਨ, ਸਮਾਨ, ਬਿਆਨ ਅਰ ਉਦਯਾਨ ਇਹ ਪੰਜੇ ਪੌਣਾਂ, ਹੱਥਾਂ, ਪੈਰਾਂ, ਆਂਦ੍ਰਾਂ, ਅੰਗੂਠਿਆਂ (ਪੱਟਾਂ), ਪੈਰਾਂ ਦਿਆਂ ਗਿਟਿਆਂ, ਗੋਡਿਆਂ ਦੀਆਂ ਚਪਣੀਆ, ਚੁਕ ਨਿਕਲਨੀ, ਗੁਟ, ਗਰਦਨ, ਸੁਕੜੰਜਾਂ ਦਾ ਦੁਖਣਾ, ਨੌਹਾਂ ਤੇ ਸਿਰ ਤਕ ਕੁਛ ਭੀ ਛੁਟ ਨਹੀਂ ਸਕਦਾ, ਇਤਯਾਦੀ ਪੀੜ ਸੰਬੰਧੀ ਇਨ੍ਹਾਂ ਸਭਨਾਂ ਰੋਗਾਂ ਵਾਸਤੇ ਇਹ ਗੋਲੀ ਬਹੁਤ ਹੀ ਗੁਣਕਾਰ ਹੈ, ਇਸਦਾ ਗੁਣ ਗੋਰਖਨਾਥ ਨੇ ਆਪਣੇ ਚੇਲੇ ਭਰਥਰੀ ਨਾਥ ਨੂੰ (ਗੁਪਤ) ਕਿਹਾ, ਸ਼ਿਵਜੀ ਨੇ ਆਪ ਪਰੀਖਯਾ ਕੀਤੀ, ਹਜ਼ਰਤ ਸੁਲੇਮਾਨ ਨੇ ਲੁਕਮਾਨ ਨੂੰ ਗੁਪਤ ਕਰਕੇ ਦੱਸਿਆ ਤੇ ਧਨੰਤਰ ਨੇ ਸੁਖਸੈਣ ਨੂੰ ਇਸਦਾ ਪ੍ਰਭਾਵ ਸਮਝਾਯਾ (ਹੋਰ ਜਣੇ ਖਣੇ ਨੂੰ ਇਹ ਨਹੀਂ ਦੱਸੀ) ॥ ੮੭ ਤੋਂ ੯੨॥

ਮੁਖਬਯੰਗ ਉਪਾਇ (ਵੈਦਜੀਵਨਾਤ)–ਸ਼ੰਕਰ ਛੰਦ

ਨਯੇ ਗੁੰਧ ਅੰਕੁਰ ਕੁਠ ਲੋਧਰ, ਮਸਰ ਦਾਲ ਨਿਛੀਲ।
ਮਜੀਠ ਹਰਦੀ ਰਕਤ ਚੰਦਨ, ਦੂਧ ਗਵ ਕਾ ਮੀਲ।
ਲੇਪ ਕੀਜਤ ਬਦਨ ਬਯੰਗੇ, ਮਲੋ ਘਟਨੇ ਜੇਮ।
ਮਿਟਤ ਬਯੰਗ ਜਯੋਂ ਪੌਨ ਤੇ, ਮਿਟ ਸਕਲ ਬਾਦਰ ਤੇਮ॥੯੩॥

੯੧੩–ਬੋਹੜ ਦੀਆਂ ਕੂਮਲਾਂ, ਕੁੱਠ, ਲੋਧ, ਛਿੱਲੀ ਹੋਈ ਮਸਰਾਂ ਦੀ ਦਾਲ, ਮਜੀਠ, ਹਲਦੀ• ਲਾਲਚੰਦਨ ਤੇ ਗੋਕਾ ਦੁਧ ਘੋਟ ਕੇ ਮੂੰਹ ਪਰ ਲੇਪ ਕਰੇ ਅਰ ਫਿਰ ਵਟਣੇ ਦੀ ਤਰ੍ਹਾਂ ਮਲਕੇ ਬਟੀਆ ਲਾਹੇ, ਇਸ ਤਰ੍ਹਾਂ ਮੁਖਵਯੰਗ ਰੋਗ ਮਾਸ ਹੋਵੇ ॥੯੩॥

---

†ਦਿੱਵਯ–ਨਾਮ ਲੌਂਗਾਂ ਦਾ ਹੈ, ਦੇਖੋ ਚਕਿਤਸਾ ਕੋਸ਼।

Digitized by Panjab Digital Library | www.panjabdigilib.org

ਮਾਖ ਬਟਕ ਪਕਾਇ ਖਾਵੈ, ਤਲੀ ਮੀਠੇ ਤੇਲ।
ਲਾਲ ਮਰਚਾਂ ਸਰਬ ਸਾਕਾ, ਤਾਹਿ ਮਾਹਿ ਸੁ ਠੇਲ।
ਆਤਸੀ ਲੈ ਮੁਕਰ ਦੇਖੈ, ਰਾਖ ਤਾਕਾ ਧਯਾਨ।
ਬਦਨ ਚਾਬੇ ਲੌਂਗੁ ਜੈਫਲ, ਬਯੰਗ ਕਾ ਦੁਖ ਹਾਨ ॥੯੪॥

੯੧੪–ਮਹਾਂ ਦੇ ਵੜੇ ਪਕਾਕੇ ਮਿੱਠੇ ਤੇਲ ਵਿਚ ਤਲੇ, ਉਸ ਵਿਚ ਲਾਲ ਮਿਰਚਾਂ*ਅਦ੍ਰਿਕ ਜ਼ਰੂਰ ਪਾਏ ਤੇ ਖਾਏ, ਮੁਖ ਵਿੰਗਾ (ਲਕਵਾ) ਨਾ ਰਹੇ।

੯੧੫–ਆਤਸ਼ੀ ਸ਼ੀਸ਼ਾ ਲੈ ਕੇ ਉਸ ਵਲ ਧਯਾਨ ਲਾ ਕੇ ਦਖਦਾ ਰਹ ਤਾਂ ਭੀ ਲਕਵਾ ਜਾਵੇ।

੯੧੬–ਹੋਰ ਮੂੰਹ ਵਿਚ ਲੌਂਗ ਯਾ ਜ਼ਾਯਫਲ ਚਬਾਂਦਾ ਰਹੇ ਤਾਂ ਭੀ ਮੂੰਹ ਦਾ ਟੇਢਾਪਨ ਨਸ਼ਟ ਹੋਵੇ ॥੯੪॥

ਦੋਹਰਾ

ਜਾਤੀ ਪਤ੍ਰ ਜਾਇਫਲ, ਲੇਪ ਕਰੇ ਲੈ ਨੀਰ।
ਮੁਖ ਬਯੰਗ ਔ ਬਾਤ ਕੌ, ਦੂਰ ਕਰਤ ਭਨ ਬੀਰ ॥੯੫॥

੯੧੭–ਚੰਬਲੀ ਦੇ ਪੱਤ੍ਰ, ਜਾਫਲ ਇਹ ਦੋਨੋਂ ਜਲ ਨਾਲ ਮੂੰਹ ਪਰ ਲੇਪ ਕਰੇ ਤਾਂ ਮੂੰਹ ਦਾ ਟੇਢਾਪਨ ਅਰ ਵਾਜੂ ਨਾਸ਼ ਕਰੇ। ੯੫॥

ਚੌਪਈ

ਸੇਂਧਾ ਤਿਲ ਜੀਰਾ ਲੈ ਪੀਸ। ਦੂਧ ਸੰਗ ਲੈ ਲੇਪ ਕਰੀਸ।
ਮੁਖ ਕੀ ਪੀਰਾ ਜਾਇ ਸੁ ਬਯੰਗ। ਬਦਨ ਤਨਾ ਹੋਵਤ ਸੁਭ ਰੰਗ।੯੬।

੯੧੮–ਸੇਂਧਾ ਨਿਮਕ, ਤਿਲ ਤੇ ਜੀਰਾ, ਪੀਹਕੇ ਦੁੱਧ ਨਾਲ ਲੇਪ ਕੀਤਾ ਭੀ ਮੂੰਹ ਦੀ ਟੇਢਤਾਈ ਦੂਰ ਕਰਦਾ, ਅਰ ਚਿਹਰੇ ਦਾ ਰੰਗ ਭੀ ਚਮਕਦਾਰ ਕਰਦਾ ਹੈ ॥੯੬॥

ਬਦ੍ਰੀ ਫਲ ਕੀ ਮਜਾ ਲਿਯਾਇ। ਮਧੁ ਸੌਂ ਬਾ ਗੁੜ ਲੇਪ ਲਗਾਇ।
ਵਾ ਲੇਪੋ ਨਵਨੀਤਹਿ ਸੰਗ। ਜਾਵਤ ਛਿਨ ਮਹਿਮੁਖ ਕਾ ਬਯੰਗ।੯੭।

੯੧੯–ਕੱਚੇ ਬੇਰ ਦੀ ਗਿਟਕ, ਸ਼ੈਹਤ ਯਾ ਗੁੜ ਨਾਲ ਅਥਵਾ ਮੱਖਣ ਨਾਲ ਲੇਪ ਕਰੇ ਤਾਂ ਮੂੰਹ ਦੀ ਵਿੰਗਤਾ ਨਸ਼ਟ ਹੋਵੇ ॥੯੭॥

ਲੇਪ (ਰਤਨਸਾਰ ਸੰਗ੍ਰਹਾਤ)

ਕਾਲੇ ਤਿਲ ਕਾਲਾ ਲੈ ਜਰਨਾ। ਸਸੇ ਰੁਧਿਰ ਸੋ ਲੇਪ ਜੁ ਕਰਨਾ।
ਮੁਖ ਕਾ ਬਯੰਗ ਮਿਟਤ ਤਤਕਾਰ। ਰਤਨਸ ਰ ਗ੍ਰੰਥਹਿ ਤੇ ਧਾਰ ॥੯੮॥

੯੨੦–ਕਾਲੇ ਤਿਲ ਤੇ ਕਾਲਾ ਜੀਰਾ ਸਹੇ ਦੇ ਲਹੂ ਨਾਲ ਮੂੰਹ ਤੇ ਲੇਪ ਕਰ ਤਾਂ ਮੂੰਹ ਦਾ ਟੇਨਾਪਨ ਸ਼ੀਘਰ ਨਾਸ ਕਰੇ ॥੯੮॥

---

*ਸਰਬ ਸਾਕਾ–ਅਦ੍ਰਕ ਹੈ।

Digitized by Panjab Digital Library | www.panjabdigilib.org

ਸਰਬ ਬਾਤੇ ਵਡਵਾਨਲ ਰਸ-ਸ਼ੰਕਰ ਛੰਦ

ਸੂਤ ਹਾਟਕ ਬਜ੍ਰ ਅਰਕਾ, ਕ੍ਰਾਂਤ ਮਾਖਿਕ ਤਾਲ।
ਤੁਥਯ ਆਵਧੁ ਫੇਨ ਲੀਜੈ, ਨੀਲ ਅੰਜਨ ਡਾਲ।
ਲਵਨ ਪਾਂਚੋ ਖਰਲ ਇਕ ਦਿਨ ਬੱਜਰੀ ਪਯ ਡਾਰ।
ਡਾਰ ਸੰਪੁਟ ਅਗਨਿ ਦੀਜੈ, ਗਜਪੁਟਾ ਸੁਬਕਾਰ ॥ ੯੯ ॥
ਮਾਖ ਅਦਰਕ ਰਸਹਿ ਸੰਗੈ, ਗੁੰਥ ਕੈ ਵਾ ਕ੍ਵਾਥ।
ਖਾਇ ਰੋਗੀ ਧਨੁਖ ਮਾਰੁਤ. ਦੰਡ ਬਾਤ ਸੁ ਹਾਥ।
ਬਾਤ ਸ੍ਰਿੰਖਲ ਕੰਪ ਬਾਤੈ ਮਿਟੈ ਸਗਲੀ ਪੀਰ।
ਬੜਵਾਨਲਾ ਰਸੁ ਬਖਾਨਯੋ, ਸਰਬ ਬਾਤ ਵਹੀਰ ॥੧੦੦॥

੯੨੧-ਸੁਧਪਾਰਾ, ਮ੍ਰਿਤਸੋਨਾ, ਮ੍ਰਿਤਹੀਰਾ, ਮ੍ਰਿਤਤਾਂਬਾ, ਮ੍ਰਿਤ ਫੌਲਾਦ, ਮ੍ਰਿਤ ਸੋਨਮੱਖੀ, ਮ੍ਰਿਤ ਹੜਤਾਲ ਵਰਕੀਆ, ਮ੍ਰਿਤ *ਤੁਖ ਕਹੀਏ ਖਪਰੀਆ ਭਾਵ ਸਗਬਸਰੀ, ਸਮੁੰਦਰ ਝਗ, ਸੁੱਧ ਨੀਲਾਂਜਨ ਕਹੀਏ ਨੀਲਾ ਥੋਥਾ ਤੇ ‡ਪੰਜੇ ਲੂਣ ਇਹ ਸਭ ਇਕ ਸਮਾਨ ਲੈਕੇ ਫਿਰ ਇਕ ਦਿਨ ਥੋਹਰ ਦੇ ਦੁੱਧ ਵਿਚ ਖਰਲ ਕਰੇ, ਫਿਰ ਸੰਪੁਟ ਕਰੇ ਅਰ ਗਜਪੁੱਠ ਦੀ ਅਗਨ ਦੇਵੇ। ਪਿਛੋਂ ਕੱਢਕੇ ਰੱਖ ਅਰ ਮਹਾਂ ਦੀ ਦਾਲ ਦ ਅਲੂਣੀ ਪਾਣੀ ਨਾਲ ਯਾ ਅਦਰਕ ਦੇ ਰਸ ਨਾਲ, ਅਥਵਾ ਪਿਪਲਾਮੂਲ ਦੇ ਕਾੜ੍ਹੇ ਨਾਲ ਖੁਲਾਵੇ, ਰੋਗ ਦੀ ਧਨਖਬਾਤ, ਦੰਡਬਾਤ, ਹੱਥਾਂ ਪੈਰਾਂ ਦੀ ਵਾਜੂ, ਸ੍ਰਿੰਮਲ ਬਾਤ ਤੇ ਕੰਪ ਬਾਤ ਇਨ੍ਹਾਂ ਸਭਨਾਂ ਨੂੰ ਇਹ ਵਡਵਾਨਲ ਰਸ ਨਾਸ ਕਰੇ। ਬਾਤ ਸਬੰਧੀ ਲੱਛਣ ਨਿਧਾਨ ਵਿਚੋਂ ਦੇਖੋ ॥੯੯॥੧੦੦॥

ਸਰਬ ਬਾਤ ਸ੍ਵਛੰਦ ਭੈਰਵਰਸ (ਰਸਰਤਨਾਕਰਾਤ)

ਸ਼ੰਕਰਛੰਦ

ਸੁੱਧ ਪਾਰਾ ਮ੍ਰਿਤੁ ਲੋਹਾ, ਤਾਪਯ ਗੰਧਕ ਤਾਲ।
ਹਰੜ ਅਰੁਨੀ ਨਿਰਗੁੰਡੀ, ਬਿਖੁ ਟੰਕਣੰ ਲੈ ਘਾਲ।
ਸੁੰਠਿ ਮਰਚਾਂ ਪੀਪਰੀ, ਸਮ ਬਸਨ ਛਾਨੀ ਪਾਇ।
ਸਭਨਿ ਕਾ ਲੈ ਖਰਲ ਕਰੀਏ, ਰਸ ਸੰਭਾਲੂ ਲਯਾਇ ॥੧੦੧॥
ਪਾਇ ਰਸ ਵਾ ਆਨ ਮੁੰਡੀ, ਬਟੀ ਗੁੰਜ ਦੁਕਾਰ।
ਸਰਬ ਬਾਤੈ ਨਾਸ ਕਰਤੀ, ਮੇਘ ਨੇ ਕਹਿ ਸਾਰ।
ਧਨੁਖ ਪੱਛਾ ਘਾਤ ਅਧ ਅੰਗੁ, ਕੰਪਝੋਲਾ ਜਾਇ।

---

*ਇਨ੍ਹਾਂ ਦੋਹਾਂ ਪਦਾਂ ਵਿਚ ਜੇ ਕਦੇ ਭ੍ਰਮ ਹੈ ਤਾਂ ਭਾਵ ਪ੍ਰਕਾਸ਼ ਤੇ ਆਇਨਾ ਅਦਵੀਆਤ ਮੁਲਾਹਜ਼ਾ ਕਰੋ।

‡ਪੰਜੇ ਲੂਣ ਨੰ: ੩੯ ਇਸੇ ਧਯਾਯ ਵਿਚ ਪਿੱਛੇ ਦੇਖੋ।

Digitized by Panjab Digital Library | www.panjabdigilib.org

ਸਕਲ ਬਾਤ ਮਿਟਾਵਨਾ, ਸ੍ਵਛੰਦ ਭੈਰਵ ਬਾਇ ॥੧੦੨॥

੯੨੨–ਸੁੱਧ ਪਾਰਾ, ਮਾਰਿਆ ਲੋਹਾ, ਸੋਨਾ ਮੱਖੀ, ਗੰਧਕ, ਹੜਤਾਲ, ਹਰੜ, ()ਅਰਣੀ, ਬ੍ਰਿਖ, ਸੰਭਾਲੂ, ਮਿੱਠਾ ਤੇਲੀਆ, ਸੋਹਾਗਾ, ਸੁੰਢ, ਮਿਰਚ ਤੇ ਮਘ ਸੱਭੋ ਇਕ ਸਮਾਨ ਲੈਕੇ ਕਪੜ ਛਾਣ ਕਰਕੇ ਮਿਲਾ ਲਵੇ, ਫਿਰ ਸਭਨਾਂ ਦਾ ਖਰਲ ਸੰਭਾਲੂ ਦਾ ਰਸ ਪਾਕੇ ਕਰੈ, ਅਥਵਾ ਮੁੰਡੀ ਦਾ ਰਸ ਪਾਕੇ ਘੋਟ, ਫਿਰ ੨ ਰੱਤੀ ਪ੍ਰਮਾਣ ਗੋਲੀ ਕਰੇ ਅਰ ਖਾਵੇ ਤਾਂ ਸਭ ਤਰ੍ਹਾਂ ਦੀ ਬਾਤ ਦਾ ਨਾਸ ਕਰੇ, ਧਨਖਬਾਤ, ਲਕਵਾ, ਅਧਰੰਗ, ਕੰਪਬਾਤ ਤੇ ਝੋਲਾਬਾਤ, ਮੂਲ ਤੋਂ ਇਹ ਨਸ਼ਟ ਹੋਵੇ ॥੧੦੧॥੧੦੨॥

ਗਜਾਂਕੁਸ ਰਸ (ਵੈਦਕੌਤੂਹਲਾਤ)–ਸ਼ੰਕਰਛੰਦ

ਸਾਰ ਗੰਧਕ ਚਪਲ ਊਖਨ, ਗਗਨ ਬਿਖੁ ਹਰਤਾਲ।
ਹਰੜ ਸ੍ਰਿੰਗੀ ਸ੍ਵਰਨਮਾਖੀ, ਰੂਪਮਾਖੀ ਡਾਰ।
ਅਰਨਿ ਰਸ ਮੁੰਡੀ ਸੁ ਕ੍ਵਾਥੈ, ਖਰਲ ਇਕ ਦਿਨ ਜਾਨ।
ਦੋ ਗੁੰਜ ਗੋਲੀ ਖਾਇ ਨਿਤ ਉਠ, ਬਾਤ ਸਗਲੀ ਹਾਨ ॥੧੦੩॥
ਸੰਧਿ ਪੱਖਯਾ ਘਾਤ ਧਨੁਖੈ, ਕੁਬਜ ਪੰਗੂ ਕੰਪ।
ਲਿੰਗ ਕਟ ਹਨੁਸਤੰਭ ਸੋਖਾ ਬਾਤ ਜਾਵੈ ਜੰਪ।
ਸਾਤ ਧਾਤ ਕੀ ਜਾਇ ਮਾਰੁਤ, ਬਾਤ ਅਰਧ ਸੁ ਅੰਗ।
ਕਹਤ ਮੇਘ ਬਖਾਨ ਕੀਨੋ, ਭਲੋ ਜੋਗ ਸੁ ਚੰਗ ॥੧੦੪॥

੯੨੩–ਮ੍ਰਿਤਲੋਹਾ, ਗੰਧਕ, ਪਾਰਾ, †ਮਿਰਚ ਅਭ੍ਰਕ, ਤੇਲੀਆ ਹੜਤਾਲ ਹਰੜ, ਕਕੜਸਿੰਗੀ ਸੋਨਾਮੱਖੀ ਤੇ ਰੂਪਾਮੱਖੀ, ਅਰਣੀ ਬ੍ਰਿਛ ਦੇ ਰਸ ਨਾਲ ਅਥਵਾ ਮੁੰਡੀ ਦੇ ਕ੍ਵਾਥ ਜਲ ਨਾਲ ਦਿਨ ਭਰ ਖਰਲ ਕਰਕੇ ੨ ਰੱਤੀ ਪ੍ਰਮਾਣ ਗੋਲੀ ਕਰੇ। ਦੋਨੋਂ ਵਕਤ ਨਿੱਤ ੧-੧ ਗੋਲੀ ਖਾਵ। ਸਭ ਤਰ੍ਹਾਂ ਦੀ ਵਾਯੂ ਅਰਥਾਤ ਜੋੜਾਂ ਦੀ ਪੀੜ, ਅਧਰੰਗ, ਧਨਖਬਾਤ, ਕੁਬਜਬਾਤ, ਪੰਗੂ ਪਣਾ, ਕੰਪਬਾਤ, ਲਿੰਗ ਦੀ ਪੀੜ, ਕਮਰ ਦਰਦ, ਹਨੂੰਸਤੰਭ (ਜਬਾੜਿਆਂ ਦਾ ਆਕੜਨਾ) ਸੋਖਬਾਤ। ਜਾਣੋ ਕਿ ਸੱਤਾਂ ਧਾਤੂਆਂ ਦੀ ਵਾਯੂ ਤੇ ਅੱਧੇ ਸਰੀਰ ਦੀ ਵਾਜੂ ਸੱਭੋ ਨਾਸ ਕਰੇ ॥੧੦੩॥੧੦੪॥

ਸਰਬ ਬਾਤ ਪਰ ਆਨੰਦ ਭੈਰਵ ਰਸ–ਦੋਹਰਾ

ਸਿੰਗਰਫ ਮਰਚਾਂ ਪੀਪਰਾ, ਬਿਖੁ ਟੰਕਨ ਜੁ ਸਮਾਨ।
ਅਦਰਕ ਰਸ ਬਟਿਕਾ ਕਰੋ, ਗੁੰਜ ਏਕ ਪਰਮਾਨ ॥ ੧੦੫ ॥

()ਅਰਣੀ ਦੇ ਬੜੇ ਬੜੇ ਬ੍ਰਿਛ ਪਹਾੜੀ ਸਥਾਨਾਂ ਪਰ ਅਧਿਕ ਹੁੰਦੇ ਹਨ। ਪੱਤੇ ਗੋਲ ਕੁਛ ਨੋਕ-ਦਾਰ ਬੜੇ ਨਰਮ ਹੁੰਦੇ ਹਨ। ਫੁੱਲ ਸਫੇਦ ਦੇ ਗੁੱਛੇਦਾਰ, ਫਲ ਛੋਟੇ ਕ੍ਰੌਂਦੇ ਸਮਾਨ ਹੁੰਦੇ ਹਨ। ਪਤਿਆਂ ਵਿਚੋਂ ਗੰਧ ਆਉਂਦੀ ਹੈ, ਡਾਲੀਆਂ ਹੇਠ ਨੂੰ ਝੁਕੀਆਂ ਹੁੰਦੀਆਂ ਹਨ ਇਨ੍ਹਾਂ ਡਾਲੀਆਂ ਦੀ ਲਕੜੀ ਅੰਦ੍ਰੋਂ ਪੋਲੀ ਹੁੰਦੀ ਹੈ। ਇਸ ਨੂੰ ਕੋਈ ਅਰਣੀ, ਕੋਈ ਗਨਿਆਰੀ, ਕੋਈ ਅਗੇਥੂ, ਅਤੇ ਕੋਈ ਅੜਖੜ ਨਾਮਾ ਨਾਲ ਬੋਲਦੇ ਹਨ।

†ਮ੍ਰਿਚਾਂ ਦੇ ਥਾਂ ਤ੍ਰਿਕੁਟਾ ਚਾਹੀਏ।

Digitized by Panjab Digital Library | www.panjabdigilib.org

ਆਨੰਦ ਭੈਰਵ ਰਸ ਭਲੋ, ਸੰਨਪਾਤ ਜੁਰ ਜਾਇ।
ਬਾਤ ਰੋਗੁ ਸੀਤਾਂਗ ਕਫ, ਮੋਹੁ ਸੂਰ ਜੁ ਮਿਟਾਇ ॥੧੦੬॥

੯੨੪–ਸਿੰਗ੍ਰਫ, ਮ੍ਰਿਚ, ਮਘ, ਸੁਧ ਮਿੱਠਾ ਤੇਲੀਆ ਤੇ ਸੁਹਾਗਾ, ਸਮਾਨ ਭਾਗ ਲੈਕੇ ਅਦ੍ਰਕ ਦੇ ਰਸ ਨਾਲ ਘੋਟਕੇ ਇਕ ਰਤੀ ਪ੍ਰਮਾਣ ਗੋਲੀ ਕਰੇ, ਇਸ ਨਾਲ ਸੰਨਿਪਾਤ, ਵਾਯੂਜੰਨ ਤਾਪ ਹੋਰ ਬਾਤ ਦੇ ਸਾਰੇ ਰੋਗ, ਸੀਤਾਂਗ, ਕਫ ਤੇ ਸੂਲ ਆਦਿ ਨਸ਼ਟ ਹੁੰਦੇ ਹਨ ॥੧੦੫॥੧੦੬॥

ਗੰਠੀਆ ਬਾਤ ਉਪਾਇ–ਚੌਪਈ

ਸੁੰਠ ਪੀਪਰੀ ਨਿਸਾ ਇਰੰਡ। ਮੁਸੱਬਰ ਅਰ ਤੇਲ ਇਰੰਡ।
ਤਪਤ ਕਰੀ ਗੰਠਾ ਪਰ ਲਾਇ। ਬਾਤ ਗ੍ਰੰਥਕਾਂ ਨਾਸ ਕਰਾਇ ॥੧੦੭॥

੯੨੫–ਸੁੰਢ, ਮਘ, ਹਲਦੀ, ਇਰਿੰਡ, ਏਲੂਆ ਤੇ ਅਰਿੰਡ ਦਾ ਤੇਲ, ਸਭ ਪੀਹਕੇ ਮਿਲਾਕੇ ਗੰਢਾਂ (ਜੋੜਾਂ ਦੀਆਂ) ਪਰ ਲਾਵੇ ਤਾਂ ਗੰਢਾਂ ਦੀ ਵਾਜੂ ਨਾਸ ਕਰੇ ॥੧੦੭॥

ਸੋਰਠਾ

ਬੇਧਾਰਾ ਅਸਗੰਧ, ਸਰਸਾਹੀ ਪੰਚ ਪੰਚ ਗਹੇ।
ਦੂਧ ਸੰਗ ਪਿਵ ਸੰਧਿ, ਬਾਤ ਗ੍ਰੰਥ ਕੈ ਸੋ ਹਰੈ ॥ ੧੦੮ ॥

੯੨੬–ਬਿਧਾਰਾ, ਅਸਗੰਧ, ਪੰਜ ਪੰਜ *ਸਿਰਸਾਹੀਆਂ, ਦੁੱਧ ਨਾਲ ਫੱਕੀ ਲਿਆ ਕਰੇ ਤਾਂ ਸੰਧੀਆਂ ਦੀ ਬਾਤ ਭਾਵ ਗੰਠੀਆ ਨਾਸ ਕਰੇ ॥੧੦੮॥

ਸਰਬ ਬਾਤੇ–ਗੋਲੀ

ਕੁਚਲੇ ਸਿਰਸਾਹੀ ਲੈ ਦੋਇ। ਮਰਚਾਂ ਸਿਰਸਾਹੀ ਇਕ ਫੋਇ।
ਲੌਂਗ ਮੁਸੱਬਰ ਕਣਾਂ ਮਿਲਾਇ। ਕਲਵੰਤੀ ਸੌਰੰਜਾ ਪਾਇ।
ਇਕ ਸ੍ਰਿਸਾਹੀ ਇਕ ਇਕ ਆਨੋ। ਗੁੱਗਲ ਦ੍ਵੈ ਸਿਰਸਾਹੀ ਠਾਨੋ।
ਅਦ੍ਰਕ ਰਸ ਸੌਂ ਗੋਲੀ ਗੁੰਜ। ਸਰਬ ਬਾਤ ਜਾਵਤ ਹ੍ਵੈ ਰੰਜ ॥ ੧੦੯ ॥
ਦੋ ਗੋਲੀ ਖਾਵਤ ਉਠ ਪ੍ਰਾਤ। ਬਾਤ ਚੌਰਾਸੀ ਗੰਠੀਆ ਜਾਤ।
ਸੀਤਤਾਪ ਸੰਨਿਪਾਤ ਮਿਟਾਇ। ਕਿਸਹੂੰ ਦੋ ਕਿਸਹੂੰ ਤ੍ਰਿਕਦਾਇ ॥੧੧੦॥

੯੨੭–ਕੁਚਲੇ ੨ ਸਿਰਸਾਹੀਆਂ, ਮ੍ਰਿਚਾਂ, ਲੌਂਗ, ਏਲੂਆ, ਮਘਾਂ, ਕਲੌਂਜੀ ਤੇ ਸੁਰੰਜਾਂ ਮਿੱਠੀਆਂ ਇਹ ਸੱਭੇ ਇਕ ਇਕ ਸਿਰਸਾਹੀ ਤੇ ਗੁੱਗਲ ੨ ਸਿਰਸਾਹੀਆਂ, ਅਦ੍ਰਕ ਦੇ ਰਸ ਨਾਲ ੧ ਰੱਤੀ ਪ੍ਰਮਾਣ ਗੋਲੀ ਕਰੇ। ਖਾਵੇ ਤਾਂ ਸਭ ਤਰ੍ਹਾਂ ਦੀ ਬਾਤ ਨਾਸ਼ ਕਰੇ, ਅਰ ਜੇ ੨ ਗੋਲੀਆਂ ਪ੍ਰਾਤਾਕਾਲ ਨਿਗਲੇ ਤਾਂ ੮੪ ਪ੍ਰਕਾਰ ਦੀ ਬਾਤ, ਗੰਠੀਆ, ਸੀਤਤਾਪ, ਸੰਨਿਪਾਤ ਇਹ ਸਭ ਦੂਰ ਕਰੇ, ਪਰੰਤੂ ਢੰਗ ਨਾਲ ਕਿਸੇ ਨੂੰ ੧ ਕਿਸੇ ਨੂੰ ੨ ਕਿਸੇ ਨੂੰ ੩ ਗੋਲੀ ਤਕ ਸੋਚਕ ਦੇਵੇ ॥੧੦੯॥੧੧੦॥

ਝੋਲੇ ਕੋ ਤੇਲ–ਦੋਹਰਾ

*ਇਕ ਸਰਸਾਹੀ ੨। ਤੋਲੇ ਦੀ ਹੁੰਦੀ ਹੈ।

Digitized by Panjab Digital Library | www.panjabdigilib.org

ਤੇਲੀ ਮਿੱਠਾ ਪਲੁ ਗਹੋ, ਕਟਾ ਜਾਫਲ ਆਨ।
ਕੁਚਲਾ ਮਾਲ ਜੁ ਕੰਗਨੀ, ਸਤਮੂਲੀ ਸਮ ਠਾਨ ॥ ੧੧੧ ॥
ਕੂਟੀ ਰਸੇ ਧਤੂਰ ਕੈ, ਰਾਤ ਭਿਗੋਈ ਰਾਖ।
ਤੇਲ ਤਿਲਾਂ ਕਾ ਪਲ ਜੁ ਖਟ, ਦੇਹੁ ਕੜਾਹੇ ਦਾਖ ॥੧੧੨॥
ਤਾਂ ਮੈ ਰਸੁ ਸਭ ਔਖਧੀ, ਤੁਰਤੈ ਦੇਹੁ ਪਵਾਇ।
ਫੇਨ ਰਹਤ ਜੌ ਤੇਲੁ ਹੁਇ, ਪੱਕ੍ਾ ਸੀਸੈ ਪਾਇ ॥੧੧੩॥
ਮਲੋ ਅੰਗ ਸਭ ਹੀ ਸਾਦ, ਝੋਲਾ ਗੰਠੀਆ ਭਾਇ।
ਪ੍ਰਸੂਤਕ ਮੁਖ ਬਯੰਗ ਗਦ, ਬਾਤ ਚੌਰਾਸੀ ਜਾਇ ॥ ੧੧੪ ॥

੯੨੮–ਮਿੱਠਾ ਤੇਲੀਆ ੪ ਤੋਲੇ, ਕੌੜ, ਜਾਯਫਲ, ਕੁਚਲੇ, ਮਾਲਕੰਗਣੀ ਤੇ ਸਤਾਵਰ ਇਹ ਭੀ ਸਭ ਤੇਲੀਏ ਸਮਾਨ ਲੈਕੇ ਕੁੱਟੇ ਅਰ ਧਤੂਰੇ ਦੇ ਰਸ ਵਿਚ ਰਾਤ ਭਿਉਂ ਛੱਡੇ, ਦਿਨੇ ੨੪ ਤੋਲੇ ਤਿਲਾਂ ਦਾ ਤੇਲ ਕੜਾਹੀ ਵਿਚ ਪਾਕੇ ਉਸ ਵਿਚ ਭਿੱਜੀਆਂ ਦਵਾਈਆਂ ਪਲਟ ਦੇਵੇ, ਅਰ ਅੱਗ ਬਾਲਕੇ ਕਾੜ੍ਹੇ, ਜਦ ਤੇਲ ਉਤੋਂ ਝੱਗ ਔਣੀ ਹਟ ਜਾਵੇ ਤਾਂ ਸਿੱਧ ਹੋਯਾ ਜਾਣੇ, ਉਤਾਰਕੇ ਸਾਫ ਕਰਕੇ ਸ਼ੀਸ਼ੀ ਵਿਚ ਪਾ ਰਖੇ, ਇਹ ਫਿਰ ਬਾਤ ਵਾਲੇ ਦੇ ਅੰਗਾ ਪਰ ਮਾਲਿਸ਼ ਕਰੇ ਤਾਂ ਝੋਲਾ, ਗੰਠੀਆ, ਪ੍ਰਸੂਤ ਬਾਤ. ਮੂੰਹ ਦਾ ਟੇਢਾਪਨ ਅਰ ਚੌਰਾਸੀ ਪ੍ਰਕਾਰ ਦੀ ਬਾਤ ਸਭ ਦੀ ਨਾਸ ਕਰੇ ॥੧੧੧ ਤੋਂ ੧੧੪॥

ਟੰਗਾਂ ਬਾਹਾਂ ਤਨੋ ਖੀਰ–ਚੌਪਈ

ਪਲ ਅਠਾਰਾਂ ਦੂਧ ਮੰਗਾਇ। ਮਾਖ ਦਾਲ ਧੋਈ ਜੋ ਲਯਾਇ।
ਖਟਪਲ ਤਾਕਾ ਮਾਨ ਕਰਾਇ। ਮੇਲ ਦੂਧ ਮਹਿ ਖੀਰ ਰਿਧਾਇ॥੧੧੫॥
ਸਾਤ ਦਿਵਸ ਕਾ ਮਾਨ ਜੁ ਜਾਨ। ਖਾਵਤ ਬਾਂਹ ਟੰਗ ਦੁਖ ਹਾਨ।
ਔਰ ਬਾਤ ਕਾ ਕਰਤੀ ਨਾਸ। ਏ ਔਖਧ ਸਭਹੀ ਤੇ ਖਾਸ ॥੧੧੬॥

੯੨੯–ਦੁੱਧ ੧੮ ਪਲ (੭੨ ਤੋਲੇ), ਮਹਾਂ ਦੀ ਧੋਤੀ ਹੋਈ ਦਾਲ ੬ ਪਲ (੨੪ ਤੋਲੇ) ਦੁੱਧ ਵਿਚ ਪਾਕੇ ਖੀਰ ਰਿੰਨ੍ਹੋ ਐਸੇ ਪ੍ਰਮਾਣ ੭ ਦਿਨ ਦਾ ਜਾਣੇ, ਖਾਵੇ ਤਾਂ ਟੰਗਾਂ ਬਾਹਾਂ ਦੀ ਪੀੜਾ, ਬਾਤ ਸੰਬੰਧੀ ਹੋਰ ਛੇਦ (ਪੀੜ) ਮੂਲ ਤੋਂ ਨਾਸ ਹੋਵੇ ॥੧੧੫॥੧੧੬॥

ਝੋਲੇ ਕੋ ਗੋਲੀ–ਦੋਹਰਾ

ਪੀਪਲ ਹਰਮਲ ਅਕਰਕਰ, ਅਜਵਾਇਨ ਜੁ ਗਿਲੋਇ।
ਅਸਗੰਧ ਮਾਲ ਜੁ ਕੰਗੁਨੀ, ਹਰਦ ਆਮਲੇ ਦੋਇ ॥੧੧੭॥
ਲੌਂਗ ਕਲੌਂਜੀ ਸਭੋ ਸਮ, ਗੁੜ ਸੋ ਗੋਲੀ ਕੀਜ।
ਟੰਕ ਏਕ ਕੀ ਖਾਈਏ, ਝੋਲਾ ਜਾਵਤ ਖੀਜ ॥੧੧੮॥

Digitized by Panjab Digital Library | www.panjabdigilib.org

ਪੰਗੂ ਕੰਪਨਿ ਬਜੰਗ ਮੁਖ, ਟਾਂਗ ਹਾਥ ਕੀ ਪੀਰ।
ਪਖਯਾਘਾਤ ਅਧਰੰਗ ਦੁਖ,ਸਭ ਜਾਵਤ ਜੁ ਸਮੀਰ।੧੧੯।੧੨੦।

੯੩੦-ਮਘ, ਹਰਮਲ, ਅਕਰਕਰਾ, ਅਜਵਾਇਣ, ਗਿਲੋਯ, ਅਸਗੰਧ, ਮਾਲਕੰਗਣੀ, ਹਲਧੀ, ਆਂਵਲੇ, ਲੌਂਗ ਅਰ ਕਲੌਂਜੀ ਸੱਭੇ ਸਮਾਨ ਭਾਗ ਲਵੇ ਤੇ ਗੁੜ ਨਾਲ ਗੋਲੀ ੪ ਮਾਸੇ ਦੀ ਕਰੇ ਅਰ ਖਾਵੇ ਤਾਂ ਝੋਲਾ ਨਿਸਚੇ ਜਾਵੇ, ਹੋਰ ਪਿੰਗੁਲਾਪਨ, ਕੰਪਬਾਤ, ਮੂੰਹ ਦਾ ਟੇਢਾਪਨ, ਭਾਵ ਲਕਵਾ, ਟੰਗਾਂ, ਹੱਥਾਂ ਦੀ ਪੀੜ, ਪਖਯਾਘਾਤ ਤੇ ਅਧਰੰਗ ਇਤਯਾਦਿ ਸਭ ਦੀ ਨਾਸਕ ਹੈ ॥੧੧੭ ਤੋਂ ੧੨੦॥

ਅਰਦਿਤ ਬਾਤ ਉਪਾਇ-ਚੌਪਈ

ਲਸਨ ਕੂਟਕੈ ਕ੍ਵਾਥ ਕਰਾਇ। ਤਾਂਮਹਿ ਤੇਲੁ ਤਿਲਾਂ ਕੀ ਪਾਇ।
ਭੱਛਨ ਉਠਕੈ ਕਰਤ ਪ੍ਰਭਾਤ। ਮਿਟੀ ਜਾਤ ਅਰਦਿਤ ਹੈ ਬਾਤ॥੧੨੧॥

੯੩੧-ਲਸਨ ਦਾ ਕੁਟਕੇ ਕਾੜ੍ਹਾ ਕਰੇ, ਤਿਸ ਵਿਚ ਤਿਲਾਂ ਦਾ ਤੇਲ ਪਾਵੇ ਅਰ ਫਿਰ ਖਾਵੇ ਤਾਂ ਲਕਵੇ ਦਾ ਨਾਸ਼ ਹੋਵੇ ॥੧੨੧॥

ਪ੍ਰਸੂਤ ਬਾਤ ਉਪਾਇ-ਚਟਣੀ ਸ਼ੰਕਰ ਛੰਦ

ਲੌਂਗ ਸਿਰਸਾਹੀ ਜੁ ਪੀਪਰ, ਏਕ ਪਲ ਲੈ ਪਾਇ।
ਬਡੀ ਏਲਾ ਤ੍ਰਿਕ ਸ੍ਰਿਸਾਹੀ; ਦਾਖ ਪਲ ਜੁਗ ਥਾਇ।
ਲੈ ਨੈਪਾਲੀ ਕਰਖ ਤੀਨੋ, ਸਿਤਾ ਪਲ ਜੁਗ ਮੇਲ।
ਸਹਿਤ ਪਲ ਲੈ ਪੰਚ ਮੇਲੋ, ਕਰੋ ਚਟਣੀ ਏਲ॥੧੨੨॥
ਸਾਤ ਦਿਨ ਲੌ ਚਾਟ ਲੀਜੈ, ਜਾਇ ਬਾਤ ਪ੍ਰਸੂਤ।
ਬਾਤ ਸਗਲੀ ਜਾਇ ਮਿਟ ਹੈ, ਔਖਧੀ ਅਧਭੂਤ।
ਤਾਪ ਜਾਵੈ ਸੀਤ ਬਾਦੀ, ਲਗਤ ਭੂਖ ਅਪਾਰ।
ਕਹਤ ਮੇਘ ਬੀਚਾਰ ਦੇਖੋ, ਰੋਗ ਕਾ ਵੀਕਾਰ॥੧੨੩॥

੯੩੨-ਲੌਂਗ ੨। ਤੋਲੇ, ਮਘ, ਚਾਰ ਤੋਲੇ, ਡੋਡਾਲੈਚੀ ੩ ਸਰਸਾਹੀ, ਮੁਨੱਕਾ ੮ ਤੋਲੇ, ਚਿਰੈਤਾ ਮਿੱਠਾ ੩ ਤੋਲੇ, ਮਿਸ਼ਰੀ ੮ ਤੋਲੇ ਤੇ ਸ਼ਹਿਤ ੨੦ ਤੋਲੇ ਮਿਲਾਕੇ ਚਟਣੀ ਕਰੇ। ਫਿਰ ਚੱਟੇ ਤਾਂ ਸੱਤ ਦਿਨ ਵਿਚ ਹੀ ਪਰਸੂਤ ਵਾਯੂ ਨਾਸ ਕਰੇ। ਹੋਰ ਵੀ ਸਭ ਪ੍ਰਕਾਰ ਦੀ ਬਾਤ ਨਾਸ਼ ਕਰੇ, ਇਹ ਪ੍ਰੀਖਯਕ ਚਟਣੀ ਹੈ, ਸੀਤ ਤਾਪ ਅਤੇ ਬਾਦੀ ਹਟਾਕੇ ਭੁੱਖ ਭੀ ਲੌਂਦੀ ਹੈ ॥੧੨੨॥੧੨੩॥

ਪ੍ਰਸੂਤ ਬਾਤ ਪਰ ਲਾਲ ਘਾਸਾ-ਸ਼ੰਕਰ ਛੰਦ

ਲੌਂਗ ਨਾਗਰ ਦੁਰਦ ਕੇਸਰ, ਜਾਇਫਲੁ ਲੈ ਪਾਇ।
ਦਾਲਚੀਨੀ ਮਰਚ ਮਿੱਠਾ, ਕਣਾ ਅਕਰਕਰਾਇ।
ਚੋਵਚੀਨੀ ਜਾਤ ਪਤ੍ਰੀ, ਗ੍ਰੰਥ ਚਿਤ੍ਰਕ ਲੇਇ।

Digitized by Panjab Digital Library | www.panjabdigilib.org

ਸਭ ਸਮਾਨੰ ਬਜਨ ਪਾਵੈ, ਘਸੇ ਹੋਹੈ ਸੋਇ ॥ ੧੨੪ ॥
ਧਰ ਕੜਾਹੀ ਮਾਹਿ ਘਸੀਏ, ਲੋਹ ਦੰਡੇ ਸਾਥ।
ਪਾਂਚ ਦਿਨ ਘਸ ਪਾਂਚ ਰਤੀ, ਖਾਇ ਪਾਨੋਂ ਆਥ।
ਬਾਤ ਗੋਲਾ ਸੰਨਪਾਤੇ ਔਰ ਘਾਤ ਪ੍ਰਸੂਤ।
ਬਾਤ ਗੰਠੀ ਬਾਦਿ ਸਗਲੀ, ਮਿਟੈ ਭੂਖ ਸਹੂਤ ॥੧੨੫॥

੬੩੩–ਲੌਂਗ, ਸੁੰਢ, ਸਿੰਗ੍ਰਫ, ਕੇਸਰ, ਜਾਫਲ, ਦਾਲਚੀਨੀ, ਮਿਰਟ, ਮਿੱਠਾ ਤੇਲੀਆ ਮਘ, ਅਕਰਕਰਾ, ਚੋਬਚੀਨੀ, ਜਾਵਿਤ੍ਰੀ, ਪਿਪਲਾਮੂਲ ਤੇ ਚਿਤ੍ਰਾ; ਸਭ ਸਮਾਨ ਲੈਕੇ ਕੜਾਹੇ ਵਿਚ ਪਾਕੇ ਲੋਹੇ ਦੇ ਡੰਡੇ ਨਾਲ ਘੋਟੇ, ਇਸਤਰਾਂ ਪੰਜ ਦਿਨ ਤਕ ਰਗੜਕੇ ੫ ਰੱਤੀ ਪ੍ਰਮਾਣ ਪਾਨ ਪੱਤ੍ਰ ਵਿਚ ਰੱਖਕੇ ਖਾਵੇ ਤਾਂ ਪ੍ਰਸੂਤ ਵਾਯੂ, ਵਾਉ ਗੋਲਾ, ਸੰਨਿਪਾਤ, ਗੰਢਾਂ ਦੀ ਬਾਤ, ਭਾਵ ਗੰਠੀਆ ਹੋਰ ਸਭ ਤਰ੍ਹਾਂ ਦੀ ਬਾਤ ਨਾਸ ਹੋਵੇ, ਅਰ ਗਈ ਹੋਈ ਭੁੱਖ ਲਗ ਪਵੇ ॥੧੨੪॥੧੨ ॥

ਪ੍ਰਸੂਤ ਬਾਤ ਕੋ ਚੂਰਣ–ਦੋਹਰਾ

ਤ੍ਰਿਕੁਟਾ ਪੀਪਰਿਮੂਰ ਬਚ, ਚਿਤ੍ਰਕ ਅਰੁ ਸੁਰਦਾਰ।
ਰਜਨੀ ਜੀਰਾ ਲਵਨ ਤ੍ਰਿਯ, ਹਾਪੁਖ ਮੇਲੋ ਖਾਰ ॥੧੨੬॥
ਚੂਰਨ ਕਰਿਕੈ ਖਾਈਏ, ਉਸਨ ਨੀਰ ਕੇ ਸੰਗ।
ਰੋਗੁ ਸੂਤਕਾ ਜਾਤ ਮਿਟ, ਔਰ ਬਾਤ ਮਿਟ ਅੰਗ ॥੧੨੭॥

੬੩੪–ਤ੍ਰਿਕੁਟਾ (ਮਘ, ਮਿਰਚ, ਸੁੰਢ), ਪਿਪਲਾ ਮੂਲ, ਵਚ, ਚਿਤ੍ਰਾ, ਦੇਵਦਾਰ, ਹਲਦੀ, ਜੀਰਾ, ਤਿੰਨੇ ਲੂਣ, (ਸੇਂਧਾ, ਵਿੜ ਤੇ ਸੌਚਲ), ਹਊਬੇਰ (ਉਨਾਬ), ਤੇ ਜੌਂਖਾਰ ਪੀਸ ਚੂਰਣ ਕਰੇ ਅਰ ਤੱਤੇ ਪਾਣੀ ਨਾਲ ਖਾਵੇ ਤਾਂ ਪ੍ਰਸੂਤ ਰੋਗ ਤੇ ਹੋਰ ਬਾਤ ਦੇ ਸਭੇ ਰੋਗ ਨਾਸ ਕਰੇ ॥੧੨੬॥੧੨੭॥

ਕਾੜ੍ਹਾ

ਪੰਚਮੂਰਕਾ ਕ੍ਵਾਥ ਕਰਾਇ। ਤਪਤ ਲੋਹ ਤਾ ਮੈ ਬੁਝਵਾਇ।
ਪੀਵਤ ਰੋਗੁ ਸੂਤ ਕਾ ਮਿਟੈ। ਰਾਮਨਾਮ ਤੇ ਅਘ ਜਿਮ ਕਟੈ ॥੧੨੮॥

੬੩੫–ਪੰਜਮੂਲ ਦਾ ਕਾੜ੍ਹਾ ਕਰਕੇ ਉਸ ਵਿਚ ਤੱਤਾ ਲੋਹਾ ਬੁਝ ਵੇ, ਫਿਰ ਪ੍ਰਸੂਤ ਵਾਲੀ ਪੀਵੇ ਤਾਂ ਜਿਸ ਤਰ੍ਹਾਂ ਰਾਮ ਨਾਮ ਤੇ ਪਾਪ ਨਾਸ ਹੁੰਦੇ ਹਨ, ਇਸਤਰ੍ਹਾਂ ਪ੍ਰਸੂਤ ਬਾਤ ਨਾਸ ਹੋਵੇ ॥੧੨੮॥

ਪ੍ਰਸੂਤ ਬਾਤ ਅਸਾਧ ਲੱਛਨ (ਉਪਦ੍ਰਵ)–ਦੋਹਰਾ

ਸੋਥ ਸੂਰ ਅਤਿਸਾਰ ਜੁਰ, ਬਲ ਖਯ ਤੰਦ੍ਰਾ ਜਾਸ।
ਅਰੁਚਿ ਪ੍ਰਸ੍ਵੇਦ ਅਨਾਹ ਭ੍ਰਮੁ, ਏਹ ਉਪਦ੍ਰਵ ਨਾਸ ॥੧੨੯॥

੬੩੬–ਸੋਜਾ, ਸੂਲ, ਦਸਤ, ਤਾਪ, ਬਲ ਦਾ ਨਾਸ ਤੰਦ੍ਰਾ, ਅਰੁਚੀ, ਪਸੀਨਾ, ਅਫਾਰਾ ਅਰ ਭ੍ਰਮੁ ਏਹ ਉਪੱਦ੍ਰਵ ਹੋਣ ਤਾਂ ਸਰੀਰ ਦਾ ਨਾਸ ਕਰਨੇ ਹਾਰੇ ਹਨ ॥੧੨੯॥

ਲੱਛਣ–ਚੌਪਈ

Digitized by Panjab Digital Library | www.panjabdigilib.org

ਅੰਗ ਮਰਦ ਜੁਰ ਕੰਪ ਪਿਆਸ। ਗੁਰੁ ਗਾਤਰੁ ਅਤਿਸਾਰ ਜੁ ਕਾਸ।
ਸੋਥ ਸੂਰ ਪ੍ਰਸੂਤ ਜੁ ਬਾਇ। ਏ ਲਛਨ ਮੈ ਦੀਏ ਬਤਾਇ ॥੧੩੦॥

ਅੰਗ ਦਲੇ ਮਲੇ ਜਾਣੇ, ਤਾਪ, ਕਾਂਬਾ, ਪਯਾਸ, ਸਰੀਰ ਵਿਚ ਭਾਰਾਪਨ, ਅਤੀਸਾਰ, ਖਾਂਸੀ, ਸੋਜਾ ਤੇ ਸੂਲ ਇਹ ਸਭ ਲੱਛਣ ਹੁੰਦੇ ਹਨ ॥੧੩੦॥

ਪ੍ਰਸੂਤ ਬਾਤ ਯਤਨ—ਚੌਪਈ

ਸੁਧ ਸੂਤ ਪਾਵੇ ਇਕ ਭਾਗ। ਤਾਂਕੇ ਸਮ ਤਾਂਬੇਸੁਰ ਬਾਗ।
ਗੰਧਕ ਜੁਗ ਤ੍ਰਿਕੁਟਾ ਲੈ ਤੀਨ। ਕੁਠ ਸੁਚਿਤ੍ਰਾ ਇਕ ਇਕਲੀਨ॥੧੩੧॥
ਜ੍ਵਾਲਾ ਮੁਖ ਰਸ ਖਰਲ ਕਰਾਇ। ਕੋਕਨ ਸਮ ਤਿਸ ਗੁਟੀ ਬੰਧਾਇ।
ਗੁੜ ਮਧੁ ਵਾ ਘ੍ਰਿਤ ਸੰਗੇ ਖਾਇ। ਰੋਗੁ ਪ੍ਰਸੂਤ ਕਾ ਦੂਰ ਪਰਾਇ॥੧੩੨॥

੯੩੭—ਸੁੱਧ ਪਾਰਾ ੧ ਭਾਗ, ਇਤਨਾ ਹੀ ਮ੍ਰਿਤਤਾਂਬਾ, ਗੰਧਕ ੨ ਭਾਗ, ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਇਹ ਤਿੰਨ ਭਾਗ, ਕੁੱਠ, ਚਿਤ੍ਰਾ ਇਹ ਇਕ ਇਕ ਭਾਗ ਲੈਕੇ †ਕਲਿਹਾਰੀ ਦੇ ਰਸ ਨਾਲ ਘੋਟੇ, ਅਰ ਫਿਰ ਜੰਗਲੀ ਬੇਰ ਪ੍ਰਮਾਣ ਗੋਲੀ ਕਰੇ, ਗੁੜ ਵਿਚ ਯਾ ਸ਼ਹਿਤ ਅਥਵਾ ਘਿਉ ਨਾਲ ਖਾਵੇ ਤਾਂ ਪ੍ਰਸੂਤ ਰੋਗ ਨਿਸਚੇ ਜਾਵੇ ॥੧੩੧॥੧੩੨॥

ਦੋਹਰਾ—ਲੋਹ ਤਪਤ ਕਰਿ ਨੀਰ ਮਹਿ, ਬਾਰੀ ਸਾਤ ਬੁਝਾਇ।
ਸੂਤ ਰੋਗੁ ਸਭ ਬਾਤ ਕੋ, ਉਤਮ ਏਹ ਉਪਾਇ ॥੧੩੩॥

੯੩੯—ਲੋਹਾ ਤਪਾ ਕੇ ਦੋ ਬਾਰ ਜਲ ਵਿਚ ਬੁਝਾਵੇ, ਜਲ ਪਿਲਾਵੇ ਤਾਂ ਭੀ ਪ੍ਰਸੂਤ ਬਾਤ ਨਾਸ਼ ਹੋਵੇ ॥੧੩੩॥

ਕ੍ਵਾਥ—ਸ਼ੰਕਰ ਛੰਦ

ਦਾਰੁ ਬਚ ਕੁਠ ਸੁੰਠ ਪੀਪਰ, ਕਟੁ ਫਲਾ ਘਨ ਮੇਲ।
ਭੂ ਨਿੰਬ ਤਿਕਤ ਹਰੜ ਧਨੀਯਾ, ਗਜ ਕਣਾ ‡ਸੁਭ ਠੇਲ।
ਦੋਊ ਬ੍ਰਿਹਤੀ ਗੋਖਰੂ ਲੈ, ਧੰਨਯਾਸ ਗਿਲੋਇ।
ਕ੍ਰਿਸ਼ਨ ਜੀਰਾ ਅਤਿ ਬਿਖਾ ਸੁਭ, ਕਕਰਸ੍ਰਿੰਗੀ ਧੋਇ ॥੧੩੪॥
ਕ੍ਵਾਥ ਕਰਿ ਬਿਚ ਹਿੰਗੁ ਸੇਂਧਾ, ਪਾਇ ਖਾਵਤ ਨਾਰ।

---

†ਕਲਿਹਾਰੀ ਦਾ ਪਯੂਖ ਨਾਗਰਵੇਲ ਦੇ ਸਮਾਨ ਬੋਹੜ ਦੇ ਅਕਾਰ ਹੁੰਦਾ ਹੈ, ਪੱਤੇ ਅੰਧਾ ਹੋਲੀ ਜੇਹੇ ਫੂਲ, ਲਾਲ ਪੀਲੇ ਰਲੇ ਮਿਲੇ ਰੰਗ ਦੇ ਅਤਯੰਤ ਸੋਭਾਇਮਾਨ ਹੁੰਦੇ ਹਨ, ਇਸ ਦੀ ਲਾਲ ਛਿੱਲ ਦੇ ਅੰਦਰ ਲੈਚੀ ਦੇ ਬੀਜਾਂ ਸਮਾਨ ਬੀਜ ਹੁੰਦੇ ਹਨ। ਇਸ ਦੇ ਹੇਠ ਇਕ ਗੰਢ ਹੁੰਦੀ ਹੈ, ਓਹ ਵਤਸ-ਨਾਭ (ਅੰਦਰੋਂ ਚਿੱਟਾ) ਅਤੇ ਮਿੱਠਾ ਤੇਲੀਆ ਕਿਹਾ ਜਾਂਦਾ ਹੈ, ਏਹੋ ਜਵਾਲਾ ਮੁਖੀ, ਏਹੋ ਲਾਂਗਲੀ ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

ਸੂਤਕਾ ਰੁਜ ਸੂਲ ਕਾਸਾ, ਸ੍ਵਾਸ ਜੁਰ ਸਿਰ ਭਾਰ।
ਮੋਹ ਕੰਪਨ ਮੂਰਛਾ ਤ੍ਰਿਟ, ਦਾਹਿ ਸੰਨ ਸੁ ਪਾਤ।
ਬਾਤ ਪਿਤ ਕਫ ਸੀਸ ਬੇਦਨ, ਸਕਲ ਮਿਟ ਹੈ ਬਾਤ ॥੧੩੫॥
ਦੋਹਰਾ— ਅੰਗ ਸਫੁਰਨਾ ਗੌਰਵੰ, ਬਿਭ੍ਰਮ ਰੋਗੁ ਪ੍ਰਸੂਤ।
ਸਕਲ ਚੌਰਾਸੀ ਬਾਤ ਹਰਿ, ਜਿਮ ਦੈਂਤਨ ਹਰਿ ਸੂਤ ॥੧੩੬॥

੬੩੯-ਦੇਵਦਾਰ, ਵਚ, ਕੁੱਠ, ਸੁੰਢ, ਮਘ, ਕਾਯਫਲ, ਮੋਥਾ, ਚਿਰੈਤਾਂ, ਕੌੜ, ਹਰੜ, ਧਨੀਆਂ ਗਿਲਯ, ਕਾਲਾ ਜੀਰਾ, ਪਤੀਸ, ‡ਪਦਮਾਖ ਤੇ ਕਕੜਸਿੰਗੀ, ਕਾੜ੍ਹਾ ਕਰਕੇ ਵਿਚ ਹਿੰਗ ਪਾਕੇ ਵਾ ਸੇਂਧਾ ਨਿਮਕ ਧੂੜਕੇ ਸੇਵਨ ਕਰੇ ਤਾਂ ਪ੍ਰਸੂਤ, ਬਾਤ, ਸੂਲ, ਖਾਂਸੀ, ਦਮਾਂ, ਤਾਪ, ਸਿਰ ਦਾ ਭਾਰੀਪਨ, ਭ੍ਰਮ; ਕੰਬਣੀ, ਮੂਰਛਾ, ਤ੍ਰੇਹ, ਦਾਹ, ਸੰਨਿਪਾਤ, ਬਾਤ ਪਿੱਤ, ਕਫ, ਅਰ ਸਿਰ ਪੀੜ ਆਦਿ ਤਮਾਮ ਰੋਗ ਨ ਸ ਕਰੇ। ਹੋਰ ਅੰਗ ਫਰਕਣੇ, ਸਰੀਰ ਦਾ ਭਾਰੀ ਪਨ, ਭ੍ਰਮ, ਪ੍ਰਸੂਤ, ਵਾਜੂ ਰੋਗ ਅਤੇ ੮੪ ਪ੍ਰਕਾਰ ਦੀ ਵਾਯੂ ਇਸ ਪ੍ਰਕਾਰ ਨਾਸ ਕਰੇ, ਜਿਸ ਪ੍ਰਕਾਰ ਦੇਂਤਾਂ ਦ ਬਲ ਨੂੰ ਬਿਸ਼ਨੂੰ ਨਾਸ ਕਰਦੇ ਹਨ।੧੩੪।੧੩੫

ਪੰਚ ਜੀਰਕ ਬਟੀ—ਚੌਪਈ

ਜਰਨ ਹਪੁਖ ਧਨੀਆ ਮਿਸਿ ਆਨ। ਬਦਰੀ ਅਖ ਜੁ ਚਿੱਤ੍ਰਕ ਠਾਨ।
ਹਿੰਗੁ ਪਤੀਰਕਨਾ ਜਵਾਨਿ। ਮਦਨ ਬ੍ਰਿਖ ਗ੍ਰੰਥਕ ਸਮਜਾਨ ॥੧੩੭॥
ਅਜਮੋਦਾ ਆਛੀ ਲੈ ਆਇ। ਕਰਖ ਕਰਖ ਸਭ ਵਜਨ ਮੰਗਾਇ।
ਚਿੱਤ੍ਰਕ ਪਾਵੇ ਪਲ ਇਕ ਸਹੀ। ਔਰ ਔਖਧੀ ਚੌਪਲ ਕਹੀ ॥੧੩੮॥
ਨਾਗਰ ਕੁਸਟ ਸੁ ਦੀਪ੍ਰਕੰ ਮੇਲ। ਕਾਛੇਰੂ ਆਵੇ ਸਭ ਠੇਲ।
ਗੁੜ ਪਲ ਸਾਤ ਪਾਈਏ ਏਹ। ਪ੍ਰਸਥ ਏਕ ਘ੍ਰਿਤ ਪਾਵੇ ਤੇਹ ॥੧੩੯॥
ਪ੍ਰਸਥ ਦੋਇ ਪਾਵੇ ਪਯ ਜਾਨ। ਸਭੀ ਮੇਲ ਹੇਠ ਅਗਨਿ ਕਰਾਨ।
ਗੋਲੀ ਕਰਖ ਏਕੁ ਕਰਵਾਇ। ਪ੍ਰਾਤ ਸਾਂਝ ਕੋ ਖਾਵਨ ਦਾਇ ॥੧੪੦॥
ਜਾਇ ਪ੍ਰਸੂਤਕੁ ਬਾਇ ਚੌਰਾਸੀ। ਕਾਸ ਸ੍ਵਾਸ ਜੁਰ ਸੁਰ ਖਯ ਨਾਸੀ।
ਜੋਨੀਦੋਖ ਹਲੀਮਕ ਪੰਡੂ। ਬਾਤ ਸਕਲ ਕੋ ਜਾਨੋ ਦੰਡ ॥੧੪੧॥

੬੪੦-ਜੀਰਾ, ਹਊਬੇਰ, ਧਨੀਆਂ, ਸੌਂਫ, ਕੱਚੇ ਬੇਰ, ਬਹੇੜੇ,ਚਿਤ੍ਰਾ, *ਹਿੰਗਪਤ੍ਰੀ ਮਘ, ਅਜਵੈਣ ਮੇਨਫਲ (ਰਾੜਾ) ਬਾਂਸਾ, ਪਿਪਲਾਮੂਲ ਤੇ ਅਜਮੋਦ ਇਹ ਸਭ ਤੋਲਾ ਤੋਲਾ, ਚਿਤ੍ਰਾ ੪ ਤੋਲੇ, ਸੁੰਢ, ਕੁੱਠ, ਅਜਵਾਇਣ ਤੇ ਕਸੇਰੂ ਇਹ ਸਭ ਚਾਰ ਚਾਰ ਪਲ ਅਰਥਾਤ ਹਰ ਏਕ ੧੬ ਤੋਲੇ ਪੀਸਕੇ ਗੁੜ ੨੮

---

‡ਸੁਭ-ਸੁਭ ਪਦਮਾਖ ਦਾ ਨਾਮ ਹੈ,ਇਸਦੀ ਲਕੜੀ ਲਈ ਜਾਂਦੀ ਹੈ,ਨਾਮਾਵਲੀ ਦੇਖੋ ਭਾਵ ਪ੍ਰਕਾਸ਼।

*ਹਿੰਗ ਪਤ੍ਰੀ-ਯੂਨਾਨੀ ਵਿਚ ਅੰਜਦਾਨ ਨੂੰ ਬੋਲਦੇ ਹਨ ਏਸ਼ੇ ਦਾ ਗੂੰਦ ਹਿੰਗ ਹੈ। ਸੋ ਅੰਜਦਾਨ ਨਾ ਮਿਲੇ ਤਾਂ ਹਿੰਗ ਪਾਵੇ।

Digitized by Panjab Digital Library | www.panjabdigilib.org

ਤੋਲੇ ਘ੍ਰਿਤ ੬੪ ਤੋਲੇ ਦੁੱਧ ੧੨੮ ਤੋਲੇ ਕੜਾਹੀ ਵਿਚ ਪਾਕੇ ਅੱਗ ਪਰ ਧਰੇ, ਗਾੜ੍ਹੀ ਹੋਵੇ ਤਾਂ ੧ ਤੋਲੇ ਦੀ ਗੋਲੀ ਕਰੇ ਦੋਨੋਂ ਵਕਤ ਇਕ ਇਕ ਗੋਲੀ ਖਾਵੇ ਤਾਂ ਪ੍ਰਸੂਤ ਬਾਤ, ਚੌਰਾਸੀ ਬਾਤ, ਖਾਂਸੀ, ਦਮਾਂ ਤਾਪ, ਸੁਰ ਦੀ ਭੰਗਤਾ, ਜੋਨੀ ਦੋਖ, ਹਲੀਮਕ, ਪਾਂਡੂ. ਇਤਜਾਦਿਕ ਸਭ ਬਾਤ ਰੋਗਾਂ ਪਰ ਜਾਦੂ ਸਮਾਨ ਹੈ ॥੧੩੭ ਤੋਂ ੧੪੧॥

ਭੈਰਵਰਸ–ਦੋਹਰਾ

ਪਾਰਾ ਗੰਧਕ ਕੁੱਠ ਲੈ, ਮਰਚ ਕਣਾ ਜੁ ਸਮਾਨ।
ਅਦਰਕ ਰਸ ਗੋਲੀ ਕਰੋ, ਚਨਕ ਏਕ ਸਮ ਜਾਨ ॥੧੪੨॥
ਬਾਤ ਚੌਰਾਸੀ ਸੀਤ ਅੰਗ, ਪੱਖਯਾਘਾਤ ਜੁ ਤਾਪ।
ਭੈਰਵ ਰਸੁ ਏ ਭਾਖਿਓ, ਕਹਜੋ ਧਨੰਤਰ ਆਪ ॥੧੪੩॥

੬੪੧–ਪਾਰਾ, ਗੰਧਕ, ਕੁੱਠ, ਮ੍ਰਿਚ, ਮਘ, ਸਮਾਨ ਭਾਗ ਲੈਕੇ ਅਦ੍ਰਕ ਦੇ ਰਸ ਨਾਲ, ਚਣੇ ਪ੍ਰਮਾਣ ਗੋਲੀ ਕਰੇ, ਤਾਂ ਖਾਣ ਨਾਲ ਚੌਰਾਸੀ ਪ੍ਰਕਾਰ ਦੀ ਬਾਤ, ਸੀਤਾਗ, ਪਖਯਾਘਾਤ, ਤਾਪ, ਇਸ ਰਸ ਦੇ ਪ੍ਰਭਾਵ ਨਸ਼ਟ ਹੁੰਦੇ ਹਨ, ਕਜੋਂਕਿ ਇਹ ਰਸ ਧਨੰਤ੍ਰ ਨੇ ਆਪ ਸ੍ਰੇਸ਼ਟ ਕਿਹਾ ਹੈ ॥੧੪੨॥੧੪੩।

ਬਾਤ ਰੋਗ ਦੇ ਪਥ–ਸ਼ੰਕਰ ਛੰਦ

ਅਭਯੰਗ ਮਰਦਨ ਬਸਤ ਸ੍ਵੇਦਨ, ਸਮਨ ਆਤਪ ਜਾਨ।
ਅਵਗਾਹਨੰ ਬਹੁ ਸੇਕਨੰ, ਸੰਤਰਪਨੰ ਅਸਨਾਨ।
ਬ੍ਰਿਘਨੰ ਭੂ ਸਿੱਜਯਾ, ਅਰੁ ਅਗਨਿ ਸੇਕ ਕਰਾਇ।
ਸਿਰੋਵਸਤ ਜੁ ਨਾਵਨੰ, ਅਰੁ ਮਿਸਟ ਤੇਲੁ ਮਿਲਾਇ ॥੧੪੪॥
ਸਰਪਿ ਤੇਲ ਬਸਾ ਸੁ ਮੱਜਾ; ਲਵਨ ਰਸੁ ਨਵਨੀਤ।
ਦਧਿ ਕੂਚਿਕਾ ਕਿਲਾਟ ਤਿਲ ਲੈ, ਕਨਿਕ ਮਾਖਾ ਮੀਤ।
ਖਸਿਟਕਾ ਖਤ ਕੁਲਥ ਬੈਂਗਨ, ਲਸੁਨ ਦਾਰਮ ਦੋਇ।
ਪਕੁ ਤਾਲੁ ਸਿੱਗ੍ਰੂ ਮੇਵਾ, ਦੂਧਿ ਪਿਸਟੀ ਹੋਇ ॥੧੪੫॥
ਰੁਵਕ ਤੇਲ ਗਵਾ ਜਲੰ, ਤਾਂਬੂਲ ਰੇਚਨ ਏਹ।
ਜੰਬੀਰ ਬਦਰੰ ਫਾਲਸਾ, ਗੋਸਤਨੀ ਮੋਠ ਜੁ ਤੇਹ।
ਸਨਿਗਧ ਭੋਜਨ ਉਸਨ ਲੇਪਣ, ਲੰਘਨੰ ਗੁਨਕਾਰ।
ਪਟੋਲ ਤਾਤਾ ਨੀਰ ਪਦ ਘਟ, ਪਥਯ ਮੇਘ ਸੁ ਧਾਰ ॥੧੪੬॥

੬੪੨–ਬਾਤਨਾਸਕ ਤੇਲ ਮਲਣੇ, ਮਾਲਸ਼ ਅਰਥਾਤ ਘੁਟਣਾਂ, ਗੁਦਾ ਰਸਤੇ ਪਿਚਕਾਰੀ ਕਰਨੀ, ਸਮਾਨ ਕਾਰਕ ਦਵਾਈਆਂ, ਭਾਵ ਜੇੜੀਆਂ ਕੋਠੇ ਨੂੰ ਸੁੱਧ ਕਰਨ ਦੇਵੇ, ਧੁੱਪ ਸੇਕਨਾ, ਅਵਿਗਾਹਨ ਕਹੀਏ ਗੋਤੇ ਮਾਰ ਨਵ੍ਹਾਣਾ, ਪੱਟਲੀਆਂ ਨਾਲ ਸੇਕਨਾ, ਤ੍ਰੇੜਾ ਕਰਨਾ, ਸਨਾਨ ਕਰਾਨਾ। ਬ੍ਰਿਘਨੀ

Digitized by Panjab Digital Library | www.panjabdigilib.org

ਭਾਵ ਬ੍ਰਿਹਣੰ ਦਵਾਈਆਂ ਜੇੜ੍ਹੀਆਂ ਪੁਸ਼ਟ ਕਰਕੇ ਵਧਾਉਣ ਵਾਲੀਆਂ, ਭੁੰਜੇ ਸੌਣਾ, ਜੋ ਧਰਤੀ ਦਵਾਈ ਆਦਿ ਨਾਲ ਵੇੜੀ ਹੋਈ ਯਾ ਅੱਗ ਨਾਲ ਸੇਕੀ ਹੋਈ ਪਰ ਲਿਟਾਨਾ,ਅਗਨੀ ਪਾਸ ਬੈਠਾਲ ਕੇ ਸੇਕਵਾਨਾ ਸਿਰੋ ਵਸਤੀ ਭਾਵ ਡਫ ਆਦਿ ਯੰਤ੍ਰ ਦੁਾਰੇ ਔਸ਼ਧੀ ਪ੍ਰਯੋਗ ਕਰਨਾ, ਨਸਵਾਰ ਦੇਣੀ, ਮਿੱਠੇ ਤੇਲ ਦੀ ਮਾਲਿਸ਼ ਕਰਨੀ ਘਿਉ, ਤੇਲ (ਸ਼ੇਰ ਰਿੱਛ) ਆਦਿ ਦੀ ਵਸਾ ਚਰਬੀ, ਯਾ ਮਿਝ ਮਲਨੀ, ਨਮਕੀਨ (ਮਾਂਸ ਆਦਿ) ਦੇ ਰਸ ਪੀਣੇ, ਮਖਣ ਖਾਣਾ, ਦਹੀ ਦੀ ਕੂਰਚਿਕਾ ਭਾਵ ਦਹੀ ਦੁਧ ਮਿਲਾਕੇ ਕਾੜ੍ਹ ਕਰ ਬਣਾਈ ਹੋਈ ਖੁਰਚਣ ਯਾ ਰਸਗੁੱਲੇ ਖਾਣੇ, ਕਲੈੜ, ਤਿਲ, ਕਣਕ, ਮਾਂਹ, ਸੱਠੀ ਦੇ ਚਾਵਲ, ਕੁਲਥ, ਵਤਾਊ, ਲਸਨ, ਅਨਾਰ (*ਖੱਟੇ ਮਿੱਠੇ), ਪੱਕਾ ਤਾੜਫਲ, ਸੁਹਾਂਞਣਾ, ਦਾਖ, ਦੁਧ, ਪ੍ਰਿਸਟੀ ਕਹੀਏ ਮਹਾਂ ਦੇ ਵੜੇ ਆਦਿ ਜਿਸ ਤਰ੍ਹਾਂ ਆਰਦਿਤ ਰੋਗ ਵਿਖੇ ਕਹੇ ਹਨ, ਅਥਵਾ ਮਦਰਾ ਪੀਵੇ, ਅਰਿੰਡ ਤੇਲ ਪੀਨਾ ਮਲਣਾ, ਗੋਮੂਤ੍ਰ ਪੀਣਾ, ਪਾਨ ਚਬਾਉਣੇ, ਦਸਤ ਦੇਣੇ, ਜੰਬੀਰ †ਨਿੰਬੂ, ਬੇਰ ਸਤਾਸੇ, ਅੰਗੂਰ ਖਾਣੇ, ਮੋਠ ਖਾਣੇ, ਚੀਕੁਣੇ ਭੋਜਨ, ਗਰਮਾ ਗਰਮ ਲੇਪ, ਫਾਕੇ ਰਹਣਾ ਪਟੋਲ ਸਾਇ, ਅਤੇ ਚੌਥਾਈ ਭਾਗ ਸੜਕੇ ਰਿਹਾ ਗਰਮ ਜਲ, ਇਹ ਸਭ ਸੇਵਨ ਕਰਨੇ ਬਾਤ ਰੋਗ ਵਿਚ ਪੱਥ ਹਨ ॥੧੪੪ਤੋਂ੧੪੬॥

ਕੁਪੱਥ–ਸ਼ੰਕਰ ਛੰਦ

ਬੇਗ ਧਾਰਨ ਜਾਗਨੰ, ਨਿਸ ਛਰਦ ਚਿੰਤਾ ਸੋਕ।
ਨੀਚਾਰ ਕੰਗੁਨੁ ਮਟੁਰ ਚਨਕਾ, ਸਾਮਕ ਏ ਬੋਕ।
ਰਾਜਮਾਖਾ ਮੁਗਧ ਚਟਣੀ, ਤਾਲ ਜਲ ਜੁ ਕਰੀਰ।
ਜੰਬੂ ਕਸੇਰੂ ਨਲਦ ਕ੍ਰਮਕੰ, ਕਮਲ ਨਾਲ ਸਵੀਰ ॥੧੪੭॥
ਸੀਤ ਜਲੁ ਜੁ ਬਿਰੁਧ ਅੰਨੰ, ਪਾਨ ਸੂਕਾ ਮਾਸ।
ਏ ਦਾਂਤ ਧਾਵਤ ਹਸਤਿ ਘੋਰਾ, ਜਾਨ ਰੂਖਨ ਖਾਸ।
ਬਜਾਯਾਮ ਸਾਕਾ ਬਿਖਮ ਆਸਨੁ, ਤਿੰਦੁਕੰ ਨਹਿ ਖਾਇ।
ਕੁਪਥ ਭਾਖੇ ਪਥਯਪਥ ਮੈ, ਮੇਘ ਇਤ ਲੈ ਗਾਇ ॥੧੪੮॥

੧੪੩–ਬੇਗਾਂ ਦਾ ਰੋਕਣਾ, ਰਾਤ ਦਾ ਬਹੁਤਾ ਜਾਗਣਾ, ਕੈ, ਚਿੰਤਾ, ਅਫਸੋਸ, ਚੀਣਾ, ਕੰਗੁਣੀ ਮਟਰ, ਚਣੇ ਸੁਆਂਕ, ਰੁਆਂਹ, ਮੂੰਗ, ਚਟਣੀ, ਤਲਾਬ ਦਾ ਜਲ, ਕੀਰ ਫਲ–ਡੇਲੇ, ਜਾਮਨ, ਕਸੇਰੂ, ਨਲਦ ਕਹੀਏ ਖੱਸ, ਯਾ ਨੜੀ ਦਾ ਸਾਗ, ਕ੍ਰਮਕ–ਸੁਪਾਰੀਆਂ ਦਾ ਕਥਣਾ, ਨਿਸ, ‡ਵੀਰ, ਚੁਲਾਈ ਦਾ ਸਾਗ, ਠੰਢਾ ਪਾਣੀ, ਵਿਰੁਧ ਅੰਨ, ਪਾਣੀ, ਸੁਕਾਏ ਹੋਸੇ ਮਾਸ ਦਾਤੁਣ ਕਰਨੀ ਹਾਥੀ ਘੋੜ ਪਰ ਚੜਕੇ ਦੌੜਾਨਾ ਰੁਖੇ ਪਦਾਰਥ, ਕਸ੍ਰਿਤ, ਵਿਖਮਾਸਨ, ਤਿੰਦੁਕ ਫਲ ਖਾਣੇ (ਇਹ ਪ੍ਰਸਿਧ ਫਲ ਪੂਰਬ ਦੇਸ ਵਿਖੇ ਹੈ, ਚੁਲਾਈ ਦਾ ਅਰਥ ਅਗਿਆਨਤਾ ਹੈ) ਇਹ ਸਭ ਖਾਣੇ ਕੁਪੱਥ ਹਨ, ਬਾਤ ਰੋਗੀ ਕਦੇ ਨਾ ਖਾਵੇ ॥੧੪੮॥

---

*ਦੋਇ–ਪਦ ਤੇ ਖਟੇ ਮਿਠੇ ਅਨਾਰ ਹੀ ਲੈਣੇ। ਦੇਖੋ "ਪਥਯਾ ਪੱਥ"

†ਜੰਭੀਰ ਨਿੰਬੂ ਬਾਤ ਨਾਸ਼ਕ ਹੈ, ਦੇਖੋ ਭਾਵ ਪ੍ਰਕਾਸ਼।

‡ਵੀਰ–ਚੌਲਾਈ ਹੈ, ਦੇਖੋ ਆ: ਵੇ: ਔਸ਼ਧੀ ਕੋਸ਼।

Digitized by Panjab Digital Library | www.panjabdigilib.org

ਅਥ ਬਾਤ ਰਕਤ ਨਿਦਾਨ-ਪਾਧੜੀ ਛੰਦ

ਲਵਨ ਚੀਕਰ ਗਰਮ ਤੁਰਸਾ ਖਾਇ। ਕਟੁਕ ਖਾਰ ਸਾਕ ਜੁ ਖਾਇ ਲਯਾਇ।
ਭੋਜਨੁ ਅਜੀਰਨ ਮਤਸ ਮਾਸ। ਕੁਲਥ ਮੂਲੀ ਖਲ ਮਾਖ ਤਾਸ ॥੧੪੯॥
ਮਾਸ ਸੜਿਯਾ ਮਦੂਰਾ ਇਹ ਜਾਨ। ਦਧ ਕਾਂਜੀ ਆਰ ਨਾਲ ਜੁ ਠਾਨ।
ਮਦ ਛਾਹ ਬਿਰੁਧਾਹਾਰ ਲੇਹਿ। ਜੋ ਕਰੋ ਕ੍ਰੋਧੁ ਨਿਸ ਜਾਗਹੇਇ ॥੧੫੦॥
ਮਿਥਯਾ ਅਹਾਰ ਬਿਹਾਰ ਏਹ। ਗਜ ਅਸ੍ਵ ਜਾਨ ਦਿਨ ਸੈਨ ਤੇਹ।
ਮਾਖ ਬਟਕ ਜੋ ਖਾਇ ਨਰੁ ਕੋਇ। ਬਾਤ ਰਕਤ ਤਿਸੁਉਤਪਤਸੁ ਹੋਇ।੧੫੧।

ਨਮਕੀਨ, ਚੀਕੁਣ, ਗਰਮ, ਖਟੇ, ਕੌੜੇ ਖਾਰੇ, ਸਾਗ ਖਾਣੇ, ਖਾਏ ਪਰ ਫਿਰ ਖਾਣਾ, ਮਛੀ ਦਾ ਮਾਂਸ, ਕੁਲਥ, ਵਡੀ ਮੂਲੀ, ਕੱਲਰ, ਮਾਂਹ ਸੜਿਆ ਮਾਂਸ, ਸ਼ਰਾਬ, ਦਹੀ, ਕਾਂਜੀ, ਸਿਰਕਾ, ਆਸਵ, ਲੱਸੀ, ਵਿਰੁਧਾਹਾਰ ਖਾਣੇ, ਖੋਧ ਕਰਨਾ, ਰਾਤ ਹੈ ਜਾਗਣਾ, ਮਿਥਯਾਹਾਰ ਬਿਹਾਰ, ਹਾਥੀ, ਘੋੜੇ ਆਦਿ ਸਵਾਰੀਆਂ ਪਰ ਅਧਿਕ ਚੜ੍ਹਨਾ, ਦਿਨੇ ਸਉਣਾ; ਮਹਾਂ ਦੇ ਵੜੇ ਅਧਿਕ ਖਾਣੇ, ਇਤਯਾਦਿਕ ਕਾਰਣਾਂ ਕਰਕੇ ਬਾਤ ਰਕਤ ਰੋਗ ਪੈਦਾ ਹੋਇ ਔਂਦਾ ਹੈ ॥੧੪੯॥ ਤੋਂ ੧੫੧ ॥

ਬਾਤ ਰਕਤ ਲਛਣ-ਸ਼ੰਕਰ ਛੰਦ

ਬਿਕਲ ਆਲਸ ਜਾਹਿ ਤਨ ਮੈ, ਭੌਹ ਖੁਸ ਹੈ ਬਾਰ।
ਜਾਨੁ ਜੰਘਾ ਕੰਠ ਪਗੁ ਕਰਿ, ਉਰੂ ਸੂਨ ਬਿਚਾਰ।
ਰਕਤ ਮੰਡਲ ਹੋਇ ਤਨ ਮੈ, ਬਾਤ ਰਕਤ ਬਿਕਾਰ।
ਸੁੰਨ ਬਹਰੀ ਤਾਹਿ ਭਾਖੈ, ਕਰੋ ਤਿਸ ਉਪਚਾਰ ॥ ੧੫੨ ॥

ਬਿਆਕੁਲਤਾ, ਆਲਸ ਭੋਹਾਂ ਦੇ ਬਾਲ ਖੁਸਣੇ, ਗੋਡੇ, ਜੰਆਂ ਗਲ ਪੈਰ; ਹੱਥ ਤੇ ਪੱਟ ਇਹਨਾਂ ਵਿਖੇ ਸੂੰਨਤਾ, ਸਰੀਰ ਪਰ ਰਕਤ ਦੇ ਲਾਲ ੨ ਚਕਤੇ ਹੋਣੇ ਇਸ ਨੂੰ ਬਾਤ ਰਕਤ ਆਖਦੇ ਹਨ ਇਸੇ ਨੂੰ ਸੁੰਨਬਹਿਰੀ ਕਿਹਾ ਜਾਂਦਾ ਹੈ, (ਯੂਨਾਨੀ ਸੁਰਖਬਾਦਾ ਬੋਲਦੇ ਹਨ) ॥੧੫੨॥

ਉਪਾਇ ਚੂਰਣ-ਦੋਹਰਾ

ਛਿੰਨ ਰੁਹਾ ਪੀਸੀ ਕਰੀ, ਟਾਂਕ ਦੋਇ ਇਕ ਮਾਨ।
ਖਾਵਤ ਰਕਤ ਜੁ ਬਾਤ ਕੋ, ਨਿਸਚੈ ਹੋਵਤ ਹਾਨ ॥ ੧੫੩ ॥

੬੪੪-ਗਿਲੋਇ ਪੀਹਕੇ ੮ ਮਾਸ਼ੇ (ਜਲ ਨਾਲ) ਖਾਵੇ ਤਾਂ ਬਾਤ ਰਕਤ ਨਿਸਚੇ ਨਾਸ ਹੋਵੇ ॥੧੫੩॥

ਕ੍ਵਾਥ:-

ਧਨੀਯਾ ਨਾਗਰ ਅੰਮ੍ਰਿਤਾ, ਕ੍ਵਾਥ ਕਰੀਨੇ ਪੀਯ।
ਬਾਤ ਰਕਤ ਮਿਟ ਜਾਤ ਹੈ, ਸੁਖ ਪਾਵਤ ਤਿਸੁ ਜੀਯ ॥੧੫੪॥

Digitized by Panjab Digital Library | www.panjabdigilib.org

੯੪੫-ਧਨੀਆਂ, ਸੁੰਢ ਤੇ ਗਿਲੋਯ ਇਹਨਾਂ ਤਿੰਨਾਂ ਦਾ ਕਾੜ੍ਹਾ ਪੀਵੇ ਤਾਂ ਬਾਤ ਰਕਤ ਨਾਸ ਕਰੇ ॥੧੫ ॥

ਚੌਪਈ

ਤ੍ਰਿਫਲਾ ਨਿੰਬ ਮਜੀਠ ਜੁ ਦਾਰੁ। ਰਜਨੀ ਬਚ ਕਟੁਕੀ ਲੈ ਡਾਰ।
ਤੂੰਮਾ ਜੜ ਸਧ ਕ੍ਵਾਥ ਕਰਾਇ। ਦੋ ਸਾਤਾ ਲੌ ਪੀਵਨ ਦਾਇ ॥੧੫੫॥
ਬਾਤ ਰਕਤ ਅਰੁ ਪਾਮ ਮਿਟਾਇ। ਕੋਢ ਰੋਗ ਕੋਈ ਨ ਰਹਾਇ।
ਖਾਟਾ ਖਾਰਾ ਬਰਜੋ ਸਹੀ। ਬਾਤਸੁ ਰਕਤ ਮਿਟਾਵਨ ਕਹੀ॥੧੫੬॥

੯੪੬-ਤ੍ਰਿਫਲਾ-(ਹਰੜ ਬਹੇੜਾ ਆਵਲੇ) ਨਿੰਮ ਜੜ੍ਹ ਦੀ ਛਿੱਲ ਮਜੀਠ ਦੇਵਦਾਰ ਹਲਧੀ ਵਚ ਕੌੜ ਤੇ ਤੂੰਮੇ ਦੀ ਜੜ੍ਹ, ਸਮਾਨ ਭਾਗ ਲੈ ਕੇ ਸਭਨਾਂ ਦਾ ਫਿਰ ਕਾੜ੍ਹਾ ਕਰਕੇ ਪੀਵੇ ਤਾਂ ਬਾਤ ਰਕਤ ਪਾਂਮ ਤੇ ਕੋੜ੍ਹ ਸਭੋ ਨਾਸ ਕਰੇ। ਪਰੰਤੂ ਖੱਟਾ ਖਾਰਾ ਖਾਣਾ ਵਰਜ ਛਡੇ ॥੧੫੫॥੧੫੬॥

ਚੂਰਣ-ਸੋਰਠਾ

ਮੁਹਲਠੀ ਬ੍ਰਿਖ ਰਾਲ, ਮੇਲ ਸਾਰਵਾ ਪੀਸੀਏ।
ਇਰੰਡ ਤੇਲੁ ਪਯ ਘਾਲ, ਪੀਵਤ ਰਕਤ ਜੁ ਬਾਤ ਹਰਿ ॥੧੫੭॥

੯੪੭-ਮੁਲੱਠੀ ਬਾਂਸਾ ਰਾਲ ਅਤੇ ਉਸ਼ਬਾ ਪੀਹਕੇ ਅਰਿੰਡ ਦਾ ਤੇਲ ਪਾ ਕੇ ਦੁੱਧ ਪੀਵੇ ਤਾਂ ਰਕਤ ਬਾਤ ਨਾਸ ਕਰੇ ॥੧੫੭॥

ਅਮ੍ਰਿਤ (ਜੋਗਸਾਰਾਤ)-ਸ਼ੰਕਰ ਛੰਦ

ਲੈ ਸਤਾਵਰ ਦਾਰ ਛਿੰਨਾ, ਇਰੰਡ ਜੜ ਕੀ ਛਾਲ।
ਆਸਗੰਧ ਕੁਲਾਜਨੀ, ਇਟ ਸਿਟ ਜੁ ਕ੍ਰਿਸ਼ਨਾ ਡਾਲ।
ਸੁੰਠ ਗੋਂਖ਼ਰ ਲੈ ਨੈਪਾਲੀ, ਪਲ ਜੁ ਦੋ ਦੋ ਲੋਇ।
ਸਭਨ ਕੈ ਅਧ ਸਰਕਰਾ, ਲੈ ਮਧ ਬਾਸਨ ਦੇਇ ॥੧੫੮॥
ਤੀਨ ਹੀ ਜੁ ਸੁਗੰਧ ਪਾਵੇ, ਦਾਰਚੀਨੀ ਤੋਹ।
ਏਲਾ ਜੁ ਲੈ ਤਾਮਾਲ ਪਤਰ, ਤੀਨ ਗੰਧ ਰੁ ਏਹ।
ਏਹੀ ਜੁ ਤੀਨੋ ਏਕ ਪਲ ਲੈ, ਪ੍ਰਸਥ ਘੀਉ ਰਲਾਇ।
ਟਾਂਕ ਚਾਰ ਪ੍ਰਭਾਤ ਖਾਵੈ, ਜਾਇ ਰਕਤਹਿ ਬਾਇ ॥੧੫੯॥

ਦੋਹਰਾ- ਜੋਗੁਸਾਰ ਅੰਮ੍ਰਿਤ ਕਹਯੋ, ਕਫ ਅਰੁ ਕੋਢ ਮਿਟਾਇ।
ਰੋਗੁ ਦੇਖਖੈ ਦੀਜੀਓ, ਤੌ ਜਗ ਮੈ ਜਸੁ ਥਾਇ ॥੧੬੦॥

੯੪੮-ਸਤਾਵਰ ਦੇਵਦਾਰ ਗਿਲੋਯ ਅਰਿੰਡ ਦੀ ਜੜ੍ਹ ਦੀ ਛਿੱਲ ਅਸਗੰਧ ਪਾਨ ਜੜ੍ਹ ਇਟਸਿਟ

Digitized by Panjab Digital Library | www.panjabdigilib.org

ਮਘਾਂ ਸੁੰਢ ਪਿਪਲਾ ਮੂਲ ਤੇ ਚਿਰੈਤਾ ਇਹ ਸਭ ਦੋ ਦੋ ਪਲ ਭਾਵ ੮-੮ ਤੋਲੇ ਸਭ ਨਾਲੋਂ ਅੱਧੀ ਖੰਡ ਪਾਕੇ ਭਾਂਡੇ ਵਿਚ ਭਰੇ ਤਿੰਨ ਸੁਗੰਧ (ਦਾਲਚੀਨੀ ਲਾਚੀ ਤੇ ਤਮਾਲਪਤ੍ਰ) ਇਹ ਤਿੰਨੇ ੧ ਪਲ ਭਾਵ ੪ ਤੋਲੇ ਘਿਉ ੬੪ ਤੋਲੇ ਰਲਾਕੇ ਫਿਰ ੪ ਟੰਕ ਭਾਵ ੧੬ ਮਾਸੇ ਪ੍ਰਾਤਾਕਾਲ ਖਾਵੇ ਤਾਂ ਬਾਤ ਰਕਤ ਜਾਵੇ। ਹੋਰ ਕਫ ਅਰ ਕਸਟ ਨੂੰ ਭੀ ਨਾਸ਼ ਕਰੇ ਇਹ ਬਹੁਤ ਸਰੇਸ਼ਟ ਦਵਾਈ ਹੈ ॥੧੫੮ ਤੋਂ ੧੬੦॥

ਲਘੂ ਮੰਜਿਸਟਾਦੀ ਕਾੜ੍ਹਾ

ਕੜੂ ਹਰੜ ਸੁਰਦਾਰ ਬਚ, ਤ੍ਰਿਫਲਾ ਨਿੰਬ ਮਜੀਠ।
ਛਿੰਨ ਰੁਹਾ ਲੈ ਮੇਲੀਏ, ਕਫ ਕਾਢਾ ਗੁਰ ਦੀਠ ॥੧੬੧॥
ਬਾਤ ਰਕਤ ਮੰਡਲ ਰਕਤ, ਕੁਸਟ ਦ੍ਰਿਗਨ ਕਾ ਰੋਗੁ।
ਕ੍ਵਾਥ ਮੰਜਿਸਟਾ ਆਦਿ ਲਘੁ, ਰੁਧਰ ਸੀਸ ਕੈ ਜੋਗੁ ॥੧੬੨॥

੬੪੯-ਕੌੜ, ਹਰੜ, ਦੇਵਦਾਰ, ਵਚ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਨਿੰਮ ਜੜ੍ਹ ਦੀ ਛਿੱਲ, ਮਜੀਠ ਤੇ ਗਿਲੋਯ ਸਮਾਨ ਭਾਗ ਲੈ, ਜਵ ਕੁੱਟ ਕਰਕੇ ੫ ਟੰਕ ਦਾ ਨਿਤ ਕਾੜ੍ਹਾ ਪੀਵੇ ਤਾਂ ਬਾਤ ਰਕਤ, ਲਾਲ ਚਕਤੇ, ਰਕਤ ਵਿਕਾਰ, ਕੁਸ਼ਟ, ਨੇਤ੍ਰਾਂ ਦੇ ਰੋਗ, ਸਿਰ ਦਾ ਖ਼ੂਨ ਵਿਕਾਰ ਇਤਯਾਦਿ ਇਹ ਕ੍ਵਾਥ ਨਾਸ ਕਰੇ ॥੧੬੧॥੧੬੨॥

ਬ੍ਰਿਧ ਮੰਜਿਸਟਾਦਿ ਕ੍ਵਾਥ-ਸ਼ੰਕਰ ਛੰਦ

ਮੋਥ ਬਰਚ ਗਿਲੋਇ ਹਲਧੀ, ਦੋਇ ਸੁੰਠ ਮਜੀਠ।
ਨਿੰਬ ਤ੍ਰਿਫਲਾ ਕੁਠਜੰ, ਔ ਕਣਾ ਚਿਤ੍ਰਕ ਈਠ।
ਭਾਰਿੰਗੀ ਬੜਿੰਗ ਮੂਰਵਾ, ਤ੍ਰਿਵੀ ਬਾਂਸਾ ਪਾਇ।
ਜਵ ਜੁ ਇੰਦ੍ਰ ਕੜੂ ਪਾਠਾ, ਭ੍ਰਿੰਗਰਾਜ ਮਗਾਇ ॥੧੬੩॥
ਪਟੋਲ ਪਤਰ ਬਿਜੈ ਸਾਰੰ, ਚੰਦਨੰ ਸਤਮੂਰ।
ਤ੍ਰਾਯ ਮਾਨ ਵਿਧਾਰ ਵਾਕੁਚਿ; ਸਾਰਵਾ ਲੈ ਪੂਰ।
ਲੋਇ ਬਾਂਸਾ ਅਮਲਤਾਸੰ, ਬਰਣ ਪਤ੍ਰ ਕਰੰਜ।
ਦ੍ਰਿਗਨ ਮਾਲਾ ਪਾਪਰਾ ਪਿਤ, ਅਤਿ ਬਿਖਾ ਨਿੰਬ ਅੰਜ ॥੧੬੪॥
ਔ ਨੈਪਾਲੀ ਕਣਾ ਮੇਲੋ, ਅਮਲਤਾਸ ਲਿਯਾਇ।
ਅਖਰੋਟ ਪਾਇ ਸੂ ਕ੍ਵਾਥ ਕੀਜੈ, ਦੇਹੁ ਗੁਗਲ ਪਾਇ।
ਕੁਸਟ ਅਠਦਸ ਬਾਤ ਰਕਤੇ, ਦੋਖ ਪਖਯਾਘਾਤ।
ਨੈਨ ਕਰ ਪਗ ਭੌਹ ਮੈ ਦੇ, ਸਿਲੀਪਦ ਮਿਟ ਜਾਤ ॥੧੬੫॥

੬੫੦-ਮੋਥਾ, ਵਚ, ਗਿਲੋਯ, ਹਲਦੀ, ਦਾਰਹਲਦੀ, ਸੁੰਢ, ਮਜੀਠ, ਨਿੰਮ ਦੀ ਛਿੱਲ, ਹਰੜ, ਬਹੇੜਾ ਆਵਲੇ, ਕੁੜਾਸੱਕ, ਮਘ, ਚਿਤ੍ਰਾ, ਭੜਿੰਗੀ, ਬਾਇਵੜਿੰਗ, ਮਰੋੜਫਲੀ, ਤ੍ਰਿਵੀ, ਬਾਂਸਾ, ਇੰਦ੍ਰ

Digitized by Panjab Digital Library | www.panjabdigilib.org

ਜੌਂ, ਕੌੜ, ਪਾਠਾ ਭਾਂਗਰਾ, ਪਟੋਲਪੱਤ੍ਰ, ਬਿਜੇਸਾਰ, ਚੰਦਨ, ਸਤਾਵਰ, ਤ੍ਰਾਯਮਣ, ਅਰਥਾਤ ਤੁਖਮ ਜਰਜਰ, ਬਿਧਾਹਾ, ਬਾਵਚੀ, ਉਸ਼ਬਾ, ਬਾਂਸਾ, ਅਮਲਤਾਸ ਦਾ ਗੁੱਦਾ, ਬਰਨੇ ਦੀ ਛਿੱਲ, ਚਿਰੈਤਾ, ਮਘ, ਅਮਲਤਾਸ ਦਾ ਗੁੱਦਾ ਤੇ ਅਖਰੋਟ ਇਹ ਸਭ ਸਮਾਨ ਲੈ ਕੇ ਕਾੜ੍ਹਾ ਕਰੇ ਅਰ ਕਾੜੇ ਵਿਚ ਗੁੱਗਲ ਪਾਕੇ ਪੀਵੇ ਤਾਂ ਅਠਾਰਾਂ ਕੁਸ਼ਟ, ਬਾਤ ਰਕਤ ਦਾ ਦੋਖ, ਪਖਯਾਘਾਤ; ਨੇਤ੍ਰਾਂ, ਹੱਥਾਂ, ਪੈਰਾਂ, ਭੌਹਾਂ ਦੇ ਰੋਗ, ਸਿਲੀਪਦ ਰੋਗ ਸਭਨਾਂ ਨੂੰ ਮਿਟਾਵੇ ॥੧੬੩ ਤੋਂ ੧੬੫॥

ਦੋਹਰਾ

ਵਜਨ ਨ ਭਾਖਯੋ ਸਮ ਸੋਊ, ਔਖਧ ਬਾਰ ਦੁਯਾਇ।
ਦੁਗਨੀ ਲੀਜਤ ਇਮ ਕਹਯੋ, ਸਾਰੰਗਧਰ ਮਤੁ ਲਯਾਇ ॥੧੬੬॥

ਜਿਸ ਜਗ੍ਹਾ ਵਜ਼ਨ (ਤੋਲ) ਵਸਤੂ ਦਾ ਨਹੀਂ ਲਿਖਿਆ ਓਥੇ ਸਭੋ ਸਮਾਨ ਭਾਗ ਲਵੇ। ਦੋ ਬਾਰ ਇਕ ਵਸਤੂ ਲਿਖੀ ਹੋਵੇ, ਓਥੇ ਦੂਣੀ ਪਾਵੇ, ਇਹ ਮਤ ਸਾਰੰਗਧਰ ਦਾ ਹੈ। ਪਰੰਤੂ ਏਥੇ ਮੇਘ ਮੁਨੀ ਦਾ ਇਸ਼ਾਰਾ ਬਾਂਸਾ ਅਮਲਤਾਸ; ਦਣੇ ਪੌਣ ਦਾ ਹੈ, (ਇਹ ਅਮ੍ਰਿਤਸਾਗਰ, ਭਾਵਪ੍ਰਕਾਸ਼, ਵੰਗਸੇਨ ਆਦਿਕਾਂ ਨੇ ਦੂਣੇ ਨਹੀਂ ਪਾਣੇ, ਹਾਂ ਓਨ੍ਹਾਂ ਵਿਚ 'ਵਕਾਇਣ' ਭੀ ਹੈ) ॥੧੬੬॥

ਰਕਤ ਮੰਡਲ ਕੋ ਲੇਪ—ਚੌਪਈ

ਪਵਾਰ ਬੀਜ ਵਾਕੁਚ ਲੇ ਪਾਇ। ਸ੍ਵਰਨ ਮਾਖਕਾ ਗੁੰਜ ਲਯਾਇ।
ਅਜਾ ਮੂਤ ਸੋ ਪੀਸ ਲਗਾਇ। ਰਕਤਬਾਤ ਮੰਡਲ ਮਿਟ ਜਾਇ॥੧੬੭॥

੯੫੧—ਪੁਮਾੜ (ਏਲੋਂ) ਦੇ ਬੀਜ, ਬਾਵਚੀ, ਸੋਨਾ ਮੱਖੀ ਤੇ ਰੱਤਕਾਂ, ਬਕਰੀ ਦੇ ਮੂਤ ਨਾਲ ਪੀਹਕੇ ਲੇਪ ਕਰੇ ਤਾਂ ਬਾਤ ਰਕਤ ਦੇ ਤਮਾਮ ਚਕਤੇ ਨਾਸ਼ ਹੋ ਜਾਂਦੇ ਹਨ ॥੧੬੭॥

ਸੁੰਨ ਬਹਿਰੀ ਕੋ ਗੱਦ, (ਕਾਲਗਯਾਨਾਤ)—ਸ਼ੰਕਰ ਛੰਦ

ਹੀਰਵੀ ਟੰਕ ਪੰਚ ਪੰਚੋ, ਆਨ ਸਜੀ ਖਾਰ।
ਟੰਕਣੰ ਟੰਕ ਦੋਇ ਪਾਰਾ, ਟੰਕ ਚਾਰ ਬਿਚਾਰ।
ਚਾਰ ਟੰਕ ਨੌਸਾਦਰਾ, ਦੋ ਗੰਧਕੰ ਟੰਕ ਆਨ।
ਨੀਲਥੋਥਾ ਟੰਕ ਦੋਊ, ਖਪਰੀਆ ਦੋ ਜਾਨ ॥੧੬੮॥
ਪੀਸ ਗੋਲੀ ਟੰਕ ਦੋ ਕੀ, ਕਰੋ ਧੂਰਤ ਨੀਰ।
ਸੁੰਠ ਬਹਰੀ ਪਾਛਕੈ, ਨਰ ਮੂਤ ਘਸ ਕੈ ਭੀਰ।
ਜਹਾਂ ਪ੍ਰਿਥਮੈ ਹੋਇ ਬਹਰੀ, ਤਹਾਂ ਗਦ ਕਰਵਾਇ।
ਫੇਰ ਸਾਰੇ ਲਾਇ ਦੇਵੇ, ਸੁੰਨ ਬਹਿਰੀ ਜਾਇ ॥੧੬੯॥

੯੫੨—ਹੀਰਬੀ (ਚੋਕ) ੫ ਟੰਕ, ਸੱਜੀ ਖਾਰ ੫ ਟੰਕ, ਸੁਹਾਗਾ ੨ ਟੰਕ, ਪਾਰਾ ੪ ਟੰਕ, ਨੌਸਾਦਰ ੪ ਟੰਕ, ਗੰਧਕ ੨ ਟੰਕ, ਨੀਲਾ ਥੋਥਾ ੨ ਟੰਕ ਤੇ ਸੰਗਬਸਰੀ ੨ ਟੰਕ, ਇਨ੍ਹਾਂ ਸਭਨਾਂ ਨੂੰ ਪੀਹਕੇ ਧਤੂਰੇ ਦੇ ਰਸ ਨਾਲ ਘੋਟਕੇ ਗੋਲੀ ੨ ਟੰਕ ਦੀ ਬੰਨ੍ਹੋ। ਫਿਰ ਸੁੰਨਬਹਿਰੀ ਦੀ ਜਗ੍ਹਾ ਪੱਛਕੇ ਆਦਮੀ ਦੇ ਮੂਤਰ ਨਾਲ ਇਹ ਗੋਲੀ ਘਸਾਕੇ ਲਾਵੇ। ਪਹਿਲੇ ਜਿਸ ਜਗ੍ਹਾ ਸੁੰਨ ਬਹਿਰੀ ਹੋਈ ਹੋਵੇ, ਓਥੇ ਗੱਦ ਕਰੇ, ਫਿਰ

Digitized by Panjab Digital Library | www.panjabdigilib.org

ਸਾਰੇ ਲਾਵੇ ਤਾਂ ਸੁੰਨ ਬਹਿਰੀ ਭਾਵ ਸੁੱਤੀ ਹੋਈ ਜਗ੍ਹਾ ਜਾਗ ਪਵੇ ॥੧੬੮॥੧੬੯॥

ਚੌਪਈ

ਚੋਕ ਸੇਰ ਇਕ ਪਕੀ ਲਜਾਇ । ਛਾਛ ਏਕ ਘਟ ਮਾਂਹਿ ਪਚਾਇ।
ਸੂਕੇ ਤਕ੍ਰ ਲੇਹੁ ਨਿਕਾਰ । ਘਟ ਪਯ ਗੋਕੇ ਮਾਹੇ ਧਾਰ ॥੧੭੦॥
ਸੁਕੇ ਦੂਧ ਤਬ ਚੋਕਹਿ ਲੇਹੁ । ਤਾਕੋ ਨੀਰ ਧੁਵਾਵੇ ਸੇਹੁ ।
ਪਿਛੈ ਸੁਕਾਈ ਪੀਸੈ ਛਾਨ। ਅਠ ਪੈਸਾ ਭਰ ਲੇਵੈ ਮਾਨ ॥੧੭੧॥
ਪਾਰਾ ਪੈਸਾ ਭਰ ਲੈ ਆਇ । ਤਾਹੀ ਸਮ ਗੰਧਕ ਪੀਸਾਇ।
ਹਰਧੀ ਇਕ ਸਿਰਸਾਹੀ ਮੇਲੁ। ਮਰਚਾਂ ਪੈਸੇ ਦੋਨੋ ਠੇਲੁ ॥੧੭੨॥
ਚਾਰੋ ਖਰਲੀ ਸਜਾਮ ਕਰਾਇ । ਤਾਕੋ ਲੈ ਚੋਕਹਿ ਮੇ ਪਾਇ।
ਮਾਸਾ ਇਕ ਵਾ ਦੋ ਜਲ ਸੰਗ। ਸੁੰਨ ਬਹਿਰੀ ਕੋ ਕਰਿ ਹੈ ਭੰਗ।੧੭੩।
ਇਕੀ ਦਿਨ ਲੌ ਖਾਵਤ ਏਹ। ਖਾਇ ਅਲੂਨੇ ਚਨਕਾ ਤੇਹ।
ਫੀਲ ਬਾਤ ਗਜ ਚਰਮ਼ਾ ਜਾਇ। ਰਕਤ ਪਿਤ ਫਿਰਹੰਗ ਨਸਾਇ।੧੭੪।

੯੫੩–ਇਕ ਸੇਰ ਪੱਕੀ ਚੋਕ ਲਵੇ, ਲੱਸੀ ਦੇ ਇਕ ਘੜੇ ਵਿਚ ਪਾ ਰੱਖੇ, ਜਦ ਲੱਸੀ ਸੁੱਕ ਜਾਵੇ ਤਾਂ ਫਿਰ ੭ ਘੜੇ ਗੋਕੇ ਦੁਧ ਵਿਚ ਪਾ ਦੇਵੇ ਤੇ ਪਕਾਵੇ। ਜਦ ਦੁਧ ਸੁੱਕ ਜਾਵੇ ਤਾਂ ਚੋਕ ਕੱਢ ਲਵੇ ਉਸ ਨੂੰ ਪਾਣੀ ਨਾਲ ਧੁਆਕੇ ਸਾਫ ਕਰੇ ਅਰ ਸੁਕਾ ਕੇ ਪੀਸ ਛਾਣ ਇਹ ੮ ਪੈਸਾ ਭਰ ਹੋਵੇ ਤਾਂ ਇਸ ਵਿਚ ਪਾਰਾ ੧ ਪੈਸਾ ਭਰ ਪਾਵੇ ਤੇ ੧ ਪੈਸਾ ਭਰ ਗੰਧਕ, ਇਨ੍ਹਾਂ ਨੂੰ ਬਰੀਕ ਕਰੇ। ਪਿਛੋਂ ੧ ਸਰਸਾਹੀ ਹਲਦੀ, ੨ ਪੈਸਾ ਭਰ ਮਿਰਚਾਂ ਮਿਲਾਵੇ ਫਿਰ ਚੋਹਾਂ ਨੂੰ ਖਰਲ ਕਰ, ਜਦ ਸਭੇ ਕਾਲੀਆਂ ਹੋ ਜਾਣ ਤਾਂ ਚੋਕ ਵਿਚ ਮਿਲਾ ਲਵੇ, ਫਿਰ ਉਸ ਵਿਚੋਂ ੧ ਮਾਸ਼ੇ ਯਾਂ ੨ ਮਾਸ਼ੇ, ਜਲ ਨਾਲ ਨਿੱਤ ਖਾਵੇ ਤਾਂ ਸੁੰਨ ਬਹਿਰੀ ਦਾ ਨਾਮ ਨਿਸ਼ਾਨ ਨਾ ਰਹੇ। ਇਸ ਪ੍ਰਕਾਰ ੨੧ ਦਿਨ ਖਾਵੇ, ਅਲੂਣੀ ਚਣੇ ਦੀ ਰੋਟੀ ਪਥ ਕਰੇ। ਇਸ ਰੋਗ ਤੋਂ ਇਲਾਵਾ ਫੀਲਪਾਦ, ਗਜ ਚਰਮ, ਰਕਤ ਪਿਤੀ ਅਤੇ ਬਾਦਫਰੰਗ ਸੱਭੇ ਨਾਸ ਕਰੇ ॥੧੭੪॥

ਦੋਹਰਾ

ਗੰਧਕ ਆਛਾ ਸੋਧੀਐ, ਘ੍ਰਿਤ ਮੈ ਪਯ ਮੈ ਜਾਨ।
ਬਾਰ ਤੀਨ ਤਿਨ ਸੋਧੀਐ, ਸਿਰਸਾਹੀ ਖਟ ਮਾਨ ॥੧੭੫॥
ਪਲ ਜੁ ਤੀਸ ਲੈ ਬਾਕੁਚੀ, ਭੇਮੋਂ ਗੋਕੇ ਮੂਤ ।
ਦਿਵਸ ਸਾਤ ਲੌ ਤਰ ਕਰੋ, ਤੌ ਹੋਵਤ ਸੁਧ ਸੂਤ ॥੧੭੬॥
ਦਾਲ ਨਿਕਾਰੀ ਲੀਜੀਏ, ਛਿਲਕਾ ਕੀਜਤ ਦੂਰ।
ਤਾਂਕਾ ਚੂਰਨ ਕੀਜੀਏ, ਗੰਧਕ ਸੋ ਲੈ ਚੂਰ ॥੧੭੭॥

Digitized by Panjab Digital Library | www.panjabdigilib.org

ਸਾਤੇ ਸਾਤ ਜੁ ਖਾਈਏ, ਬਹਰੀ ਸੁੰਨ ਮਿਟਾਇ।
ਸਹਿਤ ਸੰਗ ਭੱਛਨ ਕਰੋ, ਮੰਡਲ ਰਕਤ ਪਰਾਇ ॥੧੭੮॥
ਚਨਕ ਅਲੂਨੇ ਖਾਈਏ, ਕਛੂ ਨ ਖਾਵਤ ਔਰ।
ਸਿੱਧ ਜੋਗੁ ਗੁਰਮੁਖਿ ਸੁਨੀ, ਭਾਖਯੋ ਇਸ ਮੈਂ ਠੌਰ ॥੧੭੯॥
ਭੇਦ ਨ ਦੀਜੈ ਯਾਹਿ ਕੋ, ਕੁਸ਼ਟ ਅਠਾਰਾਂ ਜਾਇ।
ਕਹਤ ਮੇਘ ਕੁਸ਼ਟਾਰਿ ਇਹ, ਮੇਘ ਬਿਨੋਦੈ ਮਾਹਿ ॥੧੮੦॥

੯੫੪–ਆਵਲੇਸਾਰ ਗੰਧਕ ੩ ਬਾਰ ਘਿਉ ਵਿਚ 2 ਬਾਰ ਦੁਧ ਵਿਚ ਸ਼ੁਧ ਕਰੇ, ਅਰ ੬ ਸਿਰਸਾਹੀਆਂ ਹੋਵੇ। ਉਸ ਵਿਚ ੩੦ ਪਲ ਬਾਵਚੀ ਪਾਵੇ (ਪਰੰਤੂ ਪਹਿਲੇ ੭ ਦਿਨ ਗੋਕੇ ਮੂਤ੍ਰ ਵਿਚ ਤਰ ਕਰੇ ਧੋਕੇ ਦਾਲ ਕਢੇ ਤੇ ਪਾਵੇ) ਫਿਰ ਦੋਨੋ ਘੋਟੇ, ਸਤ ਸਾਤੇ ਭਾਵ ੪੯ ਦਿਨ ਖਾਵੇ ਤਾਂ ਸੁੰਨਬਹਿਰੀ ਜਾਵੇ ਇਹ ਸ਼ਹਿਤ ਨਾਲ ਚਟਨੀ ਯੋਗਜ ਹੈ। ਰਕਤ ਮੰਡਲ ਆਦਿ ਤਮਾਮ ਰੋਗਾਂ ਵਾਸਤੇ ਸਿਧ ਦਵਾਈ ਹੈ ਚਣੇ ਦੀ ਅਲੂਣੀ ਰੋਟੀ ਖਾਣੀ ਪਥ ਹੈ ਹੋਰ ਸਭ ਕੁਛ ਮਨਾ ਹੈ। ਇਹ ਬਾਤ ਗੁਪਤ ਹੈ ਕਿ ੧੮ ਪ੍ਰਕਾਰ ਦੇ ਕੁਸ਼ਟਾਂ ਨੂੰ ਭੀ ਨਾਸ ਕਰਦੀ ਹੈ, ਖੂਨ ਸੁਧਾਰਦੀ ਹੈ ॥੧੭੫ ਤੋਂ ੧੮੦॥

ਰਕਤ ਬਾਤ ਦੇ ਪਥ–ਸ਼ੰਕਰ ਛੰਦ

ਉਤਾਨ ਮਧ ਗੰਭੀਰ ਸੌਣਿਤ, ਮੋਖਨੰ ਬਹੁ ਜਾਤ।
ਸੇਕਾ ਭਰੰਜਨ ਸੋ ਪ੍ਰਨਾਹੰ, ਲੇਪਨ ਸਭ ਗਾਤ।
ਸਨੇਹ ਸਥਾਪਨ ਰੇਚਿ ਮੇਖੀ, ਦੂਧ ਸੇ ਚਨਕਾਰ।
ਸੂਕੀ ਜਲੌਕਾ ਸ੍ਰਿੰਗਿ ਤੂੰਬੀ, ਕਰੀ ਰੁਧਰ ਨਿਕਾਰ ॥੧੮੧॥
ਜਵ ਖਸਿਟਕਾ ਨੀਵਾਰਕਾ ਲੈ, ਲਾਲ ਚਾਵਲ ਖਾਇ।
ਚਨਕ ਮੁਗਦਾ ਕਨਕ ਮੋਠਹਿ, ਅਜ ਪਯ ਘ੍ਰਿਤ ਪਾਇ।
ਕਰੇਲ ਪਾਲਕ ਤੰਦੁਲੀਯਾ, ਸਿਤਾ ਬਾਂਸਾ ਦਾਖ।
ਰਕਤ ਮੋਖਨ ਪਥਜ ਖਾਵੇ, ਇਹੀ ਬਾਤ ਸੁ ਭਾਖ॥੧੮੨-੧੮੩॥

੯੫੫–ਬਾਤ ਰਕਤ ਪਹਿਲੇ ਉਪਰ ਹੋਕੇ ਮਧ ਨੂੰ ਜਾਵੇ, ਅਰ ਗੰਭੀਰ ਹੋਵੇ ਤਾਂ ਪ੍ਰਥਮ ਵਿਖੇ ਲੋਹੂ ਕਢਾਉਣਾ, ਬਹੁਤ ਤਰ੍ਹਾਂ (ਜੋਂਕ, ਸਿੰਗੀ, ਤੂੰਬੀ ਆਦਿ ਦ੍ਵਾਰੇ), ਦੂਸਰੀ ਗੰਭੀਰ ਵਿਚ ਸੇਕ ਅਰ ਤੇਲ ਮਲਣਾ, ਤੀਜੀ ਉਪਨਾਹ ਸ਼ਹਿਤ ਵਿਖੇ ਸਭ ਸਰੀਰ ਪਰ ਲਪ ਕਰਨਾ, ਸਨੇਹ (ਤੇਲ) ਪਿਲਾਨਾ, ਤੇਲ ਵਿਚ ਖੜੇ ਕਰਨਾ, ਦਸਤ ਦੇਣੇ, ਮਖੀ ਕਰਕੇ ਭੇੜ ਯਾ ਮਹੀਂ ਦ ਦੁਧ ਦਾ ਸਿੰਚਨ ਭਾਵ ਤ੍ਰੇੜਾ ਕਰਨਾ, ਸੂਈ, ਜੋਕ, ਸਿਙੀ, ਤੂੰਬੀ ਨਾਲ ਲਹੂ ਕਢਣਾ, ਜੋਂ, ਸੱਠੀ ਚੀਣਾ, ਲਾਲ ਚਾਵਲ ਭਾਵ ਰਤੜੂ ਦੇ ਚੌਲ, ਚਣੇ, ਮੂੰਗੀ, ਕਣਕ, ਮੱਠ ਬਕਰੀ ਦਾ ਦੁਧ ਤੇ ਘਿਉ, ਕਰੇਲੇ, ਪਾਲਕ, ਚੌਲਾਈ, ਮਿਸਰੀ ਵਾਬੂ, ਅੰਗੂਰ, ਸਭ ਖਾਣੇ, ਲਹੂ ਕਢਾਉਣਾ ਇਹ ਸਭ ਪਥ ਹਨ ॥੧੮੧ ਤੋਂ ੧ ੩॥

ਕੁਪੱਥ–ਸ਼ੰਕਰ ਛੰਦ

Digitized by Panjab Digital Library | www.panjabdigilib.org

ਦਿਵਾ ਸੁਪਨ ਸੰਤਾਪ ਬਯਾਮਾ, ਆਤਪੰ ਤਿਯ ਸੰਗ।
ਮਾਖ ਕੁਲਥਾ ਮਟੁਰ ਖਾਰਾ, ਇਮ ਮੂਲੀ ਰੰਗ।
ਪਿੱਨਯਾਕ ਖਾਟਾ ਉਸਨ ਭਾਰੀ, ਲਵਨ ਸਾਤੂ ਮਾਸ।
ਦਹੀ ਅੰਨ ਬਿਰੁਧ ਤਜਾਗੋ, ਅਪਥਹਿ ਇਮ ਭਾਸ ॥੧੯੪॥

੯੫੬-ਦਿਨ ਦਾ ਸੌਣਾ, ਅੱਗ ਦਾ ਸੇਕਣਾ, ਕਸਰਤ ਕਰਨੀ, ਧੁਪੇ ਬੈਠਣਾ, ਇਸਤ੍ਰੀ ਦਾ ਮੇਲ ਮਿਲਾਪ। ਰੁਵਾਂਹ, ਕੁਲਥ, ਮਟਰ, ਖਾਰੀਆਂ ਬਸਤਾਂ, ਗੰਨੇ, ਮੂਲੀ, ਕੱਲਰ, ਖੱਟਾ, ਗਰਮ ਭਾਰਾ, ਨਮਕੀਨ, ਸੱਤੂ, ਮਾਂਸ, ਦਹੀਂ, ਹੋਰ ਸਭੇ ਵਿਰੁਧ ਭੋਜਨ ਖਾਣੇ ਤਿਆਗ ਦੇਵੇ, ਕਿਉਂਕਿ ਇਹ ਖਾਣੇ ਕੁਪੱਥ ਰੂਪ ਹਨ ॥੧੯੪॥

ਅਥ ਉਰੂਸਥੰਭ ਨਿਦਾਨ-ਸ਼ੰਕਰ ਛੰਦ

ਗਰਮ ਸੀਤਲ ਚਿਕਨ ਭਾਰੀ, ਗਿਲਾ ਸੂਕਾ ਖਾਇ।
ਅਹਾਰ ਜੀਰਨ ਖੋਭ ਮਾਰਗੁ, ਨਿਸਾ ਜਾਗਨ ਥਾਇ।
ਆਮ ਕੁਪ ਕੈ ਬਾਤ ਸੇਤੀ, ਰੁੰਧੈ ਸਾਥਲੁ ਜੋਇ।
ਉਰੂਸਥੰਭ ਨਿਦਾਨ ਭਾਖਯੋ, ਮਾਧਵੈ ਤੈ ਸੋਇ ॥੧੯੫॥

ਗਰਮ, ਠੰਢਾ, ਚੀਕੁਣਾ, ਭਾਰਾ, ਗਿੱਲਾ, ਅਤਯੰਤ ਸੁੱਕਾ ਖਾਣਾ, ਅਜੀਰਣ ਪਰ ਖਾਣਾ, ਕ੍ਰੋਧ, ਰਸਤੇ ਅਧਿਕ ਤੁਰਨਾ, ਰਾਤ ਦਾ ਜਾਗਣਾ, ਇਨ੍ਹਾਂ ਕਾਰਨਾਂ ਤੇ ਆਮ ਕ੍ਰਪਿਤ ਹੋਕੇ ਵਾਯੂ ਨਾਲ ਮਿਲਕੇ ਪੱਟਾਂ ਨੂੰ ਰੋਕ ਦੇਵੇ ਸੋ ਉਰੂਸਥੰਭ ਕਿਹਾ ਜਾਂਦਾ ਹੈ ॥੧੯੫॥

ਉਰੂਸਥੰਭ ਲੱਛਣ-ਸ਼ੰਕਰ ਛੰਦ

ਹੋਇ ਆਕਰ ਸਥੱਲ ਮਾਹੈ, ਅਰਸੁ ਭਾਰੀ ਹੋਇ।
ਸੂਨਯ ਅਪਨੀ ਨਾਹਿ ਸਾਥੱਲ, ਰੁਜੀ ਲਖ ਪਰਿ ਸੋਇ।
ਅੰਗ ਮਰਦ ਜੁ ਤਾਪ ਬਮਿ ਹੈ। ਤੰਦਿਰਾ ਰੁਚਿ ਨਾਹਿ।
ਸਿਥਲ ਪਗ ਦੁਖ ਸੌਂ ਉਠਾਵੈ ਉਰਸਤੰਭ ਜੁ ਯਾਹਿ ॥੧੯੬॥

ਪੱਟ ਆਕੜ ਜਾਣੇ ਅਰ ਭਾਰੇ ਹੋ ਜਾਣ, ਸੁੰਨ ਅਜਿਹੇ ਹੋਣੇ ਜਯੋਂ ਆਪਣੇ ਹੈ ਹੀ ਨਹੀਂ, ਕਿੰਤੂ ਪਰਾਏ ਜਾਣਦਾ ਹੈ, ਅੰਗ ਦਲੇ ਮਲੇ ਜਾਣੇ, ਤਾਪ, ਥਤਾਉ, ਤੰਦ੍ਰਾ, ਅਰੁਚੀ ਹੋਣੀ, ਪੈਰ ਐਸੇ ਸਿਥਿਲ ਹੋਣੇ ਜੋ ਕਸ਼ਟ ਨਾਲ ਚੁਕੇ ਜਾਣੇ, ਇਹ ਲੱਛਣ ਉਰੂਸਥੰਭ ਵਾਲੇ ਦੇ ਹੁੰਦੇ ਹਨ ॥੧੯੬॥

ਦੂਸਰਾ ਨਾਮ-ਦੋਹਰਾ

ਆਢਕ ਬਾਤ ਭੀ ਕਹਿਤ ਇਸ, ਦੂਜੇ ਨਾਮ ਸੁ ਏਹ।
ਸਮਝ ਕਰੋ ਯਾਕੀ ਕ੍ਰਿਯਾ, ਜਯੋਂ ਸੁਖ ਹੋਵਤ ਦੇਹ ॥੧੯੭॥

Digitized by Panjab Digital Library | www.panjabdigilib.org

ਇਸ ਦਾ ਦੂਸਰਾ ਨਾਮ ਆਜਕ ਬਾਤ ਭੀ ਕਿਹਾ ਜਾਂਦਾ ਹੈ, ਭੇਦ ਸਮਝਕੇ ਦਵਾਈ ਕਰਨੀ ਚਾਹੀਏ ॥੧੮੭॥

ਉਪਾਇ (ਵੈਦ ਜੀਵਨਾਤ)–ਚੌਪਈ

ਇਟਸਿਟ ਸੁੰਠੀ ਛਿੰਨਾ ਦਾਰੁ। ਭਿਲਾਵੇ ਦਸ ਮੂਰ ਸੁ ਡਾਰ।
ਕ੍ਵਾਥ ਕਰੀਨੈ ਪੀਵੈ ਏਹੁ। ਉਰਸਤੰਭ ਕਾ ਨਾਸ ਕਰੇਹੁ ॥੧੮੮॥

੯੫੭–ਇਟਸਿਟ, ਸੁੰਢ, ਗਿਲੋਯ. ਦੇਵਦਾਰ, ਭਿਲਾਵੇ ਤੇ ਦਸੇ ਮੂਲ, ਕਾੜ੍ਹਾ ਕਰਕੇ ਪੀਵੇ ਤਾਂ ਉਰੂਸਥੰਭ ਨਾਸ ਹੋਵੇ ॥ ੧੮੮ ॥

ਦੋਹਰਾ–ਗੋਮੂਤਰ ਸੰਗ ਪੁਰ ਗਹੀ, ਜੋ ਪੀਵਤ ਪਰਭਾਤ।
ਉਰੁਸਤੰਭ ਕੇ ਰੋਗ ਕੋ, ਤੁਰਤੈ ਕਰ ਹੈ ਘਾਤ ॥੧੮੯॥

੯੫੮–ਗੋਕੇ ਮੂਤਰ ਵਿਚ ਨਿੱਤ ਗੁੱਗਲ ਪੀਵੇ ਤਾਂ ਉਰੂਸਥੰਭ ਜਾਵੇ ॥ ੧੮੯ ॥

(ਵੰਗਸੇਨਾਤ)–ਦੋਹਰਾ

ਕਣਾਂ ਭਿਲਾਵੇ ਗੁੰਥਕੰ, ਕ੍ਵਾਥ ਕਰੀ ਮਧੁ ਪਾਇ।
ਪੀਵਤ ਰੋਗੀ ਸਾਤ ਦਿਨ, ਉਰੁਸਤੰਭ ਮਿਟ ਜਾਇ ॥੧੯੦॥

੯੫੯–ਮਘ, ਭਿਲਾਵੇ ਤੇ ਪਿਪਲਾਮੂਲ, ਇਨ੍ਹਾ ਦਾ ਕਾੜ੍ਹਾ ਕਰਕੇ ਸ਼ਹਿਤ ਪਾਕੇ ੭ ਦਿਨ ਪੀਵੇ ਤਾਂ ਉਰੂਸਥੰਭ ਜਾਵੇ ॥ ੧੯੦ ॥

ਚਵਕ ਭਿਲਾਵੇ ਚਿਤਰਾ, ਕਲਕ ਕਰੀ ਮਧੁ ਮੇਲ।
ਪੀਵਤ ਰੋਗੀ ਪ੍ਰਾਤ ਕੋ, ਉਰੁਸਤੰਭ ਕੋ ਰੇਲ ॥੧੯੧॥

੯੬੦–ਚਵ, ਭਿਲਾਵੇ ਤੇ ਚਿੱਤ੍ਰਾ, ਕਲਕ ਕਰਕੇ ਸ਼ਹਿਤ ਪਾਕੇ ਪੀਵੇ ਤਾਂ ਉਰੂਸਥੰਭ ਹੋਵੇ ॥੧੯੧॥

ਚਟਣੀ

ਤ੍ਰਿਫਲਾ ਗੁੰਥਕ ਚਵਕ ਲੈ, ਮਧੁ ਸੌਂ ਚਾਟੇ ਪ੍ਰਾਤ।
ਬੰਗਸੈਨ ਇਮ ਉਚਰਤੇ, ਉਰੁਸਤੰਭ ਕਾ ਘਾਤ ॥੧੯੨॥

੯੬੧–ਤ੍ਰਿਫਲਾ, ਪਿਪਲਾਮੂਲ, ਤੇ ਚੱਵ ਪੀਹਕੇ ਸ਼ਹਿਤ ਨਾਲ ਚਟਣੀ ਕਰੇ ਅਰ ਨਿੱਤ ਪ੍ਰਾਤਾਕਾਲ ਚੱਟੇ ਤਾਂ ਉਰੂਸਥੰਭ ਜਾਵੇ ॥੧ ੨॥

ਤ੍ਰਿਫਲਾ ਪੀਪਰ ਮੂਰ ਚਵ, ਕਟਕ ਰੋਹਿਨੀ ਪਾਇ।
ਮਧੁ ਸੰਗੈ ਸੋ ਚਾਟੀਏ, ਉਰੁਸਤੰਭ ਮਿਟ ਜਾਇ ॥੧੯੩॥

੯੬੨–ਤ੍ਰਿਫਲਾ, ਮਘ ਮੂਲ, ਚੱਵ ਅਰ ਕੌੜ ਪਾਕੇ ਸ਼ਹਿਤ ਨਾਲ ਚੱਟੇ ਤਾਂ ਉਰੂਸਥੰਭ ਜਾਂਦਾ ਹੈ ॥੧੯੩॥

Digitized by Panjab Digital Library | www.panjabdigilib.org

ਸਿਲਾਜੀਤ ਗੁਗਲ ਕਣਾ, ਸੁੰਠੀ ਪੀਸ ਛਨਾਇ।
ਦਸੈ ਮੂਰ ਕੈ ਕ੍ਵਾਥ ਸੋਂ, ਉਰੁਸਤੰਭ ਮਿਟ ਜਾਇ ॥੧੯੪॥

੯੬੩–ਸਿਲਾਜੀਤ, ਗੁੱਗਲ, ਮਘ ਤੇ ਸੁੰਢ ਪੀਸ ਛਾਣਕੇ ਦਸਮੂਲ ਦੇ ਕਾੜ੍ਹੇ ਨਾਲ ਸੇਵਨ ਕਰੇ ਤਾਂ ਉਰੂਸਥੰਭ ਮਿਟ ਜਾਂਦਾ ਹੈ ॥੧੯੪॥

ਵਰਧਮਾਨ ਪਿਪਲੀ (ਵੰਗਸੇਨਾਤ)–ਦੋਹਰਾ

ਤੀਨ ਪ੍ਰਥਮ ਦਿਨ ਪੀਪਰੀ, ਫੇਰ ਪੰਚ ਪੁਨ ਸਾਤ।
ਚੌਥੇ ਦਸ ਲੇ ਸਾਤ ਪੁਨ, ਪਾਂਚ ਤੀਨ ਕ੍ਰਮ ਮਾਤ ॥੧੯੫॥
ਇਮ ਅਨੁਕਰਮੈ ਮਾਘਧੀ, ਏਕ ਸਹੰਸਰ ਖਾਇ।
ਗੁੜ ਮਾਖਿਕ ਸੰਗ ਭਖ ਕਰਿ, ਉਰੁਸਤੰਭ ਮਿਟ ਜਾਇ ॥੧੯੬॥
ਅਜਾ ਦੂਧ ਸੋਂ ਜੋ ਅਚੈ, ਤੌ ਜਾਨੋ ਗੁਨ ਏਹ।
ਬਿਖਮ ਪਾਂਚ ਜੁਰ ਤਾਪ ਸਭ, ਸ੍ਵਾਸ ਕਾਸ ਮਿਟ ਤੇਹ ॥੧੯੭॥
ਗਲ ਗ੍ਰਹਿਰਾਜ ਸੁ ਯਖਮ ਹਰਿ, ਸੋਫ ਪਾਡੁ ਬਮਿ ਮੇਹ।
ਅਪਸ ਪਲੀਹਾ ਅਰੁਚਿ ਕੋ, ਤੁਰਤੈ ਦੂਰ ਕਰੇਹ ॥੧੯੮॥

੯੬੪–ਪਹਿਲੇ ਦਿਨ ੩, ਦੂਜੇ ਦਿਨ ੫, ਤੀਜੇ ਦਿਨ ੭ ਅਰ ਚੌਥੇ ਦਿਨ ੧੦ ਮਘਾਂ ਖਾਵੇ, ਮੁੜ ੩–੫–੭ ਖਾਣ ਦਾ ਹੀ ਕ੍ਰਮ ਕਰੇ। ਇਸ ਰੀਤੀ ਨਾਲ (੧੦੦੦) ਇਕ ਹਜ਼ਾਰ ਵਘ ਗੁੜ ਯਾ ਸ਼ਹਿਤ ਨਾਲ ਖਾਵੇ ਤਾਂ ਉਰੂਸਥੰਭ ਜਾਂਦਾ ਰਹੇ। ਜੋ ਕਦੇ ਮਘਾਂ ਇਸੇ ਤਰ੍ਹਾਂ ਬਕਰੀ ਦੇ ਦੁਧ ਨਾਲ ਖਾਵੇ ਤਾਂ ਵਿਖਮਤਾਪ, ਪੰਜੇ, ਹੋਰ ਸਭ ਤਾਪ, ਖਾਂਸੀ, ਦਮਾ, ਗਲ ਦੀ ਰੁਕਾਵਟ, ਰਾਜ ਯਖਮ, ਸੋਜ, ਪਾਂਡੂ, ਵਮਨ, ਪ੍ਰਮੇਹ, ਬਵਾਸੀਰ, ਲਿੱਫ ਅਰ ਅਰੁਚੀ ਨਿਸਚੇ ਜਾਵੇ ॥੧੯੫ ਤੋਂ ੧੯੮॥

ਲੇਪ–ਦੋਹਰਾ

ਨਿੰਬ ਅਸਗੰਧਾ ਅਰਕ ਕੀ, ਤੀਨੋਂ ਕੀ ਜਰ ਲੇਇ।
ਦੇਵਦਾਰ ਸਰਸੋਂ ਗਹੋ, ਬਰਮੀ ਮਾਟੀ ਦੇਇ ॥੧੯੯॥
ਸਹਤ ਸੰਗ ਲੇਪਨ ਕਰੋ, ਉਰੁਸਤੰਭ ਮਿਟ ਜਾਇ।
ਵਾ ਗੋ ਮੂਤਰ ਸੰਗ ਲਿਪ, ਤਨ ਕੋ ਬਹੁ ਸੁਖੁ ਥਾਇ ॥੨੦੦॥

੯੬੫–ਨਿੰਮ ਦੀ ਜੜ੍ਹ ਦੀ ਛਿੱਲ, ਅਸਗੰਧ, ਅਕ ਜੜ ਦੀ ਛਿੱਲ, ਦੇਵਦਾਰ, ਸਰਸੋਂ, ਬਰਮੀ ਦੀ ਮਿਟੀ, ਸ਼ਹਿਤ ਅਥਵਾ ਗੋਮੂਤ੍ਰ ਪਾਕੇ ਘੋਟਕੇ ਲੇਪ ਕਰੇ ਤਾਂ ਉਰੂਸਥੰਭ ਜਾਵੇ ॥੨੦੦॥

ਭਲਾਤਕ ਗੁੰਥਕ ਕਣਾ, ਕਲਕ ਦੇਹੁ ਮਧ ਸੰਗ।
ਉਰੁਸਤੰਭ ਕਾ ਨਾਸ ਹੁਇ, ਸੁਖ ਪਾਵਤ ਸਭ ਅੰਗ ॥੨੦੧॥

Digitized by Panjab Digital Library | www.panjabdigilib.org

੯੯੬–ਭਿਲਾਵੇ, ਪਿਪਲਾਮੂਲ ਤੇ ਮਘ, ਇਨ੍ਹਾਂ ਨੂੰ ਘੋਟਕੇ ਸ਼ਹਿਤ ਪਾਕੇ ਪੀਵੇ ਤਾਂ ਉਰੂਸਥੰਭ ਨਾਸ ਹੋਵੇ ॥੨੦੧॥

ਉਰੂਸਥੰਭ ਦੇ ਪੱਥ–ਸ਼ੰਕਰ ਛੰਦ

ਰੁਖ ਸ੍ਵੇਦਨ ਰਕਤ ਚਾਵਲ, ਯਵ ਜੁ ਕੁਲਥਾ ਜਾਨ।
ਕੋਦਾ ਜੁ ਸਾਮਕ ਸ੍ਰਿੰਗ ਲਸਨੰ, ਬੈਗਨੰ ਖਲ ਠਾਨ।
ਲੈ ਕਰੇਲਾ ਗਊ ਮੂਤਰ, ਪਾਲਕੰ ਇਸਨਾਨ।
ਤਪਤ ਨੀਰ ਕੁ ਖਾਇ ਖਾਰਾ, ਪਥ ਭਾਖੇ ਆਨ ॥੨੦੨॥

ਦੋਹਰਾ–
ਕਫ ਹਰਿਤਾ ਅਰ ਆਮ ਹਰਿ, ਦੇਹੁ ਪਥ ਸਭ ਜੋਇ।
ਇਮ ਭਾਖਯੋ ਪਥਯਾਪਥੇ, ਉਰੁਸਤੰਭ ਹਿਤ ਸੋਇ ॥੨੦੩॥

੯੯੭–ਰੁੱਖੀਆਂ ਬਸਤਾਂ, ਪਸੀਨਾ ਦੇਣਾ, ਲਾਲ ਚਾਵਲ,ਜੌਂ, ਕੁਲਥ, ਕੋਦਾ, ਸੁਆਂਕ, ਸੁਹਾਂਵਣਾ ਲਸਨ, ਵਤਾਊਂ, ਕੁੱਲਰ, ਕਰੇਲੇ, ਗਊਮੂਤ੍ਰ, ਪਾਲਕ, ਇਹ ਖਾਣੇ, ਸਨਾਨ ਕਰਨਾ, ਗਰਮ ਪਾਣੀ, ਖਾਰਾਂ ਖਾਣੀਆਂ, ਇਹ ਸਭ ਪੱਥ ਹਨ। ਹੋਰ ਆਮ ਹਰਨਹਾਰੇ ਅਰ ਕਫਨਾਸ਼ਕ ਖਾਣੇ ਵੀ ਪੱਥ ਹਨ ॥ ੨੦੨ ॥ ੨੦੩ ॥

ਕੁਪੱਥ–ਸ਼ੰਕਰ ਛੰਦ

ਸੀਤ ਭਾਰੀ ਚਿਕਨ ਭੋਜਨ, ਬਮਨ ਰੇਚਨ ਭਾਖ।
ਸਨੇਹਨੰ ਅਰੁ ਰਕਤ ਮੋਖਨ, ਬਸਤ ਕਰਮ ਸੁ ਦਾਖ।
ਅੰਨ ਹੈ ਬਿਰੁਧ ਜੋਊ, ਸੋਊ ਖਾਵਤ ਨਾਂਹਿ।
ਮਾਸ ਮਾਖਾ ਏ ਕੁਪਥ ਹੈ, ਪਥਯਾਪਥੇ ਮਾਂਹਿ ॥੨੦੪॥

੯੯੮–ਠੰਢੇ, ਭਾਰੇ, ਚੀਕਣੇ ਖਾਣ, ਵਮਨ, ਦਸਤ ਦੇਣੇ, ਸਨੇਹਨ ਕਰਨਾ, ਫਸਤ ਖੁਲ੍ਹਾਨਾ, ਵਸਤੀ ਕਰਮ (ਗੁਦਾ ਰਸਤੇ ਪਿਚਕਾਰੀਆ) ਹੋਰ ਹੋਰ ਵਿਰੁਧ ਅੰਨ ਖਾਣੇ, ਮਾਸ ਤੇ ਮਾਂਹ ਇਹ ਸਭੋ ਕੁਪੱਥ ਹਨ ॥੨੦੪॥

ਅਥ ਆਮ ਬਾਤ ਨਿਦਾਨ–ਸ਼ੰਕਰ ਛੰਦ

ਦੂਧ ਮਛੀ ਚਿਕਨ ਖਾਵੈ, ਅਰੁ ਬਿਰੁਧਾਹਾਰ।
ਮੰਦ ਅਗਧਿ ਬਯਾਮ ਕਰਣੇ, ਮਿਥਿਆ ਜੁ ਬਿਹਾਰ।
ਮਾਖ ਦਧ ਗੁੜ ਮਾਸ ਖਾਵੈ, ਬਾਇ ਪ੍ਰੇਰਤ ਆਮ।
ਮਿਲਤ ਕਫ ਕੋ ਜਾਨ ਲੱਛਨ, ਆਮ ਉਤਪਤ ਕਾਮ ॥੨੦੫॥

ਦੁੱਧ, ਮਛਲੀ, ਚੀਕਣੇ ਖਾਣੇ ਅਰ ਵਿਰੁਧ ਭੋਜਨ ਅਗਨੀ ਦੀ ਮੰਦਤਾ, ਕਸਿਤ੍ਹਾਂ ਕਰਨੀਆਂ, ਹੋਰ ਮਿਥਯਾ ਵਿਹਾਰ ਆਦਿ, ਮਾਂਹ;ਦਹੀਂ ਗੁੜ, ਮਾਸ ਖਾਣੇ ਕਰਕੇ ਵਾਯੂ ਦੀ ਪ੍ਰੇਰੀ ਹੋਈ, ਆਮ, ਕਫ

Digitized by Panjab Digital Library | www.panjabdigilib.org

ਨਾਲ ਮਿਲਕੇ ਆਮ ਬਾਤ ਦੀ ਉਤਪਤੀ ਕਰ ਦੇਵੇ ਹੈ ॥੨੦੫॥

ਆਮ ਬਾਤ ਲੱਛਣ—ਚੌਪਈ

ਅੰਗ ਮਰਦ ਅਰੁਚਿ ਤ੍ਰਿਟ ਤਾਪ। ਆਲਸਾ ਦੇਹੀ ਭਾਰੀ ਆਪ।
ਸੋਫ ਦੇਹ ਅਰ ਪਚਤ ਨ ਅੰਨ। ਅਕਰੀ ਦੇਹੀ ਲਛਨ ਮੰਨ ॥੨੦੬॥
ਬਾਤ ਅਧਿਕ ਤੇ ਹੋਤ ਅਫਾਰਾ। ਪਿਤ ਅਧਿਕ ਤੇ ਦਾਹਿ ਬਿਕਾਰਾ।
ਕਫ ਤੇ ਭਾਰੀ ਆਕਰ ਅੰਗ। ਤੀਨ ਦੋਖ ਤੇ ਤੀਨੋ ਰੰਗ ॥੨੦੭॥

ਅੰਗ ਦਲੇ ਮਲੇ, ਅੰਨ ਨੂੰ ਦਿਲ ਨਾ ਕਰਨਾ, ਪਯਾਸ, ਤਾਪ, ਆਲਸ, ਦੇਹ ਵਿਖੇ ਭਾਰੀਪਨ, ਸਰੀਰ ਪਰ ਸੋਜ, ਅੰਨ ਨਾਂ ਪਚਣਾ ਤੇ ਦੇਹ ਆਕੜੀ ਜੇਹੀ ਰਹਿਣੀ, ਇਹ ਆਮ ਬਾਤ ਦੇ ਲੱਛਣ ਹੁੰਦੇ ਹਨ ॥੨੦੬॥

ਜੇ ਕਦੇ ਆਮ ਬਾਤ ਵਿਖੇ ਬਾਤ ਅਧਿਕ ਹੋਵੇ ਤਾਂ ਅਫਾਰਾ ਪੈਦਾ ਹੋਵੇ। ਜੇ ਪਿੱਤ ਅਧਿਕ ਹੋਵੇ ਤਾਂ ਦਾਹ (ਸੜਨ) ਹੁੰਦੀ ਹੈ, ਜੇਕਰ ਕਫ ਅਧਿਕ ਹੋਵੇ ਤਾਂ ਭਾਰੀਪਨ, ਅਤੇ ਤ੍ਰਿਦੋਖ ਦੀ ਅਧਿਕਤਾ ਹੋਵੇ ਤਾਂ ਤਿੰਨਾ ਦੇ ਲੱਛਣ ਇਸ ਵਿਖੇ ਪਾਏ ਜਾਂਦੇ ਹਨ ॥੨੦੭॥

ਆਮ ਬਾਤ ਉਪਾਇ—ਦੋਹਰਾ

ਹਿੰਗੁ ਚਵਕ ਬਿੜ ਸੁੰਠ ਕਣ, ਗੂੰਥਕ ਜੀਰਾ ਪਾਇ।
ਭਾਗੋਤਰ ਪੀਸੀ ਭਖੋ, ਆਮ ਬਾਤ ਮਿਟ ਜਾਇ ॥੨੦੮॥

੬੬੯—ਹਿੰਙ, ਵਚ, ਵਿੜ ਲੂਣ, ਸੁੰਢ, ਮਘ, ਪਿਪਲਾਮੂਲ ਤੇ ਜੀਰਾ ਇਹ ਸਭ ਉਤਰਦਾ ਭਾਗ ਅਰਥਾਤ ਪਹਿਲੀ ਨਾਲੋਂ ਦੂਜੀ ਦੂਣੀ, ਦੂਜੀ ਨਾਲੋਂ ਤੀਜੀ ਤੀਊਣੀ, ਇਸ ਢੰਗ ਨਾਲ ਲਵੇ, ਫਿਰ ਪੀਸ ਛਾਣ ਚੂਰਣ ਕਰੇ, ਅਰ ਫੱਕੇ ਤਾਂ ਆਮ ਬਾਤ ਨਾਸ਼ ਹੋਵੇ ॥੨੦੮॥

ਬੀਰਸਿੰਘਾਵਿਲੋਕਾਤ—ਚੌਪਈ

ਸੰਠ ਕਟਾਰੀ ਪਾਠਾ ਕਣਾ। ਗਜ ਕ੍ਰਿਸ਼ਨਾ ਹਰੜੇ ਘਨ ਭਣਾ।
ਜੀਰਾ ਗੂੰਥਕਿ ਚਿਤ੍ਰਕ ਠਾਨ। ਚੂਰਨ ਕੀਜੈ ਬਸਨੈ ਛਾਨ ॥੨੦੯॥
ਉਸਨ ਨੀਰ ਸੋ ਖਾਵਨ ਦੇਇ। ਆਮ ਬਾਤ ਕਾ ਨਾਸ ਕਰੇਇ।
ਬੀਰ ਸਿੰਘ ਅਵਲੋਕੈ ਸਾਖ। ਕਹਤ ਮੇਘ ਮੈਂ ਈਹਾਂ ਦਾਖ ॥੨੧੦॥

੬੭੦—ਸੁੰਢ, ਕੰਡਯਾਰੀ, ਪਾਠਾ, (ਪਲਾਹਜੜੀ), *ਮਘ, ਹੋਰ ਲੰਬੀ ਮਘ, ਹਰੜ, ਮੋਥਾ, ਜੀਰਾ, ਪਿਪਲਾਮੂਲ ਤੇ ਚਿੱਤ੍ਰਾ, ਸਮਾਨ ਭਾਗ ਲੈਕੇ ਪੀਸ ਛਾਣਕੇ ਚੂਰਨ ਕਰੇ। ਗਰਮ ਜਲ ਨਾਲ ਖਾਏ ਤਾਂ ਆਮ ਬਾਤ ਨਾਸ ਕਰੇ ॥੨੦੯॥੨੧੦॥

ਚੂਰਣ—ਦੋਹਰਾ

---

*ਮਘ, ਛੋਟੀ ਹੁੰਦੀ ਹੈ। ਲੰਬੀ ਮਘ ਗਜ ਪੀਪਲੀ ਨੂੰ ਆਖਦੇ ਹਨ ॥

Digitized by Panjab Digital Library | www.panjabdigilib.org

ਸੁੰਠ ਬੜਿੰਗੈ ਦਾਰੁ ਲੈ, ਹਰੜ ਉਸਨ ਦੈ ਨੀਰ।
ਆਮ ਬਾਤ ਕਾ ਨਾਸ ਹੁਇ,ਕਟਿ ਬਾਤੈ ਮਿਟ ਪੀਰ ॥੨੧੧॥

੯੭੧-ਸੁੰਢ, ਬਾਇਬੜਿੰਗ, ਦੇਵਦਾਰ, ਹਰੜ ਦੀ ਛਿੱਲ ਪੀਹਕੇ ਗਰਮ ਜਲ ਨਾਲ ਫੱਕੇ ਤਾਂ ਆਮ ਬਾਤ, ਹੋਰ ਕਮਰ ਦਰਦ ਨੂੰ ਭੀ ਸਰੇਸ਼ਟ ਹੈ ॥੨੧੧॥

ਚੌ:-ਮਰਚ ਇੰਦ੍ਰ ਜਵ ਦਾਰ ਬੜਿੰਗ। ਏਰੰਡ ਤ੍ਰਿਵੀ ਪਤੀਸ ਜੁ ਅੰਗ।
ਦਾਰੁਨਿਸਾ ਸਭ ਚੂਰਨ ਕਰੋ। ਉਸਨ ਨੀਰ ਸੋ ਆਮ ਸੁ ਹਰੋ॥੨੧੨॥

੯੭੨-ਮਿਰਚ, ਇੰਦ੍ਰ ਜੌਂ, ਦੇਵਦਾਰ, ਬਾਇਬੜਿੰਗ, ਏਰਿੰਡਗਿਰੀ, ਤ੍ਰਿਵੀ, ਪਤੀਸ ਤੇ ਦਾਰ ਹਲਦੀ, ਸਭਨਾਂ ਦਾ ਚੂਰਣ ਕਰਕੇ ਗਰਮ ਜਲ ਨਾਲ ਖਾਵੇ ਤਾਂ ਆਮ ਬਾਤ ਜਾਵੇ ॥੨੧੨॥

ਗੁਗਲ ਹਰੜੈ ਅਰੁ ਨਿਸਦਾਰ। ਇਟਸਿਟ ਛਿੰਨਾ ਕ੍ਵਾਥ ਸੁਕਾਰ।
ਗਊਮੂਤ ਸੋ ਸੋਜ ਸੁ ਆਮ। ਬਾਤ ਪੀਰ ਕਟਿਕੀ ਮਿਟਤਾਮ ॥੨੧੩॥

੯੭੩-ਗੁਗਲ. ਹਰੜ, ਦਾਰ ਹਲਦੀ, ਇਟਸਿਟ ਤ ਗਿਲੋਯ, ਕਾੜ੍ਹਾ ਗਊ ਮੂਤ੍ਰ ਵਿਚ ਕਰੇ, ਪੀਵੇ ਤਾਂ ਆਮ ਬਾਤ, ਕਮਰ ਦਰਦ, ਸੋਜ, ਸਭੇ ਨਾਸ ਕਰੇ ॥੨੧੩॥

(ਵੰਗਸੇਨਾਤ)-ਚੌਪਈ

ਇਰਿੰਡ ਬੀਜ ਕੀ ਗਿਰੀ ਨਿਕਾਰ। ਗਊ ਦੂਧ ਸੋਂ ਖੀਰ ਜੁ ਕਾਰ।
ਖਾਵਤ ਕਟਕੀ ਬਾਤ ਨਸਾਇ। ਮੂਲ ਨ ਰਹੈ ਆਮ ਜੋ ਬਾਇ ॥੨੧੪॥

੯੭੪-ਇਰਿੰਡ ਦੇ ਬੀਆਂ ਦੀ ਗਿਰੀ; ਗੋਕ ਦੁੱਧ ਵਿਚ ਖੀਰ ਰਿੰਨ੍ਹ ਕੇ ਖਾਵੇ ਤਾਂ ਆਮ ਬਾਤ, ਕਮਰ ਦਰਦ ਨਾਸ ਕਰੇ ॥੨੧੪॥

ਦੋਹਰਾ

ਬਚ ਮਿਸਿ ਰਾਮਠ ਸੇਂਧਵਾ, ਉਸਨ ਨੀਰ ਸੋਂ ਖਾਇ।
ਕਟਿ ਪੀਰਾ ਅਰ ਆਮਹੀ, ਬਾਤ ਛਿਨਕ ਮਹਿ ਜਾਇ ॥੨੧੫॥

੯੭੫-ਵਚ, ਸੌਂਫ, ਹਿੰਙ ਤੇ ਸੇਂਧਾ ਨਿਮਕ ਪਾਕੇ ਗਰਮ ਪਾਣੀ ਨਾਲ ਫੱਕੇ ਤਾਂ ਕਮਰ ਦਰਦ, ਆਮ ਬਾਤ ਨਿਸਚੇ ਜਾਵੇ ॥੨੧੫॥

ਅੰਮ੍ਰਿਤਾਦਿ ਚੂਰਣ (ਵੰਗਸੇਨਾਤ)-ਚੌਪਈ

ਛਿੰਨਾਂ ਨਾਗਰ ਗੋਰਖੁ *ਮੁੰਠ। ਤਿਕਤਾ ਬਚ ਬਰਣਾ ਲੈ ਗੁੰਠ।
ਕ੍ਰਿਸਨਾ ਚੂਰਨ ਕਰੋ ਬਨਾਇ। ਆਰਨਾਲ ਸੌਂ ਏਹ ਪਿਵਾਇ ॥੨੧੬॥
ਆਮ ਬਾਤ ਕੀ ਪੀਰਾ ਮਿਟੈ। ਜਿਮ ਬਨਿਤਾ ਸੰਗ ਬਲੁ ਹੈ ਘਟੈ।
ਤੈਸੇ ਰੋਗ ਗਵਾਵੈ ਸਹੀ। ਬੰਗਸੈਨ ਤੇ ਮੇਘੈ ਕਹੀ ॥੨੧੭॥

Digitized by Panjab Digital Library | www.panjabdigilib.org

੯੭੬-ਗਿਲੋਯ, ਸੁੰਢ, ਭੱਖੜਾ, ਮੁੰਠ *ਕਹੀਏ ਮੁੰਡੀ ਬੂਟੀ, ਕਟੁਕੀ, ਵਚ, ਬਰੁਣੇ ਦੀ ਛਿਲ ਤੇ ਮਘ ਪਾਕੇ ਚੂਰਣ ਕਰੇ, ਅਰ ਕਾਂਜੀ ਨਾਲ ਫੱਕੇ, ਆਮਬਾਤ ਦੀ ਪੀੜ ਤੁਰਤ ਦੂਰ ਹੋਏ, ਜਿਸਤਰ੍ਹਾਂ ਇਸਤ੍ਰੀ ਦੀ ਸੰਗਤ ਨਾਲ ਬਲ ਟੁੱਟ ਜਾਂਦਾ ਹੈ ।।੨੧੬।।੨੧੭।।

ਅਲੰਬੁਖਾਦਿ ਚੂਰਣ (ਵੰਗਸੇਨਾਤ)-ਚੌਪਈ

ਅਲੰਬੁਖਾ ਗੋਖਰ ਤ੍ਰਿਫਲਾ ਜਾਨ। ਨਾਗਰ ਛਿੰਨਾ ਆਛੀ ਠਾਨ।
ਯਥੋਤਰੁ ਇਸ ਭਾਗ ਮਗਾਇ। ਇਨਕੇ ਸਭ ਸਮ ਕ੍ਰਿਸਨਾ ਪਾਇ।੨੧੮।
ਰਹੀਂ ਮਤਸ ਵਾ ਤੱਕ੍ਰ ਸੁਰਾ। ਵਾ ਕਾਂਜੀ ਜਲ ਉਸਨੈ ਧਰਾ।
ਆਮ ਬਾਤ ਕਾ ਨਾਸ ਕਰਾਇ। ਬੰਗਸੈਨ ਤੇ ਭਾਖਜਾ ਲਯਾਇ।।੨੧੯।।

੯੭੭-‡ਗੋਰਖਮੁੰਡੀ ੧ ਭਾਗ, ਭਖੜਾ ੨ ਭਾਗ, ਤ੍ਰਿਫਲਾ ੩ ਭਾਗ, ਸੁੰਢ ੪ ਭਾਗ, ਤੇ ਗਿਲੋਯ ੫ -ਾਗ. ਇਸਤਰਾਂ ਉਤ੍ਰਦਾ ਭਾਗ ਲਵੇ। ਸਭ ਦੇ ਸਮਾਨ ਫਿਰ ਮਘਾਂ ਪਾਵੇ, ਪੀਸ ਛਾਣਕੇ ਚੂਰਨ ਕਰ ਰੱਖੇ। ਖਾਣ ਵਕਤ ਦਹੀਂ ਦਾ ਮੱਠਾ, ਲੱਸੀ, ਸ਼ਰਾਬ, ਕਾਂਜੀ ਯਾਂ ਤੱਤੇ ਜਲ ਨਾਲ ਖਾਵੇ. ਤਾਂ ਆਮ ਬਾਤ ਦਾ ਨਿਸਚੇ ਨਾਸ ਕਰੇ ।।੨੧੮।।੨੧੯।।

ਅਲੰਬੁਖਾਦਿ ਚੂਰਣ-ਚੌਪਈ

ਅਲੰਬੁਖਾ ਗੋਖੁਰ ਗਿਲੋਇ। ਬ੍ਰਿਧ ਦਾਰੁ ਪੀਪਰ ਘਨ ਢੋਇ।
ਤ੍ਰਿਵਤਾ ਬਰਨਾ ਇਟਸਿਟਪਾਇ। ਤ੍ਰਿਫਲਾ ਨਾਗਰ ਸਭੈ ਪਿਸਾਇ।੨੨੦।
ਆਰਨਾਲ ਤੱਕ੍ਰ ਵਾ ਲੇਇ। ਇਨਕੇ ਸੰਗੇ ਚੂਰਣ ਦੇਇ।
ਆਮ ਬਾਤ ਅਰੁ ਜਾਵਤ ਕਾਸ। ਸੰਧਪੀਰ ਅਰੁ ਸੋਜ ਬਿਨਾਸ ।।੨੨੧।

੯੭੮-ਗੋਰਖਮੁੰਡੀ ਭਾਵ ਬੜੀ ਮੁੰਡੀ, ਭਖੜਾ, ਗਿਲਯ, ਵਿਧਾਰਾ, ਮਘ, ਮਥਾ, ਤ੍ਰਿਵੀ, ਬਰ ਇਟਸਿਟ, ਤ੍ਰਿਫਲਾ ਤੇ ਸੁੰਢ, ਸਭੇ ਸਮਾਨ ਪੀਹਕ ਚੂਰਣ ਕਰੇ। ਕਾਂਜੀ ਨਾਲ ਅਥਵਾ ਲੱਸੀ ਨਾਲ ਖੁਆਵੇ, ਇਸਦੇ ਖਾਣ ਨਾਲ ਆਮ ਬਾਤ, ਖਾਂਸੀ, ਜੋੜਾਂ ਦੀ ਦਰਦ ਅਰ ਸੋਖ ਦਾ ਨਾਸ ਹੋਵੇ, ਇਹ ਚੂਰਨ ਬਹੁਤ ਉਤਮ ਹੈ ।।੨੨੦।।੨੨੧।।

ਬੈਸ੍ਵਾਨਰ ਚੂਰਨ (ਵੰਗਸੇਨਾਤ)-ਸ਼ੰਕਰ ਛੰਦ

ਦੋ ਭਾਗ ਸੇਂਧਾ ਦੋ ਜਵਾਨੀ, ਤੀਨ ਭਾਗ ਅਜਮੋਦ।
ਪਾਂਚ ਭਾਗ ਸੁ ਨਾਗਰੰ, ਲੈ ਹਰੜ ਭਾਗ ਵੀਸੋਦ।
ਪੀਸ ਚੂਰਨ ਖਾਇ ਰੋਗੀ, ਤੱਕ੍ਰ ਸੋ ਘ੍ਰਿਤ ਸੰਗ।

---

*ਏਥੇ ਮੁੰਠ, ਮੰਡੀ ਹੈ, ਪਾਠ ਮੁੰਠ ਪੜ੍ਹਕੇ ਅਗਯਾਨੀਆਂ ਨੇ ਸੁੰਠ ਹੀ ਅਰਥ ਕੀਤਾ ਹੈ, ਸੋ ਵੰਗਸੇਨ ਪ੍ਰਿ: ੪੦੩ ਦੇਖਕੇ ਤਸੱਲੀ ਕਰ ਲੋ।

‡ਅਲੰਬੁਖਾ-ਮੁੰਡੀ ਬੂਟੀ ਹੈ, ਦੇਖੋ ਭਾ: ਪ੍ਰ: ਪ੍ਰਿ: ੨੨੧, ਦੇਖੋ ਚਕਿਤਸਾ ਕੋਸ਼। ਹੋਰ ਦੇਖੋ ਨਿਰਮਲ ਕੋਸ਼। ਹੋਰ ਦੇਖੋ ਟੀਕਾ ਵੰਗਸੇਨ।

Digitized by Panjab Digital Library | www.panjabdigilib.org

ਆਰਨਾਲ ਵ ਉਸਨ ਨੀਰੈ, ਆਮ ਬਾਤ ਸੁ ਭੰਗ ॥੨੨੨॥
ਗੁਲਮ ਗ੍ਰਹਿਨੀ ਹੀਯਾ ਗਦ ਸਭ, ਬਸਤ ਜਾਨੁ ਗੁਦਾਨਿ।
ਗ੍ਰੰਥ ਸੂਲ ਅਨਾਹ ਅਰਸਾ, ਫਿਹਾ ਬਾਤ ਮਿਟਾਨਿ।
ਜਠਰ ਰੋਗੰ ਬਿਬਿਧ ਭਾਗੈ, ਲਗੈ ਭੂਖ ਅਪਾਰ।
ਕਹਯੋ ਬੈਸਵਾ ਨਰ ਮੁਨੀਸ੍ਵਰ, ਆਮ ਬਾਤ ਕੁਠਾਰ ॥੨੨੩॥

੬੭੯-ਸੇਂਧਾ ਲੂਣ ੨ ਭਾਗ, ਜਵੈਣ ੨ ਭਾਗ, ਅਜਮੋਦ ੩ ਭਾਗ, ਸੁੰਢ ੫ ਭਾਗ ਤੇ ਹਰੜ ਦੀ ਛਿੱਲ ੨੦ ਭਾਗ, ਪੀਹਕੇ ਚੂਰਣ ਕਰੇ,ਅਰ ਰੋਗੀ ਲੱਸੀ, ਘਿਉ, ਕਾਂਜੀ, ਅਥਵਾ ਗਰਮ ਜਲ ਨਾਲ ਖਾਵੇ ਤਾਂ ਆਮ ਬਾਤ, ਪੇਟ ਦਾ ਗੋਲਾ, ਸੰਗ੍ਰਹਿਣੀ, ਹਿਰਦੇ ਰੋਗ, ਮੂਤਰ ਰਸਤੇ ਦੇ, ਗੁਦਾ ਦੇ ਰੋਗ, ਜੋੜਾਂ ਦੀ ਦਰਦ, ਅਫਾਰਾ ਬਵਾਸੀਰ, ਲਿੱਫ ਤੇ ਬਾਦੀ ਹੋਰ ਸਭ ਤਰ੍ਹਾਂ ਦੇ ਪੇਟ ਦੇ ਰੋਗ ਦੂਰ ਹੁੰਦੇ ਹਨ ਅਰ ਭੁਖ ਵਧਦੀ ਹੈ, ਇਹ ਚੂਰਣ ਕੀ ਬੈਸ੍ਵਾਨਰ ਮੁਨੀ ਨੇ ਆਮ ਬਾਤ ਪਰ ਬੱਜਰ ਰਚਿਆ ਹੈ ॥ ੨੨੨ ॥੨੨੩ ॥

(ਵੈਦਜੀਵਨਾਤ)-ਦੋਹਰਾ

ਦਸੇ ਮੂਲ ਕਾ ਕ੍ਵਾਥ ਕਰ, ਤੇਲ ਇਰਿੰਡਹਿ ਪਾਇ।
ਪੀਵਤ ਆਮ ਬਿਕਾਰ ਕੋ, ਤੁਰਤੈ ਦੇਇ ਗਵਾਇ ॥੨੨੪॥
ਸੁੰਠ ਕ੍ਵਾਥ ਮੈ ਪਾਇ ਪਿਵ, ਆਨ ਇਰੰਡ ਕਾ ਤੇਲ।
ਆਮ ਬਾਤ ਕੁਖ ਸੂਲ ਕੋ, ਤੁਰਤੈ ਦੇਵੈ ਠੇਲ ॥੨੨੫ ॥

੬੮੦-ਦਸਾ ਮੂਲਾਂ ਦਾ ਕਾੜ੍ਹਾ ਕਰਕੇ ਵਿਚ ਅਰਿੰਡ ਦਾ ਤੇਲ ਪਾਕੇ ਪੀਵੇ ਤਾਂ ਆਮ ਵਿਕਾਰ ਜਾਵੇ ॥੨੨੪॥

੬੮੧-ਸੁੰਢ ਦਾ ਕਾੜ੍ਹਾ ਕਰਕੇ ਉਸ ਵਿਚ ਅਰਿੰਡ ਦਾ ਤੇਲ ਪਾਇ ਪੀਵੇ ਤਾਂ ਆਮ ਬਾਤ ਨਾਸ ਕਰੇ ॥੨੨੫॥

ਦੋਹਰਾ-ਸੁੰਠਿ ਰਾਸਨਾ ਮੂਲ ਦਸ, ਛਿੰਨਾ ਕੁਟਜ ਸੁਰਦਾਰ।
ਕ੍ਵਾਥੀ ਤੇਲੁ ਇਰੰਡ ਧਰ, ਆਮ ਬਾਤ ਸਭ ਟਾਰ ॥੨੨੬॥

੬੮੨-ਸੁੰਢ, ਰਾਸਨਾ, ਦਸ ਮੂਲ, ਗਿਲੋਯ, ਦੇਵਦਾਰ ਤੇ ਇੰਦ੍ਰ ਜੌਂ ਕਾੜ੍ਹਾ ਕਰਕੇ ਉਸ ਵਿਚ ਅਰਿੰਡ ਤੇਲ ਮਿਲਾਇਕੇ ਪੀਵੇ ਤਾਂ ਆਮ ਬਾਤ ਨਾਸ ਹੋਵੇ ॥੨੨੬॥

ਪ੍ਰਮਾਣਕਾ-ਛੰਦ

ਇਰੰਡ ਤੇਲ ਦੇ ਕਰੋ। ਬਿਨਾਸ ਆਮ ਕੋ ਕਰੋ।
ਪਿਲਾਇ ਪ੍ਰਾਤ ਊਠ ਕੈ। ਸੁ ਵਾਤ ਜਾਤ ਰੂਠ ਹੈ ॥੨੨੭॥

੬੮੩-ਕੇਵਲ ਪ੍ਰਾਤਾਕਾਲ ਅਰਿੰਡ ਦਾ ਤੇਲ ਹੀ ਪਿਲਾਵੇ ਤਾਂ ਆਮ ਬਾਤ ਰੁਸ ਬਹੇ, ਭਾਵ ਜਾਂਦੀ ਰਹੇ ॥੨੨੭॥

ਗਿਲੋਇ ਲੈ ਮਹੌਖਧੀ। ਜੁ ਕ੍ਵਾਥ ਪੀਤ ਸੌਖਧੀ।

Digitized by Panjab Digital Library | www.panjabdigilib.org

ਸੁ ਜਾਤ ਆਮ ਬਾਤ ਹੀ। ਕਹੇ ਜੁ ਮੇਘ ਖਯਾਤ ਹੀ ॥੨੨੮

੬੯੪–ਗਿਲੋਯ ਤੇ ਸੁੰਢ ਸੁਖਾਲੀ ਗਲ ਹੈ ਕਿ ਇਨ੍ਹਾਂ ਦਾ ਕਾੜ੍ਹਾ ਪੀਵੇ ਆਮ ਬਾਤ ਨਾ ਕਰੇ ॥੨੨੮॥

ਨਰਾਜ ਛੰਦ

ਮਹੌਖਧੀ ਜੁ ਖਾਵਹੀ। ਸੁ ਟੰਕ ਚਾਰ ਲਜਾਵਹੀ।
ਸੁ ਆਰ ਨਾਲ ਸੰਗ ਹੀ। ਜੁ ਆਮ ਬਾਤ ਭੰਗ ਹੀ ॥੨੨੯॥

੬੯੫–ਨਿਰੀ ਸੁੰਢ ਚਾਰ ਟੰਕ ਭਾਵ ੧੬ ਮਾਸੇ ਨਿਤ ਖਾਵੇ, ਪਿਛੋਂ ਕਾਂਜੀ ਪੀਵੇ ਤਾਂ ਭੀ ਆਮ ਬਾਤ ਨਾਂ ਰਹੇ ॥੨੨੯॥

ਹਰੀਤਕੀ ਸੁ ਟੰਕ ਹੀ। ਇਰੰਡ ਤੇਲੁ ਅੰਕ ਹੀ।
ਸੁ ਜਾਤ ਆਮ ਬਾਤ ਹੀ। ਜੁ ਖਾਇ ਦਯੋਸ ਸਾਤ ਹੀ ॥੨੩੦॥

੬੯੬–ਟੰਕ ਪ੍ਰਮਾਣ ਹਰੜ, ਅੰਦਾਜ਼ ਮਾਫਕ ਅਰਿੰਡ ਦਾ ਤੇਲ ਪਾਕੇ ਕੋਈ ਪੀਵੇ ੭ ਦਿਨ ਤਕ ਆਮ ਬਾਤ ਜਾਂਦੀ ਰਹੇ ॥੨੩੦॥

ਦੋਹਰਾ–ਸਟੀ ਸੁੰਠ ਕੋ ਪੀਸਕੈ, ਆਛੀ ਕਪਰ ਛਨਾਇ।
ਕ੍ਰਾਥ ਕਰੋ ਇਟ ਸਿਟ ਗਹੀ, ਤਾਂਕੇ ਸੰਗ ਖੁਵਾਇ ॥੨੩੧॥
ਆਮ ਬਾਤ ਕਾ ਨਾਸ ਹੁਇ,ਕਟਿ ਕੀ ਪੀਰ ਮਿਟਾਇ।
ਸੂਲ ਸੰਧ ਅਰੁ ਸੋਜ ਸਭ, ਛਿਨ ਮੈ ਜਾਵਤ ਸਾਇ ॥੨੩੨॥

੬੯੭–ਕਚੂਰ ਤੇ ਸੁੰਢ, ਪੀਹਕੇ ਕਪੜਛਾਣ ਕਰੇ, ਇਟਸਿਟ ਦੇ ਕਾੜ੍ਹੇ ਨਾਲ ਦਿਵਾਵੇ ਤਾਂ ਆਮਬਾਤ, ਲਕ ਦੀ ਪੀੜ, ਜੋੜਾਂ ਦਾ ਦਰਦ, ਸੋਤ ਸਭ ਜੜ੍ਹ ਤੋਂ ਨਾਸ ਕਰੇ ॥੨੩੧॥੨੩੨॥

ਆਮ ਬਾਤ ਪਥ–ਸ਼ੰਕਰ ਛੰਦ

ਸ੍ਵੇਦ ਲੰਘਨ ਸਨੇਹ ਪਾਨੰ, ਰੂਖ ਬਸਤ ਜੁ ਰੇਚ।
ਲੇਪ ਬਾਤ ਸਲੇਖਮਾ, ਹਰਿ ਲਸਨ ਸਿਗ੍ਰ ਉਪੇਚ।
ਪਟੋਲ ਏਰੰਡ ਤੇਲ ਕੁਲਥਾ, ਜੀਰਨੰ ਭੈਖਸਾਲ।
ਕਾਰਬੇਲੰ ਬੈਂਗਨੰ ਜਲ, ਉਸਨ ਦੀਪਨ ਲਾਲ ॥ ੨੩੩ ॥

੬੯੮–ਪਸੀਨਾ, ਬ੍ਰਤ, ਤੇਲ ਪਿਲਾਨਾ, ਰੁਖਾਖਾਣਾ, ਪਿਚਕਾਰੀਆਂ ਕਰਨੀਆਂ, ਦਸਤ ਦੇਣੇ, ਲੇਪ, ਬਾਤ ਕਫ ਨਾਸਕ ਉਪਾਓ, ਲਸਨ, ਸੁਹਾਣਣਾ, ਇਟ ਸਿਟ, ਪਟੋਲ, ਅਰਿੰਡ ਤੇਲ, ਕੁਲਥ, ਪੁਰਾਣ ਚਾਵਲ, ਕਰੇਲੇ, ਵਤਾਊਂ, ਗਰਮ ਜਲ ਖਾਣੇ ਹੋਰ ਦੀਪਨ ਤੇ ਪਾਚਨ, ਇਹ ਸਭੋ ਸੇਵਨੇ ਪਥ ਹਨ ॥ ੨੩੩ ॥

ਕੁਪੱਥ–ਪਰਹਾ

Digitized by Panjab Digital Library | www.panjabdigilib.org

ਸਫਰੀ ਦਧਿ ਗੁੜ ਖੀਰ, ਮਾਸ ਏ ਜਾਨਿਯੈ।
ਦੁਸਟ ਨੀਰ ਸਮੀਰ, ਜੁ ਪੂਰਬ ਠਾਨਿਯੈ।
ਅੰਨ ਬਿਰੁਧਾ ਹਾਰ, ਪੀਠ ਕੋ ਖਾਵ ਹੈ।
ਅਰੁ ਬਿਸਟੰਭੀ ਤਯਾਗ, ਕੁਪਥ ਕਹਾਵ ਹੈ॥ ੨੩੪॥

੬੮੯-ਮੱਛੀ, ਦਹੀਂ, ਗੁੜ, ਦੁੱਧ, ਮਾਂਸ, ਮਾੜਾਪਾਣੀ, ਪੂਰੇ ਦੀ ਪੌਣ, ਵਿਰੁੱਧ ਭੋਜਨ, ਪੀਠੀ ਅਰ ਕਬਜ਼ੀ ਕਾਰਕ ਪਦਾਰਥ ਖਾਣੇ ਕੁਪੱਥ ਹਨ ।।੨੩੪।;

ਅਥ ਸੂਲ ਰੋਗ ਨਿਦਾਨ—ਦ੍ਵੈਯਾਛੰਦ

ਅਤ ਜਲੁ ਪਾਨੰ ਤਿਯ ਕਾ ਸੰਗੰ, ਰਾਤ ਜਗੈ ਦਿਨ ਸੋਵੈ।
ਬੀਰਜ ਮੂਤਰ ਬੰਧੈ ਬਾਤੈ, ਮੇਘ ਸੀਤ ਤਿਸੁ ਹੋਵੈ।
ਕੋਦਾ ਅਰੁਹਰਿ ਮਟੂਰ ਮੂੰਗ ਤੇ, ਰੂਖਾ ਖਾਇ ਜੁ ਕੋਈ।
ਦੂਧ ਮਤਸ ਸੂਕਾ ਪਲੁ ਖਾਵਤ, ਆਠ ਸੂਲ ਉਪਜੋਈ ॥੨੩੫॥

ਬਹੁਤ ਪਾਣੀ ਪੀਵੇ, ਇਸਤ੍ਰੀ ਨਾਲ ਅਧਿਕ ਜੁਟੇ, ਰਾਤ ਨੂੰ ਜਾਗਦਾ ਰਹੇ, ਦਿਨੇ ਸੁੱਤਾ ਰਹੇ, ਬੀਰਜ, ਮੂਤ੍ਰ, ਹਵਾ, ਇਨ੍ਹਾਂ ਨੂੰ ਰੋਕੇ, ਸੀਤ ਲਗਣਾ, ਕੋਦਾ, ਤੋਰ, ਮਟਰ, ਮੂੰਗੀ, ਅਜੇਹੇ ਅੰਨ ਅਰ ਰੁੱਖੇ ਬਹੁਤੇ ਖਾਣੇ, ਦੁੱਧ, ਮਛੀ ਅਤੇ ਸੁਕਾਏ ਮਾਸ ਖਾਂਵੇ ਤਾਂ ਅੱਠ ਪ੍ਰਕਾਰ ਦਾ ਸੂਲ ਉਤਪੰਨ ਹੋ ਆਉਂਦਾ ਹੈ ।।੨੩੫।।

ਬਾਤ ਸੂਲ ਲਛਣ—ਚੌਪਈ

ਹ੍ਰਿਦੈ ਸੂਲ ਤ੍ਰਿਕ ਪੀਠੈ ਪੀਰ। ਮੂਤ੍ਰਾਸੈ ਪਸਲੀ ਦੁਖ ਬੀਰ।
ਕਬਹੂੰ ਸਾਂਤ ਜੁ ਕਬਹੂੰ ਕੋਪ। ਬਾਤ ਸੂਲ ਕੇ ਲਛਣ ਓਪ ॥੨੩੬॥

ਹਿਰਦੇ, ਤ੍ਰਿਕੁਲ, ਪਿੱਠ, ਮੂਤ੍ਰਾਸ਼ਯ, ਦੋਹਾਂ ਪਸਲੀਆਂ ਇਨ੍ਹਾਂ ਵਿਚ ਬਹੁਤਾ ਸੂਲ ਹੋਵੇ, ਕਦੇ ਹਟ ਜਾਵੇ ਕਦੇ ਵਧੇ, ਇਹ ਬਾਤ ਸੂਲ ਦੇ ਚਿੰਨ੍ਹ ਹੁੰਦੇ ਹਨ ।।੨੩੬।।

ਪਿਤ ਸੂਲ ਲੱਛਣ—ਚੌਪਈ

ਤ੍ਰਿਖਾ ਦਾਹ ਅਰੁ ਆਰਤ ਮੋਹੁ। ਨਾਭ ਬਿਖੈ ਦੁਖ ਮੂਰਛਾ ਰੋਹੁ।
ਭਰਮ ਪ੍ਰਸੀਨਾ ਆਧੀ ਰਾਤ। ਕੁਪਤਪਿਤ ਏ ਸੂਲ ਬਿਖਯਾਤ ॥੨੩੭॥

ਪਜਾਸ, ਸੜਨ, ਅਚਵੀ, ਅਗਜਾਨ ਹੋਵੇ, ਨ ਭੀ (ਧੁੰਨੀ) ਵਿਚ ਅਧਿਕ ਪੀੜ ਹੋਵੇ,ਭ੍ਰਮ ਪਸੀਨਾ ਅਰ ਅਧੀ ਰਾਤ ਨੂੰ ਸੂਲ ਉਠੇ ਸੋ ਇਹ ਸੂਲ ਪਿਤ ਕੋਪ ਤੇ ਹੁੰਦਾ ਹੈ ।।੨੩੭।।

ਕਫ ਸੂਲ ਲੱਛਣ—ਚੌਪਈ

ਖਾਂਸੀ ਜੀਵ ਜੋ ਕੱਚਾ ਰਹੈ। ਮੰਦੁ ਅਗਨਿ ਅਰੁਚਿ ਕੋ ਲਾਹੈ।
ਸਿਰ ਭਾਰੀ ਮੁਖ ਪਰਤੀ ਲਾਲ। ਭੋਜਨ ਪੀਛੈ ਦੁਖ ਕਫ ਭਾਲ ॥੨੩੮॥

Digitized by Panjab Digital Library | www.panjabdigilib.org

ਖਾਂਸੀ ਅਰ ਉਵਾਕ ਜੇਹੇ ਔਣੇ, ਅਗਨਿ ਮਾਰੀ ਜਾਣੀ, ਅੰਨ ਵਲੋਂ ਅਰੁਚੀ, ਸਿਰ ਭਾਰਾ, ਮੂੰਹੋਂ ਲਾਲਾਂ ਵਗਣੀਆਂ, ਖਾਣੇ ਪਿਛੋਂ ਅਧਿਕ ਪੀੜਾ, ਇਨ੍ਹਾਂ ਲੱਛਣਾਂ ਵਾਲਾ ਕਫ ਦਾ ਸੂਲ ਕਿਹਾ ਜਾਂਦਾ ਹੈ ॥੨੩੮॥

ਆਮ ਸੂਲ

ਦੋ ਦੋ ਮਿਲ ਤੇ ਦ੍ਵੰਦਜ ਹੋਇ। ਤੀਨ ਮਿਲੇ ਤੇ ਸੰਨਿ ਸੁ ਜੋਇ।
ਆਮ ਸੂਲ ਸੋ ਆਠਮ ਜਾਨ। ਪੰਡਿਤ ਲਖਿਯੋ ਮਾਧਵ ਠਾਨ॥੨੩੯॥

ਦੋ ਦੋ ਲੱਛਣ ਮਿਲਣ ਤੇ ਦ੍ਵੰਦਜ ਹੁੰਦਾ ਹੈ ਤੇ ਆਮ ਕਰਕੇ ਅਠਵਾਂ ਸੂਲ ਹੁੰਦਾ ਹੈ, ਇਨ੍ਹਾਂ ਦਾ ਨਿਰਨਾ ਯਤੀ ਨਿਦਾਨ ਸਟੀਕ ਵਿਚੋਂ ਦੇਖੋ ॥੨੩੯॥

ਕਫਾਦਿ ਸੂਲਾਂ ਦੇ ਸਥਾਨ—ਦੋਹਰਾ

ਮੂਤ੍ਰਾਸੇ ਹਿਯ ਕੰਠ ਕੁਖ, ਹੋਤ ਸੂਲ ਕਫ ਬਾਤ।
ਹ੍ਰਿਦੈ ਮਾਮ ਕੁਖ ਪਿਤ ਕਫ, ਸੂਲ ਜਾਨੀਓ ਸਾਤ ॥੨੪੦॥
ਪਿਤ ਬਾਤ ਤੇ ਦਾਹ ਜ੍ਵਰ, ਮੂਤ੍ਰਾਸੈ ਦੁਖਵਾਇ।
ਕਫ ਹਿਯ ਪਸੁਲੀ ਕੁਖਿ ਦੁਖ, ਨਾਭਿ ਸੂਲ ਪਿਤ ਭਾਇ॥ ੨੪੧ ॥

ਮੂਤ੍ਰਾਸ਼ਯ, ਹਿਰਦੇ, ਕੰਠ ਅਤੇ ਕੁਖਾਂ ਵਿਖੇ ਕਫ ਬਾਤ ਦਾ ਸੂਲ ਹੁੰਦਾ ਹੈ, ਹ੍ਰਿਦੇ (ਸੀਨੇ), ਨਾਭੀ ਤੇ ਕੁੱਖ, ਪਿਤ ਕਰ ਦਾ ਸੂਲ ਉਠਦਾ ਹੈ। ਪਿਤ ਬਾਤ ਦਾ ਸੂਲ ਦਾਹ ਤਾਪ ਹੋਕੇ ਮੂਤ੍ਰਾਸ਼ਯ ਵਿਚ ਦੁਖ ਦਿੱਦਾ ਹੈ, ਕਫ਼ ਕਰਕੇ ਪਸਲੀਆਂ ਅਤੇ ਕੁੱਖਾਂ ਵਿਚ ਪੀੜ ਤੇ ਪਿਤ ਦੇ ਵਾਧੇ ਕਰਕੇ ਧੁੰਨੀ ਗੁਸੀ ਜਾਂਦੀ ਹੈ ॥੨੪੦॥੨੪੧॥

ਆਮ ਸੂਲ ਲਛਣ—ਪਰਹਾ

ਪੇਟ ਸਬਦ ਜਿਯ ਕੱਚਾ; ਬਮਨ ਜੁ ਭਾਰ ਹੈ।
ਆਕੜ ਅਫਾਰਾ ਲਾਲ, ਬਦਨ ਕਫ ਸਾਰ ਹੈ।
ਕਫ ਕੇ ਰੂਪ ਸਮਾਨ, ਲੱਛਨਾ ਤਾਸ ਹੈ।
ਆਮ ਸੂਲ ਏ ਲਛਨ, ਮਾਧਵ ਭਾਸ ਹੈ ॥੨੪੨॥

ਪੇਟ ਵਿਚ ਗੁੜ ੨ ਸ਼ਬਦ, ਜੀ ਕਚਕਚਾਨਾ, ਓਕਾਰੀ ਦਾ ਭਾਰ ਹੋਣਾ, ਆਕੜ, ਅਫਾਰਾ, ਮੂੰਹ ਪਰ ਲਾਲੀ ਤੇ ਕਫ ਹੋਣੀ, ਹੋਰ ਸਭੇ ਲੱਛਣ ਕਫ ਦੇ ਰੂਪ ਜੇਹੇ ਹੋਣੇ, ਇਹ ਸਭ ਆਮ ਸੂਲ ਦੀਆਂ ਨਿਸ਼ਾਨੀਆਂ ਹਨ ॥੨੪੨॥

ਅਸਾਧ ਲੱਛਨ—ਦੋਹਰਾ

ਤੀਨ ਦੋਖ ਵਾਂ ਸਭ ਮਿਲੈਂ, ਸੋ ਤੇ ਕਹਯੋ ਅਸਾਧ।
ਤਾਂਕੀ ਕ੍ਰਿਯਾ ਨਾ ਹੋ ਸਕੈ, ਕੋ ਗਲ ਪਾਵੈ ਬਜਾਧ ॥੨੪੩॥

Digitized by Panjab Digital Library | www.panjabdigilib.org

ਜਿਸ ਸੂਲ ਵਿਚ ਤ੍ਰਿਦੋਖ ਦੇ ਲੱਛਣ ਤਥਾ ਸਭੇ ਲਛਣ ਮਿਲ ਜਾਣ, ਅਜੇਹਾ ਸੂਲ ਅਸਾਧ ਕਿਹਾ ਗਿਆ ਹੈ ਇਸ ਦਾ ਇਲਾਜ ਨਹੀਂ ਹੋ ਸਕਦਾ, ਐਸੀ ਬਯਾਧੀ ਵੈਦ ਗਲ ਨਾ ਪਾਵੇ ਕਿੰਤੂ ਜਵਾਬ ਦੇ ਦੇਵੇ ॥੨੪੩॥

ਬਾਤ ਸੂਲ ਉਪਾਇ—ਚੌਪਈ

ਸੌਂਚਰ ਬਚ ਅਭਯਾ ਲੈ ਹਿੰਗੁ। ਅਜਮੋਦਾ ਸੇਂਧਾ ਸੇ ਅੰਗ।
ਸਜੀ ਜਵ ਕਾ ਖਾਰ ਮਗਾਇ। ਪੀਸੀ ਕਪੜੇ ਸਾਥ ਛਨਾਇ ॥੨੪੪॥
ਉਸਨ ਨੀਰ ਵਾ ਪਯ ਕੈ ਸੰਗ। ਮਿਟਤ ਸੂਰ ਜੋ ਬਾਈ ਅੰਗ।
ਲਗਤ ਭੂਖ ਮਲ ਕਫ ਕਾ ਨਾਸ। ਕਹਿਤ ਮੇਘ ਏ ਚੂਰਨ ਖਾਸ।੨੪੫।

੯੦੯—ਸੌਂਚਰ ਨਿਮਕ, ਵਚ, ਹਰੜ ਦੀ ਛਿੱਲ, ਹਿੰਙ, ਅਜਮੋਦ, ਸੇਂਧਾ ਨਿਮਕ, ਸੱਜੀ ਤੇ ਜੌਂਖਾਰ, ਇਨ੍ਹਾਂ ਸਭਨਾਂ ਨੂੰ ਪੀਹਕੇ ਕੱਪੜ ਛਾਣ ਕਰ ਲਵੇ ਫਿਰ ਗਰਮ ਜਲ ਯਾ ਗਰਮ ਦੁੱਧ ਨਾਲ ਖਾਵੇ ਤਾਂ ਵਾਯੂ ਦਾ ਸੂਲ ਨਾਸ ਹੋਵੇ, ਭੁੱਖ ਲਗੇ, ਮੈਲ ਤੇ ਕਫ ਦਾ ਨਾਸ ਕਰਨਹਾਰਾ ਇਹ ਚੂਰਣ ਕਿਹਾ ਗਿਆ ਹੈ ॥੨੪੪॥੨੪੫॥

ਅਮਲ ਬੇਤ ਸੌਂਚਰ ਲੈ ਜੀਰ। ਮਰਚ ਬਿਜੌਰੇ ਭੇਮੋ ਨੀਰ।
ਤਪਤ ਨੀਰ ਸੋ ਖਾਵਨ ਦੇਇ। ਬਾਤ ਸੂਲ ਕਾ ਨਾਸ ਕਰੇਇ ॥੨੪੬॥

੯੯੧—ਅਮਲਵੇਤ, ਸੌਂਚਰਲੂਣ, ਜੀਰਾ ਤੇ ਮ੍ਰਿਚ, ਇਨ੍ਹਾਂ ਨੂੰ ਬਜੌਰੇ (ਨਿੰਬੂ) ਦੇ ਰਸ ਵਿਚ ਤਰ ਕਰਕੇ ਗਰਮ ਜਲ ਨਾਲ ਖਾਣ ਨੂੰ ਦੇਵੇ ਤਾਂ ਬਾਤ ਦਾ ਸੂਲ ਨਾਸ਼ ਹੋਵੇ ॥੨੪੬॥

ਸੇਂਧਾ ਰਾਮਠ ਮੂਲ ਇਰੰਡ। ਜੜ ਖਸ ਪੀਸੋ ਚੂਰਨ ਮੰਡ।
ਤਪਤ ਨੀਰ ਸੋ ਖਾਵਤ ਜੋਇ। ਬਾਤਸੂਲ ਤਿਸ ਕਬਹੂ ਨ ਹੋਇ।੨੪੭।

੯੯੨—ਸੇਂਧਾ ਨਿਮਕ, ਹਿੰਗ, ਅਰਿੰਡ ਦੀ ਜੜ੍ਹ ਤੇ ਖੱਸ ਦੀ ਜੜ੍ਹ ਪੀਹਕੇ ਚੂਰਣ ਕਰੇ, ਫਿਰ ਤੱਤੇ ਜਲ ਨਾਲ ਖੁਲਾਵੇ ਤਾਂ ਬਾਤ ਦਾ ਸੂਲ ਨਾਸ ਕਰੇ ॥੨੪੭।

ਦੋਹਰਾ— ਕਾਂਜੀ ਸੇਤੀ ਪੀਸਕੈ, ਮਦਨ ਜੁ ਫਲ ਕੋ ਆਨ।
ਨਾਭ ਲੇਪ ਜੋ ਕੀਜੀਏ, ਨਾਭਿ ਸੂਲ ਕੀ ਹਾਨ ॥੨੪੮॥

੯੯੩—ਕਾਂਜੀ ਨਾਲ ਪੀਹਕੇ ਮੈਨਫਲ (ਰਾੜ੍ਹਾ) ਨਾਭੀ ਪਰ ਲੇਪ ਕਰੇ, ਤਾਂ ਧੁੰਨੀ ਦਾ ਸੂਲ ਨਸ਼ਟ ਹੋਵੇ ॥੨੪੮॥

*ਪਾਰਸ ਸੂਲ ਉਪਾਇ—ਸੋਰਠਾ

†ਜੀਵੰਤੀ ਕਾ ਮੂਰ. ਕ੍ਵਾਥ ਕਰੀ ਬਿਚ ਤੇਲ ਧਰ।

---

*ਪਾਰਸ ਪੀੜ ਨੂੰ ਯੂਨਾਨੀ "ਜਾਤੁਲਜੰਮ" ਆਖਦੇ ਹਨ।

†ਜੀਵੰਤੀ ਡੋਡੀ ਸਾਗ ਹੈ, ਪੂਰਬ ਦੇਸ ਪ੍ਰਸਿਧ ਹੈ। ਭਰਮ ਹੋਵੇ ਤਾਂ ਦੇਖੋ ਆਟਿਨਾ ਅਦਵੀਆਤ ਤੇ ਆਯੁਰ ਵੇਦ ਕੋਸ਼।

Digitized by Panjab Digital Library | www.panjabdigilib.org

ਮਿਟਤ ਪਾਸੁਲੀ ਸੂਰ, ਤਨ ਮੈ ਹੋਇ ਅਨੰਦ ਘਨ ॥੨੪੯॥

੬੯੪–ਡੋਡੀ ਸਾਗ ਦੀ ਜੜ੍ਹ ਦਾ ਕਾੜ੍ਹਾ ਕਰੇ, ਉਸ ਵਿਚ ਫਿਰ ਮਿੱਠਾ ਤੇਲ ਪਾਕੇ ਪੀਵੇ ਤਾਂ ਪਸਲੀ ਦੀ ਪੀੜ ਭਾਵ ਜਾਤੁਲਜੰਮ ਨਾਸ ਹੋਵੇ ॥੨੪੯॥

(ਬ੍ਰਿੰਦਾਤ)–ਸੋਰਠਾ

ਰਾਮਠ ਪੁਸਕਰ ਮੂਰ, ਪ੍ਰਾਤ ਕ੍ਵਾਥ ਕਰਿ ਪੀਜੀਏ।
ਮਿਟਤ ਬਾਤ ਕੋ ਸੂਰ ਬ੍ਰਿੰਦ ਕਹਤ ਇਹ ਬਚਨ ਸੁਨ ॥ ੨੫੦ ॥

੬੯੫–ਹਿੰਗ ਤੇ ਪੁਸਕਰ ਮੂਲ, [illegible] ਦਾ ਕਾੜ੍ਹਾ ਕਰੇ, ਇਹ ਪ੍ਰਾਤਾ ਕਾਲ ਪਿਲਾਵੇ ਤਾਂ ਵਾਯੂ ਦਾ ਸੂਲ ਨਾਸ ਹੋਵੇ ॥੨੫੦॥

ਰੁਵਕ ਜਟਾ ਪੁਨ ਹਿੰਗੁ, ਸੌਚਰ ਸੁੰਠੀ ਕ੍ਵਾਥ ਕਰਿ।
ਪੀਤ ਬਾਤ ਦੁਖ ਭੰਗ, ਸੂਰ ਮਿਟਤ ਛਿਨ ਨਾ ਲਗਤ ॥੨੫੧॥

੬੯੬–ਅਰਿੰਡ ਦੀ ਜੜ੍ਹ, ਹਿੰਗ, ਸੌਂਚਰ ਨਿਮਕ ਅਤੇ ਸੁੰਢ, ਇਨ੍ਹਾਂ ਦਾ ਕਾੜ੍ਹਾ ਕਰੇ; ਫਿਰ ਪਿਲਾਵੇ ਤਾਂ ਬਾਤ ਸੂਲ ਨਾਸ ਕਰੇ ॥੨੫੧॥

ਦੋਹਰਾ

ਧਾਤ੍ਰੀ ਫਲ ਰਸ ਕਾਢੀਏ, ਸਿਤਾ ਮਿਲਾਈ ਪੀਯ।
ਪਿਤ ਸੂਲ ਕਾ ਨਾਸ ਹੁਇ, ਬਹੁ ਸੁਖ ਪਾਵਤ ਜੀਯ ॥੨੫੨॥

੬੯੭–ਆਵਲਿਆਂ ਦਾ ਰਸ ਕੱਢਕੇ ਉਸ ਵਿਚ ਮਿਸ਼ਰੀ ਪਾਕੇ ਪਿਲਾਵੇ ਤਾਂ ਪਿੱਤ ਦਾ ਸੂਲ ਨਾਸ ਕਰੇ ॥੨੫੨॥

ਅਵਲੇਹ (ਚਟਣੀ) ਚੌਪਈ

ਨਿੰਬ ਮੂਲਨੀ ਅੰਮਲਤਾਸ। ਤ੍ਰਿਫਲਾ ਤਿਕਤਾ ਪੀਸ ਉਲਾਸ।
ਸਹਿਤ ਸੰਗ ਚਾਟਨ ਇਸ ਕਰੋ। ਪਿਤ ਸੂਲ ਸਭ ਤਨ ਤੇ ਹਰੋ ॥੨੫੩॥

੬੯੮–ਨਿੰਮ ਦੇ ਪੱਤ੍ਰ, ਮੁਲੱਠੀ, ਅਮਲਤਾਸ ਦਾ ਗੁੱਦਾ, ਹਰੜ, ਬਹੇੜਾ, ਆਵਲੇ ਅਤੇ ਕੌੜ ਪੀਹ ਕੇ ਕਪੜ ਛਾਣ ਕਰੇ, ਫਿਰ ਸ਼ਹਿਤ ਨਾਲ ਚਟਾਵੇ ਤਾਂ ਪਿਤ ਸੂਲ ਨਾਸ ਹੋਵੇ ॥੨੫੩॥

ਪੇਠਾ ਦਾਖ ਸਿਤਾ ਲੈ ਪਾਇ। ਤ੍ਰਾਯਮਾਨ ਸਭ ਪੀਸ ਛਨਾਇ।
ਧਾਤ੍ਰੀ ਫਲ ਰਸ ਖਾਵੈ ਏਹ। ਪਿਤ ਸੂਲ ਕਾ ਨਾਸ ਕਰੇਹ ॥੨੫੪॥

੬੯੯–ਪੇਠਾ, ਮੁਨੱਕਾ, ਮਿਸਰੀ ਤੇ ਤ੍ਰਾਯਮਾਣ ਅਭਾਵ ਮੈਂ ਬਨਖਸ਼ ਲੈਕੇ ਪੀਹਕ ਛਾਣੇ ਉਸ ਵਿਚ ਆਵਲਿਆਂ ਦਾ ਰਸਾ ਪਾਕੇ ਚਟਾਵੇ ਤਾਂ ਪਿਤ ਸੂਲ ਨਾਸ ਹਵੇ ॥੨੫੪॥

ਸੋਰਠਾ– ਧਾਤ੍ਰੀ ਫਲ ਜੁ ਪਿਸਾਇ, ਚੂਰਨ ਬਸਨੈ ਛਾਨੀਏ।
ਮਧ ਸੰਗੇ ਚਟਵਾਇ, ਸੂਲ ਮਿਟਤ ਸਭ ਪਿਤ ਕੋ ॥੨੫੫॥

Digitized by Panjab Digital Library | www.panjabdigilib.org

੧੦੦੦–ਆਵਲੇ ਸੁਕੇ ਪੀਹਕੇ ਕਪੜ ਛਾਣ ਕਰੇ ਉਹ ਚੂਰਣ ਸ਼ਹਿਤ ਨਾਲ ਮਿਲਾਕੇ ਚੱਟੇ ਤਾਂ ਪਿਤ ਦਾ ਸੂਲ ਨਾਸ ਹੋਵੇ ॥੨੫੫॥

ਚੌਪਈ

ਤ੍ਰਾਯਮਾਨ ਗ੍ਰੰਥਕ ਪੁਨ ਤ੍ਰਿਵੀ। ਮੁਹਲਠੀ ਧਾਤ੍ਰੀ ਫਲ ਲਿਵੀ।
ਅਮਲਤਾਸ ਮਿਸਰੀ ਸਿਤਸਿਤਾ। ਦਾਖ ਕੁਰੰਡੈ ਪੀਸੈ ਇਤਾ ॥੨੫੬॥
ਮਧੁ ਸੰਗ ਚਾਟੇ ਉਠ ਪਰਭਾਤ। ਪਿਤ ਸੂਲ ਕੋ ਕਰ ਹੈ ਘਾਤ।
ਦਾਹ ਮੋਹ ਤ੍ਰਿਟ ਜਾਵਤ ਸਹੀ। ਭਲੀ ਚਾਟਨੀ ਏ ਪਿਤ ਕਹੀ ॥੨੫੭॥

੧੦੦੧–*ਤ੍ਰਾਯਮਾਣ, ਪਿਪਲਾਮੂਲ, ਤ੍ਰਿਵੀ, ਮੁਲੱਠੀ, ਆਵਲ, ਅਮਲਤਾਸ ਦਾ ਗੁੱਦਾ, ਮਿਸ਼ਰੀ, †ਸਿਤ ਕਹੀਏ ਚੰਦਨ, †ਸਿਤਾ ਕਹੀਏ ਚਿੱਟਾ ਘਾਸ, ਦਾਖ-ਮੁਨੱਖਾ, ਕਰੁੰਡ ਕਹੀਏ ਪੀਲਾ ਬਾਸਾ, ਇਹ ਸਭ ਇਕ ਸਮਾਨ ਲੈਕੇ ਪੀਹਕੇ ਸ਼ਹਿਤ ਨਾਲ ਪ੍ਰਾਤਾਕਾਲ ਚੱਟੇ ਤਾਂ ਪਿਤ ਦਾ ਸੂਲ, ਦਾਹ, ਅਗਜਾਨ ਅਤੇ ਪਜਾਸ ਸਭੇ ਨਾਸ ਕਰੇ, ਇਹ ਬਹੁਤ ਸਰੇਸ਼ਟ ਦਵਾਈ ਹੈ ॥੨੫੬॥੨੫੭॥

ਦੋਹਰਾ

ਕਟੁਕੀ ਯਸਟਿ ਜੁ ਨਿੰਬ ਲੈ, ਤ੍ਰਿਫਲਾਂ ਅੰਮਲਤਾਸ।
ਧਾਤ੍ਰੀ ਫਲ ਕਾਢਾ ਪਿਵੇ; ਪਿਤ ਸੂਰ ਕਾ ਨਾਸ ॥੨੫੮॥

੧੦੦੨–ਕੌੜ, ਮੁਲੱਠੀ, ਨਿੰਮ ਦੇ ਪੱਤ੍ਰ, ਤ੍ਰਿਫਲਾ, ਅੰਮਲਤਾਸ ਦਾ ਗੁੱਦਾ ਤੇ ਆਵਲੇ ਕਾੜ੍ਹਾ ਕਰਕੇ ਪੀਵੇ ਤਾ ਪਿਤ ਦਾ ਸੂਲ ਜਾਂਦਾ ਰਹੇ ॥੨੫੮॥

ਤ੍ਰਾਯੰਤੀ ਘਨ ਗੋਸਤਨੀ, ਕੰਦ ਬਿਦਾਰੀ ਮੇਲ।
ਧਾਤ੍ਰੀ ਫਲ ਰਸ ਪੀਜੀਏ ਪਿਤ ਸੂਲ ਕੋ ਰੇਲ ॥੨੫੯॥

੧੦੦੩–ਤ੍ਰਾਯਮਾਣ, ਮੋਥਾ, ਮੁਨੱਕਾ ਤੇ ਵਿਦਾਰੀਕੰਦ ਪੀਹਕੇ ਆਵਲੇ ਦੇ ਰਸ ਨਾਲ ਪੀਵੇ, ਪਿੱਤ ਸੂਲ ਨਾਸ ਹੋਵੇ ॥੨੫੯॥

ਤ੍ਰਿਫਲਾ ਅੰਬਲਤਾਸ ਲੈ, ਕ੍ਵਾਥ ਕਰੀ ਨੈ ਪੀਯ।
ਸਹਿਤ ਸਿਤਾ ਬਿਚ ਪਾਈਏ, ਪਿਤ ਸੂਲ ਨਾ ਥੀਯ ॥੨੬੦॥

੧੦੦੪–ਤ੍ਰਿਫਲਾ (ਹਰੜ, ਬਹੇੜੇ, ਆਵਲੇ) ਤੇ ਅੰਮਲਤਾਸ ਦਾ ਗੁੱਦਾ ਕਾੜ੍ਹਾ ਕਰਕੇ ਮਿਸ਼ਰੀ ਤੇ ਸ਼ਹਿਤ ਪਾਕੇ ਪੀਵੇ ਤਾਂ ਪਿੱਤ ਸੂਲ ਜਾਵੇ ॥੨੬੦॥

ਸਤ ਮੂਲੀ ਰਸ ਸਹਿਤ ਸੋ, ਪੀਤ ਪਿਤ ਮਿਟ ਸੂਰ।
ਦਾਹ ਮੂਰਛਾ ਜਾਤ ਹੈ, ਜਿਮ ਨਿਸ ਹਰਿ ਹੈ ਸੂਰ ॥੨੬੧॥

੧੦੦੫–ਸਤਾਵਰ ਦਾ ਰਸ ਸ਼ਹਿਤ ਪਾਕੇ ਪੀਤਾ, ਪਿਤ ਸੂਲ ਦਾ ਨਾਸ ਕਰਦਾ ਹੈ, ਹੋਰ ਦਾਹ,

---

*ਤ੍ਰਾਯਮਾਨ ਤੁਖਮ ਜਰਜਰ ਅਰਥਾਤ ਜੰਗਲੀ ਕਾਹਜ਼ਬਾਨ ਹੈ, ਅਭਾਵ ਮੈ ਬਨਖਸ਼ਾ ਯਾ ਗੁਲਖੈਰੇ ਦੇ ਫੂਲ ਪਾਵੇ।

†ਚਾਹੋ ਤਾਂ ਸ਼ਾਲੀਗ੍ਰਾਮ ਕੋਸ਼ ਅਤੇ ਭਾਵ ਪ੍ਰਕਾਸ਼ ਦੇਖੋ।

Digitized by Panjab Digital Library | www.panjabdigilib.org

ਗਸ਼ੀ ਨੂੰ ਭੀ ਦਫਾ ਕਰੇ ਹੈ ।।੨੬੧।।

ਘ੍ਰਿਤ ਗੁੜ ਸੰਗੇ ਖਾਈਏ, ਹਰੜ ਏਕ ਹੀ ਆਨ।
ਪਿਤ ਸੂਰ ਜੁਰ ਦਾਹ ਸਭ, ਤੁਰਤੈ ਕਰਿ ਹੈ ਹਾਨ ॥੨੬੨॥

੧੦੦੬–ਘਿਉ ਗੁੜ ਨਾਲ ਅਕੇਲੀ ਹਰੜ ਦੀ ਛਿੱਲ ਹੀ ਖਾਵੇ ਤਾਂ ਪਿੱਤ ਦਾ ਸੂਲ, ਤਾਪ, ਦਾਹ ਸਭਨਾ ਨੂੰ ਤੁਰੰਤ ਨਾਸ਼ ਕਰੇ ।।੨੬੨।।

ਕਫ ਸੂਲ ਉਪਾਇ–ਦੋਹਰਾ

ਦੋ ਕੰਟਾਰੀ ਬਿਲ ਜੜ੍ਹ, ਸੇਂਧਾ ਗੋਖਰੁ ਪਾਇ।
ਇਰੰਡ ਮੂਲ ਸਭ ਦੂਗਨ ਹੀ, ਕਰੋ ਕ੍ਵਾਥ ਮਨ ਲਾਇ ॥੨੬੩॥
ਜਵਾਖਾਰ ਪਾਈ ਪਿਵੇ, ਹਿਯ ਪਾਰਸ ਕਾ ਸੂਰ।
ਕਫ ਕਾ ਸੂਰ ਮਿਟਾਤ ਹੈ, ਕਟਤ ਰੋਗ ਕਾ ਮੂਰ ॥੨੬੪॥

੧੦੦੭–ਦੋਨੋਂ ਕੰਡਯਾਰੀਆਂ, ਬਿੱਲ ਦੀ ਜੜ੍ਹ, ਸੇਂਧਾ ਨਿਮਕ ਤੇ ਭੱਖੜਾ, ਸਮਾਨ ਲੈਕੇ ਇਨ੍ਹਾਂ ਸਭਨਾਂ ਤੋਂ ਦੂਣੀ ਅਰਿੰਡ ਦੀ ਛਿੱਲ ਪਾਕੇ ਕਾੜ੍ਹਾ ਕਰੇ ਫਿਰ ਜੌਂਖਾਰ ਪਾ ਕੇ ਪੀਵੇ ਤਾਂ ਹਿਰਦੇ, ਵੱਖੀ ਦਾ ਸੂਲ ਭਾਵ ਜਾਤੁਲਜੰਮ ਨੂੰ ਨਾਸ ਕਰੇ ਹੈ, ਪਰੰਤੂ ਕਫ ਸੂਲ ਦੀ ਜੜ੍ਹ ਹੀ ਕੱਟ ਦੇਵੇ ਹੈ ।।੨੬੩।।੨੬੪।।

ਚੌਪਈ

ਕ੍ਰਿਸਨਾ ਗ੍ਰੰਥਿਕ ਨਾਗਰ ਹਿੰਗੁ। ਚਿਤ੍ਰਕ ਚਵਕਾ ਲਵਨ ਤ੍ਰਿਅੰਗ।
ਟੰਕ ਦੋਇ ਤਾਤੇ ਜਲ ਖਾਇ। ਚੂਰਨ ਕਫ ਕਾ ਸੂਰੁ ਮਿਟਾਇ ॥੨੬੫॥

੧੦੦੮–ਮਘਾ, ਪਿਪਲਾ ਮੂਲ, ਸੁੰਢ, ਹਿੰਗ, ਚਿਤ੍ਰਾ, ਚਵ ਤੇ ਨਿਮਕ, ਤਿੰਨੇ ਪੀਹਕੇ ਗਰਮ ਜਲ ਨਾਲ ੨ ਟੰਕ ਭਾਵ ੮ ਮਾਸੇ ਲਵੇ ਤਾਂ ਕਫ਼ ਦਾ ਸੂਲ ਨਾਸ਼ ਕਰੇ ।।੨੬੫।।

ਦੋਹਰਾ–
ਬਿਲ ਮੂਲ ਏਰੰਡ ਜੜ, ਸੁੰਠੀ ਚਿਤ੍ਰਕ ਹਿੰਗੁ।
ਸੇਂਧਾ ਤਾਤੇ ਨੀਰ ਸੋਂ, ਕਫ ਕਾ ਸੂਰ ਜੁ ਭੰਗੁ ॥੨੬੬॥

੧੦੦ –ਬਿੱਲ ਦੀ ਜੜ੍ਹ, ਇਰਿੰਡ ਦੀ ਜੜ੍ਹ, ਸੁੰਢ, ਚਿਤ੍ਰਾ, ਹਿੰਗ ਤੇ ਸੇਂਧਾ ਨਿਮਕ. ਤੱਤੇ ਜਲ ਨਾਲ ਖਾਵੇ ਤਾਂ ਕਫ ਦਾ ਸੂਲ ਨਾਸ਼ ਹੋਵੇ ।।੨੬੬।।

ਬਚ ਪਥਜਾ ਕਟ ਰੋਹਨੀ, ਚਿਤ੍ਰਕ ਪਿਵ ਗੋ ਮੂਤ।
ਕਰ ਕਾ ਸੂਰ ਜੁ ਜਾਤ ਹੈ, ਹੋਵਤ ਤਨ ਸੁਭ ਸੂਤ ॥੨੬੭॥

੧੦੧੦–ਵਚ, ਹਰੜ, ਕੌੜ ਤੇ ਚਿਤ੍ਰਾ ਪੀਹਕੇ ਗਊ ਮੂਤ੍ਰ ਨਾਲ ਫੱਕੇ, ਕਫ ਦਾ ਸੂਲ ਗਵਾਵੇ ।।੨੬੭।।

(ਸਾਰ ਸੰਗ੍ਰਹਾਤ)–ਦੋਹਰਾ

ਬੀਜੌਰਾ ਰਸੁ ਗੁੜ ਸਹਿਤ, ਖਾਵਤ ਜੋ ਨਰ ਨਾਰਿ।
ਗੁਲਮ ਨਾਭ ਹਿਯ ਸੂਲ ਕੋ, ਕਫੀ ਸੂਲ ਪਰਹਾਰੁ ॥੨੬੮॥

Digitized by Panjab Digital Library | www.panjabdigilib.org

੧੦੧੧–ਬਿਜੌਰਾ (ਚਕੌਂਧਰੇ) ਦਾ ਰਸ ਗੁੜ ਪਾਕੇ ਖਾਧਿਆਂ ਗੋਲਾ, ਨਾਭੀ ਸੂਲ, ਹ੍ਰਿਦੇ ਸੂਲ ਅਰ ਕਫ ਦੀ ਜੜ੍ਹ ਹੀ ਕੱਟਦਾ ਹੈ ॥ ੨੬੮ ॥

(ਰਤਨ ਸਾਰ ਸੰਗ੍ਰਹਾਤ)–ਚੌਪਈ

ਦੋ ਕੰਟਾਰੀ ਬਿਲ ਮੰਗਾਇ। ਆਮਲਬੇਤ ਬਿਜੌਰਾ ਪਾਇ।
ਗੋਖਰੁ ਇਨਕਾ ਕ੍ਵਾਥ ਕਰਾਇ। ਲੀਜੈ ਪਟ ਸੋਂ ਨੀਰ ਛਨਾਇ॥੨੬੯॥
ਏਲਾ ਹਿੰਗੁ ਜਵਾਲੈ ਖਾਰ। ਸੇਂਧਾ ਪੀਸੀ ਊਪਰ ਡਾਰ।
ਮੇਲੋ ਤੇਲ ਇਰਿੰਡ ਜੁ ਆਨ। ਕਫ ਕਾ ਸੂਰ ਮਿਟਤ ਮਨਮਾਨ ॥੨੭੦॥
ਕਟੀ ਪ੍ਰਿਸਟਿ ਹਿਯ ਨਾਭਿ ਜੁ ਸੂਰ। ਮੇਦ ਜ਼ਠਰ ਕੁਖ ਸੂਰੇ ਚੂਰ।
ਨੇਤ੍ਰ ਸਿਰਕਾ ਸੂਰ ਗਵਾਇ। ਰਤਨਸਾਰ ਸੰਗ੍ਰਹਿ ਇਮ ਗਾਇ ॥੨੭੧॥

੧੦੧੨–ਦੋਨੋਂ ਕੰਡਯਾਰੀਆਂ, ਬਿਲ ਜੜ੍ਹ, ਅਮਲਵੇਤ, ਬਿਜੌਰਾ ਤੇ ਭੱਖੜਾ, ਸਭਨਾਂ ਦਾ ਕਾੜ੍ਹਾ ਕਰਕੇ ਵਿਚ ਲਾਚੀ, ਹਿੰਗ, ਜੌਂਖਾਰ ਸੇਂਧਾ ਨਿਮਕ ਪੀਹਕੇ ਉਪਰੋਂ ਬਰੂਰੇ, ਹੋਰ ਅਰਿੰਡ ਦਾ ਤੇਲ ਪਾਕੇ ਪੀਵੇ ਤਾਂ ਕਫ ਦਾ ਸੂਲ ਮੂਲ ਤੋਂ ਨਾਸ਼ ਕਰੇ ਹੋਰ ਲੱਕ ਪੀੜ, ਹ੍ਰਿਦੇ, ਨਾਭੀ, ਮੇਦ, ਪੇਟ ਦਾ ਸੂਲ, ਕੁੱਖ ਸੂਲ, ਨੇਤ੍ਰ ਸਿਰ ਸਭ ਦਾ ਸੂਲ ਨਾਸ ਕਰੇ ॥ ੨੬੯॥੨੭੧॥

ਬਾਤ ਕਫ ਸੂਲ ਉਪਾਇ (ਵੰਗਸੇਨਾਤ)–ਦੋਹਰਾ

ਲਸਨ ਮਦਯ ਸੋ ਖਾਈਏ, ਊਠੀ ਨੈ ਜੁ ਪ੍ਰਭਾਤ।
ਬਾਤ ਸਲੇਖਮ ਸੂਲ ਹਰਿ, ਦੀਪਨ ਕਰਤਾ ਬਾਤ ॥੨੭੨॥

੧੦੧੩–ਲਸਨ, *ਸ਼ਰਾਬ ਨਾਲ ਪ੍ਰਾਤਾਕਾਲ ਖਾਵੇ ਤਾਂ ਬਾਤ ਕਫ ਦਾ ਸੂਲ ਨਾਸ ਕਰੇ ਅਰ ਦੀਪਨ ਪਾਚਨ ਨਾਸ ਕਰੇ ॥੨੭੨॥

ਚੌਪਈ

ਜਵਾਖਾਰ ਪਾਨੀ ਸੋ ਪੀਯ। ਬਾਤ ਸਲੇਖਮ ਸੂਲ ਨ ਥੀਯ।
ਗੁੜ ਕ੍ਰਿਸਨਾ ਕਫ ਮਾਰਤ ਸੂਰ। ਕੁਖ ਸੂਰ ਕੋ ਕਰਤਾ ਚੂਰ ॥੨੭੩॥

੧੦੧੪–ਜੌਂ ਖਾਰ ਪਾਣੀ ਨਾਲ ਪੀਵੇ, ਬਾਤ ਕਫ ਸੂਲ ਦਾ ਨਾਸ ॥ ੨੭੩ ॥

੧੦੧੫–ਗੁੜ ਨਾਲ ਮਘ ਖਾਵੇ, ਤਾਂ ਕਫ ਬਾਤ ਦਾ ਸੂਲ ਤੇ ਵੱਖੀ ਦਾ ਸੂਲ ਚਕਨਾ ਚੂਰ ਕਰੇ ॥ ੨੭੩ ॥

ਪਿਤ ਕਫ ਸੂਲ ਉਪਾਇ–ਚੌਪਈ

ਦਲੁ ਪਟੋਲ ਤ੍ਰਿਫਲਾ ਲੈ ਪੀਸ। ਖੋਦ੍ਰ ਸੰਗ੍ਰਹਿ ਖਾਵੇ ਈਸ।
ਪਿਤ ਸਲੇਖਮ ਸੂਰ ਮਿਟਾਇ। ਜੁਰ ਬਮਿ ਦਾਹ ਸਕਲੁ ਜਾਇ ॥੨੭੪॥

---

*ਮਦਯ–ਸ਼ਰਾਬ ਹੀ ਅਰਥ ਹੈ। ਦੇਖੋ ਵੰਗਸੇਨ ਪ੍ਰਿ: ੪੧੭

Digitized by Panjab Digital Library | www.panjabdigilib.org

੧੦੧੬-ਪਟੋਲਪਤ੍ਰ ਤੇ ਤ੍ਰਿਫਲਾ ਪੀਹਕੇ ਸ਼ਹਿਤ ਨਾਲ ਖਾਵੇ ਤਾਂ ਪਿੱਤ ਕਫ ਦਾ ਸੂਲ. ਤਾਪ, ਵਮਨ ਅਰ ਦਾਹ ਸਭ ਨਾਸ ਕਰੇ ॥੨੭੪॥

ਪਿਤ ਬਾਤ ਸੂਲ ਉਪਾਇ (ਵੰਗਸੇਨਾਤ)-ਚੌਪਈ

ਦੋ ਕੰਟਾਰੀ ਕੁਸ ਲੈ ਕਾਸ। ਇਖੁ ਬਾਲਕਾ ਗੋਖਰੁ ਭਾਸ।
ਜਟਾ ਇਰੰਡ ਸੁ ਕ੍ਵਾਥ ਕਰਾਇ। ਸਿਤਾ ਸ਼ਹਿਤ ਤਿਸੁਮਾਹਿ ਮਿਲਾਇ॥੨੭੫॥
ਪੀਵਤ ਬਾਤ ਪਿੱਤ ਕਾ ਸੂਰ। ਕਹਤ ਮੇਘ ਤਿਹ ਕਾਟਤ ਮੂਰ।
ਯਹਿ ਭੇਖਜ ਹੈ ਭਲੀ ਬਖਾਨੀ। ਬੰਗਸੈਨ ਤੇ ਇਹ ਬਿਧ ਠਾਨੀ ॥੨੭੬॥

੧੦੧੭-ਛੋਟੀ ਤੇ ਵਡੀ ਦੋਨੋਂ ਕੰਡਯਾਰੀਆਂ, ਕੁਸਾ (ਖੱਸ) †ਕਾਸ (ਸਰਕੜਾ), ‡ਗੰਨੇ ਦੀ ਜੜ੍ਹ ਯਾ ਗੰਢਾਂ, ਭੱਖੜਾ ਤੇ ਅਰਿੰਡ ਜੜ੍ਹ, ਕਾੜ੍ਹਾ ਕਰਕੇ ਇਸ ਵਿਚ ਮਿਸ਼ਰੀ ਤੇ ਸ਼ਹਿਤ ਪਾਕੇ ਪਿਲਾਵੇ ਤਾਂ ਬਾਤ ਪਿੱਤ ਦਾ ਸੂਲ ਜੜ੍ਹ ਤੋਂ ਨਾਸ਼ ਹੁੰਦਾ ਹੈ ॥੨੭੫॥੨੭੬॥

ਆਮ ਸੂਲ ਉਪਾਇ-ਦੋਹਰਾ

ਚਿਤ੍ਰਕ ਗੂੰਥਕ ਸੁੰਠਿ ਲੈ, ਧਨੀਆ ਮੇਲ ਇਰੰਡ।
ਕ੍ਵਾਥੀ ਹਿੰਗੁ ਬਿੜ ਸੇਂਧਵਾ, ਦੇਵੇ ਤਾ ਮੈ ਮੰਡ ॥੨੭੭॥
ਪੀਵਤ ਰੋਗੀ ਯਾਹਿ ਕੋ, ਮਿਟਤ ਆਮ ਕਾ ਸੂਰ।
ਕਫ ਕਾ ਸੂਲ ਜੁ ਜਾਤ ਹੈ, ਤਨ ਕੋ ਆਨੰਦ ਪੂਰ ॥੨੭੮॥

੧੦੧੮-ਚਿਤ੍ਰਾ, ਪਿਪਲਾਮੂਲ, ਸੁੰਢ, ਧਨੀਆਂ ਤੇ ਜੜ੍ਹ ਅਰਿੰਡ ਦੀ ਕਾੜ੍ਹਾ ਕਰਕੇ ਹਿੰਗ, ਵਿੜ ਤੇ ਸੇਂਧਾ ਲੂਣ ਪਾਕੇ ਪੀਵੇ ਤਾਂ ਆਮ ਦਾ ਸੂਲ, ਕਫ ਦਾ ਸੂਲ ਨਾਸ਼ ਕਰੇ ॥੨੭੭॥੨੭੮॥

ਅਰਿੰਡ ਸਪਤਕ-ਚੌਪਈ

ਇਰਿੰਡ ਬਿਲ ਬ੍ਰਿਹਤੀ ਦੋ ਆਨ। ਮਾਤਲੁੰਗ ਅਰੁ ਭੇਦ ਪਖਾਨ।
ਤ੍ਰਿਕੁਟਾ ਪੀਪਰ ਮੂਰ ਮਿਲਾਇ। ਤਾਕਾ ਕ੍ਵਾਥ ਕਰੋ ਮਨ ਲਾਇ॥੨੭੯॥
ਸੇਂਧਾ ਹਿੰਗੁ ਜਵਾ ਲੈ ਖਾਰ। ਪੀਸ ਪਾਇ ਪੀਵੇ ਤਤਕਾਰ।
ਮੇਡਰ ਹ੍ਰਿਦੈ ਸਤਨ ਕਾ ਸੂਰ। ਆਮ ਸੂਰ ਕੋ ਕਰਤਾ ਦੂਰਿ ॥੨੮੦॥

੧੦੧੯-ਅਰਿੰਡ ਤੇ ਬਿਲ ਦੀ ਜੜ੍ਹ, ਦੋਨੋਂ ਕੰਡਯਾਰੀਆਂ, ਬਿਜੋਰਾ, ਪਖਾਨ ਭੇਦ ਤ੍ਰਿਕੁਟਾ, ਤੇ ਪਿਪਲਾਮੂਲ, ਇਨ੍ਹਾ ਦਾ ਕਾੜ੍ਹਾ ਕਰੇ, ਫਿਰ ਸੇਂਧਾ ਨਿਮਕ, ਹਿੰਗ, ਜੌਂਖਾਰ, ਪੀਹਕੇ ਉਪਰ ਧੂੜਕੇ ਪੀਵੇ ਤਾਂ ਲਿੰਗ, ਹ੍ਰਿਦੇ, ਮੰਮਿਆਂ ਦਾ ਸੂਲ ਅਰ ਆਮ ਸੂਲ ਨਾਸ ਹੋਵੇ ॥੨੭੯॥੨੮੦॥

ਤ੍ਰਿਦੋਖ ਸੂਲ ਉਪਾਇ-ਚੌਪਈ

---

†ਵਾਸਤਵ ਵਿਚ ਕਾਸ-ਮਿੱਠੀ ਕਾਹੀ ਹੈ।
‡ਇਖੁ ਬਾਲਕਾ-ਗੰਨਾ ਹੈ। ਦੇਖੋ ਚਕਿਤਸਾ ਕੋਸ਼।

Digitized by Panjab Digital Library | www.panjabdigilib.org

ਫਲ ਇਰੰਡ ਅਰ ਮੂਲ ਮੰਗਾਇ। ਦੋਨੋ ਬ੍ਰਿਹਤੀ ਗੋਖਰੂ ਪਾਇ।
ਸਾਲ ਪਰਨਿ ਸਹਿਦੇਵੀ ਲੇਇ। ਬਰਸਿੰਹ ਪੂੰਛੀ ਬਾਲਕੁ ਦੇਇ॥੨੮੧॥
ਕ੍ਵਾਥ ਕਰੀ ਮੇਲੋ ਜਵਖਾਰ। ਪੀਵਤ ਸੂਰ ਤ੍ਰਿਦੋਖੀ ਹਾਰ।
ਆਠ ਜਾਤ ਕਾ ਜਾਵੈ ਸੂਰ। ਤਨ ਕੋ ਸਾਰੇ ਕਰਤ ਸਹੂਰ ॥੨੮੨॥

੧੦੨੦–ਅਰਿੰਡ ਦੇ ਫਲ ਤੇ ਜੜ, ਦੋਨੋਂ ਕੰਡਿਆਰੀਆਂ, ਭਖੜਾ, ਸਾਲਪਰਣੀ, ਸਹਦੇਵੀ, ਵਚ, *ਪ੍ਰਿਸਟਪਰਣੀ ਤੇ ਸੁਗੰਧਬਾਲਾ, ਸਭਨਾਂ ਦਾ ਕਾੜ੍ਹਾ ਕਰਕੇ ਉਪਰ ਜੌਂਖਾਰ ਪਾਕੇ ਪੀਵੇ ਤਾਂ ਤ੍ਰਿਦੋਖ ਦਾ ਸੂਲ, ਹੋਰ ਅੱਠ ਪ੍ਰਕਾਰ ਦਾ ਸੂਲ ਭੀ ਨਾਸ਼ ਕਰੇ।।੨੮੧॥੨੮੨॥

ਸੰਖ ਚੂਰਨ ਹਿੰਗੁ ਲਵਨ ਬਜੋਖ। ਪੀਸੀ ਛਾਨੋ ਸਮ ਏ ਜੋਖ।
ਉਸਨ ਨੀਰ ਸੋ ਚੂਰਨ ਖਾਇ। ਤ੍ਰਿਦੋਖੀ ਕਾ ਸੂਲ ਮਿਟਾਇ ॥੨੮੩॥

੧੦੨੧–ਸੰਖ ਦਾ ਚੂਰਣ, ਹਿੰਗ, ਨਿਮਕ, ਸੁੰਢ, ਮਘ ਤੇ ਮ੍ਰਿਚ, ਪੀਹਕੇ ਛਾਣੇ ਅਰ ਗਰਮ ਜਲ ਨਾਲ ਚੂਰਣ ਖਾਵੇ ਤਾਂ ਤ੍ਰਿਦੋਖ ਦਾ ਸੂਲ ਮਿਟੇ।।੨੮੩॥

ਬਿਦਾਰੀ ਦਾਰਮ ਰਸੁ ਬਯੋਖ। ਲਸਨ ਪੀਸ ਲੈ ਮਧ ਮੈ ਧੋਖ।
ਨਿਸਦਿਨ ਇਸ ਕੋ ਚਾਟਤ ਜੋਇ। ਤੀਨ ਦੋਖ ਕਾ ਸੂਰ ਨ ਹੋਇ॥੨੮੪॥

੧੦੨੨–ਵਿਦਾਰੀ ਕੰਦ ਦਾ ਰਸ, ਅਨਾਰਾਂ ਦੇ ਦਾਣੇ ਦਾ ਰਸ, ਤ੍ਰਿਕੁਟਾ ਤੇ ਲਸਨ ਸਭੇ ਪੀਹਕ ਸ਼ਹਿਤ ਵਿਚ ਪਾਕੇ ਰਾਤ ਦਿਨ ਚੱਟੇ ਤਾਂ ਤ੍ਰਿਦੋਖ ਦਾ ਸੂਲ ਜਾਵੇ।।੨੮੪॥

ਗੋਮੂਤ੍ਰ ਸ੍ਰਿਛ ਲੇਹਿ ਮੰਡੂਰੁ। ਤ੍ਰਿਫਲਾ ਸਮ ਪੀਸੋ ਏ ਚੂਰ।
ਮਧੁ ਸੋ ਚਾਟਤ ਪਾਂਡੁ ਪਰਾਇ। ਤੀਨ ਦੋਖ ਕਾ ਸੂਰ ਨਸਾਇ ॥੨੮੫॥

੧੦੨੩–ਗਊ ਮੂਤ੍ਰ ਵਿਚ ਸੋਧਿਆ ਹੋਇਆ ਮਨੂਰ ਲਵੇ ਪੀਹਕੇ ਫਿਰ ਸ਼ਹਿਤ ਨਾਲ ਚੱਟੇ, ਤਾਂ ਪਾਂਡੂ ਰੋਗ, ਅਰ ਤ੍ਰਿਦੋਖ ਦਾ ਸੂਲ ਜਾਂਦਾ ਰਹੇ।।੨੮੫॥

ਤੁੰਬਰਾਦਿ ਚੂਰਣ (ਵੰਗਸੇਨਾਤ)–ਚੌਪਈ

ਤੁੰਬਰ ਸੇਂਧਾ ਪੁਸਕਰ ਮੂਰ। ਪੱਥਜਾ ਸੌਂਚਰ ਹਿੰਗੁ ਸਪੂਰ।
ਬਿੜਿ ਪੀਸੀਨੈ ਚੂਰਨ ਕਰੋ। ਤੁੰਬਰਾਦਿ ਇਸ ਨਾਮੁ ਸੁ ਧਰੋ ॥੨੮੬॥
ਦਸੇ ਮੂਰ ਕਾ ਕ੍ਵਾਥ ਕਰਾਇ। ਜਵਾਖਾਰ ਤਾ ਮੈ ਭੁਰਕਾਇ।
ਤਿਸੀ ਕ੍ਵਾਥ ਸੋਂ ਚੂਰਨ ਖਾਇ। ਕਟਿ ਪਾਰਸੁ ਪਿਠ ਸੂਰ ਨਸਾਇ॥੨੮੭॥
ਬਾਤ ਸਲੇਖਮੁ ਗਲ ਕੀ ਪੀਰ। ਸਰਬ ਸੂਰ ਕੋ ਕਾਟਤ ਬੀਰ।
ਬੰਗਸੇਨ ਨੇ ਇਹ ਬਿਧਿ ਭਾਖੀ। ਮੇਘ ਬਿਨੋਦੈ ਮੇਘ ਸੁ ਆਖੀ॥੨੮੮॥

---

*ਸਿੰਘ ਪੂੰਛੀ-ਪ੍ਰਿਸਟ ਪਰਣੀ ਹੈ। ਦੇਖੋ ਆ: ਔਸ਼ਧੀ ਕੋਸ਼।

Digitized by Panjab Digital Library | www.panjabdigilib.org

੧੦੨੪—ਤੁੰਬਰੂ (ਫਟੇ ਹੋਏ ਮੂੰਹ ਵਾਲਾ ਬੀਜ) ਸੇਂਧਾ ਨਿਮਕ, ਪੁਹਕਰ ਮੂਲ, ਹਰੜ, ਸੌਂਚਰ ਲੂਣ, ਹਿੰਗ ਤੇ ਵਿੜ ਨਿਮਕ, ਪੀਹਕੇ ਚੂਰਣ ਕਰੇ, ਦਸ ਮੂਲ ਦੇ ਕਾੜ੍ਹੇ ਯਾ ਜਵਾਂ ਦੇ ਕਾੜ੍ਹੇ) ਨਾਲ ਖਾਵੇ ਉਪਰ ਜੌਂਖਾਰ ਬਰੂਰ ਲਵੇ, ਤਾਂ ਲੱਕ ਪੀੜ, ਪਿੱਠ ਦਰਦ, ਕਫ ਦੀ ਬਾਤ ਪੀੜ, ਗਲ ਦੀ ਪੀੜ ਸਭਨਾਂ ਨੂੰ ਨਾਸ਼ ਕਰੇ ॥੨੮੬॥੨੮੭॥੨੮੮॥

ਸਰਬ ਸੂਲ ਪਰ ਚੂਰਨ—ਸ਼ੰਕਰ ਛੰਦ

ਸੁੰਠ ਰੁਬਕ ਜਟਾ ਜੁ ਪੁਸਕਰ, ਹਿੰਗੁ ਦਸ ਲੈ ਮੂਰ।
ਜਵਾਖਾਰੁ ਤ੍ਰਿਲਵਨ ਸਾਜੀ, ਖਾਰ ਆਛਾ ਪੂਰ।
ਜਵ ਨੀਰ ਸੋਂ ਚੂਰਨ ਖੁਵਾਵੇ, ਜਾਤ ਸਗਰੇ ਸੂਰ।
ਪੀਠ ਹਿਯ ਕਟਿ ਤਾਪ ਗੁਲਮੈ, ਸਭੀ ਕਰਿ ਹੈ ਚੂਰ ॥੨੮੯॥

੧੦੨੫—ਸੁੰਢ, ਅਰਿੰਡ ਜੜ, ਪੁਹਕਰਮੂਲ, ਹਿੰਗ, ਦਸੇ ਮੂਲ, ਜੌਂ ਖਾਰ, ਤਿਨੇ ਨਿਮਕ (ਸੇਂਧਾ ਸੌਂਚਰ, ਵਿੜ) ਤੇ ਸੱਜੀਖਾਰ, ਯਵਾਂਗੂ ਨਾਲ ਚੂਰਣ ਖੁਆਵੇ, ਤਾਂ ਸਭ ਤਰ੍ਹਾਂ ਦੇ ਸੂਲਾਂ ਨੂੰ ਨਾਸ ਕਰੇ, ਪਿੱਠ, ਹ੍ਰਿਦੇ ਕਮਰ ਪੀੜ, ਗੋਲਾ, ਅਰ ਤਾਪ ਸਭ ਨੂੰ ਨਾਸ ਕਰੇ ॥੨੮੯॥

ਦੋਹਰਾ—
ਪੀਪਰ ਪੀਪਰ ਮੂਰ ਚਵਿ, ਚਿਤ੍ਰਕ ਸੁੰਠ ਮੰਗਾਇ।
ਕਹਯੋ ਯਵਾਂਗੋ ਦੀਪਨੰ, ਸੂਰ ਸਭੈ ਮਿਟ ਜਾਇ ॥੨੯੦॥

੧੦੨੬—ਮਘ, ਪਿਪਲਾਮੂਲ, ਚੱਵ, ਚਿਤ੍ਰਾ ਅਤੇ ਸੁੰਢ ਇਨ੍ਹਾਂ ਦਾ ਯਵਾਂਗੂ ਵਾਂਗ ਕਾੜ੍ਹਾ ਕਰਕੇ ਪੀਵੇ ਤਾਂ ਦੀਪਨ ਪਾਚਨ ਹੈ ਅਰ ਸਭ ਤਰ੍ਹਾਂ ਦੇ ਸੂਲਾਂ ਦਾ ਨਾਸ ਕਰਨਹਾਰਾ ਹੈ ॥੨੯੦॥

ਹਿੰਗੁ ਜਵਾਨੰ ਚਿਤ੍ਰਕੰ, ਤੁੰਬਰੁ ਅੱਭਯੰ ਬਯੇਖ।
ਲਵਨ ਖਾਰੁ ਪੀਸੀ ਪਿਵੇ, ਉਸਨ ਨੀਰ ਸੇ ਜੋਖ ॥੨੯੧॥
ਬਿਟ ਮੂਤ੍ਰ ਨਿਲ ਸੂਰ ਕੋ, ਦੀਪਨ ਪਾਚਨ ਹੋਇ।
ਸੂਲ ਜਾਤ ਜੋ ਸਰਬ ਹੀ, ਸੋਤੌ ਕਬਹੂੰ ਨ ਹੋਇ ॥ ੨੯੨ ॥

੧੦੨੭—ਹਿੰਗ, ਅਜਵਾਇਣ, ਚਿਤ੍ਰਾ, ਤੰਬੂਰ, ਹਰੜ, ਤ੍ਰਿਕੁਟਾ ਤੇ ਖਾਰੀ ਨਿਮਕ, ਪੀਹਕੇ ਗਰਮ ਜਲ ਨਾਲ ਪੀਵੇ ਤਾਂ ਵਿਸਟਾ, ਮੂਤ੍ਰ ਅਰ ਵਾਯੂ ਦੇ ਸੂਲ ਨੂੰ ਨਾਸ ਕਰੇ ਅਰ ਦੀਪਨ ਪਾਚਨ ਕਰੇ, ਹੋਰ ਸੂਲ ਸਭ ਤਰ੍ਹਾਂ ਦਾ ਨਾਸ ਕਰੇ ॥੨੯੧॥੨੯੨॥

ਬਿਲ ਮੂਲ ਏਰੰਡ ਜੜ੍ਹ, ਚਿੱਤ੍ਰਕ ਸੁੰਠੀ ਪਾਇ।
ਸੇਂਧਾ ਹਿੰਗੁ ਮਿਲਾਇ ਫਕ, ਸਰਬ ਸੂਰ ਨਸ ਜਾਇ ॥੨੯੩॥

੧੦੨੮—ਬਿੱਲ ਦੀ ਜੜ੍ਹ, ਅਰਿੰਡ ਦੀ ਜੜ੍ਹ, ਚਿਤ੍ਰਾ, ਸੁੰਢ, ਸੇਂਧਾ ਲੂਣ ਤੇ ਹਿੰਗ ਮਿਲਾਇ, ਪੀਹਕੇ ਫੱਕੇ ਤਾਂ ਸਭ ਤਰ੍ਹਾਂ ਦਾ ਸੂਲ ਨਾਸ਼ ਕਰੇ ॥੨੯੩॥

ਤ੍ਰਿਫਲਾ ਤ੍ਰਿਕੁਟਾ ਪੀਸਕੈ, ਮਧੁ ਸੇ ਚਾਟੇ ਏਹ।
ਸਰਬ ਸੂਲ ਕਾ ਨਾਸ ਹੁਇ, ਭਲੋ ਜੋਗ ਹੈ ਤੇਹ ॥੨੯੪॥

Digitized by Panjab Digital Library | www.panjabdigilib.org

੧੦੨੯–ਤ੍ਰਿਫਲਾ, ਤ੍ਰਿਕੁਟਾ, ਪੀਹਕੇ ਸ਼ਹਿਤ ਨਾਲ ਚਟੇ ਤਾ ਸਭ ਤਰ੍ਹਾਂ ਦਾ ਸੂਲ ਨਾਸ਼ ਕਰੇ ॥੨੯੩॥

(ਵੰਗਸੇਨਾਤ)

ਲੋਹਚੂਨ ਗੁੜ ਹਰੜ ਲੈ, ਗਊ ਸੂਤ ਕਰਿ ਪਾਕ।
ਸੂਰ ਗਵਾਵਤ ਟੰਕ ਦੁਇ, ਬੰਗਸੈਨ ਕੇ ਬਾਕ ॥੨੯੫॥

੧੦੩੦–ਮ੍ਰਿਤ ਲੋਹਾ, ਹਰੜ, ਗਊ ਮੂਤ੍ਰ ਵਿਚ ਪਕਾਕੇ ਦੋ ਟੰਕ ਲਵੇ ਤਾਂ ਸੂਲ ਨਾਸ ਹੋਵੇ ॥੨੯੫॥

ਕੁਸਟ ਹਿੰਗ ਜਵਖਾਰ ਭਨਿ, ਚਿੱਤ੍ਰਕ ਸੇਂਧਾ ਠਾਨ।
ਮਾਤਲੁੰਗ ਰਸੁ ਚਾਟੀਏ, ਸੂਲ ਪਲੀਹਾ ਹਾਨ ॥੨੯੬॥

੧੦੩੧–ਕੁੱਠ, ਹਿੰਗ, ਜੌਂਖਾਰ, ਚਿਤ੍ਰਾ, ਸੇਂਧਾਨਿਮਕ, ਬਿਜੌਰੇ (ਚਕੋਧਰੇ) ਦੇ ਰਸ ਨਾਲ ਚੱਟੇ ਤਾਂ ਸੂਲ ਲਿੱਫ ਸਭੋ ਨਾਸ ਕਰੇ ॥੨੯੬॥

ਸੁੰਚਰ ਪਾਠਾ ਹਿੰਗੁ ਤ੍ਰਯ, ਲਵਨ ਖਾਰ ਦੋ ਪਾਇ।
ਚੂਰਨ ਕੀਜੈ ਪੀਸ ਕੈ, ਉਸਨ [illegible] ਸੰਗ ਖਾਇ ॥੨੯੭॥
ਮਨਯਾਸਤੰਭ ਜੁ ਪਾਰਸ ਹਿਯ, ਕੁ[illegible] ਸਭ ਸੂਰ।
ਸਭਨਿ ਸੂਰ ਕਾ ਨਾਸ ਹੁਇ, ਦੇ[illegible] ਅਨੰਦ ਪੂਰ ॥੨੯੮॥

੧੦੩੨–ਸੌਂਚਰ ਨਿਮਕ, ਪਾਠਾ ਭਾਵ ਬਹਿਕੜ, ਹਿੰਗ, [illegible] ਲੂਣ, ਸੇਂਧਾ, ਸੌਂਚਰ ਤੇ ਵਿੜ) ਸਜੀ ਤੈ ਸੁਹਾਗਾ ਪੀਹਕੇ ਚੂਰਣ ਕਰੇ, ਗਰਮ ਜਲ ਨਾਲ ਖਾਵੇ ਤਾਂ ਮਨਜਾਸਥੰਭ ਅਰਥਾਤ ਜਵਾੜਿਆਂ ਦਾ ਅਕੜੇਮਾ, ਪਸਲੀ ਪੀੜ, ਹਿਦੇ, ਕੁਖਸੂਲ, ਹੋਰ ਸਭ ਤਰ੍ਹਾਂ ਦੇ ਸੂਲ ਨਾਸ ਕਰੇ ॥੨੯੭॥੨੯੮॥

ਸਰਬ ਸੂਲ ਕੋ ਲੇਪ–ਦੋਹਰਾ

ਨਵਸਾਦਰ ਨਿਸ ਫਟਕਰੀ, ਅਰਕ ਜਟਾ ਕੀ ਛਾਰ।
ਮੁਸੱਬਰ ਟੰਕਨ ਗਹੋ, ਪੀਸੋ ਸਮ ਕਰ ਭਾਰ ॥੨੯੯॥
ਗਊ ਮੂਤ ਸੌਂ ਤਪਤ ਕਰ, ਲੇਪ ਉਦਰ ਪਰ ਕਾਰ।
ਸਰਬ ਸੂਰ ਕਾ ਨਾਸ ਹੋਇ, ਕਹਤ ਮੇਘ ਸੁਖਕਾਰ ॥੩੦੦॥

੧੦੩੩–ਨੌਸ਼ਾਦਰ, ਹਲਧੀ, ਫਟਕੜੀ, ਅਕ ਜੜ ਦੀ ਛਿਲ, ਏਲੂਆ ਤੇ ਸੁਹਾਗਾ ਸਭੇ ਇਕ ਸਮਾਨ ਗਊ ਮੂਤ੍ਰ ਵਿਚ ਪੀਹਕੇ ਗਰਮ ਕਰਕੇ ਪੇਟ ਪਰ ਲੇਪ ਕਰੇ ਤਾਂ ਸਭ ਤਰਾਂ ਦਾ ਸੂਲ ਨਾਸ ਕਰੇ ॥੨੯੯॥੩੦੦॥

ਕੜੂ ਪਤੂਰਾ ਫਲ ਗਹੋ, ਆਰ ਨਾਲ ਸੋ ਪਾਸ।
ਸੂਲ ਸਕਲ ਮਿਟ ਜਾਤ ਹੈ, ਲੇਪ ਉਦਰ ਜੋ ਦੀਸ ॥੩੦੧॥

Digitized by Panjab Digital Library | www.panjabdigilib.org

੧੦੩੪-ਕੌੜ ਤੇ ਧਤੂਰੇ ਦੇ ਫੁਲ ਕਾਂਜੀ ਨਾਲ ਪੀਹਕੇ ਪੇਟ ਪਰ ਲੇਪ ਕਰੇ ਤਾਂ ਸਭ ਤਰ੍ਹਾਂ ਦਾ ਸੂਲ ਨਾਸ ਕਰੇ ॥੩੦੧॥

ਲੇਪ-ਸ਼ੰਕਰ ਛੰਦ

ਕੁੱਠ ਹਾਲੋਂ ਹਿੰਗੁ ਮੈਦਾ, ਲਾਕਰੀ ਕੀ ਛਿਲ।
ਰਾਈ ਮੁਸੱਬਰ ਸੁੰਠਿ ਹਰਦੀ,ਪੁਸਕਰਾ ਜਰ ਡਾਲ।
ਘਸੀ ਬਾਰਾਂ ਸਿੰਗੁ ਮੇਲੋ, ਪੀਸ ਗਰਮ ਕਰਾਇ।
ਤੇਲ ਕਟੁ ਟੁਕ ਪਾਇ ਲੇਪੋ, ਉਦਰ ਸੂਰ ਨਸਾਇ ॥੩੦੨॥

੧੦੩੫-ਕੁੱਠ, ਹਾਲੋਂ, ਮੈਦਾ, ਲਕੜੀ ਦੀ ਛਿੱਲ, ਰਾਈ, ਏਲੂਆ, ਸੁੰਢ, ਹਲਦੀ ਤੇ ਪੁਹਕਰ ਮੂਲ ਘਸਾਕੇ ਬਾਰਾਂ ਸਿੰਘਾ ਅਰ ਫਿਰ ਸਭੋ ਪੀਹਕੇ ਗਰਮ ਕਰਕੇ ਕੌੜਾ ਤੇਲ ਪਾਕੇ ਗਰਮ ਕਰੇ ਅਰ ਪੇਟ ਪਰ ਲੇਪ ਕਰੇ ਤਾਂ ਪੇਟ ਦਾ ਸੂਲ ਨਾਸ ਕਰੇ ॥੩੦੨॥

ਪ੍ਰਣਾਮਕ ਸੂਲ ਲੱਛਣ-ਦੋਹਰਾ

ਭੋਜਨ ਜਬ ਪਚਨੈ ਲਗਤ, ਹੋਤ ਉਦਰ ਜੋ ਸੂਰ।
ਸੋ ਪਰਣਾਮਕ ਸੂਲ ਹੈ, ਮਾਧਵ ਭਾਖਯੋ ਮੂਰ ॥੩੦੩॥
ਅਫਾਰਾ ਗੁੜਗੁੜ ਸ਼ਬਦ, ਬਿਸਟਾ ਮੂਤ੍ਰ ਜੁ ਬੰਧ।
ਚਿਕਣ ਗਰਮ ਤੇ ਸ਼ਾਂਤ ਹੁਇ, ਏ ਲੱਛਣ ਸਨਬੰਧ ॥੩੦੪॥

੧੦੩੬-ਜਦ ਭੋਜਨ ਪਚਨ ਲਗੇ ਤਾਂ ਪੇਟ ਵਿਚ ਸੂਲ ਹੋਵੇ, ਉਸਨੂੰ ਪ੍ਰਣਾਮਕ ਸੂਲ ਕਿਹਾ ਜਾਂਦਾ ਹੈ. ਇਸ ਵਿਚ ਪੇਟ ਗੁੜਗੁੜ ਕਰਦਾ, ਵਿਸ਼ਟਾ ਤੇ ਮੂਤ੍ਰ ਰੁਕ ਜਾਂਦੇ, ਫਿਰ ਚੀਕਣਾ ਅਰ ਗਰਮ ਕੁਛ ਖਾਵੇ ਤਾਂ ਸ਼ਾਂਤ ਹੁੰਦਾ ਹੈ ॥੩੦੩॥੩੦੪॥

ਪ੍ਰਣਾਮਕ ਸੂਲ ਉਪਾਇ (ਬ੍ਰਿੰਦਾਤ)-ਚੌਪਈ

ਅਭਯਾ ਕ੍ਰਿਸ਼ਨਾ ਸਾਰ ਮਿਲਾਇ। ਸਹਤ ਸੰਗ ਇਨਕੋ ਚਟਵਾਇ।
ਕਹਤ ਬ੍ਰਿੰਦ ਸਾਚੀ ਏ ਬਾਤ। ਸੂਲ ਪ੍ਰਣਾਮਕ ਛਿਨ ਮਹਿ ਜਾਤ॥੩੦੫॥

੧੦੩੭-ਹਰੜ, ਮਘ ਤੇ ਮ੍ਰਿਤਲੋਹਾ ਮਿਲਾਕੇ ਸ਼ਹਿਤ ਨਾਲ ਚਟੇ ਤਾਂ ਪ੍ਰਣਾਮਕ ਸੂਲ ਨਾਸ ਹੋਵੇ ॥੩੦੫॥

(ਬ੍ਰਿੰਦਾਤ)-ਚੌਪਈ

ਪਥਯਾ ਸੁੰਠੀ ਲੋਹ ਜੁ ਚੂਨ। ਮਧੁ ਸੰਗੈ ਚਾਟੋ ਇਸ ਗੂਨ।
ਸੂਲ ਪ੍ਰਣਾਮੈ ਜਾਵਤ ਸਹੀ। ਬ੍ਰਿੰਦੇ ਰਿਖ ਇਮ ਸਾਚੀ ਕਹੀ ॥੩੦੬॥

੧੦੩੮-ਹਰੜ, ਸੁੰਢ ਤੇ ਮ੍ਰਿਤਲੋਹਾ ਸ਼ਹਿਤ ਪਾਕੇ ਚਟੇ ਤਾਂ ਪ੍ਰਣਾਮਕ ਸੂਲ ਨਾਸ ਹੋਵੇ ॥੩੦੬॥

ਕਲਕ (ਵੰਗਸੇਨਾਤ)-ਦੋਹਰਾ

Digitized by Panjab Digital Library | www.panjabdigilib.org

ਨਾਗਰ ਤਿਲ ਗੁੜ ਕਲਕ ਕਰਿ, ਪਯ ਸੌਂ ਸਾਧੀ ਪੀਯ।
ਮਹਾ ਪ੍ਰਣਾਮਕ ਸੂਲ ਮਿਤ, ਸੁਖ ਪਾਵਤ ਬਹੁ ਜੀਯ ॥੩੦੭॥

੧੦੩੯-ਸੁੰਢ, ਤਿਲ ਤੇ ਗੁੜ, ਇਨ੍ਹਾਂ ਦਾ ਕਲਕ ਕਰਕੇ ਪੀਵੇ ਤਾਂ ਘੋਰ ਪ੍ਰਣਾਮਕ ਸੂਲ ਨਾਸ ਹੋਵੇ ॥੩੦੭॥

ਚਿਤ੍ਰਕ ਏਰੰਡ ਗੋਖਰੂ, ਇਟ ਸਿਟ ਭਸਮ ਸੰਬੂਕ।
ਉਸਨ ਨੀਰ ਸੰਗ ਪੀਜੀਏ, ਸੂਲ ਪ੍ਰਣਾਮਕ ਚੂਕ ॥੩੦੮॥

੧੦੪੦-ਚਿਤ੍ਰਾ ਅਰਿੰਡ ਦੀ ਜੜ੍ਹ ਭਖੜਾ, ਇਟਸਿਟ ਤੇ ਸੜਿਆ ਹੋਇਆ ਘੋਗਾ ਸਭੋ ਇਕ ਸਮਾਨ ਮਿਲਾਇਕੇ ਗਰਮ ਜਲ ਨਾਲ ਸੇਵਨ ਕਰੇ ॥੩੦੮॥

ਸੋਰਠਾ—ਪਾਨੀ ਮਾਹਿ ਬੁਝਾਇ, ਗਰਮ ਕਰੀ ਸੇਂਧਾ ਲਵਨ।
ਤੀਨ ਬਾਰ ਕਰਿ ਪਯਾਇ, ਸੂਲ ਪ੍ਰਣਾਮਕ ਜਾਤ ਮਿਟ ॥੩੦੯॥

੧੦੪੧-ਗਰਮ ਕਰਕੇ ਸੇਂਧਾ ਲੂਣ ਪਾਣੀ ਵਿਚ ਬੁਝਾਵੇ, ਇਸਤਰ੍ਹਾਂ ੩ ਬਾਰ ਕਰਕੇ ਪਿਲਾਵੇ, ਤਾਂ ਪ੍ਰਣਾਮਕ ਸੂਲ ਨਾਸ ਹੋਵੇ ॥੩੦੯॥

(ਵੰਗਸੇਨਾਤ)—ਚੌਪਈ

ਪੰਚ ਲਵਨ *ਤ੍ਰਯੂਖਨ ਸੰਬੂਕ। ਨੀਕੇ ਪੀਸੇ ਮੂਲ ਨ ਚੂਕ।
†ਕਲੰਬਕ ਰਸੁ ਗੁਟੀ ਬਨਾਇ। ਖਾਵਤ ਸੂਲ ਪ੍ਰਣਾਮਕ ਜਾਇ॥੩੧੦॥

੧੦੪੨-ਪੰਜੇਲੂਣ, *ਤ੍ਰਯੂਖਨ (ਸੁੰਢ, ਮਘ, ਮ੍ਰਿਚ), ਘੋਗੇ ਦੀ ਭਸਮ, ਚੰਗੀ ਤਰ੍ਹਾਂ ਪੀਹੇ ਅਰ ਫਿਰ ‡ਕਲਮੀ ਸਾਗ ਦੇ ਰਸ ਨਾਲ ਗੋਲੀ ਬਣਾਵੇ, ਬਲਾਨੁਸਾਰ ਖੁਲਾਵੇ ਤਾਂ ਪ੍ਰਣਾਮਕ ਸੂਲ ਜਾਂਦਾ ਰਹੇ ॥੩੧੦॥

ਸੋਰਠਾ—ਸਲੂਨਕ ਜੜ ਕ੍ਵਾਥ, ਪਯ ਘ੍ਰਿਤ ਸਿਤਾ ਮਿਲਾਇ ਪਿਵ।
ਸੂਲ ਪ੍ਰਣਾਮਕ ਹਾਥ, ਸੰਕਟ ਮਿਟ ਸੁਖ ਕੋ ਕਰਤ ॥੩੧੧॥

੧੦੪੩-ਸਲੂਣਕ ਦੀ ਜੜ੍ਹ ਦਾ (ਕਲਕ ਯਾ) ਕਾਹੜਾ ਕਰਕੇ ਦੁੱਧ ਘਿਉ ਮਿਲਾਕੇ ਖੰਡ ਪਾਇ ਪੀਵੇ ਤਾਂ ਪ੍ਰਣਾਮਕ ਸੂਲ ਨਾਸ ਹੋਵੇ ॥੩੧੧॥

[ਵੰਗਸੇਨਾਤ]—ਸੋਰਠਾ

ਲੋਹਚੂਨ ਬਚ ਆਨ, ਮਧੁ ਘ੍ਰਿਤ ਸੋ ਚਾਟਨ ਕਰੇ।
ਸੂਲ ਪ੍ਰਣਾਮਕ ਹਾਨ, ਬੰਗਸੈਨ ਇਮ ਉਚਰੈ ॥ ੩੧੨ ॥

---

*ਊਖਣ, ਪਾਠ ਦੀ ਥਾ ਤ੍ਰਯੂਖਣ ਪਾਠ ਚਾਹੀਏ, ਕਿਜੋਂਕਿ ਊਖਣ ਨਾਮ ਮ੍ਰਿਚ ਦਾ ਹੈ. ਤੇ ਤ੍ਰਯੂਖਣ ਨਾਮ ਤ੍ਰਿਕੁਟੇ ਦਾ ਹੈ, ਸੋਇਓ ਵੰਗਸੇਨ ਅਨੁਸਾਰ ਯਥਾਰਥ ਅਰਥ ਹੈ, ਦੇਖੋ ਵੰ: ਸੇ ਪ੍ਰਿ‡ ੪੨੩.

†"ਕਲੰਬਕ" ਕਲਮੀ ਸਾਗ ਦਾ ਨਾਮ ਹੈ, ਦੇਖੋ ਸਾਗ ਦਾ ਨਾਮ ਭਾਵ ਪ੍ਰਕਾਸ਼ਤ। ਤੁੰਮੇ ਦਾ ਰਸ ਅਰਥ, ਸੂਲ ਅਰਕੋਸ਼ ਤੋਂ ਓੱਕਾ ਹੀ ਵਿਰੁੱਧ ਹੈ, ਇਹ ਸਾਗ ਪੂਰਬ ਵਿਚ ਪ੍ਰਸਿਧ ਹੈ।

Digitized by Panjab Digital Library | www.panjabdigilib.org

੧੦੪੪–ਮ੍ਰਿਤਲੋਹਾ, ਵਚ ਤੇ ਸ਼ਹਿਤ ਘਿਉ ਨਾਲ ਚੱਟੇ ਤਾਂ ਪ੍ਰਨਾਮਕ ਸੂਲ ਨਾਸ ਹੋਵੇ॥੩੧੨॥

ਸੰਬੂਕਾਦਿ ਮੋਦਕ [ਵੰਗਸੇਨਾਤ]–ਚੌਪਈ

ਸੰਬੂਕ ਚੂਨ ਪਲ ਲੇਵੇ ਤੀਨ। ਲੋਹਚੂਨ ਪਲ ਦੋ ਲੈ ਦੀਨ।
ਰਸਾਂਜਨ ਪਲ ਏਕੋ ਪਾਇ। ਇਨਕੈ ਸਮ ਮਿਸਰੀ ਸੁਭਥਾਇ॥੩੧੩॥
ਮਧੁ ਸੇ ਗੋਲੀ ਕਰੋ ਸੁ ਟੰਕ। ਅਥਵਾ ਗੋਲੀ ਦੋ ਲੈ ਅੰਕ।
ਸੂਲ ਗੁਲਮ ਗੁਦਾਮਜ ਰੋਗੁ। ਪੰਕਤਿ ਸੂਰ ਪਾਂਡੁ ਕੋ ਖੋਗੁ॥੩੧੪॥
ਅਰਸ ਕ੍ਰਿਛ ਪ੍ਰਮੇਹ ਜੁ ਜਾਇ। ਅਗਨਿਮੰਦ ਮਤਿ ਭੂਲੀ ਆਇ।
ਸੰਬੂਕਾਦਿਕ ਮੋਦਿਕ ਏਹ। ਬੰਗਸੈਨ ਨੇ ਭਾਖਯੋ ਤੇਹ॥੩੧੫॥

੧੦੪੫–ਘੋਗੇ ਦੀ ਭਸਮ ਤੋਲੇ ੧੨, ਲੋਹਾਮ੍ਰਿਤ †ਤੋਲੇ ੮, ਤੇ ਰਸੌਂਤ ਤੋਲੇ ੪ ਸਭਨਾਂ ਦੇ ਬਰਾਬਰ ਮਿਸਰੀ ਪਾਕੇ ਸ਼ਹਤ ਨਾਲ ੪ ਮਾਸੇ ਦੀ ਜਾਂ ੮ ਮਾਸੇ ਦੀ ਗੋਲੀ ਕਰੇ ਫਿਰ ਸੇਵਨ ਕਰੇ ਤਾਂ ਸੂਲ, ਪੇਟ ਦਾ ਗੋਲਾ, ਗਦਾ ਦੇ ਰੋਗ, ਪੰਗਤੀਸੂਲ, ਪਾਂਡੂ ਰੋਗ, ਬਵਾਸੀਰ, ਮੂਤ੍ਰਕ੍ਰਿਛ,ਪ੍ਰਮੇਹ, ਮੰਦਾਗਨੀ, ਤੇ ਚੇਤਾ ਭੁਲਣਾ ਆਦਿ ਇਸ ਸੰਬੂਕਾਦਿ ਮੋਦਕ ਤੇ ਨਾਸ਼ ਹੁੰਦੇ ਹਨ॥੩੧੩ ਤੋਂ ੩੧੫॥

(ਰਸਰਤਨਾਕਰਾਤ)–ਦੋਹਰਾ

ਸੈਂਧਾ ਜੀਰਾ ਹਿੰਗੁ ਲੈ, ਮਧੁ ਘ੍ਰਿਤੁ ਸੇਤੀ ਚਾਟ।
ਪੰਕਿਤ ਸੂਰ ਸੁ ਨਾਸ ਹੁਇ, ਮਿਟਤ ਉਦਰ ਕੀ ਟਾਟ॥੩੧੬॥

੧੦੪੬–ਸੇਂਧਾ ਨਿਮਕ, ਜੀਰਾ, ਹਿੰਗ, ਸ਼ਹਤ ਅਰ ਘਿਉ ਨਾਲ ਚੱਟੇ ਤਾਂ ਪੰਕਤੀ ਸੂਲ ਹੋਰ ਹੋਰ ਪੇਟ ਦੀਆ ਤ੍ਰਾਟਾ ਸੱਭੇ ਨਾਸ ਕਰੇ॥੩੧੬॥

ਸਰਬ ਸੂਲ ਕੋ ਰਸ–ਦੋਹਰਾ

ਮੂਰਛਿਤ ਪਾਰਾ ਟੰਕਣੰ, ਜਵਾਖਾਰ ਸਮ ਜਾਨ।
ਮਧ ਸੋ ਮਾਖ ਸਮਾਨ ਚਟ, ਪੰਕਤਿ ਸੂਰ ਜੁ ਹਾਨ॥੩੧੭॥

੧੦੪੭–ਮੂਰਛਤ ਪਾਰਾ, ਸੋਹਾਗਾ ਤੇ ਜੌਂਖਾਰ, ਸ਼ਹਿਤ ਨਾਲ ੧ ਮਾਸਾ ਪ੍ਰਮਾਣ ਚੱਟੇ ਤਾਂ ਪੰਕਿਤ ਸੂਲ ਨਾਸ਼ ਕਰੇ॥੩੧੭॥

ਬਾਰਾਂ ਸਿੰਗਾ ਸ੍ਰਿੰਗਲੈ, ਸੰਪੁਟ ਭਸਮ ਕਰਾਇ।
ਘ੍ਰਿਤ ਸੋ ਕਰਖ ਪ੍ਰਮਾਨ ਚਟ, ਬਾਤ ਸੂਲ ਜੁ ਪਰਾਇ॥੩੧੮॥

੧੦੪੮–ਬਾਰਾਸਿੰਗੇ ਦਾ ਸਿੰਗ ਸੰਪੁਟ ਵਿਚ ਧਰਕੇ ਫੂਕ ਲਵੇ, ਫਿਰ ਘਿਉ ਨਾਲ ੧੦ ਮਾਸੇ ਤੱਕ ਚੱਟੇ ਤਾਂ ਬਾਤ ਦਾ ਸੂਲ ਨਾਸ ਕਰੇ [ਮਾਤ੍ਰਾ ਅਧਿਕ ਹੈ] ਸੋਚਕੇ ਦੇਵੇ॥੩੧੮॥

ਸੂਲ ਕੇਸਰੀ ਰਸ–ਦੋਹਰਾ

†ਵੰਗਸਨ ਵਿਚ ੪ ਤੋਲੇ ਮਨੂਰ ਭੀ ਚੋਥਾ ਪੋਣਾ ਲਿਖਯਾ ਹੈ।

Digitized by Panjab Digital Library | www.panjabdigilib.org

ਸੁਧ ਸੂਤ ਗੰਧਕ ਦੁਗਨ, ਤਾਂਬਰ ਦੋਊ ਸਮਾਨ।
ਤਾਂਬਰ ਪਾਤ੍ਰ ਲੇਪੀਏ, ਕਜਲੀ ਕਰ ਸੁਭ ਆਨ ॥੩੧੯॥
ਅਧੋ ਊਰਧ ਦੇ ਲੂਨ ਕੋ, ਗਜਪੁਟ ਆਗ ਕਰਾਇ।
ਸੀਤਲ ਕਰ ਪੀਸੋ ਕਢੀ, ਧਰੋ ਬਿੱਲ ਮੈ ਪਾਇ ॥੩੨੦॥
ਪਾਨ ਪਤ੍ਰ ਸੋ ਗੁੰਜ ਦ੍ਵੈ, ਖਾਵਤ ਜੋ ਨਰ ਨਾਰਿ।
ਸੂਰ ਰੋਗ ਸਭਹੀ ਮਿਟਤ, ਸਭ ਤਨ ਕੋ ਸੁਖਕਾਰਿ ॥੩੨੧॥

੧੦੪੯–ਸੁਧਪਾਰਾ, ਇਸ ਨਾਲੋਂ ਦੂਣੀ ਆਵਲੇ ਸਾਰ ਗੰਧਕ ਤੇ ਦੋਹਾਂ ਜਿਤਨਾ ਮ੍ਰਿਤਤਾਂਬਾ, ਇਨ੍ਹਾਂ ਨੂੰ ਘੋਟਕੇ ਫਿਰ ਤਾਂਬੇ ਦੇ ਪਤ੍ਰਿਆਂ ਪਰ ਲੇਪ ਕਰੇ, ਸੰਪੁਟ ਵਿਚ ਧਰਕੇ ਹੇਠ ਉਪਰ ਲੂਣ ਦੇਕੇ ਗਜਪੁਟ ਦੀ ਅੱਗ ਵਿੱਚ ਫੂਕ ਲਵੇ, ਅਰ ਸੀਤ ਕਰਕੇ ਸ਼ੀਸ਼ੀ ਪਾ ਰੱਖੇ, ਅਰ ਵਕਤ ਪਰ ਪਾਨ ਪਤ੍ਰ ਵਿਚ ੨ ਰੱਤੀ ਪ੍ਰਮਾਣ ਖਾਵੇ, ਤਾਂ ਸਭ ਤਰਾਂ ਦਾ ਪੁਰਸ਼ ਇਸਤ੍ਰੀ ਦਾ ਸੂਲ ਨਾਸ਼ ਕਰੇ ।੩੧੯ ਤੋਂ ੩੨੧।

ਅਗਨਿ ਮੁਖ ਰਸ–ਸ਼ੰਕਰ ਛੰਦ

ਲੈ ਮ੍ਰਿਤਕ ਸੂਤ ਸੁ ਅਭਰਕੰ, ਤਾਂਬਾ ਜੁ ਮਾਰਿਆ ਪਾਇ।
ਬਿਖ ਗੰਧਕੰ ਤ੍ਰਿਫਲਾ ਮਿਲਾਵੇ, ਅਮਲਬੇਤ ਸੁ ਲਯਾਇ।
ਏ ਖਰਲ ਦਿਨ ਜੋ ਏਕ ਕੀਜੈ, ਰਸਾ ਇਨਕਾ ਦੇਇ।
†ਬਿਖਮੁਸਟ ਬਾਂਸਾ ਜਯਾਰਕਤੰ, ਸਾਕਿਨਿ ਪੁਨ ਲੇਇ ॥੩੨੨॥
ਮਹਾ ਰਿਸਟੰ ਔ ਬ੍ਰਿਹਤੀ, ਪਦਮ ਪਤ੍ਰ ਧਤੂਰ।
ਸੁ ਨਾਗ ਬਲੀ ਭਾਵਨਾ, ਦੈ ਤੀਨ ਤੀਨ ਸਹੂਰ।
ਤਿਸ ਪਿਛੇ ਲਵਨ ਜੁ ਪੰਚ ਪਾਵੋ, ਤਾਹਿ ਕੈ ਜੁ ਸਮਾਨ।
ਫੇਰ ਪੀਸੋ ਰਸਾ ਅਦਰਕ, ਪਾਇ ਇਕ ਦਿਨ ਮਾਨ ॥੩੨੩॥
ਚਨਕਾ ਭਾ ਗੋਲੀ ਕਰੋ, ਆਠ ਸੂਲ ਪਰਨਾਮ।
ਦੋਹਰਾ– ਛਿਨ ਮਹਿ ਜਾਵਤ ਏ ਸਹੀ, ਕਹਤ ਮੇਘ ਸੁਨ ਨਾਮ ॥੩੨੪॥

੧੦੫੦–ਮ੍ਰਿਤਪਾਰਾ, ਮ੍ਰਿਤ ਅਭਰਕ, ਮ੍ਰਿਤਤਾਂਬਾ, ਸੁੱਧ ਮਿੱਠਾ ਤੇਲੀਆ, ਸੁੱਧ ਆਵਲੇਸਾਰ ਗੰਧਕ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਅਰ ਅਮਲਵੇਤ, ਸਭ ਸਮਾਨ ਭਾਗ ਲੈਕੇ ੧ ਦਿਨ ਖਰਲ ਕਰੇ ਅਰ ਫਿਰ ਕੁਚਲੇ ਦਾ ਰਸ, ਬਾਂਸੇ ਦਾ ਰਸ, ‡ਅਰਣੀ ਦਾ ਰਸ, ਲਾਲ ()ਰਤਕਾਂ ਦਾ ਰਸ, ਥੋਹਰ

---

†ਵਿਖ ਮੁਸਟ–ਕੁਚਲਾ ਹੈ, ਦੇਖੋ ਮਿ: ਕੋਸ਼

‡ਜਯਾ–ਨਾਮ ਅਰਣੀ ਦਾ ਹੈ, ਦੇਖੋ ਭਾ: ਪ੍ਰਕਾਸ਼.

()ਰਕਤੰ–ਨਾਮ ਲਾਲ ਰਤਕਾਂ ਦਾ ਹੈ ਦੇਖੋ ਭਾ: ਪ੍ਰਕਾਸ਼.

Digitized by Panjab Digital Library | www.panjabdigilib.org

ਦੇ ਪੱਤ੍ਰਾਂ ਦਾ ਰਸ, []ਵਕੈਣ ਦਾ ਰਸ, ਕੰਡਜਾਰੀ ਦਾ ਰਸ, ਕਮਲ ਪੱਤ੍ਰਾਂ ਦਾ ਰਸ, ਧਤੂਰੇ ਦੇ ਪੱਤ੍ਰਾਂ ਦਾ ਰਸ, ਪਾਨਾਂ ਦਾ ਰਸ ਪਾਕੇ ਤਿੰਨ ਤਿੰਨ ਭਾਵਨਾਂ ਦੇਕੇ ਫਿਰ ਪੰਜੇ ਨਿਮਕ ਸਭਨਾਂ ਦੇ ਸਮਾਨ ਪਾਕੇ ਸਭਨਾਂ ਨੂੰ ਫਿਰ ਅਦਰਕ ਦੇ ਰਸ ਵਿਚ ਇਕ ਦਿਨ ਘੋਟਕੇ ਚਣੇ ਪ੍ਰਮਾਣ ਗੋਲੀ ਕਰੇ, ਅਰ (ਗਰਮ ਜਲ ਨਾਲ) ਦੇਵੇ ਤਾਂ ਅੱਠ ਪ੍ਰਕਾਰ ਦੇ ਸੂਲ ਨੂੰ ਨਾਸ਼ ਕਰਨ ਵਿਖੇ ਦੇਰ ਨਾ ਲਾਵੇ। ਪ੍ਰੰਤੂ ਰਸ ਰਾਜ ਸੁੰਦਰ ਵਿਖੇ ਰਸਾਂ ਦਾ ਪੌਣਾ ਇਸ ਤਰ੍ਹਾਂ ਫਰਕ ਭੀ ਹੈ, ਸੋ ਜਾਨਣਾ ਚਾਹੀਏ। ਪਾਨ, ਧਤੂਰਾ, ਕੰਡਿਆਰੀ, ਅਰਣੀ, ਕਮਲ, ਨੇਤ੍ਰ ਬਾਲਾ, ਬਾਸਾ, ਕੁਚਲਾ, ਥੋਹਰ ਅਤੇ ਬਜੋਰੇ ਇਹ ਕਹੇ ਹਨ ॥੩੨੨ ਤੋਂ ੩੨੪॥

ਤ੍ਰਿਨੇਤ੍ਰ ਰਸ–ਚੌਪਈ

ਟੰਕਣ ਸੋਨਾ ਮ੍ਰਿਤ ਲੈ ਆਇ। ਪਾਰਾ ਮ੍ਰਿਤੂ ਤਾਹੀ ਸਮ ਪਾਇ।
ਹਰਨ ਸ੍ਰਿੰਗ ਸਭ ਖਰਲੋ ਸਹੀ। ਅਦਰਕ ਰਸ ਸੋ ਦੇਵਨ ਕਹੀ॥੩੨੫॥
ਗਜਪੁਟ ਦੇਈ ਮਾਖ ਸਮਾਨ। ਮਧੁ ਘ੍ਰਿਤ ਚਾਟੇ ਸੂਰ ਸੁ ਹਾਨ।
ਤ੍ਰਿਨੇਤ੍ਰ ਰਸ ਕਾ ਨਾਮ। ਕਹਯੋ ਜਾਹਿ ਕਾ ਹਰਹੈ ਨਾਮ ॥੩੨੬॥

੧੦੫੧–ਸੋਹਾਗਾ, ਮ੍ਰਿਤਸੋਨਾ, ਮ੍ਰਿਤਪਾਰਾ ਤੇ ਹਰਨ ਦਾ ਸਿੰਗ, [ਹਰਨ ਦੇ ਤਾਜ਼ੇ ਸਿੰਗ ਦੀ ਗੁਲੀ] ਸਭ ਸਮਾਨ ਲੈਕੇ ਅਦ੍ਰਕ ਦੇ ਰਸ ਨਾਲ ਖਰਲ ਕਰੇ, ਅਰ ਫਿਰ ਗਜਪੁਟ ਦੇਕੇ ੧ ਮਾਸੇ ਪ੍ਰਮਾਣ ਘਿਉ ਤੇ ਸ਼ਹਿਤ ਨਾਲ ਚੱਟੇ ਤਾਂ ਇਹ ਤ੍ਰਿਨੇਤ੍ਰਰਸ ਸਭ ਤਰ੍ਹਾਂ ਦੇ ਸੂਲ ਨਾਸ ਕਰੇ ॥੩੨੫॥੩੨੬॥

ਬਟੀ (ਵੈਦਕੰਤੂਹਲਾਤ)–ਚੌਪਈ

ਤ੍ਰਿਫਲਾ ਤ੍ਰਿਕੁਟਾ ਘਨ ਬਚ ਪਾਇ। ਮਿਠਾ ਬਾਇਬੜਿੰਗ ਮਗਾਇ।
ਚਿਤ੍ਰਕ ਅਪੁਠ ਕੰਡਾ ਕਾਰ। ਸਮਗੁੜ ਸੋ ਪੀਸੋ ਮਨ ਧਾਰ॥੩੨੭॥
ਦੋ ਗੁੰਜਾ ਸਮ ਗੁਟਕਾ ਕਰੋ। ਬਾਤ ਸਲੇਖਮ ਸੂਲ ਸੁ ਹਰੋ।
ਤਾਪ ਸ੍ਵਾਸ ਅਰੁ ਕਾਸ ਨਸਾਇ। ਕਫ ਸੂਲਾਘਨ ਬਟੀ ਕਹਾਇ॥੩੨੮॥

੧੦੫੨–ਤ੍ਰਿਫਲਾ (ਹਰੜ, ਬਹੇੜਾ, ਆਵਲੇ) ਤ੍ਰਿਕੁਟਾ (ਸੁੰਢ, ਮਘ, ਮ੍ਰਿਚ) ਮੋਥਾ, ਵਚ, ਤੇਲੀਆ, ਬਾਇਵੜਿੰਗ, ਚਿਤ੍ਰਾ ਤੇ ਪੁਟਕੰਡਾ, ਸਮਾਨ ਭਾਗ ਲੈ ਕੇ ਪੀਹਕੇ ਗੁੜ ਨਾਲ ਗੋਲੀ ੨ ਰੱਤੀ ਦੀ ਕਰੇ, ਅਰ ਖਾਵੇ ਤਾਂ ਬਾਤ ਕਫ ਦਾ ਸੂਲ, ਤਾਪ, ਸ੍ਵਾਸ, ਕਾਸ ਤੇ ਕਫ ਸੂਲ, ਸਭਨਾ ਨੂੰ ਨਾਸ ਕਰਨ ਹਾਰੀ ਕਹੀ ਹੈ ॥੩੨੭॥੩੨੮॥

ਸਰਬ ਸੂਲ ਕੋ ਰਸ–ਚੌਪਈ

ਪਾਰਦ ਗੰਧਕ ਸਿੰਗਰਫ ਆਨ। ਬਿਖ ਟੰਕਨ ਜੈਪਾਲ ਬਖਾਨ।
ਤ੍ਰਿਕੁਟਾ ਸਮ ਪਾਨੋ ਰਸ ਸਾਥ। ਖਰਲੋ ਦਿਨ ਸਾਤੇ ਹੀ ਸਾਥ ॥੩੨੯॥
ਕਥ ਸੁਪਾਰੀ ਚੂਨਾ ਲੇਇ। ਇਨਕੇ ਜਲ ਕੀ ਭਾਵਨ ਦੇਇ।
ਦੋ ਗੁੰਜਾ ਖਾਵਤ ਲੈ ਪਾਨ। ਸਰਬ ਸੂਲ ਕੀ ਕਰ ਹੈ ਹਾਨ ॥੩੩੦॥

[]ਮਹਾਰਿਸਟੰ–ਵਕੈਣ ਦੇਖੇ ਆ: ਐ: ਕੋਸ਼.

Digitized by Panjab Digital Library | www.panjabdigilib.org

੧੦੫੩–ਪਾਰਾ, ਗੰਧਕ, ਸਿੰਗ੍ਰਫ, ਮਿਠਾ ਤੇਲੀਆ, ਸੁਹਾਗਾ ਜਮਾਲਗੋਟਾ ਤੇ ਤ੍ਰਿਕੁਟਾ (ਮਘ ਮਿਰਚ, ਸੁੰਢ) ਇਕ ਸਮਾਨ ਲੈਕੇ, ਪਾਨਾਂ ਦੇ ਰਸ ਨਾਲ ੭ ਦਿਨ ਖਰਲ ਕਰੇ, ਫਿਰ ਕੱਥ, ਸੁਪਾਰੀ ਤੇ ਚੂਨਾ; ਇਨ੍ਹਾਂ ਦੇ *ਜਲ ਦੀਆਂ ਭਾਵਨਾਂ ਦੇਕੇ ੨ ਰੱਤੀ ਪ੍ਰਮਾਣ, ਪਾਨ ਵਿਚ ਖੁਲਾਵੇ ਤਾਂ ਸਰਬ ਪ੍ਰਕਾਰ ਦੇ ਸੂਲ ਨਾਸ ਕਰੇ ॥੩੨੯॥੩੩੦॥

ਸੂਲ ਦੇ ਪੱਥ–ਪਰਹਾ

ਸ੍ਵੇਦਨ ਲੰਘਣ ਬਮੀ, ਪਾਯੁ ਬ੍ਰਤ ਰੇਚਨੰ।
ਪਾਚਨ ਨਿੰਦ੍ਰਾ ਉਸਨ, ਛੀਰ ਅਭਿਖੇਚਨੰ।
ਸੌ ਬਾਂਜਨ ਕਰੇਲਾ, ਬੈਂਗਨ ਦਾਖ ਹੀ।
ਸਾਲ ਪੁਰਾਨੇ ਨੀਰ, ਉਸਨ ਜੋ ਭਾਖ ਹੀ॥੩੩੧॥

੧੦੫੪–ਪਸੀਨਾ ਦੇਣਾ, ਨਾਂ ਖਾਣ ਨੂੰ ਦੇਣਾ, ਬਮਨ ਕਹੌਣਾ, ਗੁਦਾ ਰਸਤੇ ਬੱਤੀ ਦੇਣੀ, ਦਸਤ ਦੇਣੇ, ਪਾਚਨਕਾਰ ਬਸਤਾਂ, ਸੁਲਾ ਦੇਣਾ, ਗਰਮ ਦੁੱਧ, ਮਲਨਾ ਵਾ ਘੁਟਣਾ, ਸੁਹਾਂਝਣਾ, ਕਰੇਲੇ,ਭਤਾਊਂ ਦਾਖ, ਚਾਵਲ ਪੁਰਾਣੇ ਤੇ ਗਰਮ ਜਲ ਇਹ ਸਭ ਯਤਨ ਕਰਨੇ,ਅਰ ਖਾਣੇ ਸੂਲ ਵਿਖੇ ਪੱਥ ਹਨ।੩੩੧।

ਕੁਪੱਥ

ਅੰਨ ਬਿਰੁਧਾਹਾਰ, ਜਾਗਨਾ ਰਾਤ ਕੋ।
ਬਿਖਮਾਸਨ ਬਯਾਯਾਮ, ਮੈਥੁਨੰ ਸਾਤ ਕੋ।
ਬੇਗ ਰੋਧ ਅਰੁ ਕ੍ਰੋਧ, ਜੁ ਮਾਖਾ ਸੀਤਲੰ।
ਰੂਖਾ ਭੋਜਨ ਕਫੀ, ਜਾਨੀਯੋ ਈਤਲੰ॥੩੩੨॥

੧੦੫੫–ਵਿਰੁੱਧ ਖਾਣਾ ਪੀਣਾ, ਰਾਤ ਦਾ ਜਾਗਣਾ, ਵਿਖਮਾਸਨ, ਕਸ੍ਰਿਤ, ਭੋਗ ਕਰਨਾ, ਬੇਗਾਂ ਦਾ ਰੋਕਣਾ, ਕ੍ਰੋਧ ਕਰਨਾ, ਮਾਂਹ ਖਾਣੇ, ਠੰਢੀਆਂ ਵਸਤਾਂ ਖਾਣੀਆਂ, ਰੁੱਖੇ ਭੋਜਨ ਖਾਣੇ ਅਰ ਏਸੇਤਰ੍ਹਾਂ ਕਫ ਕਰਨਹਾਰੇ ਇਹ ਸਭ ਕੁਪੱਥ ਹਨ ॥੩੩੨॥

ਅਥ ਉਦਾਵਰਤ ਨਿਦਾਨ–ਪਰਿਹਾ

ਗੁਦਾ ਬਾਤ ਜੋ ਬਿਸਟਾ, ਛੀਕ ਡਿਕਾਰ ਹੈ।
ਅਸ੍ਰੂਪਾਤ ਜੰਭਾਈ, ਬਮਨਿ ਸਧਾਰ ਹੈ।
ਸੂਕਾ ਤ੍ਰਿਸਨਾ ਸ੍ਵਾਸ, ਭੂਖ ਨਿੰਦ੍ਰਾ ਸਹੀ।
ਮੂਤ੍ਰ ਰੋਕੈ ਜਾਨ, ਸਭਨ ਤੇ ਹੁਇ ਸਹੀ॥੩੩੩॥

ਦੋਹਰਾ–ਜਾਤ ਸੁ ਤੇਰਾਂ ਏ ਕਹਯੋ, ਇਨ ਰੋਕੈ ਜੋ ਕੋਇ।

*ਇਨ੍ਹਾਂ ਨੂੰ ਜਲ ਵਿਚ ਭਿਉਂਕੇ ਨਿਤਾਰਕੇ ਓਹ ਜਲ ਲਵੇ।

Digitized by Panjab Digital Library | www.panjabdigilib.org

ਉਦਾਵਰਤ ਇਮ ਹੋਤ ਹੈ, ਜਾਨੋ ਬੈਦ ਸੁ ਜੋਇ ॥੩੩੪॥

ਪੱਦ, ਵਿਸ਼ਟਾ, ਛਿੱਕ, ਡਕਾਰ, ਹੰਝੂ (ਭਾਵ ਨੇਤ੍ਰਾਂ ਦਾ ਜਲ), ਉਬਾਸੀ, ਕੈ, ਬੀਰਜ, ਪਿਆਸ ਸ੍ਵਾਸ, ਭੁੱਖ, ਨੀਂਦ ਤੇ ਮੂਤ੍ਰ ਇਨ੍ਹਾਂ ਸਭਨਾਂ ਦੇ ਵਗ ਰੋਕਨੇ ਤੇ ਉਦਾਵਰਤ ਰੋਗ ਤੇਰਾਂ ਪ੍ਰਕਾਰ ਦਾ ਉਤਪੰਨ ਹੁੰਦਾ ਨੂੰ ॥੩੩੩॥੩੩੩॥ ਚੌਪਈ

ਕਮਰ ਪੀਰਾ ਅਫਾਰਾ ਜਾਨ। ਗੁਦਾ ਬਾਤ ਤੇ ਏ ਰੁਜ ਠਾਨ।
ਸਬਦਿ ਸੂਲ ਅਰੁ ਪੇਟੈ ਕਾਟ। ਬਿਸਟਾ ਰੋਕੈ ਏ ਰੁਜ ਠਾਟ ॥੩੩੫॥
ਮੂਤ੍ਰਾਸੈ ਲਿੰਗ ਸੂਲ ਕਰਾਇ। ਮੂਤ੍ਰ ਕ੍ਰਿਛ ਸਿਰ ਪੀਰਾ ਬਾਇ।
ਹੋਇ ਅਫਾਰਾ ਜਾਨੋ ਸਹੀ। ਮੂਤ੍ਰ ਰੋਧ ਤੇ ਏ ਰੁਜ ਕਹੀ ॥੩੩੬॥
ਗ੍ਰੀਵਨਾੜਿ ਗਲ ਸਥੰਭੁ ਕਰਾਇ। ਸੀਸ ਪੀਰ ਜਿੰਭ੍ਰਾ ਜੁ ਰੁਕਾਇ।
ਨੈਨ ਨਾਸਕਾ ਮੁਖ ਅਰੁ ਕਾਨ। ਜਿੰਭ੍ਰਾ ਰੋਕੇ ਦੁਖ ਇਨ ਥਾਨ ॥੩੩੭॥
ਸਿਰ ਭਾਰੀ ਪੀਨਸ ਦ੍ਰਿਗ ਰੋਗੁ। ਅਸ੍ਰ ਪਾਤ ਰੋਕਨ ਤੇ ਹੋਗੁ।
ਕੰਠ ਬਦਨ ਹੋਵਤ ਅਤਿ ਤੋਦ। ਰੁਕੈ ਡਿਕਾਰ ਸੁ ਜਾਨੋ ਮੋਦ॥੩੩੮॥
ਗ੍ਰੀਵ ਸਤੰਭ ਸਿਰ ਸੂਲ ਜੁ ਹੋਇ। ਆਧਾ ਸੀਸੀ ਤਾਕੋ ਜੋਇ।
ਦੁਰਬਲ ਇੰਦ੍ਰੀ ਪਾਂਚੋ ਜਾਨ। ਛੀਕ ਰੋਕ ਤੇ ਏਹੁ ਬਿਧਾਨ ॥੩੩੯॥
ਖਾਮ ਅਰੁਚਿ ਜੁਰਕੁਸਟ ਸੁ ਪਾਂਡ। ਫੁਨਸੀ ਸੋਜਾ ਜਾਨੋ ਮਾਂਡ।
ਕੱਚਾ ਜੀਵ ਰਹੈ ਦਿਨ ਰੈਨ। ਛਰਦ ਰੋਕੇ ਜਾਨੋ ਐਨ ॥੩੪੦॥
ਮੂਤ੍ਰ ਬੰਧ ਪਥਰੀ ਗਿਰਧਾਤ। ਸੁਕ੍ਰ ਰੋਕ ਤੇ ਏਹੁ ਜੁ ਬਾਤ।
ਘੂਰਮ ਸ੍ਰਮ ਅਰੁਚੀ ਅੰਗ ਮਰਦ। ਭੂਖ ਰੋਕ ਨੈ ਜਾਨੋ ਅਰਦ ॥੩੪੧॥
ਕ੍ਰਿਸ ਅੰਗ ਨੇਤਰ ਗਲ ਮੁਖ ਸੋਖ। ਕਰਣ ਰੁੰਧੇ ਜਾਨੋ ਏ ਦੋਖ।
ਤ੍ਰਿਖਾ ਰੋਕ ਤੇ ਏਤੇ ਹੋਇ। ਮਾਧਵ ਤੇ ਮੈ ਭਾਖਯੋ ਸੋਇ ॥੩੪੨॥
ਸ੍ਵਾਸ ਰੋਕ ਤੇ ਹਿਯ ਗਦ ਹੋਇ। ਗੁਲਮ ਹਿਯਾ ਗਦ ਜਿੰਭ੍ਰਾ ਸੋਇ।
ਅੰਗ ਮਰਦ ਸਿਰ ਨੇਤਰ ਜੜਤਾ। ਰੋਕਤ ਨਿੰਦ੍ਰਾ ਏ ਦੂਖ ਕਰਤਾ॥੩੪੩॥

(੧) ਕਮਰ ਪੀੜਾ ਅਰ ਅਫਾਰਾ ਹੋਵੇ ਤਾਂ ਗੁਦਾ ਦੀ ਪੌਣ ਰੋਕਣ ਤੇ ਉਦਾਵਰਤ ਹੋਯਾ ਜਾਣੇ। (੨) ਪੇਟ ਵਿਖੇ ਗੁੜਗੁੜ ਸਬਦ ਹੋਵੇ, ਸੂਲ ਅਰ ਪੇਟ ਕੱਟਿਆ ਜਾਂਦਾ ਪ੍ਰਤੀਤ ਦੇਵੇ ਤਾਂ ਵਿਸ਼ਟਾ ਰੋਕਣੇ ਤੇ ਉਦਾਵਰਤ ਹੋਯਾ ਜਾਣੇ (੩) ਮੂਤ੍ਰਾਸ਼ਯ-ਭਾਵ ਪੇਡੂ ਵਿਚ ਤੇ ਲਿੰਗ ਵਿਚ ਸੂਲ ਹੋਵੇ। ਮੂਤ੍ਰ ਥੋੜਾ ਥੋੜਾ ਕਸ਼ਟ ਨਾਲ ਆਵੇ, ਸਿਰ ਪੀੜ ਅਰ ਅਫਾਰਾ ਹੋਵੇ ਤਾਂ ਮੂਤ੍ਰ ਰੋਕਣੇ ਤੇ ਹੋਯਾ ਉਦਾਵਰਤ ਜਾਣੇ। (੪) ਪੌਣ ਦੀਆਂ ਨਾੜਾਂ ਅਰ ਗਲ ਆਕੜ ਜਾਵੇ, ਸਿਰ ਪੀੜ, ਉਬਾਸੀਆਂ ਬੰਦ, ਨੇਤ੍ਰ, ਮੂੰਹ,

Digitized by Panjab Digital Library | www.panjabdigilib.org

ਨਕ ਕੰਨ, ਇਨ੍ਹਾਂ ਵਿਖੇ ਪੀੜ ਹੋਵੇ ਤਾਂ ਉਬਾਸੀ ਰੋਕਣੇ ਦਾ ਉਦਾਵਰਤ ਹੋਯਾ ਜਾਣੇ। (੫) ਸਿਰ ਭਾਰਾ ਹੋਵੇ, ਨਜ਼ੁਲਾ ਅਰ ਨੇਤ੍ਰ ਦੁਖਣੇ ਲਗ ਜਾਣ, ਇਹ ਉਦਾਵਰਤ ਹੰਝੂ ਰੋਕਣੇ ਭੇ ਹੋਯਾ ਜਾਣੇ। (੬) ਕੰਠ ਮੂੰਹ ਵਿਖੇ ਚੋਭਾਂ ਪ੍ਰਤੀਤ ਦੇਣ ਤਾਂ ਡਕਾਰ ਰੋਕਣ ਦਾ ਉਦਾਵਰਤ ਹੋਯਾ ਜਾਣੇ। (੭) ਧੌਣ ਰੁਕ ਜਾਵੇ, ਸਿਰ ਵਿਖੇ ਸੂਲ ਚੱਲੇ, ਅੱਧਾ ਸਿਰ ਦੁਖਣੇ ਲੱਗ ਜਾਵੇ, ਪੰਜੇ ਇੰਦ੍ਰੀਆਂ ਬਲ ਹੀਣ ਹੋ ਜਾਣ, ਅਜੇਹਾ ਉਦਾਵਰਤ ਛਿੱਕ ਰੋਕਣ ਤੇ ਹੁੰਦਾ ਹੈ, ਇਉਂ ਜਾਣੇ। (੮) ਖਾਮ ਕਹੀਏ ਸਰੀਰ ਖੀਣ ਹੁੰਦਾ ਜਾਣਾ, ਅੰਨ ਵਲੋਂ ਅਰੁਚੀ ਹੋਵੇ। ੩੫, ਕੁਸਟ-ਭਾਵ ਸਰੀਰ ਪਰ ਚਕਤੇ ਪੈ ਜਾਣੇ, ਪਾਂਡੂ ਰੋਗ, ਫੁੰਸੀਆਂ ਤੇ ਸੋਜਾ ਦਿਨ ਰਾਤ ਜੀ ਕਚਕਚਾ ਹੁੰਦਾ ਰਹੇ,ਇਉਂ ਕੈ ਰੋਕਣ ਦਾ ਉਦਾਵਰਤ ਹੋਯਾ ਜਾਣੇ। (੯) ਪੇਸ਼ਾਬ ਰੁਕ ਜਾਣਾ, ਪਥਰੀ ਹੋ ਜਾਣੀ, ਧਾਤੁ ਬਹੇ, ਇਹ ਨਿਸ਼ਾਨੀਆਂ ਬੀਰਜ ਰੋਕਣੇ ਤੇ ਹੋਏ ਉਦਾਵਰਤ ਦੀਆਂ ਜਾਣੇ। (੧੦) ਘੂਰਮ ਕਹੀਏ ਤੰਦ੍ਰਾ ਹੋਵੇ, ਥਕੇਵਾ ਜਾਪੇ ਅਰੁਚੀ ਤੇ ਅੰਗ ਦਲੇ ਮਲੇ ਜੇਹੇ ਹੋਣੇ, ਇਹ ਕੁੱਖ ਰੋਕਣੇ ਦਾ ਉਦਾਵਰਤ ਹੋਯਾ ਕਿਹਾ ਜਾਂਦਾ ਹੈ, ਇਉਂ ਜਾਣੇ। (੧੧) ਅੰਗ ਖੀਣ ਹੋਣੇ, ਮੰਦਦ੍ਰਿਸ਼ਟ, ਗਲ ਮੂੰਹ ਦਾ ਸੁਕਣਾ, ਕੰਨਾ ਵਿਖੇ ਨਾਂ ਸੁਣਾਈ ਦੇਣਾ, ਇਹ ਲੱਛਣ ਪਯਾਸ ਰੋਕਣ ਤੇ ਹੋਏ ਉਦਾਵਰਤ ਦੇ ਹੁੰਦੇ ਹਨ। (੧੨) ਹ੍ਰਿਦਯ ਰੋਗ ਸ੍ਵਾਸ ਰੋਕਣ ਦੇ ਉਦਾਵਰਤ ਤੇ ਹੋਯਾ ਜਾਣੇ। (੧੩) ਪੇਟ ਵਿਖੇ ਗੋਲਾ, ਹਿਰਦੇ ਰੋਗ, ਉਬਾਸੀਆਂ ਬਹੁਤ ਔਣੀਆਂ ਅੰਗ ਦਲੇ ਮਲੇ ਜਹੇ ਤੇ ਸਿਰ, ਨੇਤ੍ਰ ਸੜਨੇ, ਇਹ ਨਿੰਦ੍ਰਾ ਰੋਕਣੇ ਤੇ ਹੋਏ ਉਦਾਵਰਤ ਦੇ ਲੱਛਣ ਜਾਣੇ ॥੩੩੫ ਤੋਂ ੩੪੩॥

ਅਸਾਧ ਲੱਛਣ-ਚੌਪਈ

ਤੰਦ੍ਰਾ ਤ੍ਰਿਟ ਅਰੁ ਦੇਹੀ ਖੀਨ। ਸੂਲ ਉਪਦ੍ਰਵ ਜਾਨ ਮਲੀਨ।
ਬਿਸਟਾ ਬਮਨ ਕਰੇ ਮੁਖ ਰਾਹ। ਕਹਯੋ ਅਸਾਧ ਸੁ ਜਾਨੋ ਯਾਹ ॥੩੪੪॥

ਤੰਦ੍ਰਾ ਹੋਵੇ, ਪਯਾਸ ਲਗੇ, ਦੇਹ ਖੀਣ ਹੁੰਦੀ ਜਾਵੇ, ਅਰ ਸੂਲ ਹੋਵੇ, ਅਰ ਮੂੰਹ ਦ੍ਵਾਰਾ ਵਿਸ਼ਟਾ ਦੀ ਕੈ ਕਰੇ। ਇਹ ਸਭ ਉਦਾਵਰਤ ਦੇ ਅਸਾਧ ਲੱਛਣ ਜਾਣੇ ॥੩੪੪॥

ਅਫਾਰਾ ਲੱਛਣ-ਪਰਿਹਾ

ਆਮ ਜੁ ਬਿਸਟਾ ਮਿਲੀ, ਬਧਿ ਹੁਇ ਜਾਨੀਏ।
ਪਵਨ ਜੁ ਉਲਟੀ ਚਲਤ, ਅਫਾਰਾ ਮਾਨੀਏ।
ਅਪਨਾ ਛੋਡੀ ਮਾਰਗ, ਪਰ ਮਗ ਬਹਤ ਹੈ।
ਪਵਨ ਦੋਖ ਗੁਦ ਬਾਤ, ਅਫਾਰਾ ਕਹਤ ਹੈ ॥੩੪੫॥

ਆਮ ਅਰ ਬਿਸਟਾ ਮਿਲਕੇ ਬੱਝ ਜਾਵੇ, ਰਸਤਾ ਰੁਕ ਬਹੇ ਅਰ ਫਿਰ ਪਵਨ ਉਸ ਰਸਤਿਉਂ ਉਲਟ, ਭਾਵ ਮੁੜ ਚਲੇ, ਇਉਂ ਆਪਣਾ ਰਸਤਾ ਛੱਡ ਕੇ ਹੋਰ ਰਸਤੇ ਨਿਕਲੇ, ਇਸ ਤਰ੍ਹਾਂ ਪਵਨ ਦੋਖ ਨਾਲ ਗੁਦਾ ਦੀ ਪੌਣ ਮਿਲਕੇ ਅਫਾਰਾ ਕਰ ਦੇਵੇ ਹੈ ॥੩੪੫॥

ਸੰਕੱਤ੍ਰ ਉਦਾਵਰਤ ਲੱਛਣ-ਪਰਿਹਾ

ਅਰੁਚਿ ਅਨਿੰਦ੍ਰ ਸੂਰ, ਉਦਰ ਹੈ ਆਫਰਾ।
ਮੂਤ੍ਰ ਪੁਰੀਖ ਹੈ ਸਤੰਭ, ਕਟੀ ਦੁਖ ਆਕਰਾ।
ਤ੍ਰਿਖਾ ਸ੍ਵਾਸ ਬਮਿ ਦਾਹ, ਤਾਪ ਹੁਇ ਰਾਤ ਕੋ।

Digitized by Panjab Digital Library | www.panjabdigilib.org

ਉਦਾਬਰਤ ਕੇ ਭੇਦੁ, ਕਹਯੋਬਹੁ ਭਾਤ ਕੇ ॥ ੩੪੬ ॥

ਅੰਨ ਵਲੋਂ ਅਰੁਚੀ, ਨਿੰਦ੍ਰਾ ਦਾ ਨਾਸ਼, ਸੂਲ, ਪੇਟ ਆਫਰਿਆ ਜਾਵੇ, ਮੂਤ੍ਰ, ਵਿਸ਼ਟਾ, ਰੁਕ ਜਾਣਾ, ਕਮਰ ਪੀੜ ਅਰ ਅਕੜੇਮਾਂ, ਪਯਾਸ, ਸ੍ਵਾਸ, ਵਮਨ, ਦਾਹ ਤੇ ਤਾਪ, ਇਸ ਤਰ੍ਹਾਂ ਉਦਾਵਰਤ ਦਾ ਭੇਦ ਬਹੁਤ ਪ੍ਰਕਾਰ ਦਾ ਹੈ ।।੩੪੬।।

ਉਦਾਵਰਤ ਉਪਾਇ–ਚੌਪਈ

ਹਰੜ ਤ੍ਰਿਵੀ ਜਵਖਾਰ ਮਿਲਾਇ। ਪੀਲੂ ਚਰਨ ਕਰੇ ਪਸਾਇ।
ਘ੍ਰਿਤ ਸੋ ਖਾਵਤ ਉਠਿ ਪਰਭਾਤ।ਉਦਾਵਰਤ ਕਾ ਰੋਘ ਸਘਾਤ॥੩੪੭॥

੧੦੫੬–ਹਰੜ ਦੀ ਛਿੱਲ; ਤ੍ਰਿਵੀ ਦੀ ਛਿੱਲ, ਜੌਂਖਾਰ ਤੇ ਪੀਲੂ ਦੇ ਫੂਲ; ਇਨ੍ਹਾਂ ਸਭਨਾਂ ਦਾ ਚੂਰਨ ਕਰੇ; ਫਿਰ ਇਸਨੂੰ ਪ੍ਰਾਤਾਕਾਲ ੧ ਤੋਲਾ ਘਿਉ ਮਿਲਾ ਕੇ ਚੱਟਿਆ ਕਰੇ ਤਾਂ ਉਦਾਵਰਤ ਨਾਸ ਕਰੇ ।।੩੪੭।।

*ਲੇਪ–(ਵੰਗਸੇਨਾਤ)–ਦੋਹਰਾ

ਬਾਲਮੀਕ ਮਾਟੀ ਗਹੇ, ਕਰੰਜ ਬੀਜ ਜਟ ਪਾਇ।
ਜਠਰ ਲੇਪੁ ਗੋਮੂਤ ਸੋ, ਉਦਾਵਰਤ ਮਿਟ ਜਾਇ ॥੩੪੮॥

੧੦੫੭- ਬਰਮੀ ਦੀ ਮਿਟੀ, ਮੀਚਕੇ ਦੇ ਬੀਜ ਤੇ ਮੀਚਕੇ ਦੀ ਜੜ੍ਹ ਲੈਕੇ ਇਨ੍ਹਾਂ ਨੂੰ ਗਊ ਮੂਤ੍ਰ ਵਿਚ ਘੋਟ ਕੇ ਪੇਟ ਪਰ ਲੇਪ ਕਰੋ ਤਾਂ ਉਦਾਵਰਤ ਨਾਸ ਹੋਵੇ ।।੩੪੮।।

(ਵੰਗਸੇਨਾਤ)–ਦੋਹਰਾ

ਹਿੰਗੁ ਕੁਸ਼ਟ ਬਚ ਸੂਰ ਯਹੀ, ਬਿੜ ਉਤਰ ਲੈ ਭਾਗ।
ਮਦਯ ਸੰਗ ਪੀਵਨ ਕਰੋ, ਉਦਾਵਰਤ ਹੁਇ ਭਾਗ ॥੩੪੯॥

੧੦੫੮–ਹਿੰਗ ੨, ਕੁੱਠ ੪, ਵਚ ੮, ਸੱਜੀ ੧੬ ਤੇ ਵਿੜਨਿਮਕ ੩੨ ਭਾਗ, ਇਸ ਤਰ੍ਹਾਂ ਉਤ੍ਰ ਭਾਗ ਲਵੇ, ਫਿਰ ਪੀਹਕੇ ਚੂਰਣ ਬਣਾਵੇ, ਇਸ ਵਿਚੋਂ ਜ਼ਰੂਰਤ ਮੂਜਬ ਲੈ ਕੇ ਸ਼ਰਾਬ ਨਾਲ ਮਿਲਾਕੇ ਪੀਵੇ ਤਾਂ ਉਦਾਵਰਤ ਨਾਸ ਕਰੇ ।।੩੪੯।।

ਬੱਤੀ (ਵੰਗਸੇਨਾਤ)–ਦੋਹਰਾ

ਹਿੰਗੁ ਸ਼ਹਿਤ ਸੇਂਧਾ ਗਹੀ, ਬਾਟੀ ਕਰੋ ਉਪਾਇ।
ਗੁਦਾ ਬੀਚ ਸੋ ਦੀਜੀਏ, ਉਦਾਵਰਤ ਨਸ ਜਾਇ ॥ ੩੫੦ ॥

੧੦੫੯–ਹਿੰਗ, ਸ਼ਹਿਤ ਤੇ ਸੇਂਧਾ ਨਿਮਕ ਪੀਹਕੇ ਪਕਾਇ ਬੱਟੀ ਬਣਾਵੇ, (†ਘਿਉ ਨਾਲ ਚੋਪੜ ਕੇ) ਗੁਦਾ ਵਿਚ ਚੜ੍ਹਾਵੇ ਤਾਂ ਉਦਾਵਰਤ ਨਾਸ਼ ਕਰੇ ।।੩੫੦।।

ਚੂਰਣ

---

*ਪ੍ਰਯੋਗ ਦੇਖਨਾ ਚਾਹੋ ਤਾਂ ਵੰਗਸੇਨ ਦੇਖੋ।

†ਘਿਉ ਮੂਲ ਵਿਚ ਹੈ ਜੋ ਚਾਹੀਏ। ਦੇਖੋ ਭੰਗਸੇਨ ਪ੍ਰਿ: ੪੩੬:

Digitized by Panjab Digital Library | www.panjabdigilib.org

ਤ੍ਰਿਵੀ ਸਰਸਾਹੀ ਦ੍ਵਾਦਸੈ, ਪੀਪਰ ਕਰਖ ਪ੍ਰਮਾਨ।
ਭੋਜਨ ਆਗੈ ਮਧੁ ਸੰਗੇ, ਖਾਇ ਉਦਾਵ੍ਰਤ ਹਾਨ ॥ ੩੫੧ ॥

੧੦੯੦–ਤ੍ਰਿਵੀ ੧੨ ਸਰਸਾਹੀ, ਮਘ ੧ ਤੋਲਾ, ਸ਼ਹਿਤ ਨਾਲ, ਭੋਜਨੋਂ ਪਹਿਲੇ ਖਾਵੇ ਤਾਂ ਉਦਾਵਰਤ ਨਾਸ਼ ਕਰੇ ॥੩੫੧॥

ਗੁੜਾਸ਼ਟਕ ਚੂਰਣ–ਚੌਪਈ

ਬਯੋਖ ਤ੍ਰਿਵੀ ਲੇ ਪੀਪਰ ਮੂਰ। ਦੰਤੀ ਚਿਤ੍ਰਕ ਪੀਸੋ ਚੂਰ।
ਗੁੜ ਸੇਤੀ ਉਠ ਪ੍ਰਾਤਹਿ ਖਾਇ। ਉਦਾਵਰਤ ਕਾ ਰੋਗੁ ਗਵਾਇ॥੩੫੨॥
ਬਲ ਅਰ ਬਰਨ ਕਰਤ ਅਤਿ ਚੰਗ। ਅਗਨਿ ਬਰਧਨੰ ਸੋਬ ਸੁ ਭੰਗ।
ਪਾਂਡ ਪਲੀਹਾ ਜਾਵਤ ਸੂਰ। ਖਾਵਤ ਰੋਗੀ ਜੋਊ ਜਰੂਰ ॥੩੫੩॥

੧੦੯੧–ਬਜੋਖ–(ਮਘ, ਮ੍ਰਿਚ, ਸੁੰਢ) ਤ੍ਰਿਵੀ, ਪਿਪਲਾਮੂਲ. ਦੰਤੀ ਅਰ ਚਿਤ੍ਰਾ ਸਮਾਨ ਭਾਗ ਲੈਕੇ ਪੀਸਕੇ ਚੂਰਣ ਕਰੇ, ਸਭ ਚੂਰਣ ਦੇ ਬਰਾਬਰ ਦਾ ਗੁੜ ਪਾਕੇ ਫਿਰ ਪ੍ਰਾਤਾਕਾਲ ਨਿੱਤ ਖਾਵੇ ਤਾਂ ਉਦਾਵਰਤ ਰੋਗ ਨਾਸ ਕਰੇ, ਬਲ ਅਰ ਰੰਗ ਚੰਗਾ ਕਰੇ, ਅਗਨੀ ਵਧਾਵੇ, ਸੋਜ, ਸੁਰਭੰਗ, ਭੁੱਸ, ਲਿੱਫ ਅਰ ਸੂਲ ਸਭ ਦਾ ਨਾਸ਼ ਕਰੇ ॥੩੫੨॥੩੫੩॥

ਅਫਾਰਾ ਉਪਾਇ (ਵੰਗਸੇਨਾਤ)–ਚੌਪਈ

ਪੱਥਯਾ ਤ੍ਰਿਵਤਾ ਮੇਲ ਸਨਾਇ। ਸੁਨਹੀ ਖੀਰ਼ ਸੋਂ ਬਟੀ ਬਨਾਇ।
ਟੰਕ ਏਕ ਕੀ ਖਾਵੋ ਸਹੀ। ਮਿਟਤ ਅਫਾਰਾ ਆਛੀ ਕਹੀ ॥੩੫੪॥

੧੦੯੨–ਹਰੜ, ਤ੍ਰਿਵੀ ਤੇ ਸਰਨਾਇ ਪੀਹਕੇ ਥੋਹਰ ਦੇ ਦੁੱਧ ਨਾਲ ਗੋਲੀ ਕਰੇ ਅਰ ੧ ਟੰਕ ਭਾਵ ੪ ਮਾਸੇ ਖਾਵੇ ਤਾਂ ਅਫਾਰਾ ਨਾਸ ਕਰਨੇ ਵਿਖੇ ਇਹ ਸਰੇਸ਼ਟ ਦਵਾਈ ਹੈ ॥੩੫੪॥

ਬੱਤੀ (ਵੰਗਸੇਨਾਤ ਪ੍ਰਿ: ੪੩੬)–ਚੌਪਈ

ਮਦਨ ਪੀਪਰੀ ਵਚ ਲੈ ਕੂਠ। ਸੇਤੀ ਸਰਸੋਂ ਪੀਸੋਂ ਹੂਠ।
ਗੁੜ ਪਯ ਸੇਤੀ ਬਰਤ ਬਨਾਇ।ਗੁਦਾ ਮਾਹਿ ਸੋ ਦੇਹੁ ਚਲਾਇ ॥੩੫੫॥
ਪੂਤ ਬਾਤ ਉਦਵਰਤ ਨਸਾਇ। ਅਫਾਰਾ ਸਭ ਦੂਰ ਕਰਾਇ।
ਬੰਗਸੈਨ ਨੇ ਕੀਓ ਬਖਾਨ। ਮੁਨਿ ਮੇਘੈ ਇਹੁ ਈਹਾਂ ਆਨ ॥੩੫੬॥

੧੦੯੩–ਮੈਨਫਲ (ਰਾੜ੍ਹਾ) ਮਘ, ਵਚ, ਕੁੱਠ, ਅਰ ਚਿੱਟੀ ਸਰਸੋਂ ਪੀਹਕੇ ਗੁੜ ਅਰ ਦੁੱਧ ਨਾਲ ਬੱਤੀ ਬਣਾ ਕੇ ਗੁਦਾ ਅੰਦਰ ਚਾੜ੍ਹੇ ਤਾਂ ਗੰਦੀ ਪਵਨ ਦੀ ਰੁਕਾਵਟ, ਉਦਾਵਰਤ ਅਰ ਅਫਾਰਾ ਸ਼ਭੇ ਨਾਸ਼ ਕਰੇ ॥੩੫੫॥੩੫੬॥

ਚੌਪਈ

ਗ੍ਰਿਹ ਕਾ ਧੂਮ ਜੋ ਬਿੜ ਲੈ ਬਯੋਖ। ਗੁੜ ਗੋ ਮੂਤ੍ਰ ਬਾਟੀ ਸੋਖ।

Digitized by Panjab Digital Library | www.panjabdigilib.org

ਗੁਦਾ ਬੀਚ ਦੈ ਜਾਇ ਅਨਾਹ। ਭ੍ਰਸਟ ਗੁਦਾ ਕਾ ਲੇਪਨ ਜਾਹਿ॥੩੫੭॥

੧੦੬੪–ਘਰ ਦਾ ਧੂੰਆਂ, ਵਿੜਨਿਮਕ, ਮਘ, ਮ੍ਰਿਚ, ਸੁੰਢ ਤੇ ਗੁੜ ਪੀਹਕੇ ਗਊ ਮੂਤ੍ਰ ਨਾਲ ਬੱਤੀ ਕਰਕੇ ਸੁਕਾਵੇ ਅਰ ਗੁਦਾ ਵਿਚ ਦੇਵੇ ਤਾਂ ਅਨਾਹ (ਅਫਾਰਾ) ਜਾਵੇ, ਜੇ ਲੇਪ ਕਰੇ ਤਾਂ ਗੁਦਾ ਦਾ ਭ੍ਰਸਟ ਨਾਸ ਕਰੇ ॥੩੫੭॥

ਗੋਲੀ

ਤ੍ਰਿਵਤਾ ਕ੍ਰਿਸਨਾ ਹਰੜ ਮਗਾਇ। ਦੋ ਚੌ ਪਾਂਚ ਸੁ ਮੇਲੋ ਸਾਇ।
ਭਾਗ ਤੀਨ ਕੈ ਗੁੜ ਸਮ ਮੇਲ। ਗੁਟੀ ਖਾਇ ਬਿਟ ਬੰਧੈ ਠੇਲ॥੩੫੮॥

੧੦੬੫–ਤ੍ਰਿਵੀ ੨, ਮਘ ੪, ਹਰੜ ੫ ਅਰ ਗੁੜ ੩ ਭਾਗ ਗੋਲੀ ਕਰਕੇ ਖਾਵੇ ਤਾਂ ਵਿਸਟਾ ਦੀ ਰੋਗ ਮਿਟੇ ॥੩੫੮॥

ਬੱਤੀ (ਭਾਵ ਪ੍ਰਕਾਸ਼ਾਤ)–ਚੌਪਈ

ਤ੍ਰਿਕੁਟਾ ਸੇਂਧਾ ਸਰਪਖ ਮੇਲ। ਗ੍ਰਿਹ ਕਾ ਧੂਮ ਸਕੁਸਟੈ ਏਲ।
ਮਦਨਫਲਾ ਮਧ ਗੁੜ ਵਾ ਬਾਤ। ਗੁਦਾ ਦੇਹ ਅਨਾਹ ਸੁ ਜਾਤ॥੩੫੯॥

੧੦੬੬–ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਸੇਂਧਾਲੂਣ, ਸਰੋਂ, ਘਰ ਦਾ ਧੂੰਆਂ, ਕੁੱਠ, ਮੈਨਫਲ ਭਾਵ ਰਾੜਾ ਸ਼ਹਿਤ ਅਥਵਾ ਗੁੜ ਨਾਲ (ਅੰਗੂਠੇ ਪ੍ਰਮਾਣ) *ਬੱਤੀ ਕਰੇ (ਘਿਉ ਨਾਲ ਚੋਪੜਕੇ) ਗੁਦਾ ਵਿੱਚ ਦੇਵੇ, ਅਫਾਰਾ ਤੁਰਤ ਨਾਸ ਕਰੇ। ਇਹ ਬੱਤੀ ਬਹੁਤ ਸ਼ੀਘ੍ਰ ਹੀ ਚਮਤਕਾਰ ਦਿਖਾਣੇ ਵਾਲੀ ਹੈ ॥੩੫੯॥

ਹਿੰਗਾਦਿ ਚੂਰਣ–ਦੋਹਰਾ

ਹਿੰਗੁ ਬਚਾ ਕ੍ਰਿਸਨਾ ਲਹੋ, ਸੁੰਚਰ ਮੇਲ ਬਿੜੰਗ।
ਉਸਨ ਨੀਰ ਅਨਾਹ ਹਰਿ। ਹਿਯ ਗਦ ਗੁਲਮ ਜੁ ਭੰਗ॥੩੬੦॥

੧੦੬੭–ਹਿੰਗ, ਵਚ, ਮਘ, ਸੌਂਚਰਲੂਣ ਤੇ ਬਾਵੜਿੰਗ ਪੀਹਕੇ ਗਰਮ ਜਲ ਨਾਲ ਫੱਕੇ ਤਾਂ ਅਫਾਰਾ, ਹ੍ਰਿਦੇਰੋਗ ਅਰ ਗੋਲੇ ਦਾ ਨਾਸ ਕਰੇ ॥੩੬੦॥

ਦੂਸਰਾ ਹਿੰਗਾਦਿ ਚੂਰਣ–ਚੌਪਈ

ਹਿੰਗੁ ਬਚਾ ਬਿੜ ਸੁੰਠੀ ਜੀਰਾ। ਪੱਥਯਾ ਪੁਸਕਰ ਕੁਸਟ ਸਭੀਰਾ।
ਉਤਰਤ ਭਾਗ ਪੀਸਕੈ ਖਾਇ। ਪਲੀਹਾ ਨਾਹ ਬਿਸੂਚੀ ਜਾਇ ॥੩੬੧॥

੧੦੬੮–ਹਿੰਗ ੧, ਵਚ ੨, ਵਿੜਲੂਣ ੩, ਸੁੰਢ ੪ ਜੀਰਾ ੫, ਹਰੜ ੬, ਪੁਹਕਰਮੂਲ, ਤੇ †ਕੁੱਠ ੮ ਭਾਗ ਇਉਂ ਲੈਕੇ ਪੀਸ ਚੂਰਣ ਕਰੇ ਅਰ ਖਾਵੇ ਤਾਂ ਲਿੱਫ, ਅਫਾਰਾ ਅਰ ਹੈਜ਼ਾ ਸਭ ਨੂੰ ਨਾਸ਼ ਕਰੇ ॥੩੬੧॥

---

*ਇਹ ਬੱਤੀ ਭਾਵਪ੍ਰਕਾਸ਼ ਵਿਚ ਹੈ, ਏਥੇ ਏਲ ਕਰਕੇ ਇਲਾਚੀ ਅਰਥ ਨਹੀਂ ਹੈ, ਇਹ ਲਵੇ ਅਰਥ ਹੈ। ਦੇਖੋ ਪ੍ਰਿ: ੮੪੮.

†ਕੁੱਠ ਮਿੱਠੀ ਪਾਵੇ।

Digitized by Panjab Digital Library | www.panjabdigilib.org

ਵਚਾਦਿ ਚੂਰਣ—ਚੌਪਈ

ਬਚ ਅੱਭਯਾ ਚਕਵਾ ਜਵਖਾਰ। ਪੀਪਰ ਅਤਿ ਬਿਖੁ ਕੁਸਟ ਸੁ ਡਾਰ।
ਉਸਨ ਨੀਰ ਸੋ ਮਿਟਤ ਅਨਾਹਮੂਢ ਬਾਤਕਾ ਕਯਾ ਕਹਿਵਾਇ॥੩੬੨॥

੧੦੬੯ —ਵਚ, ਹਰੜ, ਚੱਬ, ਜੌਂਖਾਰ, ਮਘ, ਪਤੀਸ ਤੇ ਕੁੱਠ, ਪੀਹਕੇ ਸਮਾਨ ਭਾਗ ਲੈਕੇ ਚੂਰਣ ਕਰੇ, ਗਰਮ ਜਲ ਨਾਲ ਲਵੇ ਤਾਂ ਅਫਾਰਾ ਨਾਸ਼ ਕਰੇ, ਬਾਤ ਦੀ ਰੁਕਾਵਟ ਜੜ੍ਹ ਤੋਂ ਹੀ ਨਾਸ਼ ਹੋਵੇ ॥੩੬੨॥

ਬੱਤੀ (ਬ੍ਰਿੰਦਾਤ)—ਚੌਪਈ

ਗ੍ਰਿਹਿਜੁ ਧੂਮਬਿੜ ਤ੍ਰਿਕੁਟਾ ਲਯਾਇਗੁੜ ਹਿੰਗੁ ਪੀਸੈ ਗੋ ਜਲ ਪਾਇ।
ਬਾਤੀ ਕਰਿ ਗੁਦ ਮਾਹਿ ਜੁ ਦੇਇ। ਅਫਾਰਾ ਉਦਵਰਤ ਹਰੇਇ॥੩੬੩॥

੧੦੭੦—ਘਰ ਦਾ ਧੂੰਆਂ, ਵਿੜਨਿਮਕ, ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਗੁੜ ਤੇ ਹਿੰਗ ਗਊ ਦੇ ਪੇਸ਼ਾਬ ਨਾਲ ਪੀਹ ਕੇ ਬੱਤੀ ਕਰੇ, ਗੁਦਾ ਵਿਚ ਦੇਵੇ, ਅਫਾਰਾ ਉਦਾਵਰਤ ਨਾਸ਼ ਕਰੇ ॥੩੬੩॥

ਤ੍ਰਿਕੁਟਾ ਸੇਂਧਾ ਗੁੜ ਹਿੰਗੁ ਅਜਮੋਦ। ਧੂਮ ਸਰਖਪਾ ਕੁਠ ਸਮੋਦ।
ਅੰਗੁਸਟ ਬਰਾਬਰ ਬਾਤੀ ਕਰੋ। ਦੇਹ ਗੁਦਾ ਅਨਾਹ ਜੁ ਹਰੇ ॥੩੬੪॥
ਉਦਾਵਰਤ ਕ੍ਰਿਮ ਸੂਰ ਮਿਟਾਇ। ਰੋਗੁ ਪਲੀਹਾ ਗੁਲਮਾ ਜਾਇ।
ਰਾਮ ਬਿਨੋਦੈ ਕਹੀ ਬਨਾਇ। ਬ੍ਰਿੰਦ ਰਖੀਸਰ ਕਾ ਮਤ ਲਯਾਇ॥੩੬੫॥

੧੦੭੧—ਤ੍ਰਿਕੁਟਾ, ਸੇਂਧਾਨਿਮਕ, ਗੁੜ, ਹਿੰਗ, ਅਜਮੋਦ, ਘਰ ਦਾ ਧੂੰਆਂ, ਸਰੋਂ ਤੇ ਕੌੜੀ ਕੁੱਠ ਲੈ ਕੇ ਅੰਗੂਠੇ ਪ੍ਰਮਾਣ ਸਭ ਦੀ ਪੀਹ ਕੇ ਬੱਤੀ ਕਰੇ, ਗੁਦਾ ਵਿਚ ਦੇਵੇ ਤਾਂ ਅਫਾਰਾ, ਉਦਾਵਰਤ, ਕ੍ਰਿਮ, ਸੂਲ, ਲਿੱਫ, ਗੋਲਾ ਨਾਸ਼ ਕਰੇ। ਇਹ ਬ੍ਰਿੰਦ ਰਿਖੀ ਨੇ ਬ੍ਰਿੰਦ ਵਿਚ ਲਿਖੀ ਹੈ ॥੩੬੪॥੩੬੫॥

ਨਰਾਚ ਚੂਰਨ (ਸਾਰੰਗਧਰਾਤ)—ਦੋਹਰਾ

ਕਰਖ ਤ੍ਰਿਵੀ ਕ੍ਰਿਸਨਾ ਕਰਖ, ਸ੍ਵੇਤ ਖੰਡ ਪਲ ਏਕ।
ਇਕ ਤੋਲਾ ਲੈ ਸ਼ਹਿਤ ਸੋ, ਮਿਟਤ ਅਨਾਹ ਬਿਬੇਕ ॥੩੬੬॥

੧੦੭੨—*ਤ੍ਰਿਵੀ ੧ ਤੋਲਾ, ਮਘ ੧ ਤੋਲਾ, ਚਿੱਟੀ ਖੰਡ ੪ ਤੋਲੇ ਸ਼ਹਿਤ ਨਾਲ ੧ ਤੋਲਾ ਖਾਵੇ ਤਾਂ ਅਫਾਰਾ ਜਾਵੇ ॥੩੬੬॥

ਹਿੰਗੁ ਜੁ ਮਾਸਾ ਏਕ ਲੈ, ਸੁੰਚਰ ਮਾਸਾ ਏਕ।
ਉਸਨ ਨੀਰ ਅਨਾਹ ਮਿਟ, ਸੂਲ ਜਾਤ ਛਿਨ ਏਕ ॥੩੬੭॥

੧੦੭੩—ਹਿੰਗ (ਘਿਉ ਵਿਖੇ ਭੁੰਨ ਕੇ ਪਾਵੇ) ੧ ਮਾਸਾ ਤੇ ਸੌਂਚਰ ਲੂਣ ੧ ਮਾਸਾ ਇਤਨਾ ਪ੍ਰਮਾਣ ਤਤੇ ਜਲ ਨਾਲ ਲਵੇ ਤਾਂ ਸੂਲ ਅਫਾਰਾ ਤੁਰਤ ਨਾਸ ਹੋਵੇ ॥੩੬੭॥

*ਸਾਰੰਗਧਰ ਵਿਚ ਤ੍ਰਿਵੀ ੪ ਤੋਲੇ ਪ੍ਰਮਾਣ ਲਿਖੀ ਹੈ, ਦੇਖੋ ਪ੍ਰਿ: ੧੨੦.

Digitized by Panjab Digital Library | www.panjabdigilib.org

ਅਨਾਹ ਵਿਸੂਚੀ ਕੋ ਚੂਰਨ—ਚੌਪਈ

ਸੁੰਠੀ ਕ੍ਰਿਸਨਾ ਤ੍ਰਿਵਤਾ ਸਿਵਾ। ਸੌਂਚਰ ਤਾਤੇ ਪਾਨੀ ਲਿਵਾ।
ਪੇਟ ਸੂਲ਼ ਅਫਾਰਾ ਜਾਇ। ਆਮ ਬਿਸੂਚੀ ਬਾਤ ਨਸਾਇ ॥੩੬੮॥

੧੦੭੪—ਸੁੰਢ, ਮਘ, ਤ੍ਰਿਵੀ, ਹਰੜ ਤੇ ਸੌਂਚਰ ਲੂਣ ਤੱਤੇ ਪਾਣੀ ਨਾਲ ਖਾਵੇ ਤਾਂ ਪੇਟ ਦਾ ਸੂਲ ਅਫਾਰਾ, ਆਮ ਬਾਤ ਅੰਰ ਹੈਜ਼ਾ ਸਭ ਦਾ ਨਾਸ ਕਰੇ ।।੩੬੮।।

ਉਦਾਵਰਤ ਅਨਾਹ ਪੱਥ—ਦ੍ਵੈਯਾ ਛੰਦ

ਸਨੇਹ ਸ੍ਵੇਦ ਬਿਰੇਕ ਬਸਤਿ ਫਲ, ਬਰਤਿ ਅਭਯੰਗਨ ਜਾਨੋ।
ਜਵਾ ਸਤੂ ਬਿਟ ਬੰਧ ਕਰੀਜੈ, ਏਤੇ ਕਾਮ ਸਠਾਨੋ।
ਆਧੋ ਬਾਤ ਕੋ ਸ੍ਵੈਦ ਸਨੇਹਨ, ਬਸਤਿ ਬਾਤ ਜੋ ਹਰੀਯਾ।
ਪੁਰਖੈ ਸ੍ਵੇਦਾ ਭਯੰਗ ਅਵਗਾਹਨ,ਸਰਪਸੁ ਪੀੜਨਿ ਧਰੀਆ॥੩੬੯।
ਮੂਤ ਬੇਗ ਜੋ ਬਸਤ ਕਰਮ ਹੈ, ਸ੍ਵੇਦੁ ਅਭਯੰਗਨਿ ਕਰੀਏ।
ਉਦਗਾਰੇ ਸੋ ਕਿਰੀਯਾ ਕਰੀਏ, ਕਾਸ ਰੋਗੁ ਜਿਮ ਹਰੀਏ।
ਛੀਕੈ ਸ੍ਵੇਦੁ ਧੂਮ ਘ੍ਰਿਤੁ ਨਸਯੰ, ਅਰਧ ਸੀਸ ਦੁਖ ਜਾਈ।
ਜਿੰਭਾਪਨ ਸੀਤ ਜਲ ਕਰੀਏ, ਬਾਤ ਹਰਨ ਸਭ ਲਜਾਈ ॥੩੭੦॥
ਨਿੰਦ੍ਰਾ ਖੀਰ ਸ੍ਵਪਨ ਸੰਬਾਹਨ, ਭੂਖੈ ਉਸਨ ਜੁ ਖਾਵੈ।
ਅਸ੍ਰੂ ਪਾਤ ਮਦਯ ਇਸਤ੍ਰੀ ਕੀ ਕਥ ਸ੍ਵਪਨ ਰਾਤ ਕੋ ਧਯਾਵੈ।
ਸ੍ਵਾਸੇ ਅਰਾਮ ਜੁ ਬਾਤ ਹਰੀ ਸਭ, ਸੋ ਕਿਰੀਯਾ ਲੈ ਕੀਜੈ।
ਸੁਕ੍ਰਰੋਧ ਅਭਯੰਗਾ ਕਰੀਏ, ਅਵਗਾਹਨ ਜੁ ਧਰੀਜੈ ॥੩੭੧॥
ਛਰਦ ਰੋਕਨੈ ਲੱਛਨ ਧੂਮੰ, ਰੂਖਾ ਅੰਨ ਬਿਰੇਕੋ।
ਤ੍ਰਿਖਾ ਰੋਕਨੈ ਸੀਤਲ ਪਾਨੀ, ਏ ਕਿਰਿਆ ਕਰਿ ਏਕੋ।
ਉਦਾਵਰਤ ਅਫਾਰਾ ਦੋਊ, ਕਹੇ ਸੁਪੱਥ ਬਿਚਾਰੋ।
ਜੈਸੇ ਜੈਸੇ ਜੋਗੁ ਬਾਤ ਹੈ, ਤੈਸੇ ਤੈਸੇ ਧਾਰੋ ॥੩੭੨॥

੧੦੭੫—ਸਨੇਹਨ (ਤੇਲ ਦੀ ਪਿਚਕਾਰੀ ਗੁਦਾ ਰਸਤੇ ਕਰਨੀ) ਪਸੀਨਾ ਦੇਣਾ, ਦਸਤ ਦੇਣੇ, ਬਸਤੀ ਕਰਮ (ਪਿਚਕਾਰੀ), ਫਲ ਵਰਤੀ (ਗੁਦਾ ਵਿਚ ਬਤੀ ਚਾੜ੍ਹਨੀ), ਤੇਲ ਮਲਣਾ, ਜੌਂ, ਸੱਤੂ ਇਹ ਵਿਸ਼ਟੇ ਦੇ ਰੋਕਨੇ ਵਾਲੇ ਅਫਾਰੇ ਵਿਖੇ ਪੱਥ ਰੂਪ ਕੰਮ ਕਹੇ ਹਨ ਅਰ ਅਧੋਬਾਤ [ਪੱਦ) ਦੇ ਰੋਕਨੇ ਕਰ ਹੋਣੇ ਵਾਲੇ ਉਦਾਵਰਤ ਵਿਖੇ, ਪਸੀਨਾ, ਸਨੇਹਨ ਕਰਮ (ਬਸਤੀ ਚਾੜ੍ਹਨੀ), ਹੋਰ ਬਾਤ ਹਰਨੇ ਹਾਰ ਯਤਨ ਕਰੇ। ਵਿਸਟਾ ਰੋਕਣੇ ਕਰ ਹੋਏ ਉਦਾਵਰਤ ਵਿਚ ਪਸੀਨਾ ਦੇਣਾ, ਤੇਲ ਮਲਣਾ ਜਲ ਵਿਖੇ ਗੋਤੇ

Digitized by Panjab Digital Library | www.panjabdigilib.org

ਮਾਰ ਨਵ੍ਹਾਣਾ, ਘਿਉ ਪਿਲਾਣਾ, ਘੁੱਟਣਾ, (ਮਲਣਾ) ਮੂਤ੍ਰ ਦਾ ਵੇਗ ਰੋਕਣੇ ਕਰ ਕੇ ਹੋਏ ਉਦਾਵਰਤ ਵੱਚ ਬਸਤੀ ਕਰਮ, ਪਸੀਨਾ ਦੇਣਾ, ਤੇਲ ਦੀ ਮਾਲਸ਼ ਕਰਨੀ। ਡਕਾਰ ਰੋਕਣੇ ਕਰ ਹੋਏ ਵਿਖੇ ਸੋ ਯਤਨ ਕਰਨਾ ਜਿਸਤ੍ਰਾਂ ਖਾਂਸੀ ਜਾਂਦੀ ਰਹੇ। ਛਿੱਕ ਰੋਕਣੇ ਅਰ ਹੋਏ ਉਦਾਵਰਤ ਵਿਖੇ ਪਸੀਨਾ ਦੇਣਾ, ਧੂੰਆਂ ਖਿਚਾਨਾ, ਘਿਉ ਪਿਲਾਨਾ, ਨਸਵਾਰ ਦੇਣੀ, ਹੋਰ ਯਤਨ ਜਿਸ ਤਰ੍ਹਾਂ ਅੱਧੇ ਸਿਰ ਦੀ ਪੀੜ ਜਾਵੇ ਸੋ ਕਰਨੇ, ਉਬਾਸੀ ਰੋਕਣੇ ਕਰ ਹੋਏ ਉਦਾਵਰਤ ਵਿਖੇ ਸੀਤਲ ਜਲ ਦਾ ਪੀਣਾ ਕਰੇ, ਹੋਰ ਸਭ ਵਾਯੂ ਨਾਸਕ ਯਤਨ ਕਰਨੇ। ਨਿੰਦ੍ਰਾ ਰੋਕਣੇ ਕਰ ਹੋਏ ਵਿਖੇ ਦੁੱਧ ਪਿਲਵਾਨਾ,ਸੁਲਾ ਦੇਣਾ,ਦੱਬਣਾ (ਘੁਟਣਾ), ਭੁਖ ਰੋਕਣੇ ਕਰ ਹੋਏ ਉਦਾਵਰਤ ਵਿਖੇ ਗਰਮ ਭੋਜਨ ਖੁਲਾਣੇ। ਹੰਝੂ ਰੋਕਣੇ ਕਰ ਹੋਏ ਵਿਖੇ ਸ਼ਰਾਬ ਪਿਲਾਉਣੀ ਸੁੰਦਰ ਇਸਤ੍ਰੀਆਂ ਦੀਆਂ ਕਹਾਣੀਆਂ ਕਹਿਣੀਆਂ, ਰਾਤ ਨੂੰ ਸੁਲਾਉਣਾ। ਸ੍ਵਾਸ ਰੋਕਣੇ ਕਰ ਹੋਏ ਉਦਾਵਰਤ ਵਿਖੇ ਅਰਾਮ ਹੋਰ ਸਭ ਵਾਯੂ ਨਾਸ ਕਰਨ ਹਾਰੀਆਂ ਕਿਰਯਾਂ ਕਰਨੀਆਂ। ਬੀਰਜ ਦੇ ਵੇਗ ਰੋਕਨ ਕਰ ਹੋਏ ਉਦਾਵਰਤ ਵਿਖੇ ਤੇਲ ਦੀ ਮਾਲਸ਼, ਗੋਤੇ ਮਾਰਨੇ। ਕੈ ਰੋਕਨੇ ਪਰ ਹੋਏ ਉਦਾਵਰਤ ਵਿਚ ਧੂੰਆਂ ਹੁੱਕਾ, ਖਿਚਾਣਾ, ਫਾਕਾ ਦੇਣਾ, ਦਸਤ ਦੇਣੇ। ਤ੍ਰਿਖਾ ਬੇਗ ਰੋਕਨੇ ਕਰ ਹੋਏ ਉਦਾਵਰਤ ਵਿਖੇ ਠੰਢਾ ਪਾਣੀ ਪੀਣ ਨੂੰ ਦੇਣਾ, ਇਹ ਇਕ ਕਿਰਿਆ ਹੀ ਕਰਨੀ, ਇਹ ਸਭ ਉਦਾ ਵਰਤ ਅਰ ਅਫਾਰੇ ਦੇ ਪੱਥ ਕਹੇ ਹਨ, ਅਗੇ ਜੇਹਾ ਰੋਗ ਦੇਖੇ ਤੇਹਾ ਕਰੇ ॥੩੬੯ ਤੋਂ ੩੭੨॥

ਕੁਪੱਥ–ਦ੍ਵੈਯਾਛੰਦ

ਬਮਨਿ ਬੇਗ ਕਾ ਰੋਕਨ ਭਾਰੀ, ਬਿਸਟੰਭੀ ਅਨੁਪਾਨੰ।
ਨਾੜੀ ਸਾਕੰ ਪਿਸਟ ਕਰੀਰਾ, ਜੰਬੂ ਫਲੁ ਨਹਿ ਖਾਨੰ।
ਅੰਨ ਬਿਰੁਧੀ ਸਮੀ ਧਾਮਜ ਸੇ, ਕੋਦਾ ਤਰੁ ਪਿਨਜਾਕੰ।
ਉਦਾਵਰਤ ਕੇ ਕਹੈ ਕੁਪਥ ਹੈ, ਪਥਜਾਪਥ ਸੁ ਬਾਕੰ ॥੩੭੩॥

੧੦੭੬–ਬਮਨ (ਕੈ) ਆਦਿ ਬੇਗਾਂ ਦਾ ਰੋਕਣਾ ਭਾਰਾ ਕੁਪੱਥ ਹੈ, ਹੋਰ ਕਬਜ਼ੀ ਕਰਨ ਹਾਰੇ ਅਨੁਪਾਨ ਖਾਣ ਭੀ ਕੁਪੱਥ ਹਨ। ਨੜੀ ਦਾ ਸਾਗ, ਪੀਨੀ, ਕਰੀਰ ਫਲ (ਡੇਲੇ), ਜਾਮਣ ਫਲ ਇਹ ਸਭ ਖਾਣੇ ਚੰਗੇ ਨਹੀਂ। ਵਿਰੁਧ ਭੋਜਨ, ਹੋਰ ਸਮੀਧਾਨਜ ਕਹੀਏ ਫਲੀਆਂ ਤੇ ਉਤਪੰਨ ਅੰਨ, ਕੋਦਾ, †ਤਰਾਂ ਕੂਲਰ (ਭੁੱਗਾ) ਇਹ ਨਾ ਖਾਵੇ, ਉਦਾਵਰਤ (ਅਫਾਰੇ) ਵਿਖੇ ਸਭ ਕੁਪੱਥ ਪਥਜਾਪਥ ਵਿਖੇ ਕਹੇ ਗਏ ਹਨ ॥੩੭੩॥

ਅਥ ਗੁਲਮ (ਗੋਲਾ) ਨਿਦਾਨ–ਚੌਪਈ

ਦੁਸਟ ਬਾਤ ਅਹਾਰ ਬਿਕਾਰ। ਗੁਲਮ ਹੋਤ ਹੈ ਪੰਚ ਪ੍ਰਕਾਰ।
ਬਾਤ ਗ੍ਰੰਥ ਹਿਯ ਪਾਰਸ ਹੋਇ। ਨਾਭਿ ਮੂਤ੍ਰਾਸੈ ਜਾਨੋ ਸੋਇ ॥੩੭੪॥

ਬਾਤ (ਪਿਤ ਕਫ) ਦੀ ਦੁਸ਼ਟਤਾ ਨਾਲ. ਹੋਰ ਮਿਥਯਾ ਹਾਰ ਬਿਹਾਰ ਖਾਣੇ ਕਰ ਪੰਜ ਪ੍ਰਕਾਰ ਦਾ ਗੋਲਾ ਪੇਟ ਵਿਖੇ ਹੋ ਜਾਂਦਾ ਹੈ, ਜੇੜ੍ਹੀ ਵਾਯੂ ਦੀ ਗੋਲ ਗੰਢ ਹ੍ਰਿਦੇ, ਵੱਖੀ. ਨਾਭੀ ਅਰ ਮੂਤ੍ਰਾਸ਼ਯ ਇਨ੍ਹਾਂ ਵਿਚੋਂ ਇਕ ਵਿਖੇ ਪ੍ਰਤੀਤ ਹੁੰਦੀ ਤੇ ਦੁਖ ਦਿੰਦੀ ਹੈ ਸੋ ਗੋਲਾ ਕਿਹਾ ਜਾਂਦਾ ਹੈ ॥੩੭੪॥

ਬਾਤ ਗੁਲਮ ਲਛਣ–ਦੋਹਰਾ

---

†ਕਕੜੀ ਤਰਾਂ ਹਨ, ਦੇਖੋ ਪਥਜਾਪੱਥ।

Digitized by Panjab Digital Library | www.panjabdigilib.org

ਬਿਟਜ ਬਾਤ ਕਾ ਬਧ ਹੁਇ। ਸਯਾਮ ਲਾਲ ਜੁਰ ਸੀਤ।
ਹ੍ਰਿਦਾ ਪਾਸੁਲੀ ਸਿਰ ਦੁਖੈ, ਬਾਤ ਗੁਲਮ ਸੋ ਮੀਤ ॥੩੭੫॥

ਵਿਸ਼ਟਾ ਅਤੇ ਪਵਨ ਦਾ ਬੱਝ ਜਾਣਾ, ਸਰੀਰ ਦੀ ਆਭਾ ਸ਼ਯਾਮ ਲਾਲ ਹੋਕੇ ਤਪ ਅਰ ਸੀਤ ਪ੍ਰਤੀਤ ਦੇਵੇ, ਹੋਰ ਹ੍ਰਿਦਾ, ਪਸਲੀ ਤੇ ਸਿਰ ਵਿਖੇ ਪੀੜ ਹੋਵੇ, ਸੋ ਬਾਤ ਕਰਕੇ ਹੋਯਾ ਗੋਲਾ ਜਾਣੇ।੩੭੫।

ਕਫ ਗੁਲਮ ਲਛਣ—ਚੌਪਈ

ਗਾਤ੍ਰ ਢੀਲੀ ਜੁਰ ਹਿਰਲਾਸ। ਸੀਤ ਅਰੁਚਿ ਭਾਰੀ ਤਨ ਕਾਸ।
ਅੰਗ ਸੀਤ ਅਰ ਗੁਲਮ ਕਠੋਰ। ਕਫ ਕਾ ਗੁਲਮ ਬਿਚਾਰੋ ਜੋਗ॥੩੭੬॥

ਸਰੀਰ ਢਿੱਲਾ, ਤਾਪ, ਜੀ ਕਚਕਚਾ, ਸਰਦੀ, ਅਰੁਚੀ, ਭਾਰੀਪਨ, ਖਾਂਸੀ, ਅੰਗ ਠੰਢੇ ਰਹਿਣੇ ਅਰ ਗੋਲਾ ਕਰੜਾ ਹੋਣਾ, ਇਨ੍ਹਾਂ ਲੱਛਣਾਂ ਵਾਲਾ ਕਫ ਦਾ ਗੁਲਮ ਕਿਹਾ ਜਾਂਦਾ ਹੈ ॥੩੭੬॥

ਪਿਤ ਗੁਲਮ ਲਛਣ—ਚੌਪਈ

ਜੁਰ ਤ੍ਰਿਟ ਸੂਲਜੁ ਮੁਖ ਮਹਿ ਲਾਲ। ਦਾਹ ਪਸੀਨਾ ਬ੍ਰਿਣ ਸਮ ਭਾਲ।
ਪਿਤ ਗੁਲਮ ਏ ਲਖੇ ਅਕਾਰ। ਤਾਕੀ ਔਖਧ ਕਰੋ ਬਿਚਾਰ ॥੩੭੭॥

ਤਪ, ਤੇਹ, ਸੂਲ, ਮੂੰਹੋਂ ਲਾਲਾਂ, ਦਾਹ, ਪਸੀਨਾ, ਬ੍ਰਿਣ ਸਮਾਨ ਪੀੜਾ ਹੋਣੀ, ਇਸਤਰ੍ਹਾਂ ਦੇ ਲੱਛਣਾਂ ਵਾਲਾ ਪਿੱਤ ਦਾ ਗੁਲਮ ਹੁੰਦਾ ਹੈ ॥੩੭੭॥

ਤ੍ਰਿਦੋਖ ਗੁਲਮ ਲਛਣ—ਚੌਪਈ

ਦਾਹ ਕਠੋਰ ਜੋ ਊਚਾ ਹੋਇ। ਮਨ ਤਨ ਅਗਨਿ ਬਲੈ ਇਨ ਖੋਇ।
ਐਸਾ ਗੁਲਮ ਤ੍ਰਿਦੋਖੀ ਜਾਨ। ਸੋ ਅਸਾਧਯ ਹੈ ਮਾਧਵ ਵਾਨ ॥੩੭੮॥

ਗੋਲੇ ਮੇਂ ਦਾਹ, ਕਰੜਾਪਨ, ਉਚਾਈ. ਮਨ, ਸਰੀਰ. ਅਗਨੀ ਔਰ ਬਲ ਇਨ੍ਹਾਂ ਸਭਨਾਂ ਦਾ ਨਾਸ ਕਰਨਹਾਰਾ ਇਹ ਤ੍ਰਿਦੋਖ ਦਾ ਗੁਲਮ ਅਸਾਧਜ ਕਿਹਾ ਜਾਂਦਾ ਹੈ ॥੩੭੮॥

ਰੁਧਰ ਗੁਲਮ ਲਛਣ—ਚੌਪਈ

ਪ੍ਰਸੂਤ ਜੁ ਕਾਚਾ ਗਰਭ ਗਿਰਾਇ। ਅਥਵਾ ਰਿਤ ਤੇ ਹੋਵਤ ਸਾਇ।
ਬਾਤ ਰੁਧਰ ਕੀ ਹੋਵਤ ਗ੍ਰੰਥ। ਰੁਧਰੁ ਗੁਲਮੁ ਹੋਵਤ ਤਿਯਮੰਥ ॥੩੭੯॥

ਜਿਸ ਇਸਤ੍ਰੀ ਨੂੰ ਪ੍ਰਸੂਤ ਸਮਯ ਯਾਂ ਕੱਚਾ ਗਰਭ ਗਿਰ ਜਾਣ ਕਰਕੇ ਅਥਵਾ ਰਿਤੂ ਦੇ ਕਿਸੀ ਤਰ੍ਹਾਂ ਵਿਗਾੜ ਕਰਕੇ, ਬਾਤਰਕਤ ਦੀ ਗੰਢ ਹੋ ਜਾਂਦੀ ਹੈ, ਸੋ ਇਸਤ੍ਰੀ ਦੇ ਰੁਧਰ ਦਾਂ ਗੁਲਮ ਰੋਗ ਕਹਾਉਂਦਾ ਹੈ ॥੩੭੯॥

ਰਕਤ ਗੁਲਮ ਨਿਦਾਨ—ਚੌਪਈ

ਪਤ ਲਿੰਗ ਸਮ ਲਿੰਗ ਬਖਾਨ। ਗਰਭ ਅਕਾਰ ਗੁਲਮ ਸੋ ਜਾਨ।
ਚਲਤ ਨ ਅੰਗ ਸੂਲ ਤਨ ਹੋਇ।ਗੁਲਮ ਰਕਤ ਕਾ ਭਾਖਜੇ ਸੋਇ।੩੮੦।

Digitized by Panjab Digital Library | www.panjabdigilib.org

ਪਿਤ ਗੁਲਮ ਦੇ ਲਛਣਾਂ ਸਮਾਨ ਲਛਣ ਹੋਣੇ, ਮਾਨੋਂ ਹਮਲ ਹੋ ਗਯਾ ਹੈ, ਇਉਂ ਪ੍ਰਤੀਤ ਦੇਣਾ, ਪਰੰਤੂ ਉਸਦੇ ਅੱਗ ਨਹੀਂ ਵਧਦੇ, ਸਗੋਂ ਸਰੀਰ ਵਿਖੇ ਸੂਲ ਹੁੰਦਾ ਹੈ, ਸੋ ਰਕਤ ਗੁਲਮ ਕਿਹਾ ਜਾਂਦਾ ਹੈ ॥੩੮੦॥

ਅਸਾਧਯ ਗੁਲਮ ਲਛਣ—ਚੌਪਈ

ਕਛੂ ਜਿਮ ਉਰ ਬਲ ਹਿਰਲਾਸ। ਬਮਿ ਤੰਦ੍ਰਾ ਤ੍ਰਿਟ ਜੁਰ ਹੈ ਕਾਸ।
ਆਰਤ ਸੋਥ ਹੋਤ ਅਤਿਸਾਰ। ਜੜਤਾ ਗੁਲਮ ਅਸਾਧ ਬਿਚਾਰ॥੩੮੧॥

ਜੇੜ੍ਹਾ ਗੋਲਾ ਕੱਛੂ ਦੀ ਤਰ੍ਹਾਂ ਉਚਾ ਹੋਵੇ, ਸਰੀਰ ਲਿੱਸਾ ਹੋਵੇ, ਕਚਕਚਾਹਟ ਰਹੇ, ਕੈ, ਤੰਦ੍ਰਾ, ਪਯਾਸ, ਤਪ, ਖਾਂਸੀ ਬੇਚੈਨੀ, ਸੋਜ, ਦਸਤ ਅਰ ਗੋਲਾ ਹਿੱਲੇ ਨਹੀਂ, ਐਸਾ ਗੁਲਮ ਅਸਾਧਯ ਲਛਣਾਂ ਵਾਲਾ ਹੈ ॥੩੮੧॥

ਬਾਤ ਗੁਲਮ ਉਪਾਇ (ਵੰਗਸੇਨਾਤ)—ਦੋਹਰਾ

ਮਾਤ ਲੁੰਗ ਰਸ ਹਿੰਗੁ ਲੈ, ਦਾਰਮ ਸੇਂਧਾ ਪਾਇ।
ਬਿੜ ਪੀਸੀ ਸੁਰਾ*ਮੰਡ ਭਖੁ, ਬਾਤ ਗੁਲਮ ਮਿਟ ਜਾਇ ॥੩੮੨॥

੧੦੭੭–ਬਿਜੌਰੇ (ਖੱਟੇ) ਦਾ ਰਸ, ਹਿੰਗ, ਅਨਾਰਦਾਣਾ, ਸੇਂਧਾਲੂਣ ਤੇ ਵਿੜਨਿਮਕ ਇਹ ਸਭੇ ਰੀਹਕੇ ਸ਼ਰਾਬ ਦੇ *ਮੰਡ ਨਾਲ ਲਵੇ ਤਾਂ ਬਾਤ ਦਾ ਗੁਲਮ ਨਾਸ਼ ਹੋਵੇ ॥੩੮੨॥

(ਵੰਗਸੇਨਾਤ)—ਦੋਹਰਾ

ਚਿਤ੍ਰਕ ਪਲ ਦੁਇ ਆਨੀਏ, ਸੁੰਠੀ ਅਧ ਪਲ ਜਾਨ।
ਪਲੁ ਤਿਲੁ ਗੁੜ ਪਲੁ ਕੂਟ ਕੈ ਤਪਤ ਖੀਰ ਸੋ ਪਾਨ ॥੩੮੩॥
ਬਾਤ ਗੁਲਮ ਉਦਵਰਤ ਸਭ, ਜੋਨਿ ਸੂਲ ਮਿਟ ਜਾਇ।
ਸਭ ਤੈ ਚੰਗੀ ਔਖਧੀ, ਬੰਗਸੈਨ ਕੈ ਭਾਇ ॥੩੮੪॥

੧੦੭੮–ਚਿਤ੍ਰਾ ੮ ਤੋਲੇ, ਸੁੰਢ ੨ ਤੋਲੇ, ਤਿਲ ੪ ਤੋਲੇ ਤੇ ਗੁੜ ੪ ਤੋਲੇ ਪੀਹਕੇ ਚੂਰਣ ਕਰੇ, ਇਸਨੂੰ ਤੱਤੇ ਦੁੱਧ ਨਾਲ ਲਵੇ ਤਾਂ ਬਾਤਗੁਲਮ, ਉਦਾਵਰਤ ਅਰ ਯੋਨੀ ਸੂਲ ਨਾਸ਼ ਕਰੇ, ਇਹ ਸ੍ਰੇਸ਼ਟ ਔਖਧੀ ਹੈ ॥ ੩੮੩ ॥ ੩੮੪ ॥

ਚੂਰਣ

ਸੁੰਚਰ ਸੁੰਠੀ ਦਾਰਿਮੰ, ਅਮਲ ਬੇਤ †ਕਰਿ ਚੂਰ।
ਗੁਲਮ ਬਾਤ ਮਿਟ ਉਸਨ ਜਲ, ਸ੍ਵਾਸ ਹਿਯੇ ਗਦ ਪੂਰ ॥੩੮੫॥

੧੦੭੯–ਸੌਂਚਰ ਨਿਮਕ, ਸੁੰਢ, ਅਨਾਰ ਦਾਣਾ, ਅਮਲਵੇਤ, ਤੇ †ਕਚੂਰ ਸਮਾਨ ਭਾਗ ਲੈ ਕੇ ਪੀਹ ਤੇ ੧੦ ਮਾਸੇ ਗਰਮ ਜਲ ਨਾਲ ਖਾਵੇ ਤਾਂ ਵਾਯੂ ਗੋਲਾ, ਸ੍ਵਾਸ ਅਰ ਹਿਰਦੇ ਰੋਗ ਇਹ ਸਭੇ

---

*ਸ਼ਰਾਬ ਉਠੇ ਤਾਂ ਉਸ ਨਿਤਾਰੇ ਜਲ ਨੂੰ "ਸੰਡ" ਕਿਹਾ ਜਾਂਦਾ ਹੈ।
†ਕਰਚੂਰ ਦਾ ਅਰਥ ਚੂਰਣ ਕਰੇ ਭੀ ਹੈ।

Digitized by Panjab Digital Library | www.panjabdigilib.org

ਨਾਸ ਕਰੇ ॥ ੩੮੫ ॥

ਸਜੀ ਕੁਠ ਜੁ ਪੀਸਕੇ, ਖਾਰ ਕੇਤਕੀ ਪੀਤ।
ਤਿਲ ਸੰਗੇ ਮਿਟ ਹੈ ਗੁਲਮ, ਬਾਤ ਰੋਗ ਕਾ ਮੀਤ ॥੩੮੬॥

੧੦੮੦–ਸੱਜੀ ਤੇ ਕੁੱਠ ਪੀਹ ਕੇ ਇਸ ਵਿਚ ਫਿਰ ਜੌਂਖਾਰ ਤੇ ਕੇਤਕੀ ਕਹੀਏ ਕੇਵੜੇ ਦੇ ਫੁਲ ਦੀ ਧੂੜ ਮਿਲਾਕੇ, ਫਿਰ ਤੇਲ ਪਾਕੇ ਕਈ ਦਿਨ ਪੀਵੇ ਤਾਂ ਬਾਤ ਦਾ ਗੁਲਮ ਨਾਸ਼ ਕਰ ॥੩੮੬॥

ਵੰਗਸੇਨਾਤ–(ਚੌਪਈ)

ਏਰੰਡ ਤੇਲ ਬਾਰੁਣਿ ਮੰਡ ਮੇਲੁ। ਬਾਤ ਗੁਲਮ ਕੋ ਦੇਵਤ ਰੇਲ।
ਏਰੰਡ ਤੇਬ ਪਯ ਸੰਗਹਿ ਖਾਇ। ਬਾਤ ਗੁਲਮ ਕੀ ਪੀਰਾ ਜਾਇ॥੩੮੭॥

੧੦੮੧–ਅਰਿੰਡ ਦਾ ਤੇਲ, ਸ਼ਰਾਬ ਉਠਾਉਣ ਦਾ ਉਠਿਆ ਪਾਣੀ, ਰਲਾ ਕੇ ਪੀਵੇ ਤਾਂ ਬਾਤ ਗੁਲਮ ਨਾਸ਼ ਕਰੇ। ਯਾ–

੧੦੮੨–ਅਰਿੰਡ ਦਾ ਤੇਲ ਦੁੱਧ ਵਿਚ ਪਾ ਕੇ ਬਲ ਪ੍ਰਮਾਣ ਪੀਵੇ ਤਾਂ ਬਾਤ ਗੁਲਮ ਜਾਵੇ।੩੮੭।

(ਵੰਗਸੇਨਾਤ)–ਚੌਪਈ

ਪੰਚ ਮੂਲ ਕਾ ਕ੍ਵਾਥ ਕਰਾਇ। ਸਿਲਾਜੀਤ ਜਵਖਾਰ ਮਿਲਾਇ।
ਪੀਵਤ ਰੋਗੀ ਉਠ ਪਰਭਾਤ।ਗੁਲਮ ਬਾਤ ਕਾ ਖਿਨ ਮਹਿ ਜਾਤ॥੩੮੮॥

੧੦੮੩–ਪੰਜ ਮੂਲ ਦੇ ਕਾੜ੍ਹੇ ਵਿਚ ਸਿਲਾਜੀਤ ਅਰ ਜੌਂਖਾਰ ਮਿਲਾਕੇ ਪ੍ਰਾਤਾਕਾਲ ਉਠ ਕੇ ਪੀਵੇ ਤਾਂ ਬਾਤ ਗੁਲਮ ਨਾਸ ਕਰੇ ॥੩੮੮॥

(ਵੰਗਸੇਨਾਤ)

ਤ੍ਰਿਊਖਨ ਤ੍ਰਿਫਲਾ ਚਬ ਬੜਿੰਗ। ਧਾਤ੍ਰੀ ਫਲ ਚਿਤ੍ਰਕ ਲੈ ਅੰਗ।
ਕਲਕ ਕਰੀ ਘ੍ਰਿਤ ਪਯ ਸੋ ਖਾਇ।ਬਾਤ ਗੁਲਮ ਕਾ ਨਾਸਕਰਾਇ।੩੮੯।

੧੦੮੪–ਤ੍ਰਿਊਖਣ (ਮਘ, ਮ੍ਰਿਚ, ਸੁੰਢ) ਤ੍ਰਿਫਲਾ (ਹਰੜ, ਬਹੇੜੇ, ਆਵਲੇ) ਚੱਵ,ਬਾਵੜਿੰਗ, *ਆਵਲੇ ਤੇ ਚਿਤ੍ਰਾ, ਸਮਾਨ ਭਾਗ ਕਲਕ ਕਰਕੇ ਘ੍ਰਿਤ ਦੁੱਧ ਮਿਲਾ ਕੇ ਖਾਵੇ ਤਾਂ ਬਾਤ ਗੁਲਮ ਦਾ ਨਾਸ਼ ਕਰੇ ॥੩੮੯॥

[ਰਸਰਤਨਾਕਰਾਤ]–ਚੌਪਈ

ਸੇਂਧਾ ਦਾਰਮ ਹਿੰਗ ਬੜਿੰਗ। ਏਲਾ ਸੁੰਚਰ ਮਾਤ ਜੁ ਲੁੰਗ।
ਕਰਖ ਏਕ ਤੁਲਸੀ ਰਸ ਖਾਇ। ਬਾਤ ਗੁਲਮ ਕੀ ਪੀਰਾ ਜਾਇ॥੩੯੦॥

੧੦੮੫–ਸੇਂਧਾ ਨਿਮਕ, ਅਨਾਰਦਾਣਾ, ਹਿੰਗ, ਬਾਵੜਿੰਗ, ਇਲਾਚੀ, ਸੌਂਚਰਲੂਣ ਤੇ ਬਿਜੌਰਾ ਨਿੰਬੂ, ਇਹ ਸੱਭੋ ਪੀਹਕੇ ਤੋਲਾ ਭਰ ਤੁਲਸੀ ਦੇ ਰਸ ਨਾਲ ਖਾਵੇ ਤਾਂ ਬਾਤ ਗੁਲਮ ਨਾਸ਼ ਕਰੇ ॥੩੯੦॥

---

*ਆਵਲੇ ਦੋ ਬਾਰ ਨਹੀਂ, ਇਕ ਬਾਰ ਤ੍ਰਿਫਲੇ ਦਾ ਅੰਗ ਹੈ।

Digitized by Panjab Digital Library | www.panjabdigilib.org

ਸਿਖੀ ਬਾਢ ਰਸ (ਰਸਰਤਨਾਕਰਾਤ)–ਚੌਪਈ

ਗਗਨ ਸੂਤ ਤਾਂਬਾ ਤ੍ਰਿਕ ਮਾਰੇ। ਗੰਧਕ ਮਾਖੀ ਲੇਹੁ ਸਵਾਰੇ।
ਜਵਖਾਰ ਚਿਤ੍ਰਕ ਰਸੁ ਪੀਸ। ਬਲਿ ਬਰਾਬਰ ਖਾਵਤ ਪੀਸ ॥੩੯੧॥
ਪਾਨ ਪਤ੍ਰ ਕੇ ਸੰਗਹਿ ਖਾਇ। ਬਾਤ ਗੁਲਮ ਛਿਨ ਮਾਹਿ ਮਿਟਾਇ।
ਸਿਖ ਬਾਢਵ ਰਸ ਕਾ ਹੈ ਨਾਮ। ਰਸਰਤਨਾਕਰ ਭਾਖਯੋ ਆਮ॥੩੯੨॥

੧੦੮੬–ਅਭ੍ਰਕ, ਪਾਰਾ ਤੇ ਤਾਂਬਾ ਇਹ ਤਿੰਨੇ ਮਾਰੇ ਹੋਏ ਲਵੇ, ਫਿਰ ਆਵਲੇ ਸਾਰ ਗੰਧਕ, ਸੋਨਮੱਖੀ ਤੇ ਜੌਂਖਾਰ ਲੈਕੇ ਇਨ੍ਹਾਂ ਨੂੰ ਚਿਤਰੇ ਦੇ ਰਸ ਨਾਲ ਘੋਟੇ, ਇਉਂ ਰਸ ਤਿਆਰ ਕਰਕੇ ਰੱਖ ਛੱਡੇ, ਇਸ ਵਿਚੋਂ ੩ ਰੱਤੀ ਪਾਨ ਬੀੜੇ ਵਿਚ ਰਖ ਕੇ ਨਿਤ ਖੁਲਾਵੇ ਤਾਂ ਵਾਯੂ ਦਾ ਗੋਲਾ ਨਿਸ਼ਚੇ ਨਾਸ਼ ਹੋਵੇ, ਇਹ ਰਸ ਅਗਨੀ ਪ੍ਰਦੀਪਨ ਕਰਨੇਹਾਰਾ ਹੈ ॥੩੯੧॥੩੯੨॥

ਪਿਤ ਗੁਲਮ ਉਪਾਇ (ਵੰਗਸੇਨਾਤ)–ਚੌਪਈ

ਬ੍ਰਿਹਤੀ ਚੂਰਨ ਕਰੋ ਬਨਾਇ। ਤ੍ਰਿਫਲੇ ਰਸ ਸੋ ਪੀਵਨ ਦਾਇ।
ਪਿਤ ਗੁਲਮ ਕਾ ਨਾਸ ਕਰਾਇ। ਬੰਗਸੈਨ ਕੇ ਜਾਨੋ ਭਾਇ ॥੩੯੩॥

੧੦੮੭–ਕੰਡਿਆਰੀ ਦੇ ਫਲਾਂ ਦਾ ਚੂਰਣ ਕਰ ਲਵੇ, ਇਸ ਚੂਰਣ ਨੂੰ ਤ੍ਰਿਫਲੇ ਦਾ ਰਸ ਨਾਲ ਪਿਲਾਵੇ ਤਾਂ ਪਿਤ ਦਾ ਗੁਲਮ ਨਾਸ਼ ਹੋਵੇ ॥੩੯੩॥

ਦਾਖ ਸੰਖ ਅਭਯਾ ਕੋ ਖਾਇ। ਕੰਪਿਲ ਬਾਂਸਾ ਮਧੁ ਮੈ ਪਾਇ।
ਬੰਗਸੈਨ ਕੇ ਦੋਨੋ ਜੋਗੁ। ਪਿਤ ਗੁਲਮ ਕਾ ਜਾਵਤ ਰੋਗ ॥੩੯੪॥

੧੦੮੮–ਮੁਨੱਕਾ, ਸੰਖ ਭਸਮ ਤੇ ਹਰੜ ਦੀ ਛਿੱਲ ਮਿਲਾਵੇ ਖਾਵੇ, ਯਾ–

੧੦੮੯–ਕਬੀਲਾ, ਬਾਂਸਾ ਦੋਹਾਂ ਵਿਚ ਸ਼ਹਿਤ ਪਾ ਕੇ ਖਾਵੇ ਤਾਂ ਪਿਤ ਦਾ ਗੁਲਮ ਜਾਵੇ।੩੯੪।

ਯਸਟੀ ਚੰਦਨ ਦਾਖ ਮਿਲਾਇ। ਪਯ ਸੋ ਗੁਲਮ ਪਿਤ ਕੋ ਜ਼ਾਇ।
ਯਸਟੀ ਮਧੁ ਤੰਦੁਲ ਜਲ ਖਾਇਪਿਤ ਗੁਲਮਕਾ ਨਾਸ ਕਰਾਇ॥੩੯੫॥

੧੦੯੦–ਮੁਲੱਠੀ, ਚੰਦਨ ਦਾ ਬੂਰ ਤੇ ਮੁਨੱਕਾ ਮਿਲਾਕੇ ਦੁੱਧ ਨਾਲ ਖਾਵੇ ਤਾਂ ਪਿਤ ਦਾ ਗੁਲਮ ਜਾਵੇ।

੧੦੯੧–ਮੁਲੱਠੀ ਤੇ ਸ਼ਹਿਤ ਚੌਲਾਂ ਦੇ ਪਾਣੀ ਨਾਲ ਖਾਵੇ ਤਾਂ ਪਿਤ ਦਾ ਗੁਲਮ ਨਾਸ਼ ਹੋਵੇ ॥੩੯੫॥

ਤ੍ਰਿਫਲਾ ਪੀਸੋ ਚੂਰਨ ਕਰੋ। ਤਾਕੇ ਸਮ ਮਿਸਰੀ ਲੈ ਧਰੋ।
ਚੂਰਨ ਖਾਵੇ ਮਧੁ ਕੈ ਸੰਗ। ਪਿਤ ਗੁਲਮ ਕਾ ਹੋਵੈ ਭੰਗ ॥ ੩੯੬ ॥

੧੦੯੨–ਤ੍ਰਿਫਲਾ ਪੀਹ ਕੇ ਬਰਾਬਰ ਦੀ ਮਿਸਰੀ ਪਾਕੇ ਸ਼ਹਿਤ ਨਾਲ ਖਾਵੇ ਤਾਂ ਪਿੱਤ ਗੁਲਮ ਨਾਸ਼ ਕਰੇ ॥੩੯੬॥

Digitized by Panjab Digital Library | www.panjabdigilib.org

ਉਦੰਬਰਰਸ *(ਰਸਰਤਨਾਕਰਾਤ)-ਚੌਪਈ

ਸੁਧ ਸੂਤ ਗੰਧਕ ਮ੍ਰਿਤ ਤਾਂਬਗਖਰਲ ਪੀਸ ਬਰੁਨਾ ਰਸ ਤਿਹ ਧਰ।
ਸਰਪੰਖਾ ਰਸ ਖਰਲ ਕਰਾਇ। ਦਿਵਸ ਦੋਇ ਪੀਸੇ ਚਿਤ ਲਾਇ॥੩੯੭
ਰੁਧਾ ਲਘੁ ਪੁਟੁ ਲਹੋ ਪਚਾਇ। ਤਾਕੋ ਫਿਰ ਕੈ ਖਰਲ ਪਵਾਇ।
ਤਾਂਕੋ ਸਮ ਦੰਤੀ ਕੇ ਬੀਜ। ਪੁੱਠਾ ਪਾਂਚ ਭੂਧਰੈ ਦੀਜ ॥੩੯੮॥
ਆਜਯ ਸੰਗ ਗੁੰਜਾ ਦੋ ਖਾਇ। ਪਿਤ ਗੁਲਮ ਕੀ ਪੀਰਾ ਰਾਇ।
ਨਾਮ ਉਦੰਬਰ ਰਸੁ ਹੈ ਏਹ। ਰਸਰਤਨਾਕਰ ਭਾਖਯੋ ਤੇਹ ॥੩੯੯॥
ਦਾਖ ਹਰੜ ਕਾ ਕ੍ਵਾਥ ਕਰਾਇ। ਦੋ ਗੁੰਜਾ ਭਰੁ ਇਸ ਰਸੁ ਖਾਇ।
ਪਿਤ ਗੁਲਮ ਕਾ ਨਾਮ ਨਾ ਰਹੈ। ਮੇਘ ਬਿਨੋਦੇ ਮੇਸ ਸੁ ਕਹੈ ॥੪੦੦॥

੧੦੯੩ -ਸੁਧ ਪਾਰਾ (ਸੁਧ) ਗੰਧਕ ਤੇ ਮ੍ਰਿਤ ਤਾਂਬਾ, ਇਹ ਤਿੰਨੇ ਇਕ ਸਮਾਨ ਲਵੇ, ਪੀਹਕੇ ਫਿਰ ਬਰਨੇ ਦੇ ਰਸ ਵਿਚ ਇਕ ਦਿਨ ਖਰਲ ਕਰੇ. ਫਿਰ ਸਰਪੁੰਖਾ ਬੂਟੀ ਦੇ ਰਸ ਵਿਚ ਚੰਗਾ ਦੋ ਦਿਨ ਖਰਲ ਕਰੇ। ਫਿਰ ਸੰਪੁਟ ਵਿਚ ਪਾਕੇ †"ਲਘੂਪੁਟਾਂ" ਪਚਾਇ ਕਹੀਏ ਪੰਜ ਦੇਵੇ। ਕੱਢ ਕੇ ਫਿਰ ਖਰਲ ਵਿਚ ਪਾਕੇ ਅਰ ਇਸ ਦੇ ਸਮਾਨ ਭਾਗ ਜਮਾਲਗੋਟੇ ਦੇ ਦਾਣਿਆਂ ਦੀ ਗਿਰੀ ਪਾਵੇ, ਘੋਟ ਘੋਟ ਕੇ ਪੰਜ ਪੁਠਾਂ ‡"ਭੂਧਰ ਪੁਠ" ਦੀਆਂ ਦੇਵੇ। ਇਉਂ ਰਸ ਤਿਆਰ ਕਰ ਰੱਖੇ, ਇਸ ਵਿਚੋਂ ਘਿਉ ਨਾਲ ਦੋ ਰੱਤੀਆਂ ਖਾਵੇ ਤਾਂ ਪਿੱਤ ਗੁਲਮ ਦੀ ਪੀੜਾ ਨਾਸ਼ ਕਰੇ, ਇਸ ਰਸ ਦਾ ਨਾਮ ਉਦੰਬਰਰਸ ਹੈ। ਜੇ ਕਦੇ ਇਸਨੂੰ ਮੁਨੱਕੇ ਅਤੇ ਹਰੜ ਦੀ ਛਿੱਲ ਦੇ ਕਾੜ੍ਹੇ ਨਾਲ ੨ ਰੱਤੀਆਂ ਨਿੱਤ ਖਾਯਾ ਕਰੇ ਤਾਂ ਭੀ ਪਿਤ ਗੁਲਮ ਦਾ ਨਾਮ ਨਿਸ਼ਾਨ ਮਿਟਾਵੇ ਪਰੰਤੂ ਅਸਲ ਵਿਚ ਘਿਉ ਨਾਲ ਖੁਲਾ ਕੇ ਪਿਛੋਂ ਮੁਨੱਕੇ ਹਰੜਾਂ ਦਾ ਕਾੜ੍ਹਾ ਪਿਲਾਵੇ ਭਾਵ ਹੈ ॥੩੯੭ ਤੋਂ ੪੦੦॥

ਅਥ ਕਫ ਗੁਲਮ ਉਪਾਇ-ਚੌਪਈ

ਅਜਵਾਨੀ ਬ੍ਰਿੜਲੂਨ ਮਗਾਇ। ਗੋਕੀ ਤਕ੍ਰਹਿ ਘੋਲ ਪਿਲਾਇ।
ਮਿਟਤਗੁਲਮ ਕਫ ਬਾਤ ਨਸਾਇਲਗਤ ਭੂਖ ਦੀਪਨ ਕਰਵਾਇ॥੪੦੧॥

੧੦੯੪-ਅਜਵਾਇਣ ਤੇ ਵਿੜਨਿਮਕ, ਗੋਕੀ ਲੱਸੀ ਵਿਚ ਘੋਲ ਕੇ ਪੀਵੇ ਤਾਂ ਕਫ ਦਾ ਗੁਲਮ, ਹੋਰ ਵਾਯੂ ਨਾਸ਼ ਕਰੇ, ਅਰ ਭੁਖ ਵਧਾਵੇ ਇਉਂ ਪਾਚਨ ਕਰੇ ॥੪੦੧॥

---

*ਪ੍ਰਯੋਗ ਵਾਸਤੇ ਦੇਖੋ, ਰਸ ਰਤਨਾਕਰ ਪ੍ਰਿ: ੪੭੫.

†ਸੰਪੁਟ ਕਰਕੇ ਉਸ ਸੰਪੁਟ ਨੂੰ ਤੋਹਾਂ ਦੀ ਯਾ ਅੰਗਜਾਰੀਆਂ ਦੀ ਅੱਗ ਦੇਣ ਨੂੰ 'ਲਘੂਪੁਜ' ਕਿਹਾ ਜਾਂਦਾ ਹੈ।

‡ਦੋ ਉਂਗਲੀਆਂ ਧਰਤੀ ਖੋਦਕੇ ਸੰਪੁਟ ਦਬਾਵੇ, ਅਰ ਫਿਰ ਉਪਰ ਅੱਗ ਦੇਵੋ, ਇਸਤਰ੍ਹਾਂ ਅੱਗ ਦੇਣ ਨੂੰ "ਭੂਧਰ ਪੁਠ" ਕਿਹਾ ਜਾਂਦਾ ਹੈ, ਇਨ੍ਹਾਂ ਦੋਹਾਂ ਪੁਠਾਂ ਦੀ ਤਸੱਲੀ ਵਾਸਤੇ ਦੇਖੋ ਰਸਰਾਜ ਸੁ: ਪ੍ਰਿ: ੨੧੨॥ ਹੋਰ ਦੇਖੋ ਰਸ ਚਿੰਤਾਮਣੀ ਪ੍ਰਿ: ੧੯੯ ਭੂਧਰਪੁਠ ਦੇ ਥਾਂ ਅਗਯਾਨੀਆਂ ਨੇ ਧਤੂਰੇ ਦੀਆਂ ਪੰਜ ਪੁਠਾਂ ਅਰਥ ਕੀਤੇ ਹਨ।

Digitized by Panjab Digital Library | www.panjabdigilib.org

ਦੰਤੀ ਪੱਥਯਾ ਗੁੜ ਸੋਂ ਖਾਇ। ਕਫ ਕਾ ਗੁਲਮ ਜੁ ਭਾਗਯਾ ਜਾਇ।
ਸੁੰਠ ਪੀਪਰੀ ਮਧੁ ਸੋਂ ਦੇਇ। ਕਫੀ ਗੁਲਮ ਕਾ ਨਾਸ ਕਰੇਇ ॥੪੦੨॥

੧੦੯੫–ਦੰਤੀ (ਜਮਾਲ ਗੋਟੇ ਦੀ ਜੜ੍ਹ) ਹਰੜ ਗੁੜ ਨਾਲ ਖਾਵੇ ਤਾਂ ਕਫ ਦਾ ਗੁਲਮ ਨਾਸ਼ ਕਰੇ।

੧੦੯੬–ਸੁੰਢ ਤੇ ਮਘ, ਸ਼ਹਿਤ ਨਾਲ ਲਵੇ ਤਾਂ ਕਫ ਦਾ ਗੁਲਮ ਜਾਵੇ ॥੪੦੨॥

ਤੱਜੁ ਲਾਇਚੀ ਪੱਤ੍ਰ ਤਮਾਲ। ਗਜ ਕੇਸਰ ਪੀਸੀ ਮਧੁ ਡਾਲ।
ਚਾਟਤ ਗੁਲਮ ਸੁ ਕਫਕਾ ਜਾਇ।ਬੰਗਸੈਨ ਮਤੁ ਭਾਖਯਾ ਲਯਾਇ॥੪੦੩॥

੧੦੯੭–ਤਜ, ਇਲਾਚੀ, ਤਮਾਲਪਤ੍ਰ ਤੇ ਨਾਗਕੇਸਰ ਪੀਹ ਕੇ ਸਹਿਤ ਨਾਲ ਚੱਟੇ, ਕਫ ਦਾ ਗੁਲਮ ਨਾਸ਼ ਹੋਵੇ ॥੪੦੩॥

ਕਫ ਗੁਲਮੇ ਵਿਦਯਾਧਰ*ਰਸ (ਰਸਰਤਨਾਕਰਾਤ)–ਚੌਪਈ

ਮਨਸਿਲ ਗੰਧਕ ਤਾਪਯੰ ਪਾਰਾ। ਮਿਰਤਕ ਤਾਂਬਾ ਲੈ ਹਰਤਾਰਾ।
ਪੀਪਰ ਰਸ ਸੋਂ ਖਰਲ ਕਰਾਇ।ਪੁਨ ਭਾਵਨ ਥੋਹਰਿ ਕੀ ਦਾਇ॥੪੦੪॥
ਦੋ ਮਾਸੇ ਇਸ ਖਾਵਤ ਜੋਇ। ਮਧੁ ਸੰਗ ਗੁਲਮ ਕਫੀ ਮਿਟ ਸੋਇ।
ਗੋ ਮੂਤ੍ਰ ਵਾ ਘ੍ਰਿਤ ਗੁੜ ਸੰਗ। ਵਾ ਤਿਲ ਕ੍ਵਾਥੈ ਗੁਲਮ ਸੁ ਭੰਗ॥੪੦੫॥
ਬਯੋਖ ਭਾਰਗੀ ਕ੍ਵਾਥ ਕਰਾਇ। ਦੋ ਮਾਸੇ ਇਸ ਸੰਗ ਖਵਾਇ।
ਸਭੀ ਗੁਲਮ ਕਾ ਕਰਤੀ ਨਾਸ। ਕਹਤ ਮੇਘ ਸਭ ਤੇ ਇਹੁ ਖਾਸ॥੪੦੬॥

੧੦੯੮–ਮਨਸਿਲ ਸੁਧਗੰਧਕ, ਸੋਨਮੱਖੀ, ਪਾਰਾ, ਮ੍ਰਿਤਤਾਂਬਾ, ਮ੍ਰਿਤ ਹਰਤਾਲ, ਇਨ੍ਹਾਂ ਨੂੰ ਮਘਾਂ ਦੇ ਕਾੜ੍ਹੇ ਜਲ ਨਾਲ ਖਰਲ ਕਰੇ। ਫਿਰ ਥੋਹਰ ਦੇ ਦੁਧ ਦੀ ਭਾਲਨਾ (ਪੁਠ) ਘੋਟਕੇ ਦੇਵੇ। ਇਸਤਰ੍ਹਾਂ ਸਿਧ ਹੋਯਾ ਰਸ ੨ ਮਾਸ਼ੇ ਸ਼ਹਿਤ ਨਾਲ ਖਾਵੇ, ਯਾ ਗਊਮੂਤ੍ਰ ਨਾਲ ਵਾ ਘਿਉ ਗੁੜ ਨਾਲ ਯਾ ਤਿਲਾਂ ਦੇ ਕਾੜ੍ਹੇ ਨਾਲ, ਅਥਵਾ ਮਘ, ਮ੍ਰਿਚ, ਸੁੰਢ ਤੇ ਭਰਿੰਗੀ ਦੇ ਕਾੜ੍ਹੇ ਨਾਲ ੨ ਮਾਸੇ ਖੁਆਵ ਤਾਂ ਕਫ ਗੁਲਮ ਹੋਰ ਸਭ ਪ੍ਰਕਾਰ ਦੇ ਗੁਲਮਾਂ ਦਾ ਨਾਸ਼ ਕਰੇ, ਗੁਲਮ ਰੋਗ ਨਾਸ਼ ਕਰਨਹਾਰਾ ਇਹ ਸਰੇਸ਼ਟ ਰਸ ਹੈ ॥੪੦੪ ਤੋਂ ੪੦੬॥

ਤ੍ਰਿਦੋਖ ਗੁਲਮ ਉਪਾਇ (ਵੰਗਸੇਨਾਤ)–ਚੌਪਈ

ਹਿੰਗੁ ਹਪੁਖਾ ਤ੍ਰਿਕੁਟਾ ਪਾਠ। ਅਭਯਾ ਸਟੀ ਅਜਮੋਦਾ ਮਾਠ।
ਦੰਤੀ ਚਿਤ੍ਰਕ ਪੁਹਕਰਮੂਰ। ਕੰਟਾਰੀ ਸੁੰਠੀ ਤ੍ਰਿਵੀ ਪੂਰ ॥੪੦੭॥
ਤਿੰਤੜੀਕ ਆਮਲ ਜੋ ਬੇਤ। ਦਾਰਮ ਧਨੀਆ ਜਾਜੀ ਲੇਤ।

*ਇਸ ਰਸ ਵਾਸਤੇ ਦੇਖੋ ਰਸ ਚਿੰਤਾਮਣੀ ਪ੍ਰਿ: ੧੮੫। ਰਸ ਰਤਨਾਕਰ ਪ੍ਰਿ: ੪੭੫। ਰਸ਼ ਰਾਜ ਸੁ: ਪ੍ਰਿ: ੪੮੨.

Digitized by Panjab Digital Library | www.panjabdigilib.org

ਬਚ ਦੋਖ੍ਯਾਰ ਲਵਨ ਪਚ ਦੇਇ। ਚਵਕ ਬਰਾਬਰ ਪੀਸੋ ਦੇਇ ॥੪੦੮॥
ਅੰਨ ਸੰਗ ਭੋਜਨ ਕੈ ਸੰਗ। ਉਸਨ ਨੀਰ ਵਾ ੦ਮਦ ਕੈ ਅੰਗ।
ਪਾਰਸ ਹਿਯ ਗੁਦ ਬਸਤਿ ਜੁ ਸੂਗਬਾਤ ਰੋਗ ਕਫ ਜਾਵਤ ਦੂਰ॥੪੦੯॥
ਅਫਾਰਾ ਮੂਤਰ ਕ੍ਰਿਛ ਸੁ ਜਾਇ। ਗੁਦਾ ਜੋਨ ਕਾ ਸੂਲ ਪਰਾਇ।
ਗ੍ਰਹਨੀ ਅਰਸੁ ਪਲੀਹਾ ਪਾਂਡੂ। ਅਰੁਚਿ ਉਰੂ ਬਿਬੰਦਹਿ ਦਾਂਡ ॥੪੧੦॥
ਹਿਕ੍ਵਾ ਸ੍ਵਾਸ ਕਾਸ ਗਲ ਪੀਰ। ਏਤੇ ਰੋਗ ਮਿਟਾਵਤ ਬੀਰ।
ਹਿੰਗੁ ਆਦਿ ਚੂਰਨ ਇਹ ਜਾਨ। ਬੰਗਸੈਨ ਤੇ ਭਾਖਜੋ ਆਨ ॥੪੧੧॥

੧੦੯੯–ਹਿੰਗ, *ਹਊਬੇਰ (ਉਨਾਬ), ਤ੍ਰਿਕੁਟਾ (ਮਘ, ਮਿਰਚ, ਸੁੰਢ) ਪਾਠਾ (ਪਲਾਹ) ਜੜੀ ਹਰੜ, ਕਚੂਰ. ਅਜਮੋਦ, †ਜਮਾਲਗੋਟੇ ਦੀ ਜੜ੍ਹ, ਚਿਤ੍ਰਾ, ਪੁਹਕਰਮੂਲ, ਕੰਡਯਾਰੀ, ਸੁੰਢ, ਤ੍ਰਿਵੀ ‡ਇਮਲੀ, ਅਮਲਵੇਤ, ਅਨਾਰਦਾਣਾ, ਧਨੀਆਂ, ਜੀਰਾ, ਵਚ, ਦੋ ਖਾਰ (ਸੱਜੀ ਤੇ ਜੌਂਖਾਰ) ()ਪੰਜੇ ਲੂਣ (ਸੇਂਧਾ, ਸੌਂਚਰ, ਸਮੁੰਦਰ, ਵਿੜ ਤੇ ਖਾਰੀ ਨਿਮਕ) ਤੇ ਚਵ ਸਮਾਨ ਭਾਗ ਲੈ ਕੇ ਪੀਹੇ ਅਰ ਫਿਰ ਇਸਨੂੰ ਅਨੂਪਾਨ ਨਾਲ ਖਾਵੇ, ਅਥਵਾ ਭੋਜਨ ਦੇ ਗ੍ਰਾਸ ਨਾਲ ਖਾਵੇ, ਗਰਮ ਜਲ ਨਾਲ ਯਾ ੦ਸ਼ਰਾਬ ਨਾਲ ਖਾਵੇ ਤਾਂ ਪਸਲੀ ਪੀੜਾ, ਹ੍ਰਿਦੇ ਰੋਗ, ਮੂਤ੍ਰਾਸ਼ਯ ਦਾ ਸੂਲ, ਵਾਯੂ ਦੇ ਰੋਗ, ਕਫ ਰੋਗ, ਅਫਾਰਾ, ਮੂਤ੍ਰ ਕ੍ਰਿਛ, ਗੁਦਾ ਦਾ ਸੂਲ, ਯੋਨੀ ਦਾ ਸੂਲ, ਸੰਗ੍ਰਹਿਣੀ, ਬਵਾਸੀਰ, ਲਿੱਫ, ਪਾਂਡੂ ਰੋਗ, ਅਰੁਚੀ, ਉਰੁਗ੍ਰਹ ਭਾਵ ਪੱਟਾਂ ਦੀ ਰੁਕਾਵਟ, ਹਿਡਕੀ, ਦਮਾ, ਖਾਂਸੀ ਤੇ ਗਲ ਪੀੜ, ਇਤਨੇ ਰੋਗਾਂ ਦੇ ਨਾਸ ਕਰਨਹਾਰਾ 'ਹਿੰਗ ਆਦਿ ਚੂਰਣ' ਵੰਗਸੇਨ ਵਿਖੇ ਕਿਹਾ ਹੈ ਜੇ ਇਸ ਦੀ ਗੋਲੀ ਬਨਾਣੀ ਚਾਹੇ ਤਾਂ ਬਿਜੌਰੇ ਦਾ ਰਸ ਪਾਕੇ ਖਰਲ ਕਰੇ ਅਰ ਦੋ ਦੋ ਤੋਲੇ ਦੀ ਗੋਲੀ ਕਰੇ, ਉਪਰੋਕਤ ਹੀ ਗੁਣ ਕਰੇ ॥ ੪੦੭ ਤੋਂ ੪੧੧ ॥

ਬੱਜ੍ਰਖਾਰ (ਰਤਨਸਾਰਸੰਗ੍ਰਹਾਤ)–ਚੌਪਈ

ਪੰਚਲਵਨ ਤ੍ਰਿਖਾਰ ਮਿਲਾਇ। ਸੁਨਹੀ ਅਰਕ ਪਯ ਭਾਵਨ ਦਾਇ।
ਤੀਨ ਦਿਵਸ ਆਤਪ ਮਹਿ ਰਾਖ। ਅਰਕ ਪਤ੍ਰ ਸੇ ਲੇਪੋ ਸਾਖ ॥੪੧੨॥
ਅੰਤ੍ਰ ਪੁਟ ਤਿਸ ਭਸਮ ਕਰਾਇ। ਭਸਮ ਬਰਾਬਰ ਏਲੈ ਪਾਇ।
ਊਖਨ ਤ੍ਰਿਫਲਾ ਰਾਈ ਜੀਰਾ। ਚਿਤ੍ਰਕ ਪੀਸੀ ਸਮ ਤਿਸ ਭੀਰ॥੪੧੩॥
ਨਿਸਕ ਏਕ ਖਾਵਨ ਕੋ ਦਾਇ। ਬਾਤ ਗੁਲਮ ਜਲ ਉਸਨ ਗਵਾਇ।

੦ਮਦ ਪਾਠ ਚਾਹੀਏ, ਮਧੁ ਪਾਠ ਕਰਕੇ ਸ਼ਹਿਤ ਅਰਥ ਨਹੀਂ। ਦੇਖੋ ਵੰਗਸੇਨ।
*ਇਸ ਦੇਦੋ ਭੇਦ ਹੁੰਦੇ ਹਨ, ਇਸ ਤੇ ਉਨਾਬ ਪਾਵੇ।
†ਦੰਤੀ ਕਰਕੇ ਜਮਾਲਗੋਟੇ ਦੀ ਜੜ੍ਹ ਹੈ, ਪਰੰਤੂ ਵੰਗਸੇਨਾਨੁਸਾਰ ਅਸਗੰਧ ਪੌਣੀ ਚਾਹੀਏ।
‡ਤਿੰਤੜੀਕ–ਇਮਲੀ ਹੈ, ਦੇਖੋ ਭਾ: ਪ੍ਰਕਾਸ਼ ॥
()ਦੇਖੋ ਸਾਲਿਗ੍ਰਾਮੌਖਧਦ।

Digitized by Panjab Digital Library | www.panjabdigilib.org

ਪਿਤ ਗੁਲਮ ਮਿਟ ਘ੍ਰਿਤਕੈ ਸੰਗ। ਕਫ ਗਲਮਾ ਗੋ ਮੂਤ੍ਰੈ ਭੰਗ॥੪੧੪॥
ਗੁਲਮ ਤ੍ਰਿਦੋਖੀ ਕਾਂਜੀ ਸਾਥ। ਰਤਨਸਾਰ ਸੰਗ੍ਰਹਿ ਏ ਆਥ।
ਅਗਨਿ ਮੰਦ ਅਰੁ ਸੋਥ ਸੂਸੂਰ। ਇਨਕਾ ਪਾਟਤ ਹੈ ਇਹ ਮੂਰ॥੪੧੫॥

੧੧੦੦—ਪੰਜੇ ਲੂਣ, [ਸੇਂਧਾ, ਸੌਂਚਰ, ਸਮੁੰਦਰ, ਵਿੜ ਤੇ ਖਾਰੀ ਲੂਣ] ਤਿੰਨੇ ਖਾਰਾਂ (ਸੱਜੀ, ਸੁਹਾਗਾ, ਜੌਂਖਾਰ) ਥੋਹਰ ਦੇ ਦੁਧ ਅਰ ਅੱਕ ਦੇ ਦੁਧ ਵਿਚ ਤਰ ਕਰਕੇ ਤਿੰਨ ਤਿੰਨ ਦਿਨ ਧੁਪੇ ਰਖਦਾ ਰਹੇ ਫਿਰ ਪਿਛੋਂ ਗੋਲਾ ਕਰਕੇ ਅੱਗ ਦੇ ਪਤ੍ਰ ਉਪਰ ਲਪੇਟ ਕੇ ਹਾਂਡੀ ਅੰਦਰ ਧਰ ਕੇ ਮੂੰਹ ਬੰਦ ਕਰ ਕੇ ਅਗ ਵਿਖੇ ਪਕਾਵੇ, ਫਿਰ ਇਸ ਪੱਕੀ ਹੋਈ ਭਸਮ ਦੇ ਬਰਾਬਰ ਤ੍ਰਜੁਅਣ [ਮਘ, ਮਿਰਚ, ਸੁੰਢ], ਤ੍ਰਿਫਲਾ [ਹਰੜ, ਬਹੇੜਾ, ਆਵਲੇ], ਰਾਈ, ਜੀਰਾ ਤੇ ਚਿਤ੍ਰੇ ਦਾ ਚੂਰਣ ਪਾਵੇ, ਉਸ ਵਿਚੋਂ ਇਕ ਨਿਖਕ ਭਾਵ ੪ ਮਾਸੇ ਗਰਮ ਜਲ ਨਾਲ ਖਾਵੇ ਤਾਂ ਬਾਤ ਗੁਲਮ ਨਾਸ ਕਰੇ, ਘਿਉ ਨਾਲ ਖਾਵੇ ਤਾਂ ਪਿਤ ਦਾ ਗੁਲਮ ਜਾਵੇ, ਗਊ ਮੂਤ੍ਰ ਨਾਲ ਲਵੇ ਤਾਂ ਕਫ ਦਾ ਗੁਲਮ ਨਾਸ ਕਰੇ। ਤ੍ਰਿਦੋਖ ਦੇ ਗੁਲਮ ਵਾਸਤੇ ਕਾਂਜੀ ਨਾਲ ਛਕਾਵੇ, ਹੋਰ ਮੰਦਾਗਨੀ, ਸੋਜ ਤੇ ਸੂਲ ਇਨ੍ਹਾਂ ਦੀ ਜੜ੍ਹ ਕਟਨਹਾਰੀ ਇਹ ਖਾਰ ਹੈ (ਪਰੰਤੂ ਭਾਵ ਪ੍ਰਕਾਸ਼ ਵਿਚ ਮਾਤ੍ਰਾ ਦਾ ਪ੍ਰਮਾਣ ੮ ਮਾਸੇ ਟੀਕਾਕਾਰ ਨੇ ਮੰਨਿਆਂ ਹੈ, ਦੇਖੋ ਪ੍ਰਿ: ੮੫੬) ॥੪੧੨ ਤੋਂ ੪੧੫॥

ਰਕਤ ਗੁਲਮ ਪਰ ਕੰਕਾਯਨ ਬਟੀ—ਚੌਪਈ

ਇਟਸਿਟ ਲੇਵੋ ਪੁਸਕਰ ਮੂਰ। ਦੰਤੀ ਚਿਤ੍ਰਕ ਬ੍ਰਿਹਤੀ ਸੂਰ।
ਤ੍ਰਿਬਤਾ ਸੁੰਠੀ ਬਚ ਸੁਭ ਆਨ। ਪਲੁ ਪਲੁ ਲੀਜੈ ਏਸ ਬਠਾਨ ॥੪੧੬॥
ਆਮਲ ਬੇਤ ਸੁ ਲੇ ਅਜਵਾਇਨ। ਜਵਾਖਾਰ ਜੀਰਾ ਸਿਤ ਮਾਨ।
ਧਨੀਆ ਮਿਰਚਾ ਪਥਯਾਕਣਾ। ਪੀਪਰ ਪਲੁ ਏ ਦੋਨੋ ਭਣਾ॥੪੧੭॥
ਜੰਭੀਰੀ ਰਸੁ ਗੁਟਕਾ ਕਰੋ। ਗੋ ਮੂਤ੍ਰ ਸੋ ਖਾਵਨ ਧਰੋ।
ਸੰਨਪਾਤ ਸਭ ਗੁਲਮ ਮਿਟਾਇ।ਨਾਰੀ ਰਕਤ ਜੁ ਗੁਲਮ ਪਰਾਇ।੪੧੮।
ਉਸਨ ਖੀਰ ਸੋ ਨਾਰੀ ਖਾਇ। ਰਕਤ ਗੁਲਮ ਕੀ ਪੀਰਾ ਜਾਇ।
ਕੰਕਾਯਨ ਰਿਖ ਮੋਦਕ ਕਹਯਾ। ਮੇਘ ਬਿਨੋਦੈ ਮਾਹੈ ਰਹਿਯਾ ॥੪੧੯॥

੧੧੦੧—ਇਟਸਿਟ, ਪੁਹਕਰਮੂਲ, ਜਮਾਲਗੋਟੇ ਦੀ ਜੜ੍ਹ. ਚਿਤ੍ਰਾ, ਕੰਡਜਾਰੀ, ਤ੍ਰਿਵੀ, ਸੁੰਢ ਤੇ ਵਚ, ਇਹ ਸਭ ੪-੪ ਤੋਲੇ, ਅਮਲਵੇਤ, ਅਜਵਾਇਣ, ਜੌਂਖਾਰ, ਜੀਰਾ ਸਫੇਦ, ਧਨੀਆਂ. ਮ੍ਰਿਚ, ਹਰੜ, ਕਾਲਾ ਜੀਰਾ ਤੇ ਮਘ ਇਹ ੮-੮ ਤੋਲੇ, ਜੰਭੀਰੀ ਗਲਗਲ ਦੇ ਰਸ ਵਿਖੇ ਘੋਟਕੇ ਗੋਲੀ ਬਣਾਵੇ ਇਸ ਨੂੰ ਗਊਮੂਤ੍ਰ ਨਾਲ ਖੁਆਵੇ ਤਾਂ ਸਭ ਤਰ੍ਹਾਂ ਦਾ ਤ੍ਰਿਦੋਖੀ ਗੁਲਮ ਭਾਵ ਸੰਨਿਪਾਤ ਦਾ ਗੋਲਾ ਅਰ ਇਸਤ੍ਰੀ ਦਾ ਰਕਤ ਗੁਲਮ (ਉਟਣੀ ਦੇ) ਗਰਮ ਦੁੱਧ ਨਾਲ ਖਾਣ ਤੇ ਖਾਂਦਾ ਹੈ। ਇਹ ਬਟੀ ਕੰਕਾਯਨ ਰਿਖੀ ਨੇ ਕਹੀ ਹੈ, ਪਰੰਤੂ ਗ੍ਰੰਥਾਂਤ੍ਰਾਂ ਵਿਚ ਇਸ ਦੇ ਕੁਝ ਕੁਝ ਭੇਦ ਅਰ ਅਨੁਪਾਨ ਭਿੰਨ ਭਿੰਨ ਭੀ ਹਨ, ਸੋ ਰਹੋ ॥੪੧੬ ਤੋਂ ੪੧੯॥

---

*ਕਿਤੇ ਸੱਜੀ ਦੇ ਥਾਂ ਸ਼ੋਰਾ ਭੀ ਕਿਹਾ ਹੈ, ਦੇਖੋ ਭਾਵ ਪ੍ਰਕਾਸ਼।

Digitized by Panjab Digital Library | www.panjabdigilib.org

ਨਾਰੀ ਰਕਤ ਗੁਲਮ ਉਪਾਇ–(ਰਸਰਤਨਾਕਰਾਤ)–ਚੌਪਈ

ਪੀਪਰ ਭਾਰੰਗੀ ਬਿਲ ਛਾਲ ਤਰੁ। ਕਾੜ੍ਹਾ ਕਰ ਪੀਵਤ ਤਿਯਵਰ।
ਰਕਤ ਗੁਲਮ ਨਾਰੀ ਕਾ ਘਟੈ। ਸਾਧ ਸੀਲ ਤਿਯ ਸੰਗ ਜਯੋਂ ਮਿਟੈ ।੪੨੦।

੧੧੦੨–ਮਘ, ਭੜਿੰਗੀ, ਬਿੱਲ ਦੇ ਦਰਖਤ ਦੀ ਛਿੱਲ ਤੇ ਤਿਲ ਕਾੜ੍ਹਾ ਕਰਕੇ ਪੀਵੇ ਤਾਂ ਇਸਤ੍ਰੀਆਂ ਦਾ ਰਕਤ ਕਰ ਹੋਯਾ ਗੁਲਮ ਨਾਸ ਹੋਵੇ ॥੪੨੦।

ਚੂਰਣ (ਰਸਰਤਨਾਕਰਾਤ)

ਕਣਾ ਭਾਰੰਗੀ ਸੁੰਠੀ ਦਾਰੁ। ਬੀਜ ਕਰੰਜੁ ਸੁ ਆਨੀ ਡਾਰੁ।
ਨੇਤ੍ਰਮਾਲਾ ਚੂਰਨ ਕਰੋ। ਤਿਲ ਕੇ ਕ੍ਵਾਥ ਸੁ ਪੀਵਨ ਧਰੋ ॥੪੨੧॥
ਪ੍ਰਾਤਕਾਲ ਪੀਵਤ ਉਠ ਨਾਰਿ। ਰਕਤ ਗੁਲਮ ਕੀ ਪੀਰਾ ਟਾਰ।
ਰਸਰਤਨਾਕਰ ਮਤ ਹੈ ਏਹ। ਮੇਘ ਕਹੈ ਮੈਂ ਭਾਖੀ ਤੇਹ ॥੪੨੨॥

੧੧੦੩–ਮਘ, ਭੜਿੰਗੀ, ਸੁੰਢ, ਦੇਵਦਾਰ, ਮੀਚਕੇ ਦੇ ਬੀਜ ਤੇ ਨੇਤ੍ਰ ਬਾਲਾ ਸਮਾਨ ਭਾਗ ਲੈਕੇ ਚੂਰਣ ਕਰੇ ਅਰ ਤਿਲਾਂ ਦੇ ਕਾੜ੍ਹੇ ਨਾਲ ਪ੍ਰਾਤਾਕਾਲ ਨਿੱਤ ਪੀਵੇ ਤਾਂ ਇਸਤ੍ਰੀ ਦਾ ਰਕਤ ਗੁਲਮ ਨਾਸ ਹੋਵੇ ॥੪੨੧॥੪੨੨॥

ਗੁਲਮ ਦੇ ਪੱਥ–ਦਵੈਯਾਛੰਦ

ਸ੍ਵੇਦ ਬਿਰੇਕ ਸਨੇਹ ਸਿਰਾ ਬਿਧਿ, ਬਾਹਾ ਬਸਤ ਅਭਯੰਗੰ।
ਬਾਟੀ ਮੇਲੋ ਕਾਲੇ ਚਾਵਲ, ਰਕਤ ਸਾਲ ਖੰਡ ਅੰਗੰ।
ਕੁਲਥ ਸਰਾਬ ਜੁ ਛੋਟੀ, ਮੂਲੀ ਪਾਲਕ ਫਾਲਸ ਦਾਖਾ।
ਖਰਜੂਰੀ ਦਾਰਮ ਜਵਖਾਰਾ, ਤਕ੍ਰੰ ਲਸਨੰ ਭਾਖਾ ॥੪੨੩॥

ਦੋਹਰਾ–
ਇਰੰਡ ਤੇਲ ਬਿੰਘਨ ਉਸਨ, ਸਨਿਗਧ ਦੀਪਨੰ ਜਾਨ।
ਲੰਘਨ ਬਾਤ ਹਰੀ ਕ੍ਰਿਯਾ, ਪਥ ਗੁਲਮ ਕੇ ਠਾਨ ॥੪੨੪॥

੧੧੦੪–ਪਸੀਨਾ ਦੇਣਾ. ਦਸਤ ਦੇਣੇ, ਸਨੇਹਨ-ਤੇਲ ਦੀ ਪਿਚਕਾਰੀ ਕਰਨੀ, ਬਾਂਹ ਦੀ ਨਾੜ ਦਾ ਫਸਤ ਖੋਲ੍ਹਨਾ, ਤੇਲ ਮਲਨਾ, ਬੱਟੀ ਚਾੜ੍ਹਨੀ, ਕਾਲੇ ਚਾਵਲ ਭਾਵ ਸਾਲ ਭਰ ਦੇ ਪੁਰਾਣੇ ਚੌਲ, ਲਾਲ ਚਾਵਲ, †ਖੰਡ, ਕੁਲੱਥ. ਦਾਰੂ, ਛੋਟੀ ਮੂਲੀ, ਪਾਲਕ, ਫਾਲਸਾ, ਅੰਗੂਰ, ਖਜੂਰਾਂ ਭਾਵ ਛੁਹਾਰੇ, ਅਨਾਰ; ਜੌਂਖਾਰ, ਲੱਸੀ, ਲਸਣ, ਇਰਿੰਡ ਦਾ ਤੇਲ, ਬ੍ਰਿੰਘਨ ਕਹੀਏ ਧਾਤੂ ਵਦਾਣੇ ਵਾਲੇ ਪੱਥ, ਗਰਮ ਚੀਕੁਣੇ. ਦੀਪਣ, ਕਰਨਹਾਰੇ, ਫਾਕੇ ਹੋਰ ਵਾਯੂ ਦੇ ਹਟੌਣਹਾਰੇ ਪਦਾਰਥ ਸਭ ਗੁਲਮ ਰੋਗ ਦੇ ਪੱਥ ਹਨ ॥੪੨੩॥੪੨੪॥

ਕੁਪੱਥ

---

†ਮੂਲਾਨੁਸਾਰ ਖੰਡ ਹੈ, ਖਲ ਨਹੀਂ।

Digitized by Panjab Digital Library | www.panjabdigilib.org

ਬਾਤ ਕਰਨ ਬਿਰੁੱਧਾ ਹਾਰਾ, ਮੂਲੀ ਬਡੀ ਬਲੂਰੰ।
ਮਤਸ ਮਿਠਾਈ ਸੂਕਾ ਸਾਕੰ, ਸਮੀ ਧਾਨਜ ਜੋ ਕ੍ਰੂਰੰ।
ਬਿਸਟੰਭੀ ਭਾਰੀ ਸ੍ਰਮ ਬਮਨੰ, ਜਲ ਕਾ ਪੀਵਨ ਜਾਨੋ।
ਬੇਗ ਬਿਧਾਰਨੁ ਮੂਤ੍ਰ ਸੁ ਰੋਕਨ, ਏਹ ਕੁਪੱਥ ਬਖਾਨੋ ॥੪੨੫॥

੧੧੦੫-ਵਾਯੂ ਵਧਾਣ ਵਾਲੇ, ਵਿਰੁੱਧ ਭੋਜਨ,ਬਡੀ ਮੂਲੀ ‡ਸੁੱਕਾ ਮਾਸ, ਮੱਛੀ, ਮਿਠਾ, ਸੂਕਾਯਾ ਸਾਗ, ਫਲੀਦਾਰ ਅੰਨ, ਕਬਜ਼ੀ ਕਾਰਕ, ਭਾਰੇ, ਹੌਂਕਣੀ, ਕੈ, ਅਧਿਕ ਜਲ ਪੀਣਾ, ਬੇਗਾਂ ਦਾ ਰੋਕਣਾ, ਵਿਸ਼ੇਸ਼ ਕਰਕੇ ਮੂਤ੍ਰ ਦਾ ਰੋਕਣਾ, ਇਹ ਸਭ ਕੁਪੱਥ ਹਨ ॥੪੨੫॥

ਅਥ ਹਿਰਦੇ ਰੋਗ ਨਿਦਾਨ-ਚੌਪਈ

ਗਰਮ ਸੀਤ ਭਾਰੀ ਕਟੁ ਖਾਇ। ਤੁਰਸ ਕਸੈਲਾ ਤੀਖਾ ਥਾਇ।
ਪਢਨ ਚੋਟ ਸ੍ਰਮੁ ਤਿਯ ਕਾ ਸੰਗ। ਬੇਗ ਰੋਧ ਚਿੰਤਾ ਤੇ ਅੰਗ ॥੪੨੬॥

ਦੋਹਰਾ-
ਪੰਚ ਜਾਤ ਕਾ ਰੋਗੁ ਹਿਯ, ਬਾਤ ਪਿਤ ਕਫ ਜਾਨ।
ਤੀਨ ਦੋਖ ਕ੍ਰਿਮ ਜਾਨੀਓ, ਪਾਂਚੋ ਨਾਮ ਪ੍ਰਧਾਨ ॥੪੨੭॥

ਅਤੀ ਗਰਮ, ਅਤੀ ਠੰਢੇ, ਭਾਰੀ, ਕੌੜੇ, ਤੁਰਸ਼ (ਖਟੇ) ਕਸੈਲੇ ਤੇ ਤੀਖਣ ਖਾਣੇ, ਉੱਚੀ ਪੜ੍ਹਨਾ, ਚੋਟ ਦਾ ਲਗਣਾ, ਥਕੇਵਾਂ, ਇਸਤ੍ਰੀ ਦਾ ਅਤਜੰਤ ਸੰਗ, ਬੇਗਾਂ ਦਾ ਰੋਕਣਾ ਤੇ ਚਿੰਤਾ, ਇਨ੍ਹਾਂ ਕਰਕੇ ਬਾਤ ਦਾ, ਪਿੱਤ ਦਾ; ਕਫ ਦਾ ਤ੍ਰਿਦੋਖ ਦਾ ਅਰ ਕ੍ਰਿਮਿ ਦਾ ਇਉਂ ਪੰਜ ਤਰ੍ਹਾਂ ਦਾ ਹ੍ਰਿਦਯ ਰੋਗ ਉਤਪੰਨ ਹੁੰਦਾ ਹੈ ॥੪੨੬॥੪੨੭॥

ਬਾਤ ਹਿਰਦੇ ਰੋਗ ਦੇ ਲੱਛਣ-ਦੋਹਰਾ

ਸੂਚੀ ਸੀ ਹਿਯ ਚੁਭਤ ਹੈ, ਦੰਦ ਮਥਨ ਜਿਮ ਬੋਲ।
ਹ੍ਰਿਦੈ ਸੂਲ ਪੀਰਾ ਘਨੀ, ਬਾਤ ਹੀਯ ਗਦ ਤੋਲ ॥੪੨੮॥

ਹ੍ਰਿਦੇ ਵਿਚ ਸੂਈਆਂ ਜੇਹੀਆਂ ਚੁਭਣੀਆਂ, ਦੰਦਾਂ ਨਾਲ ਤੋੜਨੇ ਸਮਾਨ ਚੋਭਾਂ ਤੇ ਮਥਣੇ ਸਮਾਨ ਹੋਰ ਹ੍ਰਿਦੇ ਸੂਲ ਦੀ ਬਹੁਤੀ ਪੀੜ ਹੋਵੇ, ਇਹ ਬਾਤ ਕਰ ਕੇ ਹੋਣ ਵਾਲਾ ਹ੍ਰਿਦੇ ਰੋਗ ਕਹਾਉਂਦਾ ਹੈ ॥੪੨੮॥

ਪਿੱਤ ਹ੍ਰਿਦੇ ਰੋਗ ਦੇ ਲੱਛਣ-ਦੋਹਰਾ

ਤ੍ਰਿਖਾ ਊਖਮਾ ਦਾਹ ਹ੍ਵੈ, ਚੂਲੇ ਮੇ ਹ੍ਵੈ ਪੀਰ।
ਹ੍ਰਿਦੈ ਰੋਗ ਇਹੁ ਪਿਤ ਕਾ, ਜਾਂਨੋ ਲਛਨ ਬੀਰ ॥੪੨੯॥

ਪਜਾਸ ਲਗਣੀ, ਹਵਾੜ ਨਿਕਲਣੀ, ਦਾਹ ਹੋਣਾ, ਚੂਲਿਆਂ ਵਿਚ ਪੀੜਾ, ਇਹ ਪਿੱਤ ਕਰ ਹੋਣ ਵਾਲੇ ਹਿਰਦੇ ਰੋਗ ਦੇ ਲੱਛਣ ਹਨ ॥੪੨੯॥

---

‡ਬਲੂਰ-ਸੁੱਕਾ ਮਾਸ ਹੈ, ਦੇਖੋ ਪਥਯਾਪਥ,

Digitized by Panjab Digital Library | www.panjabdigilib.org

ਕਫ ਹ੍ਰਿਦੇ ਰੋਗ ਦੇ ਲੱਛਣ-ਦੋਹਰਾ

ਧੂਮ ਸਾਰਖਾ ਸ੍ਵਾਸ ਮੁਖ, ਸ੍ਵੇਦ ਮੂਰਛਾ ਜਾਨ।
ਬਦਨ ਸੋਖ ਆਕੜਿ ਅਰੁਚਿ, ਬਦਨ ਸਿਸਟ ਸੇ ਮਾਨ ॥੪੩੦॥
ਅੰਗ ਭਾਰੀ ਕਫ ਗਿਰਤ, ਅਗਨਿ ਮੰਦ ਅਤਿ ਹੋਇ।
ਕਫ ਹਿਯ ਗਦ ਲਛਨ ਕਹੇ, ਪੰਡਤ ਸਮਝੇ ਸੋਇ ॥੪੩੧॥
ਤੀਨ ਜਾਤ ਲਛਨ ਮਿਲਤ, ਬਮਨ ਹੋਤ ਨਰ ਜਾਸ।
ਸੋ ਤਿਰਦੋਖੀ ਹੀਯ ਗਦ, ਤੋਦ ਸਟੀਵਨ ਜਾਸ ॥੪੩੨॥

ਧੂੰਏਂ ਜਿਹਾ ਮੂੰਹ ਵਿਚੋਂ ਸਾਹ ਨਿਕਲਣਾ, ਪਸੀਨਾ ਅਰ ਮੂਰਛਾ (ਗਸ਼ੀ) ਹੋਵੇ। ਮੂੰਹ ਸੁਕਣਾ, ਅਕੜੇਮੇਂ, ਅਰੁਚੀ, ਮੂੰਹ ਦਾ ਸਵਾਦ ਮਿੱਠਾ, ਅੰਗ ਭਾਰੇ ਰਹਿਣੇ, ਮੂੰਹੋਂ ਕਫ ਪੈਣੀ, ਮੰਦਾਗਨੀ ਹੋਵੇ, ਇਹ ਕਫ ਕਰ ਹੋਣ ਹੋਣ ਵਾਲੇ ਹਿਰਦੇ ਰੋਗ ਦੇ ਲੱਛਣ ਕਹੇ ਹਨ।ਜਿਸ ਵਿਚ ਤਿੰਨਾਂ ਦੇ ਲੱਛਣ ਮਿਲਣ ਅਰ ਜਿਸ ਨੂੰ ਕੈ ਆਉਂਦੀ ਰਹੇ। ਉਹ ਤ੍ਰਿਦੋਖ ਹੋਣ ਵਾਲਾ ਹਿਰਦੇ ਰੋਗ ਹੈ, ਜਿਸ ਵਿਚ ਚੋਭਾਂ ਤੇ ਥੁਕਥੁਕੀ ਹੋਇਆ ਕਰਦੀ ਹੈ ॥੪੩੦ ਤੋਂ ੪੩੨॥

ਕ੍ਰਿਮਿ ਹਿਰਦੇ ਰੋਗ ਲੱਛਣ-ਸੋਰਠਾ

ਬਮਨਿ ਸੁਨੈਨ ਅਸੇਤ, ਹੋਤ ਅਰੁਚ ਤੰਦ੍ਰਾ ਕਰਤ।
ਹਿਯ ਗਦ ਕ੍ਰਿਮ ਕਾ ਹੇਤ, ਜਾਨੋ ਪੰਡਤ ਇਮ ਸਕਲ ॥੪੩੩॥

ਕੈ ਹੋਵੇ, ਨੇਤ੍ਰ ਕਾਲੇ ਹੋ ਜਾਇ, ਅਰੁਚੀ ਤੰਦ੍ਰਾ ਰਹੇ, ਇਹ ਕ੍ਰਿਮਿ ਕਰ ਹੋਣ ਵਾਲੇ ਹ੍ਰਿਦੇ ਰੋਗ ਦੇ ਲਛਣ ਹਨ ॥ ੪੩੩ ॥

ਹਿਰਦੇ ਰੋਗ ਦੇ ਉਪੱਦ੍ਰਵ-ਸੋਰਥਾ

ਕ੍ਰਿਸ ਕਲਮ ਤ੍ਰਿਯ ਦੋਖ, ਭ੍ਰਮ ਜੁ ਸੋਖ ਹੁਇ ਤਾਸਕੋ।
ਭੂਖ ਮੰਦ ਅਤਿ ਰੋਖ, ਕਹੇ ਉਪਦ੍ਰਵ ਰੋਗ ਹਿਯ ॥੪੩੪॥

ਕ੍ਰਿਸ਼ਤਾ, ਘੂਕੀ, ਤ੍ਰਿਦੋਖੀ ਭ੍ਰਮ, ਸੋਜਾ ਹੋਇ, ਭੁੱਖ ਮਾਰੀ ਜਾਵੇ, ਇਹ ਅਤਜੰਤ ਕ੍ਰੁਧਿਤ ਹਿਰਦੇ ਰੋਗ ਦੇ ਲੱਛਣ ਕਹੇ ਹਨ ॥ ੪੩੪ ॥

ਬਾਤ ਹਿਰਦੇ ਰੋਗ ਉਪਾਇ (ਵੰਗਸੇਨਾਤ)-ਚੌਪਈ

ਪੀਪਰ ਏਲਾ ਸੇਂਧਵ ਹਿੰਗ। ਜਵਾਖਾਰ ਬਚ ਸੁੰਠੀ ਅੰਗ।
ਸੌਂਚਰ ਅਜਮੋਦਾ ਲੈ ਪਾਇ। ਚੂਰਨ ਸਭ ਕਾ ਕਰੇ ਬਨਾਇ ॥੪੩੫॥
ਕਲਥ ਕ੍ਵਾਥ ਵਾ ਦਧਿ ਸੋ ਪੀਯ। ਅਥਵਾ ਮਧੁ ਕੇ ਸਾਥ ਸੁ ਦੀਯ।
ਬਾਪ ਹੀਜ ਗਦ ਭਾਗਤ ਜੋਇ। ਬੰਗਸੇਨ ਸਾਚੀ ਮਤ ਸੋਇ ॥੪੩੬॥

੧੧੦੬-ਮਘ, ਲਾਚੀ, ਸੇਂਧਾਲੂਣ, ਹਿੰਗ, ਜੌਂਖਾਰ, ਵਚ, ਸੁੰਢ, ਸੌਂਚਰਲੂਣ ਤੇ ਅਜਮੋਦ

Digitized by Panjab Digital Library | www.panjabdigilib.org

ਇਨ੍ਹਾਂ ਸਭਨਾਂ ਦਾ ਸਮਾਨ ਭਾਗ ਲੈਕੇ ਚੂਰਨ ਕਰੇ, ਕੁਲਥ ਦੇ ਕਾੜ੍ਹੇ ਯਾ ਦਹੀਂ ਨਾਲ ਪੀਵੇ ਅਥਵਾ ਸ਼ਹਤ ਨਾਲ ਦੇਵੇ ਤਾਂ ਬਾਤ ਦਾ ਹ੍ਰਿਦੇ ਰੋਗ ਜਾਵੇ ॥ ੪੩੫ ॥ ੪੩੬ ॥

ਪੁਸ਼ਕਰਾਦੀ ਕਲਕ (ਵੰਗਸੇਨਾਤ)–ਦੋਹਰਾ

ਪੁਸਕਰ ਜਟਾ ਬਿਜੌਰ ਕੀ, ਸੁੰਠੀ ਹਰੜੈ ਪਾਇ।
***ਤਿਲ ਕੀ ਖਾਰ ਮਿਲਾਇ ਪਿਵ, ਬਾਤ ਹੀਯ ਗਦ ਜਾਇ ॥੪੩੭॥**

੧੧੦੭–ਪੁਹਕਰਮੂਲ, ਬਿਜੌਰੇ ਦੀ ਜੜ੍ਹ, ਸੁੰਢ; ਹਰੜਾਂ, ਤਿਲਾਂ ਦੀ, †ਖਾਰ ਮਿਲਾਕੇ ਕਲਕ ਕਰਕੇ ਪੀਵੇ ਤਾਂ ਬਾਤ ਹ੍ਰਿਦੇ ਦਾ ਰੋਗ ਨਾਸ ਕਰੇ। ਇਸ ਕਲਕ ਨੂੰ ਸ਼ਰਾਬ ਘਿਉ ਤੇ ਸੇਂਧਾਲੂਣ ਨਾਲ ਭੀ ਖਾਣਾ ਸ੍ਰੇਸ਼ਟ ਹੈ, (ਦੇਖੋ ਵੰਗਸੇਨ) ॥ ੪੩੭ ॥

(ਰਸਰਤਨਾਕਰਾਤ)–ਚੌਪਈ

ਦਾਰਮ ਨਾਗਰ ਆਮਲ ਬੇਤ। ਸੁੰਚਰ ਪੀਸੀ ਚੂਰਨ ਲੇਤ।
ਮਾਸੇ ਪਾਂਚ ਜੁ ਨਿਤ ਉਠ ਖਾਇ। ਬਾਤ ਹੀਯ ਗਦ ਦੂਰਪਲਾਇ॥੪੩੮॥

੧੧੦੮– ਅਨਾਰ ਦਾਣਾ, ਸੁੰਢ, ਅਮਲਵੇਤ ਤੇ ਸੌਂਚਲਲੂਣ ਪੀਹ ਕੇ ਚੂਰਣ ਕਰੇ। ੫ ਮਾਸੇ ਪ੍ਰਮਾਣ ਨਿੱਤ ਪ੍ਰਾਤਾਕਾਲ ਲਵੇ ਤਾਂ ਬਾਤ ਹ੍ਰਿਦੇ ਰੋਗ ਨਾਸ਼ ਹੋਵੇ ॥ ੪੩੮ ॥

ਪਿਤ ਹ੍ਰਿਦੇ ਰੋਗ ਕੋ ਪੰਚਾਨਨਰਸ–ਚੌਪਈ

ਸੁਧ ਸੂਤ ਗੰਧਕ ਸਮ ਪਾਇ। ਧਾਤ੍ਰੀ ਫਲ ਰਸ ਖਰਲ ਕਰਾਇ।
ਯਸਟਿ ਖਜੂਰੀ ਦਾਖਾ ਪਾਇ। ਇਨਕੈ ਕ੍ਵਾਥੈ ਭਾਵਨ ਦਾਇ ॥੪੩੯॥
ਪੰਚਸਾਰ ਰਸ ਨਾਮ ਕਹਾਇ। ਮਾਖ ਪ੍ਰਮਾਨੈ ਨਿਤ ਉਠ ਖਾਇ।
ਧਾਤ੍ਰੀ ਫਲ ਨਿਸ ਦੋਊ ਸੰਗ। ਖਾਵਤ ਪਿਤ ਹਿਯਾ ਦੁਖ ਭੰਗ ॥੪੪੦॥

੧੧੦੯–ਸੁੱਧ ਪਾਰਾ, ਗੰਧਕ, ਸਮਾਨ ਭਾਗ ਲੈਕੇ ਆਵਲੇ ਦੇ ਰਸ ਨਾਲ ਖਰਲ ਕਰੇ, ਫਿਰ ਮੁਲੱਠੀ, ਖਜੂਰ ਤੇ ਮੁਣੱਕਾ ਇਨ੍ਹਾਂ ਦੇ ਕਾੜ੍ਹੇ ਦੇ ਰਸ ਦੀ ਭਾਵਨਾ ਦੇਵੇ ਤਾਂ ਪੰਚਸਾਰਯਾ ਪੰਚਾਨਨਰਸ ਤਿਆਰ ਹੋਵੇ ਇਸਨੂੰ ਆਵਲੇ ਅਰ ਹਲਧੀ ਦੋਹਾਂ ਨਾਲ ਇਕ ਮਾਸਾ ਸੇਵਨ ਕਰੇ ਤਾਂ ਪਿੱਤ ਦਾ ਹ੍ਰਿਦੇ ਰੋਗ ਨਾਸ ਹੋਵੇ ॥ ੪੩੯ ॥੪੪੦॥

ਦਾਖਸਿਤਾ ਮਧੁ ਫਾਲਸ ਲਜਾਇ। ਪੀਸ ਕਰੀ ਚੂਰਨ ਕਰਵਾਇ।
ਖਾਵਤ ਰੋਗੀ ਉਠਿ ਪਰਭਾਤ। ਹਿਯ ਗਦਪਿਤ ਜੁ ਛਿਨਮਹਿ ਜਾਤ॥੪੪੧॥

੧੧੧੦–ਮੁਣੱਕਾ, ਮਿਸ੍ਰੀ, ਸ਼ਹਿਤ ਅਰ ਫਾਲਸਾ ਲੈਕੇ ਚੂਰਣ ਕਰਕੇ ਨਿਤ ਪ੍ਰਾਤਾਕਾਲ ਸੇਵਨ ਕਰੇ ਤਾਂ ਪਿੱਤ ਦਾ ਹ੍ਰਿਦੇ ਰੋਗ ਨਾਸ਼ ਕਰੇ ॥੪੪੧॥

---

*ਤਿਲਾਂ ਦੇ ਸੱਲੇ ਲੈਕੇ ਸਾੜੇ, ਉਸ ਖਾਕ ਨੂੰ ਪਾਣੀ ਵਿਚ ਭਿਉਂ ਰਖੇ, ਨਿਤਾਰ ਕੇ ਨਿਤਰੇ ਪਾਣੀ ਨੂੰ ਆਗ ਪਰ ਧਰਕੇ ਕਾੜ੍ਹੇ, ਪਿਛੋਂ ਜੇਹੜਾ ਨਿਮਕ ਜਿਹਾ ਨਿਕਲੇ ਸੋਈ ਤਿਲਖਾਰ ਹੈ, ਦੇਖੋ ਨਿਘੰਟ ਰਤਨਾਕਰ।

Digitized by Panjab Digital Library | www.panjabdigilib.org

ਕ੍ਵਾਥ

ਪੰਚ ਮੂਲ ਕਾ ਕ੍ਵਾਥ ਕਰਾਇ। ਤਾਮਹਿ ਮਿਸਰੀ ਪੀਸ ਸੁ ਪਾਇ।
ਪੀਵਤਹਿਯ ਗਦ ਪਿਤ ਸੁਜਾਇ।ਅਭਰਪਟਲ ਭਗੈ ਜਿਮ ਬਾਇ ।੪੪੨।

੧੧੧੧-ਪੰਜਮੂਲ (ਸਵਰਨ, ਪਿਠਵਨ, ਛੋਟੀ ਤੇ ਵਡੀ ਕੰਡਯਾਰੀਆਂ, ਭਖੜਾ) ਜੇ ਇਹ ਪੰਜ ਮੂਲ ਨਾਂ ਮਿਲਣ ਤਾਂ (ਕੁਸਾ, ਕਾਂਸ [ਕਹੀ] ਰਾਮਸਰ (ਸਰਕੜਾ) ਦਭ, ਅਰ ਗੰਨਾ) ਇਹ ਪਾਵੇ ਅਰ ਕਾਹੜਾ ਕਰਕੇ ਮਿਸਰੀ ਪਾਇ ਪੀਵੇ ਤਾਂ ਪਿਤ ਦਾ ਹ੍ਰਿਦੇ ਰੋਗ ਨਾਸ ਕਰੇ ॥੪੪੨॥

ਪ੍ਰਮਾਣਕਾ ਛੰਦ

ਬਲਾ ਜੁ ਕ੍ਵਾਥ ਕੀਜੀਏ। ਸਿਤਾ ਮਿਲਾਇ ਪੀਜੀਏ।
ਪਿਤ ਹਿਯੇ ਅੰਤਕ ਹੀ। ਸਮੂਲ ਜਾਤ ਬੰਕ ਹੀ ॥੪੪੩॥

੧੧੧੨-ਬਲਾ-ਖਰੈਟੀ ਦਾ ਕਾੜ੍ਹਾ ਕਰਕੇ ਮਿਸਰੀ ਪਾਇ ਪੀਵੇ ਤਾਂ ਪਿਤ ਦਾ ਹਿਰਦੇ ਰੋਗ ਜਾਵੇ ॥੪੪੩॥

ਕਫ ਹਿਰਦੇ ਰੋਗ ਕੋ (ਵੰਗਸੇਨਾਤ)-ਦੋਹਰਾ

ਕੁੰਭੀ ਬਚ ਸਟਿ ਰਾਸਨਾ, ਸੁੰਠੀ ਪੁਸਕਰ ਮੂਰ।
ਪਥਜਾ ਪੀਸੀ ਛਾਨੀਏ, ਕਰਖ ਮਾਨ ਲੈ ਪੂਰ ॥੪੪੪॥
ਗੋ ਮੂਤ੍ਰਹਿ ਸੰਗ ਖਾਈਏ, ਕਫ ਹਿਯ ਰੋਗੁ ਮਿਟਾਇ।
ਬੰਗਸੈਨ ਸਾਚੀ ਕਹੀ, ਮੇਘੈ ਦਈ ਬਤਾਇ ॥੪੪੫॥

੧੧੧੩-‡ਕਾਇਫਲ ਵਚ, ਰਾਸਨਾ, ਸੁੰਢ. ਪੁਹਕਰਮੂਲ ਤੇ ਹਰੜ ਪੀਹ ਕੇ ਚੂਰਣ ਕਰੇ ਅਰ ੧ ਤੋਲਾ ਪ੍ਰਮਾਣ ਗਊ ਮੂਤਰ ਨਾਲ ਖਾਵੇ ਤਾਂ ਕਫ ਦਾ ਹ੍ਰਿਦੇ ਰੋਗ ਜਾਵੇ ॥੪੪੪॥੪੪੫॥

ਵੰਗਸੇਨਾਤ-ਚੌਪਈ

ਲਘੁ ਇਲਾਚੀ ਪੀਪਰ ਮੂਰ। ਅਤਿ ਬਿਖ ਸਹਿਤ ਮਾਹਿ ਲੈ ਚੂਰ।
ਰੋਗ ਹੀਯ ਕਫ ਗੁਲਮ ਨਸਾਇ। ਜੋ ਰੋਗੀ ਨਿਤ ਉਠਕੈ ਖਾਇ ॥੪੪੬॥

੧੧੧੪-ਛੋਟੀ ਲਾਚੀ, ਪਿਪਲਾਮੂਲ ਤੇ ਪਤੀਸ ਸ਼ਹਤ ਨਾਲ ਚੂਰਣ ਕਰਕੇ ਪ੍ਰਾਤਾਕਾਲ ਚਟੇ ਤਾਂ ਕਫ ਦਾ ਹ੍ਰਿਦੇ ਰੋਗ, ਅਰ ਕਫ ਦਾ ਗੁਲਮ ਰੋਗ ਜਾਵੇ ॥੪੪੬॥

ਤਿਕਤਾਦਿ ਚੂਰਣ-ਚੌਪਈ

ਮੁਸਤਾ ਏਲਾ ਚੰਦਨ ਖਸਾ। ਜਵਾਨੀ ਚਿਤ੍ਰਕ ਲੈ ਦਸਾ।
ਬਯੋਖ ਬਿਲ ਤੁਚ ਕਟੁਕਾ ਦਾਰ।ਦਾਰਵੀ ਤਜ ਪਰਪਟ ਲੈ ਡਾਰ।੪੪੭।

---

‡ਕੁੰਭੀ ਕਾਯਫਲ ਹੈ, ਦੇਖੋ ਕਾਯਫਲ ਨਾਮ ਭਾਵ ਪ੍ਰਕਾਸ਼ਾਤ।

Digitized by Panjab Digital Library | www.panjabdigilib.org

ਦਾਰ ਜੁ ਚੀਨੀ ਪੀਪਰ ਮੂਰ। ਨਿੰਬ ਪਟੋਲੀ ਦਾਖ ਸਚੂਰ।
ਨੈਪਾਲੀ ਸ੍ਰਿੰਗੀ ਤ੍ਰਾਯੰਤਿ। ਰਾਇਸੇਨ ਕੇਸਰ ਗਜਵੰਤਿ ॥੪੪੮॥
ਮੇਲੁ ਅਤਿਬਿਖਾ ਚੂਰਨ ਕਰੋ। ਤਿਕਤਕ ਨਾਮ ਯਹੀ ਕੋ ਧਰੋ।
ਕਫਹਿਯ ਰੋਗੁ ਗੁਲਮ ਸੰਨਿਪਾਤ।ਇਸਕੇ ਖਾਏ ਛਿਨ ਮੈ ਜਾਤ ॥੪੪੯॥

੧੧੧੫–ਨਾਗਰ ਮੋਥਾ. ਇਲਾਚੀ, ਚੰਦਨ, ਖਸ ਅਜਵਾਇਣ, ਚਿਤ੍ਰਾ ਬਯੋਖ [ਮਘ, ਮਿਰਚ. ਸੁੰਢ], ਬਿਲਬ੍ਰਿਛ ਦੀ ਛਿਲ, ਕੁਟਕੀ, ਦੇਵਦਾਰ, ਦਾਰੂ ਹਲਧੀ, ਤੇਜ, ਪਿਤਪਾਪੜਾ, ਦਾਲਚੀਨੀ, ਪਿਪਲਾਮੂਲ, ਨਿੰਮ ਦੀ ਛਿਲ, ਪਟੋਲਪਤ੍ਰ, ਮੁਣੱਕਾ, ਚਿਰੈਤਾ, ਸੁਹਾਂਜਣੇ ਦੀ ਛਿਲ, ਤ੍ਰਾਯਮਾਣ (ਅਭਾਵ ਮੈ ਬਨਖਸ਼ਾ) ਰਾਸਨਾ (ਭਾਵ ਜ਼ੰਜਬੀਲ ਸਾਮੀ) ਨਾਗਕੇਸਰ ਅਰ ਪਤੀਸ ਪੀਹਕੇ ਚੂਰਣ ਕਰੇ, ਇਸ ਦਾ ਨਾਮ 'ਤਿਕਤਕ' ਚੂਰਣ ਹੈ, ੧੦ ਮਾਸੇ ਗਰਮ ਜਲ ਨਾਲ ਸੇਵਨ ਕਰੇ ਤਾਂ ਕਫ ਦਾ ਹ੍ਰਿਦੇ ਰੋਗ, ਗੋਲ ਸੰਨਿਪਾਤ, ਇਨ੍ਹਾਂ ਨੂੰ ਨਸ਼ਟ ਕਰਨੇ ਮੇਂ ਦੇਰ ਨਾ ਲਾਵੇ ॥੪੪੭ ਤੋਂ ੪੪੯॥

ਕ੍ਰਿਮਿ ਹ੍ਰਿਦੇ ਰੋਗ ਉਪਾਇ (ਵੰਗਸੇਨਾਤ)–ਦੋਹਰਾ

ਲੰਘਨਿ ਬਮਨਿ ਸੁ ਪਾਚਨੀ, ਪ੍ਰਿਥਮਹਿ ਇਹ ਬਿਧਿ ਕੀਜ॥
ਪਾਛੇ ਕ੍ਰਿਮ ਕੋ ਹਰਨ ਕਾ, ਤਾਕੋ ਔਖਧ ਦੀਜ ॥ ੪੫੦॥

੧੧੧੬–ਪਹਿਲੇ ਫਾਕਾ, ਕੈ, ਪਾਚਨ ਚੀਜ਼ਾਂ ਦੇਵੇ, ਫਿਰ ਕ੍ਰਿਮ ਹਰਨਹਾਰ ਦਵਾਈ ਕਰੇ।੪੫੦।

ਪ੍ਰਮਾਣਕ ਛੰਦ–(ਵੰਗਸੇਨਾਤ)

ਬੜਿੰਗ ਕੋ ਮੰਗਾਇਕੈ। ਹਰੀਤਕੀ ਰਲਾਇਕੈ।
ਸੁ ਪੀਸ ਚੂਨ ਕੀਜੀਏ। ਗਊ ਸੁ ਮੂਤ ਦੀਜੀਏ ॥੪੫੧॥
ਬਿਨਾਸ ਰੋਗੁ ਹੀਯ ਕਾ। ਜੁ ਕੀਟ ਸੰਗ ਬੀਯ ਕਾ।
ਜੁ ਬੰਗਸੈਨ ਭਾਖਿਓ। ਸੁ ਮੇਘ ਆਨਿ ਰਾਖਿਓ ॥੪੫੨॥

੧੧੧੭–ਬਾਇਵੜਿੰਗ, ਹਰੜ ਦੀ ਛਿਲ, ਦੋਹਾਂ ਦਾ ਪੀਹ ਕੇ ਚੂਰਣ ਕਰੇ ਅਰ ਗਊ ਮੂਤ੍ਰ ਨਾਲ (੧੦ ਮਾਸੇ ਤਕ) ਦੇਵੇ ਤਾਂ ਹ੍ਰਿਦੇ ਦੇ ਕ੍ਰਿਮਿ ਰੋਗ ਨਾਸ ਹੋਵੇ ॥੪੫੧॥੪੫੨॥

ਬੜਿੰਗ ਕੂਟ ਖਾਇਕੈ। ਜੁ ਅਰਨਾਲ ਲਿਆਇਕੈ।
ਪਤੰਤ ਕੀਟ ਹੀਯ ਕੇ ਜੁ ਲੇਤ ਕੋਇ ਕੀਯ ਕੇ ॥੪੫੩॥

੧੧੧੮–ਸਿਰਕੇ ਨਾਲ ਨਿਰਾ ਬਾਵੜਿੰਗ ਦਾ ਚੂਰਣ ੧੦ ਮਾਸੇ ਤਕ ਫੱਕੇ ਤਾਂ ਕ੍ਰਿਮਾਂ ਕਰ ਹੋਣ ਹਾਰਾ ਹ੍ਰਿਦੇ ਰੋਗ ਨਾਸ ਹੋਵੇ ॥੪੫੩॥

ਤ੍ਰਿਦੋਖ ਹਿਰਦਯ ਰੋਗ (ਵੰਗਸੇਨਾਤ)–ਦੋਹਰਾ

ਸੁੰਠੀ ਸੇਂਧਾ ਹਿੰਗੁ ਬਚ, ਦਾਰਮ ਆਮਲ ਬੇਤ।
ਚੂਰਨ ਜਲ ਤਾਤੇ ਅਚੋ, ਸ੍ਵਾਸ ਹਿਯਾ ਗਦ ਹੇਤ ॥੪੫੪॥

Digitized by Panjab Digital Library | www.panjabdigilib.org

੧੧੧ -ਸੁੰਢ, ਸੇਂਧਾਨਿਮਕ, ਹਿੰਗ, ਵਚ, ਅਨਾਰਦਾਨਾ, ਅਮਲਵੇਤ, ਸਮਾਨ ਭਾਗ ਲੈਕੇ ਚੂਰਣ ਕਰੇ, ਹ੍ਰਿਦੇ ਰੋਗ ਅਰ ਸ੍ਵਾਸ ਰੋਗ ਨੂੰ ਨਾਸ ਕਰੇ ॥੪੫੪॥

ਚੂਰਣ (ਵੰਗਸੇਨਾਤ)—ਚੌਪਈ

ਹਿੰਗੁ ਕੂਟ ਬਚ ਚਿਤ੍ਰਕ ਆਨ। ਬਿੜ ਬਿਸ੍ਵਾ ਕ੍ਰਿਸਨਾ ਸਮ ਜਾਨ।
ਸੋਂਚਰ ਪੁਸਕਰ ਲੈ ਜਵਖਾਰ। ਸਭ ਕਾ ਚੂਰਨ ਕਰੋ ਸਵਾਰ ॥੪੫੫॥
ਜਵ ਜੁ ਕ੍ਵਾਥ ਵਾ ਆਮਲਬੇਤ। ਇਨ ਕੇ ਰਸ ਸੋ ਖਾਵਨ ਦੇਤ।
ਸੂਲ ਹ੍ਰਿਦਾ ਮਯ ਸ੍ਵਾਸ ਮਿਟਾਇ। ਬੰਗਸੈਨ ਤੇ ਭਾਖੀ ਲਯਾਇ॥੪੫੬॥

੧੧੨੦-ਹਿੰਗ, ਕੁਠ ਵਾਚ, ਚਿਤ੍ਰਾ, ਵਿੜਲੂਣ, ਸੁੰਢ, ਮਘਾਂ, ਸੌਂਚਰਲੂਣ, ਪੋਹਕਰਮੂਲ ਤੇ ਜੌਂਖਾਰ ਪੀਹਕੇ ਸਭ ਦਾ ਚੂਰਣ ਭਰੇ ਅਰ ਜਵਾਂ ਦੇ ਕਾੜ੍ਹੇ ਨਾਲ ਯਾਂ ਅਮਲਵੇਤ ਦੇ ਰਸ ਨਾਲ ਖਾਣ ਨੂੰ ਦੇਵੇ ਤਾਂ ਸੂਲ, ਹ੍ਰਿਦੇ ਰੋਗ, ਸ੍ਵਾਸ, ਨਸ਼ਟ ਕਰੇ ॥ ੪੫੫ ॥ ੪੫੬ ॥

(ਵੰਗਸੇਨਾਤ)—ਚੌਪਈ

ਦਸੇ ਮੂਰ ਕਾ ਕ੍ਵਾਥ ਕਰਾਇ। ਲਵਨ ਖਾਰ ਜਵ ਦੈ ਭੁਰਕਾਇ।
ਸ੍ਵਾਥ ਕਾਸ ਹਿਯ ਸੂਰ ਨਸਾਇ। ਗੁਲਮ ਰੋਗ ਸਭ ਦੂਰ ਪਰਾਇ॥੪੫੭॥

੧੧੨੧-ਦਸ ਮੂਲ ਦਾ ਕਾੜ੍ਹਾ ਕਰਕੇ ਸੇਂਧਾ ਲੂਣ ਯਾਂ ਜੌਂਖਾਰ ਬਰੂਰ ਕੇ ਪੀਵੇ ਤਾਂ ਸ੍ਵਾਸ ਰੋਗ, ਖਾਂਸੀ, ਹ੍ਰਿਦੇ ਰੋਗ, ਗੁਲਮ ਰੋਗ ਅਰ ਸੀਨੇ ਦੀ ਪੀੜ ਸਭ ਨੂੰ ਨਾਸ ਕਰੇ ॥ ੪੫੭ ॥

ਪੁਹਕਰ ਪੀਸੀ ਚੂਰਨ ਕਰੋ। ਮਧੁ ਸੰਗੇ ਸੋ ਚਾਟਨ ਧਰੋ।
ਸ੍ਵਾਸ ਕਾਸ ਖਯ ਹਿਯ ਕਾ ਸੂਰ। ਇਨ ਰੋਗਨ ਕਾ ਕਾਟਤ ਮੂਰ ।੪੫੮।

੧੧੨੨-ਪੁਹਕਰਮੂਲ ਪੀਸਕੇ ਸ਼ਹਤ ਨਾਲ ਚਟਾਵੇ ਤਾਂ ਸ੍ਵਾਸ, ਖਾਂਸੀ, ਖਈ ਸਭ ਨੂੰ ਨਸ਼ਟ ਕਰੇ ॥ ੪੫੮ ॥

ਚੂਰਣ (ਵੰਗਸੇਨਾਤ)—ਚੌਪਈ

ਹਰੜ ਰਾਸਨਾ ਪੀਪਰ ਆਨ। ਬਚ ਸਟਿ ਸੁੰਠੀ ਪੁਸਕਰ ਠਾਨ।
ਚੂਰਨ ਖਾਵਤ ਹੀਯ ਗਦ ਜਾਇ। ਬੰਗਸੈਨ ਤੇ ਭਾਖੀ ਲਯਾਇ ।੪੫੯।

੧੧੨੩-ਹਰੜ ਦੀ ਛਿਲ, *ਰਾਸਨਾ, ਮਘ, ਵਚ, ਕਚੂਰ, ਸੁੰਢ ਅਰ ਪੁਹਕਰਮੂਲ ਚੂਰਣ ਕਰਕੇ (ਦਸ ਮਾਸੇ ਤਕ) ਖੁਲਾਵੇ ਤਾਂ ਹ੍ਰਿਦੇ ਰੋਗ ਜਾਵੇ ॥ ੪੫੯ ॥

ਹਰਣ ਸ੍ਰਿੰਗ ਸੰਪੁਟ ਧਰ ਜਾਰ। ਤਾਕੀ ਪੀਸੋ ਲੇਈ ਛਾਰ।
ਗੋ ਘ੍ਰਿਤ ਸੇਤੀ ਚਾਟਨ ਦੇਇ। ਹਿਯ ਗਦਕਾ ਸਭ ਨਾਸ ਕਰੇਇ॥੪੬੦।

---

*ਜੇਹੜੇ ਪੰਸਾਰੀ ਯੂਨਾਨੀ ਦਵਾਈਆਂ ਅਧਿਕ ਵੇਚਦੇ ਹਨ, ਓਨ੍ਹਾਂ ਪਾਸੋਂ ਰਾਸਨਾ "ਜ਼ੰਜਬੀਲ ਸ਼ਾਮੀ" ਕਹਿਣ ਤੇ ਛੇੜੀ ਮਿਲ ਜਾਂਦੀ ਹੈ। ਇਹ ਇਕ ਸੁਗੰਧੀਦਾਰ ਜੜ੍ਹ ਹੈ, ਸ੍ਵਾਦ ਤੇਜ਼ ਚਰਪਰਾ, ਰੰਗ ਲਾਲ ਹੁੰਦਾ ਹੈ। ਦੇਖੋ ਮਖਜ਼ਨ ਅਦਵੀਆਤ

Digitized by Panjab Digital Library | www.panjabdigilib.org

੧੧੨੪–ਹਰਣ ਦਾ ਸਿੰਗ, ਸੰਪੁਟ ਵਿੱਚ ਫੂਕ ਕੇ ਉਸ ਦੀ ਭਸਮ ਗੋਕੇ ਘਿਉ ਨਾਲ ਚਟਾਵੇ ਤਾਂ ਹ੍ਰਿਦੇ ਰੋਗ ਨਾਸ਼ ਕਰੇ ॥ ੪੬੦ ॥

ਉਰੂਗ੍ਰਿਹ (ਪੱਟਾਂ ਦਾ ਰੁਕਣਾ) ਨਿਦਾਨ (ਵੰਗਸੇਨਾਤ)–ਚੌਪਈ

ਅਭਖਜੰਦੀ ਗੁਰ ਅੰਨ ਜੁ ਖਾਇ। ਸੂਕਾ ਆਮਿਖ ਬਿਟ ਬੰਧਾਇ।
ਮੂਤ੍ਰ ਰੋਧ ਤੇ ਉਰਗ੍ਰਹਿ ਹੋਇ। ਜਾਨੋ ਲਛਨ ਸੁਭ ਮਤਿ ਸੋਇ ॥੪੬੧॥

ਬਹੁਤੇ ਕਬਜੀ ਕਰਨ ਹਾਰ, ਭਾਰੇ, ਸੁੱਕੇ ਮਾਸ ਖਾਣੇ ਤੇ ਵਿਸ਼ਟਾ ਤੇ ਮੂਤ੍ਰ ਦੇ ਰੋਕਣੇ ਤੇ, ਉਰੂ ਗ੍ਰਿਹ ਰੋਗ ਹੋ ਜਾਂਦਾ ਹੈ ॥ ੪੬੧ ॥

ਲੱਛਣ (ਵੰਗਸੇਨਾਤ)–ਦੋਹਰਾ

ਤੰਦ੍ਰਾ ਅਰੋਚਕ ਸੂਲ ਹੁਇ, ਏ ਲਛਨ ਲਖ ਲਾਲ।
ਤਾਕੀ ਸਮਝੀ ਕਰ ਕ੍ਰਿਆ, ਬੰਗਸੈਨ ਮਤ ਭਾਲ ॥੪੬੨॥

ਤੰਦ੍ਰਾ, ਅਰੁਚੀ ਅਰ ਸੂਲ ਹੋਵੇ, ਇਹ ਲੱਛਣ ਉਰੂਗ੍ਰਿਹ ਦੇ ਹੁੰਦੇ ਹਨ ॥ ੪੬੨ ॥

ਉਪਾਇ ਚੂਰਣ–ਚੌਪਈ

ਜਵਾਖਾਰ ਚਵ ਆਮਲ ਬੇਤ। ਰਾਮਠ ਚਿਤ੍ਰਕ ਚੂਰਨ ਲੇਤ।
ਆਰਨਾਲ ਤਿਲ ਤੇਲ ਸੰਗ। ਉਰੂ ਜੁ ਗ੍ਰਹਿ ਕਾ ਹੋਵਤ ਭੰਗ ॥੪੬੩॥

੧੧੨੫–ਜੌਂਖਾਰ, ਚੱਵ, ਅਮਲਵੇਤ, ਹਿੰਗ ਅਰ ਚਿਤ੍ਰਾ ਲੈ ਕੇ ਪੀਹ ਕੇ ਚੂਰਣ ਕਰੇ, ਕਾਂਜੀ ਯਾਂ ਸਿਰਕੇ ਯਾਂ ਤਿਲ ਤੇਲ ਨਾਲ [੧੦ ਮਾਸੇ] ਦੇਵੇ ਤਾਂ ਉਰੂਗ੍ਰਿਹ ਨਾਸ਼ ਕਰੇ ॥ ੪੬੩ ॥

ਸੇਕ–ਦੋਹਰਾ

ਲੂਣ ਪੋਟਲੀ ਕੀਜੀਏ, ਤਾਕਾ ਸੇਕ ਕਰਾਇ।
ਉਰੁਗ੍ਰਹਿ ਜਾਵਤ ਜਾਨੀਓ, ਦਈ ਮੇਘ ਬਤਲਾਇ ॥੪੬੪॥

੧੧੨੬–ਲੂਣ ਪੀਹ ਕੇ ਪੋਟਲੀ ਵਿਚ ਪਾ ਕੇ ਸੇਕ ਕਰੇ ਤਾਂ ਪੱਟਾਂ ਦਾ ਰੁਕਣਾ ਜਾਵੇ ॥ ੪੬੪ ॥

ਹਿਰਦੇ ਰੋਗ ਪੱਥ–ਚੌਪਈ

ਲੰਘਨ ਸ੍ਵੇਦਨ ਬਮਨ ਬਿਲੇਪ। ਬਸਤਿ ਲਾਲ ਅਖਯਤ ਲੇ ਖੇਪ।
ਮੁਗਧ ਕੁਲਥ ਲਘਮੂਲੀ ਖਾਇ। ਤਕ੍ਰ ਦਾਖਾ ਲਸਨ ਮੰਗਾਇ ॥੪੬੫॥
ਕਾਂਜੀ ਸਿਰਕਾ ਏਰੰਡ ਤੇਲ। ਮਧੁ ਬਾਰੁਣਿ ਗਗਨਾਂਬੁਜ ਮੇਲ।
ਪਾਨ ਪੁਰਾਤਨ ਗੁੜ ਕੇ ਖਾਇ। ਪਥ ਹਿਯੇ ਗਦ ਭਾਖੇ ਲਯਾਇ॥੪੬੬॥

੧੧੨੭–ਫਾਕੇ, ਪਸੀਨਾ, ਕੈ, ਲੇਪ, ਗੁਦਾ ਰਸਤੇ ਪਿਚਕਾਰੀਆਂ ਲੈਣੀਆਂ, ਲਾਲ, ਚਾਵਲ, ਮੂੰਗੀ, ਕੁਲਥ, ਛੋਟੀ ਮੂਲੀ, ਲੱਸੀ, ਅੰਗੂਰ, ਲਸਨ, ਕਾਂਜੀ, ਸਿਰਕਾ, ਅਰਿੰਡ ਦਾ ਤੇਲ, ਸ਼ਹਿਤ,

Digitized by Panjab Digital Library | www.panjabdigilib.org

ਸ਼ਰਾਬ, ਮੀਂਹ ਦਾ ਪਾਣੀ, ਪਾਨ ਤੇ ਪੁਰਾਣਾ ਗੁੜ, ਇਨ੍ਹਾਂ ਦਾ ਖਾਣਾ ਹ੍ਰਿਦੇ ਰੋਗ ਵਿੱਚ ਪੱਥ ਹੈ ॥ ੪੬੫ ॥ ੪੬੬ ॥

ਕੁਪੱਥ

ਮੂਤ੍ਰਾਨਿਲ ਤ੍ਰਿਟ ਸੁਕ੍ਰ ਸੁਜਾਨ। ਦੰਤ ਧਾਵਨੰ ਨਦੀ ਜਲਾਨ।
ਮੈਖੀ ਪਯਸੂਮ ਸ੍ਵਾਸ ਜੁ ਠਾਨ। ਦੁਸਟਨੀਰ ਏ ਕੁਪਥ ਬਖਾਨ॥੪੬੭॥

੧੧੨੮-ਮੂਤ੍ਰ, ਅਧਵਾਯੂ, ਪਿਆਸ ਤੇ ਬੀਰਜ, ਇਨ੍ਹਾਂ ਦਾ ਰੋਕਣਾ, ਦਾਤਨ ਦਾ ਕਰਨਾ, ਨਦੀਆਂ ਦਾ ਜਲ, ਮਹੀਂ ਦਾ ਦੁੱਧ, ਸੂਮ ਦਾ ਸ੍ਵਾਸ ਹੋਰ ਦੁਸ਼ਟ ਪਾਣੀ ਇਹ ਸਭ ਕੁਪੱਥ ਹਨ ॥ ੪੬੭॥

ਅਥ ਮੂਤ੍ਰ ਕ੍ਰਿਛ ਨਿਦਾਨ-ਦ੍ਵੈਯਾ ਛੰਦ

ਬਜਾਮਾ ਤੀਅਨ ਔਖਧ ਰੂਖਾ, ਮਦਯ ਪਾਨ ਜੋ ਪੀਵੈ।
ਜੀਮੈ ਊਪਰ ਭੋਜਨ ਜੀਮੈ, ਨਿਰਤ ਘਨੀ ਤੇ ਥੀਵੈ।
ਆਜੀਰਨ ਹਾਥੀ ਅਸ੍ਵ ਜਾਨੰ, ਜਲਚਰ ਮਾਸ ਜੁ ਖਾਵੈ।
ਯਾਤੇ ਮੂਤ੍ਰ ਕ੍ਰਿਛ ਸੁ ਹੋਵੈ, ਆਠ ਜਾਤਿ ਮੁਨਿ ਗਾਵੈ ॥੪੬੮॥

ਜ਼ਿਆਦਾ ਕਸਰਿਤ, ਤੀਖਣ ਦਵਾਈਆਂ (ਵਿਖ ਆਦਿ), ਖੁਸ਼ਕ ਖਾਣੇ, ਸ਼ਰਾਬ ਦਾ ਪੀਣਾ, ਭੋਜਨ ਖਾਏ ਪਰ ਫੇਰ ਖਾਣਾ, ਅਧਿਕ ਨਾਚ ਦਾ ਕਰਨ, ਆਜੀਰਣ ਹੋਣ ਤੇ ਹਾਥੀ ਘੋੜੇ ਆਦਿ ਸਵਾਰੀਆ ਪਰ ਚੜ੍ਹਕੇ ਦੌੜਾਨਾ, ਮੱਛੀ ਆਦਿ ਜਲ ਵਿਚ ਰਹਿਣੇ ਹਾਰ ਜੀਵਾਂ ਦੇ ਮਾਸ ਖਾਣੇ ਕਰ ਅੱਠ ਪ੍ਰਕਾਰ ਦਾ ਮੂਤ੍ਰ ਕ੍ਰਿਛ ਰੋਗ ਹੋ ਜਾਂਦਾ ਹੈ ॥ ੪੬੮ ॥

ਬਾਤ ਮੂਤ੍ਰ ਕ੍ਰਿਛ ਲਛਣ-ਦੋਹਰਾ

ਮੂਤ੍ਰਾਸੈ ਬੰਛਨ ਦੁਖੈ, ਮੂਤੈ ਬਾਰੰਬਾਰ।
ਲਿੰਗ ਸੂਲ ਅਤਿ ਹੋਤ ਹੈ, ਬਾਤ ਕ੍ਰਿਛ ਉਪਗਾਰ ॥੪੬੯॥

ਬਾਤ ਕਰ ਹੋਏ ਮੂਤ੍ਰ ਕ੍ਰਿੱਛ ਮੂਤ੍ਰਾਸਯ ਤੇ ਵੰਛਨ (ਚੂਲੇ) ਦੁਖਣੇ, ਬਾਰੰਬਾਰ ਮੂਤਣਾ, ਲਿੰਗ ਵਿਖੇ ਸੂਲਦਾ ਹੋਣਾ, ਇਹ ਲੱਛਣ ਹੁੰਦੇ ਹਨ ॥ ੪੬੯ ॥

ਪਿਤ ਮੂਤ੍ਰ ਕ੍ਰਿਛ ਲੱਛਣ-ਦੋਹਰਾ

ਦਾਹ ਪੀਰ ਅਤਿ ਲਿੰਗ ਮੈ, ਕਾਸਟ ਮੂਤ ਬਹੁਬਾਰ।
ਪੀਲਾ ਲੋਹੂ ਸਹਿਤ ਹੀ, ਮੂਤ੍ਰ ਕ੍ਰਿਛ ਪਿਤ ਧਾਰ ॥੪੭੦॥

ਪਿੱਤ ਕਰਕੇ ਹੋਏ ਮੂਤ੍ਰ ਕ੍ਰਿਛ ਵਿੱਚ ਦਾਹ (ਸੜਨ), ਪੀੜ, ਇਹ ਲਿੰਗ ਵਿੱਚ ਹੋਵੇ, ਅਰ ਮੂਤ੍ਰ ਕਸ਼ਟ ਨਾਲ ਬਹੁਤ ਬਾਰ ਉਤਰੇ, ਉਸਦੀ ਰੰਗਤ ਪੀਲੀ, ਲੋਹ ਰੰਗੀ ਹੋਵੇ ਇਉਂ ਜਾਣੇ ॥ ੪੭੦ ॥

ਕਫ ਮੂਤ੍ਰ ਕ੍ਰਿਛ ਲੱਛਣ-ਦੋਹਰਾ

ਮੂਤ੍ਰਾਸੈ ਲਿੰਗ ਸੋਜ ਹੋਇ, ਮੂਤ੍ਰ ਪਿਛਲ ਹੋਇ।
ਸਥੂਲਪਨਾ ਲਿੰਗ ਮਾਹਿ ਹੁਇ, ਕਫ ਕ੍ਰਿਛ ਲਛਨ ਹੋਇ ॥੪੭੧॥

Digitized by Panjab Digital Library | www.panjabdigilib.org

ਕਫ ਦੇ ਮੂਤ੍ਰ ਕ੍ਰਿੱਛ ਵਿਖੇ, ਮੂਤ੍ਰਾਸ਼ਯ ਅਰ ਲਿੰਗ ਵਿਖੇ ਸੋਜ ਹੋਇ, ਮੂਤ੍ਰ ਪਿੱਛ ਜੈਸਾ, ਅਰ ਲਿੰਗ ਮੋਟਾ ਜਿਹਾ ਜਾਪੇ ਇਹ ਲੱਛਣ ਜਾਣੋ ॥ ੪੭੧ ॥

ਤ੍ਰਿਦੋਖ ਮੂਤ੍ਰ ਕ੍ਰਿਛ ਲੱਛਣ—ਦੋਹਰਾ

ਬਾਤ ਪਿਤ ਕਫ ਤੀਨ ਹੀ, ਲਛਨ ਇਕਠਾ ਹੋਇ।
ਕਸਟ ਸਾਧਜ ਸੋ ਜਾਨੀਏ, ਤੀਨ ਦੋਖ ਕ੍ਰਿਛ ਜੋਇ ॥੪੭੨॥

ਬਾਤ ਪਿਤ ਤੇ ਕਫ ਇਨ੍ਹਾਂ ਤਿੰਨਾਂ ਦੇ ਲੱਛਣ ਇਕੱਠੇ ਹੋਣ, ਸੋ ਤ੍ਰਿਦੋਖ ਦਾ ਮੂਤ੍ਰ ਕ੍ਰਿਛ, ਕਸ਼ਟ ਸਾਧ ਕਿਹਾ ਗਿਆ ਹੈ ॥ ੪੭੨ ॥

ਚੋਟ ਮੂਤ੍ਰ ਕ੍ਰਿਛ ਲੱਛਣ—ਦੋਹਰਾ

ਮੂਤ੍ਰ ਬਾਹੀ ਸ੍ਰੋਤ੍ਰ ਕੋ, ਲਗਤ ਚੋਟ ਜੋ ਕੋਇ।
ਬਾਤ ਕ੍ਰਿਛ ਸਮ ਰੂਪ ਤਿਸ, ਮੂਤ੍ਰ ਕ੍ਰਿਛ ਸਟ ਜੋਇ ॥੪੭੩॥

ਮੂਤ੍ਰ ਬਹਾਣ ਵਾਲੇ ਸ਼ਰੋਤ੍ਰ, ਭਾਵ ਨਸਾਂ ਦੇ ਛੇਕ, ਉਨ੍ਹਾਂ ਵਿੱਚ ਕਿਸੇ ਤਰ੍ਹਾਂ ਚੋਟ ਲਗ ਜਾਵੇ, ਤਾਂ ਉਸ ਸੇ ਭੀ ਮੂਤ੍ਰ ਕ੍ਰਿੱਛ ਪੈਦਾ ਹੋ ਜਾਂਦਾ ਹੈ, ਉਸ ਦੇ ਸਭ ਲੱਛਣ ਬਾਤ ਮੂਤ੍ਰ ਕ੍ਰਿੱਛ ਸਮਾਨ ਹੁੰਦੇ ਹਨ ॥ ੪੭੩ ॥

ਵਿਸਟਾ ਘਾਤ ਮੂਤ੍ਰ ਕ੍ਰਿਛ ਲੱਛਣ—ਦੋਹਰਾ

ਬਾਤ ਸੂਲ ਅਰੁ ਆਫਰਾ, ਪਵਨਿ ਉਲਟਿ ਤੇ ਹੋਇ।
ਮੂਤ੍ਰ ਕ੍ਰਿਛ ਬਿਟ ਘਾਤ ਤੇ, ਜਾਨੋ ਇਹ ਬਿਧਿ ਸੋਇ ॥੪੭੪॥

ਵਿਸ਼ਟਾ ਦੇ ਘਾਤ ਨਾਮ ਰੋਕਣੇ ਤੇ ਵਾਯੂ ਕ੍ਰੋਧਤ ਹੋਕੇ ਪਿੱਛੇ ਪਰਤੇ ਤਦ ਮੂਤ੍ਰ ਕ੍ਰਿੱਛ ਰੋਗ ਹੋਵੇ ਹੈ, ਉਸ ਵਿਖੇ ਸੂਲ ਅਫਾਰਾ ਹੁੰਦਾ ਹੈ ॥ ੪੭੪ ॥

ਸ਼ੁਕ੍ਰ ਮੂਤ੍ਰ ਕ੍ਰਿਛ—ਲੱਛਣ

ਸੁਕ੍ਰ ਦੋਖਾਨੈ ਹਤਯੋ, ਆਵਤ ਮੂਤ੍ਰੈਰਾਹ।
ਲਿੰਗ ਸੂਰ ਸੁਕ੍ਰ ਸ੍ਰਵਤ, ਸੁਕ੍ਰ ਕ੍ਰਿਛ ਸੁ ਸਾਹ ॥੪੭੫॥

ਬਾਤਾਦਿ ਦੋਖਾਂ ਦ੍ਵਾਰੇ ਪ੍ਰੇਰਿਆ ਬੀਰਜ, ਮੂਤ੍ਰ ਰਸਤੇ ਔਣ ਲਗ ਪਵੇ ਤਾਂ ਲਿੰਗ ਵਿਖੇ ਸੂਲ ਹੋਵੇ ਅਤੇ ਬੀਰਜ ਦਾ ਸ੍ਰਾਵ ਹੁੰਦਾ ਰਹੇ, ਇਹ ਰੋਗ ਸੁਕ੍ਰਕ੍ਰਿਛ ਕਿਹਾ ਜਾਂਦਾ ਹੈ ॥ ੪੭੫ ॥

ਪਥਰੀ ਕ੍ਰਿਛ ਲੱਛਣ—ਸੋਰਠਾ

ਪਥਰੀ ਸਮ ਹੈ ਪੀਰ, ਤਾਹਿ ਨਾਮ ਹੈ ਸਰਕਰਾ।
ਅਸਮਰਿ ਕ੍ਰਿਛ ਸੁ ਬੀਰ, ਤਾਕੋ ਨਾਮੁ ਕਹੈ ਸਭੈ ॥੪੭੬॥

ਦੋਹਰਾ—
ਪਿਤ ਪਚਤ ਸੋਖੈ ਪਵਨ, ਕਫ ਸੰਧਾਨ ਛੁਡਾਇ।
ਪਥਰੀ ਖਰ ਸੋ ਸਰਕਰਾ, ਮਾਧਵ ਨਾਮ ਕਹਾਇ ॥੪੭੭॥

Digitized by Panjab Digital Library | www.panjabdigilib.org

ਪਥਰੀ ਹੋਣ ਜੇਹੀ ਪੀੜ ਹੋਣੀ ਇਸੇ ਦਾ ਨਾਮ ਸ਼ਰਕਰਾ ਹੈ, ਅਰ ਇਸੇ ਦਾ ਨਾਮ ਪਥਰੀ ਮੂਤ੍ਰ ਕ੍ਰਿੱਛ ਕਿਹਾ ਜਾਂਦਾ ਹੈ। ਪਰੰਤੂ ਇਤਨਾ ਭੇਦ ਹੈ ਕਿ ਪਥਰੀ ਪਿੱਤ ਨਾਲ ਪਕਦੀ ਹੈ, ਬਾਤ ਨਾਲ ਸੁੱਕਦੀ ਹੈ ਅਰ ਕਫ ਨਾਲ ਖਰਦੀ ਭਾਵ ਘਿਸਦੀ ਹੈ, ਸਰਕਰਾ ਕਹੀਏ ਰੇਤ ਰੂਪ ਹੁੰਦੀ, ਮੂਤ੍ਰਾਸ਼ਯ ਵਿਖੇ ਮੂਤ੍ਰ ਰੋਕਦੀ ਹੈ, ਤਦ ਇਸੇ ਨੂੰ ਪਥਰੀ ਦਾ ਮੂਤ੍ਰ ਕ੍ਰਿੱਛ ਕਿਹਾ ਜਾਂਦਾ ਹੈ ॥ ੪੭੬ ॥ ੪੭੭ ॥

ਬਾਤ ਕ੍ਰਿਛ ਉਪਾਇ (ਵੰਗਸੇਨਾਤ)—ਦੋਹਰਾ

ਛਿੰਨਾ ਨਾਗਰ ਆਸਗੰਧ, ਧਾਤ੍ਰੀ ਫਲ ਤ੍ਰਿਕੰਟ।
ਕ੍ਵਾਥ ਕਰੀ ਪਿਵ ਸੂਰ ਮਿਟ, ਬਾਤ ਕ੍ਰਿਛ ਮਿਟ ਅੰਗ ॥੪੭੮॥

੧੧੨੯—ਗਿਲੋਯ, ਸੁੰਢ, ਅਸਗੰਧ, ਆਵਲੇ ਅਰ ਭੱਖੜਾ ਇਹ ਸੱਭੋ ਇਕ ਸਮਾਨ ਲਵੇ ਅਰ ਕਾੜ੍ਹਾ ਕਰਕੇ ਪਿਲਾਵੇ ਤਾਂ (ਬਾਤ ਸੰਬੰਧੀ) ਸੂਲ ਅਰ ਬਾਤ ਦਾ ਮੂਤ੍ਰ ਕ੍ਰਿਛ ਨਾਸ਼ ਕਰੇ ॥ ੪੭੮ ॥

ਕਲਕ (ਵੰਗਸੇਨਾਤ)—ਚੌਪਈ

ਪੂਨਰਨਵਾ ਸਤਾਵਰ ਲੇਇ। *ਪਾਤੂਰਾ ਇਰੰਡ ਜੁ ਦੇਇ।
ਕੋਚਬਲਾ ਦਸਮੂਲ ਮਿਲਾਇ।ਭਿਦ ਪਖਾਣ ਦੇ ਕਲਕ ਕਰਾਇ॥੪੭੯॥
ਕੁਲਥ ਤੋਇ ਵਾ ਜਵ ਕਾ ਨੀਰ। ਖਾਵਤ ਬਾਤ ਕ੍ਰਿਛ ਮਿਟ ਪੀਰ।
ਬੰਗਸੈਨ ਮਤਿ ਭਾਖੀ ਸਹੀ। ਮੇਘ ਬਾਤ ਸਾਚੀ ਲਖ ਕਹੀ ॥੪੮੦॥

੧੧੩੦—ਇਟਇਸਿਟ, ਸਤਾਵਰ, †ਵਕਮ ਲਕੜੀ (ਪਤੰਗ) ਅਰਿੰਡ ਦੇ ਬੀਜ, ਕੌਂਚਬੀਜ, ਖਿਰੈਚੀ, ਦਸੇਮੂਲ (ਬਿੱਲ ਦੀ ਛਿੱਲ, ਸਜੋਂਨਾਕ, ਖੰਭਾਰੀ, ਪਾਟਲ, ਅਰਣੀ, ਸ੍ਵਿਨ, ਪਿਠਵਨ, ਛੋਟੀ ਤੇ ਵਡੀ ਕੰਡਯਾਰੀਆ ਅਤੇ ਭਖੜਾ) ਪਖਾਣ ਭੇਦ, ਸਮਾਨ ਭਾਗ ਲੈਕੇ ਇਨ੍ਹਾਂ ਦਾ ਕਲਕ ਕਰੇ, ਫਿਰ ਇਸਨੂੰ ਕੁਲਥਾਂ ਦੇ ਕਾੜ੍ਹੇ ਦਾ ਜਲ ਪਾਕੇ ਜਾਂ ਜਵਾਂ ਦੇ ਕਾੜ੍ਹੇ ਦਾ ਜਲ ਮਿਲਾਕੇ ਪਿਲਾਵੇ ਤਾਂ ਬਾਤ ਦਾ ਮੂਤ੍ਰ ਕ੍ਰਿਛ ਹੋਵੇ ਤਾਂ ਇਸਦੀ ਪੀੜਾ ਮਿਟਾਵੇ, ਇਹ ਨਿਸ਼ਚੇ ਹੈ ॥੪੭੯॥੪੮੦॥

ਪਿਤ ਮੂਤ੍ਰ ਕ੍ਰਿਛ ਉਪਾਇ

ਕੁਸਾ ਕਾਸ ਸਰਦ ਭਜ ਇਖ। ਪਾਂਚੋ ਪਿਤ ਹਰਤ ਏ ਕ੍ਰਿਛ।
ਦੂਧ ਸੰਗ ਚੂਰਨ ਕਰਿ ਪੀਯ। ਲਿੰਗ ਰੁਧਰ ਅਰੁਪੀਰ ਨਥੀਯ ।੪੮੧।

੧੧੩੧—‡ਕੁਸ਼ਾ, ਕਾਹ, ਸਰਕੜਾ, ਦੱਭ ਅਰ ਗੰਨੇ, [ਇਨ੍ਹਾਂ ਪੰਜਾਂ ਦੀ ਜੜ੍ਹ ਤ੍ਰਿਣ ਪੰਜਮੂਲ ਆਖਦੇ ਹਨ] ਇਨ੍ਹਾਂ ਦਾ ਚੂਰਣ ਕਰਕੇ ਦੁਧ ਵਿਚ ਪਕਾ ਕੇ ਪੀਵੇ ਪਾਂ ਪਿਤ ਦਾ ਮੂਤ੍ਰ ਕ੍ਰਿੱਛ, ਅਰ ਲਿੰਗ

---

†ਪਾਤੂਰਾ—ਵਕਮ ਲਕੜੀ ਹੈ, ਜਿਸਨੂੰ ਪਤੰਗ ਭੀ ਆਖਦੇ ਹਨ। ਲਿਖਾਰੀ ਨੇ ਗਲਤੀ ਨਾਲ 'ਧਾਤੂਰਾ' ਹੀ ਲਿਖ ਦਿੱਤਾ ਹੈ, ਮੇਘ ਚੁਕਾਂ ਨੇ ਅਰਥ ਧਾਤੂਰਾ ਕੀਤਾ, ਇਤਨੀ ਸਮਝ ਨਹੀਂ ਕੀਤੀ ਕਿ ਮੂਤ੍ਰ ਕ੍ਰਿਛ ਜੇਹੇ ਨਰਮ ਰੋਗ ਵਿਚ ਧਤੂਰਾ ਜ਼ਹਿਰ ਕਿਤਨੇ ਅਨਰਥ ਦਾ ਕਾਰਣ ਹੋ ਸਕਦਾ ਹੈ, ਤਸੱਲੀ ਵਾਸਤੇ ਦੇਖੋ ਵੰਗਸੇਨ ਪ੍ਰਿ: ੪੬੨ ਜਿਸਦਾ ਇਹ ਪ੍ਰਯੋਗ ਹੈ।

‡ਕੁਸ਼ਾ ਤੇ ਦੱਭ ਇਕ ਨਹੀਂ ਕਿੰਤੂ ਵਖਰੇ ੨ ਹਨ, ਫਿਰ ਭੀ ਚਾਹੋ ਤਾਂ ਦੱਭ ਦੇ ਥਾਂ ਚਿੱਟੇ ਘਾ... ਦੀ ਜੜ੍ਹ ਪਾਵੇ। ਦੇਖੋ ਅਮ੍ਰਿਤਸਾਗਰ ਪ੍ਰਿ: ੨੯੫.

Digitized by Panjab Digital Library | www.panjabdigilib.org

ਰਸਤੇ ਲਹੂ ਦਾ ਪੈਣਾ ਇਸਦੀ ਪੀੜਾ ਸਭੇ ਨਾਸ਼ ਕਰੇ ॥ ੪੯੧ ॥

ਪੁਨਾ-[ਵੰਗਸੇਨਾਤ]

ਕਾਸ ਸਤਾਵਰ ਗੋਖਰੁ ਇਖ। ਕਾਸੇਰੂ ਬਿਦਾਰੀ ਰਖ।
ਕੁਸਾ ਕ੍ਵਾਥ ਸੀਤਲ ਕਰਵਾਇ। ਸਿਤਾ ਸਹਿਤ ਤਾਮੈ ਜੁਮਿ ਲਾਇ॥੪੯੨॥
ਪ੍ਰਾਤ ਉਠੀਨੈ ਪੀਵਨ ਦਾਇ। ਪਿਤ ਕ੍ਰਿਛ ਕਾ ਨਾਸ ਕਰਾਇ।
ਸੂਲ ਸਰਕਰਾ ਜਾਵੈ ਸਹੀ। ਮੇਘ ਆਨ ਈਹਾਂ ਮਤਿ ਕਹੀ ॥੪੯੩॥

੧੧੩੨-ਕਾਹ, ਸਤਾਵਰ, ਭੱਖੜਾ, ਗੰਨੇ ਦੀ ਜੜ੍ਹ, ਕਸੇਰੂ, ਬਿਦਾਰੀ ਕੰਦ ਤੇ ਖਸ ਇਨਾਂ ਦਾ ਕਾੜ੍ਹਾ ਕਰਕੇ ਠੰਢਾ ਕਰੇ, ਉਸ ਵਿਚ ਮਿਸਰੀ ਸ਼ਹਿਤ ਪਾਇ ਪ੍ਰਾਤਾਕਾਲ ਪੀਣ ਨੂੰ ਦੇਵੇ ਤਾਂ ਪਿਤ ਦਾ ਮੂਤ੍ਰ ਕ੍ਰਿਛ ਲਿੰਗ ਦਾ ਸੂਲ, ਰੇਤ ਦਾ ਗਿਰਨਾ ਆਦਿ ਨਿਸ਼ਚੇ ਨਾਸ਼ ਕਰੇ ॥ ੪੯੨ ॥ ੪੯੩ ॥

ਪੁਨਾ-[ਵੰਗਸੇਨਾਤ]

ਤਰ ਕੇ ਬੀਜ ਯਸਟਿ ਮੰਗਵਾਇ। ਹਰੜ ਗੋਖਰੂ ਆਛਾ ਲਯਾਇ।
ਰਾਜ ਬ੍ਰਿਖ ਅਰੁ ਭੇਦ ਪਖਾਨ। ਜਾਵਾਸਾ ਅਰੁ ਧਵਾਸਾ ਠਾਨ ॥੪੯੪॥
ਕ੍ਵਾਥਕਰੀ ਮਧੁ ਸਿਤਾ ਮਿਲਾਇ। ਦਾਹ ਕ੍ਰਿਛ ਪਿੱਤਾ ਕੀ ਥਾਇ।
ਬੰਗਸੈਨ ਤੇ ਭਾਖੀ ਲਜਾਇ। ਮੇਘ ਬਿਨੋਦੈ ਕਹੀ ਸੁਨਾਇ ॥੪੯੫॥

੧੧੩੩-ਤਰਾਂ ਦੇ ਬੀਜ, ਮੁਲੱਠੀ, ਹਰੜ, ਭੱਖੜਾ, ਅਮਲਤਾਸ, ਪਖਾਣ ਭੇਦ, ਜਵਾਹਾਂ ਤੇ ਧਵਾਹਾਂ, ਸਭ ਦਾ ਕਾੜ੍ਹਾ ਕਰਕੇ ਸ਼ਹਿਤ ਅਰ ਮਿਸ਼੍ਰੀ ਪਾਇ ਪਿਲਾਵੇ ਤਾਂ ਪਿੱਤ ਦਾ ਮੂਤ੍ਰ ਕ੍ਰਿਛ, ਦਾਹ, ਸੱਭੇ ਨਾਸ਼ ਕਰੇ ॥੪੯੪॥੪੯੫॥

ਕਫ ਮੂਤ੍ਰ ਕ੍ਰਿਛ ਕੋ (ਵੰਙਸੇਨਾਤ)-ਚੌਪਈ

ਬੀਜ ਸੰਭਾਰੂ ਪੀਸੀ ਛਾਨ। ਤਕ੍ਰ ਸੰਗਹਿ ਕਰਿ ਜੋ ਪਾਨ।
ਕਫੀ ਕ੍ਰਿਛ ਕਾ ਨਾਸ ਕਰਾਇ। ਆਛੀ ਔਖਧ ਕਹੀ ਬਨਾਇ ॥੪੯੬॥

੧੧੩੪-ਸੰਭਾਲੂ ਦੇ ਬੀਜ, ਪੀਹ ਛਾਣਕੇ ਲੱਸੀ ਨਾਲ ਪਿਲਾਵੇ ਤਾਂ ਕਫ ਦਾ ਮੂਤ੍ਰ ਕ੍ਰਿਛ ਨਾਸ਼ ਕਰੇ ॥੪੯੬॥

ਪੁਨਾ-[ਵੰਗਸੇਨਾਤ]-ਦੋਹਰਾ

ਪਰਬਾਲਿ ਕੋ ਪੀਸਕੈ, ਚੂਰਨ ਟੰਕ ਪ੍ਰਮਾਨ।
ਤੰਦੁਲ ਜਲ ਸੋ ਪੀਜੀਏ, ਕਫੀ ਕ੍ਰਿਛ ਕੀ ਹਾਨਿ ॥੪੯੭॥

੧੧੩੫-ਮੂੰਗੇ ਨੂੰ ਪੀਸਕੇ ੪ ਮਾਸੇ, ਅੰਦਾਜ਼ ਕੇ ਚੌਲਾ ਦੇ ਜਲ ਨਾਲ ਦੇਵੇ ਤਾਂ ਕਫ ਦਾ ਮੂਤ੍ਰ ਕ੍ਰਿਛ ਨਾਸ਼ ਕਰੇ ॥੪੯੭॥

ਬੀਰ ਸਿੰਘਾ ਵਿਲੋਕਾਤ-ਦੋਹਰਾ

Digitized by Panjab Digital Library | www.panjabdigilib.org

ਗੋਕੀ ਤਕ੍ਰ ਜੋ ਤੁਰਸ਼ ਲੈ, ਜਵਾਖਾਰ ਵਿਚ ਪਾਇ।
ਪੀਵਤ ਕ੍ਰਿਛ ਸੁ ਜਾਤ ਹੈ, ਸਾਚੀ ਕਹੀ ਬਨਾਇ ॥੪੮੮॥

੧੧੩੬-ਗੋਕੀ ਖੱਟੀ ਲੱਸੀ ਵਿਚ ਜੌਂਖਾਰ (੮ ਮਾਸੇ) ਪਾਕੇ ਪਿਲਾਵੇ ਤਾਂ ਤ੍ਰਿਦੋਖ ਦਾ ਮੂਤ੍ਰਕ੍ਰਿਛ ਨਾਸ਼ ਹੋਵੇ ॥੪੮੮॥

ਸੁਕ੍ਰ ਕ੍ਰਿਛ ਉਪਾਇ—ਦੋਹਰਾ

ਸਿਲਾ ਤ ਮਧੁ ਸੰਗ ਚਟੂ, ਉਠ ਪਰਭਾਤੈ ਲੇਇ।
ਸੁ ਕ੍ਰਿਛ ਸਭ ਜਾਤ ਹੈ, ਜੋ ਦਿਨ ਸਾਤ ਕਰੇਇ ॥੪੮੯॥

੧੧੩ ੧੧੧੮—ਸਿਲਾਜੀਤ ਮਹਿਤ ਨਾਲ ਨਿਰੇਹਾਰ ਚਟਾਵੇ ਤਾਂ ਬੀਰਜ ਰੋਕਣੇ ਤੇ ਹੋਯਾ ਮੂਤ੍ਰਕ੍ਰਿਛ ੭ ਦਿ ਨ ਵਿਖੇ ਜਾਵੇ ॥੪੮੯॥

ਏ ਭੇਦ ਪਖਾਨ ਲੈ, ਸਿਲਾਜੀਤ ਸੁਧ ਪਾਇ।
ਪੀਪਰ ਚੂਰਨ ਸਮ ਕਰੋ, ਤੰਦੁਲ ਜਲ ਸੋ ਖਾਇ ॥੪੯੦॥
ਗੁੜ ਪਾਈ ਗੋਲੀ ਕਰੋ, ਪੀਵਤ ਨਰ ਪਰਭਾਤ।
ਸਰਬ ਕ੍ਰਿਛ ਕਾ ਨਾਸ ਹੁਇ, ਸਾਚੀ ਜਾਨੋ ਬਾਤ ॥੪੯੧॥

੧੧੩੯—ਇਲਾਚੀ, ਪਖਾਣਭੇਦ, ਸਾਫ ਕੀਤੀ ਹੋਈ ਸਿਲਾਜੀਤ ਅਸ ਮਘ, ਸਭ ਦਾ ਚੂਰਣ ਕਰਕੇ ਅਰ ਫਿਰ ਗੁੜ ਨਾਲ ਗੋਲੀ ਕਰੇ ਚਾਵਲਾਂ ਦੇ ਜਲ ਨਾਲ ਸਵੇਰੇ ਨਿੱਤ ਖਾਵੇ ਤ ਸਭ ਤਰ੍ਹਾਂ ਦਾ ਮੂਤ੍ਰ ਕ੍ਰਿਛ ਨਾਸ ਕਰੇ ॥੪੯੦॥੪੯੧॥

ਸਿਤਾ ਮੇਲ ਜਵਖਾਰ ਸਮ, ਕੱਚੀ ਲਸੀ ਸੰਗ।
ਜੋ ਪੀਵਤ ਨਰ ਪ੍ਰਾਤ ਉਠ, ਸਰਬ ਕ੍ਰਿਛ ਕੋ ਭੰਗ ॥੪੯੨॥

੧੧੪੦—ਮਿਸ਼੍ਰੀ ਤੇ ਜੌਂਖਾਰ ਇਕ ਸਮਾਣ (ਅੰਦਾਜ਼ ੬-੬ ਮਾਸ਼ੇ) ਕੱਚੀ ਲੱਸੀ ਨਾਲ ਨਿੱਤ ਕੁਛ ਦਿਨ ਪ੍ਰਾਤਾਕਾਲ ਪੀਵੇ ਤਾਂ ਸਭ ਤਰ੍ਹਾਂ ਦਾ ਮੂਤ੍ਰਕ੍ਰਿਛ ਜਾਵੇ ॥੪੯੨॥

ਕੰਟਾਰੀ ਰਸ ਕਾਢ ਕੈ, ਆਨ ਸਹਿਤ ਮੈ ਪਾਇ।
ਪੀਵਤ ਹੀ ਸਭ ਕ੍ਰਿਛ ਕੋ, ਤੁਰਤੈ ਦੇਇ ਗਵਾਇ ॥੪੯੩॥

੧੧੪੧—ਕੰਡਜਾਰੀ ਦਾ ਰਸ ਕੱਢਕੇ ਉਸ ਵਿੱਚ ਸ਼ਹਿਤ ਪਾਇ ਪਿਲਾਵੇ ਤਾਂ ਸਭ ਤਰ੍ਹਾਂ ਦਾ ਮੂਤ੍ਰਕ੍ਰਿਛ ਨਾਸ਼ ਕਰੇ ॥੪੯੩॥

ਸ਼ਰਕਰਾ ਕ੍ਰਿਛ ਉਪਾਇ (ਰਸਰਤਨਾਕਰਾਤ)—ਚੌਪਈ

ਤਿਲ ਬਾਗਾ ਕਦਲੀ ਕੇ ਪਾਤ। ਪਲਾਸਪਾਤ ਸਭ ਸਮੰ ਕਰਾਤ।
ਰਾਤ ਭਗੋਵੈ ਪਾਨੀ ਪਾਇ। ਪ੍ਰਾਤਹਿ ਪਾਨੀ ਲੇਹੁ ਛਨਾਇ ॥੪੯੪॥
ਪਾਇ ਕੜਾਹੇ ਸੰਘਣਾ ਕਰੋ। ਤਾਕਾ ਖਾਰ ਕਾਢ ਕੈ ਧਰੋ।

Digitized by Panjab Digital Library | www.panjabdigilib.org

ਭੇਡ ਮੂਤ ਸੋ ਕਰਖ ਪ੍ਰਮਾਨ। ਖਾਵਤ ਸਰਕਰ ਕ੍ਰਿਛ ਮਿਟਾਨ॥੪੯੫॥

੧੧੯੨–ਤਿਲ, ਪੁਟਕੰਡਾ, ਕੇਲਾ ਤੇ ਪਲਾਹ ਇਨ੍ਹਾਂ ਦੇ ਪੱਤੇ ਲੈਕੇ ਸਵਾਹ ਕਰੇ, ਸੋ ਸਵਾਹ ਪਾਣੀ ਵਿੱਚ ਰਾਤ ਨੂੰ ਭਿਉਂ ਛੱਡੇ, ਦਿਨੇ ਨਿਤਾਰਕੇ ਪਾਣੀ ਛਾਣ ਲਵੇ। ਕੜਾਹੀ ਵਿੱਚ ਪਾਕੇ ਕਾੜ੍ਹੇ, ਇਉਂ ਖਾਰ ਕੱਢ ਰੱਖੇ। ਉਸ ਖਾਰ ਵਿਚੋਂ ੧ ਕਰਖ (੧ ਤੋਲਾ) ਭੇਡ ਦੇ ਮੂਤ ਨਾਲ ਖੁਲਾਵੇ ਤਾਂ ਸ਼ਰਕਰਾ ਕ੍ਰਿਛ ਜਾਵੇ॥੪੯੪॥੪੯੫॥

ਤ੍ਰਿਦੋਖ ਮੂਤ੍ਰ ਕ੍ਰਿਛ ਉਪਾਇ (ਵੰਗਸੇਨਾਤ)–ਚੌਪਈ

ਬ੍ਰਿਹਤੀ ਪਾਠਾ ਪ੍ਰਿਸਟੀ ਪਾਇ। ਮੁਹਲੇਠੀ ਕਲਿੰਗਕ ਲਯਾਇ।
ਕ੍ਵਾਥ ਕਰੀਨੈ ਪੀਵਨ ਦੇਇ। ਤੀਨ ਦੋਖ ਕੀ ਕ੍ਰਿਛ ਗਮੇਇ॥੪੯੬॥

੧੧੪੩–ਵੱਡੀ ਕੰਡਯਾਰੀ, ਪਾਠਾ, ਪ੍ਰਿਸ਼੍ਨਪਰਣੀ, ਮੁਲੱਠੀ ਅਰ ਇੰਦ੍ਰ ਜੌਂ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ, ਫਿਰ ਪਿਲਾਵੇ ਤਾਂ ਤ੍ਰਿਦੋਖ ਦਾ ਮੂਤ੍ਰਕ੍ਰਿਛ ਨਾਸ਼ ਕਰੇ॥ ੪੯੬॥

ਅਭਿਘਾਤਜ ਮੂਤ੍ਰਕ੍ਰਿਛ ਉਪਾਇ–ਚੌਪਬੀ

ਧਾਤ੍ਰੀ ਇਖ ਦੋਊ ਪਸ ਲਯਾਇ। ਪੀਵਤ ਰੋਗੀ ਮਨਚਿਤ ਲਯਾਇ।
ਮਿਟਤ ਕ੍ਰਿਛ ਅਭਿਘਾਤ ਸੁਜਾਨਾਰਕਤ ਕ੍ਰਿਛ ਮਧੁ ਮੇਲੋ ਆਨ॥੪੯੭॥

੧੧੪੪–ਆਵਲਿਆਂ ਤੇ ਗੰਨਿਆਂ ਦੋਹਾਂ ਦਾ ਰਸ ਲੈਕੇ ਸ਼ਹਿਤ ਪਾਇ ਪਿਲਾਵੇ ਤਾਂ ਅਭਿਘਾਤ (ਚੋਟ ਆਦਿ ਲਗਣੇ ਤੋਂ ਹੋਯਾ) ਮੂਤ੍ਰਕ੍ਰਿਛ ਅਰ ਲਹੂ ਆਉਂਦਾ ਸੱਭੇ ਨਸ਼ਟ ਹੋਵੇ॥੪੯੭॥

ਸਰਬ ਕ੍ਰਿਛ ਕ੍ਵਾਥ (ਜੋਗ ਚਿੰਤਾਮਣੀ ਮਤਾਂਤ)–ਚੌਪਈ

ਬੜੀ ਲਾਇਚੀ ਪੀਪਰ ਯਸਟਿ। ਭੇਦੁ ਪਖਾਨ ਰੇਨਕਾ ਸੁਸਟਿ।
ਬਾਂਸਾ ਗੋਖਰ ਛਾਲ ਇਰਿੰਡ। ਕਾਢਾ ਕੀਜੈ ਸਭ ਸਮ ਮੰਡ॥੪੯੮॥
ਸਿਲਾਜੀਤ ਮਿਸ੍ਰੀ ਬਿਚ ਪਾਇ। ਲੈ ਰੋਗੀ ਕਉ ਪੀਵਨ ਦਾਇ।
ਪਥਰੀ ਮੂਤ੍ਰ ਕ੍ਰਿਛੈ ਜਾਇ। ਦੁਖਨੂਤਾ ਦੁਖ ਦੂਰੈ ਧਾਇ॥੪੯੯॥

੧੧੪੫–ਵੱਡੀ ਇਲਾਚੀ, ਮਘ, ਮੁਲੱਠੀ, ਪਖਾਣਭੇਦ, ਰੇਣਕਾ, ਬਾਂਸਾ ਭਖੜਾ ਤੇ ਏਰਿੰਡ ਦੀ ਛਿੱਲ, ਸਮਾਨ ਲੈਕੇ ਕਾੜ੍ਹਾ ਕਰੇ ਅਰ ਫਿਰ ਸਿਲਾਜੀਤ ਅਤੇ ਮਿਸਰੀ ਪਾਕੇ ਪਿਲਾਵੇ ਤਾਂ ਮੂਤ੍ਰ ਕ੍ਰਿਛ ਅਰ ਪਥਰੀ ਹੋਰ ਦੁਖਨੂਤਾ ਤਤਛਿਨ ਨਸ਼ਟ ਹੋਵੇ॥ ੪੯੮ ॥ ੪੯੯ ॥

ਦੋਹਰਾ

ਮੂਲ ਪੁੰਡਰੀ ਆਨਕੈ, ਚੂਰਨ ਜਲ ਸੋ ਖਾਇ।
ਮਿਟਤ ਰੋਗੁ ਸਭ ਅਸਮਰੀ, ਮੂਤ੍ਰ ਕ੍ਰਿਛ ਮਿਟ ਜਾਇ॥੫੦੦॥

Digitized by Panjab Digital Library | www.panjabdigilib.org

੧੧੪੬-*ਪੁੰਡਰੀ ਦੀ ਜੜ੍ਹ ਲੈਕੇ ਚੂਰਣ ਕਰੇ ਅਰ ਜਲ ਨਾਲ ਫਕੇ ਤਾਂ ਮੂਤ੍ਰ ਕ੍ਰਿਛਅਰ ਪਥਰੀ ਸਭ ਪ੍ਰਕਾਰ ਦੇ ਨਾਸ ਕਰੇ ॥ ੫੦੦ ॥

ਸਰਬ ਕ੍ਰਿਛ ਕੋ ਲਘੂ ਲੋਕੇਸ੍ਵਰ ਰਸ (ਰਸਰਤਨਾਕਰਾਤ)-ਚੌਪਈ

ਮ੍ਰਿਤ ਪਾਰਾ ਇਕ ਭਾਗ ਮਗਾਇ। ਗੰਧਕ ਚਾਰ ਭਾਗ ਲੈ ਪਾਇ।
ਪੀਸੀ ਕੌਡੀ ਮਾਹੇ ਭਰੋ ਜਰਦ ਰੰਗ ਕੀ ਆਨੀ ਧਰੋ ॥੫੦੧॥
ਟੰਕਣ ਪੀਸੋ ਦੂਧ ਮਗਾਇ । ਤਾਸੋ ਕੌਡੀ ਬਦਨ ਲਿਪਾਇ।
ਹਾਂਡੀ ਧਰ ਮੁੰਦ੍ਰਾ ਤਿਸੁ ਦੇਇ। ਚੂਲੇ ਧਰ ਤਿਸੁ ਅਗਨਿ ਕਰੇਇ॥੫੦੨॥
ਜਾਮ ਏਕ ਹੀ ਜਾਨੋ ਸਹੀ। ਸ੍ਵਾਂਗ ਸੀਤ ਲੇਵਨ ਕੋ ਕਹੀ।
ਚਾਰ ਗੁੰਜ ਘ੍ਰਿਤ ਸਾਥ ਖਵਾਇ। ਉੱਨੀ ਮਰਚਾਂ ਊਪਰ ਖਾਇ ॥੫੦੩॥
ਆਠ ਜਾਤ ਕੀ ਕ੍ਰਿਛ ਮਿਟਾਇ। ਮਿਟਤ ਪੀਰ ਜਾਨੋ ਸਤ ਭਾਇ।
ਰਸਰਤਨਾਕਰ ਭਾਖੀ ਏਹ। ਮੇਘ ਕਹਿਤ ਮੈ ਲਿਖੀ ਸੁ ਤੇਹ॥੫੦੪॥

੧੧੪੭-[ਮਾਰਿਆ] ਸੁੱਧ ਪਾਰਾ ਤੋਲਾ ੧, ਆਵਲੇਸਾਰ ਗੰਧਕ ਤੋਲੇ ੪, ਚੰਗੀ ਤਰ੍ਹਾਂ ਪੀਹਕੇ, ਜ਼ਰਦ ਰੰਗ ਦੀਆਂ ਕੌਡੀਆਂ ਵਿਚ ਭਰੇ, ਫਿਰ ਸੁਹਾਗਾ ਲੈਕੇ ਦੁਧ ਨਾਲ ਘੋਟ ਪੀਹਕੇ ਕੌਡੀਆਂ ਦੇ ਮੂੰਹ ਪਰ ਲੇਪ ਕਰ ਦੇਵੇ। ਓਨਾਂ ਕੌਡੀਆਂ ਨੂੰ ਹਾਂਡੀ (ਤੌੜੀ) ਵਿਚ ਪਾਕੇ ਮੂੰਹ ਹਾਂਡੀ ਦਾ ਲਿਪ ਦੇਵੇ ਉਸ ਹਾਂਡੀ ਨੂੰ ਚੁਲੇ ਪਰ ਚਾੜ੍ਹਕੇ ੧ ਪਹਰ ਅਗ ਦੇਵੇ। ਅਰ ਜਦ ਉਹ ਆਪ ਠੰਢੀ ਹੋ ਜਾਵੇ ਤਾਂ ਪੀਹ ਰਖੇ। ਉਸ ਵਿਚੋਂ ਫਿਰ ੪ ਰਤੀਆਂ ਘੇਉ ਨਾਲ ਖੁਲਾਕੇ ਪਿਛੋਂ ੧੯ ਕਾਲੀਆਂ ਮਿਰਚਾਂ ਚਬਾਵੇ ਤਾਂ ਅਠ ਹੀ ਪ੍ਰਕਾਰ ਦੀ ਮੂਤ੍ਰ ਕ੍ਰਿਛ ਨਾਸ ਕਰੇ, ਸਭ ਤਰ੍ਹਾਂ ਦੀ ਪੀੜ ਜਲਨ ਭੀ ਮਾਸ ਕਰਨੇ ਹਾਰ ਅਨੁਭਵ ਪ੍ਰਯੋਗ ਹੈ ॥੫੦੧ ਤੋਂ ੫੦੪॥

ਮੂਤ੍ਰ ਕ੍ਰਿਛ ਪਥ-ਚੌਪਈ

ਬਾਤੇ ਭਯੰਗ ਨਿਰੂਹਨਿ ਜਾਨ। ਬਸਤਿ ਸਨੇਹ ਅਵਗਾਹਨ ਠਾਨ।
ਉਤਰਿ ਬਸਤ ਸੇਕ ਅਵਿਗਾਹੀ। ਸਿਸਿਰ*ਪ੍ਰਦੇਹਾ ਜਾਨੋ ਆਹੀ॥੫੦੫॥
ਸਲੇਖਮ ਬਸਤਿ ਬਰੇਕ ਬਖਾਨੀ॥ਉਤਰ ਸ੍ਵੇਦ ਬਮਨਿ ਬਿਧਿ ਠਾਨੀ।
ਜਵ ਜਵਖਾਰ ਉਸਨ ਲੈ ਤੀਖਨ॥ ਪਿਤਰੋਗੁ ਸੀਤਲਕਰ ਈਖਨ॥੫੦੬॥

---

*ਪੁੰਡਰੀਆ-ਇਕ ਸੁਗੰਧੀਦਾਰ ਬ੍ਰਿਛ ਹੈ, ਪੱਤੇ ਹਰੇ ਫੂਲ ਬੈਂਗਨੀ ਰੰਗ ਦੇ ਤੇ ਲਕੜੀ ਇਸ ਦੀ ਪੀਲੀ ਹੁੰਦੀ ਹੈ. ਇਸ ਨੂੰ ਕਈ ਯੂਨਾਨੀ ਹਕੀਮ ਮਮੀਰਾ ਭੀ ਕਿਹਾ ਕਰਦੇ ਹਨ, ਕਮਲ ਦੀ ਜੜ੍ਹ ਅਰਥ ਕਰਨਾ ਅਗਜਾਨਤਾ ਹੈ, ਗਵਾਹੀ ਵਾਸਤੇ ਦੇਖੋ ਭਾ: ਪ੍ਰਕਾਸ਼ ਪ੍ਰਿ: ੧੯੦. ਆਯੁਰਵੇਦੀ ਕੋਸ਼, ਹੋਰ ਆਇਨਾ ਅਦਵੀਆਤ, ਅਰ ਨਿਰਮਲ ਕੋਸ਼। ਹਾਂ ਪੁੰਡਰੀਕ-ਨਾਮ ਤਾਂ ਕਮਲ ਦਾ ਹੀ ਹੈ।

*ਪ੍ਰਦੇਹਾ-ਲੇਪ, ਦੇਖੋ ਚਕਿਤਸਾ ਕੋਸ਼.

Digitized by Panjab Digital Library | www.panjabdigilib.org

ਤੀਨ ਦੋਖ ਅਭਯੰਗ ਬਤਾਇ। ਮੂਤ੍ਰ ਘਾਤ ਕਰਿ ਬਾਤ ਉਪਾਇ।
ਸੁਕ੍ਰ ਬੰਧਹਿ ਕਰੋ ਸਨੇਹ। ਸਿਲਾਜੀਤ ਮਾਖਿਕ ਤਿਸੁ ਦੇਹ ॥੫੦੭॥
ਚੂਰਨ ਸ੍ਵੇਦ ਕ੍ਰਿਯਾ ਅਭਯੰਗ। ਬਸਤ ਪੁਰੀਖ ਜੁ ਜਾਨੋ ਰੰਗ।
ਜੈਸਾ ਰੋਗ ਸੁ ਤੈਸ ਉਪਾਇ। ਕਹਤ ਮੇਘ ਮੈ ਦੀਆ ਬਤਾਇ॥੫੦੮॥

ਦਵੈਯਾ— ਲੋਹਤ ਚਾਵਲ ਤਕ੍ਰ ਪਥ, ਦਧਿ ਮੂਗਦ ਪਟੋਲਾ ਜਾਨੋ।
ਗੋਖਰੂ ਖਾਰਕੁ ਸੀਤਲ ਪਾਨੀ, ਔਰ ਕਪੂਰ ਬਖਾਨੋ।
ਨਾਰਕੇਲ ਅਰ ਤਾਲ ਸਿਰਸਿ ਏਹ,ਪੇਠਾ†ਤ੍ਰਯਪੁਖਗਾਈ।
ਏਲਾ ਪਥ ਬਖਾਨੇ ਕ੍ਰਿਛਹਿ, ਯਾਂ ਸੇਤੀ ਮਨ ਲਾਈ ॥੫੦੯॥

੧੧੪੮—ਬਾਤੋਂ ਹੋਏ ਮੂਤ੍ਰ ਕ੍ਰਿਛ ਵਿਖੇ ਤੇਲ ਮਲਨਾ, ਨਿਰੂਹਨਿ ਕਹੀਏ ਨਿਰੂਹ ਵਸਤੀ ਕਰੇ (ਜਿਸ ਵਿਚ ਦਵਾਈ ਭਰਕੇ ਪਿਚਕਾਰੀ ਲਾਈ ਜਾਂਦੀ ਹੈ)। ਸਨੇਹ ਬਸਤੀ (ਜਿਸ ਵਿਚ ਤੇਲ ਭਰਕੇ ਪਚਕਾਰੀ ਮਾਰੀਦੀ ਹੈ)। ਅਵਗਾਹਨ, ਗੋਤੇ ਮਾਰ ਮਾਰ ਸ਼ਨਾਨ ਕਰੌਣਾ। ਉਤਰ ਬਸਤੀ ਮੂਤ੍ਰ ਰਸਤੇ ਵਿਚ (ਪਿਚਕਾਰੀ ਕਰਨੀ) ਸੇਕਨਾ, ਗਰਮੀ ਹੋਇ ਤਾਂ ਜਲ ਵਿੱਚ ਤਰਾਨਾ, *ਠੰਢੇ ਲੇਪ ਕਰਨੇ ਕਫ ਕਰ ਹੋਏ ਕ੍ਰਿਛ ਵਿਖੇ (ਉਕਤ) ਬਸਤੀ ਵਿਧੀ ਕਰੇ, ਦਸਤ ਦੇਵੇ, ਇੱਟ ਨਾਲ ਸੇਕ ਕੇ ਪਸੀਨਾ ਦੇਣਾ, ਕੈ ਕਰਾਨਾ, ਜੌਂਖਾਰ, ਹੋਰ ਗਰਮ ਤੇ ਤੇਜ ਉਪਾਇ ਕਰਨੇ। ਪਿੱਤ ਕਰ ਹੋਇ ਤਾਂ ਠੰਢੇ ਯਤਨ ਇਸੇ ਤਰ੍ਹਾਂ ਕਰਨੇ। ਤ੍ਰਿਦੋਖ ਕਰ ਹੋਏ ਤਾਂ ਤੇਲ ਮਲਣੇ। ਮੂਤ੍ਰ ਘਾਤ ਨਾਲ ਮੂਤ੍ਰ ਕ੍ਰਿਛ ਹੋਵੇ ਤਾਂ ਬਾਤ ਵਾਲੇ ਯਤਨ ਕਰੇ। ਬੀਰਜ ਰੋਕਨੇ ਕਰ ਹੋਏ ਕ੍ਰਿਛ ਵਿਖੈ ਬਾਤ ਸੰਬੰਧ ਕ੍ਰਿਛ ਵਿੱਚ ਚੂਰਣ ਦੇਣੇ, ਪਸੀਨਾ ਦੇਣਾ, ਮਾਲਸ਼ ਕਰਨੀ। ਹੋਰ ਜੇਹਾ ਰੋਗ ਦੇਖੋ ਤੇਹਾ ਯਤਨ ਕਰਨਾ, ਖਾਣ ਵਾਸਤੇ ਲਾਲ ਚਾਵਲ,ਲੱਸੀ ਦਹੀਂ ਮੂੰਗੀ, ਪਟੋਲ ਸਾਗ, ਭੱਖੜਾ ਖਜੂਰਾਂ, ਸਰਦ ਪਾਣੀ, ਕਪੂਰ ਨਲਿਏਰ, ਤਾੜ ਦਾ ਸਿਰਾ, ਤਾੜਫਲ ਪੇਠਾ, ਖੀਰਾ ਅਰ ਏਲਾਚੀ ਇਹ ਸਭ ਪੱਥ ਹਨ ॥੫੦੯॥

ਕੁਪੱਥ—ਸ਼ੰਕਰ ਛੰਦ

ਸ੍ਰਮ ਮਦਯ ਗਜ ਅਸ੍ਵ ਪਾਨ ਲਵਨੰ,ਪਾਨ ਤੇਲ ਪਿਨਯਾਕ।
ਤਾਂਬੂਲ ਅੰਨ ਬਿਰੁਧ ਆਸਨ, ਬਿਖਮ ਰਾਮਠ ਸਾਕ।
ਏ ਸਰਬ ਸਾਕਾ ਰੂਖ ਅਮਲੰ, ਏ ਕੁਪੱਥ ਬਖਾਨ।
ਪਥਜਾਪਥ ਜੁ ਮਾਹਿ ਭਾਖੇ, ਮੇਘ ਮੈ ਇਹੈ ਆਨ ॥੫੧੦॥

੧੧੪੯—ਸ਼੍ਰਮ ਕਰਨਾ, ਸ਼ਰਾਬ ਪੀਣੀ, ਹਾਥੀ, ਘੋੜੇ ਸਵਾਰੀਆਂ ਪਰ ਚੜ੍ਹਨਾ, ਨਮਕੀਨ ਖਾਣੇ, ਤੇਲ ਦੇ ਪਦਾਰਥ, ਤਿਲਾਂ ਦਾ ਕੁੱਲਰ, ਪਾਨ ਚੱਚਣੇ, ਸਭ ਤਰ੍ਹਾਂ ਦੇ ਵਿਰੁਧ ਭੋਜਨ, ਹਿੰਗ, ਸਭਤਰ੍ਹਾਂ ਦਾ ਸਾਗ। ਇਹ ਸਭ ਸਾਗ ਖੁਸ਼ਕ ਅਰ ਖੱਟੇ ਹਨ, ਇਸਤੇ ਕੁਪੱਥ ਹਨ, ਨਾਂ ਖਾਵੇ ॥੫੧੦॥

---

†ਤ੍ਰਯਪੁਖ—ਖੀਰਾ ਹੈ, ਦੇਖੋ ਪਥਯਾਪਥ

Digitized by Panjab Digital Library | www.panjabdigilib.org

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘਰਾਜ ਬਿਰਚਤੇ ਬਾਤਰਕਤ, ਬਾਤਉਰੁਸਤੰਭ ਆਮਬਾਤ ਸੂਲ, ਉਦਾਬਰਤ, ਗੁਲਮ, ਹ੍ਰਿਦੇ ਰੋਗ, ਮੂਤ੍ਰ ਕ੍ਰਿਛ, ਪ੍ਰਮੁਖ ਨਾਮ ਸਪਤਮੋ ਧਿਆਇ ॥ ੭ ॥

ਸੱਤਵੇਂ ਧਜਾਯ ਸਮਾਪਤ

ਅਥ ਅਠਵਾਂ ਧਜਾਯ

ਦੋਹਰਾ—ਸਕਲ ਸਾਧ ਕੇ ਚਰਨ ਨਮਿ, ਅਰ ਗੁਰ ਕੇ ਪਗ ਬੰਦ।
ਕਹੋਂ ਧਿਆਇ ਅਬ ਆਠਮਾ, ਸਰਸੁਤਿ ਕਰਤ ਅਨੰਦ ॥ ੧ ॥

ਸਭ ਸੰਤਾਂ ਅਤੇ ਗੁਰਾਂ ਦੇ ਚਰਨਾਂ ਪਰ ਨਮਸ਼ਕਾਰ ਕਰਕੇ ਹੁਣ ਅੱਠਵਾਂ ਧਜਾਯ ਵਰਨਨ ਕਰਦਾ ਹਾਂ, ਜਿਸਤੇ ਸਰਸ੍ਵਤੀ ਆਨੰਦ ਕਰੇ ॥੧॥

ਅਥ ਮੂਤ੍ਰ ਘਾਤ (ਸੁਜ਼ਾਕ) ਨਿਦਾਨ—ਚੌਪਈ

ਮੂਤ੍ਰਘਾਤ ਤੇਰਾਂ ਹੈ ਨਾਮ। ਤੀਮ ਦੋਖ ਤੇ ਜਾਨੋ ਬਾਮ।
ਬੇਗ ਬਿਧਾਰਨ ਰੁਖਾ ਖਾਇ। ਮੂਤ੍ਰ ਘਾਤ ਇਨਤੇ ਹੋਇ ਜਾਇ ॥੨॥

ਮੂਤ੍ਰਘਾਤ (ਸੁਜ਼ਾਕ) ਤੇਰਾਂ ਪ੍ਰਕਾਰ ਦਾ ਹੈ ਇਹ ਸਭ ਤ੍ਰਿਦੋਖ ਦੇ ਵਿਗਾੜ ਤੇ ਹੀ ਹੁੰਦਾ ਹੈ। ਬੇਗਾਂ ਦਾ ਰੋਕਣਾ, ਖੁਸ਼ਕ ਖਾਣਾ, ਇਨ੍ਹਾਂ ਕਾਰਣਾਂ ਤੇ ਮੂਤ੍ਰਘਾਤ ਪੈਦਾ ਹੁੰਦਾ ਹੈ ॥੨॥

ਮੂਤ੍ਰ ਘਾਤ ਤੇਰਾਂ ਦੇ ਨਾਮ

ਬਾਤ ਕੁੰਡਲੀ ਬਿਯ ਅਸਟੀਲਕ। ਬਾਤ ਬਸਤਿ ਮੂਤ੍ਰਾਤੀਤ ਸਮੀਲਕ।
ਮੂਤ੍ਰ ਜਠਰ ਖਯ ਮੂਤ੍ਰ ਉਤ ਸੰਗ। ਮੂਤ੍ਰ ਗ੍ਰੰਥ ਬਿਟਿ ਘਾਤਸ ਅੰਗ ॥੩॥
ਸੁਕ੍ਰ ਮੂਤ੍ਰ ਸਾਦ ਬਖਾਨ। ਉਸਨ ਬਾਤ ਦ੍ਵਾਦਸ ਏ ਜਾਨ।
ਬਸਤਿ ਕੁੰਡਲੀ ਤੇਰਾਂ ਨਾਮ। ਸਾਰੰਗਧਰ ਨੈ ਰਾਖੋ ਆਮ ॥੪॥

੧ ਬਾਤ ਕੁੰਡਲੀ, ੨ ਅਸਟੀਲਕ, ੩ ਬਾਤਬਸਤੀ, ੪ ਮੂਤ੍ਰਘਾਤ, ੫; ਮੂਤ੍ਰਜਠਰ, ੬ ਮੂਤ੍ਰਖਯ, ੭ ਮੂਤ੍ਰੋਤਸੰਗ, ੩ ਮੂਤ੍ਰਗ੍ਰੰਥੀ, ੯ ਵਿਟਘਾਟ, ੧੦ ਮੂਤ੍ਰਸ਼ੁਕ੍ਰ, ੧੧ ਮੂਤ੍ਰਸਾਦ, ੧੨ ਉਸ਼ਨਬਾਤ ਤੇ ੧੩ ਬਸਤ ਕੁੰਡਲੀ, ਇਹ ਸਾਰੰਗਧਰ ਤੋਂ ਕਹੇ ਹਨ ॥੩॥੪॥

Digitized by Panjab Digital Library | www.panjabdigilib.org

ਤੇਰਾਂ ਪ੍ਰਕਾਰ ਮੂਤ੍ਰ ਘਾਤ ਦੇ ਲੱਛਣ

ਮੂਤ੍ਰਾਸੈ ਮਹਿ ਪਵਨ ਜੁ ਜਾਇ। ਪਾਛੈ ਮੂਤ੍ਰ ਕੁੰਡਲ ਜਿਮ ਬਾਇ।
ਮੂਤ੍ਰਾਸੈ ਕੋ ਪੀਰਾ ਕਰੈ। ਮੂਤ੍ਰ ਘਾਤ ਏ ਲਛਨ ਧਰੈ॥ ੫॥
ਪੀਰ ਸੰਗ ਮੂਤ੍ਰੈ ਛਿਨ ਛਿਨੈ। ਬਾਤ ਕੁੰਡਲੀ ਜਾਨੋ ਇਨੈ।
ਮੂਤ੍ਰਾਸੈ ਗੁਦ ਰੋਕੈ ਬਾਇ। ਅਸਟੀਲਕ ਲਛਨ ਬਤਲਾਇ॥੬॥
ਮੂਤਰ ਬਿਸਟਾ ਰੋਕਤ ਬਾਤ। ਮੂਤ੍ਰਾਸੈ ਕੁਖ ਪੀਰਤ ਸਾਤ।
ਮੂਤ੍ਰ ਬੇਗ ਮੂਤਰ ਹੋਇ ਬੱਧ। ਬਾਤ ਬਸਤਿ ਕਹਤੋ ਸਭ ਸਿੱਧ॥੭॥
ਮੰਦ ਮੰਦ ਮੂਤਰ ਜੋ ਕਰੈ। ਮੂਤ੍ਰ ਅਤੀਤ ਨਾਮ ਤਿਸ ਧਰੈ।
ਪੇਟ ਅਫਾਰਾ ਬੇਦਨ ਘਨੀ। ਮੂਤਰ ਜਠਰ ਜਾਨੀਓ ਭਨੀ॥੮॥
ਮੂਤ੍ਰਾਸੈ ਅਰ ਨਾਭਹਿ ਬਾਇ। ਰਕਤ ਸਹਿਤ ਸੋ ਮੂਤ ਕਰਾਇ।
ਸਨਿ ਸਨਿ ਮੂਤ੍ਰੈ ਪੀਰਾ ਕਰੈ। ਮੂਤਰ ਉਤ ਸੰਗਿ ਨਾਮ ਸੁ ਧਰੈ॥੯॥
ਪਿਤ ਬਾਤ ਮੂਤ੍ਰਾਸੈ ਰਹੈ। ਮੂਤ੍ਰਾਖਯ ਨੋ ਪੀਰਾ ਦਹੈ।
ਕਰਤ ਦਾਹ ਮੂਤਰ ਦੁਖ ਦੇਇ। ਸੋ ਮੂਤਰਖਯ ਨਾਮੁ ਕਹੇਇ॥੧੦॥
ਸੁਪਾਰੀ ਮੁਖ ਹੋਵੈ ਪੀਰ। ਪਥਰੀ ਵਤ ਇਕ ਗੰਠ ਸੁ ਬੀਰ।
ਮੂਤ੍ਰ ਗ੍ਰੰਥ ਹੋਇ ਦੁਖ ਦੇਇ। ਮੂਤਰ ਗ੍ਰੰਥ ਨਾਮ ਤਿਸੁ ਲੇਇ॥੧੧॥
ਮੂਤਰ ਤਿਰਛਾ ਭੂਰੈ ਰੰਗ। ਨਿਕਸਤ ਪੀਰ ਕਰਤ ਬਹੁ ਲਿੰਗ।
ਠੌਰ ਆਪਨੀ ਛੋਡੀ ਜਾਇ। ਮੂਤ੍ਰ ਸੁਕ੍ਰ ਇਮ ਕਹੀਏ ਸਾਇ॥੧੨॥
ਮਾਰਗ ਧੂਪੈ ਪਿਤ ਬਿਕਾਰ। ਪਵਨ ਸਹਿਤ ਮੂਤ੍ਰਾਸੈ ਧਾਰ।
ਕਸ਼ਟ ਸਹਿਤ ਮੂਤ੍ਰੈ ਜੋ ਕੋਇ। ਉਸਨ ਬਾਤ ਕਹੀਯਤ ਹੈ ਸੋਇ॥੧੩॥
ਕਫ ਪਿਤੈ ਕੋ ਬਾਤ ਸੰਘਟੈ॥ ਕਸਟ ਕਰੀ ਸੋ ਮੂਤਰ ਸਟੈ।
ਪੀਲਾ ਲਾਲ ਸ੍ਵੇਤ ਅਤਿ ਘਨਾ। ਦਾਹ ਸਹਿਤ ਮੂਤ੍ਰੈ ਸੋ ਭਨਾ॥੧੪॥
ਲਖਨ ਹੋਵੈ ਸੰਖ ਸੁ ਰੰਗ। ਐਸਾ ਮੂਤਰ ਸ੍ਵੇਤ ਸਮੰਗ।
ਸੋ ਤੇ ਮੂਤਰ ਸਾਦ ਕਹਾਵੈ। ਲਛਨ ਐਸੇ ਮੇਘ ਬਤਾਵੈ॥੧੫॥
ਮੂਤ ਮਿਲੈ ਬਿਸਟਾ ਕੇ ਸੰਗ। ਮੂਤ੍ਰੈ ਗੰਧ ਬਿਸ਼ਟ ਸਮ ਰੰਗ।
ਬਿਸਟ ਬਿਘਾਤ ਮੂਤ ਇਸ ਜੋਇ। ਰੂਖਾ ਖਾਵੈ ਤਾਂਤੇ ਹੋਇ॥੧੬॥

Digitized by Panjab Digital Library | www.panjabdigilib.org

ਮਾਰਗ ਸ੍ਰਮ ਉੱਦਮ ਅਰ ਚੋਟ। ਅਪਨੀ ਠੌਰ ਬਸਤ ਹੁਇ ਛੋਟ।
ਸੂਲ ਦਾਹ ਪੀਰਾ ਅਤਿ ਕਰੈ। ਕਸਟ ਸਹਿਤ ਮੂਤਰ ਜੋ ਨਿਕਰੈ ॥੧੭॥
ਮੂਤਰ ਸਹਿਤ ਬਿੰਦੁ ਜੋ ਬਿੰਦੁ। ਬਸਤ ਕੁੰਡਲੀ ਲਖੋ ਅਨੰਦੁ।
ਪਵਨ ਅਧਿਕ ਤੇ ਜਾਨ ਅਸਾਧ। ਪਿਤੈ ਸੂਰ ਬਿਬਰਨ ਬਿਆਧ ॥੧੮॥
ਕਫ ਅਧਿਕ ਤਿਸੁ ਭਾਰੀ ਅੰਗ। ਸੋਜ ਚੀਕਨਾ ਭਾਰੀ ਰੰਗ।
ਸੰਘਨਾ ਸ੍ਵੇਤ ਲਿੰਗ ਮੁਖ ਰੁਕੈ। ਸ ਧੈ ਬੈਦ ਤਊ ਨਾ ਚੁਕੈ ॥੧੯॥

(ਸ਼ਰੀਰ ਦੇ ਰੂਖਾਦਿ ਕਾਰਣ ਕਰਕੇ) ਮੂਤ੍ਰਾਸ਼ਯ ਵਿਖੇ ਪਵਨ ਧਸ ਜਾਵੇ। ਉਹ ਵਾਯੂ ਦੁਖਤ ਹੋਈ ਕੁੰਡਲੀ (ਗੋਲਾਕਾਰ) ਦੀ ਤਰ੍ਹਾਂ ਹੋਕੇ ਮੂਤ੍ਰਾਸਯ ਵਿਚ ਵਿਚਰੇ ਅਰ ਮੂਤ੍ਰਾਸ਼ਯ ਨੂੰ ਪੀੜਾ ਕਰੇ। ਉਸ ਕਰ ਮੂਤ੍ਰ ਘਾਤ ਅਰਥਾਤ ਥੋੜਾ ਥੋੜਾ ਵਾਰ ਵਾਰ ਉਤਰੇ, ਇਸ ਨੂੰ '੧ ਬਾਤ ਕੁੰਡਲੀ'' ਆਖਦੇ ਹਨ।

ਮੂਤ੍ਰਾਸ਼ਯ ਅਰ ਗੁਦਾ ਦੀ ਵਾਯੂ ਨੂੰ ਰੋਕਕੇ ਗੋਲਾ ਪੈਦਾ ਕਰ ਦੇਵੇ ਤਾਂ ਇਸਨੂੰ '੨ ਅਸ਼ੀਲਾ'' ਆਖਦੇ ਹਨ।

ਜੇੜ੍ਹਾ ਪੁਰਖ ਮੂਤ੍ਰ ਬਿਸ਼ਟਾ ਅਰ ਪੱਦ ਨੂੰ ਰੋਕਦਾ ਹੈ ਉਸਦੇ ਮੂਤ੍ਰਾਸ਼ਯ ਅਰ ਕੁੱਖਾਂ ਵਿਖੇ ਪੀੜਾ ਹੋਵੇ, ਉਸ ਦੇ ਮੂਤ੍ਰ ਦਾ ਮੂੰਹ ਬੰਦ ਹੋਕੇ ਮੂਤ੍ਰ ਦਾ ਬੇਗ ਰੁਕ ਜਾਂਦਾ ਹੈ, ਇਸ ਨੂੰ "੩ ਬਾਤਵਸਤੀ'' ਕਿਹਾ ਜਾਂਦਾ ਹੈ। ਇਹ ਕਸ਼ਟ ਸਾਧਯ ਹੈ।

ਚਿਰ ਤੱਕ ਮੂਤ੍ਰ ਰੋਕ ਰੱਖਣੇ ਤੇ ਛੇਤੀ ਨਹੀ ਉਤਰਦਾ, ਸਗੋਂ ਧੀਰੇ ਧੀਰੇ ਮੂਤਦਾ ਹੈ। ਇਸ ਦਾ ਨਾਮ "੪ ਮੂਤ੍ਰਾਤੀਤ'' ਹੈ।

ਮੂਤ੍ਰ ਦਾ ਬੇਗ ਰੋਕਣੇ ਤੇ ਪੇਟ ਵਿਖੇ ਅਫਾਰਾ, ਨਾਭੀ ਹੇਠ ਬਹੁਤ ਪੀੜਾ ਹੋਇ ਤਾਂ ਇਹ "੫ ਮੂਤ੍ਰ ਜਠਰ'' ਕਹਾਉਂਦਾ ਹੈ।

ਮੂਤ੍ਰਾਸ਼ਯ ਅਰ ਨਾਭੀ ਦੇ ਪਾਸ ਪੀੜਾ ਹੋਕੇ ਧੀਰੇ ਧੀਰੇ ਲਹੂ ਸਮੇਤ ਮੂਤ ਉਤਰੇ ਉਹ "੬ ਮੂਤ੍ਰੋਤਸੰਗ" ਨਾਮ ਹੁੰਦਾ ਹੈ।

ਪਿੱਤ ਅਰ ਵਾਯੂ ਮੂਤ੍ਰਸ਼ਯ ਵਿਚ ਜਾ ਪ੍ਰਵੇਸ਼ ਕਰੇ, ਮੂਤ੍ਰਖਯ, ਪੀੜਾ, ਸੜਨ ਦੇ ਦੁਖਣੂਤ੍ਰਾ ਕਰੇ, ਉਹ "੭ ਮੂਤ੍ਰਖਯ'' ਨਾਮ ਕਿਹਾ ਜਾਂਦਾ ਹੈ।

ਸੁਪਾਰੀ ਦੇ ਮੂੰਹ ਪਰ ਪੀੜ ਹੋਵੇ, ਪਥਰੀ ਵਾਂਗ ਕਰੜੀ ਮੂਤ੍ਰ ਦੀ ਇਕ ਗੰਢ ਹੋ ਜਾਵੇ ਅਰ ਦੁਖੇ, ਉਸ ਨੂੰ "੮ ਮੂਤ੍ਰਗ੍ਰੰਥੀ'' ਬੋਲਦੇ ਹਨ।

ਮੂਤ੍ਰ ਦਾ ਬੇਗ ਰੋਕ ਕੇ ਇਸਤ੍ਰੀ ਸੰਗ ਕਰੇ ਤਾਂ ਮੂਤ੍ਰ ਤਿਰਛਾ ਭੂਰੇ ਰੰਗਾ ਨਿਕਲਦਾ, ਲਿੰਗ ਵਿਖੇ ਬਹੁਤੀ ਪੀੜਾ ਕਰੇ, ਆਪਣਾ ਰਸਤਾ ਛੱਡ ਕੇ ਦੂਸਰੇ ਰਸਤੇ ਨਿਕਲੇ। ਇਸ ਨੂੰ "੯ ਮੂਤ੍ਰਸ਼ੁਕ੍ਰ'' ਪੁਕਾਰਿਆ ਜਾਂਦਾ ਹੈ।

ਬਹੁਤਾ ਰਸਤੇ ਚਲਨੇ, ਧੁੱਪੇ ਫਿਰਨੇ ਕਰ ਪਿੱਤ ਕ੍ਰੋਧਿਤ ਹੋ ਜਾਵੇ ਤਾਂ ਵਾਯੂ ਨਾਲ ਮਿਲਕੇ ਮੂਤ੍ਰਾਸ਼ਯ ਵਿਖੇ ਜਾ ਠਹਿਰੇ। ਸੋ ਕਸ਼ਟ ਨਾਲ ਦਾਹ ਸਮੇਤ ਮੂਤਰੇ। ਇਸ ਨੂੰ "੧੦ ਉਸ਼ਨਬਾਤ'' ਆਖਦੇ ਹਨ।

ਕਫ ਪਿੱਤ ਯਾ ਕਫ ਬਾਤ ਮਿਲਾਕੇ ਰਹੇ ਤਾਂ ਪੀਲਾ, ਲਾਲ, ਚਿੱਟਾ ਅਰ ਗਾੜ੍ਹਾ, ਦਾਹ ਸਮੇਤ ਮੂਤ੍ਰੇ। ਉਹ ਧਰਤੀ ਪਰ ਮੂਤਿਆ, ਗਰੋਚਨ ਤੇ ਸੰਖ ਦੇ ਚੂਨੇ ਜੇਹਾ ਸਫੈਦੀ ਮਿਲਿਆ ਜਾਪੇ। ਇਸ ਨੂੰ "੧੧ ਮੂਤ੍ਰਸਾਦ'' ਆਖਦੇ ਹਨ।

Digitized by Panjab Digital Library | www.panjabdigilib.org

ਰੁੱਖੇ (ਖੁਸ਼ਕ) ਪਦਾਰਥ ਖਾਣ ਵਾਲਿਆਂ ਦੇ ਵਾਯੂ ਕ੍ਰੋਧਿਤ ਹੋਕੇ ਮੂਤ੍ਰ ਨੂੰ ਬਿਸ਼ਟਾ ਨਾਲ ਮਿਲਾ ਦੇਵੇ, ਉਸ ਮੂਤ੍ਰ ਵਿਚੋਂ ਬਿਸ਼ਟੇ ਜੇਹੀ ਗੰਧ ਆਵੇ ਇਹ "੧੨ ਬਿਸ਼ਟਵਿਘਾਤ" ਕਿਹਾ ਜਾਂਦਾ ਹੈ।

ਰਸਤੇ ਵਿਖੇ ਉੱਦਮ ਨਾਲ ਬਹੁਤਾ ਦੌੜਨੇ ਦੇ ਸ੍ਰਮ ਕਰਕੇ, ਚੋਟ ਦੇ ਲੱਗ ਜਾਣ ਨਾਲ, ਆਪਣੇ ਸਥਾਨ ਪਰ ਬਸਤੀ ਛੋਟੀ ਹੋ ਜਾਵੇ ਤਾਂ ਸੂਲ, ਦਾਹ (ਸੜਨ) ਤੇ ਪੀੜਾ ਬਹੁਤੀ ਹੋਵੇ। ਤਦ ਜੇੜ੍ਹਾ ਮੂਤ੍ਰ ਉਤਰੇ ਉਹ ਕਸ਼ਟ ਨਾਲ (ਪਰ ਦਬੋਣ ਨਾਲ) ਬੂੰਦ ਬੂੰਦ ਟਪਕੇ ਇਸਨੂੰ "੧੩ ਬਸਤ ਕੁੰਡਲੀ" ਕਿਹਾ ਜਾਂਦਾ ਹੈ।

ਜਿਸ ਵਿੱਚ ਪਵਨ ਦੀ ਅਧਿਕਤਾ ਹੈ ਉਹ ਅਸਾਧਯ ਹੈ। ਪਿੱਤ ਅਧਿਕ ਹੋਵੇ ਤਾਂ ਸੂਲ ਹੋਵੇ ਅਰ ਮੂਤ੍ਰ ਦਾ ਰੰਗ ਬੂਰਾ ਹੁੰਦਾ ਹੈ, ਜੇ ਕਫ ਦੀ ਅਧਿਕਤਾ ਹੋਵੇ ਤਾਂ ਅੰਗਾਂ ਵਿਖੇ ਭਾਰੀਪਨਾ, ਸੋਜ਼ਾ ਅਰ ਮੂਤ੍ਰ ਦਾ ਭਾਰੇ ਰੰਗ ਦਾ, ਚੀਕੁਣਾ, ਗਾੜ੍ਹਾ, ਸਫੇਦ ਹੋਵੇ ਅਰ ਲਿੰਗ ਦੇ ਮੂੰਹ ਰੁਕਾਵਟ ਰਹੇ, ਇਸ ਰੋਗ ਨੂੰ ਵੈਦ ਹੀ ਸਾਧ ਸਕਦਾ ਹੈ, ਕਯੋਂਕਿ ਇਸ ਵਿਖੇ ਵਾਯੂ ਦੀ ਪ੍ਰਧਾਨਤਾ ਹੋਣ ਕਰਕੇ ਅਨਜਾਣ ਵੈਦ ਨਹੀਂ ਸਿੱਧ ਕਰ ਸਕਦਾ ॥੫ ਤੋਂ ੧੯॥

ਤੇਰਾਂ ਮੂਤ੍ਰਘਾਤ ਉਪਾਇ—ਚੌਪਈ

ਪਤ੍ਰ ਮੂਲ ਗੋਖਰ ਸਰਬੰਗ। ਕ੍ਵਾਥ ਕਰੀ ਮਧੁ ਮਾਹਿ ਜੁ ਅੰਗ।
ਸਿਤਾ ਮੇਲਿ ਪੀਵਤ ਪਰਭਾਤ। ਮੂਤਰ ਘਾਤ ਸੁਜਾਕ ਸੁ ਘਾਤ ॥੨੦॥

੧੧੫੦—ਪੱਤ੍ਰ ਸਮੇਤ ਸਾਰਾ ਹੀ ਭੱਖੜਾ ਲੈਕੇ ਕਾੜ੍ਹਾ ਕਰੇ, ਸ਼ਹਿਤ ਅਰ ਮਿਸਰੀ ਪਾਕੇ ਪ੍ਰਾਤਾ-ਕਾਲ ਪੀਵੇ ਤਾਂ ਸੁਜ਼ਾਕ ਨਾਸ ਹੋਵੇ ॥੨੦॥

ਦੋਹਰਾ—ਸੀਸ ਮੂੰਡ ਆਛਾ ਕਰੋ, ਜਲ ਸੋਂ ਲੇਪ ਕਪੂਰ।
ਮੂਤਰ ਰੋਧ ਸੁਜਾਕ ਸਭ, ਮੂਤ੍ਰ ਘਾਤ ਕੋ ਚੂਰ ॥ ੨੧ ॥

੧੧੫੧—ਲਿੰਗ ਦਾ ਸਿਰ ਮੁੰਨਕੇ ਭਾਵ ਪਾਕੀ ਕਰਕੇ ਅੱਛਾ ਸਥਾਨ ਸਾਫ਼ ਕਰ ਲਵੇ ਅਰ ਜਲ ਨਾਲ ਮੁਸਕਪੂਰ ਦਾ ਲੇਪ ਕਰ ਦੇਵੇ ਤਾਂ ਮੂਤ੍ਰ ਦੀ ਰੁਕਾਵਟ, ਸੁਜਾਕ ਸਭ ਤਰ੍ਹਾਂ ਦਾ ਦੁਖਣਾ ਨਾਸ ਹੋਵੇ ॥੨੧॥

(ਪਰੰਤੂ ਭਾਵ ਪ੍ਰਕਾਸ਼ ਅਰ ਵੰਗਸੇਨ ਵਿਚ ਬਤੀ ਲਿੰਗ ਦੇ ਛੇਕ ਵਿਚ ਦੇਣੀ ਕਹੀ ਹੈ) ਕਈ ਆਦਮੀ ਦਾ ਸੀਸ ਮੁੰਨ ਦਿੰਦੇ ਹਨ।

ਕਟੁ ਪਿਨਜਾਕ ਨਿਸ ਭੇਮਕੈ, ਪ੍ਰਾਤ ਨਿਤਾਰੀ ਨੀਰ।
ਪੀਵਤ ਰੋਗੀ ਪਲ ਜੁਗਮ, ਮਿਟਤ ਸੁਜਾਕਹਿ ਪੀਰ ॥ ੨੨ ॥

੧੧੫੨—ਕੌੜੀ ਤੋਰੀ ਰਾਤ ਨੂੰ ਭਿਉਂਕੇ ਦਿਨੇ ਪਾਣੀ ਨਿਤਾਰਕੇ ਦੋ ਪਲ ਭਾਵ ੮ ਤੋਲੇ ਪੀਵੇ ਤਾਂ ਸੁਜਾਕ ਦੀ ਪੀੜ ਮਿਟਾਵੇ ॥੨੨॥

(ਵੰਗਸੇਨਾਤ)—ਚੌਪਈ

ਚਿਤ੍ਰਕ ਮੇਲ ਸਤਾਵਰ ਆਨ। ਕੋਕਲਾਖ ਅਰ ਕੌਚ ਬਿਜਾਨ।
ਰੋਹਨਿ ਗੋਖਰੂ ਸੇਲਾ ਬ੍ਰਿਧ। ਪੀਸੀ ਚੂਰਨ ਇਨ ਕਾ ਕਿਧ ॥੨੩॥

Digitized by Panjab Digital Library | www.panjabdigilib.org

ਅਖਤ ਜਲ ਸੋ ਪੀਵੋ ਏਹ। ਮੂਤ੍ਰ ਘਾਤ ਕਾ ਨਾਸ ਕਰੇਹ।
ਰੋਗ ਕ੍ਰਿਛ ਅਰ ਮਿਟਤ ਸੁਜਾਕ। ਬੰਗਸੈਨ ਕੇ ਜਾਨੋ ਬਾਕ ॥੨੪॥

੧੧੫੩–ਚਿਤ੍ਰਾ ਸਤਾਵਰ, ਤਾਲਮਖਾਣਾ, ਕੌਂਚਬੀਜ ਕੁਟਕੀ, ਭਖੜਾ ਅਰ ਬੜੀ ਇਲਾਚੀ ਪੀਹਕੇ ਚੂਰਣ ਕਰੇ, ਚਾਵਲਾਂ ਦੇ ਜਲ ਨਾਲ (੪ ਮਾਸੇ) ਪੀਣ ਨੂੰ ਦੇਵੇ ਤਾਂ ਮੂਤ੍ਰਘਾਤ ਨਾਸ ਕਰੇ। ਮੂਤ੍ਰ ਕ੍ਰਿਛ ਦੇ ਨਾਸ ਕਰਨ ਹਾਰੀ ਭੀ ਹੈ ।।੨੩।।੨੪।।

ਦੋਹਰਾ—**ਮੋਰ ਸਿਖਾ ਕਾ ਮੂਲ ਲੈ, ਬਚ ਪਯ ਸੰਗ ਪਿਲਾਇ।**
ਮੂਤ੍ਰ ਘਾਤ ਤੇਰਾਂ ਮਿਟਤ, ਰੋਗੁ ਸੁਜਾਕ ਮਿਟਾਇ ॥ ੨੫ ॥

੧੧੫੪–*ਸਲਿਆਰੇ ਦੀ ਜੜ੍ਹ ਤੇ ਵਚ ਇਨ੍ਹਾਂ ਨੂੰ ਦੁਧ ਨਾਲ ਪੀਵੇ, ਤਾਂ ਮੂਤ੍ਰਘਾਤ ਤੇਰਾਂ ਪ੍ਰਕਾਰ ਦਾ ਮਿਟੇ, ਸੁਜਾਕ ਦੇ ਮਿਟਾਨ ਵਾਲਾ ਇਹ ਪ੍ਰਯੋਗ ਕਿਹਾ ਗਿਆ ਹੈ ॥੨੫॥

ਰਸੁ ਕੰਟਾਰੀ ਮਧੁ ਸਹਿਤ, ਸਿਤਾ ਮਿਲਾਈ ਪੀਯ।
ਮੂਤ੍ਰ ਘਾਤ ਸੁਜਾਕ ਮਿਟ, ਬਹੁ ਸੁਖ ਪਾਵਤ ਜੀਯ ॥੨੬॥

੧੧੫੫–ਕੰਡਿਆਰੀ ਦਾ ਰਸ ਕਢਕੇ ਸ਼ਹਤ ਅਰ ਮਿਸਰੀ ਪਾਇ ਪੀਵੇ ਤਾਂ ਸੁਜ਼ਾਕ ਜਾਵੇ ਅਰ ਸੁਖ ਪ੍ਰਾਪਤ ਕਰੇ ॥੨੬॥

ਚੌਪਈ

ਸਿਤਾ ਦਾਖ ਅਰੁ ਕੌਚ ਮੰਗ ਇ। ਇਖ ਰਸਾ ਪੀਪਰ ਸਮ ਪਾਇ।
ਕਰਖ ਏਕ ਚੂਰਨ ਪਯ ਸੰਗ। ਮੂਤ੍ਰ ਘਾਤ ਤੇਰਾਂ ਈ ਭੰਗ ॥੨੭॥

੧੧੫੬–ਮਿਸਰੀ, ਮੁਣੱਕਾ, ਕੌਂਚ ਬੀਜ, ਗੰਨੇ ਦਾ ਰਸ, ਅਰ ਮਘਾਂ ਸਸਾਨ ਭਾਗ ਲੈਕੇ ਪੀਹੇ ਅਰ ਫਿਰ ੧ ਤੋਲਾ ਚੂਰਣ ਦੁਧ ਨਾਲ ਲਵੇ ਤਾਂ ਤੇਰਾਂ ਪ੍ਰਕਾਰ ਦਾ ਮੂਤ੍ਰ ਘਾਤ ਨਾਸ ਕਰੇ ॥੨੭॥

ਦੋਹਰਾ

ਚਿਰਿਯਾ ਬਿਠੁ ਲੈ ਸ੍ਵੇਤ ਹੀ, ਕਲਮੀ ਸ਼ੋਰਾ ਆਨ।
ਬਾਟੀ ਜਵ ਸਮ ਨੀਰ ਸੋ, ਲਿੰਗ ਬਦਨ ਮਹਿ ਠਾਨ ॥੨੮॥
ਖਰੁ ਲੇਪੋ ਇਹ ਲਿੰਗ ਪਰ, ਮਿਟਤ ਲਿੰਗ ਕੀ ਦਾਹ।
ਮੂਤ੍ਰਘਾਤ ਅਰੁ ਰੋਧ ਸਭ, ਰੋਗ ਸੁਜਾਕ ਮਿਟਾਹਿ ॥ ੨੯ ॥

੧੧੫੭–ਚਿੜੀਆਂ ਦੀ ਚਿਟੀ ਵਿਠ, ਕਲਮੀ ਸ਼ੋਰਾ ਪਾਕੇ ਵਟੀ ਬਣਾਇ ਲਿੰਗ ਦੇ ਛੇਕ ਵਿਚ ਦੇਵੇ ਅਰ ਇਸੇ ਦਾ ਹੀ ਉਪਰ ਲੇਪ ਕਰੇ, ਤਾਂ ਲਿੰਗ ਦੀ ਸੜਨ, ਮੂਤ੍ਰ, ਘਾਤ ਮੂਤ੍ਰ ਦੀ ਰੋਕ ਅਰ ਸਭ ਨਾਸ ਕਰੇ ॥ ੨੮ ॥ ੨੯ ॥

---

*ਮੋਰਸਿਖਾ–ਦੇਸੀ ਭਾਖਾ ਮੋਰਵੇਲ, ਫ਼ਾਰਸੀ ਵਿਚ 'ਸਸਨਾਨੇ ਅਸਲਾਨ' ਬੋਲਦੇ ਹਨ ਪਰੰਤੂ ਫਿਰ ਭੀ ਦੁਬਦਰਪਣ ਵਿਚ ਮੋਰਸਿਖਾ ਏਥੇ ਸਲਿਆਰੇ ਦਾ ਅਰਥ ਕੀਤਾ ਹੈ, ਜੋ ਵਾਸਤਵ ਵਿਚ ਅਜੇਹੇ ਪ੍ਰਯੋਗ ਵਿਚ ਉਪਜੋਗੀ ਸਲਿਆਰਾ ਹੀ ਹੈ।

Digitized by Panjab Digital Library | www.panjabdigilib.org

ਲੇਪ–ਦੋਹਰਾ

ਚੰਦਨ ਸ੍ਵੇਤ ਮੰਗਾਇਕੈ, ਘਸੋ ਨੀਰ ਕੇ ਸੰਗ।
ਲੇਪ ਲਿੰਗ ਪਰ ਕੀਜੀਏ, ਲਿੰਗ ਦਾਹ ਸਭ ਭੰਗ ॥੩੦॥

੧੧੫੮–ਚਿਟਾ ਚੰਦਨ ਲੈਕੇ ਜਲ ਨਾਲ ਘਿਸਾ ਕੇ ਲਿੰਗ ਪਰ ਲੇਪ ਕਰੇ, ਦਾਹ ਸੁਜਾਕ ਸਭ ਜਾਵੇ ॥੩੦॥

ਧਾਤ੍ਰੀ ਫਲ ਅਰੁ ਗੋਖਰੂ, ਕਲਕ ਕਰੀ ਗੁੜ ਪਾਇ।
ਉਸਨ ਸੀਤ ਕਛ ਪੀਜੀਏ, ਮੂਤਰ ਘਾਤ ਮਿਟਾਇ ॥੩੧॥

੧੧੫੯–ਆਵਲੇ ਤੇ ਭਖੜਾ ਘੋਟਕੇ ਕਲਕ ਕਰੇ ਅਰ ਵਿਚ ਗੁੜ ਪਾਕੇ ਸੀਤ ਗਰਮ ਕਰਕੈ ਪੀਵੇ ਤਾਂ ਮੂਤ੍ਰ ਘਾਤ ਨਾਸ ਕਰੇ ॥ ੩੧ ॥

ਅਰਨੀ ਸੁੰਠੀ ਸਿਗ੍ਰੂ ਲੈ, ਗੋਖਰੁ ਪਾਹਨਭੇਦ।
ਪਥਯਾ ਗਿਰਦ ਨਲੀ ਗਹੋ, ਬਰੁਨਾ ਸਭ ਸਮ ਦੇਦਿ ॥੩੨॥
ਕਲਕ ਕਰੀ ਹਿੰਗੁ ਲਵਨ ਲੈ, ਪੀਸੀ ਦੈ ਭੁਰਕਾਇ।
ਮੂਤ੍ਰ ਘਾਬ ਪਥਰੀ ਜੁ ਕ੍ਰਿਛ, ਲਿੰਗ ਸੂਰ ਮਿਟ ਜਾਇ ॥੩੩॥

੧੧੬੦–ਅਰਣੀ, ਸੁੰਢ, ਸੁਹਾਂਝਣਾ, ਭਖੜਾ, ਪਖਾਣ ਭੇਦ ਹਰੜ, ਅਮਿਲਤਾਸ ਅਰ ਬਰੁਣੇ ਦੀ ਦੀ ਛਿੱਲ ਸਭੇ ਸਮਾਨ ਲੈਕੇ ਕਲਕ ਬਣਾਵੇ, ਉੱਪਰ ਹਿੰਗ ਅਰ ਲਸਨ ਬਰੂਰਕੇ ਪੀਵੇ ਤਾਂ ਮੂਤ੍ਰਘਾਤ, ਪਥਰੀ, ਮੂਤਕ੍ਰਿਛ ਤੇ ਲਿੰਗ ਦਾ ਸੂਲ ਨਾਸ ਕਰੇ ॥ ੩੨ ॥ ੩੩ ॥

ਮੂਤ੍ਰਘਾਤ (ਸੁਜ਼ਾਕ)ਉਪਾਇ–ਦੋਹਰਾ

ਖੀਰਾ ਬੀਜ ਜੁ ਕੱਥ ਲੈ, ਦੋਨੋਂ ਪੀਸ ਘੁਟਾਇ।
ਦਸ ਮਾਸੇ ਨਿੱਤ ਪੀਜੀਏ, ਸੁਜਾਕ ਰੋਗ ਮਿਟ ਜਾਇ ॥੩੪॥

੧੧੬੧–ਖੀਰੇ ਦੇ ਬੀਜ ਤੇ ਕੱਥ ਦੋਹਾਂ ਨੂੰ ਘੋਟਕੇ ਦੋਹਾਂ ਦਾ ਪ੍ਰਮਾਣ ੧੦ ਮਾਸੇ ਹੋਵੇ ਇਉਂ ਸਰਦਾਈ ਪੀਵੇ ਤਾਂ ਸੁਜ਼ਾਕ ਜਾਂਦਾ ਹੈ ॥ ੩੪ ॥

ਚੌਪਈ

ਰੂਮੀ ਮਸਤਕਿ ਮੇਲ ਸਲਿਆਰਾ। ਸਤਾਵਰ ਤਾਹੀ ਸਮ ਡਾਰਾ।
ਆਨ ਮੂਸਲੀ ਦਖਨ ਦੇਸੀ। ਚਾਰੋਂ ਕੇ ਸਮ ਮਿਸਰੀ ਲੇਸੀ ॥੩੫॥
ਕਰਖ ਏਕ ਗੋ ਦੂਧੈ ਸੰਗ। ਕਾਚਾ ਦੂਧ ਜਾਨੀਓਂ ਅੰਗ,।
ਮੂਤ੍ਰ ਘਾਤ ਰੋਗੁ ਸੁਜ਼ਾਕ। ਜਾਵਤ ਤਿੱਬ ਤਨੋ ਇਹ ਬਾਕ ॥੩੬॥

੧੧੬੨–ਰੂਮੀਮਸਤਕੀ, ਸਲਿਆਰਾ, ਸਲਾਵਰ ਤੇ ਦੱਖਣੀ ਮਸੂਲੀ, ਇਨ੍ਹਾਂ ਚੌਹਾਂ ਦੇ ਬਰਾਬਰ ਦੀ ਮਿਸ਼ਰੀ ਪਾਕੇ ੧ ਤੋਲਾਂ ਕੱਚੇ ਦੂੱਧ ਨਾਲ ਲਵੇ ਤਾਂ ਮੂਤ੍ਰਘਾਤ ਅਜ ਸੁਜਾਕ ਨਾਸ਼ ਕਰੇ, ਇਹ ਤਿੱਬ ਦੇ ਵਚਨ ਹਨ ॥ ੩੫ ॥ ੩੬ ॥

Digitized by Panjab Digital Library | www.panjabdigilib.org

ਦੋਹਰਾ

ਲੈ ਨਿਸ਼ਾਸਤਾ ਕਣਕ ਕਾ, ਪੈਸੇ ਚੌਦਾਂ ਮਾਨ।
ਚੌਦਾਂ ਪੈਸੇ ਕਮਰਕਸ, ਸ਼ੋਰਾ ਪੰਚ ਸੁ ਠਾਨ ॥੩੭॥
ਪੁੰਗੀਫਲ ਕਾਠੇ ਗਹੋ, ਪੈਸੇ ਸਾਤ ਤੁਲਾਇ।
ਲਘੁ ਏਲਾ ਪਲੁ ਏਕ ਲੈ, ਸਕਲ ਪੀਸ ਛਨਵਾਇ॥੩੮॥
ਸਿਰਸਾਹੀ ਨਿਤ ਖਾਈਏ, ਕਾਯਾਂ ਨਿਰਮਲੁ ਹੋਇ।
ਮੂਤ੍ਰ ਕ੍ਰਿਛ ਸੁਜਾਕ ਸਭ, ਮੂਤ੍ਰਘਾਤ ਦੁਖ ਖੋਇ ॥੩੯॥
ਪ੍ਰਾਤਕਾਲ ਸੰਧਯਾ ਸਮੈ, ਖਾਵਤ ਦੋਨੋਂ ਕਾਲ।
ਕੱਚੀ ਲੱਸੀ ਸੋ ਭਖੋ, ਵਾ ਗੋ ਪਯ ਕੇ ਨਾਲ ॥੪੦॥
ਹੋਇ ਪੁਰਾਤਨ ਰੋਗ ਜੌ, ਤੌ ਲੱਸੀ ਕੈ ਸੰਗ।
ਤੁਰਤ ਰੋਗ ਗੋ ਦੂਧ ਸੋ, ਰੋਗ ਸੁਜਾਕੈ ਭੰਗ ॥੪੧॥

੧੧੯੩–ਕਣਕਦਾ ਨਿਸਾਸਤਾ ੧੪ ਪੈਸੇ ਭਰ, ਕਮਰਕਸ ੧੪ ਪੈਸੇ ਭਰ, ਸ਼ੋਰਾ ੫ ਪੈਸੇ ਭਰ, ਕਾਠੀਆਂ ਸੁਪਾਰੀਆਂ ੭ ਪੈਸੇ ਭਰ, ਛੋਟੀ ਇਲਾਚੀ ੪ ਤੋਲੇ ਲਵੇ ਤੇ ਸਭਨਾਂ ਨੂੰ ਕੁੱਟ ਪੀਹ ਛਾਣ ਕੇ ੨। ਤੋਲੇ ਕੱਚੀ ਲੱਸੀ ਯਾ ਗੋਕੇ ਦੁੱਧ ਨਾਲ ਦੋਨੋਂ ਵਕਤ ਛਕੇ ਤਾਂ ਮੂਤ੍ਰਕ੍ਰਿਛ, ਸੁਜ਼ਾਕ ਸਭ ਨੂੰ ਨਾਸ ਕਰੇ ਅਰ ਕਾਯਾਂ ਨਿਰਮਲ ਕਰੇ। ਪਰੰਤੂ ਭੇਦ ਇਤਨਾ ਹੈ ਕਿ ਜੇ ਪੁਰਾਣਾ ਰੋਗ ਹੋਵੇ ਤਾਂ ਲੱਸੀ ਕੱਚੀ ਨਾਲ ਤਾਜਾ ਰੋਗ ਹੋਵੇ ਤਾਂ ਦੁੱਧ ਨਾਲ ਸੇਵਨ ਕਰੇ ॥ ੩੭ ਤੋਂ ੪੧ ॥

ਚੌਪਈ

ਕੇਸੂ ਸ਼ੋਰਾ ਗੋਖਰੁ ਆਨ। ਜਵਾਖਾਰ ਏਲਾ ਖਸ ਠਾਨ।
ਸੰਖਾਹੇਲੀ ਔ ਮੂਲੀ ਤਾਲ। ਸਮ ਸਭ ਪੀਸੀ ਮਿਸਰੀ ਘਾਲ ॥੪੨॥
ਟੰਕ ਤੀਨ ਉਠ ਪ੍ਰਾਤਹਿ ਖਾਇ। ਊਪਰ ਲੱਸੀ ਕੱਚੀ ਪਾਇ।
ਸੁਜਾਕ ਰੋਗੁ ਅਰੁ ਮੂਤ੍ਰ ਘਾਤ। ਸਾਤ ਦਿਵਸ ਮੈ ਦੋਨੋ ਜਾਤ ॥੪੩॥

੧੧੯੪–ਕੇਸੂ, ਸੋਰਾ ਭੱਖੜਾ, ਜੌਂਖਾਰ, ਇਲਾਚੀ, ਖੱਸ, ਸੰਖਾਹੋਲੀ (ਭੇਂੜਭੜੰਗ) ਤੇ ਤਾਲਮੂਲੀ ਸਮ ਅਰ ਸਭਨਾਂ ਦੇ ਸਮਾਨ ਮਿਸ਼ਰੀ ਪਾਕੇ ਬਾਰਾਂ ਕੁ ਮਾਸੇ ਤੱਕ ਨਿੱਤ ਖਾਕੇ ਉੱਪਰੋਂ ਕੱਚੀ ਲੱਸੀ ਪੀਵੇ। ਸੁਜ਼ਾਕ, ਮੂਤ੍ਰਘਾਤ ੭ ਦਿਨ ਵਿੱਚ ਗਵਾਵੇ ॥ ੪੨ ॥ ੪੩ ॥

ਸੋਰਠਾ– ਰਾਲ ਆਨਕੇ ਪੀਸ, ਕਰਖ ਏਕ ਲੈ ਖਾਈਏ।
ਕੱਚੀ ਲੱਸੀ ਦੀਸ, ਰੋਗੁ ਜੋ ਮਿਟਤ ਸੁਜਾਕ ਕਾ ॥੪੪॥

੧੧੯੫-ਰਾਲ ਬ੍ਰੀਕ ਪੀਹਕੇ ੧ ਤੋਲਾ ਕੱਚੀ ਲੱਸੀ ਨਾਲ ਫੱਕੇ ਤਾਂ ਸੁਜ਼ਾਕ ਮਿਟਾਵੇ ॥੪੪॥

ਚੌਪਈ

Digitized by Panjab Digital Library | www.panjabdigilib.org

ਲਘੁ ਦੂਧੀ ਆਨੀ ਨੈ ਘੋਟ। ਰਸਾ ਛਾਨਕੇ ਫੇਕ ਸੁ ਛੋਟ।
ਸਾਤ ਦਿਵਸ ਲੈ ਮੂਤ੍ਰ ਜੁ ਘਾਤ। ਰੋਗ ਸੁਜਾਕ ਸਭੀ ਨਸ ਜਾਤ ॥੪੫॥

੧੧੬੬–ਛੋਟੀ ਦੋਧਕ ਲੈਕੇ ਘੋਟਕੇ ਰਸਾ ਛਾਣਕੇ ਜਲ ਪਾਇ ੭ ਦਿਨ ਪੀਵੇ, ਸੁਜ਼ਾਕ ਨਾਸ਼ ਕਰੇ ॥ ੪੫ ॥

ਮਾਟੀ ਗਾਜਨਿ ਪਲ ਅਧ ਆਨ। ਰਾਤ ਭਿਗੋਈ ਉਸੈ ਜੁ ਠਾਨ।
ਪ੍ਰਾਤਹਿ ਘੋਟ ਸਿਤਾ ਬਿਚ ਪਾਇ। ਦੇਵੋ ਰੋਗੀ ਤੁਰਤ ਪਿਲਾਇ ॥੪੬॥
ਸਾਤ ਦਿਵਸ ਚੌਦਾਂ ਲੈ ਕਰੋ। ਮੂਤ੍ਰ ਘਾਤ ਕੀ ਪੀਰਾ ਹਰੋ।
ਰੋਗੁ ਸੁਜਾਕ ਸਭੀ ਮਿਟ ਜਾਇ। ਮੂਤ੍ਰ ਕ੍ਰਿਛਕਾ ਨਾਮ ਨ ਥਾਇ ॥੪੭॥

੧੧੬੭–੨ ਤੋਲੇ ਗਾਜਨੀ ਮਿੱਟੀ ਰਾਤ ਜਲ ਵਿੱਚ ਭਿਓਂ ਛੱਡੇ, ਸਵੇਰ ਨੂੰ ਘੋਟਕੇ ਮਿਸ਼ਰੀ ਪਾਇ ੭ ਦਿਨ ਯਾ ੧੪ ਦਿਨ ਪੀਵੇ ਤਾਂ ਮੂਤ੍ਰਘਾਤ, ਸੁਜ਼ਾਕ ਤੇ ਮੂਤ੍ਰ ਕ੍ਰਿਛ ਸਭ ਨੂੰ ਨਾਸ਼ ਕਰੇ ॥੪੬॥ ੪੭॥

ਪਿਚਕਾਰੀ–ਚੌਪਈ

ਤੀਨਫਲਾ ਰਾਤੈ ਜੁ ਭਗੋਇ। ਤਾਂਕੇ ਰਸੁ ਪਿਚਕਾਰੀ ਹੋਇ।
ਮਿਟੈ ਸੁਜਾਕ ਜੁ ਮੂਤ੍ਰਘਾਤ। ਜੋ ਇੰਦ੍ਰੀ ਮੈ ਰਸ ਸੋ ਜਾਤ ॥੪੮॥

੧੧੬੮–ਤ੍ਰਿਫਲਾ (ਹਰੜ, ਬਹੇੜਾ, ਆਵਲੇ) ਮੁਠ ਦੋ ਮੁੱਠਾਂ ਰਾਤ ਨੂੰ ਇਹ ਪਾਨੀ ਵਿੱਚ ਭਿਓਂ ਛੱਡੇ, ਦਿਨੇ ਨਿਤਾਰੇ ਹੋਏ ਜਲ ਦੀ ਇੰਦ੍ਰੀ ਦੇ ਮੂੰਹ ਵਿਚ ਪਿਚਕਾਰੀ ਕਰੇ, ਤਾਂ ਸੁਜ਼ਾਕ, ਮੂਤ੍ਰਘਾਤ ਤਤ ਛਿਨ ਨਾਸ਼ ਕਰੇ ॥ ੪੮ ॥

ਕਥੁ ਰਸਾਂਜਨ ਇਮਹੀ ਜਾਨ। ਇਸ ਰਸ ਕੀ ਪਿਚਕਾਰੀ ਠਾਨ।
ਰੋਗੁ ਸੁਜਾਕ ਜਾਤ ਹੈ ਸਹੀ। ਦੇਖੀ ਨੈਨ ਸੁ ਮੇਘੈ ਕਹੀ ॥੪੯॥

੧੧੬੯–ਕੱਥ ਤੇ ਰਸੌਂਤ ਜਲ ਵਿਚ ਭਿਓਂ ਛੱਡੇ, ਦਿਨੇ ਨਿਤਾਰਕੇ ਉਸ ਜਲ ਦੀ ਪਿਚਕਾਰੀ ਕਰੇ ਤਾਂ ਨਿਸਚੇ ਸੁਜ਼ਾਕ ਨਾਸ ਕਰੇ ॥ ੪੯ ॥

ਦੋਹਰਾ– ਧਨੀਯਾ ਜਲਹਿ ਭਿਗੋਇਕੈ, ਮਿਸਰੀ ਪਾਈ ਦੇਇ।
ਮੂਤ੍ਰਘਾਤ ਸੁਜਾਕ ਦੁਖ, ਲਿੰਗ ਰੁਧਰ ਜੁ ਥੰਭੇਇ ॥੫੦॥

੧੧੭੦–ਧਨੀਆਂ ਰਾਤ ਨੂੰ ਜਲ ਵਿਚ ਭਿਓਂ ਛੱਡੇ, ਦਿਨੇ ਨਿਤਾਰਕੇ ਉਸ ਪਾਨੀ ਵਿਚ ਮਿਸ਼ਰੀ ਪਾਇ ਪੀਵੇ ਸੁਜਾਕ ਜਾਵੇ, ਜੇਕਰ ਲਹੂ ਭੀ ਆਂਉਂਦਾ ਹੋਵੇ ਤਾਂ ਨਾਸ਼ ਕਰੇ ॥ ੦ ॥

ਪ੍ਰਮਾਨਕਾ ਛੰਦ

ਬਹੂਫਲੀ ਮੰਗਾਇ ਕੇ। ਸੁ ਘੋਟਕੈ ਛਨਾਇਕੈ।
ਪਿਵੈ ਸਿਤਾ ਮਿਲਾਇਕੈ। ਸੁਜਾਕ ਰੋਗੁ ਜਾਇਕੈ ॥੫੧॥

Digitized by Panjab Digital Library | www.panjabdigilib.org

੧੧੭੧-ਬਹੁਫਲੀ ਬੂਟੀ ਲੈਕੇ ਘੋਟ ਛਾਣ ਮਿਸਰੀ ਪਾਇ ਸਰਦਾਈ ਕਰਕੇ ਪੀਵੇ ਤਾਂ ਸੁਜਾਕ ਜਾਵੇ ॥ ੫੧ ॥

ਸੁਜ਼ਾਕ ਪੱਥ-ਦੋੈਯਾ ਛੰਦ

ਸ੍ਵੇਦਾ ਭਯੰਜਨ ਬਸਤ ਸੇਕ ਹ੍ਵੈ, ਅਬਗਾਹੈ ਉਤਰਯੂਖੰ।
ਲੇਹਿ ਸਾਲ ਪਯੋ ਦਧਿ ਤਕ੍ਰੰ, ਮਾਖ ਪਿਸਟ ਲੈ ਊਖੰ।
ਰੇਚਨ ਪੇਠਾ ਦਾਖ ਖਜੂਰੀ, ਤਾਲ ਅਸਥ ਪਟੋਲੰ।
ਸਿਤਾ ਜੌਂਖਾਰ ਸੁਜਾਕਹਿ ਜਾਨੋ, ਮੂਤ੍ਰ ਘਾਤ ਅਮੋਲੰ ॥੫੨॥

੧੧੭੨-ਪਸੀਨਾ ਦੇਣਾ, ਤੇਲ ਮਲਨਾ, ਬਸਤੀ ਕਰਮ ਗੋਤੇ ਮਾਰ ਨਵ੍ਹਾਣਾ, ਉਤਰ ਵਸਤੀ ਭਾਵ ਪਿਚਕਾਰੀ ਕਰਨੀ, ਯੂਖ ਪਿਲਾਣਾ, ਲਾਲ ਚਾਵਲ, ਦੁੱਧ ਦਹੀਂ ਲੱਸੀ ਮਾਂਹ ਦੀ ਪੀਠੀ, ਗੰਨੇ, ਦਸਤ ਦੇਣੇ, ਪੇਠਾ, ਦਾਖ, ਖਜੂਰਾਂ ਤਾੜਬ੍ਰਿਛ ਦਾ ਫਲ ਤੇ ਤਾੜ ਬ੍ਰਿਛਦਾ ਸਿਰਾ, ਪਰਵਲ, ਮਿਸ਼ਰੀ, ਅਰ ਜੌਂਖਾਰ ਇਹ ਸੁਜ਼ਾਕ ਭਾਵ ਮੂਤ੍ਰ ਘਾਤ ਦੇ ਪੱਥ ਰੂਪ ਖਾਣੇ ਹਨ ॥ ੫੨ ॥

ਕੁਪੱਥ-ਪਰਿਹਾ

ਰੂਖ ਬਿਦਾ ਹੈ ਬਮਨਿ, ਜੁ ਬੇਗ ਬਿਧਾਰਨੰ।
ਬਿਸਟੰਭੀ ਬਜ ਯਾਮ, ਕਰੀਰ ਸੁ ਸਾਰਨੰ।
ਮੂਤ੍ਰ ਘਾਤ ਸੁਜਾਕ, ਦੋਊ ਸਮ ਜਾਨਈ।
ਕਹੈ ਕੁਪਥ ਸੁ ਜਾਨੋ, ਪੰਡਿਤ ਮਾਨਈ ॥੫੩॥

੧੧੭੩-ਰੁਖੇ-ਭਾਵ ਖੁਸ਼ਕ ਪਦਾਰਥ, ਦਾਹ ਕਰਨਹਾਰ (ਜਿਸ ਤਰ੍ਹਾਂ ਬਾਂਸ ਆਦਿ ਦੇ ਅਚਾਰ ਹਨ) ਕੈ, ਬੇਗਾਂ ਦਾ ਰੋਕਣਾ, ਕਬਜ਼ੀ ਕਰਨ ਹਾਰ. ਕਸਰਿਤ ਤੇ ਡੇਲੇ, ਇਹ ਸਾਰੇ ਸ੍ਰੇਸ਼ਟ ਨਹੀਂ ਹਨ ਅਰਥਾਤ ਖਾਣੇ ਕੁਪੱਥ ਹਨ।

ਅਥ ਅਸ਼ਮਰੀ (ਪਥਰੀ) ਰੋਗ ਨਿਦਾਨ-ਚੌਪਈ

ਬਾਤ ਪਿਤ ਕਫ ਸੁਕ੍ਰ ਸੁਜਾਨ। ਹੋਤ ਅਸਮਰੀ ਚਾਰ ਬਖਾਨ।
ਘਨੀ ਜੁ ਕਫ ਕੇ ਆਂਸਰੈ ਹੋਇ। ਜਮ ਸਰੂਪ ਤਿਸ ਜਾਨੋ ਲੋਇ ॥੫੪॥
ਬਾਤਪਿਤ ਕਫ ਸਹਿਤ ਜੁ ਜਾਂਇ। ਬਸਤਿ ਬਿਖੈ ਸੋ ਸੁਕ੍ਰਜੁ ਥਾਇ।
ਗੋ ਪਿਤ ਤੇ ਗੋਰੋਚਨ ਜੇਮ। ਸੂਕੀ ਬੀਰਜ ਪਥਰੀ ਤੇਮ ॥੫੫॥

ਬਾਤ ਦੀ, ਪਿਤ ਦੀ, ਕਫ ਦੀ ਤੇ ਸ਼ੁੱਕ੍ਰ ਦੀ, ਇਸ ਤਰ੍ਹਾਂ ਪਥਰੀ ਚਾਰ ਪ੍ਰਕਾਰ ਦੀ ਹੈ। ਘਨੀ ਕਹੀਏ ਪਹਿਲੀ ਤਿੰਨ ਪ੍ਰਕਾਰ ਦੀ ਕਫ ਦੇ ਆਸ੍ਰਿਤ ਹੁੰਦੀ ਹੈ। ਬੀਰਜ ਵਾਲੀ ਮੇ ਬੀਰਜ ਹੀ ਕਾਰਣ ਹੈ। ਬਿਨਾ ਯਤਨ ਦੇ ਸਭ ਪ੍ਰਕਾਰ ਦੀ ਪਥਰੀ ਯਮਸਰੂਪ ਹੀ ਹੈ। ਜਦੋਂ ਬਸਤੀ ਵਿੱਚ ਦੇ ਬੀਰਜ ਅਰ ਮੂਤ੍ਰ ਨੂੰ ਪਿੱਤ ਅਥਵਾ ਕਫ ਨੂੰ ਨਾਲ ਲੈਕੇ ਵਾਯੂ ਖ਼ੁਸ਼ਕ ਕਰ ਦੇਵੇ, ਤਦ ਧੀਰੇ ਧੀਰੇ ਉਹ ਬੀਰਜ ਜੰਮਕੇ ਜਿਸ ਤਰ੍ਹਾਂ ਗਾਇ ਦੇ ਪਿਤੇ ਵਿਚ ਗੋਰੋਚਨ ਵਧ ਜਾਂਦਾ ਹੈ, ਇਉਂ ਪਥਰੀ ਕਰ ਦਿੰਦੀ ਹੈ ॥੫੪॥੫੫॥

Digitized by Panjab Digital Library | www.panjabdigilib.org

ਪਥਰੀ ਦਾ ਪੂਰਬ ਰੂਪ—ਚੌਪਈ

ਬਸਤਿ ਅਫਾਰਾ ਪਾਸਹਿ ਪੀਰ। ਮੂਤ੍ਰ ਕ੍ਰਿਛ ਜੁਰ ਅਰੁਚਹਿ ਬੀਰ।
ਬਕਰੇ ਮੂਤਰ ਸਮ ਹੈ ਮੂਤ। ਚੀਰਤ ਨਿਕਸੈ ਜਾਨੋ ਸੂਤ ॥੫੬॥

ਮੂਤ੍ਰਾਸ਼ਯ ਵਿਚ ਅਫਾਰਾ, ਪਥਰੀ ਹੋਣ ਵਾਲੇ ਸਥਾਨ ਪਰ ਪੀੜਾ, ਮੂਤ੍ਰ ਕਸ਼ਟ ਨਾਲ ਉਤਰੇ,ਤਪ ਅਰੁਚੀ, ਬਕਰੇ ਦੇ ਮੂਤ੍ਰ ਸਮਾਨ ਪੇਸ਼ਾਬ ਤੋਂ ਦੁਰਗੰਧੀ ਆਵੇ। ਮੂਤ੍ਰ ਚੀਰਦਾ ਹੀ ਨਿਕਲੇ। ਇਹ ਸਭ ਰੀਤੀ ਹੋਇ ਤਾਂ ਜਾਣੋ ਪਥਰੀ ਹੋ ਜਾਏਗੀ ॥੫੬॥

ਬਾਤ ਪਥਰੀ ਲੱਛਣ—ਪਰਿਹਾ

ਨਾਭਿ ਮੂਤ੍ਰਾਸੈ ਮਸਤਕ, ਪੀਰਾ ਹੋਤ ਹੈ।
ਮਸਲੈ ਲਿੰਗ ਸੁ ਹੋਠ, ਚਾਬੈ ਸੋਤ ਹੈ।
ਕੰਟੇ ਰੂਖੀ ਸਜਾਮ, ਜੁ ਪਥਰੀ ਰੰਗ ਹੈ।
ਬਿੰਦੁ ਬਿੰਦੁ ਸ੍ਰਵਤੀ ਧਾਰ, ਬਾਤ ਰੁਜ ਅੰਗ ਹੈ॥੫੭॥

ਧੁੰਨੀ, ਮੂਤ੍ਰਾਸ਼ਯ ਤੇ ਮੱਥੇ ਪੀੜਾ ਹੋਵੇ, ਲਿੰਗ ਨੂੰ ਮਲਦਾ ਹੈ, ਹੋਠਾਂ ਨੂੰ ਚਬਾਉਂਦਾ ਹੈ। ਪਥਰੀ ਦੀ ਰੰਗਤ ਧੂਸਲੀ ਜੇਹੀ ਕੰਡਿਆਂ ਵਾਲੀ। ਮੂਤਨੇ ਵਕਤ ਬੂੰਦ ਬੂੰਦ ਟਪਕਦੀ ਹੈ ਅਜੇਹੇ ਬਾਤ ਪਥਰੀ ਦੇ ਲੱਛਣ ਹੁੰਦੇ ਹਨ ॥੫੭॥

ਪਿਤ ਪਥਰੀ ਲੱਛਣ—ਪਰਿਹਾ

ਗਿਟਕ ਸੁ ਜਸੋਂ ਭਿਲਾਤ, ਅਸਮਰੀ ਰੂਪ ਹੈ।
ਪੀਲੀ ਲਾਲ ਜੁ ਸਜਾਮ, ਰੰਗ ਆਨੂਪ ਹੈ।
ਜਲੈ ਬਸਤਿ ਅਰੁ ਤੋਦ, ਘਨੀ ਸੀ ਜਾਨੀਏ।
ਪਚੈ ਊਖਮਾ ਜੇਮ, ਸੁ ਪਿਤ ਬਖਾਨੀਏ ॥੫੮॥

ਭਿਲਾਵੇ ਵੀ ਗਿਟਕ ਦੀ ਤਰ੍ਹਾਂ ਪਥਰੀ ਦਾ ਰੂਪ ਲਾਲ ਪੀਲਾ ਅਤੇ ਸਜਾਮ ਜੇਹਾ, ਮੂਤ੍ਰਾਸ਼ਯ ਵਿਖੇ ਜਲਨ, ਚੋਭਾਂ ਬਹੁਤੀਆਂ, ਅੱਗ ਦੇ ਪਕੌਣ ਜੇਹੀ ਪੀੜ ਹੋਇ ਤਾਂ ਇਹ ਪਿਤ ਦੀ ਪਥਰੀ ਕਹੀ ਜਾਂਦੀ ਹੈ ॥੫੮॥

ਕਫ ਪਥਰੀ ਦੇ ਲੱਛਨ—ਪਰਹਾ

ਸੀਤਲ ਭਾਰੀ ਜਾਨ, ਸਜਾਮ ਰੰਗ ਦੇਖੀਏ।
ਮਧੁ ਕੇ ਬਰਨ ਸਮਾਨ, ਜੁ ਤਿਸੁ ਰੰਗ ਲੇਖੀਏ।
ਤੀਨੋ ਪਥਰੀ ਏਹ, ਬਾਲ ਕੋ ਹੋਤ ਹੈ।
ਸੁਕ੍ਰ ਪਥਰੀ ਚੌਥੀ, ਤਰਨੈ ਸੋਤ ਹੈ ॥੫੯॥

Digitized by Panjab Digital Library | www.panjabdigilib.org

ਠੰਢੀ, ਭਾਰੀ, ਰਕਤ ਸਜਾਮ ਅਰ ਸ਼ਹਿਤ ਜੇਹੀ ਹੁੰਦੀ ਹੈ। ਪਰੰਤੂ ਇਹ ਤਿੰਨੇ ਪਥਰੀਆ ਬਾਲਕਾਂ ਦੇ ਹੁੰਦੀਆਂ ਹੈਂ। ਚੌਥੀ ਬੀਰਜ ਦੀ ਪਥਰੀ ਜਵਾਨ ਦੇ ਹੋਯਾ ਕਰਦੀ ਹੈ॥੫੯॥

ਸੁਕ੍ਰ ਪਥਰੀ ਲੱਛਣ–ਪਰਿਹਾ

ਛੁਟਯੋ ਠੌਰ ਤੇ ਸੁਕ੍ਰ, ਫੇਰ ਜੋ ਰੋਕੀਏ
ਰਹੈ ਆਂਡਕੈ ਬੀਚ, ਪਵਨ ਤਿਸ ਸੋਖੀਏ।
ਸੋ ਕਰੈ ਸੁਕ੍ਰ ਕਾ ਨਾਸ, ਮਾਧਵੈ ਜਿਮ ਕਹੀ।
ਮੇਘ ਬਿਨੋਦੈ ਮੇਘ, ਕਹੀ ਆਨੀ ਸਹੀ ॥੬੦॥

ਆਪਣੇ ਸਥਾਨ ਤੋਂ ਡਿਗਿਆ ਹੋਯਾ ਬੀਰਜ ਜੇ ਫਰ ਰੋਕਿਆ ਜਾਵੇ ਤਾਂ ਓਹ ਅੰਡਕੋਸਾਂ ਵਿਚ ਹੀ ਰੁਕਿਆ ਰਹੇ, ਉਥੇ ਹੀ ਪਵਨ ਖੁਸ਼ਕ ਕਰ ਦੇਵੇ। ਉਹ ਸੁਕ੍ਰ ਪਥਰੀ ਕਹੀ ਜਾਂਦੀ ਹੈ॥੬੦॥

ਅਸਾਧ ਪਥਰੀ ਲੱਛਣ–ਚੌਪਈ

ਕੁਖ ਸੂਲ ਮਾੜ੍ਹਾ ਅੰਗ ਸਾਦ। ਉਸਨ ਬਾਤ ਤ੍ਰਿਟ ਹਿਯ ਗਦ ਬਾਦ।
ਪਾਂਡੂ ਅਰੁਚਿ ਬਮਿ ਸੋਥ ਸੁ ਆਂਡ। ਨਾਭਿ ਸੋਜ ਮੂਤ੍ਰ ਬਧਿ ਮਾਂਡ ॥੬੧॥

ਦੋਹਰਾ–
ਚਾਰ ਜਾਤ ਪਥਰੀ ਕਹੀ, ਮਾਧਵ ਕੈ ਅਨੁਸਾਰ।
ਤਾਂਮੈ ਸੁਕ੍ਰ ਅਸਾਧ ਭਨਿ, ਕਹਤ ਮੇਘ ਸੁਖਕਾਰ ॥੬੨॥

ਕੁੱਖਾਂ ਵਿਖੇ ਸੂਲ, ਮਾੜਾ ਪਨ, ਅੰਗ ਪੀੜਾ, ਉਸ਼ਨਬਾਤ, ਪਜਾਸ, ਹ੍ਰਿਦੇ ਰੋਗ, ਪਾਂਡੂਤਾ, ਅਰੁਚੀ ਕੈ, ਸੋਜਾ, ਨਾਭੀ ਵਿਖੇ ਭੀ ਸੋਜਾ, ਮੂਤ੍ਰ ਦੀ ਰੁਕਾਵਟ, ਇਉਂ ਚਾਰ ਪ੍ਰਕਾਰ ਦੀ ਪਥਰੀ ਕਹੀ ਹੈ। ਪਰੰਤੂ ਸਭਨਾਂ ਤੋਂ ਸ਼ੁਕ੍ਰ ਪਥਰੀ ਅਸਾਧ ਹੈ॥੬੧॥੬੨॥

ਬਾਤ ਪਥਰੀ ਉਪਾਇ (ਵੰਗਸੇਨਾਤ)–ਚੌਪਈ

ਸੁੰਠੀ ਅਰੁਨੀ ਭੇਦ ਪਖਾਨ। ਸਿਗ੍ਰੂ ਬਰਨਾ ਗੋਖਰ ਠਾਨ।
ਅਭਯਾ ਫਾਲਸ ਅੰਮਲਤਾਸ। ਇਨਿੰਕਾ ਕ੍ਵਾਥ ਕਰੋ ਜੁ ਉਲਾਸ॥੬੩॥
ਲਵਨ ਹਿੰਗੁ ਜਵਖਾਰ ਮਿਲਾਇ। ਦੇਵੇ ਰੋਗੀ ਤੁਰਤ ਪਿਲਾਇ।
ਬਾਤ ਅਸਮਰੀ ਮੂਤ੍ਰ ਜੁ ਘਾਤ। ਕ੍ਰਿਛ ਦੀਪਨੰ ਪਾਚਨ ਬਾਤ ॥੬੪॥

੧੧੭੪–ਸੁੰਢ, ਅਰਣੀ, ਪਖਾਣ ਭੇਦ, ਸੁਹਾਂਜਣਾ, ਬਰਨਾ, ਭਖੜਾ, ਹਰੜ, ਫਾਲਸਾ ਤੇ ਅੰਮਲਤਾਸ ਦਾ ਗੁੱਦਾ ਸਮਾਨ ਲੈਕੇ ਇਨ੍ਹਾਂ ਦਾ ਕਾੜ੍ਹਾ ਕਰੇ, ਉਸ ਕਾੜ੍ਹੇ ਵਿੱਚ ਲੂਣ, ਹਿੰਗ ਤੇ ਜੌਖਾਰ ਪਾਕੇ ਪਿਲਾਵੇ ਤਾਂ ਬਾਤ ਦੀ ਪਥਰੀ, ਸੁਜ਼ਾਕ ਮੂਤ੍ਰਕ੍ਰਿਛ ਨਾਸ ਕਰਕੇ ਦੀਪਨ ਪਾਚਨ ਕਰੇ॥੬੩॥੬੪॥

ਏਲਾਦਿ ਕ੍ਵਾਥ (ਵੰਗਸੇਨਾਤ)–ਚੌਪਈ

ਏਲਾ ਪੀਪਰ ਯਸਟੀ ਆਨ। *ਕੌਂਤੀ ਦੰਸਟ੍ਰ ਬਿਖ ਕੋ ਠਾਨ।

---

†ਕੌਂਤੀ ਰੇਣੂ ਹੈ, ਰੇਣੂ ਦੇ ਬੀਜ ਦੇਖੋ ਵੰਗਸੇਨ, ਹੋਰ ਦੇਖੋ ਆ: ਕੋਸ

Digitized by Panjab Digital Library | www.panjabdigilib.org

ਏਰੰਡ ਕ੍ਵਾਥ ਕਰੀਨੈ ਪਾਇ। ਸਿਲਾਜੀਤ ਫਿਰ ਪੀਵਨ ਥਾਇ ॥੬੫॥
ਰੋਗੁ ਅਸਮਰੀ ਦੂਰ ਨਸਾਇ। ਕ੍ਰਿਛ੍ਰ ਰੋਗੁ ਕਾ ਨਾਮੁ ਨ ਥਾਇ।
ਮੂਤ੍ਰਘਾਤ ਰੋਗੀ ਸੁਖ ਪਾਵੈ। ਬੰਗਸੈਨ ਗੁਨ ਇਸਕੇ ਗਾਵੈ ॥੬੬॥

੧੧੭੫-ਇਲਾਚੀ, ਮਘ, ਮੁਲਠੀ, †ਰੇਣੁਕਾ. ਭਖੜਾ;ਬਾਂਸਾ ਤੇ ਅਰਿੰਡ ਦੀ ਜੜ੍ਹ ਕਾੜ੍ਹਾ ਕਰਕੇ ਪਿਛੋਂ ਸਿਲਾਜੀਤ ਪਾਕੇ ਪਿਲਾਵੇ ਤਾ ਪਥਰੀ, ਮੂਤ੍ਰਕ੍ਰਿਛ ਅਰ ਸੂਜ਼ਾਕ ਦਾ ਨਾਸ਼ ਕਰੇ ॥੬੫॥੬੬॥

ਚੌਪਈ

ਤ੍ਰਿਫਲਾ ਸੁੰਠੀ ਬਰਨਾ ਛਾਲ। ਗੋਖਰੁ ਕ੍ਵਾਥ ਕਰਾਈਏ ਡਾਲ।
ਗੁੜ ਜਵਖਾਰ ਮਿਲਾਈ ਦੇਇ। ਬਾਤ ਪਥਰੀਯਾ ਦੂਰ ਕਰੇਇ ॥੬੭॥

੧੧੭੬-ਤ੍ਰਿਫਲਾ (ਹਰੜ, ਬਹੇੜਾ, ਆਵਲੇ) ਸੁੰਢ,ਬਰਨੇ ਦੀ ਛਿੱਲ ਅਰ ਭੱਖੜਾ ਪਾਕੇ ਕਾੜ੍ਹਾ ਕਰੇ ਛਾਣਕੇ ਪਿਛੋਂ ਗੁੜ ਅਰ ਜੌਂਖਾਰ ਬਰੂਰਕੇ ਪੀਵੇ ਤਾਂ ਬਾਤ ਦੀ ਪਥਰ ਨਸ਼ਟ ਕਰੇ ॥੬੭॥

(ਬ੍ਰਿੰਦਾਤ)–ਚੌਪਈ

ਗੋਖਰੁ ਸੁੰਠੀ ਬਰਨਾ ਛਾਲ। ਕਲਕ ਕਰੀ ਬਿਚ ਏਲੈ ਡਾਲ।
ਗੁੜ ਜਵਖਾਰ ਜੁ ਪਥਰੀ ਜਾਇ। ਬਾਤ ਕ੍ਰਿਛ ਮੂਤ੍ਰ ਬਧ ਸਾਇ ॥੬੮॥

੧੧੭੭-ਭਖੜਾ, ਸੁੰਢ ਤੇ ਬਰਨੇ ਦੀ ਛਿੱਲ ਲੈਕੇ ਕਲਕ ਬਣਾਵੇ ਅਰ ਵਿਚ ਗੁੜ ਤੇ ਜੌਂਖਾਰ ਪਾਕੇ ਪੀਵੇ ਤਾਂ ਪਥਰੀ ਨਾਸ਼ ਕਰੇ ਅਰ ਬਾਤ ਦਾ ਮੂਤ੍ਰ ਕ੍ਰਿੱਛ ਭੀ ਨਾਂ ਰਹੇ ॥੬੮॥

(ਬ੍ਰਿੰਦਾਤ–)–ਦੋਹਰਾ

ਬਰਨਾ ਤੁਚ ਕਾ ਕਲਕ ਕਰ, ਗੁੜ ਪਾਈ ਸੋ ਪੀਤ।
ਬਾਤ ਜੁ ਪਥਰੀ ਜਾਤ ਹੈ, ਬ੍ਰਿੰਦ ਕਹਤ ਸੁਨ ਮੀਤ ॥੬੯॥

੧੧੭੮-ਬਰਨੇ ਦੀ ਛਿੱਲ ਦਾ ਕਲਕ ਕਰਕੇ ਗੁੜ ਪਾਕੇ ਪੀਵੇ ਤਾਂ ਬਾਤ ਦੀ ਪਥਰੀ ਨਾਸ਼ ਕਰੇ ਇਉਂ ਬ੍ਰਿੰਦ ਵਿਚ ਲਿਖਯਾ ਹੈ ॥੬੯॥

ਪਿੱਤ ਪਥਰੀ ਪਰ–ਦੋਹਰਾ

ਸਿਲਾਜੀਤ ਪਾਖਾਨ ਭਿਦ, ਅਰ ਮੇਲੋ ਜਵਖਾਰ।
ਮਧੁ ਸੰਗੇ ਚਾਟਨ ਕਰੋ, ਪਿਤ ਅਸਮਰੀ ਡਾਰ ॥੭੦॥

੧੧੭੯-ਸਿਲਾਜੀਤ, ਪਖਾਣਭੇਦ ਅਰ ਜੌਂਖਾਰ ਮਿਲਾਕੇ ਸ਼ਹਿਤ ਨਾਲ ਚੱਟੇ ਤਾਂ ਪਿਤ ਦੀ ਪਥਰੀ ਨਾਸ ਕਰੇ ॥੭੦॥

ਜਵਾਖਾਰ ਪਾਖਾਨ ਭਿਦ, ਮਾਸ ਏਕ ਸੰਗਿ ਤਕ੍ਰ।
ਮਿਟ ਹੈ ਪਥਰੀ ਪਿਤ ਕੀ, ਰਿਪ ਕਾਟਤ ਜਿਮ ਚਕ੍ਰ ॥੭੧॥

Digitized by Panjab Digital Library | www.panjabdigilib.org

੧੧੮੦-ਜੌਂਖਾਰ ਪਖਾਨ ਭੇਦ ਰਲਾਕੇ ੧ ਮਹੀਨਾ ਲੱਸੀ ਨਾਲ ਖਾਵੇ ਤਾਂ ਪਿੱਤ ਦੀ ਪਥਰੀ ਅਵੱਸ ਜਾਵੇ ॥੭੧॥

ਸਰਬ ਖਾਰ ਸੰਗ ਤਕ੍ਰ ਕੈ, ਜੋ ਹੋਵਤ ਸੋ ਦੇਇ।
ਪਿਤ ਪਥਰੀ ਯਾ ਜਾਤ ਹੈ, ਦਿਨ ਇਕਤਾਲੀ ਲੇਇ ॥੭੨॥

੧੧੮੧-ਸਰਬਖਾਰ ਭਾਵ ਪਥਰੀ ਦੇ ਨਾਸ਼ ਕਰਨ ਹਾਰੀਆਂ ਦਵਾਈਆਂ ਦੀਆਂ ਸਭ ਖਾਰਾਂ, ਯਵਾਂਗ, ਪੇਯਾ, ਕਥਾਯ, ਦੁੱਧ ਅਰ ਭੋਜਨ ਇੱਧ ਕਰਕੇ ਜੋ ਮਿਲੇ ਸੋ ਦੇਵੇ, ਤਾਂ ਪਿੱਤ ਦੀ ਪਥਰੀ ਨਾਸ ਹੋਵੇ, ਪ੍ਰੰਤੂ ਇਹ ਯਤਨ ੪੧ ਦਿਨ ਕਰੇ ॥੭੨॥

ਕਫ ਪਥਰੀ ਉਪਾਇ-ਦੋਹਰਾ

ਕੁਸਟ ਤ੍ਰਿਫਲਾ ਮਰਚ ਲੈ, ਚਿਤ੍ਰਕ ਲੈ ਸੁਰਦਾਰ।
ਅਜ ਦੂਧ ਸੋ ਪੀਜੀਏ, ਪਥਰੀ ਕਫ ਕੀ ਟਾਰ ॥੭੩॥

੧੧੮੨-ਕੁੱਠ, ਤ੍ਰਿਫਲਾ (ਹਰੜ, ਬਹੇੜਾ, ਆਵਲੇ), ਮਿਰਚ, ਚਿਤ੍ਰਾ ਅਤੇ ਦੇਵਦਾਰ, ਇਹ ਸਭ ਬਕਰੀ ਦੇ ਦੁੱਧ ਨਾਲ ਪਿਲਾਵੇ ਤਾਂ ਕਫ ਦੀ ਪਥਰੀ ਨਾਸ਼ ਹੋਵੇ ॥੭੩॥

ਸੁਕ੍ਰ ਪਥਰੀ ਉਪਾਇ (ਵੰਗਸੇਨਾਤ)-ਦੋਹਰਾ

ਗੁੜ ਜਵਖਾਰ ਸੁ ਆਨਕੈ, ਰਸ ਪੁਸ਼ਫਲ ਸੋ ਖਾਇ।
ਸੁਕ੍ਰ ਅਸਮਰੀ ਜਾਤ ਹੈ, ਮੂਤ੍ਰ ਰੋਧ ਮਿਟਾਇ ॥੭੪॥

੧੧੮੩-ਗੁੜ ਤੇ ਜੌਂਖਾਰ, ਦੋਨੋਂ ਲੈਕੇ ਪੇਠੇ ਦੇ *ਰਸ ਨਾਲ ਖੁਲਾਵੇ ਤਾਂ ਬੀਰਜ ਦੀ [ਸੁਕ੍ਰ] ਪਥਰੀ ਅਰ ਮੂਤ੍ਰ ਦੀ ਰੁਕਾਵਟ ਨਾਸ਼ ਹੋਵੇ।

ਪਰੰਤੂ ਕਈ ਨਵੀਨ ਅਰਿੰਡ ਆਦਿ ਅਰਥ "ਪੁੱਛਲ" ਪਦ ਦਾ ਕਰਦੇ ਅਰ ਦਸਦੇ ਹਨ। ਸੋ ਕਪੋਲ ਕਲਪਣਾ ਹੈ *ਪੁਸ਼ਫਲ ਪਦ ਦਾ ਸੁੱਧ ਪਾਠ ਇਹ ਹੈ ਤੇ ਅਰਥ ਪੇਠਾ ਹੈ, ਸਭ ਤੋਂ ਵਧਕੇ ਬਾਤ ਇਹ ਹੈ ਕਿ ਇਹ ਪ੍ਰਯੋਗ ਹੈ ਵੰਗਸੇਨ ਦਾ, ਓਰੇ ਜੋ ਅਰਥ ਹੈ ਸੋਈ ਏਥੇ ਹੈ, ਇਸਤੋਂ ਵਧਕੇ ਹੋਰ ਗਵਾਹੀ ਦੀ ਲੋੜ ਨਹੀਂ ਹੈ ॥੭੪॥

(ਵੰਗਸੇਨਾਤ)

ਗੁੜ ਰਜਨੀ ਪੀਵੈ ਪਰਭਾਤ। †ਤੁਖ ਜਲ ਸੰਗੇ ਮਾਹੇ ਘਾਤ।
ਸੁਕ੍ਰ ਅਸਮਰੀ ਜਾਵੈ ਸਹੀ। ਬੰਗਸੈਨ ਤੇ ਆਨੀ ਕਹੀ ॥੭੫॥

੧੧੮੪-ਹਲਧੀ ਪੀਹ ਕੇ ਗੁੜ ਪਾਕੇ ਜਵਾਂ† ਦੇ ਪਾਣੀ ਵਿੱਚ ਪਾਕੇ ਪੀਵੇ ਤਾਂ ਬੀਰਜ ਅਰਥਾਤ ਸੁਕ੍ਰ ਪਥਰੀ ਨਾਸ਼ ਕਰੇ ॥੭੫॥

ਪੇਠਾ ਰਸ ਰਾਮਠ ਜਵਖਾਰ। ਪੀਵੈ ਰੋਗੀ ਸੁਭ ਮਨ ਧਾਰ।

---

*ਪੁਸ਼ਫਲ-ਪੇਠਾ ਹੈ, ਦੇਖੋ ਭਾਵ ਪ੍ਰ: ਪ੍ਰਿ: ੩੧੯, ਤੇ ਵੰਗਸੇਨ ਪ੍ਰਿ: ੪੭੬. ਅਰ ਅ: ਕੋਸ਼ ੧੦੨ ਤੇ ਨਿਰਮਲ ਕੋਸ਼.

†ਤੁਖਜਲ-ਜਵਾਂ ਦੀ ਘਾਟ ਦਾ ਪਾਣੀ ਹੈ, ਦੇਖੋ ਕਾ: ਪ੍ਰਕਾਸ਼।

ਲਿੰਗ ਜੁ ਸੂਰੈ ਸੂਕ੍ਰ ਪਥ੍ਰਾਨ। ਬਸਤ ਪੀਰ ਕੀ ਕਰਤਾ ਹਾਨ ॥੭੬॥

੧੧੮੫–ਪੇਠੇ ਦਾ ਰਸ, ਹਿੰਗ, ਅਰ ਜੌਂਖਾਰ ਪਾਇਕੇ ਪਿਲਾਵੇ ਤਾਂ ਇੰਦਰੀ ਦਾ ਸੂਲ, ਬੀਰਜ ਦੀ ਪਥਰੀ, ਬਸਤੀ ਪੀੜਾ ਸਭੇ ਨਾਸ਼ ਕਰੇ ॥੭੬॥

ਇਟਸਿਟ ਗੋਖਰੁ ਰਜਨੀ ਜਾਨ। ‡ਪਰਬਾਲੀ ਬਾਬਚਿ ਕੋ ਠਾਨ।
ਦਰਭ ਫੂਲ ਗੰਨੇ ਰਸੁ ਪੀਯ। ਸੂਕ੍ਰ ਪੱਥਰੀ ਨਾਸ ਕਰੀਯ ॥੭੭॥੭੮॥

੧੧੮੬–ਇਟਸਿਟ, ਭੱਖੜਾ, ਹਲਧੀ, ਮਾਰਿਆ ‡ਮੂੰਗਾ, ()ਬਾਬਚੀ, ਦੱਭ ਦੇ ਫੁਲ ਤੇ ਗੰਨਿਆਂ ਦਾ ਰਸ ਪਾਕੇ ਪੀਵੇ ਤਾਂ ਸ਼ੁੱਕ੍ਰ ਪੱਥਰੀ ਦਾ ਨਾਸ਼ ਕਰੇ ॥੭੭॥੭੮॥

ਅਥ ਸਰਬ ਪਥਰੀ ਅਰ ਮੂਤ੍ਰ ਰੋਧ ਉਪਾਇ–ਚੌਪਈ

ਨਾਗਰਿ ਬਰਣਾ ਗੋਖਰੁ ਬੀਜ। ਕਪੋਤਬੰਕ ਪਾਹਨ ਭਿਦ ਲੀਜ।
ਕ੍ਵਾਥ ਕਰੀ ਜਵਖਾਰ ਜੁ ਗੁਟਾ। ਪੀਵਤ ਪਥਰੀ ਸਾਰੀ ਹਟਾ ॥੭੯॥

੧੧੮੭–ਸੁੰਢ, ਬਰਨੇ ਦੀ ਛਿੱਲ, ਭੱਖੜਾ, ０ਬ੍ਰਹਮੀ ਬੂਟੀ ਤੇ ਪਖਾਣ ਭੇਦ ਲੈ ਕੇ ਸਭ ਦਾ ਕਾੜ੍ਹਾ ਕਰਕੇ ਉਪਰ ਜੌਂਖਾਰ ਬਰੂਰਕੇ ਪੀਵੇ ਤਾਂ ਪਥਰੀ ਨਾਸ ਹੋਵੇ ॥ ੯॥

ਸੋਰਠਾ–ਗੋਖਰੁ ਆਨੋ ਬੀਜ, ਮਧੁ ਸੰਗੇ ਸੋ ਚਾਟੀਏ।
ਭੇਡ ਮੂਤ ਵਾ ਲੀਜ, ਮਿਟੈ ਜੁ ਪਥਰੀ ਸਰਬ ਚਤ ॥੮੦॥

੧੧੮੮–ਨਿਰੋਲ ਭਖੜੇ ਦੇ ਬੀਜ ਬਰੀਕ ਪੀਹਕੇ ਸ਼ਹਤ ਨਾਲ ਚਟੇ, ਅਥਵਾ ਭੇਡ ਦੇ ਮੂਤਰ ਨਾਲ ਖਾਵੇ ਤਾਂ ਚਾਰ ਪ੍ਰਕਾਰ ਦੀ ਪਥਰੀ ਨਸ਼ਟ ਹੋਵੇ ॥੮੦॥

ਚੌਪਈ

ਬਰਣਾ ਮੂਲ ਜੁ ਕ੍ਵਾਥ ਕਰਾਇ। ਪੀਵਤ ਰੋਗ ਅਸਮਰੀ ਜਾਇ।
ਸਿਗ੍ਰੂ ਮੂਲੇ ਕ੍ਵਾਥ ਕਰਾਇ। ਪੀਵਤ ਪਥਰੀ ਚਾਰ ਹਰਾਇ ॥੮੧॥

੧੧੮੯–ਬਰਨੇ ਦੀ ਜੜ੍ਹ ਦਾ ਕਾੜ੍ਹਾ ਕਰ ਕੇ ਪੀਵੇ ਤਾਂ ਪਥਰੀ ਰੋਗ ਜਾਵੇ, ਯਾ:–

੧੧੯੦–ਸੁਹਾਂਜਣੇ ਦੀ ਜੜ੍ਹ ਦਾ ਕਾੜ੍ਹਾ ਕਰਕੇ ਪੀਵੇ ਤਾਂ ਪਥਰੀ ਚਾਰ ਪ੍ਰਕਾਰ ਦੀ ਨਾਸ ਕਰੇ ॥੮੧॥

ਵੰਗਸੇਨਾਤ

ਪਥਜਾ ਨਾਗਰ ਲੈ ਜਵਖਾਰ। ਧਨੀਯਾ ਦਧਿ ਮੰਡਹਿ ਸੋਧਾਰ।
ਪੀਵਤ ਪਥਰੀ ਜਾਵਤ ਸਹੀ। ਬੰਗਸੈਨ ਤੇ ਮੇਘੈ ਕਹੀ ॥੮੨॥

੧੧੯੧–ਹਰੜ, ਸੁੰਢ, ਜੌਂਖਾਰ ਤੇ ਧਨੀਆਂ ਦਹੀਂ ਦੇ ਮਠੇ ਨਾਲ ਪੀਵੇ ਤਾਂ ਪਥਰੀ ਜਾਵੇ।੮੨।

---

‡ਪ੍ਰਵਾਲੀ–ਮੂੰਗਾ ਹੈ, ਦੇਖੋ ਭਾ: ਪ੍ਰ: ਹੋਰ ਕੋਸ਼,
( )ਏਥੇ ਕਠਮਰ ਦੀ ਜਗ੍ਹਾ ਬਾਬਚੀ ਹੀ ਮੇਘ ਨੇ ਪਾਈ ਹੈ।
0ਕਪੋਤਬੰਕ–ਬ੍ਰਹਮੀ ਬੂਟੀ ਹੈ, ਦੇਖੋ ਚਕਿਤਸਾ ਕੋਸ਼ ਤੇ ਭਾਵ ਪ੍ਰਕਾਸ਼,

Digitized by Panjab Digital Library | www.panjabdigilib.org

ਗੋਖਰ ਬੀਜ ਇਰੰਡ ਮੰਗਾਇ। ਨਾਗਰ ਬਰਨਾ ਤੁਚ ਲੈ ਪਾਇ।
ਕ੍ਰਾਥ ਕਰੀ ਪੀਵਤ ਪਰਭਾਤ। ਰੋਗੁ ਅਸਮਰੀ ਛਿਨ ਮਹਿ ਜਾਤ ॥੯੩॥

੧੧੯੨-ਭਖੜਾ, ਅਰਿੰਡ ਦੇ ਬੀਜ, ਸੁੰਢ ਤੇ ਬਰਨੇ ਦੀ ਛਿੱਲ ਪਾ ਕੇ ਕਾੜ੍ਹਾ ਕਰਕੇ ਪ੍ਰਾਤਾਕਾਲ ਪੀਵੇ ਤਾਂ ਪਥਰੀ ਰੋਗ ਜਾਵੇ ॥੯੩॥

ਬਰਨਾਦਿ ਚੂਰਣ

ਬਰਨਾ ਭਸਮ ਸੋਲ ਗੁਨ ਨੀਰ। ਰਾਤ ਭਿਗੋਈ ਰਾਖੋ ਬੀਰ।
ਪ੍ਰਾਤਹਿ ਜਲ ਨੀਤਾਰੀ ਲੇਹੁ। ਅਗਨਿ ਧਰੀ ਸੁਕਾਵੇ ਤੇਹ ॥੯੪॥
ਸੋ ਚੂਰਨ ਗੁੜ ਸੋ ਲੈ ਟੰਕ। ਰੋਗ ਅਸਮਰੀ ਜਾਵੈ ਬੰਕ।
ਬਰਨਾਦਿਕ ਚੂਰਨ ਏ ਜਾਨ। ਮੂਤ ਰੋਧ ਪਥਰੀ ਕੀ ਹਾਨ ॥੯੫॥

੧੧੯੩-ਬਰਨੇ ਦੀ ਭਸਮ ਨਾਲੋਂ ਸੋਲਾਂ ਹਿਸੇ ਅਧਿਕ ਪਾਣੀ ਪਾਕੇ ਰਾਤ ਨੂੰ ਭਿਉਂ ਛੱਡੇ। ਸਵੇਰ ਨੂੰ ਪਾਣੀ ਨਿਤਾਰ ਲਵੇ। ਉਹ ਨਿਤਰਿਆ ਹੋਯਾ ਪਾਣੀ ਅੱਗ ਪਰ ਚਾੜ੍ਹਕੇ ਸੁਕਾਵੇ ਅਰ ਉਸ ਸੁਕੇ ਪਿਛੋਂ ਜੇਹੜਾ ਲੂਣ ਜਿਹਾ ਨਿਕਲੇ ਉਹ ਚੂਰਣ ੪ ਮਾਸੇ ਗੁੜ ਨਾਲ ਲਵੇ ਤਾਂ ਪਥਰੀ ਦਾ ਰੋਗ ਅਰ ਮੂਤ੍ਰ ਦੀ ਰੁਕਾਵਟ ਨਾਸ ਕਰੇ ॥੯੪॥੯੫॥

ਅਸਮਰੀ ਰੋਗੇ ਤ੍ਰਿਬਿਕ੍ਰਮ ਰਸ [ਵੰਗਸੇਨਾਤ]-ਚੌਪਈ

ਸੁਧ ਸੂਤ ਸੁਧ ਤਾਂਬਾ ਪਤ੍ਰ। ਦੋਨੋ ਕੇ ਸਮ ਗੰਧਕ ਅਤ੍ਰ।
ਨਿਰਗੁੰਡੀ ਰਸ ਮਰਦੋ ਜਾਨ। ਏਕ ਦਿਵਸ ਗੋਲਾ ਤਿਸ ਠਾਨ ॥੯੬॥
ਜਾਮ ਏਕ ਬਾਲੂਕਾ ਜੰਤ੍ਰ। ਭਸਮ ਕਰੋ ਪੀਸੀ ਸੋ ਤੰਤ੍ਰ।
ਬੀਜੌਰਾ ਰਸ ਗੁੰਜਾ ਦੋਇ। ਖਾਵਤ ਪਥਰੀ ਨਾਸ ਸੁ ਹੋਇ ॥੯੭॥

੧੧੯੪-ਸੋਧਿਆ ਪਾਰਾ, ਸੋਧੇ ਤਾਂਮੇ ਦੇ ਪਤ੍ਰਿਆਂ ਦੇ ਉਤੇ ਦੋਹਾਂ ਦੇ ਬਰਾਬਰ ਦੀ ਆਵਲੇਸਾਰ ਗੰਧਕ ਪਾਕੇ ਸੰਭਾਲੂ ਦੇ ਰਸ ਵਿਚ ਇਕ ਦਿਨ ਘੋਟ ਕੇ ਗੋਲਾ ਬਨਾਵੇ। ਫਿਰ *ਬਾਲੂਕਾ ਯੰਤ੍ਰ ਵਿਖੇ ਭਸਮ ਕਰਕੇ ਪੀਹਕੇ ੨ਰਤੀਆਂ ਪ੍ਰਮਾਣ ਖੁਆਕੇ ਉਪਰੋਂ ਬਿਜੌਰੇ ਦੀ ਜੜ੍ਹ ਦਾ ਰਸ ਪਿਲਾਵੇ ਤਾਂ ਪਥਰੀ (੧ ਮਹੀਨੇ ਵਿਚ) ਅਵੱਸ਼ ਨਾਸ ਕਰੇ। ਪਰੰਤੂ ਇਹ ਤ੍ਰਿਬਿਕ੍ਰਮ ਰਸ ਮੇਘ ਨੇ ਵੰਗਸੇਨ ਵਿਚ ਲਿਖਿਆ ਹੈ ਜਿਸ ਵਿਚ ਇਸ ਦਾ ਨਾਮ ਭੀ ਨਹੀਂ, ਸੋ ਇਹ "ਰਸ ਚਿੰਤਾਮਣੀ" ਪ੍ਰਿ: ੧੮੬, ਰਸਰਤਨਾਕਰ ਪ੍ਰਿ:੪੯੭ ਅਰ ਰਸਰਾਜ ਸੁੰਦ੍ਰ ਦੇ ਪ੍ਰਿ:੪੮੭ ਵਿਖੇ ਮਿਲਦਾ ਹੈ।ਉਥੇ ਉਸ ਦੀ ਵਿਧੀ ਨਿਮਨ ਲਿਖਤ ਹੈ

ਤਾਂਮੇ ਦੀ ਭਸਮ ਲੈਕੇ ਬਰਾਬਰ ਦਾ ਬਕਰੀ ਦਾ ਦੁਧ ਪਾਕੇ ਅਗ ਪਰ ਪਕਾਵੇ, ਜਦ ਦੁਧ ਸੜ ਜਾਵੇ ਤਾਂਮ੍ਰ ਭਸਮ ਦੇ ਸਮਾਨ ਸੁਧ ਪਾਰਾ, ਸੁਧ ਆਵਲੇਸਾਰ ਮਿਲਾਕੇ ਸੰਭਾਲੂ ਦੇ ਰਸ ਨਾਲ ੧ ਦਿਨ ਘੋਟ ਕੇ ਗੋਲਾ ਬਨਾਇ ਬਾਲੂਕਾ ਯੰਤ੍ਰ ਵਿਖੇ ਧਰ ਕੇ ਪਕਾਵੇ, ਫਿਰ ਇਸ ਵਿਚੋਂ ੨ ਰਤੀ ਖੁਲਾਕੇ

---

*ਬਾਲੂਕਾ ਯੰਤ੍ਰ ਦੀ ਇਉਂ ਰੀਤੀ ਹੈ ਕਿ ਗਿੱਠ ਪ੍ਰਮਾਣ ਡੂੰਘਾ ਮਿੱਟੀ ਦਾ ਪਾਤ੍ਰ ਲੈਕੇ ਉਸ ਵਿਚ ਪਾਕੇ ਦਵਾਈ ਵਾਲੀ ਆਤਸ਼ੀ ਸ਼ੀਸ਼ੀ ਧਰੇ ਤੇ ਮੂੰਹ ਤਕ ਰੇਤ ਭਰਕੇ ਅਗ ਦੇਵੇ, ਇਸ ਵਾਸਤੇ ਦੇਖੋ 'ਰਸੇਂਦਰ ਭਾਸਕਰ' ਪ੍ਰਿ: ੧੨੪.

Digitized by Panjab Digital Library | www.panjabdigilib.org

ਬਿਜੌਰੇ ਦੀ ਜੜ੍ਹ ਦਾ ਰਸ ਪਿਛੋਂ ਪਿਲਾਵੇ ਤਾਂ ਪਥਰੀ ਤੇ ਸਰਕਰਾ ਸਭ ਨੂੰ ਇਹ ਤ੍ਰਿਬਿਕ੍ਰਮ ਰਸ ਨਾਸ ਕਰੇ ॥੮੬॥੮੭॥

ਆਨੰਦ ਭੈਰਵ ਬਟੀ (†ਰਸਰਤਨਾਕਰਾਤ)—ਦੋਹਰਾ

ਤਿਲ ਬਾਂਗਾ ਪੰਚਾਂਗ ਲੈ, ਕਾਰੇਲਾ ਯਵ ਜਾਨ।
ਪਲਾਸ ਕਾਠ ਸੰਪੁਟ ਦਹੇ, ਭਸਮ ਕਰੇ ਸਭ ਠਾਨ ॥੮੮॥
ਅਜਾਮੂਤ੍ਰ ਗੋਲੀ ਕਰੋ, ਟੰਕ ਏਕ ਪਰਮਾਨ।
ਅਜਾ ਮੂਤ ਸੋ ਖਾਈਏ, ਰੋਗ ਅਸਮਰੀ ਹਾਨ ॥੮੯॥
ਸਾਤ ਦਿਵਸ ਲੌ ਖਾਈਏ, ਰੋਗ ਅਸਮਰੀ ਜਾਇ।
ਰਸ ਰਤਨਾਕਰ ਮਾਹਿ ਇਹੁ; ਕਹਤ ਮੇਘ ਸੁਖ ਥਾਇ ॥੯੦॥

੧੧੯੫-ਤਿਲਾਂ ਦਾ ਤੇ ਪੁਟਕੰਡੇ ਦਾ ਪੰਚਾਂਗ, ਇਸੇ ਤਰ੍ਹਾਂ ਕਰੇਲੇ ਤੇ ਯਵਾਂ ਦਾ ਸ੍ਰਬਾਂਗ ਲੈਕੇ ਘੋਟੇ, ਫਿਰ ਪਲਾਹ ਦੀ ਲਕੜੀ ਦਾ ਉੱਕ੍ਰਕੇ *ਸੰਪੁਟ ਬਣਾਇਆ ਹੋਵੈ ਉਸ ਵਿਚ ਖਾਕੇ ਸਭੋ ਫੂਕ ਲਵੇ, ਫਿਰ ਬਕਰੀ ਦੇ ਮੂਤ੍ਰ ਵਿਚ ਖਰਲ ਕਰਕੇ ੪ ਮਾਸੇ ਪ੍ਰਮਾਣ ਗੋਲੀ ਬੰਨ੍ਹ ਰਖੇ; ਫਿਰ ਬਕਰੀ ਦੇ ਮੂਤ੍ਰ ਨਾਲ ਹੀ ਖਾਵੇ ਤਾਂ ੭ ਦਿਨ ਵਿਚ ਹੀ ੪ ਪ੍ਰਕਾਰ ਦੀ ਪਥਰੀ ਅਵੱਸ਼ ਜਾਵੇ ॥੮੮ ਤੋਂ ੯੦॥

ਚੌਪਈ

ਏਲਾ ਏਰੰਡ ਭੇਦੁ ਪਖਾਨ। ਪਥਰਾ ਗੋਖਰੁ ਕੁਰਟ ਠਾਨ।
ਲੇਹੁ ਦੁਰਾਲਭ ਤਰਕੇ ਬੀਜ। ਕ੍ਵਾਥ ਪਿਵੇ ਮੂਤ੍ਰ ਰੁਧ ਖੀਜ ॥੯੧॥

੧੧੯੬-ਇਲਾਚੀ, ਅਰਿੰਡ, ਪਖਾਣਭੇਦ, ਹਰੜ, ਭੱਖੜਾ, ਕਰੁੰਡ (ਪੀਲਾ ਬਾਂਸਾ) ਧਮਾਹਾਂ ਅਰ ਤਰਾਂ ਦੇ ਬੀਜ ਕਾੜ੍ਹ ਕੇ ਪੀਵੇ ਤਾਂ ਮੂਤ੍ਰ ਦੀ ਰੋਕ ਅਵੱਸ਼ ਜਾਵੇ ॥੯੧॥

ਦੋਹਰਾ—
ਦੇਵਦਾਰ ਕਾ ਕ੍ਵਾਥ ਕਰਿ, ਪੀਵਤ ਜੋ ਪਰਭਾਤ।
ਮੂਤ੍ਰ ਰੋਧ ਅਰ ਅਸਮਰੀ, ਦੋਨੋਂ ਰੋਗ ਮਿਟਾਤ ॥੯੨॥

੧੧੯੭-ਦੇਵਦਾਰ ਦਾ ਕਾੜ੍ਹਾ ਕਰਕੇ ਪ੍ਰਾਤਾਕਾਲ ਪੀਵੇ ਤਾਂ ਮੂਤ੍ਰ ਦੀ ਰੋਕ ਅਰ ਪਥਰੀ ਨਾਸ ਕਰੇ ॥੯੨॥

ਤ੍ਰਿਫਲਾ ਸੇਂਧਾ ਬੀਜ ਤਰੁ, ਚੂਰਨ ਤਾਤੇ ਨੀਰ।
ਮੂਤ੍ਰ ਰੋਧ ਅਰ ਅਸਮਰੀ, ਛਿਨ ਮਹਿ ਜਾਵਤ ਪੀਰ॥੯੩॥

੧੧੯੮-ਤ੍ਰਿਫਲਾ, ਸੇਂਧਾਲੂਣ ਅਰ ਤਰ੍ਹਾਂ ਦੇ ਬੀਜ ਪੀਹਕੇ ਚੂਰਣ ਕਰੇ ਅਰ ਗਰਮ ਜਲ ਨਾਲ ਫੱਕੇ ਤਾਂ ਮੂਤ੍ਰ ਦਾ ਰੁਕਣਾ, ਪਥਰੀ ਨਿਸਚੇ ਨਾਸ ਕਰੇ ॥੯੩॥

---

†ਹੁਣ ਇਹ ਰਸਰਤਨਾਕਰਾਤ ਵਿਚੋਂ ਨਹੀਂ ਮਿਲਦੀ।
*ਸਿਰਫ ਸੰਪੁਟ ਵਾਲੀ ਲਕੜੀ ਵਿਚ ਫੂਕੇ ਅਰਥਾਤ ਸੰਪੁਟ ਨੂੰ ਹੀ ਅੱਗ ਲਾਵੇ।

Digitized by Panjab Digital Library | www.panjabdigilib.org

ਤਿਲ ਨਾਲੀ ਕੀ ਭਸਮ ਕਰ, ਸਹਿਤ ਦੂਧ ਸੋ ਪੀਤ।
ਮੂਤ੍ਰ ਰੋਧ ਅਰ ਅਸਮਰੀ, ਦਾਗ ਰੋਗੁ ਸਭ ਜੀਤ ॥੯੪॥

੧੧੯੯–ਤਿਲਾ ਦੇ ਸਲਿਆਂ ਦੀ ਸੁਆਹ ਕਰਕੇ ਸ਼ਹਿਤ ਪਾ ਕੇ ਦੁਧ ਨਾਲ ਪੀਵੇ ਤਾਂ ਮੂਤ੍ਰ ਦੀ ਰੋਕ, ਪਥਰੀ ਅਰ ਸੜਨ ਸਭ ਜਾਂਦੀ ਰਹੇ ॥੫੪॥

ਚੋਪਈ

ਕਨਾਬੀਜ ਮਿਸਰੀ ਤਰੁ ਬੀਜ। ਕੱਚੀ ਲੱਸੀ ਸੇਤੀ ਦੀਜ।
ਮੂਤ੍ਰ ਰੋਧ ਸੁਜਾਕ ਸੁ ਜਾਇ। ਰੋਗ ਅਸਮਰੀ ਛਿਨ ਮਹਿ ਜਾਇ॥੯੫॥

੧੨੦੦–ਮਘ ਦੇ ਬੀਜ, ਮਿਸਰੀ ਤੇ ਤਰਾਂ ਦੇ ਬੀਜ ਕੱਚੀ ਲੱਸੀ ਨਾਲ ਦੇਵੇ ਤਾਂ ਮੂਤ੍ਰ ਦਾ ਰੋਗ, ਸੁਜ਼ਾਕ ਅਰ ਪਥਰੀ ਰੋਗ, ਇਹ ਸਭੋ ਤੁਰਤ ਨਾਸ ਕਰੇ ॥੯੫॥

ਦੋਹਰਾ– ਏਲਾ ਹਿੰਗੁ ਜੁ ਘੀਯ ਪਯ, ਜੀਵਤ ਰੋਗੀ ਜੋਇ।
ਸੁਕ੍ਰ ਦੋਖ ਪਥਰੀ ਰੁਧਯ, ਕ੍ਰਿਛ ਰੋਗੁ ਨ ਹੋਇ ॥੯੬॥

੧੨੦੧–ਲਾਚੀ, ਹਿੰਗ ਤੇ ਘਿਉ, ਦੁਧ ਵਿਚ ਪਾਕੇ ਪੀਵੇ ਤਾਂ ਬੀਰਜ ਦੀ ਰੋਕ, ਪਥਰੀ ਅਰ ਮੂਤ੍ਰ ਕ੍ਰਿਛ ਸਭ ਦਾ ਨਾਸ ਕਰੇ ॥੯੬॥

(ਰਾਮਬਿਨੋਦਾਤ)–ਚੌਪਈ

ਤਿਕਤਾ ਅਭਯਾ ਮੋਥ ਪਟੋਲ। ਕਦਲਿ ਕੰਦ ਬਾਂਸਾ ਲੈ ਤੋਲ।
ਸੁਕੜ ਦਾਖ ਤ੍ਰਿਪੱਤੀ ਪਾਇ। ਟੰਕ ਦੋਇ ਦੁਇ ਸਭ ਏ ਲਯਾਇ॥੯੭॥
ਜਵਾਖਾਰ ਨੰਤਾ ਟੰਕ ਅੰਕ। ਸ੍ਵੇਤ ਖੰਡ ਸੋਲਾਂ ਲੈ ਟੰਕ।
ਸੀਤਲ ਜਲ ਸੋ ਖਾਵਤ ਏਹ। ਪਥਰੀ ਮੂਤ੍ਰ ਰੋਧ ਨਸੇਹ ॥੯੮॥

੧੨੦੨–ਕੌੜ, ਹਰੜ ਦੀ ਛਿਲ ਨਾਗਰ ਮੋਥਾ, ਪਟੋਲਪਤ੍ਰ, ਕੇਲੇ ਦਾ ਫਲ, ਬਾਂਸੇ ਦੇ ਪਤ੍ਰ, ਸੂਕੜ-ਸਫੇਦ ‡ਚੰਦਨ, ਮੁਨੱਕਾ, ਤ੍ਰਿਪੱਤੀ (ਤ੍ਰਬਰਗੀ ਬੂਟੀ) ਇਹ ਸਭ ੨–੨ ਟੰਕ। ਜੌਂਖਾਰ ਤੇ ਧਮਾਹਾ ੧–੧ ਟੰਕ। ਖੰਡ ੧੬ ਟੰਕ ਲੈਕੇ ਬ੍ਰੀਕ ਪੀਹੇ, ਫਿਰ ਇਸ ਵਿਚੋਂ ੨ ਟੰਕ ਨਿਤ ਠੰਢੇ ਪਾਣੀ ਨਾਲ ਖਾਵੇ ਤਾਂ ਪਥਰੀ ਅਰ ਮੂਤ੍ਰ ਦੀ ਰੁਕਾਵਟ ਨਾਸ ਹੋਵੇ ॥੯੭॥੯੮॥

ਦੋਹਰਾ– ਤੀਨ ਟੰਕ ਏਰੰਡ ਜੜ, ਘ੍ਰਿਤ ਸੋ ਕੀਜਤ ਪਾਨ।
ਦਿਨ ਇਕ ਬੀਸ ਜੁ ਲੀਜੀਏ, ਮਿਟਤ ਅਸਮਰੀ ਮਾਨ ॥੯੯॥

---

*ਯਾਦ ਰਹੇ ਕਿ ਇਹ ਪ੍ਰਯੋਗ ਭਾਵੇਂ ਰਾਮ ਬਿਨੋਦ ਦਾ ਲਿਖਿਆ ਹੈ ਸੋ ਇਸ ਵਿਚ ਤ੍ਰਿਪੱਤੀ ਤ੍ਰਿਬਰਗੀ ਬੂਟੀ (ਜਿਸਨੂੰ ਤ੍ਰਿਦਲੀ ਭੀ ਆਖਦੇ ਹਨ) ਇਹ ਨੀਲੇ ਫੂਲ ਦੀ ਹੁੰਦੀ ਹੈ ਸੋ ਘਟ ਮਿਲਦੀ ਹੈ, ਦੇਖੋ ਦ੍ਰਬ ਦਰਪਣ ਪ੍ਰਿ: ੨੮੧, ਇਕ ਇਹ ਤੇ ਦੂਸਰਾ ਧਮਾਹਾ ਇਹ ਦੋਨੋਂ ਰਾਮ ਬਿਨੋਦ ਨਾਲੋਂ ਵਾਧੂ ਹਨ। ਇਸੇ ਤਰਾਂ ਵਜ਼ਨ ਵਿਚ ਭੀ ਫਰਕ ਹੈ, ਓਥੇ ਸਭ ਚੀਜ਼ਾਂ ਸਮਾਨ, ਸਭ ਨਾਲੋਂ ਦੂਣੀ ਮਿਸਰ ਹੈ, ਇਉਂ ਫਰਕ ਜਾਣੋ। ਦੇਖੋ ਰਾਮ ਬਿਨੋਦ ਪ੍ਰਿ: ੧੧੩,

Digitized by Panjab Digital Library | www.panjabdigilib.org

੧੨੦੩–ਤੋਲਾ ਭਰ ਇਰਿੰਡ ਦੀ ਜੜ ਘਿਉ ਨਾਲ ੨੧ ਦਿਨ ਪੀਵੇ ਤਾਂ ਭੀ ਪਥਰੀ ਜਾਵੇ ॥੯੯॥

ਪਿਤ ਪਾਪਰਾ ਟੰਕ ਖਟ, ਗਊ ਤਕ੍ਰ ਸੇ ਖਾਇ।
ਦਿਨ ਗਯਾਰਾਂ ਪੀਵਤ ਮਿਟਤ, ਰੋਗੁ ਅਸਮਰੀ ਜਾਇ ॥੧੦੦॥

੧੨੦੪-ਪਿਤ ਪਾਪੜਾ ੨ ਤੋਲੇ ਗੋਕੀ ਲੱਸੀ ਨਾਲ ੧੧ ਦਿਨ ਪੀਵੇ ਤਾਂ ਪਥਰੀ ਨਾਸ ਕਰੇ ॥੧੦੦॥

ਸੋਰਠਾ–
ਬਾਂਝ ਕਕੌੜਾ ਮੂਰ, ਅਥਵਾ ਜੜ ਬਿਜੌਰ ਕੀ।
ਮਿਟੈ ਅਸਮਰੀ ਸੂਰ, ਖੀਰ ਸੰਗ ਜੋ ਖਾਇ ਨਿਤ ॥੧੦੧॥

੧੨੦੫–ਬਾਂਝ ਕਕੌੜੇ ਦੀ ਜੜ੍ਹ ਦੁਧ ਨਾਲ ਯਾ:-
੧੨੦੬–ਬਿਜੌਰੇ ਦੀ ਜੜ੍ਹ ਦੁਧ ਨਾਲ ਦੇਵੇ ਤਾਂ ਪਥਰੀ ਨਾਸ ਹੋਵੇ ॥੧੦੧॥

ਬੀਜ ਕਾਂਕਸੀ ਟੰਕ, ਖਾਟੀ ਤਕ੍ਰ ਮਿਲਾਇ ਪਿਵ।
ਦਿਨ ਇਕ ਬੀਸ ਜੁ ਅੰਕ, ਰੋਗੁ ਅਸਮਰੀ ਜਾਇ ਮਿਟ ॥੧੦੨॥

੧੨੦੭–ਕਾਕਸੀ ਕਹੀਏ ਖੀਰੇ ਦੇ ਬੀਜ ੪ ਮਾਸੇ ਪ੍ਰਮਾਣ ਖਟੀ ਲਸੀ ਵਿਚ ਮਿਲਾਕੇ ੨੧ ਦਿਨ ਪੀਵੇ ਤਾਂ ਪਥਰੀ ਨਾਸ ਹੋਵੇ ॥੧੦੨॥

ਅਥ ਲਿੰਗ ਸੂਲ ਉਪਾਇ–ਦੋਹਰਾ

ਤੁੰਮਾ ਜਮ ਨਰ ਮੂਤ ਸੇ, ਪੀਸੀ ਲੇਪ ਕਰਾਇ।
ਲਿੰਗ ਸੂਲ ਸਭ ਜਾਤ ਹੈ, ਉਤਮ ਏਹ ਉਪਾਇ ॥੧੦੩॥

੧੨੦੮–ਤੁੰਮੇ ਦੀ ਜੜ੍ਹ ਆਦਮੀ ਦੇ ਪਿਸ਼ਾਬ ਨਾਲ ਪੀਹ ਕੇ ਲਿੰਗ ਪਰ ਲੇਪ ਕਰੇ, ਤਾਂ ਲਿੰਗ ਦਾ ਸਭ ਪ੍ਰਕਾਰ ਦਾ ਸੂਲ ਨਾਸ ਹੋਵੇ, ਇਹ ਬਹੁਤ ਸਰੇਸ਼ਟ ਦਵਾਈ ਹੈ ॥੧੦੩॥

ਚੰਦਨ ਲੇਪੋ ਸ੍ਵੇਤ ਹੀ, ਅਥਵਾ ਕਥ ਲਿਪਾਇ।
ਦਾਹ ਸੂਰ ਪਾਕਾ ਪਿੜਕ, ਤੁਰਤੈ ਦੇਇ ਗਵਾਇ ॥੧੦੪॥

੧੨੦੯--ਚਿੱਟਾ ਚੰਦਨ ਲਿਪੇ, ਯਾ-
੧੨੩੦–ਕਥ ਦਾ ਲੇਪ ਕਰੇ ਤਾਂ ਦਾਹ, ਸੂਲ, ਪਾਕਾ, ਫਿੰਨਸੀ ਸਭੇ ਨਾਸ ਕਰੇ ॥੧੦੪॥

ਮਾਖਨ ਸੰਗ ਰਸੌਤ ਲੈ, ਲੇਪ ਕਰੋ ਲਿੰਗ ਜਾਨ।
ਦਾਹ ਪੀਰ ਪਾਕਾ ਜਿਸਨ, ਮਿਟੈ ਹੋਤ ਕਲਯਾਨ ॥੧੦੫॥

੧੨੧੧–ਮਖਣ ਨਾਲ ਰਸੌਂਤ ਦਾ ਲੇਪ ਕਰੇ ਤਾਂ ਦਾਹ (ਸੜਨ) ਪੀੜ ਤੇ ਪਾਕਾ ਲਿੰਗ ਦਾ ਸਭ ਪ੍ਰਕਾਰ ਦਾ ਨਾਸ ਕਰੇ ॥੧੦੫॥

ਪਥਰੀ ਦੇ ਪੱਥ–ਦ੍ਵੈਯਾ ਛੰਦ

ਬਸਤ ਬਿਰੇਕ ਬਮੰ ਅਰੁ ਲੰਘਨ, ਅਵਗਾਹਨ ਜਲ ਸੇਵਾ।

Digitized by Panjab Digital Library | www.panjabdigilib.org

ਸ੍ਵੇਦ ਜੁ ਕੁਲਥਾ ਜਵ ਲੈ ਜੀਰਨ, ਅਖਿਤ ਮਦ ਭਨ ਏਵਾ।
ਜੀਰਨ ਪੇਠਾ ਗੋਖਰ ਬਾਰੁਨ, ਅਦਰਕ ਭੇਦੁ ਪਖਾਨਾ।
ਜਵਾਖਾਰ ਏ ਪਥ ਬਖਾਨੇ, ਪਥਯਾਪਥ ਏ ਠਾਨਾ ॥੧੦੬॥

੧੨੧੨–(ਬਸਤੀ ਕਰਮ, ਬਿਰੇਕ (ਦਸਤ) ਦੇਣੇ, ਉਪਰਛਲ ਦੇਣੀ, ਬ੍ਰਤ ਕਰਾਉਣਾ, ਗੋਤੇ ਮਾਰ ਨਵ੍ਹਾਣਾ, ਜਲ ਸਿੰਚਣਾ, ਪਸੀਨਾ ਦੇਣਾ, ਕੁਲਥ ਅੰਨ, ਜੌਂ, ਪੁਰਾਣੇ ਚੌਲ, ਸ਼ਰਾਬ, ਪੁਰਾਣਾ ਪੇਠੇ ਦਾ ਫਲ, ਭੱਖੜਾ *ਬਾਰੁਣ ਕਹੀਏ ਜਲ ਤੋਂ ਪੈਦਾ ਹੋਣ ਵਾਲੇ ਸਾਗ, ਅਦਰਕ, ਪਖਾਣਭੇਦ ਜੌਂਖਾਰ (ਅਰ ਪਥਰੀ ਦਾ ਕਢਾ ਦੇਣਾ) ਇਹ ਸਭ ਪਥਜਾਪਥ ਵਿਚ ਪਥ ਕਹੇ ਹਨ ॥ ੧੦੬ ॥

ਕੁਪੱਥ–ਚੌਪਈ

ਬੇਗ ਅਮਲ ਬਿਸਟੰਭੀ ਰੂਖਾ। ਗੁਰੁ ਅੰਨ ਜਾਨ ਬਿਰੁੱਧਾ ਸੂਖਾ।
ਰੋਗ ਅਸਮਰੀ ਕਹੇ ਕੁਪਥਯ। ਪਥਯਾਪੱਥੈ ਜਾਂਨੋ ਅਥ ॥੧੦੭॥

੧੨੧੩–(ਬੀਰਜ ਆਦਿ) ਬੇਗਾਂ ਦਾ ਰੋਕਣਾ, ਖਟਾਈ, ਕਬਜੀ ਕਰਨਹਾਰੇ, ਖੁਸ਼ਕ ਭਾਰੇ, ਵਿਰੁੱਧ ਅਤੇ ਸੁਕੇ ਅੰਨ ਖਾਣੇ ਪੀਣੇ ਇਹ ਸਭ ਪਥਰੀ ਰੋਗ ਵਿਚ ਪਥਜਾਪਥ ਕੁਪੱਥ ਕਹੇ ਹਨ ॥੧੦੭॥

ਪ੍ਰਮੇਹ ਨਿਦਾਂਨ–ਚੌਪਈ

ਬੈਠਾ ਸੂਤਾ ਤਿਯ ਸੰਗ ਕਰੈ। ਬਕਰਾ ਮੱਛੀ ਮਾਸ ਜੁ ਧਰੈ।
ਜਲਚਰ ਦੂਧ ਨਵਾਅੰਨ ਖਾਇਗੁੜ ਕੀ ਬਸਤ ਪ੍ਰਮੇਹ ਉਪਾਇ।੧੦੮।
ਮੇਦ ਮਾਸ ਅਰ ਤਨਕਾ ਨੀਰ। ਜੋ ਇਨ ਕੋ ਕਫ ਦੂਖੈ ਪੀਰ।
ਸੋ ਕਫ ਬਸਤ ਜੁ ਮਾਹੇ ਜਾਇ। ਉਦੀਰੈ ਕਫ ਪਿਤੈ ਬਾਇ ॥੧੦੯॥
ਤਾਂਤੇ ਉਪਜੈ ਬੀਸ ਪ੍ਰਮੇਹ। ਚਾਰ ਬਾਤ ਖਟ ਪਿਤੈ ਤੇਹ।
ਦਸੇ ਜਾਨ ਕਫਕੇ ਹੈਂ ਕਹੇ। ਮਾਧਵ ਤੇ ਮੇਘੈ ਰਿਖ ਲਹੈ ॥੧੧੦॥

ਬਹੁਤਾ ਬੈਠਣਾ; ਬਹੁਤਾ ਸੌਣਾ ਬਹੁਤਾ ਇਸਤ੍ਰੀ ਦਾ ਸੰਗ ਕਰਨਾ, ਬਹੁਤਾ ਬਕਰੇ ਮਛੀ ਦਾ ਮਾਸ ਖਾਣਾ। ਜਿੱਥੇ ਬਹੁਤਾ ਜਲ ਰਹੇ ਐਸੇ ਦੇਸਾਂ ਵਿਚ ਰਹਿਣ ਵਾਲੇ ਜੀਆਂ ਦਾ ਮਾਸ ਖਾਣਾ, ਅਧਿਕ ਦੁਧ ਪੀਣਾ, ਬਹੁਤੇ ਨਵੇਂ ਅੰਨ ਖਾਣੇ ਤੇ ਗੁੜ ਦੀਆਂ ਬਸਤਾਂ ਅਧਿਕ ਖਾਣੀਆਂ ਇਤਯਾਦਿ ਕਾਰਣਾ ਤੋਂ ਪ੍ਰਮੇਹ ਰੋਗ ਪੈਦਾ ਹੋ ਜਾਂਦਾ ਹੈ। ਮੂਤ੍ਰਾਸ਼ਯ ਵਿਖੇ ਰਹਿਣ ਵਾਲੀ ਮੇਦਾ (ਚਰਬੀ) ਮਾਸ ਨੂੰ ਅਰ ਸਰੀਰ ਦੇ ਜਲ ਭਾਵ ਕਲੇਦ ਨੂੰ ਅਤੇ ਕਫ ਨੂੰ ਦੁਸ਼ਟ ਕਰ ਦੇਵੇ, ਉਹ ਅਤੇ ਬਾਤ ਨੂੰ ਵਿਗਾੜ ਦੇਵੇ ਤਾਂ ੨੦ ਪ੍ਰਕਾਰ ਦੇ ਪ੍ਰਮੇਹ ਉਤਪੰਨ ਹੁੰਦੇ ਹਨ ਸੋ ਉਹ ਪ੍ਰਮੇਹ ੪ ਬਾਤ ਦੇ, ੬ ਪਿਤ ਦੇ ਅਤੇ ੧੦ ਕਫ ਦੇ ਇਹ ੨੦ ਕਹੇ ਜਾਂਦੇ ਹਨ ॥੧੦੮ ਤੋਂ ੧੧੦॥

ਸਾਧਯਾਸਾਧ ਵਿਚਾਰ–ਦੋਹਰਾ

ਕਫਕੇ ਸਾਧ ਜੁ ਜਾਨੀਓ ਕਸ਼ਟ ਸਾਧਯ ਹੈ ਪਿੱਤ।

*ਇਹ ਬਾਰੁਣ ਕਰਕੇ ਜਲ ਤੋਂ ਪੈਂਦਾ ਹੋਣ ਵਾਲੇ ਸਾਗ ਹਨ, ਬਰਨਾ ਨਹੀਂ।

Digitized by Panjab Digital Library | www.panjabdigilib.org

ਪਵਨ ਤਨੈ ਅਸਾਧ ਹੈ ਤ੍ਰਿਬਿਧ ਕਹੇ ਮੈਂ ਮਿੱਤ ॥੧੧੧॥
ਕਫ ਕਿਰਿਯਾ ਸਮ ਜਾਨੀਓ ਕਸਟ ਕ੍ਰਿਯਾ ਲਖ ਪਿੱਤ ।
ਦੁਸ਼ਟ ਕ੍ਰਿਯਾ ਹੈ ਬਾਤ ਕੀ ਸਮਝੇ ਪੰਡਿਤ ਨਿੱਤ ॥੧੧੨॥

ਇਨ੍ਹਾਂ ਵਿਚੋਂ ਕਫ ਦੇ ਸਾਧਯ ਹਨ (ਕਿਉਂਕਿ ਇਹ ਕੇਵਲ ਮੇਦਾ ਆਦਿ ਦੇ ਦੂਖਤ ਹੋਣ ਨਾਲ ਹੁੰਦੇ ਹਨ, ਸੋ ਕਾਰਣ ਰੂਪ ਇਕ ਕ੍ਰਿਯਾ ਤੇ ਨਾਸ ਹੁੰਦੇ ਹਨ) ਪਿੱਤ ਦੇ ਕਸ਼ਟ ਅਸਾਨ ਹਨ (ਕਿਉਂਕਿ ਇਹ ਕਫ ਆਦਿ ਸੋਮ ਧਾਤੂ ਦੇ ਖਯ ਹੋਣ ਪਰ ਮੇਦਾ ਆਦਿ ਦੇ ਦੂਖਤ ਹੋਣੇ ਪਰ ਹੁੰਦੇ ਹਨ, ਸੋ ਮਧੁਰ ਅਰ ਰੂਖ ਆਦਿ ਵਿਖਮ ਕ੍ਰਿਯਾ ਤੇ ਨਸ਼ਟ ਹੁੰਦੇ ਹਨ, ਵਾਯੂ ਦੇ ਅਸਾਧਯ ਹਨ (ਕਿਉਂਕਿ ਸੰਪੂਰਣ ਧਾਤੂਆਂ ਦੇ ਖਯ ਕਰਨ ਵਾਲੇ ਹਨ) ਕਫ ਦੀ ਕ੍ਰਿਯਾ ਸੋਮ ਹੈ। ਪਿਤ ਦੀ ਕਸ਼ਟ ਸਾਧਯ ਕ੍ਰਿਯਾ ਹੈ। ਅਰ ਵਾਯੂ ਦੀ ਦੁਸ਼ਟ ਕ੍ਰਿਯਾ ਹੈ, ਇਸਤਰ੍ਹਾਂ ਜਾਨਣਾ ਚਾਹੀਏ ॥੧੧੧॥੧੧੨॥

ਬੀਸ ਪ੍ਰਮੇਹ ਨਾਮ—ਦੋਹਰਾ

ਉਦਕ ਇਖ ਸਾਂਦ੍ਰਿ ਸੁਰਾਂ, ਪਿਸਟ ਸੁਕ੍ਰ ਸਿਕਤ ਸੀਤ ।
ਮੰਦ ਮੰਦ ਲਾਲਾ ਜੁਗਤਿ, ਸੰਤੁਖਾਰ ਕਹਿ ਮੀਤ ॥੧੧੩॥
ਨੀਲ ਕਾਲ ਮਜਿਸਿਟ ਨਿਸਿ, ਰਕਤੈ ਹਸਤਿ ਬਸਾ ਮੇਹ ।
ਮੱਜਾ ਔਰ ਖੌਦ੍ਰਾਨ ਪੁਨਿ, ਬੀਸ ਮੇਹ ਭਨ ਏਹ ॥੧੧੪॥

੧ ਉਦਕ ਪ੍ਰਮੇਹ, ੨ ਇਖੂ ਪ੍ਰਮੇਹ, ੩ ਸਾਂਦ੍ਰ ਪ੍ਰਮੇਹ, ੪ ਸੁਰਾ ਪ੍ਰਮੇਹ, ੫ ਪ੍ਰਿਸ਼ਟ ਪ੍ਰਮੇਹ, ੬ ਸ਼ੁਕ੍ਰ ਪ੍ਰਮੇਹ, ੭ ਸ਼ਿਕਤਾ ਪ੍ਰਮੇਹ, ੮ ਸੀਤ ਪ੍ਰਮੇਹ, ੯ ਮੰਦ ਮੰਦ ਪ੍ਰਮੇਹ, ੧੦ ਲਾਲਾ ਪ੍ਰਮੇਹ, ੧੧ ਤੁਖਾਰ ਪ੍ਰਮੇਹ, ੧੨ ਨੀਲਿਕਾ ਪ੍ਰਮੇਹ, ੧੩ ਕਾਲ ਪ੍ਰਮੇਹ, ੧੪ ਮਜਿਸਟ ਪ੍ਰਮੇਹ, ੧੫ ਹਲਦੀਆ ਪ੍ਰਮੇਹ, ੧੬ ਰਕਤ ਪ੍ਰਮੇਹ, ੧੭ ਹਸਤਿ ਪ੍ਰਮੇਹ, ੧੮ ਬਸਾ ਪ੍ਰਮੇਹ, ੧੯ ਮਜਾ ਪ੍ਰਮੇਹ ਤੇ ੨੦ ਮਧੂ ਪ੍ਰਮੇਹ, ਇਹ ਬੀਸ ਹਨ ॥ ੧੧੩ ॥ ੧੧੪ ॥

ਪ੍ਰਮੇਹ ਅਸਾਧ ਲੱਛਣ—ਦੋਹਰਾ

ਹ੍ਰਿਦੈ ਗੁਦਾ ਸਿਰ ਅੰਸ ਮੁਖ, ਪ੍ਰਿਸਿਟ ਮਰਮ ਪਿੜ ਹੋਇ ।
ਅਗਨੀ ਦੁਰਬਲ ਬਿਖਮ ਜੋ, ਕਵਿ ਬਿਨੋਦ ਭਨਿ ਸੋਇ ॥੧੧੫॥

ਹ੍ਰਿਦਯ, ਗੁਦਾ, ਸਿਰ, ਮੋਢੇ, ਮੂੰਹ ਪਿਠ ਅਰ ਮਰਮ ਸਥਾਨਾਂ ਵਿਖੇ ਪੀੜਾ ਹੋਵੇ, ਅਗਨੀਮੰਦ ਹੋ ਜਾਵੇ, ਬਲ ਨਾਸ ਹੋ ਜਾਵੇ ਅਥਵਾ ਬਲ ਦੀ ਬਿਖਮਤਾ ਰਹੇ, ਕਦੇ ਵਧੇ, ਕਦੇ ਘਟੇ। ਇਹ ਕਵਿ ਬਿਨੋਦ ਨੇ ਅਸਾਧ ਪ੍ਰਮੇਹ ਦੇ ਲੱਛਣ ਕਹੇ ਹਨ ॥ ੧੧੫ ॥

ਪੂਰਬ ਰੂਪ—ਦੋਹਰਾ

ਰਦਨ ਮਲਨ ਕਰ ਪਦ ਜਲਤ, ਆਲਸ ਸਕਲ ਸਰੀਰ ।
ਪਰਮੇਹੀ ਨਰ ਸੋ ਕਹਯੋ, ਜਾਨੋ ਲਛਨ ਬੀਰ ॥੧੧੬॥

ਦੰਦ ਮੈਲੇ, ਹੱਥਾਂ ਪੈਰਾਂ ਵਿਚ ਦਾਹ, ਸਾਰੇ ਸਰੀਰ ਵਿਚ ਆਲਿਸ ਹੋਏ ਤਾਂ ਜਾਨਣਾ ਇਸ ਨੂੰ ਪ੍ਰਮੇਹ ਰੋਗ ਹੋ ਜਾਵੇਗਾ ॥ ੧੧੬ ॥

Digitized by Panjab Digital Library | www.panjabdigilib.org

ਦਸ ਕਫ ਪ੍ਰਮੇਹ ਲੱਛਣ

ਬਾਰ ਬਾਰ ਮੂਤ੍ਰ ਸ੍ਰਵੈ, ਸੀਤਲ ਨਿਰਮਲ ਨੀਰ।
ਜਲ ਮੇਹੀ ਤਾਕੋ ਕਰਤ, ਕਹਤ ਮੇਘ ਤਤਬੀਰ ॥੧੧੭॥

(੧) ਬਾਰੰਬਾਰ ਨਿਰਮਲ ਠੰਢਾ ਮੂਤਰ ਉਤਰੇ, ਉਹ ਜਲ ਪ੍ਰਮੇਹ ਕਿਹਾ ਜਾਂਦਾ ਹੈ ॥੧੧੭॥

ਚੌਪਈ

ਇਖ ਰਸੇ ਸਮ ਮੀਠਾ ਮੂਤ। ਇਖ ਮੇਹ ਲਛਨ ਏ ਸੂਤ।
ਮੂਤ੍ਰ ਸੰਘਨਾ ਖਾਰ ਜਮਾਇ। ਸਾਂਦ੍ਰਿਮੇਹੀ ਜਾਨੋ ਸਾਇ ॥੧੧੮॥
ਰੰਗ ਸੁਗੰਧ ਮੂਤ ਜਿਮ ਸੁਰਾ। ਸੁਰਾ ਮੇਹ ਲਛਨ ਸੇ ਬੁਰਾ॥
ਸੰਘਨਾ ਮਾਖ ਪੀਠ ਕਚਹਰਖ। ਮੂਤ੍ਰਪਿਸਟ ਇਹ ਮੇਹ ਸੁ ਕਰਖ॥੧੧੯॥
ਸੁਕ੍ਰ ਮੂਤ੍ਰੇ ਸੁਕ੍ਰ ਸਮਾਨ। ਸੁਕ੍ਰ ਮੇਹ ਸੋ ਕਹਯੋ ਬਖਾਨ।
ਰੇਤ ਸਮਾਨ ਮੂਤ ਜਿਸ ਹੋਇ। ਸਿਕਤ ਮੇਹ ਲਛਨ ਹੈ ਸੋਇ ॥੧੨੦॥
ਮਿਸਟ ਸੀਤ ਮੂਤ੍ਰ ਕਰਵਾਇ। ਸੀਤ ਪ੍ਰਮੇਹੀ ਦੀਓ ਬਤਾਇ।
ਛਿਨ ਛਿਨ ਮਾਹੇ ਮੂਤ੍ਰ ਕਰੈ। ਸਨਿ ਪਰਮੇਹੀ ਏ ਗੁਨ ਧਰੈ ॥੧੨੧॥
ਸੂਤ ਸਮਾਨ ਤਾਰ ਜੋ ਪਰੈ। ਲਾਲਾ ਮੇਹੀ ਲਾਲਾ ਗਿਰੈ।
ਕਫ ਕੇ ਮੇਹ ਲਖੋ ਦਸ ਸਹੀ। ਦੋ ਦੋ ਚਰਨੈ ਇਕੁ ਇਕੁ ਕਹੀ ॥੧੨੨॥

(੨) ਗੰਨੇ ਦੀ ਰਸ ਵਾਂਗ ਅਰ ਮਿੱਠਾ ਮੂਤ੍ਰ ਆਵੇ, ਉਹ ਇਖੂ ਪ੍ਰਮੇਹ ਕਿਹਾ ਜਾਂਦਾ ਹੈ।

(੩) ਸੰਘਨਾ, ਖਾਰਾ ਅਰ ਹੇਠੋਂ ਕੁਛ ਜੰਮਿਆਂ ਮੂਤ੍ਰ ਆਵੇ, ਉਹ ਸਾਂਦ੍ਰਿ ਪ੍ਰਮੇਹ ਕਹਾਉਂਦਾ ਹੈ॥ ੧੧੮॥

(੪) ਜਿਸ ਦਾ ਰੂਪ, ਸੁਗੰਧੀ, ਸ਼ਰਾਬ ਵਾਂਗ ਹੋਵੇ ਉਹ ਸੁਰਾ ਪ੍ਰਮੇਹ ਕਿਹਾ ਜਾਂਦਾ ਹੈ।

(੫) ਸੰਘਣਾ, ਮਹਾਂ ਦੀ ਪੀਠੀ ਜਿਹਾ ਮੂਤ੍ਰ ਹੋਵੇ ਅਰ ਰੋਮ ਖੜੇ ਹੋ ਜਾਣ, ਉਹ ਪ੍ਰਿਸ਼ਟ ਪ੍ਰਮੇਹ ਹੁੰਦਾ ਹੈ॥ ੧੧੯ ॥

(੬) ਬੀਰਜ ਰੰਗਾ ਯਾ ਬੀਰਜ ਹੀ ਮੂਤ੍ਰ, ਉਹ ਸ਼ੁਕ੍ਰ ਪ੍ਰਮੇਹ ਬੋਲਿਆ ਜਾਂਦਾ ਹੈ।

(੭) ਰੇਤੇ ਸਮਾਨ ਜਿਸ ਦਾ ਮੂਤ੍ਰ, ਕਣ ਜੇਹੇ ਵਾਲਾ ਹੋਵੇ, ਉਸ ਨੂੰ ਸਿਕਤਾ ਪ੍ਰਮੇਹ ਆਖਦੇ ਹਨ॥ ੧੨੦॥

(੮) ਮਿੱਠਾ ਅਰ ਠੰਢਾ ਮੂਤ੍ਰ ਬਾਰ ਬਾਰ ਮੂਤਰੇ, ਉਹ ਸ਼ੀਤ ਪ੍ਰਮੇਹ ਕਹਾਉਂਦੇ ਹੈ।

(੯) ਪਲ ਪਲ ਪਿਛੋਂ ਮੂਤਰੇ, ਉਸ ਦਾ ਨਾਮ ਸ਼ਨਿ ਪ੍ਰਮੇਹ ਹੈ॥ ੧੨੧॥

(੧੦) ਜੇਹੜਾ ਧਾਗੇ ਦੀਆਂ ਤਾਰਾਂ ਸਮਾਨ ਤਾਰਾਂ ਹੀ ਮੂਤਰੇ, ਉਹ ਲਾਲਾ ਪ੍ਰਮੇਹ ਹੁੰਦਾ ਹੈ। ਇਹ ਕਫ ਦੇ ਦਸ, ਦੋ ਦੋ ਚਰਨਾਂ ਵਿਚ ਇਕ ਇਕ ਕਹੇ ਹਨ॥ ੧੨੨॥

ਖਟ ਪਿਤ ਪ੍ਰਮੇਹ ਲੱਛਣ—ਚੌਪਈ

Digitized by Panjab Digital Library | www.panjabdigilib.org

ਨੀਲ ਮੂਤਰੇ ਨੀਲਾ ਮੇਹ। ਕਾਲ ਮੇਹ ਰੰਗ ਕਾਲਾ ਤੇਹ।
ਕਟੁਕ ਨਿਸਾ ਰੰਗ ਹਲਦੀ ਜਾਨ। ਨੀਰ ਮਜੀਠੈ ਮਜੀਠ ਸੁਠਾਨ।੧੨੩।
ਖਾਰ ਸ੍ਵਾਦ ਤੇ ਖਾਰ ਬਖਾਨ। ਰਕਤ ਅਕਾਰੈ ਰਕਤ ਸੁ ਠਾਨ।
ਏਕ ਏਕ ਜੋ ਚਰਨ ਬਖਾਨੇ। ਮੂਤ੍ਰ ਰੰਗ ਤੇ ਪਿਤ ਸਿਆਨੇ ॥੧੨੪॥

(੧) ਨੀਲਾ ਮੂਤਰ ਕਰੇ, ਉਹ ਨੀਲਾ ਪ੍ਰਮੇਹ ਹੁੰਦਾ ਹੈ।
(੨) ਸਿਆਹੀ ਸਮਾਨ ਕਾਲਾ ਮੂਤਰ ਉਤਰੇ, ਉਹ ਕਾਲਾ ਪ੍ਰਮੇਹ ਹੈ।
(੩) ਕੌੜਾ ਅਰ ਹਲਧੀ ਰੰਗ ਮੂਤ੍ਰ ਹੋਵੇ ਤਾਂ ਹਲਧੀਆ ਪ੍ਰਮੇਹ ਕਹਾਉਂਦਾ ਹੈ।
(੪) ਮਜੀਠ ਦੇ ਕਾਹੜੇ ਦੇ ਜਲ ਜੇਹਾ ਮੂਤ੍ਰ ਹੋਵੇ ਤਾਂ ਮਜਿਸਟ ਪ੍ਰਮੇਹ ਹੁੰਦਾ ਹੈ ॥ ੧੨੩ ॥
(੫) ਖਾਰਾ, ਖਾਰੇ ਜਲ ਜਿਹਾ ਮੂਤ੍ਰ ਉਤਰੇ, ਉਹ ਖਾਰੀ ਪ੍ਰਮੇਹ ਕ੍ਹਿਾ ਜਾਂਦਾ ਹੈ।
(੬) ਲਹੂ ਵਾਂਗ ਲਾਲ ਮੂਤ੍ਰ ਆਵੇ ਤਾਂ ਉਸ ਨੂੰ ਰਕਤ ਪ੍ਰਮੇਹ ਆਖਦੇ ਹਨ। ਇਸ ਦੇ ਇਕ ਚਰਨ ਵਿਚ ਇਕ ਇਕ ਹੈ ॥ ੧੨੪ ॥

ਚਾਰ ਬਾਤ ਪ੍ਰਮੇਹ ਲੱਛਣ—ਚੌਪਈ

ਚਰਬੀ ਸਮ ਜਿਸ ਮੂਤ੍ਰ ਸੁ ਹੋਇ। ਬਸਾ ਮੇਹ ਲਛਨ ਏ ਜੋਇ।
ਮੱਜਾ ਸਮ ਮੱਜਾ ਸੋ ਮੂਤ। ਮੱਜਾ ਮੇਹ ਬਖਾਨਜੋ ਸੂਤ ॥੧੨੫॥
ਕੌੜਾ ਰੂਖਾ ਮੀਠਾ ਜਾਨ। ਮਧੁ ਸਮ ਮਧੁ ਮੇਹੀ ਪਹਿਚਾਨ।
ਹਾਥੀ ਮਦ ਸਮ ਹਸਤਿ ਪ੍ਰਮੇਹ। ਦੋ ਦੋ ਪਦ ਮੈ ਬਾਤ ਸਨੇਹ ॥੧੨੬॥

(੧) ਚਰਬੀ ਜੇਹਾ, ਜਿਸ ਦਾ ਮੂਤ੍ਰ ਹੋਵੇ, ਉਸ ਨੂੰ ਬਸਾ ਪ੍ਰਮੇਹ ਆਖਦੇ ਹਨ।
(੨) ਮੱਜਾ ਸਮਾਨ, ਯਾ ਮੱਜਾ ਮਿਲਿਆ ਮੂਤ੍ਰ, ਉਹ ਮੱਜਾ ਪ੍ਰਮੇਹ ਕਿਹਾ ਜਾਂਦਾ ਹੈ ॥੧੨੫॥
(੩) ਕੌੜਾ, ਖੁਸ਼ਕ, ਮਿਠਾ ਜਿਹਾ ਸ਼ਹਤ ਵਾਂਗ ਮੂਤ੍ਰ, ਉਹ ਮਧੂ ਪ੍ਰਮੇਹ ਕਿਹਾ ਜਾਂਦਾ ਹੈ।
(੪) ਮਸਤੇ ਹਾਥੀ ਦੇ ਮਦ ਸਮਾਨ ਵਾਰ ਵਾਰ ਮੂਤ੍ਰ, ਉਹ ਹਸਤ ਪ੍ਰਮੇਹ ਕਹਾਉਂਦਾ ਹੈ। ਦੋ ਦੋ ਪਦਾਂ ਵਿਚ ਇਕ ਇਕ ਪ੍ਰਮੇਹ ਕਿਹਾ ਹੈ ॥ ੧੨੬ ॥

ਦੋਹਰਾ—ਮੂਤ੍ਰ ਰੰਗ ਤੇ ਜਾਨੀਓ, ਬੀਸ ਮੇਹ ਜੋ ਭਿੰਨ।
ਅਲਪ ਕਹੇ ਲਖਨ ਇਨਹਿ, ਮਾਧਵ ਤੇ ਮੈ ਮੰਨ ॥੧੨੭॥

ਮੂਤ੍ਰ ਦੇ ਰੰਗਾਂ ਤੇ ਬੀਸ ਪ੍ਰਮੇਹ ਭਿੰਨ ਭਿੰਨ ਜਾਨਣੇ, ਇਉਂ ਥੋੜੇ ਵਿਚ ਵਿਚਾਰ ਅਤੇ ਲਛਣ ਕਹੇ ਹਨ ॥ ੧੨੭ ॥

ਕਫ ਪ੍ਰਮੇਹ ਉਪਾਇ (ਵੰਗਸੇਨਾਤ)—ਪਰਿਹਾ

ਕਟਫਲ ਮੁਸਤਾ ਲੋਦ, ਸੁ ਪਥਯਾ ਜਾਨੀਏ।
ਪਾਠਾ ਅਰਜਨ ਧਨੀਯਾ, ਬੜਿੰਗੈ ਮਾਨੀਏ।
ਤਗਰ ਬੜਿੰਗੈ ਹਲਧੀ, ਦੋਨੋ ਏ ਸਹੀ।

Digitized by Panjab Digital Library | www.panjabdigilib.org

ਛਾਲ ਕੁਦੰਬ ਜੁ ਅਰਜਨ, ਦੀਪਕ ਏ ਕਹੀ।
ਖਦਰ ਬੜਿੰਗਹਿ ਦਾਰਬਿ ਧਾਵੇ ਫੂਲ ਹੀ।
ਦਾਰ ਕੁਸਟ ਸਿਤ ਚੰਦਨ, ਤਗਰ ਸੁ ਮੂਲ ਹੀ।
ਦਾਰਵੀ ਤ੍ਰਿਫਲਾ ਅਰਨੀ, ਪਾਠਾ ਜਾਨ ਹੀ।
ਪਾਠਾ ਮੂਰਵਾ ਗੋਖਰੁ, ਆਫ਼ਾ ਆਨਹੀ ॥੧੨੯॥
ਬਰਚ ਉਸੀਰ ਸੁ ਪਥਜਾ, ਮੇਲ ਗਿਲੋਇ ਹੀ।
ਜੰਬੂ ਸਿਵਾ ਸੁ ਚਿਤ੍ਰਕ, ਸਪਤ ਪਰਣੋਇਹੀ।
ਪਗ ਪਗ ਮਾਹੇ ਕ੍ਵਾਥ, ਪ੍ਰਮੇਹ ਕੇ ਜਾਨਿਯੇ।
ਕਫ ਕੇ ਦਸ ਪਰਮੇਹ, ਇਸਹਿ ਸੋ ਭਾਨਿਯੇ ॥੧੩੦॥

੧੨੧੪-(੧) *ਕਾਯਫਲ, ਮੋਥਾ, ਲੋਧ ਤੇ ਹਰੜ ਲੈਕੇ ਕ੍ਵਾਥ ਕਰੇ ਅਰ ਸ਼ਹਿਤ ਪਾ ਕੇ ਪੀਵੇ [ਜਲ ਪ੍ਰਮੇਹ ਜਾਵੇ]

੧੨੧੫-(੨) ਪਾਠਾ, ਅਰਜੁਣ, ਬ੍ਰਿਛ ਦੀ ਛਿੱਲ, †ਧਨੀਆਂ ਅਰ ਬਾਇਵੜਿੰਗ ਸਭ ਦਾ ਕਾੜ੍ਹਾ ਕਰੇ ਸ਼ਹਿਤ ਪਾ ਕੇ ਪੀਵੇ [ਇਖੂ ਪ੍ਰਮੇਹ ਜਾਵੇ]

੧੨੧੬-(੩) ਤਗੁਰ, ਬਾਇਵੜਿੰਗ ਤੇ ਦੋਨੋਂ ਹਲਧੀਆਂ ਕਾੜ੍ਹਾ ਕਰ ਕੇ ਸਹਿਤ ਪਾਏ ਪਿਆਵੇ [ਸਾਂਦ੍ਰ ਪ੍ਰਮੇਹ ਜਾਵੇ]

੧੨੧੭-(੪) ਕਦੰਬ ਬ੍ਰਿਛ ਦੀ ਛਿੱਲ, ਅਰਜੁਨ ਬ੍ਰਿਛ ਦੀ ਛਿੱਲ ਅਰ ਅਜਵਾਇਣ ਲੈਕੇ ਕ੍ਵਾਥ ਕਰੇ, ਸ਼ਹਿਤ ਪਾਕੇ ਪੀਵੇ [ਸੁਰਾ ਪ੍ਰਮੇਹ ਜਾਵੇ]

੧੨੧੮-(੫) ਖੈਰ ਸਾਰ, ਬਾਇਵੜਿੰਗ, ਦਾਰਹਲਧੀ ਤੇ ਧਾਵਿਆਂ ਦੇ ਫੂਲ ਕਾੜ੍ਹਾ ਬਣਾਕੇ ਸ਼ਹਤ ਪਾਇ ਪੀਵੇ, [ਪ੍ਰਿਸਟ ਪ੍ਰਮੇਹ ਜਾਵੇ]

੧੨੧੯-(੬) ਦੇਵਦਾਰ, ਕੁਠ, ਚਿਟਾ ਚੰਦਨ ਤੇ ਅਗਰ ਕਾੜ੍ਹਾ ਕਰਕੇ ਪੀਵੇ [ਸ਼ਕ੍ਰ ਪ੍ਰਮੇਹ ਜਾਵੇ]

੧੨੨੦-(੭) ਦਾਰਹਲਧੀ, ਤ੍ਰਿਫਲਾ, ਅਰੁਣੀ ਤੇ ਪਾਠਾ ਕਾੜ੍ਹਾ ਕਰਕੇ ਪਿਲਾਵੇ [ਸਿਤਾ ਪ੍ਰਮੇਹ ਜਾਵੇ]

੧੨੨੧-(੮) ਪਾਠਾ, ਮੂੜਿਓ ਤੇ ਭੱਖੜਾ ਕ੍ਵਾਥ ਕਰਕੇ ਪੀਵੇ [ਸੀਤ ਪ੍ਰਮੇਹ ਜਾਵੇ]।

੧੨੨੨-(੯) ਵਚ, ਖਸ, ਹਰੜ ਤੇ ਗਿਲੋਯ, ਕਾੜ੍ਹਾ ਕਰਕੇ ਪੀਵੇ [ਸ਼ਨਿ ਪ੍ਰਮੇਹ ਜਾਵੇ]

੧੨੨੩-(੧੦) ਜਾਮਣ, ਆਮਲੇ, ਚਿਤ੍ਰਾ ਅਰ ਸ਼ਹਤੂਤ ਕਾੜ੍ਹਾ ਕਰਕੇ ਪੀਵੇ [ਲਾਲਾ ਪ੍ਰਮੇਹ ਜਾਵੇ] ਕਫ ਦੇ ਦਸ ਪ੍ਰਮੇਹ ਇਸ ਤਰ੍ਹਾਂ ਜਾਂਦੇ ਹਨ। ਇਕ ਇਕ ਚਰਨ ਵਿਚ ਇਕ ਇਕ ਯੋਗ ਹੈ॥ ੧੨੯ ਤੋਂ ੧੩੦॥

---

*ਕਟ ਫਲ-ਦੇ ਥਾਂ ਖਟ ਪਲ ਪਾਠ ਅਸ਼ੁਧ ਕਰਕੇ ਆਲੋਮੁਹਾਰੀ ਪਲਾ ੬ ਮੁਥਾਂ ਅਰਥ ਦਸਦਾ ਹੈ ਸੋ ਅੰਡ ਵੰਡ ਹੈ।

†ਧਨੀਏ ਦੇ ਥਾਂ ਧਮਾਸਾ ਚਾਹੀਏ।

Digitized by Panjab Digital Library | www.panjabdigilib.org

ਪਿਤ ਪ੍ਰਮੇਹ ਉਪਾਯ (ਵੰਗਸੇਨਾਤ)ਪਰਿਹਾ

ਉਸੀਰ ਲੋਦ ਅਰ ਅਰਜਨ, ਚੰਦਨ ਪਾਵਹੀ।
ਖਸ ਘਨ ਅਭਯਾ ਜਾਨ, ਆਮਰੇ ਪਾਵਹੀ।
ਨਿੰਬ ਆਮਰੇ ਚਿਤ੍ਰਾ ਦਲਿ ਜੁ ਪਟੋਲਿਹੀ।
ਮੁਸਤਾ ਅਭਯਾ ਮੁਸਕਾ, ਬ੍ਰਿਖ ਸੋ ਘੋਲ ਹੀ॥੧੩੧॥
ਲੋਧ ਆਮਰੇ ਧਨੀਯਾ, ਮੇਲੋ ਧਾਤੁਕੀ।
ਸੁੰਠੀ ਅਤਿ ਬਿਖ ਅਰਜਨ, ਉਤਪਲ ਮਾਤਕੀ।
ਸਿਰਸ ਅਰਜਨਾ ਕੇਸਰ, ਗਜ ਪੁਨ ਧਾਨੀਯਾ।
ਪਦਮੋਤਪਲ ਪ੍ਰਿਯੰਗ, ਕਿੰਸਕ ਠਾਨੀਯਾ॥੧੩੨॥
ਪਾਖਾਨ ਭੇਦ ਅਸ੍ਰਥ, ਸ੍ਰੋਤ ਸੁ ਆਨ ਹੀ।
ਕੰਟਕਟੇਰਯ ਉਤਪਲ, ਮੁਸਤਾ ਜਾਨ ਹੀ।
ਪਦ ਪਦ ਮਹਿ ਹੈ ਕ੍ਵਾਥ, ਸਹਿਤ ਸੰਗ ਦੀਜੀਏ।
ਪਿਤ ਕੇ ਖਟ ਪਰਮੇਹ, ਯਾਹਿ ਤੇ ਛੀਜੀਏ॥੧੩੩॥

੧੨੨੪-(੧) ਖਸ, ਲੋਧ, ਅਰਜੁਣ ਬ੍ਰਿਛ ਦੀ ਛਿਲ, ਅਰ ਚੰਦਨ ਲਜਾਵੇ ਕ੍ਵਾਥ ਕਰੇ ਤੇ ਪਿਲਾਵੇ।

੧੨੨੫-(੨) ਖਸ, ਮੋਥਾ, ਹਰੜ, ਆਵਲੇ ਪਾ ਕੇ ਕਾੜ੍ਹਾ ਕਰੇ, ਸ਼ਹਤ ਪਾਇ ਪਿਲਾਵੇ।

੧੨੨੬-[੩] ਨਿੰਮ ਜੜ੍ਹ ਦੀ ਛਿਲ, ਆਵਲੇ ਚਿਤ੍ਰਾ ਅਰ ਪਟੋਲ ਪਤ੍ਰ ਪਾਕੇ ਕ੍ਵਾਥ ਕਰੇ ਤੇ ਪਿਲਾਵੇ।

੧੨੨੭-(੪) ਨਾਗਰ ਮੋਥਾ, ਹਰੜ ਅਰ ਮੁਸਕਾ *ਕਹੀਏ ਮੋਖਾਬ੍ਰਿਛ ਕਾੜ੍ਹਾ ਕਰਕੇ ਸ਼ਹਿਤ ਪਾਇ ਪਿਲਾਵੇ।

੧੨੨੮-(੫) ਲੋਧ, ਆਵਲੇ, ਧਨੀਆ ਅਰ ਧਾਵੇ ਦੇ ਫੂਲ ਪਾਕੇ ਕ੍ਵਾਥ ਕਰੇ ਅਰ ਸ਼ਹਤ ਪਾਕੇ ਪੀਵੇ।

੧੨੨੯-(੬) ਸੁੰਢ, ਪਤੀਸ, ਅਰਜੁਣ ਬ੍ਰਿਛ ਦੀ ਛਿਲ, ਕਮਲ ਅਰ ਮਾਤਕੀ (ਨਾਮ ਤੇ ਏਥੋਂ ਸੌਂਫ ਲਵੇ), ਕ੍ਵਾਥ ਕਰਕੇ ਪੀਵੇ।

੧੨੩੦-(੭)-ਸ਼ਰੀਂਹ ਦੀ ਛਿੱਲ, ਅਰਜੁਣ ਬ੍ਰਿਛ ਦੀ ਛਿਲ, ਨਾਗ ਕੇਸਰ ਅਰ ਧਨੀਆਂ ਕ੍ਵਾਥ ਕਰਕੇ ਪੀਵੇ।

੧੨੩੧-(੮) ਕਮਲ, ਕਮੀਆਂ (ਨੀਲੋਫਰ), ਪ੍ਰਯੰਗੂ ਗੇਂਦਣੀ ਅਰ ਕੇਸੂ ਕਾੜ੍ਹਾ ਕਰਕੇ ਸ਼ਹਤ ਪਾਕੇ ਪੀਵੇ।

---

*ਸੰਤਰੇ ਦਾ ਭੇਦ ਹੈ, ਇਸ ਦੇ ਦੋ ਜਾਤੀ ਦੇ ਰੁਖ ਹੁੰਦੇ ਹਨ, ਅਕ ਵਾਂਗ ਪਿਛੋਂ ਦੁਧ ਨਿਕਲਦਾ ਹੈ, ਫਲ ਘੰਟਾਕਾਰ ਹੁੰਦੇ ਹਨ। ਇਸੀ ਤੇ ਘੰਟਾ ਪਾਟਲੀ ਨਾਮ ਭੀ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

੧੨੩੨-(੯) ਪਾਖਾਣਭੇਦ, ਪਿਪਲ ਦੀ ਛਿਲ, ਅਰ ਜਲਬੈਂਤ ਦੀ ਛਿਲ ਸ਼ਹਤ ਪਾਕੇ ਕਾੜ੍ਹਾ ਪੀਵੇ।

੧੨੩੩-(੧੦) †ਦਾਰਹਲਧੀ, ਕਮਲ, ਅਰ ਮੋਥਾ ਪਾਕੇ ਕ੍ਵਾਥ ਕਰੇ, ਸ਼ਹਤ ਪਾਕੇ ਪੀਵੇ, ਇਉਂ ਪਿਤ ਦੇ ੬ ਪ੍ਰਮੇਹ ਨਾਸ ਹੁੰਦੇ ਹਨ। ਇਹ ਸਭ ਉਪਾਇ ਵੰਗਸੇਨ ਦੇ ਹਨ। ਪਿਤ ਸੰਬੰਧੀ ਸਭਨਾਂ ਪ੍ਰਮੇਹਾਂ ਪਰ ਸੇਵਨ ਕੀਤੇ ਜਾਂਦੇ ਹਨ ॥ ੧੩੧ ਤੋਂ ੧੩੩ ॥

ਬਾਤ ਪ੍ਰਮੇਹ ਉਪਾਇ

ਤ੍ਰਿਫਲਾ ਅੰਮਲਤਾਸ, ਦ੍ਰਾਖਜਾ ਆਨੀਏ।
ਕ੍ਵਾਥ ਕਰੀ ਮਧੁ ਪਾਇ, ਸੁ ਪੀਵਨ ਦਾਨੀਏ।
ਮਧੁ ਪਰਮੇਹੀ ਨਾਮੁ, ਜਾਸ ਕੋ ਕਹਤ ਹੈ।
ਤਾਕੀ ਬੇਦਨ ਜਾਇ, ਘਨਾ ਸੁਖ ਲਹਤ ਹੈ ॥੧੩੪॥

੧੨੩੪ [੧] ਤ੍ਰਿਫਲਾ, ਅਮਲਤਾਸ ਦਾ ਗੁੱਦਾ ਅਰ ਮੁਣੱਕਾ ਪਾਕੇ ਕ੍ਵਾਥ ਕਰੇ, ਸ਼ਹਤ ਪਾਕੇ ਪੀਣ ਨੂੰ ਦੇਵੇ ਤਾਂ ਮਧੁਮੇਹ ਦਾ ਨਾਸ ਹੋਵੇ ॥ ੧੩੪ ॥

ਚਿਤ੍ਰਕ ਛਿੰਨਾ ਆਨ, ਕ੍ਵਾਥ ਕਰਿ ਦੀਜੀਏ।
ਰਾਮਠ ਪਾਠਾ ਕੁਟਜ, ਕ੍ਵਾਥ ਵਾ ਲੀਜੀਏ।
ਕੜੂ ਕੁਸਟ ਕਾ ਕ੍ਵਾਥ; ਤੀਨ ਏ ਜਾਨਹੀ।
ਬਸਾ ਮੇਹ ਕਾ ਨਾਸ, ਕਹਯੋ ਜੁ ਬਖਾਨ ਹੀ ॥੧੩੫॥

੧੨੩੫-[੨] ਚਿਤ੍ਰਾ, ਗਿਲੋਅ, ਕਾੜ੍ਹਾ ਕਰਕੇ ਪਿਲਾਵੇ। ਅਥਵਾ :-

੧੨੩੬-ਹਿੰਗ, ਪਾਠਾ ਤੇ ਕੁੜਾਸਕ ਦਾ ਕ੍ਵਾਥ ਕਰਕੇ ਪਿਲਾਵੇ, ਯਾਂ :-

੧੨੩੭-ਕੌੜ ਤੇ ਕੁਠ ਦਾ ਕ੍ਵਾਥ ਕਰਕੇ ਪਿਲਾਵੇ। ਇਹ ਤਿੰਨੇ ਪ੍ਰਯੋਗ ਬਸਾ (ਜਿਸ ਵਿਚ ਘਿਉ ਸਮਾਨ ਚਰਬੀ ਮੂਤ੍ਰੇ ਸੋ) ਪ੍ਰਮੇਹ ਦੂਰ ਕਰਦੇ ਹਨ ॥ ੧੩੫ ॥

ਪਾਠਾ ਸਿਰਸ ਦੁਸਜ਼ਾਰਸਾ, ਮੂਰਬਾ ਤਿੰਦਕੰ।
ਕਿੰਸਕ ਪੁਨ ਕਪਿਥ, ਬਿਖਾ ਸਭ ਲਿੰਦੁਕੰ।
ਕ੍ਵਾਥ ਕਰੀ ਪਿਵ ਪ੍ਰਾਤਹਿ, ਸੁਭ ਮਨਿ ਧਾਰਕੈ।
ਹਸਤਿ ਮੇਹ ਇਮ ਭਾਖੈ, ਹਰਿ ਗਜ ਹਾਰ ਕੈ ॥੧੩੬॥

੧੨੩੮-[੧] ਪਾਠਾ, ਸ਼ਰੀਂਹ ਦੀ ਛਿੱਲ, *ਜਵਾਹਾਂ, ਮੋੜਿਓਂ ਪਤ੍ਰ, ‡ਆਬ ਨੂਸ ਦੀ

---

†ਕਟੰਕਟੇਰੀ ਨਾਮ ਦਾਰਹਲਧੀ ਦਾ ਹੈ, ਦੇਖੋ ਭਾਵ ਪ੍ਰਕਾਸ਼, ਚਕਿਤਸਾ ਕੋਸ਼, ਹੋਰ ਦੇਖੋ ਦ੍ਰਬ ਦਰਪਣ, ਵੰਗਸੇਨ।

*ਦੁਸਪਰਸਾ-ਜਵਾਹਾਂ ਹੈ, ਦੇਖੋ ਵੰਗਸੇਨ ਤ੍ਰਿ: ੪੮੮.

‡ਤਿੰਦੁਕ-ਨਾਮ ਆਬਨੂਸ ਦਾ ਹੈ, ਦੇਖੋ ਭਾ: ਨ੍ਰਿਘੰਟੂ। ਇਸਦੀ ਲਕੜੀ ਦੇ ਏਹੋ ਗੁਣ ਦੇਖੋ ਮਖਜ਼ਨ ਮੁਫਰਦਤ। ਚੌਲਾਈ ਆਦ ਟਪਲੇ ਮਾਰਨੇ ਅਗਿਆਨਤਾ ਹੈ।

Digitized by Panjab Digital Library | www.panjabdigilib.org

ਲਕੜੀ, ਕੇਸੂ, ਤੇ ਕੈਂਥਫਲ, ਸਰੇਸ਼ਟ ਵੇਖਕੇ ਲੇਵੇ। [ਇਥੇ ਵਿਖਾ ਪਤੀਸ ਦਾ ਅਰਥ ਨਹੀਂ ਹੈ] ਇਸ ਦਾ ਪ੍ਰਾਤਾਕਾਲ ਕ੍ਵਾਥ ਕਰਕੇ ਮਨ ਵਿਚ ਸ੍ਰਧਾ ਧਾਰਕੇ ਪੀਵੇ ਤਾਂ ਹਸਤ ਪ੍ਰਮੇਹ ਇਉਂ ਨਾਸ਼ ਹੋਵੇ, ਜਿਸ ਤਰ੍ਹਾਂ ਸ਼ੇਰ ਤੋਂ ਹਾਥੀ ਜਾਂਦਾ ਹੈ ॥ ੧੩੬ ॥

ਤ੍ਰਿਫਲਾ ਦਾਰਵੀ ਦਾਰੁ, ਘਨਾ ਜੁ ਕਖਾਯ ਹੀ।
ਮਧੁ ਪਾਈ ਜੋ ਪੀਵਤ, ਮੱਜਾ ਜਾਯ ਹੀ।
ਕੁਟਜਾ ਸਨ ਘਨ ਦਾਰਵੀ, ਲੈ ਤ੍ਰਿਫਲਾਤ ਹੀ।
ਕਾਢਾ ਕਰਿਕੈ ਦੇਹ, ਮੱਜ ਦੁਖ ਜਾਤ ਹੀ ॥੧੩੭॥

੧੨੩੯-[੨] ਤ੍ਰਿਫਲਾ, (ਹਰੜ, ਬਹੇੜਾ, ਆਵਲੇ,) ਦਾਰਹਲਧੀ, ਦੇਵਦਾਰ ਤੇ ਮੋਥਾ ਕਾੜ੍ਹਾ ਕਰਕੇ ਸ਼ਹਤ ਪਾਇ ਪੀਵੇ ਤਾਂ ਮੱਜਾ ਪ੍ਰਮੇਹ ਨਾਸ਼ ਹੋਵੇ।

੧੨੪੦-(੩) ਕੁੜੇ ਦੀ ਛਿੱਲ, ਬਿਜੇਸਾਰ (ਕਮਰਕੱਸ), ਨਾਗਰ ਮੋਥਾ, ਦਾਰਹਲਧੀ ਤੇ ਤ੍ਰਿਫਲਾ ਪਾਕੇ ਕਾੜ੍ਹਾ ਕਰੇ ਅਰ ਪਿਲਾਵੇ ਤਾਂ ਮੱਜਾ ਪ੍ਰਮੇਹ ਜਾਵੇ ॥੧੩੭॥

(ਵੰਗਸੇਨਾਤ)

‡ਪਲਵ ਸੇਵਲ ਪੂਤੀਕ, ਕੁੰਭੀਕ ਦੂਰਬਾ।
()ਕਾਸੇਰੁਕ ਜਲ ਕ੍ਵਾਥ, ਸੋ ਰੋਗੀ ਪੂਰਬਾ।
ਸੁਕ੍ਰ ਮੇਹ ਕਾ ਨਾਸ, ਇਸੀ ਸੋ ਜਾਨੀਓ।
ਬੰਗਸੈਨ ਕੇ ਬੈਨ, ਕਹੇ ਮਨ ਮਾਨੀਓ ॥੧੩੮॥

੧੨੪੧-(੪) ‡ਨਾਗਰਮੋਥਾ, ਜਲ ਦਾ ਜਾਲਾ, ਕਰੰਜੂਆ, ਕਾਯਫਲ ਖਬਲ ਅਤੇ ()ਕਸੇਰੂ ਪਾਕੇ ਜਲ ਨਾਲ ਕ੍ਵਾਥ ਕਰੇ, ਰੋਗੀ ਨੂੰ ਪਿਲਾਵੇ ਤਾ ਸੁਕ੍ਰ ਪ੍ਰਮੇਹ ਦਾ ਨਾਸ ਕਰੇ ਇਹ ਵੰਗਸੇਨ ਵਿਚ ਲਿਖਿਆ ਹੈ ॥੧੩੮॥

ਕੰਪਿਲ ਸਪਤਛਦ ਅਖਜ, ਰੁਹੀਤਕ ਕੋਟਜੰ।
ਪਟੋਲੀ ਕਾਲੀਯ, ਗੜੂਦੀ ਢੋਕਜੰ।
ਕ੍ਵਾਥ ਕਰੀ ਮਧੁ ਪਾਇ, ਲਹਤ ਜੋ ਪ੍ਰਾਤ ਹੀ।
ਕਫ ਪਿਤੈ ਕਾ ਮੇਹ, ਸਹੀ ਇਸ ਜਾਤ ਹੀ ॥੧੩੯॥

੧੨੪੨-(੫) ਕਲੀਲਾ, ਸ਼ਹਤੂਤ ਦੀ ਛਿੱਲ, ਬਹੇੜਾ, ਰੋਹੇੜਾ, ਇੰਦ੍ਰ ਜੌਂ, ਪਰਵਲ, ਅਗਰ ਤੇ ਗਿਲੋਯ ਸਭ ਦਾ ਕਾੜ੍ਹਾ ਕਰਕੇ ਸ਼ਹਤ ਪਾਕੇ ਪੀਵੇ ਤਾਂ ਕਫ ਪਿਤ ਦਾ ਪ੍ਰਮੇਹ ਨਾਸ ਹੁੰਦਾ ਹੈ॥੧੩੯॥

---

‡ਪਲਵ-ਨਾਗਰਮੋਥਾ ਹੈ, ਦੇਖੋ ਅਮਰਕੋਸ਼ ਸਰਗ ੪ ਸਲੋਕ ੧੩੨.

()ਕਸੇਰੂ-ਛਪੜਾਂ ਵਿਚੋਂ ਸੰਘਾੜਿਆਂ ਵਾਂਗ ਨਿਕਲਦੇ ਹਨ, ਉਪਰੋਂ ਕਾਲੇ ਕੰਡੇ ਜੇਹੇ ਦਿਸਦੇ ਹਨ ਅੰਦਰੋਂ ਚਿਟੀ ਗਿਰੀ ਨਿਕਲਦੀ ਹੈ, ਏਹੋ ਦਵਾਈ ਵਿਚ ਪਾਈ ਜਾਂਦੀ ਹੈ।

Digitized by Panjab Digital Library | www.panjabdigilib.org

ਸਰਬ ਪ੍ਰਮੇਹ ਉਪਾਇ–ਚੌਪਈ

ਰਸੁ ਗਿਲੋਇ ਮਧੁ ਸੰਗ ਪਿਲਾਇ। ਸਰਬ ਮੇਹ ਕਾ ਨਾਸ ਕਰਾਇ।
ਨਿਸਾ ਕਲਕ ਧਾਤ੍ਰੀ ਰਸੁ ਸਹਿਤ। ਚਾਟਤ ਮੇਹ ਸਭੀ ਹੈ ਮਿਟਤ ॥੧੪੦॥

੧੨੪੩–ਗਿਲੋਯ ਦਾ ਰਸ ਸ਼ਹਤ ਪਾਕੇ ਤਿਲਾਵੇ। ਯਾ:–

੧੨੪੪–ਹਲਧੀ ਦਾ ਕਲਕ ਆਵਲੇ ਦਾ ਸ੍ਵਰਸ ਸ਼ਹਤ ਪਾਕੇ ਚਟਾਵੇ ਤਾਂ ਸਭ ਪ੍ਰਕਾਰ ਦਾ ਪ੍ਰਮੇਹ ਨਾਸ ਕਰੇ ॥੧੪੦॥

ਮਧੁ ਸੋ ਚੂਰਨ ਤ੍ਰਿਫਲਾ ਖਾਇ। ‡ਪਖਾਨਭੇਦ ਮੰਧ ਸੰਗਿ ਮਿਲਾਇ।
ਹਰੜ ਸਾਰ ਮਧੁ ਸੰਗਿ ਚਟਾਇ। ਤੀਨ ਜੋਗ ਪਰਮੇਹ ਗਵਾਇ ॥੧੪੧॥

੧੨੪੫–ਸਹਤ ਨਾਲ ਤ੍ਰਿਫਲੇ ਦਾ ਚੂਰਨ ਖਾਵੇ, ਯਾ:–

੧੨੪੬–‡ਪਖਾਨਭੇਦ ਸ਼ਹਤ ਨਾਲ ਪਿਲਾਵੇ, ਯਾਂ:–

੧੨੪੭–ਹਰੜ ਦਾ ਚੂਰਣ ਅਰ ਮ੍ਰਿਤਲੋਹਾ ਸ਼ਹਤ ਨਾਲ ਚਟੇ, ਇਹ ਤਿੰਨੇ ਪ੍ਰਯੋਗ ਸਭ ਤਰਾਂ ਦੇ ਪ੍ਰਮੇਹ ਨਾਸ ਕਰਨੇਹਾਰੇ ਹਨ ॥੧੪੧॥

ਤ੍ਰਿਫਲਾ ਚਿਤ੍ਰਕ ਯਸਟਿ ਕੰਟਾਰੀ। ਕ੍ਵਾਥ ਕਰੀ ਪੀਵਨ ਸੋ ਧਾਰੀ।
ਸਰਬ ਮੇਹ ਕਾ ਹੈ ਪਰਹਾਰੀ। ਦੇਵੈ ਬੈਦ ਬਡਾ ਗੁਨਕਾਰੀ ॥੧੪੨॥

੧੨੪੮–ਤ੍ਰਿਫਲਾ, ਚਿਤ੍ਰਾ, ਮੁਲਠੀ ਤੇ ਕੰਡਿਆਰੀ ਕ੍ਵਾਥ ਕਰਕੇ ਪੀਵੇ, ਤਾਂ ਸਭ ਪ੍ਰਕਾਰ ਦੇ ਪ੍ਰਮੇਹ ਨਾਸ ਕਰੇ ॥ ੧੪੨ ॥

ਕ੍ਵਾਥ (ਜੋਗ ਸਤਾਤ)–ਚੌਪਈ

ਤ੍ਰਿਫਲ ਬਿਸਾਲਾ ਮੁਸਤਾ ਦਾਰੁ। ਨਿਸਾ ਕ੍ਵਾਥ ਕੀਜੈ ਜਲ ਧਾਰ।
ਸ਼ਹਿਤ ਸੰਗ ਪੀਵਨ ਕੋ ਦੇਇ। ਬੀਸ ਮੇਹ ਕਾ ਨਾਸ ਕਰੇਇ ॥੧੪੩॥

੧੨੪੯–ਤ੍ਰਿਫਲਾ, ਤੁੰਮਾਂ, ਮੋਥਾ ਦੇਵਦਾਰ ਤੇ ਹਲਧੀ ਜਲ ਪਾਕੇ ਕਾੜ੍ਹਾ ਕਰੇ, ਉਸ ਵਿਚ ਸ਼ਹਤ ਪਾਕੇ ਪੀਵੇ ਤਾਂ ੨੦ ਪ੍ਰਕਾਰ ਦਾ ਪ੍ਰਮੇਹ ਨਾਸ ਕਰੇ ॥ ੧੪੩ ॥

ਨ੍ਯਗ੍ਰੋਧਾਦਿ ਚੂਰਣ (ਵੰਗਸੇਨਾਤ)–ਚੌਪਈ

ਨ੍ਯਗ੍ਰੋਧ ਉਦੰਬਰ ਅਮਲਤਾਸ। ਸਜੋਨਾਕਾ ਸ੍ਵਥ *ਸਾਰਵਾਲਜਾਸ।
ਜੰਬੂ ਅੰਬ ਕਪਿਥ ਪਿਯਾਲ। ਕਕੁੰਭ ਬਚ ਮਹੁਵਾ ਸਮ ਡਾਲ ॥੧੪੪॥
ਬਰੁਣਾ ਯਸਟੀ ਲੋਦ ਪਟੋਲ। ਪਾਰ ਭਦ੍ਰ ਸ੍ਰਿੰਗੀ ਲੇ ਘੋਲ।
ਦੰਤੀ ਚਿਤ੍ਰਕ ਆਢਕ ਲੇਵੇ। ਤ੍ਰਿਫਲਾ ਬੀਜ ਕਰੰਜੂ ਦੇਵੇ ॥੧੪੫॥
ਇੰਦ੍ਰਜਵ ਭਲਾਤਕ ਲਜਾਇ। ਸੁੰਠੀ ਕਾਲੀ ਮਰਚ ਮਗਾਇ।

---

‡ਪਖਾਨਭੇਦ ਦੇ ਕਰਕੇ ਏਥੇ ਸਿਲਾਜੀਤ ਲਵੇ।

Digitized by Panjab Digital Library | www.panjabdigilib.org

ਤਜ ਪਤ੍ਰਜ ਇਲਾਚੀ ਪਾਇ। ਚੂਰਨ ਕੀਜੈ ਸਮ ਜੁ ਮਿਲਾਇ ॥੧੪੬॥
ਮਧੁ ਸੋ ਵਾ ਤ੍ਰਿਫਲੇ ਰਸੁ ਪੀਤ। ਬੀਸ ਮੇਹ ਕਾ ਨਾਸ ਕਰੀਤ।
ਸ਼ੁਕ੍ਰ ਰੋਗ ਮੂਤ੍ਰ ਕ੍ਰਿਛ ਜਾਇ। ਪਿੜਕਾ ਮੇਹ ਸਭੀ ਮਿਟ ਜਾਇ।
ਨੈਗ੍ਰੋਧਾਦਿ ਚੂਰਨ ਏ ਕਹਯਾ। ਬੰਗਸੈਨ ਤੇ ਆਨੀ ਸਹਯਾ ॥੧੪੭॥

੧੨੫੦–ਬੋਹੜ ਦੀ ਦਾੜ੍ਹੀ, ਗੁੱਲਰ ਦਾ ਫਲ, ਅਮਲਤਾਸ ਦਾ ਗੁੱਦਾ, ਸੋਨਪਾਠਾ, ਪਿੱਪਲ ਦੀ ਛਿੱਲ, *ਬਿਜਯਸਾਰ (ਕਮਰਕਸ), ਜਾਮਣਫਲ, ਅੰਬ ਦੀ ਗਿਟਕ, ਕੈਂਥਫਲ ਦਾ ਗੁੱਦਾ, ਚਿਰੌਂਜੀ ਦੀ ਗਿਰੀ, ਅਰਜੁਣ (ਕਊ ਬ੍ਰਿਛ ਦੀ ਛਿੱਲ), ਵਚ, ਮਹੂਏ ਦੇ ਫੁੱਲ, ਬਰਨੇ ਦੀ ਛਿੱਲ, ਮੁਲੱਠੀ, ਲੋਧ, ਪਟੋਲਪਤ੍ਰ, ਨਿੰਮ ਦੀ ਛਿੱਲ, ਕਕੜਸਿੰਗੀ, ਦੰਤੀ (ਜਮਾਲਗੋਟੇ ਦੀ ਜੜ੍ਹ), ਚਿਤ੍ਰਾ, ਅਰਹਰ ਤ੍ਰਿਫਲਾ [ਹਰੜ, ਬਹੇੜਾ, ਆਵਲੇ] ਮੀਚਕੇ ਦੇ ਬੀਜ, ਇੰਦ੍ਰਜੌਂ, ਭਿਲਾਵੇ, ਸੁੰਢ, ਕਾਲੀ ਮਰਚ, ਤਜਪਤ੍ਰ ਅਰ ਇਲਾਯਚੀ, ਸਮਾਨ ਭਾਗ ਸੱਭੋ ਲੈ ਕੇ ਪੀਸ ਛਾਣ ਚੂਰਣ ਕਰੇ ਫਿਰ ਇਸ ਨੂੰ ਸ਼ਹਤ ਨਾਲ ਯਾ ਤ੍ਰਿਫਲੇ ਦੇ ਰਸ ਨਾਲ ਪੀਵੇ ਤਾਂ ਬੀਸ ਪ੍ਰਕਾਰ ਦੇ ਪ੍ਰਮੇਹਾਦੀ ਨਾਸ ਕਰੇ। ਇਸੇ ਤਰ੍ਹਾਂ ਬੀਰਜ ਦੇ ਰੋਗ, ਮੂਤ੍ਰਕ੍ਰਿਛ ਅਰ ਪ੍ਰਮੇਹਾ ਪਿੜਿਕਾ ਸ਼ਭ ਦਾ ਨਾਸ ਕਰਨਹਾਰਾ ਨੈਗਰੋਧਾਦਿ ਚੂਰਨ ਹੈ ॥ ੧੪੪ ਤੋਂ ੧੪੭ ॥

ਗੋਖਰਾਦਿ ਚੂਰਨ (ਬਟਕਾ)–ਚੌਪਈ

ਪੰਜਾਂਗ ਭਖੜਾ ਮੁਸਤ ਗਿਲੋਇ। ਸੋਮਰਾਜਿ ਪਲਵ ਲੈ ਧੋਇ।
ਦਰਭ ਕੁਸਾ ਮੰਡੀਰੀ ਰੋਹਿਖ। ਪਲਵਧਨੀ ਯਾ ਇਟਸਿਟ ਸੋਹਿਖ॥੧੪੮॥
ਕੰਟਾਰੀ ਚਿਤ੍ਰਕ ਲੈ ਦੰਤੀ। ਕਟਿ ਰੋਹਿਨ ਸਮ ਭਾਗ ਸੁ ਸੰਤੀ।
ਚੂਰਨ ਕਰ ਇਸ ਤੇ ਲੈ ਆਧਾ। ਲੋਹਚੂਨ ਆਛਾ ਸੁਧਿ ਬਾਧਾ ।੧੪੮।
ਸਜਾਮ ਪੀਪਰ ਸੁੰਠੀ ਦਾਰ। ਬੜਿੰਗ ਸਾਰਵਾ ਮਰਚਾਂ ਡਾਰ।
ਪਾਠਾ ਕੰਪਿਲਕ ਭਾਰਿਗੀ ਏਰੰਡ। ਮੂਲ ਹਰਿਦ੍ਰਾ ਦੋਨੋ ਮੰਡ ॥੧੪੯॥
ਬਿੜਾਲ ਪਦਹਿ ਮਾਤ੍ਰਾ ਇਸੁਖਾਇ। ਉਸਨ ਨੀਰ ਸੋ ਖਾਵੈ ਚਾਇ।
ਮਦੁ ਬਿਕਾਰ ਅਰੁ ਬੀਸ ਪ੍ਰਮੇਹ। ਸ੍ਵਾਸ ਅਰਸ ਹਲੀਮਕ ਤੇਹ ॥੧੫੦॥
ਪਾਂਡੁ ਉਦਰ ਅਰੁ ਗੁਲਮ ਪਲੀਹਾ। ਇਤਨੇ ਦੁਖ ਕੀ ਮੇਟਤ ਲੀਹਾ।
ਗੋਮੂਤ੍ਰ ਵਾ ਗੁਟੀ ਬਨਾਇ। ਏਤੇ ਰੋਗ ਗਵਾਵਤ ਸਾਇ ॥੧੫੧॥

੧੨੫੧–ਭੱਖੜੇ ਦਾ ਪੰਚਾਂਗ [ਅਰਥਾਤ ਸਾਰਾ ਭੱਖੜਾ ਪੁੱਟਕੇ ਪਾਵੇ] ਮੁਥਰਾਂ, ਗਿਲੋਯ, ਥਾਬਚੀ, ਗੁੱਲਰ ਦੇ ਪੱਤੇ, ਦਭ ਦੇ ਅੰਗੂਰ, ਕੁਸ਼ਾ ਗੰਡਦੂਰਬਾ [ਖੱਬਲ ਘਾਹ], ਖਵੀ [ਅਜਖਰ], ਧਨੀਆਂ, ਇਟਸਿਟ, ਕੰਡਯਾਰੀ, ਚਿਤ੍ਰਾ, ਦੰਤੀ, ਕੁਟਕੀ, ਕਾਲੀਤ੍ਰਿਵੀ, ਮਘ, ਸੁੰਢ, ਦੇਵਦਾਰ ਬਾਇਵੜਿੰਗ, ਉਸ਼ਬਾ, ਮਿਰਚ, ਪਾਠਾ, ਕੰਬੀਲਾ, ਭੜਿੰਗੀ, ਅਰਿੰਡ ਦੀ ਜੜ੍ਹ ਤੇ ਦੋਨੋਂ ਹਲਧੀਆਂ

*ਸਾਰਵਾ ਕਰਕੇ ਏਥੇ ਉਸ਼ਬਾ ਨਹੀਂ, ਕਿਤੂ ਬਿਜਮਾਰ ਹੈ।

Digitized by Panjab Digital Library | www.panjabdigilib.org

[ਸਲਧੀ, ਦਾਰਹਲਧੀ] ਲੈਕੇ ਸਭ ਦਾ ਚੂਰਣ ਕਰੇ ਅਰ ਸਭ ਨਾਲੋਂ ਅੱਧਾ ਲੋਹਾਮ੍ਰਿਤ ਪਾਵੇ। ਮਿਲਾਕੇ ਫਿਰ ਇਕ ਤੋਲੇ ਦੀ ਮਾਤ੍ਰਾ ਇਸ ਚੂਰਣ ਦੀ ਗਰਮ ਜਲ ਨਾਲ ਖਾਵੇ ਤਾਂ ਮਦਿਰਾ ਦਾ ਬਿਕਾਰ, ਬੀਸਪ੍ਰਮੇਹ, ਸ੍ਵਾਸ, ਹਲੀਮਕ, ਪਾਂਡੂ, ਪੇਟ ਦੇ ਵਿਕਾਰ, ਪੇਟ ਦਾ ਗੋਲਾ ਤੇ ਲਿਫ ਇਤਨੇ ਰੋਗ ਨਾਸ ਕਰੇ। ਚੂਰਣ ਤੋਂ ਜੇ ਗੋਲੀ ਕਰਨਾ ਚਾਹੇ ਤਾਂ ਗਊਮੂਤ੍ਰ ਪਾਕੇ ਬੰਨ੍ਹ ਰਖੇ ਤ੍ਰਾਂ ਭੀ ਇਤਨੇ ਰੋਗ ਨਾਸ ਕਰੇ॥ ੧੪੯ ਤੋਂ ੧੫੧॥

ਰਕਤ ਪ੍ਰਮੇਹ ਉਪਾਇ-ਚੌਪਈ

ਮਾਸੂ ਫਲ ਗੋਖਰੂ ਮਜੀਠ। ਫੂਲ ਸੁਪਾਰੀ ਮੁਸਤਾ ਦੀਠ।
ਹਰੜ ਬਹੇੜਾ ਧਾਤ੍ਰੀ ਫਲਾ। ਪੀਸੀ ਚੂਰਨ ਛਾਨੇ ਭਲਾ॥੧੫੨॥
ਟੰਕ ਪਾਂਚ ਮਧੁ ਸੰਗਹਿ ਖਾਇ। ਰਕਤ ਮੇਹ ਕਾ ਨਾਸ ਕਰਾਇ।
ਪੁਸਟ ਹੋਤ ਤਨੁ ਜਾਨੋ ਸਹੀ। ਮੇਘ ਬਿਨੋਦੈ ਸਾਚੀ ਕਹੀ॥੧੫੩॥

੧੨੫੨-ਮਾਜੂ, ਭੱਖੜਾ, ਮਜੀਠ, ਸੁਪਾਰੀ ਦੇ ਫੁੱਲ, ਮੋਥਾ, ਹਰੜ, ਬਹੇੜਾ ਅਰ ਆਵਲੇ ਸੱਭੇ ਇਕ ਸਮਾਨ ਲੈਕੇ ਪੀਹਕੇ ਚੂਰਣ ਕਰੇ, ਪੰਚ ਟੰਕ (੨੦ ਮਾਸੇ) ਸ਼ਹਿਤ ਨਾਲ ਖਾਵੇ ਤਾਂ ਰਕਤ ਪ੍ਰਮੇਹ ਨਾਸ਼ ਹੋਵੇ ਅਰ ਸਰੀਰ ਨੂੰ ਪੁਸ਼ਟ ਕਰੇ॥ ੧੫੨॥ ੧੫੩॥

ਤੇਲੀਆ ਪ੍ਰਮੇਹ ਉਪਾਇ-ਚੌਪਈ

ਦਾਲ ਚਨਾ ਕੀ ਆਛੀ ਆਨ। ਗੂਲਰ ਦੂਧ ਪੁਠਾਂ ਸਤ ਠਾਨ।
ਸਾਤ ਟਾਂਕ ਨਿਤ ਖਾਵੈ ਏਹ। ਤੇਲਿ ਮੇਹ ਕਾ ਨਾਸ ਕਰੇਹਿ॥੧੫੪॥

੧੨੫੩-ਛੋਲਿਆਂ ਦੀ ਦਾਲ ਨੂੰ ਗੁੱਲਰ ਦੇ ਦੁਧ ਦੀਆਂ ੭ ਪੁਠਾਂ ਦੇਵੇ, ਫਿਰ ੭ ਟੰਕ (੨੮ ਮਾਸੇ) ਨਿਤ ਖਾਵੇ ਤਾਂ ਤੇਲੀਆ ਪ੍ਰਮੇਹ ਨਾਸ ਹੋਵੇ॥ ੧੫੪॥

ਹਲਧੀਆ ਪ੍ਰਮੇਹ ਉਪਾਇ

ਨਿਸਾ ਟੰਕ ਦਸ ਧਾਤ੍ਰੀ ਬੀਸ। ਮਿਸਰੀ ਟੰਕ ਮਿਲਾਬੋ ਤੀਸ।
ਪਾਂਚ ਟਾਂਕ ਲੱਸੀ ਸੋ ਖਾਇ। ਮੇਹ ਹਲਦੀਆ ਦੂਰ ਧਰਾਇ॥੧੫੫॥

੧੨੫੪-ਹਲਧੀ ੧ ਟੰਕ-(੪ ਮਾਸੇ), ਆਵਲੇ ੧੦ ਗਿਣਕੇ। ਮਿਸ੍ਰੀ ੩੦ ਟੰਕ-(੧੨੦ ਮਾਸੇ) ਪੀਹਕੇ ਚੂਰਣ ਕਰੇ ਅਰ ਫਿਰ ਇਸ ਵਿਚੋਂ ੫ ਟੰਕ (੨੦ ਮਾਸੇ) ਲੱਸੀ ਨਾਲ ਖਾਵੇ ਤਾਂ ਹਲਧੀਆ ਪ੍ਰਮੇਹ ਨਾਸ ਹੋਵੇ॥ ੧੫੫॥

ਲਾਲੀਆ ਪ੍ਰਮੇਹ ਉਪਾਇ (ਰਾਮ ਬਿਨੋਦਾਤ)-ਚੌਪਈ

ਧਾਤ੍ਰੀ ਕੂਠ ਸਤਾਵਰ ਨਿਸਾ। ਕੌਚ ਮੂਸਲੀ ਸ੍ਵੇਤ ਸਮਸਾ।
ਸਭ ਤੇ ਦੂਨੀ ਸਿਤਾ ਮਿਲਾਇ। ਇਕ ਸਿਰਸਾਹੀ ਛਾਛਹਿ ਖਾਇ੧੫੬।
ਦੋ ਸਾਤਾ ਲੋ ਕਰੋ ਉਪਾਇ। ਪ੍ਰਾਤ ਉਠੀਨੈ ਖਾਵਨ ਦਾਇ।

Digitized by Panjab Digital Library | www.panjabdigilib.org

ਜਾਤ ਲਾਲੀਆ ਮੇਹ ਜੁ ਨਾਮ। ਰਾਮ ਬਿਨੋਦੈ ਭਾਖਯੋ ਆਂਮ ॥੧੫੭॥

੧੨੫੫-ਆਵਲੇ, ਕੁਠ, ਸਤਾਵਰ, ਹਲਧੀ, ਕੌਂਚ ਬੀਜ ਅਰ ਸਫੈਦ ਮੂਸਲੀ ਇਕ ਸਮਾਨ ਲੈਕੇ ਪੀਹਕੇ ਸਭ ਤੋਂ ਦੂਣੀ ਮਿਸ਼ਰੀ ਪਾਕੇ ਚੂਰਣ ਕਰ ਰਖੇ, ਫਿਰ ਸਵਾ ਦੋ ਤੋਲੇ ਨਿਤ ਲੱਸੀ ਨਾਲ ੧੪ ਦਿਨ ਬੇਨਾਗਾ ਪ੍ਰਾਤਾਕਾਲ ਖਾਯਾ ਕਰੇ ਤਾਂ ਲਾਲੀਆ ਪ੍ਰਮੇਹ ਨਾਸ਼ ਹੋਵੇ ॥ ੧੫੬ ॥ ੧੫੭ ॥

ਛਾਛੀਆ ਪ੍ਰਮੇਹ ਉਪਾਇ-ਦੋਹਰਾ

ਲਘ ਦੋਧਕ ਖਟ ਟੰਕ ਹੀ, ਸਾਤ ਦਿਵਸ ਲੌ ਖਾਇ।
ਮੇਹ ਛਾਛੀਆ ਜਾਤ ਹੈ, ਉਤਮ ਏਹ ਉਪਾਇ ॥੧੫੮॥

੧੨੫੬-ਛੋਟੀ ਦੋਧਕ (ਹਜਾਰਦਾਣੀ) ੬ ਟੰਕ (੨ ਤੋਲੇ) ਨਿਤ ਪ੍ਰਾਤਾਕਾਲ ੭ ਦਿਨ ਖਾਵੇ ਤਾਂ ਛਾਛੀਆਂ ਪ੍ਰਮੇਹ ਨਾਸ ਹੋਵੇ ॥ ੧੫੮ ॥

ਗੂਹੀਆ ਪ੍ਰਮੇਹ ਉਪਾਇ-ਚੌਪਈ

ਘ੍ਰਿਤ ਸਰਸਾਹੀ ਏਕ ਮਗਾਇ। ਖੰਦ ਸਿਰਸਾਹੀ ਦੋਇ ਜੁ ਲਯਾਇ।
ਤੰਦੁਲ ਪਿਛ ਰਲਾਈ ਪੀਤ। ਮੇਹ ਗੂਹੀਆ ਜਾਵਤ ਮੀਤ ॥੧੫੯॥

੧੨੫੭-ਘਿਉ ੨। ਤੋਲੇ, ਖੰਡ ੪। ਤੋਲੇ ਇਨ੍ਹਾਂ ਵਿਚ ਚਾਵਲਾਂ ਦੀ ਪਿਛ ਪਾਕੇ ਪੀਵੇ ਤਾਂ ਗੂਹੀਆ ਪ੍ਰਮੇਹ ਨਾਸ ਹੋਵੇ ॥ ੧੫੯ ॥

ਸਰਬ ਪ੍ਰਮੇਹ ਪਰ ਲਵੰਗਾਦਿ ਚੂਰਣ (ਜੋਗ ਚਿੰਤਾਮਣੀ ਮਤਾਤ)-ਚੌਪਈ

ਸੁੰਠ ਕਣਾ ਲੈ ਲੌਂਗ ਕੰਕੋਲ। ਚੰਦਨ *ਘਨ ਖਸ ਏਲਾ ਤੋਲ।
ਕ੍ਰਿਸਨਗਾਰ ਲੋਚਨ ਲੈ ਬੰਸ। ਅਸਗੰਧ ਗੋਖਰੁ ਜਾਫਲ ਤੰਸ ॥੧੬੦॥
ਤ੍ਰਿਵਤਸਤਾਵਰ ਤਗਰ ਗਲੋਇ। ਗਜ ਕੇਸਰ ਉਤਪਲ ਸਮ ਢੋਇ।
ਸਭ ਕੇ ਸਮ ਮਿਸ੍ਰੀ ਕਰ ਕੂਰਨ। ਤੀਨ ਟੰਕ ਖਾਵੇ ਨਿਤ ਤੂਰਨ ।੧੬੧।
ਜੋਗ ਚਿੰਤਾਮਨਿ ਭਾਖਯੋ ਏਹ। ਮਿਟੀ ਜਾਤ ਹੈ ਬੀਸ ਪ੍ਰਮੇਹ।
ਜਾਨ ਔਖਧੀ ਆਛੀ ਭਲੀ। ਮੇਘ ਬਿਨੋਦੈ ਮੇਘੈ ਰਲੀ ॥੧੬੨॥

੧੨੫੮-ਸੁੰਢ, ਮਘ, ਲੌਂਗ, ਸ਼ਕਾਕਲ, ਚਿਟਾਚੰਦਨ, *ਕਪੂਰ ਖਸ, ਇਲਾਚੀ, ਕਾਲਾ ਅਗਰ, ਤਬਾਸੀਰ ਅਸਗੰਧ, ਭਖੜਾ, ਜਾਯਫਲ, ਤ੍ਰਿਵੀ ਦੀ ਛਿਲ, ਸਤਾਵਰ, ਤਗਰ, ਗਿਲੋਯ, ਨਾਗਕੇਸਰ, ਕਮਲ ਦੇ ਫੂਲ, ਤੇ ਸਭਨਾਂ ਬਰਾਬਰ ਦੀ ਮਿਸਰੀ ਪਾਕੇ ਪੀਹੇ, ਚੂਰਣ ਕਰ ਰਖੇ। ਨਿਤਪ੍ਰਤਿ ੩ ਟੰਕ ਖਾਣ ਨੂੰ ਦੇਵੇ ਤਾਂ ਯੋਗਮਣੀ ਵਿਚ ਕਿਹਾ ਹੈ ਕਿ ੨੦ ਪ੍ਰਮੇਹ ਨਾਸ ਹੁੰਦੇ ਹਨ! ਜਾਣ ਲੌ ਕਿ ਇਹ ਕ੍ਰਲੀ ਔਖਧੀ ਹੈ ॥ ੧੬੦ ਤੋਂ ੧੬੨ ॥

ਰਸ ਗੋਲੀ ਮੇਹ ਹਰਣ-ਚੌਪਈ

---

*ਘਨ ਕਪੂਰ ਹੈ, ਦੇਖੋ ਚਕਿਤਸਾ ਕੋਸ਼ ॥

Digitized by Panjab Digital Library | www.panjabdigilib.org

ਭਸਮ ਸੂਤ ਅਰੁ ਬੰਗ ਜੁ ਸਾਰ। ਟੰਕ ਟੰਕ ਏ ਤੀਨੋ ਡਾਰ।
ਜਾਤੀ ਫਲ ਏਲਾ ਜੁ ਲਵੰਗ। ਅਕ੍ਰਕਰਾ ਜਲਵਤ੍ਰਿ ਸੁ ਅੰਗ॥੧੬੩॥
ਤ੍ਰਿਕੁਟਾ ਕੇਸਰ ਚਿਤ੍ਰਾ ਅਸਗੰਧ। ਦੋ ਦੋ ਟੰਕ ਮਿਲਾਵੇ ਸੰਧ।
ਮਿਸਰੀ ਟੰਕ ਪੰਜਾਹ ਰਲਾਇ। ਤਾਕੀ ਪਾਤ ਗੁਟੀ ਜੁ ਬੰਧਾਇ॥੧੬੪॥
ਦੋਇ ਟਾਂਕ ਗੋਲੀ ਕਾ ਮਾਨ। ਸਾਂਝ ਸਵੇਰੇ ਖਾਵਨ ਦਾਨ।
ਬੀਸ ਮੇਹ ਕਾ ਨਾਸ ਕਰਾਇ। ਮੇਹ ਹਰਨ ਏ ਬਟੀ ਕਹਾਇ ॥੧੬੫॥

੧੨੫੯–ਮ੍ਰਿਤਪਾਰਾ, ਵੰਗ, ਮ੍ਰਿਤਲੋਹਾ, ਅਕਰਕਰਾ, ਜਾਵਿਤ੍ਰੀ, ਤ੍ਰਿਕੁਟਾ (ਮਘ, ਮਿਰਚ, ਸੁਢ) ਕੇਸਰ, ਚਿਤ੍ਰਾ ਤੇ ਅਸਗੰਧ ਇਹ ੨–੨ ਟੰਕ, ਮਿਸਰੀ ੫੦ ਟੰਕ ਅਰਥਾਤ (੧੬ ਤੋਲੇ) ੮ ਮਾਸੇ ਮਿਸਰੀ ਦੀ ਪਤ ਕਰਕੇ ਚੂਰਣ ਵਿਚ ਪਾਕੇ ਗੋਲੀਆਂ ੨–੨ ਟੰਕ ਦੀਆਂ ਬੰਨ੍ਹ ਰਖੇ, ਪ੍ਰਾਤਾ ਅਰ ਸੰਧਯਾ ਸਮਯ ੧–੧ ਖਾਵੇ ਤਾਂ ਬੀਸ ਪ੍ਰਕਾਰ ਦੇ ਪ੍ਰਮੇਹ ਨਾਸ ਕਰੇ ॥ ੧੬੩ ਤੋਂ ੧੬੫ ॥

ਲੌਂਗ ਜਵਤ੍ਰੀ ਕੇਸਰ ਕਨਾ। ਜਾਤੀਫਲ ਤੁਕ ਭੰਗਾ ਭਨਾ।
ਅਕਰਕਰਾ ਮਿਰਚਾਂ ਸਮ ਆਨ। ਚੂਰਨ ਕੀਜੈ ਕਪੜਾ ਛਾਨ ॥੧੬੬॥
ਟਾਂਕ ਏਕ ਪਯ ਸੰਗਹਿ ਖਾਇ। ਕਫ ਬਾਦੀ ਕਾ ਮੇਹ ਮਿਟਾਇ।
ਸਿਧ ਜੋਗ ਏ ਜਾਨੋ ਸਹੀ। ਨੈਨੋ ਦੇਖੀ ਮੇਘੈ ਕਹੀ ॥੧੬੭॥

੧੨੬੦–ਲੌਂਗ, ਜਵਿਤ੍ਰੀ, ਕੇਸਰ, ਮਘ, ਜਾਫਲ, ਦਾਲਚੀਨੀ, ਭੰਗ, ਅਕਰਕਰਾ ਅਰ ਮਿਰਚਾਂ ਸੱਭੇ ਇਕ ਸਮਾਨ ਲਵੇ ਅਰ ਚੂਰਨ ਕਰਕੇ ਕੱਪੜ ਛਾਣ ਕਰ ਰਖੇ। ਦੁੱਧ ਨਾਲ ੧ ਟੰਕ ਖਾਵੇ। ਕਫ ਬਾਦੀ ਦਾ ਪ੍ਰਮੇਹ ਜਾਵੇ ਇਹ ਸਿੱਧ ਯੋਗ ਹੈ ॥੧੬੬॥੧੬੭॥

ਕੁਲਫਾ ਮੁੰਡੀ ਬਹੁਫਲਿ ਜੀਰਾ। ਧਣੀਯਾ ਕਾਂਸਨਿ ਯਸਟੀ ਭੀਰਾ।
ਸਲਜਾਰਾ ਸਮ ਚੂਰਨ ਕਰੋ। ਕਰਖ ਏਕ ਭੇਮੀ ਨਿਸ ਧਰੋ ॥੧੬੮॥
ਪ੍ਰਾਤਹਿ ਘੋਟੀ ਮਿਸਰੀ ਪਾਇ। ਪੀਵੈ ਰੋਗੀ ਪਥ ਕਰਾਇ।
ਬੀਸ ਮੇਹ ਕਾ ਕਰਤਾ ਨਾਸ। ਕਹੀ ਔਖਧੀ ਤਿੱਬ ਬਿਲਾਸ ॥੧੬੯॥

੧੨੬੧–ਕੁਲਫੇ ਦੇ ਬੀਜ, ਮੁੰਡੀ, ਬਹੁ ਫਲੀ, ਜੀਰਾ, ਧਨੀਆਂ, ਕਾਸ਼ਨੀ, ਮੁਲੱਠੀ, ਸਤਾਵਰ ਅਰ ਸਲਿਆਰਾ ਸਮਾਨ ਲੈ ਕੇ ਪੀਹੇ। ਰਾਤ ਨੂੰ ਇਕ ਤੋਲਾ ਭਿਉਂ ਛੱਡੇ, ਦਿਨੇ ਘੋਟਕੇ ਮਿਸਰੀ ਪਾਇ ਪੀਵੇ ਤਾਂ ਬੀਸ ਪ੍ਰਕਾਰ ਦੇ ਪ੍ਰਮੇਹ ਨਾਸ ਕਰੇ, ਇਹ ਦਵਾਈ ਤਿੱਬ ਵਿਚੋਂ ਕਹੀ ਗਈ ਹੈ॥੧੬੮॥੧੬੯॥

ਪ੍ਰਮੇਹ ਪਿੜਕਾ–ਨਿਦਾਨ–ਚੌਪਈ

ਜੋ ਨਿਦਾਨ ਹੈ ਮੇਹ ਬਖਾਨਜੋ। ਸੋਈ ਪਿੜਕਾ ਕੋ ਹੈ ਠਾਨਯੋ।
ਦਸ ਪ੍ਰਕਾਰ ਕੀ ਪਿੜਕਾ ਭਾਖੀ। ਸਹਿਜ ਮੇਹ ਤੇ ਹੋਵਤ ਆਖੀ॥੧੭੦॥

Digitized by Panjab Digital Library | www.panjabdigilib.org

ਜਿਹੜਾ ਨਿਦਾਨ ਪ੍ਰਮੇਹ ਦਾ ਹੈ ਸੋਈਓ ਪ੍ਰਮੇਹ ਪਿੜਕਾ ਦਾ ਹੈ। ਇਹ ਪਿੜਕਾ ਕਹੀ ਹੈ, ਇਹ ਸਹਿਜੇ ਪ੍ਰਮੇਹ ਤੋਂ ਹੁੰਦੀਆਂ ਹਨ ॥੧੭੦॥

ਦਸ ਪ੍ਰਮੇਹ ਪਿੜਕਾ ਦੇ ਨਾਮ—ਚੌਪਈ

ਸ੍ਰਾਵਕਿ ਕਛਪਿ ਜਾਲਨਿ ਬਿਨਤਾ। ਆਲਜੀਯ ਮਾਸੂਰਕਿ ਗਿਨਤਾ।
ਸਰਖਪ ਪੁਤ੍ਰਨਿ ਔਰ ਬਿਦਾਰਕ। ਬਿਦ੍ਰਧਿਨਾਮ ਦਸਮ ਏ ਧਾਰਿਕ।੧੭੧।

ਦੋਹਰਾ— ਸੰਧਿ ਬਿਖੈ ਅਰ ਮਰਮ ਮੈ, ਮਸਾਲ ਜਾਗਾ ਹੋਇ।
ਏ ਸਥਾਨ ਪਿੜਕਾ ਤਨੇ, ਜਾਨੋ ਪੰਡਿਤ ਸੋਇ ॥੧੭੨॥

੧ ਸ੍ਰਾਵਿਕ, ੨ ਕਛਪ, ੩ ਜਾਲਨਿ, ੪ ਬਿਨਤਾ, ੫ ਅਲਿਜੀ, ੬ ਮਸੂਰਿਕਾ, ੭ ਸਰਖਪ, ੮ ਪੁਤ੍ਰਿਨ ੯ ਬਿਦਾਰਿਕ ਅਰ ੧੦ ਬਿਦ੍ਰਿਧਿ। ਇਹ ਦਸ ਹਨ। ਇਹ ਪਿੜਕਾ ਸੰਧੀਆਂ (ਜੋੜਾਂ) ਅਰ ਮਰਮ ਥਾਵਾਂ—ਮਾਸਲੀ ਜਗਾਂ ਵਿਚ ਹੁੰਦੀਆ ਹਨ। ਪਿੜਕਾ ਦੇ ਏਹੋ ਸ਼ਾਬਨ ਜਾਣੋ ॥੧੭੧॥੧੭੨॥

ਅਥ ਲੱਛਣ—ਚੌਪਈ

ਚਪਣੀ ਸਮ ਸੋ ਜਾਨ ਸਰਾਵਿ। ਸਰਖਪ ਸਿਤ ਸਰਸੋ ਕੁਨਿ ਬਾਵ।
ਕੱਛਪ ਕੱਛੂ ਦਾਹ ਸੁ ਠਾਨ। ਜਾਲੀ ਜਾਲਨਿ ਦਾਹ ਸਮਾਨ ॥੧੭੩॥

ਪਰਹਾ—ਪ੍ਰਿਸਟ ਉਦਰ ਮੇ ਫੁਨਸੀ, ਜੋ ਦੀਰਘ ਲਹੀ।
ਸੋ ਬਿਨਤਾ ਹੈ ਨਾਮੁ, ਪੰਡਿਤਾ ਮੈ ਕਹੀ।
ਉਪਚਿਤ ਬਡੀ ਸਪੁਤ੍ਰਨਿ, ਪਿੜਕਾ ਜਾਨੀਏ।
ਮਾਸੂਰੀ ਸੰਠਾਨ, ਮਾਸੂਰੀ ਮਾਨੀਏ ॥੧੭੪॥
ਲਾਲ ਸਯਾਮ ਸੋ ਅਲਜੀ, ਫੁਨਸੀ ਏ ਕਹੀ।
ਕਠੋਰ ਬਿਦਾਰੀ ਕੰਦ, ਬਿਦਾਰਕੁ ਏ ਲਹੀ।
ਬਿਦ੍ਰਧਿ ਦਸਮਾਨ, ਸੋ ਜਾਨੋ ਦਸਮਹੀ।
ਮਾਧਵ ਭਾਖਯੋ ਏਹ; ਮੇਘ ਇਮ ਦਸ ਸਹੀ ॥੧੭੫॥

(੧) ਚਪਨੀ ਸਮਾਨ ਅਕਾਰ ਵਾਲੀਆਂ ਪਿੜਕਾਂ ਸ੍ਰਾਵਿਕ ਨਾਮ ਵਾਲੀਆਂ ਹੁੰਦੀਆਂ ਹਨ।
(੨) ਚਿੱਟੀ ਸਰਹੋਂ ਦੇ ਦਾਣਿਆਂ ਸਮਾਨ ਹੇ, ਓਹ ਸਰਖਪ ਕਹੀਦੀਆਂ ਹਨ।
(੩) ਕੱਛੂ ਦੀ ਖੋਪਰੀ ਜੇਹੀ ਕਛਪਾ।
(੪) ਜਾਲਨੀ ਜਾਲੀ ਸਮਾਨ ਹੁੰਦੀ ਹੈ।
(੫) ਪਿੱਠ, ਪੇਟ ਵਿਖੇ ਜੇਹੜੀ ਫੁਨਸੀ ਵੱਡੀ ਹੋਵੇ ਉਹ ਬਿਨਤਾ ਕਹੀਦੀ ਹੈ।
(੬) ਬਹੁਤੀਆਂ ਹੋਣ ਓਹ ਪੁਤ੍ਰਨੀਆਂ।
[੭) ਮਸੂਰਾਂ ਸਮਾਨ ਮਸੂਰੀਕਾ।

Digitized by Panjab Digital Library | www.panjabdigilib.org

(੮) ਲਾਲ ਅਰ ਕਾਲੀਆਂ ਹੋਣ, ਉਹ ਅਲਿਜੀ।
(੯) ਕਰੜੀਆਂ ਬਿਦਾਰੀ ਕੰਦ ਸਮਾਨ, ਉਹ ਬਿਦਾਰਕਾ।
(੧੦) ਦਸਮੀ ਬਿਦ੍ਰਧੀ ਸਮਾਨ ਕਹੀ ਹੈ ॥੧੭੩ ਤੋਂ ੧੭੫॥

ਅਸਾਧਯ–ਚੌਪਈ

ਗੁਦਾ ਠੌਰ ਹੀਏ ਸਿਰ ਹੋਇ। ਪ੍ਰਿਸਟ ਮਰਨ ਇਨ ਜਾਗਾ ਜੋਇ।
ਦੁਰਬਲ ਮੰਦ ਅਗਨਿ ਬਲਹੀਨ। ਏਹ ਉਪਦ੍ਰਵ ਫੁਨਸੀ ਕੀਨ।੧੭੬।
ਤ੍ਰਿਖਾ ਮੋਹ ਹਿਕ੍ਵਾ ਮਦ ਸ੍ਵਾਸ। ਜੁਰ ਬਿਸਰਪ ਤਿਸ ਸਕੁਚਯੋ ਮਾਸ।
ਮਰਮ ਰੋਧ ਏ ਕਹੇ ਉਪਦ੍ਰਵ। ਮੋਹ ਪਿੜਕਾ ਕੇ ਜਾਨੋ ਅਦ੍ਰਵ ॥੧੭੭॥

ਗੁਦਾ, ਹ੍ਰਿਦਯ, ਸਿਰ, ਪਿਠ ਅਰ ਮਰਮ ਸਥਾਨਾਂ ਤੇ ਜੋੜੀਆਂ ਹੋਣ। ਸਲਹੀਣ, ਜਿਸਦੀ ਜਠਰਾਗਨੀ ਨਾਂ ਹੋਵੇ। ਇਹ ਉਪਦ੍ਰਵ ਫੁਨਸੀਆਂ ਕੀਤੇ ਹੋਣ ਕਿ ਤ੍ਰਿਖਾ, ਮੋਹ, ਹਿਡਕੀ, ਘੂਕੀ, ਦਮਾਂ, ਤਪ, ਬਿਸਰਪ, ਮਾਸ ਦਾ ਸੰਕੋਚ,ਮਰਮਾਂ ਦਾ ਰੁਕ ਜਾਣਾ, ਇਹ ਪਿੜਕਾ ਦੇ ਉਪਦ੍ਰਵ ਹਨ।੧੭੬।੧੭੭

ਇਸਤ੍ਰੀ ਵਿਚਾਰ–ਚੌਪਈ

ਮਾਸ ਮਾਸ ਇਸਤ੍ਰੀ ਰਜੁ ਜਾਂਇ। ਹੋਵਤ ਸੁੱਧ ਜੁ ਰੁਧਰ ਗਿਰਾਇ।
ਬਿਸਤੇ ਤਿਯ ਕੋ ਹੋਤ ਨ ਮੋਹ। ਮੋਹ ਨ ਹੋ ਤੌ ਪਿੜਕਾ ਕੋਹ ॥੧੭੮॥

ਮਹੀਨੇ ਮਹੀਨੇ ਇਸਤ੍ਰੀ ਨੂੰ ਰਿਤੂ ਹੋ ਜਾਣ ਤੇ ਲਹੂ ਸੁਧ ਹੋ ਜਾਂਦਾ ਹੈ। ਇਸਤੇ ਇਸਤ੍ਰੀ ਨੂੰ ਪ੍ਰਮੇਹ ਨਹੀਂ ਹੁੰਦੀ। ਪ੍ਰਮੇਹ ਦੇ ਨਾਂ ਹੋਣ ਕਰਕੇ ਪਿੜਕਾਂ ਕਿਸ ਤਰਾਂ ਹੋਣ? ਕਿੰਤੂ ਨਹੀਂ ਹੁੰਦੀਆਂ ॥੧੭੮॥

ਪਿੜਕਾ ਉਪਾਇ–ਚੌਪਈ

ਨਿੰਬ ਮਜੀਠ ਬਾਵਚੀ ਆਨ। ਹਲਧੀ ਗੇਰੂ ਸਮ ਏ ਜਾਨ।
ਰਾਤ ਭਿਗੋਈ ਪ੍ਰਾਤਹਿ ਛਾਨ। ਪੀਵਹੁ ਪਾਂਨੀ ਮਧੁ ਬਿਚਿ ਠਾਨ।੧੭੯।
ਫੇਕ ਰਹੇ ਸੋ ਘੋਟੋ ਸਹੀ। ਸੋ ਮਰਦੋ ਸ੍ਰਬ ਅੰਗੋ ਕਹੀ।
ਘਰੀ ਦੋਇ ਪਿਛੈ ਅਸਨਾਨ। ਦਸ ਪਿਟਕਾ ਕੀ ਕਰਤਾ ਹਾਨ ॥੧੮੦॥

੧੨੬੨–ਨਿੰਬ, ਮਜੀਠ, ਬਾਵਚੀ, ਹਲਧੀ ਤੇ ਗੇਰੂ, ਸਮਾਨ ਭਾਗ ਲੈਕੇ ਰਾਤ ਨੂੰ ਭਿਉਂ ਛਡੇ, ਦਿਨੇ ਨਿਤਾਰਕੇ ਪਾਣੀ ਵਿਚ ਸ਼ਹਿਤ ਪਾਕੇ ਪੀਵੇ। ਜੇਹਾ ਫੋਕ ਰਹੇ, ਉਹ ਘੋਟਕੇ ਅੰਗਾਂ ਪਰ ਮਲੇ। ਦੋ ਕੁ ਘੜੀਆਂ ਠਹਿਰਕੇ ਸ਼ਨਾਨ ਕਰ ਲਵੇ, ਇਹ ਦਸ ਪ੍ਰਕਾਰ ਦੀ ਪਿੜਕਾਂ ਦਾ ਨਾਸ ਕਰੇ।੧੭੯।੧੮੦।

ਲੇਪ–ਦੋਹਰਾ

ਗੇਰੂ ਹਲਧੀ ਆਨਕੈ, ਰਸਵਤ ਲੈ ਨਵਨੀਤਿ।
ਲੇਪੁ ਕਰੋ ਦਿਨ ਸਾਤ ਹੀ ਮਿਟਤ ਪਿੜਕ ਦਸ ਮੀਤ ॥੧੮੧॥

Digitized by Panjab Digital Library | www.panjabdigilib.org

੧੨੬੩-ਗੇਰੂ, ਹਲਧੀ ਅਰ ਰਸੌਂਤ ਲੈਕੇ ਮਥਨ ਵਿਚ ਮਿਲਾਕੇ ਪਿੜਕਾ ਪਰ ੧੦ ਦਿਨ ਲੇਪ ਕਰੇ ਤਾਂ ਦਸ ਪ੍ਰਕਾਰ ਦੀ ਪਿੜਕਾ ਨਾਸ ਹੋਵੇ ॥੧੯੧॥

ਕਟਕ ਤੇਲ ਲਾਈ ਕਰੀ, ਭੁਰਕ ਕੰਬੀਲਾ ਤੇਹ।
ਨਾਸ ਹੋਤ ਦਸ ਪਿੜਕ ਹੀ, ਭਾਖੀ ਮੇਘ ਸੁ ਏਹ ॥੧੯੨॥

੧੨੬੪-ਕੌੜਾ ਤੇਲ ਪਿੜਕਾ ਪਰ ਮਲਕੇ ਉਪਰ ਕਬੀਲਾ ਭੁਰਕ ਦੇਵੇ ਤਾਂ ਦਸ ਪ੍ਰਕਾਰ ਦੀ ਪਿੜਕਾ ਨਾਸ ਹੋਵੇ ॥੧੯੨॥

ਚੌਪਈ

ਮਜੀਠ ਨਿਸਾ ਗੇਰੂ ਗਿਲੋਇ। ਮਰਚਾਂ ਕਤ੍ਰੂ ਜੋ ਪੀਸੇ ਸੋਇ।
ਸਹਿਤ ਸੰਗ ਜੋ ਚਾਟੈ ਕੋਇ। ਸਭ ਪਿੜਕਾ ਕਾ ਨਾਸ ਕਰੋਇ ॥੧੯੩॥

੧੨੬੫-ਮਜੀਠ, ਹਲਧੀ, ਗੇਰੂ, ਗਿਲੋਯ, ਮਿਰਚਾ ਅਰ ਕਤ੍ਰੂ, ਸਮਾਨ ਲੈਕੇ ਪੀਹੇ, ਸ਼ਹਤ ਨਾਲ ਚਟੇ ਤਾਂ ਸਭ ਪ੍ਰਕਾਰ ਦੀਆਂ ਫੁਨਸੀਆਂ ਨਾਸ ਕਰੇ ॥੧੯੩॥

ਪ੍ਰਮੇਹ ਪਿੜਕਾਂ ਪੱਥ-ਦਵੈਯਾ ਛੰਦ

ਲੰਘਨ ਬਮਨਿ ਬਰੇਚਨ ਦੀਪਨ, ਨੀਵਾਰੈ ਕੰਗ ਕੋਦਾ।
ਸਾਮਕੁ ਕਨਕ ਕੁਲਥਾ ਮੂਗਧਾ, ਆਢਕੁ ਚਨਕਾ ਸੋਦਾ।
ਜੂਖ ਤਿਲਾ ਲਾਜਾ ਪੁਰਾਤਨ, ਸੁਰਾ ਮੰਡ ਜਲ ਰਾਸਭ।
ਮਹਿਖੀ ਜਲ ਸੋਭਾਜਨ ਗੁਲਰ, ਲਸਨੰ ਜਾਨੋ ਏ ਸਭ ॥੧੯੪॥
ਕਾਰੇਲਾ ਕਕੌੜਾ *ਮੋਚਾ, ਗੋਕੰਟਾਲੈ ਕਮਲੰ।
ਖਰਜੂਰੀ †ਲਾਂਗਲ ਕਪਿਥਯਾ, ਜੰਬੂ ਫਲ ਲੈ ਅਮਲੰ।
ਹਸਤੀ ਘੋਰਾ ਜਾਨ ਕਖਾਯਾ, ਖਦਰ ਕੁਲਿੰਗ ਜੁ ਪੇਠਾ।
ਮੇਹ ਰੋਗ ਕੇ ਪੱਥ ਬਖਾਨੇ, ਜਾਨੋ ਪੰਡਿਤ ਏਠਾ ॥੧੯੫॥

੧੨੬੬-ਪਹਿਲੇ ਬ੍ਰਤ (ਫਾਕੇ) ਕੈ, ਦਸਤ, ਦੀਪਨ ਪਦਾਰਥਾਂ ਦਾ ਸੇਵਨ, ਚਰ੍ਹੀਅੰਨ, ਕੰਗੁਣੀ, ਕੋਦਾ ਸੁਆਂਕ, ਕਣਕ, ਕੁਲਥ, ਮੂੰਗੀ, ਅਰਹਰ, ਛੋਲੇ, ਸੋ ਦੇਵੇ। ਉਕਤ ਅੰਨਾਂ ਦਾ ਯੂਖ ਦੇਵੇ, ਤਿਲ, ਖਿੱਲਾਂ, ਪੁਰਾਣੀ ਸ਼ਰਾਬ. ਮੰਡ, ਗਧੇ ਦਾ ਪੇਸ਼ਾਬ, ਮਹੀਂ ਦਾ ਮੂਤਰ, ਸੁਹਾਂਵਣਾ, ਗੁੱਲਰ, ਲਸਨ,ਕਰੇਲਾ, ਕਕੌੜੇ, *ਕੱਚਾ ਕੇਲਾ ਫਲ, ਭਖੜਾ, ਕਮਲ, ਖਜੂਰ, †ਨਲਿਏਰ, ਕੈਥਫਲ, ਜਾਮਣ, ਖੱਟੇ ਰਸ, ਹਾਥੀ, ਘੋੜੇ ਦੀ ਸਵਾਰੀ ਪਰ ਚੜ੍ਹਨਾ, ਕਸੇਲੇ ਪਦਾਰਥ; ਕੱਥਾ ਇੰਦ੍ਰਜੌਂ ਅਰ ਪੇਠਾ। ਇਹ ਸਭ ਖਾਣੇ ਪ੍ਰਮੇਹ ਰੋਗ ਦੇ ਪਥ ਹਨ ॥੧੯੪॥੧੯੫॥

ਕੁਪੱਥ-ਚੌਪਈ

---

*ਮੋਚਾ-ਕਲਾਫਲ. ਦੇਖੋ ਆ: ਔਸ਼ਧੀ ਕੋਸ਼ ਪ੍ਰਿ: ੧੨੯.

†ਲਾਗਲਿ-ਨਲਿਏਰ ਹੈ, ਦੇਖੋ ਭਾ: ਪ੍ਰਕਾਸ਼

Digitized by Panjab Digital Library | www.panjabdigilib.org

ਮੂਤ੍ਰ ਬੇਗ ਧੂਮ ਕਾ ਪਾਨ। ਸ੍ਵੇਦ ਰਕਤ ਕਾ ਕਾਢਤ ਮਾਨ।
ਦਿਵਸ ਨੀਂਦ ਦਧਿ ਨਵਤਨ ਅੰਨ। ਕਾਂਜੀ ਲਵਨ ਮਦਰ ਪਯਮੰਨ॥੧੮੬॥
ਗੁੜ ਪਿਸਟੀ ਜਲਚਰਕਾ ਮਾਸ। ਮਟਰ ਮਿਠਾਈ ਮੈਥਨ ਕਾਸ।
ਕਹੇ ਕੁਪੱਥ ਜਾਨਿਓ ਏਹ। ਮੇਘ ਬਖਾਨੇ ਸਭ ਹਿਤ ਤੇਹ॥੧੮੭॥

੧੨੬੭-ਮੂਤ੍ਰ ਦੇ ਬੇਗ ਦਾ ਰੋਕਣਾ, ਧੂੰਆਂ ਪੀਣਾ, ਪਸੀਨਾ ਦੇਣਾ, ਫਸਦ ਖੋਲ੍ਹਣਾ, ਦਿਨ ਦਾ ਸੌਣਾ, ਦਹੀਂ, ਨਵਾਂ ਅੰਨ।। ਕਾਂਜੀ, ਲਵਣ ਰਸ, ਸ਼ਰਾਬ, ਦੁਧ, ਗੁੜ, ਪੀਠੀ, ਜਲ ਵਿਚ ਰਹਿਣ ਵਾਲੇ ਜੀਵਾਂ ਦਾ ਮਾਸ, ਮਟਰ, ਮਿੱਠਾ ਅਰ ਇਸਤ੍ਰੀ ਸੰਗ, ਇਹ ਸਭ ਪ੍ਰਮੇਹ ਵਿਖੇ ਕੁਪਥ ਹਨ॥ ੧੮੬॥੧੮੭॥

ਅਥ ਮੇਦ(ਮੋਟਾਪਨ) ਰੋਗ ਨਿਦਾਨ-ਚੌਪਈ

ਦਿਨ ਕੋ ਸੋਵਤ ਕਰਤ ਬਯਾਯਾਮ। ਮੀਠਾ ਚਿਕਨਾ ਖਾਵਤ ਆਮ।
ਕਫ ਭੋਜਨ ਤੇ ਜਾਨੋ ਸਹੀ। ਮੇਦ ਰੋਗਿ ਉਤਪਤਿ ਸੋ ਕਹੀ॥੧੮੮॥

ਦਿਨੇ ਸੁਤਾ ਰਹੇ, ਕਸਰਤ ਨਾ ਕਰੇ, ਮੀਠਾ, ਚੀਕੁਣਾ ਅਰ ਆਮ ਕਾਰਕ ਖਾਵੇ ਤਥਾ ਕਫ ਕਾਰਕ ਖਾਵੇ ਤਾਂ ਮੇਦ ਰੋਗ ਹੁੰਦਾ ਹੈ॥ ੧੮੮॥

ਮੇਦ ਲੱਛਣ-ਚੌਪਈ

ਆਸ਼ਕਤ ਦੇਹ ਛੋਟਾ ਲੈ ਸ੍ਵਾਸ। ਤ੍ਰਿਖਾ ਮੋਹ ਨਿੰਦ੍ਰਾ ਬਹੁਤਾਸ।
ਸ੍ਵਾਸ ਰੋਧਗਰ ਘੁਰ ਘੁਰ ਕਰੈ। ਖੁਧਾ ਪ੍ਰਸੀਨਾ ਦੁਰਗੰਧ ਧਰੈ॥੧੮੯॥
ਬਧੈ ਮੇਦ ਜੌ ਤਨ ਮੈ ਘਨੀ। ਘਨੇ ਰੋਗੁ ਸੋ ਕਰਨੀ ਭਨੀ।
ਬਧੈ ਰੋਗ ਤਉ ਨਰ ਕੋ ਹਨੈ। ਐਸੈ ਲਛਨ ਮਾਧਵ ਭਨੈ॥੧੯੦॥
ਪਗੁ ਸਥਲ ਕੁਚ ਉਦਰੈ ਜਾਨ। ਪਰਤ ਭਾਰ ਭਾਰੀ ਬਪ ਠਾਨ।
ਅਤਿ ਸਥੂਲ ਜੋ ਨਰ ਹੁਇ ਜਾਇ।ਮੇਦ ਰੋਗ ਸੋ ਕਹਯੋ ਸੁਨਾਇ॥੧੯੧॥

ਮੇਦ ਰੋਗੀ-

ਸਮਰਥਾਹੀਣ, ਛੁਦ੍ਰਸ੍ਵਾਸ, ਪਯਾਸ, ਮੋਹ, ਨਿੰਦ੍ਰਾ ਵਾਲਾ ਹੁੰਦਾ ਹੈ। ਸ੍ਵਾਸ ਰੁਕਦਾ, ਘੁਰ ਘਰ ਕਰਦਾ ਹੈ। ਅਧਿਕ ਭੁਖ ਲਗਦੀ, ਪਸੀਨਾ ਤੇ ਦੁਰਗੰਧੀ ਹੁੰਦੀ ਹੈ। ਜਦ ਸਰੀਰ ਵਿਖੇ ਬਹੁਤ ਮੇਦ ਵਧ ਜਾਵੇ ਤਾਂ ਬਹੁਤ ਰੋਗਾਂ ਨੂੰ ਪੈਦਾ ਕਰਦਾ ਹੈ। ਜੇ ਅਤਜੰਤ ਰੋਗ ਵਧ ਜਾਵੇ ਤਾਂ ਪੁਰਖ ਨੂੰ ਨਾਸਲ ਕਰਦਾ ਹੈ। ਪੈਰਾਂ, ਪੱਟਾਂ, ਕੁਚਾਂ ਅਰ ਪੇਟ ਪਰ ਬਹੁਤ ਭਾਰ ਹੋ ਜਾਂਦਾ ਹੈ। ਜਿਹੜਾ ਪੁਰਖ ਅਤਯੰਤ ਮੋਟਾ ਹੋ ਜਾਵੇ ਅਰ ਪੇਟ ਵਧ ਜਾਵੇ ਉਸਨੂੰ ਮੇਦ ਰੋਗ ਵਾਲਾ ਕਿਹਾ ਜਾਂਦਾ ਹੈ॥ ੧੮੯ ਤੋਂ ੧੯੧॥

ਉਪਾਇ-ਚੌਪਈ

Digitized by Panjab Digital Library | www.panjabdigilib.org

ਚਬ ਚਿਤ੍ਰਕ ਬਜੋਖ ਕੁਲਿੰਗ। ਸੌਂਚਰ ਚੂਰਨ ਕਰੋ ਸਮੰਗੁ।
ਮਸਤੁ ਦਹੀ ਸੋਂ ਪੀਵੇ ਇਹ। ਮੇਦ ਰੋਗ ਕਾ ਨਾਸ ਕਰੇਇ ॥੧੯੨॥

੧੨੬੮–ਚਵ, ਚਿਤ੍ਰਾ, ਮਘ, ਮਿਰਚ, ਸੁੰਢ, ਇੰਦ੍ਰਜੌਂ ਅਤੇ ਸੌਂਚਰ ਲੂਣ ਸਮਾਨ ਭਾਗ ਲੈ ਕੇ ਸਭਨਾਂ ਦਾ ਪੀਹਕੇ ਚੂਰਣ ਬਣਾਵੇ ਅਰ ਫਿਰ ਦਹੀਂ ਦੇ ਮਠੇ ਨਾਲ ਪੀਵੇ ਤਾ ਮੇਦ ਰੋਗ (ਮੋਟਾਪਨ) ਨਾਸ ਹੋਵੇ ॥੧੯੨॥

ਵੰਗਸੇਨਾਂਤ–ਚੌਪਈ

ਤ੍ਰਿਫਲਾ ਤ੍ਰਿਕੁਟਾ ਲੂਣ ਜੁ ਤੇਲ। ਚਾਟੇ ਖਟ ਮਾਸ ਲੈ ਮੇਲ।
ਮੇਦ ਰੋਗੁ ਕਾ ਨਾਸ ਕਰਾਇ। ਬੰਗਸੈਨ ਨੇ ਕਹਯੋ ਸੁਨਾਇ ॥੧੯੩॥

੧੨੬੯–ਹਰੜ, ਬਹੇੜਾ, ਆਵਲੇ, ਮਘ, ਮਿਰਚ, ਸੁੰਢ ਲੂਣ ਅਰ ਤੇਲ ਮਿਲਾਕੇ ੬ ਮਾਸੇ ਚੱਟੇ ਤਾਂ ਮੋਟਾਪਨ ਨਾਸ ਹੋਵੇ ॥ ੧੯੩ ॥

ਸੋਰਠਾ–ਤ੍ਰਿਫਲਾ ਗੋਕੇ ਮੂਤ, ਇਕ ਸਿਰਸਾਹੀ ਨਿਤ ਫਕੇ।
ਤੌ ਤਨ ਹੋਵੈ ਸੂਤ, ਮੇਦੁ ਰੋਗੁ ਮਿਟ ਜਾਤ ਹੈ ॥੧੯੪॥

੧੨੭੦–ਤ੍ਰਿਫਲਾ ਗੋਕੇ ਪੇਸ਼ਾਬ ਨਾਲ ਇਕ ਸਿਰਸਾਹੀ (੨ ਤੋਲੇ) ਨਿੱਤ ਫੱਕੇ ਤਾਂ ਸਰੀਰ ਠੀਕ ਹੋ ਜਾਵੇ ਤੇ ਮੋਟਾਪਨ ਨਾਸ ਹੋਵੇ ॥ ੧੯੪ ॥

(ਰਸਰਤਨਾਕਰਾਤ)–ਦੋਹਰਾ

ਤ੍ਰਿਫਲਾ ਤ੍ਰਿਕੁਟਾ ਲੋਹਰਜ, ਕੀਕਰ ਰਸ ਸੋ ਪੀਸ।
ਮਧੁ ਸੋ ਖਾਵਤ ਪ੍ਰਾਤ ਉਠ, ਮੇਦ ਰੋਗ ਨਹਿ ਦੀਸ ॥੧੯੫॥

੧੨੭੧–ਤ੍ਰਿਫਲਾ ਤ੍ਰਿਕੁਟਾ, ਲੋਹਚੂਰਣ ਲੈ ਕੇ ਕਿੱਕਰ ਦੇ ਰਸ ਨਾਲ ਪੀਹੇ ਅਰ ਪ੍ਰਾਤਾਕਾਲ ਉਠ ਕੇ ਫਿਰ ਸ਼ਹਿਤ ਨਾਲ ਹਰ ਰੋਜ਼ ਖਾਵੇ, ਮੇਦ ਰੋਗ ਜਾਂਦਾ ਰਹੇ ॥ ੧੯੫ ॥

ਅਦਰਕ ਮਧੁ ਸੋ ਖਾਇ ਨਿਤ, ਮੇਦ ਅਨਿਲ ਕਫ ਜਾਇ।
ਸਥੂਲ ਮਿਟੀ ਕ੍ਰਿਸ ਹੋਤ ਹੈ, ਉਤਮ ਏਹ ਉਪਾਇ ॥੧੯੬॥

੧੨੭੨–ਅਦਰਕ ਸ਼ਹਿਤ ਨਾਲ ਹਰ ਰੋਜ਼ ਖਾਵੇ, ਮੇਦ ਰੋਗ, ਵਾਯੂ ਰੋਗ, ਕਫ ਰੋਗ ਜਾਵੇ ਤੇ ਸਥੂਲਤਾ (ਮੋਟਾਪਨ) ਹਟਾਕੇ ਸਰੀਰ ਪਤਲਾ ਕਰ ਦੇਵੇ ॥ ੧੯੬ ॥

ਸੁੰਠ ਬੜਿੰਗ ਜਵਾਹਰੀ, ਲੋਹਚੂਨ ਜਵਖਾਰ।
ਮਧੁ ਸੋ ਖਾਵਤ ਮੇਦ ਮਿਟ, ਦਾਹ ਸਕਲ ਜੁ ਬਿਡਾਰ ॥੧੯੭॥

੧੨੭੩–ਸੁੰਢ ਵਾਯੂ ਬੜਿੰਗ, *ਜੌਂ, ਆਵਲੇ, ਲੋਹਚੂਨ [ਮਾਰਿਆ ਲੋਹਾ] ਤੇ ਜੌਂਖਾਰ ਸ਼ਹਿਤ ਖਾਵੇ ਤਾਂ ਮੇਦ ਰੋਗ ਨਾਸ ਕਰੇ ਅਰ ਦਾਹ ਰੋਗ ਭੀ ਜਾਵੇ ॥ ੧੯੭ ॥

---

*ਏਥੇ "ਜਵਾਹਰੀ" ਦਾ ਅਰਥ ਜੌਂ ਆਵਲੇ ਹਨ ਜਵਾਹਾਂ ਆਦਿ ਕਲਪਣਾ ਅਗਜ਼ਾਤਣਪਾ ਹੈ। ਤਸੱਲੀ ਵਾਸਤੇ ਦੇਖੋ ਰਸਰਤਨਾਕਰ ਪ੍ਰਿ: ਪ੩੬,

Digitized by Panjab Digital Library | www.panjabdigilib.org

ਤ੍ਰਿਕੁਟ ਜਰਨ ਚਬ ਚਿਤ੍ਰਕੰ, ਸੌਂਚਰ ਹਿੰਗੁ ਮਿਲਾਇ।
ਪ੍ਰਾਤ ਪਿਵੈ ਲੈ ਨੀਰ ਸੰਗ, ਮੇਦ ਰੋਇ ਟਰ ਜਾਇ ॥੧੯੮॥

੧੨੭੪-ਤ੍ਰਿਕੁਟਾ, ਜੀਰਾ, ਚਬ ਚਿਤ੍ਰਾ, ਸੌਂਚਰ ਨਿਮਕ ਅਰ ਹਿੰਗ ਮਿਲਾਕੇ ਪ੍ਰਾਤਾਕਾਲ ਜਲ ਨਾਲ ਪੀਵੇ ਤਾਂ ਮੇਦ ਰੋਗ ਜਾਵੇ ॥੧੯੮॥

ਤ੍ਰਿਕੁਟਾ ਮੋਥਾ ਤ੍ਰਿਫਲ ਬੰਨਿ, ਗੁਗਲ ਬਾਇਬੜਿੰਗ।
ਜਲ ਸੋ ਖਾਵਤ ਪ੍ਰਾਤ ਨਿਤ, ਮੇਦ ਘਟਤ ਕ੍ਰਿਸੁ ਅੰਗ ॥੧੯੯॥

੧੨੭੫-ਤ੍ਰਿਕੁਟਾ, ਮੋਥਾ, ਤ੍ਰਿਫਲ, ਚਿਤ੍ਰਾ, ਗੁਗਲ ਤੇ ਬਾਯਬੜਿੰਗ ਪੀਹਕੇ ਜਲ ਨਾਲ ਖਾਵੇ ਤਾਂ ਮੋਟਾਪਨ ਹਟਕੇ ਸਰੀਰ ਪਤਲਾਂ ਹੋ ਜਾਵੇ॥ ੧੯੯॥

ਮੁਹਲਠੀ ਮਧੁ ਸੰਗ ਨਿਤ, ਖਾਵਤ ਜੋ ਖਟ ਮਾਸ।
ਮੇਦ ਰੋਗ ਕਾ ਨਾਸ ਹੁਇ, ਮਿਟਤ ਦਾਹ ਗਦਕਾਸ ॥੨੦੦॥

੧੨੭੬-ਮੁਲੱਠੀ ੬ ਮਹੀਨੇ ਸ਼ਹਿਤ ਨਾਲ ਚੱਟੇ ਤਾਂ ਮੋਟਾਪਨ, ਦਾਹ ਹਰ ਖਾਂਸੀ ਰੋਗ ਇਹ ਸਭ ਨਾਸ ਹੁੰਦੇ ਹਨ ॥੨੦੦॥

ਚੌਪਈ

ਚਿਤ੍ਰਕ ਤ੍ਰਿਫਲਾ ਬਜੋਖ ਮੰਗਾਇ। ਕਟਰੋਹਨਿ ਸਿਗ੍ਰੂ ਉਤਪਲ ਲਜਾਇ।
ਬ੍ਰਿਹਤੀ ਦੋਨੋ ਨਿਸਾ ਜੋ ਦੋਇ। ਪਾਠਾ ਅਤਿਬਿਖਿ ਅਰਨੀ ਸੋਇ ॥੨੦੧॥
ਹਿੰਗੁ ਚਿੰਚਕਾ ਮੂਲੁ ਮਿਲਾਇ। ਅਜਵਾਇਨ ਧਨੀਆ ਜੋ ਰਲਾਇ।
ਚ੍ਰਿਤਕ ਸੌਂਚਰ ਜੀਰਾ ਸ੍ਵੇਤ। ਹਪੁਖ ਚੂਰਨ ਕੀਜੇ ਲੇਤ ॥੨੦੨॥
ਤੇਲ ਘੀਉ ਵਾ ਮਧੁ ਕੈ ਸੰਗ। ਮੇਦ ਰੋਗ ਕੋ ਕਰ ਹੈ ਭੰਗ।
ਪਾਂਡ ਸੋਥ ਬਮਿ ਅਰਸ ਮਿਟਾਇ।ਕ੍ਰਿਮ ਜੋ ਗ੍ਰਹਿਨਿ ਸਬੂਲਾ ਜਾਇ।੨੦੩।

੧੨੭੭-ਚਿਤ੍ਰਾ, ਹਰੜ, ਬਹੇੜਾ, ਆਵਲੇ, ਮਘ ਮਿਰਚ, ਸੁੰਢ, ਕੌੜ, ਸੁਹਾਂਵਣਾਂ, ਕਮਲ, ਕੰਡਜਾਰੀਆਂ ਦੋਨੋਂ, ਦੋਨੋਂ ਹਲਧੀਆਂ, ਪਾਠਾ, ਪਤੀਸ, ਅਰਣੀ, ਹਿੰਗ, ਇਮਲੀ, ਮੂਲੀ ਅਜਵਾਇਣ, ਧਨੀਆ, ਚਿਤ੍ਰਾ, ਸੌਂਚਰਨਿਮਕ, ਚਿੱਟਾਜੀਰਾ ਤੇ ਹਊਬੇਰ ਸਮ ਸਭ ਲੈ ਕੇ ਚੂਰਣ ਕਰ ਲਵੇ, ਤੇਲ, ਘਿਓ, ਅਥਵਾ ਸ਼ਹਿਤ ਦੇ ਨਾਲ ਖਾਵੇ ਤਾਂ ਮੇਦਰੋਗ, ਪਾਂਡੂ, ਵਮਨ, ਬਵਾਸੀਰ, ਕ੍ਰਿਮਿ ਰੋਗ ਅਰ ਸੰਗ੍ਰਹਿਣੀ ਸਭ ਨਾਸ਼ ਕਰੇ॥ ੨੦੧ ਤੋਂ ੨੦੩।

ਬੜਵਾਗਨੀ ਰਸ (ਰਸਰਤਨਾਕਰਾਤ)-ਚੌਪਈ

ਸੁਧ ਸੂਤ ਤਾਂਬਾ ਲੈ ਮਾਰਿਯਾ। ਤਾਲ ਬਲੀ ਚਾਰੇ ਸਮ ਡਾਰਿਯਾ।
ਅਰਕ ਦੂਧ ਮਰਦੋ ਦਿਨ ਏਕ। ਮਧੁ ਸੰਗੇ ਗੁੰਜਾ ਦੋ ਟੇਕ ॥੨੦੪॥

Digitized by Panjab Digital Library | www.panjabdigilib.org

ਪਲੁ ਮਧੁ ਪਲ ਜਲੁ ਸਰਬਤ ਕਰੋ। ਤਾਸੋ ਰਸ ਏ ਖਾਵਨ ਧਰੋ।
ਮੇਦ ਰੋਗ ਕਾ ਕਰਤਾ ਨਾਸ। ਮੇਘ ਬਿਨੋਦੇ ਕਹਜੋ ਉਲਾਸ ॥੨੦੫॥

੧੨੭੮–ਸੁੱਧਪਾਰਾ, ਮ੍ਰਿਤ ਤਾਂਬਾ, ਮ੍ਰਿਤ ਹੜਤਾਲ ਤੇ *ਗੰਧਕ, ਇਹ ਚਾਰੇ ਇਕ ਸਮਾਨ ਲਵੇ, ਫਿਰ ਇਕ ਦਿਨ ਅੱਕ ਦੇ ਦੁੱਧ ਵਿੱਚ ਖਰਲ ਕਰੇ ਅਰ ਰੱਖ ਲਵੇ, ਇਸ ਵਿਚੋਂ ਫਿਰ ਸ਼ਹਿਤ ਵਿੱਚ ਮਿਲਾਕੇ ੨ ਰੱਤੀਆਂ ਨਿੱਤ ਖਾਵੇ, ਉਪਰੋਂ ੮ ਤੋਲੇ ਸ਼ਹਿਤ ਤੇ ੪ ਤੋਲੇ ਜਲ ਪਾਕੇ ਇਉਂ ਸ਼ਰਬਤ ਕਰਕੇ ਪੀਵੇ ਤਾਂ ਮੇਦ ਰੋਗ ਨਾਸ ਕਰੇ ॥ ੨੦੪ ॥ ੨੦੫ ॥

ਅਥ ਕ੍ਰਿਸ਼ (ਪਤਲੇ ਤੇ ਮੋਟਾ) ਸਥੂਲ ਕਰਨ–ਦੋਹਰਾ

†ਅੰਮ੍ਰਿਤਾਰਣਵਰਸ

ਭਸਮ ਸੂਤ ਤ੍ਰਯ ਭਾਗ ਹੀ, ਹੇਮ ਭਸਮ ਇਕ ਜਾਨ।
ਦੋਨੋ ਸਮ ਗਿਲੋਇ ਸਤ, ਸਿਤਾ ਸਹਤ ਬਿਚ ਠਾਨ ॥੨੦੬॥
ਪੀਸ ਏਕ ਦਿਨ ਖਰਲ ਮੈ, ਮਾਖ ਏਕ ਨਿਤ ਚਾਟ।
ਸਥੂਲ ਹੋਤ ਕ੍ਰਿਛ ਮਿਟਤ ਹੈ, ਅੰਮ੍ਰਿਤਾਰ ਨਵਸਾਟ ॥੨੦੭॥
ਆਸਗੰਧ ਪਲ ਅਰਧ ਲੈ, ਮਾਖ ਏਕ ਰਸੁ ਪਾਇ।
ਪਯ ਸੋ ਖਾਵਤ ਮਾਸ ਦੁਇ, ਕ੍ਰਿਸ ਤੇ ਭਾਰੀ ਥਾਇ ॥੨੦੮॥

੧੨੭੯–ਪਾਰੇ ਦੀ ਭਸਮ ੩ ਹਿੱਸੇ, ਸੋਨੇ ਦੀ ਭਸਮ ੧ ਹਿੱਸਾ, ਦੋਹਾਂ ਦੇ ਸਮਾਨ ਗਿਲੋਯ ਦਾ ਸਤ ਲਵੇ ਅਰ ਫਿਰ ਮਿਸਰੀ ਤੇ ਸ਼ਹਤ(ਅਤੇ ਕੁਛ ਵਿੱਚ ਘ੍ਰਿਤ ਪਾ ਲਵੇ)ਫਿਰ ਇਕ ਦਿਨ ਖਰਲ ਵਿਚ ਘੋਟਕੇ ੧ ਮਾਸਾ ਨਿੱਤ ਚੱਟੇ ਤਾਂ ਪਤਲਾ ਆਦਮੀ ਮੋਟਾ ਹੋਵੇ ਅਰ ਅੰਮ੍ਰਿਤਾਰਣਵ ਰਸ ਦੇ ਪਿਛੋਂ ਅਧਾ ਪਲ (੨ ਤੋਲੇ) ਅਸਗੰਧ ਲੈਕੇ ਗੋਕੇ ਦੁਧ ਨਾਲ ਫਕੇ ਇਸ ਤਰ੍ਹਾਂ ੨ ਮਹੀਨੇ ਕ੍ਰਰੇ ਤਾਂ ਪਤਲਾ ਆਦਮੀ ਮੋਟਾ ਹੋਵੇ ॥ ੨੦੬ ਤੋਂ ੨੦੮ ॥

ਪੂਰਨ ਚੰਦ੍ਰ ਰਸ

ਗਗਨ ਲੋਹੁ ਪਾਰਾਹਤੇ, ਸਿਲਾਜੀਤ ਜੁ ਬੜਿੰਗ
ਤਾਪਯੰ ਮਧੁ ਘ੍ਰਿਤ ਸਭ ਮਿਲੀ; ਖਰਲ ਏਕ ਦਿਨ ਅੰਗ ॥੨੦੯॥
ਪੂਰਨ ਚੰਦ੍ਰ ਰਸ ਨਾਮ ਹੈ, ਸਿੰਮਲ ਫੂਲ ਮਧੁ ਸੰਗ।
ਮਾਖ ਏਕ ਨਿਤ ਚਾਟੀਏ, ਸਥੂਲ ਮਾਸ ਮਹਿ ਅੰਗ ॥੨੧੦॥

---

*ਬਲੀਂ' ਦੇ ਥਾਂ ਕਲੀ ਬੋਲ, ਅਸੁੱਧ ਪਾਠ ਪੜ੍ਹਕੇ ਬੋਲਗੂੰਦ ਅਗਜਾਤਪਨੇ ਦਾ ਅਰਥ ਕਰਦੇ ਹਨ। ਤੱਸਲੀ ਵਾਸਤੇ ਦੇਖੋ ਰਸਰਤਨਾਕਰ ਪ੍ਰਿ: ਪ੩੪ ਰਸੇਂਦ੍ਰ ਚਿੰਤਾ ਪ੍ਰਿ: ੨੨੨ ਅਤੇ ਰਸ ਰਾਜ ਸੁ: ਪ੍ਰਿ: ੫੦੧ ਕਿਤਨਾ ਅਨਰਥ ਹੈ ਗੰਧਕ ਦੇ ਥਾਂ ਬੋਲ ਗੂੰਦ ਅਰਥ ਦੱਸ ਦੇਣਾ।

†ਇਹ ਰਸ ਦੇਖੋ ਰਸ ਚਿੰਤਾਮਣੀ ਪ੍ਰਿ: ੧੨੨

Digitized by Panjab Digital Library | www.panjabdigilib.org

੧੨੮੦–ਮ੍ਰਿਤ ਅਭਰਕ, ਮ੍ਰਿਤਲੋਹਾ, ਮ੍ਰਿਤਪਾਰਾ, ਸਿਲਾਜੀਤ ਬਾਇਵੜਿੰਗ, ਤੇ ਮ੍ਰਿਤਸੋਨਮਖੀ ਇਨ੍ਹਾਂ ਨੂੰ ਸ਼ਹਿਤ ਅਰ ਘ੍ਰਿਤ ਵਿਚ ਮਿਲਾਕੇ ੧ ਦਿਨ ਖਰਲ ਕਰੇ ਫਿਰ ਇਸ ਰਸ ਦਾ ਨਾਮ *"ਪੂਰਨ ਚੰਦ੍ਰ ਹੈ, ਇਸ ਵਿਚੋਂ ੧ ਮਾਸਾ ਕੇਸੂਆਂ ਦੇ ਫੂਲਾਂ ਅਰ ਸ਼ਹਿਤ ਨਾਲ ਚਟੇ ਤਾਂ ੧ ਮਹੀਨੇ ਵਿਚ ਪਤਲਾ ਪੁਰਖ ਮੋਟਾ ਹੋਵੇ ॥ ੨੦੯ ॥੨੧੦॥

ਗਾਤ੍ਰ ਦੁਰਗੰਧ ਉਪਾਇ (ਵੰਗਸੇਨਾਤ–ਚੌਪਈ)

ਬਾਂਸਾ ਪਾਤ ਰਸਾਨਿਕ ਲਾਇ। ਚੂਰਨ ਸੰਖ ਜੁ ਲੇਇ ਪਿਸਾਇ॥
ਵਾ ਬਿਲ ਪਤ੍ਰ ਸਾਥ ਲਗਾਇ।ਬਪੁਕੀ ਦੁਰਗੰਧ ਦੂਰ ਨਾਸਾਇ॥੨੧੧

੧੨੮੧–ਬਾਂਸੇ ਦੇ ਪਤਾਂ ਦਾ ਰਸ ਕੱਢਕੇ ਉਸ ਵਿਚੋਂ ਸੰਖ ਦਾ ਚੂਰਨ ਪਾ ਕੇ ਘੋਟਕੇ ਦੇਹ ਪਰ ਮਲੇ ਯਾ:–

੧੨੮੨–ਬਿਲਪਤ੍ਰਾਂ ਦੇ ਰਸ ਨਾਲ ਸੰਖਚੂਰਣ ਲਗਾਵੇ ਤਾਂ ਸਰੀਰ ਦੀ ਸਭ ਦੁਰਗੰਧੀ ਨਾਸ ਹੋਵੇ ॥ ੨੧੧।

ਕਾਂਜੀ ਸੇਤੀ ਪੀਵਤ ਜੋਇ। ਚੂਰਨ ਅਲੰਬੁਖਾ ਸੁਭ ਹੋਇ॥
ਮਿਟਤ ਦੁਰਗੰਧਾ ਸੁਗੰਧਾ ਥਾਇ॥ਉਤਮੁ ਜੋਗ ਸੁ ਦੀਆ ਬਤਾਇ।੨੧੨।

੧੨੮੩–ਕਾਂਜੀ ਨਾਲ ਮੁੰਡੀ ਦਾ ਚੂਰਣ ਪੀਵੇ ਤਾਂ ਸਰੀਰ ਦੀ ਦੁਰਗੰਧੀ ਮਿਟੇ, ਇਹ ਉੱਤਮ ਯੋਗ ਹੈ ॥ ੨੧੨ ॥

ਪੀਸ ਹਰੜ ਅੰਗ ਬਟਨਾ ਮਲੇ। ਪ੍ਰਸ੍ਵੇਦ ਦੁਰਗੰਧਾ ਛਿਨ ਮਹਿ ਟਲੇ।
ਤੁਲਸੀ ਰਸੁ ਹਰੜੇ ਮਧੁ ਪੀਤ। ਸ੍ਵੇਦ ਦੁਰਗੰਧਾ ਤਿਨ ਨਹਿ ਥੀਤ।੨੧੩।

੧੨੮੪–ਹਰੜਾਂ ਪੀਹਕੇ ਵਟਣੇ ਮਲੇ ਤਾਂ ਭੀ ਸਰੀਰ ਦਾ ਪਸੀਨਾ ਅਰ ਦੁਰਗੰਧੀ ਜਾਵੇ। ਯਾ–

੧੨੮੫–ਤੁਲਸੀ ਦੇ ਰਸ ਵਿਚ ਹਰੜਾਂ ਅਰ ਸ਼ਹਿਤ ਮਿਲਾਕੇ ਪੀਵੇ ਤਾਂ ਸਰੀਰ ਦੀ ਦੁਰਗੰਧੀ ਅਰ ਪਸੀਨਾ ਨਾਸ ਹੋਵੇ ॥ ੨੧੩ ॥

ਦੋਹਰਾ– ਕੁਸਮ ਮਾਲਤੀ ਹਰੜ ਲੈ, ਲੇਪੇ ਸਕਲ ਸਰੀਰ।
ਦਾਹ ਪ੍ਰਸੀਨਾ ਦੁਰਗੰਧਾ, ਧੂਪੈ ਬੈਠ ਹਰਿ ਬੀਰ ॥੨੧੪॥

੧੨੮੬–ਚੰਬੇਲੀ ਦੇ ਫੁਲ ਹਰੜਾਂ ਸਾਰੇ ਸਰੀਰ ਪਰ ਮਲੇ ਤਾਂ ਦਾਹ, ਪਸੀਨਾ ਅਰ ਦੁਰਗੰਧੀ ਜਾਵੇ, ਪਰੰਤੂ ਮਲਕੇ ਧੁਪੇ ਬੈਠਣਾ ਚਾਹੀਏ ॥ ੨੧੪ ॥

ਵਟਨਾ (ਪੰਚ ਸਾਯਕਾਤ)–ਚੌਪਈ

ਹਰਦ ਗੋਖਰੂ ਸੁੰਠ ਮੰਗਾਇ। ਨਗੁ ਘਨ ਸਰਸੋਂ ਕੇਸਰ ਲਜਾਇ।
ਏਲਾਂ ਲਘੁ ਕਰਪੂਰ ਜੁ ਲੇਇ। ਸਟੀ ਟੰਕ ਟੰਕ ਸਬਹੀ ਦੇਇ ॥ ੨੧੫।
ਚਾਰੌਂਜੀ ਦਸ ਟੰਕ ਮਿਲਾਇ। ਚਾਰ ਟੰਕ ਚੰਦਨ ਅਰਨਾਇ।

*ਇਹ ਰਸ਼ਰਾਜ ਸੁ: ਪ੍ਰਿ: ੫੪੯ ਪਰ ਹੈ।

Digitized by Panjab Digital Library | www.panjabdigilib.org

ਕਟਕ ਤੇਲ ਸੋ ਬਟਨਾ ਕਰੋ। ਗਾਤ੍ਰ ਸਕਲ ਦੁਰਗੰਧਤਾ ਹਰੋ ॥੨੧੬॥

੧੨੮੭-ਹਲਧੀ, ਭਖੜਾ, ਸੁੰਢ, ਨਖ਼ੂ, ਮੋਥਾ, ਚਿੱਟੀ ਸਰਹੋਂ, ਕੇਸਰ, ਇਲਾਚੀ ਬੁਜੀ, ਕਪੂਰ ਅਰ ਕਚੂਰ ਸਭੋ ਟੰਕ ਟੰਕ ਲਵੇ ਅਰ ੧੦ ਟੰਕ [੪੦ ਮਾਸੇ] ਚਿਰੋਂਜੀ ਦੀਆ ਗਿਰੀਆਂ ਪਾਵੇ ੪ ਟੰਕ ਲਾਲ ਚੰਦਨ ਪੀਹਕੇ ਕੌੜੇ ਤੇਲ ਵਿਚ ਵਟਣਾ ਕਰਕੇ ਮਲੇ ਤਾਂ ਸਰੀਰ ਦੀ ਸਾਰੀ ਦੁਰਗੰਧੀ ਨਾਸ ਕਰੇ ॥ ੨੧੬ ॥

ਬਗਲਗੰਧ ਉਪਾਯ-ਚੌਪਈ

ਬਿਲ ਸਿਵਾ ਕਚੂਰ ਪਿਸਾਇ। ਭੁਜਾ ਮੂਲ ਮਰਦੋ ਚਿਤ ਲਾਇ।
ਬਗੁਲਗੰਧ ਨਾਸੈ ਤਤਕਾਲ। ਏ ਔਖਧ ਖਾਸੀ ਹੈ ਲਾਲ ॥੨੧੭॥

੧੨੮੮-ਬਿਲਗਿਰੀ, ਹਰੜ ਅਰ ਕਚੂਰ ਪੀਹਕੇ (ਜਲ ਨਾਲ)ਦੋਹਾਂ ਬਾਹਾਂ ਦੇ ਮੂਲ ਵਿਚ ਅਰਥਾਂਤ ਬਗ਼ਲਾਂ ਵਿਰ ਲਾਵੇ ਤਾਂ ਬਗਲ ਦੀ ਦੁਰਗੰਧੀ ਜਲਦੀ ਨਾਸ ਹੋਵੇ, ਇਹ ਚੰਗੀ ਦਵਾਈ ਹੈ ॥ ੨੧੭ ॥

ਬਚਿ ਬਾਵਚਿ ਘਨ ਮੇਲ ਉਸੀਰ। ਸਟੀ ਛੀਲਰਾ ਛੜ ਸੁਭ ਬੀਰ।
ਕਰਿ ਪੂਰਾ ਭੁਜ ਮੂਲ ਲਗਾਇ। ਬਗਲਗੰਧ ਕਾ ਨਾਸ ਕਰਾਇ ।੨੧੮।

੧੨੮੯-ਵਚ, ਬਾਵਚੀ, ਮੋਥਾ, ਖਸ, ਕਚੂਰ ਛਲੀਰਾ, ਛੜ ਅਰ ਕਪੂਰ ਪੀਹਕੇ ਬਗਲਾਂ ਵਿਚ ਲਾਵੇ ਤਾਂ ਬਗਲਗੰਧ ਜਾਵੇ ॥ ੨੧੮ ॥

ਦੋਹਰਾ-ਮੁਰਦਾ ਸੰਗ ਕਚੂਰ ਹਿਮ, ਮਲੋ ਭੁਜਾ ਕੈ ਮੂਰ।
ਬਲਗੰਧ ਮਿਟ ਜਾਤ ਹੈ, ਅਤਿ ਸੁਗੰਧ ਕਖ ਪੂਰ॥੨੧੯॥

੧੨੯੦-ਮੁਰਦਾਸੰਗ, ਕਚੂਰ ਤੇ ਮੁਸਕਪੂਰ ਪੀਹਕੇ ਬਗਲਾਂ ਵਿਚ ਮਲੇ ਤਾਂ ਦੁਰਗੰਧੀ ਹਟਕੇ ਸੁਗੰਧੀ ਨਾਲ ਕੱਛਾਂ ਭਾਰਵੇ ॥ ੨੧੯ ॥

ਘਨ ਪਥਯਾ ਅਮਲੀ ਮਹੋ, ਬਿਲ ਕੱਥ ਬਾਂਜ ਕਰੰਜ।
ਜਲ ਸੋ ਲੇਪੋ ਸਾਤ ਦਿਨ, ਬਗਲਗੰਧ ਕੋ ਭੰਜ ॥੨੨੦॥

੧੨੯੧-ਨਾਗਮੋਥਾ, ਹਰਲ, ਇਮਲੀ, ਬਿਲਗਿਰੀ ਅਰ ਮੀਚਕੇ ਦੇ ਬੀਜ ਪੀਹਕੇ ਜਲ ਨਾਲ ਬਗਲਾਂ ਵਿਚ ੭ ਦਿਨ ਲੇਪ ਕਰੇ ਤਾਂ ਦੁਰਗੰਧੀ ਨਾਸ ਹੋਵੇ ॥੨੨੦॥

ਗਜ਼ ਕੇਸਰ ਚੰਦਨ ਅਗਰ, ਬਿਲਗਿਰੀ ਜੁ ਤਮਾਲ।
ਜਲ ਸੋਂ ਲੇਪੋ ਸਾਤ ਦਿਨ ਬਗਲ ਗੰਧ ਕੋ ਟਾਲ ॥੨੨੧॥

੧੨੯੨-ਨਾਗਕੇਸਰ, ਲਾਲਚੰਦਨ, ਅਗਰ, ਬਿਲਗਿਰ, ਤਮਾਲਪਤ੍ਰ, ਜਲ ਨਾਲ ਪੀਹ ਕੇ ੭ ਦਿਨ ਲੇਪ ਕਰੇ ਤਾਂ ਬਗਲਗੰਧੀ ਨਾਸ਼ ਕਰੇ ॥ ੨੨੧ ॥

ਅਥ ਪ੍ਰਸ੍ਵੇਦ ਉਪਾਇ-ਦੋਹਰਾ

ਚਨਕ ਭੂਨ ਚੂਰਨ ਕਰੋ, ਤੇਲ ਸੰਗ ਮਰਦਾਇ।

Digitized by Panjab Digital Library | www.panjabdigilib.org

ਸ੍ਵੇਦ ਮਿਟਤ ਹੈ ਮੇਦ ਕਾ, ਦੀਨਾ ਮੇਘ ਬਤਾਇ ॥ ੨੨੨ ॥

੧੨੯੩–ਭੁੰਨੇ ਛੋਲਿਆਂ ਦਾ ਆਟਾ, ਤੇਲ ਨਾਲ ਸਰੀਰ ਪਰ (ਵਟਣੇ ਵਾਂਗ) ਮਲੇ, ਤਾਂ ਬਹੁਤ ਪਸੀਨਾ ਔਣਾ ਬੰਦ ਹੋਵੇ ॥ ੨੨੨ ॥

ਸਟੀ ਲੋਦ ਹਿਮ ਖਸ ਗਹੇ, ਗਜ ਕੇਸਰ ਜੁ ਰਲਾਇ।
ਚਨਕ ਚੂਰਨ ਤਨ ਮਰਦੀਏਂ ਸ੍ਵੇਦ ਸਕਲ ਮਿਟ ਜਾਇ॥੨੨੩॥

੧੨੯੪–ਕਚੂਰ, ਲੋਧ, ਮੁਸ਼ਕਪੂਰ, ਖੱਸ, ਨਾਗਕੇਸਰ ਅਰ ਭੁੰਨੇ ਛੋਲਿਆਂ ਦਾ ਆਟਾ ਪਾਕੇ (ਵਟਨਾ) ਸਰੀਰ ਪਰ ਮਲੇ: ਤਾਂ ਪਸੀਨਾ ਸਭ ਤਰ੍ਹਾਂ ਦਾ ਨਾਸ ਹੋਵੇ ॥ ੨੨੩ ॥

ਮੇਦ ਰੋਗੇ ਪੱਥ–ਪਰਿਹਾ

ਚਿੰਤਾ ਸ੍ਰਮ ਬਮਿ ਜਾਗਨ, ਬਟਨਾ ਲੰਘਨੰ,
ਆਤਪ ਗਜ ਅਸਯਾਨੰ, ਭ੍ਰਮਨੰ ਤਰਪਨੰ।
*ਬਯਬਾਯੰ ਬਿਰੇਕ, ਸਾਮਕੰ ਚਨਕ ਹੀ।
ਕੋਦਾ ਕੁਲਥ ਮਸੂਰੀ, ਜਵ ਲੈ ਕਨਕ ਹੀ ॥ ੨੨੪ ॥
ਲਾਜਾ ਮੁਗਦਾ ਤਕ੍ਰ, ਸੁਰਾ ਚਿਰਭਟ ਸਹੀ।
ਬੈਂਗਨ ਸਰਖਪ ਤੇਲ, ਰੂਖ ਅੰਨ ਸਭ ਕਹੀ।
ਚੰਦਨ ਲੇਪਨ ਨੀਰ, ਉਸਨ ਏ ਦੀਜੀਏ।
ਸ੍ਵੇਦ ਮੇਦ ਮੈ ਸਭੈ, ਪੱਥ ਏ ਕੀਜੀਏ ॥ ੨੨੫ ॥

੧੨੯੫–ਚਿੰਤਾ ਕਰਨੀ, ਸ੍ਰਮ (ਥਕੇਵਾ), ਵਮਨ, ਜ਼ਾਗਣਾ, ਬਟਨਾ ਮਲਨਾ, ਫਾਕੇ ਰਹਿਣਾ। ਧੁੱਪੇ ਫਿਰਨਾ, ਹਾਥੀ, ਘੋੜੇ ਦੀ ਸਵਾਰੀ, ਭ੍ਰਮਣ ਕਰਨਾ, ਧਾਤੂਆਂ ਦਾ ਘਟੌਣਾ। ਇਸਤ੍ਰੀ *ਸੰਗ, ਤੇ ਜੁਲਾਬ ਇਹ ਸਭ ਕਰਨੇ, ਸੁਆਂਕ ਛੋਲੇ, ਕੋਦਾ, ਕੁਲਥ, ਮਸੂਰ ਜੌਂ ਕੰਗੁਣੀ, ਧਾਨਾਂ ਦੀਆਂ ਖਿੱਲਾਂ ਮੂੰਗੀ, ਲੱਸੀ; ਸ਼ਰਾਬ; †ਚਿਭੜ; ਵਤਾਊਂ ਸਰ੍ਹੋਂ ਦਾ ਤੇਲ; ਖੁਸ਼ਕ ਅੰਨ ਸਭੋ ਖਾਣ ਨੂੰ ਦੇਵੇ। ਚੰਦਨ ਦਾ ਲੇਪ ਗਰਮ ਪਾਣੀ ਇਹ ਸਭ ਦੇਵੋ। ਸ੍ਵੈਦ ਰੋਗ ਅਰ ਮੇਦ ਰੋਗ ਵਿਖੇ ਇਹ ਪੱਥ ਦੇਣੇ ਸ੍ਰੇਸ਼ਟ ਹਨ ॥ ੨੨੪ ॥ ੨੨੫ ॥

ਕੁਪਥ–ਪਰਿਹਾ

ਸਨਾਨ ਰਸਾਯਨ ਸ਼ਾਲ ਕਨਕ ਸੁਖ ਸੀਤਲੰ।
ਖੀਰ ਇਖ ਗੁੜ ਮਾਸ, ਸੋਹਿਤ ਪਈ ਤਲੰ।

---

*ਬਜਾਵਾਯੰ–ਇਸਤ੍ਰੀ ਸੰਗ ਹੈ, ਦੇਖੋ ਪਥਯਾਪਥ ਪ੍ਰਿ: ੯੦

†ਪਰੰਤੂ ਮਲ ਵਿਚ ਪਾਠ 'ਚਿੰਗਲ' ਹੈ ਜਿਸਦਾ ਅਰਥ ਝੀਂਗਾ ਮਛੀ ਹੈ। ਪਰ ਮੇਘ ਜੀ ਨੇ ਮਾਂਸ ਤੋਂ ਡਰਕੇ ਚਿਭੜ ਰਖਯਾ ਹੈ ॥

Digitized by Panjab Digital Library | www.panjabdigilib.org

ਸ੍ਵੇਦਨ ਮਤਸੀ ਮਾਸ, ਦਿਵਾਂ ਨਿੰਦ੍ਰਾ ਸਮੰ।
ਘ੍ਰਿਤ ਮਧ ਤਜਾਗੋ ਏਹ, ਸਹੀ ਜਾਨੋ ਇਮੰ॥ ੨੨੬॥

੧੨੯੬-ਸਨਾਨ ਕਰਨਾ; ਰਸਾਯਣ; ਚੀਜਾਂ ਦਾ ਖਾਣਾ; ਸਠੀ ਦੇ ਚਾਵਲ; ਕਣਕ; ਸੁਖ ਸਾਥ ਰਹਿਣਾ; ਠੰਢ ਦਾ ਸੇਵਨ। ਦੁਧ ਗੰਨੇ, ਗੁੜ ਤੇ ਮਾਂਹ; ਇਨ੍ਹਾਂ ਨਾਲ ਰੱਜਕੇ ਤਲੇ ਪੈਣਾ, ਸ੍ਵੇਦਨ; ਮਛੀ ਦਾ ਮਾਸ; ਦਿਨੇ ਸੌਣਾ। ਘਿਉ ਅਰ ਮਿੱਠੀਆਂ ਸਭ ਚੀਜਾਂ ਤਿਆਗ ਦੇਵੇ ਇਹ ਸਭ ਕੁਪਥ ਹਨ।੨੨੬।

ਅਬ ਉਦਰ ਰੋਗ ਨਿਦਾਨ-ਚੌਪਈ

ਆਜੀਰਨ ਮਲੀਨ ਜੁ ਅੰਨ। ਮਲ ਤੇ ਉਦਰ ਰੋਗੁ ਸਭ ਮੰਨ।
ਆਠ ਜਾਤ ਕਾ ਪੇਟ ਸੁ ਰੋਗ। ਤਾਂਕੇ ਲਛਨ ਸੁਨਨੇ ਜੋਗੁ॥੨੨੭॥

ਅਜੀਰਣ ਹੋਵੇ, ਮਲੀਨ ਅੰਨ ਖਾਵੇ ਅਰ ਪੇਟ ਵਿੱਚ ਮਲ ਵਧ ਜਾਵੇ ਤਾਂ ਪੇਟ ਰੋਗ ਅੱਠ ਪ੍ਰਕਾਰ ਦੇ ਉਤਪੰਨ ਹੁਇ ਔਂਦੇ ਹਨ ॥੨੨੭॥

ਸਰਬ ਉਦਰ ਰੋਗ ਲੱਛਣ-ਚੌਪਈ

ਗਮਨ ਅਸ਼ਕਤ ਸੋਜ ਅੰਗ ਸਾਦ। ਅਫਾਰਾ ਦੁਰਬਲ ਦਾਹ ਬਿਖਾਦ।
ਗੁਦਾ ਬਾਤ ਅਰੁ ਬਿਸਟਾ ਬਧਾਘੂਰਨਅਗਨਿ ਜੁਦੁਰਬਲ ਕਿਧਾ੨੨੮।
ਬਾਤ ਪਿਤ ਕਫ ਤੀਨੋ ਜਾਨ। ਪਲੀਹ ਬੱਧ ਖਤ ਉਦਕੰ ਠਾਨ।
ਕਹੇ ਆਠ ਅਬ ਭਿੰਨ ਭਿੰਨ ਸੁਨੋ। ਲਛਨ ਮਾਧਵ ਮਾਹੇ ਗੁਨੋ॥੨੨੯॥

ਤੁਰਨੇ ਫਿਰਨੇ ਦੀ ਹਿੰਮਤ ਨਾਂ ਰਹੇ; ਸੋਜਾ; ਅੰਗਾਂ ਵਿਚ ਗਿਲਾਨੀ; ਪੇਟ ਵਿਖੇ ਅਫਾਰਾ; ਦੁਰਬ-ਲਤਾ; ਦਾਹ ਇਹ ਸਭ ਬਿਖਾਧਾਂ ਦਾ ਹੇ ਜਾਣਾ। ਗੁਦਾ ਦਾ ਪੌਣ ਤੇ ਵਿਸ਼ਟਾ ਏਹ ਰੁਕਣੇ; ਤੰਦ੍ਰਾ; ਮੰਦਾਗਨੀ ਹੋਵੇ। ਸੋ ਬਾਤ ਦ੍ਰਾ; ਪਿੱਤ ਦਾ; ਸੰਨਿਪਾਤ ਦਾ; ਕਫ ਦਾ; ਪਲੀਹੋਦਰ; ਬੱਧੋਦਰ; ਖਤੋਦਰ ਅਰ ਉਦਕੰ ਕਹੀਏ ਜਲੋਧਰ; ਇਸ ਭਾਂਤ ਇਹ ਅੱਠ ਪ੍ਰਕਾਰ ਦੇ ਪੇਟ ਰੋਗ ਹੁੰਦੇ ਹਨ। ਅਬ ਇਨ੍ਹਾਂ ਦੇ ਭਿੰਨ ਭਿੰਨ ਲੱਛਣ ਸੁਣੋ ॥੨੨੮॥ ੨੨੯॥

ਬਾਤੋਦਰ ਲੱਛਣ-ਦ੍ਵੈਯਾ ਛੰਦ

ਉਦਰ ਕਠੋਰ ਨਾਭਿ ਜੋ ਕੂਖੈ, ਸੋਜ ਘਨੀ ਤਿਹ ਹੋਈ।
ਕੁੱਖ ਪੱਸਲੀ ਉਦਰ ਕਟੀ ਪਿਠ, ਪਰਬੈ ਬੇਦਨਿ ਜੋਈ।
ਸੂਕੀ ਖਾਂਸੀ ਅੰਗੁ ਮਰਦੀਏ, ਤੁਚਾ ਸਯਾਮ ਅਰੁ ਲਾਲਾ।
ਤੋਦ ਸਪੀਰ ਅਫਾਰਾ ਸਬਦੰ, ਸਨਾਹੀ ਜਿਮਘਾਲਾ॥੨੩੦॥

ਪੇਟ ਕਰੜਾ; ਨਾਭੀ ਅਰ ਕੁੱਖਾਂ ਵਿੱਕ ਸੋਜ; ਕੁਖ; ਪਸਲੀ, ਪੇਟ; ਪਿੱਠ ਅਰ ਪੇਟਿਆਂ ਵਿਖੇ ਪੀੜਾ ਹੋਵੇ। ਸੁੱਕੀ ਖਾਂਸੀ ਹੋਵੇ; ਅੰਗ ਦਲੇ ਮਲੇ, ਚਮੜੀ ਦਾ ਰੰਗ ਧੂੰ ਰੰਗਾਂ ਯਾਂ ਲਾਲ ਸੂਈਆਂ ਚੁਭਾਨੇ ਸੀਆਂ ਚੋਭਾਂ ਤੋੜਨੇ ਜੇਹੀ ਪੀੜਾ; ਪੇਟ ਫੁੱਲੇ; ਪੇਟ ਪਰ ਉਂਗਲੀ ਮਾਰਨੇ ਤੇ ਸਨਾਹ (ਭਰੀ ਮਸ਼ਕ) ਵਾਂਲ ਬੋਲੇ ॥ ੨੩੦ ॥

Digitized by Panjab Digital Library | www.panjabdigilib.org

ਪਿਤੋਦਰ ਲੱਛਣ—ਦ੍ਵੈਯਾ ਛੰਦ

ਜੁਰ ਮੂਰਛਾ ਤ੍ਰਿਟ ਬਦਨ ਜੁ ਕੌੜਾ, ਦਾਹ ਭ੍ਰਮਾ ਅਤਿਸਾਰੰ।
ਪੀਲਾ ਹਰਿਤਾ ਉਦਰ ਰੰਗ ਹੈ, ਸਿਰਾ ਪੀਤ ਰੰਗ ਧਾਰੰ।
ਸ੍ਵੇਦ ਉਖਮਾ ਧੂਮ ਜੁ ਮੁਖ ਤੇ, ਨਿਕਸਤ ਪਾਕ ਸਤਾਬੀ।
ਵਿਥਾ ਲਛਨਾ ਪਿਤੋਦਰ ਕੇ, ਭਾਖੇ ਮੇਘ ਬਿਨਾਬੀ ॥੨੩੧॥

ਪਿਤੋਦਰ ਵਿਖੇ ਤ੍ਰਾਪ; ਮੂਰਛਾ ਪਿਆਸ; ਮੂੰਹ ਕੌੜਾ; ਦਾਹ ਭ੍ਰਮ; ਅਤੀਸਾਰ ਚਮੜੀ ਦੀ ਰੰਗਤ ਪੀਲੀ ਹਰੀ ਅਰ ਪੇਟ ਪਰ ਭੀ ਪੀਲੇ ਰੰਗ ਦੀਆਂ ਸਿਰਾਂ (ਨਾੜੀਆਂ ਬਜ਼ਾਪਤ ਹੋਣੀਆਂ) ਪਸੀਨਾ ਆਵੇ। ਹਵਾੜ ਧੂੰਏ ਰੰਗੀ ਮੂੰਹ ਅੰਦਰੋਂ ਨਿਕਲੇ, ਛੇਤੀ ਪੱਕੇ। ਇਹ ਸਭ ਪਿਤੋਦਰ ਰੋਗ ਦੇ ਲੱਛਣ ਮੇਘ ਨੇ ਬਣਾਕੇ ਕਹੇ ਹਨ ॥ ੨੩੧ ॥

ਕਫੋਦਰ ਲੱਛਣ—ਦਵੈਯਾ ਛੰਦ

ਅੰਗ ਸਾਦ ਸੋਜਾ ਸੁਨਿ ਭਾਰੀ, ਨਿੰਦ੍ਰਾ ਅਰੁਚਿ ਸ੍ਵਾਸਾ।
ਪੇਟ ਸ੍ਵੇਤ ਤੁਚ ਅਥਕ ਚੀਕਨਾ, ਬਧੈ ਚਿਰੀ ਜੋ ਕਾਸਾ।
ਸੀਤ ਸਪਰਸ ਕਠੋਰ ਜੁ ਉਦਰੇ ਸ੍ਵੇਤ ਪੇਟ ਪਰਿ ਲੀਹਾਂ।
ਕਫੀ ਉਦਰ ਏ ਲੱਛਨ ਭਾਖੈ, ਮਾਧਵ ਮੈ ਹੈ ਈਹਾ ॥੨੩੨॥

ਕਫੋਦਰ ਹੁਇ ਤਾਂ ਅੰਗਾਂ ਵਿਖੇ ਗਿਲਾਨੀ ਭਾਵ ਸਿਥਲਤਾ; ਸੋਜਾ;ਸੂਨਜਤਾ; ਭਾਰੀਪਨ; ਬਹੁਤੀ ਨੀਂਦ; ਅਰੁਚੀ; ਸ੍ਵਾਸ; ਪੇਟ ਦੀ ਚਮੜੀ ਸਫੈਦ; ਪੇਟ ਭਾਰੀ; ਚੀਕੁਣਾ; ਚਿਰ ਪਿਛੋ ਵਧੇ; ਖਾਂਸੀ ਪੇਠ ਅਰ ਹੱਥ ਫੇਰਨੇ ਤੇ ਠੰਢਾ; ਕਰੜਾ ਮਾਲੂਮ ਦੇਵੇ; ਚਿੱਟੀਆਂ (ਨਸਾਂ ਦੀਆਂ) ਲੀਹਾਂ ਨਜ਼ਰ ਆਵੇਂ। ਇਹ ਲੱਛਣ ਕਫੋਦਾਰ ਦੇ ਮਾਧਵੋਂ ਲਿਆਕੇ ਏਥੇ ਕਹੇ ਹਨ ॥ ੨੩੨ ॥

*ਦੂਖੋਦਰ ਲੱਛਣ—ਦਵੈਯਾ ਛੰਦ

ਟੂਨਾ ਟਾਮਨ ਨਖ ਬਿਖ ਰੋਮਾ, ਬਿਸਟਾ ਮੂਤ੍ਰ ਸੁ ਜਾਨੋ।
ਜੋ ਤੀਯਾ ਕਾਹੂ ਪਤਿ ਦੀਯਾ, ਤੀਨ ਦੋਖ ਵਾ ਠਾਨੋ।
ਇਸਤੇ ਦੂਖੋਦਰ ਸੁਨਿ ਲਛਨ, ਰੰਗ ਭਸੂਲਾ ਮਾੜਾ।
ਸੂਖਤ ਤ੍ਰਿਸਨਾ ਮੂਰਛਾ ਪਾਂਡੂ ਦੂਖੋਦਰ ਲਖਿ ਗਾੜਾ ॥੨੩੩॥

ਕੋਈ ਦੁਸ਼ਟ ਇਸਤ੍ਰੀ ਪਤੀ ਨੂੰ ਵੱਸ ਕਰਨ ਵਾਸਤੇ ਟੂਣਾ ਟਾਮਣ ਕਰਾਵੇ ਯਾ ਨਿਖ ਵਿਖ ਰੋਮ (ਭਗਾਦਿ ਦੇ) ਵਿਸ਼ਟਾ ਅਤੇ ਮੂਤ੍ਰਾਦਿ ਖੁਲ੍ਹਾ ਦੇਵੇ, ਅਥਵਾ ਤ੍ਰਿਦੋਖ ਕਰਕੇ ਇਹ ਦੁਖਯੰਦ੍ਰ ਰੋਗ ਉਤਪੰਨ ਹੁਇ ਆਵੇ ਤਾਂ ਇਸ ਦੇ ਲੱਛਣ—ਦੇਹ ਰੰਗ ਭਸੂਲਾ, ਸਰੀਰ ਮਾੜਾ, ਸੁਕਦਾ ਜਾਵੇ, ਪਿਆਸ ਮੂਰਛਾ ਤੇ ਪੀਲਾਪਨ, ਇਸ ਕਠੋਰ ਦੁਖਯੋਦਰ ਦੇ ਹੁੰਦੇ ਹਨ ॥ ੨੩੩ ॥

---

*ਇਹੋ ਸੰਨਿਪਾਤੋਦਰ ਹੈ।

Digitized by Panjab Digital Library | www.panjabdigilib.org

†ਪਲੀਹੋਦਰ ਲੱਛਣ—ਦ੍ਵੈਯਾ ਛੰਦ

ਬਿਦਾਹੀ ਦਧਿ ਦੁਸਟ ਅਹਾਰਾ, ਲੋਹੂ ਕਫ ਜੁ ਬਧਾਵੈ।
ਤਾਂਤੇ ਉਦਰ ਪਲੀਹਾ ਹੋਵੈ, ਬਾਮੇ ਅੰਗ ਸਦਾਵੈ।
ਮੰਦ ਅਗਨਿ ਮੰਦ ਜੁਰ ਉਦਵਰਤਾ, ਅਫਾਰਾ ਤ੍ਰਿਟ ਦਾਹ।
ਪਲੀਹੋਦਰ ਕੇ ਲਛਨ ਭਾਖੇ, ਜਾਨੋ ਪੰਡਿਤ ਸਾਹਾ ॥੨੩੪॥

ਦਾਹ ਕਰਨੇ ਵਾਲੇ, ਦਹੀਂ, ਦੁਸਟ ਭੋਜਨ, ਜੇਹੜੇ ਕਬਜ ਕਰਨੇ ਹਾਰ ਹੋਣ, ਇਨ੍ਹਾਂ ਦੇ ਸੇਵਨ ਤੇ ਲਹੂ ਅਰ ਕਫ ਵਿਗੜਕੇ ਪਲੀਹ (ਲਿੱਫ) ਬਧਾ ਦਿੰਦੇ ਹਨ। ਜੋ ਬਾਮੇਂ (ਖੱਬੇ) ਪਾਸੇ ਕਹੀ ਜਾਂਦੀ ਹੈ। ਇਸ ਨਾਲ ਮੰਦਾਗਨੀ, ਮੱਠਾ ੨ ਤਾਪ, ਉਦਾਵਰਤ, ਅਫਾਰਾ; ਤੰਹ ਤੇ ਦਾਹ ਹੋਵੇ। ਪੰਡਿਤ ਜਨ ਇਸ ਭਾਂਤ ਤੇ ਪਲੀਹੋਦਰ ਦੇ ਲੱਛਣ ਆਖਦੇ ਹਨ ॥ ੨੩੪ ॥

ਬਧ ਗੁਦੋਦਰ ਲੱਛਣ

ਆਦਿ ਲਿਪੇ ਜੋ ਅੰਨਕੇ ਹੇਤੀ, ਬਾਰ ਪੱਥਰ ਕਰਿ ਢਕਿਯੇ।
ਤਾਤੇ ਮਲਕਾ ਸੰਚਾ ਹੋਵਤ, ਜਯੋਂ ਕੂੜਾ ਬਹੁ ਸਕੀਯੇ।
ਰੁਕੈ ਗੁਦਾ ਬਿਸਟਾ ਸੋ ਜਾਨੇ, ਨਿਕਸੈ ਕਸਟ ਕਰਾਇ।
ਹ੍ਰਿਦੇ ਨਾਭਿ ਮਧ ਆਇ ਦੁਖਾਵੈ, ਗੁਦ ਬੱਧ ਉਦਰ ਕਹਾਈ॥੨੩੫॥

ਜਿਸ ਪੁਰਸ਼ ਦੀਆਂ ਆਂਦ੍ਰਾਂ ਅਜੇਹੇ ਖਾਣੇ ਨਾਲ ਲਿਪੀਆ ਜਾਣ, ਜਿਸ ਤਰਾਂ ਬਾਲ (ਰੋਮ) ਪੱਥਰ ਕੰਕਰ ਨਾਲ ਢੱਕੀਆਂ ਜਾਣ। ਤਿਸਤੇ ਮਲ ਦਾ ਸੰਚਾ ਹੋਵੇ, ਅਰਥਾਤ ਉਕਤ ਕਾਰਣਾਂ ਤੇ ਥੋੜਾ ਥੋੜਾ ਨਿਤ, ਮਲ, ਜੰਮਦਾ ਜਾਵੇ, ਜਿਸਤਰ੍ਹਾਂ ਬੁਹਾਰੀ ਦੇਣ ਨਾਲ, ਥੋੜਾ ੨ ਕੂੜਾ ਕਰਕਟ ਰਹਿ ਜਾਂਦਾ ਹੈ। ਇਸ ਕਾਰਣ ਗੁਦਾ ਰੁਕ ਜਾਂਦੀ ਹੈ ਤਾਂ ਬਿਸ਼ਟਾ ਬੜੇ ਕਸਟ ਨਾਲ ਥੋੜਾ, ਥੋੜਾ ਨਿਕਲੇ। ਇਸ ਕਠਨਾਈ ਨਾਲ ਹ੍ਰਿਦਯ ਅਰ ਨਾਭੀ ਵਿਖੇ ਦੁਖ ਪ੍ਰਾਪਤ ਹੋਕੇ ਗੁਦਾ ਬੰਦ ਕਰਕੇ ਰੋਗ ਪੈਦਾ ਕਰ ਦੇਵੇ, ਉਸਨੂੰ ਬਧਗੁਦੋਦਰ ਆਖਦੇ ਹਨ ॥ ੨੩੫ ॥

ਪਰਸ੍ਰਾਵੀ ਯਾ ਖਤੋਦਰ ਦੇ ਲੱਛਣ

ਭੋਜਨ ਮੈ ਸੂਈ ਗਰ ਹਾਂਡੀ; ਔਰ ਜੁ ਗੰਦਲਾ ਖਾਵੈ।
ਸੋ ਵਹਿ ਆਂਦ ਬਿਖੈ ਚੁਭ ਕਾਂਢਹਿ, ਪਾਨੀ ਘਨਾ ਚਲਾਵੈ।
ਗੁਦਾ ਰਾਹ ਤੇ ਪਾਨੀ ਪਰ ਹੈ, ਤੋਦ ਘਨੀ ਤਿਸ ਜਾਨੋ।
ਨਾਭਿ ਹੇਠ ਤੇ ਉਦਰ ਬਧੈ ਅਤਿ, ਉਦਰ ਸ੍ਰਾਵ ਸੋ ਮਾਨੋ॥੨੩੬॥

ਭੋਜਨ ਵਿਚ ਸੂਈ ਯਾਂ ਹੱਡੀ ਅਥਵਾ ਕਰੜੀ ਗੰਦਲ ਖਾਵੇ। ਉਹ ਜਾਕੇ ਆਂਦ੍ਰਾਂ ਵਿਚ ਚੁੱਭ ਕੇ ਪਾਣੀ ਕੱਢ ਦੇਵੇ, ਉਹ ਬਹੁਤਾ ਬਹੇ। ਉਹ ਪਾਨੀ ਗੁਦਾ ਰਸਤੇ ਪਵੇ, ਉਸੇ ਥਾਂ ਬਹੁਤ ਚੋਭ ਉਠੇ। **ਇਸ** ਕਾਰਣ ਨਾਭੀ ਹੇਠੋਂ ਪੇਟ ਬਹੁਤ ਹੀ ਵਧੇ ਤਾਂ ਉਸਨੂੰ ਉਦ੍ਰਸ਼ਾਵ (ਯਾ ਖਤੋਦਰ) ਆਖਦੇ

---

†ਸਜੇ ਪਾਸੇ ਵਧੇ ਸੋ ਯਕ੍ਰਤੋਦ੍ਰ ਕਿਹਾ ਜਾਂਦਾ ਹੈ, ਯਾਂਤੇ ਭਿਨ ਨਹੀਂ ਕਿਹਾ।

Digitized by Panjab Digital Library | www.panjabdigilib.org

ਹਨ ॥ ੨੩੬ ॥

ਜਲੋਧਰ ਦੇ ਲੱਛਣ

ਘ੍ਰਿਤ ਪੀਵਨ ਅਰੁ ਬਮਨਿ ਬਿਰੇਚਨਿ,ਬਸਤ ਕਰਮਸਭ ਜਾਨੋ।
ਨਿਰੂਢ ਕਰਮ ਏ ਕੀਏ ਪੀਛੋਂ ਸੀਤਲ ਪਾਨੀ ਪਜਾਨੋ।
ਸਿਰਾ ਬੀਚ ਜਲ ਕਰੇ ਪ੍ਰਵੇਸਾ, ਸਿਰਾ ਫੂਲ ਸੋ ਜਾਵੈ।
ਤਾਂਤੇ ਉਦਰ ਬਧੈ ਬਸੁ ਭਾਰੀ, ਸੋ ਜਲੋਧਰ ਗੁਨ ਗਾਵੈ ॥੨੩੭॥

ਜੇਹੜਾ ਪੁਰਸ਼ ਘ੍ਰਿਤ ਪੀਵੇ, ਵਮਨ, ਦਸਤ, ਬਸਤੀ ਕ੍ਰਮ ਕਰੇ। ਨਿਰੂਢਾ ਕਹੀਏ ਨਿਰੂਹ ਬਸਤੀ ਕਰਮ ਪਿਛੋਂ ਠੰਢਾ ਪਾਣੀ ਪੀ ਲਵੇ, ਉਹ ਜਲ ਸਿਰਾਂ (ਨਾੜੀਆਂ ਵਿਚ ਜ਼ਾ ਪ੍ਰਵੇਸ਼ ਕਰੇ ਤਾਂ ਉਹ ਸਿਰਾਂ ਫੂਲ ਜਾਂਦੀਆਂ ਹਨ। ਤਿਸ ਕਰਕੇ ਪੇਟ ਬਹੁਤ ਭਾਰਾ ਹੋਕੇ ਵਧੇ, ਉਸ ਨੂੰ ਜਲੋਧਰ ਆਖਦੇ ਹਨ ॥ ੨੩੭ ॥

ਤੀਨ ਮਲ ਲੱਛਣ—ਪਰਿਹਾ

ਉਦਾਵਰਤ ਅਫਾਰਾ, ਪੀਰ ਜੁ ਬਾਤ ਤੈ।
ਦਾਹ ਤਾਤ ਤ੍ਰਿਟ ਮੋਹ, ਪਿਤ ਪਰਭਾਤ ਤੈ।
ਭਾਰੀ ਅਰੁਚਿ ਕਠੋਰ, ਜੁ ਮਲ ਇਕ ਕਫ ਕਹੀ।
ਤੀਨ ਜੁ ਮਲ ਏ ਲਛਣ, ਮਾਧਵ ਮੈ ਲਹੀ ॥ ੨੩੮ ॥

ਉਦਾਵਰਤ, ਅਫਾਰਾ ਅਰ ਪੀੜਾ ਇਹ ਵਾਯੂ ਤੇ ਹੁੰਦੀ ਹੈ। ਦਾਹ, ਤਾਪ ਤੇਹ ਅਰ ਮੋਹ ਇਹ ਪਿਤ ਤੇ ਹੁੰਦੇ ਹਨ। ਭਾਰੀਪਨ, ਅਰੁਚੀ ਅਰ ਕਠੋਰਪਨਾ ਇਹ ਮਲ ਦੋਖ, ਕਫ ਤੇ ਹੋਵੇ ਹੈ। ਇਹ ਤਿੰਨਾਂ ਦੋਖਾਂ ਦੇ ਲੱਛਣ ਮਾਧਵ ਵਿਚੋਂ ਕਹੇ ਗਏ ਹਨ ॥ ੨੩੮ ॥

ਅਥ ਉਦਰ ਰੋਗ ਅਸਾਧ ਲੱਛਣ—ਚੌਪਈ

ਨੇਤਰ ਸੋਜ ਲਿੰਗ ਹੈ ਬਕ੍ਰ। ਬਲ ਤੁਚ ਲੋਹੂ ਖੀਨ ਸੁ ਚਕ੍ਰ।
ਮਾਸ ਅਗਨਿ ਜੋ ਖੀਨ ਸੁ ਹੋਈ। ਤਿਸ ਰੋਗੀ ਕੋ ਰਖੈ ਨ ਕੋਈ॥੨੩੯॥
ਪਸੁਲੀ ਭੰਗ ਅੰਨ ਨਹਿ ਪਚੈ। ਸੋਜ ਪੀਰ ਅਤਿਸਾਰ ਜੁ ਮਚੈ।
ਬਿਕ੍ਰਤ ਉਦਰ ਪਾਨੀ ਸੋ ਪੂਰਨ। ਸੋ ਅਸਾਧ ਹੈ ਜਾਨੋ ਤੂਰਨ ॥੨੪੦॥

ਨੇਤ੍ਰਾਂ ਉਤੇ ਸੋਜ ਲਿੰਗ ਟੇਢਾ ਪੈ ਜਾਵੇ। ਬਲ (ਤਾਕਤ(, ਚਮੜੀ ਤੇ ਲਹੂ ਇਹ ਖੀਣ ਹੋ ਜਾਵੇ ਤਥਾ ਮਾਸ ਤੇ ਪੇਟ ਦੀ ਅਗਨੀ ਭੀ ਖੀਣ ਹੋ ਜਾਵੇ ਤਾਂ ਤਿਸ ਅਜਿਹੇ ਰੋਗੀ ਨੂੰ ਕੋਈ ਨਹੀ ਰੱਖ ਸਕਦਾ ਅਰਥਾਤ ਉਹ ਮਰ ਜਾਂਦਾ ਹੈ। ਪਸਲੀ ਦੀ ਹੱਡੀ ਅੰਦਰੋਂ ਨੂੰ ਟੇਢੀ ਹੋ ਜਾਵੇ ਅੰਨ ਹਜ਼ਮ ਨਾ ਹੋਵੇ, ਸੋਜ, ਪੀੜਾ ਅਰ ਅਤੀਸਾਰ ਅਧਿਕ ਹੋ ਜਾਵੇ। ਰੇਚਨ ਆਦਿ ਕ੍ਰਿਯਾ ਕਰਕੇ ਸਾਫ ਕੀਤਾ ਹੋਯਾ) ਪੇਟ ਉਲਟਾ ਉਸ ਵਿਚ ਫੇਰ ਪਾਣੀ ਭਰ ਜਾਵੇ। ਸੋ ਐਸਾ ਉਦਰ ਰੋਗ ਅਸਾਧਜ ਹੈ। ਇਸ ਨੂੰ ਸ਼ੀਘ੍ਰ ਤਿਆਗ ਦੇਵੇ ॥ ੨੩੯ ॥ ੨੪੦ ॥

Digitized by Panjab Digital Library | www.panjabdigilib.org

ਮਹਾਂ ਅਸ਼ਟ ਰੋਗ ਨਾਮ–ਚੌਪਈ

ਵਾਤ ਅਸਮਰੀ ਕੁਸ਼ਟ ਪ੍ਰਮੇਹ। ਉਦਰ ਭਗੰਦਰ ਅਰਸਾ ਤੇਹ।
ਗ੍ਰਹਨੀ ਅਸਟ ਨਾਮ ਏ ਜਾਨ। ਮਹਾਂ ਅਸਾਧ ਸੁ ਮਾਧਵ ਬਾਨਿ॥੨੪੧॥

੧ ਬਾਤ ਰੋਗ, ਪਥਰੀ, ੩ ਕੁਸ਼ਟ, ੪ ਪ੍ਰਮੇਹ, ੫ ਪੇਟ ਦੇ ਰੋਗ ੬ ਭਗੰਦਰ, ੭ ਬਵਾਸ਼ੀਰ ਅਰ ੮ ਸੰਗ੍ਰਹਿਣੀ, ਇਹ ਅਠ ਮਹਾਂ ਅਸਾਧਯ ਹਨ ॥ ੨੪੧ ॥

ਬਾਤੋਦਰ ਉਪਾਇ (ਵੰਗਸੇਨਾਤ–ਚੌਪਈ)

ਇਰੰਡ ਤੇਲ ਦਸ ਮੂਲ ਮਿਲਾਇ। ਗੋ ਮੂਤ੍ਰ ਤ੍ਰਿਫਲੇ ਰਸ ਖਾਇ।
ਬਾਤੋਦਰ ਦੁਖ ਸੋਥ ਮਿਟਾਇ। ਦੋਊ ਜੋਗ ਦੋ ਪਦ ਮੈ ਸਾਇ॥੨੪੨॥

੧੨੯੭–ਇਰਿੰਡ ਦਾ ਤੇਲ ਵਿੱਚ ਦਸਮੂਲ ਦਾ ਚੂਰਣ ਪਾਕੇ ਪੀਵੇ। ਯਾਂ–

੧੨੯੮–ਤ੍ਰਿਫਲੇ ਦੇ ਕਾੜ੍ਹੇ ਵਿਚ ਗਊਮੂਤ੍ਰ ਪਾਕੇ ਪੀਵੇ ਤਾਂ ਬਾਤੋਦਰ ਦਾ ਦੁੱਖ ਅਰ ਸੋਜਾ ਨਾਸ ਹੋਵੇ ਇਹ ਦੋ ਤੁਕਾਂ ਵਿੱਚ ਦੋ ਪ੍ਰਕਾਰ ਕਹੇ ਹਨ ॥ ੨੪੨ ॥

ਸੋਰਠਾ

ਕਰੋ ਕ੍ਵਾਥ ਦਸਮੂਰ, ਗੋ ਮੂਤ੍ਰ ਸੋ ਪੀਜੀਏ।
ਬਾਤੋਦਰ ਮਿਟ ਸੂਰ, ਸੋਥ ਮਿਟਤ ਤਨ ਕੀ ਸਕਲ ॥੨੪੩॥

੧੨੯੯–ਦਸ ਮੂਲ ਦਾ ਕਾੜ੍ਹਾਂ ਕਰਕੇ ਗਊਮੂਤ ਪਾਕੇ ਪੀਵੇ ਤਾਂ ਬਾਤੋਦਰ ਨਾਸ ਹੋਵੇ ਹੋਰ ਸੂਲ ਤੇ ਸੋਜਾ ਭੀ ਦੇਹ ਦਾ ਨਾਸ ਹੁੰਦਾ ਹੈ ॥ ੨੪੩ ॥

ਚੌਪਈ

ਤੀਨ ਲਵਨ ਪਾਠਾ ਜਵਖਾਰ। ਦੰਤੀ ਬਚ ਕੁਠ ਜੀਰਾ ਡਾਰ।
ਦੀਪਨ ਹਿੰਗ ਸਰਜਿਕਾ ਲੇਇ।ਚਵ ਚਿਤ੍ਰਕ ਸੁੰਠੀ ਸੁਨ ਦੇਇ ॥੨੪੪॥
ਉਸਨ ਨੀਰ ਸੋ ਖਾਵਤ ਚੂਰਨ। ਵਾਤੋਦਰ ਰੁਜ ਜਾਵਤ ਤੂਰਨ।
ਸੋਥ ਸੂਲ ਜਾਵਤ ਤਤਕਾਰ। ਬੰਗਸੈਨ ਤੇ ਭਾਖਯੋ ਸਾਰ ॥੨੪੫॥

੧੩੦੦–ਤਿੰਨੇ ਲੂਣ, ਪਾਠਾ, ਜੌਂਖਾਰ, ਜਮਾਲ ਗੋਟੇ ਦੀ ਜੜ੍ਹ, ਕੁੱਠ, ਜੀਰਾ, ਅਜਮੋਦ, ਹਿੰਗ, ਸੱਜੀ, ਚਵ,ਚਿਤ੍ਰਾ ਤੇ ਸੁੰਢ ਇਨ੍ਹਾਂ ਦਾ ਚੂਰਣ ਕਰਕੇ ਗਰਮ ਜਲ ਨਾਲ ਖਾਵੇ ਤਾਂ ਬਾਤੋਦਰ ਦੁੱਖ ਜਲਦੀ ਨਾਸ ਕਰੇ। ਹੋਰ ਸੋਜਾ ਸੂਲ ਭੀ ਤਤ ਛਿਨ ਨਾਸ ਕਰੇ ॥੨੪੪॥੨੪੫॥

ਸਮੁੰਦ੍ਰਾਦਿ ਚੂਰਨ [ਵੰਗਸੇਨਾਤ]–ਚੌਪਈ

ਸਾਮੁੰਦਰ ਸੌਂਚਰ ਜਵਖਾਰ। ਸੇਂਧਾ ਅਜਵਾਨੀ ਸੁੰਠ ਡਾਰ।
ਕਣਾ ਜਮੋਦਾ ਚਿਤ੍ਰਕ ਹਿੰਗੁ। ਚੂਰਨ ਕੀਓ ਪਾਇ ਬੜਿੰਗ॥੨੪੬॥
ਘ੍ਰਿਤ ਸੇਤੀ ਏ ਚੂਰਣ ਖਾਇ।ਪ੍ਰਿਥਮ ਕਵਲਕੇ ਸਾਥ ਮਿਲਾਇ।

Digitized by Panjab Digital Library | www.panjabdigilib.org

ਬਾਤੋਦਰ ਗੁਲਮਾਂ ਇਸ ਪਾਂਡਾਬਾਤ ਅਜੀਰਨ ਗ੍ਰਹਨੀ ਦਾਂਡ ॥੨੪੭॥
ਅਰਸ ਭਗੰਦਰ ਜਾਵਤ ਸਹੀ। ਬੰਗਸੈਨ ਤੇ ਇਹ ਬਿਧਿ ਕਹੀ।
ਸਮੁੰਦ੍ਰ ਆਦਿ ਏ ਕਹਯੋ ਬਖਾਨਾਬਹੁ ਰੋਗਨਿ ਕੀ ਕਰਤਾ ਹਾਨਾ੨੪੮।

੧੩੦੧-ਸਮੁੰਦ੍ਰਲੂਣ, ਸੌਂਚਰਲੂਣ ਜੌਂਖਾਰ, ਸੇਂਧਾਲੂਣ, ਅਜਵਾਇਨ, ਸੁੰਢ, ਮਘ, ਅਜਮੋਦ ਚਿਤ੍ਰਾ ਹਿੰਗ ਅਰ ਬਾਇਬੜਿੰਗ, ਸਮਾਨ ਭਾਗ ਲੇਕੇ ਪੀਹਕੇ ਚੂਰਣ ਕਰ ਲਵੇ। ਫਿਰ ਘ੍ਰਿਤ ਨਾਲ ਇਹ ਚੂਰਣ ਪਹਿਲੇ ਗ੍ਰਾਸ ਵਿੱਚ ਮਿਲਾਕੇ ਖਾਵੇ ਤਾਂ ਬਾਤੋਦਰ, ਗੋਲਾਂ, ਪਾਂਡੂ, ਬਾਤ, ਅਜੀਰਣ. ਸੰਗ੍ਰਹਿਣੀ, ਬਵਾਸੀਰ ਅਰ ਭਗੰਦ੍ਰ ਇਨ੍ਹਾਂ ਸਭਨਾਂ ਰੋਗਾਂ ਨੂੰ ਇਹ ਸਮੁੰਦ੍ਰਾਦਿ ਚੂਰਣ ਨਾਸ ਕਰਨਹਾਰਾ ਵੰਗਸੈਨ ਵਿਚ ਕਿਹਾ ਹੈ ॥ ੨੪੬ ਤੋਂ ੨੪੬ ਤੋਂ ੨੪੮ ॥

ਤ੍ਰੈਲੋਕ ਸੁੰਦਰ ਰਸ (ਰਸਰਤਨਾਕਰਾਤ)-ਚੌਪਈ

ਸੁਧ ਸੂਤ ਗੰਧਕ ਲੈ ਦੂਨਾ। ਮ੍ਰਿਤ ਅਭਰਕ ਸੇਂਧਾ ਬਿਖ ਗੂਨਾ।
ਕ੍ਰਿਸਨ ਜਰਨ ਚਿਤ੍ਰਕ ਬੜਿੰਗ॥ਗਲੋਇ ਸਤ ਜਵਖਾਰ ਸੁ ਅੰਗ॥੨੪੯॥
ਬਲਾ ਰਸੇ ਅਦਰਕੁ ਮਰਦਾਇ। ਨਿਰਗੁੰਡੀ ਬਿਜੌਰਾ ਬਾਇ।
ਚਾਰੋਂ ਕੇ ਰਸ ਖਰਲ ਕਰਾਇ। ਏਕ ਦਿਵਸ ਦੋ ਗੁੰਜਾਂ ਖਾਇ ॥੨੫੦॥
ਘ੍ਰਿਤ ਸੋ ਦੇਇ ਵਾਤੋਦਰ ਜਾਇ। ਰਸਰਤਨਾਕਰ ਏਮ ਕਹਾਇ।
ਮੇਘ ਬਿਨੋਦੇ ਮੇਘ ਬਖਾਨਜਾ। ਸਭ ਤੇ ਆਛਾ ਰਸੁ ਮਨਮਾਂਨਜਾ॥੨੫੧।

੨੩੦੨-ਸੁਧ ਪਾਰਾ ੧ ਭਾਗ, ਗੰਧਕ, ੨ ਭਾਗ, ਅਭ੍ਰਕ ਭਸਮ, ਸੇਂਧਾ ਨਿਮਕ, ਮਿਠਾ, ਤੇਲੀਆ ਕਾਲਾ ਜੀਰਾ, ਚਿਤ੍ਰਾ ਬਾਯਵੜਿੰਗ, ਗਿਲੋਯ ਦਾ ਸਤ ਤੇ ਜੌਂਖਾਰ ਇਹ ਸਭ ਡੇਢ ਡੇਢ ਭਾਗ ਲੈਕੇ ਬਾਰੀਕ ਚੂਰਨ ਕਰ ਲਵੇ। ਫਿਰ ਖਰੈਟੀ ਅਦ੍ਰਿਕ, ਸੰਭਾਲੂ ਤੇ ਬਿਜੌਰੇ ਨਿੰਬੂ ਇਨ੍ਹਾਂ ਚੌਹਾਂ ਦਾ ਰਸ ਵਿਚ ਇਕ ਇਕ ਦਿਨ ਖਰਲ ਕਰਕੇ ਸੁਕਾ ਰਖੇ। ਫਿਰ ਇਸ ਨੂੰ ਘਿਉ ਨਾਲ ੨ ਰੱਤੀਆਂ ਭਰ ਖਾਵੇ ਤਾਂ ਬਾਤੋਦਰ ਨਾਸ਼ ਕਰੇ ॥ ੨੪੯ ਤੋਂ ੨੫੧ ॥

ਪਿਤੋਦਰ ਉਪਾਇ (ਵੰਗਸੇਨਾਤ)-ਚੌਪਈ

ਪਿਸਟਿ ਪਰਨਿ ਬਯਾਘ੍ਰੀ ਲੈ ਬਲਾ। ਲਾਖ ਸੁੰਠ ਕਰਿ ਕ੍ਵਾਥ ਜੁ ਭਲਾ।
ਪੀਵਤ ਪਿਤ ਉਦਰ ਦੁਖ ਜਾਇ। ਬੰਗਸੈਨ ਨੇ ਦਈ ਬਤਾਇ ॥੨੫੨॥

੧੩੦੩-ਪ੍ਰਿਸਟ ਪਰਣੀ, ਕੰਡਿਆਰੀ, ਖਰੈਟੀ, ਪਿੱਪਲ ਦੀ ਲਾਖ ਤੇ ਸੁੰਢ ਇਹ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ, ਪੀਵੇ ਤਾਂ ਪਿਤੋਦਰ ਜਾਵੇ ॥ ੨੫੨ ॥

(ਬ੍ਰਿੰਦਾਤ)-ਦੋਹਰਾ

ਮਰਚ ਸਰਕਰਾ ਬਾਰ ਸੋ, ਖਾਵਤ ਜੋ ਪਰਭਾਤ।
ਪਿਤੋਦਰ ਪੀਰਾ ਮਿਟੈ, ਬ੍ਰਿੰਦ ਕਹਿਤ ਏ ਬਾਤ ॥੨੫੩॥

Digitized by Panjab Digital Library | www.panjabdigilib.org

੧੩੦੪-ਮਿਰਚ ਅਰ ਖੰਡ, ਪਾਣੀ ਨਾਲ ਨਿੱਤ ਪ੍ਰਾਤਾਕਾਲ ਖਾਵੇ ਤਾਂ ਪਿਤੋਦਰ ਦਾ ਨਾਸ਼ ਹੋਵੇ ॥ ੨੫੩ ॥

ਮਹਾ ਬੰਨ੍ਹੀਰਸ (ਰਸਰਤਨਾਕਰਾਤ)-ਚੌਪਈ

ਗੰਧਕ ਆਠ ਸੂਤ ਲੈ ਚਾਰ। ਰਜਨੀ ਤ੍ਰਿਫਲਾ ਮਨਸਿਲ ਡਾਰ।
ਦੋ ਦੋ ਭਾਗ ਤੀਨ ਦੇ ਕਹਯਾ। ਖਰਲ ਮਾਹਿ ਸੋ ਪਾਵੇ ਸਹਯਾ ॥੨੫੪॥
ਤ੍ਰਿਵਤਾ ਚਿਤ੍ਰਕ ਅਰੁ ਜੈਪਾਲ। ਤੀਨ ਤੀਨ ਏ ਭਾਗ ਜੁ ਡਾਲ।
ਤ੍ਰਿਊਖਨ ਦੰਤੀ ਜੀਰਾ ਪਾਨ। ਆਠ ਭਾਗ ਏ ਪ੍ਰਿਥਕ ਸੁ ਆਨ ।੨੫੫।
ਖਰਲ ਕਰੋ ਇਨ ਭਾਵਨ ਦਾਇ। ਸੁਨਹੀ ਜਯੰਤੀ ਭ੍ਰਿੰਗੀ ਲਿਯਾਇ।
ਚਿਤ੍ਰਕ ਤੇਲ ਇਰੰਡੈ ਠਾਨ। ਸਾਤ ਸਾਤ ਪੁਟ ਸਭ ਕੀ ਦਾਨ ॥੨੫੬॥
ਨਿਸਕ ਏਕ ਜਲ ਤਾਤੇ ਦੇਇ। ਲਗਤ ਬਿਰੇਚ ਜੁ ਮਲਹਿ ਹਿਰੇਇ।
ਪਿਤੋਦਰ ਕਾ ਨਾਸ ਕਰਾਇ। ਆਠੋ ਉਦਰ ਰੋਗੁ ਨਸ ਜਾਇ ॥੨੫੭॥
ਅਥਵਾ ਤਕ੍ਰਹਿ ਸੇਤੀ ਖਾਇ। ਸੇਂਧਾ ਲੂਨ ਕਛਕ ਲੈ ਪਾਇ।
ਪਿਤੋਦਰ ਕੀ ਪੀਰਾ ਨਾਸੈ। ਰਸਰਤਨਾਕਰ ਮੇਘ ਸੁ ਭਾਸੈ ॥੨੫੮॥

੧੩੦੫-ਗੰਧਕ ੮ ਭਾਗ, ਪਾਰਾ ੪ ਭਾਗ, ਹਲਧੀ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਮਨਸਿਲ, ਇਹ ਤਿੰਨੇ ਦੋ ਦੋ ਭਾਗ, ਤ੍ਰਿਵੀ, ਚਿੱਤ੍ਰਾ, ਜਬੋਲੋਟਾ ਇਹ ਤਿੰਨ ਭਾਗ, ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਦੰਤੀ ਜੀਰਾ, ਇਹ ਅੱਠ ਅੱਠ ਭਾਗ, ਇਨ੍ਹਾਂ ਸਭਨਾਂ ਨੂੰ ਪਹਿਲੇ ਘੋਟਕੇ ਪਾਰੇ ਤੇ ਗੰਧਕ ਦੀ ਕਜਲੀ ਕਰਕੇ ਫਿਰ ਖਰਲ ਵਿਚ ਪਾਕੇ ਥੋਹਰ ਦੇ ਦੁੱਧ ਅਰਣੀ, ਧਾਗਰਾ ਤੇ ਚਿਤ੍ਰਾਂ ਇਨ੍ਹਾਂ ਦੇ ਰਸ ਦੀਆਂ ਅਰ ਅਰਿੰਡ ਦਾ ਤੇਲ ਲੈਕੇ ਵਖੋ ਵਖ ਇਨ੍ਹਾਂ ਦੀਆਂ ਸੱਤ ਸੱਤ ਪੁੱਠਾਂ ਦੇਵੇ, ਇਸ-ਤਰ੍ਹਾਂ ਤਿਆਰ ਕਰਕੇ ਰਖੇ। ਫਿਰ ੪ ਮਾਸੇ ਗਰਮ ਜਲ ਨਾਲ ਦੇਵੇ ਤਾਂ ਦਸਤ ਲਗਕੇ ਮੈਲ ਸਭ ਨਿਕਲ ਜਾਂਦੀ ਹੈ। ਅਰ ਪਿਤੋਦਰ ਦਾ ਨਾਸ਼ ਹੁੰਦਾ ਹੈ ਬਾਕੀ ਸਭ ੮ ਉਦਰ ਰੋਗ ਭੀ ਖਾਣ ਤੇ ਨਾਸ ਕਰਦਾ ਹੈ। ਯਾ ਗਰਮ ਜਲ ਦੇ ਥਾਂ ਲੱਸੀ ਨਾਲ ਖੁਲਾਵੇ, ਥੋੜਾ ਸੇਂਧਾ ਨਮਕ ਵਿਚ ਪਾ ਲਵੇ ਤਾਂ ਭੀ ਪਿਤੋਦਰ ਦਾ ਨਾਸ ਕਰੇ ॥ ੨੫੪ ਤੋਂ ੨੫੮ ॥

ਕਫੋਦਰ ਉਪਾਯ ਕਲਕ (ਵੰਗਸੇਨਾਤ)

*ਰੋਹੀਤਕ ਅਭਯਾ ਕਲਕ ਕਰਾਇ। ਗੋ ਮੂਤ੍ਰ ਸੰਗਿ ਦੇਹੁ ਪਿਲਾਇ।
ਕਫੋਦਰ ਕਾ ਨਾਸ ਜੁ ਹੋਇ। ਬੰਗਸੈਨ ਤੇ ਭਾਖਯੋ ਸੋਇ ॥੨੫੯॥

੧੩੦੬-‡ਰੋਹੀੜੇ ਤੇ ਹਰੜ ਦਾ ਗਊ ਮੂਤ੍ਰ ਨਾਲ ਕਲਕ ਪਿਲਾ ਦੇਵੇ ਤਾਂ ਕਫੋਦਰ ਦਾ ਨਾਸ ਹੋਵੇ ॥ ੨੫੯ ॥

---

*ਰੋਹੀੜਾ ਯਾ ਰਹੂੜਾ ਮਰੂਥਲ ਵਿਖੇ ਪ੍ਰਸਿਧ ਹੈ, ਇਸਦੇ ਬ੍ਰਿਛ ਪਰ ਅਨਾਰ ਜੇਹੇ ਲਾਲ ਫੂਲ ਹੁੰਦੇ ਹਨ। ਲਾਲ ਤੇ ਚਿਟੇ ਫੁਲਾਂ ਦੇ ਭੇਦ ਤੇ ਦੋ ਭੇਦ ਰੁਹੀੜੇ ਦੇ ਹਨ।

Digitized by Panjab Digital Library | www.panjabdigilib.org

(ਬ੍ਰਿੰਦਾਤ)

ਤ੍ਰਿਕੁਟਾ ਸੇਂਧਾ ਲੈ ਅਜਵਾਨ। ਜੀਰਾ ਜਲ ਸੋ ਖਾਵੈ ਛਾਨ।
ਕਫੋਦਰ ਕਾ ਨਾਸ ਕਰਾਇ। ਬ੍ਰਿੰਦ ਰਿਖੀਸਰ ਦੀਆ ਬਤਾਇ ॥੨੯੦॥

੧੩੦੭–ਤ੍ਰਿਕੁਟਾ, ਸੇਂਧਾਨਿਮਕ, ਅਜਵਾਇਣ ਤੇ ਜੀਰਾ ਜਲ ਨਾਲ ਪੀਹਕੇ ਖਾਵੇ। ਕਫੋਦਰ ਦਾ ਨਾਸ ਕਰੇ ॥ ੨੯੦ ॥

ਸੰਨਿ ਪਾਤੋਦਰ ਉਪਾਇ (ਵੰਗਸੇਨਾਤ)–ਚੌਪਈ

ਕੁਸਟ ਪੀਸ ਜਲ ਤਾਤੇ ਖਾਇ। ਤੀਨ ਦੋਖ ਕਾ ਉਦਰ ਸੁ ਜਾਇ।
ਤ੍ਰਿਕੁਟ ਖਾਰ ਸੇਂਧਾ ਸੰਗਿ ਛਾਹਿ। ਉਦਰ ਰੋਗ ਤ੍ਰਿਦੋਖੀ ਜਾਇ ।੨੯੧।
ਬਾਤੋਦਰ ਲਵਨਾਸਹਿ ਕਣਾ। ਪਿਤੋਦਰ ਮਰਚਾਂ ਸਿਤ ਭਣਾ।
ਜਾਜੀ ਹਾਪੁਖ ਬਯੋਖ ਜਵਾਨੀ। ਕਾਫੋਦਰ ਕੋ ਏਲੈ ਠਾਨੀ ॥੨੯੨॥

੧੩੦੮–ਕੁਠ ਨੂੰ ਪੀਹ ਕੇ ਗਰਮ ਜਲ ਨਾਲ ਖਾਵੇ ਤਾਂ ਤ੍ਰਿਦੋਖ ਦਾ ਉਦਰ ਦੁਖ ਨਾਸ ਹੋਵੇ। ਯਾ:–

੧੩੦੯–ਤ੍ਰਿਕੁਟਾ, ‡ਜੌਂਖਾਰ, ਅਰ ਸੇਂਧਾ ਲੂਣ ਪਾਕੇ ਲੱਸੀ ਨਾਲ ਖੁਲਾਵੇ (ਯਾਂ ਵਿਚ ਪਾਕੇ ਪੀਵੇ) ਤਾਂ ਤ੍ਰਿਦੋਖ ਉਦਰ ਰੋਗ ਨਾਸ ਕਰੇ।

੧੩੧੦–ਬਾਤੋਦਰ ਵਾਲੇ ਨੂੰ ਲੂਣ ਤੇ ਮਘ ਪਾ ਕੇ ਲਸੀ ਪਿਲਾਵੇ।

੧੩੧੧–ਪਿਤੋਦਰ ਵਾਲੇ ਨੂੰ ਮ੍ਰਿਚਾਂ ਤੇ ਮਿਸਰੀ ਪਾਕੇ ਲਸੀ ਦੇਣੀ ਚਾਹੀਏ।

੧੩੧੨–ਜੀਰਾ, ਹਊਬੇਰ (ਉਨਾਬ), ਤ੍ਰਿਕੁਟਾ ਤੇ ਅਜਵਾਇਣ ਪਾਕੇ ਲੱਸੀ ਕਫੋਦਰ ਵਾਲੇ ਨੂੰ ਦੇਵੇ ॥ ੨੯੧ ॥ ੨੯੨ ॥

ਬਧੋਦਰ ਉਪਾਇ (ਵੰਗਸੇਨਾਤ)–ਦੋਹਰਾ

ਹਪੁਖ ਦੀਪਕ ਸੇਂਧਵਾ, ਕਾਂਜੀ ਸੰਗ ਪਿਲਾਇ।
ਬਧੋਦਰ ਦੁਖ ਜਾਤ ਹੈ, ਬੰਗਸੈਨ ਕੇ ਭਾਇ ॥੨੯੩॥

੧੩੧੩–ਹਊਬੇਰ, ਅਜਵਾਇਣ ਤੇ ਸੇਂਧਾ ਨਿਮਕ, ਇਹ ਕਾਂਜੀ ਨਾਲ ਪੀਵੇ ਤਾਂ ਬਧੋਦਰ ਨਾਸ਼ ਹੋਵੇ ॥ ੨੯੩ ॥

ਛਿਦੋਦਰ ਉਪਾਯ–ਦੋਹਰਾ

ਪੀਪਰ ਖੌਦ੍ਰ ਮਿਲਾਇਕੈ, ਛਾਛ ਸੰਗਿ ਨਿਤ ਖਾਇ।
ਛਿਦ੍ਰ ਪਰਯੋ ਛਿਦੋਦ੍ਰੀ, ਪੀਰਾ ਛਿਨ ਮਹਿ ਜਾਇ ॥੨੯੪॥

੧੩੧੪–ਮਘ ਤੇ ਸ਼ਹਤ ਮਿਲਾਕੇ ਲੱਸੀ ਨਾਲ ਨਿਤ ਖਾਵੇ, ਤਾਂ ਜੇਹੜਾ ਛੇਕ ਛਿਦੋਦਰੀ ਵਿਚ ਪਿਆ ਹੈ, ਉਹ ਅਰ ਉਸਦੀ ਪੀੜਾ ਤੁਰਤ ਨਾਸ ਕਰੇ ॥ ੨੯੪ ॥

---

‡ਇਹ ਸਭ ਪ੍ਰਯੋਗ ਸੋਧ ਕੇ ਲਿਖੇ ਹਨ, ਦੇਖੋ ਵੰ: ਸੇ ਪ੍ਰਿ ੫੦੬

Digitized by Panjab Digital Library | www.panjabdigilib.org

ਬਧੋਦਰ ਉਪਾਇ–ਦੋਹਰਾ

ਤ੍ਰਿਊਖਨ ਲਵਨ ਜੁ ਖਾਰ ਜਵ, ਪੀਵਤ ਤੱਕ੍ਰ ਸਬੰਧ।
ਬਧੋਦਰ ਕਾ ਨਾਸ ਹੁਇ, ਰੋਗੀ ਸੁਭ ਤਨ ਰੰਗ ॥੨੬੫॥

੧੩੧੫–ਤ੍ਰਿਕੁਟਾ, ਸੇਂਧਾ ਨਿਮਕ ਤੇ ਜੌਂਖਾਰ ਲੱਸੀ ਨਾਲ ਪੀਵੇ ਤਾਂ ਬਧੋਦਰ ਦਾ ਨਾਸ਼ ਹੁੰਦਾ ਹੈ ਅਰ ਰੋਗੀ ਸੁਖ ਪੌਂਦਾ ਹੈ ॥ ੨੬੫ ॥

ਜਲੋਧਰ ਉਪਾਇ–(ਵੰਗਸੇਨਾਤ)

ਸੰਖ ਘਸੇ ਕਾਂਜੀ ਸਹਿਤ, ਪੀਵੇ ਦਿਨ ਇਕ ਤੀਸ।
ਜਲੋਧਰ ਕਾ ਨਾਸ ਹੁਇ, ਸਮਝਿ ਬਾਤ ਕੋ ਈਸ ॥੨੬੬॥

੧੩੧੬–ਕਾਂਜੀ ਨਾਲ ਸੰਖ ਘਿਸਾਕੇ ਸ਼ਹਤ ਪਾਇ ੨੧ ਦਿਨ ਪੀਵੇ ਤਾਂ ਜਲੋਧਰ ਦਾ ਨਾਸ ਹੋਵੇ ॥੨੬੬॥

ਕੁਲਿੰਗਬੀਜ ਇਕ ਸਾਣ ਲੈ, ਤਾਸਮ ਹਿੰਗੁ ਮਿਲਾਇ।
ਸੰਖ ਸਾਣ ਇਕ ਚੂਨ ਭਨ, ਪੀਪਰ ਮਾਅ ਸਮਾਇ ॥੨੬੭॥
ਗੋ ਮੂਤ੍ਰ ਸੋ ਪੀਸ ਕੈ, ਪੀਵਤ ਜੋ ਪਰਭਾਤ।
ਜਲੋਧਰ ਕਾ ਨਾਸ ਹੁਇ, ਬੰਗਸੈਨ ਕੀ ਬਾਤ ॥੨੬੮॥

੧੩੧੭–‡ਇੰਦ੍ਰਜੌਂ ੪ ਮਾਸੇ, ਹਿੰਗ ੪ ਮਾਸੇ, ਮਾਰੇ ਸੰਖ ਦਾ ਚੂਰਣ ੪ ਮਾਸੇ (ਮਘ ਤੇ ਸ਼ਹਤ ਪਾਕੇ) ਗਊ ਮੂਤ੍ਰ ਨਾਲ ਪੀਹਕੇ ਪ੍ਰਾਤਾਕਾਲ ਪੀਵੇ, ਜਲੋਧਰ ਦਾ ਨਾਸ਼ ਹੋਵੇ। ਇਹ ਵੰਗਸੇਨ ਦੇ ਬਚਨ ਹਨ ॥੨੬੭॥੨੬੮॥

ਸੋਫੋਦਰ ਉਪਾਯ

ਭੈਂਸ ਮੂਤ੍ਰ ਵਾ ਅਜਾ ਕੋ, ਪੀਵਤ ਰੋਗੀ ਜਾਇ।
ਸਾਤ ਦਿਵਸ ਮਹਿ ਜਾਤ ਹੈ, ਰੋਗੁ ਸਫੋਦਰ ਸੋਇ ॥੨੬੯॥

੧੩੧੮–ਮਹੀਂ ਅਰ ਬਕ੍ਰੀ ਦਾ ਮੂਤ੍ਰ ਜੇੜਾ ਰੋਗੀ ਪ੍ਰਾਤਾਕਾਲ ੭ ਦਿਨ ਨਿਤ ਪੀਵੇ, ਉਸਦੇ ਸੋਫੋਦਰ ਦਾ ਨਾਸ ਹੋਵੈ ॥੨੬੯॥

ਪਲੀਹੋਦਰ ਉਪਾਇ (ਰਸਰਤਨਾਕਰਾਤ)–ਚੌਪਈ

ਸੂਤ ਭਸਮ ਬੰਗ ਭਸਮ ਮੰਗਾਇ। ਇਕ ਇਕ ਪਲ ਦੋਨੋਂ ਜੁ ਰਲਾਇ।
ਮ੍ਰਿਤ ਤਾਂਬਾ ਗੰਧਕ ਲੈ ਆਇ। ਚਾਰ ਚਾਰ ਇਹ ਦੋਨੋਂ ਪਾਇ ॥੨੭੦॥

---

‡ਇੰਦ੍ਰ ਜੌਂ ਮਿਠੇ ਲਵੇ। ਇਹ ਕੌੜੇ ਤੇ ਮਿੱਠੇ ਦੋ ਤਰ੍ਹਾਂ ਦੇ ਹੁੰਦੇ ਹਨ।

*ਇਸ ਰਸ ਵਿਕ ਤ੍ਰਿਫਲਾ ਰਸਰਤਨਾਕਰ ਪ੍ਰਿ: ੫੫੮ ਵਿਚ ਅਧਿਕ ਹੈ। ਪਰੰਤੂ ਮੇਘ ਨੇ ਨਹੀਂ ਪਾਯਾ, ਸੋ ਠੀਕ ਹੈ, ਕਯੋਂਕਿ ਰਸਰਾਜ ਸੁੰਦ੍ਰ ਵਿਚ ਨੀ ਤ੍ਰਿਫਲਾ ਹੈ ਨਹੀਂ, ਦੇਖੋ ਪ੍ਰਿ: ੫੦੪.

Digitized by Panjab Digital Library | www.panjabdigilib.org

ਅਰਕ ਦੂਧ ਸੋ ਖਰਲ ਕਰਾਇ। ਇਕ ਦਿਨ ਤਾਕੀ ਗੋਲਿ ਬਨਾਇ।
ਗਜਪੁਟ ਫੂਕੀ ਭਸਮ ਕਰਾਇ। ਨਾਮ ਬੰਗੇਸੂਰ ਇਸਕਾ ਥਾਇ ॥੨੭੧॥
ਗੁੰਜਾ ਗੋ ਘ੍ਰਿਤ ਸੰਗਿ ਖੁਵਾਇ। ਪਲੀਹੋਦਰ ਗੁਲਮਾ ਨਸ ਜਾਇ।
ਸ੍ਰਾਵ ਉਦਰ ਕੀ ਭਾਗੈ ਪੀਰ। ਰਸਰਤਨਾਕਰ ਭਾਖਯੋ ਬੀਰ ॥੨੭੨॥

੧੩੧੯–ਪਾਰੇ ਦੀ ਭਸਮ ੫ ਤੋਲੇ; ਬੰਗ ਭਰਮ ੪ ਤੋਲੇ, ਮ੍ਰਿਤ ਤਾਂਬਾ ੮ ਤੋਲੇ, ਗੰਧਕ ੮ ਤੋਲੇ, ਅਕ ਦੇ ਦੁਧ ਨਾਲ ਇਕ ਦਿਨ ਖਰਲ ਕਰਕੇ ਗੋਲਾ ਬੰਨ੍ਹ ਕੇ ਗਜਪੁਟ ਦੀ ਆਂਚ ਦੇਕੇ ਫੂਕ ਲਵੇ। ਤਦ ਇਸ ਦਾ ਨਾਮ ਬੰਗੇਸੂਰ ਰਸ ਹੁੰਦਾ ਹੈ, ਫਿਰ ਇਹ ੨ ਰੱਤੀ ਪ੍ਰਮਾਣ ਘਿਉ ਨਾਲ ਚੱਟੇ ਤਾਂ ਪਲੀਹੋਦਰ, ਗੋਲਾ, ਪੇਟ ਦਾ ਸ੍ਰਾਵ ਆਦਿ ਨਾਸ ਕਰੇ। ਇਹ ਰਸਰਤਨਾਕਰ ਵਿਚ ਕਿਹਾ ਹੈ ॥ ੨੭੦ ਤੋਂ ੨੭੨ ॥

ਦੋਹਰਾ–ਲਵਨ ਨਿਸਾ ਰਾਈ ਗਹੋ, ਪੰਚ ਪੰਚ ਪਲ ਜਾਨ।
ਚੂਰਨ ਕਰ ਭਾਂਜਨ ਖਿਪੋ; ਸੋ ਪਲ ਤਕ੍ਰ ਸੁ ਠਾਨ ॥੨੭੩॥
ਤੀਨ ਦਿਵਸ ਰਾਖੀ ਪਿਵੋ, ਪੰਚ ਜੁ ਪਲ ਲੈ ਨਿਤ।
ਪਲੀਹੋਦਰ ਕਾ ਨਾਸ ਭਨ, ਭਲੀ ਬਾਤ ਇਹ ਮਿਤ ॥੨੭੪॥

੧੩੨੦–ਸੇਂਧਾਨਿਮਕ; ਹਲਧੀ ਤੇ ਰਾਈ ਪੰਜ ਪੰਜ ਪਲ (੨੦-੨੦ ਤੋਲੇ) ਲੈ ਕੇ ਚੂਰਣ ਕਰਕੇ ਇੱਕ ਭਾਂਡੇ ਵਿਚ ਪਾਕੇ ਉਸ ਵਿਚ ੧੦੦ ਪਲ (੪੦੦ ਤੋਲੇ) ਲੱਸੀ ਪਾ ਦਿਓ। ਤਿੰਨ ਦਿਨ ਰੱਖਕੇ ਉਸ ਵਿਚੋਂ ੫ ਪਲ (੨੦ ਤੋਲੇ) ਨਿੱਤ ਪੀਵੇ ਤਾਂ ਪਲੀਹੋਦਰ ਦਾ ਨਾਸ਼ ਹੋਵੇ ॥੨੭੩॥੨੭੪॥

ਚੌਪਈ

ਅਰਕ ਦੂਧ ਸੋ ਲੂਨ ਮਰਾਇ। ਨਿਸਕ ਖਾਇ ਪਲੀਹੋਦਰ ਜਾਇ।
ਇਰੰਡ ਰਾਖ ਗੋ ਮੂਤ੍ਰੈ ਦੇਇ। ਪਲੀਹੋਦਰ ਕਾ ਨਾਸ ਕਰੇਇ ॥ ੨੭੫॥

੧੩੨੧–ਅੱਕ ਦੇ ਦੁੱਧ ਨਾਲ ਲੂਣ ਨੂੰ ਪੁੱਠ ਪਾਕ ਦੀ ਵਿਧੀ ਨਾਲ ਪਕਾਕੇ ਚੂਰਣ ਕਰਕੇ ੪ ਮਾਸੇ ਨਿੱਤ ਖਾਵੇ ਤਾਂ ਪਲੀਹੋਦ੍ਰ ਨਾਸ ਹੋਵੇ।

ਇਰਿੰਡ ਦੀ ਭਸਮ, ਗਊਮੂਤ ਨਾਲ ਖਾਵੇ ਤਾਂ ਭੀ ਪਲੀਹੋਦਰ ਜਾਵੇ ॥੨੭੫॥

ਦੋਹਰਾ–ਲਵਨ ਅਰਕ ਦਲ ਕੂਟਕੈ, ਰੁਧ੍ਰਾ ਭਸਮ ਕਰਾਇ।
ਤਾਂ ਸਮ ਰਜਨੀ ਮੇਲੀਏ, ਗੋ ਮੂਤ੍ਰ ਟੰਕ ਖਾਇ ॥੨੭੬॥
ਪਲੀਹੋਦਰ ਕਾ ਨਾਸ ਹੁਇ, ਮਿਟਤ ਉਦਰ ਰੁਜ ਸ੍ਰਾਵ।
ਯਕ੍ਰਿਤ ਪਲੀਹਾ ਜਾਤ ਹੈ, ਭਲੀ ਔਖਧੀ ਥਾਵ ॥੨੭੭॥

੧੩੨੨–ਗਲੂਣ ਤੇ ਅੱਕ ਦੇ ਪੱਤ੍ਰ ਕੁੱਟਕੇ ਸੰਪੁਟ ਕਰਕੇ ਭਸਮ ਕਰ ਲਵੇ ਅਰ ਫਿਰ ਇਸ ਦੇ ਸਮਾਨ ਹਲਧੀ ਪਾਕੇ ਗਊਮੂਤ੍ਰ ਨਾਲ ੧ ਟੰਕ (੪ ਮਾਸੇ) ਖਾਵੇ ਤਾਂ ਪਲੀਹੋਦਰ ਦਾ ਨਾਸ ਹੋਵੇ। ਪੇਟ ਦਾ ਸ੍ਰਾਵ ਰੋਗ; ਯਕ੍ਰਤ ਤੇ ਲਿੱਫ ਸਭ ਨਾਸ ਕਰੇ, ਇਹ ਦਵਾਈ ਬਹੁਤ ਸਰੇਸ਼ਟ ਹੈ ॥੨੭੬॥੨੭੭॥

Digitized by Panjab Digital Library | www.panjabdigilib.org

ਲੇਹ ਕੇਤਕੀ ਖਾਰ ਗੁੜ, ਗੋਮੂਤ੍ਰ ਸੰਗਿ ਦੇਹ।
ਪਲੀਹੋਦਰ ਕਾ ਨਾਸ ਹੁਇ, ਜੋ ਦਿਨ ਇਕ ਬੀਸੇਇ ॥੨੭੮॥

੧੩੨੩–ਕੇਤਕੀ ਖਾਰ ਲੈਕੇ ਗੁੜ ਅਰ ਗਊ ਦੇ ਪੇਸ਼ਾਬ ਨਾਲ ੨੧ ਦਿਨ ਤੱਕ ਲਵੇ ਤਾਂ ਪਲੀਹੋਦਰ ਦਾ ਨਾਸ਼ ਹੋਵੇ ॥੨੭੮॥

ਸਰਬੋਦਰ ਉਪਾਯ (ਵੰਗਸੇਨਾਤ)–ਚੌਪਈ

ਦੰਤੀ ਸੰਖਨਿ ਤ੍ਰਿਬ੍ਰਿਤੁ ਬਿਸਾਲਾ। ਤ੍ਰਿਫਲਾ ਨੀਲੀ ਨਿਸਾ ਜੁ ਡਾਲਾ।
ਕੰਬੀਲਾ ਬਾੜਿੰਗ ਪਿਸਾਇ। ਆਛਾ ਚੂਰਨ ਕਰੋ ਬਨਾਇ ॥੨੭੯॥
ਗੋ ਮੂਤ੍ਰ ਸੋ ਪੀਵਤ ਸਹੀ। ਕਰਖ ਏਕ ਮਾਤ੍ਰਾ ਇਸੁ ਕਹੀ।
ਆਠੋਦਰ ਰੁਜ ਕਰਤਾ ਨਾਸ। ਬੰਗਸੈਨ ਨੇ ਕਹਯੋ ਬਿਲਾਸ ॥੨੮੦॥

੧੩੨੪–ਦੰਤੀ; †ਸੰਖਾਹੋਲੀ (ਭੌੜਭੜਿੰਗ), ਤ੍ਰਿਵੀ, ਤੁੰਮੇ ਦੀ ਜੜ੍ਹ; ਹਲਧੀ; ਤ੍ਰਿਫਲਾ ਨੀਲ ਦੇ ਪੱਤ੍ਰ (ਵਸਮਾਂ) ਕੰਬੀਲਾ ਤੇ ਬਾਇਵੜਿੰਗ, ਬਰੀਕ ਪੀਹਕੇ ਚੰਗਾ ਚੂਰਨ ਕਰ ਲਵੇ; ਗਊਮੂਤ੍ਰ ਦੇ ਨਾਲ ੧ ਤੋਲਾ ਲਵੇ ਤਾਂ ਅਠ ਹੀ ਪ੍ਰਕਾਰ ਦੇ ਪੇਟ ਰੋਗ ਨਾਸ਼ ਕਰੇ, ਇਹ ਵੰਗਸੇਨ ਦਾ ਵਾਕ ਹੈ ॥ ੨੭੯ ॥ ॥ ੨੮੦ ॥

ਕਲਕ–ਦੋਹਰਾ

ਚਬ ਚਿਤ੍ਰਕ ਦੰਤੀ ਤ੍ਰਿਫਲ, ਕਲਿਕੋ ਮੇਲ ਬੜਿੰਗ।
ਸਰਬੋਦਰ ਰੁਜ ਜਾਤ ਹੈ, ਸੁਖ ਪਾਵਤ ਬਹੁ ਅੰਗ ॥੨੮੧॥

੧੩੨੫–ਚਵ; ਚਿਤ੍ਰਾ; ਦੰਤੀ ਤ੍ਰਿਫਲਾ ਤੇ ਬਾਇਵੜਿੰਗ ਇਨ੍ਹਾਂ ਦਾ ਕਲਕ ਕਰਕੇ ਪੀਵੇ ਤਾਂ ਪੇਟ ਦੇ ਸਭੋ ਰੋਗ ਨਾਸ ਕਰੇ ॥ ੨੮੧ ॥

ਚਬਯ ਜੁ ਬਿਸਵਾ ਦੂਧ ਸੋ, ਕ੍ਵਾਥ ਬੰਨਿ ਸੁਰਦਾਰ।
ਉਦਰ ਰੋਗ ਮਿਟ ਜਾਤ ਹੈ, ਜੁਗ ਉਪਾਇ ਹਿਤਕਾਰ ॥੨੮੨॥

੧੩੨੬–ਚਵ ਤੇ ਸੁੰਠ ਦੁਧ ਵਿਚ ਘੋਟਕੇ ਪੀਵੇ। ਯਾ–

੧੩੨੭–ਚਿਤ੍ਰਾ ਤੇ ਦੇਵਦਾਰ ਦਾ ਕਾੜ੍ਹਾ ਕਰਕੇ ਪੀਵੇ ਤਾਂ ਪੇਟ ਦੇ ਸਭੋ ਰੋਗ ਨਾਸ ਕਰੇ, ਇਹ ਦੋਨੋਂ ਉਪਾਇ ਹਿਤਕਾਰੀ ਹਨ ॥ ੨੮੨ ॥

ਪਟੋਲਾਦਿ ਚੂਰਨ (ਵੰਗਸੇਨਾਤ)–ਚੌਪਈ

ਪਟੋਲ ਏਕ ਦੋ ਰਜਨੀ ਆਨ। ਤੀਨ ਬਿੜੰਗ ਹਰੜ ਚੌ ਠਾਨ।
ਪਾਂਚ ਬਹੇੜਾ ਆਮਰ ਛੇਇ। ਕੰਬੀਲਾ ਸਾਤੇ ਜੁ ਠਵੇਇ ॥੨੮੩॥

---

*ਸੰਖਨਿ ਦਾ ਅਰਥ ਸੰਖਾ ਹੋਲੀ (ਭੌੜਭੜਿੰਗ) ਹੈ, ਸੋਈਓ ਵੰਗਸੈਨ ਅਨੁਸਾਰ ਠੀਕ ਹੈ। ਤਸੱਲੀ ਵਾਸਤੇ ਦੇਖੋ ਵੰਗਸੇਨ ਪ੍ਰਿ: ੫੦੮, ਹਾਂ ਮੂਲ ਵਿਚ ਤੁੰਮੇ ਦੀ ਜੜ੍ਹ ਨਹੀਂ, ਪਰੰਤੂ ਪ੍ਰਯੋਗ ਵਿੱਚ ਅਵੱਸ਼ਕ ਹੈ ਯਾਤੇ ਅਨੁਚਿਤ ਨਹੀਂ ਹੈ ॥

Digitized by Panjab Digital Library | www.panjabdigilib.org

ਅਠ ਨੀਲੀ ਨਵ ਤ੍ਰਿਵਤਾ ਜੋਇ। ਕਰਖ ਮਾਨ ਸਭ ਪੀਸੇ ਸੋਇ।
ਕਰਖ ਮਾਨ ਗੋਮੂਤ੍ਰ ਸੰਗ। ਸਰਬੋਦਰ ਰੁਜ ਕਰਤਾ ਭੰਗ ॥੨੯੪॥

੧੩੨੮-ਪਟੋਲ ਪੱਤ੍ਰ ੧ ਤੋਲਾ, ਹਲਧੀ ੨ ਤੋਲੇ; ਬਾਇਬੜਿੰਗ ੩ ਤੋਲੇ, ਹਰੜ ਦੀ ਛਿੱਲ ੪ ਤੋਲੇ; ਬਹੇੜਾ ੫ ਤੋਲੇ, ਆਵਲੇ ੬ ਤੋਲੇ, ਕੰਬੀਲਾ; ੭ ਤੋਲੇ, ਨੀਲਪਤ੍ਰ ੮ ਤੋਲੇ ਅਰ ਤ੍ਰਿਵੀ ੯ ਤੋਲੇ ਪੀਹਕੇ ਚੂਰਣ ਕਰ ਲਵੇ, ਅਰ ਤੋਲਾ ਭਰ ਗਊਮੂਤ੍ਰ ਨਾਲ ਖਾਵੇ ਤਾਂ ਸਭ ਪ੍ਰਕਾਰ ਦੇ ਪੇਟ ਰੋਗ ਨਾਸ ਕਰੇ ॥ ੨੯੪ ॥

ਨਾਰਾਯਨ ਚੂਰਣ [ਵੰਗਸੇਨਾਤ]-ਦਵੈਯਾ ਛੰਦ

ਜਾਵਾਨੀ ਹਪੁਖ ਲੈ ਧਨੀਯਾ, ਤ੍ਰਿਫਲਾ ਪੀਪਰ ਮੂਰੰ।
ਕਾਲੌਂਜੀ ਅਸਗੰਧਾ ਸੋਏ, ਸਟੀ ਬਚਾ ਲੈ ਪੂਰੰ।
ਸਤਾਵਰ ਜੀਰਾ ਗਜ ਕ੍ਰਿਸਨਾ ਲੈ, ਕੁਸਟ ਚਿਤ੍ਰਕਾ ਪਾਵੇ।
ਪਾਂਚ ਲਵਨ ਦੋਖਾਰ ਜੁ ਤ੍ਰਿਕੁਟਾ, ਚੋਬ ਬੜਿੰਗ ਮਗਾਵੇ ॥੨੯੫॥
ਭਾਗ ਬਰਾਬਰ ਦੰਤੀ ਤ੍ਰਿਯ ਲੈ, ਦੁਗਨੀ ਮੇਲ ਬਿਸਾਲਾ।
ਦੁਗਨੀ ਤ੍ਰਿਵਤਾਸੁਨਹੀ ਚਤੁਰਗੁਨ, ਪੀਸੋਸਭ ਸਮ ਲਾਲਾ।
ਨਾਰਾਯਨ ਤੇ ਅਘ ਜਿਮ ਭਾਗੈ, ਉਦਰ ਰੋਗ ਤਯੋਂ ਜਾਈ।
ਨਾਰਾਯਨ ਨਾਰਾਯਨ ਭਾਖਯੋ, ਚੂਰਨ ਭਲਾ ਬਨਾਈ ॥੨੯੬॥
ਤਕ੍ਰੈ ਸੋ ਉਦਰੈ ਰੁਜ ਦੀਜੇ, ਗੋ ਮੂਤ੍ਰ ਵਾ ਪਾਵੇ।
ਬਾਤ ਅਨੱਧ ਬਿਬੱਧ ਭਗੰਦਰ, ਪਾਂਡ ਸਕਲ ਮਿਟ ਜਾਵੇ।
ਉਸਨ ਨੀਰ ਬਿਜੋਰੇ ਰਸ ਸੋ, ਮੇਲੁ ਅਚੈ ਭੁਖਕਾਰੀ।
ਮੇਘ ਬਖਾਨੈ ਸਭ ਰੁਜ ਹਾਨੈ, ਵੰਗਸੈਨ ਮਤਿ ਧਾਰੀ ॥੨੯੭॥

੧੩੨੯-ਅਜਵਾਯਨ, ਹਊਬੇਰ (ਉਨਾਬ), ਧਨੀਆਂ, ਤ੍ਰਿਫਲਾ, (ਹਰੜ; ਬਹੇੜਾ, ਆਵਲੇ), ਪਿਪਲਾ ਮੂਲ, ਕਾਲੌਂਜੀ, ਅਸਗੰਧ; ਸੋਏ, ਕਚੂਰ, ਵਚ; ਸਤਾਵਰ, ਕਾਲਾਜੀਰਾ, *ਗਜਪੀਪਲੀ, ਕੁੱਠ, ਚਿਤ੍ਰਾ, ਪੰਜੇ ਲੂਣ; ਦੋਖਾਰਾਂ (ਸੱਜੀ ਜੌਂਖਾਰ) ਤ੍ਰਿਕੁਟਾ; (ਮਘ; ਮਿਰਚ, ਤੇ ਸੁੰਢ), ਚੋਕ ਤੇ ਬਾਇ ਬੜਿੰਗ; ਇਹ ਸਭੋ ਇਕ ਸਮਾਨ (ਭਾਵ ੧-੧ਤੋਲਾ) ਜਬੋਲੋਟੇ ਦੀ ਜੜ੍ਹ ਤ੍ਰਿਗੁਣੀ ਭਾਵ ੮੭ ਤੋਲੇ। ਦੁਗਣੀ ਤੁੰਮੇ ਦੀ ਜੜ੍ਹ ਯਾ ਤੁੰਮਾ ਭਾਵ ੫੮ ਤੋਲੇ ਦੂਣੀ ਤ੍ਰਿਵ ਭਾਵ ੫੮ ਤੋਲੇ ਥੋਹਰ ਦਾ ਨਰਮ ਡੰਡਾ ਚਾਰ ਗੁਣਾ ਭਾਵ ੧੧੬ ਤੋਲੇ ਪਾਵੇ, ਫਿਰ ਘੋਟਕੇ ਚੂਰਣ ਬਣਾ ਲਵੇ [੪ ਸੇਰ ੫ ॥ ਛਟਾਂਕ ਸਾਰਾ ਹੋ ਜਾਵੇ]ਇਸਦਾ ਨਾਮ ਨਾਰਾਯਣ ਚੂਰਣ ਹੈ। ਨਾਰਾਯਣ ਦੇ ਨਾਮ ਤੋਂ ਜਿਸਤਰਾਂ ਪਾਪ ਭਜ ਜਾਂਦੇ ਹਨ; ਇਸੇਤਰਾਂ ਇਸਤੋਂ ਪੇਟ ਦੇ ਰੋਗ ਭਜਦੇ ਹਨ। ਇਹ ਪੇਟ ਰੋਗਾਂ ਉਪਰ ਲੱਸੀ ਨਾਲ ਦੇਵੇ ਯਾਂ ਗਊਮੂਤ੍ਰ ਨਾਲ; ਅਨਾਹ ਬਾਤਵਾਯੂ ਦੀ ਰੁਕਾਵਟ, ਭਗੰਦਰ ਤੇ ਪਾਂਡੂ ਇਹ ਸਭੇ ਰੋਗ ਜਾਂਦੇ ਹਨ। ਜੇ ਭੁਖ ਨਾ

*ਗਜਪੀਪਲੀ (ਲੰਬੀ ਮਘ) ਦੇ ਥਾਂ ਮੂਲ ਵਿਚ ਪੁਹਕਰਮੂਲ ਹੈ ਸੋ ਭੀ ਅਯੁਕਤ ਨਹੀਂ ਹੈ।

Digitized by Panjab Digital Library | www.panjabdigilib.org

ਲਗਦੀ ਹੋਵੇ ਤਾਂ ਗਰਮ ਜਲ ਯਾਂ ਬਿਜੌਰੇ ਨਿੰਬੂ ਦੇ ਰਸ ਨਾਲ ਖੁਆਵੇ ਤਾਂ ਭੁਖ ਬਹੁਤ ਲਗੇ। ਇਤਯਾਦਿ ਸਭੀ ਪੇਟ ਰੋਗਾਂ ਦੇ ਨਾਸ ਕਰਨਹਾਰਾ ਵੰਗਸੇਨ ਵਿਚ ਇਹ ਨਾਰਾਯਣ ਚੂਰਣ ਲਿਖਿਆ ਹੈ ॥੨੮੫ ਤੋਂ ੨੮੭॥

ਲਘੁ ਜਵਾਯਾਨੀ ਆਦਿ ਚੂਰਣ (ਵੰਗਸੇਨਾਤ)–ਚੌਪਈ

ਜਵਾਨੀ ਚਿਤ੍ਰਕ ਲੈ ਜਵਖਾਰ। ਬਚਦੰਤੀ ਮਗਧਾ ਸੁਭ ਡਾਰ।
ਸੇਂਧਾ ਉਸਨ ਨੀਰ ਸੰਗ ਖਾਇ। ਸਰਬੋਦਰ ਕੀ ਪੀਰਾ ਜਾਇ ॥੨੮੮॥

੧੩੩੦–ਅਜਵਾਇਣ; ਚਿਤ੍ਰੇ ਦੀ ਛਿਲ, ਜੌਂ ਖਾਰ, ਵਚ; ਦੰਤੀ; ਮਘ ਤੇ ਸੇਂਧਾ ਨਿਮਕ ਸਮਾਨ ਭਾਗ ਲੈਕੇ ਪੀਸ ਚੂਰਨ ਕਰੋ ਅਰ ਗਰਮ ਜਲ ਨਾਲ (ਯਾ ਦਹੀਂ ਦੇ ਪਾਣੀ ਅਥਵਾ ਸ਼ਰਾਬ ਨਾਲ) ਖਾਵੇ ਤਾਂ ਸਭ ਪ੍ਰਕਾਰ ਦੇ ਉਦਰ ਰੋਗ ਨਾਸ ਕਰੇ ॥੨੮੮॥

ਭਲਾਤਕਾਦਿ ਮੋਦਕ–ਚੌਪਈ

ਭਲਾਤਕ ਅਭਯਾ ਲੈ ਜੀਰਾ। ਗੁੜ ਸੇ ਮੋਦਕ ਕਰਖ ਕਰੀਰਾ।
ਸਪਤ ਦਿਵਸ ਖਾਵੇ ਚਿਤ ਲਾਇ। ਸਰਬੋਦਰ ਫੀਹਾ ਮਿਤ ਜਾਇ।੨੮੯।

੧੩੩੧–ਭਿਲਾਵੇ, ਹਰੜ ਤੇ ਜੀਰਾ, ਗੁੜ ਨਾਲ ਕੁਟ ਪੀਹਕੇ ਮੋਦਕ ੧ ਤੋਲੇ ਦੇ ਬਣਾ ਲਵੇ, ੭ ਦਿਨ ਤਕ ਸੇਵਨ ਕਰੇ ਤਾਂ ਪੇਟ ਦੇ ਸਭ ਰੋਗ ਲਿਫ ਆਦਿਕ ਨਾਸ ਕਰੇ ॥੨੮੯॥

ਬ੍ਰਿਧ ਜਵਾਨੀ ਆਦਿ ਚੂਰਣ–ਚੌਪਈ

ਜਵਾਨੀ ਚਿਤ੍ਰਕ ਵਾਵੜਿੰਗ। ਏਕ ਏਕ ਏ ਭਾਗ ਠਵੰਗ।
ਨਾਗਰ ਇਟਸਿਟ ਦੇਵ ਸੁ ਦਾਰ। ਦੋ ਦੋ ਭਾਗ ਪ੍ਰਥਕ ਲੈਡਾਰ।੨੯੦।
ਤ੍ਰਿਫਲਾ ਚਾਰ ਭਾਗ ਲੈ ਪੀਸ। ਉਸਨ ਖੀਰ ਸੋ ਪੀਵੇ ਈਸ।
ਪਲੀਹੋਦਰ ਸਭ ਵੇਦਨ ਜਾਇ। ਬੰਗਸੈਨ ਨੇ ਦੀਆ ਬਤਾਇ ॥੨੯੧॥
ਗੋ ਮੂਤ੍ਰ ਸੇ ਵਾ ਪਚਵਾਇ। ਤਾਕੀ ਗੋਲੀ ਲੇਹੁ ਬਨਾਇ।
ਸਰਬੋਦਰ ਕੀ ਪੀਰਾ ਜਾਇ। ਜਾਵਾਯਨਾਦਿਕ ਨਾਮ ਕਹਾਇ ॥੨੯੨॥

੧੩੩੨–ਅਜਵਾਇਣ, ਚਿਤ੍ਰਾ, ਬਾਇਵੜਿੰਗ, ਇਕ ਇਕ ਭਾਗ, ਸੁੰਢ ਇਟਸਿਟ ਦੇਵਦਾਰ, ਇਹ ਦੋ ਦੋ ਭਾਗ ਤੇ ਤ੍ਰਿਫਲਾ ੪ ਭਾਗ ਲੈਕੇ ਬ੍ਰੀਕ ਪਾਸ ਛਾਣ ਚੂਰਣ ਕਰ ਰਖੇ। ਫਿਰ ਇਸਨੂੰ ਗਰਮ ਜਲ ਨਾਲ ਲਵੇ। ਪਲੀਹੋਦਰ ਦੀ ਸਭ ਪ੍ਰਕਾਰ ਦੀ ਪੀੜਾ ਜਾਵੇ। ਅਥਵਾ ਗਊ ਮੂਤ੍ਰ ਵਿਚ ਪਕਾ ਕੇ ਗੋਲੀ ਕਰ ਲਵੇ। ਇਸ ਤਰਾਂ ਖਾਵੇ ॥੨੯੦ ਤੋਂ ੨੯੨॥

ਅਗਨਿ ਮੁਖ ਲਵਣ–ਪਰਿਹਾ

ਚਿਤ੍ਰਕ ਤ੍ਰਿਵਤਾ ਦੰਤੀ, ਤ੍ਰਿਫਲਾ ਆਨੀਏ।
ਪੁਸਕਰ ਸਮ ਏ ਜਾਨ, ਕਪੜ ਕਰ ਛਾਨੀਏ।

Digitized by Panjab Digital Library | www.panjabdigilib.org

ਇਨਕੇ ਸਮ ਲੈ ਸੇਂਧਾ, ਪੀਸ ਰਲਾਈਏ।
ਸੁਨਹੀ ਖੀਰ ਪੁਟ ਦੀਜੈ, ਭਾਂਡ ਰਖਾਈਏ ॥੨੯੩॥
ਮਾਟੀ ਲੇਪੋ ਹਾਡੀ, ਅਗਨਿ ਕਰਾਈਏ।
ਭਸਮ ਦੁਆਲੈ ਕਾਢੋ, ਪੀਸ ਬਨਾਈਏ।
ਉਦਰ ਰੋਗ ਅਰ ਅਰਸਾ, ਪਾਂਡੁ ਗਵਾਇ ਹੈ॥
ਲਗੈ ਭੂਖ ਕਫ ਜਾਵੈ, ਫੀਹਾ ਜਾਇ ਹੈ॥ ੨੯੪॥

੧੩੩੩–ਚਿਤ੍ਰਾ, ਤ੍ਰਿਵੀ, ਦੰਤੀ, ਤ੍ਰਿਫਲਾ ਤੇ ਪੁਹਕਰਮੂਲ, ਇਹ ਸਭ ਸਮਾਨ ਭਾਗ ਲੈਕੇ ਪੀਹਕੇ ਕਪੜ ਛਾਣ ਕਰੇ, ਅਰ ਸਭਨਾਂ ਦੇ ਬਰਾਬਰ ਦਾ ਸੇਂਧਾ ਲੂਣ ਪਾ ਕੇ ਰਲਾਵੇ ਅਰ ਭਾਂਡੇ ਵਿਚ ਪਾਕੇ ਥੋਹਰ ਦੇ ਦੁੱਧ ਦੀ ਪੁੱਠ ਦੇ ਕੇ ਕਪੜ ਮਿਟੀ ਕਰਕੇ ਲਿੱਪ ਕੇ ਅਗਨੀ ਦੇਵੇ। ਜਦ †ਭਸਮ ਹੋਵੇ ਤਾਂ ਕੱਢਕੇ ਪੀਹਕੇ ਰੱਖੇ। ਫਿਰ ਉਦਰ ਰੋਗੀ ਨੂੰ ਦੇਵੇ ਤਾਂ ਬਵਾਸੀਰ, ਪਾਂਡੂ ਰੋਗ ਨਾਸ ਕਰੇ, ਭੁੱਖ ਵਧਾਵੇ ਹੋਰ ਕਫ ਅਰ ਲਿੱਫ ਨੂੰ ਭੀ ਨਾਸ਼ ਕਰਨ ਹਾਰਾ ਹੈ ॥੨੯੪॥

ਸੋਫੋਦਰ ਉਪਾਇ–ਚੌਪਈ

ਪੁਨਰਨਵਾ ਨਿੰਬ ਸੁੰਠ ਪਟੋਲ। ਤਿਕਤਾ ਛਿੰਨਾ ਅਭਖਾ ਘੋਲ।
ਦਾਰਵੀ ਕ੍ਵਾਥ ਕਰੀਨੈ ਪੀਤ। ਸੋਫੋਦਰ ਪੀਰਾ ਨਿਤ ਮੀਤ ॥੨੯੫॥

੧੩੩੪–ਇਟ ਸਿਟ, ਨਿੰਮ, ਸੁੰਢ, ਪਟੋਲ ਪਤ੍ਰ; ਕੌੜ, ਗਿਲੋਯ; ਹਰੜ ਤੇ ਦਾਲ ਹਲਧੀ, ਸਭ ਦਾ ਕਾੜ੍ਹਾ ਕਰਕੇ ਪੀਵੇ ਤਾਂ ਸਫੋਦਰ ਦੀ ਪੀੜਾ ਦੂਰ ਹੋਵੇ ॥੨੯੫॥

ਅਥ ਜਲੋਂਧਰ ਰਸ [ਵੈਦਕੰਤੂਹਲਾਤ]–ਦੋਹਰਾ

ਮ੍ਰਿਤ ਤਾਂਬ੍ਰ ਜੈਪਾਲ ਲੈ, ਕਣਾ ਚੋਕ ਲੈ ਪੀਸ।
ਥੋਹਰ ਪਯ ਸੋ ਮਰਦੀਏ, ਤੀਨ ਦਿਵਸ ਲੌ ਦੀਸ ॥੨੯੬॥
ਮਾਖ ਮਾਨ ਨਿਤ ਖਾਈਏ, ਗੋਮੂਤ੍ਰ ਪਿਵ ਸੰਗ।
ਉਦਰ ਸਰਬ ਜਲੋਧਰੇ, ਦੇਵਤ ਸਭ ਕੋ ਭੰਗ ॥੨੯੭॥

੧੩੩੫–ਮਾਰਿਆ ਤਾਂਬਾ, ਜਮਾਲ ਗੋਟਾ, ਮਘ ਤੇ ਚੋਕ ਇਕ ਸਮ ਲੈਕੇ ਥੋਹਰ ਦੇ ਦੁਧ ਨਾਲ ੩ ਦਿਨ ਖਰਲ ਕਰੇ. ਫਿਰ ਮਾਸੇ ਪ੍ਰਮਾਣ ਨਿਤ ਗਊ ਮੂਤ੍ਰ ਨਾਲ ਖਾਵੇ ਤਾਂ ਪੇਟ ਦਾ ਜਲੋਧਰ ਰੋਗ ਸਭ ਤਰ੍ਹਾਂ ਦਾ ਨਾਸ ਕਰੇ ॥੨੯੭॥

ਇਸਤ੍ਰੀ ਜਲੋਧਰ ਰਸ–ਚੌਪਈ

ਪਾਰਦ ਥੋਥਾ ਕਣਾ ਜੈਪਾਲ। ਅਮਲਤਾਸ ਗਿਰ ਤਾਮਹਿ ਡਾਲ।

†ਪਰੰਤੂ ਯਾਦ ਰਹੇ ਕਿ ਇਸਨੂੰ ਪੁਟ ਪਾਕ ਦੀ ਭਾਂਤ ਅਗ ਦੇਵੇ, ਸੜਨੇ ਨਾਂ ਪਾਵੇ ਅਰ ਕੱਚਾ ਭੀ ਨ ਰਹੇ। ਕਈ ਭਾਂਡੇ ਦੀ ਜਗਾ ਥੋਹਰ ਦੇ ਡੰਡੇ ਵਿਚ ਭਰਕੇ ਫੂਕਦੇ ਹਨ।

Digitized by Panjab Digital Library | www.panjabdigilib.org

ਗੋਪਯ ਸੇਤੀ ਖਰਲ ਕਰਾਇ। ਗੁਟਕਾ ਮਾਖ ਬਰਾਬਰ ਥਾਇ ॥੨੯੮॥
ਤੁਰਸਾਈ ਸੋ ਖਾਵੇ ਕੋਇ। ਤ੍ਰਿਯਾ ਜਲੋਦਰ ਨਾਸ ਕਰੋਇ।
ਗਵਯੋਧਨ ਸੋ ਪਥ ਕਰਾਇ। ਤ੍ਰਿਯ ਜਲੋਧਰ ਰਸ ਜੁ ਕਹਾਇ ॥੨੯੯॥

੨੩੩੬–ਪਾਰਾ, ਨੀਲਾ ਥੋਥਾ, ਮਘ; ਜਮਾਲਗੋਟਾ, ਅਰ ਅੰਮਲਤਾਸ ਦਾ ਗੁੱਦਾ ਗੋਕੇ ਦੁਧ ਨਾਲ ਘੋਟਕੇ ਮਾਸੇ ਪ੍ਰਮਾਣ ਗੋਲੀ ਤੁਰਸ਼ ਚੀਜ਼ ਨਾਲ ਖਾਵੇ ਤਾਂ ਇਸਤ੍ਰੀ ਦਾ ਜਲੋਧਰ ਰੋਗ ਨਾਸ ਕਰੇ। ਗੋਕਾ ਦੁਧ ਤੇ ਚਾਵਲ ਪਥ ਖੁਲਾਵੇ। ਇਸਦਾ ਨਾਮ "ਇਸਤ੍ਰੀ ਜਲੋਧਰ ਰਸ" ਹੈ ॥੨੯੮॥੨੯੯॥

ਉਦਰ ਰੋਗੇ ਪੱਥ–ਗੀਤਕਾ ਛੰਦ

ਬਿਰੇਚ ਲੰਘਨ ਕੁਲਥ ਮੁਗਦਾ,ਅਰੁਣ ਸਾਲ ਬਖਾਨਿਯੇ।
ਲਸਨ ਤਕ੍ਰ ਰੁਬਕ ਤੇਲਾ, ਚਨਕ *ਬਕੁਲਾ ਮਾਨਿਯੇ।
ਤੰਬੂਲ ਸਿਗ੍ਰ ਸਰਬ †ਸਾਕਾ,ਦੂਧ ਘ੍ਰਿਤ ਜਵ ਆਨੀਏ।
ਅਜਾ ਖਰ ਮਹਿਖੀ ਸੁ ਉਸਟਰ, ਮੂਤ੍ਰ ਚਾਰਨ ਠਾਨੀਏ ॥੩੦੦॥
ਚੌਪਈ– ਨਾਭ ਹੇਠ ਦੋ ਅੰਗੁਲ ਜਾਨ। ਨਸਤ੍ਰ ਲਾਵੇ ਤਾਕੋ ਠਾਨ।
ਮਿਟੈ ਜਲੋਧਰ ਪਥ ਕਹਾਈ। ਬੇਧੋ ਧਮਨੀ ਜੋ ਬਿਧਿਥਾਈ॥੩੦੧॥

੧੩੩੭–ਦਸਤ, ਫਾਕੇ ਕੁਲਥ, ਮੂੰਗ, ਲਾਲ ਭਾਵ ਸਠੀ ਦੇ ਚਾਵਲ ਲਸਨ, ਲੱਸੀ, ਇਰਿੰਡ ਦਾ ਤੇਲ, ਛੋਲਿਆਂ ਦੀਆਂ *ਬਕੁਲੀਆ (ਘੁੰਘਣੀਆਂ) ਪਾਨ ਬੀੜੇ, ਸੁਹਾਂਜਣਾਂ; ਸਰਬ ਸਾਕਾ ਕਹੀਏ ਸਾਲਿੰਚ ਦਾ ਸਾਗ, ਜਿਸਨੂੰ ਸ਼ਾਂਤੀ ਸਾਗ ਭੀ ਦੇਸਾਂਤ੍ਰ†ਵਿਚ ਬੋਲਦੇ ਹਨ। ਦੁਧ, ਘ੍ਰਿਤ, ਜੌਂ, ਬਕਰੀ, ਖੋਤੀ, ਮਹੀਂ, ਊਠਣੀ ਇਨ੍ਹਾਂ ਚਾਰਾਂ ਦੇ ਮੂਤ੍ਰ ਪੀਵੇ ਇਹ ਸਭ ਪਥ ਹਨ।

੧੩੩੮–ਹੋਰ ਨਾਭੀ ਹੇਠੋਂ ਦੋ ਉਂਗਲੀਆਂ ਦੇ ਅੰਦਾਜ਼ ਨਸਤ੍ਰ ਮਾਰਕੇ ਨਾੜੀ ਬੇਧੇ, ਜਲ ਕਢ ਦੇਵੇ ਤਾਂ ਭੀ ਜਲੋਧਰ ਮਿਟਦਾ ਹੈ ॥੩੦੦॥੩੦੧॥

ਕੁਪੱਥ–ਗੀਤਕਾ ਛੰਦ

ਸਨੇਹ ਧੂਮ ਸੁ ਪਾਨ ਜਲ ਪਿਵ,ਛਰਦ ਨੀਂਦ ਦਿਨਾਨਹੀ।
ਬਯਾਯਾਮ ਗੁੜ ਅਨੂਪ ਮਾਸੰ, ਯਾਨ ਤਿਲ ਇਸਨਾਨਹੀ।
ਸਾਕ ਪਤ੍ਰੇ ਸਮੰ ਧਾਨਜੰ, ਦੁਸ਼ਟ ਨੀਰ ਗੁਰਾਨਹੀ।
ਬਿਸਟੰਭ ਅੰਨ ਬਿਰੁੱਧ ਜਾਨੇ, ਏ ਕੁਪੱਥ ਬਖਾਨਹੀ ॥੩੦੨॥

੧੩੩੯–ਸਨੇਹਕ੍ਰਮ, ਧੂੰਆਂ ਪਿਲਾਨਾ, ਜਲ ਪੀਣਾ,ਕੈ, ਦਿਨ ਦਾ ਸੌਣਾ,ਕਸਰਤ, ਗੁੜ,ਅਨੂਪਜ

---

*ਏਥੇ ਬਕੁਲਾ–ਮੌਲਸਰੀ ਆਦਿ ਕਲਪਨਾ ਅਯੋਗ ਹੈ ਕਿਉਂਕਿ ਪਥਯਾਪਥ ਵਿਚ ਹੈ ਨਹੀਂ।
†ਇਹ ਸਾਗ ਬੰਗਾਲ ਵਿਚ ਪ੍ਰਸਿੱਧ ਹੈ।

Digitized by Panjab Digital Library | www.panjabdigilib.org

ਦੇਸ ਦੇ ਜਾਨਵਰਾਂ ਦਾ ਮਾਂਸ, ਸਵਾਰੀ ਕਰਨਾ, ਤਿਲ ਸਨਾਨ, *ਪਤਿਆਂ ਦਾ ਸਾਗ, ‡ਸ਼ਮੀਧਾਨ, ਖਰਾਬ ਪਾਣੀ, ਭਾਰੀ ਅੰਨ, ਕਬਜੀ ਕਾਰਕ ਅਰ ਵਿਰੁਧ ਖਾਣੇ ਜਿਹ ਸਭ ਕੁਪਥ ਹਨ॥੩੦੨॥

ਅਥ ਸੋਥ ਨਿਦਾਨ-ਗੀਤਕਾ ਛੰਦ

ਰੋਗੁ ਲੰਘਨ ਕ੍ਰਿਸ ਜੁ ਖਾਰਾ, ਜੁ ਰਸ ਤੀਖਨ ਭਾਰੀਆ।
ਗਰਮ ਬਲਖੈ ਦਹੀ ਮਾਟੀ, ਬਿਰੁਧ ਬਸਤ ਅਹਾਰੀਆ।
ਅਸੁਸ਼ਟ ਖਾਵੈ ਜਹਿਰ ਕੋਈ, ਸੋਥ ਹੋਵਤ ਯਾਹਿ ਤੇ।
ਰਕਤ ਬਾਤ ਜੁ ਕਫੈ ਦੂਖੈ, ਬਾਤ ਸੋਥ ਸੁ ਵਾਹਿਤੇ॥੩੦੩॥
ਬਾਤ ਪਿਤ ਜੁ ਕਫੈ ਤੀਨੋ, ਤੀਨ ਦੂੰਦਜ ਜਾਨੀਏ।
ਤੀਨ ਦੋਖ ਤੇ ਸਾਤਮੀ ਹੈ, ਚੋਟ ਆਠਮ ਮਾਨੀਏ।
ਜਹਿਰ ਤੇ ਨਵਮੀ ਬਖਾਨੀ, ਮਾਧਵੈ ਤੇ ਜਾਨੀਏ।
ਅਬ ਸੁਨੋ ਲਛਨ ਸਭਨਿ ਕੇਰੇ, ਪੰਡਤਹਿ ਮਨ ਮਾਨੀਏ॥੩੦੪॥

ਰੋਗ ਹੋਵੇ ਫਿਰ ਕੁਝ ਨਾ ਖਾਵੇ, ਇਸ ਕਰਕੇ ਪੁਰਖ ਕ੍ਰਿਸ਼ ਅਰਥਾਤ ਬਲਹੀਨ ਹੋ ਗਿਆ ਹੋਵੇ, ਫਿਰ ਖਾਰਾਂ, ਤੀਖਣਰਸ, ਭਾਰੀ ਤੇ ਗਰਮ ਖਾਣੇ ਕਰ ਬਲ ਨਾਸ ਹੋ ਜਾਵੇ, ਦਹੀ, ਮਿੱਟੀ ਤੇ ਬਿਰੁਧ ਬਸਤਾਂ ਖਾਵੇ ਅਸੁਸ਼ਟ ਕਹੀਏ ਨਾਂ ਸੁਸ਼ਟ ਭਾਵ ਖਰਾਬ ਅੰਨਾਦਿ ਯਾ ਜ਼ਹਰ ਖਾਵੇ, ਇਨ੍ਹਾਂ ਕਾਰਣਾਂ ਕਰਕੇ (ਸੋਥ) ਹੋ ਜਾਂਦੀ ਹੈ। ਸੋ ਰਕਤ ਪਿਤ ਅਰ ਕਫ ਨੂੰ ਦੁਸ਼ਟ ਕਰ ਦੇਵੇ। ਸੋ ਬਾਹਰ ਦੀਆਂ ਨਸਾਂ ਵਿਚ ਧਸਕੇ ਇਸਦੀ ਗਤੀ ਨੂੰ ਰੋਕ ਦੇਵੇ, ਤਾਂ ਵਾਯੂ ਤੁਚਾਂ ਮਾਂਸ ਨੂੰ ਉੱਚਾ ਕਰ ਦਿੰਦੀ ਹੈ ਤਾਂ ਇਨ੍ਹਾਂ ਤੇ ਸੋਥ (ਸੋਜ) ਹੋ ਜਾਂਦੀ ਹੈ। ਸੋ ਬਾਤ ਦੀ,ਪਿਤ ਦੀ, ਕਫ ਦੀ ਇਹ ਤਿੰਨ, ਇਸੇ ਤਰਾਂ ਦੂੰਦਜ ਦੀ ਭੀ ਤਿੰਨ ਮਿਲਾਕੇ ਹੋਈਆਂ ਛੇ। ਤ੍ਰਿਦੋਖ ਦੀ ਸਤਮੀ ਚੋਟ ਆਦਿ ਦੀ ਅਠਮੀ, ਇਸੇ ਤਰਾਂ ਜ਼ਹਰ ਦੀ ਨੌਮੀ। ਇਉਂ ਮਾਧਵ ਵਿਚ ਨੌ ਪ੍ਰਕਾਰ ਦੀ ਸੋਜ ਕਹੀ ਹੈ। ਇਸ ਦੇ ਲਛਣ ਇਹ ਹਨ-॥੩੦੩॥੩੦੪॥

ਬਾਤ ਸੋਥ ਲੱਛਣ-ਸੋਰਠਾ

ਰੂਖਾ ਕਿਸਨ ਸਰੀਰ, ਦਾਰੁਨ ਰੋਮ ਸੰਕੋਚ ਹੁਇ।
ਬਾਤ ਸੋਜ ਸੁਨਿ ਬੀਰ, ਪੰਡਿਤ ਲਖੋ ਬਿਚਾਰ ਕਰ॥੩੦੫॥

ਚਮੜੀ ਦੀ ਪ੍ਰਭਾ ਰੁਖੀ, ਕਾਲੀ ਸਰੀਰ ਭਯਾਨਕ; ਰੋਮ ਖੜੇ ਹਣੇ, ਕਦੇ ੨ ਹਟ ਜਾਣੇ। ਇਹ ਬਾਤ ਸੋਥ ਦੇ ਲੱਛਣ ਹੁੰਦੇ ਹਨ॥੩੦੫॥

ਪਿਤ ਸੋਥ ਲੱਛਣ-ਦੋਹਰਾ

ਤ੍ਰਿਸਨਾ ਜੁਰ ਅਤਿ ਦਾਹ ਭਨਿ, ਤਾਂਬਰ ਬਰਨ ਸਰੀਰ।

---

*ਜੇਕਰ ਪਥਾਂ ਵਿਚ ਸਰਬ ਦਾ ਸਾਗ ਦਾ ਅਰਥ ਸਭ ਤਰ੍ਹਾਂ ਦੇ ਸਾਗ ਹੋਵੇ ਤਾਂ ਕੁਪਥਾਂ ਵਿਚ ਕਿਸ ਤਰ੍ਹਾਂ ਸਾਗ ਬੰਦ ਕੀਤਾ ਜਾਵੇ। ਇਸਤੇ ਇਹ ਅਰਥ ਅਯੁਕਤ ਹੈ।

‡ਸਮੀਧਾਨਜ-ਉਹ ਅਨਾਜ ਹਨ,ਜੇਹੜੇ ਫਲੀਆਂ ਵਿਚੋਂ ਨਿਕਲਨ,ਜਿਸ ਤਰ੍ਹਾਂ ਮਾਂਹ ਮੋਠ ਹਨ।

Digitized by Panjab Digital Library | www.panjabdigilib.org

ਮੰਦ ਜੁਰੀ ਰੋਮਾਂਚ ਤਨ, ਸ੍ਵੇਤ ਪਿਤ ਭਨਿ ਧੀਰ ॥੩੦੬॥

ਪਜਾਸ ਤਾਪ; ਅਤਯੰਤ ਦਾਹ, ਸਰੀਰ ਦੀ ਰੰਗਤ ਤਾਂਬੇ ਜੇਹੀ, ਮੰਦਜ੍ਵਰੀ ਹਰ ਵਕਤ ਰਹਿਣੀ' ਰੋਮਾਂਚ ਅਰ ਸਰੀਰ ਸਫੈਦ ਇਹ ਪਿਤ ਦੀ ਸੋਥ ਕਹੀ ਜਾਂਦੀ ਹੈ ॥੩੦੬॥

ਕਫ ਸੋਥ ਲਛਣ–ਦੋਹਰਾ

ਕਠਨ ਪਾਂਡੁਤਾ ਗੁਰ ਬਮਨਿ, ਮੰਦਾਗਨਿ ਕੰਡੁ ਨੀਂਦ।
ਸਥੂਲ ਸਕਲ ਸਰੀਰ ਲਖ, ਕਫ ਲਛਨਿ ਭਨਿ ਈਦ ॥੩੦੭॥

ਕਰੜੀ, ਪਾਂਡੂ ਰੰਗ ਦੀ ਭਾਰੀ ਹੁੰਦੀ ਹੈ ਇਸ ਵਿਚ ਕੈ ਔਣੀ; ਮੰਦਾਗਣੀ; ਖੁਰਕ ਨੀਂਦ; ਸਥੂਲਤਾ ਸਾਰੇ ਸਰੀਰ ਪਰ ਹੁੰਦੀ ਹੈ। ਇਹ ਲੱਛਣ ਕਫ ਸੋਥ ਦੇ ਕਹੇ ਜਾਂਦੇ ਹਨ ॥੩੦੭॥

ਤ੍ਰਿਦੋਖ ਸੰਥ ਲੱਛਨ–ਸੋਰਠਾ

ਤੀਨ ਦੋਖ ਇਕ ਠੌਰ, ਬਾਤ ਪਿਤ ਕਫ ਚਿੰਨ ਮਿਲ।
ਭੇਦੁ ਨ ਕੋਈ ਔਰ, ਤੀਨ ਦੋਖ ਲਛਨ ਲਖੋ ॥੩੦੮॥
ਜਹਾਂ ਮਿਲਤ ਹੈ ਦੋਇ, ਸੋਊ ਦੁੰਦਜ ਸੋਥ ਲਖਿ।
ਸਾਤ ਕਹੇ ਹੈਂ ਸੋਇ, ਬਿਖ ਚੋਟੇ ਤੇ ਨਵ ਭਨਾ ॥੩੦੯॥

ਤਿੰਨੇ ਦੋਖ ਇੱਕ ਥਾਂ, ਅਰਥਾਤ ਬਾਤ, ਪਿਤ ਤੇ ਕਫ ਦੇ ਚਿੰਨ੍ਹ ਮਿਲ ਜਾਵੇ ਤਾਂ ਤਿੰਨਾਂ ਦੋਖਾਂ ਦੇ ਹੀ ਲੱਛਨ ਜਾਨਣੇ, ਇਸ ਵਿਚ ਹੋਰ ਕੋਈ ਭੇਦ ਨਹੀਂ; ਸੋ ਸੋਜ ਤ੍ਰਿਦੋਖ ਦੀ ਹੈ। ਜਿਸ ਜਗ੍ਹਾ ਦੋ ਦੋ ਦੋਖਾਂ ਦੇ ਲੱਛਣ ਮਿਲ ਜਾਣ, ਸੋ ਦੁੰਦਜ ਸੋਥ ਕਹੀ ਜਾਂਦੀ ਹੈ। ਸੋ ਇਹ ਸੋਥ ਸੱਤ ਪ੍ਰਕਾਰ ਦੀ ਕਹੀ ਹੈ, ਇਸ ਵਿਚ ਵਿਖ ਦੀ ਅਠਵੀਂ ਅਰ ਚੋਟ ਆਦਿ ਦੀ ਨਵਮੀ ਜਾਣ ਲਵੋ।

ਸੋਥ ਉਪਦ੍ਰਵ–ਚੌਪਈ

ਨਰ ਪਦ ਤਿਯ ਮੁਖ ਕਰ ਮੈ ਬੁਰੀ। ਛਰਦ ਸ੍ਵਾਸ ਤ੍ਰਿਸਨਾ ਅਤਿ ਜੁਰੀ।
ਦੁਰਬਲ ਭੂਖ ਮੰਦ ਅਤਿਸਾਰ। ਸਾਤ ਉਪਦ੍ਰਵ ਸੋਥ ਬਿਕਾਰ ॥੩੧੦॥

ਜੇ ਸੋਜ ਆਦਮੀ ਦੇ ਪੈਰੀਂ; ਇਸਤ੍ਰੀ ਦੇ ਮੂੰਹ ਪਰ ਹੋਵੇ ਤਾਂ ਬੁਰੀ ਹੈ। ਹੋਰ ਕੈ, ਸ੍ਵਾਸ, ਪਿਆਸ, ਤਪ; ਦੁਰਬਲ ਨੂੰ ਹੋਵੇ, ਭੁੱਖ ਮੰਦ ਪੈ ਗਈ ਹੋਵੇ, ਅਰ ਅਤੀਸਾਰ ਔਣ ਤਾਂ ਇਹ ਸੋਥ ਦੇ ੭ ਉਪਦ੍ਰਵ ਹਨ ॥ ੩੧੦ ॥

ਅਥ ਬਾਤ ਸੋਥ ਉਪਾਇ (ਵੰਗਸੇਨਾਤ)–ਚੌਪਈ

ਪੰਚ ਮੂਲ ਬਿਸਖਪਰਾ ਸੁੰਠਿ। ਏਰੰਡ ਛਿੰਨਾ ਚੂਰਨ ਗੁੰਠ।
ਜਲ ਸੋ ਪ੍ਰਾਤਹਿ ਪੀਵਤ ਕੋਇ। ਬਾਤ ਸੋਥ ਕਾ ਨਾਮ ਨ ਹੋਇ ॥੩੧੧॥

੧੩੪੦–ਪੰਜਮੂਲ (ਸੋਨਾਕ, ਬਿਲ ਕੁੰਭਾਰੀ, ਧਾਟਲਾ, ਅਰਣੀ) ਇਟਸਿਟ, ਸੁੰਢ, ਏਰਿੰਡ ਤੇ ਗਿਲੋਯ ਸਮਾਨ ਭਾਗ ਲੈ ਕੇ ਚੂਰਨ ਕਰੇ, ਅਰ ਜਲ ਨਾਲ ਪ੍ਰਾਤਾਕਾਲ ਖਾਵੇ ਤਾਂ ਬਾਤ ਦੀ ਸੋਥ ਦਾ ਨਾਸ ਹੋਵੇ ॥ ੩੧੧ ॥

Digitized by Panjab Digital Library | www.panjabdigilib.org

ਲੇਪ

ਚੰਦਨ ਦੂਰਬਾ *ਮਧੁ ਪਦਮਾਖ। †ਮੂਲੀ ਜਟਾ ਉਸੀਰ ਜੁ ਭਾਖ।
ਬਾਲਾ ਕਮਲ ਪੀਸ ਜਲ ਸੰਗ। ਸੋਥ ਬਾਤ ਲੇਪੇ ਤੇ ਭੰਗ ॥੩੧੨॥

੧੩੪੧–ਚੰਦਨ, ਖੱਬਲ, *ਮੁਲੱਠੀ, ਪਦਮਾਖ, ਮੂਲੀ †ਜਟਾ ਕਹੀਏ ਨੜੇ ਦੀ ਜੜ੍ਹ, ਖੱਸ ਮੁਸ਼ਕਬਾਲਾ ਤੇ ਕਮਲਡੋਡੇ, ਜਲ ਨਾਲ ਪੀਹਕੇ ਬਾਤ ਦੀ ਸੋਥ ਪਰ ਲੇਪ ਕਰੇ ਤਾਂ ਨਾਸ਼ ਹੋਵੇ ॥੩੧੨॥

ਮਾਸ ਅਰਧ ਤ੍ਰਿਵਤਾ ਜਲ ਸੰਗ। ਬਾਤ ਸੋਥ ਨਾਸੈ ਸਰਬੰਗ।
ਤੇਲ ਇਰੰਡ ਪੀਵੈ ਜੋ ਕੋਇ। ਬਾਤ ਸੋਥ ਜੜ ਕਾਟੈ ਸੋਇ ॥੩੧੩॥

੧੩੪੨–ਅੱਧਾ ਮਾਸਾ ਤ੍ਰਿਵੀ ਜਲ ਨਾਲ ਨਿਤ (੧ ਮਹੀਨਾ ਭਰ) ਖਾਵੇ ਤਾਂ ਬਾਤ ਦੀ ਸੋਥ ਜਾਵੇ।
੧੩੪੩–ਇਰਿੰਡ ਦਾ ਤੇਲ ਜੇਹੜਾ ਕੋਈ ਪੀਵੇ ਤਾਂ ਬਾਤ ਜੰਨ ਸੋਥ ਜੜ੍ਹ ਕਟ ਲਵੇ ॥੩੧੩॥

ਸੁੰਠੀ ਇਟਸਿਟ ਪੰਚੇ ਮੂਰ। ਜਟਾ ਇਰੰਡ ਜੁ ਮਾਹੇ ਪੂਰ।
ਕ੍ਵਾਥ ਕਟੀ ਪੀਵੇ ਪਰਭਾਤ। ਮਿਟਤ ਜਾਨੀਓ ਸੋਥ ਸੁ ਬਾਤ ॥੩੧੪॥

੧੩੪੪–ਸੁੰਢ, ਇਟਸਿਟ, ਪੰਜੇ ਮੂਲ ਅਰ ਅਰਿੰਡ ਦੀ ਜੜ੍ਹ ਪਾਕੇ ਕਾੜ੍ਹਾ ਕਰਕੇ ਪ੍ਰਾਤਾਕਾਲ ਪੀਵੇ ਤਾਂ ਬਾਤ ਦੀ ਸੋਥ ਨਾਸ ਕਰੇ ॥੩੧੪॥

ਇਟਸਿਟ ਪਥਜਾ ਨਾਗਰ ਦਾਰੁ। ਸੂਕੀ ਮੂਲੀ ਕਲਕ ਬਿਚਾਰ।
ਘ੍ਰਿਤ ਸੰਗ ਪੀਵਤ ਜੋ ਨਰ ਨਾਰ। ਬਾਤ ਸੋਥ ਕੀ ਪੀਰਾ ਟਾਰ ॥੩੧੫॥

੧੩੪੫–ਇਟਸਿਟ, ਹਰੜ ਸੁੰਢ, ਦੇਵਦਾਰ ਤੇ ਸੁੱਕੀ ਮੂਲੀ ਦਾ ਕਲਕ ਕਰਕੇ (ਗਰਮ ਕਰੇ) ਅਰ ਫਿਰ ਘਿਉ ਪਾ ਕੇ ਪੁਰਸ਼ ਇਸਤ੍ਰੀ ਕੋਈ ਪੀਵੇ ਤਾਂ ਬਾਤ ਦੀ ਸੋਥ ਨਾਸ ਕਰੇ ॥੩੧੫॥

ਪਿਤ ਸੋਥ ਉਪਾਯ–ਦੋਹਰਾ

ਤ੍ਰਿਫਲ ਕ੍ਵਾਥ ਗੋ ਮੂਤ੍ਰ ਸੰਗ, ਪਿਤ ਸੋਥ ਮਿਟ ਜਾਇ।
ਤ੍ਰਿਫਲ ਪਟੋਲੀ ਕ੍ਵਾਥ ਪਿਵ, ਪਿਤ ਸੋਥ ਸਭ ਕਾਇ ॥੩੧੬॥

੧੩੪੬–ਤ੍ਰਿਫਲੇ ਦਾ ਕਾੜ੍ਹਾ ਗਊਮੂਤ੍ਰ ਵਿਚ ਕਰਕੇ ਪੀਵੇ ਤਾਂ ਪਿਤ ਦੀ ਸੋਥ ਨਾਸ ਹੋਵੇ।
੧੩੪੭–ਤ੍ਰਿਫਲਾ ਅਰ ਪਟੋਲ ਪਤ੍ਰ ਦਾ ਕ੍ਵਾਥ ਕਰਕੇ ਪੀਵੇ ਤਾਂ ਪਿਤ ਦੀ ਸੋਥ ਸਭ ਸਰੀਰ ਦੀ ਨਾਸ਼ ਕਰੇ ॥੩੧੬॥

ਦਾਰਵੀ ਕ੍ਵਾਥੈ ਪੁਰ ਬਿਲੀ, ਪੀਵਤ ਉਠ ਪਰਭਾਤ।
ਪਿਤ ਸੋਥ ਜੁਰ ਦਾਹ ਤ੍ਰਿਟ, ਛਿਨ ਮਹਿ ਜਾਨੋ ਜਾਤ ॥੩੧੭॥

---

*ਮਧੁ ਕਰਕੇ ਸ਼ਹਿਤ ਨਹੀਂ ਮੁਲੱਠੀ ਹੈ।

†ਭ੍ਰਮ ਨਿਬ੍ਰਿਤੀ ਯੋਗ ਚਿੰਤਾਮਣੀ ਪ੍ਰਿ: ੨੦੯ ਦੇਖਕੇ ਕਰੇ। ਅਗਯਾਨੀ ਟੀਕਾਕਾਰਾਂ ਦੀ ਡੰਗੇਰੀ ਫੜਕੇ ਨਾ ਤੁਰੇ। ਮੂਲੀਜਟਾ, ਏਥੇ ਨੜੇ ਦੀ ਜੜ੍ਹ ਦਾ ਨਾਮ ਹੀ ਹੈ।

Digitized by Panjab Digital Library | www.panjabdigilib.org

੧੩੪੮–ਦਾਰਹਲਧੀ ਦੇ ਕਾੜ੍ਹੇ ਵਿਚ ਗੁਗਲ ਪਾਕੇ ਪ੍ਰਾਤਾਕਾਲ ਪੀਵੇ ਤਾਂ ਪਿਤ ਦੀ ਸੋਥ ਤਾਪ ਦਾਹ ਤੇ ਪਿਆਸ ਛਿਨਮਾਤ੍ਰ ਵਿਚ ਨਾਸ ਕਰੇ ॥੩੧੭॥

(ਵੰਗਸੇਨਾਤ)

ਨਿਰਗੁੰਡੀ ਤ੍ਰਿਫਲਾ ਗਹੀ, ਕਰੋ ਕ੍ਵਾਥ ਨੇ ਪੀਤ।
ਪਿਤ ਸੋਥ ਮਿਟ ਜਾਤ ਹੈ, ਬੰਗਸੈਨ ਭਨ ਮੀਤ ॥੩੧੮॥

੧੩੪੯–ਸੰਭਾਲੂਪੱਤ੍ਰ ਅਰ ਤ੍ਰਿਫਲਾ ਲੈਕੇ ਕਾੜ੍ਹਾ ਕਰਕੇ ਪੀਵੇ ਤਾਂ ਪਿੱਤ ਦੀ ਸੋਥ ਨਾਸ ਕਰੇ, ਇਹ ਵੰਗਸ਼ੇਨ ਵਿੱਚ ਲਿਖਿਆ ਹੈ ॥੩੧੮॥

ਚੂਰਣ (ਬ੍ਰਿੰਦਾਤ)–ਦੋਹਰਾ

ਸੁੰਠ ਦਾਰ ਬਿਸੁਖਪਰਾ, ਪਯ ਸੋ ਪੀਵੋ ਜਾਇ।
ਪਿਤ ਸੋਥ ਕਾ ਨਾਸ ਹੁਇ ਬ੍ਰਿੰਦੈ ਦੀਓ ਬਤਾਇ ॥੩੧੯॥

੧੩੫੦–ਸੁੰਢ, ਦੇਵਦਾਰ ਤੇ ਇਟਸਿਟ ਘੋਟਕੇ ਚੂਰਣ ਕਰੇ ਅਰ ਦੁੱਧ ਨਾਲ ਖਾਵੇ ਤਾਂ ਪਿਤ ਦਾ ਸੋਥ ਦਾ ਨਾਸ ਕਰੇ ॥੩੧੯॥

ਕਫ ਸੋਥ ਉਪਾਇ (ਬ੍ਰਿੰਦਾਤ)

ਪਥਜਾ ਤ੍ਰਿਵਤਾ ਦਾਰੁ ਲੈ, ਕਲਕੈ ਗੁਗਲ ਪਾਇ।
ਕਫੀ ਸੋਥ ਕਾ ਨਾਸ ਹੁਇ, ਬ੍ਰਿੰਦੈ ਦੀਓ ਬਤਾਇ ॥੩੨੦॥

੧੩੫੧–ਹਰੜ, ਤ੍ਰਿਵੀ ਤੇ ਦੇਵਦਾਰ ਲੈਕੇ ਕਲਕ ਕਰੇ ਅਰ ਗੁੱਗਲ ਪਾਕੇ ਪੀਵੇ ਤਾਂ ਕਫ ਦੀ ਸੋਜ ਨਾਸ ਕਰੇ ॥੩੨੦॥

(ਵੰਗਸੇਨਾਤ)–ਚੌਪਈ

ਇਟਸ਼ਿਟ ਸੁੰਠੀ ਤ੍ਰਿਵਿਤਾ ਦਾਰੁ। ਛਿੰਨਾ ਬਕਲਾ ਕ੍ਵਾਥ ਬਿਚਾਰ।
ਗੋ ਮੂਤ੍ਰ ਸੋ ਪੀਵੇ ਕ੍ਵਾਥ। ਕਫ ਕੀ ਸੋਥ ਮਿਟਤ ਹੈ ਆਥ ॥੩੨੧॥

੧੩੫੨–ਇਟਸਿਟ, ਸੁੰਢ, ਤ੍ਰਿਵੀ, ਦੇਵਦਾਰ, ਗਿਲੋਯ ਤੇ ਮੌਲਸ਼ਰੀ ਸੱਭੇ ਇੱਕ ਸਮਾਨ ਲੈਕੇ ਕਾੜ੍ਹਾ ਕਰਕੇ ਗਊਮੂਤ੍ਰ ਪਾਇ ਪੀਵੇ ਤਾਂ ਕਫ ਦੀ ਸੋਜ ਨਾਸ ਹੋਵੇ ॥੩੨੧॥

ਤ੍ਰਿਕਤਿ ਰੋਹਨੀ ਤ੍ਰਿਵਿਤਾ ਬਯੋਖ। ਲੋਹਚੂਨ ਪਾਵੋ ਸਮ ਸੋਖ।
ਤ੍ਰਿਫਲੇ ਰਸ ਹੋ ਪੀਵਤ ਏਹ। ਕਫ ਕੀ ਸੋਥ ਗਵਾਵੈ ਤੇਹ ॥੩੨੨॥

੧੩੫੩–ਤ੍ਰਿਕਤ ਰੋਹਣੀ ਕਹੀਏ ਕੁਟਕੀ, ਤ੍ਰਿਵੀ, ਮਘ; ਮ੍ਰਿਚ, ਸੁੰਢ ਅਰ ਮਾਰਿਆ ਲੋਹਾ, ਸਮਾਨ ਭਾਗ ਲੈਕੇ ਤ੍ਰਿਫਲੇ ਦੇ ਰਸ ਨਾਲ ਪੀਵੇ ਤਾਂ ਕਫ ਦੀ ਸੋਜ ਨੂੰ ਨਾਸ ਕਰੇ ॥੩੨੨॥

ਨਾਗਰੁ ਇੰਦ੍ਰਜਵ ਬਚਦਾਰੁ। ਅਤਿ ਬਿਖ ਬਾਇਬੜਿੰਗਹਿ ਡਾਰ।
ਉਸਨ ਨੀਰ ਸੋ ਅੱਖਧ ਪ੍ਰਮਾਨ। ਕਫ ਕੀ ਸੋਥ ਕਰਤ ਹੈ ਹਾਨ॥੩੨੩॥

Digitized by Panjab Digital Library | www.panjabdigilib.org

੧੩੫੪-ਸੁੰਢ, ਇੰਦ੍ਰਜੌਂ, ਵਚ, ਦੇਵਦਾਰ, ਪਤੀਸ ਤੇ ਬਾਇਵੜਿੰਗ ਸਮਾਨ ਭਾਗ ਲੈਕੇ ਪੀਹੇ ਅਰ ੧੦ ਮਾਸੇ ਪ੍ਰਮਾਣ ਗਰਮ ਜਲ ਨਾਲ ਖਾਵੇ, ਕਫ ਦੀ ਸੋਜ ਨੂੰ ਨਾਸ ਕਰੇ ।।੩੨੩।।

ਉਸਨ ਨੀਰ ਸੋ ਇਟਸਿਟ ਖਾਇ। ਗਊ ਮੂਤ੍ਰ ਸੋ ਹਰੜ ਦਿਵਾਇ।
ਕ੍ਰਿਸਨਾ ਭਾਵਨ ਥੋਹਰ ਖੀਰ। ਗੋਮੂਤ੍ਰ ਸੋ ਕਫ ਮਿਟ ਪੀਰ ॥੩੨੪॥

੧੩੫੫-ਗਰਮ ਜਲ ਨਾਲ ਇਟਸਿਟ ਖਾਵੇ। ਯਾ:-

੧੩੫੬-ਗਊਮੂਤ੍ਰ ਨਾਲ ਹਰੜ ਖਾਵੇ। ਯਾ:-

੧੩੫੭-ਮਘਾਂ ਨੂੰ ਥੋਹਰ ਦੇ ਦੁੱਧ ਦੀਆਂ ਭਾਵਨਾਂ ਦੇਵੇ, ਫਿਰ ਗਊਮੂਤ੍ਰ ਨਾਲ ਖਾਵੇ ਤਾਂ ਕਫ ਦੀ ਸੋਜ ਨਾਸ ਕਰੇ ।।੩੨੪।।

ਤ੍ਰਿਦੋਖ ਸੋਥ ਉਪਾਇ—ਦੋਹਰਾ

ਸਿਲਾਜੀਤ ਰਸ ਤ੍ਰਿਫਲ ਕੇ, ਪੀਵਤ ਉਠ ਪਰਭਾਤ।
ਤੀਨ ਦੋਖ ਕੀ ਸੋਥ ਕੋ, ਛਿਨ ਮਹਿ ਕਰਤਾ ਘਾਤ ॥੩੨੫॥

੧੩੫੮-ਸਿਲਾਜ਼ੀਤ, ਤ੍ਰਿਫਲੇ ਦੇ ਰਸ ਨਾਲ ਪ੍ਰਾਤਾਕਾਲ ਉਠਕੇ ਪੀਵੇ ਤਾਂ ਤ੍ਰਿਦੋਖ ਦੀ ਸੋਜ ਪਲਕ ਵਿਚ ਨਾਸ ਕਰ ।।੩੨੫।।

ਚੌਪਈ

ਕਨਾ ਪਾਠ ਗਜ ਕ੍ਰਿਸਨਾ ਚਿਤਾ। ਗੰਥਕ ਸੁੰਠਿ ਕੰਟਾਰੀ ਲਿਤਾ।
ਨਿਸ ਘਨ ਜੀਰਾ ਚੂਰਨ ਕਰੋ। ਜਲ ਸੋ ਤੀਨ ਦੋਖ ਸੁਥ ਹਰੋ॥੩੨੬॥

੧੩੫੯-ਮਘ, ਪਾਠਾ, ਲੰਬੀ ਮਘ, ਚਿਤ੍ਰਾ, ਪਿਪਲਾਂ ਮੂਲ, ਸੁੰਢ, ਕੰਡਿਆਰੀ, ਹਲਧੀ, ਮੋਥਾ ਤੇ ਜੀਰਾ ਸਮਾਨ ਭਾਗ ਲੈਕੇ ਚੂਰਣ ਕਰੇ, ਫਿਰ ਗਰਮ ਜਲ ਨਾਲ ਖਾਵੇ ਤਾਂ ਤ੍ਰਿਦੋਖ ਦੀ ਸੋਜ ਨਾਸ ਹੋਵੇ ।।੪੨੬।।

ਲੇਪ (ਯੋਗਚਿੰਤਾਮਣੀ ਮਤਾਤ)—ਚੌਪਈ

ਅਸਗੰਧ ਰਹਸਨ ਯਸਟੀ ਆਨ। ਇਟਸਿਟਿ ਹਰਨੌਲੀ ਗਿਰਿ ਠਾਨ।
ਸੂਕੀ ਮੂਲੀ ਸਲਲੈ ਲੇਪ। ਤੀਨ ਦੋਖ ਸੁਥ ਸੋਇ ਸੰਖੇਪ ॥੩੨੭॥

੧੩੬੦-ਅਸਗੰਧ, ਰਾਸਨਾ, ਮੁਲੱਠੀ, ਇਟਸਿਟ, ਅਰਿੰਡ ਬੀਜ ਦੀ ਗਿਰੀ ਅਰ ਸੁਕਾਈ ਹੋਈ ਮੂਲੀ, ਜਲ ਨਾਲ ਲੇਪੇ ਤਾਂ ਤ੍ਰਿਦੋਖ ਦੀ ਸੋਜ ਜਾਂਦੀ ਰਹੇ ।।੩੨੭।।

ਸਰਖਪ ਬਿਸਖਪਰਾ ਸੁੰਠੀ ਦਾਰੁ। ਸੌਭਾਂਜਨ ਪੀਸੋ ਜਲ ਡਾਰ।
ਜੋਗ ਚਿੰਤਾਮਨਿ ਭਾਖਯੋ ਲੇਪ। ਤੀਨ ਦੋਖ ਕਾ ਜਾਨੋ ਸੋਪ ॥੩੨੮॥

੧੩੬੧--ਸਰੋਂ, ਇਟਸਿਟ, ਸੁੰਢ, ਦੇਵਦਾਰ ਤੇ ਸੋਹਾਂਜਣਾ, ਜਲ ਪਾਕੇ ਪੀਹ ਲਵੇ ਅਰ ਖਾਵੇ ਤਾਂ ਤ੍ਰਿਦੋਖ ਦੀ ਸੋਜ ਨਾਸ ਕਰੇ, ਇਹ ਯੋਗ ਚਿੰਤ ਮਣੀ ਵਿਚ ਕਿਹਾ ਹੈ ।।੩੨੮।।

ਸਰਬ ਸੋਥ ਉਪਾਇ—ਗੀਆਮਾਲਤੀ ਛੰਦ

ਜੁਗ ਜਰਨ ਤ੍ਰਿਫਲਾ ਲਵਨ ਖ਼ਾਸਾ, ਕੁਠ ਪਾਠ ਬੜਿੰਗਏ।

Digitized by Panjab Digital Library | www.panjabdigilib.org

ਬ੍ਰਿਖ ਤੀਨ ਖਾਰ ਤ੍ਰਿਕੰਟਚਿਤ੍ਰਕ, ਛਿੰਨ ਬਚ ਗਨ ਹਿੰਗੁਏ।
ਜੜਿ ਮੂਰਵਾ ਸਟਿ ਜਾਯਫਲ ਲੈ, ਇਰੰਡ ਮੂਲ ਨੈਪਾਂਲਏ।
ਸੋਏ ਨਿਸਾਦਰ ਗ੍ਰੰਥਕੰ, ਅਜਵਾਇਨੰ ਪੁਨ ਡਾਲਏ ॥੩੨੯॥
ਫਟਕਰੀ ਸੁਰ ਕੁਸਮ ਏਲਾ, ਅਕਰਕਰ ਅਜਮਦੋਏ।
ਲੈ ਮੁਸੱਬਰ ਪੁਨ ਜਵਤ੍ਰੀ, ਪੀਸ ਚੂਰਨ ਸੋ ਦਏ।
ਟੰਕ ਦੈ ਜਲ ਉਸਨ ਖਾਵੈ, ਜਾਇ ਸੋਥ ਬਿਕਰਾਏ।
ਗੁਲਮ ਫੀਹਾ ਉਦਰ ਰੋਗਾ, ਸਭੀ ਹੋਹਿ ਬਿਜਾਰਏ ॥੩੩੦॥

੧੩੬੨--ਕੋਨੋਂ ਜੀਰੇ (ਕਾਲਾ ਤੇ ਚਿੱਟਾ) ਤ੍ਰਿਫਲਾ, ਲੂਣ, ਬਾਂਸਾ, ਕੁੱਠ, ਪਾਠਾ (ਬਹਿਕੜ), ਬਾਇਬੜਿੰਗ, ਬ੍ਰਿਖ ਕਹੀਏ ਰਿਖਭ ਔਖਧੀ, ਅਭਾਵ ਮੇਂ ਅਜਗੰਧ ਪਾਵੇ। ਤਿੰਨੇ ਖਾਰਾਂ (ਸੱਜੀ, ਸੁਹਾਗਾ ਜ਼ੋਂਖਾਰ) ਭਖੜਾ ਕਿਤ੍ਰਾ, ਗਿਲੋਯ ਵਚ, ਮੋਥਾ, ਹਿੰਗ, ‡ਪਿਲਖਣ, ਮੋੜਿਓਪਤ੍ਰ, ਕਚੂਰ; ਜਾਯਫਲ, ਇਰਿੰਡ ਦੀ ਜੜ੍ਹ, ਚਿਰੈਤਾ, ਸੋਏ, ਨਿਸਾਦਰ, ਪਿਪਲਾਮੂਲ, ਅਜਵਾਇਣ, ਫਟਕੜੀ, ਲੌਂਗ, ਇਲਾਚੀ, ਅਕਰਕਰਾ, ਅਜਮੱਦ; ਏਲੂਆ ਤੇ ਜਾਵਿਤ੍ਰੀ ਸਮਾਨ ਭਾਗ ਲੈਕੇ ਪੀਹਕੇ ਚੂਰਣ ਕਰ ਲਵੇ, ਇਸ ਵਿਚੋਂ ੨ ਟੰਕ (੮ ਮਾਸੇ) ਗਰਮ ਜਲ ਨਾਲ ਖਾਵੇ ਤਾਂ ਸੋਜ ਦਾ ਰੋਗ ਗੋਲਾ ਅਰ ਲਿਫ ਹੋਰ ਸਭ ਪੇਟ ਦੇ ਰੋਗ ਨਾਸ ਹੁੰਦੇ ਹਨ ॥੩੨੯॥

ਚੋਟ ਸੋਥ ਉਪਾਇ—ਦੋਹਰਾ

ਸੇਕ ਕੀਜੀਏ ਈਂਟ ਕੋ, ਵਾ ਲੋਗਰ ਕੋ ਠਾਨ।
ਅਥਵਾ ਦੇਵੋ ਲੂਨ ਕੋ, ਚੋਟ ਸੋਥ ਕੀ ਹਾਨ ॥੩੩੧॥

੧੩੬੩–ਚੋਟ ਦੇ ਥਾਂ ਇਟ ਨਾਲ ਸੇਕ ਕਰੇ। ਯਾ:–
੧੩੬੪–ਲੋਗੜ ਦੇ ਰੂੰ ਨਾਲ ਸੇਕ ਕਰੇ ਅਥਵਾ:–
੧੩੬੫–ਲੂਣ ਨਾਲ ਸੇਕ ਕਰੇ ਤਾਂ ਸਭ ਪ੍ਰਕਾਰ ਦੀ ਸੋਥ ਜਾਵੇ ॥੩੩੧॥

ਇਟ ਸਿਟ ਲੇਹੁ ਉਬਾਲ ਕੈ, ਸੇਕ ਭਾਫ ਨਿਸ ਦੇਹ।
ਚੋਟ ਸੋਥ ਮਿਟ ਜਾਤ ਹੈ, ਦਿਨ ਤਿੰਨ ਤਾਹ ਕਰੇਹ ॥੩੩੨॥

੧੩੬੬–ਇਟਸਿਟ ਉਬਾਲ ਕੇ ਉਸਦੀ ਭਾਫ ਰਾਤ ਨੂੰ ਸੇਕ ਕਰੇ। ਤਿੰਨਾਂ ਦਿਨਾਂ ਵਿਚ ਸੋਜ ਅਰ ਚੋਟ ਨਾਸ ਹੋਵੇ ॥੩੨੨॥

ਸੋਰਠਾ— ਦੀਜੈ ਜੋਕ ਲਗਾਇ, ਚੋਟ ਸੋਥ ਪੀਰਾ ਮਿਟਤ।
ਰੁਧਰ ਸੋਥ ਸਭ ਜਾਇ, ਉਤਮ ਏਹ ਉਪਾਇ ਭਨ ॥੩੩੩॥

---

‡ਜਟਿ ਪਿਲਖਣ ਹੈ, ਦੇਖੋ ਭਾ: ਪ੍ਰਕਾਸ਼ ਪ੍ਰਿ: ੨੫੦ ਹੋਰ ਔਖਧੀ ਕੋਸ਼ ਪ੍ਰਿ: ੬੦, ਗੁਣ ਭੀ ਸੋਥ ਨਾਸਕ ਹੈ ਫਿਰ ਪੰਜ ਮੂਲ ਔਹਥ ਕਰਨਾ ਅਗਯਾਨਤਾ ਨਹੀਂ ਹੈ ਤਾਂ ਹੋਰ ਹੈ ਹੀ ਕੀ?

Digitized by Panjab Digital Library | www.panjabdigilib.org

੧੩੬੭–ਜੋਕ ਲਗਾ ਦੇਵੇ ਜਿਥੇ ਚੋਟ ਅਰ ਸੋਜ ਹੋਵੇ ਅਰ ਖ਼ੂਨ ਦੀ ਸੋਥ ਹੋਵੇ ਸਭਨਾਂ ਦੀ ਪੀੜਾ ਨਾਸ ਕਰੇ ॥ ੩੩੩ ॥

ਹਥ ਪੈਰ ਮੁਖ ਸੋਥ ਉਪਾਇ (ਰਤਨਸਾਰਾਤ)–ਸੋਰਠਾ

ਇਟਸਿਟ ਨਿਸ ਲੈ ਦਾਰ, ਪਥਜ਼ਾ ਨਿਸਾ ਜੋ ਭਾਰਗੀ।
ਸੁੰਠ ਗਡੂਚੀ ਦਾਰੁ, ਚਿਤ੍ਰਕ ਕ੍ਵਾਥ ਬਨਾਇ ਪਿਵ ॥੩੩੪॥
ਪਾਨ ਪਾਦ ਮੁਖ ਜਾਨ, ਉਦਰ ਸੋਥ ਸਭ ਟਰਤ ਹੈ।
ਰਤਨਸਾਰ ਇਹੁ ਬਾਨ, ਰੋਗ ਘਟਤ ਤਨ ਸੁਖ ਕਰਤ ॥੩੩੫॥

੧੩੬੮–ਇਟਸਿਟ, ਦਾਰਹਲਦੀ; ਹਰੜ, ਹਲਧੀ, ਭੜਿੰਗੀ, ਸੁੰਢ, ਗਿਲੋਇ, ਦੇਵਦਾਰ ਚਿਤ੍ਰਾ ਲੈਕੇ ਕਾੜ੍ਹਾ ਕਰਕੇ ਪੀਵੇ ਤਾਂ ਹਥਾਂ, ਪੈਰਾਂ, ਮੂੰਹ, ਗੋਡੇ ਤੇ ਪੇਟ ਸਭ ਦੀ ਸੋਜ ਨਾਸ ਕਰੇ। ਇਹ "ਰਤਨ ਸਾਰ" ਦੇ ਲੇਖ ਹਨ, ਇਸ ਨਾਲ ਸਾਰਾ ਰੋਗ ਘਟੇ ਅਰ ਸਰੀਰ ਨੂੰ ਸੁਖ ਪ੍ਰਾਪਤ ਹੋਵੇ ॥੩੩੪॥੩੩੫॥

ਸਰਬ ਸਰੀਰ ਸੋਥ ਹਰਣ ਲੇਪ–ਸੋਰਠਾ

ਪੁਨਰਨਵਾ ਸੁੰਠ ਦਾਰ, ਸਿਗ੍ਰੂ ਸਰਖਪ ਮਰਚ ਭਨ।
ਆਰਨਾਲ ਲਿਪਕਾਰ, ਸੋਥ ਹਰਿਤ ਤਨ ਕੀ ਸਕਲ ॥੩੩੬॥

੧੩੬੯–ਇਟਸਿਟ, ਸੁੰਢ, ਦੇਵਦਾਰ, ਸੁਹਾਂਜਣਾਂ, ਸਰੋਂ ਤੇ ਮਿਰਚ, ਇਹ ਸਭ ਕਾਂਜੀ ਨਾਲ ਲੇਪ ਕਰੇ ਸਰਬ ਸਰੀਰ ਦੀ ਸੋਜ ਨਾਸ ਹੋਵੇ ॥੩੩੬॥

ਭਮਰੀ ਬਿਛੂ ਸੋਥ ਉਪਾਇ–ਸੋਰਠਾ

ਜਲ ਸੋ ਪੀਸ ਲਗਾਇ, ਖਰੀ ਆਮ ਹਰਤਾਲ ਹੀ।
ਕਾਢੇ ਸੋਥ ਨਸਾਇ, ਮਾਛਰ ਬਿਛੂ ਭਮਰਿਆ ॥੩੩੭॥

੧੩੭੦–ਜਲ ਨਾਲ ਖਰੀ ਵਰਕੀਆ ਹੜਤਾਲ ਦਾ ਪੀਹਕੇ ਲੇਪ ਕਰੇ। ਇਹ ਉਸ ਸੋਜ ਦਾ ਨਾਸ ਕਰੇ, ਜੇਹੜੀ ਮਛਰ ਬਿੱਛੂ ਅਤੇ ਡੇਮੂੰ ਆਦਿ ਦੀ ਹੋਵੇ ॥੩੩੭॥

ਸਰਬ ਸੋਥ ਉਪਾਇ–ਸੋਰਠਾ

ਤ੍ਰਿਕੁਟਾ ਬਿਲ ਜੁ ਮੂਰ, *ਸਯਾਮਾ ਚਿਤ੍ਰਕ ਕ੍ਵਾਥ ਕਰ।
ਦੂਧ ਸੰਗ ਪਿਵ ਪੂਰ, ਸਰਬ ਸੋਥ ਕਾ ਨਾਸ ਹੁਇ ॥੩੩੮॥

੧੩੭੧–ਤ੍ਰਿਕੁਟਾ (ਮਘ, ਮਿਰਚ, ਸੁੰਢ), ਬਿੱਲਜੜ, *ਗਿਲੋਯ ਅਰ ਚਿਤ੍ਰਾ ਲੈਕੇ ਕਾੜ੍ਹਾ ਕਰੇ ਅਰ ਫਿਰ ਦੁਧ ਪਾਕੇ ਪੀਵੇ ਤਾਂ ਸਭ ਤਰ੍ਹਾਂ ਦੀ ਸੋਜ ਨਾਸ ਹੋਵੇ ॥੩੩੮॥

(ਵੰਗਸੇਨਾਤ)

ਗੋਮੂਤ੍ਰ ਸੋ ਪੀਸ਼ੇ, ਲੇਪੁ ਕਰੋ ਇਟਸਿਟ ਰਕਤ।

---

*ਸ਼ਯਾਮਾ–ਗਿਲੋਯ ਹੈ, ਦੇਖੋ ਟੀਕਾ ਭਾਵ ਪ੍ਰਕਾਸ਼ ਪ੍ਰਿ: ੧੯੦.

Digitized by Panjab Digital Library | www.panjabdigilib.org

ਸਰਬ ਸੋਥ ਤਨ ਖੀਸ, ਬੰਗਸੈਨ ਇਮ ਉਚਰੈ ॥੩੩੯॥

੧੩੭੨–ਗੋਕੇ ਪੇਸ਼ਾਬ ਨਾਲ ਲਾਲ ਇਟਸਿਟ ਪੀਹਕੇ ਲੇਪ ਕਰੇ ਤਾਂ ਸਭ ਤਰਾਂ ਦੀ ਸੋਜ ਨਾਸ ਹੋਵੇ, ਇਹ ਵੰਗਸੇਣ ਵਿਚ ਕਿਹਾ ਹੈ ॥੩੩੯॥

ਚੌਪਈ

ਸੁੰਠੀ ਮੂਲੀ ਯੂਖ ਸੁ ਦੇਇ। ਇਟਸਿਟ ਚਿਤ੍ਰਕ ਸਾਕ ਖਵੇਇ।
†ਮਾਨਕੰਦ ਕਾ ਯੂਖ ਪਿਲਾਇ। ਸਰਬ ਸੋਥ ਤੀਨੋ ਹਰਵਾਇ ॥੩੪੦॥

੧੩੭੩–ਸੁੰਢ ਤੇ ਮੂਲੀ ਦਾ ਯੂਖ ਪਿਲਾਵੇ, ਯਾ:-

੧੩੭੪–ਇਟਸਿਟ ਤੇ ਚਿਤ੍ਰੇ ਦੇ ਪਤ੍ਰਾਂ ਦਾ ਸਾਗ ਖਾਵੇ, ਯਾ:-

੧੩੭੫–†ਮਾਨਕੰਦ ਦਾ ਯੂਖ ਪੀਵੇ ਤਾਂ ਸਭ ਪ੍ਰਕਾਰ ਦੀ ਸੋਜ ਨੂੰ ਇਹ ਤਿੰਨੇ ਪ੍ਰਯੋਗ ਨਾਸ ਕਰਨ ਹਾਰ ਹਨ ॥੩੪੦॥

ਇਟਸਿਟ ਨੀਂਬ ਅਰਕ ਕੇ ਪਾਨ। ਗੋਮੂਤਰ ਸੋ ਤੀਨੋ ਜਾਨ।
ਕ੍ਵਾਥ ਕਰੀ ਸੇਂਚਨ ਇਹੁ ਠਾਂਨ। ਤੀਨ ਜੋਗ ਤੇ ਸੋਥ ਸੁ ਹਾਂਨ॥੩੪੧॥

੧੩੭੬–ਇਟਸਿਟ ਦਾ ਕਾੜ੍ਹਾ ਗਊ ਮੂਤ੍ਰ ਵਿਚ ਕਰਕੇ, ਯਾ:-

੧੩੭੭–ਨਿੰਮ ਦੇ ਪਤ੍ਰਾਂ ਦਾ ਕਾੜ੍ਹਾ ਗਊ ਮੂਤ੍ਰ ਵਿਚ ਕਰਕੇ, ਯਾ:-

੧੩੭੮–ਅੱਕ ਦੇ ਪਤ੍ਰਾ ਦਾ ਕਾੜ੍ਹਾ ਗਊ ਮੂਤ੍ਰ ਵਿਚ ਕਰਕੇ ਸੇਂਚਨ ਕਰੇ ਤਾਂ ਸਭ ਤਰ੍ਹਾਂ ਦੀ ਸੋਜ ਨਾਸ ਕਰੇ ॥੩੪੧॥

ਰੁਵਕ ਕਰੰਜੂ ਇਟਸਿਟ ਅਰਕ। ਗੋਮੂਤਰ ਸੋ ਕ੍ਵਾਥ ਸੁ ਕਰਕ।
***ਸੇਂਚਨ ਕੀਜੈ ਤੀਯਕਾ ਅੰਗ। ਰੋਗ ਸੂਤਕਾ ਸੋਥ ਸੁ ਭੰਗ ॥੩੪੨॥**

੧੩੭੯–ਅਰਿੰਡ ਦੀ ਜੜ੍ਹ, ਮੀਚਕਾ, ਇਟਸਿਟ ਤੇ ਅੱਕ ਦੀ ਜੜ੍ਹ ਲੈਕੇ ਗਊ ਮੂਤ੍ਰ ਵਿਚ ਕਾੜ੍ਹਾ ਕਰੇ ਅਰ ਜਿਸ ਇਸਤ੍ਰੀ ਦੇ ਜਿਸ ਅੰਗ ਪਰ ਸੋਜ ਹੋਵੇ, ਓਥੇ ਤ੍ਰੇੜਾ ਕਰੇ ਤਾਂ ਸੂਤਕਾ ਰੋਗ ਅਰ ਸੋਜ ਨਾਸ ਕਰੇ ॥੩੪੨॥

ਬਿਭੀਤਕ ਫਲ ਜਠਰ ਲਿਪਾਇ। ਦਾਹ ਸੋਥ ਸਭ ਹੀ ਮਿਟ ਜਾਇ।
ਯਸਟੀਘਨ ਬਿਲਪਤ੍ਰ ਚੰਦਨ। ਲੇਪੇ ਪਿੜਕਾ ਸੋਥ ਸੁ ਖੰਡਨ॥੩੪੩॥

੧੩੮੦–ਬਹੇੜੇ ਦੇ ਫਲ ਦੀ ਗਿਰੀ,ਯਾਂ ਛਿਲਕਾ,ਪੇਟ ਪਰ ਲੇਪ ਕਰੋ ਤਾਂ ਸੜਨ ਅਰ ਸੋਜ਼ਾ ਸਭ ਤਰਾਂ ਦਾ ਨਾਸ ਕਰੇ। ਯਾ:-

੧੩੮੧–ਮੁਲੱਠੀ ਮੋਥਾ, ਬਿਲ ਦੇ ਪਤ੍ਰੇ ਅਰ ਚੰਦਨ ਪੀਸਕੇ ਲੇਪ ਕਰੇ ਤਾਂ ਫਿਨਸੀ ਦੀ ਸੋਜਾ ਨਾਸ ਕਰੇ ॥ ੩੪੩ ॥

---

†ਮਾਨਕੰਦ ਬੰਗਾਲ ਵਿਖੇ ਪ੍ਰਸਿੱਧ ਹੈ।

*ਤ੍ਰੇੜਾ ਕਰੇ ਭਾਵ ਟਕੋਰ ਕਰੇ। ਤ੍ਰੇੜੇ ਦਾ ਸਭ ਨਾਲੋਂ ਵਧਕੇ ਇਹ ਤਰੀਕਾ ਹੈ ਕਿ ਇਕ ਲੀਰ ਕੰਬਲ ਯਾ ਫਲਾਲੈਨ ਦੀ ਲੈਕੇ ਕਾੜ੍ਹੇ ਦੇ ਜਲ ਵਿਚ ਭਿਉਂਕੇ ਨਿਚੋੜਕੇ ਗਰਮਾ ਗਰਮ ਸੋਜ ਸਥਾਨ ਪਰ ਧਰ ਦੇਵੇ, ਇਸਤਰਾਂ ਬਾਰੰਬਾਰ ਚੁਕੇ ਤੇ ਰਖੇ। ਚਾਹੇ ਤਾਂ ਜਲਧਾਰਾ ਕਰੇ।

Digitized by Panjab Digital Library | www.panjabdigilib.org

ਅੰਗਨ ਸੋਥ (ਵੰਗਸੇਨਾਤ)—ਚੌਪਈ

ਰਹਸਨ ਤ੍ਰਿਫਲਾ ਸਿਗ੍ਰੂ ਬੜਿੰਗ। ਨਿੰਬ ਅਰਕ ਬਜ਼ਾਘਰ ਨਖ ਅੰਗ।
ਮੂਰਬਾ ਤਿਕਤਾਂ ਰੋਹਨਿ ਜਾਨ। ਸੇਕ ਲੇਪ ਇਨਕਾ ਭਿਨਿ ਠਾਨ॥੩੪੪॥
ਏਕ ਏਕ ਸਭ ਸੋਥ ਗਵਾਇ। ਬੰਗਸੈਨ ਮਤ ਏਹੁ ਕਹਾਇ।
ਗੋ ਮੂਤ੍ਰ ਸੋ ਗੁੱਗਲ ਖਾਇ। ਵਾ ਪੀਪਰ ਸਭ ਸੋਥ ਗਵਾਇ॥੩੪੫॥

੧੩੯੨—ਰਾਸਨਾ, (ਜ਼ੰਜਬੀਲ ਸ਼ਾਮੀ), ਤ੍ਰਿਫਲਾ, ਸੁਹਾਂਜਣਾ, ਬਾਇਵੜਿੰਗ, ਨਿੰਮ, ਅੱਕ, *ਥੋਹਰ, *ਮਰੋੜਫਲੀ ਤੇ *ਕੁਟਕੀ, ਇਨ੍ਹਾਂ ਸਭਨਾਂ ਵਿਚੋਂ ਇਕੱਲੀ ਇਕੱਲੀ ਦਾ ਸੇਕ ਯਾ ਲੇਪ ਕਰੇ ਤਾਂ ਸਭ ਤਰ੍ਹਾਂ ਦੀ ਸੋਜ ਦਾ ਨਾਸ਼ ਕਰੇ, ਇਹ ਵੰਗਸੇਨਾਤ ਵਿਚ ਕਿਹਾ ਹੈ ਯਾ:-

੧੩੯੩—ਗਊ ਮੂਤ੍ਰ ਨਾਲ ਗੁਗਲ ਖਾਵੇ। ਯਾ:-

੧੩੯੪—ਮਘ ਖਾਵੇ ਤਾਂ ਸਭ ਤਰ੍ਹਾਂ ਦੀ ਸੋਜ ਦਾ ਨਾਸ਼ ਕਰੇ॥੩੪੫॥

ਗੁਗਲ ਸੁੰਠੀ ਕ੍ਵਾਥ ਕਰਾਇ। ਗੋ ਮੂਤ੍ਰਹਿ ਸੇ ਸੋਥ ਮਿਟਾਇ।
ਗੋਮੂਤ੍ਰ ਪੀਵੇ ਅਸਥਾਨ। ਸਰਬ ਸੋਥ ਤਨ ਸੂਤਕ ਹਾਨ॥੩੪੬॥

੧੩੯੫—ਗੁੱਗਲ ਦਾ ਤੇ ਸੁੰਢ ਦਾ ਕਾੜ੍ਹਾ ਕਰਕੇ ਗਊਮੂਤ੍ਰ ਪਾਇ ਪੀਵੇ ਤਾਂ ਸਭ ਤਰਾਂ ਦੀ ਸੋਜ ਨਾਸ ਕਰੇ। ਯਾ:-

੧੩੯੬—ਨਿਰਾ ਗਊਮੂਤਰ ਹੀ ਪਾਵੇ ਤਾਂ ਸਭ ਤਰ੍ਹਾਂ ਦੀ ਸੋਜ ਅਰ ਪ੍ਰਸੂਤ, ਵਾਯੂ ਸਭ ਦਾ ਨਾਸ ਕਰੇ॥੩੪੬॥

ਗੁੜ ਸੁੰਠੀ ਤੇ ਸੋਥ ਹਰਾਇ। ਗੁੜ ਸੁੰਠੀ ਪੀਪਰ ਵਾ ਖਾਇ।
ਆਮਸੂਲ ਸਭ ਤਨ ਕੀ ਸੋਥ। ਦੋਊ ਜੋਗ ਗੋ ਮੂਤ੍ਰ ਖੋਥ॥੩੪੭॥

੧੩੯੭—ਗੁੜ ਤੇ ਸੁੰਢ ਫੱਕਕੇ ਪਿਛੋਂ ਗਊਮੂਤ੍ਰ ਪੀਵੇ। ਯਾ—

੧੩੯੮—ਗੁੜ, ਸੁੰਢ ਤੇ ਮਘ ਫੱਕਕੇ ਪਿਛੋਂ ਗਊਮੂਤ੍ਰ ਪੀਵੇ ਤਾਂ ਆਮ ਸੂਲ ਅਰ ਸੋਜ ਇਨ੍ਹਾਂ ਯੋਗਾਂ ਨਾਲ ਨਾਸ ਹੋਵੇ॥੩੪੭॥

ਗੁੜਾਦੀ ਚੂਰਣ (ਵੰਗਸੇਨਾਤ)—ਚੌਪਈ

ਗੁੜ ਪਲ ਤੀਨ ਸੋਠ ਸਮ ਜਾਨ। ਕ੍ਰਿਸਨਾ ਤਿਨਪਲ ਨਿਸ ਲੈ ਠਾਨ।
ਲੋਹਚੂਨ ਤਿਲ ਆਨ ਬੜਿੰਗ। ਪਲ ਪਲ ਤੀਨੋ ਲੇਵੇ ਚੰਗ॥੩੪੮॥
ਚੂਰਨ ਕਰਕੈ ਖਾਵੇ ਸਹੀ। ਕਰਖ ਏਕ ਗੋਮੂਤ੍ਰ ਕਹੀ।
ਸਰਬ ਸੋਥ ਕਾ ਨਾਸ ਕਰਾਇ। ਬੰਗਸੈਨ ਨੇ ਦਯੋ ਬਤਾਇ॥੩੪੯॥

੧੩੯੯—ਗੁੜ ੧੨ ਤੋਲੇ, ਸੁੰਢ ੧੨ ਤੋਲੇ, ਮਘ ੧੨ ਤੋਲੇ, ਹਲਦੀ ੧੨ ਤੋਲੇ, ਮ੍ਰਿਤ ਲੋਹਚੂਨ, ਤਿਲ ਅਰ ਬਾਇਵੜਿੰਗ, ਇਹ ਤਿੰਨੇ ੪-੪ ਤੋਲੇ ਪੀਹਕੇ ਚੂਰਣ ਕਰੇ ਅਰ ੧ ਤੋਲਾ ਨਿੱਤ ਗਊ ਮੂਤ੍ਰ

---

*ਦੇਖੋ ਔਸ਼ਧੀ ਕੋਸ਼।

Digitized by Panjab Digital Library | www.panjabdigilib.org

ਨਾਲ ਖਾਵੇ ਤਾਂ ਇਹ ਸਭ ਤਰ੍ਹਾਂ ਦੀ ਸੋਜ ਦਾ ਨਾਸ ਕਰੇ, ਇਹ ਵੰਗਸੇਨ ਨੇ ਕਿਹਾ ਹੈ ॥੩੪੮॥੩੪੯॥

ਪੁਨਰਨਵਾਦਿ ਚੂਰਣ—ਚੌਪਈ

ਇਟਸਿਟ ਪਾਠਾ ਛਿੰਨਾਦਾਰ। ਸੁੰਠੀ ਗੋਖਰੁ ਦੋ ਨਿਸ ਡਾਰ।
ਦੋਬ੍ਰਿਹਤੀ ਪੀਪਰ ਬਿਖ ਚਿਤ੍ਰਕ। ਪੀਸੀ ਚੂਰਨ ਕਰੀਓ ਮਿਤ੍ਰਕ ॥੩੫੦॥
ਗੋਮੂਤ੍ਰ ਸੋ ਪੀਵਨ ਦੇਇ। ਸਰਬ ਸੋਥ ਕਾ ਨਾਸ ਕਰੇਇ।
ਉਦਰ ਰੋਗ ਆਮੈ ਮਿਟ ਜਾਹਿ। ਸਕਲ ਸਰੀਰ ਸੋਥਥਿ ਨਾਹਿ॥੩੫੧॥

੧੩੯੦—ਇਟਸਿਟ, ਪਾਠਾ; ਗਿਲੋਯ, ਦੇਵਦਾਰ, ਸੁੰਢ, ਭੱਖੜਾ, ਹਲਧੀ, ਦਾਰੂਹਲਧੀ, ਛੋਟੀ ਬਡੀ ਦੋਨੋਂ ਕੰਡਿਆਰੀਆਂ, ਮਘ, ਪਤੀਸ ਤੇ ਚਿਤ੍ਰਾ ਸਮਾਨ ਭਾਗ ਲੈਕੇ ਪੀਹੇ, ਛਾਣਕੇ ਚੂਰਣ ਕਰ ਰਖੇ। ਫਿਰ ਗਊਮੂਤ੍ਰ ਨਾਲ ਫਕੇ ਤਾਂ ਸਭ ਤਰ੍ਹਾਂ ਦੀ ਸ਼ੋਜ ਦਾ ਨਾਸ਼ ਕਰੇ। ਪੇਟ ਦੇ ਅੱਠ ਪ੍ਰਕਾਰ ਦੇ ਰੋਗ ਅਰ ਸਾਰੇ ਸਰੀਰ ਮਾਤ੍ਰ ਦੀ ਸੋਜ ਦੂਰ ਕਰਨਹਾਰਾ ਇਹ ਚੂਰਣ ਹੈ ॥੩੫੦॥੩੫੧॥

ਅਥ ਕੌਂਚਾਦਿ ਲਗੇ ਤੇ ਸੋਥ ਅਰ ਖਾਜ ਹੋਇ ਤਾਂ ਉਪਾਯ

ਚੌਪਈ

ਗੋਬਰ ਮਹਿਖ ਤਨਾ ਲੈ ਆਇ। ਚਿਰੋ ਰਾਖ ਇਸਨਾਨ ਕਰਾਇ।
ਵਾ ਏਲੋਂ ਕਾ ਰਸਾ ਮਿਲਾਇ। ਬਿਖ ਕੀ ਸੋਥ ਸਕਲ ਟਰ ਜਾਇ॥੩੫੨॥

੧੩੯੧—ਮਹੀਂ ਦਾ ਗੋਹਾ ਲੈ ਆਵੇ। ਸੋਜ ਵਾਲੇ ਸਥਾਨ ਪਰ ਮਲੇ ਅਰ ਲੇਪ ਕਰੇ। ਕੁਝ ਚਿਰ ਰੱਖਕੇ ਫਿਰ ਸ਼ਨਾਨ ਕਰੇ। ਯਾ:—

੧੩੯੨--ਏਲੋਂ (ਪਨਵਾੜ) ਦਾ ਰਸਾ ਲਵੇ। ਇਸ ਤਰ੍ਹਾਂ ਵਿਖ ਦੀ ਸੋਜ ਦਾ ਨਾਸ ਹੋਵੇ ਹੈ ॥੩੫੨॥

ਜਿਮੀਂਕੰਦ ਸੋਥ ਉਪਾਯ—ਦੋਹਰਾ

ਲੇਪ ਕਰੇ ਜਿਹ ਸੋਥ ਹੈ, ਤੇਲ ਕਟਕ ਵਾ ਮੀਠ।
ਸੂਰਨ ਸੋਥ ਸੁ ਜਾਤ ਹੈ, ਜਵ ਤਿਲ ਲੇਪੋ ਈਠ ॥੩੫੩॥

੧੩੯੩—ਜਿਸ ਜਗ੍ਹਾ ਸੋਜ ਹੋਵੇ, ਓਥੇ ਕੌੜਾ ਯਾ ਮਿੱਠਾ ਤੇਲ ਮਲੇ ਤਾਂ ‡ਜਿਮੀਕੰਦ ਦੀ ਸੋਜ ਨਾਸ ਹੋਵੇ। ਅਥਵਾ:—

੧੩੯੪—ਜੌਂ ਤੇ ਤਿਲਾਂ ਦਾ ਲੇਪ ਕਰੇ ਤਾਂ ਸੋਜ ਜਾਵੇ ॥੩੫੩॥

ਅਥ ਭਿਲਾਤ ਸੋਥ ਉਪਾਇ—ਚੌਪਈ

ਕਾਲੀ ਮਾਟੀ ਤਿਲ ਲੈ ਲੇਪ। ਸੋਥ ਭਲਾਤਕ ਜਾਤਿ ਸੰਖੇਪ।

---

‡ਜਿਮੀਕੰਦ ਨੂੰ ਚੀਰੇ ਤਾਂ ਸੋਜ ਪੈਦਾ ਕਰਦਾ ਹੈ, ਪਰੰਤੂ ਕਰਾਚੀ ਦੀ ਤਰਫ ਦਾ ਜਿਮੀਕੰਦ ਜ਼ਹਿਰ ਵਾਲਾ ਨਹੀਂ ਹੁੰਦਾ, ਬਲਕਿ ਕੱਦੂ ਦੀ ਤਰ੍ਹਾਂ ਚੀਰਿਆ ਜਾਂਦਾ ਹੈ ਸੋ ਧਰਤੀ ਯਾ ਦੇਸ ਭੇਦ ਜਾਨਣਾ ਚਾਹੀਏ।

Digitized by Panjab Digital Library | www.panjabdigilib.org

ਮਹਿਖੀ ਮਾਖਨ ਵਾ ਤਿਲ ਦੂਧ। ਸੋਥ ਭਲਾਤਕ ਹੋਵਤ ਸੂਧ ॥੩੫੪॥

੧੩੯੫-ਕਾਲੀ ਮਿੱਟੀ (ਕਵੀਸ) ਅਰ ਤਿਲ ਘੋਟਕੇ ਲੇਪ ਕਰੇ ਤਾਂ ਭਿਲਾਵੇ ਦੀ ਸੋਜ ਦਾ ਨਾਸ਼ ਕਰੇ। ਯਾਂ-

੧੩੯੬-ਮਹੀਂ ਦਾ ਮੱਖਣ ਲਗਾਵੇ। ਅਥਵਾ:-

੧੩੯੭-ਤਿਲ ਤੇ ਦੁੱਧ ਲਗਾਵੇ ਤਾਂ ਭਿਲਾਵੇ ਦੀ ਸੋਜ ਜਾਂਦੀ ਰਹੇ ॥੩੫੪॥

ਯਸਟੀ ਦੂਧ ਵ ਤਿਲ ਨਵਨੀਤ। ਸੋਥ ਭਲਾਤਕ ਦੋਊ ਜੀਤ।
ਤਿਲਵਾ ਤੇਲੁ ਤਿਲਾਂ ਕਾਂ ਲਾਇ।ਸੋਥ ਭਲਾਤਕ ਛਿਨਮਹਿ ਜਾਇ।੩੫੫।

੧੩੯੮-ਮੁਲੱਠੀ ਤੇ ਦੁਧ ਮਲੇ। ਅਥਵਾ:-

੧੩੯੯-ਤਿਲ ਤੇ ਮੱਖਣ ਲਾਵੇ ਤਾਂ ਭਿਲਾਵੇ ਦੀ ਸੋਜ ਨੂੰ ਏਹ ਦੋਨੋਂ ਯੋਗ ਜਿੱਤਣਹਾਰੇ ਹਨ। ਅਥਵਾ:-

੧੪੦੦-ਤਿਲ ਤੇ ਤਿਲਾਂ ਦਾ ਤੇਲ ਲਾਵੇ ਤਾਂ ਭਿਲਾਵੇ ਦੀ ਸੋਜ ਤੁਰਤ ਫੁਰਤ ਨਾਸ ਹੋਵੇ ॥ ੩੫੫ ॥

ਅਰਕ ਸੁਨਹੀ ਵਾ ਅਪਰ ਜੁ ਕੋਇ। ਜਿਨ ਤੇ ਤਨ ਮੈ ਸੋਥ ਜੁ ਹੋਇ।
ਸਭ ਕੋ ਤੇਲ ਮਿਸਟ ਹੈ ਯੋਗੁ। ਸਰਬ ਸੋਥ ਕਾ ਜਾਵਤ ਰੋਗੁ ॥੩੫੬॥

੧੪੦੧-ਅੱਕ ਥੋਹਰ ਅਥਵਾ ਹੋਰ ਕੋਈ ਜ਼ਹਿਰਦਾਰ ਵਸਤੂ, ਜਿਸ ਕਰਕੇ ਸਰੀਰ ਵਿਖੇ ਸੋਜਾ ਹੋ ਆਵੇ; ਉਨ੍ਹਾਂ ਸਭਨਾਂ ਨੂੰ ਮਿੱਠਾ ਤੇਲ ਲਾਵੇ ਤਾਂ ਸੋਜ ਨਾਸ ਹੋ ਜ਼ਾਵੇ ॥ ੩੫੬ ॥

ਦੋਹਰਾ-
ਸਿਰਸ ਤੁਚਾ ਰਸ ਲਾਇ ਮਾਖਨੇ, ਮਿਟਤ ਸੋਥ ਭਲਾਤ।
ਬੰਬੂਲ ਕ੍ਵਾਥ ਅਸਨਾਨ ਕਰ, ਸੋਥ ਭਲਾਤਕ ਜਾਤ ॥੩੫੭॥

੧੪੦੨-ਸਰੀਂਹ ਦੀ ਛਿਲ ਦਾ ਰਸ ਲਾਕੇ ਮੱਖਣ ਮਲੇ ਤਾਂ ਭਿਲਾਵੇ ਦੀ ਸੋਜ ਨਾਸ ਹੋਵੇ। ਅਥਵਾ:-

੧੪੦੩-ਕਿਕ੍ਰ ਦੇ ਕਾੜ੍ਹੇ ਨਾਲ ਸਨਾਨ ਕਰਾਵੇ ਤਾਂ ਭੀ ਸੋਜ ਨਾਸ ਹੋਵੇ ॥

ਸੋਥ ਦੇ ਪੱਥ-ਗੀਤਕਾ ਛੰਦ

ਬਿਰੇਚ ਲੰਘਨ ਰੁਧਰੁ ਕਾਢਨ, ਸ੍ਵੇਦ ਲੇਪ ਪ੍ਰਖੇਚਨੰ।
ਕੁਲਥ ਮੁਗਧਾ ਸਾਲ ਯਵ ਲੈ, ਸਰਪਿ ਤਕ੍ਰ ਪੇਰਨੰ।
ਲਦਨ ਸਿਗ੍ਰੂ ਬਾਲ ਮੂਲੀ, ਗੋਂਗਲੂ ਸੁ ਪਟੋਲ ਹੀ।
ਏਰੰਡ ਤੇਲ ਭਲਾਤ ਗੁੱਗਲ, ਇਟਸਿਟਾ ਲੈ ਘੋਲ ਹੀ ॥੩੫੮॥

ਦੂਿਯਾ ਛੰਦ

ਅਜ ਗੋ ਮਹਿਖੀ ਮੂਤ ਪਿਲਾਵੈ, ਹਰਿਦ੍ਰਾ ਸਭ ਖਾਂਰਾ।
ਸੁਰਾ ਮਟਰ ਕਾਰੇਲ ਕਰੇਲੇ, ਕਸਤੂਰੀ ਨਿੰਬ ਧਾਰਾ।

Digitized by Panjab Digital Library | www.panjabdigilib.org

ਦੀਪਨ ਪਲਵਾ *ਇਖ ਕੇ ਜਾਨੋ, ਸੁਰਾਦਾਰ ਨਿਤ ਸੇਵੈ।
ਸੋਥ ਸਕਲ ਕੇ ਪਥ ਬਖਾਨੇ, ਨਿਸ ਦਿਨ ਸੋਥੀ ਲੇਵੈ ॥੩੫੯॥

੧੪੦੪–ਜੁਲਾਬ, ਫਾਕੇ, ਫਸਤ ਖੋਲਨਾ, ਪਸੀਨਾ ਲੇਪਾ ਤ੍ਰੇੜਾ, ਕੁਲਥ, ਮੂੰਗ, ਚੌਲ, ਜੌਂ ਘ੍ਰਿਤ ਲੱਸੀ (ਘੁਟਣਾ)। ਲਸਨ ਸੁਹਾਂਞਣਾਂ, ਨਰਮ ਮੂਲੀ, ਸ਼ਲਗਮ, ਪਟੋਲ [ਪਰਵਲ], ਇਰਿੰਡ ਦਾ ਤੇਲ, ਭਿਲਾਵੇ, ਗੁਗਲ, ਇਟਸਿਟ, ਮੱਠਾ, ਬਕ੍ਰੀ, ਗਊ, ਮਹੀਂ ਦਾ ਮੂਤ੍ਰ ਪੀਣਾ, ਹਲਧੀ, ਖਾਰਾਂ, ਸ਼ਰਾਬ, ਮਟਰ, ਕਕੌੜੇ, ਕਸਤੂਰੀ, ਨਿੰਮ, ਦੀਪਨ ਕਰਨ ਹਾਰੇ ਪਦਾਰਥੁ ‡ਤਾਲਮਖਾਣੇ ਦੇ ਪਤ੍ਰ ਅਰ ਦੇਵਦਾਰ ਇਹ ਸਭ ਨਿਤ ਸੇਵਨ ਕਰੇ। ਇਹ ਸਭਤਰਾਂ ਦੀ ਸੋਜ ਦੇ ਪੱਥ ਕਹੇ ਹਨ। ਸੋਜੇ ਵਾਲਾ ਰਾਤ ਦਿਨ ਖਾਵੇ ਪੀਵੇ ॥ ੩੫੮ ॥ ੩੫੯ ॥

ਕੁਪੱਥ–ਦ੍ਵੈਯਾਛੰਦ

ਗ੍ਰਾਮਯਾਨੂਪ ਜਲਚਰਾ ਮਾਸੰ, ਨਾਵਨ ਸਾਕ ਜੁ ਸੂਕਾ।
ਨਵਾ ਅੰਨ ਗੁੜ ਪਿਸਟੀ ਮਾਖਾ, ਦਧਿ ਜੋ ਚੂਪਤ ਊਕਾ।
ਮੈਥਨ ਅਮਲ ਬਲੂਰ ਸ੍ਵਪਨ ਦਿਨ, ਗੁਰੁ ਸਜਾਤਮ ਜੋ ਖਾਵੈ।
ਏ ਕੁਪਥ ਸੋਥ ਕੋ ਸਭਹੀ, ਜੋ ਖਾਵੈ ਬਢਿ ਜਾਵੈ ॥੩੬੦॥

੧੪੦੫–ਗ੍ਰਾਮਾ ਦੇ ਤਥਾ ਅਨੂਪਜ ਦੇਸਾਂ ਦੇ ਰਹਿਣ ਵਾਲੇ ਜੀਵਾਂ ਦਾ ਮਾਸ. ਨਸਵਾਰ, ਸੁਕੇ ਸਾਗ, ਨਵੇਂ ਅੰਨ, ਗੁੜ, ਮਹਾਂ ਦੀ ਪੀਠੀ, ਦਹੀ, ਗੰਨੇ ਦਾ ਚੂਪਣਾ, ਮੈਥੁਨ, ਖੱਟੇ ਪ੍ਰਾਂ, ਮਾਂਸ, ਦਿਨ ਦਾ ਸੌਣਾ, ਭਾਰੇ ਅਰ ਬੇਹੇ ਖਾਣੇ, ਇਹ ਸਭ ਸੋਥ ਦੇ ਕੁਪੱਥ ਹਨ, ਜੇਹੜਾ ਸੋਜ ਵਿਚ ਖਾਵੇ ਉਸਦੀ ਸੋਜ ਵਧ ਜਾਂਦੀ ਹੈ ॥ ੩੬੦ ॥

ਅਥ ਅੰਡ ਬ੍ਰਿਧੀ ਨਿਦਾਨ–ਚੌਪਈ

ਬਾਤ ਪਿਤ ਕਫ ਰੁਧਰੋ ਜਾਨ। ਮੇਦ ਮੂਤ੍ਰ ਆਦ੍ਰਾਂ ਤੈ ਠਾਨ।
ਕੁਪਿਤ ਬਾਤ ਸੋਥ ਅੰਡ ਕਰੈ। ਸੂਲ ਪੀਰ ਭਾਰੀ ਸੋ ਧਰੈ ॥੩੬੧॥

੧ ਬਾਤ, ੨ ਪਿਤ, ੩ ਕਫ, ੪ ਰੁਧ੍ਰ, ੫ ਮੇਦ, ੬ ਮੂਤ੍ਰ ਅਰ ੭ ਆਂਤ੍ਰਬ੍ਰਿਧੀ, ਇਸ ਤਰ੍ਹਾਂ ਸਤ ਪ੍ਰਕਾਰ ਦੀ ਹੈ। ਇਸ ਵਿਚ ਬਾਤ ਕ੍ਰਧਿਤ ਹੋਕੇ ਅੰਡਾਂ ਨੂੰ ਸੋਜ ਕਰੇ ਹੈ ਤਾਂ ਫਿਰ ਸੂਲ, ਪੀੜ ਅਰ ਭਾਰੀਪਨ ਇਹ ਲਛਣ ਹੁੰਦੇ ਹਨ ॥ ੩੬੧ ॥

ਲੱਛਣ–ਸ਼ੰਕਰ ਛੰਦ

ਮਸਕ ਜੈਸੇ ਪੀਰ ਰੂਖੀ, ਬਾਤ ਏਹੀ ਜਾਨ।

---

*ਇਖੂ–ਤਾਲਮਖਾਣਾ ਹੈ, ਗੰਨੇ ਨਹੀਂ ਹਨ। ਦੇਖੋ ਭਾਵ ਪ੍ਰਕਾਸ਼ ਤੇ ਔਸ਼ਧੀ ਕੋਸ਼। ਪਲਵਾ ਕਰਕੇ ਪਤੇ ਹਨ, ਸੋ ਤਾਲਮ ਖਾਣੇ ਦੇ ਪੱਤੇ। ਪਰੰਤੂ ਮੂਸੇ ਵਾਲਾ ਪਲਵ–ਦਾ ਪਾਲਕ, ਇਖੂ ਦਾ–ਅਰਥ ਗੰਨੇ ਕਰਕੇ ਪਥਜਾਪਥ ਵਲੋਂ ਨੇਤ੍ਰ ਮੀਟਦਾ ਹੈ। ਭਲਾ ਜੇ ਗੰਨੇ ਅਰਥ ਹੋਵੇ ਤਾਂ ਕੁਪੱਥਾਂ ਵਿਚ ਕਯੋਂ ਬਰਜੇ ਹਨ ?। ਏਥੋਂ ਆਲੋ ਮੁਹਾਰੀਏ ਨੇ ਭੀ ਨੌਂ ਤੇਆਂ ਸਤਾਈ ਕਹਿਕੇ ਬੁੱਧੀ ਨੂੰ ਬੰਧੇ ਪਾਯਾ। ਅਜੇਹੇ ਟੀਕਾਕਾਰਾਂ ਦੇ ਬਲਿਹਾਰ! ਜਿਨ੍ਹਾਂ ਵੈਦਕ ਦੇ ਕਲੰਕਤ ਕਰਨ ਵਿੱਚ ਆਪਣਾ ਸਮਾਂ ਬਿਤਾਯਾ।

Digitized by Panjab Digital Library | www.panjabdigilib.org

ਮੂਤ੍ਰ ਆਂਦ੍ਰ ਬਾਤ ਸਮ ਹੈ, ਲਛਨਾ ਪਰਧਾਨ।
ਪਕਜੋ ਗੁੱਲਰ ਦਾਹ ਲਾਲੀ, ਪਿੱਤ ਅੰਡਜ ਏਹ।
ਸੀਤ ਭਾਰੀ ਚਿਕਨ ਕਾਠਾ, ਪੀਰ ਨਹਿ ਕਫ ਤੇਹ ॥੩੬੨॥
ਮੇਦ ਕਫ ਸਮ ਜਾਨ ਲੀਜੈ, ਰੁਧਿਰ ਟਕਤ ਅਕਾਰ।
ਆਂਡਿ ਬ੍ਰਿਧ ਕੇ ਜਾਨਿ ਲਛਨ, ਘਨੋ ਨਹਿ ਬਿਸਤਾਰ।
ਆਂਡ ਸੰਧ ਪਰ ਗ੍ਰੰਥ ਹੋਵੈ, ਸੋਊ ਬ੍ਰਿਧਮ ਕਹਾਇ।
ਸੂਰ ਜੁਰ ਅੰਗ ਸਾਦ ਲਛਨ, ਅਭਿਖਯੰਦੈ ਦਧਿ ਖਾਇ।੩੬੩।

ਮਸ਼ਕ ਦੀ ਤਰ੍ਹਾਂ ਭਰੀ ਹੋਈ ਪੀੜਾ ਹੋਵੇ ਅਰ ਖੁਸ਼ਕ ਹੋਇ। ਇਹ ਬਾਤ ਦੀ ਅੰਡਬ੍ਰਿਧੀ ਹੈ, ਮੂਤ੍ਰ ਅਰ ਆਂਦ੍ਰ ਦੀ ਬਾਤ ਸਮਾਨ ਲਛਣਾਂ ਵਾਲੀ ਹੁੰਦੀ ਹੈ। ਪੱਕੇ ਹੋਏ ਗੁੱਲਰ ਫਲ ਦੇ ਸਮਾਨ ਹੋਵੇ, ਦਾਹ, ਲਾਲੀ ਜਿਸ ਵਿਚ ਹੋਏ ਸੋ ਪਿਤ ਅੰਡਬ੍ਰਿਧੀ ਹੈ। ਠੰਢੀ, ਭਾਰੀ, ਚੀਕਣੀ, ਕਰੜੀ ਅਰ ਜਿਸ ਵਿਚ ਪੀੜ ਨਾਂ ਹੋਵੇ ਸੋ ਕਫ ਦੀ ਅੰਡ ਬ੍ਰਿਧੀ ਕਹੀ ਜਾਂਦੀ ਹੈ। ਵੇਦ ਦੀ ਅੰਡਬ੍ਰਿਧੀ ਕਫ ਦੇ ਸਮਾਨ ਲਛਣਾਂ ਵਾਲੀ ਹੈ ਅਰ ਖੂਨ ਦੀ ਪਿਤ ਦੇ ਲਛਣਾਂ ਸਮਾਨ ਕਹੀ ਹੈ। ਇਹ ਸਮਾਨ ਤੇ ਅੰਡਬ੍ਰਿਧੀ ਦੇ ਲਛਣ ਕਹੇ ਹਨ।ਬਹੁਤਾ ਵਿਸਥਾਰ ਨਹੀਂ ਕੀਤਾ। ਅੰਡਕੋਸ਼ਾਂ ਦੀ ਸੰਧੀ (ਜੋੜ) ਵਿਚ ਗੰਢ ਹੋ ਜਾਵੇ, ਓਹ ਬਿਦ੍ਰਮ ਅਰਥਾਤ 'ਬਦ)' ਕਹੀ ਜਾਂਦੀ ਹੈ। ਸੂਲ ਤਾਪ ਅੰਗਾਂ ਵਿਖੇ ਪੀੜਾ ਇਹ ਲਛਣ ਹੁੰਦੇ ਹਨ ਅਰ ਅਭਿ-ਖਜੰਦੀ ਤਥਾ ਦਹੀਂ ਆਦਿ ਖਾਣੇ ਤੇ ਹੁੰਦੀ ਹੈ ॥ ੩੬੨ ॥

ਬਾਤ ਅੰਡ ਬ੍ਰਿਧੀ ਉਪਾਯ (ਵੰਗਸੇਨਾਤ)–ਦੋਹਰਾ

ਗੁਗਲ ਤੇਲ ਇਰੰਡ ਕਾ, ਪੀਵਤ ਉਠ ਪਰਭਾਤ।
ਤੇਲ ਇਰੰਡ ਸਹਿ ਪਯ ਪਿਵਤ, ਬਾਤ ਅੰਡਬ੍ਰਿਧ ਜਾਤ ॥੩੬੪॥

੧੪੦੬–ਗੁਗਲ ਤੇ ਅਰਿੰਡ ਦਾ ਤੇਲ ਇਹ ਪ੍ਰਾਤਾਕਾਲ ਉਠਕੇ ਪੀਵੇ ॥
੧੪੦੭–ਅਰਿੰਡ ਦਾ ਤੇਲ ਅਰ ਦੁਧ ਪੀਵੇ ਤਾਂ ਬਾਤ ਅੰਡਬ੍ਰਿਧੀ ਜਾਵੇ ॥ ੩੬੪ ॥

ਚੌਪਈ

ਗੁਗਲ ਤੇਲ ਇਰੰਡ ਗੋ ਮੂਤ। ਪੀਵਤ ਆਂਡਬ੍ਰਿਧ ਨਹਿ ਹੂਤ।
ਨਕ ਛਿਕਣ ਵਾ ਘ੍ਰਿਤ ਸੋ ਪੀਤਾ ਬਾਤ ਅੰਡ ਬ੍ਰਿਧ ਰੁਜ ਕੋ ਜੀਤ।੩੬੫।

੧੪੦੮–ਗੁਗਲ ਅਰਿੰਡ ਦਾ ਤੇਲ ਅਰ ਗਊਮੂਤ੍ਰ ਮਿਲਾਕੇ ਪੀਵੇ ਤਾਂ ਬਾਤ ਦੀ ਅੰਡਬ੍ਰਿਧੀ ਨਾ ਰਹੇ। ਯਾ:-
੧੪੦੯–ਨਕਛਿਕਣੀ ਬੂਟੀ ਗੋਕੇ ਘਿਉ ਨਾਲ ਪੀਵੇ ਤਾਂ ਬਾਤ ਦੀ ਅੰਡਬ੍ਰਿਧੀ ਨਾਸ ਕਰੇ ॥ ੩੬੫ ॥

ਪਿਤ ਆਂਡ ਬ੍ਰਿਧਿ ਉਪਾਇ (ਵੰਗਸੇਨਾਤ)–ਚੌਪਈ

ਚੰਦਨ ਮਧੁਕੰ ਪਦਮ ਉਸੀਰ। ਰਿਲ ਉਤਪਲ ਜੀਰਾ ਲੈ ਨੀਰ।

Digitized by Panjab Digital Library | www.panjabdigilib.org

ਸੇਕ ਲੇਪ ਯਾਕੋ ਤੁਮ ਕਰੋ। ਪਿੱਤ ਆਂਡ ਰੁਜ ਦਾਹ ਜੁ ਹਰੋ ॥੩੬੬॥

੧੪੧੦–ਚੰਦਨ, ਮੁਲੱਠੀ ਕਮਲ ਤੇ ਖਸ ਇਨ੍ਹਾਂ ਦਾ ਦੁਧ ਵਿਚ ਲੇਪ ਕਰੇ। ਵਾ:–

੧੪੧੧–ਤਿਲ, ਕਮਲ ਤੇ ਜੀਰੇ ਦਾ ਜਲ ਨਾਲ ਸੇਕ ਯਾ ਲੇਪ ਕਰੇ ਤਾਂ ਪਿਤ ਦੀ ਆਂਡਬ੍ਰਿਧੀ ਨਾਸ ਹੋਵੇ ॥ ੩੬੬ ॥

ਪੰਚ ਬਲਕਲ (ਵੰਗਸੇਨਾਤ)–ਚੌਪਈ

ਬੜ ਪੀਪਰ ਗੁਲਰ ਪਿਲਖਨ ਜਾਨ। ਪਾਰਸ ਪੀਪਰ ਪਾਚੇ ਠਾਨ।
ਕਲਕ ਕਰੀ ਘ੍ਰਿਤ ਸੋ ਲੈ ਲੇਪ। ਵਾ ਸੇਂਚੇ ਪਿਤ ਆਂਡੇ ਖੇਪ॥੩੬੭॥

੧੪੧੨–ਬੋਹੜ, ਪਿਪਲ, ਗੁੱਲਰ, ਪਿਲਖਣ ਦੇ ਸਫੈਦ ਪਿਪਲ ਇਨ੍ਹਾਂ ਦੀ ਛਿਲ ਲੈਕੇ ਕਲਕ ਕਰ, ਫਿਰ ਘਿਉ ਪਾਕੇ ਗਰਮ ਕਰਕੇ ਲੇਪ ਕਰੇ ਅਥਵਾ ਕੋਸਾ ਕੋਸਾ ਪਾਣੀ ਤ੍ਰੇੜਾ ਕਰੇ ਤਾਂ ਪਿਤ ਦੀ ਆਂਡਬ੍ਰਿਧੀ ਜਾਵੇ) ਇਸ ਵਿਚ ਸਫੈਦ ਪਿਪਲ ਦੀ ਥਾਂ ਕਈ ਸਰੀਂਹ ਦੀ ਤੇ ਕਈ ਬੈਂਤ ਦੀ ਛਿਲ ਲੈਂਦੇ ਹਨ) ॥ ੩੬੭ ॥

ਰਕਤ ਆਂਡ ਉਪਾਇ–ਸੋਰਠਾ

ਪਿਤ ਰਕਤ ਸਮ ਜਾਨ, ਬਾਤ ਮੂਤ੍ਰ ਆਂਦ੍ਰ ਸਮੈ।
ਆਂਡ ਰਕਤ ਕੀ ਹਾਨ, ਜੋਕ ਲਗਾਏ ਹੋਤ ਹੈ ॥੩੬੮॥
ਬਾਤੇ ਤਨਾ ਉਪਾਇ, ਆਂਦ੍ਰ ਮੂਤ੍ਰ ਠਾਨਿਯੋ।
ਬੰਗਸੈਨ ਬਤਲਾਇ,ਸਾਚੀ ਲਖਿ ਈਹਾਂ ਲਿਖੀ ॥੩੬੯॥

੧੪੧੩–ਪਿੱਤ ਦੀ ਆਂਡਬਿਧੀ ਅਰ ਰਕਤ ਦੀ ਆਂਡਬ੍ਰਿਧੀ ਇਕ ਸਮਾਨ ਹੈ। ਇਸਤਰਾਂ ਬਾ੪ ਸਮਾਨ ਮੂਤ੍ਰ ਦੀ ਤੇ ਆਂਦ੍ਰ ਬ੍ਰਿਧੀ ਹੈ। (ਇਸੀ ਤੇ ਇਨ੍ਹਾਂ ਦੇ ਯਤਨ ਇਕ ਸਮਾਨ ਕਰੇ) ਫਿਰ ਭੀ ਰਕਤ ਦੀ ਆਂਡਬ੍ਰਿਧੀ ਦਾ ਨਾਸ਼ ਜੋਕ ਲਗੌਣ ਤੇ ਹੁੰਦਾ ਹੈ। ਆਂਡਬ੍ਰਿਧ ਅਰ ਮੂਤ੍ਰ ਅੰਡਬ੍ਰਿਧੀ ਦਾ ਯਤਨ ਬਾਤ ਆਂਡਬ੍ਰਿਧੀ ਸਮਾਨ ਕਰਨਾ ਚਾਹੀਏ। ਇਹ ਵੰਗਸੇਨ ਦਾ ਮਤ ਹੈ ॥ ੩੬੮ ॥ ੩੬੯ ॥

ਕਫ ਆਂਡਬ੍ਰਿਧੀ (ਵੰਗਸੇਨਾਤ)–ਚੌਪਈ

ਗੋਮੂਤ੍ਰ ਕੋ ਤਪਤ ਕਰਾਇ। ਲੇਪਤ ਕਫ ਕੀ ਆਂਡ ਮਿਟਾਇ।
ਨਿਸਾ ਦਾਰੁਕਾ ਕਲਕ ਕਰਾਇ। ਗੋਮੂਤ੍ਰ ਪਿਵ ਅੰਡ ਜੁ ਜਾਇ ॥੩੭੦॥

੧੪੧੪–(ਦਾਰਹਲਧੀ) ਗਊਮੂਤ੍ਰ ਵਿਚ ਘੋਟਕੇ ਗਰਮ ੨ ਲੇਪ ਕਰੇ

੧੪੧੫–ਦਾਰਹਲਧੀ ਦਾ ਕਲਕ ਕਰਕੇ ਗਊ ਮੂਤ੍ਰ ਵਿਚ ਪਾਕੇ ਕੋਸਾ ਕੋਸਾ ਪੀਵੇ ਤਾਂ ਕਫ ਦੀ ਆਂਡਬ੍ਰਿਧੀ ਦਾ ਨਾਸ ਹੋਵੇ ॥ ੩੭੦ ॥

ਤ੍ਰਿਕੁਟਾ ਤ੍ਰਿਫਲਾ ਕ੍ਵਾਥ ਕਰਾਇ। ਖਾਰ ਲਵਨ ਬਿਚ ਪਾਇ ਪਿਯਾਇ।
ਕਫੀ ਬਾਤ ਕਾ ਆਂਡ ਜੁ ਬ੍ਰਿਧਿ। ਜਾਵਤ ਜਾਨੋ ਸਾਚੀ ਕ੍ਰਿਧ ॥੩੭੧॥

੧੪੧੬–ਤ੍ਰਿਕੁਟੇ ਤੇ ਤ੍ਰਿਫਲੇ ਦਾ ਕਾੜ੍ਹਾ ਕਰਕੇ ਵਿਚ ਜੋਂਖਾਰ ਤੇ ਖਾਰੀਲੂਣ ਪਾ ਕੇ ਪਿਲਾਵੇ ਤਾਂ ਕਫ ਦੀ ਆਂਡਬ੍ਰਿਧੀ ਦਾ ਨਾਸ ਹੋਵੇ ॥ ੩੭੧ ॥

Digitized by Panjab Digital Library | www.panjabdigilib.org

ਦੋਹਰਾ

ਤ੍ਰਿਫਲਾ ਕ੍ਵਾਥ ਗੋਮੂਤ੍ਰ ਸੌਂ, ਪੀਵਤ ਨਰ ਪਰਭਾਤ।
ਕਫੀ ਬਾਤ ਕਾਆਂਡਬ੍ਰਿਧਿ ਜਾਵਤ ਹੈ ਛਿਨ ਮਾਤ ॥੩੭੨॥

੧੪੧੭–ਤ੍ਰਿਫਲੇ ਦਾ ਕਾੜ੍ਹਾ ਗਊ ਮੂਤ੍ਰ ਨਾਲ ਪ੍ਰਾਤਾਕਾਲ ਨਿਤ ਉਠ ਪੀਵੇ ਤਾਂ ਕਫ ਦੀ ਆਂਡੇ ਬ੍ਰਿਧੀ ਦਾ ਦੁਖ ਖਿਨ ਵਿਚ ਨਾਸ ਹੋਵੇ ॥ ੩੩੨ ॥

ਸਰਬ ਆਂਡ ਬ੍ਰਿਧੀ ਉਪਾਇ (ਵੰਗਸੇਨਾਤ)–ਦੋਹਰਾ

ਸਰਖਪ ਬਚ ਕਾ ਕਲਕ ਕਰ, ਕੀਜੈ ਲੇਪੁ ਬਨਾਇ।
ਆਂਡਬ੍ਰਿਧਿ ਕੀ ਸੋਥ ਕੋ, ਦੇਵਤ ਤੁਰਤ ਗਵਾਇ ॥੩੭੩॥

*ਸਰੁਲਾ ਗਰੁ ਕੁਠਦਾਰ ਸੁੰਠਿ, ਲੇਪ ਮੂਤ ਆਰਨਾਰ।
ਆਂਡਬ੍ਰਿਧਿ ਕਫ ਬਾਤ ਕੋ, ਮੇਦ ਰੋਗ ਕੋ ਟਾਰ ॥੩੭੪॥

੧੪੧੮–ਸਰੋਂ ਤੇ ਵਚ ਦਾ ਕਲਕ ਕਰਕੇ ਗਰਮ ਗਰਮ ਲੇਪੇ ਤਾਂ ਸਭ ਪ੍ਰਕਾਰ ਦੀ ਆਂਡਬ੍ਰਿਧੀ ਅਰ ਸੋਜ ਨੂੰ ਤੁਰਤ ਨਾਸ ਕਰ ਦੇਵੇ ॥

੧੪੧੯–*ਸਰਲਗੂੰਦ, ਅਗਰ, ਕੁਠ, ਦੇਵਦਾਰ ਤੇ ਸੁੰਢ, ਗਊਮੂਤ੍ਰ ਅਰ ਕਾਂਜੀ ਨਾਲ ਪੀਹਕੇ ਲੇਪ ਕਰੇ ਤਾਂ ਕਫ ਬਾਤ ਦੀ ਆਂਡਬ੍ਰਿਧੀ, ਅਰ ਮੇਦ ਦੀ ਬ੍ਰਿਧੀ ਨੂੰ ਤੁਰਤ ਨਾਸ ਕਰੇ॥ ੩੭੩ ॥੩੭੪ ॥

ਕ੍ਵਾਥ–ਚੌਪਈ

ਰਾਸਨਾ ਯਸਟੀ ਛਿੰਨਾ ਬਲਾ। ਗੋਖਰੁ ਕ੍ਵਾਥ ਕਰੋ ਅਤਿ ਭਲਾ।
ਰੁਵਕ ਤੇਲ ਸੋ ਪੀਵਨ ਦਾਇ। ਆਂਡਬ੍ਰਿਧ ਕੀ ਸੋਥ ਮਿਟਾਇ ॥੩੭੫॥

੧੪੨੦– ਰਾਸਨਾ, ਮੁਲਠੀ, ਗਿਲੋਏ, ਖਰੈਟੀ, ਭਖੜਾ (ਤੇ ਅਰਿੰਡ ਦੀ ਜੜ) ਇਨ੍ਹਾਂ ਦਾ ਕਾੜ੍ਹਾ ਕਰੇ, ਫਿਰ ਉਸ ਵਿਚ ਅਰਿੰਡ ਦਾ ਤੇਲ ਪਾਕੇ ਖੀਵੇ ਤਾਂ ਆਂਡਬ੍ਰਿਧੀ ਦੀ ਸੋਜ ਨਾਸ ਕਰੇ ॥ ੩੭੫ ॥

ਬਿਧ੍ਰਮ (ਬੱਦ) ਉਪਾਇ–ਚੌਪਈ

ਪੀਪਰ ਸੇਂਧਾ ਜਲ ਸੋ ਖਾਇ। †ਕੁਰੰਟ ਭੇਦ ਕੇ ਪਯ ਸੋ ਪਜਾਇ।
ਵਾ ਗੋਮੂਤ੍ਰ ਸੰਗੇ ਦੇਇ। ਬ੍ਰਿਧਮ ਰੋਗ ਕਾ ਨਾਸ ਕਰੇਇ ॥੩੭੬॥

---

*ਸਰਲ ਦਾ ਨਾਮ ਧੂਪ ਸਰਲ ਪ੍ਰਸਿੱਧ ਹੈ, ਪਹਾੜਾਂ ਪਰ ਇਸਦਾ ਬ੍ਰਿਛ ਹੁੰਦਾ ਹੈ, ਪੱਤੇ ਢੱਕਦੇ ਸਮਾਨ ਹੁੰਦੇ ਹਨ, ਫੁਲ ਸਫੈਦ ਸੁਗੰਧ ਹੀਣ ਅਰ ਲਕੜੀ ਵਿਚੋਂ ਰਸ ਗੂੰਦ ਜੇਹਾ ਨਿਕਲਦਾ ਹੈ, ਓਹੋ ਪ੍ਰਯੋਗ ਵਿਚ ਲਿਆ ਜਾਂਦਾ ਹੈ, ਆਮ ਪ੍ਰਸਿੱਧ ਗੰਦਾ ਬਿਰੋਜਾ ਹੈ, ਯੂਨਾਨੀ "ਸੁੰਦਰਸ" ਬੋਲਦੇ ਹਨ ॥

†ਕਰੁੰਸ਼ ਪੀਲਾ ਬਾਂਸਾ ਹੈ, ਜਿਸ ਨੂੰ ਕਟ ਸਰਈਆ ਆਖਦੇ ਹਨ ਸੋ ਹੈ ਵਾਸ਼ੂ ਨਹੀਂ। ਪ੍ਰਸਿੱਧ ਬਾਣ ਹੈ। ਇਸਦੇ ੩ ਭੇਦ ਹਨ। ਪੀਲੇ ਫੁਲ ਵਾਰੀ ਕਟ ਸਰਈਆ ਹੈ, ਲਾਲ ਫੁਲ ਵਾਲੀ ਨੂੰ ਕੁਰਬਕ ਤੇ ਕਾਲੇ ਫੁਲ ਵਾਲੀ ਨੂੰ ਬਾਣ ਵਜੀ ਬੋਲਦੇ ਹਨ। ਭ੍ਰਮ ਨਿਬ੍ਰਿਤੀ ਅਮਰ ਕੋਸ਼ ਦੇਖ ਕੇ ਕਰੋ।

Digitized by Panjab Digital Library | www.panjabdigilib.org

੧੪੨੧–ਮਘ ਤੇ ਸੇਂਧਾ ਨਿਮਕ ਜਲ ਨਾਲ ਫਕੇ। ਪੀਲਾ †ਬਾਂਸਾ ਭੇਡ ਦੇ ਦੁਧ ਨਾਲ ਯਾ ਗਊ ਮੂਤ੍ਰ ਨਾਲ ਪਿਲਾਵੇ ਤਾਂ ਬਦਰੋਗ ਨਾਸ ਹੋਵੇ ॥੩੭੬॥

ਦੋਹਰਾ

ਮ੍ਰਿਤਕ ਬਾਇਸ ਆਨਕੈ, ਅੰਡ ਊਪਰ ਬੰਧਾਇ।
ਬ੍ਰਿਧਮ ਆਂਡ ਕੀ ਸੋਥ ਕੋ, ਤੁਰਤੈ ਦੇਇ ਗਵਾਇ ॥੩੭੭॥

੧੪੨੨–ਮੋਯਾ ਕਾਂ ਲੈਕੇ ਅੰਡ ਕੋਸ਼ਾਂ ਪਰ ਬੰਨ੍ਹੇ ਤਾਂ ਬੱਦ ਅਰ ਆਂਡ ਦੀ ਸੋਜ ਤੁਰਤ ਨਾਸ ਕਰੇ ॥੩੭੭॥

ਜਰਣ ਹਾਪੁਖਾ ਕੁਸਟ ਗੋ, ਮੇਦ ਬਦਰੀ ਛਾਲ।
ਆਰ ਨਾਲ ਲੇਪਨ ਕਰੋ, ਬ੍ਰਿਧਮ ਆਂਡ ਰੁਜ ਟਾਲ ॥੩੭੮॥

੧੪੨੩–ਜੀਰਾ, ਹਊਬੇਰ, ਕੁਠ, ‡ਤਮਾਲਪਤ੍ਰ, ਅਰ ਬੇਰੀ ਦੀ ਛਿਲ ਕਾਂਜੀ ਨਾਲ ਘੋਟਕੇ ਲੇਪ ਕਰੇ ਤਾਂ ਬਦ ਅਰ ਆਂਡਬ੍ਰਿਧੀ ਰੋਗ ਦਾ ਨਾਸ ਕਰੇ ॥੩੭੮॥

ਚੌਪਈ

ਗੋਖਰੁ ਬਿਸ੍ਵਾ ਘਨ ਸੁਰ ਦਾਰ। ਅਸਮਭੇਦ ਬੜਿੰਗ ਸੁ ਡਾਰ।
ਲੋਦ ਜੁ ਘ੍ਰਿਤ ਸੋ ਜਬ ਹੀ ਪੀਤਾ।ਬ੍ਰਿਧਮਆਂਡ ਮਿਟ ਜਾਵਤਬੀਰ।੩੭੯।

੧੪੨੪–ਭਖੜਾ, ਸੁੰਢ, ਮੋਥਾ, ਦੇਵਦਾਰ, ਪਖਾਣਭੇਦ, ਬਾਇਬੜਿੰਗ, ਅਰ ਲੋਦ ਇਹ ਸਭ ਪੀਹਕੇ *(ਨਿਮਕ ਪਾਕੇ) ਘਿਉ ਨਾਲ ਪੀਵੇ ਤਾਂ ਬਦ ਅਰ ਆਂਡਬ੍ਰਿਧੀ ਮਿਟ ਜਾਵੇ ॥੩੭੯॥

ਬਿਲਜਾਦਿ ਚੂਰਣ (ਭਾਵ ਪ੍ਰਕਾਸ਼ਾਤ)–ਚੌਪਈ

ਬਿਲਮੂਲ ਕਪਿਥ ਜੁ ਕਣਾ। ਅਰਲੂ ਚਿਤ੍ਰਕ ਸਿਗ੍ਰੂ ਜੁ ਭਨਾ।
ਦੋਨੋਂ ਬ੍ਰਹਤੀ ਪੂਤਕਰੰਜ। ਸੁੰਠ ਭਿਲਾਵਾ ਸਜਾਮਾ ਅੰਜ ॥੩੮੦॥
ਗ੍ਰੰਥਕ ਪੰਚ ਲਵਨ ਜਵਖਾਰ। ਅਜਮੋਦਾ ਚੂਰਨ ਸਬਕਾਰ।
ਕਾਂਜੀ ਵਾ ਤਾਤੇ ਪਿਵ ਨੀਰ। ਬ੍ਰਿਧਮ ਆਂਡ ਰੁਜ ਜਾਵਤ ਪੀਰ॥੩੮੧॥

੧੪੨੫–ਬਿਲ ਦੀ ਜੜ੍ਹ ਦੀ ਖਿਲ, ਕੈਥ ਦੀ ਜੜ ਦੀ ਛਿਲ,ਮਘ, ਸੋਨਾਕ ਦੀ ਜੜ ਦੀ ਛਿਲ, ਚਿਤ੍ਰੇ ਦੀ ਜੜ ਦੀ ਛਿਲ; ਸੁਹਾਂਜਣੇ ਦੀ ਜੜ ਦੀ ਛਿਲ, ਦੋਨੋਂ ਕੰਡਿਆਰੀਆਂ, ਮੀਚਕਾ, ਸੁੰਢ, ਭਿਲਾਵਾ, ਮਘ, ਪਿਪਲਾਮੂਲ, ਪੰਜੇ ਨਿਮਕ, ਜੌਂਖਾਰ ਅਰ ਅਜਮੋਦਾ ਇਹ ਸਭ ਸਮਾਨ ਲੈਕੇ ਪੀਹਕੇ ਚੂਰਣ ਕਰ ਲਵੇ, ਅਰ ਫਿਰ ਕਾਂਜੀ ਨਾਲ ਯਾ ਗਰਮ ਪਾਣੀ ਲਵੇ ਤਾਂ ਬਦਰੋਗ ਆਂਡਬ੍ਰਿਧੀ ਸਭ ਨਾਸ ਕਰੇ ॥੩੮੦॥੩੮੧॥

ਅਥ ਧਰਨ ਉਪਾਇ–ਦੋਹਰਾ

---

‡ਗੋਮੇ ਦਾ–ਤਮਾਲ ਪਤ੍ਰ ਹੈ: ਦੇਖੋ ਭਾਵ ਪ੍ਰਕਾਸ਼ ਨਾਲੇ ਪ੍ਰਯੋਗ ਭੀ।
*ਮੂਲ ਵਿੱਚ ਨਿਮਕ ਪੌਣਾ ਭੀ ਕਿਹਾ ਹੈ, ਸੋ ਠੀਕ ਹੈ।

Digitized by Panjab Digital Library | www.panjabdigilib.org

ਸਕਟੀ ਲੀਹਾਂ ਬੀਚ ਕੀ, ਇਟਸਿਟ ਜੜ ਮੰਗਵਾਇ।
ਅਰਕ ਵਾਰ ਦਿਨ ਲੀਜੀਏ, ਚਿੜੀ ਨ ਬੋਲੁ ਕਰਾਇ ॥੩੯੨॥
ਗੁੱਗਲ ਧੂਨੀ ਦੇ ਕਰੀ, ਲੇਹੁ ਤਵੀਤ ਮੜ੍ਹਾਇ।
ਕਟਿ ਬਾਧੇ ਰੋਗੀ ਨਰਹਿ, ਧਰਨ ਸਕਲ ਮਿਟ ਜਾਇ ॥੩੯੩॥

੧੪੨੬–ਗੱਡੀ ਦੀਆਂ ਲੀਹਾਂ ਵਿਚਲੀ ਇਟਸਿਟ ਦੀ ਜੜ ਐਤਵਾਰ ਦੇ ਦਿਨ ਜਦ ਅਜੇ ਚਿੜੀ ਤਕ ਨਾਂ ਬੋਲੀ ਹੋਵੇ ਪੁਟਾਕੇ ਮੰਗਾ ਲਵੇ। ਉਸ ਨੂੰ ਗੁਗਲ ਦੀ ਧੂਣੀ ਦੇ ਕੇ ਤਵੀਜ ਵਿੱਚ ਮੜ੍ਹਾ ਲਵੇ, ਰੋਗੀ ਦੇ ਲੱਕ ਬੰਨ੍ਹ ਦੇਵੇ ਤਾਂ ਧਰਨ ਸਭ ਤਰ੍ਹਾਂ ਦੀ ਨਾਸ਼ ਹੋ ਜਾਵੇ, ਇਹ ਪ੍ਰੀਖਕ ਹੈ।੩੯੨।੩੯੩।

ਨਲ ਧਰਨ ਉਪਾਇ–ਗੋਲੀ

ਕੜੂ ਟੰਕ ਤ੍ਰਯ ਪੀਸੀ ਲੇਇ। ਗੋਘ੍ਰਿਤ ਸੇਤੀ ਪੀਵਨ ਦੇਇ।
ਖੜਾ ਹੋਇ ਨਰ ਪੀਵੈ ਸੋਇ। ਨਲਧਰ ਪੀਰਾ ਕਬ੍ਹੂ ਨ ਹੋਇ ॥੩੯੪॥

੧੪੨੭–ਕੌੜ ੩ ਟੰਕ ਪੀਹਕੇ ਗੋਕੇ ਘੇਉ ਨਾਲ ਪੀਣ ਨੂੰ ਦੇਵੇ, ਪਰੰਤੂ ਪੀਣ ਵਾਲਾ ਖੜੋਕੇ ਪੀਵੇ ਤਾਂ ਨਲ ਧਰਨ ਦੀ ਪੀੜਾ ਕਦੇ ਨਾ ਹੋਵੇ ॥੩੯੪॥

ਸੋਰਠਾ

ਪਲਾਸ ਜਟਾ ਕੀ ਛਾਲ, ਘੋਟਿ ਛਾਨ ਪਿਵ ਨੀਰ ਸੋ।
ਤਾਂਮਹਿ ਮਿਸਰੀ ਘਾਲ, ਨਲ ਧਰ ਪੀਰਾ ਜਾਤ ਮਿਟ ॥੩੯੫॥

੧੪੨੮–ਪਲਾਹ ਦੀ ਜੜ੍ਹ ਦੀ ਛਿੱਲ ਜਲ ਨਾਲ ਘੋਟਕੇ ਛਾਣ ਲਵੇ ਅਰ ਮਿਸਰੀ ਪਾਕੇ ਪੀਵੇ ਤਾਂ ਨਲ ਧਰਨ ਦੀ ਪੀੜਾ ਮਿਟ ਜਾਵੇ ॥੩੯੫॥

ਯੋਗ ਚਿੰਤਾਮਣੀਆਤ–ਦੋਹਰਾ

ਅਭਯਾ ਚਿਤ੍ਰਕ ਪੁਹਕਰਾ, ਜਰਨ ਨਿਸਾ ਲੈ ਹਿੰਗ।
ਤੁੰਬਰ ਲਵਨ ਜੁ ਤੀਨ ਭਨ, ਚੂਰਨ ਕਰੋ ਸੁ ਚੰਗ ॥੩੯੬॥
ਪ੍ਰਾਤ ਉਠੀ ਪਯ ਸੰਗ ਪਿਵ, ਊਭਾ ਹੋਈ ਜਾਨ।
ਨਲਧਰ ਕੀ ਪੀਰਾ ਮਿਟਤ, ਜੋਗ ਚਿੰਤਾਮਨਿ ਬਾਨਿ ॥੩੯੭॥

੧੪੨੯–ਹਰੜ, ਚਿਤ੍ਰਾ, ਪੁਹਕਰਮੂਲ ਜੀਰਾ, ਹਲਧੀ, ਹਿੰਗ ਧਨੀਆਂ, ਤਿੰਨੇ ਨਿਮਕ (ਸੌਂਚਰ ਵਿੜ ਤੇ ਸੇਂਧਾ) ਇਨ੍ਹਾਂ ਦਾ ਚੰਗਾ ਚੂਰਣ ਕਰ ਲਵੇ। ਫਿਰ ਪ੍ਰਾਤਾਕਾਲ ਉਠਕੇ ਦੁਧ ਨਾਲ ਕੁੱਬਾ ਹੋਕੇ ਪੀ ਲਵੇ, ਤਾਂ ਨਲ ਧਰਨ ਦੀ ਪੀੜਾ ਜਾਂਦੀ ਰਹੇ, ਇਹ ਯੋਗ ਚਿੰਤਾਮਣੀ ਵਿਚ ਲਿਖਯਾ ਹੈ। (ਪਰੰਤੂ ਯੋਗ ਚਿੰਤਾਮਣੀ ਵਿਚ "ਜੌਂਖਾਰ, ਬਾਯਵੜਿੰਗ ਤੇ ਅਜਵਾਇਣ" ਇਹ ਤਿੰਨੇ ਵਾਧੂ ਹਨ, ਨਾਲੇ ਸਭ ਦੇ ਬਰਾਬਰ ਦੀ ਤ੍ਰਿਵੀ ਪਾਕੇ ਚੂਰਣ ਕਰਨਾ ਕਿਹਾ ਹੈ। ਮਾਲੂਮ ਨਹੀਂ ਮੇਘ ਵਿਚ ਪਾਠ ਭੁਲ ਗਿਆ ਹੈ ਯਾ ਕਰਤਾ ਨੇ ਛੱਡ ਦਿਤੀਆਂ ਹਨ। ਅਸਾਂ ਬਹੁਤੇ ਪੁਸਤਕਾਂ ਵਿਚ ਪੜਤਾਲ ਕੀਤੀ ਹੈ, ਫਿਰ ਭੀ ਪਾਠ ਇਤਨਾ ਹੀ ਦੇਖਯਾ ਗਿਆ ਹੈ, ਸੋ ਜਿਸ ਪ੍ਰਯੋਗ ਨੂੰ ਚਾਹੇ ਬਣਾਕੇ ਸੇਵਨ ਕਰੇ, ਵੇਰਵਾ ਲਿਖ

Digitized by Panjab Digital Library | www.panjabdigilib.org

ਦਿਤਾ ਹੈ, ਹੋਰ ॥੩੮੬॥੩੮੭॥

ਅੰਡ ਸੋਥੇ ਪੱਥ

ਸੋਧਨ ਰਕਤ ਬਿਮੋਖਨ ਸ੍ਵੇਦਾ, ਲੇਪ ਅਰਨ ਲੈ ਸਾਲੰ।
ਤੇਲ ਇਰੰਡੀ ਸੁਰਭੀ ਜਲ ਭਨਿ,ਪਾਨ ਲਵਨ ਪੁਨਿ ਘਾਲੰ।
ਇਟਸਿਟ ਅਰਨੀ ਗੋਖਰ ਬਰਨੀ, ਲਸਨ ਗੋਂਗਲੂ ਜਾਨੋ।
ਸਸਤ੍ਰ ਬਿਧਾਨ ਜਲੌਕਾ ਲਾਵਨ, ਪੱਥ ਅੰਡਬ੍ਰਿਧ ਮਾਨੋ ॥੩੮੮॥

੧੪੩੦–ਸੋਧਨ (ਜੁਲਾਬ ਦੇਣਾ) ਫਸਤ ਖੋਲ੍ਹਨਾ, ਪਸੀਨਾ ਦੇਣਾ, ਲੇਪ ਕਰਨੇ, ਲਾਲ ਚਾਵਲ ਖਾਣੇ, ਅਰਿੰਡ ਦਾ ਤੇਲ, ਗਊਮੂਤ੍ਰ, ਪਾਨ ਬੀੜੇ, ਨਿਮਕ, ਪਾਠਾ, ਇਟਸਿਟ, ਅਰਣੀ, ਮੱਖੜਾ, *ਸ੍ਰਾਬ ਲਸਨ, ਸ਼ਲਗਮ, ਸ਼ਸਤ੍ਰਵਿਨੀ, ਅੱਧੇ ਚੰਦ੍ਰ ਸਮਾਨ ਦੋਹਾਂ ਪੱਟਾਂ ਦੀਆਂ ਸੰਧੀਆਂ ਵਿੱਚ ਦਾਗਣਾ, ਜੋਕਾਂ ਲਾਉਣੀਆਂ ਇਹ ਸਭ ਅੰਡਬ੍ਰਿਧੀ ਦੇ ਪੱਥ ਹਨ ॥੩੮੮॥

ਕੁਪੱਥ–ਚੌਪਈ

ਅਨੂਪ ਮਾਂਸ ਦਧਿ ਦੁਸਟਾਹਾਰ। ਨਾਰੀ ਮਾਖਾ ਬੇਗ ਰੁਧਾਰ।
ਅੰਡਬ੍ਰਿਧ ਅਰੁ ਬ੍ਰਿਧਮੈ ਜਾਸ। ਕਹੇ ਕੁਪਥ ਜੁ ਗ੍ਰੰਥ ਪ੍ਰਕਾਸ ॥੩੮੯॥

੧੪੩੧–ਅਨੂਪਜ ਦੇਸ਼ਾਂ ਦੇ ਜਾਨਵਰਾਂ ਦਾ ਮਾਸ, ਦਹੀਂ ਦੁਸ਼ਟ, ਅਰਥਾਤ ਵਿਰੁੱਧ ਭੋਜਨ ਖਾਣੇ। ਇਸਤ੍ਰੀ ਸੰਗ, ਮਾਂਹ ਤੇ ਬੇਗਾਂ ਦਾ ਰੋਕਣਾ, ਇਹ ਸਭ ਅੰਡਬ੍ਰਿਧੀ ਅਰ ਬਦ ਰੋਗ ਵਿਖੇ ਗ੍ਰੰਥਾਂਤ੍ਰਾਂ ਵਿੱਚ ਕੁਪੱਥ ਕਹੇ ਹਨ ॥ ੩੮੯ ॥

ਅਥ ਗਲਗੰਡ, ਗੰਡਮਾਲਾ, ਅਪਚੀ; ਗ੍ਰੰਥ ਅਰਬੁਦੇ ਨਿਦਾਨ–ਚੌਪਈ

ਤੀਨ ਦੋਖ ਅਰੁ ਰੁਧਿਰ ਬਖਾਨ। ਮੇਦ ਬਾਤ ਕਫ ਪਿਤੇ ਠਾਨ।
ਯਾਤੇ ਉਪਜਤ ਗੰਡ ਜੁ ਮਾਲ। ਨਵ ਪ੍ਰਕਾਰ ਕੀ ਜਾਨੋ ਲਾਲ॥੩੯੦॥

ਤ੍ਰਿਦੋਖ, ਰਕਤ ਵਿਕਾਰ, ਮੇਦ, ਬਾਤ, ਕਫ ਅਰ ਪਿੱਤ ਇਨ੍ਹਾਂ ਦੇ ਵਿਸ਼ੇਸ਼ ਕਾਰਣਾਂ ਕਰਕੇ ਗ੍ਰੰਥਿ ਗਲ ਵਿੱਚ ਪੈਦਾ ਹੁੰਦੀ ਹੈ। ਸੋ ਨੌਂ ਪ੍ਰਕਾਰ ਦੀ ਹੈ ॥ ੩੯੦ ॥

(ਸਾਰੰਗਧਰਾਤ)–ਪਰਿਹਾ

ਬੂਝੇ ਪੰਡਿਤ ਰੋਗੁ, ਕਰੋ ਜੁ ਬਿਚਾਰ ਹੀ।
ਗੰਡਮਾਲ ਕਾ ਰੋਗੁ ਏਕ ਨਿਰਧਾਰ ਹੀ।
ਲਵੇ ਗਾਂਠ ਕੀ ਬੇਲ, ਬਧੇ ਤਨ ਕੰਠ ਹੀ।
ਮੇਥ ਘਾਸ ਜੜ ਰੀਤਿ, ਲਗਯੋ ਗਲ ਗੰਠ ਹੀ ॥੩੯੧॥

---

*ਬਰਨੀ–ਕਰਕੇ ਬਾਰੁਣੀ ਸ੍ਰਾਬ ਹੈ, ਛੰਦ ਵਾਸਤੇ ਦੀਰਘ ਨਹੀਂ ਹੈ।

Digitized by Panjab Digital Library | www.panjabdigilib.org

ਰਕਤ ਬਿਕਾਰ ਥੀ ਹੋਇ, ਮੇਦ ਕੇ ਸੰਗ ਹੀ।
ਆਸੁਚ ਕੇ ਪਲ ਬ੍ਰਿਧਿ,ਬਾਤ ਪਿਤ ਭੰਗ ਹੀ।
ਕਫ ਤੇ ਪੁਨ ਸੰਨਿਪਾਤ, ਨਾੜਿਕਾ ਰੋਗ ਹੈ।
ਨਵੈ ਗ੍ਰੰਥ ਗੰਡਮਾਲ, ਇਨਾ ਕਰਿ ਜੋਗ ਹੈ॥੩੯੨॥

ਹੇ ਪੰਡਿਤ ਜਨੋ ! ਵਿਚਾਰਕੇ ਦੇਖੋ ਤਾਂ ਗੰਡਮਾਲ ਦਾ ਰੋਗ ਇੱਕ ਹੈ, ਪਰੰਤੂ ਉਸ ਦੇ ਪਾਸ ਸਰੀਰ ਦੇ ਗਲ ਸਥਾਨ ਵਿਖੇ ਗੰਢਾਂ ਦੀ ਮਾਲਾ ਹੋ ਜਾਂਦੀ ਹੈ। ਜਿਸਤਰਾਂ ਮੋਥਾ ਘਾਹ ਹੈ, ਉਸ ਦੀ ਜੜ੍ਹ ਨਾਲ ਕਈ ਹੋਰ ਜੜ੍ਹਾਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਇਹ ਗਲ ਗ੍ਰੰਥੀ ਹੋ ਜਾਂਦੀ ਹੈ। ਸੋ ਇਹ ਰਕਤ ਵਿਕਾਰ ਦੀ ੧, ਮੇਦ ਕਰਕੇ ੨,ਅਸੁਚਤਾ ਕਰਕੇ ੩, ਮਾਸ ਵਧਕੇ ੪, ਬਾਤ ਤੇ ੫, ਪਿੱਤ ਤੇ ੬, ਕਫ ਤੇ ਸੰਨਿਪਾਤ ਤੇ ੮ ਅਰ ਨਾੜੀ ਤੇ ੯, ਇਉਂ ਗੰਡਮਾਲ ਅਰਥਾਤ ਗਲ ਗ੍ਰੰਥੀ ਇਹ ਨੌ ਪ੍ਰਕਾਰ ਦੀ ਹੈ ॥ ੩੯੧ ॥ ੩੯੨ ॥

ਗੰਡਮਾਲਾ ਲੱਛਣ-ਦੋਹਰਾ

ਸੋਥ ਬੁੱਧ ਅਤਿ ਹੋਇਕੈ, ਲਟਕੈ ਗਲ ਜਿਮ ਅੰਡ।
ਲਘੂ ਬ੍ਰਿਧ ਵਾ ਹੋਤ ਹੈ, ਗੰਡਮਾਲ ਸਾ ਮੰਡ॥੩੯੩॥
ਤੋਦ ਸਜਾਮ ਨਾੜੀ ਬੰਧਜੋ, ਸਯਾਮ ਲਾਲ ਸੋ ਬਾਤ।
ਦਾਹ ਰਕਤ ਅਰ ਲਾਲ ਹੁਇ, ਪਿਤਕੀ ਏਹ ਬਿਖਤਾਤ॥੩੯੪॥
ਕਠੋਰ ਨ ਪਾਕੈ ਮੁਖ ਬਿਰਸ, ਸਿਥਰ ਗੁਰੁਤਾ ਅਰ ਸੋਜ।
ਭਰੀ ਖਾਜ ਜੁ ਸੀਤ ਬਹੁ, ਕਫ ਲਛਨ ਇਹ ਖੋਜ॥੩੯੫॥
ਪਚੈ ਬਧੈ ਚਿਰ ਮੰਦ ਜੁਰ, ਤਾਲੁ ਗਲਾ ਜੁ ਲਿਪਾਇ।
ਭਾਰੀ ਚਿਕਨਾ ਭੂਸਲਾ, ਦੁਰਗੰਧ ਤਾਂਤੇ ਆਇ॥੩੯੬॥
ਪੀਰ ਖਾਜ ਅਰ ਮੇਦ ਸਹਿ, ਮੁਖ ਪੀਠਾ ਹੈ ਜਾਸ।
ਮੂਲ ਅਲਪ ਲਟਕਤ ਰਹਤ, ਮੇਦ ਰੋਗ ਅਭਯਾਸ॥੩੯੭॥

ਸੋਜਾ ਬੱਦ ਦੀ ਤਰ੍ਹਾਂ ਅਤਜੰਤ ਹੋਕੇ ਆਂਡੇ ਦੀ ਨਿਆਈਂ ਗਲ ਵਿੱਚ ਲਟਕ ਪਵੇ ਹੈ, ਇਹ ਸੋਜ ਛੋਟੀ ਅਥਵਾ ਵੱਡੀ ਹੋਵੇ †ਗੰਡਮਾਲਾ ਕਹੀ ਜਾਂਦੀ ਹੈ ॥੩੯੩॥

ਜਿਸ ਗੰਡਮਾਲਾ ਵਿੱਚ ਤੋਦ, (ਨੋਚਣੇ ਜੇਹੀ ਪੀੜਾ) ਹੋਵੇ, ਕਾਲੀ ਸਯਾਮ ਪ੍ਰਭਾ ਹੋਵੇ, ਨਸਾਂ ਕਰ ਬਿਆਪਤ ਹੋਵੇ, ਲਾਲ ਕਾਲੀਆਂ ਦ੍ਰਿਸ਼ਟੀ ਔਣ ਉਹ ਬਾਤ ਦੀ ਹੈ। ਜਿਸ ਵਿਖੇ ਸੜਨ, ਰਕਤ ਤਥਾ ਲਾਲੀ ਨਜ਼ਰ ਆਵੇ ਓਹ ਪਿੱਤ ਦੀ ਗੰਡਮਾਲ ਕਹੀ ਜਾਂਦੀ ਹੈ ॥੩੯੪॥

---

†ਏਥੇ ਭੋਜ ਦਾ ਮਤ ਹੈ ਕਿ ਦਾੜ੍ਹੀ ਠੋਡੀ ਅਰ ਨਾੜੀ ਵਿਚ ਹੋਵੇ, ਗਲੇ ਵਿਚ ਲਟਕ ਆਵੇ ਸਭ ਗਲ ਗੰਡ ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

ਜਿਹੜੀ ਕਰੜੀ, ਨਾਪਕਨੇ ਵਾਲੀ, ਜਿਸ ਵਿੱਚ ਮੂਹ ਬਿਰਸ ਰਹੇ, ਸੋਜ ਇਕ ਜਗ੍ਹਾ ਟਿਕੀ ਰਹੇ ਅਰ ਭਾਰੀ ਹੋਵੇ। ਜਿਸ ਵਿੱਚ ਬਹੁਤੀ ਖੁਰਕ ਚਲੇ, ਅਰ ਸੀਤਲ ਸਪਰਸ਼ ਹੋਵੇ ਓਹ ਕਫ ਦੀ ਗੰਡਮਾਲ ਜਾਨਣੀ ਚਾਹੀਏ ॥੩੯੫॥

ਜੇਹੜੀ ਚਿਰ ਪਿਛੋਂ ਪੱਕੇ ਤੇ ਵਧੇ; ਮਠਾ ੨ ਤਾਪ ਰਹੇ। ਤਾਲੂ ਅਰ ਗਲ ਲਿਪਿਆ ਰਹੇ, ਭਾਵ ਬੋਲਿਆਂ ਘੁਰਘੁਰ ਸ਼ਬਦ ਹੋਵੇ। ਸਰੀਰ ਸਮਾਨ ਭਾਰੀ (ਤੇ ਹਲਕੀ) ਹੋਵੇ, ਭੁਸਲੀ ਰੰਗਤ, ਫਿਰ ਤਿਸ ਤੋਂ ਬੁਹੀ ਬਾਸ ਆਵੇ। ਪੀੜਾ ਖਾਜ ਹੋਵੇ, ਮੇਦ ਦੇ ਸੰਯੁਕਤ ਜਿਸਦਾ ਮੂਹ ਮਿਠਾ ਹੋਵੇ। ਜਿਸ ਦੀ ਛੋਟੀ ਜੜ ਅਗੋਂ ਬੜੀ ਹੋਵੇ, ਤੂੰਬੀ ਵਾਂਗ ਲਟਕੇ ਅਜੇਹੀ ਮੇਦ ਦੀ ਗੰਡਮਾਲ ਕਹੀ ਜਾਂਦੀ ਹੈ ॥੩੯੭॥

ਅਸਾਧ ਗੰਡਮਾਲਾ ਲਛਣ—ਦੋਹਰਾ

ਮੁਖ ਚਿਕਨਾ ਗਲ ਮੈ ਸਬਦਿ, ਦੁਖ ਸੋ ਲੇਵਤ ਸ੍ਵਾਸ।
ਬਰਸ ਪਰੈ ਗਾਤ੍ਰ ਨਰਮ, ਤਾਕੋ ਜਮਕਰ ਗ੍ਰਾਸ ॥੩੯੮॥
ਏਕ ਗੰਠ ਤੇ ਗੰਠ ਗਲ, ਬਹੁ ਗੰਠੈ ਗੰਡਮਾਲ।
ਗਲਗੰਡ ਗੰਡਮਾਲਾ ਕਹੀ, ਸਮਝੋ ਲਛਨ ਲਾਲ ॥੩੯੯॥

ਮੂੰਹ ਚੀਕੁਣਾ, ਗਲ ਵਿਚ ਸ਼ਬਦ ਰਹੇ, ਭਾਵ ਕਸ਼ਟ ਨਾਲ ਬੋਲ ਸਕੇ, ਇਸੇ ਤਰਾਂ ਕਸ਼ਟ ਸਾਥ ਸ੍ਵਾਸ ਲਵੇ। ਸਾਲ ਬਿਤੀਤ ਹੋ ਗਿਆ ਹੋਵੇ, ਸਰੀਰੋਂ ਖੀਣ ਹੋ ਗਿਆ ਹੋਵੇ; ਉਸ ਨੂੰ ਜਮ ਗ੍ਰਾਸ ਕਰੇਗਾ। ਇਕ ਗੰਢ ਤੇ ਗਲਗੰਠ (ਗਿਲ੍ਹੜ) ਅਰ ਬਹੁਤੀਆਂ ਗੰਢਾਂ ਤੇ ਗੰਡਮਾਲਾ ਕਹੀ ਜਾਂਦੀ ਹੈ। ਗਲਗੰਡ, ਗੰਡਮਾਲਾ ਤੇ ਹੀ ਕਹੀ ਜਾਂਦੀ ਹੈ (ਇਸੇ ਨੂੰ ਅਪਚੀ ਕਿਹਾ ਜਾਂਦਾ ਹੈ) ਇਸਦੇ ਲਛਣ ਸਮਝਣੇ ਚਾਹੀਏ ॥੩੯੮॥੩੯੯॥

ਅਪਚੀ ਲੱਛਣ—ਚੌਪਈ

ਬੇਰ ਆਮਰਾ ਜਾਨ ਪ੍ਰਮਾਨ। ਗੰਠ ਹੋਤ ਇਤਨੇ ਏ ਥਾਨ।
ਕਛੁ ਖਾਵੇ ਗਰਦਨ ਗਲ ਮਾਹਿ। ਬੱਖਨ ਕਫ ਮੇਦੋ ਹੈ ਤਾਹਿ ॥੪੦੦॥
ਕੋਊ ਪਾਕਤ ਕੋਊ ਨ ਜੋਇ। ਸ੍ਰੂਵੈ ਦੂਰ ਹੋਇ ਫਿਰ ਭੀ ਹੋਇ।
ਸੋ ਤੋ ਚਿਰ ਮਹਿ ਪਾਕਨ ਹੋਇ। ਲਛਨ ਅਪਚੀ ਕਹਤੇ ਸੋਇ ॥੪੦੧॥

ਬੇਰ ਸਮਾਨ,ਯਾ ਆਵਲੇ ਸਮਾਨ ਗੰਢ ਸਰੀਰ ਦੇ ਹੇਠ ਲਿਖੇ ਥਾਵਾਂ ਤੇ ਹੋਵੇ ਹੈ। ਕਛਾਂ,ਮੋਢਿਆਂ, ਗਰਦਨ, ਗਲ ਅਰ ਚੂਲਿਆਂ ਵਿਚ, ਸੋ ਇਸ਼ ਵਿਚ ਕਫ ਅਰ ਮੇਦ ਦੋਨੋਂ ਹੁੰਦੇ ਹਨ। ਉਹ ਗੰਢ ਕੋਈ ਪਕਦੀ ਹੈ, ਕੋਈ ਨਹੀਂ ਪਕਦੀ, ਸ੍ਰਵਦੀ ਹੈ, ਕਦੇ ਹਟ ਭੀ ਜਾਂਦੀ ਹੈ, ਫਿਰ ਭੀ ਹੋ ਜਾਂਦੀ ਹੈ। ਸੋ ਜੇਕਰ ਉਹ ਪਕਦੀ ਹੈ ਤਾਂ ਚਿਰ ਪਿਛੋਂ ਪਕਦੀ ਹੈ। ਅਜੇਹੇ ਲੱਛਣ ਅਪਚੀ ਦੇ ਕਹੇ ਜਾਂਦੇ ਹਨ ॥੪੦੦॥੪੦੧॥

ਅਪਚੀ ਅਸਾਧ ਲੱਛਨ—ਚੌਪਈ

ਪੀਨਸ ਪਾਰਸ ਹੋਵਤ ਸੂਰ। ਖਾਂਸੀ ਜੁਰ ਬਮਿ ਸੇਤੀ ਪੂਰ।
ਇਨੈ ਲਛਨੈ ਕਰੈ ਅਸਾਧ। ਮੇਦ ਕਫੈ ਉਪਜਤ ਏ ਬਯਾਧਿ॥੪੦੨॥

Digitized by Panjab Digital Library | www.panjabdigilib.org

ਬਾਤਾਦਿਕ ਲੋਹੂ ਅਰ ਮਾਸ। ਕੁਪੀ ਦੂਖਵੈ ਮੇਦ ਸੁ ਤਾਸ।
ਬਟਲੀ ਉਨਤਿ ਗੰਠ ਸੁ ਕਰੈ। ਤਿਸੰਤੇ ਗੰਠ ਨਾਮ ਤਿਸੁ ਧਰੈ ॥੪੦੩॥
ਤਪਤ ਮਧ ਬਿੱਛੂ ਜਿਮ ਤੋਦ। ਕੋਮਲ ਕਾਲੀ ਗ੍ਰੰਥ ਸੁ ਸੋਦ।
ਫੂਟੇ ਤੇ ਸ੍ਰਵਤੀ ਸੋ ਜਾਨ। ਬਾਤ ਅਪਚੀ ਸੁ ਲਛਨ ਠਾਨ ॥ ੪੦੪॥
ਰੁਧਰ ਸ੍ਰਵਤ ਚੂਸਨ ਜਿਮ ਪੀਰ। ਪਚਤੀ ਜਲਤੀ ਧੂਖਨਿ ਬੀਰ।
ਰਕਤ ਪੀਤ ਤਾਕਾ ਆਕਾਰ। ਪਿੱਤ ਅਪਚੀ ਜਾਨ ਬਿਕਾਰ ॥੪੦੫॥

ਸੋਰਠਾ— ਫੂਟਤ ਗ੍ਰੰਥ ਸੁ ਜਾਨ, ਸ੍ਰਵਤਿ ਗਰਮ ਅਤਿ ਰੁਧਰ ਤਿਸ।
ਰੁਧਰ ਗ੍ਰੰਥ ਸੋ ਠਾਨ, ਲੋਹੂ ਤੇ ਸੋ ਜ਼ਾਨਿਯੋ ॥੪੦੬॥
ਸੀਤਲ ਥੋਰੀ ਪੀਰ, ਖਾਜ ਬਿਬਰਨ ਕਠੋਰ ਬਹੁ।
ਬਧਤ ਚਿਰੈ ਸੋ ਬੀਰ, ਕਫ ਕੀ ਅਪਚੀ ਇਮ ਕਹੀ ॥੪੦੭॥
ਫੂਟੇ ਰਾਧ ਬਿਕਾਰ, ਸ੍ਵੇਤ ਸੰਘਨੀ ਰਾਧ ਅਤਿ।
ਸਰੀਰ ਬਧਤਿ ਬਧਾਇ, ਤਨ ਘਟਤੇ ਸੋ ਘਟਤ ਹੈ ॥੪੦੮॥
ਖਾਜ ਚਿਕਨ ਬਹੁ ਪੀਰ, ਘ੍ਰਿਤ ਜਯੋਂਖਲ ਸਮ ਸ੍ਰਵਤ ਬਹੁ।
ਮੇਦ ਆਪਚੀ ਧੀਰ, ਮਾਧਵ ਬਚਨ ਬਖਾਨਿਯੋ ॥੪੦੯॥

ਚੌਪਈ— ਬਯਾਮ ਆਦਿ ਤੇ ਹੋਵਤ ਸੋਇ। ਬਾਤ ਸਿਰਾ ਮੈ ਪੈਠਤ ਹੋਇ।
ਸੁਕਚਿ ਨਾਰਿ ਕੌ ਗੁੰਠਕਰਾਇ।ਨਾੜਗੁੰਠ ਤੇ ਅਸਾਧਕਹਾਇ।੪੧੦।

ਨਜ਼ੁਲਾ, ਜਾਤੁਲਜੰਮ ਦੀ ਪੀੜ, ਖਾਂਸੀ, ਜੁਰ ਅਰ ਕੈ ਇਨ੍ਹਾਂ ਲਛਣਾਂ ਵਾਲੀ ਅਪਚੀ ਅਸਾਧ ਹੈ। ਇਹ ਬਿਆਧੀ ਮੇਦ ਅਰ ਕਫ ਤੋਂ ਪੈਦਾ ਹੁੰਦੀ ਹੈ। ਬਾਤ ਪਿੱਤ ਕਫ ਕ੍ਰੋਧਿਤ ਹੋ ਕੇ ਲੋਹੂ ਮਾਸ ਤਥਾ ਮੇਦ ਨੂੰ ਦੁਖਾਕਾਰ, ਗੋਲਾਕਰ ਉਚੀ ਗੰਢ ਪੈਦਾ ਕਰ ਦਿੰਦੇ ਹਨ। ਇਸੀ ਤੇ ਇਸਦਾ ਨਾਮ ਗੰਢ ਕਿਹਾ ਜਾਂਦਾ ਹੈ। ਜੇਹੜੀ ਤਪੇ ਵਿਚ ਬਿੱਛੂ ਦੇ ਡੰਗ ਸਮਾਲ ਚੁਭਕ ਉਠੇ। ਨਰਮ ਅਰ ਕਾਲੀ ਗੰਢ ਹੋਵੇ। ਫੁੱਟੇ ਤਾਂ ਸ੍ਰਵਦੀ ਹੈ, ਸੋ ਬਾਤ ਦੀ ਅਪਚੀ ਕਹੀ ਜਾਂਦੀ ਹੈ।

ਜਿਸ ਵਿਚੋਂ ਲਹੂ ਦਾ ਸ੍ਰਾਵ ਹੋਵੇ, ਚੁੰਘਣੇ ਜੇਹੀ ਪੀੜਾ ਹੋਵੇ। ਭਾਵ ਜ਼ਿਸਤਰਾ ਸਿੰਗੀ ਲਾਕੇ ਚੁੰਘੀਦੀ ਹੈ, ਐਸੀ ਜਾਪੇ। ਪੱਕਦੀ, ਜਲਦੀ, ਧੁਖਦੀ ਰਹੇ, ਲਾਲ ਪੀਲੀ ਜੇਹੀ ਦਿਸੇ ਓਹ ਪਿਤ ਦੀ ਅਪਚੀ ਕਹੀ ਜਾਂਦੀ ਹੈ।

ਜਿਹੜੀ ਗੰਢ ਫੁੱਟੇ ਤਾਂ ਗਰਮਾ ਗਰਮ ਲਹੂ ਨਿਕਲੇ, ਇਸਦਾ ਨਾਮ ਰੁਧਿਰ ਗ੍ਰੰਥੀ ਹੈ, ਇਹ ਲਹੂ ਤੋਂ ਪੈਦਾ ਹੁੰਦੀ ਹੈ।

ਠੰਢੀ, ਥੋੜੀ ਪੀੜਾ, ਖੁਰਕ, ਬਿਰੂਪ, ਕਰੜੀ ਅਰ ਚਿਰ ਬਾਦ ਵਧੇ ਸੋ ਕਫ ਦੀ ਅਪਚੀ ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

ਜਦ ਫੁਟੇ ਤਾਂ ਰਾਧ ਚਿੱਟੀ, ਸੰਘਣੀ ਬਹੇ। ਸਰੀਰ ਵਧੇ ਤਾਂ ਵਧੇ, ਘਟੇ ਤਾਂ ਘਟੇ, ਅਰ ਜਿਸ ਵਿਚੋਂ ਘ੍ਰਿਤ, ਖਲ ਵਾਂਗ ਸ੍ਰਾਵ ਨਿਕਲੇ, ਇਹ ਮੇਦ ਦੀ ਅਪਚੀ ਕਹੀ ਜਾਂਦੀ ਹੈ।

ਕਸ੍ਰਿਤ ਆਦਿ ਦੇ ਕਰਨ ਤੇ ਹੁੰਦੀ ਹੈ। ਇਸ ਕਾਰਣ ਵਾਯੂ, ਸਿਰਾ ਨਾੜੀਆਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਨਾੜ ਸੰਕੋਚ ਹੋਕੇ ਗੰਢ ਹੋ ਜਾਂਦੀ ਹੈ। ਇਸਨੂੰ ਨਾੜ ਦੀ ਅਪਚੀ ਆਖਦੇ ਹਨ, ਪਰੰਤੂ ਇਹ ਅਸ਼ਾਧ ਹੈ ॥੪੦੨ ਤੋਂ ੪੧੦॥

ਅਰਬੁਦ ਲਛਣ—ਪਰਿਹਾ

ਗ੍ਰੰਥ ਰਕਤ ਅਤਿ ਊਚੀ, ਸੋਥ ਬਿਕਾਰ ਹੈ।
ਪੀੜਨ ਅਤਿ ਹੈ ਬਡੀ, ਗਿਲੂੜਾ ਕਾਰ ਹੈ।
ਮਾਂਸ ਰੁਧਰ ਕੋ ਦੂਖੈ, ਬਟਲਾ ਸਥਿਰ ਕਹੀ।
ਕੋਮਲ ਭਾਰੀ ਮੂਰ, ਘਟੇ ਚਿਰ ਬਧਿ ਸਹੀ ॥੪੧੧॥
ਕਰਤ ਮਾਸ ਕੋ ਉਪਚੈ, ਸੋਥ ਸੁ ਜਾਨਿਯੈ।
ਤਿਸਕਾ ਅਰਬੁਦ ਨਾਮ, ਸੁ ਪੰਡਿਤ ਮਾਨਿਯੈ।
ਮਰਮ ਬਿਖੈ ਜੋ ਹੋਇ, ਸੋਇ ਅਸਾਧਯ ਹੈ।
ਬੈਦ ਨ ਘਾਲੋ ਹਾਥ, ਪਾਇ ਤੇ ਬਯਾਧ ਹੈ ॥੪੧੨॥
ਬਾਤ ਪਿਤ ਕਫ ਰਕਤ, ਮੇਦ ਲਖਿ ਮਾਸ ਹੀ।
ਇਨ ਸੋ ਹੋਵਤ ਗੰਠ ਅਰਬੁਦਾ ਭਾਸ ਹੀ।
ਦੋਖਿ ਕੁਪੀ ਜੋ ਰੁਧਰ, ਸਿਰਾ ਸੰਕੋਚ ਹੈ।
ਪੀਰ ਪਾਕ ਹੈ ਸ੍ਰਾਵ, ਅੰਕੂਰ ਪਲੋਚ ਹੈ ॥੪੧੩॥
ਸ੍ਰਵਤ ਰਕਤ ਨਿਰੰਤਰ, ਸੋਇ ਅਸਾਧ ਹੈ।
ਰੁਧਰ ਅਰਬੁਦਾ ਜਾਨ, ਬਡੀ ਸੋ ਬਯਾਧਿ ਹੈ।
ਰੁਧਰ ਜੁ ਖਯ ਉਪਦ੍ਰਵ; ਪਾਂਡ ਸੁ ਪੀਰ ਹੀ।
ਅਰਬੁਦ ਜਾਨੋ ਕਸ਼ਟ; ਮਹਾਂ ਇਹ ਧੀਰ ਹੀ ॥੪੧੪॥
ਮੁਸਟ ਪ੍ਰਹਾਰੈ ਪੀਰ, ਅੰਗ ਜਬ ਹੋਤ ਹੈ।
ਕੁਪੈ ਮਾਸ ਤੋ ਸੋਥ, ਗ੍ਰੰਥ ਸੀ ਹੋਤ ਹੈ।
ਪਕੇ ਨ ਬੇਦਨ ਚਿਕਨਾ, ਪਾਥਰ ਸਮ ਕਹਯੋ।
ਮਾਸ ਅਰਬੁਦਾ ਜਾਨ, ਅਸਾਧਕ ਸੋ ਕਹਯੋ ॥੪੧੫॥

Digitized by Panjab Digital Library | www.panjabdigilib.org

ਦੋਹਰਾ—ਨਵੇ ਜਾਤ ਕੀ ਗੰਠ ਕਾ, ਮੇਦ ਜੁ ਕਫ ਹੈ ਮੂਰ।
ਅਲਪ ਮਾਤ੍ਰ ਕਛ ਮੈ ਕਹੇ, ਔਰ ਮਾਧਵੈ ਪੂਰ ॥੪੧੬॥

ਸਰੀਰ ਦੇ ਕਿਸੇ ਸਥਾਨ ਬਾਤਾਦਿ ਦੁਸ਼ਟ ਹੋਕੇ ਗੰਢ ਪੈਦਾ ਕਰ ਦੇਣ,ਉਸ ਜਗ੍ਹਾ ਅਤਯੰਤ ਉਚੀ ਸੋਜ ਹੁਇ ਆਵੇ। ਉਸ ਵਿਚ ਕੁਛ ਪੀੜਾ ਹੁੰਦੀ ਹੈ। ਉਹ ਗੰਢ ਅਤਯੰਤ ਵਡੀ ਨਹੀਂ ਹੁੰਦੀ, ਕਿੰਤੂ ਗਿਲ੍ਹੜ ਵਾਂਗ ਹੁੰਦੀ ਹੈ, ਮਾਸ ਅਰ ਲਹੂ ਨੂੰ ਦੁਸਟ ਕਰਕੇ ਗੋਲ ਅਰ ਸਥਿਰ ਜੇਹੀ ਨਰਮ, ਜਿਸਦਾ ਭਾਰੀ ਮੂਲ ਜਿਸਦਾ ਘਟਣਾ ਵਧਣਾ ਚਿਰ ਪਿਛੋਂ ਹੁੰਦਾ ਹੈ।

ਉਹ ਮਾਂਸ ਨੂੰ ਪਕੌਣ ਵਾਲੀ ਸੋਜ ਜਾਣੋ। ਤਿਸਨੂੰ ਪੰਡਿਤ ਲੋਕ ਅਰਬੁਦ ਆਖਦੇ ਹਨ। ਐਸੀ ਅਰਬੁਦ ਜੋ ਮਰਮ ਸਥਾਨ ਵਿਖੇ ਹੋਵੇ, ਸੋ ਅਸਾਧ ਹੈ। ਹੇ ਵੈਦ! ਉਸ ਨੂੰ ਹਥ ਨਾ ਪਾਵੋ, ਪਾਵੋ ਤਾਂ ਬੜਾ ਸਿਆਪਾ ਹੈ। ਬਾਤ ਤੇ, ਪਿੱਤ ਤੇ, ਕਫ ਤੇ, ਲਹੂ ਤੇ, ਮੇਦ ਤੇ ਅਰ ਮਾਸ ਤੇ, ਇਉਂ ਅਰਬੁਦ ਰੋਗ ੬ ਪ੍ਰਕਾਰ ਦਾ ਹੈ। ਇਨ੍ਹਾਂ ਕਰ ਕੇ ਗੰਢ ਦੀ ਤਰ੍ਹਾਂ ਹੋ ਜਾਂਦੀ ਹੈ ਉਸਨੂੰ ਅਰਬਦ ਕਿਹਾ ਜਾਂਦਾ ਹੈ। ਦੋਖ ਕਰਕੇ ਕ੍ਰੁਧਿਤ ਹੋਯਾ ਖ਼ੂਨ ਸਿਰਾ (ਨਾੜੀਆਂ) ਵਿਚ ਪ੍ਰਾਪਤ ਹੋਕੇ ਸੰਕੋਚ ਦਿੰਦਾ ਹੈ, ਅਰਥਾਤ ਅਕਠੀਆਂ ਕਰਕੇ ਗੰਢ ਵਾਂਗ ਕਰਦਾ ਹੈ, ਤਾਂ ਉਸ ਵਿਚ ਪੀੜਾ. ਪਾਕ ਸ੍ਰਾਵ ਹੁੰਦਾ ਹੈ, ਅੰਗੂਰ ਦਾ ਮਾਸ ਉਚਾ ਕਰਦਾ ਹੈ, ਅਰ ਹਰ ਵਕਤ ਵਗਦਾ ਰਹੇ ਸੋ ਅਸਾਧ ਹੈ। ਵਾਸਤਵ ਵਿਚ ਰਕਤ ਦੀ ਅਰਬੁਦ ਬੁਰੀ ਬਿਆਧੀ ਹੈ। ਰਕਤ ਅਰਬੁਦ ਵਾਲੇ ਰੋਗੀ ਦੇ ਰੁਧਿਰ ਖਯ ਦਾ ਉਪਦ੍ਰਵ ਹੋਣ ਤੇ ਉਸਦੇ ਸਰੀਰ ਦਾ ਰੰਗ ਪੀਲਾ ਅਰ ਪੀੜਤ ਹੁੰਦਾ ਹੈ। ਐਸੀ ਇਹ ਅਰਬੁਦ ਮਹਾਂ ਕਸ਼ਟ ਵਾਲੀ ਹੈ। ਮੁਕੀ ਆਦਿ ਦੀ ਚੋਟ ਜਦ ਕਿਸੀ ਅੰਗ ਪਰ ਲਗੇ, ਤਾਂ ਉਸ ਥਾਂ ਦਾ ਮਾਸ ਕ੍ਰੁਧਿਤ ਹੋਕੇ ਸੋਜ ਅਰ ਗੰਢ ਜੇਹੀ ਕਰੇ ਹੈ। ਇਹ ਪੱਕਦੀ ਨਹੀਂ ਨਾ ਕੁਛ ਪੀੜਾ ਹੀ ਹੁੰਦੀ ਹੈ, ਚੀਕਣੀ ਪੱਥਰ ਸਮਾਨ ਹੋ ਜਾਂਦੀ ਹੈ। ਐਸੀ ਮਾਂਸ ਅਰਬੁਦ ਭੀ ਅਸਾਧ ਹੈ। ਇਸੇ ਪ੍ਰਕਾਰ *ਨੌ ਪ੍ਰਕਾਰ ਦੀ ਗ੍ਰੰਥੀ (ਗੰਢ) ਦਾ ਭੀ ਮੂਲ ਮੇਦ ਅਰ ਕਫ ਹੀ ਹੈ, ਇਹ ਬਾਤ ਥੋੜੀ ਜੇਹੀ ਕਹੀ ਹੈ, ਅਧਿਕ ਮਾਧਵ ਵਿਚੋਂ ਦੇਖਣੀ ਕਾਹੀਏ ॥੪੧੧ ਤੋਂ ੪੧੬॥

ਅਥ ਗੰਡਮਾਲਾ ਉਪਾਇ—ਦੋਹਰਾ

ਚੋਕ ਚਿਤ੍ਰਕੰ ਬਿਖ ਗਹੋ, ਲੇਪ ਨੀਰ ਸ਼ੇ ਸਾਤ।
ਗੰਡਮਾਲ ਕਾ ਨਾਸ ਹੁਇ, ਰਸਰਤਨਾਕਰ ਬਾਤ ॥੪੧੭॥

੧੪੩੨—ਚੋਕ,ਚਿਤ੍ਰ ਦੀ ਛਿਲ ਤੇ ਮਿਠਾ ਤੇਲੀਆ ਲੈਕੇ ਜਲ ਨਾਲ ਲੇਪ ਕਰੇ ਤਾਂ ਗੰਡ ਮਾਲਾ ਦਾ ਨਾਸ ਕਰੇ ॥੪੬੭॥

(ਰਸਰਤਨਾਕਰਾਤ)—ਦੋਹਰਾ

ਮੁੰਡੀ ਮੂਰ ਪਿਸਾਇ ਲਿਪੁ, ਅਰ ਤਾਹੀ ਰਸੁ ਪੀਤ।
ਗੰਡਮਾਲ ਮਿਟ ਜਾਤ ਹੈ, ਸਾਤ ਬਾਤ ਹੈ ਮੀਤ ॥੪੧੮॥

੧੪੩੩—ਮੁੰਡੀ ਦੀ ਜੜ੍ਹ ਪੀਹਕੇ ਜਲ ਨਾਲ ਲੇਪ ਕਰੇ ਅਰ ਇਸੇ ਦਾ ਰਸ ਪੀਵੇ ਤਾਂ ਗੰਡਮਾਲ ਕਹੀ ਜਾਂਦੀ ਹੈ ਇਹ ਬਾਤ ਸੱਚੀ ਹੈ ॥੪੧੮॥

ਬ੍ਰਹਮਿਦੰਡਕਾ ਮੂਲ ਹੈ, ਤੰਦੁਲ ਜਲ ਸੋ ਪੀਸ।

---

*ਗ੍ਰੰਥੀ ਰੋਗ ੯ ਪ੍ਰਕਾਰ ਹੈ, ਦੇਖੋ ਇਸੇ ਗ੍ਰੰਥ ਆਦਿ ਵਿਖੇ ਰੋਗ ਗਿਣਤੀ ਪ੍ਰਿ: ੩੪.

Digitized by Panjab Digital Library | www.panjabdigilib.org

ਲੇਪ ਕਰੋ ਗੰਡਮਾਲ ਪਰ, ਗੰਡਮਾਲ ਸਭ ਖੀਸ ॥੪੧੯॥

੧੪੩੪–ਬ੍ਰਹਮਡੰਡੀ ਦੀ ਜੜ੍ਹ ਲੈ ਕੇ ਚੌਲਾਂ ਦੇ ਜਲ ਨਾਲ ਪੀਹਕੇ ਗੰਡਮਾਲ ਪਰ ਲੇਪ ਕਰੇ ਤਾਂ ਗੰਡਮਾਲ ਦਾ ਨਾਸ ਕਰੇ ॥੪੧੯॥

ਚੌਪਈ

ਕਚਨਾਰ ਕੀ ਤੁਚਾ ਮੰਗਾਇ। ਕਰਖ ਏਕ ਤੰਦੁਲ ਜਲ ਪਾਇ।
ਅਥਵਾ ਕ੍ਵਾਥ ਕਰੀ ਮਿਲਕਣਾ। ਗੰਡਮਾਲ ਮਿਟ ਪੀਵਤ ਭਨਾ॥੪੨੦॥

੧੪੩੫–ਕਚਨਾਰ ਦੀ ਛਿੱਲ ੧ ਤੋਲਾ ਪ੍ਰਮਾਣ ਇਸ ਵਿਚ ਚੌਲਾਂ ਦਾ ਪਾਣੀ ਪਾਕੇ ਪੀਵੇ ਅਥਵਾ ਇਸ ਦਾ ਕਾੜ੍ਹਾ ਕਰਕੇ ਉਸ ਵਿੱਚ ਮਘ ਪਾਕੇ ਪੀਵੇ ਤਾਂ ਗੰਢਮਾਲਾ ਨਾਸ ਹੋਵੇ ॥੪੨੦॥

ਦੋਹਰਾ–ਗੰਧਕ ਪਾਰਦ ਸੇਂਧਵਾ, ਕਾਂਚਨਿ ਕੋ ਲੈ ਮੂਰ।
ਅਰਕ ਦੂਧ ਪੀਸੀ ਲਿਪੋ, ਗੰਡਮਾਲ ਕੋ ਚੂਰ ॥੪੨੧॥

੧੪੩੬–*ਗੰਧਕ, ਪਾਰਾ, ਸੇਂਧਾਨਿਮਕ ਤੇ ਧਤੂਰੇ ਦੀ ਜੜ੍ਹ ਅੱਕ ਦੇ ਦੁੱਧ ਨਾਲ ਪੀਹਕੇ ਲੇਪ ਕਰੇ ਤਾਂ ਗੰਡਮਾਲਾ ਨਾਸ ਕਰੇ ॥੪੨੧॥

ਸਹਿਦੇਵੀ ਜਰ ਅਰਕ ਦਿਨ, ਕੰਠ ਬਾਂਧੀਏ ਆਨ।
ਕਰਨ ਗ੍ਰੰਥ ਗੰਡ ਮਾਲ ਕੋ, ਕਰਤ ਹਾਂਨ ਬਿਵਿਧਾਨ ॥੪੨੨॥

੧੪੩੭–ਸਹਦੇਵੀ (ਸਰਪਾਂਖੀ) ਦੀ ਜੜ੍ਹ ਐਤਵਾਰ ਦੇ ਦਿਨ ਲਿਆਕੇ ਗਲ ਬੰਨ੍ਹੇ ਕੰਨਾਂ ਦੀ ਗੰਡ ਅਰਥਾਤ ਕਨੇਡੂ ਅਰ ਗੰਡਮਾਲਾ ਦੋਹਾਂ ਦਾ ਨਾਸ਼ ਕਰੇ ॥੪੨੨॥

ਗਲਗੰਡ ਉਪਾਇ (ਰਸਰਤਨਾਕਰਾਤ)–ਚੌਪਈ

ਪਾਰਦ ਬਿਮਲਾ ਤਾਪਯੰ ਆਨ। ਤ੍ਰਿਕੁਟਾ ਤਾਂਬਰ ਸੇਂਧਾ ਠਾਨ।
ਗਵਾਮੂਤ੍ਰ ਸੰਗ ਪੀਸੋ ਏਹ। ਗਰਮ ਕਰੀ ਲੇਪਨ ਕਰਿ ਤੇਹ ॥੪੨੩॥
ਤੀਨ ਲੇਪ ਮੇ ਗਲਗੰਡ ਜਾਇ। ਗਲਗੰਡੀ ਕਾ ਨਾਸ ਕਰਾਇ।
ਸੇਂਧਾ ਅਰਕ ਦੂਧ ਸੋ ਲੇਪ। ਗਬ ਕਾ ਕੀਲ ਮਿਟੈ ਸੰਖੇਪ ॥ ੪੨੪॥
ਰਸ ਭਲਾਤਕ ਲੇਪ ਕਰਾਇ। ਗਲਸਫੋਟ ਕੀ ਪੀਰਾ ਜਾਇ।
ਚੰਦਨ ਸਿਗ੍ਰ ਲੇਪੋ ਸਹੀ। ਗਲਕਾ ਕੀਲ ਮਿਟਾਵਨ ਕਹੀ॥੪੨੫॥

੧੪੩੮–ਪਾਰਾ, ਰੂਪਾਮੱਖੀ, ਸੋਨਾਮੱਖੀ, ਤ੍ਰਿਕੁਟਾ,(ਮਘ; ਮ੍ਰਿਚ, ਸੁੰਢ), ਤਾਂਬਾ ਤੇ ਸੇਂਧਾਨਿਮਕ ਸਮਾਨ ਭਾਗ ਲੈਕੇ ਗਊਮੂਤ੍ਰ ਨਾਲ ਪੀਹੇ ਅਰ ਫਿਰ ਗਰਮ ਕਰਕੇ ਲੇਪ ਕਰੇ ਤਾਂ ਤਿੰਨਾਂ ਲੇਪਾਂ ਵਿੱਚ ਗੰਡਮਾਲਾ ਨਾਸ ਕਰੇ। ਗਲ ਦੀ ਗੰਢ (ਗਿੱਲੜ) ਦਾ ਭੀ ਨਾਸ ਕਰੇ। ਅਥਵਾ–

੧੪੩੯–ਸੇਂਧਾਨਿਮਕ ਅੱਕ ਦੇ ਦੁੱਧ ਨਾਲ ਲੇਪ ਕਰੇ ਤਾਂ ਗਲ ਦਾ ਕਿੱਲ ਨਾਸ਼ ਕਰੇ ॥੪੨੩॥੪੨੪॥

---

*ਪਹਿਲੇ ਪਾਰੇ ਗੰਧਕ ਦੀ ਕਜਲੀ ਕਰ ਲਵੇ।

Digitized by Panjab Digital Library | www.panjabdigilib.org

੧੪੪੦–ਭਿਲਾਵਿਆਂ ਦਾ ਰਸ ਲਗਾਵੇ ਤਾਂ ਗਲ ਵਿੱਚ ਦੀਆਂ ਫੋੜੀਆਂ ਦੀ ਪੀੜਾ ਨਾਸ਼ ਹੋਵੇ। ਅਥਵਾ:–

੧੪੪੧–ਚੰਦਨ ਤੇ ਸੁਹਾਂਜਣੇ ਦਾ ਲੇਪ ਕਰੇ ਤਾਂ ਗਲ ਦਾ ਕੀਲ ਨਾਸ਼ ਕਰੇ ॥੪੨੫॥

ਚੌਪਈ

ਲੋਹਕਿਟ ਆਛੀ ਲੈ ਪੀਸ। ਮਹਿਖ ਮਤ ਸੋ ਗਰਮ ਕਰੀਸ।
ਲੇਪੋ ਤੀਨ ਦਿਵਸ ਵਾ ਸਾਤ। ਗਲ ਕਾ ਗੰਠ ਰੋਗ ਮਿਟ ਜਾਤ॥੪੨੬॥

੧੪੪੨–ਲੋਹਾਰ ਦੀ ਭੱਠੀ ਦਾ ਮਨੂਰ ਲੈਕੇ ਚੰਗੀ ਤਰ੍ਹਾਂ ਪੀਹਕੇ ਮਹੀਂ ਦੇ ਮੂਤ੍ਰ ਨਾਲ ਗਰਮ ਕਰਕੇ ਲੇਪ ਤਿੰਨ ਦਿਨ ਯਾ ਸੱਤ ਦਿਨ ਕਰੇ ਤਾਂ ਗੰਡਮਾਲਾ, ਗਲਗੰਡ (ਗ੍ਰੰਥਿ) ਸੱਭੇ ਨਾਸ ਕਰੇ ॥੪੨੬॥

ਕਛਰਾਲੀ ਉਪਾਇ (ਰਸਰਤਨਾਕਰਾਤ)–ਦੋਹਰਾ

ਕੁਸਟ ਜਰਨ ਜਲ ਸੰਗ ਲਿਪ, ਕਾਛ ਗ੍ਰੰਥ ਮਿਟ ਜਾਇ।
ਕੁਚਲਾ ਲੇਪੋ ਨੀਰ ਸੌ, ਕਾਖ ਗ੍ਰੰਥ ਨਸਵਾਇ ॥੪੨੭॥

੧੪੪੩–ਕੁੱਠ ਤੇ ਜੀਰਾ ਜਲ ਨਾਲ ਲੇਪ ਕਰੇ ਤਾਂ ਕਛਰਾਲੀ ਨਾਸ ਕਰੇ। ਯਾ–

੧੪੪੪–ਕੁਚਲਾ ਜਲ ਨਾਲ ਲੇਪ ਲਗਾਵੇ ਤਾਂ ਕੱਛ ਦੀ ਗੰਠ ਭਾਵ ਕਛਰਾਲੀ ਤੁਰਤ ਫੁਰਤ ਨਾਸ ਕਰੇ ॥੪੨੭॥

ਚੌਪਈ

ਜੀਆ ਪੋਤਾ ਮਜਾ ਆਨ। ਜਲ ਸੋ ਲੇਪੇ ਆਛੇ ਆਨ।
ਸਿਗ੍ਰੂ ਮੂਰ ਨਿਸ ਜਲ ਕੈ ਸੰਗ। ਲੇਪ ਦੋਊ ਕਛਰਾਲੀ ਭੰਗ ॥੪੨੮॥

੧੪੪੫–ਜੀਏਪੋਤੇ ਦੀ ਗਿਰੀ ਲੈਕੇ ਜ਼ਲ ਨਾਲ ਲੇਪ ਕਰੇ। ਯਾ–

੧੪੪੬–ਸੁਹਾਂਜਣੇ ਦੀ ਜੜ੍ਹ ਦੀ ਛਿਲ ਤੇ ਹਲਧੀ ਜਲ ਨਾਲ ਲੇਪ ਕਰੇ ਦੋਹਾਂ ਦਾ ਲੇਪ ਕਛਰਾਲੀ ਨੂੰ ਨਾਸ ਕਰਨਹਾਰਾ ਹੈ ॥੪੨੮॥

ਸੋਰਠਾ–ਪੁਨਰਨਵਾ ਕੈ ਮੂਰ, ਮਿਠਾ ਜਲ ਸੰਗ ਲੇਪ ਕਰ।
ਕਛਰਾਲੀ ਕੌ ਚੂਰ, ਰਸ ਰਤਨਾਕਰ ਉਚਰੈ ॥੪੨੯॥

੧੪੪੭–ਇਟਸਿਟ ਦੀ ਜੜ੍ਹ, ਮਿਠਾ ਤੇਲੀਆ ਜਲ ਨਾਲ ਪੀਹਕੇ ਲੇਪ ਕਰੇ ਤਾਂ ਕਛਰਾਲੀ ਦਾ ਨਾਸ ਕਰੇ ॥੪੨੯॥

ਅਰਬੁਦ ਉਪਾਇ–ਚੌਪਈ

ਦੰਤੀ ਚਿਤ੍ਰਕ ਮੂਰ ਮੰਗਾਇ। ਗੁੜ ਭਲਾਤਕ ਚੂਨਾ ਪਾਇ।
ਕਾਹੀ ਰਵਿ ਕੇ ਦੂਧ ਪਿਸਾਇ। ਲੇਪੋ ਅਰਬੁਦ ਗੰਠ ਸੁ ਜਾਇ ॥੪੩੦॥

੧੪੪੮–ਜਮਾਲਗੋਟੇ ਦੀ ਜੜ੍ਹ, ਚਿਤ੍ਰੇ ਦੀ ਜੜ੍ਹ, ਗੁੜ,ਭਿਲਾਵੇ, ਚੂਨਾ ਕਲੀ ਤੇ ਕਸੀਸ ਮਿਲਾ ਕੇ ਅੱਕ ਦੇ ਦੂਧ ਨਾਲ ਪੀਹੇ। ਫਿਰ ਲੇਪ ਕਰੇ ਤਾਂ ਅਰਬੁਦ ਅਰ ਗ੍ਰੰਥੀ ਦੂਰ ਹੋਵੇ ॥੪੩੦॥

Digitized by Panjab Digital Library | www.panjabdigilib.org

(ਵੰਗਸੇਨਾਤ)

ਸਾਜੀ ਮੂਰਕ ਖਾਰ ਮੰਗਾਇ। ਸੰਖਚੂਨ ਜਲ ਸੰਗਿ ਪਿਸਾਇ।
ਲੇਪੋ ਗੂੰਥ ਅਰਬੁਦਾ ਜਾਇ। ਬੰਗਸੈਨ ਨੇ ਦਈ ਬਤਾਇ ॥੪੩੧॥

੧੪੪੯–ਸੱਜੀ ਮੂਲੀ ਦੀ ਖਾਰ ਤੇ ਸੰਖ ਦਾ ਚੂਰਣ ਜਲ ਨਾਲ ਪੀਹਕੇ ਗੁੰਥੀ ਪਰ ਲੇਪ ਕਰੇ ਤਾਂ ਅਰਬੁਦ ਨਾਸ ਹੋਵੇ। ਇਹ ਵੰਗਸੇਨ ਨੇ ਕਿਹਾ ਹੈ ॥੪੩੧॥

ਕਛਰਾਲੀ- ਰਸੌਲੀ ਉਪਾਇ–ਦੋਹਰਾ

ਪੀਪਰ ਤੁਚ ਕੀ ਰਾਖ ਲੈ, ਲਘੁ ਦੂਧੀ ਜੁ ਮਿਲਾਇ।
ਕੇਸਰ ਲੇਪ ਗੋ ਮੂਤ ਸੋ, ਬੱਧ ਕਛਰਾਲੀ ਜਾਇ ॥੪੩੨॥

੧੪੫੦–ਪਿਪਲ ਬ੍ਰਿਛ ਦੀ ਭਸਮ ਵਿਚ ਛੋਟੀ ਦੋਧਕ ਮਿਲਾਕੇ ਲਾਵੇ। ਯਾ–
੧੪੫੧–ਕੇਸਰ ਦਾ ਲੇਪ ਗਊ ਮੂਤ੍ਰ ਵਿਚ ਕਰੇ ਤਾਂ ਬਧ ਅਰ ਕਛਰਾਲੀ ਨਾਸ ਹੋਵੇ ॥੪੩੨॥

(ਕਾਲਗਜਾਨਾਤ)

ਰਸੌਲੀ ਕੋ ਪੱਛ ਲੈ, ਚੋਕ ਘਸੀ ਲੈ ਲਾਇ।
ਮਿਟਤ ਰਸੌਲੀ ਜਾਨੀਯੋ, ਕਾਲ ਗਜਾਨ ਕਹਿਵਾਇ ॥੪੩੩॥

੧੪੫੨–ਰਸੌਲੀ ਨੂੰ ਪੱਛਕੇ ਰਿਰ ਉਪਰ ਚੋਕ ਘਿਸਾਕੇ ਲਾਵੇ ਤਾਂ ਰਸੌਲੀ ਹਟ ਜਾਂਦੀ ਹੈ। ਇਹ ਕਾਲਗਜਾਨ ਵਿਚ ਲਿਖਿਆ ਹੈ ॥੪੩੩॥

ਚੌਪਈ

ਰਸੌਲੀ ਕੌ ਪਾਛ ਦਿਵਾਇ। ਚੋਕ ਨਿਸਾਦਰ ਥੋਥਾ ਲਯਾਇ।
ਬਾਲ ਮੂਤ ਸੋ ਪੀਸ ਲਗਾਇ। ਰਾਸੌਲੀ ਕੀ ਪੀਰਾ ਜਾਇ ॥੪੩੪॥

੧੪੫੩–ਰਸੌਲੀ ਨੂੰ ਪੱਛ ਲਾਵੇ, ਉਸ ਪਰ ਚੋਕ, ਨਿਸ਼ਾਦ੍ਰ, ਨੀਲਾ ਥੋਥਾ, ਗਊ ਯਾ ਬਾਲਕ ਦੇ ਮੂਤ ਵਿਚ ਪੀਹਕੇ ਲਗਾਵੇ ਤਾਂ ਰਸੌਲੀ ਦਾ ਦੁਖ ਨਾਸ਼ ਕਰੇ ॥੪੩੪॥

ਬਾਧ ਰੋਗ ਉਪਾਇ–ਦੋਹਰਾ

ਪਾਖਾਨ ਏਕ ਲੈ ਗਰਮ ਕਰ; ਤਾਂ ਪਰ ਸੇਕ ਕਰਾਇ।
ਬਾਧ ਰੋਗ ਸਭ ਜਾਤ ਹੈ, ਮੇਘੈ ਦਈ ਬਤਾਇ ॥੪੩੫॥

੧੪੫੪–ਪਥਰ ਇਕ ਗਰਮ ਕਰਕੇ ਉਸ ਪਰ ਸੇਕ ਕਰੇ ਤਾਂ ਬਧ ਦਾ ਰੋਗ ਸਭ ਤਰ੍ਹਾਂ ਦਾ ਜਾਂਦਾ ਹੈ ॥੪੩੫॥

ਦੋਹਰਾ–
ਸਿੰਗਰਫ ਪਤ੍ਰ ਜਾਇਕੈ, ਕਤ੍ਰੂ ਪਟੋਬ ਸੁ ਪਾਤ।
ਲੇਪ ਕਰੋ ਗੋਮੂਤ੍ਰ ਸੋ, ਬਾਧ ਰੋਗ ਮਿਟ ਜਾਤ ॥੪੩੬॥

੧੪੫੫–ਸ਼ਿੰਗ੍ਰਫ, ਚੰਮੇਲੀ ਦੇ ਪਤ੍ਰ, ਕੌੜ ਅਰ ਪਟੋਲ ਦੇ ਪਤ੍ਰ ਲੈਕੇ ਗਊਮੂਤ੍ਰ ਵਿਚ ਲੇਪ ਲਗਾਵੇ, ਤਾਂ ਸਭ ਤਰਾਂ ਦਾ ਬਧ ਰੋਗ ਨਾਸ਼ ਹੋਵੇ ॥੪੩੬॥

Digitized by Panjab Digital Library | www.panjabdigilib.org

ਕੰਬੀਲਾ ਸਾਜੀ ਕਥ ਲੈ, ਚੂਨਾ ਥੋਥਾ ਨੀਲ।
ਸੋਹਾਗਾ ਘ੍ਰਿਤ ਲੇਪ ਕਰ, ਬਾਂਧ ਰਸੌਲੀ ਹੀਲ ॥੪੩੭॥

੧੪੫੬–ਕਬੀਲਾ, ਸੱਜੀ, ਕਥ, ਚੂਨਾਕਲੀ, ਨੀਲਾਥੋਥਾ ਤੇ ਸੁਹਾਗਾ, ਇਹ ਘਿਉ ਵਿਚ ਲੇਪ ਕਰੇ ਤਾਂ ਬਧ ਅਤੇ ਰਸੌਲੀ ਸਭੇ ਹਿਲ ਤੁਰੇ ॥੪੩੭॥

ਊਂਗਾ ਗੂਲਰ ਦੂਧ ਲੇ, ਕੰਟਾਰੀ ਫਲ ਬੀਜ।
ਗੋਮੂਤ੍ਰ ਸੋ ਲੇਪ ਕਰ, ਬਾਧ ਰਸੌਲੀ ਖੀਜ ॥੪੩੮॥

੧੪੫੭–ਪੁਟਕੰਡਾ, ਗੁੱਲਰ ਦਾ ਦੂਧ ਤੇ ਕੰਡਿਆਰੀ ਫਲ ਦੇ ਬੀਜ ਗਊਮੂਤ੍ਰ ਵਿਚ ਲੇਪ ਕਰੇ ਤਾਂ ਬਧ ਤੇ ਰਸੌਲੀ ਸਭੋ ਨਾਸ ਹੋਵੇ ॥੪੩੮॥

ਸਰਬ ਗ੍ਰੰਥਿ ਉਪਾਯ–ਦੋਹਰਾ

ਚੂਨਾ ਸੱਜੀ ਸਲਿਲ ਸੰਗ, ਲੇਪ ਕਰੋ ਸੁਭ ਆਨ।
ਮਹੁਕਾ ਜਾਵਤ ਸਰਬ ਹੀ; ਸਕਲ ਗ੍ਰੰਥ ਕੀ ਹਾਨ ॥੪੩੯॥

੧੪੫੮–ਕਲੀ ਚੂਨਾ ਤੇ ਸੱਜੀ ਜਲ ਨਾਲ ਲੇਪ ਕਰੇ ਤਾਂ ਮਹੁਕੇ, ਸਭ ਤਰ੍ਹਾਂ ਦੀ ਗੰਢ (ਗ੍ਰੰਥੀ) ਨਾਸ ਕਰੇ ॥੪੩੯॥

ਸਰਬ ਗਲਗੰਡ ਮਾਲ, ਅਪਚੀ, ਅਰਬੁਦ ਉਪਾਇ–ਦੋਹਰਾ

ਤੁਰਸੀ ਪਤ੍ਰ ਸਿਰਸ ਤੁਚ, ਦੰਤੀ ਹੁਲਹੁਲ ਬੀਜ।
ਬਟ ਕੂੰਪਲ ਪੀਪਲ ਬਟੀ, ਲੇਪ ਨੀਰ ਸੋ ਦੀਜ ॥੪੪੦॥
ਤੀਨ ਟੰਕ ਵਾ ਪੀਵ ਹੀ, ਸਜਰਾ ਨੀਰ ਮੰਗਾਇ।
ਗੰਠੇ ਸੋ ਗੰਠ ਅਰਬੁਦਾ, ਅਪਚੀ ਸਭ ਮਿਟ ਜਾਇ ॥੪੪੧॥

੧੪੫੯–ਤੁਲਸੀ ਦੇ ਪੱਤ੍ਰ, ਸਰੀਂਹ ਦੀ ਛਿੱਲ, ਦੰਤੀ ਦੇ ਦਾਣੇ, ਹੁਲਹੁਲ ਦੇ ਦਾਣੇ, ਬੋੜ ਦੀਆਂ ਕੂੰਮਲੀਆਂ ਤੇ ਪਿਪਲ ਦੀਆਂ ਗੋਲ੍ਹਾਂ ਇਨ੍ਹਾਂ ਦਾ ਲੇਪ ਜਲ ਨਾਲ ਕਰੇ। ਅਥਵਾ ਇਸਨੂੰ ਤਿੰਨ ਟੰਕ ਸੱਜਰਾ ਜਲ ਮੰਗਾਕੇ ਪੀਵੇ ਤਾਂ ਗੰਡ ਦੇ ਵਿਚ ਗੰਢ ਅਰਬੁਦ ਦੀ ਅਰ ਅਪਚੀ ਦੀ ਸੱਭੋ ਨਾਸ ਹੋਵੇ ॥੪੪੦॥੪੪੧॥

ਸੁੰਠ ਜਾਇ ਜੜ ਆਵਰੇ, ਬਿਛੂਆ ਪਾਤ ਲਯਾਇ।
ਕਨੇਰ ਜਟਾ ਰਸ ਇਟਸਿਟੈ, ਕਰਖ ਸੁ ਪੀਵਨ ਦਾਇ ॥੪੪੨॥
ਪਾਂਚ ਦਿਵਸ ਵਾ ਸਾਤ ਦਿਨ, ਪੀਵਤ ਜੋ ਨਰਨਾਰਿ।
ਸਰਬ ਗ੍ਰੰਥ ਕਾ ਨਾਸ ਹੁਇ, ਤਨ ਹੋਵਤ ਸੁਖਕਾਰ ॥੪੪੩॥

੧੪੬੦–ਸੁੰਢ, ਚੰਮੇਲੀ ਦੀ ਜੜ੍ਹ, ਆਵਲੇ, ਬਿਛੂਆ ਬੂਟੀ ਦੇ ਪੱਤ੍ਰ, ਕਨੇਰ ਦੀ ਜੜ੍ਹ, ਇਟਸਿਟ ਦੇ ਰਸ ਵਿਚ ੧ ਤੋਲੇ ਤਕ ਪੀਣ ਨੂੰ ਦੇਵੇ, ੫ ਦਿਨ ਯਾ ੭ ਦਿਨ ਪੁਰਖ ਇਸਤ੍ਰੀ ਕੋਈ ਪੀਵੇ ਤਾਂ ਸਭ ਤਰ੍ਹਾਂ ਦੀ ਗ੍ਰੰਥੀ ਦਾ ਨਾਸ਼ ਹੋਵੇ ਅਰ ਸਰੀਰ ਸੁਖ ਪਾਵੇ। ੪੪੨॥੪੪੩॥

Digitized by Panjab Digital Library | www.panjabdigilib.org

ਸੰਖਾਹੋਲੀ ਈਸ ਬੰਦ, ਊਧਾਹੋਲੀ ਪਾਇ।
ਨੇਤ੍ਰ ਬਾਲਾ ਏਲਚੀ, ਪੀਪਲ ਬਟੀ ਰਲਾਇ ॥੪੪੪॥
ਛੇਲੀ ਪਯ ਸੋ ਖਾਈਏ,ਸਾਤ ਦਿਵਸ ਪ੍ਰਮਾਨ।
ਗੰਡਮਾਲ ਅਪਚੀ ਮਿਟੈ,ਅਰਬੁਦ ਗੰਠ ਜੁ ਹਾਨ ॥੪੪੫॥

੧੪੯੧–ਭੇੜਭੜਿੰਗ ਤੇ ਹਰਮਲ, *ਊਂਧਾਹੋਲੀ, ਨੇਤ੍ਰ ਬਾਲਾ, ਇਲਾਚੀ ਪਿਪਲ ਦੀਆਂ ਗੋਲ੍ਹਾਂ ਤੇ ਬੋਹੜ ਦੀ ਦਾੜ੍ਹੀ ਪੀਹਕੇ ਬਕਰੀ ਦੇ ਦੁਧ ਨਾਲ ੭ ਦਿਨ ਖਾਵੇ ਤਾਂ ਗੰਡਮਾਲਾ ਅਰਬੁਦ ਅਰ ਗ੍ਰੰਥੀ ਸਭ ਨਾਸ ਹੋਵੇ ॥੪੪੪॥੪੪੫॥

ਸੁੰਠ ਭੜਿੰਗੀ ਲੇਪ ਕਰ, ਕਾਂਜੀ ਜਲ ਸੋ ਪੀਸ।
ਰੋਗ ਹੰਜੀਰਾਂ ਗੰਠ ਸਭ ਜਾਂਵਤ ਸਭ ਹੀ ਖੀਸ ॥੪੪੬॥

੧੪੯੨–ਸੁੰਢ ਤੇ ਭੜਿੰਗੀ ਦਾ ਕਾਂਜੀ ਯਾ ਜਲ ਨਾਲ ਲੇਪ ਕਰੇ ਤਾਂ ਹੰਜੀਰਾ ਅਰ ਗ੍ਰੰਥੀ ਰੋਗ ਸਭੋ ਨਾਸ ਹੋਵੇ ॥੪੪੬॥

ਚੌਪਈ

ਸਰਪ ਕਾਂਚਲੀ ਜਾਲ ਮੰਗਾਇ। ਕਟਕ ਤੇਲ ਸੋ ਦੇਹੁ ਲਗਾਇ।
ਗੰਡਮਾਲ ਗਲਗੰਡ ਅਪਚੀ। ਅਰਬੁਦ ਸਰਬ ਜਾਤ ਹੈ ਹਿਚੀ॥੪੪੭॥
ਕ੍ਰਿਸਨ ਸਰਪ ਮ੍ਰਿਤਕ ਲੈ ਆਇ। ਯੰਤ੍ਰ ਪਤਾਲਹਿ ਤੇਲ ਕਢਾਇ।
ਸੋਊ ਤੇਲ ਗਲ ਗੰਠਹਿ ਲਾਇ।ਸਰਬ ਗੰਠ ਕਾਂ ਨਾਸ ਕਰਾਇ॥੪੪੮।

੧੪੯੩–ਸੱਪ ਦੀ ਕੁੰਜ ਸਾੜਕੇ ਕੌੜੇ ਤੇਲ ਨਾਲ ਲਗਾਵੇ, ਤਾਂ ਗੰਡਮਾਲਾ; ਗਲਗੰਢ, ਅਰਬੁਦ ਅਰ ਅਪਚੀ ਨਾਸ ਹੋਂਵੇ ॥੪੪੭॥

੧੪੯੪–ਕਾਲਾ ਸੱਪ ਮਾਰਕੇ ਲੈ ਆਵੇ, ਉਸਦਾ ਪਤਾਲ ਯੰਤ੍ਰ ਨਾਲ ਤੇਲ ਕਢ ਰੱਖੇ, ਉਹ ਤੇਲ ਫੇਰ ਗਲ ਗੰਡ ਪਰ ਲਗਾਵੇ ਤਾਂ ਸਭ ਤਰ੍ਹਾਂ ਦੀ ਗੰਠ ਨਾਸ ਹੋਂਵੇ ॥੪੪੮॥

ਗਲਗੰਡ, ਗੰਡਮਾਲਾ,ਅਪਚੀ;ਅਰਬੁਦ ਪੱਥ–ਸ਼ੰਕਰ ਛੰਦ

ਛਰਦ ਰੇਚਨ ਨਸਜ ਸ੍ਵੇਦਨ, ਧੂਮ ਲੰਘਨ ਖਾਰ।
ਸਿਰਾ ਬੇਧਨ ਅਗਨਿ ਲੇਪਨ, ਘ੍ਰਿਤ ਪੁਰਾਨਾ ਧਾਰ।
ਲਾਲ ਅਖਜਤ ਮੁਗਧ ਸਿਗ੍ਰੂ, ਜਵ ਪਟੋਲਹਿ ਦੇਇ।
ਸਿਲਾਜੀਤ ਸਫਾਲਸਾ ਭਨਿ, ਕਟਕ ਰੂਖਾ ਲੇਇ ॥੪੪੯॥

੧੪੯੫–ਕੈ, ਦਸਤ, ਨਸਵਾਰ, ਪਸੀਨਾ, ਧੂੰਆਂ ਦੇਣਾ,ਫਾਕੇ ਰਹਿਣਾ, ਖਾਰਾਂ ਦਾ ਲਾਉਣਾ,ਨਸ ਦਾ ਕਟਾ ਦੇਣਾ, ਦਾਗਣਾ, ਲੇਪ ਕਰਨਾ, ਪੁਰਾਤਨ ਘ੍ਰਿਤ ਪਿਲੌਣਾ, ਲਾਲ ਚੌਲ, ਮੂੰਗੀ, ਸੁਹਾਂਜਣਾ, ਜੌਂ ਪਟੋਲ, ਸਿਲਾਜੀਤ, ਫਾਲਸਾ, ਕੌੜਾ ਅਰ ਰੁਖਾ ਖਾਣਾ, ਇਹ ਸਭ ਪੱਥ ਹਨ ॥੪੪੯॥

---

*ਇਸਦੇ ਸਫੈਦ ਆਸਮਾਨੀ ਮਾਇਲ ਫੁਲ (ਜਿਨ੍ਹਾਂ ਦਾ ਮੂੰਹ ਹੇਠ ਨੂੰ ਹੁੰਦਾ ਹੈ) ਹੁੰਦੇ ਹਨ।

Digitized by Panjab Digital Library | www.panjabdigilib.org

ਕੁਪੱਥ ਸ਼ੰਕਰ ਛੰਦ

ਸਰਬ ਦੁਗਧ ਇਖ ਆਨੂਪ ਮਾਸਾ, ਸਰਬ ਪਲ ਅਰ ਮੀਠ ।
ਗੁਰੁ ਅਭਿਖਜੰਦੀ ਅਮਲ ਮਧੁਰੰ, ਈਖ ਬਿਰਕਤ ਈਠ ।
ਗਲਗੰਡ ਗੰਡ ਜੁ ਮਾਲ ਅਪਚੀ, ਅਰਬੁਦਾ ਮਯ ਜਾਨ ।
ਏਹ ਕਹੈ ਕੁਪਬ ਤਾਕੋ, ਤਾਹਿਕੋ ਮਤ ਠਾਨ ॥੪੫੦॥

੧੪੬੬-ਸਭ ਬਸਤਾਂ ਦੁਧ ਦੀਆਂ ਬਣੀਆਂ, ਗਨੇ, ਅਨੂਪਜ ਦੇਸ ਦੇ ਜੀਆ ਦੇ ਮਾਸ, ਤਥਾ ਹੋਰ ਸਭ ਮਾਸ, ਮਠਿਆਈਆਂ, ਭਾਰੀ ਕਬਜ਼ੀ ਕਾਰਕ, ਖੱਟੀ ਮਿਠੀ, ਏਸ ਤਰ੍ਹਾਂ ਗੰਨੇ ਦੀ ਬਿਕ੍ਰਤੀ-ਭਾਵ ਗੁੜ ਗਲਗੰਡ ਵਾਲਾ, ਅਪਚੀ ਅਰ ਅਰਬੁਦ ਵਾਲਾ ਇਹ ਸਭ ਤਿਆਗ ਦੇਵੇ । ਕੁਪੱਥ ਹਨ ॥੪੫੦॥

ਜਾਨੁਪਾਦੇ ਸਲੀਪਦ ਨਿਦਾਨ-ਦੋਹਰਾ

ਬਾਤ ਪਿੱਤ ਕਫ ਤੀਨ ਤੇ ਉਪਜਤ ਸਲੀਪਦ ਰੋਗੁ ।
ਸਜਲ ਭੂਮ ਮੈ ਹੋਤ ਬਹੁ, ਸਲੀਪਦ ਪਗ ਮਹਿ ਜੋਗ ॥੪੫੧॥

ਬਾਤ ਪਿਤ ਅਰ ਕਫ ਤਿੰਨਾਂ ਤ ਸਲੀਪਦ ਰੋਗ ਪੈਦਾ ਹੁੰਦਾ ਹੈ । ਗਿਲੀ-ਗਿਲੀ ਧਰਤੀ ਵਿਖੇ ਬਹੁਤਾ ਹੋਵੇ ਹੈ । ਸਲੀਪਦ ਦਾ ਪੈਰਾਂ ਵਿਚ ਹੀ ਹੋਣਾ ਸੰਬੰਧ ਹੈ ॥੪੫੧॥

ਸਲੀਪਦ ਦੇ ਸਥਾਨ ਲੱਛਣ-ਪਰਿਹਾ

ਜ੍ਵਰ ਸਹਿ ਬੰਖਣ ਪੀਰ, ਕਰੀ ਪਗ ਜਾਤ ਹੈ ।
ਸੋਥ ਸੁ ਜਾਵਤ ਪਾਦ, ਸਿਲੀਪਦ ਵਾਤ ਹੈ ।
ਹਾਥ ਕਰਨ ਦ੍ਰਿਗ ਲਿੰਗ, ਹੋਠ ਅਰ ਨਾਸ ਹੈ ।
ਇਨ ਠੌਰੈ ਭੀ ਹੋਇ, ਮਾਧਵੈ ਭਾਸ ਹੈ ॥੪੫੨॥

ਤਪ ਸਹਿਤ ਵੰਛਣਾਂ (ਚੂਲਿਆਂ) ਵਿਖੇ ਪੀੜਾ ਹੋਕੇ ਪੈਰਾਂ ਵਲ ਸੋਜ ਜਾਵੇ । ਇਸਨੂੰ ਸਲੀਪਦ ਰੋਗ ਆਖਦੇ ਹਨ । ਹਥ, ਕੰਨ, ਨੇਤ੍ਰ, ਲਿੰਗ; ਹੋਠ, ਤੇ ਨਾਸਾਂ ਇਨ੍ਹਾਂ ਥਾਵਾਂ ਵਿਖੇ ਭੀ ਹੋ ਜਾਂਦਾ ਹੈ, ਇਹ ਕਥਨ ਮਾਧਵ ਦਾ ਹੈ ॥੪੫੨॥

ਬਾਤ ਸਲੀਪਦ ਲੱਛਣ-ਦੋਹਰਾ

ਕ੍ਰਿਸਨ ਰੂਖ ਖਰ ਫਟਤ ਹੀ, ਨਮਿਤ ਬਿਨਾ ਅਤਿ ਪੀਰ ।
ਬਾਤ ਸਿਲੀਪਦ ਏ ਕਹਜੋ, ਮਾਧਵ ਤੇ ਮੈ ਬੀਰ ॥੪੫੩॥

ਕਾਲਾ, ਰੁਖਾ ਖੌਰੜਾ, ਫਟਿਆ ਜੇਹਾ, ਬਿਨਾ ਕਾਰਣ ਦੇ ਬਹੁਤੀ ਪੀੜ ਹੋਣੀ ਐਸੇ ਲਛਣਾਂ ਵਾਲਾ ਬਾਤ ਦਾ ਸਲੀਪਦ ਕਿਹਾ ਜਾਂਦਾ ਹੈ ॥੪੫੩॥

ਪਿਤ ਸਲੀਪਦ ਲੱਛਣ-ਸੋਰਠਾ

ਦਾਹ ਤਾਪ ਅਤਿਜਾਨ, ਕੋਮਲ ਬਰਨ ਸਪੀਤ ਹੀ ।

Digitized by Panjab Digital Library | www.panjabdigilib.org

ਪਿੱਤ ਸਿਲੀਪਦ ਠਾਨ, ਮਾਧਵ ਬਚਨ ਬਖਾਨਿਯੋ ॥੪੫੪॥

ਦਾਹ (ਸੜਨ) ਤੇ ਤਾਪ ਅਤਜੰਤ ਰਹੇ, ਸਪਰਸ਼ ਕੋਮਲ, ਅਤੇ ਰੰਗਤ ਪੀਲੀ ਹੋਵੇ, ਅਜੇਹੇ ਲਛਣ ਪਿਤ ਸਲੀਪਦ ਦੇ ਹੁੰਦੇ ਹਨ ॥੪੫੪॥

ਕਫ ਸਿਲੀਪਦ ਲੱਛਨ-ਪਰਿਹਾ

ਪਾਂਡੁਰ ਭਾਰੀ ਸ੍ਵੇਤ, ਚੀਕੁਨਾ ਜਾਨੀਏ।
ਸਥਿਰ ਬੰਬੀ ਜਯੋਂ ਉਨਤ, ਕਾਂਟੇ ਠਾਨੀਏ।
ਬਡਾ ਅਸਾਧ ਸੁ ਰੋਗ, ਕਫੀ ਏ ਲਖਨਾ।
ਕਫ ਬਿਨ ਨਾਹੀ ਕੋਇ, ਜਾਨਿਯੋ ਦਖਨਾ ॥੪੫੫॥

ਪਾਂਡੂ ਰੰਗਾ, ਭਾਰਾ, ਚਿਟਾ, ਚੀਕੁਣਾ, ਥਿਰ ਰਹਿਣ ਵਾਲਾ, ਬਰਮੀ ਦੀ ਤਰ੍ਹਾਂ ਉੱਚੇ ਕੰਢਿਆਂ ਵਾਲਾ, ਇਹ ਕਫ ਦਾ ਸਲੀਪਦ ਬੜਾ ਅਸਾਧ ਹੈ। ਸਲੀਪਦ ਕਫ ਬਿਨਾਂ ਕੋਈ ਵੀ ਨ੍ਹੀਂ ਪੈਦਾ ਹੁੰਦਾ।

ਦੋਹਰਾ—
ਕਫੀ ਬਸਤ ਪ੍ਰਕ੍ਰਿਤਿ ਕਫੀ, ਸਦਾ ਬਹਤ ਜਿਹ ਨੀਰ।
ਤਿਸੀ ਜਤਨ ਸਿਲੀਪਦ ਹੁਵੈ, ਕਰੋ ਚਕਿਤਸਾ ਬੀਰ ॥੪੫੬॥

ਰੋਗੀ ਕਫ ਕਾਰਕ ਬਸਤੂਆਂ ਖਾਵੇ, ਸੁਭਾਵ ਭੀ ਰੋਗੀ ਦਾ ਕਫ ਵਾਲਾ ਹੋਵੇ, ਅਰ ਜਿਸ ਸਲੀਪਦ ਵਿਚੋਂ ਪਾਣੀ ਬਹਿੰਦਾ ਹੋਵੇ, ਸੋ ਐਸਾ ਸਲੀਪਦ ਅਸਾਧ ਹੈ। ਫਿਰ ਭੀ ਤਿਸਦਾ ਯਤਨ ਜਿਸ ਕਾਰਣ ਤੇ ਸਲੀਪਦ ਹੋਯਾ ਹੈ, ਓਸਾ ਕਰੋ (ਪਰੰਤੂ ਸੋਚਕੇ) ॥੪੫੬॥

ਬਾਤ ਸਲੀਪਦ ਉਪਾਇ-ਚੌਪਈ

ਏਰੰਡ ਤੇਲ ਗੋਮੂਤ੍ਰ ਸੰਗ। ਪੀਤ ਸਿਲੀਪਦ ਬਾਤ ਜੁ ਭੰਗ।
ਕਾਰੌਂਦਾ ਸਿਖਮੋਰ ਜੁ ਜਾਨ। ਗੋ ਮੂਤ੍ਰ ਸਿਲੀਪਦ ਹਾਨ ॥੪੫੭॥

੧੪੬੭-ਅਰਿੰਡ ਦਾ ਤੇਲ ਗਊ ਮੂਤ੍ਰ ਪਾਕੇ ਪਿਲਾਵੇ ਤਾਂ ਬਾਤ ਦਾ ਸਲੀਪਦ ਨਾਸ ਕਰੇ।

੧੪੬੮-ਕਰੌਂਦਾ, ਮੋਰਸਿਖਾ (ਸਲਿਆਰਾ) ਪੀਹਕੇ ਗਊਮੂਤ੍ਰ ਨਾਲ ਪੀਵੇ ਤਾਂ ਸਲੀਪਦ ਨਾਸ ਕਰੇ ॥੪੫੭॥

(ਵੰਗਸੇਨਾਤ)-ਸੋਰਠਾ

ਸੁੰਠੀ ਆਛੀ ਪੀਸ, ਗੋ ਪਯ ਸੰਗ੍ਰਹਿ ਪੀਜੀਏ।
ਬਾਤ ਸਿਲੀਪਦ ਖੀਸ, ਬੰਗਸੈਨ ਮਤ ਜਾਨੀਓ ॥੪੫੮॥

੧੪੬੯-ਸੁੰਢ ਚੰਗੀ ਤਰ੍ਹਾਂ ਪੀਹਕੇ ਗੋਕੇ ਦੁੱਧ ਨਾਲ ਨਿੱਤ ੧ ਤੋਲਾ ਪੀ ਲਵੇ ਤਾਂ ਬਾਤ ਦਾ ਸਲੀਪਦ ਨਾਸ ਹੋਵੇ ॥੪੫੮॥

ਪਿਤ ਸਲੀਪਦ ਉਪਾਇ-ਸੋਰਠਾ

ਰਹਸਨ ਹੀਸ ਮਜਿਸਟ, ਇਟਸਿਟ ਯਸਟੀ ਮੇਲੀਏ।
ਆਰਨਾਲ ਸੋ ਇਸਟ, ਲੇਪ ਸਿਲੀਪਦ ਪਿੱਤ ਹਰ ॥੪੫੯॥

Digitized by Panjab Digital Library | www.panjabdigilib.org

੧੪੭੦-ਰਾਸਨਾ, ਹੀਂਸ, ਮੰਜੀਠ, ਇਟਸਿਟ ਤੇ ਮੁਲਠੀ, ਇਨ੍ਹਾਂ ਦਾ ਕਾਂਜੀ ਨਾਲ ਘੋਟਕੇ ਲੇਪ ਕਰੇ ਤਾਂ ਪਿੱਤ ਦਾ ਸਲੀਪਦ ਨਾਸ ਹੋਵੇ ॥੪੫੯॥

ਕਲਕ-ਦੋਹਰਾ

ਅਭਯਾ ਕਲਕ ਗੋ ਮੂਤ ਸੋ; ਪੀਤ ਸਿਲੀਪਦ ਜਾਇ।
ਛਿੰਨਾ ਘਟ ਕਟ ਤੇਲ ਸੋ, ਪੀਵਤ ਪਿਤ ਮਿਟਾਇ ॥੪੬੦॥

੧੪੭੧-ਹਰੜ ਦਾ ਕਲਕ ਗਊਮੂਤ੍ਰ ਨਾਲ ਪੀਵੇ ਤਾਂ ਸਲੀਪਦ ਨਾਸ ਹੋਵੇ।

੧੪੭੨-ਗਿਲੋਯ, ਮੋਥਾ ਬਰੀਕ ਕਰਕੇ ਕੌੜੇ ਤੇਲ ਨਾਲ ਪੀਵੇ ਤਾਂ ਪਿੱਤ ਦਾ ਸਲੀਪਦ ਜਾਵੇ ॥੪੬੦॥

ਚੌਪਈ

ਸਿਧਾਰਥ ਚਿਤ੍ਰਕ ਸੁਰਦਾਰ। ਲੇਪ ਤੇਲ ਕਟ ਸਿਲੀਪਦ ਟਾਰ।
ਸੁੰਠ ਸੌਭਾਜਨ ਸਰਸੋਂ ਚਾਰ। ਗੋਮੂਤ੍ਰ ਲਿਪ ਸਿਲੀਪਦ ਟਾਰ ॥੪੬੧॥

੧੪੭੩-ਸਰ੍ਹੋਂ ਚਿਤ੍ਰਾ, ਦੇਵਦਾਰ, ਕੌੜੇ ਤੇਲ ਵਿੱਚ ਇਨ੍ਹਾਂ ਦਾ ਲੇਪ ਕਰੇ ਤਾਂ ਸਲੀਪਦ ਨਾਸ਼ ਹੋਵੇ।

੧੪੭੪-ਸੁੰਢ ਸੁਹਾਂਵਣਾਂ ਸਰੋਂ ਤੇ ਦੇਵਦਾਰ ਗਊਮੂਤ੍ਰ ਨਾਲ ਲੇਪ ਕਰੇ ਤਾਂ ਸਲੀਪਦ ਨਾਸ ਹੋਵੇ ॥ ੪੬੧ ॥

(ਵੰਗਸੇਨਾਤ)

ਪੁਨਰਨਵਾ ਸੁੰਠ ਸਰਸੋ ਆਨ। ਕਾਂਜੀ ਸੇਤੀ ਲੇਪਨ ਠਾਨ।
ਪਿੱਤ ਸਿਲੀਪਦ ਜਾਵਤ ਸਹੀ। ਬੰਗਸੈਨ ਸਾਚੀ ਬਿਧ ਕਹੀ ॥੪੬੨॥

੧੪੭੫-ਇਟਸਿਟ, ਸੁੰਢ ਤੇ ਸਰੋਂ ਕਾਂਜੀ ਨਾਲ ਲੇਪ ਕਰੇ ਤਾਂ ਪਿੱਤ ਦਾ ਸਲੀਪਦ ਜਾਵੇ ॥ ੪੬੨ ॥

ਇਟਸਿਟ ਸਿਗ੍ਰੂ ਸਰਖਪ ਲੇਇ। ਧਾਤੂਰਾ ਏਰੰਡ ਜੁ ਦੇਇ।
ਨਿਰਗੁੰਡੀ ਲੇਪੋਂ ਪਗ ਦੋਇ। ਪਿੱਤ ਸਿਲੀਪਦ ਕਬਹੂ ਨ ਹੋਇ॥੪੬੩॥

੧੪੭੬-ਇਟਸਿਟ, ਸੁਹਾਂਜਣਾ, ਸਰੋਂ; ਧਤੂਰਾ, ਸਰਿੰਡ ਤੇ ਸੰਭਾਲੂ ਦੋਹਾਂ ਪੈਰਾਂ ਤੇ ਲੇਪ ਕਰੇ ਤਾਂ ਪਿੱਤ ਦਾ ਸਲੀਪਦ ਜਾਂਦਾ ਰਹੇ ਅਰ ਫਿਰ ਕਦੇ ਨਾਂ ਹੋਵੇ ॥ ੪੬੩ ॥

ਕਫ ਸਲੀਪਦ ਉਪਾਇ(ਵੰਗਸੇਨਾਤ)-ਚੌਪਈ

ਬਰਧ ਮਾਨ ਪੀਪਰ ਜੋ ਖਾਇ। ਬੀਜ ਧਤੂਰੇ ਆਛੇ ਲਯਾਇ।
ਕਫੀ ਸਿਲੀਪਦ ਜਾਵਤ ਸਹੀ। ਬੰਗਸੈਨ ਮਤ ਆਨੀ ਕਹੀ ॥੪੬੪॥

੧੪੭੭-ਬਰਧਮਾਨ ਮਘ ਦੀ ਤਰ੍ਹਾਂ ਧਤੂਰੇ ਦੇ ਬੀਜ ਲੈਕੇ ੧ ਤੋਂ ੨੦ ਬੀਜ ਤਕ ਵਧਾ *ਘਟਾਕੇ

---

*੧ ਤੋਂ ੨੦ ਤੱਕ ਵਧਾਕੇ ਫਿਰ ਏਸ ਤਰ੍ਹਾਂ ਘਟਾਕੇ ਇੱਕ ਬੀਜ ਤੇ ਲੈ ਆਵੇ।

Digitized by Panjab Digital Library | www.panjabdigilib.org

ਖਾਵੇ ਤਾਂ ਕਫ ਸਲੀਪਦ ਜਾਵੇ ॥ ੪੬੪ ॥

ਕਲਕ—ਦੋਹਰਾ

ਪਾਨ ਸਾਤਕਾ ਕਲਕ ਕਰ, ਲਵਨ ਤਾਸ ਮਹਿ ਪਾਇ।
ਤਪਤ ਬਾਰ ਸੋ ਪੀਜੀਏ; ਕਫੀ ਸਿਲੀਪਦ ਜਾਇ ॥੪੬੫॥

੧੪੭੮—ਸੱਤਾਂ ਪਾਨ ਦੇ ਪਤ੍ਰਿਆਂ ਦਾ ਨਿੱਤ ਕਲਕ ਕਰਕੇ ਉਸ ਵਿੱਚ ਜ਼ੇਕੇ ਮਾਫ਼ਕ ਲੂਣ ਪਾਕੇ ਕੋਸਾ ਕੋਸਾ ਪੀਵੇ ਤਾਂ ਕਫ ਦਾ ਸਲੀਪਦ ਜ਼ਾਵੇ ॥ ੪੬੫ ॥

ਚੌਪਈ

ਰਜਨੀ ਗੁੜ ਗੋ ਮੂਤ੍ਰ ਪੀਤ। ਕੁਸਟ ਸਿਲੀਪਦ ਦਾਰੂ ਜੀਤ।
ਇਟਸਿਟ ਤ੍ਰਿਫਲਾ ਪੀਪਰ ਪੀਸ। ਚਟੇ ਸਹਤ ਸਿਲੀਪਦ ਖੀਸ॥੪੬੬॥

੧੪੭੯—ਹਲਦੀ ਤੇ ਗੁੜ, ਗਊਮੂਤ੍ਰ ਨਾਲ ਪੀਵੇ ਤਾਂ ਕੁਸ਼ਟ ਤੇ ਸਲੀਪਦ ਨੂੰ ਇਹ ਦਾਰੂ ਜਿਤਣਹਾਰਾ ਹੈ।

੧੪੮੦—ਇਟਸਿਟ, ਤ੍ਰਿਫਲਾ ਤੇ ਮਘ ਪੀਹਕੇ ਸ਼ਹਤ ਨਾਲ ਚਟੇ ਤਾਂ ਕਫ ਦਾ ਸਲੀਪਦ ਨਾਸ ਹੋਵੇ ॥ ੪੬੬ ॥

ਸਰਬ ਸਲੀਪਦ ਉਪਾਇ—ਚੌਪਈ

ਬ੍ਰਿਧਦਾਰ ਗੋਮੂਤ੍ਰ ਸੰਗ। ਪੀਵਤ ਹੀ ਸਿਲੀਪਦ ਭੰਗ।
ਦੋਇ ਬਲਾ ਪਯ ਸੰਗ ਪਿਵਾਇ।ਸਲੀਪਦਰੋਗ ਸਰਬਮਿਟ ਜਾਇ।੪੬੭।

੧੪੮੧—*ਬਿਧਾਰਾ ਗਊਮੂਤ੍ਰ ਨਾਲ ਪੀਵੇ ਤਾਂ ਸਲੀਪਦ ਨਾਸ ਕਰੇ।

੧੪੮੨—ਦੋਨੋਂ ਬਲਾ (ਖਿਰੈਟੀ ਤੇ ਕੰਘੀ) ਦੁੱਧ ਨਾਲ ਪੀਵੇ ਤਾਂ ਸਭ ਤਰ੍ਹਾਂ ਦਾ ਸਲੀਪਦ ਰੋਗ ਨਾਸ ਹੋ ਜਾਵੇ ॥ ੪੬੭ ॥

ਕ੍ਰਿਸ਼ਨਾਦਿ ਮੋਦਕ (ਵੰਗਸੇਨਾਤ)—ਚੌਪਈ

ਕ੍ਰਿਸਨਾਂ ਚਿਤ੍ਰਕ ਦੰਤੀ ਮਾਨ। ਕਰਖ ਅਰਧ ਪਲ ਏਕੇ ਠਾਨ।
ਬੀਸ ਹਰੜ ਤੁਚ ਗੁੜ ਪਲਦੋਇ।ਸਹਿਤ ਸੰਗ ਮੋਦਕ ਤਿਸ ਹੋਇ।੪੬੮।
ਏਕਏਕ ਤਿਸ ਨਿਤ ਉਠ ਖਾਇ। ਰੋਗ ਸਿਲੀਪਦ ਸਭ ਹੀ ਜਾਇ।
ਰੋਗ ਜਾਨੁਵਾ ਸਭ ਹੀ ਘਟੈ। ਰਾਮ ਨਾਸ ਤੇ ਅਘ ਜਯੋਂ ਹਟੈ ॥੪੬੯॥

੧੪੮੩—ਮਘ—੧ ਤੋਲਾ, ਚਿਤ੍ਰਾ ੨ ਤੋਲੇ, ਦੰਤੀ ਚਾਰ ਤੋਲੇ, ਹਰੜ ਦੀ ਛਿਲ ੨੦ ਤੋਲੇ ਗੁੜ ੮ ਤੋਲੇ ਪੀਸ ਛਾਣਕੇ ਸਹਤ ਨਾਲ ਲੱਡੂ ਬਣਾ ਲਵੇ। ਉਹ ਲੱਡੂ, ਇੱਕ ਇੱਕ ਨਿੱਤ ਪ੍ਰਾਤਾ ਕਾਲ ਖਾਵੇ ਤਾਂ ਸਭ ਤਰ੍ਹਾਂ ਦਾ ਸਲੀਪਦ ਰੋਗ ਨਾਸ ਹੋਵੇ। ਅਰ ਜਾਨੁਵਾ ਰੋਗ ਭੀ ਐਉਂ ਘਟੇਗਾ, ਜਿਸ ਤਰ੍ਹਾ ਰਾਮ ਨਾਮ ਤੇ ਪਾਪ ਘਟਦੇ ਹਨ। (ਮੂਲ ਪਾਠ ਕਰਖ ਪਹਿਲੀ, ਅਧਪਲ ਦੂਜੀ, ਤੀਜੀ ਦੰਤੀ ਪਲ ਪ੍ਰਮਾਣ ਇਉਂ ਲਗਾ ਦੇਣਾ) ॥੪੬੮॥੪੬੯॥

---

*ਬਿਧਾਰੇ ਨੂੰ ਯੂਨਾਨੀ ਵਾਲੇ "ਸ਼ਾਰਫ" ਆਖਦੇ ਹਨ।

Digitized by Panjab Digital Library | www.panjabdigilib.org

ਪੀਪਰਾਦਿ ਚੂਰਣ (ਵੰਗਸੇਨਾਤ)—ਚੌਪਈ

ਪੀਪਰ ਤ੍ਰਿਫਲਾ ਨਾਗਰ ਦਾਰ। ਇਟਸਿਟ ਪਲ ਦੋ ਦੋ ਸਭ ਡਾਰ।
ਸਭ ਕੇ ਸਮ ਬਧੇਰਾ ਪਾਇ। ਕਾਂਜੀ ਸੇਤੀ ਚੂਰਨ ਖਾਇ ॥੪੭੦॥
ਸਿਲੀਪਦ ਪਲੀਹਾ ਬਾਤ ਨਸਾਇ। ਭਸਮ ਰੋਗ ਛਿਨ ਮਾਹਿ ਮਿਟਾਇ।
ਰੋਗ ਜਾਨਵਾ ਜਾਵਤ ਸਹੀ। ਬੰਗਸੈਨ ਤੇ ਮੇਘੈ ਕਹੀ ॥੪੭੧॥

੧੪੮੪—ਮਘ, ਤ੍ਰਿਫਲਾ, ਸੁੰਢ, ਦੇਵਦਾਰ ਤੇ ਇਟਸਿਟ ਇਹ ਸਭ ਦੋ ਦੋ ਪਲ (੪–੪ ਤੋਲੇ) ਸਭਨਾਂ ਦੇ ਬਰਾਬਰ ਦਾ ਬਿਧਾਰਾ ਪਾਵੇ, ਚੂਰਣ ਕਰਕੇ ਕਾਂਜੀ ਨਾਲ ਖਾਵੇ ਤਾਂ ਸਲੀਪਦ, ਲਿਫ, ਬਾਤ ਰੋਗ, ਭਸਮ ਰੋਗ ਤੇ ਜਾਨੂਵਾ ਰੋਗ ਛਿਨ ਮਾਤ੍ਰ ਵਿਖੇ ਨਾਸ ਕਰੇ ॥੪੭੦॥੪੭੧॥

ਬਿਧਰਾਦਿ ਚੂਰਣ—ਚੌਪਈ

ਤ੍ਰਿਕੁਟਾ ਤ੍ਰਿਫਲਾ ਚਵਕਾ ਵਾਰ। ਦਾਰਵੀ ਗੋਖਰੁ ਛਿੰਨਾ ਡਾਰ।
ਅਲੰਬੁਖਾ ਪਲ ਪਲ ਸਭ ਲੇਇ। ਸਭਕੈ ਸਮ ਬਿਧਾਰਾ ਦੇਇ ॥੪੭੨॥
ਕਾਂਜੀ ਸੇਤੀ ਅਖਜ ਪ੍ਰਮਾਨ। ਚੂਰਨ ਖਾਵੇ ਸਿਲੀਪਦ ਹਾਨ।
ਰੋਗ ਜਾਨੁਵਾ ਆਮ ਜੁ ਬਾਤ। ਕੁਸ਼ਟ ਗੁਲਮ ਕਫ ਬਾਦੀ ਜਾਤ ॥੪੭੩॥

੧੪੮੫—ਤ੍ਰਿਕੁਟਾ, ਤ੍ਰਿਫਲਾ, ਚਵਕ, ‡ਵਰਨਾ, ਦਾਰਹਲਧੀ, ਭਖੜਾ, ਗਿਲੋਯ ਤੇ ਗੋਰਖਮੁੰਡੀ ਇਹ ਸਭ ਪਲ ਪਲ ਅਰਥਾਤ ੮–੮ ਤੋਲੇ ਸਭਨਾਂ ਦੇ ਬਰਾਬਰ ਦਾ ਬਿਧਾਰਾ ਪਾਵੇ ਅਰ ਪੀਹਕੇ ਚੂਰਣ ਕਰਕੇ ਰਖੇ ਅਰ ਕਾਂਜੀ ਨਾਲ ਕਰਖ ਪ੍ਰਮਾਣ ਖਾਵੇ ਤਾਂ ਸਲੀਪਦ ਨਾਸ ਹੋਵੇ। ਹੋਰ ਜਾਨੁਵਾ ਰੋਗ, ਆਮਬਾਤ, ਗੁਲਮ, ਕੁਸ਼ਟ, ਕਫ ਤੇ ਬਾਦੀ ਸਭ ਦਾ ਨਾਸ ਕਰੇ ॥੪੭੨॥੪੭੩॥

ਅਥ ਜਨੁਵਾ ਰੋਗ ਉਪਾਇ (ਰਸਰਤਨਾਕਰਾਤ)—ਦੋਹਰਾ

ਤਾਂਬਰ ਪਾਰਾ ਗੰਧਕੰ, ਖਰਲ ਕਰੋ ਦਿਨ ਤੀਨ।
ਪਾਨ ਚੌਲਾਈ ਪਾਠ ਭਨਿ,ਇਟਸਿਟ ਇਨ ਰਸ ਦੀਨ ॥੪੭੪॥
ਗੋ ਮੂਤ੍ਰ ਪੁਟ ਦਇਕੈ, ਚਕਰ ਯੰਤ੍ਰ ਪਚਾਇ।
ਸਹਿਤ ਸੰਗ ਇਕ ਮਾਖ ਭਰ, ਖਾਵਨ ਰੋਗੀ ਦਾਇ ॥੪੭੫॥
ਰੋਗ ਜਾਨਵਾ ਜਾਤ ਹੈ, ਔਰ ਸਿਲੀਪਦ ਜਾਇ।
ਰਸਰਤਨਾਕਰ ਇਮ ਭਨੈ; ਮੇਘ ਬਿਨੋਦੈ ਥਾਇ ॥੪੭੬॥
ਬਾਮੇ ਗੋਡੇ ਡਮਰੂਵਾ, ਸਜੈ ਜਾਨੁਵਾ ਹੋਇ।

---

‡ਵਾਰ—ਨਾਮ ਬਰਨੇ ਦਾ ਹੈ, ਏਹੋ ਰਸਰਤਨਾਕਰ ਅਤੇ ਵੰਗਸੇਨ ਨੇ ਮੰਨਿਆ ਹੈ। ਦਾਰ ਕਰਕੇ ਦੇਵਦਾਰ ਅਰਥ ਨਹੀਂ ਹੈ।

Digitized by Panjab Digital Library | www.panjabdigilib.org

ਭਾਰੀ ਸਾਥਲ ਪੀਰ ਬਹੁ, ਸਿਲੀਪਦ ਸਮ ਹੀ ਸੋਇ ॥੪੭੭॥
ਕਿਰਯਾ ਸਮ ਪਥ ਦੁਹਨਿ, ਰਸਰਤਨਾਕਰ ਬਾਤ।
ਸਲੀਪਦ ਰੋਗੈ ਜਾਨੁਵਾ, ਡਮਰੂ ਰੋਗ ਮਿਟਾਤ ॥੪੭੮॥

੧੪੮੬–ਸੁਧਤਾਂਬਾ, ਸੁਧਪਾਰਾ, ਸੁਧਗੰਧਕ, ਇਹ ਤਿੰਨੇ ਸਮਾਨ ਭਾਗ ਲਵੇ ਅਰ ਇਨ੍ਹਾਂ ਨੂੰ ਪਾਨ, ਚੌਲਾਈ, ਪਾਠਾ ਅਤੇ ਇਟਸਿਟ ਇਨ੍ਹਾਂ ਦੇ ਰਸਾਂ ਵਿੱਚ ਤਿੰਨ ਦਿਨ ਘੋਟੇ, ਫਿਰ ਗਊਮੂਤ੍ਰ ਦੀ ਪੁੱਠ ਦੇਕੇ *ਚਕ੍ਰ ਯੰਤ੍ਰ ਦ੍ਵਾਰਾ ਪਕਾਕੇ ਰਖੇ। ਸ਼ਹਤ ਨਾਲ ੧ ਮਾਸਾ ਖੁਆਵੇ ਤਾਂ ਜਾਨੂਵਾ ਰੋਗ ਨਾਸ ਕਰੇ, ਅਰ ਸਲੀਪਦ ਭੀ ਜਾਵੇ ॥੪੭੪ ਤੋਂ ੪੭੬॥

ਖਬੇ ਗੋਡੇ ਵਿਚ ਡਮਰੂ ਅਤੇ ਸਜੇ ਗੋਡੇ ਹੋਵੇ ਤਾਂ ਜਾਨੂਆ ਰੋਗ ਕਿਹਾ ਜਾਂਦਾ ਹੈ, ਪੱਟ ਭਾਰੇ ਅਰ ਪੀੜਾ ਹੁੰਦੀ ਹੈ। ਹੋਰ ਸਭ ਸਮਾਨਤਾ ਸਲੀਪਦ ਦੀ ਹੈ। ਯਤਨ ਅਰ ਪੱਥ ਸਭ ਸਮਾਨ ਹੀ ਦੋਹਾਂ ਦੇ ਹਨ, ਇਹ ਰਸ ਰਤਨਾਕਰ ਦਾ ਕਥਨਾ ਹੈ। ਸਿਲੀਪਦ ਰੋਗ, ਜਾਨਵਾ ਰੋਗ, ਅਰ ਡਮਰੂ ਰੋਗ, ਇਕ ਤਰ੍ਹਾਂ ਹੀ ਮਿਟਦੇ ਹਨ, ਇਸਤੇ ਹੇਠ ਲਿਖੇ ਮੰਤ੍ਰ ਝਾੜਾ ਕਰੇ ॥੪੭੭॥੪੭੮॥

ਜਾਨੁਵਾ–ਮੰਤ੍ਰ:–

੧੪੮੭–'ਓਂ ਨਮੋ ਗੁਰੂਕੋ ਅਦੇਸ ਖੰਕਾਰੀ ਖੰਕਾਰ ਕਹਾਂ ਗਯੋ ? ਸਭਾ ਭਾਰ ਪਰਬਤ ਗਯੋ, ਸਭਾ ਭਾਰ ਪਰਬਤ ਜਾਇਕੈ ਕਹਾਂ ਕਰੋਗੇ ? ਖੈਰਕਾ ਖੂੰਟਾ ਕਾਟੈਗੋ ? ਖੂੰਟਾ ਕਾਟਕੇ ਕਹਾ ਕਰੋਗੇ ? ਕੋਇਲਾ ਕਰੈਗੋ, ਕੋਇਲਾ ਕਰਕੇ ਕਹਾਂ ਕਰੈਗੋ ? ਸਾਰਕਾ ਤੀਰ ਘੜਾਵੈਗੋ। ਸਾਰਕਾ ਤੀਰ ਘੜਾਇਕੈ ਕਹਾਂ ਕਰੈਗੋ ? ਜਾਨਵਾਕੀ ਜੜ ਕਾਟੋਗੋ। ਗੁਰੂ ਕੀ ਸ਼ਕਤਿ ਮੇਰੀ ਭਗਤ ਫੁਰੇ ਈਸ੍ਰੋ ਵਾਚਾ,ਠ:,

ਚੌਪਈ,

ਤੀਰ ਸੰਗ ਇਕ ਬੀਸ ਜੁ ਬਾਰ। ਝਾੜੋ ਜਾਨੋ ਪੀਸ ਜੁ ਟਾਰ।
ਤੀਰ ਫੈਂਕਯੋਂ ਲਯਾਵੇ ਸੋਇ। ਤੀਰ ਪੂਜ ਸੰਧੂਰੇ ਜੋਇ ॥੪੭੯॥
ਸਾਤ ਦਿਵਸ ਇਮਹੀ ਕਰਵਾਇ। ਰੋਗ ਜਾਨਵਾ ਦੂਰ ਨਸਾਇ।
ਲਾਲਚ ਤਾਤੇ ਕਛੂ ਨ ਕਰੋ। ਤੌ ਜਾਨਵ ਕੀ ਪੀਰਾ ਹਰੋ ॥੪੮੦॥

ਵਿਧੀ

੨੧ ਬਾਰ ਤੀਰ ਨਾਲ ਝਾੜਾ ਕਰੇ ਤਾਂ ਜਾਨੂ ਦੀ ਪੀੜ੍ਹਾ ਜਾਵੇ। ਉਸ ਤੀਰ ਨੂੰ ਸੁਟ ਦੇਵੇ, ਫਿਰ ਤੀਰ ਮੁੜ ਲੈ ਆਵੇ। ਤੀਰ ਨੂੰ ਸੰਧੂਰ ਆਦਿ ਦਾ ਤਿਲਕ ਲਾਕੇ ਪੂਜੇ। ਸਤ ਦਿਨ ਇਸੇ ਤਰਾਂ ਕਰੇ ਤਾਂ ਜਾਨੁਵਾ ਰੋਗ ਨਾਸ ਹੋਵੇ। ਪਰੰਤੂ ਰੋਗੀ ਪਾਸੋਂ ਕੁਛ ਲੈਣ ਦਾ ਲਾਲਚ ਨਾਂ ਕਰੇ ॥੪੭੯॥੪੮੦॥

---

*ਚਕ੍ਰ ਯੰਤ੍ਰ ਦਾ ਇਹ ਰੂਪ ਹੈ ਕਿ ਪਹਿਲੇ ਇਕ ਗੋਲ ਟੋਯਾ ਖੋਦੇ ਫਿਰ ਉਸਦੀ ਥੋੜੀ ਦੂਰ ਪਰ ਖਾਈ ਖੋਦੇ। ਪਹਿਲੇ ਟੋਏ ਵਿਚ ਦਵਾਈ ਰਖੇ ਅਰ ਖਾਟੀ ਵਿੱਚ ਅੱਗ ਦੇਵੇ। ਇਸਨੂੰ ਚਕ੍ਰਯੰਤ੍ਰ ਆਖਦੇ ਹਨ, ਤਸੱਲੀ ਨਹੀਂ ਤਾਂ ਦੇਖੋ ਰਸ ਸੁ: ਪ੍ਰਿ: ੨੧੮. ਰਸੇਂਦ੍ਰ ਚਿੰਤਾਮਣੀ।

Digitized by Panjab Digital Library | www.panjabdigilib.org

ਅਥ ਡਮਰੂ ਮੰਤ੍ਰ:–

੧੪੮੮–"ਓਂ ਡਮਰੂ ਡਿਮ ਡਿਮ ਹਾਥ ਕਪਾਲ ਆਖੋਂ ਭਾਜੰਤੇ [illegible] ਜਾਇ। ਨਾ ਭਾਜ ਤ ਪੰਚ ਬਾਣ ਅਰਜੁਣ ਕੇ ਛਿੰਨੋ, ਨਰਾਯਨ ਕੇ ਚਕ੍ਰਛਿੰਨੋ, ਛਿੰਨ ਛਿੰਨ ਭਿੰਨ ਭਿੰਨ ਜਾਉ ਚਿੱਤਉ ਮੰਡੀਆ ਬੀਰ ਕੀ ਆਗਜਾਫੁਰੈ। ਨ:"

ਚੌਪਈ

ਬਾਰ ਇਕੀਸ ਤੀਰ ਸੋ ਝਾਰ। ਤੀਨ ਦਿਵਸ ਮੇਂ ਡਮਰੂ ਟਾਰ।
ਸਿੰਧੂਰ ਟੰਕਤਿਲ ਤੇਲ ਜੁ ਪਾਉ। ਤਾਂਸੋਤੀਰ ਚੋਪਰੀ ਲਗਾਉ ॥੪੮੧॥
ਪ੍ਰਿਥਮ ਝਾਰਕੈ ਪਾਛੈ ਕਰੋ। ਚੋਪੜ ਤੀਰ ਇਕੰਤਹਿ ਧਰੋ।
ਤੀਨ ਦਿਵਸਲੌ ਏਮ ਕਰਾਇ। ਰੋਗ ਡਮਰੂਵਾ ਤਨਤੇ ਜਾਇ॥੪੮੨॥

ਵਿਧੀ

੨੧ਬਾਰ ਤੀਰ ਨਾਲ ਝਾੜੇ ਤਾਂ ਤਿੰਨਾਂ ਦਿਨਾਂ ਵਿਚ ਡਮਰੂ ਰੋਗ ਨਾਸ ਹੋਵੇ ਸੰਧੂਰ ੧ ਟੰਕ ਤਿਲਾਂ ਤੇਲ ੧ ਪਾਉ, ਇਸ ਨਾਲ ਲੈ ਕੇ ਤੀਰ ਚੋਪੜੇ। ਪਹਿਲੇ ਝਾੜਾ ਕਰਕੇ ਤੀਰ ਪਰੇ ਫੈਂਕ ਦੇਵੇ, ਫਿਰ ਲਿਆਕੇ ਚੋਪੜਕੇ ਏਕਾਂਤ ਕਰ ਦੇਵੇ। ਇਸ ਤਰਾਂ ੩ ਦਿਨ ਕਰੇ ਤਾਂ ਡਮਰੂ ਰੋਗ ਸਰੀਰੋਂ ਨਾਸ ਹੋਵੇ ॥੪੮੧॥ ॥੪੮੨॥

ਪਗ ਕੋਮਲ ਕਰਨੇ ਕਾ ਉਪਾਇ (ਵੈਦਜੀਵਨਾਤ)

ਸੇਂਧਾ ਗੁਗਲ ਗੇਰੂ ਪਾਇ। ਮਦਨ ਫਲਾ ਘ੍ਰਿਤ ਮਧੁ ਕੋ ਲਗਾਇ।
ਸਰੂਫਲਾ ਸਬ ਚਰਨ ਮਲਾਇ। ਕਮਲ ਸਾਰਖੇ ਚਰਨ ਕਰਾਇ॥੪੮੪।

੧੪੮੯–ਸੇਂਧਾਨਿਮਕ, ਗੁਗਲ, ਗੇਰੂ, ਰਾੜਾ ਘ੍ਰਿਤ ਸ਼ਹਿਤ ਤੇ ਮਾਜੂ, ਪੀਹ ਕੇ ਪੈਰਾਂ ਮਲੇ, ਤਾਂ ਕਮਲ ਜਹੇ ਨਰਮ ਚਰਨ ਹੋ ਜਾਂਦੇ ਹਨ ॥ ੪੮੩ ॥

(ਰਸਰਤਨਾਕਰਾਤ)–ਚੌਪਈ

ਗੁੜ ਗੁਗਲ ਸੇਂਧਾ ਉਸੀਰ। ਗੇਰੂ ਘ੍ਰਿਤ ਮਦਨ ਫਲ ਬੀਰ।
ਲੇਪੇਚਰਨ ਸਿਲੀਪਦ ਜਾਇ। ਪਗ ਸਫੋਟਮਿਟ ਕੋਮਲਥਾਇ॥੪੮੪॥

੧੪੯੦–ਗੁੜ ਗੁਗਲ ਸੇਂਧਾਨਿਮਕ, ਖਸ, ਗੇਰੂ, ਘਿਉ ਤੇ ਰਾੜਾ, ਪੀਹਕੇ ਪੈਰਾਂ ਪਰ ਲੇਪ ਕਰੇ ਤਾਂ ਸਿਲੀਪਦ ਨਾਸ਼ ਹੋਵੇ ਅਰ ਪੈਰਾਂ ਦੀਆਂ ਫੋਟਾਂ ਹਟਾ ਕੇ ਪੈਰ ਨਰਮ ਕਰੇ ॥੪੮੪॥

ਪਗ ਬਜਾਈ ਉਪਾਇ–ਚੌਪਈ

ਰਾਲ ਗਰਮ ਕਰ ਬਿਆਈ ਭਰੋ। ਸੇਕ ਦੇਇਕੇ ਬਿਆਈ ਹਰੋ।
ਗੁੜ ਲਾਈਪਗਸੇਕ ਕਰਾਇ। ਰੋਗ ਬਿਆਈ ਛਿਨ ਮਹਿ ਜਾਇ॥੪੮੫।

Digitized by Panjab Digital Library | www.panjabdigilib.org

੧੪੯੧–ਰਾਲ ਗਰਮ ਕਰਕੇ ਬਿਆਈਆਂ ਵਿਚ ਭਰ ਦਿਓ ਉੱਪਰੋਂ ਸੇਕ ਦਵੋ ਤਾਂ ਬਿਆਈ ਨਾਸ ਹੋਵੇ।

੧੪੯੨–ਏਸੇ ਤਰਾਂ ਗੁੜ ਲਾ ਕੇ ਪੈਰਾਂ ਨੂੰ ਸੇਕ ਦੇਵੇ ਤਾਂ ਬਿਆਈ ਦਾ ਰੋਗ ਜਾਂਦਾ ਰਹੇ।੪੮੫।

ਰਸ ਗੰਧਕ ਦੋਨੋ ਸਮ ਚੋਕ। ਪੀਸੀ ਚਿਤ੍ਰਕ ਰਸ ਵਿਚ ਢੋਕ।
ਲੇਪ ਕਰੋ ਪੁਨ ਬਿਆਈ ਲਾਇ। ਰੋਗ ਬਿਆਈ ਦੂਰ ਨਸਾਇ।੪੮੬।
ਕੰਡੂ ਗਜ ਖੁਰ ਸਿਲੀਪਦ ਜਾਇ। ਪਗ ਸਫੋਟ ਛਿਨਮਾਹਿ ਪਲਾਇ।
ਰਸਰਤਨਾਕਰ ਭਾਖੀ ਏਹ। ਕਹਤ ਮੇਘ ਸਾਚੀ ਲਖ ਤੇਹ ॥੪੮੭॥

੧੪੯੩–ਪਾਰਾ, ਗੰਧਕ, ਦੋਹਾਂ ਦੇ ਬਰਾਬਰ ਦਾ ਚੋਕ ਕੇ ਚਿਤ੍ਰੇ ਦੇ ਰਸ ਵਿਚ ਘੋਟੇ, ਫਿਰ ਬਿਆਈਆਂ ਪਰ ਲਾਵੇ ਤਾਂ ਬਿਆਈ ਨਾਸ ਹੋਵੇ। ਖੁਰਕ, ਫਲੀਪਾਦ, ਸਲੀਪਦ, ਪੈਰਾਂ ਦਾ ਫੁਟਣਾ ਇਹ ਸਭ ਨਾਸ਼ ਹੁੰਦੇ ਹਨ ॥੪੮੭॥

ਪਗ ਦਾਝ ਉਪਾਇ–ਦੋਹਰਾ

ਗੋ ਮੂਤ੍ਰ ਪਗ ਧੋਇਕੈ ਤਥਾ ਆਮਰੇ ਲੇਪ॥
ਦਾਹ ਕੰਡੁ ਪਗ ਕੀ ਮਿਟਤ ਸਿਲੀਪਦ ਕਾ ਸੰਖੇਪ ॥੪੮੮॥

੧੪੯੪–ਗਊਮੂਤ੍ਰ ਨਾਲ ਪੈਰ ਧੋਯਾ ਕਰੇ। ਯਾ:-

੧੪੯੫–ਆਵਲਿਆਂ ਦਾ ਲੇਪ ਕਰੇ ਤਾਂ ਸੜਨ ਖੁਰਕ ਅਰ ਸਲੀਪਦ ਪੈਰਾਂ ਦਾ ਜਾਵੇ ॥੪੮੮॥

ਪਗ ਬਿਆਈ ਉਪਾਇ

ਅਮਲੀ ਪਤ੍ਰ ਪੀਸਕੈ ਟੀਕੀ ਏਕ ਬਨਾਇ॥
ਨਿੰਬ ਪਾਤ ਕੀ ਇਕ ਕਰੋ ਘ੍ਰਿਤ ਪਕਾਇਕੇ ਪਾਇ ॥੪੮੯॥
ਟੀਕੀ ਜਬ ਜਲ ਜਾਤ ਹੀ ਮੋਮ ਕਛੁਕ ਲੈ ਪਾਇ।
ਬਸਤ੍ਰ ਛਾਨੀ ਮੇਲੀਏ ਆਛੀ ਡਾਬੀ ਲਜਾਇ ॥੪੯੦॥
ਲੇ ਮਲਮ ਬਿਆਈ ਭਰੋ ਦੀਜੈ ਸੇਕ ਜੁ ਆਗ।
ਤੀਨ ਦਿਨੈ ਫੂਟੇ ਚਰਨ ਰੋਗ ਬਿਆਈ ਭਾਗ ॥੪੯੧॥

੧੪੯੬–ਇਮਲੀ ਦੇ ਹਰੇ ਪੱਤ੍ਰ ਪੀਹਕੇ ੧ ਟਿਕੀ ਕਰ ਲਵੇ, ਦੂਸਰੀ ਟਿੱਕੀ ੧ ਨਿੰਮ ਦੇ ਹਰੇ ਪੱਤ੍ਰਾਂ ਦੀ ਕਰੇ, ਦੋਹਾਂ ਨੂੰ ਘਿਉ ਵਿਚ ਤਪਾਕੇ ਵਿਚ ਪਾਕੇ ਪਕਾਵੇ, ਜਦ ਟਿੱਕੀਆਂ ਜਲ ਜਾਣ ਤਾਂ ਕੁਛਕ ਮੋਮ ਵਿਚ ਵਿੱਚ ਪਾ ਦੇਵੇ ਅਰ ਫਿਰ ਗਰਮ ਗਰਮ ਪੁਣਕੇ ਡੱਬੀ ਵਿੱਚ ਪਾ ਰਖੇ। ਇਹ ਮਲ੍ਹਮ ਫਿਰ ਬਿਆਇਆਂ ਵਿੱਚ ਭਰਕੇ ਉਪਰੋਂ ਸੇਕ ਕਰਾਓ, ਇਸ ਤਰ੍ਹਾਂ ਤਿੰਨ ਦਿਨਾਂ ਵਿਚ ਬਿਆਇਆ ਦਾ ਰੋਗ ਨਸ਼ਟ ਹੋ ਜਾਂਦਾ ਹੈ ॥ ੪੮੯ ਤੋਂ ॥੪੯੧॥

Digitized by Panjab Digital Library | www.panjabdigilib.org

ਸਰਬ ਸਿਲੀਪਦ ਰੋਗੇ ਲੇਪ–ਚੌਪਈ

ਪਾਰਾ ਗੰਧਕ ਟੰਕਣ ਖਾਰ। ਮਨਸਿਲ ਹੁਰਮਚਿ ਲੈ ਹਰਤਾਰ।
ਕੰਬੀਲਾ ਧਤੂਰੇ ਬੀਜ। ਕ੍ਰਿਸਨਾ ਜਲ ਸੋ ਲੇਪ ਕਰੀਜ ॥੪੯੨॥
ਸਿਲੀਪਦ ਕੰਡੂ ਦੂਰ ਨਸਾਇ। ਬਿਸਰਪ ਰੋਗ ਕਾ ਨਾਸ ਕਰਾਇ।
ਫੀਲਪਾਂਦ ਅਰ ਜਾਨਵ ਮਿਟੈ। ਜੋਗ ਚਿੰਤਾਮਨਿ ਬਾਤ ਸੁ ਰਟੈ॥੪੯੩॥

੧੪੯੭–ਪਾਰਾ, ਗੰਧਕ, ਸੁਹਾਗਾ ਮਨਸਿਲ ਹਿਰਮਚੇ, ਹੜਤਾਲ **ਕੰਬੀਲਾ,** ਧਤੂਰੇ ਦੇ ਬੀਜ ਤੇ ਮਘਾਂ ਸਮਾਨ ਲੈਕੇ ਜਲ ਨਾਲ ਚੰਗੀ ਤਰ੍ਹਾਂ ਘੋਟਕੇ ਲੇਪ ਕਰੇ ਤਾਂ ਸਿਲੀਪਦ, **ਖੁਰਕ,** ਬਿਸਰਪ,ਫੀਲਪਾਦ ਅਤੇ ਜਾਨੂਵਾ ਰੋਗ ਨਾਸ ਕਰੇ ॥ ੪੯੨ ॥ ੪੯੩ ॥

ਸਿਲੀਪਦ, ਜਾਨੂਵਾ, ਡਮਰੂ ਦੇ ਪੱਥ–ਸ਼ੰਕਰ ਛੰਦ

ਸ੍ਵੇਦ ਲੰਘਨ ਰੁਧਿਰ ਮੋਖਣ ਰੇਚ ਲੇਪਨ ਜਾਨ।
ਪਟੋਲ ਜੀਰਨ ਸਾਲ ਖਸਟਕ ਕੁਲਥ ਜਵ ਲਸਨਾਨ।
ਬਾਰਤਾਕ ਸਿਗ੍ਰੂ ਕਾਰਬੇਲੀ ਇਟਸਿਟਾ ਗੋਮੂਤ।
ਏਰੰਡ ਤੇਲ ਸਿਰੈਂ ਜੁ ਬੇਧਨਿ ਪਥ ਸਿਲੀਪਦ ਸੂਤ ॥੪੯੪॥

੧੪੯੮–ਪਸੀਨਾ, ਬ੍ਰਤ ਫਸਤ ਖੋਲਨਾ ਦਸਤ, ਲੇਪ, ਪਟੋਲ, ਪੁਰਾਣੇ ਸੱਠੀ ਦੇ ਚਾਵਲ, ਕੁਲਥ ਜੌਂ ਲਸਨ ਵਤਾਊਂ, ਸੁਹਾਂਵਣਾਂ, ਕਰੇਲੇ ਇਟਸਿਟ ਗਊਮੂਤ੍ਰ, ਅਰਿੰਡ ਦਾ ਤੇਲ, ਇਹ ਸਭ ਖਾਣੇ ਅਰਨਾੜੀ ਦਾ ਟੱਕਣਾ (ਬਾਤ ਤੇ ਉਤਪੰਨ ਸਲੀਪਦ ਵਿਚ ੪ ਉਂਗਲਾਂ ਪਰ, ਪਿੱਤ ਦੇ ਸਲੀਪਦ ਦੇ ਗਿਟੇ ਦੇ ਹੇਠੋਂ, ਇਸੇਤਰ੍ਹਾਂ ਕਫ ਦੇ ਸਲੀਪਦੋਂ ਅੰਗੂਠੇ ਦੀ ਜੜ੍ਹੋਂ, ਵਿਧੀ ਨਾਲ ਨਸਾਂ ਟੁੱਕੇ) ਇਹ ਸਭ ਸਲੀਪਦ ਦੇ ਅਨੁਸਾਰ ਪੱਥ ਹਨ ॥ ੪੯੪ ॥

ਕੁਪੱਥ–ਸ਼ੰਕਰ ਛੰਦ

ਮਿਸਟਾਨ ਗੁੜ ਦਧਿ ਸ੍ਵਾਦ ਰਸ ਸਬ ਸਿੰਧ ਬੰਧਿਆ ਨੀਰ।
ਨਦੀ ਜਲ ਗੁਰੁ ਜਾਨ ਪਿੱਛਲ ਅਭਿਖਯੰਦੀ ਬੀਰ।
ਅਨੂਪ ਮਾਸਾ ਮਾਖ ਪਿਸਟੀ ਗੁੜੁ ਜੁ ਬਿਕ੍ਰਿਤਿ ਜਾਨ।
ਏ ਜਾਨੁਵਾ ਸਿਲੀਪਦ ਬਿਕਾਰੇ ਹੈ ਕੁਪੱਥ ਬਖਾਨ ॥ ੪੯੫ ॥

ਦੋਹਰਾ– ਯਥਾ ਜੋਗ ਪਥ ਦੀਜੀਏ ਤਬਹਿ ਘਟੈ ਸਬ ਰੋਗ।
ਕੋਊ ਰੋਗ ਪਥ ਅਵਰ ਹੀ ਤਾਕਾ ਰੋਗ ਨ ਖੋਗ ॥ ੪੯੬ ॥

Digitized by Panjab Digital Library | www.panjabdigilib.org

੧੪੯੯-ਮਿਠਿਆਈ ਗੁੜ ਦਹੀਂ, ਸ੍ਵਾਦ ਵਾਲੇ ਰਸ, ਸਮੁੰਦਰ ਦਾ ਤੇ ਬਿੰਧ੍ਯਾਚਲ ਪਰਬਤੋਂ ਨਿਕਲਿਆਂ ਜਲ ਨਦੀਆਂ ਦਾ ਜਲ ਭਾਰੀਤੇ ਪਿੱਛਲ਼ ਬਸਤਾਂ ਅਤੇ ਕਬਜੀਕਾਰਕ ਅਨੂਪਜ ਦੇਸ਼ ਦੇ ਜਾਨਵਰਾਂ ਦਾ ਮਾਸ, ਮਹਾਂ ਦੀ ਪੀਠੀ, ਗੁੜ ਦੀਆਂ ਬਣਾਈਆਂ ਚੀਜ਼ਾਂ। ਇਹ ਸਭ ਜਾਨੂ ਰੋਗ ਆਰ ਸਲੀਪਦ ਰੋਗ ਵਿਖੇ ਕੁਪੱਥ ਹਨ। ਜੈਸਾ ਯੋਗ ਹੋਵੇ ਪੱਥ ਦੇਵੇ ਤਾਂ ਰੋਗ ਘੱਟਦਾ ਹੈ। ਜੇ ਕਦੇ ਰੋਗ ਕੋਈ ਹੋਵੇ, ਪੱਥ ਕੋਈ ਹੋਰ ਦ ਖੁਲਾਵੇ ਤਾਂ ਰੋਗ ਘਟਦਾ ਨਹੀਂ ਹੈ ॥੪੯੫॥੪੯੬॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘਰਾਜ ਬਿਚਰ੍ਤੇ, ਮੂਤ੍ਰਘਾਤ,
ਅਸਮਰੀ, ਪ੍ਰਮੇਪਭੇਦ, ਉਦਰਸੋਧ, ਅੰਡਬ੍ਰਿਧ, ਗੰਡਮਾਲ,
ਸਿਲੀਪਦ, ਜਾਨੁਵਾ, ਪਗ ਬਿਆਈ ਆਇ ਅਸਟਮੋਂ ਧ੍ਯਾਇ ॥੮॥
ਅਸਟਮਾ ਧ੍ਯਾਯ ਸਮਾਪਤ ॥ ੮ ॥

(ਗ੍ਰੰਥ ਮੇਘ ਬਿਨੋਦ ਪਹਿਲਾ ਭਾਗ)
॥ ਸਮਾਪਤ ॥

ਛਾਪਕ-ਪਾਲ ਪ੍ਰਿੰਟਰਜ਼ ਐਂਡ ਪਬਲਿਸ਼ਰਜ਼, ਬਾਜ਼ਾਰ ਧੋਬੀਆਂ, ਨਜ਼ਦੀਕ ਚੌਂਕ ਘੰਟਾ ਘਰ
ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-4289

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਮੁਨਿ ਮੇਘ ਰਾਜ ਜੀ ਰਚਿਤ

ਵੈਦਜਕ ਭੰਡਾਰ ਦਾ ਮਹਾਨ ਪ੍ਰਸਿੱਧ ਗ੍ਰੰਥ

ਮੇਘ ਬਿਨੋਦ ਸਟੀਕ

(ਜਿਸ ਵਿਚ ੨੯੬੯ ਪ੍ਰੀਖਯਕ ਪ੍ਰਯੋਗ ਹਨ)

ਭਾਗ ਦੂਜਾ

-ਪ੍ਰਸਿਧ ਟੀਕਾਕਾਰ-

ਸ੍ਰੀ ਮਾਨ ਮਹੰਤ ਗਣੇਸ਼ਾ ਸਿੰਘ ਜੀ

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ਓ ਸਤਿਗੁਰ ਪ੍ਰਸਾਦਿ ॥

ਸ੍ਰੀ ਮੁਨਿ ਮੇਘ ਰਾਜ ਜੀ ਰਚਿਤ

ਵੈਦਜਕ ਭੰਡਾਰ ਦਾ ਮਹਾਨ ਪ੍ਰਸਿੱਧ ਗ੍ਰੰਥ

ਮੇਘ ਬਿਨੋਦ ਸਟੀਕ

ਭਾਗ ਦੂਜਾ

(ਜਿਸ ਵਿਚ ੧੩੭੪ ਪ੍ਰੀਖਯਕ ਪ੍ਰਯੋਗ ਹਨ)

-ਪ੍ਰਸਿਧ ਟੀਕਾਕਾਰ-

ਸ੍ਰੀ ਮਾਨ ਮਹੰਤ ਗਣੇਸ਼ਾ ਸਿੰਘ ਜੀ

ਅਖਾੜਾ ਸ੍ਰੀ ਠਾਕੁਰ ਅੰਤਰਜਾਮੀ, ਛਾਣ ਗਲੀ, ਅੰਮ੍ਰਿਤਸਰ

ਇਸ ਐਡੀਸ਼ਨ ਨੂੰ ਛਾਪਣ ਦੀ ਮਨਜ਼ੂਰੀ ਮਹੰਤ ਤੇਜਾ ਸਿੰਘ ਜੀ (ਐਮ. ਏ.)

ਚੇਲਾ ਸ੍ਰੀ ਮਾਨ ਮਹੰਤ ਲਾਲ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ।

MEGH BINOD STEEK (PART II)

BY

Mahant Ganesha Singh

ISBN : 81-7601-138-X
ISBN : 81-7601-018-9 (ਸੈੱਟ ਦੋ ਭਾਗ)

ਬਾਰਵੀਂ ਵਾਰ 1998

ਤੇਰਵੀਂ ਵਾਰ 1999

160-00

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 542346, 547974, 557973.

ਫੈਕਸ : (0183) 542346

ਇਸ ਤੇਰਵੀਂ ਐਡੀਸ਼ਨ ਨੂੰ ਛਾਪਣ ਤੇ ਵੇਚਣ ਦੇ ਅਧਿਕਾਰ ਸ੍ਰੀ ਮਾਨ ਮਹੰਤ ਮਿੱਤਰ ਪ੍ਰਕਾਸ਼ ਸਿੰਘ ਜੀ ਤੇ ਸ੍ਰੀ ਮਾਨ ਮਹੰਤ ਤੇਜਾ ਸਿੰਘ ਜੀ ਡੇਰਾ ਅੰਤਰਯਾਮੀਆਂ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੇ।

(500)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਬਜ਼ਾਰ ਧੋਬੀਆਂ, ਅੰਮ੍ਰਿਤਸਰ। ਫੋਨ : **543478**

Digitized by Panjab Digital Library | www.panjabdigilib.org

ਮੁਖ ਬੰਦ

ਇਤਿਹਾਸਕਾਰ-ਖੋਜੀ-ਕਵੀ ਤੇ ਵਾਰਤਕ ਲਿਖਾਰੀ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਡੇਰਾ ਅੰਤਰਯਾਮੀ ਅੰਮ੍ਰਿਤਸਰ ਵਾਲਿਆਂ ਨੇ "ਮੇਘ-ਬਿਨੋਦ" ਦਾ ਵਾਰਤਿਕ ਵਿਚ ਬੜਾ ਸੁੰਦਰ ਸਟੀਕ ਕੀਤਾ। ਇਹ ਸਟੀਕ ਮੇਰੇ ਖਿਆਲ ਵਿਚ 12 ਵੀਂ ਵਾਰ ਛਪ ਰਿਹਾ ਹੈ। ਦਸ ਐਡੀਸ਼ਨ ਛਪਕੇ ਹੱਥੋਂ ਹੱਥ ਵਿਕ ਚੁੱਕੇ ਹਨ। ਇਸ ਤੋਂ ਸਿੱਧ ਹੈ ਕਿ ਆਯੁਰਵੈਦਿਕ ਦੂਜੀ ਵਾਰ ਫਿਰ ਹਰਮਨ-ਪਿਆਰਾ ਹੋ ਰਿਹਾ ਹੈ। 1981 ਵਿਚ ਇਸਦਾ ਪਹਿਲਾ ਹਿੱਸਾ ਭਾਈ ਬੂਟਾ ਸਿੰਘ ਪਰਤਾਪ ਸਿੰਘ ਫਰਮ ਨੇ ਛਾਪਿਆ ਸੀ। ਦੂਜਾ ਹਿੱਸਾ ਤਕਰੀਬਨ ਸਾਢੇ ਛੇ ਸਾਲ ਬਾਅਦ ਮਾਰਕੀਟ ਵਿਚ ਆਇਆ ਹੈ। ਨੀਲਾ ਤਾਰਾ ਅਪਰੇਸ਼ਨ- ਕਾਲੀਗਰਜ਼ ਤੇ ਗਲਿਆਰਾ ਸਕੀਮ ਨੇ ਮਾਈ ਸੇਵਾਂ ਬਜ਼ਾਰ ਨੂੰ ਬਾਕੀ ਸ਼ਹਿਰ ਨਾਲੋਂ ਜ਼ਿਆਦਾ ਪ੍ਰਭਾਵਿਤ ਕੀਤਾ।

ਅਜੋਕੇ ਸਮੇਂ ਵਿਚ ਐਲੋਪੈਥੀ ਇਲਾਜ ਦਾ ਬੋਲਬਾਲਾ ਹੈ। ਚੀਰਫਾੜ ਕਰਨ ਵਿਚ ਐਲੋਪੈਥੀ ਇਲਾਜ ਵਾਕਿਆ ਹੀ ਜ਼ਿੰਦਗੀ ਵਿ੍ਚ ਮਾਰਕੇ ਦਾ ਸਥਾਨ ਰਖਦਾ ਹੈ। ਇਹ ਇਲਾਜ ਮਰੀਜ਼ ਨੂੰ ਫੌਰਨ ਆਰਾਮ ਦੇ 'ਦਾ ਹੈ। ਪਰ ਜਿੱਥੋਂ ਤਕ ਅਸਲੀ ਮੰਰਜ਼ ਨੂੰ ਠੀਕ ਕਰਨ ਦਾ ਸਬੰਧ ਹੈ ਉਹ ਸਪਸ਼ਟ ਨਹੀਂ ਸਗੋਂ ਇਕ ਬੀਮਾਰੀ ਪਿਛੋਂ ਦੂਸਰੀ ਬੀਮਾਰੀ ਜ਼ਿਆਦਾ ਤੇਜ਼ੀ ਤੇ ਭਿਆਨਕ ਰੂਪ ਵਿਚ ਮਰੀਜ਼ ਨੂੰ ਆ ਚੰਬੜਦੀ ਹੈ। ਐਲੋਪੈਥੀ ਦੀਆਂ ਦੁਆਈਆਂ ਰੀਐਕਸ਼ਨ ਬਹੁਤ ਕਰਦੀਆਂ ਹਨ।

ਦੂਜੇ ਪਾਸੇ ਹਿੰਦੋਸਤਾਨ ਦੀ ਧਰਤੀ ਦੀਆਂ ਪੈਦਾ ਹੋਈਆਂ ਜੜੀਆਂ ਬੂਟੀਆਂ ਦੁਆਰਾ ਦੇਸੀ ਇਲਾਜ ਹੈ। ਇਸ ਕਿਸਮ ਦਾ ਇਲਾਜ ਮਰੀਜ਼ ਨੂੰ ਫੌਰਨ ਅਰਾਮ ਬੇਸ਼ਕ ਨਹੀਂ ਦਿੰਦਾ ਪਰ ਜਦੋਂ ਅਰਾਮ ਦਿੰਦਾ ਹੈ ਤਾਂ ਫਿਰ ਪੂਰਨ ਅਰਾਮ ਬਖਸ਼ਦਾ ਹੈ। ਇਸ ਤਰ੍ਹਾਂ ਦਾ ਹੀ ਅਮੋਲਕ ਤੇ ਪੂਰਨ ਅਰਾਮ ਦੇਣ ਦਾ ਖਜ਼ਾਨਾ ਮੇਘ ਬਿਨੋਦ ਗ੍ਰੰਥ ਦਾ ਸਟੀਕ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਨੇ ਕੀਤਾ ਹੈ। ਇਸਦੇ 13 ਅਧਿਆਏ ਹਨ ਅਤੇ 7351 ਸਲੋਕ ਹਨ। 1987 ਵਿਚ ਦੂਜਾ ਹਿੱਸਾ ਛਪਿਆ ਤਾਂ ਪਾਠਕਾਂ ਨਾਲ ਖੀਸੇ ਦਾ ਹਕੀਮ-ਬਾਲ ਚਕਿਤਸਾ ਆਦਿ ਛੋਟੇ ਛੋਟੇ ਦੋ ਪੁਸਤਕਾਂ ਛਾਪਣ ਦਾ ਵਾਇਦਾ ਕੀਤਾ ਸੀ। ਰਾਜਨੀਤਕ ਪਰ ਸਥਿਤੀ ਤੇ ਆਮ ਜਨ ਜੀਵਨ ਅਸਤ ਵਿਅਸਤ ਹੋ ਗਿਆ, ਨਾਲ ਹੀ ਭਾਈ ਬੂਟਾ ਸਿੰਘ ਪਰਤਾਪੰ ਸਿੰਘ ਫਰਮ ਨਾਲ ਮਨੋਮਈ-ਕੁਝ ਨਰਾਜ਼ਗੀ ਪੈਦਾ ਹੋ ਗਈ। ਇਸ ਸਮੇਂ ਹੀ **ਭਾਈ ਚਤਰ ਸਿੰਘ ਜੀਵਨ ਸਿੰਘ** ਫਰਮ ਨਾਲ ਸੰਪਰਕ ਹੋਇਆ। ਆਖਿਰ 20-7-88 ਤਾਰੀਖ ਨੂੰ ਇਸ ਫਰਮ ਨਾਲ ਹੇਠ ਲਿਖੀਆਂ ਪੁਸਤਕਾਂ ਛਾਪਣ ਦਾ ਅਹਿਦਨਾਮਾ (ਲਿਖਤ) ਕੀਤਾ ਗਿਆ। 1. ਮੇਘ ਬਿਨੋਦ, 2. ਨਿਰਮਲ ਪ੍ਰਬੋਧ, 3. ਅਧਿਆਤਮ ਪ੍ਰਕਾਸ਼, 4. ਖੀਸੇ ਦਾ ਹਕੀਮ, 5. ਭਾਰਤ ਮਤ ਦਰਪਣ।

ਬੜੀ ਖੁਸ਼ੀ ਹੋਈ ਹੈ ਕਿ ਇਸ ਫਰਮ ਨਾਲ ਸੰਪਰਕ ਥੋੜੇ ਸਮੇਂ ਤੋਂ ਹੀ ਹੋਇਆ ਹੈ ਤੇ ਇਹ ਅਯੁਰਵੈਦਿਕ ਦੀ ਪ੍ਰਸਿੱਧ ਪੁਸਤਕ ਦਾ 12ਵਾਂ ਐਡੀਸ਼ਨ ਛਾਪਕੇ ਪਾਠਕਾਂ ਤਾਈਂ ਪੁੱਜ ਰਿਹਾ ਹੈ। ਸਭ ਤੋਂ ਵੱਡੀ ਕਾਮਯਾਬੀ ਮੇਰੇ ਸਵਰਗਵਾਸੀ ਗੁਰੂਦੇਵ ਸ੍ਰੀਮਾਨ 108 ਮਹੰਤ ਲਾਲ ਸਿੰਘ ਜੀ ਡੇਰਾ ਅੰਤਰਯਾਮੀਆਂ ਛਾਨ ਗਲੀ ਤੇ ਡੇਰਾ ਅੰਤਰਯਾਮੀ ਕਾਲੋਨੀ ਅੰਮ੍ਰਿਤਸਰ ਵਾਲਿਆਂ ਦੀ ਹੈ। ਉਨ੍ਹਾਂ ਪ੍ਰੇਰਣਾ ਦਾ ਅਸ਼ੀਰਵਾਦ ਦੇ ਕੇ ਇਸ ਵੱਡੇ ਕੰਮ ਨੂੰ ਨੇਪਰੇ ਚੜ੍ਹਵਾਇਆ ਹੈ। ਉਨ੍ਹਾਂ ਦੀ ਕ੍ਰਿਪਾ ਦੁਆਰਾ ਹੀ ਇਸ ਪੁਸਤਕ ਦਾ 12ਵਾ ਐਡੀਸ਼ਨ ਪਾਠਕਾਂ ਤਾਈਂ ਪੁਜ ਰਿਹਾ ਹੈ।

-ਮਹੰਤ ਤੇਜਾ ਸਿੰਘ ਐਮ. ਏ.
ਚੇਲਾ ਮਹੰਤ ਲਾਲ ਸਿੰਘ ਜੀ
ਡੇਰਾ ਅੰਤਰਯਾਮੀ ਕਾਲੋਨੀ ਅੰਮ੍ਰਿਤਸਰ।

Digitized by Panjab Digital Library | www.panjabdigilib.org

੧ੴ ਸਤਿਗੁਰ ਪ੍ਰਸਾਦਿ॥

ਤਤਕਰਾ ਮੇਘ ਬਿਨੋਦ ਸਟੀਕ ਭਾਗ ਦੂਜਾ

ਨਾਮ ਰੋਗ	ਪੰਨਾ	ਨਾਮ ਰੋਗ	ਪੰਨਾ	ਨਾਮ ਰੋਗ	ਪੰਨਾ
ਬਿਦ੍ਰਧੀ ਨਿਧਾਨ ਚਕਿਤਸਾ	੯	ਸੀਸ ਚਕਿਤਸਾ	੧੨੮	ਬਟੀ ਵਿਧੀ	੪੧੩
ਬ੍ਰਿਣ ਨਿਧਾਨ	੧੫	ਮਸਤਕ ਚਕਿਤਸਾ	੧੩੧	ਕਿਸ਼ੋਰ ਗੁਗਲ	੪੧੯
ਅਸਾਧ ਲੱਛਨ	੨੫	ਸੋਮ ਰੋਗ ਚਕਿਤਸਾ	੧੪੦	ਭਗੰਦ੍ਰ ਵਿਧੀ	੪੨੦
ਨਸੂਰ ਚਕਿਤਸਾ	੨੬	ਵੀਰਜ ਚਕਿਤਸਾ	੧੪੨	ਤ੍ਰਿਫਲਾਦਿ ਮੋਦਕ	੪੨੧
ਨਾਰਵਾ ਉਪਾਇ	੨੭	ਇਸਤ੍ਰੀ ਚਕਿਤਸਾ	੧੬੦	ਸੋਭਾਗਯ ਸ਼ੁੰਠੀ	੪੨੩
ਨਾੜੀ ਬ੍ਰਿਣ ਪੱਥ	੩੦	ਬਾਲ ਰੋਗ ਚਕਿਤਸਾ	੨੦੬	ਸੁਪਾਰੀ ਪਾਕ	੪੨੫
ਭਗਨ ਬ੍ਰਿਣ ਨਿਦਾਨ	੩੧	ਵਿਖ ਚਕਿਤਸਾ	੨੨੩	ਪੀਪਲ ਪਾਕ	੪੨੬
ਸਰਬ ਘਾਉ ਨਿਦਾਨ	੩੪	ਰੇਚਨ ਚਕਿਤਸਾ	੨੩੭	ਮੂਸਲੀ ਪਾਕ	੪੨੭
ਭਗੰਦਰ ਚਕਿਤਸਾ	੩੮	ਜਲਾਬ ਚਕਿਤਸਾ	੨੪੨	ਸਿੰਬਲ ਪਾਕ	੪੨੮
ਅਥ ਉਪਦੰਸ ਨਿਦਾਨ	੪੪	ਵਮਨ ਚਕਿਤਸਾ	੨੪੫	ਚੋਬਚੀਨੀ ਪਾਕ	੪੨੯
ਬਾਦ ਫਰੰਗ ਚਕਿਤਸਾ	੪੯	ਵਸਤੀ ਚਕਿਤਸਾ	੨੪੯	ਜਾਤੀਫਲ ਪਾਕ	੪੩੦
ਸੂਕ ਰੋਗ ਨਿਦਾਨ	੫੧	ਨਸਵਾਰ ਚਕਿਤਸਾ	੨੫੨	ਲਵੰਗ ਪਾਕ	੪੩੨
ਕੁਸ਼ਟ ਚਕਿਤਸਾ	੫੩	ਧੂਮਰ ਪਾਨ ਚਕਿਤਸਾ	੨੫੫	ਕੇਸਰ ਪਾਕ	੪੩੩
ਦਦਰੁ ਕੁਸ਼ਟ ਉਪਾਇ	੬੩	ਅੰਜਨ ਵਿਧੀ	੨੫੭	ਕਪਿਕੱਛ ਪਾਕ	੪੩੪
ਥਿਮ ਰੋਗ ਉਪਾਇ	੬੬	ਯਵਾਂਗੂ ਵਿਧੀ	੨੬੧	ਗੁਲਾਬ ਪਾਕ	੪੩੫
ਚੰਦਲ, ਗਜ ਚਰਮ ਉਪਾਇ	੬੭	ਬਾਦ ਮੰਡ ਵਿਧੀ	੨੬੨	ਗੋਖਰੂ ਪਾਕ	੪੩੬
ਲੂਤ ਉਪਾਏ	੬੮	ਕਲਕ ਤੇ ਗੋਲੀ ਵਿਧੀ	੨੬੪	ਭੰਗ ਪਾਕ	੪੩੮
ਛਪਾਕੀ ਚਕਿਤਸਾ	੭੪	ਪਿੱਤ ਉਪਾਯ ਵਿਧੀ	੨੬੬	ਅਸਗੰਧ ਪਾਕ	੪੩੯
ਅਮਲ ਪਿਤ ਨਿਦਾਨ	੭੪	ਦੁਸ਼ਟ ਪਾਨੀ ਵਿਕਾਰ	੨੬੮	ਜਾਵਿਤ੍ਰੀ ਪਾਕ	੪੪੦
ਲੀਗ ਬਿਲਾਸ ਰਸ	੭੫	ਔਖਧੀ ਗੁਣ ਵਿਧੀ	੨੭੧	ਉਟੰਙਣ ਪਾਕ	੪੪੧
ਅਮਲ ਚਕਿਤਸਾ	੭੬	ਔਖਧੀ ਗੁਣ ਵਿਕਾਰ ਵਿਧੀ	੨੭੫	ਆਫੂ ਪਾਕ	੪੪੨
ਮਸੂਰੀ ਰੋਗ ਨਿਧਾਨ	੭੭	ਮੂਤ੍ਰ ਗੁਣ ਵਰਨਣ	੩੧੦	ਮਹਾ ਕਾਮੇਸ਼੍ਵਰ ਪਾਕ	੪੪੨
ਕਰਨ ਚਕਿਤਸਾ	੭੯	ਪਵਨ ਗੁਣ ਵਰਨਣ	੩੧੨	ਰਤਿ ਭੰਜਨ ਗੁਣੀ	੪੪੪
ਕਨੇਡੂ ਉਪਾਇ	੮੪	ਔਖਧੀ ਗੁਣ ਵਰਨਣ	੩੧੫	ਲਘੂ ਜਵਾਹਰੀ ਯਾਕੂਤੀ	੪੪੫
ਮੁਖ ਚਕਿਤਸਾ	੮੬	ਧਾਤਾਂ ਮਾਰਨ ਵਿਧੀ	੩੫੦	ਲਘੂ ਕਾਮੇਸ਼੍ਵਰ ਪਾਕ	੪੪੬
ਗਲ ਰੋਗ ਚਕਿਤਸਾ	੮੯	ਤੇਲ ਮਾਰਨ ਵਿਧੀ	੩੮੨	ਕਾਮ ਰਹੱਸਯ ਗੁਟੀ	੪੪੭
ਦੰਡ ਚਕਿਤਸਾ	੯੦	ਆਸ੍ਰ ਵਿਧੀ	੪੦੧	ਨਾਲਿਯੇਰ ਪਾਕ	੪੪੮
ਨਾਸਕ ਚਕਿਤਸਾ	੧੦੨	ਅਰਿਸਟ ਵਰਨਣ	੪੦੭	ਲਸਣ ਪਾਕ	੪੪੯
ਨੇਤਰ ਚਕਿਤਸਾ	੧੦੬	ਬਵਾਸੀਰ	੪੧੧	ਔਖਧ ਦੇਣੇ ਦੇ ਯੋਗ	੪੫੩
ਸਿਰ ਰੋਗ ਚਕਿਤਸਾ	੧੨੫	ਗੁਟੀ ਵਿਧੀ	੪੧੨	ਰੋਗ ਮੁਕਤਾ ਸਨਾਨ ਵਿਧੀ	੪੫੩

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ।।

ਸ੍ਰੀ ਪਾਰਸਨਾਥਾਯ ਨਮ: ॥

ਅਥ ਮੇਘ ਬਿਨੋਦ ਸਟੀਕ ਲਿਖਯਤੇ

(ਪ੍ਰਸਿਧ ਟੀਕਾਕਾਰ—ਸ੍ਰੀ ਮਾਨ ਮਹੰਤ ਗਨੇਸ਼ਾ ਸਿੰਘ ਜੀ ਡੇਰਾ ਅੰਤਰਯਾਮੀ ਅੰਮ੍ਰਿਤਸਰ

(ਭਾਗ ਦੂਜਾ)

ਅਥ ਨੌਵਾਂ ਧ੍ਯਾਯ

ਦੋਹਰਾ

ਗੁਰ ਜਹਾਜ ਭਵ ਜਲਧ ਮੈ ਤਾਰੈਂ ਦੈ ਉਪਦੇਸ਼।
ਤਿਨ ਗੁਰਕੇ ਪਗ ਜੁਗਲ ਨਮਿ ਨਵਮੋ ਧਯਾਇ ਭਨੇਸ ॥੧॥

ਗੁਰੂ ਜਹਾਜ਼ ਰੂਪ ਹਨ, ਸੰਸਾਰ ਸਮੁੰਦਰੋਂ ਉਪਦੇਸ਼ ਦੇਕੇ ਤਾਰਦੇ ਹਨ । ਤਿਨ੍ਹਾਂ ਗੁਰਾਂ ਦੇ ਦੋਨਾਂ ਚਰਨਾਂ ਪਰ ਨਮਸਕਾਰ ਕਰਕੇ ਨਵਮਾਂ ਅਧਯਾਯ ਬਰਨਨ ਕਰਦਾ ਹਾਂ ॥੧॥

ਅਥ ਬਿਦ੍ਰਧੀ ਨਿਦਾਨ—ਚੌਪਈ

ਸਜਾਤਮ ਭਾਰੀ ਅੰਨ ਬਿਰੁਧ। ਸੂਕਾ ਕਲਿੰਨ ਵਾਯ ਜੋ ਕ੍ਰਿਧ।
ਬੇਗ ਘਾਤ ਬਜਾਯਾਮ ਬਿਦਾਹਿ। ਤੀਨ ਦੋਖ ਤੇ ਉਤਪਤ ਯਾਹਿ ॥੨॥

ਸਜਾਤਮ (ਨਾ ਸੁਖੌਣ ਵਾਲੇ) ਭੋਜਨ, ਭਾਰੀ ਅੰਨ, ਵਿਰੁਧ ਅੰਨ, ਸੁਕੇ ਸਾਗ ਆਦਿਕ, ਖੱਟੇ, ਛਾਯ ਜੋ ਕਿਧ, ਕਹੀਏ ਮੈਥੁਨ ਦਾ ਕਰਨਾ, ਬੇਗਾਂ ਦਾ ਰੋਕਣਾ, ਕਸ੍ਰਿਤ ਅਰ ਦਾਹਕਾਰਕ ਪਦਾਰਥਾਂ ਦੇ ਸੇਵਨ ਤੇ ਇਹ ਸਭ ਮਿਲਕੇ ਯਾ ਅਲਗ, ਇਸ ਤਰਾਂ ਤਿੰਨਾਂ ਦੋਖਾਂ ਦੀ ਬਿਦ੍ਰਧੀ ਪੈਦਾ ਕਰਦੇ ਹਨ। ਇਸ ਦੀ ਉਤਪਤੀ ਇਸ ਤਰਾਂ ਜਾਣੇ ॥੨॥

ਅਥ ਸਰਬ ਬਿਦ੍ਰਧੀ ਲਛਣ—ਚੌਪਈ

ਬਾਤ ਬਿੱਤ ਕਫ ਤੀਨੋ ਜਾਨ। ਕੁਪੈ ਗੁਲਮ ਸਾ ਕਰਿ ਹੈ ਮਾਨ।
ਬੰਬੀ ਸਮ ਊਚਾ ਅਤਿ ਹੋਇ॥ ਅੰਤਰਿ ਬਪੁਕੇ ਜਾਨੋ ਸੋਇ॥ ੩॥
ਗੁਦਾ ਬਸਤਿ ਮੁਖ ਨਾਭਿ ਜੁ ਜਾਨ। ਕੁਖ ਬੰਖਣੇ ਗੁਰਦੇ ਮਾਨ।
ਕਲੇਜੇ ਪਲੀਹਾ ਹਿਯ ਜੋਇ। ਜਲਾਸਯ ਇਨ ਠੌਰਨ ਹੋਇ॥ ੪॥

Digitized by Panjab Digital Library | www.panjabdigilib.org

ਤਨ ਕੇ ਅੰਤਰ ਇਤਨੀ ਠੌਰ। ਹੋਇ ਬਿਦ੍ਰਧੀ ਲਖੋ ਨ ਹੋਰ।
ਬਾਹਰ ਅੰਦਰ ਲਿੰਗ ਸਮਾਨ। ਮਾਧਵ ਮਾਂਹੇ ਕਰੀ ਬਖਾਨ॥ ੫॥
ਬਾਤ ਪਿਤ ਕਫ ਸੰਨ ਬਖਾਨ। ਚੋਣ ਰੁਧਰ ਤੇ ਖਟ ਏ ਠਾਂਨ।
ਊਚੀ ਬਟਲੀ ਪੀਰਾ ਹੋਇ। ਬਡਾ ਮੂਲ ਸੋ ਬਿਦ੍ਰਿਧਿ ਸੋਇ॥ ੬॥

ਬਾਤ, ਪਿੱਤ ਅਰ ਕਫ ਤਿੰਨੇ ਕ੍ਰੋਧਿਤ ਹੋਕੇ ਗੋਲਾ ਜਿਹਾ ਪੈਦਾ ਕਰਦੇ ਹਨ, ਓਹ ਬਰਮੀ ਵਾਂਗ ਉੱਚਾ ਹੁੰਦਾ ਹੈ। ਜੋ ਅੰਦਰ ਸਰੀਰ ਦੇ ਜਾਣ ਲਵੇ ਹੋਵੇ ਹੈ। ਗੁਦਾ, ਬਸਤੀ, ਮੂੰਹ, ਨਾਭੀ, ਕੁੱਖਾਂ, ਚੂਲੇ, ਗੁਰਦੇ, ਕਲੇਜੇ, ਲਿੱਫ, ਹ੍ਰਿਦਯ ਅਰ ਪਿਆਸ ਸ਼ਥਾਨ ਇਨ੍ਹਾਂ ਥਾਵਾਂ ਵਿਖੇ ਸਰੀਰ ਦੇ ਅੰਦਰ ਬਿਦ੍ਰਧੀ ਹੁੰਦੀ ਹੈ। ਬਾਹਰਲੀ ਅਰ ਅੰਦਰਲੀ ਦੇ ਲੱਛਣ ਇਕ ਸਮਾਨ ਹੀ ਹਨ। ਬਾਤ, ਪਿੱਤ, ਕਫ, ਸੰਨਿਪਾਤ, ਚੋਟ ਅਰ ਲਹੂ ਤੇ ਇਹ ੬ ਪ੍ਰਕਾਰ ਦੀ ਕਹੀ ਹੈ। ਉੱਚੀ ਬੰਬੀ ਵਾਂਗ ਉਬ ਵਿਚ ਪੀੜ ਹੁੰਦੀ ਹੈ। ਜਿਸ ਦਾ ਮੂਲ ਬੜਾ ਹੁੰਦਾ ਹੈ ਸੋ ਬਿਦ੍ਰਧੀ ਕਹੀ ਜਾਂਦੀ ਹੈ॥ ੩ ਤੋਂ ੬॥

ਬਾਤ ਬਿਦ੍ਰਧੀ ਲੱਛਣ–ਚੌਪਈ

ਊਚਾ ਅਧਿਕ ਸ੍ਯਾਮ ਅਰ ਲਾਲ। ਬੇਦਨ ਘਨੀ ਊਠੇ ਚਿਰਕਾਲ।
ਪਾਕੇ ਚਿਰ ਕਰ ਬਿਦ੍ਰਧਿ ਜਾਨ। ਬਾਤ ਅੰਗ ਤੇ ਜਾਨੋ ਗ੍ਯਾਨ॥ ੭॥

ਬਹੁਤ ਉੱਚੀ, ਕਾਲੀ, ਲਾਲ, ਬਹੁਤੀ ਪੀੜ, ਜੇੜ੍ਹੀ ਚਿਰ ਪਿਛਿਓਂ ਉਠਦੀ ਹੈ ਅਰ ਚਿਰ ਪਿਛਿਓਂ ਹੀ ਪੱਕਦੀ ਹੈ, ਸੋ ਅਜੇਹੀ ਬਿਦ੍ਰਧੀ ਬਾਤ ਕਰਕੇ ਹੋਈ ਕਹੀ ਜਾਂਦੀ ਹੈ॥੭॥

ਪਿੱਤ ਬਿਦ੍ਰਧੀ ਲੱਛਣ–ਚੌਪਈ

ਪਾਕੇ ਗੂਲਰ ਸਮ ਅਤਿ ਸ੍ਯਾਮ। ਤਾਪ ਦਾਹ ਜਾਨੋ ਹੈ ਤਾਮ।
ਤਤਕਾਲ ਉਠੈ ਤਤਕਾਲ ਪਕਾਇ। ਪਿਤ ਬਿਦ੍ਰਧਿਏ ਲੱਛਨ ਭਾਇ॥੮॥

ਪੱਕੇ ਹੋਇ ਗੁੱਲਰ ਦੇ ਫਲ ਸਮਾਨ ਬਹੁਤੀ ਕਾਲੀ। ਸੜਨ, ਤਾਪ ਜਿਸ ਵਿੱਚ ਰਹੇ, ਉਠਣਾ ਤੇ ਪੱਕਣਾ ਜਿਸਦਾ ਬਹੁਤ ਹੀ ਛੇਤੀ ਹੋਵੇ, ਉਹ ਪਿੱਤ ਕਰਕੇ ਹੋਈ ਬਿਦ੍ਰਧੀ ਕਹੀ ਜਾਂਦੀ ਹੈ॥੮॥

ਕਫ ਬਿਦ੍ਰਧੀ ਲੱਛਣ–ਚੌਪਈ

ਠੂਠੇ ਸਮ ਪਾਂਡੁਰ ਰੰਗ ਸੀਤ। ਚਿਰ ਪਾਕੈ ਚਿਰ ਉਠ ਹੈ ਮੀਤ।
ਅਲਪ ਬੇਦਨਾ ਚਿਕਨਾ ਜਾਨ। ਕਫ ਕੀ ਬਿਦ੍ਰਿਧਿ ਜਾਨੋ ਮਾਨ॥੯॥

ਮਿੱਟੀ ਦੇ ਠੂਠ ਵਾਂਗ ਅਕਾਰ ਹੋਵੇ, ਪਾਂਡੂ ਰੰਗ, ਠੰਡੀ, ਚਿਰ ਪਿੱਛੋਂ ਪੱਕੇ, ਚਿਰ ਪਿਛੋਂ ਉਠੇ, ਥੋੜੀ ਪੀੜਾ ਰਹੇ ਅਰ ਚੀਕਣੀ ਜਾਪੇ, ਓਹ ਕਫ ਦੀ ਬਿਦ੍ਰਧੀ ਕਹਾਉਂਦੀ ਹੈ। ੯॥

ਸੰਨਿਪਾਤ ਬਿਦ੍ਰਧੀ ਲੱਛਣ

ਪਤਲਾ ਪੀਲਾ ਸਿਤ ਹੈ ਰੰਗ। ਅਨੇਕ ਬਰਨ ਸ੍ਰਾਵ ਪੀਰਾ ਅੰਗ।
ਘੰਟੇ ਸਮ ਊਚਾ ਅਸਥੂਲ। ਬਿਖਮ ਬਿਖਮ ਤਾਸੋ ਪਚ ਮੂਲ॥੧੦॥

Digitized by Panjab Digital Library | www.panjabdigilib.org

ਸੋ ਬਿਦ੍ਰਿਧਿ ਸੰਨਿਪਾਤ ਬਖਾਨ। ਗ੍ਰਹਲ ਰੋਗ ਸੋ ਕਿਸ਼ੋ ਬਖਾਨ।
ਤਾਕਾ ਜਾਨੋ ਬਿਖਮ ਜੁ ਯੋਗ। ਤਾਕੋ ਜਾਨੋ ਮਾਰਤ ਰੋਗ॥੧੧॥

ਪਤਲਾ, ਪੀਲੇ ਰੰਗ ਦਾ, ਚਿਟੇ ਰੰਗਦਾ, ਇਸ਼ ਤਰਾਂ ਅਨੇਕਾਂ ਰੰਗਾਂ ਦਾ ਸੂਜ਼ ਹੋਵੇ, ਪੀੜਾ ਹੋਵੇ। ਘੰਟੇ ਦੇ ਸਮਾਨ ਉਚੀ ਮੋਟੀ ਹੋਵੇ। ਬਿਖਮ (ਅਨਿਯਮਿਤ) ਜਿਸਦਾ ਪੱਕਣਾ ਬਿਖਮ (ਅਨਿਯਮਿਤ) ਹੀ ਜਿਸਦੀ ਜੜ ਹੈ। ਉਹ ਅਜੇਹੀ ਬਿਦ੍ਰਧੀ ਸੰਨਿਪਾਤ ਦੀ ਕਹੀ ਜਾਂਦੀ ਹੈ। ਇਹ ਕਸ਼ਟ ਸਾਧ ਰੋਗ ਕਿਹਾ ਗਯਾ ਹੈ, ਇਸਦਾ ਯਤਨ ਬੜਾ ਕਠਨ ਹੈ। ਜਿਸ ਨੂੰ ਹੋਵੇ ਮਾਰਦੀ ਹੈ ॥੧੦॥੧੧॥

ਚੋਟ ਦੀ ਬਿਦ੍ਰਧੀ ਲੱਛਣ—ਦੋਹਰਾ

ਸਭੀ ਭਾਵ ਪ੍ਰਹਾਰ ਤੇ ਕਰਤ ਅਪਥ ਜੁ ਗ੍ਰਾਸ।
ਸੋ ਪ੍ਰੇਰੇ ਪਿਤ ਰਕਤ ਕੋ ਕਰਤ ਸੁ ਏਹ ਬਿਲਾਸ॥੧੨॥
ਜੁਰ ਤ੍ਰਿਸਨਾ ਅਤਿ ਦਾਹ ਹੈ ਚੋਟ ਬਿਦ੍ਰਧੀ ਜਾਨ।
ਪਿਤ ਸਮਾਨ ਲਛਨ ਲਖੋ ਚੋਟ ਬਿਦ੍ਰਧੀ ਠਾਨ॥੧੩॥

ਕਿਸੀ ਤਰਾਂ ਪੱਥਰ, ਲਕੜੀ ਆਦਿ ਦੀ ਚੋਟ ਲਗ ਜਾਣ ਦੇ ਪਿਛੋਂ ਸਾਰੇ ਭਾਵ ਕਹੀਏ ਪਦਾਰਥ, ਅਪੱਥ ਰੂਪ ਖਾਂਦਾ ਰਹੇ। ਓਨਾਂ ਅਪੱਥਾਂ ਦਾ ਪ੍ਰੇਰਿਆ ਪਿਤ, ਰਕਤ ਬਿਦ੍ਰਧੀ ਪੈਦਾ ਕਰ ਦੇਵੇ। ਤਿਸ ਕਰ ਤਾਪ, ਪਜਾਸ, ਅਰ ਦਾਹ ਹੋਵੇ ਸੋ ਚੋਟ ਦੀ ਬਿਦ੍ਰਧੀ ਕਹੀ ਜਾਂਦੀ ਹੈ। ਬਾਕੀ ਲਛਨ ਪਿਤ ਦੀ ਬਿਦ੍ਰਧੀ ਸਮਾਨ ਜਾਨਣੇ ਚਾਹੀਏ ॥੧੨॥੧੩॥

ਰੁਧਰ ਬਿਦ੍ਰਧੀ ਲੱਛਣ--ਚੌਪਈ

ਫੋੜਾ ਸਜਾਮ ਅਬ੍ਰਿਤ ਬਖਾਨ। ਤੀਬਰ ਦਾਹ ਤਾਪ ਤ੍ਰਿਸ ਮਾਨ।
ਪੀਰ ਪਿਤ ਸਮ ਲਛਨ ਕਹੈ। ਰੁਧਰ ਬਿਦ੍ਰਧੀ ਇਮ ਕਰ ਲਹੈ॥੧੪॥

ਜੇਹੜੀ ਕਾਲੇ, ੨ ਫੋੜਿਆਂ ਕਰਕੇ ਘਿਰੀ ਹੋਈ ਹੋਵੇ, ਅਤਜੰਤ ਦਾਹ ਹੋਵੇ, ਅਤਜੰਤ ਤਾਪ ਹੋਵੇ, ਅਰ ਅਤਜੰਤ ਪੀੜਾ ਹੋਵੇ, ਬਾਕੀ ਲਛਣ ਪਿਤ ਸਮਾਨ ਪਾਏ ਜਾਇਂ ਸੋ ਰੁਧਿਰ ਦੀ ਬਿਦ੍ਰਧੀ ਕਹੀ ਜਾਂਦੀ ਹੈ॥੧੪॥

ਬਿਦ੍ਰਧੀ ਦਾ ਅਸਥਾਨ--ਚੌਪਈ

ਗੁਦਾ ਬਿਖੇ ਸੋ ਬਾਤ ਰੁਕਾਇ। ਬਸਤ ਬਿਖੈ ਸੋ ਬਸਤਿ ਰੁੰਧਾਇ।
ਨਾਭੀ ਬਿਖੈ ਤੌ ਹਿਚਕੀ ਕਰੈ। ਕੁੱਖ ਬਿਖੈ ਤੌ ਬਾਤ ਉਧਰੈ॥੧੫॥
ਕਮਰ ਪੀਠ ਹੁਇ ਬੇਦਨ ਕਰੈ। ਬਖਣ ਗੁਰਦੇ ਪਸੂਲੀ ਸਕੁਚਰੈ।
ਪਲੀਹਾ ਮੈ ਤੌ ਸ੍ਵਾਸ ਰੁੰਧਾਇ। ਹ੍ਰਿਦੈ ਬਿਖੈ ਤੌ ਖਾਂਸੀ ਆਇ॥੧੬॥

Digitized by Panjab Digital Library | www.panjabdigilib.org

ਸਰਬ ਅੰਗ ਮੈ ਪੀਰਾ ਥਾਇ । ਯਕ੍ਰਿਤ ਮੈ ਤੈ ਸ੍ਵਾਸ ਰੁਕਾਇ ।
ਜਲਾਸਯ ਮੈ ਤੌ ਤ੍ਰਿਸਨਾ ਘਨੀ । ਏ ਲਛਨ ਮਾਧਵ ਤੇ ਭਨੀ ॥੧੭॥

ਗੁਦਾ ਵਿਖੇ ਬਿਦ੍ਰਧੀ ਹੋਵੇ ਤਾਂ ਗੁਦਾ ਦੀ ਵਾਯੂ ਰੋਕਦੀ ਹੈ। ਬਸਤੀ (ਮੂਤ੍ਰ) ਸਥਾਨ ਵਿਖੇ ਹੋਵੇ ਤਾਂ ਮੂਤ੍ਰ ਰੋਕਦੀ ਹੈ। ਨਾਭਿ ਵਿਖੇ ਬਿਦ੍ਰਧੀ ਹੋਵੇ ਤਾਂ ਕਿੜਕੀ ਪੈਦਾ ਕਰਦੀ ਹੈ। ਕੁਖ ਵਿਖੇ ਬਿਦ੍ਰਧੀ ਹੋਵੇ ਤਾਂ ਵਾਯੂ ਨੂੰ ਕ੍ਰਧਿਤ ਕਰਦੀ ਹੈ। ਕਮਰ ਯਾ ਪਿਠ ਵਿਖੇ ਬਿਦ੍ਰਧੀ ਹੋਵੇ ਤਾਂ (ਕਮਰ ਜਕੜ ਜਾਂਦੀ ਤੇ) ਪੀੜਾ ਹੁੰਦੀ ਹੈ। ਬੰਛਣ-ਗੁਰਦਿਆਂ ਵਿਚ ਬਿਦ੍ਰਧੀ ਹੋਵੇ ਤਾਂ ਪਸਲੀਆਂ ਦਾ ਸੰਕੋਚ ਕਰਦੀ ਹੈ। ਲਿਫ ਵਿਖੇ ਹੋਵੇ ਤਾਂ ਸ੍ਵਾਸ ਰੋਕਦੀ ਹੈ। ਹ੍ਰਿਦਯ ਵਿਖੇ ਬਿਦ੍ਰਧੀ ਹੋਵੇ ਤਾਂ ਖਾਂਸੀ ਆਵੇ ਅਰ ਸਾਰੇ ਅੰਗਾਂ ਵਿਖੇ ਪੀੜਾ ਹੋਵੇ। ਯਕ੍ਰਿਤ ਸਥਾਨ ਬਿਦ੍ਰਧੀ ਹੋਵੇ ਤਾਂ ਦਮ ਰੋਕਦੀ ਹੈ। ਜਲਾਸ਼ਯ (ਕਲੋਮ) ਅਰਥਾਤ ਪਿਆਸ ਲਗਣੇ ਵਾਲੇ ਸਥਾਨ ਵਿਖੇ ਬਿਦ੍ਰਧੀ ਉਠੇ ਤਾਂ ਬਹੁਤੀ ਤਰੇਹ ਲਗਦੀ ਹੈ । ਇਸ ਸਬ ਲੱਛਣ ਮਾਧਵ ਤੋਂ ਕਹੇ ਹਨ ॥੧੫॥੧੬॥੧੭॥

ਬਿਦ੍ਰਧੀ ਸ੍ਰਾਵ ਦੇ ਮਾਰਗ--ਪਰਿਹਾ

ਨਾਭਿ ਉਪਰ ਜੋ ਹੋਇ ਸੁ ਪਾਕੀ ਜਾਨੀਏ ।
ਆਵਤ ਮੁਖਕੇ ਰਾਹ ਸੁ ਏਮ ਬਖਾਨੀਏ ।
ਨਾਭਿ ਅਧੋ ਜੇ ਹੋਇ ਗੁਦਾ ਮਗ ਨੀਸਰੈ ।
ਪਾਕੀ ਰੁਧਿਰ ਜੁ ਰਾਧ ਕਹਜੋ ਸੁ ਕਬੀਸਰੈ ॥੧੮॥

ਨਾਭੀ (ਧੁੰਨੀ) ਦੇ ਉਪਰ ਭਾਗ ਕੁਖ ਆਦਿ ਵਿਖੇ ਬਿਦ੍ਰਧੀ ਪਕੇ ਤਾਂ (ਸ੍ਰਾਵ ਪਾਕ ਰਾਧ ਦਾ) ਮੂੰਹ ਰਸਤੇ ਇਕਲੇ। ਜੇ ਨਾਭੀਓਂ ਹੇਠ ਦੇ ਭਾਗ ਬਿਦ੍ਰਧੀ ਫੁੱਟੇ ਤਾਂ ਗੁਦਾ ਰਸਤੇ ਸ੍ਰਾਵ ਰਾਧ ਲਹੂ ਦਾ ਨਿਕਲੇ (ਏਸੇ ਤਰਾਂ ਨਾਭੀ ਵਿਚ ਹੋਈ ੨ ਅੰਦਰ ਦੀ ।ਬਦ੍ਰਧੀ ਜਦ ਨਾਭੀ ਵਿਚ ਫੁੱਟਦੀ ਹੈ ਤਾਂ ਸ੍ਰਾਵ ਗੁਦਾ ਮੁਖ ਦੋਨੋ ਰਸਤੇ ਨਿਕਲਦਾ ਹੈ) ॥੧੮॥

ਸਾਧਯ ਸਾਧਯ ਲੱਛਣ-ਚੌਪਈ

ਨੀਚੇ ਸ੍ਰਵਤ ਸਜੀਵਤ ਰੋਗੀ । ਊਚੇ ਜਾਵਤ ਮ੍ਰਿਤ ਸੁ ਹੋਗੀ ।
ਹ੍ਰਿਦੇ ਨਾਭਿ ਅਰੁਬਸਤਿ ਅਸਾਧ । ਪਾਚ ਸਾਧ ਸੰਨਿ ਜਾਨਿਜੁਬਜਾਧਿ ॥੧੯॥
ਬਾਹਰ ਫੂਟੈ ਮਰਤਾ ਰੋਗੀ । ਦੈਵ ਯੋਗ ਕਰਿ ਬਚੈ ਭਿ ਯੋਗੀ ।
ਗਹਨ ਰੋਗ ਅੰਦਰ ਜੋ ਹੋਇ । ਲਖਤ ਬੈਦ ਕੋ ਪੰਡਿਤ ਜੋਇ ॥੨੦॥

ਜੇ ਬਿਦ੍ਰਧੀ ਗੁਦਾ ਰਸਤੇ ਹੇਠ ਸ੍ਰਵੇ ਤਾਂ ਰੋਗੀ ਜੀਉਂਦਾ ਹੈ। ਉਚੇ ਸ੍ਰਾਵ ਜਾਵੇ ਤਾਂ ਰੋਗੀ ਮਰ ਜਾਂਦਾ ਹੈ। ਹ੍ਰਿਦਯ, ਨਾਭੀ ਅਰ ਬਸਤੀ ਦੀ ਬਿਦ੍ਰਧੀ ਅਸਾਧ ਹੈ । ਇਸੀ ਪ੍ਰਕਾਰ ਛੇਆਂ ਬਿਦ੍ਰਧੀਆਂ ਵਿਚੋਂ ਪੰਜਮੀ ਸੰਨਿਪਾਤ ਦੀ ਬੀ ਅਸਾਧ ਬਿਆਧੀ ਹੈ। ਹ੍ਰਿਦਯ ਆਦਿ ਕਹੇ ਸਥਾਨਾਂ ਤੇ ਬਿਨਾ ਹੋਰ ਬਾਹਰ ਦੀ ਕਿਸੀ ਜਗਾ ਹੋਈ ਬਿਦ੍ਰਧੀ ਬਾਹਰ ਫੁਟ ਜਾਵੇ, ਤਾਂ ਰੋਗੀ ਮਰਦਾ ਕਦੇ ਬਚ ਭੀ ਜਾਂਦਾ ਹੈ। ਪਰੰਤੂ ਅੰਦਰ ਦਾ ਰੋਗ ਕਸ਼ਟ ਸਾਧ ਹੈ। ਇਸ ਗਲ ਨੂੰ ਕੋਈ ਪੰਡਿਤ ਵੈਦ ਹੋਵੇ ਤਾਂ ਜਾਣ ਸਕਦਾ ਹੈ ॥੧੯॥੨੦॥

Digitized by Panjab Digital Library | www.panjabdigilib.org

ਉਪਦ੍ਰਵ ਲੱਛਣ—ਚੌਪਈ

ਬਿਟ ਜੁ ਬੱਧ ਤ੍ਰਿਟ ਹਿਕ੍ਰਾ ਹੋਇ॥ ਅਫਾਰਾ ਸ੍ਵਾਸ ਜੁ ਜਾਨੋ ਸੋਇ।
ਬਿਦ੍ਰਧਿ ਏਹ ਉਪਦ੍ਰਵ ਜਾਲ। ਤਾਕੇ ਹਾਥ ਨ ਘਾਲੇ ਜਾਨ ॥੨੧॥
ਜੋ ਫੂਟੀ ਅੰਦਰ ਗੁਦ ਰਾਹ। ਬਾਹਤ ਸਾਧ ਸ ਕਹਿਸੇ ਯਾਂਹਿ।
ਕਹਤ ਮੇਘ ਮਾਧਵ ਤੇ ਲਹੀ। ਔਰ ਗ੍ਰੰਥ ਤੇ ਨਾਹੀ ਕਹੀ ॥੨੨॥

ਬਿਸ਼ਟਾ ਰੁਕ ਜਾਵੇ, ਪਿਆਸ, ਹਿਡਕੀ, ਅਫਾਰਾ ਅਰ ਸ੍ਵਾਸ ਹੋਵੇ, ਇਨ੍ਹਾਂ ਉਪਦ੍ਰਵਾਂ ਵਾਲੇ ਬਿਦ੍ਰਧੀ ਰੋਗ ਨੂੰ ਹਥ ਨਾ ਪਾਵੇ। ਜੇ ਬਿਦ੍ਰਧੀ ਅੰਦਰ ਫੁਟੀ ਹੈ, ਉਸਦਾ ਸ੍ਰਾਵ ਗੁਦਾ ਰਸਤੇ ਬਹੇ ਸੋ ਸਾਧ ਹੈ। ਇਹ ਮਾਧਵ ਤੋਂ ਕਿਹਾ ਹੈ ॥੨੨॥

ਬਿਦ੍ਰਧੀ ਉਪਾਇ (ਰਸਰਤਨਾਕਰਾਤ)—ਚੌਪਈ

ਬਰਨਾਤ੍ਵਚ ਕੋ ਕ੍ਵਾਥ ਕਰਾਇ। †ਹਿੰਗ ਨਿਮਕ ਸੇਂਧਵਾ ਪਾਇ।
ਸਿਲਾਜੀਤ ਚਾਰੋ ਮਿਲ ਪੀਤ। ਰੋਗ ਬਿਦ੍ਰਧੀ ਸਬਹੀ ਜੀਤ ॥੨੩॥

੧੫੦੦—ਬਰਨੇ ਦੀ ਛਿੱਲ ਦਾ ਕਾੜ੍ਹਾ ਕਰੇ। ਫਿਰ ਉਸ ਵਿੱਚ ਹਿੰਙ, ਸੇਂਧਾਨਿਮਕ ਤੇ ਸ਼ਿਲਾਜੀਤ ਇਹ ਚਾਰੇ ਮਿਲਾਕੇ ਪੀਵੇ, ਤਾਂ ਬਿਦ੍ਰਧੀ ਰੋਗ ਨਾਸ਼ ਹੋਵੇ ॥੨੩॥

ਸਿਗ੍ਰ ਤੁਚਕਾ ਕ੍ਵਾਥ ਸੁ ਕਰੋ। ਹਿੰਗ ਸੇਂਧਵਾ ਤਾਮੈ ਧਰੋ।
ਰੋਗ ਬਿਦ੍ਰਧੀ ਸਬਹੀ ਜਾਇ। ਰਸ ਰਤਨਾਕਰ ਏਮ ਕਹਾਇ ॥੨੪॥

੧੫੦੧—ਸੁਹਾਂਜਣੇ ਦੀ ਛਿੱਲ ਦਾ ਕਾੜ੍ਹਾ ਕਰੇ, ਉਸ ਵਿਚ ਹਿੰਙ ਅਰ ਸੇਂਧਾਨਿਮਕ ਪਾਕੇ ਪੀਵੇ ਤਾਂ ਬਿਦ੍ਰਧੀ ਰੋਗ ਨਾਸ ਹੋਵੇ, ਇਹ ਰਸਰਤਨਾਕਰ ਵਿਚ ਲਿਖਿਆ ਹੈ ॥੨੪॥

ਸੋਰਠਾ

ਪਾਠਾ ਮੂਲ ਮੰਗਾਇ ਤਾਕਾ ਕ੍ਵਾਥ ਕਰਾਈਏ।
ਤੰਦੁਲ ਜਲ ਸੋ ਪਯਾਇ ਰੋਗ ਬਿਦ੍ਰਧੀ ਜਾਤ ਮਿਟ ॥੨੫॥

੧੫੦੨—ਪਾਠੇ ਦੀ ਜੜ੍ਹ ਲੈਕੇ ਉਸਦਾ ਕਾੜ੍ਹਾ ਕਰੇ, ਫਿਰ ਚੌਲਾਂ ਦਾ ਪਾਣੀ ਪਾਕੇ ਪਿਲਾਵੇ ਤਾਂ ਬਿਦ੍ਰਧੀ ਰੋਗ ਮਿਟਾਵੇ ॥੨੫॥

ਲੋਕਨਾਥ ਰਸ—ਚੌਪਈ

ਕੌਡੀ ਭਸਮ ਜੁ ਪਲ ਇਕ ਆਨ। ਪਾਰਦ ਗੰਧਕ ਪਲ ਅਧ ਠਾਨ।
ਮਾਸਾ ਏਕ ਧਤੂਰੇ ਬੀਜ। ਜੰਭੀਰੀ ਰਸ ਖਰਲ ਕਰੀਜ ॥੨੬॥

---

†ਪਾਠ ਬਹੁਤੇ ਪੁਸਤਕਾਂ ਵਿਚ 'ਹਿੰਗ ਕਸੀਸ' ਹੈ, ਪਰੰਤੂ ਖੋਜ ਭਾਲ ਪਿਛੋਂ ਸੁਧ ਪਾਠ "ਹਿੰਗ ਨਿਮਕ ਸੇਂਧਵਾ" ਮਿਲ ਗਿਆ ਜੋ ਪ੍ਰਯੋਗ ਰਸਰਤਨਾਕਰ ਦਾ ਹੈ, ਸੋ ਉਸ ਵਿਚ ਭੀ 'ਕਸੀਸ' ਨਹੀਂ ਹੈ।

Digitized by Panjab Digital Library | www.panjabdigilib.org

ਮਾਸਾ ਤੰਦੁਲ ਜਲ ਸੋ ਖਾਇ। ਰੋਗ ਬਿਦ੍ਰਧੀ ਸਗਲ ਮਿਟਾਇ।
ਰਕਤ ਪਿਪਕੀ ਪੀਰਾ ਜਾਇ। ਅਥਵਾ ਤਾਤੇ ਜਲ ਸੋ ਦਾਇ॥੨੭॥

੧੫੦੩—ਕੌਡੀ ਦੀ ਭਸਮ ੪ ਤੋਲੇ, ਪਾਰਾ ਤੇ ਗੰਧਕ ੨ ਤੋਲੇ, ਧਤੂਰੇ ਦੇ ਬੀਜ ੧ ਮਾਸਾ, ਗਲਗਲ ਦੇ ਰਸ ਨਾਲ ਚੰਗਾ ਖਰਲ ਕਰਕੇ ੧ ਮਾਸਾ ਚੌਲਾਂ ਦੇ ਜਲ ਨਾਲ ਖਾਵੇ ਤਾਂ ਸਭ ਤਰਾਂ ਦੀ ਬਿਦ੍ਰਧੀ ਨਾਸ ਹੋਵੇ। ਰਕਤ ਪਿੱਤ ਹੋਵੇ ਤਾਂ ਤੱਤੇ ਪਾਣੀ ਨਾਲ ਦੇਵੇ॥੨੬॥੨੭॥

(ਸਾਰੰਗਧਰਾਤ)--ਦੋਹਰਾ

ਪੁਨਰਨਵਾ ਬਰੁਣਾ ਗਹੀ ਕਰੌ ਕ੍ਵਾਥ ਮਨ ਲਾਇ।
ਬਿਦ੍ਰਧਿ ਪੀਵਤ ਮਿਟਤ ਹੀ ਸਾਰੰਗਧਰ ਭੈ ਭਾਇ॥੨੮॥

੧੫੦੪—ਹਰੜਾਂ, ਸੇਂਧਾਨਿਮਕ ਤੇ ਧਾਵਿਆਂ ਦੇ ਫੁੱਲ ਲੈਕੇ ਪੀਹਕੇ ਚੂਰਣ ਕਰ ਲਵੇ। ਫਿਰ ਘਿਉ ਤੇ ਸ਼ਹਤ ਨਾਲ ਚੱਟੇ ਤਾਂ ਬਿਦ੍ਰਧੀ ਰੋਗ ਨਾਸ਼ ਹੋਵੇ॥੨੯॥

ਹਰੜਾਂ ਸੇਂਧਵ ਧਾਤੁਕੀ ਤਾਕਾ ਚੂਰਨ ਕੀਜ।
ਘ੍ਰਿਤ ਮਧੁ ਸੋਤੀ ਚਾਟਿਵੋ ਰੋਗੁ ਬਿਦ੍ਰਧੀ ਖੀਜ॥੨੯॥

੧੫੦੫—ਹਰੜਾਂ, ਸੇਂਧਾਨਿਮਕ ਤੇ ਧਾਵਿਆਂ ਦੇ ਫੁੱਲ ਲੈਕੇ ਪੀਹਕੇ ਚੂਰਣ ਕਰ ਲਵੇ। ਫਿਰ ਘਿਉ ਤੇ ਸ਼ਹਤ ਨਾਲ ਚੱਟੇ ਤਾਂ ਬਿਦ੍ਰਧੀ ਰੋਗ ਨਾਸ਼ ਹੋਵੇ॥੨੯॥

(ਵੈਦ ਜੀਵਨਾਤ)--ਦੋਹਰਾ

ਬਰੁਣਾ ਰਹਸਨ ਜੁਗਜ ਨਿਸ ਕ੍ਰਿਸਨਾ ਲੈ ਅਜਵਾਨ।
ਮੇਲ ਆਮਰੇ ਕ੍ਵਾਥ ਕਰ ਬੋਲ ਜੁ ਪੀਸੀ ਠਾਨ॥੩੦॥
ਪ੍ਰਾਤ ਉਠੀ ਪੀਵਨ ਕਰਤ ਰੋਗ ਬਿਦ੍ਰਧੀ ਜਾਇ।
ਸਾਪ ਦਿਵਸ ਲੌ ਕੀਜੀਏ ਮੇਘ ਕਹਤ ਮਨ ਲਾਇ॥੩੧॥

੧੫੦੬—ਬਰਨੇ ਦੀ ਛਿੱਲ, ਦਾਰੂਹਲਧੀ, ਹਲਧੀ, ਮਘ, ਅਜਵਾਇਣ ਤੇ ਆਵਲੇ, ਕਾੜ੍ਹਾ ਕਰਕੇ ਵਿਚ ਬੋਲ ਗੂੰਦ ਪੀਹਕੇ ਪੀਵੇ। ਫਿਰ ਪ੍ਰਾਤਾਕਾਲ ਉਠਕੇ ੭ ਦਿਨ ਪੀਵੇ ਤਾਂ ਬਿਦ੍ਰਧੀ ਨਾਸ ਕਰੇ॥੩੦॥੩੧॥

ਦੋਹਰਾ

ਸੁੰਠ ਸੁਹਾਂਜਨਾ ਕ੍ਵਾਥ ਕਰ ਸ਼ੇਂਧਾ ਰਾਮਠ ਪਾਇ।
ਪੀਵਤ ਦਿਨ ਸੋ ਸਾਤ ਹੀ ਰੋਗ ਬਿਦ੍ਰਧੀ ਜਾਇ॥੩੨॥

੧੫੦੭—ਸੁੰਢ ਤੇ ਸੁਹਾਂਞਣਾ ਕਾੜ੍ਹਾ ਕਰਕੇ ਵਿਚ ਸੇਂਧਾ ਨਿਮਕ ਤੇ ਹਿੰਙ ਪਾਕੇ ੭ ਦਿਨ ਪੀਵੇ ਤਾਂ ਬਿਦ੍ਰਧੀ ਨਾਸ ਕਰੇ॥੩੨॥

Digitized by Panjab Digital Library | www.panjabdigilib.org

ਬਿਦ੍ਰਧੀ ਪੱਥ--ਪਰਿਹਾ

ਰੇਚਨ ਲੇਪੁ ਸ੍ਵੇਦ ਰੁਧਿਰ ਕਾ ਸ੍ਰਾਵ ਹੀ।
ਸਾਮਾਕ ਕਲਮਾ ਕੁਲਥ ਲਸਨ ਨਿਖਣਾਵਹੀ।
ਸਿਗ੍ਰੂ ਇਟਸਿਟ ਚਿਤ੍ਰਕ ਕਾਰ ਜੁ ਬੇਲ ਹੀ।
ਸਸਤ੍ਰੂੰ ਕਰਮ ਘ੍ਰਿਤ ਤੇਲੁ ਸੁਰਾ ਲੈ ਮੇਲ ਹੀ ॥੩੩॥
ਸਾਕ ਸਾਲ ਫਲ ਕਦਲੀ ਤਾਤਾ ਨੀਰ ਹੀ।
ਚੰਦਨ ਤੁਖਕ ਬਿਲੇਪੀ ਸੇਕੀ ਭੀਰ ਹੀ।
ਪਥਜਾਪਥ ਕੇ ਮਾਹਿ ਕਹੇ ਏ ਪੱਥ ਹੈ।
ਜਥਾ ਜੋਗ ਲਖ ਦੇਹ ਜਾਨ ਏਹ ਅਥਜ ਹੈ ॥੩੪॥

੧੫੦੮--(ਕੱਚੀ ਅਵਸਥਾ ਵਿਖੇ) ਰੇਚਨ, ਲੇਪ, ਪਸੀਨਾ, ਲਹੂ ਛੁਡਵਾਨਾ ਸੁਆਂਕ ਦਾ ਅੰਨ, ਕਲਮੀ ਚਾਵਲ, ਕੁਲਥ, ਲਸਨ, ਸੇਮ, ਸੁਹਾਂਞਣਾ, ਇਟਸਿਟ, ਚਿਤ੍ਰਾ, ਕਰੇਲਾ ਆਦਿ ਖੁਲਾਵੇ (ਪੱਕੀ ਦਸ਼ਾ ਵਿਚ) ਫਸਤ ਆਦਿ ਖੋਲ੍ਹਨੇ, ਘ੍ਰਿਤ, ਤੇਲ, ਸ਼ਰਾਬ†ਸ਼ਾਲਿੰਚ (ਮਾਨਕੰਦ) ਦਾ ਸਾਗ, ਕੇਲੇ ਦਾ ਫਲ, ਤੱਤਾ ਪਾਣੀ, ਚੰਦਨ,††ਮੁਸ਼ਕਕਪੂਰਅਰ‡ਵਿਲੇਪੀ ਠੰਢੀ ਕਰਕੇ ਦੇਵੇ, ਇਹ ਸਭ ਪਥਜਾਪਥ ਵਿਖੇ ਖਾਣੇ ਅਰ ਕਰਨੇ ਪਥ ਕਹ ਹਨ, ਯੋਗ ਦੇਖੇ, ਦੇਵੇ ॥੩੩॥੩੪॥

ਕੁਪਥ–ਚੌਪਈ

ਸੋਫ ਰੋਗ ਮੇ ਕਹੇ ਕੁਪਥ। ਸੋਈ ਜਾਨੌ ਯਾਕੇ ਸਥ।
ਕਹਤ ਗ੍ਰੰਥ ਐਸੀ ਜੋ ਬਾਤ॥ ਸਮਝ ਲੇਹੁ ਪੰਡਤ ਬਿਖਜਾਤ ॥੩੫॥

੧੫੦੯–ਜੇੜ੍ਹੇ ਸੋਜ ਰੋਗ ਵਿਚ ਕੁਪੱਥ ਕਹੇ ਹਨ, ਸੋਈ ਇਸ ਰੋਗ ਦੇ ਕੁਪੱਥ ਹਨ ॥੩੫॥

ਅਥ ਬ੍ਰਿਣ ਨਿਦਾਨ–ਚੌਪਈ

ਏਕ ਠੌਰ ਮੈ ਸੋਥ ਜੁ ਹੋਇ। ਪੂਹਬ ਰੂਪ ਫੋੜੇ ਕਾ ਸੋਇ।
ਬਾਤ ਪਿਤ ਕਫ ਸੰਨ ਬਖਾਨ। ਚੋਟ ਰਕਤ ਤੇ ਖਟ ਏ ਮਾਨ ॥੩੬॥
ਸੋਥ ਸਰੀਖੇ ਲੱਛਨ ਜਾਨ। ਕੱਚਾ ਪੱਕਾ ਕਰੋ ਪਛਾਨ।
ਬਾਤ ਕਾ ਬ੍ਰਿਣ ਬਿਖਮ ਪਕਾਇ। ਪਿੱਤ ਸਤਾਬੀ ਕਫ ਚਿਰ ਲਾਇ॥੩੭॥

---

†ਪਥਜਾਪਥ ਵਿਚ ਸ਼ਰਾਬ ਦੀ ਜਗਾ ਮੂੰਗੀ ਦਾ ਰਸ ਹੈ।
††ਤੁਖਕ-ਮੁਸ਼ਕਪੂਰ ਹੈ।
‡ਚਾਰਗੁਣੇ ਜਲ ਵਿਚ ਪਕਾਯਾ ਅੰਨ ਵਿਲੇਪੀ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਸਰੀਰ ਦੇ ਕਿਸੀ ਇਕ ਥਾਂ ਸੋਜ ਹੋਵੇ, ਇਹ ਫੋੜੇ ਦਾ ਪੂਰਬ ਰੂਪ ਹੈ। ਇਹ ਸੋਜ ਬਾਤ ਦੀ, ਪਿਤ ਦੀ, ਕਫਦੀ, ਸੰਨਪਾਤ ਦੀ, ਚੋਟ ਦੀ ਅਰ ਰਕਤ ਦੀ, ਇਸਤਰਾਂ ੬ ਪ੍ਰਕਾਰ ਦੀ ਹੈ। ਲਛਣ ਸਭ ਸੋਜ ਸਰੀਖੇ ਹੁੰਦੇ ਹਨ।

(ਪ੍ਰਾਕ)

ਅਬ ਇਸਦੀ ਕੱਚ ਪੱਕ ਦੀ ਪਹਿਚਾਨ ਕਰਦੇ ਹਾਂ। ਬਾਤ ਦੀ ਸੋਜ ਵਿਖਮ (ਰੁਕ ਰੁਕਕੇ) ਪਕਦੀ ਹੈ। ਪਿੱਤ ਦੀ ਜਲਦੀ ਅਰ ਕਫ ਦੀ ਦੇਰਬਾਦ ਪਕਦੀ ਹੈ। ਰਕਤ ਤੇ ਅਗੰਤੁਕ (ਚੋਟ) ਦੀ ਪਿੱਤ ਦੇ ਸਮਾਨ ਜਾਣੋ ॥੩੬॥੩੭॥

ਕੱਚੇ ਬ੍ਰਿਣ ਲਛਣ

ਰਕਤ ਔਗੰਤੁਕ ਪਿਤ ਸਮਾਨ। ਅਬ ਕਚੇ ਬ੍ਰਿਣ ਲਛਨ ਜਾਨ।
ਗਰਮ ਮੰਦ ਲਖ ਸੋਫ ਕਠੋਰ। ਤੁਚਾ ਬਰਣ ਬੇਦਨ ਹੀ ਥੋਰ ॥੩੮॥

ਕੱਚੀ ਸੋਜ ਦੇ ਲੱਛਣ ਇਸਤਰਾਂ ਹੁੰਦੇ ਹਨ ਕਿ ਜਿਸ ਵਿਚ ਗਰਮੀ ਕਮ ਹੋਵੇ, ਸੋਜ ਦਾ ਥਾਂ ਕਰੜਾ ਹੋਵੇ। ਸਰੀਰ ਦੇ ਰੰਗ ਜਿਹਾ ਰੰਗ ਹੋਵੇ ਤੇ ਪੀੜਾ ਥੋੜੀ ਹੋਵੇ, ਸੋ ਕੱਚਾ ਬ੍ਰਿਣ ਜਾਣੋ ॥੩੮॥

ਪੱਕਮਾਨ ਬ੍ਰਿਣ ਲੱਛਨ—ਸ਼ੰਕਰਛੰਦ

ਸੋ ਅਗਨਿ ਕੀ ਜਿਮ ਜਲਤ ਪਚਤਾ ਖਾਰ ਕੀ ਜਿਮ ਜਾਨ।
ਜਿਮਿ ਲਰਤ ਕੀਰੀ ਛੇਦੀਏ ਵ੍ਹਾ ਸ਼ਸਤ੍ਰ ਭੇਦ ਬਖਾਨ।
ਲਸਟ ਮਾਰਤ ਚੁਭਤਿ ਸੂਚੀ ਦਾਹ ਪੀਰ ਹੈ ਤੇਮ।
ਚੂਸਨੇ ਵਤ ਤਾੜਨਾ ਅਤਿ ਜਾਨੁ ਅੰਗੁਲੀ ਜੇਮ ॥੩੯॥
ਸੈਨ ਆਸਨ ਸਰਬ ਠੌਰੇ ਹੋਇ ਨਾਹਿ ਅਨੰਦ।
ਜਿਮ ਲਰਤ ਬਿਛੂ ਕਰਤ ਦੁਖ ਕੋ ਲਾਲ ਬ੍ਰਣ ਹੋਇ ਕੰਦ।
ਊਚਾ ਨ ਹਵੇ ਹੁਇ ਅਫਾਰਾ ਤਾਪ ਤ੍ਰਿਟ ਏ ਹੋਇ।
ਪਚਨ ਲਾਗਤ ਕਰਤ ਕੌਤਕ ਜਾਨ ਬ੍ਰਣ ਸਭ ਸੋਇ ॥੪੦॥

ਫੋੜਾ ਪੱਕਣ ਸਮਯ ਅੱਗ ਦੀ ਜਲਨ ਵਾਂਗ ਜਲਦਾ ਹੈ, ਖਾਰ ਲਗੋਣ ਜੇਹੀ ਚਿਨਚਿਨਾਹਟ ਹੁੰਦੀ ਹੈ। ਜਿਸਤਰਾਂ ਕੀੜੀਆਂ ਲੜਦੀਆਂ ਹਨ, ਅਜੇਹੀ, ਕੱਟਣੇ ਜੇਹੀ, ਵਾ ਚੀਰਨੇ ਜੇਹੀ ਪੀੜਾ ਹੁੰਦੀ ਹੈ। ਲਾਠੀ ਮਾਰਨੇ ਜੇਹੀ, ਸੂਈ ਚੁਭਣੇ ਜੇਹੀ, ਦਾਹ ਤੇ ਪੀੜਾ ਤਿਸੀ ਤਰਾਂ ਹੁੰਦੀ ਹੈ। ਚੁੰਘਣੇ ਜੇਹੀ, ਅੱਗੁਲੀਆਂ ਨਾਲ ਨਿਪਿੱਤਣੇ ਜੇਹੀ ਪੀੜਾ ਜਾਣੇ। ਸੌਣ, ਬੈਠਨ ਵਿਚ ਅਨੰਦ ਨਹੀਂ ਪ੍ਰਾਪਤ ਹੁੰਦਾ, ਬਲਕਿ ਜਿਸਤਰਾਂ ਬਿਛੂ ਲੜਦਾ ਹੈ, ਤਿੰਸ ਤਰਾਂ ਦੁਖ ਪ੍ਰਾਪਤ ਹੁੰਦਾ ਹੈ। ਬ੍ਰਿਣ ਦੀ ਰੰਗਤ ਲਾਲ ਹੋ ਜਾਂਦੀ ਹੈ, ਉਚਾਨ ਕਹੀਏ ਉਚਾ ਹੁੰਦਾ ਹੈ ਅਰ ਅਫਾਰਾ ਤਾਪ ਤੇ ਪਿਆਸ ਹੁੰਦੀ ਹੈ, ਇਸ਼ਤਰਾਂ ਦੇ ਕੌਤਕ ਪੱਕਣ ਲਗੇ ਸਭ ਬ੍ਰਿਣ ਦੇ ਜਾਣਨੇ ॥੩੯॥੪੦॥

Digitized by Panjab Digital Library | www.panjabdigilib.org

ਪਕੇ ਬ੍ਰਿਣ ਦੇ ਲੱਛਣ—ਸ਼ੰਕਰਛੰਦ

ਪ੍ਰਗਟ ਪ੍ਰਬਲ ਹੈ ਤੋਦ ਕੰਡੂ ਘਟ ਉਪਦ੍ਰਵ ਜਾਇ।
ਫਟਤ ਤੁਚ ਨੀਚਾ ਬਖਾਨਜੋ ਜਯੋਂ ਮਸਕ ਜਲ ਫਿਰਵਾਇ।
ਤਿਸੁ ਚਾਹ ਭੋਜਨ ਜਾਨ ਪਾਕਾ ਸਕਲ ਬ੍ਰਣ ਬਿਧਿ ਏਹ।
ਕਹਤ ਮੇਘ ਬਖਾਨ ਕੀਨੋ ਮਾਧਵੈ ਤੇ ਲੇਹੁ ॥੪੧॥

ਝੁਰੜੀਆਂ ਪ੍ਰਗਟ ਹੋ ਔਂਦੀਆਂ ਹਨ, ਚੋਭਾਂ, ਖੁਰਕ ਹੋਵੇ, ਉਪਦ੍ਰਵ ਘਟ ਜਾਂਦੇ ਹਨ। ਖੱਲੜੀ ਕੁਛ ਫਟ ਜਾਂਦੀ ਹੈ। ਨੀਮਾਂ ਸੋ ਜਾਂਦਾ ਹੈ। ਦਬੌਣੇ ਨਾਲ ਰਾਧ ਇਕ ਥਾਂ ਤੋਂ ਦੂਸਰੇ ਥਾਂ ਚਲੀ ਜਾਂਦੀ ਹੈ, ਜਿਸ ਤਰਾਂ ਮਸ਼ਕ ਦਾ ਪਾਣੀ ਦਬਾਣ ਤੇ ਹਿਲਦਾ ਫਿਰਦਾ ਹੈ। ਭੋਜਨ ਖਾਣ ਦੀ ਲੋੜ ਹੋ ਔਂਦੀ ਹੈ ਤਾਂ ਜਾਣੋ ਕਿ ਬ੍ਰਿਣ ਪੱਕ ਗਿਆ ਹੈ, ਇਸੇ ਤਰਾਂ ਸਭ ਬ੍ਰਿਣ ਪਾਕਦੇ ਲਛਣ ਜਾਣੋ ॥੪੧॥

ਪਾਕ ਸਮਯ ਤ੍ਰਿਦੋਖ ਲੱਛਣ—ਚੌਪਈ

ਬਾਤ ਬਿਨਾ ਪੀਰਾ ਨਹਿ ਹੋਇ। ਪਿੱਤ ਬਿਨਾ ਪਾਕਤ ਨਹਿ ਸੋਇ।
ਕਫ ਬਿਨ ਰਾਧ ਨ ਹੋਵੈ ਜਾਨ। ਪਾਕ ਨਿਕਾਲੈ ਤੀਨ ਮਿਲਾਨ ॥੪੨॥
ਪਾਕੀ ਰਾਧ ਨ ਕਾਢੈ ਜੋਇ। ਤੌ ਨਾੜਿਨ ਕੌ ਖਾਵਤ ਸੋਇ।
ਜੈਸੇ ਅਗਨਿ ਜੁ ਬਨਕੋ ਜਾਰੈ। ਤਿਉ ਸਨਾਯੁ ਕੋ ਪੂਤ ਬਿਗਾਰੈ ॥੪੩॥
ਕੱਚਾ ਪੱਕਾ ਪਕਦਾ ਜਾਨ। ਤਊ ਬੈਦ ਤਿਸ ਕਰ ਨਾ ਪਛਾਨ।
ਤਾਕਾ ਨਾਮ ਬੈਦ ਨਹਿ ਭਾਖੋ। ਜੀਮ ਦ੍ਰਬ ਹਰਿ ਚੋਰ ਸੁ ਆਖੋ ॥੪੪॥
ਜੋ ਅਜਾਨ ਤੇ ਕਾਟਤ ਕਾਚਾ। ਸੁਪਚ ਬੈਦ ਸੋ ਕਟਿ ਪਕ ਸਾਚਾ।
ਪੱਕਾ ਬ੍ਰਿਣ ਆਪੇ ਫੁਟ ਜਾਈ। ਤਾਕੀ ਕ੍ਰਿਯਾ ਬੈਦ ਕਰਾਈ ॥੪੫॥

ਫੋੜੇ ਵਿਖੇ ਬਾਤ ਬਿਨਾ ਪੀੜਾ ਨਹੀਂ ਹੁੰਦੀ। ਪਿੱਤ ਬਿਨਾ ਪੱਕਦਾ ਨਹੀਂ ਤੇ ਕਫ ਬਿਨਾ ਰਾਧ (ਪਾਕ) ਨਹੀਂ ਹੁੰਦੀ ਹੈ। ਤਿੰਨੇ ਦੋਖ ਮਿਲਣ ਤਾਂ ਪਾਕ ਨਿਕਲਦੀ ਹੈ। ਫਿਰ ਉਸ ਪਕੇ ਬ੍ਰਿਣ ਦੀ ਰਾਧ ਨੂੰ ਜੇੜ੍ਹਾ ਨਹੀਂ ਕੱਢਦਾ ਤਾਂ ਉਹ ਰਾਧ ਨਾੜੀਆਂ ਨੂੰ ਖਾਂਦੀ ਹੈ। ਜਿਸ ਤਰਾਂ ਅਗਨੀ ਬਣਦੀਆਂ ਲਕੜੀਆਂ ਨੂੰ ਸਾੜਦੀ ਹੈ, ਤਿਸੀ ਤਰਾਂ ਪਾਕ ਸਨਾਯੂ (ਬੰਧਨ ਰੂਪ ਨਾੜੀਆਂ) ਨੂੰ ਗਾਲਦੀ ਹੈ। ਕੱਚਾ, ਪਕਾ ਤੇ ਪਕਦਾ ਬ੍ਰਿਣ ਜੇੜਾ ਜਾਣੇ, ਸੋਈਓ ਵੈਦ ਹੈ ! ਤਿਸਦਾ ਨਾਮ ਵੈਦ ਨਹੀਂ, ਜੀਵਾਂ ਦਾ ਧਨ ਹਰਨੇ ਵਾਲਾ ਚੋਰ ਹੈ, ਜੇੜ੍ਹਾ ਅਣਜਾਣਪਣੇ ਵਿਚ ਕਚੇ ਨੂੰ ਚੀਰਦਾ ਹੈ, ਸੋ ਅਜੇਹਾ ਵੈਦ ਚੰਡਾਲ ਹੈ। ਜੇੜ੍ਹਾ ਪੱਕੇ ਨੂੰ ਚੀਰੇ, ਸੋ ਸਚਾ ਵੈਦ ਹੈ। ਪੱਕਾ ਬ੍ਰਿਣ ਆਪੇ ਫਟ ਜਾਂਦਾ ਹੈ, ਫਿਰ ਉਸਦੀ ਮਲ੍ਹਮ ਪੱਟੀ ਦੀ ਕ੍ਰਿਆ ਵੈਦ ਕਰੇ ॥੪੨ ਤੋਂ ੪੫॥

Digitized by Panjab Digital Library | www.panjabdigilib.org

ਸਰੀਰ ਬ੍ਰਿਣ ਨਿਦਾਨ–ਦੋਹਰਾ

ਦੋਇ ਜਾਤ ਬ੍ਰਿਣ ਜਾਨੀਏ ਆਗੰਤੁਕ ਤ੍ਰਿਕ ਦੋਖ।
ਆਗੰਤਕ ਸ਼ਸਤ੍ਰ ਪਰਹਾਰ ਤੇ ਜਾਨੋ ਪੰਡਿਤ ਜੋਖ॥੪੬॥

ਸਰੀਰ ਬ੍ਰਿਣ ਦੋ ਤਰਾਂ ਦਾ ਹੈ, ਇਕ ਆਗੰਤੁਕ ਦੂਸਰਾ ਤ੍ਰਿਦੋਖਜ। ਆਗੰਤੁਕ ਸ਼ਸਤ੍ਰ ਆਦਿ ਚੋਟ ਤੇ ਹੁੰਦਾ ਹੈ, (ਤ੍ਰਿਦੋਖਜ ਬਾਤਾਦੀ ਦੋਖ ਤੇ ਹੁੰਦਾ ਹੈ ॥੪੬॥

ਬਾਤਜ ਬ੍ਰਿਣ ਲੱਛਣ

ਅਲਪ ਸ੍ਰਵਤ ਪੀਰਤ ਘਨਾ ਤੋਦ ਸਤੰਬ ਕਠੋਰ।
ਸੋ ਬ੍ਰਣ ਜਾਨੋ ਬਾਤ ਕਾ ਲਖਤ ਬੈਦ ਨਹਿ ਚੋਰ॥੪੭॥

ਥੋੜਾ ਸ੍ਰਵੇ, ਪੀੜ ਬਹੁਤੀ ਹੋਵੇ, ਸੂਈ ਵਾਂਗ ਚੋਭਾਂ, ਜਕੜਿਆ ਜੇਹਾ, ਕਰੜਾ, ਸੋ ਇਹ ਬਾਤ ਦਾ ਹੈ, ਇਸਨੂੰ ਵੈਦ ਜਾਣਦਾ ਹੈ, ਕਿੰਤੂ ਚੋਰ ਵੈਦ ਨਹੀਂ ਜਾਣਦਾ ॥੪੭॥

ਪਿਤਜ ਬ੍ਰਣ ਲੱਛਣ

ਤ੍ਰਿਖਾ ਤਾਪ ਦਾਰੁਣ ਪ੍ਰਬਲ ਦਾਹ ਦੁਸਟ ਅਰ ਮੋਹ।
ਸੋ ਜਾਨੋ ਬ੍ਰਣ ਪਿੱਤ ਕੋ ਲਖਤ ਬੈਦ ਜੋ ਹੋਇ॥੪੮॥

ਜਿਸ ਵਿਚ ਤ੍ਰਿਖਾ, ਤਾਪ ਤੇ ਸੜਨ ਬਹੁਤੀ ਰਹੇ ਅਰ ਮੋਹ ਹੋਵੇ, ਸੋ ਪਿਤ ਦਾ ਬ੍ਰਿਣ ਹੈ ॥੪੮॥

ਕਫਜ ਬ੍ਰਿਣ ਲੱਛਣ

ਰਾਧ ਸ੍ਰਵਤ ਪਿੱਛਲ ਘਨੀ ਗੰਧ ਚੀਕਨਾ ਭਾਰ।
ਅਲਪ ਬੇਦਨਾ ਭੂਸਲਾ ਚਿਰ ਪਾਕਤ ਕਫ ਧਾਰ॥੪੯॥

ਰਾਧ ਦਾ ਸ੍ਰਾਵ, ਚਿਪਚਿਪਾਹਟ ਬਹੁਤੀ, ਗੰਧੀ, ਚਿਕਨਾਹਟ, ਭਾਰੀਪਨ, ਮੰਦਪੀੜਾ, ਭੂਸਲ ਰੰਗਾ, ਚਿਰ ਪਿਛੋਂ ਪੱਕੇ, ਸੋ ਕਫ ਦਾ ਬ੍ਰਿਣ ਹੁੰਦਾ ਹੈ ॥੪੯॥

ਰਕਤਜ ਸੰਨਿਪਾਤਜ ਬ੍ਰਿਣ ਲੱਛਣ–ਦੋਹਰਾ

ਲਾਲ ਰੰਗ ਬਹੁ ਰਕਤ ਸ੍ਰਵ ਸੋਊ ਰਕਤਹਿ ਜਾਨ।
ਤੀਨ ਮਿਲੇ ਸੰਨ ਜਾਨਿਯੋ ਮਾਧਵ ਕਰਤ ਬਖਾਨ॥੫੦॥

ਲਾਲ ਰੰਗਾ, ਬਹੁਤਾ ਰਕਤ ਦਾ ਸ੍ਰਾਵ, ਸੋ ਇਹ ਰਕਤ ਦਾ ਅਰ ਜਿਸ ਵਿਚ ਤ੍ਰਿਦੋਖ ਮਿਲੇ, ਸੋ ਸੰਨਿਪਾਤਜ ਬ੍ਰਿਣ ਕਿਹਾ ਜਾਂਦਾ ਹੈ ॥੫੦॥

ਸਾਧ ਅਸਾਧ ਬ੍ਰਿਣ ਲੱਛਣ–ਚੌਪਈ

ਤੁਚਾ ਮਾਸ ਸੁਖ ਦੇਸੇ ਹੋਇ। ਬ੍ਰਿਣ ਊਪੱਦ੍ਰਵ ਕੋਇ ਨ ਜੋਇ।
ਤਰਨ ਪੁਰਖ ਬੁਧਵੰਤੇ ਅੰਗ। ਨਵਤਨ ਬ੍ਰਿਣਿ ਸੁਭ ਕਾਲਸਮੰਗ॥੫੧॥

Digitized by Panjab Digital Library | www.panjabdigilib.org

ਐਸਾ ਬ੍ਰਿਣ ਸੋ ਸਾਧਯ ਕਹਾਵੈ। ਔਰ ਬ੍ਰਣ ਅਸਾਧਯ ਸੁਨਾਵੈ।
ਜਾ ਮੈ ਲਛਨ ਲਾਲ ਨ ਕੋਈ। ਤਾਹ ਅਸਾਧ ਬਖਾਨਯੇ ਸੋਈ॥੫੨॥

ਚਮੜੀ, ਮਾਸ ਵਿਚ ਅਰ ਸੁਖੱਲੇ ਥਾਂ (ਮਰਮ ਆਦਿ ਸਥਾਨ ਵਿਖੇ ਨਾ ਹੋਵੇ, ਜਿਸ ਬ੍ਰਿਣ ਵਿਚ ਕੋਈ ਉਪੱਦ੍ਰਵ ਨਾ ਹੋਵੇ, ਜੁਆਨ ਆਦਮੀ ਅਰ ਅਕਲਮੰਦ ਦੇ ਅੰਗ ਵਿਖੇ ਹੋਵੇ। ਬ੍ਰਿਣ ਨਵੀਨ ਹੋਵੇ, ਸਰੇਸ਼ਟਕਾਲ (ਹਿਮੰਤ, ਸਿਸਰ ਅਰ ਬਸੰਤ ਆਦਿ ਰੁੱਤਾਂ) ਵਿਖੇ ਹੋਵੇ, ਸੋ ਅਜਿਹਾ ਬ੍ਰਿਣ (ਫੋੜਾ) ਸਾਧ ਕਿਹਾ ਹੈ। ਲਾਲੀ ਆਦਿ ਜਿਸ ਵਿਚ ਕੁਛ ਨਾ ਹੋਵੇ, ਕਿੰਤੂ ਕਾਲਾ ਆਦਿ ਹੋਵੇ, ਸੋ ਅਜਿਹਾ ਬ੍ਰਿਣ ਅਸਾਧ ਹੈ॥੫੧॥੫੨॥

ਦੁਸ਼ਟ ਬ੍ਰਿਣ ਲੱਛਣ—ਦੋਹਰਾ

ਰਾਧ ਦੁਸ਼ਟ ਲੋਹੂ ਸ੍ਰਵਤ ਘਨਾ ਰਹਤ ਚਿਰ ਸੋਇ।
ਦੁਸਟ ਬਰਨਿ ਅਤਿ ਗੰਧ ਭਨਿ ਲਿੰਗ ਬਿਪਰਜੈ ਹੋਇ॥੫੩॥

ਰਾਧ ਦੁਰਗੰਧੀ ਵਾਲੀ ਬਹੇ, ਲੋਹੂ ਦਾ ਸ੍ਰਾਵ ਬਹੁਤ ਚਲੇ, ਚਿਰ ਦਾ ਹੋਯਾ ਹੋਵੇ, ਅਤਯੰਤ ਦੁਰਗੰਧੀ ਆਵੇ, ਸੁਧ ਬ੍ਰਿਣ ਦੇ ਲੱਛਣਾਂ ਤੇ ਉਲਟੇ ਲੱਛਣਾਂ ਵਾਲਾ ਇਹ ਦੁਸ਼ਟ ਬ੍ਰਿਣ ਕਿਹਾ ਜਾਂਦਾ ਹੈ॥੫੩॥

ਸੁਧ ਬ੍ਰਿਣ ਲੱਛਣ

ਜੀਭ ਤਲੈ ਆਭਾ ਮ੍ਰਿਦੁਲ ਚਿਕਨ ਬੇਦਨਾ ਨਾਹਿ।
ਸੁਧ ਅਵਸਥਾ ਸ੍ਰਵਤ ਨਹਿ ਸੁਧ ਨਾਮ ਬ੍ਰਣ ਯਾਹਿ॥੫੪॥
ਕਪੋਤ ਬਰਨ ਨਹਿ ਸ੍ਰਵਤ ਹੀ ਫੁਨਸੀ ਸਿਥਿਰ ਅਤਿ ਹੋਇ।
ਤਾਕੋ ਪੰਡਿਤ ਰੋਹਿਤੀ ਨਾਮ ਮਨਤ ਹੈ ਸੋਇ॥੫੫॥
ਰੂਡ ਗ੍ਰੰਥ ਆਸੂਨਤਾ ਤੁਚਾ ਸਾਰਖਾ ਪੀਰ।
ਸਮਯਗ ਰੂਢ ਸੁ ਨਾਮ ਭਨਿ ਕਹਤ ਮੇਘ ਸੁਨਿ ਬੀਰ॥੫੬॥

ਚੌਪਈ

ਰੂਢ ਆਤਮਾ ਗ੍ਰੰਥਮ ਸੂਨ। ਕਰਤ ਪੀਰ ਬਹੁਤੀ ਤਿਸ ਗੂਨ।
ਰੂਢ ਨਾਮ ਯਾਹੀ ਕਾ ਜਾਨ। ਮਾਧਵ ਤੇ ਮੁਨਿਮੇਘ ਬਖਾਨ॥੫੭॥

ਜੀਭ ਦੇ ਤਲੇ ਦੀ ਰੰਗਤ ਜੇਹਾ, ਕੋਮਲ, ਚੀਕੁਣਾ, ਜਿਸ ਵਿਚ ਪੀੜ ਨਾ ਹੋਵੇ, ਸੁਥਰਾ ਰਹੇ ਅਰ ਜਿਸ ਵਿਚੋਂ ਸ੍ਰਾਵ ਨਾ ਚਲੇ, ਉਹ ਬ੍ਰਿਣ ਸੁਧ ਕਿਹਾ ਜਾਂਦਾ ਹੈ। ਕਬੂਤ੍ਰ ਦੇ ਰੰਗ ਜੇਹਾ, ਸ੍ਰਾਵ ਨਾ ਹੋਵੇ, ਫੋੜੀ ਟਿਕੀ ਹੋਈ ਹੋਵੇ, ਤਿਸ ਦਾ ਪੰਡਿਤ ਰੋਹਿਤੀ ਨਾਮ ਆਖਦੇ ਹਨ। ਭਾਵ ਇਸ ਵਿਚ ਰਵੇ ਜੇਹੇ ਮਲੂਮ ਹੁੰਦੇ ਹਨ, ਇਸਤੇ ਭਰਨ ਵਾਲਾ ਬ੍ਰਿਣ ਹੈ। ਰੂਢ ਗ੍ਰੰਥੀ ਵਿਖੇ ਅਸੂੰਨਤਾ ਹੁੰਦੀ ਹੈ, ਚਮੜੀ ਦਾ ਸਰੀਖਾ ਰੰਗ ਹੁੰਦਾ ਹੈ। ਕਛ ਪੀੜਾ ਹੁੰਦੀ ਹੈ। ਇਹ ਸੰਮਕ ਅਛੀਤਰਾਂ "ਰੂਢ" ਨਾਮ ਵਾਲਾ ਕਿਹਾ

Digitized by Panjab Digital Library | www.panjabdigilib.org

ਹੈ ਰੂਢ ਆਤਮਾ ਗੁੰਬੀ ਵਿਚ ਅਸੂਨਤਾ ਅਰ ਬਹੁਤੀ ਪੀੜਾ ਜਾਣੋ, ਇਸਦਾ ਨਾਮ ਰੂਢ ਮਾਧਵ ਵਿਚ ਕਿਹਾ ਹੈ (ਅਸਲ ਵਿਚ ਇਹ ਭਰਨੇ ਵਾਲੇ ਫੋੜੇ ਦੇ ਲੱਛਣ ਹਨ)॥੫੪ ਤੋਂ ੫੭॥

ਕਸ਼ਟ ਸਾਧ ਬ੍ਰਿਣ—ਦੋਹਰਾ

ਕੁਸਟੀ ਸੋਖੀ ਬਿਖਵਤੀ ਮਧ ਮੇਹੀ ਸਬ ਜਾਨ।
ਕਸਟ ਸਾਧਯ ਬ੍ਰਿਣ ਇਨਨਿਕੇ ਲਖੋ ਬੈਦ ਕਰਿ ਗਯਾਨ ॥੫੮॥
ਬ੍ਰਿਣ ਮਹਿ ਬ੍ਰਿਣ ਅਰ ਮੇਦ ਮਹਿ ਮੱਜ ਬਸਾ ਮਹਿ ਹੋਇ।
ਸ੍ਰਵਤ ਮਿੱਜ ਜਿਮ ਜਾਨੀਯੋ ਕਸਟ ਸਾਧਯ ਸਭ ਸੋਇ ॥੫੯॥
ਆਗੰਤਕ ਬ੍ਰਣ ਸਾਧਯ ਹੈ ਦੋਖਜ ਬ੍ਰਿਣ ਸੁ ਅਸਾਧ।
ਤਾਕੋ ਹਾਥ ਨ ਘਾਲਿਯੋ ਜੋ ਘਾਲਤ ਤੌ ਬਯਾਧ ॥੬੦॥
ਚੰਪਾ ਚੰਦਨ ਕਮਲ ਘ੍ਰਿਤ ਸੁਭ ਸੁਗੰਧ ਜਿਮ ਫੂਲ।
ਸੁਰਾ ਦਿਬ ਸੁਗੰਧ ਹੀ ਜਿਹ ਬ੍ਰਿਣ ਮਹਿ ਇਹ ਮੂਲ ॥੬੧॥
ਐਸੀ ਦਿਬ ਸੁਗੰਧ ਜਯੋਂ ਜਿਹ ਬ੍ਰਿਣ ਤੇ ਅਤਿ ਆਇ।
ਸੋ ਰੋਗੀ ਕੋ ਜਾਨੀਓ ਨਿਸਚੇ ਕਰ ਜਮ ਖਾਇ ॥੬੨॥
ਮਰਮ ਬਿਖੇ ਤੌ ਪੀਰ ਬਹੁ ਅੰਦਰ ਘਨਾ ਤਪਾਇ।
ਬਾਹਰ ਸੀਤ ਬਾਹਰ ਚਲਤ ਘਨਾ ਜਾਨਿਯੋ ਭਾਇ ॥੬੩॥
ਅੰਦਰ ਸੀਤਲ ਸ੍ਵਾਸ ਹੀ ਬਲ ਜੁ ਮਾਸ ਘਟ ਜਾਇ।
ਖਾਂਸੀ ਅਰੋਚਕ ਹੁਇ ਘਨੀ ਰੁਧਿਰ ਪ੍ਰਤ ਬੱਧ ਆਇ ॥੬੪॥
ਮਰਮ ਬਿਖੇ ਬ੍ਰਿਣ ਹੋਤ ਜੋ ਚੰਗਾ ਹੁਇ ਨ ਇਲਾਜ।
ਸੋ ਬ੍ਰਿਣ ਤਯਾਗੋ ਵੈਦ ਤੁਮ ਜੋ ਆਤਮ ਜਸ ਕਾਜ ॥੬੫॥

ਕੁਸ਼ਟ ਰੋਗੀ, ਸੋਖੀ ਭਾਵ ਖਈ ਰੋਗੀ, ਵਿਖ ਵਾਲਾ ਰੋਗੀ, ਮਧੁਮੇਹ ਯਾ ਸਭ ਮੇਹ ਰੋਗਾਂ ਵਾਲੇ ਦੇ ਬ੍ਰਿਣ ਹੋਯ ਤਾਂ ਅਸਾਧ ਹੈ। ਬ੍ਰਿਣ ਵਿਚ ਬ੍ਰਿਣ ਉਠੇ, ਮੇਦ, ਮੱਜਾ ਅਰ ਬਸਾ ਵਿਖੇ ਬ੍ਰਿਣ ਹੋਵੇ ਅਰ ਮਿੱਜ ਵਾਂਗ ਜੇੜ੍ਹਾ ਸ੍ਰਵਦਾ ਹੋਵੇ, ਸੋ ਸਭ ਅਸਾਧ ਹੈ। ਆਗੰਤੁਕ ਬ੍ਰਿਣ ਸਾਧ ਹੈ, ਬਾਤਾਦਿ ਦੋਖਾਂਜਨ ਬ੍ਰਿਣ ਅਸਾਧ ਹੁੰਦਾ ਹੈ। ਉਸਨੂੰ ਹੱਥ ਨਾ ਪਾਵੇ, ਜੇ ਪਾਵੇ ਤਾਂ ਬਿਆਧੀ ਹੈ। ਚੰਬਾ, ਚੰਦਨ, ਕਮਲ, ਘਿਉ, ਅਥਵਾ ਸਰੇਸ਼ਟ ਫੁਲਾਂ ਵਾਂਗ ਸੁਗੰਧੀ ਬ੍ਰਿਣ ਵਿਚੋਂ ਆਵੇ, ਸ਼ਰਾਬ ਜੇਹੀ ਯਾਂ ਦਿੱਬ ਸੁਗੰਧੀ ਆਵੇ। ਐਸੀ ਦਿੱਬ ਸੁਗੰਧੀ ਜਿਸ ਬ੍ਰਿਣ ਤੋਂ ਆਵ, ਉਸ ਰੋਗੀ ਨੂੰ ਜਾਣ ਲਵੇ ਕਿ ਨਿਸਚੇ ਹੀ ਜਮ ਖਾ ਜਾਵੇਗਾ। ਜੇਹੜਾ ਬ੍ਰਿਣ ਮਰਮ ਥਾਂ ਵਿਖੇ ਹੋਵੇ ਅਰ ਜਿਸ ਵਿਚ ਬਹੁਤੀ ਪੀੜਾ, ਅੰਦਰੋਂ ਬਹੁਤਾ ਤਪਦਾ ਹੋਵੇ। ਬਾਹਰ ਅਤਜੰਤ ਵਧਦਾ ਹੋਵੇ, ਯਾ ਅੰਦਰੋਂ ਸੀਤਲ ਹੋਵੇ, ਸ੍ਵਾਸ ਹੋਵੇ। ਬਲ ਮਾਂਸ,ਘਟਦਾ

Digitized by Panjab Digital Library | www.panjabdigilib.org

ਜਾਵੇ, ਖਾਂਸੀ ਅਰ ਅਰੁਚੀ ਬਹੁਤੀ ਹੋਇ, ਲਹੂ ਪਾਕ ਵਧਦੀ ਜਾਵੇ, ਅਰ ਜੇਹੜਾ ਮਰਮ ਸਥਾਨ ਵਿਖੇ ਹੋਵੇ, ਇਹ ਸਭ ਯਤਨ ਕਰਕੇ ਸਿਧ ਨਹੀਂ ਹੁੰਦੇ; ਇਨ੍ਹਾਂ ਫੋੜਿਆਂ ਨੂੰ ਆਪਣਾ ਯਸ਼ ਚਾਹੁਣ ਵਾਲਾ ਵੈਦ ਤਯਾਗ ਦੇਵੇ ॥੫੮ ਤੋਂ ੬੫॥

ਬ੍ਰਿਣ ਰੋਗ ਉਪਾਯ—ਦੋਹਰਾ

ਕਨਕ ਚਾਬ ਦੰਤੋਂ ਕਰੀ ਕਾਚੀ ਬ੍ਰਿਣ ਕੌ ਲਾਇ।
ਸਾਤ ਦਿਵਸ ਮਹਿ ਪਾਕ ਹੈ ਉਤਮ ਏਹ ਉਪਾਇ ॥੬੬॥

੧੫੧੦—ਕਣਕ ਦੰਦਾਂ ਨਾਲ, ਚਬਕੇ ਕੱਚੀ ਬ੍ਰਿਣ ਪਰ ਲਾਵੇ ਤਾਂ ੭ ਦਿਨ ਵਿਚ ਪਕ ਜਾਵੇ, ਇਹ ਸੁਖੈਨ ਅਰ ਸਰੇਸ਼ਟ ਯਤਨ ਹੈ ॥੬੬॥

ਸਿਗ੍ਰੂ ਤੁਚ ਅਰੁ ਸੇਂਧਵਾ ਗੋਮੂਤਰ ਸੋ ਪੀਸ।
ਕਾਚੀਂ ਬ੍ਰਿਣ ਪਾਕਤ ਸਹੀ ਫੂਟ ਬੇਦਨਾ ਜੀਸ ॥੬੭॥

੧੫੧੧—ਸੁਹਾਂਝਣੇ ਦੀ ਛਿਲ ਤੇ ਸੇਂਧਾਨਿਮਕ, ਗਊਮੂਤਰ ਨਾਲ ਪੀਹਕੇ ਲਾਵੇ ਤਾਂ ਬ੍ਰਿਣ ਪਕਕੇ ਫੁੱਟ ਜਾਂਦਾ ਹੈ, ਇਸ ਤਰਾਂ ਕੱਚਾ ਬ੍ਰਿਣ ਪੱਕਦਾ ਹੈ ॥੬੭॥

ਭੇਡ ਅਜਾ ਕੀ ਮੀਂਗਣਾ ਗੋ ਮੂਤਰ ਸੰਗਿ ਲਾਇ।
ਪਾਕਤ ਫੂਟਤ ਸੁਭ ਹੁਵਤ ਬ੍ਰਿਣ ਪੀਰਾ ਸਭ ਜਾਇ ॥੬੮॥

੧੫੧੨—ਭੇਡ ਯਾਂ ਬਕ੍ਰੀ ਦੀਆਂ ਮੇਙਣਾਂ, ਗਊਮੂਤ੍ਰ, ਵਿਚ ਘੋਟਕੇ ਲਾਵੇ ਤਾਂ ਬ੍ਰਿਣ ਪਕਕੇ ਫੁਟ ਜਾਂਦਾ ਅਰ ਚੰਗਾ ਹੁੰਦਾ ਹੈ, ਪੀੜਾ ਨਹੀਂ ਰਹਿੰਦੀ ॥੬੮॥

(ਅਤ੍ਰਾਤ)—ਚੌਪਈ

ਰਹਸਨ ਬਚ ਸੁੰਠੀ ਕੋ ਆਨ। ਮਾਤਲੁੰਗ ਰਸ ਤਾਮਹਿ ਠਾਨ।
ਕਾਂਜੀ ਸੇਤੀ ਧੋਵਨ ਕਰੋ। ਬ੍ਰਿਣ ਜੁ ਬਾਤਕਾ ਤਾਂਕੋ ਹਰੋ ॥੬੯॥

੧੫੧੩—ਰਾਸਨਾ, ਵਚ, ਸੁੰਢ, ਬਿਜੌਰੇ ਦਾ ਰਸ ਅਰ ਫਿਰ ਕਾਂਜੀ ਵਿਚ ਪਾਕੇ ਸਭ ਤਰਾਂ ਦੇ ਬ੍ਰਿਣ ਧੋਯਾ ਕਰੇ ਤਾਂ ਬਾਤਜ ਬ੍ਰਿਣ ਚੰਗਾ ਹੋਵੇ ॥੬੯॥

ਚੌਪਈ

ਯਸਟੀ ਮਧੁਕ ਮਜਿਸਟ ਪਟੋਲ। ਨਿੰਬਪਾਨ ਪਯ ਕ੍ਵਾਥ ਸ ਘੋਲ।
ਬ੍ਰਿਣ ਸੁ ਪਿਤ ਕਾ ਧੋਵੇ ਸਹੀ। ਮਿਟਤ ਦਰਦ ਚੰਗਾ ਹੁਇ ਕਹੀ ॥੭੦॥

੧੫੧੪—ਮੁਲੱਠੀ, ਮਹੂਆ, ਮੰਜੀਠ, ਪਟੋਲਪਤ੍ਰ, ਨਿੰਮ ਦੇ ਪਤ੍ਰ ਅਰ ਦੁਧ ਪਾਕੇ ਕਾੜ੍ਹਾ ਕਰੇ, ਉਸ ਜਲ ਨਾਲ ਫਿਰ ਪਿਤ ਦਾ ਬ੍ਰਿਣ (ਫੋੜਾ) ਧੋਯਾ ਕਰੇ ਤਾਂ ਦਰਦ (ਪੀੜ) ਹਟਕੇ ਚੰਗਾ ਹੋਵੇ ॥੭੦॥

ਕਪਿਥ ਅੰਰਜਨਾ ਤ੍ਰਿਫਲ ਕਦੰਬ। ਕ੍ਵਾਥ ਕਰੀ ਧੋਵੇ ਲੈ ਕੰਬ।
ਕਫਦਾ ਬ੍ਰਿਣ ਯਾਹੀ ਤੇ ਜਾਇ। ਮਿਟਤ ਨ ਤਾਕੋ ਸੁੱਧ ਕਰਾਇ ॥੭੧॥

Digitized by Panjab Digital Library | www.panjabdigilib.org

੧੫੧੫–ਕੈਥ, ਕਊਬ੍ਰਿਛ ਦੀ ਛਿੱਲ ਤੇ ਕਦੰਬ ਦੀ ਛਿਲ ਪਾਣੀ ਵਿਚ ਕਾੜ੍ਹਾ ਕਰਕੇ ਉਸ ਜਲ ਨਾਲ ਬ੍ਰਿਣ ਧੋਵੇ ਤਾਂ ਕਫ ਦਾ ਬ੍ਰਿਣ ਇਸ ਨਾਲ ਹਟਦਾ ਹੈ। ਹਟਦਾ ਭਾਵੇਂ ਨਹੀਂ, ਪਰੰਤੂ ਸ਼ੁਧ ਅਵੱਸ਼ ਕਰਦਾ ਹੈ ॥੭੧॥

ਸਰਬ ਬ੍ਰਿਣ ਧੋਵਨ ਉਪਾਇ–ਦੋਹਰਾ

ਆਸਗੰਧ ਅਰ ਨਿੰਬ ਲੈ ਕ੍ਵਾਥ ਕਰੀ ਜੁ ਧੁਵਾਇ।
ਬ੍ਰਿਣ ਫੂਟਾ ਸਭ ਘਾਵ ਕੋ ਤੁਰਤੈ ਸੁੱਧ ਕਰਾਇ ॥੭੨॥

੧੫੧੬–ਅਸਗੰਧ ਤੇ ਨਿੰਬ ਦੋਹਾਂ ਦਾ ਕਾੜ੍ਹਾ ਕਰਕੇ ਸਾਰੇ ਬ੍ਰਿਣ ਧੋਵੇ, ਫੁਟੇ ਹੋਏ ਬ੍ਰਿਣ ਦੇ ਸਾਰੇ ਘਾਉ ਨੂੰ ਤੁਰਤ ਹੀ ਸੁਧ ਕਰਦਾ ਹੈ ॥੭੨॥

ਲੇਪ (ਅਤ੍ਰਾਂਤ)–ਚੌਪਈ

ਮਾਤਲੁੰਗ ਅਰਨੀ ਕਾ ਮੂਰ। ਕਾਂਜੀ ਸੇਤੀ ਲੇਪੁ ਜੁ ਪੂਰ।
ਦੇਵਦਾਰ ਵਾ ਸੁੰਫ ਲਿਪਾਇ। ਬ੍ਰਿਣ ਜੁ ਬਾਤ ਕਾ ਦੂਰ ਨਸਾਇ ॥੭੩॥
ਨੜਾ ਮੂਰਵਾ ਮੁਹਲੇਠੀ ਆਨ। ਚੰਦਨ ਚੰਦਨਰਕਤ ਬਖਾਨ।
ਤੰਦੁਲ ਜਲ ਸੋ ਲੇਪੁ ਕਰਾਇ। ਬ੍ਰਿਣ ਪਿੱਤ ਕਾ ਨਾਸ ਕਰਾਇ ॥੭੪॥
ਲੋਦਾਂ ਅੰਕੋਲ ਕਦੰਬ ਮੰਗਾਇ। ਨਿੰਬ ਅਰਜਨਾ ਬੇਤਸ ਪਾਇ।
ਪਾਕੇ ਬ੍ਰਿਣ ਪਰ ਲੇਪਨ ਕਰੋ। ਕਫ ਬ੍ਰਿਣ ਸਭ ਕੀ ਪੀਰਾ ਹਰੋ ॥੭੫॥

੧੫੧੭–ਬਿਜੌਰਾ, ਅਰੁਣੀ ਦੀ ਜੜ, ਕਾਂਜੀ ਨਾਲ ਲੇਪ ਕਰੇ। ਯਾ–

੧੫੧੮–ਦੇਵਦਾਰ ਤੇ ਸੁੰਠ, ਜਲ ਨਾਲ ਲੇਪ ਕਰੇ ਤਾਂ ਬਾਤ ਦਾ ਬ੍ਰਿਣ ਨਾਸ਼ ਕਰੇ ॥੭੩॥

੧੫੧੯–ਨੜੇ ਦੀ ਜੜ, ਮਰੋੜਫਲੀ, ਮੁਲਠੀ, ਚਿਟਾਚੰਦਨ, ਲਾਲ ਚੰਦਨ ਤੇ ਚਾਵਲਾਂ ਦਾ ਪਾਣੀ, ਘੋਟ ਲੇਪ ਕਰੇ, ਤਾਂ ਪਿਤ ਦਾ ਬ੍ਰਿਣ ਨਾਸ਼ ਕਰੇ ॥੭੪॥

੧੫੨੦–ਪਠਾਣੀਲੋਧ, ਢੇਰਾ †ਬ੍ਰਿਛ, ਕਦੰਬਬ੍ਰਿਛ, ਨਿੰਮਬ੍ਰਿਛ, ਕਊਬ੍ਰਿਛ ਤੇ ਬੈਂਤ ਬ੍ਰਿਛ, ਇਨ੍ਹਾਂ ਸਭਨਾਂ ਦੀ ਛਿੱਲ ਦਾ ਪੱਕੇ ਫੋੜੇ ਪਰ ਲੇਪ ਕਰੇ ਤਾਂ ਕਫ ਬ੍ਰਿਣ ਦੀ ਸਾਰੀ ਪੀੜਾ ਨਾਸ਼ ਕਰੇ ॥੭੫॥

ਗੰਭੀਰ ਬ੍ਰਿਣੇ–ਚੌਪਈ

ਧਾਵੇ ਨਿੰਬ ਕਰੰਜੂ ਏਕ। ਕਦੰਬ ਅਰਜਨਾ ਬੇਤਸ ਧੇਕ।
ਪਾਦ ਵਸੇਖਾ ਕ੍ਵਾਥ ਜੁ ਹੋਇ। ਧੋਵੇ ਬ੍ਰਿਣ ਗੰਭੀਰ ਨ ਹੋਇ ॥੭੬॥

੧੫੨੧–ਧਾਵਿਆਂ ਦੇ ਫੁਲ, ਮੀਚਕਾ, ਕਦੰਬ, ਕਊ, ਬੈਂਤ ਤੇ ਡੇਕ, ਇਨ੍ਹਾਂ ਦਾ ਕਾੜ੍ਹਾ ਕਰੇ, ਜਦ ਚੌਥਾ ਹਿੱਸਾ ਸੜਕੇ ਬਾਕੀ ਰਹੇ ਤਾਂ ਉਸ ਕ੍ਵਾਥ ਦੇ ਪਾਣੀ ਨਾਲ ਗੰਭੀਰ ਦਾ ਬ੍ਰਿਣ ਧੋਵੇ ਤਾਂ ਨਾਸ਼ ਹੋਵੇ ॥੭੬॥

---

†ਅਕੋਲ–ਢੇਰਾ ਹੈ, ਦੇਖੋ ਭਾਵ ਪ੍ਰਕਾਸ਼ ਤੇ ਔਸ਼ਧੀ ਕੋਸ਼।

Digitized by Panjab Digital Library | www.panjabdigilib.org

ਸਰਬ ਬ੍ਰਿਣੇ (ਅਤ੍ਰਿਆਤ)–ਚੌਪਈ

ਖਾਰ ਮੰਜਿਸਟਾ ਰਸਵਤ ਆਨ। ਮਨਸਿਲ ਗੋਮੂਤ੍ਰਹਿ ਪੀਸਾਨ।
ਬਸਤ੍ਰ ਲਾਇਕੇ ਲਾਵੈ ਬ੍ਰਣੇ। ਮਿਟਤਾ ਬ੍ਰਿਣਅਤ੍ਰੈ ਇਮ ਭਨੇ ॥੭੭॥

੧੫੨੨–ਜੌਂਖਾਰ, ਮਜੀਠ, ਰਸੌਂਤ ਤੇ ਮਨਸਿਲ, ਗਊ ਮੂਤ੍ਰ ਨਾਲ ਪੀਹਕੇ ਬਸਤ੍ਰ ਪਰ ਲਾਕੇ ਬ੍ਰਿਣ ਪਰ ਲਾਵੇ ਤਾਂ ਬ੍ਰਿਣ ਨਾਸ਼ ਕਰੇ, ਇਹ ਅਤਰੇ ਨੇ ਕਿਹਾ ਹੈ ॥੭੭॥

ਨਿੰਬ ਪਾਤ ਮਧੁ ਸੰਗ ਲਿਪਾਇ। ਨਿੰਬ ਪਤ੍ਰ ਤਿਲ ਖੌਦ੍ਰ ਲਾਇ।
ਦਾਰਵੀ ਮਧੁ ਲਾਵੈ ਬ੍ਰਿਣ ਜਾਇ। ਤੀਨ ਯੋਗ ਅਤ੍ਰਯ ਜੁ ਬਤਾਇ ॥੭੮॥

੧੫੨੩–ਨਿੰਮ ਦੇ ਪੱਤੇ ਸ਼ਹਤ ਨਾਲ ਲੇਪੇ। ਯਾ:—
੧੫੨੪–ਨਿੰਮ ਦੇ ਪੱਤ੍ਰ ਤੇ ਤਿਲ ਸ਼ਹਤ ਪਾਕੇ ਲਾਵੇ। ਯਾ:—
੧੫੨੫–ਦਾਰ ਹਲਦੀ ਸ਼ਹਤ ਨਾਲ ਲਾਵੇ ਤਾਂ ਸਭ ਤਰਾਂ ਦੇ ਬ੍ਰਿਣ ਨਾਸ ਕਰੇ, ਇਹ ਤਿੰਨੇ ਯੋਗ ਅੱਤਰੇ ਨੇ ਕਹੇ ਹਨ ॥੭੮॥

ਤਿਲ ਕਾ ਕਲਕ ਜੁ ਬ੍ਰਿਣ ਸੁਧਾਇ।
ਤਿਲ ਨਿੰਬ ਕ੍ਵਾਥ ਸ ਧੋਵਤ ਲਜਾਇ।
ਦੋਊ ਜੋਗ ਧੋਵਨ ਬ੍ਰਿਣ ਕਹੇ। ਮੇਘ ਰਿਖਹਿ ਅੱਤ੍ਰਯ ਤੇ ਲਹੇ ॥੭੯॥

੧੫੨੬–ਤਿਲਾਂ ਦਾ ਕਲਕ ਕਰਕੇ ਬ੍ਰਿਣ ਧੋਵੇ ਤਾਂ ਸੁਧ ਕਰੇ। ਯਾ:—
੧੫੨੭–ਤਿਲ ਤੇ ਨਿੰਮ ਦਾ ਕਾੜ੍ਹਾ ਕਰਕੇ ਧੋਵੇ। ਇਹ ਦੋਨੋ ਯੋਗ ਧੋਣ ਦੇ ਮੇਘ ਨੇ ਅੱਤਰੇ ਤੋਂ ਕਹੇ ਹਨ ॥੭੯॥

ਸਰਬ ਬ੍ਰਿਣੇ ਮਲਮ–ਚੌਪਈ

ਚਿੜੀ ਬੀਠ ਸਿਤ ਮਾਸੇ ਤੀਸ। ਫਟਕਰ ਫੂਲੀ ਟੰਕਣ ਜੁ ਦੀਸ।
ਸਿੰਗ੍ਰਫ ਤੁਥਕ ਦੋ ਦੋ ਮਾਸੇ। ਸੁਧ ਬਰੋਜਾ ਪਲ ਇਕ ਪਾਸੇ ॥੮੦॥
ਪ੍ਰਿਥਕ ਬਰੋਜਾ ਗਰਮ ਕਰਾਇ ਆਗ ਉਤਾਰੀ ਸਭ ਪਿਸਵਾਇ ॥
ਦੀਬਾਲੀ ਕੇ ਦੀਵੇ ਭਰੇ। ਚੀਥਟ ਸੇਤੀ ਫੋੜੇ ਧਰੇ ॥੮੧॥
ਔਰ ਨ ਭਾਂਜਨ ਪਾਵੈ ਸਹੀ। ਦੀਪਮਾਲ ਕੇ ਦੀਪਕ ਕਹੀ।
ਚੀਪਟ ਲਾਈ ਫੋੜਾ ਸੇਕ। ਸਕਲ ਬ੍ਰਿਣਾ ਕੋ ਕਾਟੈ ਏਕ ॥੮੨॥

੧੫੨੮–ਚਿੜੀਆਂ ਦੀ ਸਫੇਦ ਵਿਠ ੩੦ ਮਾਸੇ। ਫਟਕੜੀ ਦੀ ਖਿੱਲ ੧ ਟੰਕ ਅਰਥਾਤ ੪ ਮਾਸੇ, ਸਿੰਗ੍ਰਫ ੨ ਮਾਸੇ, ਨੀਲਾਥੋਥਾ, ੨ ਮਾਸੇ, ਸਾਫ ਕੀਤਾ ਬਿਰੋਜਾ ੧ ਪਲ (੪ ਤੋਲੇ)। ਪਹਿਲੇ ਅਕੱਲਾ ਬਿਰੋਜਾ ਗਰਮ ਕਰੇ, ਫਿਰ ਅਗ ਤੋਂ ਉਤਾਰਕੇ ਸਭ ਪੀਸੀਆਂ ਦਵਾਈਆਂ ਪਾਕੇ ਪੀਹੇ। ਤਿਆਰ ਕਰਕੇ ਦੀਵਾਲੀ ਦੇ ਦੀਵਿਆਂ ਵਿਚ ਭਰ ਰਖੇ। ਬਸਤ੍ਰ ਪਰ ਲਾਕੇ ਫੋੜੇ ਪਰ ਲਾਵੇ। ਹੋਰ ਕਿਸੇ ਭਾਂਡੇ

Digitized by Panjab Digital Library | www.panjabdigilib.org

ਵਿਚ ਨਾ ਪਾਵੇ। ਸਿਰਫ ਦੀਵਾਲੀ ਦੇ ਦੀਵਿਆਂ ਵਿਚ ਭਰ ਲਵੇ। ਬਸਤ੍ਰ (ਫਹੇ) ਪਰ ਲਾਕੇ ਫੋੜੇ ਪਰ ਲਾ ਦਿਓ; ਪਿਛੋਂ ਕੁਛ ਸੇਕ ਦੇ ਦੇਣਾ। ਇਹ ਸਭ ਤਰਾਂ ਦੇ ਬ੍ਰਿਣਾਂ ਵਾਸਤੇ ਬਹੁਤ ਸਰੇਸ਼ਟ ਦਵਾਈ ਹੈ ॥੯੦ ਤੋਂ ੯੨॥

ਟੰਕ ਦਸੇ ਮੀਠਾ ਲੈ ਤੇਲ। ਕਰੋ ਗਰਮ ਅਯ ਭਾਂਜਨ ਮੇਲ।
ਪਕੇ ਤੇਲ ਤਬ ਲੇਹੁ ਉਤਾਰ। ਪੈਸਾ ਏਕ ਮੋਮ ਲੈ ਡਾਰ ॥੯੩॥
ਤਾਕੇ ਪੀਛੇ ਰਾਇ ਸੁਪੇਦਾ। ਪੈਸਾ ਏਕ ਵਜਨ ਜੁ ਕਰੇਂਦਾ।
ਤਾਕੇ ਪਾਛੇ ਮਾਸੇ ਤੀਨ। ਨੀਲਾਥੋਥਾ ਮਾਸੇ ਦੀਨ ॥੯੪॥
ਕਰਿ ਮਲਮ ਭਾਂਜਨ ਮੈ ਪਾਇ। ਚੀਵਟ ਲਾਈ ਬ੍ਰਿਣ ਪਰ ਲਾਇ।
ਸਰਬ ਜਾਤਿ ਕਾ ਬ੍ਰਿਣ ਉਪਦੰਸ। ਜਾਵਤ ਲਾਵੇ ਪਾਕੇ ਤੰਸ ॥੯੫॥

੧੫੨੯-ਮਿੱਠਾ ਤੇਲ ੧੦ ਟੰਕ ਲੋਹੇ ਦੇ ਭਾਡੇ ਵਿੱਚ ਪਾਕੇ ਗਰਮ ਕਰੇ, ਜਦ ਤੇਲ ਪੱਕ ਜਾਵੇ ਤਾਂ ਉਤਾਰ ਲਵੇ। ਉਸ ਵਿੱਚ ੧ ਪੈਸਾ ਭਰ ਮੋਮ ਪਾਵੇ, ਫਿਰ ੧ ਪੈਸਾ ਭਰ ਸਫੈਦਾ ਪਾਵੇ। ਫਿਰ ਤਿੰਨ ਮਾਸੇ ਨੀਲਾਥੋਥਾ ਪਾਵੇ। ਇਸ ਤਰ੍ਹਾਂ ਮਲ੍ਹਮ ਕਰਕੇ ਭਾਂਡੇ ਵਿੱਚ ਪਾਇ ਰਖੇ। ਟਾਕੀ ਪਰ ਲਾਕੇ ਬ੍ਰਿਣ ਪਰ ਲਾਵੇ ਤਾਂ ਸਭ ਜਾਤੀ ਦਾ ਫੋੜਾ, ਆਤਸ਼ਕ ਨਾਸ ਕਰੇ ॥੯੩ ਤੋਂ ੯੫॥

ਬ੍ਰਿਣ ਪਕਾਵਨ ਫੋੜਨ ਉਪਾਇ-ਦੋਹਰਾ

ਚੂਨਾ ਸਾਬਨ ਮਦਨ ਫਲ ਲਵਨ ਚੋਕ ਨਿੰਬ ਪਾਤ।
ਗੁਗਲ ਰੀਠਾ ਏਲੁਵਾ ਕੁਚਲੇ ਆਛੇ ਘਾਤ ॥੯੬॥
ਗੁਲਾਬਾਂਸ ਦਲ ਦੀਜੀਏ ਅਰ ਬੇਰੀ ਕੇ ਪਾਤ।
ਗੋਮੂਤ੍ਰ ਲੇਪਨ ਕਰੋ ਬ੍ਰਿਣ ਸਭ ਪਕੈ ਫੁਟਾਤ ॥੯੭॥

੧੫੩੦-ਚੂਨਾਕਲੀ, ਸਬੂਣ, ਰਾੜਾ, ਨਿਮਕ, ਚੋਚ, ਨਿੰਮ ਤੇ ਪੱਤੇ; ਗੁੱਗਲ, ਰੀਠੇ ਦੀ ਛਿਲ, ਏਲੂਆ, ਕੁਚਲੇ, ਗੁਲਾਬਾਂਸ਼ੀ ਦੇ ਪੱਤੇ ਅਰ ਬੇਰੀ ਦੇ ਪੱਤੇ ਗਊਮੂਤ੍ਰ ਵਿਚ ਘੋਟਕੇ ਲੇਪ ਕਰੇ ਤਾਂ ਸਭ ਬ੍ਰਿਣ ਪੱਕ ਕੇ ਫਟ ਜਾਂਦੇ ਹਨ ॥ ੯੬ ॥ ੯੭ ॥

ਸੋਰਠਾ

ਚੂਨਾ ਸਾਜੀ ਲਜਾਇ ਸਾਬਨ ਗੋਮੂਤ੍ਰ ਲਿਪੋ।
ਪਕਤ ਫੂਟ ਹੋਇ ਜਾਇ ਪੀਰਾ ਮਿਟ ਸਭ ਸੁਖ ਕਰਤ ॥੯੮॥

੧੫੩੧-ਚੂਨਾਕਲੀ, ਸੱਜੀ ਤੇ ਸਾਬੂਣ ਗੋਕੇ ਪੇਸ਼ਾਬ ਨਾਲ ਘੋਟਕੇ ਲੇਪ ਕਰੇ ਤਾਂ ਫੋੜਾ ਪੱਕਕ ਫੁੱਟੇ, ਪੀੜਾ ਸਭ ਤਰਾਂ ਦੀ ਜਾਂਦੀ ਰਹੇ ॥ ੯੮ ॥

ਅਬ ਨਾੜੀ ਬ੍ਰਿਣ ਨਥੂਰ ਨਿਦਾਨ-ਦੋਹਰਾ

ਬ੍ਰਿਣ ਪਾਕੇ ਕੀ ਪੂਤ ਹੀ ਨਸਾ ਗਲਾਵਤ ਜੋਇ।

Digitized by Panjab Digital Library | www.panjabdigilib.org

ਤਾਤੇ ਨਾੜੀ ਬਹਿ ਚਲਤ ਨਾਮ ਨਬੂਰ ਸੁ ਹੋਇ ॥੮੯॥
ਤੀਨ ਦੋਖ ਅਰੁ ਸੰਨਿ ਤੇ ਸਲ ਪੰਚਮੇਂ ਜਾਨ ।
ਪਾਂਚ ਨਬੂਰ ਕਹੈ ਸਭੈ ਮਾਧਵ ਤੇ ਬਿਧਿ ਆਂਨ ॥੯੦॥

ਪਕੇ ਫੋੜੇ ਦੀ ਪਾਕ ਸਭ ਨਾੜੀਆਂ ਨੂੰ ਗਲਾ ਦਿੰਦੀ ਹੈ । ਇਸਤੇ ਨਾੜੀ ਵਗ ਤੁਰਦੀ ਹੈ, ਇਸਨੂੰ ਨਬੂਰ ਆਖਦੇ ਹਨ । ਤ੍ਰਿਦੋਖ ਕਰਕੇ ਤਿੰਨ, ਸੰਨਤਿ ੪, ਸਲ ਤੇ ਪੰਜ । ਇਹ ੫ ਤਰ੍ਹਾਂ ਦਾ ਨਬੂਰ ਹੈ ॥ ੮੯ ॥ ੯੦ ॥

ਚੌਪਈ

ਝਾਗ ਰਾਧ ਅਤਿ ਸ੍ਰਵਤੀ ਸੂਰ । ਸੂਖਮ ਮੁਖ ਅਤਿ ਕਠਿਨ ਸ ਮੂਰ ।
ਬਾਤ ਨਬੂਰ ਕਹਤ ਹੈ ਸਾਧ । ਸੋ ਤੋ ਜਾਨੋ ਬਡੀ ਬਿਆਧ ॥ ੯੧ ॥

ਸੋਰਠਾ

ਤ੍ਰਿਟ ਜੁਰ ਜਾਨੋ ਦਾਹ ਪੀਤ ਸ੍ਰਵਤ ਘਨਿ ਗਰਮ ਪੂਯ ।
ਪਿਤ ਨਬੂਰ ਸੁ ਯਾਹਿ ਮਾਧਵ ਬਚਨ ਪ੍ਰਮਾਨ ਗਹਿ ॥੯੨॥
ਪਿਛਲ ਸ੍ਰਵਤ ਜੁ ਸ੍ਵੇਤ ਖਾਜ ਪੀਰ ਨਿਸ ਕੋ ਬਢੈ ।
ਸਘਨਿ ਜੁ ਕਫਕਾ ਹੇਤ ਜਾਨੋ ਪੰਡਿਤ ਗਜਾਨ ਕਰ ॥੯੩॥

ਝਗ, ਪਾਕ ਸ੍ਰਵਦੀ ਤੇ ਸੂਲ ਹੁੰਦਾ ਹੈ । ਬਾਰੀਕ ਮੂੰਹ ਅਤਯੰਤ ਕਰੜਾ ਹੋਇ, ਇਹ ਬਾਤ ਦਾ ਨਬੂਰ ਹੈ । ਇਹ ਕਠਨ ਹੈ । ਪਿਆਸ, ਤਾਪ, ਦਾਹ ਪੀਲੀ ਗਰਮ ਤੇ ਬਹੁਤੀ ਪਾਕ ਸ੍ਰਵੇ, ਇਹ ਪਿਤ ਦਾ ਨਬੂਰ ਹੈ ॥੯੨॥ ਗਾੜ੍ਹਾ ਪਿਛ ਵਤ ਸ੍ਰਾਵ, ਚਿਟਾ, ਖੁਰਕ ਤੇ ਪੀੜ ਅਰ ਰਾਤ੍ਰੀ ਨੂੰ ਵਧੇ ਉਹ ਗਾੜ੍ਹਾ ਸ੍ਰਾਵ ਨਿਕਲੇ ਇਹ ਕਫ ਦਾ ਨਬੂਰ ਹੈ ॥ ੯੩ ॥

ਅਸਾਧ ਲੱਛਣ–ਚੌਪਈ

ਬਦਨ ਸੋਖ ਮੂਰਛਾ ਜੁਰ ਸ੍ਵਾਸ । ਦਾਹ ਘਨੀ ਸੰਨਿਪਾਤ ਬਿਲਾਸ ।
ਕਹਯੋ ਘੋਰ ਸੋ ਕਾਲ ਸਮਾਨ । ਸੋ ਲੇਵਤ ਨਰਕੇ ਜੋ ਪ੍ਰਾਨ ॥੯੪॥
ਝਾਗ ਗਰਮ ਲੋਹੂ ਨਿਕਲਾਇ । ਸੋ ਤੋ ਸਲਜ ਜਾਨ ਮਨਿ ਲਾਇ ।
ਸੰਨਪਾਤ ਕੋ ਜਾਨ ਅਸਾਧ । ਅਪਰ ਕਸਟ ਜੋ ਸਾਧ ਬਿਆਧ ॥੯੫॥

ਮੂੰਹ ਸੁਕੇ, ਮੂਰਛਾ, ਤਾਪ, ਦਮਾਂ ਅਰ ਬਹੁਤਾ ਦਾਹ, ਇਹ ਸੰਨਿਪਾਤ ਦਾ ਨਬੂਰ ਹੈ, ਕਾਲ ਸਮਾਨ ਭਯਾਨਕ ਹੈ । ਇਹ ਪੁਰਸ਼ ਦੇ ਪ੍ਰਾਣ ਲੈਣੇ ਹਾਰਾ ਹੈ । ਝਗ ਸਮੇਤ ਗਰਮਾ ਗਰਮ ਲਹੂ ਨਿਕਲੇ । ਸੋ ਅਜੇਹਾ ਸੱਲਜ ਨਬੂਰ ਹੈ । ਸੰਨਪਤਿ ਕਾ ਜਾਣੋ ਅਸਾਧ ਹੈ । ਹੋਰ ਕਸ਼ਟ ਸਾਧ ਹਨ ॥ ੯੪ ॥ ੯੫ ॥

Digitized by Panjab Digital Library | www.panjabdigilib.org

ਉਪਾਇ—ਦੋਹਰਾ

ਨੀਲਾਥੋਥਾ ਚੋ ਲੈ ਬਿਸਟਾ ਲੇਹੁ ਸ੍ਰਿਗਾਲ।
ਸਿਪੀ ਚੂਨਾ ਅਸਥਿ ਨਰ ਅਸਥਿ ਅਜਾਕੋ ਘਾਲ ॥੯੬॥
ਅਸਥ ਜਾਲ ਸਭ ਪੀਸੀਏ ਮਧੁ ਜੋ ਬਾਟੀ ਦੇਇ।
ਮਿਟੈ ਨਥੂਰ ਜੁ ਬਹੁ ਚਿਰਾ ਸਾਤ ਦਿਵਸ ਸੁ ਕਰਇ ॥੯੭॥
ਕੂੰਗੂ ਸੁੰਠਿ ਸੰਧੂਰ ਲੈ ਗੋ ਘ੍ਰਿਤ ਲੇਤ ਲਗਾਇ।
ਬਾਤੀ ਦੇਦੇ ਬੀਚ ਮਹਿ ਰੋਗ ਨਥੂਰ ਮਿਟਾਇ ॥੯੮॥
ਬਾਟੀ ਧੂਰਤ ਸਲਿਲ ਦੈ ਰੋਗ ਮਿਟਤ ਜੁ ਨਥੂਰ।
ਧੂਰਤ ਟੀਕੀ ਬੀਜ ਕੀ ਬਾਧੇ ਊਪਰ ਪੂਰ ॥੯੯॥
ਛਿਲ ਇਰੰਡ ਨੀਲਾਥੋਥ ਹੀ ਪੀਸ ਸਹਿਤ ਸੋ ਬਾਟ।
ਦੇਹੁ ਬੀਚ ਅਰ ਲੇਪੁ ਇਹੁ ਹੋਤ ਨਥੂਰ ਸੁ ਘਾਟ ॥੧੦੦॥

੧੫੩੨—ਨੀਲਾ ਥੋਥਾ, ਚੋਕ, ਗਿਦੜ ਦੀ ਵਿਸ਼ਟਾ, ਸਿਪੀ ਦਾ ਚੂੰਨਾ, ਆਦਮੀ ਦਾ ਹੱਡ ਤੇ ਬਕਰੀ ਦਾ ਹੱਡ। ਹੱਡ ਸਭ ਫੂਕ ਲਵੇ। ਅਰ ਫਿਰ ਸਾਰੀ ਚੀਜ਼ਾਂ ਪੀਹਕੇ, ਸ਼ਹਤ ਨਾਲ ਬਟੀ ਕਰਕੇ ਨਥੂਰ ਵਿਚ ਅੜਾਵੇ। ਤਾਂ ਬਹੁਤ ਚਿਰ ਦਾ ਨਥੂਰ ੭ ਦਿਨ ਵਿਚ ਜਾਵੇ ॥ ੯੬ ॥ ੯੭ ॥

੧੫੩੩—ਕੇਸਰ, ਸੁੰਢ ਸੰਧੂਰ, ਇਹ ਗੋਕੇ ਘ੍ਰਿਤ ਵਿਚ ਪੀਹਕੇ ਬਟੀ ਕਰੇ, ਨਥੂਰ ਵਿੱਚ ਦੇਵੇ ਤਾਂ ਨਥੂਰ ਜਾਵੇ ॥ ੯੮ ॥

੧੫੩੪—ਧਤੂਰੇ ਦੇ ਜਲ ਨਾਲ ਲੀਰ ਤਰ ਕਰਕੇ ਬੱਟੀ ਦੇਵੇ ਤਾਂ ਬੀ ਨਥੂਰ ਨਾਸ ਹੋਵੇ।

੧੫੩੫—ਧਤੂਰੇ ਦੇ ਬੀਆਂ ਦੀ ਟਿਕੀ ਕਰਕੇ ਨਥੂਰ ਪਰ ਬੰਨੇ। ਯਾ:—

੧੫੩੬—ਅਰਿੰਡ ਦੀ ਛਿੱਲ, ਨੀਲਾ ਥੋਥਾ ਪੀਹਕੇ ਸ਼ਹਤ ਨਾਲ ਬੱਟੀ ਕਰੇ, ਵਿਚ ਦੇਕੇ ਉਪਰ ਲੇਪ ਬੀ ਕਰੇ ਤਾਂ ਨਥੂਰ ਨਾਸ ਕਰੇ ॥੯੯॥੧੦੦॥

ਮਲਮ (ਯੋਗ ਚਿੰਤਾਮਣੀ ਮਤਾਂਤ)—ਦੋਹਰਾ

ਆਕ ਧਤੂਰਾ ਜੜ ਗਹੋ ਗੁਗਲ ਮੋਥਾ ਰਾਲ।
ਕੱਥ ਕਬੀਲਾ ਟੰਕਣੰ ਮੁਰਦਾ ਸਿੰਗ ਜੁ ਡਾਲ ॥੧੦੧॥
ਮੈਦਨ ਫਲਾ ਮਾਜੂ ਮਰਚ ਸਿੰਗੂਫ ਕੁੰਕਮ ਮੇਲ।
ਹਰੜ ਬਿਰੋਜਾ ਲਾਇਚੀ ਬੇਰ ਪਤ੍ਰ ਕੋ ਠੇਲ ॥੧੦੨॥
ਸੰਧੂਰ ਪੀਸ ਚੂਰਨ ਕਰੋ ਭਿੰਨ ਭਿੰਨ ਪੀਸਾਇ।
ਸਭ ਤ੍ਰੇ ਦੂਗਨਾ ਘੀਉ ਗੋ ਗਰਮ ਕਰੀ ਬਿਚ ਪਾਇ ॥੧੦੩॥

Digitized by Panjab Digital Library | www.panjabdigilib.org

ਪਿਛੈ ਜਾਮ ਇਕ ਮਰਦੀਏ ਲੇਪਹਿ ਜਾਇ ਨਖੂਰ ।
ਚਾਂਦੀ ਕੋੜ ਜੁ ਦੁਸਟ ਬ੍ਰਿਣ ਹਰਤ ਘਾਵ ਕੋ ਪੂਰ ॥੧੦੪॥
ਮਹਿਖੀ ਸਿੰਗ ਜੋ ਭਸਮ ਕਰਿ ਮਾਖਨ ਸੋ ਮਰਦਾਇ।
ਬਾਟੀ ਦੀਜੇ ਲੇਪੁ ਕਰਿ ਰੋਗ ਨਖੂਰ ਮਿਟਾਇ॥੧੦੫॥
ਨਰ ਕਪਾਲ ਕੀ ਭਸਮ ਕਰ ਘ੍ਰਿਤ ਸੋ ਲੇਪ ਲਗਾਇ॥
ਮਿਟੈ ਛਿਦ੍ਰ ਨਖੂਰ ਕਾ ਦਿਨ ਦਸ ਚਾਰ ਕਰਾਇ ॥੧੦੬॥
ਸਰਪੰਖਾ ਰਹਸਨ ਮਿਰਚ ਸੇਂਧਾ ਚਿਤ੍ਰਕ ਲਯਾਇ।
ਜਲਸੋ ਪੀਸ ਲਗਾਈਏ ਸਕਲ ਨਖੂਰ ਮਿਟਾਇ ॥੧੦੭॥

੧੫੩੭–ਅੱਕ ਦੀ ਜੜ, ਧਤੂਰੇ ਦੀ ਜੜ, ਗੁਗਲ, ਨਾਗ੍ਰਮੋਥਾ, ਰਾਬ, ਕੱਥ, ਕੰਬੀਲਾ, ਸੁਹਾਗਾ, ਮੁਰਦਾਸੰਗ, ਰਾੜਾ, ਮਾਜੂਫਲ, ਕਾਲੀਮ੍ਰਿਚ ਸਿੰਗ੍ਰਫ, ਕੇਸਰ, ਹਰੜ ਦੀ ਛਿਲ, ਬਿਰੋਜਾ, ਇਲਾਚੀ, ਬੇਰੀ ਦੇ ਪੱਤ੍ਰ ਤੇ ਸੰਧੂਰ, ਵਖੋ ਵਖ ਪੀਹਕੇ ਰਖੇ, ਸਭ ਚੀਜਾਂ ਤੋਂ ਦੂਣਾ ਗੋਕਾ ਘੇਉ । ਪਹਿਲੇ ਘੇਉ ਗਰਮ ਕਰੇ, ਫਿਰ ਸਭ ਚੀਜ਼ਾਂ ਪਾਕੇ ਇਕ ਪਹਰ ਘੋਟਕੇ ਗੁਲਮ ਬਣਾ ਰਖੇ। ਫਿਰ ਨਖੂਰ ਪਰ ਲਾਵੇ, ਤਾਂ ਫੁਲਬਹਰੀ ਯਾਂ ਚਾਂਠ ਉਤਰੀ ਹੋਈ, ਕੁਸ਼ਟ, ਦੁਸ਼ਟ ਬ੍ਰਿਣ, ਅਰ ਘਾਉ ਸਭ ਪੂਰ ਦੇਵੇ ॥ ੧੦੧ ਤੋਂ ੧੦੪ ॥

੧੫੩੮–ਮਹੀਂ ਦਾ ਸਿੰਙ ਸਾੜਕੇ ਮੱਖਣ ਨਾਲ ਲਾਵੇ ਤਾਂ ਨਖੂਰ ਦਾ ਛੇਕ ਮੇਟ ਦੇ ਵੇ।

੧੫੩੯--ਆਦਮੀ ਦੀ ਖੋਪਰੀ ਸਾੜਕੇ ਇਸਦੀ ਸੁਆਹ ਘੇਉ ਨਾਲ ਲੇਪ ਕਰੇ ਤਾਂ ਨਖੂਰ ਦਾ ਛੇਕ ਮੇਟ ਦੇਵੇ, ਪਰੰਤੂ ੧੪ ਦਿਨ ਕਰੇ ॥੧੦੫॥੧੦੬॥

੧੫੪੦–ਸਰਫੰਕਾ, ਰਾਸਨਾ, ਮ੍ਰਿਚ,ਸੇਂਧਾ ਨਿਮਕੱਤੇ ਚਿਤ੍ਰਾ ਲੈ ਕੇ ਜਲ ਨਾਲ ਘੋਟੇ, ਫਿਰ ਨਖੂਰ ਪਰ ਲੇਪ ਕਰੇ ਤਾਂ ਨਖੂਰ ਜਾਵੇ ॥ ੧੦੭ ॥

ਨਾਰਵਾ ਉਪਾਇ—ਦੋਹਰਾ

ਮਾਘ ਸੁਦੀ ਕੀ ਸਾਤ ਮੈ ਬਰਤ ਕਰੋ ਨਿਰਹਾਰ ।
ਬਰਸ ਏਕ ਲੌ ਨਾਰਵਾ ਹੋਵਤ ਨਹਿ ਨਰ ਨਾਰ॥੧੦੮॥
ਮਾਘ ਸੁਦੀ ਛਠ ਕੈ ਦਿਵਸ ਮਰਚ ਏਕ ਸੌ ਆਠ।
ਪਾਉ ਘੀਉ ਸੰਗ ਪੀਜੀਏ ਰੋਗ ਨਾਰਵਾ ਨਾਠ ॥੧੦੯॥
ਮਾਘ ਸੁਦੀ ਸਾਤਮ ਦਿਨੇ ਮੂਨ ਤਾਲਵਾ ਜੋਇ।
ਦੋ ਪਛਨੇ ਊਪਰ ਧਰੋ ਅਜਵਾਇਨ ਟੰਕ ਸੋਇ ॥੧੧੦॥
ਰਾਤ ਰਾਖ ਦਿਨ ਦੂਰ ਕਰ ਰੋਗ ਨਾਰਵਾ ਜਾਇ।
ਚਿਮਟੇ ਸੋ ਲੈ ਕਾਢਿ ਕੈ ਟੂਟਤ ਨ ਪੀਰਾ ਬਾਇ ॥੧੧੧॥

Digitized by Panjab Digital Library | www.panjabdigilib.org

ਪਾਰਾਵਤ ਕੀ ਬੀਠ ਗੁੜ ਗੋਲੀ ਤੀਨ ਬਨਾਇ।
ਤੀਨ ਦਿਵਸ ਲੌ ਨਿਗਲੀਏ ਰੋਗ ਨਾਰਵਾ ਜਾਇ ॥੧੧੨॥
ਨਿਸਾ ਕਤੀਰਾ ਪੀਸਕੈ ਟੀਕੀ ਮੁਖ ਕਰ ਲਾਇ।
ਰੋਗ ਨਾਰਵਾ ਜਾਤ ਹੈ ਦੀਨੀ ਮੇਘ ਬਤਾਇ॥੧੧੩॥

੧੫੪੧–ਮਾਘ ਸੁਦੀ ੭ ਨੂੰ ਨਿਰਾਹਾਰ ਬ੍ਰਤ ਕਰੇ ਤਾਂ ਇਕ ਸਾਲ ਤਾਈਂ ਨਾਰਵਾ ਨਹੀਂ ਹੋ ਸਕਦਾ, ਪੁਰਸ਼ ਚਾਹੇ ਇਸਤ੍ਰੀ ਬ੍ਰਤ ਰਖੇ ॥੧੦੮॥

੧੫੪੨–ਮਾਘ ਸੁਦੀ ੬ ਦੇ ਦਿਨ ੧੦੮ ਮ੍ਰਿਚ ਕਾਲੀ, ਪਾਉ ਭਰ ਗੇਉ ਨਾਲ ਪੀਵੇ ਤਾਂ ਬੀ ਨਾਰਵਾ ਜਾਂਦਾ ਹੈ ॥ ੧੦੯ ॥

੧੫੪੩–ਮਾਘ ਸੁਦੀ ੭ ਦੇ ਦਿਨ ਤਾਲੂ ਦੇ ਰੋਮ ਮੁੰਨਕੇ, ਪੱਛ ਲਾਕੇ, ਉਪਰ ਇਕ ਟੰਕ ਅਜਵਾ-ਇਣ ਰੱਖੇ। ਰਾਤ ਰਖਕੇ ਦਿਨੇ ਲਾਹ ਦੇਵੇ, ਤਾਂ ਥੀ ਨਾਰਵਾ ਰੋਗ ਜਾਂਦਾ ਹੈ ॥ ੧੧੦ ॥

੧੫੪੪–ਨਾਰਵਾ ਮੋਚਨੇ ਨਾਲ ਫੜਕੇ ਕੱਢ ਦੇਵੇ, ਪਰੰਤੂ ਟੁਟਣੇ ਨਾ ਪਾਵੇ, ਤਾਂ ਇਸ ਦੀ ਪੀੜਾ ਭਾਵ ਤਕਲੀਫ ਕਦੇ ਨਾ ਹੋਵੇ ॥ ੧੧੧ ॥

੧੫੪੫–ਕਬੂਤ੍ਰ ਦੀ ਵਿਠਤੇ ਗੁੜ ਮੇਲਕੇ ਗੋਲੀਆਂ (ਛੋਟੇ ਬੇਰ ਬ੍ਰਾਬਰ) ਤਿੰਨ ਕਰੇ, ਨਿੱਤ ਨਿਰੇ-ਹਾਰ ਤਿੰਨ ਦਿਨ ਨਿਗਲੇ ਤਾਂ ਨਾਰਵਾ ਜਾਵੇ ॥ ੧੧੨ ॥

੧੫੪੬–ਰਾਤ ਨੂੰ ਕਤੀਰਾ ਗੂੰਦ ਪੀਹਕੇ ਟਿੱਕੀ ਕਰਕੇ ਨਾਰਵੇ ਦੇ ਮੂੰਹ ਪਰ ਲਾਵੇ ਤਾਂ ਨਾਰਵਾ ਰੋਗ ਨਾਸ ਕਰੇ ॥ ੧੧੩ ॥

(ਰਸਰਤਨਾਕਰਾਤ)–ਚੌਪਈ

ਨਰ ਮੂਤ੍ਰ ਸੋ ਚੋਕ ਲਗਾਇ। ਰੋਗ ਨਾਰਵਾ ਛਿਨ ਮਹਿ ਜਾਇ।
ਏਰੰਡ ਅਰਕ ਨਰਮੂਤ੍ਰ ਪੀਸ। ਤਪਤ ਲੇਪ ਨਾਰਵ ਸੋ ਖੀਸ॥੧੧੪॥

੧੫੪੭—ਆਦਮੀ ਦੇ ਮੂਤ੍ਰ ਵਿੱਚ ਚੋਕ ਘਿਸਾ ਕੇ ਨਾਰਵੇ ਪਰ ਲਾਵੇ। ਯਾ:—

੧੫੪੮—ਅਰਿੰਡ ਤੇ ਅੱਕ ਦੇ ਪੱਤਰੇ ਮਨੁੱਖ ਦੇ ਪੇਸ਼ਾਬ ਵਿੱਚ ਘੋਟ ਤੱਤੇ ਕਰਕੇ ਲਾਵੇ ਤਾਂ ਨਾਰਵਾ ਨਾਸ਼ ਹੋਵੇ ॥ ੧੧੪ ॥

ਤੇਲ ਪੀਜੀਐ ਦਿਨ ਤ੍ਰੈ ਆਨ। ਸਾਤਬਾਰ ਮੰਤ੍ਰਕੈ ਠਾਨ।
ਮਿਟਤ ਨਾਰਵਾ ਜਾਨੋ ਸਹੀ। ਰਸਰਤਨਾਕਰ ਇਹੁ ਬਿਧਿ ਕਹੀ ॥੧੧੫॥

੧੫੪੯–ਤਿੰਨ ਦਿਨ ਤੇਲ ਪੀਵੇ, ਪਰੰਤੂ ੭ ਬਾਰ ਮੰਤ੍ਰ ਲਵੇ ਤਾਂ ਨਾਰਵਾ ਨਾਸ ਹੋਵੇ, ਇਹ ਬਾਤ ਰਸਰਤਨਾਕਰ ਵਿੱਚ ਕਹੀ ਹੈ ॥ ੧੧੫ ॥

ਯਥਾ ਮੰਤ੍ਰ:-

"ਓਂ ਸਵਾ ਭਾਰ ਲੋਹੇ ਕੀ ਤਾਈਂ, ਬਾਰਣਵੇ ਉਤੇਓ ਚੰਡਾਈ। ਤੇਲ ਸਕਾਰੇ ਕਾਏਣ ਤੇਲਸ, ਵਿਸ੍ਰ ਲੇਪਾ ਸੰਹਰਣਾ ਵਾਯੂ ਵਿਰਿਆ ਨਾਥ ਕੀ ਆਗਜਾ ਫਾਟ ਫੂਟਿ ਗਲ ਜਾਉ। ਰੇ! ਨੇਹਰੂਆ ਸ਼ਿਵ ਨਾਸਤਿ ਵਿਖਾ,ਨ:"

Digitized by Panjab Digital Library | www.panjabdigilib.org

ਚੌਪਈ

ਰਵਿ ਵਾਰੇ ਕੁੰਭੀ ਪੁਸਪਾਨ। ਜੇਤੇ ਨਿਗਲੈ ਸੰਖਯਾ ਠਾਨ।
ਤੇ ਤੇ ਬਰਸ ਨਾਰਵਾ ਹਾਨ। ਰਸਰਤਨਾਕਰ ਭਾਖੀ ਬਾਨਿ ॥੧੧੬॥

੧੫੫੦-ਐਤਵਾਰ ਦੇ ਦਿਨ †ਕਾਯਫਲ ਬ੍ਰਿਛ ਦੇ ਫੁੱਲ ਲੈਕੇ, ਜਿਤਨੇ ਗਿਣਕੇ ਨਿਗਲੇ, ਉਤਨੇ ਸਾਲਨਾਰਵਾ ਨਾ ਹੋਵੇ, ਇਹ ਰਸਰਤਨਾਕਰ ਦੇ ਵਾਕ ਹਨ॥ ੧੧੬ ॥

ਰਵਿ ਵਾਰੇ ਗੋਲੀ ਗੁੜ ਸਾਤ। ਇਕ ਇਕ ਵਾਰੀ ਮੰਤ੍ਰ ਬਾਤ।
ਸਾਤ ਗੁਟੀ ਪਰ ਸਾਤੋ ਬਾਰ। ਮਿਟਤ ਨਾਰਵਾ ਸਬ ਨਰਨਾਰ ॥੧੧੭॥

੧੫੫੧-ਐਤਵਾਰ ਗੁੜ ਦੀਆਂ ੭ ਗੋਲੀਆਂ ਕਰਕੇ ਇਕ ਗੋਲੀ ਉੱਤੇ ਇੱਕ ਬਾਰ ਮੰਤ੍ਰ ਪੜ੍ਹਕੇ ਖੁਲਾਵੇ ਤਾਂ ਪੁਰਖ ਇਸਤ੍ਰੀ ਚਾਹੇ ਕੋਈ ਹੋਵੇ ਤਾਂ ਨਾਰਵਾ ਜਾਵੇ ॥ ੧੧੭ ॥

ਅਥ ਮੰਤ੍ਰ

"ਓਅੰ ਨਮੋ ਆਦੇਸ਼ ਗੁਰੂ ਕੋ ਮਾਤਾ ਕਨਕ ਸੁੰਦਰੀ ਪਿਤਾ ਪਦਮ ਬਾਪੂ ਜਹਾਂ ਜਨਮੇ ਸ੍ਵਾਮੀ ਬਿਪ੍ਰ ਨਾਥ ਪੜ ਗੁਨ ਬਿਪ੍ਰ ਦਰਸ ਦੀਆਂ ਤੋੜ ਜਨੇਊ, ਕੂਵੇ ਮਹਿ ਦੀਆ ਜਿਸਕਾ ਨਹਰੂਆ ਯਾ ਡਮਰੂਵਾ, ਅੰਧਾਬਾਵਲਾ ਹੂਆ ਪਕੈ, ਫੂਟੇ, ਕਰੇ ਪੀੜਾ, ਬੀਰਪਾਨਾਥ ਗੁਸਾਂਈ ਕੀ ਆਗਯਾ, ਗੁਰ ਕੀ ਸ਼ਕਤਿ ਮੇਰੀ ਭਗਤ ਫੁਰਹੋ ਮੰਤ੍ਰ ਈਸ਼੍ਵਰੋ ਵਾਚ। ਨ:

ਚੌਪਈ

ਰਵਿ ਦਿਨ ਇਕੀ ਬਾਰ ਜੁ ਜਾਨ। ਗੁੜ ਮੰਤ੍ਰੀ ਰੋਗੀ ਕਰ ਪਾਨ।
ਰੋਗਨਾਰਵਾ ਛਿਨਮਹਿ ਜਾਇ। ਸਾਰ ਸੰਗ੍ਰਹਿ ਤੇ ਏਹੁ ਲਿਆਇ ॥੧੧੮॥

੧੫੫੨-ਐਤਵਾਰ ਦੇ ਦਿਨ ੨੧ ਵਾਰ ਗੁੜ ਮੰਤ੍ਰ ਕੇ ਰੋਗੀ ਨੂੰ ਖੁਲਾਵੇ ਤਾਂ ਨਾਰਵਾ ਜਾਵੇ, ਇਹ ਬਾਤ ਸਾਰਸੰਗ੍ਰਹ ਤੇ ਲਈ ਹੈ॥ ੧੧੮ ॥

ਅਥ ਮੰਤ੍ਰ :-

"ਓਂ ਹੀਂ, ਸ੍ਰੀ, ਕਲੀਂ ਪੁਸ਼ਪਲ ਡਮਲ ਬਰੇ ਜਯੰ ਹ੍ਰਾਂ ਹ੍ਰੀ ਸ਼੍ਰਾਂ ਸ਼੍ਰੀਂ ਸਹ ਸਚੈ ਸਚ ਕਿਰਣਾਇ ਜਗ ਪੁਸ਼ਪੁਖੇ ਨਮਾਂ।"

ਦੋਹਰਾ

ਤਾਂਮ੍ਰ ਚੂੜਕੀ ਬੀਠ ਗੁੜ ਰਵਿ ਵਾਰੇ ਗੁਟਿ ਕੀਜ।
ਤੀਨ ਦਿਵਸ ਤ੍ਰਿਕ ਨਿਗਲੀਏ ਘਨਾ ਨਾਰਵਾ ਖੀਜ ॥੧੧੯॥

੧੫੫੩-ਕੁੱਕੜ ਦੀ ਵਿੱਠ ਤੇ ਗੁੜ ਲੈਕੇ ਐਤਵਾਰ ਦੇ ਦਿਨ ਗੋਲੀ (ਕਕਨ ਬੇਰ ਪ੍ਰਮਾਣ) ਕਰੇ। ਇਸ ਤਰਾਂ ਦੀ ਤਿੰਨ ਗੋਲੀ ਤਿੰਨ ਦਿਨ ਨਿਗਲੇ ਤਾਂ ਬਹੁਤਾ ਵਧਿਆ ਬੀ ਨਾਰਵਾ ਨਾਸ਼ ਹੋਵੇ ॥ ੧੧੯।

---

†ਜਲਕੁੰਭੀ ਨਾਮ ਤੇ ਇਕ ਪ੍ਰਸਿਧ ਬੀ ਕੋਕਣ ਦੇਸ ਵਿਚ ਹੈ।

Digitized by Panjab Digital Library | www.panjabdigilib.org

ਕਾਚੀ ਆਨੋ ਸੂਤ ਜੁ ਤਾਰ। ਨਖ ਸਿਖ ਰੋਗੀ ਕਰੋ ਸੁ ਕਾਰ।
ਤਿਸੀ ਤਾਰ ਕੇ ਟੁਕੜੇ ਕਰੋ। ਬਹੁਰੋ ਨੀਕੇ ਗੁੜ ਮਹਿ ਧਰੋ ॥੧੨੦॥
ਗੁੜ ਤੇ ਮੇਲੀ ਗੋਲੀ ਤੀਨ। ਸਾਤ ਸਾਤ ਮੰਤ੍ਰ ਇਕ ਦੀਨ।
ਤੀਨ ਦਿਵਸ ਗੋਲੀ ਤ੍ਰਿਕਖਾਇ। ਰਵਿ ਵਾਰੈ ਤੇ ਏਹੁ ਕਰਾਇ ॥੧੨੧॥

੧੫੫੪–ਕੱਚੀ ਸੂਤ ਦੀ ਤਾਰ ਲੈਕੇ ਨੌਂਹਾਂ ਤੋਂ ਸਿਰ ਤਕ ਰੋਗੀ ਦੇ ਨਾਪਕੇ, ਉਸ ਤਾਰ ਦੇ ਟੋਟੇ ਕਰਕੇ ਫਿਰ ਗੁੜ ਵਿਚ ਮਿਲਾਕੇ ੩ ਗੋਲੀਆਂ ਕਰੇ, ਫਿਰ ਓਨ੍ਹਾਂ ਗੋਲੀਆਂ ਉਤੇ ਸੱਤ ੨ ਬਾਰ ਏਹ ਮੰਤ੍ਰ ਐਤਵਾਰ ਦੇ ਦਿਨ ਪੜ੍ਹਕੇ ਤਿੰਨੇ ਗੋਲੀਆਂ ੩ ਦਿਨ ਖੁਲਾਵੇ ॥ ੧੨੦ ॥ ੧੨੧ ॥

ਅਥ ਮੰਤ੍ਰ :–

'ਓਂ ਨਮੋ ਬਾਂਮਣ ਫੀਟੀ ਯੋਗੀ, ਭਯੋ ਜਨੇਊ ਤੋੜ ਨਾਰਵਾ ਕੀਓ ਪਾਂਚੇ ਫੂਟੈ ਪੀਪੜਾ ਕਰੈ ਸ੍ਰੀ ਬੀਰਪਾ ਨਾਥ ਯੋਗੀ ਕੀ ਆਗਯਾ ਫੁਰੈ ਮੰਤ੍ਰ ਈਸ੍ਵਰੋ ਵਾਚ। ਨ:'

ਨਾੜੀ ਬ੍ਰਿਣ ਪੱਥ–ਪਰਿਹਾ

ਰਕਤ ਕਢਾਵਨ ਜਾਨ ਸੋਧਨੰ ਪਾਚਨੰ।
ਰੋਪਨ ਸਸਤ੍ਰ ਠਾਨ ਅਖਾਵ ਫਲ ਟਾਰਨੰ।
ਜੀਰਨ ਅੱਖਤ ਬੈਂਗਨ ਮੇਘ ਜੁ ਨਾਦ ਹੀ।
ਕਕੌੜੇ ਕਰੇਲੇ ਉਸਨ ਜੁ ਖਾਦ ਹੀ ॥੧੨੨॥
ਦਾੜਮ ਮੋਚਾ ਪਾਲਕ ਜੋਕ ਲਗਾਈਏ।
ਲਘੁ ਮੂਲੀ ਪਟੋਲ ਜੁ ਦਾਖ ਮੰਗਾਈਏ।
ਲੰਘਨ ਚੰਦਨ ਲੇਪ ਕਰੋ ਜੋ ਮਿਤ ਹੀ।
ਬ੍ਰਿਣ ਨਾੜੀ ਬ੍ਰਿਣ ਸੋਫ ਜੁ ਪਥ ਦੈ ਨਿਤ ਹੀ॥੧੨੩॥

੧੫੫੫–ਲਹੂ ਕੱਢਣਾ, ਸ਼ੋਧਨ, ਪਾਚਨ, ਰੋਪਨ ਅਰਥਾਤ ਪੁਰਵਾਨਾ, ਸ਼ਸਤ੍ਰ ਕਰਮ ਭਾਵ ਨਿਸ਼ਤ੍ਰ ਮਾਰਨੀ, ਹਾੜੀਆਂ ਦੇ ਫਲ ਖਾਣੇ, ਅਥਵਾ ਖੀਰਾ, ਪੁਰਾਨੇ ਚਾਵਲ, ਵਤਾਊਂ, ਚੋਲਾਈ, ਕਕੌੜੇ, ਕਰੇਲੇ, ਇਸਤਰਾਂ ਗਰਮ ਖਾਣੇ। ਅਨਾਰ, ਕੇਲਾ, ਪਾਲਕ, ਜੋਕ ਦਾ ਲੌਣਾ, ਛੋਟੀ ਨਰਮ ਮੂਲੀ, ਪਟੋਲ, ਅੰਗੂਰ, ਬ੍ਰਤ ਅਰ ਚੰਦਨ ਦਾ ਲੇਪ, ਇਹ ਸਭ ਨਾੜੀ ਬ੍ਰਿਣ ਅਰ ਸੋਜ ਦੇ ਪੱਥ ਹਨ ॥ ੧੨੨ ॥ ੧੨੩ ॥

ਕੁਪੱਥ–ਸ਼ੰਕਰਛੰਦ

ਖੀਰ ਕੁਲਥੈ ਮਾਖ ਨਵਤਨ ਅੰਨ ਇਖ ਬਿਕਾਰ।
ਪਤ੍ਰ ਸਾਕਾ ਮਦਜ ਮਾਸੰ ਗੁਰੁ ਬਿਸਟੰਭੀ ਧਾਰ॥

Digitized by Panjab Digital Library | www.panjabdigilib.org

ਅਮਲ ਸੀਤਲ ਬਾਮ ਦੇਖਨ ਲਭਨ ਤ੍ਰਿਯਕਾ ਸੰਗ।
ਦਿਵਸ ਨਿੰਦ੍ਰਾ ਰਾਤ ਜਾਂਗਨ ਤਾਂਬੂਲ ਨਸ ਜੁ ਅੰਗ॥੧੨੪॥
ਘਨੀ ਬਾਤ ਪ੍ਰਚੰਡ ਆਤਪ ਧੂਮ ਬਿਸਟੰਡੇ ਧੂਰ।
ਏ ਕ੍ਰੋਧ ਬਮਨਿ ਬਿਰੁਧ ਅਸਨੰ ਸੋਕ ਖੂਰਕਨਿ ਦੂਰ।
ਭਾਰ ਬਿਖਮੋਚਾਰ ਹਰਖਨ ਭਾਖਨਾ ਬਹੁ ਜੋਰ।
ਏ ਨਾੜਿਬ੍ਰਿਣ ਸਭ ਬ੍ਰਣ ਕੁਪਥਹਿ ਕਹਤ ਮੇਘ ਜੁ ਸੌਰ॥੧੨੫॥

੧੫੫੬–ਦੁੱਧ, ਕੁਲਥ, ਮਾਂਹ, ਨਮੇਂ ਅੰਨ, ਗੰਨੇ ਦੇ ਰਸ ਤੋਂ ਹੋਈਆਂ ਅਨੇਕਾਂ ਬਸਤਾਂ, ਪਤਿਆਂ ਦੇ ਸਾਗ; ਮਦ, ਮਾਸ ਭਾਰੇ ਕਬਜੀਕਾਰਕ, ਖੱਟੇ, ਠੰਢੇ, ਇਸਤ੍ਰੀਆਂ ਦੀ ਝਾਕ, ਨਿਮਕ, ਨਿਮਕ, ਇਸਤ੍ਰੀ ਸੰਗ; ਦਿਨ ਦਾ ਸੌਣਾ, ਰਾਤ ਦਾ ਜਾਗਣਾ, ਪਾਨ ਖਾਣੇ, ਨਸਵਾਰ ਤੇ ਤੇਜ ਪਵਨ (ਅੰਨ੍ਹੇਰੀ , ਤੀਖਣ ਧੁੱਪ, ਧੂੰਆਂ, ਵਰਖਾ, ਧੂੜ, ਕ੍ਰੋਧ ਕਰਨਾ, ਕੈ ਲੈਣੀ, ਵਿਰੁੱਧ ਭੋਜਨ ਖਾਣੇ, ਸ਼ੋਕ ਕਰਨਾ, ਖੁਰਕਣਾ, ਭਾਰ ਚੁਕਣਾ, ਵਿਖਮ ਉਪਚਾਰ ਕਰਨੇ, ਅਤੀ ਆਨੰਦ ਹੋਣਾ ਤੇ ਜ਼ੋਰ ਨਾਲ ਬੋਲਣਾ, ਇਹ ਸਭ ਨਾੜੀ ਬ੍ਰਿਣ ਅਰ ਬ੍ਰਿਣਰੋਗ ਵਿਖੇ ਕੁਪੱਥ ਰਹੇ ਹਨ ਨਾਂ ਕਰੇ॥੧੨੪॥੧੨੫॥

ਅਥ ਭਗਨਬ੍ਰਿਣ ਨਿਦਾਨ–ਚੌਪਈ

ਟੂਟਤ ਹਾਡੀ ਦੋਇ ਪ੍ਰਕਾਰ। ਤਾਂਕੇ ਬ੍ਰਣ ਜਾਨੋ ਦੁਖਕਾਰ।
ਅਧੋ ਨਲੀ ਦੂਜਾ ਲਖ ਸੰਧਿ। ਤਾਂਤੇ ਪ੍ਰਿਥਮ ਸੰਧ ਸਨਬੰਧ॥੧੨੬॥
ਊਰਧ ਤੁਟੈ ਜੁਦਾ ਫਿਰਿ ਜਾਇ। ਤਿਰਛਾ ਟੂਟੈ ਬਿਖਿਪਤ ਹੋਇ ਆਇ।
ਨੀਚੇ ਕੋ ਤੂਟਤ ਖਟ ਪਰਕਾਰ। ਭਗਨਿ ਰੋਗ ਕੋ ਲੇਵੋ ਧਾਰ॥੧੨੭॥

ਹੱਡੀ ਦਾ ਟੁੱਟਣਾ †ਦੋ ਪ੍ਰਕਾਰ ਦਾ ਹੈ। ਇਸਦੇ ਬ੍ਰਿਣ ਬੀ ਦੁਖ ਦੇਣ ਹਾਰੇ ਹੁੰਦੇ ਹਨ। ਇੱਕ ਹੇਠ ਤੋਂ ਨਲੀ ਟੁਟਦੀ ਹੈ। ਦੂਜੀ ਸੰਧੀ ਟੁਟਦੀ ਹੈ। ਇਸਤੇ ਪਹਿਲੇ ਸੰਧੀ ਦੇ ਟੁਟਣੇ ਦਾ ਵਿਚਾਰ ਕਰਦੇ ਹਾਂ :–੧ ਉਪਰ ਤੇ ਸੰਧੀ ਟੁਟੇ, ੨ ਜੁਦੀ ਟੁਟੇ ੩ ਫਿਰ ਜਾਵੇ, ੪ ਤਿਰਛੀ ਟੁਟ, ੫ ਵਿਖਿਪਤ ਟੁਟ, ੬ ਹੇਠ ਨੂੰ ਟੁਟੇ। ਇਸਤਰਾਂ ਛੇ ਪ੍ਰਕਾਰ ਦਾ ਭਗਨ ਰੋਗ ਹੈ॥ ੧੨੬॥੧੨੭॥

ਸਭ ਕੇ ਲੱਛਣ–ਚੌਪਈ

ਪਰਸਾਰਨ ਸੰਕੋਚਨ ਪੀਰ। ਪ੍ਰਬਰਤਨ ਕਰ ਧਰਤ ਨ ਧੀਰ।
ਲਗਤ ਚੋਟ ਸੋਭਗਨਿ ਬ੍ਰਿਣਾਇ। ਸੰਖੇਪਤ ਕਹਯੋਮਾਧਵ ਤੇ ਲਜਾਇ॥੧੨੮॥

ਅੰਗ ਪਸਾਰਨ ਲਗਿਆਂ ਤੇ ਕੱਠਾ ਕਰਨ ਲਗਿਆਂ ਪੀੜਾਂ ਹੋਵੇ। ਪਰੀਵਰਤਨ ਭਾਵ ਇਧਰ ਉਧਰ ਕਰੇ ਤਾਂ ਧੀਰਜ ਨਹੀਂ ਕਰੀ ਜਾਂਦੀ। ਚੋਟ ਲਗ ਜਾਣ ਨਾਲ ਹੋਵੇ, ਉਸਨੂੰ ਭਗਣਬ੍ਰਿਣ ਆਖਦੇ

---

†ਕਾਂਡਭਗਨ ਤੇ ਸੰਧੀਭਗਨ ਦੋ ਪ੍ਰਕਾਰ ਦਾ ਹੈ। ਵਿਸ਼ੇਖ ਵੇਰਵਾ ਮੇਰੇ ਟੀਕਾ ਯਤੀ ਨਿਦਾਨ ਵਿਚੋਂ ਦੇਖੋ।

Digitized by Panjab Digital Library | www.panjabdigilib.org

ਹਨ। ਥੋੜਾ ਮਾਧਵ ਵਿਚੋਂ ਲਿਆਕੇ ਏਥੇ ਲਿਖਿਆ ਹੈ ॥੧੨੮॥

ਅਥ ਅਸਥਿ ਫੂਟੀ ਲੱਛਣ--ਪਰਿਹਾ

ਅੰਗ ਸਿਥਲਤਾ ਸੋਜ ਪੀਰ ਅਤਿ ਹੋਤ ਹੈ।
ਸਬਦਿ ਤੋਦ ਹੈ ਕੰਪ ਸੂਰ ਦੁਖ ਦਯੋਤ ਹੈ।
ਹਾਥ ਨ ਲਾਵਨ ਦੇਇ ਔਰ ਸੁਖ ਨਾ ਹੁਵੈ।
ਭਗਨ ਅਸਥ ਕੇ ਲਛਨ ਮੇਘ ਭਨੇ ਧੁਵੈ ॥੧੨੯॥

ਅੰਗਾਂ ਵਿਚ ਸਥਿਲਤਾ, ਸੋਜ, ਪੀੜ ਦਾ ਅਤਯੰਤ ਹੋਣਾ ਕੜਕ ਉਠਣੀ ਭਾਵ ਕਿਰਚ ੨ ਹੋਣਾ, ਚੋਭ, ਕਾਂਬਾ, ਸੂਲ ਦੁਖਦਾਇਕ। ਹਥ ਲੌਣ ਨਹੀਂ ਦਿੰਦਾ, ਸੁਖ ਨਹੀਂ ਹੁੰਦਾ। ਇਹ ਲੱਛਣ ਭਗਨ ਅਸ-ਥਿਦੇ ਕਹੇ ਹਨ ॥ ੧੨੯ ॥

ਭਗਨਬ੍ਰਿਣ ਚੋਟ ਉਪਾਇ--ਦੋਹਰਾ

ਭੂਨ ਫਟਕਰੀ ਖੰਡ ਸੋ ਪੀਵਤ ਦੂਧ ਮਿਲਾਇ।
ਭਗਨਿ ਅਸਥ ਕੀ ਪੀਰ ਸਭ ਚੋਟ ਦਰਦ ਸਭ ਜਾਇ ॥੧੩੦॥

੧੫੫੭–ਫਟਕੜੀ ਖਿਲ ਕਰਕੇ ਬਰਾਬਰ ਦੀ ਖੰਡ ਪਾ ਦੁਧ ਨਾਲ ਤਲੀ ਭਰ ਫਕੇ, ਇਸ ਨਾਲ ਭਗਨਬ੍ਰਿਣ ਦੀ ਪੀੜ ਨੂੰ ਆਰਾਮ ਹੁੰਦਾ ਹੈ ॥ ੧੩੦ ॥

ਹਾਲੋਂ ਮੈਦਾਸਕ ਲੈ ਗੋ ਮੂਤ੍ਰ ਸੋ ਪੀਸ।
ਲੇਪ ਕਰੋ ਉਸਨੈ ਕਰੀ ਚੋਟ ਸੁ ਹੁਇ ਦੁਖ ਖੀਸ ॥੧੩੧॥

੧੫੫੮–ਹਾਲੋਂ ਮੈਦਾਸਕ ਗਊਮੂਤ੍ਰ ਵਿਚ ਪੀਹਕੇ ਗਰਮ ਕਰਕੇ ਲੇਪ ਕਰੇ ਤਾਂ ਚੋਟ ਜਾਵੇ ॥ ੧੩੧ ॥

ਬਾਰਾਂਸਿੰਙਾ ਘਸਕਰੀ ਗੋਮੂਤ੍ਰ ਕੈ ਸੰਗ।
ਚੋਟ ਹੁਕ ਸਭ ਜਾਤਿ ਹੈ ਮਿਟਤ ਬਾਤ ਦੁਖ ਅੰਗ ॥੧੩੨॥

੧੫੫੯—ਬਾਰਾਂ ਸਿੰਙ ਦਾ ਸਿੰਙ ਘਿਸਾਕੇ ਗਊ ਮੂਤ੍ਰ ਵਿਚ ਲੇਪ ਕਰੇ ਤਾਂ ਚੋਟ ਹੁਕ ਸਭ ਨਾਸ ਕਰੇ ॥ ੧੩੨ ॥

ਚੌਪਈ

ਘ੍ਰਿਤੁ ਰਜਨੀ ਬੀਜਾ ਜੋ ਬੋਲ। ਮਿਟਤ ਚੋਟ ਪ੍ਰਾਤਹਿ ਪਿਵ ਤੋਲ।
ਨਿਤਯ ਟਾਂਕਜੇ ਤੀਨ ਪ੍ਰਮਾਨ। ਭਗਨਿ ਅਸਥਕੀ ਪੀਰਾਹਾਨਿ ॥ ੧੩੩ ॥

੧੫੬੦—ਘੇਉ, ਹਲਦੀ, †ਬੀਜਾਬੋਲ, ਪ੍ਰਾਤਾਕਾਲ ਨਿਤ ੧ ਤੋਲਾ ਦੁਧ ਨਾਲ ਲਵੇ ਤਾਂ ਅਸਥਿ

---

†ਬੀਜਾਬੋਲ ਕਾਲੇ ਦਾਣੇ ਹੁੰਦੇ ਹਨ, ਦੂਜਾ ਬੀਜਾਬੋਲ ਗੂੰਦ ਹੈ, ਅਸਲ ਵਿਚ ਓਸਨੂੰ ਬੋਲ ਹੀ ਕੇਹਣਾ ਚਾਹੀਏ।

Digitized by Panjab Digital Library | www.panjabdigilib.org

ਭਗਨ ਦੀ ਪੀੜਾ ਨਾਸ ਕਰੇ ॥ ੧੩੩ ॥

ਦੋਹਰਾ

ਮੈਦਾ ਕਾਹੀ ਨਿਸ ਗਹੋ ਹਾਲੋਂ ਪੀਸ ਲਗਾਇ।
ਭਗਨਿ ਅਸਥਿ ਕੀ ਪੀਰ ਸਬ ਚੋਟ ਦਰਦ ਮਿਟ ਜਾਇ ॥੧੩੪॥

੧੫੯੧—ਮੈਦਾਮਕ, ਕਸੀਸ, ਹਲਦੀ ਅਰ ਹਾਲੋਂ ਪੀਹਕੇ ਗਊ ਮੂਤ੍ਰ ਵਿਚ ਲੇਪ ਕਰੇ ਤਾਂ ਭਗਨ ਅਸਥ ਦੀ ਪੀੜਾ ਨਾਸ ਹੋਵੇ ॥ ੧੩੪ ॥

ਬਾਂਸ ਗਾਠ ਕੇ ਕੋਇਲੇ ਘ੍ਰਿਤ ਸੋ ਚਾਟ ਪ੍ਰਭਾਂਤ।
ਭਗਨਿ ਅਸਥ ਅਰ ਚੋਟ ਦੁਖ ਦਿਨ ਤਿਕ ਮਾਹੇ ਜ਼ਾਤ ॥ ੧੩੫ ॥

੧੫੯੨—ਬਾਂਸ ਦੀਆਂ ਗੰਢਾਂ ਦੇ ਕੋਇਲੇ ਘਿਉ ਨਾਲ ਨਿਤ ਪ੍ਰਾਤਾਕਾਲ ਚਟੇ ਤਾਂ ਭਗਨ ਅਸਥ ਤੇ ਚੋਟ ਪੀੜ ਸਭ ਨਾਸ ਕਰੇ ॥ ੧੩੫ ॥

ਏਕ ਜੁ ਬੈਂਗਨ ਆਨਿਕੈ ਤਾਮਸਿ ਕਰਾਇ।
ਅਧ ਪਲ ਗੁੜ ਤਾਮਹਿ ਭਰੋ ਰਾਖੋ ਨਿਸਾ ਧਰਾਇ ॥੧੩੬ ॥
ਪ੍ਰਾਤ ਉਠੀਨੈ ਖਾਈਏ ਸਾਤ ਦਿਵਸ ਲੌ ਖਾਇ।
ਸਾਤੇ ਬੈਂਗਨ ਨ੍ਰਿਤ ਕਰੋ ਚੋਟ ਦਰਦ ਸਭ ਜਾਇ ॥੧੩੭ ॥

੧੫੯੩–ਇਕ ਵਤਾਊਂ ਲੈਕੇ ਉਸ ਵਿਚ ਛੇਕ ਕਰੇ, ਦੋ ਤਲੇ ਗੁੜ ਉਸ ਵਿਚ ਭਰਕੇ ਰਾਤ ਰਖ ਛਡੇ। ਪ੍ਰਾਤਾਕਾਲ ਉਠਕੇ ਇਸਤਰਾਂ ੭ ਦਿਨ ੭ ਵਤਾਊਂ ਖਾਵੇ ਤਾਂ ਚੋਟ ਦਰਦ ਦਾ ਨਾਸ ਹੋਵੇ ॥ ੧੩੬ ॥ ੧੩੭ ॥

ਲਵਨ ਟਾਂਕ ਇਕ ਲੀਜੀਏ ਗੁੜ ਪਾਇ।
ਖਾਵਤ ਰੋਗੀ ਪ੍ਰਾਤ ਉਠ ਚੋਟ ਦਰਦ ਸਬ ਜਾਇ ॥੧੩੮ ॥

੧੫੯੪—ਲੂਣ ੧ ਟੰਕ ਲਵੇ ੧ ਟੰਕ ਗੁੜ ਪਾਕੇ ਪ੍ਰਾਤਾਕਾਲ ਨਿਤ ਖਾਵੇ ਤਾਂ ਚੋਟ ਦਰਦ ਨਾਸ ਕਰੇ ॥ ੧੩੮ ॥

ਸਾਬਨ ਬੇਰੋਂਬਾਲ ਕਾ ਜਾਮ ਜਾਮ ਘਸਿ ਲਾਇ।
ਸੀਸ ਚੋਟ ਪਿਲ ਪਿਲ ਕਰਤ ਭਗਨ ਅਸਥਿ ਮਿਟਵਾਇ ॥੧੩੯ ॥

੧੫੯੫–†ਵੈਰੋਵਾਲ ਦਾ ਸਾਬੁਣ ਪਹਿਰ ਪਹਿਰ ਪਿਛੋਂ ਘਿਸਾਕੇ ਲਾਵੇ ਤਾਂ ਸਿਰ ਦੀ ਚੋਟ, ਪਿਲ· ਪਿਲ ਕਰਨਾ ਅਰ ਅਸਥ ਭਗਨ ਇਹ ਸਭ ਨਾਸ ਕਰੇ ॥ ੧੩੯ ॥

---

†ਵੈਰੋਵਾਲ ਦਰਿਆਉ ਬਿਆਸ ਦੇ ਤਟ ਪਰ ਵਸਦਾ ਹੈ, ਪਹਿਲੇ ਉਥੇ ਸਾਬਣ ਦਾ ਨਾਮੀ ਕਾਰਖਾਨਾ ਸੀ, ਪਰੰਤੂ ਸੰਮਤ ੧੯੩੨-੩੪ ਵਿਚ ਵਹੁ ਹਿਸਾ ਸ਼ਹਿਰ ਦਾ ਦਰਿਆਉ ਨੇ ਢਾਹ ਲਿਆ, ਹੁਣ ਕੋਈ ਕਾਰਖਾਨਾ ਨਹੀਂ ਹੈ। ਹੁਣ ਥਾਂ ਥਾਂ ਕਾਸਟਿਕ ਸੋਡੇ ਦੇ ਸ਼ਾਬਣ ਬਣਦੇ ਹਨ, ਅਸਲੀ ਲੋਪ ਹੋ ਗਏ।

Digitized by Panjab Digital Library | www.panjabdigilib.org

ਕੰਡਾ ਚੁਭੇ, ਨਿਕਲੇ ਨਹੀਂ, ਪਕ ਜਾਵੇ, ਤਿਸਦਾ ਉਪਾਯ—ਦੋਹਰਾ

ਲਵਨ ਪੀਸਿ ਗੁੜਿ ਮੇਲੀਏ ਟਿਕੀ ਕਰਕੈ ਬਾਂਧਿ।
ਪਕੈ ਸੂਲ ਕੰਟਾ ਨਿਸਰ ਚੰਗਾ ਹੁਇ ਮਿਟ ਬਜ਼ਾਧਿ॥੧੪੦॥
ਸੁਚੀ ਚੀਨੀ ਪੀਸਕੈ ਕੰਟੇ ਯਖਮ ਜੁ ਪਾਇ।
ਕੰਟ ਪੀਰ ਅਰ ਘਾਉ ਬ੍ਰਿਣ ਚੰਗਾ ਤੁਰਤ ਕਰਾਇ॥੧੪੧॥

੧੫੬੬—ਲੂਣ ਪੀਹਕੇ ਗੁੜ ਪਾਕੇ ਟਿੱਕੀ ਕਰਕੇ ਬੰਨ੍ਹੇ। ਪੱਕਕੇ ਸੂਲਕੰਡਾ ਨਿਕਲ ਜਾਵੇ, ਆਨੰਦ ਹੋਵੇ॥ ੧੪੦॥ ਜਾਂ:—

ਸੁਚੀ ਚੀਨੀ ਪੀਹਕੇ ਕੰਡੇ ਦੇ ਜ਼ਖਮ ਉਤੇ ਪਾਵੇ। ਕੰਡੇ ਦੀ ਪੀੜ, ਜ਼ਖਮ. ਫੋੜਾ ਚੰਗਾ ਹੋਵੇ ॥ ੧੪੧॥

ਅਥ ਸਰਬ ਘਾਉ ਨਿਦਾਨ—ਚੌਪਈ

ਅਨੇਕ ਸਸਤ੍ਰ ਕੇ ਕਾਟੇ ਘਾਉ। ਬਰਛੀਖੜਗ ਤੀਰ ਕੋ ਪਾਉ।
ਤੀਖਨ ਮੁਖ ਅਰ ਪਟਤ ਸਰੀਗ।ਖਟ ਪ੍ਰਕਾਰ ਕੇ ਜਾਨੋ ਬੀਰ॥੧੪੨॥
ਛੇਦ ਭੇਦ ਪਿੱਚਤ ਕਹਯੋ ਬੀਧਯਾ ਘਸਯਾ ਪ੍ਰਹਾਰ।
ਖਟ ਪ੍ਰਕਾਰ ਕੇ ਨਾਮ ਇਹੁ ਪੰਡਿਤ ਕਰੋ ਬਿਚਾਰ॥੧੪੩॥

ਅਨੇਕ ਤਰ੍ਹਾਂ ਦੇ ਸ਼ਸਤ੍ਰ ਤੇ ਨੋਕਾਂ ਦੇ ਘਾਉ ਹਨ। ਬਰਛੀ, ਤੀਰ, ਤਲਵਾਰ ਤੀਖਣ ਮੂੰਹੋਂ ਅਰ ਜਿਨ੍ਹਾਂ ਨਾਲ ਸਰੀਰ ਫਟ ਜਾਵੇ, ਇਹ ੬ ਪ੍ਰਕਾਰ ਦੇ ਹਨ:-੧ ਛੇਦ, ੨ ਭੇਦ, ੩ ਪਿੱਚਤ, ੪ ਬਿੰਨ੍ਹਿਆ ਜਾਣਾ, ੫ ਘਸਿਆ ਜਾਣਾ, ੬ ਪ੍ਰਹਾਰ ਹੋਣਾ, ਇਉਂ ਛੇ ਪ੍ਰਕਾਰ ਹਨ॥ ੧੪੨॥ ੧੪੩॥

ਸਰਬ ਘਾਪਾਉ ਕੇ ਉਪਾਉ—ਦੋਹਰਾ

ਆਛੀ ਨਿੰਬ ਉਬਾਲਕੈ ਧੋਵੈ ਸਬ ਬ੍ਰਿਣ ਘਾਉ।
ਸੁਧ ਕਰਤ ਸਬ ਗੰਧ ਹਰਿ ਬੈਠਤ ਮਖੀ ਨ ਆਇ॥ ੧੪੪॥
ਆਸਗੰਧ ਪਿਚ ਮੰਦਕਾ ਕੀਜੈ ਕ੍ਵਾਥ ਬਨਾਇ।
ਤਾਂਕੇ ਜਲ ਦਿਨ ਸਾਤ ਲੌਂ ਧੋਵਤ ਜਖਮ ਭਰਾਇ॥੧੪੫॥
ਮਿਟਤ ਪੀਰ ਸਬ ਘਾਉ ਕੀ ਅਰੁ ਆਵਤ ਅੰਕੂਰ।
ਘ੍ਰਿਤ ਹਲਦੀ ਰੋਟੀ ਮਿਲੀ ਲੁਪਰੀ ਤਾ ਪਰ ਪੂਰ॥੧੪੬॥

੧੫੬੭- ਚੰਗੀ ਤਰ੍ਹਾਂ ਨਿੰਮ ਪੱਤ੍ਰ ਉਬਾਲਕੇ ਸਭ ਬ੍ਰਿਣ ਅਰ ਘਾਉ ਧੋ ਦੇਵੇ ਤਾਂ ਸੁੱਧ ਹੋ ਜਾਂਦੇ ਹਨ, ਸਭ ਤਰਾਂ ਦੀ ਦੁਰਗੰਧੀ ਨਾਸ ਹੁੰਦੀ ਹੈ ਅਰ ਮੱਖੀ ਉਪਰ ਨਹੀਂ ਬੈਠ ਸਕਦੀ॥ ੧੪੪॥

Digitized by Panjab Digital Library | www.panjabdigilib.org

੧੫੬੮—ਅਸਗੰਧ ਤੇ ਨਿੰਮ ਦਾ ਕਾੜ੍ਹਾ ਕਰੇ, ਫਿਰ ਇਸ ਨਾਲ ੭ ਦਿਨ ਤੱਕ ਧੋਵੇ ਤਾਂ ਜ਼ਖਮ ਭਰ ਜਾਵੇ। ਘਾਉ ਦੀ ਸਭ ਤਰ੍ਹਾਂ ਦੀ ਪੀੜਾ ਬੀ ਮਿਟ ਜਾਵੇ ਅਰ ਅੰਗੂਰ ਆਵੇ ॥ ੧੪੫॥

੧੫੬੯-ਫਿਰ ਘਿਓ, ਹਲਧੀ, ਆਟਾ ਪਾਕੇ ਲੁੱਪਰੀ ਕਰਕੇ ਬੰਨ੍ਹੇ ਤਾਂ ਜ਼ਖਮ ਪੂਰਨ ਹੋਵੇ ॥੧੪੬॥

ਸਰਬ ਘਾਉ ਕਾ ਲੋਹੂ ਬੰਦ ਕਰਨ ਉਪਾਇ—ਦੋਹਰਾ

ਬਸਨ ਜਾਲਕੈ ਘਾਉ ਮੁਖ ਦੀਜੈ ਪਾਟੀ ਬਾਂਧਿ।
ਰੁਧਿਰ ਚਲਤ ਸੋ ਬੰਦ ਹੁਇ ਅਰ ਮਿਲ ਹੈ ਦੋਊ ਸਾਂਧ ॥੧੪੭॥
ਬੂਟੀ ਬਾਯਸ ਜੰਘਹੀ ਤਾਕਾ ਰਸਾ ਨਿਕਾਰ।
ਅਥਵਾ ਪੀਸੀ ਘਾਉ ਮੁਖ ਦੇਵੈ ਤੁਰਤੈ ਟਾਰ ॥੧੪੮॥
ਰੁਧਰ ਪੜਤ ਸੋ ਬੰਦ ਹੁਇ ਮਿਟਤ ਜਖਮ ਕੀ ਪੀਰ।
ਭਲੋ ਯੋਗ ਮੈ ਇਹ ਕਹਯੋ ਮਾਨੋ ਮਨ ਤੁਮ ਬੀਰ॥੧੪੯॥

੧੫੭੦-ਬਸਤ੍ਰ ਫੂਕਕੇ ਘਾਉ ਦੇ ਮੂੰਹ ਵਿਚ ਦੇ ਕੇ ਪੱਟੀ ਬੰਨ੍ਹ ਦੇਵੇ। ਲਹੁ ਵਗਦਾ ਬੰਦ ਹੋ ਕੇ ਦੋਨੋਂ ਜੋੜ ਮਿਲ ਜਾਣਗੇ ॥ ੧੪੭ ॥

੧੫੭੧-ਬੂਟੀ ਕਾਕਜੰਘੀ ਦਾ ਰਸਾ ਕੱਢਕੇ ਯਾ ਪੀਹਕੇ ਘਾਉ ਦੇ ਮੂੰਹ ਪਾਵੇ ਤਾਂ ਲਹੂ ਚਲਦਾ ਬੰਦ ਕਰੇ ਅਰ ਪੀੜਾ ਭੀ ਨਾਸ ਕਰੇ ॥ ੧੪੮ ॥ ੧੪੯ ॥

ਸੋਰਠਾ

ਲੈਵੋ ਮਦਯ ਮੰਗਾਇ ਸਕਲ ਜੁ ਧੋਵੋ ਘਾਉ ਤਿਸ।
ਪੜਤ ਰੁਧਰ ਮਿਟ ਜਾਇ ਨੈਨ ਦੇਖ ਸਾਚੀ ਕਹੀ ॥੧੫੦॥

੧੫੭੨-ਸ਼ਰਾਬ ਲੈ ਕੇ ਸਭ ਘਾਉ ਧੋ ਦਿਓ ਤਾਂ ਤੁਰਤ ਲਹੂ ਬੰਦ ਹੋਵੇ, ਇਹ ਨੇਤ੍ਰੀਂ ਦੇਖੀ ਕਹੀ ਹੈ॥ ੧੫੦ ॥

ਚੌਪਈ

ਅਨਸੂਈ ਜੋ ਭੈਂਸ ਹੈ ਤਾਂਹ ਲਹੋ ਸਿੰਗ ਛੀਲ।
ਗੋ ਘ੍ਰਿਤ ਮਾਹੇ ਰਾਖ ਸੇ ਮਾਸ ਦੋਇ ਲੌ ਭੀਲ॥੧੫੧॥
ਪੁਰਯਾਰਕ ਮੂਲਾਰਕ ਦਿਨ ਅਰਕ ਤੂਲ ਮਹਿ ਪਾਇ।
ਕਰ ਬਾਤੀ ਕਾਜਲ ਕਰੇ ਕਜਲ ਜਖਮ ਹਟਾਇ ॥੧੫੨॥
ਰੁਧਰ ਚਲਤ ਥੰਮ ਜਾਤ ਹੈ ਮਿਟਤ ਘਾਤ ਕੀ ਪੀਰ।
ਸਿਧ ਜੋਗ ਇਹ ਜਾਨਯੋ ਕਰਕੇ ਰਾਖੋ ਬੀਰ ॥੧੫੩॥

Digitized by Panjab Digital Library | www.panjabdigilib.org

੧੫੭੩—ਅਣਸੂਈ ਮਹੀਂ ਦਾ ਸਿੰਙ ਛਿਲਕੇ ਗੋਕੇ ਘੇਉ ਵਿਚ ਦੋ ਮਹੀਨੇ ਰਖ ਛਡੇ। ਪੁਖ ਨਛੱਤ੍ਰ ਐਤਵਾਰ, ਯਾਂ ਮੂਲਾ ਨਛੱਤ੍ਰ ਐਤਵਾਰ ਹੋਵੇ ਜਾਂ ਅੱਕ ਦੇ ਰੂੰ ਵਿਚ ਪਾ ਕੇ ਬੱਟੀ ਬਣਾਕੇ ਕੱਜਲ ਕਰਕੇ ਜ਼ਖਮ ਪਰ ਲਾਵੇ ਤਾਂ ਲਹੂ ਵਗਦਾ ਰੁਕ ਜਾਵੇ, ਘਾਉ ਦੀ ਪੀੜਾ ਬੀ ਹਟਦੀ ਹੈ ਇਹ ਸਰੇਸ਼ਟ ਯੋਗ ਹੈ, ਕਰਕੇ ਰਖਣਾ ਚਾਹੀਏ ॥ ੧੫੧ ॥ ਤੋਂ ੧੫੩ ॥

ਸੂਬ ਘਾਉ ਪਰ ਮੱਲਮ--ਚੌਪਈ

ਨੀਲਾਥੋਥਾ ਮੁਰਦਾ ਸਿੰਗ। ਕੱਥ ਮਜੀਠ ਹਿੰਗੁਲੂ ਅੰਗ।
ਲੈ ਸੰਧੂਰ ਖਰਾ ਜੋ ਹੋਇ। ਪੈਸਾ ਪੈਸਾ ਸਬਹੀ ਜੋਇ ॥੧੫੪ ॥
ਕਟਕ ਤੇਲ ਪੈਸੇ ਨਵ ਆਨ। ਤਿਸ ਮੈ ਪੀਸ ਪਕਾਵੇ ਠਾਨ।
ਫੈਹਾ ਕਰ ਯਖਮਸਿ ਪਰ ਲਾਇ।ਸਕਲ ਘਾਉ ਕੀ ਪੀਰ ਮਿਟਾਇ॥੧੫੫॥

੧੫੭੪—ਨੀਲਾਥੋਥਾ, ਮੁਰਦਾ ਸੰਗ ਕੱਥ, ਮਜੀਠ; ਸਿੰਗ੍ਰਫ ਤੇ ਖਰਾਸੰਧੂਰ, ਇਹ ਸਭ ਪੈਸਾ ੨ ਭਰ। ਕੌੜਾ ਤੇਲ ੯ ਪੈਸੇ ਭਰ। ਉਸ ਵਿਚ ਪੀਹਕੇ ਪਕਾਵੇ, ਫਿਰ ਫੈਹਾ ਕਰਕੇ ਜ਼ਖਮ ਪਰ ਲਾਵੇ, ਤਾਂ ਸਭ ਤਰਾਂ ਦੇ ਘਾਵਾਂ ਦੀ ਪੀੜਾ ਨਾਸ਼ ਕਰੇ ॥ ੧੫੪ ॥ ੧੫੫ ॥

ਤੀਰ ਵਰਛੀ ਗੋਲੀ ਆਦਿ ਘਾਉਕੋ (ਰਸਰਤਨਾਕਰਾਤ)-ਦੋਹਰਾ

ਕਾਂਤਿਪਖਾਨ ਜੁ ਬਾਂਧੀਐ ਮਿਟਤ ਸੱਲ ਅਰ ਘਾਉ।
ਅਪਾ ਮਾਰਗ ਪੱਤ੍ਰ ਰਸਾ ਪਾਵਤ ਘਾਉ ਮਿਟਾਉ ॥ ੧੫੬॥
ਪਾਛੇ ਲੁਪਰੀ ਜੋ ਕਹੀ ਸੋਇ ਇਹਾਂ ਭੀ ਜੋਰ।
ਨਿੰਬ ਕ੍ਵਾਥ ਕਰ ਧੋਈਯੇ ਸਕਲ ਘਾਉ ਕੀ ਠੌਰ॥੧੫੭ ॥

੧੫੭੫—†ਚੁੰਬਕ ਪੱਥਰ ਲੈ ਕੇ ਘਾਉ ਪਰ ਬੰਨ੍ਹੇ ਤਾਂ ਸ਼ੱਲ ਘਾਉ ਨਾਸ਼ ਕਰੇ। ਯਾਂ –
੧੫੭੬—ਪੁਟਕੰਡੇ ਦੇ ਪੱਤਰਾਂ ਦਾ ਰਸਾ ਪਾਵੇ ਤਾਂ ਘਾਉ ਮਿਟੇ ॥ ੧੫੬ ॥
੧੫੭੭—ਪਿਛੇ ਜੋੜ੍ਹੀ ਲੁਪਰੀ ਸੰਖਯਾ ੧੫੬੯ ਵਿਚ ਕਹੀ ਹੈ, ਓਹ ਏਥੇ ਬੀ ਲੈਕੇ ਬੰਨ੍ਹੇ।
੧੫੭੮—ਨਿੰਮ ਦੇ ਕਾੜ੍ਹੇਨਾਲ ਸ਼ੱਲਘਾਉ ਧੋਵੇ ਤਾਂ ਚੰਗਾ ਹੋਵੇ ॥ ੧੫੭ ॥

ਦੇਵ ਦਾਲਿ ਫਲ ਰਸੁ ਗਹੀ ਮਧੁ ਸੇ ਬਰਤਿ ਬਨਾਇ।
ਸੋ ਦੀਜੈ ਤਿਸ ਸੱਲਜ ਮੈਂ ਆਛੀ ਬਿਧ ਸੋ ਲਜਾਇ ॥੧੫੮ ॥
ਟੀਕੀ ਕਰ ਗੋ ਧੂਮ ਕੀ ਆਛਾ ਚੂਨ ਛਨਾਇ।
ਤਾਂਕੇ ਪਰਦੇ ਬਾਂਧੀਏ ਮਿਟਤ ਸਲਜ ਸਭ ਘਾਇ ॥੧੫੯॥

੧੫੭੯—ਘੱਗਰਵੇਲ ਦੇ ਫਲ ਦਾ ਰਸ ਲੈ ਕੇ ਸ਼ਹਿਤ ਪਾ ਕੇ ਬੱਟੀ ਕਰੇ, ਫਿਰ ਸ਼ੱਲ ਵਿਚ ਦੇ ਕੇ ਉਪਰ ਕਣਕ ਦੇ ਛਾਣੇ ਹੋਏ ਆਟੇ ਦੀ ਟਿਕੀ ਬੰਨ੍ਹ ਦੇਵੇ ਤਾਂ ਸ਼ੱਲ ਘਾਉ ਨਾਸ਼ ਹੋਵੇ ॥ ੧੫੮ ॥ ੧੫੯ ॥

†ਕਾਂਤਪਖਾਣ-ਚੁੰਬਕ ਪੱਥਰ ਹੈ, ਦੇਖੋ ਭਾ: ਪ੍ਰਕਾਸ਼।

Digitized by Panjab Digital Library | www.panjabdigilib.org

ਚੌਪਈ

ਬਾਗਾ ਸੋਤ ਮੂਲ ਕੀ ਛਾਲ । ਜਲ ਸੋ ਪੀਸੀ ਮਧੁ ਲੈ ਘਾਲ।
ਬਸਨ ਬਰਤਿ ਸੋ ਲਾਵੈ ਏਹ। ਸਲਜ ਬੀਚ ਤਬ ਦੇਵੈ ਤੇਹ ॥੧੬੦॥
ਊਪਰ ਦ੍ਰਿਢ ਪਾਟੀ ਜੁ ਬੰਧਾਇ । ਏਕ ਜਾਮ ਮਹਿ ਸੱਲ ਮਿਟਾਇ।
ਰਸਰਤਨਾਕਰ ਭਾਖੀ ਸਹੀ । ਕੌਤਕ ਕਰਨੀ ਮੇਘ ਸੁ ਕਹੀ ॥ ੧੬੧ ॥

੧੫੮੦—ਸਫੇਦ ਪੁਟਕੰਡੇ ਦੀ ਜੜ੍ਹ ਦੀ ਛਿਲ, ਜਲ ਨਾਲ ਪੀਹਕੇ ਸ਼ਹਿਤ ਪਾਵੇ ਅਰ ਫਿਰ ਕੱਪੜੇ ਦੀ ਬੱਤੀ ਕਰਕੇ ਸ਼ੱਲ ਵਿਚ ਦੇਵੇ, ਉਪਰ ਪੱਕੀ ਪੱਟੀ ਬੰਨ੍ਹੇ ਤਾਂ ਇਕ ਪਹਿਰ ਵਿਖੇ ਸ਼ੱਲ ਮਿਟੇ ॥ ੧੬੦ ॥ ੧੬੧ ॥

ਜੋ ਹੱਡ ਮੈ ਸ਼ੱਲ ਹੋਇ ਤਿਸਕਾ ਉਪਾਇ—ਦੋਹਰਾ

ਸਾਬਨ ਟੰਕਨ ਤੁੱਥ ਮਧੁ ਬਸਨ ਸੋ ਲਾਇ।
ਲੈ ਦੇਵੈ ਲੈ ਸੱਲ ਮੈ ਅਸਥ ਸੱਲ ਮਿਟ ਘਾਇ ॥੧੬੨॥

੧੫੮੧—ਸਬੂਣ, ਸੁਹਾਗਾ, ਨੀਲਾਥੋਥਾ ਤੇ ਸ਼ਹਿ ਇਹ ਸਭ ਮਿਲਾਕੇ ਬਸਤ੍ਰ ਪਰ ਲਾਕੇ ਸ਼ੱਲ ਵਿਚ ਦੇਵੇ ਤਾਂ ਹੱਡੀ ਦਾ ਸ਼ੱਲ ਜਾਵੇ, ਘਾਉ ਮਿਟੇ ॥ ੧੬੨ ॥

ਚੌਪਈ

ਪੁਤ੍ਰਜੀਵ ਫਲ ਮੱਜ ਮਗਾਇ। ਜਲ ਸੋ ਪੀਸੀ ਲੇਪੁ ਲਗਾਇ।
ਬਾਤੀ ਕਰਨੀ ਬੀਚ ਚਲਾਇ। ਕੁੰਤੀ ਤੀਰ ਜੁ ਸੱਲ ਮਿਟਾਇ ॥ ੧੬੩ ॥

੧੫੮੨—ਜੀਏ ਪੋਤੇ ਦੇ ਫਲ ਦੀ ਮੱਜਾ (ਗਿਰੀ) ਲੈ ਕੇ ਜਲ ਨਾਲ ਪੀਹਕੇ ਬੱਟੀ ਕਰੇ ਅਰ ਫਿਰ ਸ਼ੱਲ ਵਿਖੇ ਦੇਵੇ ਤਾਂ ਵਰਛੀ ਅਰ ਤੀਰ ਦਾ ਸ਼ੱਲ ਨਸ਼ ਕਰੇ ॥ ੧੬੩ ॥

ਸਰਬ ਘਾਉ ਕੋ ਮੱਲਮ—ਚੌਪਈ

ਸਿੰਗ੍ਰਫ ਟੰਕਣ ਮੁਰਦਾ ਸੰਗ। ਸੰਗਜਰਾਵ ਰਾਲ ਕਥ ਅੰਗ।
ਨੀਲਾਥੋਥਾ ਸਤ ਸਤ ਮਾਸੇ। ਮੋਮ ਸਫਸਾਹੀ ਦੋ ਲੈ ਖਾਸੇ ॥੧੬੪॥
ਘ੍ਰਿਤ ਸਰਸਾਹੀ ਚਾਰ ਮੰਗਾਇ। ਸਬ ਕੀ ਮੱਲਮ ਕਰੋ ਬਨਾਇ।
ਸਰਬਘਾਉਬ੍ਰਿਣ ਸਬਮਿਟਜਾਇ। ਉਤਮ ਮਲਮ ਦਈ ਬਤਾਇ ॥੧੬੫॥

੧੫੮੩—ਸਿੰਗ੍ਰਫ, ਸੁਹਾਗਾ, ਮੁਰਦਾਸੰਗ, ਦੁਧਪਥਰੀ, ਰਾਲ, ਕੱਥ ਤੇ ਨੀਲਾਥੋਥਾ ਇਹ ਸਭ ਸਤ, ਸਤ, ਮਾਸ਼ੇ। ਮੋਮ (ਸਾਢੇ) ੪ ॥ ਤੋਲੇ। ਘਿਉ ੯ ਤੋਲੇ ਲੈ ਕੇ ਸਭ ਦੀ ਬਣਾਇ ਕੇ ਮੱਲਮ ਕਰ ਲਵੇ। ਲਾਵੇ ਤਾਂ ਸਭ ਤਰਾਂ ਦੇ ਘਾਉ, ਅਰ ਫੋੜੇ ਮਿਟਾਵੇ ਇਹ ਉਤਮ ਮੱਲਮ ਹੈ ॥ ੧੬੪ ॥ ੧੬੫ ॥

Digitized by Panjab Digital Library | www.panjabdigilib.org

ਰਾਲ ਕਥ ਲੈ ਮੁਰਦਾਸੰਗ। ਸਿੰਗਰਫ ਨੀਲਾ ਥੋਥਾ ਅੰਗ।
ਪੈਸਾ ਪੈਸਾ ਸਭੋ ਮੰਗਾਇ। ਭਿੰਨ ਭਿੰਨ ਸਬ ਲੇਹੁ ਪਿਸਾਇ ॥੧੬੬॥
ਕੀਕਰ ਲੰਗ ਨੀਂਬ ਕੇ ਪਾਤ। ਪਲ ਪਲ ਮਾਤ੍ਰਾ ਪੀਸੋ ਘਾਤ।
ਭਿੰਨ ਭਿੰਨ ਦੋਕੀਕੀ ਕਰੇ। ਮਿਸਟ ਤੇਲ ਇਕ ਸੇਰ ਸੁ ਧਰੇ ॥੧੬੭॥
ਤਾਕੋ ਤੇਲ ਬੀਚ ਲੈ ਜਾਰ। ਤਾਂਕੀ ਭਸਮ ਨਿਕਾਰੋ ਡਾਰ।
ਤੇਲ ਛਾਨ ਸਭ ਔਖਧ ਪਾਇ। ਇਕ ਸਰਸਾਹੀ ਮੋਮ ਰਲਾਇ ॥੧੬੮॥
ਲਾਵੈ ਘਾਉ ਸਕਲ ਮਿਟ ਜਾਇ। ਬਰਛੀ ਖੜਗ ਤੀਰ ਜੋ ਬਾਇ।
ਬ੍ਰਿਣ ਕੀ ਪੀਰ ਸਕਲ ਨਹੀ ਰਹੈ। ਮੇਘ ਬਿਨੋਦੈ ਮੇਘ ਸੁ ਕਹੈ ॥੧੬੯॥

੧੫੮੪–ਰਾਲ, ਕੱਥ, ਮੁਰਦਾਸੰਗ, ਸਿੰਗ੍ਰਫ ਤੇ ਨੀਲਾ ਥੋਥਾ, ਇਹ ਸਭ ਪੈਸਾ ਪੈਸਾ ਭਰ। ਵਖੋ ਵਖ ਸਭ ਪੀਹ ਕੇ ਰਖੇ ਅਰ ਫਿਰ ਕਿਕ੍ਰ ਦੇ ਲੂੰਙ, ਨਿੰਮਦੇ ਪੱਤ੍ਰ, ਚਾਰ ੨ ਤੋਲੇ ਲੈ ਕੇ ਇਨਾਂ ਨੂੰ ਪੀਹ ਕੇ ਨਿਆਰੀਆਂ ਨਿਆਰੀਆਂ ਟਿਕੀਆਂ ਕਰ ਲਵੇ। ਫਿਰ ੧ ਸੇਰ ਮਿਠੇ ਤੇਲ ਵਿਚ ਟਿਕੀਆਂ ਨੂੰ ਸਾੜ ਲਵੇ। ਸੜੀਆਂ ਦੀ ਭਸਮ ਕਢ ਸੁਟੇ ਤੇ ਤੇਲ ਨੂੰ ਪੁਣ ਕੇ ਸਭ ਦਵਾਈਆਂ ਪਾ ਕੇ ਨਾਲ ਹੀ ਸਵਾ ਦੋ ਤਲੇ ਮੋਮ ਪਾ ਕੇ, ਰਲਾ ਮਿਲਾ ਮਲਮ ਕਰ ਰਖੇ। ਲਾਵੇ ਤਾਂ ਸਭ ਤਰਾਂ ਦੇ ਘਾਉ ਮਿਟਾਵੇ, ਵਰਛੀ, ਤਲਵਾਰ ਅਰ ਤੀਰ, ਹੋਰ ਫੋੜੇ ਆਦਿ ਦੀ ਪੀੜ ਨਹੀਂ ਰਹਿ ਸਕਦੀ, ਇਹ ਮੇਘ ਦਾ ਕਹਿਣਾ ਹੈ ॥ ੧੬੬ ਤੋਂ ੧੬੯ ॥

ਘਾਉ, ਸੱਲ ਦੇ ਪੱਥ--ਕਬਿਤ

ਬੰਧਨ ਸੀਤਾਂਬ ਪੰਕ ਲੇਪਨ ਪ੍ਰਿਯੰਗੁ ਯੂਖ,
ਮੁਗਦਾ ਸਤੀਨ ਤੇਲ ਮਾਖਨ ਘ੍ਰਿਤਾਨੀਏ।
ਖੀਰ ਮਧੁ ਬਾਲ ਮੂਲ ਸਿਗ੍ਰ ਪਟੋਲ ਲਸਨ,
ਦਾਖ ਲਾਖ ਮਜ ਤੀਨ ਆਛੀ ਬਿਧਿ ਠਾਨੀਏ।
ਅਖਤ ਗੋਧੂਮ ਚੂਨ ਆਮਰੇ ਸੁ ‡ਬਜ੍ਰ ਬੇਲ,
ਬ੍ਰਿਹੇਨੀ ਕ੍ਰਿਯਾ ਸੁ ਸੇਕ ਮਦਜ ਪਾਨ ਧਾਨੀਏ।

---

‡ਬੱਜ੍ਰ ਵੇਲ-ਹਦ ਸੰਘਾਰੀ ਹੈ ਇਸ ਦੀ ਵੇਲ ਹੁੰਦੀ ਹੇ, ਇਸਦਾ ਸੰਬੰਧ ਥੋਹਰ ਨਾਲ ਹੇ, ਚਾਰ ਯਾ ਛੇ ਅੰਗੁਲੀਆਂ ਪਰ ਗੰਢਾਂ ਹੁੰਦੀਆਂ ਹਨ, ਇਹ ਦੁਧਾਰੀ, ਤਿਧਾਰਾ, ਚੁਧਾਰੀ ਅਤੇ ਪੰਚਧਾਰੀ ਬੀ ਹੁੰਦੀ ਹੈ, ਇਸਦੀ ਲਕੜ ਛਿਲ ਕੇ ਵਿਚ ਬਰਾਬਰ ਦੀ ਮਹਾਂ ਦੀ ਦਾਲ ਪਾਕੇ ਵੜੀਆਂ ਬਣਾਕੇ ਖਾਂਦੇ ਹਨ, ਇਹ ਵੜੀਆਂ ਸ੍ਵਾਦੂ ਤੇ ਗੁਣਕਾਰ ਕਹੀਆਂ ਹਨ ਸਰੀਰ ਨੂੰ ਪੁਸ਼ਟ ਕਰਦੀਆਂ ਹਨ, ਪੁਸ਼ਟੀ ਕਰਨ ਹਾਰੀ ਜਾਣ ਕੇ ਏਥੇ ਪੱਥ ਕਹੀ ਹੈ।

Digitized by Panjab Digital Library | www.panjabdigilib.org

ਘਾਉ ਸਲਯ ਤਾਹਿ ਹੇਤ ਪਥ ਹੀ ਸੋ ਸੁਖੇ ਲੇਤ,
ਕਹੈ ਹੈ ਬਖਾਨ ਮੇਘ ਐਸੀ ਬਿਧਿ ਮਾਨੀਏ ॥ ੧੭੦ ॥

੧੫੯੫–ਚਗੀਤਰਾਂ ਬੰਨ੍ਹਣਾ, ਠੰਢੇ ਜਲ ਦ ਸੀਂਚਨਾ, ਚਿੱਕੜ ਦਾ ਲੇਪਨ, ਕੰਙਣੀ ਅੰਨ, ਸਭਤਰਾਂ ਦੇ ਯੂਖ, ਮੂੰਗ, †ਮਟਰ, ਤੇਲ, ਮੱਖਣ, ਘੇਉ। ਦੁਧ ਪਿਲਾਨਾ, ਸ਼ਹਤ, ਲਵੀ ਮੂਲੀ, ਸੁਹਾਂਵਣਾ, ਪਟੋਲ, ਲਸਨ, ਦਾਖ, ਪਿਪਲ ਦੀ ਲਾਖ, ਤਿੰਨ ਗਿਰੀਆਂ (ਬਦਾਮ, ਨੇਉਜੇ, ਪਿਸਤਾ) ਚਾਵਲ ਕਣਕ ਦਾ ਨਿਸਾਸਤਾ, ਆਵਲੇ, ਹਡ ਸੰਗਾਰੀ, ਸਰੀਰ ਨੂੰ ਪੁਸ਼ਟ ਕਰਕੇ ਵਧੇਣ ਵਾਲੇ ਯਤਨ, ਸੇਂਕ (ਟਕੋਰ) ਅਤੇ ਮਦ ਦਾ ਪੀਣਾ, ਏਹ ਸਭ ਘਾਉ ਅਤੇ ਸ਼ੱਲ ਵਾਸਤੇ ਪਥ ਕਹੇ ਹਨ ॥ ੧੭੦ ॥

ਕੁਪੱਥ--ਚੌਪਈ

ਲਵਨ ਕਟੁਕ ਅਰ ਮੈਥੁਨ ਖਾਰ। ਸਫਰੀ ਆਤਪ ਬਯਾਮ ਬਿਚਾਰ।
ਰੂਖਾ ਅੰਨ ਕਹੈ ਜੁ ਕੁਪਥ। ਕਹਤ ਮੇਘ ਮੈ ਰਾਖੇ ਅਥ ॥ ੧੭੧ ॥

੧੫੯੬–ਨਿਮਕ, ਕੌੜੇ ਪਦਾਰਥ, ਇਸਤ੍ਰੀ ਸੰਗ, ਖਾਰਾਂ, ਮਛੀ ਦਾ ਮਾਂਸ, ਧੁਪ, ਕਸ੍ਰਿਤ ਰੁਖੇ ਭੋਜਨ ਖਾਣੇ ਇਹ ਸਭ ਕੁਪੱਥ ਹਨ ॥ ੧੭੧ ॥

ਅਥ ਭਗੰਦ੍ਰ ਨਿਦਾਨ–ਚੌਪਈ

ਬਾਤ ਪਿਤ ਕਫ ਸੰਨ ਬਖਾਨ। ਪਾਂਚਮ ਕ੍ਰਿਮ ਤੇ ਮਨ ਮਹਿ ਜਾਨ।
ਗੁਦਾ ਪਾਸ ਅੰਗੁਲ ਦੋ ਫਰਕ। ਰੋਗ ਭਗੰਦਰ ਨਰਕੋ ਧਰਕਿ ॥੧੭੨॥

੧ ਬਾਤ ਦਾ, ੨ ਪਿਤਾ ਦਾ, ੩ ਕਫ ਦਾ, ੪ ਸੰਨਿਪਾਤ ਦਾ ਅਤੇ ਪੰਜਵਾਂ ੫ ਕ੍ਰਿਮਾਂ ਦਾ, ਗੁਦਾ ਦੇ ਪਾਸ ਦੋ ਉਂਗਲੀਆਂ ਦੇ ਅਨੁਮਾਨ ਇਕ ਫੋੜਾ ਹਵੇ ਉਸ ਨੂੰ ਭਗੰਦਰ ਆਖਦੇ ਹਨ ॥ ੧੭੨ ॥

ਭਗੰਦਰ ਲੱਛਣ–ਦੋਹਰਾ

ਕਟੀ ਕਪਾਹਲਿ ਤੋਦ ਦੁਖ ਦਾਹ ਖਾਜ ਅਰੁ ਪੀਰ।
ਪਿੜਕਾ ਫੂਟ ਭਗੰਦਰਾ ਤੋ ਭਾਖਯੋ ਹੈ ਬੀਰ ॥ ੧੭੩ ॥

ਕਮਰ ਦੇ ਪਾਸ ਕਪਾਲ ਨਾਮ ਦੀ ਹਡੀ ਵਿਖੇ ਸੂਈ ਚਭਾਣ ਸੀ ਪੀੜ ਹੋਵੇ। ਦਾਹ, ਖੁਰਕ ਅਰ ਪੀੜ ਹੋਵੇ ਅਰ ਫਿਰ ਓਹ ਫੋੜੀ ਫੁਟ ਜਾਵੇ (ਵਿਚੋਂ ਪਾਣੀ ਵਗਦਾ ਰਹੇ) ਓਹ ਭਗੰਦਰ ਕਿਹਾ ਜਾਂਦਾ ਹੈ ॥ ੧੭੩ ॥

ਉਪਾਇ (ਰਸਰਤਨਾਕਰਾਤ) ਦੋਹਰਾ

ਪ੍ਰਿਥਮ ਭਗੰਦ੍ਰ ਪਾਕ ਕੀ ਰਛਿਆ ਬੈਦ ਕਰਾਇ।
ਪੁਨਹਿ ਜਲੂਕਾ ਲਾਈਏ ਪ੍ਰਥਮਹਿ ਏਹ ਉਪਾਇ ॥ ੧੭੪ ॥

---

†ਸਤੀਨ—ਮਟਰ ਹੈ ਦੇਖੋ ਭਾਵ ਪ੍ਰਕਾਸ਼।

Digitized by Panjab Digital Library | www.panjabdigilib.org

ਕ੍ਰਿਸ਼ਨ ਧਤੂਰਾ ਲਾਂਗਲੀ ਕੁਚਲੀ ਲੇਪ ਲਗਾਇ।
ਨੀਰ ਸਹਿਤ ਮਿਟ ਜਾਤ ਹੈ ਰੋਗ ਭਗੰਦਰ ਜਾਏ॥ ੧੭੫॥

੧੫੯੭—ਪਹਿਲੇ ਹੀ ਭਗੰਦਰ ਦੇ ਪਕ ਜਾਣ ਦੀ ਵੈਦ ਰਖਜਾ ਕਰੇ, ਭਾਵ ਪਕਣੇ ਨਾ ਦੇਵੇ, ਜੋਕ ਆਦਿ ਲਾ ਦੇਵੇ, ਪਹਿਲੇ ਯਤਨ ਚਾਹੀਏ॥

੧੫੯੮-ਕਾਲਾਧਤੂਰਾ,†ਜਲਮਘ ਤੇ ਕੁਚਲਾ ਜਲ ਨਾਲ ਘੋਟਕੇ ਲੇਪ ਕਰੇ, ਤਾਂ ਭਗੰਦਰ ਜਾਵੇ॥ ੧੭੪। ੧੭੫।

ਰਤੀ ‡ਤਾਂਡਵ ਰਸ (ਰਸਰਤਨਾਕਰਾਤ)

ਸੁਧ ਸੂਤ ਗੰਧਕ ਦੋ ਭਾਗ। ਕੰਨਯਾ ਰਸ ਸੋ ਮਰਦੋ ਲਾਗ।
ਦੋਨੋ ਸਮ ਤਾਂਬੇ ਕੇ ਪਾਤ। ਸੁਧ ਮੇਲ ਗੋਲਾ ਤ੍ਰਿਕ ਧਾਤ॥੧੭੬॥
ਸੋ ਗੋਲਾ ਹਾਂਡੀ ਵਿਚ ਪਾਇ। ਊਪਰ ਰਾਖ ਪਲਾਹ ਭਰਾਇ।
ਚੁੱਲੇ ਊਪਰ ਹਾਂਡੀ ਧਰੇ। ਗਾਢੀ ਮੁਦ੍ਰਾ ਮੁਖ ਕੇ ਕਰੇ॥੧੭੭॥
ਜਾਮ ਦੋਇ ਤਿਸ ਅਗਨਿ ਕਰਾਇ। ਸੀਤਲ ਹੋਇਆ ਲੈ ਉਤਰਾਇ।
ਜੰਭੀਰੀ ਰਸ ਪੁਟ ਦੈ ਸਾਤ। ਸਾਤੈ ਅਗਨਿ ਇਸੀ ਬਿਧ ਮਾਤ॥੧੭੮॥
ਮਧੁ ਘ੍ਰਿਤ ਸੋ ਗੁੰਜਾ ਇਕ ਖਾਇ। ਰੋਗ ਭਗੰਦਰ ਛਿਨ ਮਹਿ ਜਾਇ॥
ਰਸਰਤਨਾਕਰ ਰਸੁ ਇਹ ਕਹਯਾ। ਰੋਗ ਭਗੰਦਰ ਦੂਰਹਿ ਰਹਯਾ॥੧੭੯॥
ਗੁਲੀ ਲਸੁਨ ਕਾਂਜੀ ਵਾ ਸੰਗ। ਮਧੁਰ ਅਹਾਰ ਭੋਗੈ ਮਨ ਰੰਗ।
ਬਰਜੈ ਸੀਤਲ ਘਨਾ ਅਹਾਰ। ਰਸੁ ਰਵਿ ਤਾਂਡਵ ਭਨੀ ਬਿਚਾਰ॥੧੮੦॥

੧੫੯੯—ਸੁਧਪਾਰਾ ੧ ਤੋਲਾ, ਗੰਧਕ, ੨ ਤੋਲੇ। ਕਵਾਰ ਦੇ ਰਸ ਨਾਲ (੩ ਦਿਨ) ਖਰਲ ਕਰੇ। ਫਿਰ ਦੋਹਾਂ ਦੇ ਬ੍ਰਾਬਰ ਦੇ ਸੁਧ ਤਾਂਮੇਦੇ ਪਤਰੇ ਕਰਾਕੇ ਫਿਰ ਤਿੰਨਾਂ ਨੂੰ ਮੇਲ ਕੇ ਗਲਾ ਕਰੇ। ਉਹ ਗੋਲਾ ਹਾਂਡੀ ਵਿਚ ਰਖ ਕੇ। ਉਸ ਪਰ ਪਲਾਹ ਦੀ ਸੁਆਹ ਦਾ ਦਬਾਉ ਦੇਵੇ। ਫਿਰ ਓਹ ਹਾਂਡੀ ਚੁੱਲੇ ਪਰ ਚਾੜ੍ਹੇ, ਪਰੰਤੂ ਮੂੰਹ ਪਰ ਗਾੜ੍ਹੀ ਮੁੰਦ੍ਰਾ ਕਰ ਲਵੇ। ਹੇਠ ਦੋ ਪਹਿਰ ਅਗ ਜਲਾਵੇ, ਠੰਡਾ ਹੋਵੇ ਤਾਂ ਉਤਾਰੇ, ਫਿਰ ਜੰਭਾਰੀ ਦੇ ਰਸ ਦੀਆਂ ੭ ਪੁਠਾਂ ਦੇ ਕੇ ਇਸੇ ਤਰਾਂ ਚੁੱਲੇ ਪਰ ੭ ਬਾਰ ਅਗ ਦੇਵੇ ਫਿਰ ਇਹ ਰਸ ਤਿਆਰ ਹੋਵੇ ਤਾਂ ੧ ਰਤੀ ਸ਼ਹਤ ਤੇ ਘੇਉ ਨਾਲ ਖਾਵੇ, ਤਾਂ ਭਗੰਦਰ ਰੋਗ ਨੂੰ ਨਾਸ ਕਰੈ। ਲਸਨ ਦੀਆਂ ਗੁਲੀਆਂ ਤੇ ਕਾਂਜੀ ਨਾਲ ਖਾਵੇ, ਪਿਛੋਂ ਮਿੱਠਾ ਭੋਜਨ ਖਾਵੇ, ਠੰਢਾ ਅਰ ਬਹੁਤਾ ਖਾਣਾ ਬਰਜ ਦੇਵੇ। ਇਹ ਇਸ ਰਸ ਦਾ ਵਿਚਾਰ ਹੈ॥ ੧੭੬॥ ਤੋਂ॥ ੧੮੦॥

---

†ਲਾਂਗਲੀ—ਨਲੀਏਰ ਫਲ ਹੈ, ਦੇਖੋ ਔਸ਼ਧੀ ਕੋਸ਼।

‡ਇਸ ਰਸ ਦਾ ਨਾਮ ਰਤੀਤਾਂਡਵ ਅਤੇ ਕਈ ਗ੍ਰੰਥਕਾਰ ਕਾਰਿਤਾਂਡਵ ਬੋਲਦੇ ਹਨ।

Digitized by Panjab Digital Library | www.panjabdigilib.org

ਸੰਭਾਲੂ ਜੜ ਰਸ ਲੈ ਪਾਇ। ਅਥਵਾ ਅਰਕਮੂਲ ਘਸਿ ਲਾਇ।
ਅਥਵਾ ਰਸ ਵਾਂਗੇ ਕਾ ਲੇਪ। ਯੋਗ ਭਗੰਦਰ ਤੀਨ ਸੰਖੇਪ ॥੧੯੧॥

੧੫੯੦—ਸੰਭਾਲੂਦੀ ਜੜ੍ਹ ਦਾ ਸੰਭਾਲੂ ਦੇ ਰਸ ਵਿਚ ਲੇਪ ਕਰੇ, ਯ:—
੧੫੭੧-ਅੱਕ ਦੀ ਜੜ੍ਹ ਪਾਣੀ ਵਿੱਚ ਘਸਾਕੇ ਲੇਪ ਕਰੋ, ਯ:-
੧੫੯੨-ਪੁਟਕੰਡੇ ਦੇ ਰਸ ਦਾ ਲੇਪ ਕਰੇ ਇਹ ਤਿੰਨੇ ਪ੍ਰਯੋਗ ਭਗੰਦਰ ਦਾ ਨਾਸ਼ ਕਰਨਹਾਰੇ ਹਨ ॥ ੧੯੧ ॥

ਤ੍ਰਿਫਲਾ, ਕੁਸਟ ਬਾਨਰੀਬੀਜ। ਭੂਨਿੱਬ ਗੰਧਕ ਲਸਨ ਸੁ ਲੀਜ।
ਸਬਕੈ ਸਮ ਮਿਸਰੀ ਲੈ ਪਾਇ। ਆਛਾ ਚੂਰਨ ਕਰੋ ਛਨਾਇ ॥੧੯੨॥
ਉਦੰਬਰ ਜੜ ਕ੍ਵਾਥ ਕਰਾਇ। ਤਾਂ ਸੋ ਚੂਰਨ ਜੋ ਨਰ ਖਾਇ।
ਰਾਤ ਸਮੇਂ ਇਸ ਖਾਵਨ ਕਰੋ। ਰੋਗੁ ਭਗੰਦਰ ਪਾਂਚੋ ਹਰੋ ॥੧੯੩॥

੧੫੯੩-ਤ੍ਰਿਫਲਾ, ਕੁੱਠ, ਕੌਂਚਬੀਜ, ਚਿਰਾਯਤਾ, ਗੰਧਕ, ਲਸਨ, ਸਾਰਿਆਂ ਦੇ ਬਰਾਬਰ ਦੀ ਮਿਸ਼ਰੀ ਪਾਕੇ ਚੂਰਣ ਕਰ ਰਖੇ। ਫਿਰ ਗੁੱਲਰ ਦੀ ਜੜ੍ਹ ਦਾ ਕਾੜ੍ਹਾ ਕਰੇ ਅਰ ਉਸ ਕਾੜ੍ਹੇ ਨਾਲ ਰਾਤ ਨੂੰ ਇਹ ਚੂਰਣ ਖਾਵੇ, ਤਾਂ ੫ ਪ੍ਰਕਾਰ ਦਾ ਭਗੰਦਰ ਜਾਵੇ ॥ ੧੯੨ ॥ ੧੯੩ ॥

ਤਾਂਬਾ ਚੂਨ ਭਾਗ ਇਕ ਆਨ। ਤਾਂ ਸਮ ਪਾਰਦ ਆਛਾ ਠਾਨ।
ਸੇਂਧਵ ਲਵਨ ਭਾਗ ਲੈ ਸਾਤ। ਨਵਗੰਧਕ ਆਮਲ ਸਾਰਾਤ ॥੧੯੪॥
ਭ੍ਰਿੰਗਰਾਜ ਜੰਭੀਰੀ ਨੀਰ। ਲੇਪ ਕਰੋ ਭਾਗੰਦਰ ਬੀਰ।
ਮਿਟਤ ਭਗੰਦਰ ਜਾਵਤ ਪੀਰ। ਕਹਤ ਮੇਘ ਬ੍ਰਿਣਜਾਇਰੀਭੀਰ ॥੧੯੫॥

੧੫੯੪—ਤਾਂਮੇ ਦਾ ਚੂਰਣ ਕੀਤਾ ੧ ਭਾਗ ਲਵੇ। ਇਸ ਦੇ ਬਰਾਬਰ ਦਾ ਪਾਰਾ ਲਵੇ ਸੇਂਧਾਲੂਣ ੭ ਭਾਗ ਤੇ ਆਵਲੇਸਾਰ ਗੰਧਕ ੯ ਭਾਗ ਲੈ ਕੇ ਫਿਰ ਭੰਗਰੇ ਅਰ ਗਲਗਲ ਦੇ ਪਾਣੀ ਨਾਲ ਭਗੰਦਰ ਲੇਪ ਕਰੇ ਤਾਂ ਭਗੰਦਰ ਜਾਵੇ ॥ ੧੯੪ ॥ ੧੯੫ ॥

ਸੋਰਠਾ

ਆਛਾ ਤੇਲ ਨਿਕਾਲ ਮਾਨਵ ਕੇਰੇ ਅਸਥਿਲੈ।
ਰੋਗ ਭਗੰਦਰ ਟਾਲ ਲੇਪ ਕਰੇ ਬ੍ਰਿਣ ਸਭ ਹਰੈ ॥੧੯੬॥

ਚੌਪਈ

ਤਾਮਰ ਭਸਮ ਮਰਦ ਦਿਨ ਏਕ। ਮਧੁ ਯਸਟੀ ਇਟਸਿਟ ਰਸੁ ਟੇਕ।
ਕਕੜਾਸਿੰਗੀ ਰਸਹਿ ਪਿਸਾਇ। ਲੇਪੇ ਬ੍ਰਿਣ ਭਗੰਦਰ ਜਾਇ ॥੧੯੭॥

੧੫੯੫-ਮਨੁਖ ਦੇ ਹੱਡਾਂ ਦਾ ਤੇਲ (ਪਤਾਲ ਯੰਤ੍ਰ ਨਾਲ) ਚੰਗੀਤਰਾਂ ਕੱਢ ਲਵੇ। ਲਗਾਵੇ ਤਾਂ

Digitized by Panjab Digital Library | www.panjabdigilib.org

ਭਗੰਦ੍ਰ ਜਾਵੇ, ਤਾਂ ਇਸੇ ਤਰ੍ਹਾਂ ਲੌਣ ਨਾਲ ਹੋਰ ਥਿਣ ਬੀ ਜਾਂਦੇ ਹਨ ॥ ੧੯੬ ॥

੧੫੯੬–ਤਾਂਮੇ ਦੀ ਭਸਮ ਇਕ ਦਿਨ ਸ਼ਹਿਤ ਮੁਲੱਠੀ ਇਟਸਿਟ ਵਿਚ ਘੋਟੇ ਅਰ ਫਿਰ ਕਕੜ ਸਿੰਗੀ ਦੇ ਰਸ ਨਾਲ ਪੀਹਕੇ ਭਗੰਦ੍ਰ ਪਰ ਲਾਵੇ ਤਾਂ ਭਗੰਦ੍ਰ ਜਾਵੇ ॥ ੧੮੭ ॥

ਤ੍ਰਿਫਲ ਕ੍ਵਾਥ ਜਲੁ ਲੇਪ ਘਸਾਇ। ਮਾਰਜਾਰ ਕੀ ਹਾਡੀ ਲਗਾਇ।
ਅਥਵਾ ਤ੍ਰਿਫਲਕ੍ਵਾਥ ਨਿਤ ਧੋਇ। ਰੋਗ ਭਗੰਦ੍ਰ ਛਿਨਮਹਿਖੋਇ ॥੧੮੮॥

੧੫੯੭–ਤ੍ਰਿਫਲੇ ਦੇ ਕਾੜ੍ਹੇ ਦੇ ਜਲ ਨਾਲ ਬਿੱਲੀ ਦੀ ਹਡੀ ਘਿਸਾਕੇ ਲਗਾਵੇ। ਯਾ:—

੧੫੯੮–ਤ੍ਰਿਫਲੇ ਕਾੜ੍ਹੇ ਨਾਲ ਹੀ ਨਿਤ ਧੋਵੇ ਤਾਂ ਭਗੰਦ੍ਰ ਨਾਸ਼ ਹੋਵੇ ॥ ੧੮੮ ॥

ਗੰਡੋਵਾ ਮ੍ਰਿਤਕ ਲੈ ਏਕ। ਰਾਸਭ ਰਕਤਿ ਲੇਪਿਯੋ ਟੇਕ।
ਗਰਧਮ ਅਸਥਿ ਤੇਲ ਵਾਲਾਇ। ਰੋਗ ਭਗੰਦਰ ਸਭ ਮਿਟ ਜਾਇ॥੧੮੯॥

੧੫੯੯–ਮੁਆ ਗੰਡੋਆ ਇਕ ਲੈ ਕੇ ਗਧੇ ਦੇ ਖੂਨ ਨਾਲ ਲੇਪ ਲਗਾਵੇ। ਯਾ:-

੧੬੦੦–ਗਧੇ ਦੇ ਹੱਡਾਂ ਦਾ ਤੇਲ ਲਾਵੇ, ਭਗੰਦ੍ਰ ਨਾਸ ਕਰੇ ॥ ੧੮੯ ॥

ਭਗੰਦਰ ਦੇ ਪੱਥ--ਚੌਪਈ

ਕਾਚੇ ਸੋਧਨ ਲੰਘਨ ਲੇਪ। ਰਕਤ ਨਿਕਾਰਨ ਜਾਨੋ ਮੇਪ।
ਪਾਕੇ ਸਸਤ੍ਰ ਬੰਨਿ ਜੁ ਖਾਰ। ਕਰਮ ਯਥਾ ਬਿਧਿ ਕੀਜੈ ਸਾਰ ॥ ੧੯੦ ॥
ਸਾਲ ਮੁਗਦ ਬਿਲੇਪ ਪਟੋਲ। ਸਿਗ੍ਰੂ ਤਿਲ ਸਰਸੋ ਰਸੁ ਘੋਲ।
ਲਘੁਮੂਲੀ ਘ੍ਰਿਤ ਮਧੂਕੋ ਖਾਇ। ਰੋਗੁ ਭਗੰਦਰ ਪੱਥ ਦਿਖਾਇ॥੧੯੧॥

੧੬੦੧—ਕੱਚੇ ਨੂੰ ਸੋਧਨ ਕਰਨਾ, ਫਾਕੇ; ਲੇਪ ਕਰਨੇ, ਲਹੂ ਕੱਢਣਾ, ਪਕੇ ਵਿਖੇ ਸ਼ਸਤ੍ਰ ਕਰਮ ਅਰਥਾਤ ਚੀਰਨਾ, ਦਾਗਣਾ, ਖਾਰ ਤੇਜ਼ਾਬ ਆਦਿ ਲਗਾਉਣੇ। ਇਹ ਕਰਮ ਯਥਾ ਵਿਧੀ ਸਰੇਸ਼ਟ ਕਰਨੇ, ਚਾਵਲ, ਮੂੰਗ, ਬਿਲੇਪੀ ਅਰਥਾਤ ਪਤਲੇ ਭੱਤ, ਪਟੋਲ, ਸੁਹਾਂਵਣਾ, ਤਿਲ,ਨਰਮ ਮੂਲੀ, ਘਿਉ ਅਰ ਸ਼ਹਿਤ ਦਾ ਖਾਣਾ, ਇਹ ਭਗੰਦ੍ਰ ਰੋਗ ਵਿਚ ਪੱਥ ਹਨ ॥ ੧੯੧ ॥

ਕੁਪੱਥ—ਚੌਪਈ

ਮੈਥੁਨ ਯੁਧ ਪਿਸਟ ਕੀ ਯਾਨ। ਗੁਰੁ ਬਜ਼ਾਯਾਮ ਕੁਪਥ ਬਖਾਨ।
ਬੇਗ ਰੋਕਨਾ ਸਬ ਤੇ ਬੁਪਾ। ਮੇਘ ਕਹਤ ਸਭ ਜਾਨੋ ਨਰਾ ॥੧੯੨॥

੧੬੦੨—ਇਸਤ੍ਰੀ ਸੰਗ, ਕੁਸ਼ਤੀ, ਪਿੱਠਦੀਆਂ ਸਵਾਰੀਆਂ, ਭਾਰੀ ਕਸਰਤ ਅਰ ਵਿਸ਼ਟੇ ਬੇਗ ਰੋਕਣਾ ਆਦਿ ਇਹ ਸਭ ਕੁਪਥ ਹਨ ॥ ੧੯੨ ॥

ਅਥ ਉਪਦੰਸ (ਆਤਸ਼ਕ) ਨਿਦਾਨ—ਚੌਪਈ

ਘਾਤ ਚੋਟ ਨਖ ਦੰਤ ਬਖਾਨ। ਗੰਦਲੇ ਪਾਨੀ ਧੋਵਨ ਜਾਨ।
ਅਤਿ ਤਿਯਸੰਗਯੋਨਿ ਕੇ ਦੋਖ। ਹੁਇ ਉਪਦੰਸ ਪੰਚ ਭਨਘੋਖ ॥੧੯੩॥

Digitized by Panjab Digital Library | www.panjabdigilib.org

ਘਾਉ, ਚੋਟ, ਨਖ, †ਦੰਤ ਦੇ ਲਗਣੇ ਕਰਕੇ ਗੰਦੇ ਪਾਣੀ ਵਿਚ ਧੋਵੇ, ਅਤਯੰਤ ਇਸਤ੍ਰੀ ਸੰਗ ਕਰੇ, ਅਥਵਾ ਖਰਾਬ ਜੋਨੀ ਦੇ ਕਾਰਣ ਉਪਦੰਸ਼ ਰੋਗ ਹੋ ਜਾਂਦਾ ਹੈ, ਸੋ ਪੰਜ ਪ੍ਰਕਾਰ ਦਾ ਹੈ ॥ ੧੯੩ ॥

ਉਪਦੰਸ਼ ਲੱਛਣ--ਚੌਪਈ

ਤੋਦ ਭੇਦ ਫੁਨਸੀ ਅਤਿ ਸਯਾਮ। ਬਾਤ ਰੋਗ ਉਪਦੰਸ ਜੁ ਨਾਮ।
ਪੀਤ ਘਨਾ ਸ੍ਰਵਿ ਦਾਹ ਸਪਿਤ। ਪਿਤ ਲਛਨਾ ਕਹਤ ਸੁਮਿਤ ॥੧੯੪॥
ਰਕਤ ਮਾਸ ਵਤ ਆਭਾ ਜਾਸ। ਰੁਧਰ ਕੋਪ ਤੇ ਲਛਨ ਭਾਸ।
ਖਾਸ ਸੋਥ ਸੰਘਨਾ ਸ੍ਰਵ ਸ੍ਵੇਤ ਫੁਨਸੀ ਬਡੀ ਸੁ ਕਫਕਾ ਹੇਤ॥ ੧੯੫ ॥
ਅਨੇਕ ਭਾਂਤ ਸ੍ਰਵਤਾ ਅਤਿ ਪੀਰ। ਤੀਨ ਦੋਖ ਜਾਂਮੇ ਹੈ ਬੀਰ।
ਸੰਨਪਾਤ ਕਾ ਜਾਨੋ ਏਹ। ਕਹਤ ਮੇਘ ਤੁਮ ਲਖੋ ਸਨੇਹ ॥ ੧੯੬ ॥

ਸੂਈ ਸਮਾਨ ਚੋਭਾਂ, ਫੋੜਨੇ ਸਮਾਨ ਪੀੜਾ, ਅਰ ਅਤਯੰਤ ਕਾਲੀਆਂ ਫੁਨਸੀਆਂ ਹੋਣ ਤਾਂ ਬਾਤ ਦਾ ਉਤਦੰਸ਼ ਜਾਣੇ। ਪੀਲਾ, ਬਹੁਤਾ ਸ੍ਰਾਵ ਅਰ ਦਾਹ ਹੋਵੇ, ਪਿੱਤ ਦੇ ਸਮਾਨ ਫੁਨਸੀਆਂ, ਸੋ ਪਿੱਤ ਦਾ ਉਪਦੰਸ਼ ਕਿਹਾ ਹੈ। ਸਮਾਨ ਖੁਰਕ, ਸੋਜ ਗਾੜ੍ਹਾ ਸ੍ਰਾਵ ਤੇ ਚਿੱਟੀਆਂ ਫੁਨਸੀਆਂ ਹੋਇ ਤਾਂ ਕਫ ਦਾ। ਲਾਲ ਮਾਸ ਸਮਾਨ ਜਿਸਦੀ ਰੰਗਤਿ ਹੋਇ, ਸੋ ਇਹ ਰੁਧਰ ਦੇ ਕੋਪ ਦਾ ਜਾਣੇ। ਜੇੜ੍ਹਾ ਅਨਿਕ ਭਾਂਤ ਦਾ ਸ੍ਰਵੇ ਅਰ ਅਤਯੰਤ ਪੀੜਾ ਹੋਵੇ, ਸੋ ਤ੍ਰਿਦੋਖ ਕਰਕੇ ਸੰਨਿਪਾਤ ਦਾ ਜਾਣੇ ॥ ੧੯੪ ਤੋਂ ੧੯੬ ॥

ਅਸਾਧ ਲੱਛਣ—ਚੌਪਈ

ਗਲਤ ਲਿੰਗ ਤਿਸ ਨਾਮ ਨ ਰਹੈ। ਲਟਕਤ ਵੈਦੇ ਵਾਕੀ ਗਹੈ।
ਘਨੇ ਪਾਪ ਤੇ ਉਪਜਤ ਏਹ। ਮਰੈ ਸੁ ਰੋਗੀ ਲਾਹਨਤ ਤੇਹ॥੧੯੭॥

ਲਿੰਗ ਗਲ ਜਾਵੇ,ਗਲਕੇ ਝੜ ਜਾਵੇ,ਲਿੰਗ ਦਾ ਤਾਂ ਨਾਮ ਤਕ ਨਾ ਰਹੇ,ਰਹੇ ਕਿੰਤੂ ਬਾਕੀ ਪਤਾਲੂ ਹੀ ਰਹਿ ਜਾਣ। ਸੋ ਇਹ ਰੋਗ ਬਹੁਤੇ ਘੋਰ ਪਾਪਾਂ ਤੇ ਹੁੰਦਾ ਹੈ, ਐਸਾ ਰੋਗੀ ਲਾਨਤੀ ਮਰ ਜਾਂਦਾ ਹੈ। ਹੱਥ ਨਾ ਪਾਓ। ੧੯੭ ॥

ਉਪਦੰਸ਼ ਉਪਾਇ (ਰਸਰਤਨਾਕਰਾਤ) ਚੌਪਈ

ਸੰਖ ਘਸੋ ਲਿੰਗ ਲੇਪ ਕਰਾਇ। ਪਾਨੀ ਸੇਤੀ ਪੀਰ ਮਿਟਾਇ।
ਲਿੰਗ ਸੂਰ ਪਾਕਾ ਹੁਇ ਚੰਗ। ਮਿਟਿ ਉਪਦੰਸ ਕਰਤ ਬਹੁ ਰੰਗ ॥੧੯੮॥

੧੯੦੩–ਸੰਖ ਪਾਣੀ ਨਾਲ ਘਿਸਾਕੇ ਲਿੰਗ ਪਰ ਲੇਪ ਕਰੇ ਤਾਂ ਲਿੰਗ ਦੀ ਪਾਕ ਪੀੜ ਮਿਟੇ ਅਰ ਉਪਦੰਸ਼ ਦਾ ਨਾਸ਼ ਹੋਵੇ ॥ ੧੯੮ ॥

---

†ਆਖਦੇ ਹਨ ਕਿ ਕਰਣਾਟ ਦੇਸ਼ ਦੀਆਂ ਇਸਤ੍ਰੀਆਂ ਭੋਗ ਵਿਖੇ ਚਾਲਾਕ ਹੁੰਦੀਆਂ ਹਨ, ਓਹ ਪਹਿਲੇ ਇੰਦਰੀ ਮੂੰਹ ਵਿਚ ਪਾਕੇ ਗਰਮ ਕਰਕੇ ਭੋਗ ਆਰੰਭਦੀਆਂ ਹਨ, ਇਸਤੇ ਦੰਦ ਲਗਣਾ ਕਿਹਾ ਹੈ।

Digitized by Panjab Digital Library | www.panjabdigilib.org

ਕਾਸਟ ਪੂੰਗ ਬਚ ਪਾਨੀ ਸੰਗ। ਖਦਰ ਸਾਰਵਾ ਵਾ ਜਲ ਅੰਗ।
ਦੋਨੋ ਲੇਪ ਲਿੰਗ ਕੇ ਕਰੇ। ਪਾਕ ਸੂਰ ਉਪਦੰਸ ਸੁ ਹਰੇ ॥੧੯੯॥

੧੬੦੪—ਕਾਠੀ ਸੁਪਾਰੀ ਤੇ ਵਚ, ਪਾਣੀ ਨਾਲ ਲੇਪ ਕਰੇ। ਯਾ:-

੧੬੦੫—ਕੱਥਾ ਤੇ ਉਸ਼ਬਾ ਪਾਣੀ ਨਾਲ ਲੇਪ ਕਰੇ ਤਾਂ ਉਪਦੰਸ਼ ਦਾ ਪਾਕਾ ਸੂਲ ਸਭ ਨਾਸ ਹੋਵੇ ਅਰ ਚੰਗਾ ਹੋਵੇ ॥ ੧੯੯ ॥

ਦੋਹਰਾ

ਤ੍ਰਿਫਲਾ ਕ੍ਵਾਥ ਕਰਾਇਕੈ ਛਿਨ ਛਿਨ ਧੋਵੇ ਲਿੰਗ।
ਪਾਕ ਸੂਰ ਉਪਦੰਸ ਕੋ ਤੁਰਤੈ ਕਰ ਹੈ ਚੰਗ ॥੨੦੦॥

੧੬੦੬—ਤ੍ਰਿਫਲੇ ਦਾ ਕਾੜ੍ਹਾ ਕਰਕੇ ਪਲ ਪਲ ਪਿੱਛੋਂ ਲਿੰਗ ਨੂੰ ਧੋਵੇ, ਤਾਂ ਬੀ ਉਪਦੰਸ਼ ਦਾ ਪਾਕ ਸੂਲ ਸਭ ਨਾਸ ਹੋਵੇ ॥ ੨੦੦ ॥

ਗੰਧਕ ਘ੍ਰਿਤ ਸੋ ਲੇ ਕਰ ਪਾਕ ਲਿੰਗ ਮਿਟ ਸੂਰ।
ਕੰਨਜ਼ਾਰਸ ਜੀਰਾ ਲਿਪੋ ਪਾਂਕ ਲਿੰਗ ਦੁਖ ਚੂਰ ॥ ੨੦੧ ॥

੧੦੬੭—ਗੰਧਕ ਘਿਉ ਨਾਲ ਲੇਪ ਕਰੇ ਤਾਂ ਲਿੰਗ ਦਾ ਪਾਕ ਤੇ ਸੂਲ ਨਾਸ਼ ਕਰੇ, ਯਾ—

੧੭੦੮-ਕੁਆਰ ਦੇ ਰਸ ਨਾਲ ਜੀਰੇ ਦਾ ਲੇਪ ਕਰੇ ਤਾਂ ਲਿੰਗ ਦਾ ਪਾਕ ਸਭ ਮਿਟੇ ॥ ੨੦੧ ॥

ਬਟ ਉਦੰਬਰ ਆਂਵਹੀ ਪੀਪਲ ਜਾਮਨਿ ਛਾਲ।
ਕ੍ਵਾਥ ਪ੍ਰਿਥਕ ਰਿੰਗੁ ਧੋਈਏ ਲਿੰਗ ਪਾਕ ਸਭ ਟਾਲ ॥ ੨੦੨ ॥

੧੬੦੯—ਬੋਹੜ, ਗੁੱਲਰ, ਅੰਬ, ਪਿੱਪਲ ਤੇ ਜਾਮਣ, ਇਨ੍ਹਾਂ ਦੀ ਛਿੱਲ ਦਾ ਅੱਡੋ ਅੱਡ ਕਾੜ੍ਹਾ ।ਰਕੇ ਲਿੰਗ ਧੋਵ ਤਾਂ ਚੰਗਾ ਹੋਵੇ, ਪਾਕ ਆਦਿ ਸਭ ਨਾਸ਼ ਕਰੇ ॥ ੨੦੨ ॥

ਰਸਵਤ ਗੇਰੂ ਸਹਿਤ ਸੋ ਲਿੰਗਹਿ ਦੇਹੁ ਲਿਪਾਇ।
ਟਾਕੀ ਸੂਲ ਜੁ ਪਾਕ ਟੁਟ ਬਾਦਫਿਰੰਗ ਮਿਟਾਇ ॥੨੦੩॥

੧੦੧੦—ਰਸੌਂਤ ਤੇ ਗੇਰੂ ਸ਼ਹਿਤ ਨਾਲ ਲੇਪ ਕਰੇ ਤਾਂ ਟਾਕੀ, ਸੂਲ ਪਾਕ ਸਭ ਨਾਸ਼ ਹੋ ਕੇ ਉਪਦੰਸ਼ ਜਾਵੇ ॥ ੨੦੩ ॥

ਕ੍ਵਾਥ—ਦੋਹਰਾ

ਤ੍ਰਿਫਲਾ ਨਿੰਬ ਚਰਾਇਤਾ ਖੈਰ ਪਟੋਲ ਮਿਲਾਇ।
ਬਿਜੈਸਾਰ ਕਾੜ੍ਹਾ ਕਰੋ ਗੁਗਲ ਮੇਲ ਪਿਲਾਇ ॥ ੨੦੪ ॥
ਹਰਤ ਸਭੇ ਉਪਦੰਸ ਦੁਖ ਪੀਰ ਨ ਹੋਵਤ ਅੰਗ।
ਟਾਕੀ ਸੂਰ ਜੁ ਪਾਕ ਹੀ ਸਬ ਹੀ ਹੋਵਤ ਚੰਗ ॥੨੦੫ ॥

Digitized by Panjab Digital Library | www.panjabdigilib.org

੧੬੧੧-ਤ੍ਰਿਫਲਾ, ਨਿੰਮ ਦੇ ਪੱਤ੍ਰ, ਚਿਰੇਤਾ, ਕੱਥ, ਪਟੋਲ ਅਰ ਬਿਜਯਾਸਾਰ ਇਨ੍ਹਾਂ ਦਾ ਕਾੜ੍ਹਾ ਕਰਕੇ ਗੁੱਗਲ ਪਾ ਕੇ ਪੀਵੇ, ਸਭ ਤਰ੍ਹਾਂ ਦਾ ਉਪਦੰਸ਼ ਦਾ ਦੁੱਖ, ਪੀੜਾ, ਟਾਕੀ, ਸੂਲ ਤੇ ਪਾਕ ਨਾਸ਼ ਕਰੇ। ਉਪਦੰਸ਼ ਹਟੇ ਅਰ ਸੁਖ ਪ੍ਰਾਪਤ ਹੋਵੇ ॥ ੨੦੪ ॥ ੨੦੫ ॥

ਲੋਹ ਪਾਤ੍ਰ ਸੋ ਸਾੜਕੈ ਤ੍ਰਿਫਲਾ ਮਧੁ ਸੋ ਲਾਇ।
ਟਾਕੀ ਫੋੜਾ ਸੂਰ ਸਬ ਦੇਵਤ ਤੁਰਤ ਗਵਾਇ ॥ ੨੦੬ ॥

੧੬੧੨-ਲੋਹੇ ਦੇ ਭਾਂਡੇ ਵਿਚ ਤ੍ਰਿਫਲਾ ਸ਼ਾੜਕੇ ਸ਼ਹਤ ਨਾਲ ਲੇਪ ਕਰੇ ਤਾਂ ਟਾਕੀ ਫੋੜਾ ਅਰ ਪੀੜ ਤੁਰਤ ਨਾਸ਼ ਕਰੇ ॥ ੨੦੬ ॥

(ਗੋਲੀ)-ਚੌਪਈ

ਪਾਰਦ ਬਾਵਚਿ ਗੰਧਕ ਚਿਤ੍ਰਾ। ਟੰਕ ਟੰਕ ਸਭ ਲੇਵੈ ਮਿਤ੍ਰਾ।
ਦ੍ਵਾਦਸ ਟੰਕ ਭਿਲਾਵੇ ਪਾਇ। ਤੀਨ ਟਾਂਕ ਗੁੜ ਤਾਂਮਾਹ ਪਾਇ ॥੨੦੭॥
ਮਧੁ ਘ੍ਰਿਤ ਸੇਤੀ ਗੋਲੀ ਕਰੈ। ਦੋਇ ਟੰਕ ਖਾਵਨ ਨਿਤ ਧਰੈ।
ਸੁਪਤ ਕੁਸਟ ਮੰਡਲ ਉਪਦੰਸ। ਹਾਡਫੂਟ ਕਾ ਰਹਤ ਨ ਅੰਸ ॥ ੨੦੮ ॥
ਦੂਧ ਭਾਤ ਕਾ ਪਥ ਕਰਾਇ। ਰੋਗ ਫਿਰੰਗ ਬਾਦ ਨਸਿ ਜਾਇ।
ਟਾਕੀ ਫੋੜਾ ਰਹੈ ਨ ਕੋਇ। †ਪਤਾਲ ਗਰੁੜ ਘਸਿਲਾਵੈ ਸੋਇ ॥੨੦੯॥

੧੬੧੩-ਪਾਰਾ, ਬਾਵਚੀ, ਗੰਧਕ ਤੇ ਚਿਤਰਾ, ਇਹ ਸਭ ੪-੪ ਮਾਸੇ, ਭਿਲਾਵੇ ੪ ਤੋਲੇ, ਪੁਰਾਣਾ ਗੁੜ ੧ ਤੋਲਾ, ਸ਼ਹਤ ਅਤੇ ਘੇਉ ਨਾਲ ਗੋਲੀ ੮ ਮਾਸੇ ਦੀ ਬੰਨ੍ਹੇ। ਨਿਤ ੧ ਗੋਲੀ ਨਾਲ ਖਾਵੇ, ਤਾਂ ਸੁਤਾ ਹੋਯਾ ਮਾਂਸ, ਚਕੱਤੇ, ਆਤਸ਼ਕ ਤੇ ਹੱਡ ਫੁਟਣੀ ਸਭੇ ਨਾਸ ਕਰੇ। ਦੁਧ ਚਾਵਲ ਦਾ ਭੱਥ ਖਾਵੇ ਇਉਂ ਆਤਸ਼ਕਨਾਸ ਹੋਵੇ। ਪਰੰਤੂ ਟਾਕੀ ਫੋੜ ਉਪਰ †ਪਤਾਲਗਰੜੀ ਘਿਸਾਕੇ ਲਾਵੇ ॥ ੨੦੭ ਤੋਂ ੨੦੯ ॥

ਚੋਪਚਿਨੀ ਕੋ ਕੂਟ ਮਰਚ ਸਹਿਤ ਸੋ ਚਾਟੀਏ।
ਮਿਟਤ ਅਗ ਸਭ ਫੂਟ ਕਰਖ ਏਕ ਭਛਨ ਕਰੋ ॥ ੨੧੦ ॥

੧੬੧੪-ਚੋਬਚੀਨੀ ਬਰੀਕ ਪੀਹਕੇ, ਮਿਰਚ ਅਰ ਸ਼ਹਤ ਨਾਲ ਚੱਟੇ ਤਾਂ ਸਭ ਤਰਾਂ ਦਾ ਅੰਗਾਂ ਦਾ ਫੁਟਣਾ ਨਾਸ ਕਰੇ, ਪਰੰਤੂ ੧ ਤੋਲਾ ਰੋਜ ਖਾਵੇ ॥ ੨੧੦ ॥

(ਗੋਲੀ) ਚੌਪਈ

ਅਸਗੰਧ ਮਾਸੇ ਚਾਰ ਮੰਗਾਇ। ਤਾਂ ਸਮ ਸ੍ਵੇਤ ਮੂਸਲੀ ਪਾਇ।

---

†ਪਾਤਾਲਗਰੜ-ਛਿਲ ਹਿੰਟਾ ਹੈ, ਇਸਦੀ ਵੇਲ ਪੱਕੀ ਹੁੰਦੀ ਹੈ। ਪਹਾੜੀ ਲੋਕ ਇਸਨੂੰ 'ਤਰੜ' ਬੋਲਦੇ ਹਨ। ਪੋਸਤ ਅਰਥ ਨਹੀਂ ਹੈ। ਦੇਖੋ ਬਿਵਰਣ ਭਾਵ· ਨਿਘੰਟੂ ਪ੍ਰਿ: ੯੦

Digitized by Panjab Digital Library | www.panjabdigilib.org

ਲੌਂਗ ਜਵਾਯਨ ਸੂਤ ਭਲਾਤ। ਕੁਰਾਸਾਨ ਅਜਵਾਇਨ ਘਾਤ ॥੨੧੧॥

ਦੋ ਦੋ ਮਾਸੇ ਏ ਸਭ ਲੇਹ। ਜੀਰਨ ਗੁੜ ਗੋਲੀ ਸੁ ਬਨੇਇ।
ਬੜੇ ਬੇਰ ਸਮ ਗੋਲੀ ਖਾਇ। ਤੁਰਸ ਦਹੀ ਸੋ ਰੋਗ ਮਿਟਾਇ ॥੨੧੨॥

ਪੈਸੇ ਸਾਤ ਸੁ ਊਪਰ ਸਹੀ। ਗੋਕਾ ਤੁਰਸ ਸੁ ਪੀਵੇ ਦਹੀ।
ਮੀਠਾ ਮਾਂਸ ਨਾ ਖਾਵੇ ਕੋਇ। ਬਾਦ ਫਿਰੰਗ ਜੁ ਮਿਟਿ ਸੁਖੁ ਹੋਇ ॥੨੧੩॥

੧੬੧੫—ਅਸਗੰਧ ੪ ਮਾਸੇ, ਚਿੱਟੀ ਮੂਸਲੀ ੪ ਮਾਸੇ, ਲੌਂਗ, ਜਵੈਣ, ਪਾਰਾ,ਭਿਲਾਵੇ, ਕੁਰਸਾਨੀ ਅਜਵੈਣ, ਏਹ ਸਬ ੨—੨ ਮਾਸੇ, ਪੁਰਾਣਾਗੁੜ ਪਾਕੇ ਗੋਲੀ ਵਡੇ ਬੇਰ ਬਰਾਬਰ ਦੀ ਕਰੇ,ਫਿਰ ਖਟੇ ਦਹੀਂ ਨਾਲ ੧ ਖਾਵੇ। ਪਰੰਤੂ ੭ ਪੈਸਾ ਭਰ ਖੱਟਾ ਦਹੀਂ ਉਪਰੋਂ ਪੀਵੇ। ਮਿੱਠਾ ਅਰ ਮਾਂਸ ਖਾਣ ਵਲੋਂ ਪਰਹੇਜ ਕਰੇ ਤਾਂ ਫਿਰੰਗਾਬਾਦ ਨਾਸ਼ ਹੋਵੇ ॥ ੨੧੧ ਤੋਂ ੨੧੩ ॥

ਦੋਹਰਾ

ਪਾਰਾ ਜੰਗੀ ਹਰੜ ਲੈ ਤੀਨ ਜਵਾਨੀ ਪਾਇ।
ਚੋਬਚਿਨੀ ਹਰੜੇ ਬਡੀ ਪੈਸਾ ਪੈਸਾ ਦਾਇ ॥੨੧੪॥

ਜੀਰਨ ਗੁੜ ਗੁਟਕਾ ਕਰੋ ਕੋਕਨ ਬੇਰ ਪ੍ਰਮਾਨ।
ਤਾਜੇ ਜਲ ਨਿਤ ਏਕ ਇਕ ਪਥਯ ਸਭੀ ਕਛ ਖਾਨ ॥੨੧੫॥

ਸਾਤ ਦਿਵਸ ਲੌ ਖਾਈਏ ਸਹੀ ਫਿਰੰਗ ਮਿਟਾਇ।
ਰੋਗ ਘਟੈ ਸਭ ਦੇਹ ਕਾ ਪਰ ਮੁਖ ਪਾਕ ਕਰਾਇ ॥੨੧੬॥

੧੬੧੬—ਪਾਰਾ; ਜੰਗਹਰੜ, ਤਿੰਨੇ ਅਜਵਾਇਣਾਂ (ਦੇਸੀ, ਬਲ, ਕੁਰਸਾਨੀ) ਚੋਬਚੀਨੀ, ਬਡੀਆਂ ਹਰੜਾ ਦੀ ਛਿਲ ਏਹ ਸਭ ੧-੧ ਪੈਸਾ ਭਰ ਅਰ ਪੁਰਾਣਾ ਗੁੜ ਪਾਕੇ ਕੋਕਨ ਬੇਰ ਪ੍ਰਮਾਣ ਗੋਲੀ ਬੰਨ੍ਹ ਲਵੇ। ਤੱਤੇ ਪਾਨੀ ਨਾਲ ਨਿਤ ਇਕ ਇਕ ੭ ਦਿਨ ਨਿਗਲੇ ਤਾਂ ਬਾਦਬਰੰਗ ਨਾਸ ਕਰੇ। ਰੋਗ ਤਾਂ ਸਾਰਾ ਸਰੀਰ ਦਾ ਨਾਸ ਹੋ ਜਾਉ, ਪਰੰਤੂ ਮੂੰਹ †ਪੱਕ ਜਾਵੇਗਾ ॥ ੨੧੪ ਤੋਂ ੨੧੬ ॥

ਮੈਦਾਸਕ ਜੁ ਪਲ ਗਹੋ ਤਾ ਸਮ ਮੁਰਦਾ ਸਿੰਗ।
ਗੁੜ ਜੀਰਨ ਗੁਟਕਾ ਕਰੇ ਟੰਕ ਏਕ ਸਮ ਅੰਗ ॥੨੧੭॥

ਸੰਝ ਸਵੇਰੇ ਦੋਇ ਨਿਤ ਖਾਵਤ ਜਲ ਕੇ ਸੰਗ।
ਸਾਤ ਚਤੁਰ ਦਸ ਦਿਨ ਭਖੋ ਜਵਤ ਬਾਦਫਿਰੰਗ ॥੨੧੮॥

---

†ਅਜੇਹਾ ਮੁਖ ਪਾਕ ੨-੪ ਦਿਨ ਵਿਚ ਆਪਣੇ ਆਪ ਚੰਗਾ ਹੋ ਜਾਂਦਾ ਹੈ, ਡਰ ਨ ਕਰੇ।

Digitized by Panjab Digital Library | www.panjabdigilib.org

ਰੋਟੀ ਘ੍ਰਿਤ ਗੋਧੂਮਕੀ ਖਾਇ ਅਲੂਨੀ ਨਿਤ।
ਟਾਕੀ ਫੋੜਾ ਜਾਤ ਸਬ ਸਿਧ ਔਖਧੀ ਮਿਤ ॥੨੧੯॥

੧੬੧੭—ਮੈਦਾਸਕ ੪ ਤੋਲੇ, ਮੁਰਦਾਸੰਗ ੪ ਤੋਲੇ, ਪੁਰਾਣੇ ਗੁੜ੍ਹ ਵਿਚ ੪ ਮਾਸ਼ੇ ਦਾ ਕਰ ਰਖੇ। ਪ੍ਰਾਤਾ ਅਰ ਸੰਧਯਾ ਇਕ ਇਕ ਨਿਤ ਖਾਵੇ ਤਤਾ ਜਲ ਪਿਛੋਂ ਪਾਵੇ। ਸਤ ਦਿਨ ਯਾ ੧੪ ਦਿਨ ਖਾਵੇ ਤਾਂ ਬਾਦ ਫਰੰਗ ਨਾਸ਼ ਕਰੇ। ਰੋਟੀ ਘਿਉ ਨਾਲ ਕਣਕ ਦੀ ਅਲੂਣੀ ਨਿਤ ਦੇਵੇ। ਟਾਕੀ ਫੋੜਾ ਸਭੋ ਨਾਸ ਕਰੇ। ਇਹ ਸਿਧ ਦਵਾਈ ॥ ੩੧੭ ਤੋਂ ੨੧੯ ॥

ਚੌਪਈ

ਗੁਗਲ ਬਲ ਜਵਾਇਨ ਲੇਇ। ਪੈਸਾ ਪੈਸਾ ਬਜਨ ਕਰੇਇ।
ਕਥ ਜੁ ਪੈਸਾ ਏਕ ਮੰਗਾਇ। ਸੋਥਕਾਰ ਫਲ ਨਵ ਲੈ ਪਾਇ ॥ ੨੨੦ ॥
ਪਾਰਾ ਮਾਸੇ ਦੇਇ ਰਲਾਇ। ਘ੍ਰਿਤ ਸੋ ਗੋਲੀ ਚਉਦਸ ਖਾਇ।
ਘ੍ਰਿਤ ਸੋ ਏਕਏਕ ਨਿਤਖਾਇਮਿਟੈ ਫਿਰੰਗ ਜੁ ਮੇਘ ਬਤਾਇ ॥੨੨੧ ॥

੧੬੧੮—ਗੁਗਲ, ਬਲਜਵੈਣ ੧—੧ ਪੈਸਾ ਭਰ, ਕੱਥ ੧ ਪੈਸਾ ਭਰ, ਭਿਲਾਵੇ ਗਿਣਕੇ, ਪਾਰਾ ੨ ਮਾਸੇ, ਕੂਟ ਪੀਹਕੇ ਘਿਉ ਨਾਲ ੧੪ ਗੋਲੀਆਂ ਕਰ। ਘਿਉ ਨਾਲ ਇਕ ਇਕ ਨਿਤ ਖਾਵੇ ਤਾਂ ਬਾਦਫਰੰਗ ਨਾਸ਼ ਹੋਵੇ ॥ ੨੨੦ ॥ ੨੨੧ ॥

ਤਨਿ ਜਵਾਨੀ ਔਰ ਭਲਾਤ। ਜੀਰਨ ਖੋਪਾ ਆਨੋ ਭ੍ਰਾਤ।
ਦੋ ਦੋ ਪੈਸੇ ਪਾਂਸੇ ਜਾਨ। ਮਰਚਾਂ ਪੈਸਾ ਏਕ ਪ੍ਰਮਾਨ ॥ ੨੨੨ ॥
ਕਾਲੇ ਤਿਲ ਪੈਸਾ ਭਰ ਏਕ। ਪੰਚ ਪੈਸੇ ਗੁੜ ਜੀਰਣ ਟੇਕ।
ਮਾਸੇ ਲੈ ਅਢਾਈ ਪਾਰਾ। ਤਾਂਹੀ ਸਮ ਲੈ ਲੌਂਗ ਵਿਚਾਰਾ ॥੨੨੪ ॥
ਸਭਨ ਕੂਟ ਗੋਲੀ ਨਵ ਕਰੋ। ਗੋਕਾ ਦੂਧਿ ਸੁਭ ਆਨੀ ਧਰੋ।
ਤਾਸੋ ਘੋਲ ਗੁਟੀ ਇਕਪੀਯਸਾਤਦਿਵਸ ਉਪਦੰਸ ਨ ਥੀਯ ॥੨੨੪ ॥

੧੧੧੯-- ਤਿੰਨੋ†ਅਜਵਾਇਣਾਂ, ਭਿਲਾਵੇ, ਪੁਰਾਣਾ ਖੋਪਾ ਗਰੀ ਇਹ ਪੰਜੇ ੨—੨ ਪੈਸੇ ਭਰ। ਮਿਰਚਾਂ ੧ ਪੈਸਾ ਭਰ, ਕਾਲੇ ਤਿਲ ੧ ਪੈਸਾ ਭਰ, ਗੁੜ ਪੁਰਾਣਾ ੫ ਪੈਸੇ ਭਰ, ਪਾਰਾ ਢਾਈ ਮਾਸੇ, ਲੌਂਗ ਢਾਈ ਮਾਸੇ, ਸਭਨਾਂ ਨੂੰ ਕੁਟਕੇ ਗੋਲੀਆਂ ੯ ਕਰ ਲਵੇ। ਗੌਕਾ ਦਹੀਂ ਲੈਕੇ ਉਸ ਵਿੱਚ ੧ ਗੋਲੀ ਘੋਲਕੇ ਪੀਵੇ ੭ ਦਿਨ ਤਾਂ ਉਪਦੰਸ਼ ਨਾਸ਼ ਹੋਵੇ ॥ ੨੨੨ ਤੋਂ ੨੨੪ ॥

ਸਿੰਮਲਾਦਿ ਬਟੀ (ਵੈਦ ਕੰਤੂਹਲਾਤ)—ਦੋਹਰਾ

ਸਿੰਮਲ ਖਾਰ ਕ੍ਰਿਮਘਨ ਲੈ ਕਥ ਧਤੂਰੇ ਬੀਜ।

---

†ਤਿੰਨਾਂ ਅਜਵਾਇਣਾਂ ਦੇ ਨਾਮ ਦੇਖੋ ਨੰ: ੧੬੧੬,

Digitized by Panjab Digital Library | www.panjabdigilib.org

ਟੰਕ ਟੰਕ ਸਭ ਲੀਜੀਏ ਸਭ ਸਮ ਮਾਜੂ ਦੀਜ ॥ ੨੨੫ ॥
ਕੰਟਾਰੀ ਰਸ ਖਰਲ ਕਰ ਦਿਨ ਤ੍ਰਿਕ ਗੁੰਜ ਜੁ ਏਕ ।
ਬਟੀ ਖਾਤ ਦੋ ਕਾਲ ਸੋ ਪਥ ਕਨਿਕ ਕੇ ਟੇਕ ॥ ੨੨੬ ॥
ਮਿਟ ਉਪਦੰਸਹਿ ਸੁਖ ਕਰਤ ਟਾਕੀ ਸਭ ਮਿਟ ਜਾਇ ।
ਸਾਤ ਦਿਵਸ ਵਾ ਚਤੁਰ ਦਸ ਬੇਦਨ ਸਕਲ ਮਿਟਾਇ ॥ ੨੨੭ ॥

੧੬੨੦–ਸਿੰਮਲਖਾਰ, ਸੁਪਾਰੀਆਂ, ਕੱਥ, ਧਤੂਰੇ ਦੇ ਦਾਣੇ ਇਹ ਸਭ ੪–੪ ਮਾਸੇ, ਸਾਰਿਆਂ ਦੇ ਸਮਾਨ ਮਾਜੂ ਪਾਕੇ ਕੰਡਿਆਰੀ ਦੇ ਰਸ ਵਿਚ ਖ਼ਰਲ ਕਰੇ ਤਿੰਨ ਦਿਨ।। ਫਿਰ ੧ ਰੱਤੀ ਦੀ ਗੋਲੀ ਕਰਕੇ ਦੋਨੋਂ ਵਕਤ ਖਾਯਾ ਕਰੇ, ਪੱਥ ਕਣਕ ਦਾ ਦਲੀਆ। ਉਪਦੰਸ਼ ਮਿਟਾਕੇ ਸੁਖ ਪ੍ਰਾਪਤ ਕਰੇ, ਟਾਕੀ ਸਭ ਤਰਾਂ ਦੀ ਨਾਸ਼ ਹੋਵੇ, ਇਉਂ ੭ ਦਿਨ ਯਾ ੧੪ ਦਿਨ ਕਰੇ ॥ ੨੨੫ ਤੋਂ ੨੨੭ ॥

ਦੋਹਰਾ

ਨਰ ਕਪਾਲ ਕੀ ਭਸਮ ਕਰ ਟਾਕੀ ਪਰ ਜੋ ਲਗਾਇ ।
ਕਨੇਰਮੂਲ ਤੁਚ ਘਸਿ ਲਿਪੇ ਜਲ ਸੋ ਟਾਕੀ ਜਾਇ ॥ ੨੨੮ ॥

੧੬੨੧–ਆਦਮੀ ਦੀ ਖੋਪਰੀ ਭੀ ਭਸਮ ਕਰਕੇ ਪਾਣੀ ਨਾਲ ਘੋਟਕੇ ਟਾਕੀ ਪਰ ਲਾਵੇ। ਯਾ:—

੧੬੨੨–ਕਨੇਰ ਦੀ ਜੜ੍ਹ ਦੀ ਛਿਲ ਪਾਣੀ ਨਾਲ ਘਿਸਾਕੇ ਲੇਪ ਕਰੇ, ਟਾਕੀ ਸੂਲ ਨਾ ਰਹੇ। ੨੨੮ ॥

ਦੋਹਰਾ

ਮਾਜੂ ਮਾਈ ਸਿੰਗ੍ਰਫਹਿ ਟੰਕ ਟੰਕ ਏ ਲੇਇ ।
ਲਘੁ ਦੋਧਕ ਇਕ ਕਰਖ ਸਮ ਪੀਸੇ ਖਰਲ ਕਰੇਇ ॥੨੨੯ ॥
ਕਰੋ ਤਾਮਾਕੂ ਜੇਮ ਸੋਕ ਤਾਕੀ ਚਿਲਮ ਜੁ ਚਾਰ ।
ਬਿਨ ਜਲ ਕੂਜੇ ਪਾਇਕੇ ਪੀਵ ਪਹਰ ਜੁ ਬਿਚਾਰ ॥ ੨੩੦ ॥
ਤੰਦੁਲ ਪਯਕਾ ਪਥ ਕਰ ਪਵਨ ਰਹਤ ਗ੍ਰਿਹ ਬੈਠ ।
ਬਾਦਫਿਰੰਗ ਸੁ ਜਾਤਹੈ ਟਾਕੀ ਇਕ ਦਿਨ ਗੈਠ ॥੨੩੧ ॥

੧੬੨੩–ਮਾਜੂ, ਮਾਈਂ, ਸਿੰਗ੍ਰਫ ਇਹ ੪–੪ ਮਾਸੇ ਲਵੇ। ਛੋਟੀ ਦੋਧਕ ੧ ਤੋਲਾ ਪ੍ਰਮਾਣ ਪੀਹਕੇ ਖਰਲ ਕਰੇ। ਤਮਾਖੂ ਦੀ ਗਰਾਂ ਗੋਲ ਕਰਕੇ ਚਿਲਮਾਂ ੪ ਕਰੇ। ਬਿਨਾ ਜਲ, ਕੁੱਜੇ ਵਿੱਚ ਪਾਕੇ ਪ੍ਰਾਤਾਕਾਲ ਇੱਕ ਪਹਿਰ ਇੱਕ ਚਿਲਮ ਪੀਵੇ। (ਹੁੱਕੇ ਵਾਂਗ ਘੁੱਟ ਖਿੱਚੇ), ਦੁੱਧ ਚਾਵਲ ਦਾ ਪੱਥ ਕਰੇ, ਜਿੱਥੇ ਪੌਣ ਨਾ ਲੱਗੇ, ਉਸ ਘਰ ਵਿਚ ਬੈਠਕੇ ਕਰੇ। ਬਾਦਫਰੰਗ ਨਾਸ ਹੋਵੇ। ਟਾਕੀ ਗੰਠੀਆ ਇੱਕ ਦਿਨ ਵਿੱਚ ਨਾਸ਼ ਕਰੇ ॥ ੨੨੯ ਤੋਂ ੨੩੧ ॥

Digitized by Panjab Digital Library | www.panjabdigilib.org

ਮੱਲਮ—ਦੋਹਰਾ

ਸੋਧੀ ਕਰ ਥੋਥਾ ਗਹੋ ਕਥ ਰਾਲ ਸੁਭ ਆਨ।
ਖਟ ਖਟ ਟੰਕ ਜੁ ਲੀਜੀਏ ਥੋਥਾ ਮਾਸਾ ਠਾਨ ॥੨੩੨॥
ਗੋ ਘ੍ਰਿਤ ਦ੍ਵਾਦਸ ਟੰਕ ਲੈ ਖਰਲੀ ਖਾਸਾ ਕੀਜ।
ਲਾਵੋ ਬ੍ਰਿਣ ਟਾਕੀ ਸਕਲ ਬਾਦਫਿਰੰਗ ਸੁ ਖੀਜ ॥੨੩੩॥

੧੬੨੪—ਨੀਲਾ ਥੋਥਾ ਸੁੱਧ ੧ ਮਾਸਾ, ਕੱਥ ਤੇ ਰਾਲ ਇਹ ਦੋਨੋਂ ੨-੨ ਤੋਲੇ, ਪਰੰਤੂ ਨੀਲਾ ਥੋਥਾ ੧ ਮਾਸ਼ਾ ਹੀ ਪਾਵੇ। ਗੋਕਾ ਘ੍ਰਿਤ ੪ ਤੋਲੇ ਪਾਕੇ ਘੋਟਕੇ ਮੱਲਮ ਤਿਆਰ ਕਰ ਲਵੇ ਫੇਰ ਟਾਕੀ ਪਰ ਲਾਕੇ ਜ਼ਖਮ ਪਰ ਲਗਾਵੇ ਤਾਂ ਟਾਕੀ ਅਤੇ ਬਾਦਫਰੰਗ ਸੱਭੇ ਨਾਸ਼ ਕਰੇ ॥ ੨੩੨ ॥ ੨੩੩ ॥

ਚੌਪਈ

ਰਾਲ ਸੰਧੂਰ ਧਾਇਕੈ ਫੂਲ। ਕਰਖ ਕਰਖ ਤੁਮ ਲੇਵੋ ਤੂਲ।
ਗੁਗਲ ਮੋਮ ਸੁਪੈਦਾਇਕ ਇਕ। ਗੋਘ੍ਰਿਤ ਪੈਸੇ ਚਾਰ ਸੁ ਇਮਠਿਕ॥੨੩੪॥
ਤਪਤ ਕਰੀਜੈ ਮੋਮ ਪਵਾਇ। ਪਾਛੇ ਦਾਰੂ ਸਭੇ ਰਲਾਇ।
ਬ੍ਰਣ ਉਪਦੰਸ਼ ਸਭੀ ਮਿਟ ਜਾਇ। ਫੋੜਾ ਫੁਨਸੀ ਯਖਮ ਨਸਾਇ ॥੨੩੫॥

੧੬੨੫-ਰਾਲ, ਸੰਧੂਰ, ਧਾਵਿਆਂ ਦੇ ਫੁੱਲ ਇਹ ਸਭ ੧—੧ ਤੋਲਾ ਲਵੇ । ਗੁੱਗਲ, ਮੋਮ ਤੇ ਸਫੈਦਾ ਇਹ ਤਿੰਨੇ ਸਭ ਇਕ ਇਕ ਤੋਲਾ ਤੇ ਗੋਕਾ ਘਿਉ ੪ ਪੈਸੇ ਭਰ। ਤੱਤਾ ਕਰਕੇ ਘਿਉ ਵਿਚ ਮੋਮ ਪਾਵੇ, ਪਿਛੋਂ ਸਭੇ ਦਵਾਵਾਂ ਮਿਲਾਕੇ, ਮਲ੍ਹਮ ਬਣਾ ਰੱਖੇ, ਲਾਵੇ ਤਾਂ ਉਪਦੰਸ਼, ਬ੍ਰਿਣ, ਫੋੜਾ, ਫੁਨਸੀ, ਅਰ ਜ਼ਖਮ ਨਾਸ਼ ਕਰੇ ॥ ੨੩੪ ॥ ੨੩੫ ॥

ਦੋਹਰਾ

ਤੁਰੰਗ ਦਾੜਕੀ ਭਸਮ ਕਰ ਕਟਕ ਤੇਲ ਸੰਗ ਪੀਸ।
ਟਾਕੀ ਫੋੜਾ ਲੀਪਯੈ ਬਾਦ ਫਿਰੰਗ ਜੁ ਖੀਸ ॥੨੩੬॥

੧੬੨੬—ਘੋੜੇ ਦੀ ਦਾੜ ਫੂਕਕੇ ਕੌੜੇ ਤੇਲ ਨਾਲ ਪੀਹਕੇ ਟਾਕੀ, ਫੋੜੇ ਲੇਪ ਕਰੇ ਅਰ ਬਾਦਫਰੰਗ ਜਾਵੇ ॥ ੨੩੬ ॥

ਨੀਲਾ ਥੋਥਾ ਕੁਠ ਕੱਥ ਟਾਂਕ ਟਾਂਕ ਏ ਲੇਹ।
ਮੋਮ ਸੁ ਪਈਸਾ ਏਕ ਲੈ ਘ੍ਰਿਤ ਮਹਿ ਪਕੁ ਕਰੇਇ ॥੨੩੭॥
ਸਾਤ ਦਿਵਸ ਲੈ ਊਪਰੇ ਲੇਪਨ ਕੀਜੈ ਤਾਹਿ।
ਬ੍ਰਿਣ ਚਾਂਦੀ ਕੋ ਨਾਸ ਹੁਇ ਬਾਦ ਫਿਰੰਗਹਿ ਜਾਇ ॥੨੩੮॥

Digitized by Panjab Digital Library | www.panjabdigilib.org

ਗੰਧਕ ਸਿੰਗ੍ਰਫ ਲੀਜੀਏ ਨੀਲਾ ਥੋਥਾ ਪਾਇ।
ਬੈਠ ਅਭਿੰਤਰ ਧੂਪ ਦੇ ਬਾਦਫਿਰੰਗ ਮਿਟਾਇ ॥੨੩੯॥

੧੬੨੭—ਨੀਲਾ ਥੋਥਾ, ਕੁੱਠ ਤੇ ਕੱਥ, ਇਹ ੪-੪ ਮਾਸੇ, ਮੋਮ ੧ ਪੈਸਾ ਭਰ, ਘਿਉ ਵਿਚ ਪਕਾਵ, ਫਿਰ ੭ ਦਿਨ ਤਕ ਲੇਪ ਕਰੇ, ਤਾਂ ਫੋੜਾ, ਚਾਠ ਅਰ ਬੈਂਦਫਰੰਗ ਨਾਸ਼ ਹੋਵੇ ॥ ੨੩੭ ॥ ੨੩੮ ॥

੧੬੨੮–ਗੰਧਕ, ਸ਼ਿੰਗ੍ਰਫ, ਤੇ ਨੀਲਾਥੋਥਾ, ਲੈਕੇ ਪੀਹੇ, ਅਰ ਫਿਰ ਨਿਰਬਾਤ ਥਾਂ (ਜਿਥੇ ਹਵਾ ਨਾ ਲਗੇ) ਬੈਠਕੇ ਧੂਪ ਦੇਵੇ ਤਾਂ ਬਾਦਫਰੰਗ ਨਾਸ਼ ਹੋਵੇ ॥ ੨੩੯ ॥

†ਧੂਣੀ–ਦੋਹਰਾ

ਜਟਾ ਅਰਕ ਕੀ ਸਿੰਗਰਫ ਅਕਰਕਰਾ ਜੁ ਮਿਲਾਇ।
ਦੇਵੇ ਧੂਣੀ ਬਾਤ ਬਿਨ ਰੋਗ ਫਿਰੰਗ ਗਵਾਇ ॥੨੪੦॥

੧੬੨੯—ਅੱਕ ਦੀ ਜੜ੍ਹ, ਸ਼ਿੰਗ੍ਰਫ, ਤੇ ਅਕਰਕਰਾ, ਇਹ ਦੋਨੋਂ ਪੀਹਕੇ ਇਕਾਂਤ ਬੈਠਕੇ ਧੂਪ ਦੇਵੇ, ਤਾਂ ਬਾਦਫਰੰਗ ਨਾਸ਼ ਹੋਵੇ ॥ ੨੪੦ ॥

ਬ੍ਰਿਧ ਉਪਦੰਸ਼ ਉਪਾਇ—ਦ੍ਵੈਯਾ ਛੰਦ

ਜੰਗੀ ਹਰੜ ਸੁਹਾਗਾ ਲੀਜੈ ਕੌਡੀ ਭਸਮ ਕਰਾਵੈ।
ਤਵਾਸੀਰ ਅਰ ਨੀਲਾਥੋਥਾ ਆਗਿ ਮਾਹਿ ਭੁਨਵਾਵੈ।
ਮਰਚਾਂ ਸਬਕਾ ਬਜਨ ਬਰਾਬਰ ਨਿੰਬੂ ਰਸ ਮਰਦਾਵੈ।
ਜੰਗੀ ਭਾਗ ਆਠ ਹੀ ਲੀਜੈ ਸਾਤਿ ਦਿਵਸ ਖਰਲਾਵੈ ॥੨੪੧॥
ਗੋਲੀ ਕੋਕਨ ਬੇਰ ਬਰਾਬਰ ਨਿੰਬੂ ਰਸ ਸੋਂ ਖਾਵੇ।
ਪਥਜ ਅਲੂਣਾ ਪਯ ਅਰ ਤੰਦੁਲ ਗੇਹੂੰ ਦਲੀਆ ਖਾਵੈ।
ਰੋਗ ਜਾਇ ਸਭ ਬਾਦਫਿਰੰਗੈ ਤਨ ਕੋ ਅਤਿ ਸੁਖ ਪਾਵੈ।
ਰੋਗੀ ਕੇਰਾ ਮੁਖ ਨਹੀਂ ਪਾਕੈ ਮੇਘ ਬਿਨੋਦ ਸੁਨਾਵੈ ॥੨੪੨॥

੧੬੩੦–ਜੰਗਹਰੜ, ਸੁਹਾਗਾ, ਸਾੜੀ ਹੋਈ ਕੌਡੀ, ਤਬਾਸੀਰ, ਨੀਲਾਥੋਥਾ ਭੁੰਨਕੇ ਤੇ ਮਿਰਚਾਂ ਸਭ ਇੱਕ ਸਮਾਨ ਲਵੇ, ਇਨ੍ਹਾਂ ਨੂੰ ਨਿੰਬੂ ਦੇ ਰਸ ਵਿਚ ਘੋਟੇ, ਪਰੰਤੂ ਇਸ ਵਿੱਚ ਹਰੜਾਂ ਇੱਕ ਨਾਲੋਂ ਅੱਠਵਾਂ ਭਾਗ ਲਵੇ। ਇਸ ਤਰਾਂ ੭ ਦਿਨ ਖਰਲ ਕਰੇ, ਫਿਰ ਕੋਕਨਬੇਰ ਬਰਾਬਰ ਗੋਲੀ ਬੰਨ੍ਹੇ। ਅਰ ਇਕ

---

†ਧੂਣੀ ਦੇਣ ਦੀ ਵਿਧੀ ਇਸ ਤਰਾਂ ਹੈ-ਜਿਥੇ ਹਵਾ ਨਾ ਲਗੇ ਓਥੇ ਅੰਦਰ ਇਕ ਛੋਟਾ ਜਿਹਾ ਪੁੱਟ ਕੇ, ਓਸ ਵਿਚ ਕੋਇਲੇ ਭਖਾਕੇ, ਉਪਰ ਪੀੜੀ ਡਾਹੇ, ਓਸ ਪੀੜ੍ਹੀ ਉਪਰ 'ਦੋ ਇੱਟਾਂ ਰਖਕੇ ਓਹਨਾਂ ਇਟਾਂ ਪਰ ਰੋਗੀ ਕਪੜੇ ਉਤਾਰ ਕੇ ਪੈਰ ਰਖਕੇ ਬੈਠ ਜਾਵੇ, ਗਾੜ੍ਹੇ ਕਪੜੇ ਦੀ ਬੁਕਲ ਮਾਰੇ, ਥੋੜਾ ਪੱਲਾ ਚੁਕਕੇ ਓਹਨਾਂ ਕੋਇਲਿਆਂ ਉਪਰ ਦਵਾਈ ਪਾਵੇ। ਇਉਂ ਧੂਣੀ ਲਵੇ ਪਰੰਤੂ ਪਸੀਨਾ ਸੁਕੇ ਤੋਂ ਪਹਿਲਾ ਹਵਾ ਵਿਚ ਨਾ ਨਿਕਲੇ।

Digitized by Panjab Digital Library | www.panjabdigilib.org

ਇਕ ਗੋਲੀ ਦੋਨੋ ਵਕਤ ਨਿੰਬੂ ਦੇ ਰਸ ਨਾਲ ਖਾਵੇ, ਪੱਥ ਅਲੂਣਾਂ ਰੱਖੇ ਭਾਵ ਨਿਮਕ ਨਾਂ ਖਾਵੇ, ਦੁੱਧ ਚਾਵਲ ਕਣਕ ਦਾ ਦਲੀਆ ਖਾਵੇ ਤਾਂ ਬਾਦ ਫਰੰਗ ਦਾ ਰੋਗ ਸਭ ਤਰਾਂ ਦਾ ਜਾਵੇ, ਅਰ ਸ਼ਰੀਰ ਨੂੰ ਸੁਖ ਪ੍ਰਾਪਤ ਕਰੇ, ਇਸ ਦਵਾਈ ਦੇ ਖਾਣ ਨਾਲ ਰੋਗੀ ਦਾ ਮੂੰਹ ਨਹੀਂ ਪੱਕਦਾ ਹੈ ॥ ੨੪੧ ॥ ੨੪੨ ॥

ਬਾਦਫਰੰਗ ਰੋਗ ਦੇ ਪੱਥ--ਦ੍ਵੈਯਾ ਛੰਦ

ਛਰਦ ਬਿਰੇਚਨ ਸੇਂਚਨਿ ਲੇਪਾ ਆਨ ਜੋਕ ਤਿਸ ਲਾਵੇ ।
ਯਵ ਤੰਦੁਲ ਕਾਰੇਲਾ ਸਿਗ੍ਰ ਫਲਾ ਪਟੋਲ ਸੁਖਾਵੇ ।
ਲਘੁ ਮੂਲੀ ਮਧੁ ਕੂਪ ਬਾਰ ਲੈ ਤੈਲ ਸਦਾ ਪਥ ਸੇਈ ।
ਪਥ ਰਹੈ ਰੋਗੀ ਸੁਖੁ ਪਾਵੈ ਨਹਿ ਤੇ ਬਹੁ ਦੁਖ ਦੇਈ ॥੨੪੩॥

੧੬੩੧—ਉਲਟੀਆਂ ਦੇਣੀਆਂ, ਦਸਤ ਦੇਣੇ, ਤਰੈੜਾ ਕਰਨਾ, ਲੇਪ ਕਰਨੇ, ਇੰਦ੍ਰੀ ਉਪਰ ਜੋਕਾਂ ਲੌਣੀਆਂ, ਜੌਂ, ਚਾਵਲ, ਕਰੇਲੇ, ਸੁਹਾਂਵਣੇ ਦੀਆਂ ਫਲੀਆਂ, ਪਟੋਲਫਲ । ਛੋਟੀ ਮੂਲੀ, ਸ਼ਹਤ, ਖੂਹ ਦਾ ਜਲ ਅਤੇ ਤੇਲ ਇਹ ਸਭੋ ਖਾਣੇ ਪੱਥ ਹਨ ਇਸ ਰੋਗ ਵਿਖੇ ਰੱਖੇ, ਤਾਂ ਸੁਖ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਬਹੁਤਾ ਦੁਖ ਪ੍ਰਾਪਤ ਹੁੰਦਾ ਹੈ ॥ ੨੪੩ ॥

ਕੁਪੱਥ--ਚੌਪਈ

ਦਿਵਸ ਨੀਂਦ ਗੁਰ ਬਾਨਜ ਬਖਾਨ । ਮੈਥੁਨ ਗੁੜ ਤੁਰਸਾਈ ਜਾਨ ।
ਅਯਾਸ ਤਕ੍ਰ ਧਰ ਮੂਤ੍ਰ ਏਹ । ਕਹੇ ਕੁਪਥ ਸੁ ਜਾਨੋ ਤੇਹ ॥੨੪੪॥

੧੬੩੨-ਦਿਨੇ ਸੌਣਾ, ਭਾਰੀ ਅੰਨ ਖਾਣੇ, ਇਸਤ੍ਰੀ ਸੰਗ, ਗੁੜ ਵਾ ਗੁੜ ਦੀਆਂ ਬਸਤਾਂ, ਖਟਿਆਈ ਦਾ ਖਾਣਾ । ਕਸ੍ਰਿਤ ਦਾ ਕਰਨਾ, ਲੱਸੀ ਅਤੇ ਮੂਤ੍ਰ ਦਾ ਬੇਗ ਰੋਕਨਾ, ਇਹ ਸਭ ਕੁਪੱਥ ਹਨ ॥ ੨੪੪ ॥

ਅਥ ਸੂਕ ਰੋਗ ਨਿਦਾਨ--ਦੋਹਰਾ

ਲਿੰਗ ਬਧਾਵਤ ਜੋ ਚਹੈ ਲਾਵਤ ਲੇਪ ਕਠੋਰ ।
ਜਾਂਤੇ ਉਪਜੈ ਸੂਕ ਦੁਖ ਅਠ ਦਸ ਭੇਦ ਸੁ ਜੋਰ ॥੨੪੫॥

(ਵੈਦਕ ਸ਼ਾਸਤ੍ਰ ਦੀ ਵਿਧੀ ਤੋਂ ਬਗੈਰ) ਜੇ ਕੋਈ ਲਿੰਗ ਵਧੌਣਾ ਚਾਹੇ ਅਰ ਇੰਦ੍ਰੀ ਪਰ ਵਿਖੈਲੇ ਲੇਪ ਲਗਾਵੇ ਉਸਤੇ ਸੂਕ ਰੋਗ ਉਤਪੰਨ ਹੁੰਦਾ ਹੈ ਸੋ ਇਸ ਦੇ ਅਠਾਰਾਂ ਭੇਦ ਹਨ ॥ ੨੪੫ ॥

ਲੱਛਣ

ਸਰਖਪ ਸਮ ਪਿੜਕਾ ਹੁਵਤ ਨਖ ਸਿਖ ਲਿੰਗੇ ਜਾਨ ।
ਤਾਹੀ ਬਰੂਰੀ ਕਹਤ ਜਗ ਲਖ ਮਾਧਵ ਤੇ ਗਯਾਨ ॥੨੪੬॥

ਸਫੇਦ ਸਰ੍ਹੋਂ ਸਮਾਨ ਫਿੰਨਸੀਆਂ ਹੁੰਦੀਆਂ, ਇਹ ਨਖ ਸੇ ਸਿਰ ਤਕ ਲਿੰਗ ਦੇ ਜਾਣੇ । ਇਸ ਨੂੰ ਲੋਕ "ਬਰੂਰੀ" ਆਖਦੇ ਹਨ ॥ ੨੪੬ ॥

Digitized by Panjab Digital Library | www.panjabdigilib.org

ਸੂਕ ਉਪਾਇ—ਦੋਹਰਾ

ਰਸਵਤ ਗੇਰੂ ਪੀਸਕੈ ਲਾਵੈ ਮਾਖਨ ਸੰਗ।
ਸੂਕ ਦੋਖ ਕਾ ਨਾਸ ਹੁਇ ਜਾਤ ਰੂਪ ਸਮ ਅੰਗ॥੨੪੭॥

੧੯੩੩—ਰਸੌਂਤ ਤੇ ਗੇਰੂ, ਪੀਹਕੇ ਮੱਖਣ ਨਾਲ ਲੇਪ ਲਾਵੇ, ਤਾਂ ਸੂਕ ਦਾ ਨਾਸ ਕਰੇ, ਸੋਨੇ ਸਰ ਖਾ ਅੰਗਾਂ ਦਾ ਰੰਗ ਹੋਵੇ ॥ ੨੪੭ ॥

ਨਿੰਬ ਕ੍ਵਾਥ ਕਰ ਧੋਈਏ ਮਧ ਸੋ ਕੱਥ ਲਗਾਇ।
ਸੂਕ ਦੋਖ ਸਬ ਜਾਤ ਹੈ ਅਸਟ ਦਸਾ ਸਭ ਜਾਇ॥ ੨੪੮ ॥

੧੯੩੩—ਨਿੰਮ ਦੇ ਕਾੜ੍ਹੇ ਨਾਲ ਧੋਵੇ, ਫਿਰ ਸ਼ਹਤ ਨਾਲ ਕੱਥ ਦਾ ਲੇਪ ਕਰੇ, ਤਾਂ ਅਠਾਰਾਂ ਪ੍ਰਕਾਰ ਦਾ ਸੂਕ ਰੋਗ ਨਾਸ਼ ਹੋਵੇ ॥ ੨੪੮ ॥

ਕੱਥ ਕੇਵੜਾ ਆਨੀਏ ਰਸਵਤ ਗੇਰੂ ਪਾਇ।
ਲੇਪੁ ਕਰੋ ਨਵਨੀਤ ਸੋ ਸੂਕ ਰੋਗ ਨਾਸ਼ ਹੋਵੇ ॥ ੨੪੯ ॥

੧੯੩੫—ਕੱਥ, ਕੇਵੜੇ ਦਾ ਫੁੱਲ, ਰਸੌਂਤ ਤੇ ਗਰੂ, ਮੱਖਣ ਵਿੱਚ ਇਨ੍ਹਾਂ ਦਾ ਲੇਪ ਕਰੇ ਤਾਂ ਸੂਕ ਦਾ ਨਾਸ਼ ਕਰੇ ॥ ੨੪੯ ॥

ਨਰ ਕਪਾਲ ਕੀ ਭਸਮ ਕਰ ਮਾਖਨ ਸੇਤੀ ਲਾਇ।
ਸਾਂਤ ਦਿਵਸ ਲੌ ਕੀਜੀਏ ਸੂਕ ਦੋਖ ਮਿਟ ਜਾਇ ॥ ੨੫੦ ॥

੧੯੩੬—ਆਦਮੀ ਦੀ ਖੋਪਰੀ ਸਾੜਕੇ ਮੱਖਣ ਨਾਲ ੭ ਦਿਨ ਲਾਵੇ, ਤਾਂ ਸੂਕ ਰੋਗ ਜਾਵੇ ॥੨੫੦॥

ਸੂਕ ਰੋਗ ਦੇ ਪੱਥ—ਸ਼ੰਕਰ ਛੰਦ

ਕਰਿ ਲੇਪ ਰੇਚਨਿ ਰਕਤ ਮੋਖਨਿ ਸਰਪਿ ਪਾਨ ਜੁ ਸਾਲ।
ਯਵ ਮੁਗਦ ਯੂਬ ਕਠਿੱਲ ਦਾਰਮ ਕੂਪ ਜਲ ਹਿਮ ਬਾਲ।
ਤੇਲ ਤਿਕਤੰ ਬਾਲ ਮੂਲੀ ਗੰਧਸਾਰ ਜੁ ਪਟੋਲ।
ਲੈ ਸੌਭਾਂਜਨ ਪੱਥ ਸੂਕਹਿ ਕਹਤ ਮੇਘ ਕਲੋਲ॥ ੨੫੧ ॥

੧੯੩੭—ਲੇਪ ਦਾ ਕਰਨਾ, ਦਸਤਦੇਣੇ, ਲਹੂ ਦਾ ਕੱਢਣਾ, ਘ੍ਰਿਤ ਪੀਣਾ, ਸੱਠੀ ਦੇ ਚਾਵਲ ਖਾਣੇ, ਜੌਂ, ਮੂੰਗੀ, ਇਨ੍ਹਾਂ ਦੇ ਯੂਖ, ‡ਕਿਰੇਲੇ, ਅਨਾਰ, ਖੂਹ ਦਾ ਜਲ, ਮੁਸ਼ਕਪੂਰ, ਤੇਲ, ਤਿਕਤ ਪਦਾਰਥ ਖਾਣੇ, ਨਰਮ, ਮੂਲੀ, ਸਫੇਦ ਚੰਦਨ, ਪਟੋਲ ਅਤੇ ਸੁਹਾਂਵਣਾ ਇਹ ਸਭੋ ਸੂਕ ਰੋਗ ਦੇ ਪੱਥ ਹਨ ॥ ੨੫੧ ॥

---

‡ਕਠਿਲ ਕਰੇਲੇ ਹਨ।

Digitized by Panjab Digital Library | www.panjabdigilib.org

ਕੁਪੱਥ--ਚੌਪਈ

ਦਿਵਸ ਨਿੰਦਰਾ ਮੈਥਨ ਬਜਾਮ। ਗੁੜ ਬਿਦਾਹ ਗੁਰੁ ਤਕ੍ਰ ਛਾਮ।
ਮੂਤ੍ਰ ਬੇਗ ਕੁਪੱਥ ਬਖਾਨ। ਪਥਜਾਪੱਥਹਿ ਇਹ ਮਤਿ ਆਨ ॥ ੧੫੨ ॥

੧੯੩੮—ਦਿਨ ਦਾ ਸੌਣਾ, ਭੋਗ ਕਰਨਾ, ਕਸਰਤ ਕਰਨੀ, ਗੁੜ ਖਾਣਾ, ਦਾਹਕਾਰਕ ਤਥਾ ਭਾਰੀਆਂ ਬਸਤੂਆਂ ਖਾਣੀਆਂ, ਲੱਸੀ (ਮੱਠਾ) ਅਰ ਮੂਤ੍ਰ ਦਾ ਰੋਕਣਾਂ ਇਹ ਸਭ ਕੁਪੱਥ ਹਨ ॥ ੨੫੨ ॥

ਅਬ ਅਠਾਰਾਂ ਕੁਸ਼ਟ ਨਿਦਾਨ-ਦ੍ਵੈਯਾਛੰਦ

ਦੂਧ ਮਤਸ ਦਰਬ ਗੁਰੁ ਚਿਕਨਾ ਬਮਨਿ ਰੋਕ ਸੰਤਾਪੰ।
ਅਤਿ ਭੋਜਨ ਬਜਾਯਾਮ ਸੀਤ ਅਤਿ ਗਰਮ ਲੰਘਨੰ ਪਾਪੰ।
ਆਤਪ ਸ੍ਰਮ ਸੀਤਲ ਜਲ ਮੂਲੀ ਉਰਦ ਦੂਧ ਤਿਲ ਖਾਵੈ।
ਭੋਜਨ ਪਰ ਭੋਜਨ ਅਜੀਰਨ ਗੁੜ ਮੈਥਨ ਤੇ ਖਾਵੈ ॥੨੫੩॥
ਨਵਾ ਅੰਨ ਦਧਿ ਲਵਨ ਅਮਲ ਰਸ ਗੁਰੁ ਬ੍ਰਾਹਮਣ ਕਾ ਰੋਸਾ।
ਬਾਤ ਪਿਤ ਕਫ ਤੁਕਾ ਰਕਤ ਪਲ ਪਾਨੀ ਸਾਤ ਕਰੋਸਾ।
ਯਾਤੇ ਕੁਸਟ ਅਠਾਰਾਂ ਹੋਵੈ ਬਾਤ ਪਿਤ ਕਫ ਤੀਨੋ।
ਦ੍ਵਦਜ ਤੀਨ ਸੰਨਿ ਤੇ ਜਾਨੋ ਸਾਤੇ ਉਤਪਤਿ ਕੀਨੋ ॥੨੫੪॥

(ਵਿਰੁਧ ਭੋਜਨ ਜਿਸਤਰਾਂ) ਦੁੱਧ, ਮੱਛੀ, ਪਤਲੇ ਭਾਰੇ ਚੀਕਣੇ ਖਾਣੇ, ਆਈ ਕੈ ਦਾ ਰੋਕਣਾ, ਸੰਤਾਪ, ਬਹੁਤਾ ਖਾਣਾ, ਕਸਰਤ, ਅਤੀ ਠੰਢੇ, ਅਤੀ ਗਰਮ, ਬਹੁਤੇ ਬਰਤ, ਬਹੁਤੇ ਪਾਪ, ਧੁੱਪੇ ਫਿਰਨਾ, ਕਈ ਤਰਾਂ ਦੇ ਸ੍ਰਮ ਕਰਕੇ ਠੰਢੇ ਪਾਣੀ ਦਾ ਪੀਣਾ, ਮੂਲੀਆਂ ਖਾਣੀਆਂ, ਮਾਂਹ, ਦੁੱਧ, ਤਿਲ, ਖਾਏ ਪਰ ਖਾਣਾ, ਭੋਜਨ ਦੀ ਅਜੀਵਣ ਅਵਸਥਾ, ਅਰ ਗੁੜ ਖਾਕੇ ਮੈਥੁਨ ਕਰਨੇ ਤੇ ਨਏ ਅੰਨ, ਦਹੀਂ, ਨਿਮਕ, ਖੱਟੇ ਰਸ ਖਾਣੇ ਅਥਵਾ ਗੁਰੂ ਅਰ ਵਿਦ੍ਵਾਨ ਨੂੰ ਕ੍ਰੋਧਿਤ ਕਰਨਾ, ਇਨ੍ਹਾਂ ਕਾਰਣਾਂ ਕਰਕੇ, ਅਰ ਬਾਤ ਪਿਤ ਕਫ ਇਨਾਂ ਤਿੰਨਾਂ ਦੋਖਾਂ, ਤਥਾ ਖੱਲੜੀ, ਲਹੂ, ਮਾਸ ਅਰ ਰਸ ਇਨ੍ਹਾਂ ਸੱਤਾਂ ਦੇ ਵਿਗਾੜ ਤੇ ਅਠਾਰਾਂ ਪ੍ਰਕਾਰ ਦੇ ਕੁਸ਼ਟ ਪੈਦਾ ਹੁੰਦੇ ਹਨ। ਸੋ ਬਾਤ, ਪਿਤ ਕਫ, ਦ੍ਵੰਦ੍ਵਜ ਤੇ ਸੰਨਿਪਾਤਜ ਤਿੰਨੋਂ, ਮਿਲਕੇ ਇਸ ਪ੍ਰਕਾਰ ੭ ਪ੍ਰਕਾਰ ਦਾ ਹੈ ॥ ੨੫੩ ॥ ੨੫੪।

ਕੁਸ਼ਟ ਕੇ ਪੂਰਬ ਰੂਪ—ਸ਼ੰਕਰ ਛੰਦ

ਸ੍ਵੇਦ ਬਹੁ, ਵਾ ਨਾਹਿ ਸ੍ਵੇਦਾ ਤੋਦ ਤੁਚ ਸ੍ਰਮ ਦਾਹ।
ਸੂਲ ਬ੍ਰਿਣ ਬਹੁ ਹੋਇ ਬਿਬਰਣਾ ਰੂਖ ਪੀਰ ਸੁ ਯਾਹ।
ਹੁਇ ਰੋਮ ਹਰਖ ਕਠੋਰ ਮਾੜਾ ਰਹਿਤ ਬਹੁ ਚਿਰ ਸੋਇ।
ਏ ਕੁਸ਼ਟ ਕੇ ਲਛਨ ਬਖਾਨੇ ਪੂਰਬ ਰੂਪ ਸੁ ਜੋਇ ॥੨੫੫॥

Digitized by Panjab Digital Library | www.panjabdigilib.org

ਪਸੀਨਾ ਬਹੁਤ ਆਵੇ, ਅਥਵਾ ਬਿਲਕੁਲ ਹੀ ਨਾ ਆਵੇ, ਜਿਸ ਸਥਾਨ ਕੁਸ਼ਟ ਉਠਣਾ ਹੋਵੇ, ਉਸ ਸਥਾਨ ਸੂਈ ਚੋਭਾਣੇ ਸੀਆਂ ਚੋਭਾਂ, ਤਚਾ, ਚਮੜੀ ਦਾ ਰੰਗ ਬਦਲ ਜਾਵੇ, ਬਿਨਾਂ ਕਿਸੀ ਕਾਰਜ ਦੇ ਸ੍ਰਮ ਪ੍ਰਤੀਤ ਹੋਵੇ, ਸੜਨ ਹੋਵੇ, ਪੀੜਾ ਹੋਵੇ, ਫੋੜੇ ਜਹੇ, ਸਰੀਰ ਦੀ ਰੰਗਤ ਮਾਰੀ ਜਾਵੇ, ਖਸ਼ਕੀ, ਪੀੜਾ, ਰੋਮ ਖੜੇ ਹੋ ਜਾਣੇ, ਕਰੜਾਪਨ, ਲਿੱਸਾ, ਸੁਤਾ ਰੋਮਾਂਚ ਆਦਿ ਦਸ਼ਾ ਬਹੁਤ ਚਿਰ ਰਹੇ । ਇਹ ਕੁਸ਼ਟ ਦੇ ਪੂਰਬ ਰੂਪ ਦੇ ਲੱਛਣ ਹਨ, ਅਰਥਾਤ ਜਿਸਨੂੰ ਇਹ ਲਛਣ ਹੋਇ ਤਾਂ ਜਾਨਣਾ ਕਿ ਉਸਨੂੰ ਕੁਸ਼ਟ ਰੋਗ ਪੈਦਾ ਹੋ ਜਾਵੇਗਾ ॥ ੨੫੫ ॥

ਅਠਾਰਾਂ ਕੁਸ਼ਟ ਨਾਮ (ਸਾਰੰਗਧਰਾਤ)–ਪਰਿਹਾ

ਬਾਤ ਪ੍ਰਕੋਪੇ ਹੋਇ ਭਨਜੋ ਕਪਾਲਕ ਕੁਸ਼ਟ ਹੀ।
ਪਿਤ ਉਦੰਬਰ ਜਾਨ ਦੇਹ ਹੁਇ ਨਸ਼ਟ ਹੀ।
ਕਫ ਕੇ ਮੰਡਲ ਬ੍ਰਿਤ ਦੇਹ ਮੈ ਇਕ੍ਰ ਹੈ।
ਬਾਤ ਪਿਤ ਪਰ ਕੋਪਕਿ ਜਿਹਵਕਰੀਛ ਹੈ ॥੨੫੬॥
ਬਾਈ ਕਫ ਤੇ ਦੁਸਟ ਵਿਪਾਦਿਕ ਦਾਖਿਯੇ।
ਸਿਧ ਕੁਸਟ ਪੁਨ ਕਿਟਭ ਆਲਸਕ ਭਾਖੀਏ।
ਕਫ ਪਿਤੇ ਦੋ ਦੋਖ ਕਿ ਦੱਦ ਹੇਤ ਹੈ।
ਪਾਮਾ ਪੁਨ ਬਿਸਫੋਟ ਦੇਹ ਕੋ ਖੇਤ ਹੈ॥੨੫੭॥
ਮਹਾਂ ਕੁਸਟ ਅਸਾਧਯ ਚਰਮ ਦਲ ਫਾਟ ਹੈ।
ਪੁੰਡਰੀਕ ਸਤਾਰੁਕ ਤ੍ਰਿਦੋਖੀ ਘਾਟ ਹੈ।
ਸੰਨਪਾਤ ਕੇ ਜੋਰ ਕੋਢ ਹੁਇ ਸ੍ਵੇਤ ਹੀ।
ਰਕਤ ਕੋਪ ਬਿਚਰਚਿ ਕਾਕਣਾ ਹੇਤ ਹੀ॥੨੫੮॥

(੧) ਬਾਤ ਦੇ ਪ੍ਰਕੋਪ ਤੇ ਕਲਾਲਕ ਕੁਸ਼ਟ ਪੈਦਾ ਹੁੰਦਾ ਹੈ, (ਕਾਲੇਯਾ ਲਾਲ ਰੰਗ ਦੇ ਠੀਕਰੇ ਦੀ ਨਜਾਈਂ ਖਸ਼ਕ, ਖਰਦਲਾ ਅਤੇ ਚਮੜਾ ਪਤਲਾ ਹੁੰਦਾ ਹੈ। ਇਸਦੀ ਦਵਾਈ ਕਠਨ ਹੈ)

(੨)–ਔਦੰਬਰਕੁਸ਼ਟ, ਪਿਤ ਦੇ ਵਿਗਾੜ ਤੇ ਹੁੰਦਾ ਹੈ (ਇਸਦਾ ਰੂਪ ਗੁੱਲਰ ਦੇ ਫਲ ਸਮਾਨ, ਪੀਲੇ ਰੋਮਾਂ ਵਾਲਾ, ਦਾਹ ਪੀੜਾ ਅਤੇ ਖੁਰਕ ਸਮੇਤ ਹੁੰਦਾ ਹੈ। ਇਸ ਸਰੀਰ ਨੂੰ ਨਸ਼ਟ ਕਰਨਹਾਰਾ ਹੈ।

(੩)–ਮੰਡਲਕੁਸ਼ਟ, ਕਫ ਦੇ ਕੋਪ ਤੇ ਪੈਦਾ ਹੁੰਦਾ, (ਇਹ ਚਿੱਟਾ, ਚੀਕੁਣਾ, ਚਕੱਤੇ ਜੇਹਾ, ਗਿੱਲਾ, ਆਪਸ ਵਿਚ ਮਿਲਿਆ ਪ੍ਰਤੀਤ ਦਿੰਦਾ ਹੈ, ਇਹ ਕੁਸ਼ਟ ਸਾਧ ਹੈ) ।

(੪)–ਏਕ੍ਰਕੁਸ਼ਟ, ਕਫ ਪਿਤਾ ਦੋਹਾਂ ਦੇ ਵਿਗਾੜ ਤੇ ਪੈਦਾ ਹੁੰਦਾ ਹੈ,(ਇਸਦਾ ਰੂਪ ਬੜੇ ਘੇਰੇ ਵਾਲਾ, ਮਛਲੀ ਦੀ ਖਲੜੀ ਸਮਾਨ, ਅਭ੍ਰਕ ਦੇ ਪਤ੍ਰਾਂ ਵਾਂਗ, ਪਸੀਨਿਓਂ ਬਿਨਾ ਹੁੰਦਾ ਹੈ, ਇਹ ਛਦ੍ਰ ਕੁਸ਼ਟਾਂ ਵਿਖੇ ਮੁਖ ਹੋਨੇ ਤੈ ਏਕ੍ਰ ਕੁਸ਼ਟ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

(੫)–ਰਿਖਜਿਹਬਕ ਕੋੜ੍ਹ, ਬਾਤ ਪਿਤ ਦੇ ਕ੍ਰੋਧ ਨਾਲ ਹੁੰਦਾ ਹੈ, (ਇਹਲਾਲ, ਵਿਚੋਂ ਕਾਲਾ, ਪੀੜਾ ਸਮੇਤ ਅਤੇ ਰਿਛ ਦੀ ਜੀਭ ਸਮਾਨ ਰੰਗਤ ਵਾਲਾ ਹੁੰਦਾ)॥ ੨੫੬॥

(੬)—ਵਿਪਾਦਿਕ ਕੁਸ਼ਟ, ਬਾਤ ਕਫ ਤੇ ਹੁੰਦਾ ਹੈ, (ਇਹ ਹਥ ਦੀ ਹਥੇਲੀ, ਤਥਾ ਪੈਰ ਫਾਟਦਾ ਹੈ, ਇਸ ਵਿਖੇ ਬਹੁਤ ਤਕਲੀਫ ਹੁੰਦੀ ਹੈ)।

(੭)–ਸਿਧਮ ਕੋੜ੍ਹ, (ਇਹ ਚਿੱਟਾ ਲਾਲ ਜਿਹਾ, ਪਤਲੀ ਚਮੜੀ ਵਾਲਾ ਖੁਰਕਣੇ ਤੇ ਮਿਟੀ ਨਿਕਲੇ, ਤੂੰਬੀ ਦੇ ਫੂਲ ਸਮਾਨ ਹੋਵੇ, ਇਹ ਵਿਸ਼ੇਸ਼ ਕਰਕੇ ਛਾਤੀ ਵਿਖੇ ਹੀ ਹੁੰਦਾ ਹੈ)।

(੮)–ਕਿਟਭ ਕੋੜ੍ਹ, ਕਫ ਬਾਤ ਤੇ ਹੁੰਦਾ ਹੈ, ਇਸ ਵਿਖੇ ਘਾਉ ਹੋਕੇ ਕਾਲਾ ਪੈਂਦਾ ਜਾਵੇ, ਸੁਕਾ ਜੇਹਾ, ਛੋਹਣੇ ਤੇ ਖਰਦਲਾ ਅਰ ਖੁਸ਼ਕ ਜਾਪੇ ਹੈ)।

(੯)–ਆਲਸ ਕੁਸ਼ਟ, ਕਰ ਬਾਤ ਦੇ ਵਿਗਾੜ ਤੇ ਹੁੰਦਾ ਹੈ, ਇਸ ਵਿਚ ਲਾਲ ੨ ਫਿਨਸੀਆਂ ਅਰਥਾਤ ਗੰਢਾਂ ਨਾਲ ਘਿਰਿਆ ਅਰ ਖੁਰਕ ਸਮੇਤ ਹੋਵੇ)

੧੦–ਦਦ੍ਰਕੁਸ਼ਟ, ਕਫ ਪਿਤ ਤੇ ਹੋਵੇ ਹੈ, (ਖੁਰਕ ਸਮੇਤ, ਛੋਟੀਆਂ ਛੋਟੀਆਂ ਲਾਲ ਫੁਨਸੀਆਂ ਵਾਲਾ, ਕਾਲਾ ਚਮੜਾ ਚੀਕਨਾ ਹੋਵੇ।

(੧੧)—ਪਾਮਾਂ ਕੁਸ਼ਟ, ਕਰ ਪਿਤ ਤੇ ਪੈਦਾ ਹੋਵੇ ਹੈ, (ਸ੍ਰਾਵਸੰਯੁਕਤ, ਫਿਨਸੀਆਂ ਨਿਕਲਕੇ ਪੱਕ ਕੇ ਫੁਟ ਜਾਣ, ਖੁਰਕ ਹੋਵੇ ਫਿਨਸੀਆਂ ਅੱਛੀਆਂ ਨ ਹੋਣ, ਇਸ ਵਿਚ ਫਿਨਸੀਆਂ ਪੀੜਾ ਸਮੇਤ ਹੁੰਦੀਆਂ ਹਨ, ਇਸਤੇ ਇਸਨੂੰ ਪਿੜਕਾ ਆਖਦੇ ਹਨ)।

(੧੨)ਵਿਸਫੋਟਕ ਕੋੜ੍ਹ, ਦੇਹ ਨੂੰ ਖਾਣ ਹਾਰਾ ਹੈ ਕਫ ਪਿਤ ਵਿਗੜਕੇ ਹੁੰਦਾ ਹੈ, (ਇਸ ਵਿਚ ਸਾਰੇ ਸਰੀਰ ਉਪਰ ਫਿਨਸੀਆਂ ਛਾਲਿਆਂ ਦੇ ਸਮਾਨ ਕਾਲੀਆਂ ੨ ਕੁਛ ਲਾਲ ੨ ਨਿਕਲਕੇ ਸਰੀਰ ਲਾਲ ਹੋ ਜਾਵੇ ਹੈ)॥ ੨੫੭॥

(੧੩)–ਮਹਾਂ ਕੁਸ਼ਟ,ਇਸਨੂੰ ਚਰਮ ਕੋੜ੍ਹ ਯਾ ਗਜਚਰਮ ਬੀ ਆਖਦੇ ਹਨ (ਇਹ ਤ੍ਰਿਦੋਖ ਦੇ ਵਿਗਾੜ ਤੇ ਪੈਦਾ ਹੁੰਦਾ ਹੈ, ਇਸ ਵਿਚ ਸਰੀਰ ਦੀ ਖੱਲੜੀ ਹਾਥੀ ਦੀ ਖੱਲ ਸਮਾਨ ਹੋ ਜਾਂਦੀ ਹੈ, ਪਸੀਨਾ ਬੰਦ ਹੋ ਜਾਂਦਾ ਹੈ, ਗਾੜ੍ਹਾ ਤੇ ਖੁਸ਼ਕ ਹੁੰਦਾ ਹੈ) ਸੋ ਇਹ ਅਸਾਧ ਹੈ।

(੧੪)—ਚਰਮਦਲ ਕੁਸ਼ਟ, ਇਹ ਤ੍ਰਿਦੋਖ ਤੇ ਪੈਦਾ ਹੁੰਦਾ ਹੈ, (ਇਸ ਵਿਚ ਚਮੜੀ ਲਾਲ ਹੋ ਕੇ ਸੂਲ ਸਮੇਤ ਫੋੜਿਆਂ ਨਾਲ ਭਰੀ ਹੋਈ, ਸਪਰਸ਼ ਨੂੰ ਨਹੀਂ ਸਹਾਰ ਸਕਦੀ, ਅਤੇ ਚਮੜੀ ਨੂੰ ਫਾੜ ਦੇਵੇ)।

(੧੫)—ਪੁੰਡ੍ਰੀਕ ਕੋੜ੍ਹ, ਤ੍ਰਿਦੋਖ ਤੇ ਹੁੰਦਾ ਹੈ, ਫਿਰ ਬੀ ਕਫ ਦੇ ਉਲ੍ਹਣ ਵਾਲਾ ਹੋਵੇ ਹੈ, (ਚਿੱਟਾ ਕਮਲ ਪੱਤ੍ਰ ਦੀ ਸਮਾਨ, ਅੰਤ ਵਿਖੇ ਅਤਯੰਤ ਲਾਲ ਸਰੀਰ ਪਰ ਉਚਾ ਪ੍ਰਤੀਤ ਦੇਵੇ।

(੧੬)—ਸਫ਼ਾਰੁਕ ਕੋੜ੍ਹ, ਤ੍ਰਿਦੋਖ ਤੇ ਪੈਦਾ ਹੋਵੇ ਹੈ, (ਇਸ ਵਿਚ ਛੋਟੇ ਫੋੜੇ ਬਹੁਤੇ ਹੋ ਕੇ ਬਹੁਤੇ ਛੇਕ ਪੈ ਜਾਂਦੇ ਹਨ। ਲਾਲੀ ਸਮੇਤ ਕਾਲਾਪਨ ਹੋਵੇ, ਦਾਹ ਪੀੜ ਸੰਯੁਕਤ ਅਤੇ ਬਹੁਤੇ ਘਾਵਾਂ ਵਾਲਾ ਹੋਵੇ)।

(੧੭) ਸਵੇਤ ਕੁਸ਼ਟ, ਇਸੇ ਨੂੰ ਸ੍ਵਿਤ੍ਰ ਕੁਸ਼ਟ ਆਖਦੇ ਹਨ, ਇਹ ਸੰਨਿਪਤ ਦੇ ਜੋਰ ਤੇ ਕੋੜ੍ਹ ਹੁੰਦਾ ਹੈ, (ਇਸ ਵਿਚ ਨ ਪਾਕ ਨ ਫਟਣਾ ਹੋਵੇ)।

[੧੮] ਵਿਚਰਚਿਕਾ ਕੁਸ਼ਟ, ਭਾਵੇਂ ਤ੍ਰਿਦੋਖ ਦਾ ਹੈ ਫਿਰ ਬੀ ਇਸ ਵਿਚ ਰਕਤ ਉੱਲ੍ਹਣ ਹੈ, ਇਸ ਵਿਚ ਖੁਰਕ, ਕਲੇਸ, ਬਹੁਤਾ ਸ੍ਰਾਵ, ਛੋਟੀਆਂ ਫੁਨਸੀਆਂ ਹੋਣ)।

Digitized by Panjab Digital Library | www.panjabdigilib.org

(੧੯) ਕਾਕਣ ਕੁਸ਼ਟ, ਇਹ ਤ੍ਰਿਦੋਖ ਤੇ ਭਾਵੇਂ ਹੈ, ਪਰੰਤੂ ਇਸ ਵਿਖੇ ਰਕਤ ਦਾ ਅਤਯੰਤ ਕੋਪ ਹੋਵੇ ਹੈ, ਇਸ ਵਿਚ ਪਕਕੇ ਘਾਉ ਕਾਲਾ ਪੈ ਜਾਵੇ, ਅਤਯੰਤ ਪੀੜਾ ਕਰੇ, ਇਹ ਵਿਚੋਂ ਕਾਲਾ, ਹੋਰ ਅੱਗਾਂ ਤੋਂ ਲਾਲ, ਸੁਭਾਵਿਕ ਰੀਤੀ ਨਾਲ ਨਾ ਪਕਨੇ ਵਾਲਾ, ਤੀਬ੍ਰ ਵਾਲਾ ਹੁੰਦਾ ਹੈ ॥ ੨੫੮ ॥

[ਸ਼ੰਕਾ:-ਕਯੋਂ ਜੀ ! ਕੁਸ਼ਟ ਅਠਾਰਾਂ ਕਹੇ, ਫਿਰ ਗਿਣਤੀ ਮੇਂ ੧੯ ਕਯੋਂ ਹੁੰਦੇ ਹਨ ?]

ਉਤ੍ਰ:—ਪੈਰਾਂ ਵਿਖੇ ਪੈਦਾ ਹੋਏ, ਵਿਚਰਚਿਕਾ ਨੂੰ ਹੀ ਵਿਪਾਦਿਕਾ ਕਿਹਾ ਜਾਂਦਾ ਹੈ, ਇਸ ਕਾਰਣ ਗਿਣਤੀ ਨਹੀਂ ਵਧਦੀ। ਇਹ ਭੋਜ ਦਾ ਮਤ ਹੈ ਕਿ ਰੁੱਖੀ ਹੋਣ ਤੇ ਹਥਾਂ ਦੀ ਖਲ ਫਟ ਜਾਂਦੀ ਹੈ, ਇਸਨੂੰ ਵਿਚਰਚਿਕਾ ਆਖਦੇ ਹਨ ਤੇ ਜੋੜ੍ਹੀ ਪੈਰਾਂ ਦੀ ਖਲੜੀ ਫਟ ਜਾਂਦੀ ਹੈ, ਉਸਨੂੰ ਵਿਪਾਦਿਕਾ ਕਿਹਾ ਜਾਂਦਾ ਹੈ। ਵਿਚਰਚਿਕਾ ਤੇ ਵਿਪਾਦਿਕਾ ਦੇ ਸਥਾਨ ਭੇਦ ਹਨ, ਕਿੰਤੂ ਸ੍ਵਰੂਪ ਵਿਖੇ ਭੇਦ ਨਹੀਂ ਹੈ। ਇਸਤਰਾਂ ਕੋੜ੍ਹ ਅਠਾਰਾਂ ਹੀ ਹਨ। ਅਧਿਕ ਰਹੇ]।

ਬਾਤਾਦਿ ਕੁਸ਼ਟਾਂ ਦੇ ਵਿਸ਼ੇ ਸ਼ਲੱਛਣ— ਦੋਹਰਾ

ਸ੍ਯਾਮ ਅਰੁਨ ਕਪਾਲ ਜਿਮ ਪਤਲਾ ਦੂਖ ਕਠੋਰ।
ਤੋਦ ਕਪਾਲਕ ਨਾਮ ਭਨਿ ਬਾਤ ਅੰਗਤੇ ਜੋਰ॥ ੨੫੯ ॥
ਪੀਰ ਰਕਤ ਕੰਡੂ ਸਹਿਤ ਗੂਲਰ ਫਲਹਿ ਅਕਾਰ।
ਦਾਹ ਪਿੱਤ ਤੇ ਜਾਨਿਯੋ ਊਦੰਬਰ ਭਨਿ ਸਾਰ ॥ ੨੬੦ ॥
ਸ੍ਵੇਤ ਲਾਲ ਸੁਥਿਰ ਚੀਕਨਾ ਊਚਾ ਮੰਡਲ ਜਾਨ ।
ਮਿਲਯੋ ਆਪ ਮਹਿ ਕਫਤਨੀ ਸੋ ਮੰਡਲ ਭਨਿ ਗ੍ਯਾਨ ॥ ੨੬੧ ॥
ਕਰਕਸ ਰਕਤ ਅੰਤਰ ਕ੍ਰਿਸ਼ਨ ਬੇਦਨਿ ਰੀਛ ਜਿਬਾਨਿ।
ਸੋ ਰਿਛ ਜਿਹਵਕ ਇਮ ਕਹ੍ਯੋ ਬਾਤ ਪਿਤ ਤੇ ਠਾਨਿ ॥ ੨੬੨ ॥
ਫੂਟਤ ਕਰ ਪਦ ਬੇਦਨਾ ਸੋ ਵੈਪਾਦਕ ਕੁਸ਼ਟ।
ਕਫ ਬਾਦੀ ਤੇ ਜਾਨੀਓ ਯਾਹੀ ਤੇ ਹੁਇ ਪੁਸ਼ਟ ॥ ੨੬੩ ॥
ਸ੍ਵੇਤ ਰਕਤ ਪਤਲਾਹੁਵਤ ਘਨਾ ਰਸਤ ਨਿਤ ਸੋਇ।
ਸਿਧਿਮ ਨਾਮ ਜਗ ਬਿਮ ਭਨਿ ਲਖਤ ਜੁ ਪੰਡਿਤੁ ਹੋਇ ॥ ੨੬੪ ॥
ਸ੍ਯਾਮ ਬਰਣ ਕਠੋਰ ਅਤਿ ਸੋਊ ਕਿਟਭ ਹੈ ਨਾਮ।
ਖਾਜ ਰਕਤ ਅਲਿਸਿਕ ਕਰ੍ਯੋ ਕਫ ਬਾਦੀ ਤੁਚ ਠਾਮ ॥ ੨੬੫ ॥
ਖਾਜ ਪਿਟਕ ਮੰਡਲ ਰਕਤ ਕੁਸ਼ਟ ਦਦਰੂ ਏਹ।
ਸੂਖਮ ਪਿਟਕਾ ਬਹੁ ਸ੍ਰਵਤ ਦਾਹ ਪਾਮ ਕੰਡੂ ਤੇਹ॥ ੨੬੬ ॥

Digitized by Panjab Digital Library | www.panjabdigilib.org

ਪਿਟਕ ਦਾਹ ਕਰ ਪਗ ਬਿਖੇ ਕੱਛਪ ਜਾਨ ਅਕਾਰ।
ਸੋ ਕੱਛਪ ਬਿਸਫੋਟ ਹੈ ਪੰਡਿਤ ਕੁਸ਼ਟ ਬਿਚਾਰ ॥ ੨੬੭ ॥

ਰਕਤ ਸੂਰ ਸਹਿ ਖਾਜੁ ਅਤਿ ਸਫੋਟਕ ਦਲ ਚਰਮ।
ਇਹ ਚਾਰੋ ਕਫ ਪਿੱਤ ਤੇ ਜਾਨੋ ਇਨਕਾ ਕਰਮ ॥ ੨੬੮ ॥

ਸ੍ਵੇਤ ਹੀਨ ਪਰ ਮੀਨ ਜਿਮ ਕੁਸਟ ਚਰਮ ਤਿਸ ਨਾਮ।
ਗੁੰਜ ਰਕਤ ਜਿਮ ਪਾਕ ਨਹਿ ਬਹੁ ਦੁਖ ਕਾਕਨ ਆਮ ॥ ੨੬੯ ॥

ਚਰਮ ਕੁਸ਼ਟ ਹੋਇ ਅਤਿਘਨਾ ਤੌ ਭਾਖਯੋ ਜਗ ਚਰਮ।
ਸ੍ਵੇਤ ਦਾਗ ਤੇ ਸ੍ਵੇਤ ਹੀ ਰਕਤ ਕਿਲਾਸਹਿ ਮਰਮ ॥ ੨੭੦ ॥

ਸਯਾਮ ਰਕਤ ਪਤਲੀ ਪਿੜਕ ਦਾਹਘਣੇ ਬ੍ਰਿਣ ਹੋਇ।
ਸੋਊ ਕਹੋ ਸਤਾਰੁਖੀ ਲਖੋ ਗਯਾਨ ਤੇ ਹੋਇ ॥ ੨੭੧ ॥

ਲੂਤ ਘਨੀ ਸੀ ਜਾਤ ਹੈ ਕਿਹ ਲੌ ਗਿਨਤੀ ਹੋਇ।
ਸਰਬ ਕੋੜ੍ਹ ਕੀ ਜਾਤ ਲਖ ਬਧ ਗ੍ਰੰਥ ਇਹ ਸੋਇ ॥ ੨੭੨ ॥

ਜਾਨਨਿ ਮਾਤਰ ਬਾਤ ਕਛੁ ਕੀਨੀ ਮੇਘ ਬਖਾਨ।
ਬਢਤ ਗ੍ਰੰਥ ਅਤਿ ਭਾਰ ਭਯ ਲਿਖੀ ਨ ਤਾਤੈ ਜਾਨ ॥ ੨੭੩ ॥

ਕੁਛ ਲਾਲ, ਕੁਛ ਕਾਲਾ, ਠੀਕਰੇ ਰੰਗਾ, ਪਤਲੀ ਚਮੜੀ ਵਾਲਾ, ਅਤਯੰਤ ਦੁਖ ਸਮੇਤ ਕਰੜਾ, ਜਿਸ ਵਿਚ ਸੂਈ ਚੋਭਣੇ ਜੇਹੀ ਪੀੜਾ ਹੋਵੇ, ਓਹ 'ਕਪਾਲ' ਨਾਮ ਦਾ ਵਾਯੂ ਦੇ ਸੰਬੰਧ ਤੇ ਹੁੰਦਾ ਜਾਣੇ ॥ ੨੫੯ ॥

ਪੀੜ, ਖੁਰਕ ਸਮੇਤ ਹੋਵੇ, ਗੁੱਲਰ ਦੇ ਫ਼ਲ ਸਮਾਨ ਅਕਾਰ ਵਾਲਾ, ਜਿਸ ਵਿੱਚ ਦਾਹ [ਸੜਨ] ਹੋਵੇ, ਸੋ 'ਉਦੰਬ੍ਰ' ਕੁਸ਼ਟ ਪਿੱਤ ਤੇ ਹੁੰਦਾ ਹੈ ॥ ੨੬੦ ॥

ਚਿੱਟਾ, ਲਾਲ, ਸਥਿਰ, ਚੀਕੁਣਾ, ਉਚਾ ਮੰਡਲ ਹੋਇ, ਆਪਸ ਵਿੱਚ ਮਿਲਿਆ ਹੋਯਾ ਹੋਵੇ, ਇਹ ਕਫ ਕਰਕੇ 'ਮੰਡਲ ਕੁਸ਼ਟ' ਕਿਹਾ ਜਾਂਦਾ ਹੈ ॥ ੨੬੧ ॥

ਕਰੜਾ, ਲਾਲ, ਅੰਦਰੋਂ ਧੂੰਏਂ ਰੰਗਾ, ਪੀੜ ਸੰਯੁਕਤ, ਰਿੱਛ ਦੀ ਜੀਭ ਜਿਹਾ ਬਾਤ ਪਿੱਤ ਦੇ ਹੋਣ ਵਲਾ 'ਰਿਖਜਿਹਬਕ' ਕੁਸ਼ਟ ਕਿਹਾ ਜਾਂਦਾ ਹੈ ॥ ੨੬੨ ॥

ਹੱਥ ਪੈਰ ਫਟ ਜਾਣ, ਪੀੜਾ ਬਹੁਤ ਹੋਵੇ, ਉਹ "ਵਿਪਾਦਕ" ਕੁਸ਼ਟ ਕਫ ਬਾਤ ਤੇ ਹੋਣ ਵਾਲਾ ਕਿਹਾ ਜਾਂਦਾ ਹੈ ॥ ੨੬੩ ॥

ਸਫੈਦੀ ਨਾਲ, ਲਾਲ ਚਮੜੀ, ਪਤਲੀ ਵਾਲਾ ਹੋਵੇ, ਬਹੁਤਾ ਰਸੇ ਅਰਥਾਤ ਜਦ ਘਿਸੇ ਤਾਂ ਧੂੜ

Digitized by Panjab Digital Library | www.panjabdigilib.org

ਜੇਹੀ ਝੜੇ, ਇਸਦਾ ਨਾਮ 'ਸਿੱਧਮ' ਕੁਸ਼ਟ ਹੈ, ਲੋਕ ਥਿੰਮੂ ਆਖਦੇ ਹਨ, ਇਹ ਕਫ ਪਿਤਾ ਤੇ ਹੁੰਦਾ ਹੈ ॥ ੨੬੪ ॥

ਕਾਲਾ ਰੰਗ ਤੇ ਕਠੋਰ ਇਹ 'ਕਿਟਭ' ਕੁਸ਼ਟ ਕਿਹਾ ਜਾਂਦਾ ਹੈ,ਇਹ ਕਫ ਬਾਤ ਤੋਂ ਪੈਦਾ ਹੁੰਦਾ ਹੈ।

ਖੁਰਕ ਅਰ ਲਾਲ ਫੁਨਸੀਆਂ ਵਾਲਾ, 'ਅਲਸਿਕ' ਕੁਸ਼ਟ ਹੈ, ਇਹ ਕਫ ਬਾਤ ਤੇ ਹੁੰਦਾ ਹੈ ॥ ੨੬੫ ॥

ਜਿਸ ਵਿਚ ਖਾਜ, ਲਾਲ ਫਿਨਸੀਆਂ, ਲਾਲ ਲਾਲ ਮੰਡਲ ਹੋਣ, ਓਹ 'ਦਦਰੂ ਕੁਸ਼ਟ ਕਿਹਾ ਜਾਂਦਾ ਹੈ।

ਛੋਟੀਆਂ ਛੋਟੀਆਂ ਫੁਨਸੀਆਂ, ਉਨ੍ਹਾਂ ਵਿਚੋਂ ਬਹੁਤਾ ਸ੍ਰਾਵ ਤੇ ਦਾਹ ਹੋਵੇ, ਇਸਨੂੰ 'ਪਾਮ' ਕੁਸ਼ਟ ਕਿਹਾ ਜਾਂਦਾ ਹੈ; ਇਸ ਵਿਖੇ ਖੁਰਕ ਬਹੁਤ ਹੁੰਦੀ ਹੈ ॥ ੨੬੬ ॥

ਪਿੜਕਾਂ (ਫਿਨਸੀਆਂ) ਦਾਹ ਸੰਯਕਤ ਹਥਾਂ ਪੈਰਾਂ ਵਿਚ ਹੋਣ ਓਹ ਕੱਛੂ ਦੀ ਪਿਠ ਦੇ ਸਮਾਨ ਅਕਾਰ ਵਾਲੀਆਂ ਹੋਣ ਸੋ 'ਕਛਪ' ਕੁਸ਼ਟ ਹੈ । ਇਨ੍ਹਾਂ ਲੱਛਣਾਂ ਵਾਲਾ ਹੀ ਵਿਸਫੋਟ ਕੁਸ਼ਟ ਹੁੰਦਾ ਹੈ ॥ ੨੬੭ ॥

ਲਾਲ ਸੂਲ ਅਰ ਖੁਰਕ ਯੁਕਤ ਚਰਮ ਫਟਕੇ ਤੇੜਾਂ ਹੋਣ, ਓਹ 'ਚਰਮ ਦਲ' ਨਾਮ ਕੁਸ਼ਟ ਹੁੰਦਾ ਹੈ। (ਦੱਦਰੂ, ਪਾਮਾਂ, ਵਿਸਫੋਟ ਤੇ ਚਰਮ ਦਲ) ਇਹ ਚਾਰੇ ਕੁਸ਼ਟ ਕਫ ਪਿਤ ਦੇ ਹੁੰਦੇ ਹਨ ॥ ੨੬੮ ॥

ਪਸੀਨੇ ਬਿਨਾ, ਮੱਛੀ ਦੇ ਪਰ ਸਮਾਨ ਖੋਰੜਾ ਉਸ ਨੂੰ 'ਚਰਮ' ਕੁਸ਼ਟ ਆਖਦੇ ਹਨ।

ਰੱਤਕ ਸਮਾਨ ਅਰਥਾਤ ਵਿਚੋਂ ਕਾਲਾ ਅੰਦਰੋਂ ਲਾਲ ਸੁਭਾਵਕ ਪੱਕਦਾ ਨਹੀਂ, ਬਹੁਤ ਪੀੜਾ ਵਾਲਾ'ਕਾਕੁਨ' ਕੁਸ਼ਟ ਕਿਹਾ ਜਾਂਦਾ ਹੈ ॥ ੨੬੯ ॥

'ਚਰਮ ਕੁਸ਼ਪ' ਕਹੁਤ ਬੜਾ ਹੁੰਦਾ ਹੈ, ਇਸੀ ਤੇ ਇਸੇ ਨੂੰ 'ਗਜਚਰਮ' ਕਿਹਾ ਜਾਂਦਾ ਹੈ।

ਚਿੱਟੇ ਦਾਗਾ ਵਾਲਾ 'ਸਵੇਤ ਕਸ਼ਟ' ਹੈ। ਲਾਲ ਦਾਗਾਂ ਵਾਲਾ 'ਕਿਲਾਸ਼ ਕੁਸ਼ਟ' ਹੈ ॥ ੨੭੦ ॥

ਕਾਲੀ, ਲਾਲਰੰਗਤ, ਪਤਲੀ ਜੇਹੀ, ਬਹੁਤੀਆਂ ਫਿਨਸੀਆਂ ਹੋਣ, ਦਾਹ ਸਮੇਤ ਬ੍ਰਿਣ ਬਹੁਤ ਹੋਣ, ਉਹ 'ਸ਼ਤਾਰੁਖੀ' ਕੁਸ਼ਟ ਕਿਹਾ ਜਾਂਦਾ ਹੈ ॥ ੨੭੧ ॥

ਹੋਰ ਲੂਤਾਂ ਦੀਆਂ ਅਨੇਕਾਂ ਜ਼ਾਤਾਂ ਹਨ, ਕਿਥੋਂ ਤਕ ਗਿਣੀਏ । ਇਹ ਸਭ ਕੋੜ੍ਹ ਦੀਆਂ ਜਾਤਾਂ ਹਨ। ਗ੍ਰੰਥ ਵਧ ਜਾਣ ਤੇ ਨਹੀਂ ਕਹੀਆਂ। ਇਹ ਸੰਛੇਪਤੇਜਾਨਨੇ ਮਾਤ੍ਰ ਕੁਛ ਬਾਤ ਲਿਖੀ ਹੈ ਕਿ ਗ੍ਰੰਥ ਨਾਂ ਵਧੇ ॥ ੨੭੨ ॥ ੨੭੩ ॥

ਸ੍ਰਬ ਕੁਸ਼ਟ ਕੋ ਕ੍ਰਾਥ (ਅੱਤ੍ਰਾਤ)—ਚੌਪਈ

ਨਿੰਬ ਕਦੰਬ ਖਦਿਰ ਕੁੰਭਪਾਟਿਲ। ਸਿਰਸ ਕੁਟਜਕਿੰਸਕਲੈਆਗਲਿ ।
ਪੀਪਰ ਬਾਂਸਾ ਪੀਲਕ ਧਾਇ। ਉਦੰਬਰ ਸਬ ਕ੍ਰਾਥ ਕਟਾਇ ॥ ੨੭੪ ॥
ਘ੍ਰਿਤ ਸੇਤੀ ਸੋ ਪੀਵਨ ਕਰੋ। ਸਰਬ ਕੁਸ਼ਟ ਕਾ ਨਾਸ ਜੁ ਧਰੋ ।
ਇੰਦਸਮਾਨ ਹੋਇਤਿਹ ਰੂਪ। ਕਹਤਾ ਅਤ੍ਰਯ ਮੁਨਿਸਭ ਭੂਪ ॥ ੨੭੫ ॥

੧੬੩੯—ਨਿੰਮ ਦੀ ਛਿੱਲ, ਕਦੰਬ ਦੀ ਛਿੱਲ, ਖੈਰ ਦੀ ਛਿੱਲ, ਤ੍ਰਿਵੀ, ਗੁਲਾਬ, ਸਰੀਹ ਦੀ ਛਿੱਲ, ਕੁੜਾਸੱਕ, ਕੇਸੂ, ਮਘ, ਮਾਂਸਾ, ਮਕੋਇ, ਧਾਵ ਤੇ ਗੁੱਲਰ ਲੈ ਕੇ ਇਨ੍ਹਾਂ ਸਭਨਾਂ ਦਾ ਕਾੜ੍ਹਾ ਕਰੇ ਅਰ ਫਿਰ ਘਿਉ ਪਾਕੇ ਪੀਵੇ ਤਾਂ ਸਭ ਤਰਾਂ ਦੇ ਕੁਸ਼ਟ ਨਾਸ਼ ਕਰੇ, ਸਰੀਰ ਦੀ ਰੰਗਤ ਸੋਹਣੀ ਚੰਦਰਮਾਂ ਸਮਾਨ

Digitized by Panjab Digital Library | www.panjabdigilib.org

ਹੋਵੇ ॥ ੨੭੪ ॥ ੨੭੫ ॥

(ਰਸਰਤਨਾਕਰਾਤ)--ਦੋਹਰਾ

ਪਾਰਦ ਹੀਰਾ ਗਗਨ ਲੈ ਸੋਨਾ ਭਸਮ ਜੁ ਚਾਰ ।
ਸਭ ਸਮਾਨ ਹਰਤਾਲ ਸੁਧ ਦੀਜੈ ਖਰਲਹਿ ਡਾਰ ॥ ੨੭੬ ॥

ਸਿੱਗੁ ਧੂਰਤ ਅਰਕ ਸੁਨਹੀ ਇਨ ਰਸ ਸੋ ਖਰਲਾਇ ।
ਇਕੰ ਦਿਨ ਦਿਨ ਇਕ ਏਕਹੀ ਭਾਵਨ ਨਿਤ ਦਾਇ ॥ ੨੭੭ ॥

ਤੇਲੁ ਵਾਕੁਚੀ ਸੰਗਹੀ ਗੂੰਜਾ ਏਕ ਸੁ ਖਾਇ ।
ਸਰਬ ਕੁਸ਼ਟ ਕਾ ਨਾਸ ਹੁਇ ਰਸਰਤਨਾਕਰ ਭਾਇ ॥ ੨੭੮ ॥

੧੬੪੦—ਪਾਰਾ, ਹੀਰਾ, ਅਭ੍ਰਕ ਤੇ ਸੋਨਾ ਚਾਰੇ ਮਾਰੇ ਹੋਏ ਸਭਨਾਂ ਦੇ ਬਰਾਬਰ ਦੀ ਹੜਤਾਲ ਸੁੱਧ ਲੈ ਕੇ ਖਰਲ ਵਿੱਚ ਪਾਕੇ, ਸੁਹਾਂਵਣੇ ਤੇ ਧਤੂਰੇ ਦੇ ਰਸ ਅਰ ਅੱਕ ਅਤੇ ਥੋਹਰਦੇ ਦੁੱਧ ਵਿੱਚ ਇਕ ਇਕ ਦਿਨ ਘੋਟਕੇ ਭਾਵਨਾ ਨਿੱਤ ਨਿੱਤ ਦਿੰਦਾ ਜਾਵੇ । ਫਿਰ ਜਦ ਤਿਆਰ ਹੋ ਜਾਵੇ ਤਾਂ †ਬਾਵਚੀ ਦੇ ਤੇਲ ਨਾਲ ੧ ਰੱਤੀ ਖੁਆਵੇ, ਤਾਂ ਸਭਤਰਾਂ ਦੇ ਕੁਸ਼ਟ ਨਾਸ਼ ਕਰੇ ॥ ੨੭੬ ਤੋਂ ੧੭੮ ॥

ਨਿਰਗੁੰਡੀ ਜੜ ਵਾਕਚੀ ਮੁਸਲੀ ਪੀਸ ਛਨਾਇ ।
ਘ੍ਰਿਤ ਮਧੁ ਸੋ ਇਕ ਕਰਖ ਚਟ ਸਰਬ ਕੁਸ਼ਟ ਮਿਟ ਜਾਇ ॥ ੨੭੯ ॥

੧੬੪੧—ਸੰਭਾਲੂ ਦੀ ਜੜ੍ਹ, ਬਾਵਚੀਤ ਮੂਸਲੀ ਪੀਹ ਕੇ ਛਾਣ ਲਵੇ, ਘੇਉ ਸ਼ਹਿਤ ਨਾਲ ੧ ਤੋਲਾ ਨਿੱਤ ਚਟੇ ਤਾ ਸਭ ਤਰਾਂ ਦੇ ਕੁਸ਼ਟ ਨਾਸ਼ ਕਰ ॥ ੨੭੯ ॥

ਮਹਾਤਾਲੇਸ੍ਵਰੋ ਰਸ (ਰਸਰਤਨਾਕਰਾਤ)--ਦੋਹਰਾ

ਤਾਲ ਤਾਪਜ ਮਨਸਿਲ ਹਰਜ ਸੇਂਧਵ ਟੰਕਣ ਖਾਰ ।
ਇਕ ਤੇ ਦੂਨਾ ਗੰਧਕੰ ਦੇਵੇ ਖਰਲਹਿ ਡਾਰ ॥ ੨੮੦ ॥

ਗੰਧਕ ਸਮ ਤਾਂਬਰ ਮਿਰਤ ਜੰਭੀਰੀ ਰਸ ਪਾਇ ।
ਅਗਨਿ ਸਾਤ ਪੁਟ ਸਾਤ ਰਸ ਦੇ ਚਪਮੀ ਮੈ ਧ੍ਯਾਇ ॥ ੨੮੧ ॥

ਲਘੁਪੁਟ ਦੀਜੀ ਭਸਮ ਕਰ ਸੀਤਲ ਕਰੀ ਪਿਸਾਇ ।
ਭਸਮ ਸਾਰ ਪਲ ਚਾਰ ਦੇ ਤੰਬੇਸ੍ਵਰ ਪਲ ਦ੍ਵੈ ਦਾਇ ॥੨੮੨॥

---

†ਬਾਬਚੀ ਦਾ ਤੇਲ ਪਾਤਾਲ ਯੰਤ੍ਰ ਦੁਆਰਾ ਕੱਢ ਲਵੇ, ਬਾਜ਼ਾਰੋਂ ਨਹੀਂ ਮਿਲਦਾ ।

Digitized by Panjab Digital Library | www.panjabdigilib.org

ਮਰਦ ਜੰਭੀਰੀ ਤੋਇ ਸੰਗ ਏਕ ਦਿਵਸ ਚਿਤ ਲਾਇ।
ਲਘੁਪੁਟ ਦੀਜੈ ਪੀਸੀਏ ਆਛੀ ਖਰਲ ਪਵਾਇ ॥੨੯੩॥
ਭਾਗ ਤੀਸ ਸਮ ਤਾਸਤੇ ਸੁੱਧ ਬਿਖ ਦੇਹੁ ਪਿਸਾਇ।
ਸਭੀ ਪੀਸ ਭਿਲ ਬੀਲ ਮਹਿ ਦੋ ਮਾਸੇ ਨਿਤ ਖਾਇ ॥੨੯੪॥
ਮਹਿਖਾ ਜਜੋਨ ਮਿਲਾਇ ਭਖੁ ਵਾ ਵਾਕੁਚਿ ਮਧੁ ਸੰਗਿ।
ਏ ਤਾਂਬੇਸੁਰ ਰਸੁ ਭਖੋ ਸਰਬ ਕੁਸ਼ਟ ਕੇ ਭੰਗ ॥੨੯੫॥

੧੬੪੨–ਹਰਤਾਲਵਕਰੀ, ਸੋਨਾਮਖੀ, ਮਨਸਿਲ, ਪਾਰਾ, ਸੇਂਧਾ ਨਿਮਕ ਤੇ ਖਿੱਲ ਕੀਤਾ ਸੁਹਾਗਾ, ਇਹ ਸਭ ਇਕ ਇੱਕ ਭਾਗ। ਗੰਧਕ ਇਕ ਬਸੇਤੂ ਨਾਲੋਂ ੨ ਭਾਗ। ਗੰਧਕ ਸਮਾਨ ਤਾਂਮੇਂ ਦੀ ਭਸਮ, ਫਿਰ ਸਭਨਾਂ ਨੂੰ ਗਲ ਗਲ ਦੇ ਰਸ ਵਿਚ ੧ ਦਿਨ ਖਰਲ ਕਰੇ, ਅਰ ਫਿਰ ਚਪਨੀ ਅਰਥਾਤ ਪਿਆਲੀਆਂ ਵਿੱਚ ਬੰਦ ਕਰਕੇ ੦ਲਘੁਪੁਠ ਦੀ ਅੱਗ ਦੇਵੇ। ਇਸੀ ਤਰਾਂ ਗਲਗਲ ਦੇ ਰਸ ਵਿੱਚ ਘੋਟ ਘੋਟਕੇ ੭ ਪੁੱਠਾਂ ਸੱਤਾਂ ਦਿਨਾਂ ਵਿੱਚ ਦੇ ਕੇ ਫਿਰ ਸਰਦ ਹੋਣ ਪੁਰ ਪੀਹ ਲਵੇ। ਇਸ ੧੬ ਤੋਲੇ ਮ੍ਰਿਤ ਲੋਹਾ ੮ ਤੋਲੇ ਮ੍ਰਿਤ ਤਾਂਬਾਂ ਪਿੱਛਾਂ ਪਾਕੇ ਫਿਰ ਗਲ ਗਲ ਦੇ ਰਸ ਵਿਚ ਇਕ ਦਿਨ ਘੋਟੇ। ਫਿਰ ਲਘੁਪੁੱਠ ਦੇ ਕੇ ਖਰਲ ਕਰ ਲਵੇ, ਅਰ ਇਸ ਨਾਲੋਂ ਤੀਹਵਾਂ ਹਿੱਸਾ ਸੁੱਧ ਮਿੱਠਾ ਤੇਲੀਆ ਪੀਹਕੇ ਪਾਏ, ਫਿਰ ਦੋਹਾਂ ਨੂੰ ਮਿਲਾਕੇ ਖਰਲ ਕਰਕੇ ਬਿੱਲ ਵਿੱਚ ਪਾ ਰੱਖੇ। ਫਿਰ ਇਸ ਵਿਚੋਂ ੨ ਮਾਸੇ ਨਿੱਤ ਮਹੀਂ ਦੇ ਮੱਖਣ ਵਿੱਚ ਮਿਲਾਇਕੇ ਚੱਟੇ, ਯਾਂ ਬਾਵਚੀ ਅਰ ਸ਼ਹਿਤ ਨਾਲਚੱਟੇ ਤਾਂ ਇਹ ਮਹਾਤਾਲੇਸੁਰ ਰਸ ਸਭ ਤਰ੍ਹਾਂ ਦੇ ਕੁਸ਼ਟਾਂ ਨੂੰ ਨਾਸ਼ ਕਰੇ॥ ੨੯੦ ਤਾਂ ੨੯੫॥

ਅਥ ਕੁਸ਼ਟ ਕੁਠਾਰ ਰਸ–ਦੋਹਰਾ

ਭਸਮ ਹਿਰਜ ਗੰਧਕ ਜੁ ਅਯ ਮ੍ਰਿਤਤਾਂਬਰ ਪੁਰ ਡਾਰ।
ਤ੍ਰਿਫਲ ਮੁਸਟ ਬਿਖ ਚਿਤ੍ਰਕਾ ਸਿਲਾਜੀਤ ਸੁਭ ਧਾਰ ॥੨੯੬॥
ਖੋੜਸ ਖੋੜਸ ਟੰਕ ਸਬ ਪੀਸੀ ਚੂਰਨ ਕੀਜ।
ਚੌਸਠ ਟੰਕ ਜੁ ਪਾਈਏ ਗਰੀ ਕਰੰਜੂ ਬੀਜ॥੨੯੭॥
ਟੰਕ ਚੌਸਠਹਿ ਗਗਨ ਮ੍ਰਿਤ ਸਰਬ ਪੀਸ ਇਕ ਥਾਨ।
ਮਧੁ ਘ੍ਰਿਤ ਮੈ ਚਟਨੀ ਕਰੋ ਸਨਿਗਧ ਪਾਤ੍ਰ ਮਹਿ ਠਾਨ ॥੨੯੮॥
ਟੰਕ ਦੋਇ ਨਿਤ ਖਾਵਹੋ ਸਰਬ ਕੁਸ਼ਟ ਹੁਇ ਨਾਸ।
ਪਥ ਰਾਖਜੈ ਜਗਤ ਲੈ ਜਸ ਸੋਭਾ ਗੁਨ ਰਾਸ ॥੨੯੯॥

੦ਲਘੁਪੁੱਠ, ਯਾ ਲਾਵਕ ਪੁਠ ਓਹ ਕਹੀ ਜਾਂਦੀ ਹੈ, ਜਿਸਦੇ ਸੰਪੁਟ ਉਪਰ ਤੋਹਾਂ ਦੀ ਅੱਗ ਦਿੱਤੀ ਜਾਵੇ।

Digitized by Panjab Digital Library | www.panjabdigilib.org

੧੬੪੩-ਪਾਰੇ ਦੀ ਭਸਮ ਅਰਥਾਤ ਰਸਸੰਧੂਰ, ਮ੍ਰਿਤਲੋਹਾ, ਮ੍ਰਿਤ ਤਾਂਬਾ, ਗੁੱਗਲ, ਤ੍ਰਿਫਲਾਂ (ਹਰੜ, ਬਹੇੜਾ ਆਵਲੇ) ਵਕਾਇਣ, ਚਿਤ੍ਰਾ ਤੇ ਸਿਲਾਜੀਤ। ਇਹ ਸਭ ਸੋਲਾਂ ਸੋਲਾਂ ਟੰਕ ਲੇਵੇ, ਪੀਹਕੇ ਚੂਰਣ ਕਰਕੇ ੬੪ ਟੰਕ ਮੀਚਕੇ ਦੀ ਗਿਰੀ ਪਾਵੇ। ਇਤਨਾ ਹੀ ਭਾਵ ੬੪ ਟੰਕ ਹੀ ਮ੍ਰਿਤ ਅਭ੍ਰਕ ਪਾਕੇ, ਫਿਰ ਸਭਨਾਂ ਨੂੰ ਇਕ ਥਾਂ ਪੀਹ ਲਵੇ। ਸ਼ਹਿਤ ਘੇਉ ਪਾਕੇ ਚਟਣੀ ਕਰਕੇ ਥਿੰਧੇ ਭਾਂਡੇ ਵਿੱਚ ਪਾ ਰੱਖੇ । ਉਸ ਵਿਚੋਂ ੨ ਟੰਕ ਖਾਵੇ ਤਾਂ ਸਭ ਪ੍ਰਕਾਰ ਦੇ ਕੁਸ਼ਟ ਨਾਸ਼ ਕਰੇ, ਪਰੰਤੂ ਪੱਥ ਜੰਗੀਤਰਾਂ ਰੱਖੇ ।।੨੮੬ਤੋਂ੨੮੯।।

ਸ੍ਵੇਤ ਕੁਸ਼ਟ ਉਪਾਇ-ਦੋਹਰਾ

ਮਨਸਿਲ ਬਾਗਾ ਭਸਮ ਜਲ ਲੇਪਨ ਸਤ ਮਿਟਾਇ।
ਆਰਨਾਲ ਸੋ ਚੋਕ ਲਿਪੁ ਸ੍ਵੇਤ ਦਾਗੁ ਨਸ ਜਾਇ॥ ੨੯੦॥

੧੬੪੪—ਮਨਸਿਲ, ਪੁਟਕੰਡੇ ਦੀ ਭਸਮ, ਜਲ ਨਾਲ ਲੇਪੇ ਤਾਂ ਸਫੈਦ ਕੁਸ਼ਟ ਨਾਸ਼ ਹੋਵੇ। ਯਾ:—
੧੬੪੫—ਕਾਂਜੀ ਨਾਲ ਚੋਕ ਦਾ ਲੇਪ ਕਰੇ ਤਾਂ ਸਫੈਦ ਕੁਸ਼ਟ ਨਾਸ਼ ਹੋਵੇ ॥ ੨੯੦॥

ਚਿਤ੍ਰਕ ਗੁੰਜਾ ਤੇਲ ਸੰਗ ਲੇਪੋ ਦਿਨ ਇਕਬੀਸ।
ਸ੍ਵੇਤ ਕੁਸ਼ਟ ਕਾ ਨਾਸ ਹੁਇ ਜੇ ਕਿਰਪਾ ਜਗਦੀਸ॥ ੨੯੧॥

੧੬੪੬-ਚਿਤ੍ਰਾ ਤੇ ਰਤਕਾਂ, ਤੇਲ ਨਾਲ ੨੧ ਦਿਨ ਲੇਪੇ ਤਾਂ ਚਿੱਟੇ ਦਾਗ ਨਾਸ ਕਰੇ ॥ ੨੯੧॥

ਕੁਠ ਬਚ ਚਿਤ੍ਰਾ ਨਿੰਬ ਗੁੰਜ ਕਾਜੀ ਲੇਪ ਲਗਾਇ।
ਸ੍ਵੇਤ ਕੁਸ਼ਟ ਕਾ ਨਾਸ ਹੁਇ ਮੇਘੈ ਦਈ ਬਤਾਇ॥ ੨੯੨॥

੧੬੪੭- ਕੌੜੀਕੁੱਠ, ਵਾਚ, ਚਿਤ੍ਰਾ, ਨਿੰਮ ਦੇ ਪੱਤਰ ਤੇ ਰੱਤਕਾਂ, ਇਨ੍ਹਾਂ ਦਾ ਕਾਂਜੀ ਨਾਲ ਲੇਪ ਕਰੇ ਤਾਂ ਸਵੇਤ ਕੁਸ਼ਟ ਨਾਸ਼ ਹੋਵੇ॥ ੨੯੨॥

ਵਾਗਾ ਭਸਮ ਜੁ ਵਾਕੁਚੀ ਮਨਸਿਲ ਕਾਂਜੀ ਸੰਗ।
ਲੇਪ ਕਰੋ ਆਛੀ ਬਿਧਹਿ ਸ੍ਵੇਤ ਕੁਸ਼ਟ ਕਾ ਭੰਗ॥ ੨੯੩॥

੧੬੪੮—ਪੁਟਕੰਡੇ ਦੀ ਭਸਮ, ਬਾਵਚੀ, ਤੇ ਮਨਸਿਲ ਕਾਂਜੀ ਨਾਲ ਲੇਪ ਲਗਾਵੇ ਤਾਂ ਸਵੇਤ ਕੁਸ਼ਟ ਦਾ ਨਾਸ਼ ਕਰੇ॥ ੨੯੩॥

ਚੌਪਈ

ਮਨਸਿਲ ਭਸਮ ਔ ਵਾਂਗਾ ਪਾਇ। ਲੇਪ ਆਮਰੇ ਰਸ ਸੋ ਲਾਇ।
ਸ੍ਵੇਤ ਗੁੰਜ ਵਾ ਲੇਪਤ ਹਰੈ। ਸ੍ਵੇਤ ਦਾਗ ਕਾ ਨਾਸ ਜੁ ਕਰੈ॥ ੨੯੪॥

੧੬੪੯—ਮਨਸਿਲ, ਪੁਟਕੰਡੇ ਦੀ ਭਸਮ, ਆਵਲਿਆ ਦੇ ਰਸ ਨਾਲ ਲੇਪ ਕਰੇ, ਯਾ:-
੧੬੫੦-ਚਿੱਟੀਆਂ ਰੱਤਕਾਂ ਆਵਲੇ ਦੇ ਜਲ ਨਾਲ ਲੇਪ ਕਰੇ ਤਾਂ ਸਵੇਤ ਕੁਸ਼ਟ ਦਾ ਨਾਸ਼ ਕਰੇ॥ ੨੯੪॥

Digitized by Panjab Digital Library | www.panjabdigilib.org

ਦੋਹਰਾ

ਗੰਧਕ ਰਸ ਜੁ ਕੁਮਾਰ ਕਾ ਜਬੋਲੋਟਾ ਪਾਇ।
ਲੇਪ ਲਗਾਵੇ ਰਗੜਕੈ ਸ੍ਵੇਤ ਦਾਗ ਮਿਟ ਜਾਇ॥ ੨੯੫॥

੧੭੫੧–ਗੰਧਕ, ਕਵਾਰ ਦਾ ਰਸ ਤੇ ਜਮਾਲ ਗੋਟੇ ਦੇ ਦਾਣੇ, ਰਗੜ ਕੇ ਲੇਪ ਕਰੇ ਤਾਂ ਸਵੇਤ ਦਾਗਾ ਦਾ ਨਾਸ਼ ਹੋਵੇ॥ ੨੯੫॥

ਭਸਮ ਵਾਕੁਚੀ ਤੁਰਸ ਦਧਿ ਲੇਪ ਕਰੋ ਦੁਇ ਮੇਲ।
ਸ੍ਵੇਤ ਦਾਗ ਮਿਟ ਜਾਤ ਹੈ ਸਰਬ ਕੁਸ਼ਟ ਕੋ ਠੇਲ॥ ੨੯੬॥

੧੬੫੨–ਬਾਵਚੀ ਸਾੜਕੇ ਸੁਆਹ ਕੀਤੀ ਹੋਈ ਖੱਟੇ ਦਹੀਂ ਨਾਲ ਲੇਪਕਰੇ ਤਾਂ ਚਿਟ ਕੁਸ਼ਟ ਦਾ ਅਰਥਾਤ ਫੁਲਬੈਹਰੀ ਦਾ ਨਾਸ਼ ਕਰੇ॥ ੨੯੬॥

ਬਿਸਫੋਟਕ ਸ੍ਵੇਤ ਦਾਗ ਉਪਾਇ (ਸਾਰੰਗਧਰਾਤ)–ਚੌਪਈ

ਨੀਲਾਪਾਤ ਗੁੰਜਾ ਕਸੀਸ। ਸਿੰਗ੍ਰਫ ਲੈ ਪੀਸ।
ਰਿਤ੍ਰਾ ਚੰਦਨ ਲੇਪ ਕਰਾਇ। ਦੋ ਸਾਤਾ ਬਿਸਫੋਟਕ ਜਾਇ॥ ੨੯੭॥

ਸ੍ਵੇਤ ਦਾਗ ਨੋ ਰਗੜੀ ਕਰੀ। ਕਾਂਜੀ ਸੇਤੀ ਲੇਪੁ ਜੁ ਧਰੀ।
ਤ੍ਰੈ ਸਾਤਾਲੌਲੇਪ ਦਿਵਾਇ। ਸ੍ਵੇਤ ਬਾਗ ਇਸਬਿਧਿ ਮਿਟਿ ਜਾਇ॥੨੯੮॥

੧੬੫੩–ਵਸਮਾ, ਰੱਤਕਾਂ, ਕਸੀਸ, ਧਤੂਰਾ, ਸਿੰਗ੍ਰਫ, ਚਿਤ੍ਰਾ ਤੇ ਚੰਦਨ ਲੈ ਕੇ ਦੋ ਸਾਤੇ ਭਾਵ ੧੪ ਦਿਨ ਲੇਪ ਕਰੇ ਤਾਂ ਬਿਸਫੋਟਕ ਜਾਵੇ॥ ੨੯੭॥

ਅਰ ਚਿਟੇ ਦਾਗਾਂ ਨੂੰ ਰਗੜਕੇ ਏਹ ਕਾਜੀ ਨਾਲ ੩ ਸਾਤੇ ਲੇਪ ਕਰੇ ਤਾਂ ਸਵੇਤ ਦਾਗ ਸਭ ਪ੍ਰਕਾਰ ਦੇ ਨਾਸ਼ ਕਰੇ॥ ੨੯੮॥

ਰਾਮ ਸੇਨ ਘਨ ਕੜੂ ਪਟੋਲ। ਨਿੰਬ ਪਾਤ ਤ੍ਰਿਫਲਾ ਖਸ ਘੋਲ।
ਬਾਂਸਾ ਯਸਟੀ ਪਰਪਟ ਲੇਪ। ਘ੍ਰਿਤ ਸੋ ਬਿਸਫੋਟੀ ਸੰਖੇਪ॥੨੯੯॥

੧੬੫੪–ਚਿਰੈਤਾ, ਮੋਥਾ, ਕੌੜ, ਪਟੋਲ, ਨਿੰਮ ਦੇ ਪੱਤ੍ਰ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਖੱਸ, ਮੁਲੱਠੀ ਤੇ ਪਾਪੜਾ, ਘੇਉ ਨਾਲ ਲੇਪ ਕਰੇ ਤਾਂ ਵਿਸਫੋਟ ਰਗ ਨਾਸ਼ ਹੋਵੇ॥ ੨੯੯॥

ਦੋਹਰਾ--

ਕਣਾ ਕਣਾ ਗਜ ਮਿਰਚ ਲੈ ਜਾਤ ਪੱਤ੍ਰ ਬ੍ਰਹਮਦੰਡ।
ਤੰਦੁਲ ਜਲ ਲੇਪਨ ਕਰੇ ਬਿਸਫੋਟਕ ਦੁਖ ਖੰਡ॥੩੦੦॥

੧੬੫੫–ਮਘ ਛੋਟੀ, ਮਘ ਲੰਬੀ, ਮ੍ਰਿਚ, ਚਬੇਲੀ ਦੇ ਪਤਰ ਤੇ ਬ੍ਰਹਮਡੰਡੀ, ਚੌਲਾਂ ਦੇ ਪਾਣੀ ਨਾਲ ਲੇਪ ਕਰੇ ਤਾਂ ਵਿਸਫੋਟ ਨਾਸ਼ ਹੋਵੇ॥ ੩੦੦॥

Digitized by Panjab Digital Library | www.panjabdigilib.org

ਨੀਲਕੰਠ ਕੁਠਿ ਨਿਰਬਸੀ ਕੁੜਾਬੀਜ ਜਲ ਸੰਗ।
ਪ੍ਰਾਤ ਉਠਿਨੈ ਪੀਜੀਏ ਬਿਸਫੋਟਕ ਦੁਖ ਭੰਗ ॥੩੦੧॥

੧੬੫੬-ਨੀਲਕੰਠੀ ਬੂਟੀ, ਕੁੱਠ, ਨਿਰਬਸੀ ਤੇ ਇੰਦ੍ਰਜੌਂ ਚੂਰਣ ਕਰਕੇ ਪ੍ਰਾਤਾਕਾਲ ਜਲ ਨਾਲ ਖਾਵੇ ਤਾਂ ਵਿਸਫੋਟਕ ਰੋਗ ਨਾਸ਼ ॥ ੩੦੧ ॥

ਦਸਾਂਗ ਲੇਪ, ਸਰਬ ਕੁਸ਼ਟ ਉਪਾਇ-ਦੋਹਰਾ

ਚੰਦਨ ਘਨ ਏਲਾ ਤਗਰ ਮੁਹਲੇਠੀ ਨਿਸ ਦੋਇ।
ਸਿਰਸ ਤੁਚਾ ਛੜ ਕੁਠ ਭਨਿ ਚੂਰਨ ਪੀਸ ਕਰੋਇ ॥੩੦੨॥
ਘ੍ਰਿਤ ਸੋ ਮਥਿ ਲੇਪਨ ਕਰੋ ਖੁਰਕ ਬਿਸਰਪ ਬ੍ਰਿਣ ਜਾਇ।
ਦਸ ਜੁ ਅੰਗ ਏ ਲੇਪ ਹੈ ਉਤਨ ਦਿਯੋ ਬਤਾਇ ॥੩੦੩॥

੧੬੫੭-ਚੰਦਨ, ਮੋਥਾ, ਇਲਾਇਚੀ, ਤਗਰ, ਮੁਲੱਠੀ, ਦੋਨੋਂ ਹਲਧੀਆਂ, ਸਰੀਂਹ ਦੀ ਛਿੱਲ, ਛੜ ਤੇ ਕੁਠ ਲੈ ਕੇ, ਪੀਹਕੇ ਚੂਰਣ ਕਰ ਲਵੇ। ਫਿਰ ਘਿਉ ਵਿਚ ਘਿਸਾਕੇ ਲਗਾਵੇ ਤਾਂ ਖੁਰਕ, ਬਿਸਰਪ ਅਰ ਬਿਣ ਕੁਸ਼ਟ ਦੇ ਸਭੋ ਨਾਸ਼ ਕਰੇ ॥ ੩੦੨ ॥ ੩੦੩ ॥

ਉਤਪਲ ਚੰਦਨ ਰਾਸਨਾ ਮੁਹਲੇਠੀ ਸੁਰਦਾਰ।
ਪੀਸੀ ਘ੍ਰਿਤ ਸੋ ਲੇਪ ਕਰਿ ਕੁਸ਼ਟ ਬਿਸਰਪ ਬਿਡਾਰ ॥੩੦੪॥

੧੬੫੮-ਕਮਲ, ਚੰਦਨ, ਰਾਸਨਾ, ਮੁਲੱਠੀ, ਅਰ ਦੇਵਦਾਰ ਪੀਹਕੇ ਘਿਉ ਨਾਲ ਲੇਪ ਕਰੇ ਤਾਂ ਕੁਸ਼ਟ ਤੇ ਬਿਸਰਪ ਨਾਸ਼ ਕਰੇ ॥ ੩੦੪ ॥

ਦਦਰੁ ਕੁਸ਼ਟ ਉਪਾਇ-ਦੋਹਰਾ

ਸੇਂਧਾ ਸਿਵਾ ਪਵਾੜ ਲੈ ਨਿਗੰਧ ਬਾਵਰੀ ਦੂਬ ॥
ਕਾਂਜੀ ਸੇਤੀ ਲੇਪ ਕਰ ਮਿਟਤ ਦਦ੍ਰੂ ਤਨ ਖੂਬ ॥੩੦੫॥

੧੬੫੯-ਸੇਂਧਾਨਿਮਕ, ਹਰੜ, ਏਲੋਂ, †ਨਿਗੰਧਬਾਵਰੀ ਤੇ ਖੱਬਲ ਕਾਂਜੀ ਨਾਲ ਲੇਪ ਕਰੇ ਤਾਂ ਸਰੀਰ ਦੀ ਦਦ ਨਾਸ ਹੋਵੇ ॥ ੩੦੫ ॥

ਦੂਬ ਹਰੜ ਸੇਂਧਾ ਕਵਚ ਬੀਜ ਬੀਜ ਪਨਵਾਰ।
ਕਾਂਜੀ ਤਕ੍ਰਹਿ ਲੇਪ ਦੱਦਰੂ ਰੋਗ ਸੁ ਡਾਰ ॥੩੦੬॥

---

†ਨਿਗੰਧ ਬਾਵਰੀ ਦੇ ਥਾਂ ਕਿਤੇ 'ਨਿਗੰਧ ਦਾਵਰੀ, ਬੀ ਅਸ਼ੁੱਧ ਪਾਠ ਹੈ, ਸੋ ਲਿਖਾਰੀਆਂ ਦੀ ਭੁੱਲ ਹੈ, ਏਥੇ ਅਸ਼ੁੱਧ ਪਦ ਦਾ ਕਈ ਅਣਜਾਣ 'ਨਿਆਜਬੋ, ਅਰਥਾਤ ਬਣ ਤੁਲਸੀ ਅਰਥ ਕਰਦੇ ਹਨ, ਸੋ ਬੀ ਅਯੁਕਤ ਹੈ। ਬਣ ਤੁਲਸੀ ਦੇ ਬੀਜਾਂ ਨੂੰ ਯੂਨਾਨੀ 'ਫਰੰਜਮੁਸ਼ਕ, ਬੋਲਦੇ ਹਨ।

Digitized by Panjab Digital Library | www.panjabdigilib.org

੧੬੬੦-ਖੱਬਲ,ਹਰੜ, ਸੇਂਧਾਲੂਣ, ਕੌਂਚ ਬੀਜ ਤੇ ਏਲੋਂ ਦੇ ਬੀਜ, ਕਾਂਜੀ ਯਾ ਲੱਸੀ ਨਾਲ ਲੇਪ ਕਰੇ ਤਾਂ ਦਦ੍ਰ ਰੋਗ ਨੂੰ ਨਾਸ਼ ਕਰੇ ॥ ੩੦੬ ॥

ਘਸੀ ਦਾਦ ਤਿਸ ਲਾਈਏ ਨਵਸਦਾਰ ਸੰਗ ਨੀਰ।
ਤੀਨ ਦਿਵਸ ਵਾ ਸਾਤ ਦਿਨ ਜਾਤ ਦਦ੍ਰ ਕੀ ਪੀਰ॥੩੦੭॥

੧੬੬੧-ਦਾਦ ਘਿਸਾਕੇ ਉਸ ਉਤੇ ਨੌਸ਼ਾਦਰ ਜਲ ਨਾਲ ਪੀਹਕੇ ਲੇਪ ੩ ਦਿਨ ਯਾ ੭ ਦਿਨ ਲਗਾਵੇ ਤਾਂ ਦਦ੍ਰ ਨਾਸ਼ ਹੋਵੇ॥ ੩੦੭ ॥

ਸੁੰਠ ਸੁਹਾਗਾ ਫੇਨ ਅਹਿ ਨਵਸਦਾਰ ਜਲ ਸੰਗ।
ਸਰਬ ਦਦ੍ਰ ਕਾ ਨਾਸ ਹੁਇ ਤਨ ਸੁੰਦਰ ਹੁਇ ਰੰਗ॥੩੦੮॥

੧੬੬੨-ਸੁੰਢ, ਸੁਹਾਗਾ, ਅਫੀਮ ਤੇ ਨੌਸ਼ਾਦਰ ਜਲ ਨਾਲ ਲੇਪ ਕਰੇ ਤਾਂ ਸਭ ਪ੍ਰਕਾਰ ਦੀ ਦਦਰੂ ਨਾਸ ਹੋਵੇ ॥੩੦੮॥

ਕੱਛ ਦਾਦ ਕੋ-ਦੋਹਰਾ

ਕਸੌਂਦੀ ਜੜ ਆਮਰੇ ਸੁੰਠੀ ਤੰਦੁਲ ਆਨ।
ਲੇਪ ਨੀਰ ਨਵ ਦਿਨ ਕਰੋ ਕਾਛ ਦਾਦ ਸਭ ਹਾਨ ॥੩੦੯॥

੧੬੬੩-ਕਸੌਂਦੀ ਦੀ ਜੜ੍ਹ, ਆਵਲੇ, ਸੁੰਢ ਤੇ ਚੌਲ ਜਲ ਨਾਲ ੯ ਦਿਨ ਲੇਪ ਕਰੇ ਤਾਂ ਕੱਛ ਦਾਦ ਨਾਸ ਹੋਵੇ ॥੩੦੯॥

ਕਨੇਰ ਪਤ੍ਰ ਕਪਾਸਫਲ ਨਿਸੋਤ ਮਨਸਿਲਾ ਤਾਲ।
ਲੇਪੋ ਜਲ ਸੋ ਦਿਵਸ ਨਵ ਕਾਛ ਦਾਦ ਕੋ ਕਾਲ॥੩੧੦॥

ਟੰਕਣ ਕੀਕਰਪਤ੍ਰ ਲੈ ਚੰਪਾ ਫੂਲ ਮੰਗਾਇ।
ਗੋਮੂਤ੍ਰ ਲਿਪ ਨਵ ਦਿਵਸ ਕਾਛ ਦਾਦ ਸਭ ॥੩੧੧॥

੧੬੬੪-ਕਨੇਰ ਦੇ ਪਤਰੇ, ਕਪਾਹ ਦੇ ਫਲ, ਤ੍ਰਿਵੀ, ਮਨਸਿਲ ਤੇ ਹੜਤਾਲ ਵਰਕੀਆ ਜਲ ਨਾਲ ੯ ਦਿਨ ਲੇਪ ਕਰੇ ਤਾਂ ਕੱਛ ਦਾਧ ਨਾਸ਼ ਹੋਵੇ ॥੩੧੦॥

੧੬੬੫-ਸੁਹਾਗਾ, ਕਿਕ੍ਰ ਦੇ ਪੱਤਰੇ ਤੇ ਚੰਬੇ ਦੇ ਫੁਲ ਗਊਮੂਤ੍ਰ ਨਾਲ ੯ ਦਿਨ ਲੇਪ ਕਰੇ ਤਾਂ ਕਛ ਦੀ ਦਾਦ ਜਾਵੇ ॥੩੧੧॥

ਨੀਂਬ ਚਿਤ੍ਰ ਛਾਲ ਦੁਇ ਏਲਾ ਰਜਨੀ ਦੋਇ।
ਬਾਂਸੇ ਰਸ ਨਵ ਦਿਨ ਲਿਪੋ ਕਾਛ ਦਾਦ ਨਾ ਹੋਇ ॥੩੧੨॥

੧੬੬੬-ਨਿੰਮ ਦੀ ਛਿਲ, ਚਿਤਰੇ ਦੀ ਛਿਲ, ਲਾਚੀ ਤੇ ਦੋਨੋਂ ਹਲਦੀਆਂ ਬਾਂਸੇ ਦੇ ਰਸਲਾਲ ੯ ਦਿਨ ਲੇਪ ਕਰੇ ਤਾਂ ਕਛ ਦੀ ਦਦਰੂ ਜਾਵੇ ॥੩੧੨॥

Digitized by Panjab Digital Library | www.panjabdigilib.org

ਸਰਬ ਦਦ੍ਰੂ ਉਪਾਇ-ਦੋਹਰਾ

ਤੁਰਸ ਤਕ੍ਰ ਮੂਲੀ ਤੁਖਮ ਸਾੜਾ ਕਰ ਦਿਨ ਸਾਤ।
ਇਮਹੀ ਏਲੋਂ ਬੀਜਕਾ ਸਰਬ ਦਾਦ ਕੇ ਘਾਤ ॥੩੧੩॥

੧੬੬੭-ਖੱਟੀ ਲੱਸ਼ੀ ਵਿਚ ਮੂਲੀ ਦੇ ਬੀਜ ੭ ਦਿਨ ਭਾਂਡੇ ਵਿਚ ਪਾਕੇ ਰੱਖੇ. ਜਦ ਸਾੜਾ ਹੋ ਜਾਵੇ ਤਾਂ ਲਾਵੇ, ਅਰ:—

੧੬੬੮-ਖੱਟੀ ਲੱਸੀ ਵਿੱਚ ਏਲੋਂ ਦੇ ਬੀਜਾਂ ਦਾ ਸਾੜਾ ਕਰਕੇ ਏਸੇ ਤਰਾਂ ਲਾਵੇ ਤਾਂ ਸਭ ਤਰਾਂ ਦੀ ਦਦਰੂ ਨਾਸ਼ ਹੋਵੇ ॥੩੧੩।

ਪਾਮ ਕੁਸ਼ਟ ਉਪਾਇ-ਦੋਹਰਾ

ਪਾਰਦ ਗੰਧਕ ਤੁਥ ਹੀ ਟੰਕ ਟੰਕ ਏ ਤੀਨ।
ਭਾੜਤਨਾਬਾਲੂ ਗਹੇ ਇਕ ਮਿਰਸਾਹੀ ਚੀਨ ॥੩੧੪॥
ਤਾਰਾਮੀਰਾ ਤੇਲ ਲੈ ਪਾਂਚ ਜੁ ਪਲ ਸਭ ਮੇਲ।
ਸਰਬ ਪੀਸ ਘਸ ਮਸਲ ਤਨ ਧੂਪ ਬੈਠ ਕਰਿ ਕੇਲ ॥੩੧੫॥
ਗੋਬਰ ਮਹਿਖੀ ਮਰਦ ਕੈ ਸੀਤਲ ਪਾਨੀ ਨ੍ਹਾਇ।
ਮਿਟਤ ਪਾਮ ਸਭ ਕੁਸ਼ਟ ਹੀ ਸਾਤ ਦਿਵਸ ਕਰਵਾਇ ॥੩੧੬॥

੧੬੬੯-ਪਾਰਾ, ਗੰਧਕ ਤੇ ਨੀਲਾ ਥੋਥਾ ਇਹ ਤਿੰਨੇ ਟੰਕ ਟੰਕ ਅਰਥਾਤ ੪-੪ ਮਾਸੇ, ਭੱਠੀ ਦਾ ੨। ਤੋਲੇ, ਤਾਰੇ ਮੀਰੇ ਦਾ ਤੇਲ ੫ ਪਲ (੨੦ ਤੋਲੇ) ਲੈ ਕੇ ਸਭਨਾਂ ਨੂੰ ਪੀਹੇ ਅਰ ਤੇਲ ਵਿੱਚ ਮਸਲਕੇ ਧੁੱਪੇ ਬੈਠਕੇ ਸਰੀਰ ਪਰ ਮਲੇ। ਪਿਛੋਂ ਮਹੀਂ ਦਾ ਗੋਹਾ ਮਲਕੇ ਠੰਡੇ ਪਾਣੀ ਨਾਲ ਸ਼ਨਾਨ ਕਰ ਲਵੇ ਤਾਂ ਪਾਮ ਕਸ਼ਟ ਆਦਿ ਨਾਸ਼ ਕਰੇ, ਇਸਤਰਾਂ ੭ ਦਿਨ ਮਲੇ ਔਰ ਨਹਾਵੇ ।੩੧੪ ਤੋਂ ੩੧੬॥

(ਵੈਦ ਜੀਵਨਾਤ)-ਦੋਹਰਾ

ਰਸਵਤ ਮਨਸਿਲ ਪਾਰਦੰ ਜੁਗ ਜੀਰਾ ਨਿਸ ਦੋਇ।
ਸੰਧੂਰ ਆਜਜ ਗੋ ਲੇਪ ਕਰ ਪਾਂਮ ਖਾਜ ਨਹਿ ਹੋਇ ॥੩੧੭॥

੧੬੭੦-ਰਸੌਂਤ, ਮਨਸਿਲ, ਪਾਰਾ, ਦੋਨੋਂ ਜੀਰੇ, ਦੋਨੋਂ ਹਲਧੀਆਂ ਤੇ ਸੰਧੂਰ ਗੋਕੇ ਘਿਓ ਨਾਲ ਲੇਪੇ ਤਾਂ ਪਾਮ ਅਰ ਖੁਰਕਨਾਸ ਹੋਵੇ ॥੩੧੭॥

ਕੁਸ਼ਟ ਦੂਬ ਸੇਂਧਵ ਹਰੜ ਬੀਜ ਪਮਾੜ ਪਿਸਾਇ।
ਦਧਿ ਕਾਂਜੀ ਦਿਨ ਤੀਨ ਲਿਪ ਪਾਂਮ ਰੋਗ ਸਬ ਜਾਇ ॥੩੧੮॥

੧੬੭੧-ਕੁਠ, ਖੱਬਲ, ਸੇਂਧਾਲੂਣ, ਹਰੜ, ਪਨਵਾੜ ਬੀਜ (ਏਲੋਂ ਦੇ ਦਾਣੇ) ਪੀਹਕੇ ਦਹੀਂ ਯਾਂ ਕਾਂਜੀ ਨਾਲ ੩ ਦਿਨ ਲਗਾਵੇ ਤਾਂ ਪਾਮ ਨਾਸ ਹੋਵੇ ॥੩੧੮॥

Digitized by Panjab Digital Library | www.panjabdigilib.org

ਹਰੜ ਬਾਵਚੀ ਏੜਗਜ ਕਾਲਮੇਖਕਾ ਜਾਨ।
ਚੰਦਨ ਮਰਚਾਂ ਤਕ੍ਰ ਸੋ ਲੇਪੁ ਪਾਂਮ ਕੀ ਹਾਨ ॥੩੧੯॥

੧੬੭੨–ਹਰੜ, ਬਾਬਚੀ, ਏਲੋਂ, ਮਜੀਠ, ਚੰਦਨ ਤੇ ਮ੍ਰਿਚਾਂ ਲੱਸੀ ਨਾਲ ਲੇਪ ਕਰੇ ਤਾਂ ਪਾਮ ਦਾ ਨਾਸ਼ ਕਰੇ ॥੩੧੯॥

ਥਿੰਮ ਰੋਗ ਉਪਾਇ–ਸੋਰਠਾ

ਪਲੁਸੋਰਾ ਸੁਭ ਆਨ ਅਧ ਪਲ ਟੰਕਣ ਖਾਰ ਭਨਿ।
ਕਰਖ ਫਟਕੜੀ ਠਾਨਿ ਟੰਕ ਦੋਇ ਗੇਰੂ ਧਰੋ ॥੩੨੦॥
ਲੇਪੁ ਕਰੋ ਜਲ ਸੰਗ ਸਾਤ ਦਿਵਸ ਵਾ ਚਤੁਰ ਦਸ।
ਰੋਗ ਥਿੰਮ ਕੋ ਭੰਗ ਸਾਚੀ ਬਾਤ ਬਖਾਨ ਇਹ ॥੩੨੧॥

੧੬੭੩–ਸ਼ੋਰਾ ੪ ਤੋਲੇ, ਖਿਲ ਕੀਤਾ ਸੁਹਗਾ ੨ ਤੋਲੇ, ਫਟਕੜੀ ੧ ਤੋਲਾ ਤੇ ਗੇਰੂ ੮ ਮਾਸੇ, ਇਨ੍ਹਾਂ ਦਾ ਜਲ ਨਾਲ ਲੇਪ ੭ ਯਾਂ ੧੪ ਦਿਨ ਕਰੇ ਤਾਂ ਥਿੰਮ ਨਾਸ ਕਰੇ ॥੩੨੦॥੩੨੧॥

ਕਦਲੀ ਪਤ੍ਰਹਿ ਰਾਖ ਨਿਸਾ ਲੇਪੁ ਜਲ ਸੰਗ ਕਰ।
ਥਿੰਮ ਰੋਗੁ ਗਤਿ ਭਾਖ ਦਿਵਸ ਸਾਤ ਨਿਤ ਕੀਜੀਏ ॥੩੨੨॥

੧੬੭੪–ਕੇਲੇ ਦੇ ਪੱਤ੍ਰਾਂ ਦੀ ਭਸਮ ਤੇ ਹਲਧੀ ਜਲ ਨਾਲ ੭ ਦਿਨ ਲੇਪ ਰਾਤ ਨੂੰ ਕਰੇ ਤਾਂ ਥਿੰਮਾਂ ਦਾ ਨਾਸ ਕਰੇ ॥੩੨੨॥

ਦੋਹਰਾ

ਚੰਦਨ ਟੰਕਣ ਲੀਜੀਏ ਮੂਲੀ ਬੀਜ ਕਪੂਰ।
ਅਰਤਾਲਹਿ ਜੰਭੀਰ ਰਸੁ ਲੇਪ ਥਿੰਮ ਕੋ ਚੂਰ ॥੩੨੩॥

੧੬੭੫–ਚੰਦਨ, ਸੁਹਾਗਾ, ਮੂਲੀ ਦੇ ਬੀਜ, ਕਪੂਰ ਤੇ ਹੜਤਾਲ, ਗਲਗਲ ਦੇ ਰਸ ਨਾਲ ਲੇਪ ਕਰੇ ਤਾਂ ਥਿਮ ਮਿਟਾਵੇ ॥੩੨੩॥

ਨਿੰਬੂ ਰਸ ਸੌਂ ਲੇਪ ਤਨ ਗੰਧਕ ਚੰਦਨ ਆਨ।
ਸਾਤ ਦਿਵਸ ਮਹਿ ਸਾਂਤ ਹ੍ਵੈ ਥਿੰਮ ਰੋਗ ਸਬ ਹਾਨਿ ॥੩੨੪॥

੧੬੭੬–ਗੰਧਕ ਤੇ ਚੰਦਨ ਨਿੰਬੂ ਦੇ ਰਸ ਵਿੱਚ ੭ ਦਿਨ ਲੇਪ ਕਰੇ ਤਾਂ ਥਿੰਮ ਰੋਗ ਜਾਵੇ ॥੩੨੪॥

ਗਾਜਰ ਮੂਲੀ ਸਿਗ੍ਰੂ ਭੰਭੋਲਨ ਕੰਟਕਾਰਿ।
ਇਨਕੇ ਪਤ੍ਰ ਮੂਤ ੈ ਸੇ ਲੇਪ ਥਿੰਮ ਕੋ ਟਾਰ ॥੩੨੫॥

੧੬੭੭–ਗਾਜਰ ਦੇ ਪੱਤ੍ਰ, ਮੂਲੀ ਦੇ ਪੱਤ੍ਰ, ਸੁਹਾਵਣੇ ਦੇ ਪੱਤ੍ਰ, ਮਕੋ ਦੇ ਪੱਤ੍ਰ, ਤੇ ਕੰਡਜਾਰੀ ਦੇ ਪਤ੍ਰ ਲੈ ਕੇ ਮੂਤ੍ਰ ਨਾਲ ਲੇਪ ਕਰੇ ਤਾਂ ਥਿੰਮਾਂ ਦਾ ਨਾਸ ਹੋਵੇ ॥੩੨੫॥

Digitized by Panjab Digital Library | www.panjabdigilib.org

ਸ੍ਵੇਤ ਸੰਖੀਆ ਸਿਤ ਚੰਦਨ ਦਧਿ ਸੋ ਪੀਸ ਲਗਾਇ ॥
ਤੀਨ ਦਿਵਸ ਥਿੰਮ ਜਾਤ ਹੈ ਸ੍ਵੇਤ ਦਾਗ ਭੀ ਜਾਇ ॥੩੨੬॥

੧੬੭੮—ਚਿੱਟਾਸੰਖੀਆ ਤੇ ਚੰਦਨਬੂਰ ਦਹੀਂ ਨਾਲ ਪੀਹਕੇ ਲਗਾਵੇ ਤਾਂ ਤਿੰਨਾਂ ਦਿਨਾਂ ਵਿਚ ਥਿੰਮ ਨਾਸ਼ ਕਰੇ ਅਰ ਚਿੱਟੇ ਦਾਗ ਭੀ ਨਾਸ਼ ਕਰੇ ॥੩੨੬॥

ਅਥ ਚਰਮਦਲ, ਚੰਬਲ, ਗਜ ਚਰਮ ਉਪਾਇ—ਦੋਹਰਾ

ਸਿੰਧੂਰ ਜੰਗਾਲ ਪਾਰਾਗਹੋ ਟੰਕਣ ਕੁਠ ਕੰਬੀਲ ।
ਨੀਲਾਥੋਥਾ ਸਮ ਬਜਨ ਪੀਸੀ ਭਾਂਜਨ ਮੀਲ ॥੩੨੭॥
ਸਬਤੇ ਦੂਗਨਾ ਆਜ ਗੋ ਨੀਂਬ ਲਕੁਟਿ ਸੁਭ ਆਨ ।
ਪਾਇ ਕੜਾਹੀ ਰਗੜੀਏ ਦਿਵਸ ਸਾਤ ਮਨ ਠਾਨ ॥੩੨੮॥
ਚੰਮਲ ਪਰ ਗਜ ਚਰਮ ਪਰ ਦਲ ਚਰਮਹਿ ਪਰ ਲਾਇ ।
ਮਿਟਤ ਰੋਗ ਗਜ ਚਰਮ ਕਾ ਚੰਮਲ ਦੂਰ ਪਰਾਇ ॥੩੨੯॥

੧੬੭੯-ਸੰਧੂਰ, ਜੰਗਾਲ, ਪਾਰਾ, ਸੁਹਾਗਾ, ਕੁਠ, ਕਬੀਲਾ ਤੇ ਨੀਲਾ ਥੋਥਾ ਸਮਾਨ ਭਾਗ ਲੈ ਕੇ ਪੀਹ; ਭਾਂਡੇ ਵਿਚ ਪਾਕੇ ਸਭਨਾਂ ਨਾਲੋਂ ਦੂਣਾ ਗੋਕਾ ਘਿਉ ਪਾਕੇ ਨਿੰਮ ਦੀ ਲੱਕੜੀ ਨਾਲ ਕੜਾਹੀ ਵਿਚ ੭ ਦਿਨ ਰਗੜੇ । ਫਿਰ ਚੰਮਲ, ਗਜ ਚਰਮ ਅਰ ਚਰਮ ਦਲ ਪਰ ਲਗਾਵੇ ਤਾਂ ਉਕਤ ਰੋਗ ਨਾਸ਼ ਕਰੇ ॥੩੨੭ ਤੋਂ ੩੨੯॥

ਖਰੜ ਭਸਮ ਪੰਚ ਟੰਕ ਲੈ ਮਿਰਚ ਪਈਸਾ ਏਕ ।
ਪੈਸਾ ਭਰ ਕਥ ਸ੍ਵੇਤ ਹੀ ਪੀਸੀ ਭਾਂਜਨ ਟੇਕ ॥੩੩੦॥
ਨੀਲਾਥੋਥਾ ਦੀਜੀਏ ਮਾਸੇ ਸਾਤ ਪ੍ਰਮਾਨ ।
ਸਰਬ ਪੀਸ ਛਾਨੋ ਬਸਨ ਰਾਖੋ ਭਾਂਜਨ ਠਾਨ ॥੩੩੧॥
ਘਸੋ ਏਰਣੇ ਸੰਗ ਹੀ ਚੰਮਲ ਗਜ ਕਾ ਚਰਮ ।
ਨਿਕਸੈ ਲੋਹੂ ਘ੍ਰਿਤ ਮਲੋ ਗੋਕਾ ਜਾਕਾ ਮਰਮ ॥੩੩੨॥
ਊਪਰ ਚੂਰਨ ਧੂੜੀਏ ਸਾਤ ਦਿਵਸ ਲੌ ਜਾਨ ।
ਚੰਮਲ ਗਜ ਕਾ ਚਰਮ ਹੀ ਚਰਮਦਲਹਿ ਕੀ ਹਾਨ ॥੩੩੩॥

੧੬੮੦—ਤੱਪੜ ਦੀ ਸੁਆਹ ੫ ਟੰਕ, ਮਿਰਚ ੧ ਪੈਸਾ ਭਰ, ਚਿੱਟੀ ਕੱਥ ੧ ਪੈਸਾ ਭੁਰ ਤੇ ਨੀਲਾ ਥੋਥਾ ੭ ਮਾਸੇ ਸਭਨਾਂ ਨੂੰ ਪੀਹਕੇ ਕੱਪੜਛਾਣ ਕਰ ਲਵੇ ਤਾਂ ਰੱਖੇ । ਫਿਰ ਏਰਣੇ ਗੋਹੇ ਨਾਲ ਚੰਮਲ, ਗਜ ਚਰਮ ਆਦਿ ਘਿਸਾਵੇ, ਜਦ ਲੋਹੂ ਨਿਕਲ ਤੁਰੇ ਤਾਂ ਉਪਰ ਇਹ ਚੂਰਣ ਧੂੜੇ ੭ ਦਿਨ ਤੱਕ ਉਕਤ ਸਭ

Digitized by Panjab Digital Library | www.panjabdigilib.org

ਰੋਗ ਨਾਸ਼ ਕਰੇ । ਪ੍ਰੀਖਜਕ ਦਵਾਈ ਹੈ ॥੩੩੦ ਤੋਂ ੩੩੩॥

ਲੂਤ ਉਪਾਇ (ਅਤ੍ਰਾਤ)—ਚੌਪਈ

ਹਰੜ ਅੰਕੋਲ ਨਿੰਬ ਕੇ ਪਾਤ । ਗ੍ਰਹਕਾ ਧੂਮ ਜਰਣ ਸਿਤ ਘਾਤ ।
ਗੋਮੂਤ੍ਰ ਸੋ ਲੇਪੋ ਪੀਸ । ਲੂਤ ਰੋਗ ਸਭ ਜਾਵਤ ਖੀਸ ॥੩੩੪॥

੧੬੮੧—ਹਰੜ,‡ਢੇਰਾ ਬ੍ਰਿਛ ਦੇ ਪੱਤੇ, ਨਿੰਮ ਦੇ ਪੱਤੇ, ਘਰ ਦਾ ਧੂੰਆਂ ਤੇ ਚਿੱਟਾ ਜੀਰਾ ਗਊ ਮੂਤ੍ਰ ਨਾਲ ਪੀਹਕੇ ਲੇਪ ਲਗਾਵੇ ਤਾਂ ਲੂਤ ਰੋਗ ਨਾਸ਼ ਕਰੇ ॥੩੩੪॥

ਦੋਹਰਾ

ਯਸਟੀ ਮਧੁਕ ਸਾਰ ਕੁਟਿ ਕਰੰਜ ਬੀਜ ਤ੍ਰਿਯ ਜਾਤ।
ਸੇਂਧਾ ਮਨਸਿਲ ਤਗਰ ਲੈ ਸਿੰਦਬਾਰ ਸਮ ਘਾਤ ॥੩੩੫॥
ਗੋਮੂਤ੍ਰ ਸੰਗ ਪਾਨ ਕਰ ਨਾਸ ਕਰਤ ਸਭ ਲੂਤ।
ਸਿਰਸ ਲੇਪਿਯੋ ਮੂਤ ਗੋ ਲੂਤ ਮਿਟਤ ਅਦਭੂਤ ॥੩੩੬॥

੧੬੮੨—ਮੁਲੱਠੀ, ਮਹੂਏ ਦੀ ਗਿਰੀ, ਕੁੱਠ, ਮੀਚਕੇ ਦੇ ਬੀਜ, ਤ੍ਰਿਯ ਜਾਤ (ਦਾਰਚੀਨੀ, ਲਾਚੀ, ਤਜਪੱਤ੍ਰ) ਸੇਂਧਾਲੂਣ, ਮਨਸਿਲ, ਤਗਰ ਅਰ ਸੰਭਾਲੂ ਬਰੀਕ ਪੀਹਕੇ ਗਊਮੂਤ ਨਾਲ ਪੀਵੇ ਤਾਂ ਸਭ ਤਰਾਂ ਦੀ ਲੂਤ, ਨਾਸ਼ ਕਰੇ।

੧੬੮੩-ਸਰੀਂਹ ਦੇ ਪੱਤਰ ਗਊਮੂਤ੍ਰ ਨਾਲ ਲੇਪ ਕਰੇ ਤਾਂ ਲੂਤ ਜਾਵ ॥੩੩੫॥੩੩੬॥

(ਰਸਰਤਨਾਕਰਾਤ)--ਦੋਹਰਾ

ਉਤਪਲ ਚੰਦਨ ਮਨਸਿਲਾ ਕੁਸ਼ਟ ਜੀਵੰਤੀ ਸੁੰਠ ।
ਪਾਟਲ ਬ੍ਰਹਮਦੰਡੀ ਤਗਰ ਮਦਨ ਫਲਾ ਬਿਲਗੁੰਠ ॥੩੩੭॥
ਨਿਰਗੁੰਡੀ ਨਖ ਬਤਸੰ ਬਰਣਾ ਤੁਚ ਜਲ ਪੀਸ।
ਲੇਪ ਕਰੋ ਨਿਤ ਚਤਰ ਨਰ ਬਾਤ ਲੂਤ ਸਬ ਖੀਸ ॥੩੩੮॥

੧੬੮੪-ਕਮਲ, ਚੰਦਨ, ਮਨਸਿਲ, ਕੁੱਠ, ਜੀਵੰਤੀ (ਡੋਡੀ ਬੂਟੀ ਯਾਂ ਹਰੜ ਦੀ ਛਿੱਲ) ਸੁੰਢ, ਗੁਲਾਬ ਦੇ ਫੁੱਲ, ਬ੍ਰਹਮਡੰਜੀ, ਤਗਰ, ਰਾੜਾ, ਬਿੱਲਗਿਰੀ, ਸੰਭਾਲੂ, ਨਖੂ, ਇੰਦ੍ਰਜੌਂ ਤੇ ਬਰਨੇ ਦੀ ਛਿੱਲ, ਜਲ ਨਾਲ ਘੋਟਕੇ ਲੇਪ ਕਰੇ ਤਾ ਵਾਯੂ ਦੀ ਲੂਤ ਨਾਸ਼ ਹੋਵੇ ॥੩੩੭॥੩੩੮॥

ਚੰਦਨ ਉਤਪਲ ਰੇਣਕਾ ਘਨ ਲਾਂਗਲਿ ਮਧੁ ਯਸਟਿ ।
ਸੁੰਠਿ ਕਸੁੰਭਾ ਬਾਲਕੰ ਜਲ ਲਿਪ ਲੂਤਾ ਸੁਸਟ ॥੩੩੯॥

---

‡ਢਰਾ ਬ੍ਰਿਛ ਬਣ ਵਿੱਚ ਅਧਿਕ ਹੁੰਦਾ ਹੈ, ਦੇਖੋ ਭਾਵ ਪਕਾਸ਼

Digitized by Panjab Digital Library | www.panjabdigilib.org

੧੬੯੫—ਚੰਦਨ,ਕਮਲ,ਸੰਭਾਲੂ ਦੇ ਬੀਜ, ਮੋਥਾ, ਕਲਹਾਰੀ ਦੀ ਜੜ੍ਹ (ਕੁੱਠ), ਮੁਲੱਠੀ, ਸੁੰਢ, ਕਸੁੰਭਾ ਤੇ ਮੁਸ਼ਕਬਾਲਾ ਲੈ ਕੇ ਜਲ ਨਾਲ ਲੇਪ ਕਰੇ ਤਾਂ ਸਭੇ ਲੂਤ ਨਾਸ਼ ਕਰੇ ॥੩੩੯॥

ਬੰਨਿ ਸਾਰਵਾ ਬਰਣ ਤੁਚ ਨਾਗ ਪੁਖਿਪ ਬਚ ਪਾਠ।
ਲਾਸੂੜਾ ਫਲ ਬੰਸ਼ ਤੁਚ ਜਲ ਸੋ ਲੇਪ ਜੁ ਮਾਠ ॥ ੩੪੦ ॥
ਕਫ ਲੂਤਾ ਸਭ ਜਾਤ ਮਿਟ ਕਹੇ ਤੀਨ ਏ ਯੋਗ।
ਬਾਤ ਪਿਤ ਕੇ ਲਖੇ ਕਫ ਦੂਰ ਗਵਾਵਤ ਰੋਗ॥ ੩੪੧ ॥

੧੬੯੬-ਚਿਤ੍ਰਾ, ਉਸ਼ਬਾ, ਬਰੂਨੇ ਦੀ ਛਿੱਲ, ਨਾਗਕੇਸਰ, ਵਚ, ਪਾਠਾ, ਲਸੂੜੇ ਦੇ ਫਲ ਤੇ ਬਾਂਸ ਦੀ ਛਿੱਲ, ਜਲ ਨਾਲ ਲੇਪ ਕਰੇ ਤਾਂ ਕਫ ਦੀ ਲੂਤ ਸਭ ਤਰਾਂ ਦੀ ਨਾਸ਼ ਹੋਵੇ, ਇਹ ਤਿੰਨੇ ਯੋਗ ਰਸਰਤ-ਨਾਕਰ ਦੇ ਹਨ, ਬਾਤ ਪਿੱਤ ਅਰ ਕਫ ਸਭ ਦੇ ਰੋਗ ਦੂਰ ਕਰਨਹਾਰੇ ਇਹ ਲੇਪ ਹਨ ॥੩੪੦॥੩੪੧॥

ਤ੍ਰਿਦੋਖ ਲੂਤ--ਦੋਹਰਾ

ਨਰ ਮੂਤਰ ਸਰਪਾਂਖਿ ਹੀ ਘਸੀ ਲੇਪ ਕਰ ਅੰਗ।
ਤੀਨ ਦੋਖ ਤ੍ਰਿਦੋਖ ਕੀ ਲੂਤ ਮਿਟਤ ਸਰਬੰਗ ॥ ੩੪੨ ॥

੧੬੯੭—ਆਦਮੀ ਦੇ ਮੂਤ੍ਰ ਵਿੱਚ ਸਰਫੋਂਕਾ ਘਿਸਾਕੇ ਲੇਪ ਕਰੇ ਤਾਂ ਤ੍ਰਿਦੋਖ ਦੀ ਲੂਤ ਨਾਸ਼ ਹੋਵੇ ॥੩੪੨॥

ਅਠਾਰਾਂ ਕੁਸ਼ਟਾਂ ਪਰ ਅਰਗੂਧਾਦਿ ਕ੍ਵਾਥ(ਅਤ੍ਰਿਆਤ)-ਚੌਪਈ

ਅਰਗਵਧਾ ਧਾਵੇ ਕੇ ਫੂਲ। †ਕਰਣਕਾਰ ਸਰਜਕ ਨਿੰਬ ਮੂਲ।
ਅਰਜਨ ਸਿਗ੍ਰ ਕੁਟਜ ਕਦੰਬਾਖਦਰ ਫਾਲਸਾ ਮੂਰਬਾ ਅੰਬ ॥ ੩੪੩ ॥
ਅਸਟ ਬਿਸੇਖੰ ਕ੍ਵਾਥ ਕਰ ਦੇਇ ਘ੍ਰਿਤ ਕੇ ਸੰਗ ਜੁ ਪੀਵਨ ਤੇਹ।
ਕੁਸ਼ਟ ਅਠਾਰਾਂ ਜਾਵਤ ਸਹੀ॥ਅਤ੍ਰੇ ਰਿਖ ਨੇ ਇਹ ਬਿਧ ਕਹੀ ॥ ੩੪੪ ॥

੧੬੯੮—ਅੰਮਲਤਾਸ ਦੇ ਫੁੱਲ, ਧਾਵੇ ਦੇ ਫੁੱਲ, †ਕਰਣਿਕਾਰ ਦੇ ਫੁੱਲ ਪੀਲੇ ਸਾਲ ਬ੍ਰਿਛ ਦੀ ਛਿੱਲ, ਨਿੰਮ ਜੜ੍ਹ ਦੀ ਛਿੱਲ, ਕਉ ਬ੍ਰਿਛ ਦੀ ਛਿੱਲ, ਸੁਹਾਂਵਣੇ ਦੀ ਛਿੱਲ, ਇੰਦ੍ਰਜੌਂ, ਕਦੰਬ ਬ੍ਰਿਛ ਦੀ ਛਿੱਲ, ਫਾਲਸਾ, ਮਰੋੜਫਲੀ ਤੇ ਅੰਬ ਬ੍ਰਿਛ ਦੀ ਛਿਲ, ਇਕ ਸਮਾਨ ਲੈਕੇ ਕਾੜ੍ਹਾ ਕਰੇ ਜਦ ਸੜਕੇ ਅੱਠਵਾਂ ਹਿਸਾ ਜਲ ਬਾਕੀ ਰਹੇ ਤਾਂ ਘਿਉ ਪਾਕੇ ਕੋਸਾ ੨ ਪਿਲਾਵੇ, ਇਹ ਅਠਾਰਾਂ ਪ੍ਰਕਾਰ ਦੇ ਕੁਸ਼ਟ ਨਾਸ਼ ਕਰੇ, ਇਹ ਅਤ੍ਰਿਯ ਰਿਸ਼ੀ ਨੇ ਕਿਹਾ ਹੈ ॥੩੪੩॥੩੪੪॥

---

†ਕਰਣਿਕਾਰ—ਅੰਮਲਤਾਸ ਦਾ ਹੀ ਭਦ ਹੈ, ਇਸਦੇ ਪੱਤੇ ਦਕ ਦੇ ਪੱਤਿਆਂ ਵਾਂਗ ਲੰਮੇ ਤੇ ਚੌੜੇ ਹੁੰਦੇ ਹਨ, ਫੂਲ ਲਾਲ ਤੇ ਉਪਰ ਫਲੀ ਤੇ ਉਪਰ ਫਲੀ ਲੰਮੀ ਲੱਗਦੀ ਹੈ।

Digitized by Panjab Digital Library | www.panjabdigilib.org

ਸਰਬ ਕੁਸ਼ਟ ਪੰਚ ਨਿੰਮਾਂਦੀ ਚੂਰਣ (ਯੋਗ ਚਿੰਤਾਮਣੀ ਮਤਾਤ)

ਪੰਚਾਂਗ ਨਿੰਬ ਪੰਚ ਦਸ ਪਲਾ। ਲੋਹਾ ਭਸਮ ਹਰੜੈ ਛਿਲ ਭਲਾ।
ਚਕ੍ਰ ਮਰਦ ਚਿਤ੍ਰਕ ਭਲਾਤ। ਬਾਈਭੜਿੰਗ ਸਰਕਰਾ ਘਾਤ ॥੩੪੫॥
ਪੀਪਰਿਸੁੰਠਿ ਮਰਚ ਲੈ ਨਿਸਾ। ਧਾਤ੍ਰੀ ਫਲੁ ਵਾਕੁਚਿ ਤਿਹ ਧਸਾ।
ਕ੍ਰਿਤ ਮਾਲਕਿ ਗੋਖਰੁ ਸਭਿ ਜਾਨ। ਇਕ ਇਕ ਪਲ ਸਭ ਹੀ ਸੁਭਠਾਨ॥੩੪੬॥
ਸਰਬ ਪੀਸਕੈ ਚੂਰਨ ਕਰੇ। ਭ੍ਰਿੰਦਰਾਜ ਰਸੂ ਭਾਵਨ ਧਰੇ।
ਅਸਟ ਬਿਸੇਖ ਖਦਿਰਕਰ ਕ੍ਵਾਥ। ਤਾਂਕੀ ਭਾਵਨ ਦੇਵੈ ਸਾਥ ॥੩੪੭॥
ਖਦਿਰ ਤੋਹਿ ਵਾਂ ਸਰਪਿਖ ਨੀਰ। ਕਰਖ ਮਾਨ ਇਕ ਨਿਤਦੇ ਬੀਰ।
ਪੰਚ ਨਿੰਬ ਚੂਰਨ ਏ ਜਾਨ। ਸਰਬ ਕੁਸ਼ਟ ਕੀ ਕਰਤਾ ਹਾਨ ॥੩੪੮॥

੧੬੮੯–ਨਿਮ ਦਾ ਪੰਚਾਂਗ--(ਫਲ, ਫੁਲ, ਪੱਤੇ, ਜੜ, ਛਿਲ,) ਇਹ ਸਭ ੬੦ ਤੋਲੇ, ਮ੍ਰਿਤਲੋਹਾ, ਹਰੜਾਂ ਦੀ ਛਿਲ, ਏਲੋਂ ਦੇਦਾਣ, ਚਿਤ੍ਰਾ, ਭਿਲਾਵੇ, ਬਾਇਵੜਿਗ, ਖੰਡ, ਮਘ, ਸੁੰਢ, ਮ੍ਰਿਚ, ਹਲਧੀ, ਆਵਲੇ, ਬਾਵਚੀ, ਅੰਮਲਤਾਸ ਦਾ ਗੁੱਦਾ ਤੇ ਭਖੜਾ ਇਹ ਸਭੋਂ ੪-੪ ਤੋਲੇ ਲੈ ਕੇ ਪੀਹਕੇ ਚੂਰਣ ਕਰੇ, ਅਰ ਫਿਰ ਭੰਗਰੇ ਦੇ ਰਸ ਦੀਆਂ ੨੧ ਪੁਠਾਂ ਦੇਵੇ ਫਿਰ ਖੈਰ ਦਾ ਕਾੜ੍ਹਾ ਕਰੇ, ਜਦ ਪਾਣੀ ਸੜਕੇ ਅਠਵਾਂ ਹਿਸਾ ਰਹੇ ਤਾਂ ਉਸ ਪਾਣੀ ਦੀਆਂ ਭਾਵਨਾਂ ਬੀ ਦੇਵੇ। ਫਿਰ ਤਿਆਰ ਹੋਯਾ ਚੂਰਣ, ਖੈਰਦੇ ਕਾੜ੍ਹੇ ਦੇ ਜਲ ਨਾਲ, ਯਾ ਘਿਉ ਨਾਲ, ਅਥਵਾ ਜਲ ਨਾਲ ੧ ਤੋਲਾ ਖਾਯਾ ਕਰੇ। ਤਾਂ ਇਹ "ਪੰਜਨਿੰਮਾਦਿ ਚੂਰਣ" ਸਭ ਤਰਾਂ ਦੇ ਕੁਸ਼ਟ ਨਾਸ਼ ਕਰੇ ॥੩੪੫ ਤੋਂ ੩੪੮॥

ਕੁਸ਼ਟ ਦੇ ਪੱਥ

ਪਾਖ ਪਾਖ ਮਹਿ ਛਰਦ ਜੁ ਕਰੈ। ਮਾਸ ਮਾਸ ਮਹਿ ਰੇਚਨ ਧਰੈ।
ਤ੍ਰਿਕ ਤ੍ਰਿਕ ਮਾਸੇ ਨਾਵਨ ਦੇਇ। ਖਟਖਟ ਮਾਸਹਿਰੁਧਰ ਕਢੇਇ ॥੩੪੯॥

ਦ੍ਵੈਯਾ ਛੰਦ

ਲੇਪਨਿ ਸਰਪਿ ਜੁ ਜੀਰਨਿ ਮੂਗਦਾ ਅਖਿਤ ਕਨਕ ਮਸੂਰਾ।
ਯਵ ਮਾਖਿਨ ਚਣਕਾ ਨਿੰਬ ਲਸਨੰ ਚਿਤ੍ਰਕ ਤੈਲ ਕਪੂਰਾ।
ਇਟਸਿਟ ਏਲੋਂ ਮੂਤਰ ਗੋਖਰ ਉਸਟਰ ਮਹਿਖੀ ਜਾਨੋ।
ਏਰੰਡ ਤੋਰੀ ਖਦਰ ਜਾਇਫਲ ਚੰਦਨ ਪੱਥ ਬਖਾਨੇ ॥ ੩੫੦ ॥

੧੬੯੦—ਪੰਦਰਾ ਪੰਦਰਾਂ ਦਿਨ ਪਿਛੇ ਵਮਨ ਕਰਾਵੇ। ਮਹੀਨੇ ਮਹੀਨੇ ਪਿਛੋਂ ਦਸਤ ਦੇਵੇ, ਤਿੰਨ ਤ੍ਰਿੰਨ ਮਹੀਨੇ ਬਾਦ ਨਸਵਾਰ ਦੇਵੇ। ਛੇ ਛੇ ਮਹੀਨੇ ਉਪਰੰਤ ਲਹੂ ਕਢਾਯਾ ਕਰੇ ॥੩੪੯॥

ਘਿਉ ਦਾ ਲੇਪਣਾ, ਪੁਰਾਣੇ ਮੂੰਗੀ ਚਾਵਲ, ਕਣਕ, ਮਸਰ, ਜੌਂ, ਸ਼ਹਿਤ, ਛੋਲੇ, ਨਿੰਮ, ਲਸਨ,

Digitized by Panjab Digital Library | www.panjabdigilib.org

ਚਿਤ੍ਰਾ, ਤੇਲ, ਕਪੂਰ, ਇਟਸਿਟ, ਏਲੋਂ ਦੇ ਪੱਤੇ, ਗਊ, ਗਧੀ, ਊਂਟਣੀ, ਅਰ ਮਹੀਂ ਦਾ ਮੂਤ੍ਰ, ਅਰਿੰਡ, ਤੋਰੀਆਂ, ਕੱਥ, ਜਾਇਫਲ, ਅਰ ਚੰਦਨ ਇਹ ਸਭ ਦੋਖ ਦੇ ਅਨੁਸਾਰ ਕੋੜ੍ਹੀ ਮਨੁੱਖ ਨੂੰ ਪੱਥ ਖਾਣੇ ਕਹੇ ਗਏ ਹਨ ॥੩੫੦॥

ਕੁਪੱਥ--ਦੋਹਰਾ

ਸਦ ਬਯ ਬਾਯ ਬਜਾਮ ਪੁਨਿ ਤਿਲ ਮਾਖਾ ਇਖ ਮਾਸ।
ਦਧਿ ਪਯ ਮਦਜ ਜੁ ਗੁੜ ਸਕਲ ਏ ਕੁਪਥ ਕੁਸ਼ਟ ਭਾਸ॥ ੩੫੧ ॥

੧੬੯੧—ਪਸੀਨਾ, ਇਸਤ੍ਰੀਸੰਗ, ਕਸਰਤ, ਤਿਲ, ਮਾਂਹ, ਗੰਨਾ, ਮਾਂਸ, ਦਹੀਂ, ਦੁੱਧ, ਸ਼ਰਾਬ ਅਰ ਗੁੜ ਇਹ ਸਭ ਕੁਪੱਥ ਹਨ, ਨਾ ਖਾਵੇ ॥੩੫੧॥

ਅਥ ਅਗਨਿ ਦਗਧ ਉਪਾਇ—ਦੋਹਰਾ

ਘ੍ਰਿਤ ਸਿਰਸਾਹੀ ਦਸ ਗਹੇ ਤਾਂਕੋ ਗਰਮ ਕਰਾਇ।
ਪਲ ਇਕ ਮੋਮ ਰਲਾਇ ਲਿਪ ਅਗਨ ਦਗਧ ਮਿਟ ਜਾਇ॥ ੩੫੨॥

੧੬੯੨-ਘਿਉ ੨੨॥ ਤੋਲੇ ਗਰਮ ਕਰਕੇ ਉਸ ਵਿਚ ੪ ਤੋਲੇ ਮੋਮ ਮਿਲਾਕੇ ਲਾਵੇ, ਤਾਂ ਅਗਨਿ ਦਗਧਤਾ ਮਿਟੇ। (ਪਰੰਤੂ ਯਾਦ ਰਹੇ ਕਿ ਸਰਦੀ ਦੇ ਦਿਨਾਂ ਵਿਚ ਮੋਮ ਆਕੜ ਜਾਵੇ ਤਾਂ ਰੋਗੀ ਬੜੀ ਤਕਲੀਫ ਮੰਨਦਾ ਹੈ, ਇਸਤੇ ਬਾਹਰ ਵਿਚਾਰਕੇ ਦਵਾਈ ਲਾਵੇ) (ਅਜੇਹੇ ਮੌਸਮ ਵਿਚ ਚੂਨਾ ਕਲੀ ਭਿਉਂ ਕੇ ਪਾਣੀ ਨਿਤਾਰਕੇ ਉਸ ਵਿਚ ਮਿਠਾ ਤੇਲ ਪਾਕੇ ਬੋਤਲ ੧ ਘਟੇ ਤਕ ਦੱਬਕੇ ਹਿਲਾਵੇ, ਫਿਰ ਲਾਯਾ ਕਰੇ) ॥੩੫੨॥

(ਰਸਰਤਨਾਕਰਾਤ)--ਦੋਹਰਾ

ਗੋਕਾ ਸਿੰਗ ਜੁ ਭਸਮ ਕਰ ਕਟਕ ਤੇਲ ਸੋ ਲਾਇ।
ਅਗਨਿ ਦਗਧ ਕੀ ਪੀਰ ਮਿਟ ਤਨ ਕੋ ਅਤਿ ਸੁਖਦਾਇ॥ ੩੫੩ ॥

੧੬੯੩—ਗੋਕਾ ਸਿੰਙ ਸਾੜਕੇ ਉਸਦੀ ਸੁਆਹ ਕਰੋ, ਫਿਰ ਕੌੜੇ ਤੇਲ ਵਿੱਚ ਪਾਕੇ ਲਾਵੇ ਤਾਂ ਅੱਗ ਦਾ ਸੜਿਆ ਅਛਾ ਹੋਵੇ ॥੩੫੩॥

ਸਰਬ ਜਾਤ ਕੇ ਰੋਮ ਲੈ ਭਸਮ ਕਰੀਨੈ ਲੇਪ।
ਕਟੁਟ ਤੇਲ ਸੋ ਜਾਨਿਜੋ ਅਗਨਿ ਦਗਧ ਸੰਖੇਪ॥ ੩੫੪ ॥

੧੬੯੪—ਸਭਤਰਾਂ ਰੋਮ ਲੈ ਕੇ ਸਾੜ ਕੇ ਕੌੜੇ ਤੇਲ ਵਿਚ ਪਾਕੇ ਲਾਵੇ ਤਾਂ ਅਗਨਿ ਦਗਧ (ਅੱਗ ਦਾ ਸਾੜਿਆ) ਰਾਜੀ ਹੋਵੇ ॥੩੫੪॥

ਦੋਹਰਾ

ਮਹਿਖਾਮਾਖਨ ਦੂਧ ਵਾ ਤਿਲ ਪੀਸੀ ਲਿਪ ਅੰਗ।
ਅਗਿਨ ਦਗਗ ਕੀ ਪੀਰ ਸਬ ਮਿਟਤ ਸੁਖੀ ਸਰਬੰਗ॥ ੩੫੫॥

Digitized by Panjab Digital Library | www.panjabdigilib.org

੧੬੯੫—ਮਹੀਂ ਦੇ ਮੱਖਣ ਵਿਚ ਯਾਂ ਦੁੱਧ ਵਿਚ ਤਿਲ ਪੀਹਕੇ ਲੇਪ ਕਰੇ ਤਾਂ ਅਗਨ ਦਗਧ ਦੀ ਪੀੜਾ ਨਾਸ਼ ਹੋਵੇ ॥੩੫੫॥

ਕੰਬਲ ਭਸਮ ਕਰਾਇਕੈ ਕਟੁਕ ਤੇਲ ਸੋ ਲਾਇ।
ਅਗਨਿ ਦਗਧ ਦੁਖ ਜਾਤ ਹੈ ਰਸਰਤਨਾਕਰ ਭਾਇ ॥ ੩੫੬ ॥

੧੬੯੬—ਭੂਰਾ ਸਾੜਕੇ ਕੌੜੇ ਤੇਲ ਵਿਚ ਲਾਵੇ ਤਾਂਬੀ ਅਗਨਿ ਦਗਧ ਦਾ ਦੁੱਖ ਜਾਂਦਾ ਹੈ ॥੩੫੬॥

ਸੋਰਠਾ

ਧਾਵੇ ਫੂਲ ਜਰਾਇ ਕਟੁਕ ਤੇਲ ਸੋ ਲੇਪਿਯੋ।
ਅਗਿਨ ਦਗਧ ਮਿਟ ਜਾਏ ਸਾਚੀਬਾਤ ਜੁ ਮੇਘਭਨਿ ॥ ੩੫੭ ॥

੧੬੯੭—ਧਾਵਿਆਂ ਦੇ ਫੁੱਲ ਸਾੜਕੇ ਕੌੜੇ ਤੇਲ ਵਿਚ ਲੇਪ ਕਰੇ ਤਾਂ ਅਗਨਿ ਦਗਧ ਨੂੰ ਆਰਾਮ ਦੇਵੇ ॥੩੫੭॥

ਅਥ ਸੀਤ ਪਿਤੋਦਰਦਿ (ਛਪਾਕੀ) ਨਿਦਾਨ--ਦੋਹਰਾ

ਸੀਤਲ ਬਾਤ ਸਪਰਸਤੇ ਕੁਪੈ ਜੁ ਕਫ ਪਿਤ ਸੰਗ।
ਅੰਦਰ ਬਾਹਰ ਹੋਤ ਹੈ ਜਾਨੋ ਸਰਬ ਜੁ ਅੰਗ ॥੩੫੮॥

ਠੰਢੀ ਹਵਾ ਦੇ ਲਗਣੇ ਤੇ ਕਫ ਪਿਤ ਦੇ ਨਾਲ ਮਿਲਕੇ ਕ੍ਰਧਿਤ ਹੁੰਦੀ ਹੈ, ਤਾਂ ਅੱਗੇ ਲਿਖੀ ਅੰਦਰ ਬਾਹਰ ਯਾ ਸਾਰੇ ਅੰਗਾਂ ਵਿਖੇ ਤਕਲੀਫ ਹੁੰਦੀ ਹੈ ॥੩੫੮॥

ਪੂਰਬ ਰੂਪ—ਦੋਹਰਾ

ਮੋਹੁ ਸਾਦ ਅੰਗ ਗੌਰਵੰ ਤ੍ਰਿਖਾ ਅਰੁਚਿ ਦ੍ਰਿਗ ਲਾਲ।
ਤਾਕੇ ਪੂਰਬ ਰੂਪ ਇਹ ਮਾਧਵ ਮਾਹਿ ਬਿਸਾਲ ॥੩੫੯॥

ਚੌਪਈ

ਲ਼ਰਨ ਪਿਪੀਲਹਿ ਤਾਂ ਸਮ ਸੋਜ। ਕੰਡੂ ਤੋਹ ਦਾਹ ਬਮਿ ਖੋਜ।
ਜੁਰ ਲਛਣ ਉਦਰਦਿ ਕਹਾਇ। ਸੀਤ ਪਿਤ ਭੀ ਕਹਤੇ ਜਾਇ ॥੩੬੦॥
ਬਾਤ ਅਧਿਕ ਤੇ ਸੀਤਹਿ ਪਿਤ। ਕਫਅਧਿਕਹਿ ਤੇ ਉਦਰਦਿਮਿਤ।
ਊਚਾ ਮੰਡਲਰਕਤ ਜੁ ਖਾਜ। ਸੀਤਲ ਕਫਤੇ ਉਦਰਦਿਰਾਜ ॥੩੬੧॥

ਦੋਹਰਾ

ਸੀਤਲ ਜਲ ਮੇ ਪਰਸਤੇ ਸੀਤ ਖਾਲ ਅਤਿ ਹੋਇ।
ਨਿਕਸੈ ਧਫੜੀ ਅੰਗ ਮੈ ਕਹਤ ਮੇਘ ਲਖਿ ਸੋਇ ॥੩੬੨॥

Digitized by Panjab Digital Library | www.panjabdigilib.org

ਮੋਹ, ਗਿਲਾਨੀ, ਅੰਗ ਭਾਰੀ, ਪਿਆਸ, ਅਰੁਚੀ, ਨੇਤ੍ਰਾਂ ਦੀ ਰੰਗਤ ਲਾਲ, ਤਿਸਦਾ ਇਹ ਪੂਰਬ ਰੂਪ ਹੈ, ਹੋਰ ਅਧਿਕਮਾਧਵ ਵਿਚੋਂ ਦੇਖੋ ॥੩੫੯॥

ਜਿਸਤਰਾਂ †ਕੀੜੀਆਂ ਲੜਦੀਆਂ ਹਨ, ਜਿਸਤਰਾਂ ਦੀ ਸੋਜ ਹੁੰਦੀ ਹੈ। ਖੁਰਕ, ਚੋਭਾਂ, ਸੜਨ, ਕੈ, ਜ੍ਵਰ ਦੇ ਲਛਣਾਂ ਸਮਾਨ ਉਦਰਦ ਹੁੰਦੀ ਹੈ। ਇਸੇ ਨੂੰ ਸੀਤ ਪਿੱਤੀ ਬੀ ਆਖਦੇ ਹਨ ॥੩੬੦॥

ਵਾਯੂ ਦੀ ਅਧਿਕਤਾ ਹੋਵੇ ਤਾਂ ਸੀਤਪਿਤੀ ਹੁੰਦੀ ਹੈ। ਜੇ ਕਫ ਅਧਿਕ ਹੋਵੇ ਤਾਂ ਉਦਰਦਿ (ਛਪਾਕੀ) ਕਹੀ ਜਾਂਦੀ ਹੈ। ਉਚੇ ਗੋਲ ਚਕਿੱਤੇ, ਲਾਲ ਲਾਲ, ਖੁਰਕ ਸੰਯੁਕਤ, ਸੀਤ ਤੇ ਕਫ ਤੇ ਕੁਪਿਤ ਹੋਵੇ ਤਾਂ ਇਸਤਰਾਂ ਉਦਰਦਿ (ਛਪਾਕੀ) ਹੁੰਦੀ ਹੈ ॥੩੬੧॥

ਠੰਢੇ ਜਲ ਦੇ ਸਪਰਸ ਤੇ ਅਰ ਸੀਤਕਾਲ ਵਿਚ ਹੁੰਦੀ ਹੈ। ਅੰਗਾਂ ਵਿਚ ਧਫੜੀ ਨਿਕਲਦੀ ਹੈ। ਇਸਨੂੰ ਦੇਸ਼ ਵਿਚ ਛਪਾਕੀ, ਕਾਹਣ ਤੇ ਧਫੜੀ ਆਦਿ ਬੋਲਦੇ ਹਨ ॥੩੬੨॥

ਸੀਤ ਪਿਤੋਦਰਦਿ ਦਾ ਭੇਦ ਛਪਾਕੀ ਹੈ, ਤਿਸਦਾ ਲੱਛਣ

ਊਚੇ ਧਫੜ ਰਕਤ ਅਤਿ ਮੰਡਲ ਕੰਡੂ ਲਾਲ।
ਕੋਠ ਕਹਜੋ ਇਸਨਾਮ ਹੈ ਛੀਪਾਕੀ ਇਹ ਭਾਲ ॥੩੬੩॥

ਉਚੇ ਉਚੇ ਧੱਫੜ ਅਤਯੰਤ ਲਾਲ ਲਾਲ, ਜਿਨ੍ਹਾਂ ਵਿਚ ਖੁਰਕ ਹੁੰਦੀ ਹੈ ਇਸਦਾ ਨਾਮ 'ਕੋਠ' ਅਤੇ 'ਛਪਾਕੀ' ਆਖਦੇ ਹਨ ॥੩੬੩॥

ਉਪਾਇ—ਦੋਹਰਾ

ਆਨ ਜਵਾਨੀ ਧੂਪ ਦੇ ਕੰਬਲ ਰਕਤ ਉਢਾਇ।
ਧਫੜ ਛਿਪਾਕੀ ਜਾਤਿ ਹੈ ਮੇਘੇ ਦਈ ਬਤਾਇ ॥੩੬੪॥

੧੬੯੮—ਜਵਾਇਣ ਲੈ ਕੇ ‡ਧੂਣੀ ਦੇਵੇ, ਪਿਛੋਂ ਲਾਲ ਕੰਬਲ ਉਪਰ ਦੇ ਦੇਵੇ, ਤਾਂ ਧੱਫੜ, ਛਪਾਕੀ ਜਾਂਦੀ ਹੈ ॥੩੬੪॥

ਗੇਰੂ ਹਲਦ ਮਰਚ ਲੈ ਅਰ ਮਜੀਠ ਬ੍ਰਿਖ ਪਾਇ।
ਸਹਿਤ ਸੰਗ ਚਾਟਨ ਕਰੇ ਧਫੜੀ ਸਕਲ ਮਿਟਾਇ ॥ ੩੬੫ ॥

੧੬੯੯—ਗੇਰੂ, ਹਲਧੀ, ਮਿਰਚਾਂ, ਮਜੀਠ ਤੇ ਬਾਂਸਾ ਪੀਹਕੇ ਸ਼ਹਿਤ ਨਾਲ ਚੱਟੇ ਤਾਂ ਸਭ ਤਰਾਂ ਦੀ ਧਫੜੀ ਨਾਸ਼ ਹੋਵੇ ਹੈ ॥੩੬੫ ॥

ਨਿਸਾ ਦੋਇ ਮਰਚਾਂ ਗਹੇ ਗੇਰੂ ਬਾਵਚਿ ਲੇਇ।
ਕਾਲਮੇਖਕਾ ਤੀਨ ਫਲ ਚੂਰਨ ਕੂਟ ਕਰੇਇ ॥ ੩੬੬ ॥
ਕਰਖ ਏਖ ਜਲ ਭੇਮ ਕੈ ਨਿਸ ਕੋ ਰਾਖੇ ਸੋਇ।
ਪ੍ਰਾਤ ਨਿਤਾਰੀ ਜਲ ਗਹੇ ਮਧੁ ਤਾਂ ਮੇ ਲੈ ਢੋਇ ॥੩੬੭ ॥

---

†ਧਮੋੜੀਆਂ ਅਰਥ ਯਥਾਰਥ ਹੈ।
‡ਧੂੰਣੀ ਦੇਣ ਦੀ ਵਿਧੀ ਦਿਸੇ ਅਧਯਾਸ ਦੇ ਨੰ: ੧੬੨੯ ਵਿਚ ਦੇਖੋ।

Digitized by Panjab Digital Library | www.panjabdigilib.org

ਤਾਕੋ ਪੀਵੇ ਸਾਤ ਦਿਨ ਰਹਜੋ ਫੋਕ ਮਲ ਅੰਗ।
ਧਫਰੀ ਮਿਟੈ ਸਰੀਰ ਕੀ ਸਭ ਬ੍ਰਿਣ ਮਿਟਤ ਫਿਰੰਗ ॥ ੩੬੮ ॥

੧੭੦੦—ਦੋਨੋਂ ਹਲਧੀਆਂ, ਮਿਰਚਾਂ, ਗੇਰੂ, ਬਾਵਚੀ, ਮੰਜੀਠ ਤੇ ਤ੍ਰਿਫਲਾ (ਹਰੜ, ਬਹੇੜਾ, ਆਵਲੇ) ਲੈ ਕੇ ਕੁੱਟਕੇ ਚੂਰਣ ਕਰੇ ਅਰ ਰਾਤ ਨੂੰ ਥੋੜੇ ਜਲ ਵਿੱਚ ਭੇਉਂ ਦੇਵੇ, ਦਿਨੇ ਨਿਤਾਰਕੇ ਸ਼ਹਿਤ ਪਾਕੇ ਪੀਵੇ। ਇਸਤਰਾਂ ੭ ਦਿਨ ਕਰੇ। ਬਾਕੀ ਫਗ ਰਿਹਾ ਸਰੀਰ ਨੂੰ ਮਲੇ, ਗਰਮ ਪਾਣੀ ਨਾਲ ਪਿਛੋਂ ਸ਼ਨਾਨ ਕਰੇ ਤਾਂ ਸਭ ਤਰਾਂ ਦੀ (ਛਪਾਕੀ) ਧਫੜੀ, ਅਰ ਆਤਸ਼ਕ ਆਦਿ ਦੇ ਫੋੜੇ ਨਾਸ਼ ਹੁੰਦੇ ਹਨ ॥੩੬੬ ਤੋਂ ੩੬੮॥

ਉਦਰਦਿ (ਛਪਾਕੀ) ਦੇ ਪੱਥ

ਛਰਦ ਬਿਰੇਚਨ ਅਸ੍ਰਿਗ ਮੋਖਨ ਲੇਪ ਪੁਰਾਨੇ ਸਾਲਾ।
ਮੁਦਰ ਕੁਲਿਥ ਕਰਿ ਕੇਟਕ ਸਿਗ੍ਰੂ ਦਾੜਮ ਫਲ ਜੁ ਬਿਸਾਲਾ।
ਕਟੁਕ ਤੈਲ ਕਫਪਿਤ ਪਰਹਾਰੀ ਤਿਪਤ ਨੀਰ ਮਧੁ ਖਾਵੇ।
ਕਟੁਕ ਤਿਕਤ ਕਖਾਇ ਕਹੇ ਸਭ ਪਥ ਜੁ ਏਹ ਦਿਵਾਵੇ ॥ ੩੬੯ ॥

੧੭੦੧—ਕੈ, ਦਸਤ, ਫਸਤ ਦਾ ਖੋਲ੍ਹਨਾ. ਲੇਪ, ਪੁਰਾਣੇ ਚੌਲ ਮੂੰਗੀ, ਕੁਲਥ, ਕਰੇਲੇ. ਸੁਹਾਂਵਣਾ, ਅਨਾਰ, ‡ਤੂੰਮਾਂ, ਕੌੜਾਤੇਲ, ਹੋਰ ਕਫ ਪਿੱਤ ਦੇ ਨਾਸ਼ ਕਰਨਹਾਰੀਆਂ ਬਸਤਾਂ, ਤੱਤਾ ਜਲ, ਸ਼ਹਿਤ ਦਾ ਖਾਣਾ, ਕੌੜੇ, ਤਿਕਤ ਅਰ ਕਸੈਲੇ ਸਭ ਪੱਥ ਹਨ, ਇਹ ਖਾਵੇ ॥੩੬੯॥

ਕੁਪੱਥ

ਸੀਤ ਤਿਤੋਦਰਦਿ ਕੋਠੇ ਖੀਰ ਇਖਨ ਸੀਤ।
ਮਦਜ ਆਮਿਖ ਬੇਗ ਰੋਧਨ ਪਵਨ ਦਖਨ ਮੀਤ।
ਦਿਵਸ ਨਿਦ੍ਰਾ ਚਿਕਨ ਭਾਰੀ ਆਤਪੰ ਅਸਨਾਨ।
ਬਜਾਬਾਯ ਏਹੁ ਕੁਪਥ ਭਾਖੇ ਮੇਘ ਰਿਖ ਇਤਿ ਆਨ ॥ ੩੭੦ ॥

ਸੀਤ ਪਿਤੀ, ਉਦਰਦਿ ਅਰ ਕੋਠ ਵਿੱਚ ਦੁਧ, ਗੰਨੇ, ਸਰਦੀ, ਸ਼ਾਬ, ਮਾਸ, ਬੇਗਾਂ ਦਾ ਰੋਕਣਾ, ਦਖਣ ਦੀ ਵਾਯੂ, ਦਿਨ ਦਾ ਸੌਣਾ, ਚੀਕੂਣਾ ਤੇ ਭਾਰਾ ਖਾਣਾ, ਧੁੱਪ, ਅਸ਼ਨਾਨ ਤੇ ਇਸਤ੍ਰੀ ਸੰਗ ਇਹ ਸਭ ਕੁਪਥ ਕਹੇ ਹਨ ॥੩੭੦॥

ਅਥ ਅਮਲ ਪਿਤ ਨਿਦਾਨ—ਚੌਪਈ

ਬਿਰੁਧ ਦੁਸਟਾ ਤੁਰਸ਼ ਅਹਾਰ। ਪਿੱਤਪ੍ਰਕੋਪੀ ਖਾਵਤ ਸਾਰ।
ਜਲਹਿ ਪਿਤ ਬਿਦਾਹੀ ਖਾਇਅਨਲ ਪਿਤ ਯਾਤੇਹੁਇਜਾਇ ॥ ੩੭੧ ॥

‡ਅਥਣਾ ਅਨਾਰ ਦਾ ਬਡਾ ਫਲ।

Digitized by Panjab Digital Library | www.panjabdigilib.org

ਬਿਰੁੱਧ (ਦੁੱਧ ਮਛੀ ਆਦਿ) ਦੁਸ਼ਟ (ਬਿਕ੍ਰਿਤ ਅਰਥਾਤ ਸੜੇ ਗਲੇ) ਭੋਜਨ, ਖੱਟੇ। ਪਿੱਤ ਕ੍ਰੋਧਤ ਕਰਨ ਵਾਲੇ ਖਾਣੇ ਤੇ ਬਿਦਾਹਕ (ਦਾਹਕਾਰਕ) ਖਾਣ ਕਰਕੇ ਪਿੱਤ ਸੜ ਜਾਵੇ ਤਾਂ ਇਸਤੇ ਅਮਲ ਪਿੱਤ ਰੋਗ ਹੋ ਜਾਂਦਾ ਹੈ ॥੩੭੧॥

ਲੱਛਣ--ਦੋਹਰਾ

ਬਮਨ ਤੀਛਨ ਕਮਲਰੁਚਿ ਨਹੀ ਖਟਾ ਲੇਤ ਡਿਕਾਰ।
ਦਾਹ ਕੰਠ ਹਿਯ ਭਾਰ ਅਤਿ ਅਮਲ ਪਿੱਤ ਇਮਧਾਰ ॥ ੩੭੨॥

†ਤ੍ਰਿਖੀ ਕੇ ਔਣੀ, ਗਿਲਾਨੀ, ਅਰੁਚੀ, ਖਟੇ ਖਟੇ ਡਿਕਾਰ ਔਣੇ। ਗਲ ਮੜਨਾ, ਹ੍ਰਿਦਯ ਵਿਖੇ ਭਾਰ ਪ੍ਰਤੀਤ ਦੇਣਾ, ਇਹ ਅਮਲ ਪਿੱਤ ਲੱਛਣ ਹੁੰਦੇ ਹਨ ॥੩੭੨॥

ਲੀਰਾ ਬਿਲਾਸ ਰਸ (ਰਸਤਨਾਕਰਾਤ)--ਦੋਹਰਾ

ਗੰਧਾਰ ਪਾਰਦ ਸੁਧ ਲੈ ਮ੍ਰਿਤ ਤਾਂਬਰ ਅਕਾਸ।
ਸੌਂਚਰ ਮਰਦੋ ਯਾਮ ਇਕ ਲਘੁਪੁਟ ਦੇਵੈ ਤਾਸ ॥੩੭੩ ॥
ਅਖ ਆਮਰੇ ਹਰੜ ਲੈ ਚੜਤਾ ਭਾਗ ਕਢਾਇ।
ਅਸਟ ਬਿਸੇਖੀ ਕ੍ਵਾਥ ਜਲ ਤਾਂਕੋ ਭਾਵਨ ਦਾਇ॥ ੩੭੪ ॥
ਪਾਂਚ ਬੀਚ ਪੁਟ ਦੀਜੀਏ ਭ੍ਰਿਗ ਰਾਜ ਰਸੁ ਪਾਇ।
ਪੰਚ ਗੁੰਜ ਰਸੁ ਮਧੁ ਸਹਿਤ ਅਮਲ ਪਿੱਤ ਸਭ ਜਾਇ॥ ੩੭੫॥
ਰਸ ਲੀਲਾ ਬਿਲਾਸ ਏ ਅਮਲ ਪਿਤ ਰਿਪ ਜਾਨ।
ਰਸਰਤਨਾਕਰ ਏ ਕਹਯੋ ਮੇਘ ਬਖਾਨਯੋ ਆਨ॥ ੩੭੬ ॥

੧੭੦੨-ਗੰਧਕ ਤੇ ਪਾਰਾ ਸੁੱਧ ਲਵੇ। ਮਾਰਿਆਂ ਤਾਂਬਾ, ਅਭ੍ਰਕ ਤੇ ਸੇਂਚਰ ਨਿਮਕ, ਸਮਾਨ ਭਾਗ ਲੈ ਕੇ, ਘੋਟਕੇ ੧ ਪਹਿਰ ਦੀ ਲਘੂਪੁੱਠ ਦੇਵੇ। ਫਿਰ ਬਹੇੜੇ, ਆਵਲੇ, ਅਰ ਹਰੜ ਚੜ੍ਹਦਾ ਭਾਗ ਲਵੇ, ਅਰਥਾਤ ਪਹਿਲੀ ਨਾਲੋਂ ਦੂਜੀ ਦੂਣੀ ਅਰ ਫਿਰ ਕਾੜ੍ਹਾ ਕਰੇ, ਕਾੜ੍ਹੇ ਦਾ ਜਲ ਅੱਠਵਾਂ ਹਿੱਸਾ ਰੱਖੇ, ਇਸ ਕ੍ਵਾਬ ਜਲ ਦੀਆਂ ਫਿਰ ਭਾਵਨਾਂ ਦੇਵੇ ਇਸਤਰਾਂ ਫਿਰ ੨੫ ਲਘੂਪੁਠਾਂ ਭਾਂਗਰੇ ਦੇ ਰਸ ਦੀਆਂ ਦੇਵੇ। ਫਿਰ ਇਹ ਰਸ ੫ ਰੱਤੀਆਂ ਸ਼ਹਿਤ ਵਿਚ ਪਾਕੇ ਚੱਟੇ ਤਾਂ ਅਮਲ ਪਿੱਤ ਨਾਸ਼ ਹੋਵੇ, ਇਸ ਰਸ ਦਾ ਨਾਮ "ਲੀਲਾ ਬਿਲਾਸ ਰਸ" ਹੈ। ਇਹ ਅਮਲ ਪਿੱਤੀ ਦਾ ਸਤਰੂ ਹੈ ਇਹ ਰਸ ਰਸਰਤਨਾਕਰ ਵਿਚ ਲਿਖਯਾ ਹੈ। (ਪਰੰਤੂ ਇਹ ਰਸਤਨਾਕਰ ਵਿਚ ਨਹੀਂ ਹੈ, ਹਾਂ ਰਸ ਰਾਜ ਸੁੰਦਰ, ਅਰ ਰਸੇਂਦਰ ਚਿੰਤਾ ਮਣੀ ਵਿਚ ਹੈ, ਪਰ ਓਨਾਂ ਦੋਹਾਂ ਦਾ ਇਸ ਨਾਲੋਂ ਕੁਛ ਫਰਕ ਹੈ। ਇਸਤੇ ਅਸਾਂ ਓਹ ਰਸ ਏਥੇ ਨਹੀਂ ਲਿਖੇ, ਇਹੋ ਲਿਖ ਦਿਤਾ ਹੈ, ਪ੍ਰਤੀਤ ਹੁੰਦਾ ਹੈ ਕਿ ਅਜੇਹੇ ਰਸ ਵਿਚੋਂ ਨਿਕਲ ਚੁਕੇ ਹਨ) ॥ ੩੭੩ ਤੋਂ ੩੭੬ ॥

---

†ਤ੍ਰਿਖੀ ਕੇ ਦਾ ਇਹ ਨਿਸ਼ਾਨ ਹੁੰਦਾ ਹੈ ਕਿ ਕੰਠ ਵਿੱਚ ਕੌੜਾ ਖੱਟਾ ਅਤੇ ਤੇਜ ਬੇਗ ਆਕੇ ਵਾਪਸ ਮੁੜ ਜਾਂਦਾ ਹੈ।

Digitized by Panjab Digital Library | www.panjabdigilib.org

ਕੂਖ ਮਾਂਡ ਖੰਡ–ਚੌਪਈ

ਸੌਪਲ ਪੇਠੇ ਕਾ ਰਸ ਲੇਇ। ਤਾਂਸਮ ਗੋਕਾ ਦੂਧ ਸੁਦੇਇ।
ਪਲ ਅਠਧਾਤ੍ਰੀ ਚੂਰਨ ਪਾਇ। ਮੰਦ ਅੰਗਨਿ ਤੀਨੋ ਪਕਵਾਇ॥ ੩੭੭॥
ਜਵ ਜਾਕਾ ਪਿੰਡ ਹੋਵੈ ਭਾਲ। ਅਠ ਪਲ ਤਾਮੈਂ ਸਿਤਾ ਜੁ ਡਾਲ।
ਇਕਸਿਰਸਾਹੀ ਨਿਤ ਉਠ ਖਾਇ। ਅਮਲਪਿਤਕਾ ਨਾਸਕਰਾਇ॥੩੭੮॥

੧੭੦੩—ਪੇਠੇ ਦਾ ਰਸ ੪੦੦ ਤੋਲੇ, ਗੋਕਾ ਦੁੱਧ ੪੦੦ ਤੋਲੇ ਤੇ ਆਵਲਿਆਂ ਦਾ ਚੂਰਣ ੩੨ ਤੋਲੇ, ਇਨ੍ਹਾਂ ਨੂੰ ਮੱਠੀ ੨ ਅਗਨੀ ਪਰ ਪਕਾਵੇ। ਜਦ ਪਕਦਾ ਪਕਦਾ ਪਿੰਡ ਦੇ ਸਮਾਨ ਗਾੜ੍ਹਾ ਹੋ ਜਾਵੇ, ਤਾਂ ਫਿਰ ੩੨ ਤੋਲੇ ਮਿਸ਼ਰੀ ਪਾਵੇ, ਅਰ ਫਿਰ ਉਤਾਰਕੇ ਤਿਆਰ ਹੋਯਾ ਰੱਖ ਛਡੇ, ਇਸ ਵਿਚੋਂ ਨਿੱਤ ਪ੍ਰਾਤਾ-ਕਾਲ ਸਵਾ ਦੋ ਤੋਲੇ ਖਾਵੇ ਤਾਂ ਅਮਲ ਪਿੱਤ ਦਾ ਨਾਸ਼ ਹੋਵੇ ॥੩੭੮॥

ਦੋਹਰਾ

†ਨੈਪਾਲੀ ਯਸਟੀ ਗਹੋ ਘੋਟ ਛਾਨ ਸਿਤ ਪਾਇ।
ਪਵਿਤ ਅਮਲ ਜੁ ਪਿਤ ਕੋ ਦੇਵੈ ਤੁਰਤ ਗਵਾਇ॥ ੩੭੯॥

੧੭੦੪—†ਚਿਰੈਤਾ ਤੇ ਮੁਲੱਠੀ ਘੋਟ ਛਾਣਕੇ ਮਿਸਰੀ ਪੀ ਕੇ ਪੀਵੇ ਤਾਂ ਅਮਲਪਿਤ ਜਾਵੇ॥੩੭੯॥

ਅਮਲ ਪਿਤੀ ਪੱਥ–ਚੌਪਈ

ਉਰਧ ਬਮਨਿ ਅਧੋ ਕੇ ਰੇਚ। ਮੁਗਦ ਕਨਕ ਯਵ ਸਾਲ ਸੁਪੇਚ।
ਮਧੁ ਸਾਤੂ ਸਿਤ ਕਦਲ ਪਟੋਲ। ਕੂਖ ਮਾਂਡ ਬਾਬੂ ਕੋ ਘੋਲ॥ ੩੮੦॥
ਦਾਰਮ ਧਾਤ੍ਰੀ ਕਫ ਪਿਤ ਹਰੀ। ਅਮਲ ਪਿਤ ਕੋ ਏ ਪਥ ਧਰੀ।
ਕਕੌੜਾ ਕਾਰੇਲਾ ਆਇ। ਅਮਲ ਪਿਤ ਕਾ ਨਾਸ ਕਰਾਇ॥ ੩੮੧॥

੧੭੦੫—ਜੇਕਰ ਅਮਲ ਪਿੱਤੀ ਮੂੰਹ ਰਸਤੇ ਜਾਵੇ ਤਾਂ ਪਹਿਲੇ ਕੈ ਕਰਾਵੇ, ਜੇ ਨੀਚ ਭਾਵ ਗੁਦਾ ਆਦਿ ਰਸਤੇ ਅਮਲ ਪਿੱਤ ਜਾਵੇ ਤਾਂ ਪਹਿਲੇ ਦਸਤ ਦੇਵੇ। ਫਿਰ ਮੂੰਗ, ਕਣਕ, ਜੌਂ, ਚਾਵਲ,ਸ਼ਹਤ, ਸੱਤੂ, ਮਿਸਰੀ, ਕੇਲਾ ਪਟੋਲ, ਪੇਠਾ, ਬਾਬੂ ਦਾ ਸਾਗ, ਅਨਾਰ, ਆਵਲੇ, ਹੋਰ ਕਫ ਪਿਤ ਦੇ ਨਾਸ਼ ਕਰਨ ਹਾਰੀਆਂ ਬਸਤਾਂ। ਕਕੌੜੇ, ਕਰੇਲੇ ਇਹ ਸਭ ਅਮਲ ਪਿੱਤ ਵਾਲੇ ਨੂੰ ਖੁਲਾਵੇ, ਇਹ ਸਭ ਪਥ ਹਨ ॥੩੮੦॥੩੮੧॥

ਕੁਪੱਥ--ਚੌਪਈ

ਬਮਨਿ ਵੇਗ ਤਿਲ, ਮਾਖ ਕੁਲਤ। ਤੇਲ ਚਿਕਨ ਭਾਰੀ ਮਦ ਅਥ।

---

†ਨੈਪਾਲੀ ਨਾਮ ਮਨਿਮਲ ਹੈ, ਪਰਤ ਏਥੇ ਚਿਰੇਤੇ ਦਾ ਵਾਚਕ ਹੈ, ਕਿਜੋਂਕਿ ਚਰੈਤਾ ਬੀ ਨੈਪਾਲੀ ਵਿਚ ਪੈਦਾ ਹੋਣ ਤੇ ਨੈਪਾਲੀ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਦਧਿ ਤੁਰਸਾਈ ਕੌੜਾ ਜਾਨ। ਕਹੇ ਕੁਪਥ ਸੁ ਮਨਮਹਿ ਆਨ ॥ ੩੯੨ ॥

੧੭੦੬-ਕੈਂ ਔਂਦੀ ਰੋਕਣੀ, ਤਿਲ, ਮਾਂਹ, ਕੁਲਥ, ਤੇਲ, ਚੀਕੁਣੀ ਤੇ ਭਾਰੀ ਬਸਤੂ । ਸ਼ਰਾਬ, ਦਹੀਂ, ਖੱਟੀ ਚੀਜ਼, ਅਰ ਕੌੜੀ ਚੀਜ਼, ਇਨ੍ਹਾਂ ਤੋਂ ਬਚੇ, ਇਹ ਸਭ ਕੁਪਥ ਹਨ ॥੩੯੨॥

ਅਥ ਮਸੂਰੀ (‡ਸੀਤਲਾ--ਖਸਰਾ) ਰੋਗ ਨਿਦਾਨ--ਦੋਹਰਾ

ਅਮਲ ਕਟਕ ਮਟਰਾਦਿ ਤੇ ਲਵਨ ਬਿਰੁਧ ਅਹਾਰ।
ਖਾਰ ਨੀਰ ਯਵ ਰੁਧਿਰ ਫਿਟਿ ਮਾਸੂਰੀ ਅਧਿਕਾਰ ॥ ੩੯੩ ॥

ਖੱਟੇ, ਕੌੜੇ, ਮਟਰ ਆਦਿ, ਲੂਣ, ਅਰ ਵਿਰੁਧ ਭੋਜਨ। ਖਾਰੀ ਜਲ, ਜੌਂ, ਅਰ ਲਹੂ ਦੇ ਫਿਟਣ ਕਰਕੇ ਮਸੂਰੀ ਰੋਗ ਹੁੰਦਾ ਹੈ ॥੩੯੩॥

ਲੱਛਣ--ਦੋਹਰਾ

ਮਸੂਰੀ ਸਮ ਪਿੜਕ ਤਨ ਕੰਡੂ ਅਰੁਚਿ ਤਨ ਭੰਗ।
ਭ੍ਰਮ ਤਨ ਸੋਖ ਬਿਕਾਰ ਦ੍ਰਿਗ ਸਫੇਟ ਕ੍ਰਿਸਨ ਦੁਖ ਰੰਗ ॥ ੩੯੪ ॥

ਮਸਰਾਂ ਦੇ ਦਾਨਿਆਂ ਮਾਫਕ ਪਿੜਕਾਂ ਸਰੀਰ ਪਰ ਹੁੰਦੀਆਂ ਹਨ । ਖੁਰਕ, ਅਰੁਚੀ ਸਰੀਰ ਦਾ ਨਾਸ ਹੁੰਦਾ ਹੈ, ਭ੍ਰਮ, ਸਰੀਰ ਪਰ ਸੋਜ, ਨੇਤ੍ਰ ਵਿਕਾਰ ਫੋਟਾਂ ਕਾਲੀਆਂ ਸਰੀਰ ਪਰ ਹੋ ਕੇ ਸਰੀਰ ਨੂੰ ਤਕਲੀਫ ਹੁੰਦੀ ਹੈ ॥੩੯੪॥

ਅਥ ਉਪਾਇ--ਦੋਹਰਾ

ਰਕਤ ਸ੍ਵੇਤ ਚੰਦਨ ਦੋਊ ਕਟ ਰੋਹਨੀ ਉਸੀਰ।
ਪਰਪਟ ਨਿੰਬ ਦੁਰਾਲਭਾ ਬਾਸਾ ਧਾਤ੍ਰੀ ਬੀਰ ॥ ੩੯੫ ॥
ਪਾਠ ਪਟੋਲ ਜੁ ਪੀਸ ਸਭ ਸਬ ਸਮ ਮਿਸਰੀ ਪਾਇ।
ਜਲ ਸੋ ਚੂਰਨ ਖਾਈਏ ਰੋਗ ਮਸੂਰੀ ਜਾਇ ॥ ੩੯੬ ॥

੧੭੦੭-ਲਾਲ, ਚਿੱਟਾ (ਦੋਨੋਂ ਚੰਦਨ) ਕੁਟਕੀ, ਖੱਸ, ਪਾਪੜਾ, ਨਿੰਮ, ਯਵਾਸਾ, ਬਾਂਸਾ; ਆਂਵਲੇ, ਪਾਠਾ ਤੇ ਪਟੋਲ ਇਹ ਸਭ ਪੀਹਕੇ ਸਾਰਿਆ ਦੇ ਸਮਾਨ ਮਿਸਰੀ ਪਾਕੇ ਚੂਰਣ ਕਰੇ, ਇਹ ਸਭ ਚੂਰਣ ਜਲ ਨਾਲ ਖਾਵੇ ਤਾਂ ਮਸੂਰੀ ਰੋਗ ਜਾਵੇ ॥੩੯੫॥੩੯੬॥

ਪਢ ਮੰਤ੍ਰ ਇਕ ਬੀਸ ਹੀ ਡੇਕ ਪਾਤ ਨਿਤ ਝਾਰ।
ਰੋਗ ਸੀਤਲਾ ਜਾਤ ਹੈ ਚੰਗਾ ਹੁਇ ਬ੍ਰਿਧ ਬਾਰ ॥ ੩੯੭ ॥

---

‡ਸੀਤਲਾ ਰੋਗ ਪਰ ਕਈ ਲੋਗ ਝਾੜ ਫੂਕ ਟੂਣਾ ਟਾਮਣ ਅਧਿਕ ਗੁਣਕਾਰ ਵਿਚਾਰਦੇ ਹਨ, ਪਰੰਤੂ ਰੋਗ ਮਾਤ੍ਰ ਦੀ ਦਵਾਈ ਕਰਨੀ ਵੈਦਕ ਸ਼ਾਸਤ੍ਰ ਦੀ ਆਗਯਾ ਹੈ । ਇਸ ਤੇ ਦਵਾਈ ਦਾ ਸੇਵਨ ਅਵਸ਼ ਕਰੇ।

Digitized by Panjab Digital Library | www.panjabdigilib.org

੧੭੦੮—ਮੰਤ੍ਰ ੨੧ ਬਾਰ ਪੜ੍ਹੇ, ਡੇਕ ਦੇ ਪਤਿਆਂ ਨਾਲ ਝਾੜਾ ਕਰੇ ਤਾਂ ਸੀਤਲਾ ਦਾ ਰੋਗ ਨਾਸ ਹੋਵੇ ਅਰ ਬਾਲਕ ਬ੍ਰਿਧ ਹੋਵੇ ॥੩੮੭॥

ਅਥ ਮੰਤ੍ਰ

"ਓਂ ਹ੍ਰੀ ਪ੍ਰਤਿ ਚਕ੍ਰੇ ਫੁਟ ਵਿਚ ਕਾਯ, ਸ੍ਵਾਹਾ ਓਂ ਹ੍ਰੀ ਨਮ: "

ਦੋਹਰਾ

ਨਿੰਬ ਜੁ ਗੇਰੂ ਲੇਪੀਏ ਕਢੋ ਲੋਹੂ ਧਾਰ ।
ਰੋਗ ਸੀਤਲਾ ਜਾਤ ਟਰ ਰਾਖੋ ਤਾਕੀ ਵਾਰ ॥ ੩੯੮ ॥

੧੭੦੯—ਨਿੰਮ ਦੇ ਪੱਤ੍ਰ ਤੇ ਗੇਰੂ ਇਨ੍ਹਾਂ ਦਾ ਲੇਪ ਕਰੇ ਯਾ ਲਹੂ ਕਢਾਵੇ ਤਾਂ ਸੀਤਲਾ ਰੋਗ ਟਲ ਜਾਵੇ। ਪਰੰਤੂ ਇਸਦੀ ਹਿਫਾਜ਼ਤ ਰਖੇ ॥੩੮੮॥

ਮਸੂਰੀ ਪੱਥ--ਦਵੈਯਾ ਛੰਦ

ਪੂਰਬ ਲੰਘਨ ਬਮਨਿ ਸਿਰਾ ਬਜਧਿ ਰੇਚਨ ਖਸਟਿਕ ਸਾਲਾ ।
ਚਨਕ ਮਸੂਰੀ ਮੁਗਦਾ ਸਿਗ੍ਰ ਯਵ ਫਲ ਦਾਰਿਮ ਲਾਲਾ ।
ਦਾਖਾ ਪੇਠਾ ਸੀਤਲ ਪਾਨੀ ਕਰਿ ਕੋਟਿਕ ਕਰਪੂਰਾ।
ਗੋਮਯ ਭਸਮ ਕਦਲਿ ਫਲ ਗੋ ਘ੍ਰਿਤ ਪੱਥ ਕਹੇ ਇਤ ਸੂਰਾ ॥ ੩੯੯ ॥

੧੭੧੦-ਮਸੂਰੀ ਰੋਗ ਵਿਚ ਪਹਿਲੇ ਬ੍ਰਤ (ਫਾਕੇ), ਫਿਰ ਕੈ, ਫਿਰ ਫਸਤ ਅਰ ਖਾਣ ਨੂੰ ਸੱਠੀ ਦੇ ਚਾਵਲ, ਛੋਲੇ, ਮਸੂਰ, ਮੂੰਗੀ, ਸੁਹਾਂਵਣਾ, ਜੌਂ, ਅਨਾਰਫਲ, ਦਾਖ (ਅੰਗੂਰ) ਪੇਠਾ, ਠੰਢਾ ਜਲ, ਕਰੇਲੇ (ਕਕੌੜੇ), ਕਪੂਰ, ਏਰਨਿਆਂ ਗੋਹਿਆਂ ਦੀ ਭਸਮ ਪਰ ਲੇਟਣਾ, ਕੇਲੇ ਦਾ ਫਲ ਤੇ ਗਊ ਦਾ ਘਿਉ ਇਹ ਮਸੂਰੀ ਦੇ ਪੱਥ ਕਹੇ ਹਨ ॥੩੮੯॥

ਕੁਪੱਥ—ਦੋਹਰਾ

ਬਾਤ ਸ੍ਵੇਦ ਸ੍ਰਮ ਤੈਲ ਗੁਰੁ ਮੈਥਨ ਕ੍ਰੋਧ ਬਿਚਾਰ ।
ਬੇਗ ਰੋਗ ਖਾਟਾ ਕਟੁਕ ਕੁਪਥ ਮਸੂਰੀ ਡਾਰ॥੩੯੦॥

੧੭੧੧—ਵਾਯੂ ਸੇਵਨ, ਪਸੀਨਾ, ਕਸ੍ਰਿਤ, ਤੇਲ, ਗੁੜ, ਇਸਤ੍ਰੀ ਸੰਗ, ਕ੍ਰੋਧ, ਬੇਗ ਦਾ ਰੋਕਣਾ, ਖੱਟਾ ਤੇ ਕੌੜਾ ਇਹ ਮਸੂਰੀ ਦੇ ਕੁਪੱਥ ਹਨ, ਤਿਆਗ ਦੇਵੇ ॥੩੯੦॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘ ਰਾਜ ਬਿਰਚਤੇ ਬਿਦ੍ਰਿਧਿ,
ਸੋਥ, ਬ੍ਰਿਣ, ਨਾੜੀ ਬ੍ਰਿਣ, ਭਗਨ ਬ੍ਰਿਣ, ਭਗੰਦਰ, ਉਪਦੰਸ਼,
ਸੂਕ, ਕੁਸਟ, ਸੀਤ, ਪਿਤੋਦਰਦ, ਅਮਲਪਿਤ, ਬਿਸਰਪ,
ਬਿਸਫੋਟਕ, ਮਸੂਰੀ ਰੋਗ, ਪ੍ਰਮੁਖ ਨਾਮ ਨਵਮੋ ਧਜਾਇ ॥੯॥
ਨਵਮੋ ਧਜਾਯ ਸਮਾਪਤ ॥ ੯ ॥

* *
*

Digitized by Panjab Digital Library | www.panjabdigilib.org

ਦਸਵਾਂ ਅਧਯਾਯ

ਦੋਹਰਾ

ਨਮੋ ਸ੍ਰੀ ਗੁਰਦੇਵ ਕੋ ਬੁੱਧ ਸਿਧਿ ਰਿਧਿ ਦੇਇ।
ਤਿਸ ਪ੍ਰਸਾਦਿ ਦਸਮੋ ਕਹੋਂ ਸੁੰਦ੍ਰ ਧਿਆਇ ਸੁ ਹੋਇ ॥੧॥

ਸੋਭਾਇਮਾਨ ਸ੍ਰੀ ਗੁਰੂ ਜੀ ਨੂੰ ਨਮਸ਼ਕਾਰ ਕਰਦਾ ਹਾਂ। ਜੇਹੜੇ ਬੁੱਧੀ ਰਿੱਧੀ ਸਿੱਧੀ ਦੇ ਦੇਣੇ ਵਾਲੇ ਹਨ। ਤਿਨ੍ਹਾਂ ਦੀ ਕਿਰਪਾ ਨਾਲ ਦਸਵਾਂ ਅਧਯਾਯ ਬ੍ਰਨਣ ਕਰਦਾ ਹਾਂ ॥੧॥

ਅਥ ਕਰਨ ਰੋਗ ਨਿਦਾਨ—ਚੌਪਈ

ਬਾਤ ਅਧਿਕ ਤੇ ਉਪਜਿਤ ਰੋਗ। ਸੋ ਅਨੇਕ ਹੈ ਜਾਨੋ ਜੋਗ।
ਜੈਸਾ ਦੇਖੋ ਤੈਸਾ ਕਰੋ। ਮਾਧਵ ਤੇ ਲੱਛਨ ਸਭ ਧਰੋ ॥ ੨ ॥

ਬਾਤ ਦੀ ਅਧਿਕਤਾ ਤੇ ਕੰਨਾਂ ਦੇ ਰੋਗ ਉਤਪੰਨ ਹੁੰਦੇ ਹਨ, ਸੋ ਅਨੇਕਾਂ ਹਨ। ਜਿਸਤਰਾਂ ਦਾ ਰੋਗ ਵੇਖੋ ਤਿਸੇਤਰਾਂ ਦਾ ਯਤਨ ਕਰੋ ॥੨॥

ਲੱਛਣ--ਦੋਹਰਾ

ਸੂਲ ਸਬਦਿ ਪੀਰਾ ਅਧਿਕ ਕਰਣਿ ਫੋਟ ਕਨਿ ਪਾਕ।
ਸੋਥ ਆਦਿ ਸਬ ਜਾਨਿਯੋ ਮਾਧਵ ਕੇ ਲਖ ਬਾਕ ॥ ੩ ॥

ਸੂਲ ਹੋਣਾ, ਸ਼ਬਦ ਹੋਣਾ, ਪੀੜ ਹੋਣੀ, ਕਰਨ ਫਟ ਤੇ ਕੰਨਾਂ ਦਾ ਪਕਣਾ। ਹੋਰ ਸਜ ਤੋਂ ਆਦਿ ਰੋਗ ਮਾਧਵ ਤੋਂ ਜਾਨਣੇ ਯੋਗ ਹਨ ॥੩॥

ਕਰਣ ਸੂਲ ਉਪਾਇ (ਰਸਰਤਨਾਕਰਾਤ)

ਸੇਂਧਾ ਅਦ੍ਰਕ ਰਸ ਸ਼ਹਿਤ ਪੀਸ ਕਾਂਨ ਮਹਿ ਪਾਇ।
ਕਾਂਨ ਸੂਲ ਸਬ ਜਾਤਿ ਹੈ ਦੀਨੋ ਮੇਘ ਬਤਾਇ ॥ ੪ ॥

੧੭੧੨—ਸੇਧਾਲੂਣ, ਅਦ੍ਰਕ ਦਾ ਰਸ ਤੇ ਸ਼ਹਤ ਬਰੀਕ ਕਰਕੇ ਕੰਨਾਂ ਵਿਚ ਪਾਵੇ ਤਾਂ ਸਭਤਰਾਂ ਦਾ ਕੰਨਾਂ ਦਾ ਸੂਲ ਨਾਸ਼ ਕਰੇ ॥੪॥

(ਵੈਦ ਜੀਵਨਾਤ)—ਦੋਹਰਾ

ਪੀਤ ਪੱਤ੍ਰ ਲੈ ਅਰਕ ਕੇ ਗੋਘ੍ਰਿਤ ਲੇਪੁ ਸਿਕਾਇ।
ਸੋ ਰਸੁ ਨਿਚੁਰੀ ਕਾਨ ਖਿਪ ਕਾਨ ਸੂਰ ਮਿਟ ਜਾਇ ॥੫॥

Digitized by Panjab Digital Library | www.panjabdigilib.org

੧੭੧੩—ਪੀਲੇ ਅਤੇ ਅੱਕ ਦੇ ਲੈ ਕੇ ਗੌਕੇ ਘਿਉ ਨਾਲ ਚੋਪੜਕੇ ਸੇਕ ਕੇ ਰਸ ਕੱਢੇ। ਉਹ ਰਸ ਨਿਚੋੜਿਆ ਹੋਯਾ ਕੰਨ ਵਿੱਚ ਪਾਵੇ, ਤਾਂ ਕੰਨ ਦਾ ਸੂਲ ਨਾਸ਼ ਹੋਵੇ ॥੫॥

ਸ੍ਰਿੰਗ ਬੇਰ ਸੇਂਧਵ ਮਧਕ ਤੇਲ ਪਕ੍ਵ ਕਰ ਲੇਇ।
ਈਖਦੂ ਸੋ ਧਰਿ ਕਾਨ ਮਹਿ ਸੂਰ ਕਾਨ ਮਿਟ ਤੇਹ॥੬॥
ਹਰੀ ਜੁ ਹੁਲਹੁਲ ਆਨਕੈ ਮਲ ਕਰ ਰਸਾ ਨਿਕਾਰ।
ਕਾਂਨ ਮਾਹਿ ਤ੍ਰਿਕ ਬੂੰਦ ਖਿਪ ਕਰਨ ਸੂਲ ਸਭ ਟਾਰ ॥੭॥

੧੭੧੪—ਅਦ੍ਰਕ ਦਾ ਰਸ, ਸੇਂਧਾਨਿਮਕ ਤੇ ਮਹੂਏ ਦੇ ਫੂਲ ਇਹ ਤੇਲ ਵਿੱਚ ਪਕਾਵੇ। ਫਿਰ ਇਸ ਵਿੱਚੋਂ ਥੋੜਾ ਜੇਹਾ ਕੰਨ ਵਿਚ ਪਾਵੇ ਤਾਂ ਸਭ ਤਰਾਂ ਦਾ ਕੰਨ ਸੂਲ ਨਾਸ਼ ਕਰੇ ॥੬॥

੧੭੧੫—ਤਾਜ਼ੀ ਹੁਲਹੁਲ ਲੈ ਕੇ ਹਥੇਲੀ ਵਿਚ ਮਲਕੇ ਰਸ ਕੱਢਕੇ ਤਿੰਨਕੁ ਬੂੰਦਾਂ ਕੰਨ ਵਿਚ ਪਾਵੇ ਤਾਂ ਸਭ ਤਰਾਂ ਦਾ ਕੰਨ ਸੂਲ ਜਾਵੇ ॥੭॥

ਅਦ੍ਰਕ ਸਿਗ੍ਰੂ ਮੂਰਬਾ ਬੈਂਗਣ ਜੜ ਰਸ ਪਾਇ।
ਸੇਂਧਵ ਮਧੁ ਪਾਂਚੋਂ ਪ੍ਰਥਕ ਕਾਨ ਸੂਰ ਹਰਿ ਥਾਇ॥੮॥

੧੭੧੬—ਅਦ੍ਰਕ ਦਾ ਰਸ, ਯਾ:—
੧੭੧੭—ਸੁਹਾਂਵਣੇ ਦਾ ਰਸ, ਯਾ:—
੧੭੧੮—ਮਰੋੜਫਲੀ ਦਾ ਰਸ, ਯਾ:—
੧੭੧੯—ਵਤਾਊਂ ਦੀ ਜੜ੍ਹ ਦਾ ਰਸ, ਯਾ:—
੧੭੨੦—ਸੇਂਧਾਨਿਮਕ, ਯਾ:—
੧੭੨੧—ਸ਼ਹਿਤ, ਇਨ੍ਹਾਂ ਵਿਚੋਂ ਕੋਈ ਬੀ ਕੰਨ ਵਿੱਚ ਪਾਵੇ ਤਾਂ ਕੰਨ ਪੀੜ ਨਾਸ਼ ਹੋਵੇ ॥੮॥

ਟੰਕ ਦੋਇ ਕਿਰਾਂਤ ਲੈ ਪਾਂਚ ਟਾਕ ਕਟੂ ਤੇਲ।
ਅਗਨੀ ਸੰਗਿ ਪਕਾਇ ਖਿਪ ਕਾਂਨ ਸੂਲ ਕੋ ਠੇਲ ॥੯॥

੧੭੨੨-ਚਿਰੈਤਾ ੮ ਮਾਸੇ, ਕੌੜਾ ਤੇਲ ੨੦ ਮਾਸੇ, ਅੱਗ ਤੇ ਚਾੜ੍ਹਕੇ ਕਾੜ੍ਹੇ, ਜਦ ਚਿਰੈਤਾ ਸੜ ਜਾਵੇ ਤਾਂ ਸਾਫ ਕਰਕੇ ਕੰਨਾਂ ਵਿੱਚ ਪਾਵੇ ਤਾਂ ਸੂਲ ਦਾ ਨਾਸ਼ ਕਰੇ ॥੯॥

ਤੂੰਬਰ ਸੁੰਠੀ ਹਿੰਗ ਸਮ ਸਰਸੋ ਤੇਲ ਪਚਾਇ।
ਕਾਂਨ ਸੂਲ ਸਭ ਜਾਤ ਹੈ ਜੋ ਕਾਨੋਂ ਮਹਿ ਪਾਇ ॥੧੦॥

੧੭੨੩‡ਤੁੰਬਰੂ, ਸੁੰਢ ਤੇ ਹਿੰਙ, ਕੌੜੇ ਤੇਲ ਵਿਚ ਪਕਾਵੇ, ਸੱਭੋ ਸੜਕੇ ਜਦ ਤੇਲ ਰਹੇ ਤਾਂ ਕੰਨੀਂ ਪਾਵੇ, ਕੰਨ ਦਾ ਸੂਲ ਨਾਸ਼ ਕਰੇ ॥੧੦॥

ਮੂਲੀ ਸਿਰਸ ਇਰੰਡ ਕੇ ਪਾਤ ਰਸੈ ਨਿਕਲਾਇ।
ਤੇਲ ਟੰਕ ਪੱਚ ਪੱਕ੍ਵ ਕਰ ਕਾਂਨ ਸੂਲ ਮਿਟ ਜਾਇ॥੧੧॥

---

‡ਇਹ ਕਾਲੀ ਮਿਰਚ ਬਰਾਬਰ ਫਟੇ ਮੂੰਹ ਦਾ ਤੁੰਬਰੂ ਨਾਮ ਦਾ ਫਲ ਹੁੰਦਾ ਹੈ।

Digitized by Panjab Digital Library | www.panjabdigilib.org

੧੭੨੪-ਮੂਲੀ ਦੇ, ਸ਼ਰੀਂਹ ਦੇ ਅਰ ਅਰਿੰਡ ਦੇ ਪੱਤ੍ਰ ਲੈ ਕੇ ਰਸਾ ਕੱਢੇ ਅਰ ੫ ਟੰਕ ਕੌੜੇ ਤੇਲ ਵਿੱਚ ਪਕਾਕੇ ਕੰਨੀਂ ਪਾਵੇ ਤਾਂ ਕੰਨ ਦਾ ਸੂਲ ਨਾਸ਼ ਕਰੇ ॥੧੧॥

ਟੰਕਨ ਪੀਸੀ ਕਾਂਨ ਖਿਪ ਬੂੰਦ ਦੋਇ ਕਟ ਤੇਲ।
ਊਪਰ ਪਾਵਤ ਜਾਵਹੀ ਕਾਂਨ ਸੂਲ ਦੁਖ ਠੇਲ ॥੧੨॥

੧੭੨੫-ਸੁਹਾਗਾ ਪੀਹਕੇ ਕੰਨ ਵਿੱਚ ਥੋੜਾ ਜੇਹਾ ਪਾਵੇ, ਉਪਰੋਂ ਦੋ ਕੁ ਬੂੰਦਾਂ ਕੌੜੇ ਤੇਲ ਦੀਆਂ ਪਾਵੇ ਤਾਂ ਕੰਨ ਦਾ ਸੂਲ ਨਾਸ਼ ਹੋਵੇ ॥੧੨॥

(ਜੋਗਸਤਾਤ)--ਦੋਹਰਾ

ਅਦ੍ਰਕ ਗੁਗਲ ਸੇਂਧਵਾ ਬੀਜੌਰਾ ਜੜ ਲਿਆਇ।
ਕਾਂਜੀ ਕੌੜੇ ਤੇਲ ਮੈ ਪਾਵੈ ਕਾਨ ਪਕਾਇ ॥ ੧੩ ॥
ਕਾਂਨ ਸੂਲ ਸਬ ਜਾਤ ਹੈ ਸਾਚੀ ਬਾਤ ਬਖਾਨ।
ਸਾਜੀ ਨਿੰਬੂ ਰਸ ਗਹੇ ਕਾਨ ਸੂਲ ਕੀ ਹਾਨ ॥ ੧੪ ॥

੧੭੨੬-ਅਦ੍ਰਕ, ਗੁਗਲ, ਸੇਂਧਾਲੂਣ ਤੇ ਬਿਜੌਰੇ ਦੀ ਜੜ੍ਹ ਕਾਂਜੀ ਤੇ ਕੌੜੇ ਤੇਲ ਵਿੱਚ ਪਕਾਕੇ ਕੰਨੀਂ ਪਾਵੇ, ਤਾਂ ਕੰਨ ਦਾ ਸੂਲ ਨਾਸ਼ ਕਰੇ। ਯਾ:
੧੭੨੭-ਸੱਜੀ ਤੇ ਨਿੰਬੂ ਦਾ ਰਸ ਪਾਵੇ ਤਾਂ ਕੰਨ ਪੀੜ ਨਾਸ਼ ਕਰੇ ॥੧੪॥

(ਵੰਗਸੇਨਾਤ)-ਦੋਹਰਾ

ਦੇਵਦਾਰ ਬਚ ਹਿੰਗੁ ਲੈ ਸੇਂਧਾ ਗੋਕਾ ਮੂਤ।
ਕਟਕ ਤੇਲ ਸੋਂ ਪਾਕ ਕਰ ਠਿਲੋ ਕਾਨ ਮਹਿ ਸੂਤ ॥ ੧੫ ॥
ਮਿਟਤ ਕਾਨ ਕਾ ਸੂਲ ਸਭ ਪੂਤ ਪਰਤ ਸਭ ਜਾਤ।
ਲਸਨ ਨੀਰ ਵਾ ਉਸਨ ਕਰ ਕਾਨਸੂਰ ਮਿਟ ਬਾਤ ॥ ੧੬ ॥

੧੭੨੮-ਦੇਵਦਾਰ, ਵਚ, ਹਿੰਙ, ਸੇਂਧਾਲੂਣ, ਗੋਕਾ ਮੂਤ੍ਰ, ਤੇ ਕੌੜਾ ਤੇਲ ਪਾਕੇ ਪਕਾਵੇ, ਉਹ ਪੱਕਿਆਂ ਤੇਲ ਫਿਰ ਕੰਨ ਪਾਵੇ ਤਾਂ ਕੰਨ ਦਾ ਸੂਲ, ਪਾਕ ਦਾ ਵਗਣਾ ਨਾਸ਼ ਹੋਵੇ:—
੧੭੨੯-ਲਸਨ ਦਾ ਪਾਣੀ ਕੱਢਕੇ ਗਰਮ ਕਰਕੇ ਕੰਨ ਪਾਵੇ, ਤਾਂ ਸੂਲ ਪਾਕ ਨਾਸ ਕਰੇ ॥੧੫॥੧੬॥

ਦੋਹਰਾ

ਸੇਂਧਵ ਛਾਂਗੀ ਮੂਤ ਸੇ ਪਕ੍ਵ ਕਰੀ ਖਿਪ ਕਾਨ।
ਕਾਨ ਸੂਲ ਸਭ ਜਾਤ ਹੈ ਕਹਤ ਮੇਘ ਇਹ ਬਾਨਿ ॥ ੧੭॥

Digitized by Panjab Digital Library | www.panjabdigilib.org

ਜਾਤ ਪਤ੍ਰ ਗੋਮੂਤ੍ਰ ਸੋਂ ਪੀਸੀ ਗਰਮ ਕਰੇਇ।
ਤਾਂਕਾ ਰਸ ਕਾਨਹਿ ਭਰੋ ਕਾਨ ਸੂਲ ਹਰ ਲੇਇ॥ ੧੮॥
ਪੁਰ ਪੀਪਰ ਕੀ ਪੋਟਲੀ ਬਸਨ ਬਾਂਧਿ ਧਰ ਆਗ।
ਨਿਕਸਤ ਧੂਆਂ ਕਾਨ ਦੇ ਕਾਨ ਸੂਲ ਸਭ ਭਾਗ ॥ ੧੯ ॥

੧੭੩੦–ਸੇਂਧਾਲੂਣ, ਬਕ੍ਰੀ ਦੇ ਪੇਸ਼ਾਬ ਨਾਲ ਪਕਾਕੇ ਕੰਨ ਪਾਵੇ, ਤਾਂ ਕੰਨ ਦਾ ਸੂਲ ਨਾਸ਼ ਕਰੇ ॥੧੭॥

੧੭੩੧–ਚੰਬੇਲੀ ਦੇ ਪੱਤਰ ਗਊ ਮੂਤ੍ਰ ਨਾਲ ਪੀਹਕੇ, ਗਰਮ ਕਰੇ, ਅਰ ਫਿਰ ਰਸ ਕੱਢਕੇ ਕੰਨੀ ਪਾਵੇ ਤਾਂ ਕੰਨ ਦਾ ਸੂਲ ਨਾਸ਼ ਕਰੇ ॥੧੮॥

੧੭੩੨–ਗੁੱਗਲ ਤੇ ਮਘ ਦੀ ਪਟੋਲੀ ਬਸਤ੍ਰ ਵਿੱਚ ਬੰਨ੍ਹਕੇ ਅੱਗ ਪਰ ਧਰੇ, ਜਦ ਉਸਦਾ ਧੂੰਆਂ ਨਿਕਲੇ ਤਾਂ ਕੰਨ ਵਿਚ ਦੇਵੇ, ਤਾਂ ਉਹ ਧੂੰਆਂ ਕੰਨ ਦੀ ਪੀੜਾ ਨਾਸ਼ ਕਰੇ ॥੧੯॥

(ਵੰਗਸੇਨਾਤ)

ਥੋਹਰ ਗਿਰਕੋ ਗਰਮ ਕਰ ਕਾਨ ਬੀਚ ਰਸ ਦੇਇ।
ਕਾਨ ਸੂਲ ਦੁਖ ਜਾਤ ਮਿਟ ਬੰਗਸੇਨ ਭਨ ਤੇਇ ॥੨੦॥

੧੭੩੩–ਥੋਹਰ ਦੀ ਗਿਰੀ ਗਰਮ ਕਰਕੇ ਉਸਦਾ ਰਸ ਕੰਨ ਵਿੱਚ ਨਿਚੋੜੇ ਤਾਂ ਕੰਨ ਦਾ ਸੂਲ ਨਾਸ਼ ਹੋਵੇ, ਇਹ ਵਗਸੇਨ ਦਾ ਮਤ ਹੈ ॥੨੦॥

ਕਰਣਪੂਤ ਉਪਾਇ (ਰਸਰਤਨਾਕਰ)--ਸੋਰਠਾ

ਮਿਟਤ ਕਾਨ ਕੀ ਪੂਤ ਮੇਂਘਨਾਦ ਰਸ ਕਰਨ ਭਰ।
ਕਾਂਨ ਪੂਤ ਦੁਖ ਸੂਤ ਲਸੁਨ ਅਰਕ ਤਿਲ ਪਤ੍ਰ ਰਸ ॥੨੧॥

੧੭੩੪–ਚੌਲਾਈ ਦਾ ਰਸ ਕੰਨ ਵਿੱਚ ਪਾਵੇ ਤਾਂ ਕੰਨ ਦੀ ਪਾਕ ਜਾਂਦੀ ਰਹੇ।

੧੭੩੫–ਲੱਸਣ, ਅੱਕ ਦੇ ਅਰ ਤਿਲਾਂ ਦੇ ਪਤਰਾਂ ਦਾ ਰਸ ਕੱਢਕੇ ਕੰਨੀਂ ਪਾਵੇ ਤਾਂ ਪਾਕ ਵਗਣਾ ਨਾਸ਼ ਹੋਵੇ ॥੨੧॥

(ਕਾਲਗਜਾਨਾਤ)

ਅਸਗੰਧ ਹੁਲਹੁਲ ਨੀਰ ਸਤਮੂਲੀ ਛੇਲੀ ਦੁਗਧ।
ਮਿਟਤ ਕਾਨ ਕੀ ਪੀਰ ਪੂਤ ਪਕਾਈ ਕਾਨ ਭਰ ॥੨੨॥
ਬਾਲ ਮੂਤ ਸੋ ਪੀਸ ਸਾਜੀ ਬੂੰਦ ਦੁ ਕਾਨਿ ਧਰਿ।
ਕਾਨ ਪੂਤ ਸਭ ਖੀਸ ਕਾਲਗਜਾਨ ਕੇ ਬਚਨ ਏ ॥੨੩॥

Digitized by Panjab Digital Library | www.panjabdigilib.org

੧੭੩੬–ਅਸਗੰਧ, ਹੁਲਹੁਲ ਦਾ ਪਾਣੀ, ‡ਵਚ, ਬਕ੍ਰੀ ਦਾ ਦੁੱਧ, ਇਹ ਸਭ ਪਕਾਕੇ ਕੰਨ ਵਿੱਚ ਪਾਵੇ ਤਾਂ ਪਾਕ ਅਰ ਕੰਨ ਪੀੜਾ ਨਾਸ਼ ਕਰੇ॥੨੨॥

੧੬੩੭–ਬਾਲਕ ਦੇ ਮੂਤਰ ਨਾਲ ਸੱਜੀ ਪੀਹਕੇ ਦੋ ਕੁ ਬੂੰਦਾਂ ਕੰਨ ਵਿਚ ਪਾਵੇ ਤਾਂ ਕੰਨ ਦੀ ਪਾਕ ਵਗਦੀ ਸਭ ਜਾਵੇ, ਇਹ ਕਾਲ ਗਜਾਨ ਦਾ ਮਤ ਹੈ ॥੨੩॥

ਅਥ ਕਾਨ ਮੈ ਕੋਈ ਜੀਵ ਪ੍ਰਵੇਸ਼ ਕਰ ਗਿਆ ਹੋਵੇ ਤਿਸਦਾ ਉਪਾਇ–ਸੋਰਠਾ

ਰੋਹਨਿ ਸਰਸ ਕੁਮਾਰ ਦਾਰ ਬਚਾ ਕਟੁ ਤੇਲ ਸੇ।
ਦੋਹੁ ਪਕਾਈ ਡਾਰ ਕਾਨ ਬੀਚ ਪੀਰਾ ਮਿਟਤ ॥੨੪॥

੧੭੩੮–ਕੁਟਕੀ, ਕੁਾਰ ਦਾ ਰਸ, ਦੇਵਦਾਰ ਤੇ ਵਚ, ਇਹ ਸਭ ਕੌੜੇ ਤੇਲ ਵਿਖੇ ਪਕਾਕੇ ਕੰਨ ਵਿਚ ਪਾਵੇ ਤਾਂ ਕੰਨ ਦੇ ਜੀਵ ਪਏ ਦੀ ਪੀੜ ਨਾਸ਼ ਹੋਵੇ ॥੨੪॥

ਨਰ ਮੂਤਰ ਤਤਕਾਲ ਕਾਨ ਮਾਹਿ ਲੈ ਪਾਈਏ।
ਜੰਤ ਪੀਰ ਕੋ ਟਾਲ ਸੂਲ ਕਾਨ ਕਾ ਜਾਤ ਟਰ ॥੨੫॥

੧੭੩੯–ਆਦਮੀ ਦਾ ਮੂਤ੍ਰ ਛੇਤੀ ਦੇ ਨਾਲ ਕੰਨ ਵਿਚ ਪਾ ਦੇਵੇ ਤਾਂ ਕੰਨ ਪਏ ਜੀਵ ਦੀ ਪੀੜਾ ਦੂਰ ਹੋਵੇ, ਅਰ ਸੂਲ ਬੀ ਕੰਨ ਦਾ ਨਾਸ਼ ਹੋਵੇ ॥੨੫॥

ਪਜਾਜ ਸ੍ਵੇਤ ਰਸ ਆਨ ਨੀਲਾ ਥੋਥਾ ਮਰਚਿ ਭਨਿ।
ਬ੍ਰਹਮਦੰਡਿ ਰਸ ਠਾਨਿ ਨਕ ਛਿਕਨੀ ਸਭ ਟੰਕ ਟੰਕ ॥੨੬॥
ਕਾਨ ਬੀਚ ਏ ਪਾਇ ਰਸ ਪਵਾੜ ਕੈ ਸੰਗ ਹੀ।
ਨਿਕਸ ਜੰਤ ਸਬ ਜਾਇ ਪੀਰਾ ਮਿਟ ਸਤ ਕਾਨ ਕੋ ॥੨੭॥

੧੭੪੦–ਚਿੱਟੇ ਗੰਢੇ ਦਾ ਰਸ, ਨੀਲਾ ਥੋਥਾ, ਮ੍ਰਿਚ, ਬ੍ਰਹਮਡੰਡੀ ਦਾ ਰਸ ਤੇ ਨਕ ਛਿਕਣੀ ਬੂਟੀ ਇਹ ਸਭ ੪–੪ ਮਾਸੇ, ਏਲੋਂ ਦੇ ਰਸ ਨਾਲ ਕੰਨ ਪਾਵੇ, ਤਾਂ ਜੀਵ ਜੰਤ ਕੰਨ ਵਿੱਚ ਪਿਆ ਨਿਕਲ ਜਾਵੇ ਤੇ ਪੀੜਾ ਨਾਸ਼ ਕਰੇ ॥੨੬॥੨੭॥

ਬਧਰ ਉਪਾਇ (ਰਸਰਤਨਾਕਰਾਤ)–ਚੌਪਈ

ਮੂਸਲਿ ਵਾਕੁਚਿ ਚੂਰਨ ਕਰੋ। ਕਰਖ ਏਕ ਨਿਤ ਖਾਵਨ ਧਰੋ।
ਬਧਿਰ ਰੋਗਮਿਟ ਬਹੁਤਾ ਸੁਨੈ। ਰਸਰਤਨਾਕਰ ਇਮਕਰ ਭਨੈ॥੨੮॥

੧੭੪੧–ਚਿੱਟੀ ਮੂਸਲੀ ਤੇ ਬਾਵਚੀ ਸਾਫ ਕੀਤੀ ਹੋਈ ਦਾ ਚੂਰਣ ਕਰ ਲਵੇ. ਅਰ '੧ ਤੋਲੇ ਤਕ ਨਿੱਤ ਖਾਵੇ, ਤਾਂ ਬਹਿਰਾਪਨ ਜਾਵੇ, ਇਹ ਰਸ ਰਤਨਾਕਰ ਵਿੱਚ ਲਿਖਿਆ ਹੈ ॥੨੮॥

---

‡ਸਤਮੂਲੀ–ਨਾਮ ਵਚ ਦਾ ਹੈ, ਤਸੱਲੀ ਨਹੀਂ ਤਾਂ ਦੇਖ ਔਸ਼ਧੀ ਕੋਸ਼ ਗੁਣ ਵਾਸਤੇ ਦੇਖੋ 'ਮਖਜ਼ਨ ਮੁਫਰਦਾਤ' ਹੋਰ ਮੂਲੀ ਦਾ ਸਤ ਕੋਈ ਨਹੀਂ ਕੱਢਦਾ, ਨਾ ਹੀ ਮੂਲੀ ਦੇ ਸਤ ਵਿਚ ਇਹ ਗੁਣ ਹੁੰਦੇ ਹਨ।

Digitized by Panjab Digital Library | www.panjabdigilib.org

ਲੋਦ ਮਜੀਠ ਕੁਪਿਥ ਫਲ ਲਾਖ। ਧਾਵੇ ਮਹੁਵਾ ਗੁਠਲੀ ਰਾਖ।
ਤੇਲ ਪਕਾਇ ਬੂੰਦ ਦੋ ਪਾਇ। ਕਾਨ ਬਧੁਰ ਬਹੁ ਰੋਗ ਨਸਾਇ ॥੨੯॥

੧੭੪੨—ਪਠਾਨੀਲੋਦ,ਮਜੀਠ, ਕੈਥ ਦਾ ਫਲ, ਲਾਖ, ਧਾਵੇ ਦੇ ਫੁੱਲ, ਮਹੂਏ ਦੀ ਗਿਟਕ ਦੀ ਭਸਮ ਲੈ ਕੇ ਤੇਲ ਵਿੱਚ ਪਕਾਵੇ ਅਰ ਸਾਫ ਕਰਕੇ ਦੋ ਬੂੰਦਾਂ ਕੰਨ ਵਿਚ ਪਾਵੇ ਤਾਂ ਕੰਨ ਦਾ ਬਹਰਾਪਨ ਜਾਵੇ ॥੨੯॥

(ਵੰਗਸੇਨਾਤ)—ਦੋਹਰਾ

ਕਾਕਜੰਘ ਜੜ ਰਸ ਗਹੀ ਦੇਹੁ ਕਾਨ ਕੇ ਬੀਚ।
ਸੁਨਤ ਸਬਦ ਕੋ ਤਤਛਿਨੈ ਜੋ ਬੋਲਤ ਮੁਖ ਬੀਚ॥ ੩੦॥

੧੭੪੩—ਕਾਕਜੰਘ ਦੀ ਜੜ੍ਹ ਦਾ ਰਸ ਕੰਨ ਵਿਚ ਪਾਵੇ ਤਾਂ ਉਸੀ ਵਕਤ ਸੁਣਨ ਲੱਗੇ ਤੇ ਹਰਾਪਨ ਜਾਵੇ ॥੩੦॥

ਚੌਪਈ

ਗੋ ਮੂਤਰ ਸੰਗ ਬਿੱਲ ਪਸਾਇ। ਪਾਛੇ ਪਾਈ ਤੇਲ ਪਚਾਇ।
ਸੋ ਰਸ ਦੇਵਹੁ ਕਾਨਹਿ ਪਾਇ। ਬਧਿਰ ਰੋਗ ਸਭ ਦੂਰ ਪਰਾਇ॥ ੩੧ ॥

੧੭੪੪-ਗਊ ਮੂਤ੍ਰ ਨਾਲ ਬਿਲਗਿਰੀ ਪੀਹੇ, ਪਿਛੋਂ ਤੇਲ ਪਾਕੇ ਪਕਾਵੇ, ਫਿਰ ਉਸਦਾ ਰਸ ਕੰਨ ਪਾਵੇ ਤਾਂ ਬੋਲਾਪਨ ਨਾਸ਼ ਹੋਵੇ ॥੩੧॥

ਨਿਸਾ ਕਣਾ ਟੰਕ ਨਵ ਨਵ ਲੇਇ। ਸੁੰਠੀ ਟੰਕ ਪਾਚ ਲੈ ਦੇਇ।
ਰਸ ਕੁਮਾਰ ਇਤਨਾ ਹੀ ਪਾਇ। ਗਿਰਹਰਨੋਲੀਦਸਟੰਕ ਥਾਇ ॥੩੨॥
ਅਰਕ ਫੂਲ ਤ੍ਰੈ ਟਾਂਕ ਪ੍ਰਮਾਨ। ਮਧੁ ਪਲੁ ਪਾਂਚਹਿ ਤਾਂ ਮਹਿ ਠਾਨ ॥
ਤ੍ਰਿਕਪਲ ਗੋ ਘ੍ਰਿਤ ਮਾਹਿ ਰਲਾਇ। ਸਬੇਰਲਾਈ ਇਕਪਲਖਾਇ ॥੩੩॥
ਕਰਨ ਬਾਤ ਯਾਹੀ ਤੇ ਟਰੈ। ਬਹਿਰਾ ਸਬਦ ਬਹੁਤ ਕਨ ਧਰੈ।
ਕਰਨ ਬ੍ਰਿਥਾ ਸਭ ਜਾਵਤ ਸਹੀ। ਲਖੋ ਬੈਦ ਗੁਨ ਮੇਘੈ ਕਹੀ॥ ੩੪ ॥

੧੭੪੫-ਹਲਧੀ ਤੇ ਮਘ ੩੬-੩੬ ਮਾਸੇ, ਸੁੰਢ ੨੦ ਮਾਸੇ, ਕੁਆਰ ਦਾ ਰਸ ੨੦ ਮਾਸੇ, ਅਰਿੰਡ ਦੀ ਗਿਰੀ ੪੦ ਮਾਸੇ, ਅੱਕ ਦੇ ਫੁਲ ੧੨ ਮਾਸੇ, ਸ਼ਹਿਤ ੨੫ ਤੋਲੇ, ਗੋਕਾ ਘਿਉ ੧੨ ਤੋਲੇ ਇਹ ਸਭ ਰਲਾ ਕੇ ੪ ਤੋਲੇ ਨਿੱਤ ਖਾਵੇ, ਇਸ ਦੇ ਪ੍ਰਭਾਵ ਕੰਨਾਂ ਦੀ ਵਾਯੂ ਜਾਵੇ, ਬੋਲਾਪਨ ਜਾਂਦਾ ਹੈ ਰਹੇ, ਅਰ ਕੰਨਾਂ ਦਾ ਸਭ ਰੋਗ ਨਾਸ ਕਰੇ। ੩੨ ਤੋਂ ੩੪॥

ਕਨੇਡੂ ਉਪਾਇ (ਰਸਰਤਨਾਕਰਾਤ)--ਦੋਹਰਾ

ਕਨਕ ਸਿਗ੍ਰ ਸੇਂਧਾ ਲਵਨ ਆਰਨਾਲ ਸੰਗ ਲੇਪ।
ਕਰਨ ਮੂਲੈਂ ਦੁਖ ਜਾਤ ਮਿਟ ਕਾਨੇਡੂ ਕਾ ਮੇਪ॥ ੩੫ ॥

Digitized by Panjab Digital Library | www.panjabdigilib.org

ਮਹਿਖੀ ਮਾਖਨ ਮੂਸਲੀ ਚਿਕਨੇ ਭਾਂਜਨ ਪਾਇ ॥
ਧਾਨ ਮਾਹਿ ਦਿਨ ਸਾਤ ਰਖ ਪਿਛੇ ਨਿਕਾਲੀ ਲਾਇ ॥ ੩੬ ॥
ਸਾਤ ਲੇਪ ਤਾਂਕੋ ਕਰੋ ਮਿਟਤ ਕਨੇਡੂ ਪੀਰ।
ਰਸਰਤਨਾਕਰ ਇਮ ਕਹੀ ਸਮਝ ਲੇਹੁ ਤੁਮ ਬੀਰ ॥ ੩੭ ॥

੧੭੪੬—ਧਤੂਰਾ, ਸੁਹਾਂਵਣਾਂ ਤੇ ਸੇਂਧਾਲੂਣ, ਕਾਂਜੀ ਨਾਲ ਲੇਪ ਕਰੇ ਤਾਂ ਕੰਨਾਂ ਦੀ ਜੜ ਦਾ ਦੁਖ ਨਾਸ਼ ਅਰ ਕਨੇਡੂ ਬੀ ਨਾਸ਼ ਕਰੇ ॥੩੫॥

੧੭੪੭—ਮਹੀਂ ਦਾ ਮਖਣ ਤੇ ਮੂਸਲੀ ਥਿੰਧੇ ਭਾਂਡੇ ਵਿਚ ਪਾਕੇ ੭ ਦਿਨ ਧਾਨਾਂ ਵਿਚ ਦਬਾਵੇ, ਪਿਛੋਂ ਕੱਢਕੇ ੭ ਲੇਪ ਕਰੇ ਤਾਂ ਕਨੇਡੂ ਰੋਗ ਜਾਵੇ, ਇਹ ਰਸਰਤਨਾਕਰ ਦਾ ਮਤ ਹੈ ॥੩੬॥੩੭॥

ਅਸਗੰਧ ਬਾਵਚ ਗਜ ਕਣਾ ਕੂਟ ਮਹਿਖ ਨਵਨੀਤ।
ਲੇਪਨ ਕਰ ਦਿਨ ਸਾਤ ਲੌ ਪਾਲੀ ਕਰਨ ਬਿਨੀਤ ॥ ੩੮ ॥

੧੭੪੮—ਅਸਗੰਧ, ਬਾਵਚੀ ਤੇ ਲੰਬੀ ਮਘ, ਕੁੱਟਕੇ ਮਹੀਂ ਦੇ ਮੱਖਣ ਵਿਚ ੭ ਦਿਨ ਲੇਪ ਕਰੇ, ਤਾਂ ਕੰਨਾਂ ਦੀ ਪਾਲ ਪਰ ਹੋਣੇ ਵਾਲਾ ਕਨੇਡੂ ਨਾਸ਼ ਹੋਵੇ ॥੩੮॥

ਗੁੰਜ ਮੂਰ ਘਸ ਮਹਿਖ ਪਯ ਗਰਮ ਲੇਪ ਕਰ ਲਾਇ।
ਮਿਟਤ ਜੁ ਪਾਲੀ ਕਰਨ ਕੀ ਦੀਨੀ ਮੇਘ ਬਤਾਇ ॥ ੩੯ ॥

੧੭੪੯—ਰੱਤਕਾਂ ਦੀ ਜੜ੍ਹ, ਮਹੀਂ ਦੇ ਦੁਧ ਵਿਚ ਘਿਸਾਕੇ ਤੱਤੀ ਕਰਕੇ ਲੇਪ ਲਾਵੇ ਤਾਂ ਪਾਲੀ ਰੋਗ ਅਰਥਾਤ ਕਨੇਡੂ ਜਾਵੇ ॥੩੯॥

ਕਾਲੀ ਜੀਰੀ ਮਰਚ ਲੈ ਕੁਚਲਾ ਗੋਕਾ ਮੂਤ।
ਲੇਪ ਕਰਨ ਦੁਖ ਜਾਤ ਮਿਟ ਕਾਨੇਡੂ ਅਧਭੂਤ ॥ ੪੦ ॥

੧੭੫੦—ਕਾਲੀਜੀਰੀ, ਮਿਰਚ, ਤੇ ਕੁਚਲਾ ਗੋਕੇ ਮੂਤ ਵਿਚ ਘੋਟਕੇ ਲੇਪ ਕਰੇ; ਤਾਂ ਕਨੇਡੂ ਰੋਗ ਜਾਵੇ, ਇਹ ਲੇਪ ਬਹੁਤ ਸਰੇਸ਼ਟ ਹੈ ॥੪੦॥

ਕਾਨ ਬੀਂਧਨੇ ਸੇ ਜੋ ਪੱਕ ਜਾਇ ਤਿਸਕਾ ਉਪਾਇ

ਸ੍ਵੇਤ ਕਥ ਲੈ ਪੀਸਕੈ ਕਟੁਕ ਤੇਲ ਸੋ ਲਾਇ।
ਕਾਨ ਪਾਕ ਦੂਰਹਿ ਭਜਤ ਸਾਚੀ ਦਈ ਬਤਾਇ ॥ ੪੧ ॥
ਮਾਖਨ ਲਾਵਤ ਨਿਸ ਦਿਨੇ ਵਾ ਕਟੁ ਤੇਲ ਲਗਾਇ।
ਭਠਿਆਲੇ ਕਾ ਧੂਮ ਮਲ ਕਾਨ ਪਾਕ ਮਿਟ ਜਾਇ ॥ ੪੨ ॥

੧੭੫੧—ਚਿੱਟੀਕੱਥ ਪੀਹ ਲਵੇ ਤੇ ਕੌੜੇ ਤੇਲ ਨਾਲ ਲਾਵੇ ਤਾਂ ਕੰਨ ਦਾ ਪਾਕਾ ਦੂਰ ਹੋਵੇ॥੪੧॥

੧੭੫੨—ਮੱਖਣ ਰਾਤ ਦਿਨ ਲਾਵੇ, ਇਸ ਤਰਾਂ ਕੌੜਾ ਤੇਲ ਲਾਵੇ, ਪਿਛੋਂ ਭੱਠੀ ਦਾ ਧੂੰਆਂ ਮਲੇ ਤਾਂ ਕੰਨਾ ਦਾ ਪਕਣਾ ਜਾਵੇ ॥੪੨॥

Digitized by Panjab Digital Library | www.panjabdigilib.org

ਅਥ ਜੋਕ ਲਗਾਈ ਡੰਗ ਪਕ ਜਾਇ ਤਿਸਦਾ ਉਪਾਇ (ਕਾਲਗਜ਼ਾਨਾਤ)—ਦੋਹਰਾ

ਕਟਕ ਤੇਲ ਸੋ ਨਿੰਬ ਦਲ ਵਾ ਮਸਰੀ ਕੀ ਰਾਖ।
ਡੰਕ ਪਾਕ ਮਿਟ ਜਾਤ ਹੀ ਕਾਲਗਜ਼ਾਨ ਕੀ ਸਾਖ॥ ੪੩ ॥

੧੭੫੩—ਕੌੜੇ ਤੇਲ ਨਾਲ ਨਿੰਮ ਤੇ ਪਤਰੇ ਲਾਵੇ ਯਾਂ:—
੧੭੫੪-ਮਸਰਾਂ ਦੀ ਸੁਆਹ ਕਰਕੇ ਕੌੜੇ ਤੇਲ ਨਾਲ ਲੇਪ ਕਰੇ ਤਾਂ ਡੰਗ ਪਾਕ ਨਾਸ਼ ਹੋਵੇ ॥੪੩॥

ਕੰਨ ਰੋਗ ਦੇ ਪੱਥ—ਚੌਪਈ

ਸ੍ਵੇਦ ਬਿਰੇਚ ਬਮਨਿ ਬਿਧਨਾਰ। ਨਸਯ ਕਨਕ ਮੁਗਦਾ ਯਵ ਸਾਰ।
ਸਿਗ੍ਰ ਸੀਲ ਕਰੇਲਾ ਜਾਨ। ਪਥ ਜੋ ਬੈਂਗਨ ਕੋਮਲ ਬਾਨ ॥ ੪੪ ॥

੧੭੫੫—ਪਸੀਨਾ, ਦਸਤ, ਕੈ, ਨਾੜ ਵੇਧਨਾ, ਨਸਵਾਰ ਦੇਣੀ, ਕਣਕ, ਮੂੰਗੀ, ਜੌਂ, †ਮੱਖਣ, ਸੁਹਾਂਵਣਾ, ਸੀਲ, ਕਰੇਲੇ ਅਤੇ ਵਤਾਊਂ ਇਹ ਸਭ ਖਾਣੇ ਪੱਥ ਹਨ ॥੪੪॥

ਕੁਪੱਥ ਚੌਪਈ

ਕਫੀ ਕੰਡੂਯਨ ਸਿਰ ਇਸਨਾਨ। ਸੀਤ ਬਯਾਮ ਜੋ ਦਾਤਨਿ ਜਾਨ।
ਭਾਰੀ ਭੋਜਨ ਕਹੇ ਕੁਪਥ। ਕਾਨ ਰੋਗ ਕੇ ਭਾਖੇ ਕੁਪਥ ॥ ੪੫ ॥

੧੭੫੬—ਕਫਕਾਰਕ ਬਸਤਾਂ ਖਾਣੀਆਂ, ਖੁਰਕਣਾ, ਸਿਰ ਦਾ ਸ਼ਨਾਨ ਕਰਨਾ, ਪਾਲਾ ਸਹਾਰਨਾ, ਬਯਾਯਾਮ, ਭਾਵੇਂ ਏਥੇ ਕਸਰਤ ਵਲ ਇਸ਼ਾਰਾ ਹੈ, ਫਿਰ ਬੀ ਇਸਤ੍ਰੀ ਸੰਗ ਹੈ। ਦਾਤ੍ਰਨ ਕਰਨੀ, ਹੋਰ ਭਾਰੀ ਭੋਜਨ ਕਰਨੇ, ਇਹ ਸਭ ਕੁਪੱਥ ਰੂਪ ਹਨ, ਬਰਜ ਦੇਵੇ ॥੪੫॥

ਅਥ ਮੁਖ ਰੋਗ ਨਿਦਾਨ --ਚੌਪਈ

ਪਲ ਝਖ ਮਾਖ ਖੀਰ ਦਧਿ ਬਾਤ। ਪਿਤ ਕਫਹਿ ਤੇ ਜਾਨੋ ਸਾਤ।
ਯਾਤੇ ਮੁਖਮਹਿ ਰੋਗ ਅਨਕ। ਜਾਨ ਮਾਧਵੇਹਿ ਮੁਖ ਮਤਿ ਟੇਕ ॥ ੪੬ ॥

(ਅਨੂਪ ਦੇਸ਼ ਦੇ ਜੀਵਾਂ ਦਾ ਮਾਂਸ, ਜਿਸਤਰਾਂ) ਮੱਛੀ, ਮਾਂਸ, ਦੁੱਧ, ਦਹੀਂ, ਵਾਯੂ, ਕਫ ਅਰ, ਪਿੱਤ ਕਰਕੇ, ਸੱਤ ਅਯਤਨਾਂ ਵਿਖੇ, ਮੂੰਹ ਵਿੱਚ ਅਨੇਕਾਂ ਰੋਗ ਹੁੰਦੇ ਹਨ। (ਭਾਵ ਇਹ ਹੈ ਕਿ ਮੂੰਹ ਵਿੱਚ ੬੫ ਰੋਗ ਹੁੰਦੇ ਹਨ, ਉਹ ਮੂੰਹ ਦੇ ਸੱਤ ਅਯਤਨਾਂ ਵਿੱਚ ਹੁੰਦੇ ਹਨ) ਉਪਰ ਹੇਠ ਦੇ ਦੋਨੋਂ ਹੋਠ, ਦੰਦ, ਦੰਦ ਵੇਮਟ, ਤਾਲੂ, ਕੰਨ ਅਰ ਜਿਹਬਾ, ਇਹ ਸੱਤ ਅਯਤਨ ਹਨ, ਇਨ੍ਹਾਂ ਸੱਤਾਂ ਅਯਤਨਾਂ ਸਮੇਤ ਮੂੰਹ ਕਿਹਾ ਜਾਂਦਾ ਹੈ, ਉਪ੍ਰੋਕਤ ਰੋਗ ਇਸ ਵਿਖੇ ਹੁੰਦੇ ਹਨ। ਵਿਸ਼ੇਸ਼ ਮਾਧਵ ਤੋਂ ਜਾਨਣੇ ਯੋਗ ਹੈ ॥੪੬॥

---

†ਸਾਰ—ਨਾਮ ਮੱਖਣ ਦਾ ਹੈ, ਦੇਖੋ ਔਸ਼ਧੀ ਕੋਸ਼ ਪ੍ਰਿ: ੧੭੭
ਪਥਜਪਥ ਵਿਚ ਬੀ ਹਵੀ ਕਰਕੇ ਘ੍ਰਿਤ ਹੈ, ਸੋ ਮੱਖਣ ਘ੍ਰਿਤ ਇਕ ਹੀ ਹਨ।

Digitized by Panjab Digital Library | www.panjabdigilib.org

ਲੱਛਣ-ਦੋਹਰਾ

ਬਾਤ ਕੋਪ ਪਿਟਕਾ ਘਨੀ ਅਰ ਮੁਖ ਮਹਿ ਦੁਰਗੰਧ।
ਗਲ ਪਾਕਤ ਜਿਹਵਾ ਪਕਤ ਬਾਤ ਰੁਧਿਰ ਪ੍ਰਤਿ ਬੰਧ ॥੪੭॥

ਵਾਯੂ ਕ੍ਰਧਿਤ ਹੋਵੇ ਤਾਂ ਬਹੁਤੀਆਂ ਫਿਨਸੀਆਂ ਅਰ ਮੂੰਹੋਂ ਦੁਰਗੰਧ ਔਂਦੀ ਹੈ। ਗਲ ਤੇ ਜ਼ਬਾਨ ਪੱਕਦੀ ਹੈ, ਇਹ ਬਾਤ ਅਰ ਲਹੂ ਦਾ ਪ੍ਰਕੋਪ ਹੈ ॥੪੭॥

ਗਲ ਮੁਖ ਪਾਕ ਉਪਾਇ (ਰਸਰਤਨਾਕਰਾਤ)

ਸੁੰਠੀ ਤਿਲ ਯਸਟੀ ਗਹੋ ਆਛਾ ਕ੍ਵਾਥ ਬਨਾਇ।
ਕੁਰਲੀ ਕੀਜੈ ਸਾਤ ਦਿਨ ਮੁਖ ਕੀ ਪਾਕ ਮਿਟਾਇ ॥੪੮॥

੧੭੫੭-ਸੁੰਢ, ਤਿਲ ਤੇ ਮੁਲੱਠੀ ਲੈ ਕੇ ਚੰਗਾ ਕਾੜ੍ਹਾ ਕਰ ਲਵੇ ਫਿਰ ੭ ਦਿਨ ਇਸੇ ਤਰਾਂ ਅਜੇਹੇ ਹੀ ਕਾੜ੍ਹੇ ਦੀਆਂ ਕੁਰਲੀਆਂ ਕਰੇ ਤਾਂ ਮੂੰਹ ਦਾ ਪਾਕ ਹਟੇ ॥੪੮॥

ਦਾਲ ਹਲਦ ਕਾ ਕ੍ਵਾਥ ਕਰ ਤਾਂ ਮਹਿ ਸਹਿਤ ਮਿਲਾਇ।
ਤਾਂਤੇ ਕੁਰਲੈ ਕੀਜੀਏ ਬਦਨ ਪਾਕ ਮਿਟ ਜਾਇ ॥੪੯॥

੧੭੫੮-ਦਾਲਹਲਧੀ ਦਾ ਕਾੜ੍ਹਾ ਕਰੇ, ਉਸ ਵਿਚ ਸ਼ਹਿਤ ਪਾਕੇ ਫਿਰ ਕੁਰਲੇ ਕਰੇ ਤਾਂ ਮੂੰਹ ਦਾ ਪੱਕਣਾ ਹਟੇ ॥੪੯॥

ਪਰਪਟ ਰਸ ਮਹਿ ਸਹਿਤ ਮਿਲ ਜੋ ਖਾਵਤ ਪਰਭਾਤ।
ਬਦਨ ਪਾਕ ਅਨੇਕ ਗਦ ਆਸਯਤਨੇ ਸਬ ਜਾਤ ॥੫੦॥

੧੭੫੯-ਪਿੱਤ ਪਾਪੜੇ ਦੇ ਰਸ ਸੁਰਸ ਵਿੱਚ ਸਹਿਤ ਪਾਕੇ ਪ੍ਰਾਤਾਕਾਲ ਖਾਵੇ ਤਾਂ ਮੂੰਹ ਪੱਕਣਾ, ਹੋਰ ਮੂੰਹ ਦੇ ਅਨੇਕਾਂ ਰੋਗ ਨਾਸ਼ ਕਰੇ ॥੫੦॥

ਪੰਚ ਬਲਕਲਾ ਕ੍ਵਾਥ ਕਰ ਅਥਵਾ ਤ੍ਰਿਫਲੈ ਕ੍ਵਾਥ।
ਦੋਊ ਯੋਗੁ ਮਧੁ ਸੰਗ ਚਟ ਪਾਕ ਬਦਨ ਮਿਤ ਆਥ ॥੫੧॥
ਜਾਤ੍ਰੀ ਪਤ੍ਰ ਜੁ ਤੀਨ ਫਲ ਦਾਖ ਕਣਾ ਸੁਰਦਾਰ।
ਕ੍ਵਾਥ ਕਰੀ ਬਿਚ ਸਹਿਤ ਭਿਲ ਕੁਰਲਾ ਪਾਕ ਬਿਡਾਰ ॥੫੨॥

੧੭੬੦-†ਪੰਜ ਬਲਕਲ (ਬੋਹੜ, ਗੁੱਲਰ, ਪਿਪਲ, ਪਿਲਖਣ, ਤੇ ਬੈਂਤ) ਦੀ ਛਿੱਲ ਦਾ ਕਾੜ੍ਹਾ ਕਰੇ ਯਾ:—

੧੭੬੧-ਤ੍ਰਿਫਲੇ (ਹਰੜ, ਬਹੇੜਾ, ਆਵਲੇ) ਦੀ ਛਿੱਲ ਦਾ ਕਾੜ੍ਹਾ ਕਰੇ, ਦੋਹਾਂ ਜੋਗਾਂ ਦੇ ਕਾੜ੍ਹੇ ਵਿੱਚ ਸ਼ਹਤ ਪਾਕੇ ਚੱਟੇ ਤਾਂ ਮੂੰਹ ਦਾ ਪਾਕ ਹਟੇ।

੧੭੬੨-ਚੰਬੇਲੀ ਦੇ ਪੱਤ੍ਰ, ਤ੍ਰਿਫਲਾ, ਮੁਣੱਕਾ, ਮਘ ਤੇ ਦੇਵਦਾਰ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ

---

†ਪੰਜ ਬਲਕਲ, ਦੇਖੋ ਆਯੁਰਵਦੀ ਕੋਸ਼,

Digitized by Panjab Digital Library | www.panjabdigilib.org

ਅਰ ਫਿਰ ਵਿੱਚ ਸ਼ਹਤ ਪਾਕੇ ਕੁਰਲੇ ਕਰੇ ਤਾਂ ਮੂੰਹ ਦਾ ਪਾਕ ਮਿਟੇ ॥੫੨॥

ਵੰਗਸੇਨਾਤ

ਦਾਰ ਨਿਸਾ ਗਲੋਇ ਲੈ ਬਟ ਕੂੰਪਲ ਅਰ ਦਾਖ।
ਤ੍ਰਿਫਲ ਜਵਾਸਾ ਕ੍ਵਾਥ ਕਰ ਸਹਿਤ ਤਾਸ ਮਹਿ ਰਾਖ॥ ੫੩ ॥
ਤਾਂਕੋ ਕੁਰਲੇ ਕੀਜੀਏ ਮਿਟਤ ਪਾਕ ਮੁਖ ਰੋਗ।
ਬੰਗਸੈਨ ਸਾਚੀ ਕਹੀ ਬਾਦਫਿਰੰਗ ਭਿਯੋਗ ॥੫੪॥

੧੨੬੩—ਦਾਰਹਲਧੀ, ਗਿਲੋਯ, ਬੋਹੜ ਦੀਆਂ ਕੂੰਮਲਾਂ, ਮੁਣੱਕਾ, ਤ੍ਰਿਫਲਾ ਅਰ ਜਵਾਹਾਂ, ਸਭੇ ਸਮਾਨ ਭਾਗ ਲੈ ਕੇ ਕਾੜ੍ਹਾ ਕਰੇ ਅਰ ਫਿਰ ਸ਼ਹਤ ਪਾ ਕੇ ਕੁਰਲੇ ਕਰੇ ਤਾਂ ਮੂੰਹ ਦਾ ਪਾਕ ਅਰ ਆਤਸ਼ਕ ਦਾ ਮੂੰਹ ਪਕਿਆ ਸਭੇ ਨਾਸ਼ ਕਰੇ, ਇਹ ਵੰਗਸਨ ਦਾ ਮਤ ਹੈ ॥੫੩॥੫੪॥

(ਜੋਗਸਤਾਤ)

ਤ੍ਰਿਫਲਾ ਦਾਖ ਗਲੋਇ ਲੈ ਦਾਰਵੀ ਮੇਲ ਜਵਾਹ।
ਚੰਪੇ ਪੱਤਰ ਮੇਲਕੇ ਆਛਾ ਕ੍ਵਾਥ ਕਰਾਹ ॥੫੫॥
ਮਧੁਰ ਲਾਇ ਉਠ ਪ੍ਰਾਤ ਹੀ ਕੁਰਲਾ ਕਰੇ ਬਨਾਇ।
ਮਿਟਤ ਪਾਕ ਸਬ ਬਦਨ ਕੀ ਦਿਵਸ ਤੀਨ ਕਰਵਾਇ ॥੫੬॥

੧੨੬੪—ਤ੍ਰਿਫਲਾ, ਮੁਣੱਕਾ, ਗਿਲੋਇ, ਦਾਲਹਲਦੀ, ਜਵਾਹਾਂ ਅਰ ਚੰਬੇ ਦੇ ਪੱਤ੍ਰ ਪਾ ਕੇ ਕਾੜ੍ਹਾ ਕਰੇ। ਫਿਰ ਸ਼ਹਤ ਰਲਾਇਕੇ ਪ੍ਰਾਤਾਕਾਲ ਕੁਰਲੇ ਕਰੇ ਤਾਂ ਮੂੰਹ ਦਾ ਪਾਕ ਮਿਟੇ, ਇਸ ਪ੍ਰਕਾਰ ੩ ਦਿਨ ਕਰੇ ॥੫੫॥੫੬॥

ਕੱਥ ਕੇਵੜਾ ਲਾਇਚੀ ਤੋਖਾ ਖੀਰ ਮਿਲਾਇ।
ਮਿਸਰੀ ਮੁਰਦਾਸੰਗ ਲੈ ਪੀਸੀ ਬਸਨ ਛਨਾਇ॥੫੭॥
ਮੁਖਿ ਮਹਿ ਛਿਨ ਛਿਨ ਪਾਈਏ ਪਾਕਾ ਬਦਨ ਮਿਟਾਇ।
ਕਹਤ ਮੇਘ ਸਾਚੀ ਸਚੀ ਕਥਾ ਦੇਖੀ ਸੈ ਦ੍ਰਿਗ ਬਾਇ ॥੫੮॥

੧੨੬੫-ਕੱਥ, ਕੇਵੜਾ, ਇਲਾਦੀ, ਤੋਖਾਖੀਰ, ਮਿਸਰੀ ਤੇ ਮੁਰਦਾਸੰਗ, ਪੀਹਕੇ ਕੱਪੜਛਾਣ ਕਰੇ ਅਰ ਫਿਰ ਪਲ ਪਲ ਪਿਛੋਂ ਮੂੰਹ ਵਿਚ ਪਾਵੇ (ਧੂੜੇ) ਤਾਂ ਮੂੰਹ ਪੱਕਿਆ ਅੱਛਾ ਹੋਵੇ, ਇਹ ਅਜ਼ਮਾਇਸ਼ੀ ਹੈ ॥੫੭॥੫੮॥

ਬਾਦਰਿਰੰਗ ਤੇ ਮੂੰਹ ਪਕੇ ਕੋ—ਦੋਹਰਾ

ਕ੍ਵਾਥ ਕਰੇ ਕਚਨਾਰ ਤੁਚ ਤਾਂਕੇ ਕੁਰਲੇ ਕੀਜ।
ਵਾ ਚੰਬੇਲੀ ਪਾਤ ਕਾ ਕਾਥ ਕਰੀਨੇ ਦੀਜ ॥੫੯॥

Digitized by Panjab Digital Library | www.panjabdigilib.org

੧੭੬੬–ਕਚਨਾਰ ਦੀ ਛਿੱਲ ਦਾ ਕਾੜ੍ਹਾ ਕਰੇ, ਉਸਦੇ ਕੁਰਲੇ ਕਰੇ, ਯਾ:–

੧੭੬੭–ਚੰਬੇਲੀ ਦੇ ਪੱਤ੍ਰਾਂ ਦਾ ਕਾੜ੍ਹਾ ਕਰਕੇ ਕੁਰਲੇ ਕਰੇ ਤਾਂ ਆਤਸ਼ਕ ਦਾ ਮੁਖਪਾਕ ਮਿਟੇ ॥੫੯॥

ਧਨੀਆ ਕ੍ਵਾਥ ਕਰਾਇਕੇ ਤਾਂ ਮਹਿ ਸਿਤਾ ਮਿਲਾਇ।
ਬਦਨ ਜੁ ਪਾਕ ਫਿਰੰਗ ਕਾ ਤੁਰਤੈ ਚੰਗਾ ਥਾਇ ॥੬੦॥

੧੭੬੮–ਧਨੀਏਂ ਦਾ ਕਾੜ੍ਹਾ ਕਰਕੇ ਉਸ ਵਿੱਚ ਮਿਸਰੀ ਪਾਵੇ, ਫਿਰ ਕੁਰਲੇ ਕਰੇ ਤਾਂ ਮੂੰਹ ਪਾਕ ਮਿਟੇ ॥੬੦॥

ਅਜਾ ਦੂਧ ਕੀ ਧਾਰ ਮੁਖ ਚੋਈ ਕੁਰਲਾ ਕੀਜ।
ਮਿਟਤ ਪਕਿਓ ਉਪਦੰਸ ਮੁਖ ਅਵਰ ਪਾਕ ਸਭ ਖੀਜ ॥੬੧॥

੧੭੬੯–ਬੱਕ੍ਰੀ ਤੇ ਦੁੱਧ ਦੀਆਂ ਮੂੰਹ ਵਿੱਚ ਧਾਰਾਂ ਲੁਆਕੇ ਕੁਰਲੇ ਕਰੇ ਤਾਂ ਆਤਸ਼ਕ ਕਰਕੇ ਪੱਕਿਆਂ ਮੂੰਹ ਚੰਗਾ ਹੋਵੇ ॥੬੧॥

ਗਲ ਰੋਗ ਉਪਾਇ–ਦੋਹਰਾ

ਤ੍ਰਿਫਲਾ ਤ੍ਰਿਕੁਟਾ ਮੋਥ ਤ੍ਵਕ ਕਰੂ ਦਾਖ ਨਿਸ ਦਾਰ।
ਮਧੁ ਸੋਂ ਗੋਲੀ ਮੁਖ ਧਰੇ ਗਲਤ ਗਲਾ ਰੁਜ ਸਾਰ ॥੬੨॥

੧੭੭੦–ਤ੍ਰਿਫਲਾ, ਤ੍ਰਿਕੁਟਾ, ਮੋਥਾ, ਦਾਲ ਚੀਨੀ, ਕੌੜ ਤੇ ਦਾਰਹਲਧੀ, ਸ਼ਹਿਤ ਨਾਲ ਗੋਲੀ ਬਣਾਕੇ ਮੂੰਹ ਵਿਚ ਰਖੇ ਤਾਂ ਗਲ ਦਾ ਰੁਕਣ ਜਾਵੇ ॥੬੨॥

ਕੁਠ ਕਣਾ ਪਾਠਾ ਮਰਚ ਸੇਂਧਾ ਬਚ ਮਧ ਪਾਇ।
ਚਾਟਤ ਗਲਸੁੰਡੀ ਮਿਟਤ ਖਾਂਸੀ ਸਕਲ ਮਿਟਾਇ ॥ ੬੩ ॥

੧੭੭੧–ਕੁੱਠ ਮਿਠੀ, ਮਘ, ਪਾਠਾ, ਮਿਰਚ, ਸ਼ੇਂਧਾਲੂਣ ਤੇ ਵਿਚ ਸ਼ਹਿਤ ਪਾਕੇ ਚਟੇ ਤਾਂ ਗਲ ਦਾ †ਰੁਕਣਾ, ਗਲ ਜਾਣਾ ਅਰ ਖਾਂਸੀ ਆਦਿ ਨਾਸ਼ ਕਰੇ ॥੬੩॥

ਘਨ ਪਤੀਸ, ਪਾਠਾ ਕਰੂ ਇੰਦਰ ਜਵ ਸੁਰਦਾਰ।
ਕਾੜਾ ਕਰ ਗੋਮੂਤ੍ਰ ਸੋ ਪੀਵਤ ਗਲ ਰੁਜ ਡਾਰ ॥ ੬੪ ॥

੧੭੭੨–ਮੋਥਾ, ਪਤੀਸ, ਪਾਠਾ, ਕੌੜ, ਇੰਦ੍ਰ ਜੌਂ ਤੇ ਦੇਵਦਾਰ ਦਾ ਕਾੜ੍ਹਾ ਗਊਮੂਤ੍ਰ ਵਿੱਚ ਕਰਕੇ ਪੀਵੇ ਤਾਂ ਗਲ ਦਾ ਰੋਗ ਜਾਵੇ ॥੬੪॥

ਤ੍ਰਿਫਲ ਦਾਰਵੀ ਬਜੋਖ ਤੁਚ ਕਰੂ ਦਾਖ ਘਨ ਕ੍ਵਾਥ।
ਮਧੁ ਸੋਂ ਚਾਟਤ ਰੁਜ ਮਿਟਤ ਗਲ ਕਾ ਜਾਨੋ ਆਥ ॥ ੬੫ ॥

---

†ਗਲਸੁੰਡੀ, ਰੋਗ ਵਿਚ ਕੰਠ ਰੁਕ ਜਾਂਦਾ ਹੈ।

Digitized by Panjab Digital Library | www.panjabdigilib.org

੧੭੭੩–ਤ੍ਰਿਫਲਾ, ਦਾਰਹਲਧੀ, ਤ੍ਰਿਕੁਟਾ, ਦਾਰਚੀਨੀ, ਕੌੜ, ਮੁਣੱਕਾ ਅਰ ਮੋਥਾ ਕਾੜ੍ਹਾ ਕਰਕੇ ਸ਼ਹਿਤ ਨਾਲ ਚੱਟੇ ਤਾਂ ਗ਼ਲ ਦਾ ਰੋਗ ਨਾਸ਼ ਹੋਵੇ ॥੬੫॥

(ਗੋਲੀ)–ਚੌਪਈ

ਕਣਾ ਕਣਾ ਜਰ ਚਵਕ ਮੰਗਾਇ। ਚਿਤ੍ਰਕ ਸੁੰਠੀ ਮਰਚ ਰਲਾਇ।
†ਮੁਸਕਖਾਰ ਤ੍ਰਯਪਤ੍ਰ ਤਾਲੀਸ। ਏਲਾ ਦਾਰਚਿਨੀ ਯਵ ਤੀਸ ॥ ੬੬ ॥
ਸਬ ਤੇ ਦੂਨਾ ਗੁੜ ਜੁ ਪੁਰਾਣਾ। ਬੇਰ ਸਮਾਨ ਗੁਟੀ ਪਿਸ ਠਾਨਾ।
ਬਦਨ ਧਰਤ ਨਿਸ ਪੀਰਾਜਾਨ। ਸਰਬ ਕੰਠ ਕੇ ਰੋਗ ਬਿਹਾਨ ॥ ੬੭ ॥

੧੭੭੪–ਮਘ, ਪਿਪਲਾ ਮੂਲ, ਚੱਵ, ਚਿਤ੍ਰਾ, ਸੁੰਢ, ਮਿਰਚ, †ਫਰਵਾਂਹ, ਤਿੰਨੇ ਖਾਰਾਂ (ਸੱਜੀ ਸੁਹਾਗਾ ਤੇ ਜੌਂਖਾਰ) ਤਾਲੀਸਪੱਤ੍ਰ ਲਾਚੀ, ਦਾਰਚੀਨੀ, ਤੇ ਇੰਦ੍ਰਜੌਂ ਸਮ ਨ ਭਾਗ ਲਵੇ, ਅਰ ਸਭ ਨਾਲੋਂ ਦੂਣਾ ਪੁਰਾਣਾ ਗੁੜ ਪਾ ਕੇ ਪੀਹ ਕੇ ਬੇਰ ਪ੍ਰਮਾਣ ਗੋਲੀਆਂ ਕਰੇ, ਰਾਤ ਨੂੰ ਮੂੰਹ ਵਿਚ ਰਖੇ, ਤਾਂ ਮੂੰਹ ਦੀ ਪੀੜ ਨਾਸ਼ ਕਰੇ ਅਤੇ ਕੰਠ (ਗਲੇ) ਦੇ ਸਾਰੇ ਰੋਗ ਮਿਟਾਵੇ ॥੬੬॥੬੭॥

(ਗੋਲੀ)--ਚੌਪਈ

ਰਸਵਤ ਪਾਠਾ ਕ੍ਰਿਸਨਾ ਦਾਰ। ਰਜਨੀ ਤੇਜਬਲਾ ਜਵਖਾਰ।
ਮਧੁ ਸੋ ਗੁਟੀ ਟਾਂਕ ਕਰ ਦੋਇ। ਮੁਖ ਮਹਿ ਰਾਖੋ ਰੁਜ ਸਧਖੋਇ ॥ ੬੮ ॥

੧੭੭੫–ਰਸੌਂਤ, ਪਾਠਾ, ਮਘ, ਦੇਵਦਾਰ, ਹਲਧੀ, ਤੇ ਜਬਲ ਤੇ ਜੌਂਖਾਰ ਸ਼ਹਿਤ ਨਾਲ ਦੋ ਟੰਕ (੮ ਮਾਸੇ) ਦੀ ਗੋਲੀ ਕਰੇ, ਮੂੰਹ ਵਿਚ ਰਖੇ ਤਾਂ ਸਾਰੇ ਰੋਗ ਨਾਸ਼ ਕਰੇ ॥੬੮॥

ਦੰਤ ਰੁਧਰ ਉਪਾਇ (ਜੋਗਸਤਾਂਤ)–ਦੋਹਰਾ

ਲੋਦ ਕਮਲ ਮੰਜੀਠ ਕੁਠ ਪਾਠਾ ਕੜੂ ਨਿਸ ਦੋਇ।
ਤੇਜਬਲਹਿ ਸਬ ਪੀਸ ਮਲ ਦੰਤ ਰੁਧਿਰ ਮਿਟ ਸੋਇ ॥ ੬੯ ॥
ਆਠ ਦਿਵਸ ਲੌ ਮਸਲੀਏ ਬੱਜ੍ਰ ਦੰਤ ਮਿਟ ਪੀਰ।
ਕੀਟ ਲਗਜੇ ਸਭ ਜਾਤ ਮਿਟਿ ਜੋਗੁ ਸਤਹਿ ਇਹੁ ਬੀਰ ॥ ੭੦ ॥

੧੭੭੬–ਪਠਾਨੀਲੋਦ, ਕਮਲ, ਮਜੀਠ, ਕੁੱਠ, ਪਾਠਾ, ਕੌੜ ਦੋਨੋਂ ਹਲਧੀਆਂ ਅਤੇ ਬਲ, ਸਭ ਪੀਹਕੇ ਦੰਦਾਂ ਨੂੰ ੮ ਦਿਨ ਮਲੇ ਤਾਂ ਦੰਦ ਬੱਜਰ ਸ਼ਰੀਖੇ ਕਰੇ। ਪੀੜਾ ਅਰ ਕੀੜਾ ਬੀ ਨਾਸ਼ ਹੋਵੇ ॥੬੯॥੭੦॥

ਜੋਤਕ ਮਤਿ ਮੰਜੀਠ ਲੈ ਹਰੜ ਦਾਰਵੀ ਕੌੜ।
ਲੋਦ ਪਾਠ ਦੰਤਹਿ ਮਲੋ ਰਦਨੁ ਰੁਧਰਿ ਮਿਟ ਦੌੜ ॥ ੭੧ ॥

---

†ਮੁਸ਼ਕ–ਫਰਵਾਂਹ ਹੈ, ਦੇਖੋ ਟੀਕਾ ਭਾ: ਪ੍ਰਕਾਸ਼।

Digitized by Panjab Digital Library | www.panjabdigilib.org

੧੭੭੭-ਮਾਲਕੰਡਣੀ, ਮਜੀਠ, ਹਰੜ, ਦਾਰਹਲਦੀ, ਕੌੜ, ਲੋਧ ਤੇ ਪਾਠਾ ਪੀਹਕੇ ਦੰਦਾਂ ਨੂੰ ਮਲੇ, ਦੰਦਾਂ ਦਾ ਲਹੂ ਜਾਣਾ ਬੰਦ ਕਰੇ ॥੭੧॥

ਗੁੰਜ ਮੂਲ ਅਸਗੰਧ ਜੜ ਮਲੇ ਦਸਨ ਕੋ ਏਹ।
ਦੰਤ ਧਾਵਨੀ ਅਰਕ ਜੜ ਕਰਤ ਬਜ੍ਰ ਸਮ ਤੇਹ ॥ ੭੨ ॥

੧੭੭੮-ਰੱਤਕਾਂ ਦੀ ਜੜ੍ਹ ਤੇ ਅਸਗੰਧ ਦੀ ਜੜ੍ਹ ਪੀਹਕੇ ਇਹ ਦੰਦਾਂ ਨੂੰ ਮਲੇ । ਯਾ:—
੧੭੭੯-ਦਾਤੁਣ ਅੱਕ ਦੀ ਜੜ੍ਹ ਦੀ ਕਰੇ ਤਾਂ ਦੰਦ ਬਜ੍ਰ ਸਾਰਖੇ ਹੋਣ ॥੭੨॥

ਮਾਜੂ ਸੇਂਧਾ ਪੀਪਰੀ ਕਾਹੀ ਕੱਥ ਮਿਲਾਇ।
ਭਰੋ ਦਾੜ ਕੇ ਬੀਚ ਸੋ ਦਾੜ ਪੀਰ ਸਬ ਜਾਇ॥ ੭੩ ॥

੧੭੮੦-ਮਾਜੂ, ਸੇਂਧਾਲੂਣ, ਤੇ ਮਘ, ਕਾਹੀ ਤੇ ਕੱਥ, ਦਾੜ੍ਹ ਦੇ ਖੋਲ ਵਿਚ ਪੀਹਕੇ ਭਰੇ ਤਾਂ ਸਭ ਤਰਾਂ ਦੀ ਦਾੜ੍ਹ ਦੀ ਪੀੜ ਜਾਵੇ ॥੭੩॥

ਨਵਸਾਦਰ ਸੁੰਠੀ ਪਿਸੀ ਚੂਰਨ ਦਾੜ ਭਰਾਇ।
ਸਕਲ ਬੇਦਨਾ ਕੀਟ ਦੁਖ ਦੇਵਤ ਤੁਰਤ ਗਵਾਇ॥ ੭੪ ॥

੧੭੮੧—ਨੌਸਾਦਰ ਤੇ ਸੁੰਢ ਪੀਹਕੇ ਇਸ ਚੂਰਣ ਨਾਲ ਦਾੜ੍ਹ ਭਰੇ ਤਾਂ ਹਰ ਤਰਾਂ ਦੀ ਦੰਦ ਪੀੜਾ ਅਰ ਕੀੜਾ ਤੁਰਤ ਨਾਸ਼ ਕਰੇ ॥੭੪॥

(ਰਸਰਤਨਾਕਰਾਤ)—ਦੋਹਰਾ

ਹਰੜ ਪੀਸ ਮਧੁ ਕਾਢਏ ਤਾਂਬਰ ਭਾਂਜਨ ਪਾਇ।
ਗੁਟੀ ਕਰੀ ਮੁਖ ਧਾਰੀਏ ਧਸਨ ਪੀਰ ਕ੍ਰਮ ਜਾਇ ॥ ੭੫ ॥

੧੭੮੨-ਹਰੜ ਪੀਸਕੇ ਸ਼ਹਿਤ ਨਾਲ ਤਾਂਮੇ ਦੇ ਭਾਂਡੇ ਵਿਚ ਕਾੜ੍ਹੇ ਅਰ ਫਿਰ ਗਾੜ੍ਹੀ ਹੋਵੇ ਤਾਂ ਗੋਲੀ ਬਣਾਕੇ ਮੂੰਹ ਵਿੱਚ ਰੱਖੇ ਤਾਂ ਦੰਦਾਂ ਦੀ ਕੀੜੇ ਕਰ ਹੋਈ ਪੀੜਾ ਨਾਸ਼ ਕਰੇ ॥੭੫॥

ਕਾਹੀ ਫਟਕਹਿ ਦਾਰ ਸੁਰ ਹਿੰਗੁ ਨੀਰ ਗੁਟ ਕੀਜ।
ਮੁਖ ਰਾਖਤ ਕ੍ਰਿਮ ਸੂਰ ਮਿਟ ਦਸਨ ਬਜ੍ਰ ਸਮ ਲੀਜ ॥ ੭੬ ॥

੧੭੮੩-ਕਾਹੀ, ਫਟਕੜੀ, ਦੇਵਦਾਰ ਤੇ ਹਿੰਗ ਜਲ ਨਾਲ ਗੋਲੀ ਕਰੇ, ਮੂੰਹ ਵਿਚ ਰੱਖੇ ਤਾਂ ਕ੍ਰਿਮ, ਪੀਮ, ਹਟਾਵੇ ਅਰ ਦੰਦ ਬੱਜ੍ਰ ਸਮਾਨ ਕਰੇ ॥੭੬॥

ਤਮਾ ਫਲ ਕੋ ਪੀਸਕੇ ਤਪਤ ਲੋਹੁ ਪਰ ਪਾਇ।
ਧੂੰਮ ਲੇਹੁ ਮੁਖ ਦੰਤ ਮਹਿ ਕੀਟ ਦਸਨ ਨਿਕਰਾਇ ॥ ੭੭ ॥

੧੭੮੪-ਤੁੰਮੇ ਦਾ ਫਲ ਪੀਹਕੇ ਤੱਤੇ ਲੋਹੇ ਪਰ ਪਾਕੇ ਉਸਦਾ ਧੂੰਆਂ ਮੂੰਹ ਅਰ ਦੰਦਾਂ ਵਿਚ ਲਵੇ ਤਾਂ ਦੰਦਾਂ ਦਾ ਕੀੜਾ ਨਿਕਲ ਜਾਵੇ ॥੭੭॥

Digitized by Panjab Digital Library | www.panjabdigilib.org

ਪੰਚਾਗੁਲ ਬ੍ਰਿਹਤੀ ਜੁਗਲ ਨੈਪਾਲੀ ਕਾਦੰਬ।
ਕ੍ਵਾਥ ਘ੍ਰਿਤ ਵਾ ਤੇਲ ਭਿਲ ਕਰੋ ਗੜੂਖ ਸੁ ਅੰਬ॥ ੭੮॥
ਕ੍ਰਿਮ ਪੀਰਾ ਸਬ ਬਾਤ ਕੀ ਮਿਟਤ ਦਾਢ ਅਰ ਦੰਤ।
ਬਜਰ ਸਮ ਪੰਕਤਿ ਦਸਨ ਅਤਿ ਹੀ ਹੋਵਤ ਸੰਤ॥ ੭੯॥

੧੭੮੫—†ਅਰਿੰਡ, ਦੋਨੋਂ ਕੰਡਿਆਰੀਆਂ, ‡ਮਨਸਿਡ ਤੇ ਕਦੰਬ, ਇਨ੍ਹਾਂ ਦਾ ਕਾੜ੍ਹਾ ਕਰਕੇ ਘਿਉ ਯਾਂ ਤੇਲ ਮਿਲਾਕੇ ਕਰਲੇ ਕਰੇ ਤਾਂ ਕ੍ਰਿਮਾਂ ਕਰਕੇ ਹੋਣ ਵਾਲੀ ਪੀੜਾ ਯਾ ਵਾਯੂ ਕਰਕੇ ਹੋਈ ਪੀੜ; ਦੰਦਾਂ, ਦਾੜ੍ਹਾਂ ਦੀ ਨਾਸ਼ ਕਰੇ ਅਰ ਦੰਦ ਬੱਜ੍ਰ ਦੇ ਸਮਾਨ ਕਰੇ ॥੭੮॥੭੯॥

(ਵੰਗਸੇਨਾਤ)—ਦੋਹਰਾ

ਸ੍ਰਿਗ ਬੇਰ ਰਸੁ ਚ੍ਰਾਬੀਏ ਕੇਸਰ ਆਛਾ ਲੇਇ।
ਕ੍ਰਿਮਿ ਪੀਰਾ ਮਿਟ ਦ੍ਰਿਢ ਕਰਤ ਦਿਨ ਤ੍ਰਿਕ ਯਹਿ ਕਰੇਇ॥ ੮੦॥

੧੭੮੬—ਅਦ੍ਰਿਕ ਦੇ ਰਸ ਵਿੱਚ ਕੇਸਰ ਚਬਾਵੇਤਾਂ ਕ੍ਰਿਮਾਂ ਦੀ ਪੀੜਾ ਨਾਸ਼ ਕਰੇ ਅਰ ਦੰਦ ਮਜ਼ਬੂਤ ਕਰੇ, ਇਸਤਰਾਂ ੩ ਦਿਨ ਕਰੇ॥੮੦॥

ਸਿੰਧੁ ਬਾਰ ਸੇਂਧਾ ਅਰਕ ਖੀਰ ਬੜਿੰਗ ਜੌਖਾਰ।
ਪੀਸ ਲੇਪੁ ਦੰਤਹਿ ਕਰੋ ਬਾਦ ਬੇਦਨਾ ਹਾਰ॥੮੧॥

੧੭੮੭—ਸੰਭਾਲੂ ਦੇ ਪਤੇ, ਸੇਂਧਾਲੂਣ, ਅੱਕ ਦਾ ਦੁਧ, ਬਾਇਵੜਿੰਗ ਅਰ ਜੌਖਾਰ ਪੀਹਕੇ ਦੰਦਾਂ ਨੂੰ ਲੇਪ ਕਰੇ ਤਾਂ ਵਾਯੂ ਕਰਕੇ ਹੋਈ ਪੀੜਾ ਦੂਰ ਕਰੇ ॥੮੧॥

(ਮੁਸਤਾਦਿਬਟੀ)

ਬਜੋਖ ਬੜਿੰਗ ਹਰੀਤਕੀ ਘਨ ਪਲਵ ਨਿੰਬ ਜਾਨ।
ਗੋਮੂਤਰ ਗੁਟਕਾ ਕਰੋ ਨਿਸਾ ਰਾਖ ਮੁਖ ਠਾਨ॥ ੮੨॥
ਚਲਤ ਦਾਂਤ ਆਚੱਲ ਹੁਇ ਕ੍ਰਿਮ ਪੀਰਾ ਸਭ ਜਾਇ।
ਯਾਤੇ ਪਰੇ ਨ ਔਖਦੀ ਸੋ ਮੈਂ ਦਈ ਬਤਾਇ॥੮੩॥

੧੭੮੮—ਮਘ, ਮ੍ਰਿਚ, ਸੁੰਢ, ਬਾਇਵੜਿੰਗ, ਹਰੜ ਦੀ ਛਿਲ, ਮੋਥਾ ਤੇ ਨਿੰਮ ਦੀਆਂ ਕੂੰਮਲੀਆਂ। ਗਊਮੂਤ੍ਰ ਵਿਚ ਪੀਹਕੇ ਗੋਲੀ ਕਰੇ, ਰਾਤ ਹੈ ਮੂੰਹ ਵਿਚ ਰਖੇ ਤਾਂ ਹਿੱਲਦੇ ਦੰਦ ਕਰੜੇ ਕਰੇ, ਅਰ ਕ੍ਰਿਮਾ ਦੀ ਪੀੜਾ ਜਾਵੇ, ਇਸ ਨਾਲੋਂ ਵਧਕੇ ਹੋਰ ਦੂਸਰੀ ਦਵਾਈ ਨਹੀਂ ਹੈ ॥੮੨॥੮੩॥

---

†ਪੰਚਾਂਗਲ—ਅਰਿੰਡ ਹੈ, ਦੇਖੋ ਔਸ਼ਧੀ ਕੋਸ਼।

‡ਨੈਪਾਲੀ–ਚਿਰੈਤਾ ਤੇ ਕਈ ਮਨਸਿਲ ਬੀ ਅਰਥ ਕਰਦੇ ਹਨ।

Digitized by Panjab Digital Library | www.panjabdigilib.org

ਪਾਠਾ ਦਾਰਵੀ ਲੋਦਘਨ ਸਮੰਗਾ ਲੈ ਪਾਇ।
ਤਿਕਤੇ ਸਜ਼ਾਮਾ *ਤੇਜਨੀ ਨਿਸਾ ਪੀਸ ਸਮ ਭਾਇ ॥੮੪॥
ਦਸਨਹਿ ਮਲ ਕੰਡੂ ਹਰਤ ਹਰਤ ਰਕਤ ਕੋ ਸ੍ਰਾਵ।
ਅਤਿ ਦ੍ਰਿਢ ਹੋਵਹਿ ਦਸਨ ਸਬ ਬੰਗਸੈਨ ਕੇ ਭਾਵ ॥੮੫॥

੧੭੮੯—ਪਾਠਾ, ਦਾਰਹਲਧੀ, ਪਠਾਣੀਲੋਧ, ਮੋਥਾ, ਮੰਜੀਠ, ਕੌੜ ਮਘ, †ਮਾਲਕੰਙਣੀ ਅਰ ਹਲਧੀ; ਇਕ ਸਮਾਨ ਲੈ ਕੇ ਪੀਹ ਲਵੇ। ਦੰਦਾਂ ਨੂੰ ਫਿਰ ਮਲੇ ਤਾਂ ਦੰਦਾਂ ਦੀ ਖੁਰਕ, ਲਹੂ ਦਾ ਵਗਣਾ, ਨਾਸ਼ ਕਰੇ ਅਰ ਦੰਦ ਮਜ਼ਬੂਤ ਕਰੇ ॥੮੪॥੮੫॥

ਜਾਤੀ ਪੱਤਰ ਇਟਸਿਟਾ ਕਣਾਂ ਕੁਰੰਡ ਮਿਲਾਇ।
ਕੁਸਟ ਚਬਜ ਸੁੰਠੀ ਹਰੜ ਖਦਰ ਪੀਸ ਮੁਖ ਪਾਇ ॥੮੬॥
ਬਾਤ ਪੀਰ ਕੰਡੂ ਕ੍ਰਿਮਹਿ ਰਕਤ ਸ੍ਰਾਵ ਮੁਖ ਗੰਧ।
ਚਲਤ ਦੰਤ ਸਬ ਰੁਜ ਹਰਤ ਕਹਤ ਗ੍ਰੰਥ ਕ੍ਰਿਤਿਬੰਧ ॥੮੭॥

੧੭੯੦—ਚੰਬੇਲੀ ਦੇ ਪੱਤ੍ਰ, ਇਟਸਿਟ, ਮਘ, ਪੀਲਾਬਾਂਸਾ, ਕੁੱਠ, ਚੱਬ, ਸੁੰਢ, ਹਰੜ ਤੇ ਕੱਥ ਪੀਸਕੇ ਮੂੰਹ ਵਿੱਚ ਪਾਓ ਤਾਂ ਵਾਯੂ ਦੀ ਪੀੜ, ਖੁਰਕ, ਕੀੜੇ, ਲਹੂ ਦਾ ਵਗਣਾ, ਦੁਰਗੰਧੀ ਅਰ ਦੰਦਾਂ ਦਾ ਹਿੱਲਣਾ, ਇਹ ਸਭ ਨਾਸ਼ ਕਰੇ, ਅਰ ਦੰਦਾਂ ਹੈ ਮਜ਼ਬੂਤ ਕਰੇ ॥੮੬॥੮੭॥

ਸੋਰਠਾ

ਮਾਖਕ ਪੀਪਰ ਆਨ ਗੋ ਘ੍ਰਿਤ ਮੇਲੀ ਬਦਨ ਧਰ।
ਦਸਨ ਸੂਰ ਕੀ ਹਾਨ ਉਤਮ ਭੇਖਜ ਇਹ ਕਹੀ ॥੮੮॥

੧੭੯੧—ਸ਼ਹਿਤ ਤੇ ਮਘ ਲੈ ਕੇ ਵਿਚ ਗੌਕਾ ਘੇਉ ਪਾਕੇ ਮੂੰਹ ਵਿਚ ਰੱਖੇ, ਦੰਦਾਂ ਦੀ ਪੀੜਾ ਨਾਸ਼ ਕਰੇ, ਇਹ ਬਹੁਤ ਸ਼ਰੇਸ਼ਟ ਦਵਾਈ ਹੈ ॥੮੮॥

ਦੰਦ ਮੱਸੀ (ਯੋਗ ਚਿੰਤਾਮਣੀਮਤਾਤ)—ਚੌਪਈ

ਕਾਹੀ ਤ੍ਰਿਫਲਾ ਮਾਜੂ ਫਲਾ। ਜੰਗੀ ਹਰੜੇ ਖਦਰ ਸੁ ਭਲਾ।
ਲੋਹਚੂਨ ਤਾਪਜੰ ਕਾਪੂਰ। ਬਿਦ੍ਰੂਮ ਦਾਰਮ ਤੁਕ ਲੈ ਚੂਰ ॥੮੯॥
ਲੋਦ ਮਜੀਠ ਸੂਰਾਸ੍ਵਰਜ ਪਾਇ। ਨੀਲਾ ਥੋਥਾ ਆਛਾ ਲਜਾਇ।
ਚਪਲ ਸੁਪਾਰੀ ਮਸਤਕਿ ਪੀਸ। ਆਛਾ ਚੂਰਨ ਛਾਨੀ ਦੀਸ ॥੯੦॥

---

†ਟੀਕਾ ਵੰਗਸੇਨ ਵਿਚ ਭੇਜਨੀ ਦਾ ਅਰਥ ਤੇਜਬਲ ਕੀਤਾ ਹੈ, ਕੋਸ਼ ਵਿਚ ਇਹ ਨਹੀਂ ਹੈ, ਸੋ ਮਾਲ ਕੰਙਣੀ ਹੈ।

Digitized by Panjab Digital Library | www.panjabdigilib.org

ਦੰਤ ਮਲਤ ਅਸਥੰਭ ਕਰਾਇ। ਕ੍ਰਿਮ ਪੀਰਾ ਅਰ ਨਾਠਤ ਬਾਇ।
ਪ੍ਰਿਥਮ ਅਮਲਰਸੁ ਦਸਨੈ ਲਾਇ। ਪਾਛੇ ਮੱਸੀ ਦਸਨ ਮਲਾਇ ॥੯੧॥

੧੭੯੨—ਕਾਹੀ, ਹਰੜ, ਬਹੇੜਾ, ਆਂਵਲੇ, ਮਾਜੂ, ਜੰਗਹਰੜ, ਕੱਥ, ਲੋਹਚੂਰਣ, ਸੋਨਾਮੱਖੀ, ਕਪੂਰ, ਮੂੰਗਾ, ਅਨਾਰ ਦੀ ਛਿੱਲ, ਲੋਧ, ਮੰਜੀਠ, †ਗੋਪੀਚੰਦਨ, ਨੀਲਾ ਥੋਥਾ, ਭੁੰਨਕੇ, ‡ਤੇਲੀਆ ਸੁਪਾਰੀ, ਅਰ ਰੂੰਮੀ ਨਸਤਕੀ, ਸਭੋ ਸਮਾਨ ਭਾਗ ਲੈ ਕੇ, ਅੱਛੀ ਤਰਾਂ ਪੀਹਕੇ ਚੂਰਣ ਛਾਣ ਰੱਖੇ। ਫਿਰ ਦੰਦਾਂ ਨੂੰ ਮਲੇ ਤਾਂ ਕਰੜ ਕਰੇ। ਕ੍ਰਿਮ ਦੀ ਪੀੜਾ, ਵਾਯੂ ਇਨ੍ਹਾਂ ਦਾ ਨਾਸ ਕਰੇ। ਪਰੰਤੂ ਪਹਿਲੇ ਖੱਟਾ ਰਸ ਆਦਿ ਦਾ ਦੰਦਾਂ ਨੂੰ ਮਲਕੇ ਪਿਛੋਂ ਇਹ ਮੱਸੀ ਮਲੇ ॥੮੯ ਤੋਂ ੯੧॥

ਲਾਲ ਮੱਸੀ—ਦੋਹਰਾ

ਕਥ ਸੁਪਾਰੀ ਚਪਲ ਲੈ ਸਿੰਗਰਫ ਆਛਾ ਲੀਨ।
ਕਰਖ ਕਰਖ ਏ ਲੀਜੀਏ ਲਾਖ ਸ੍ਰਿਸਾਹੀ ਤੀਨ ॥੯੨॥
ਲਾਖ ਰੰਗ ਤਿਸ ਕਾਢਕੈ ਪੈਸੇ ਸਾਤ ਜੁ ਰਾਖ।
ਮਜੀਠ ਟੰਕ ਤ੍ਰਯ ਆਨਕੈ ਤਾਂਕੇ ਕਾਢੋ ਭਾਖ ॥੯੩॥
ਨੀਕੋ ਰਸ ਅਧ ਪਲ ਗਹੇ ਤਾਂ ਸੋ ਤੀਨੋ ਪੀਸ।
ਫਿਰ ਪੀਸੋ ਰਸੁ ਲਾਖ ਕੇ ਲੇਹੁ ਸੁਕਾਈ ਈਸ ॥੯੪॥
ਪ੍ਰਿਥਮ ਅਮਲ ਰਸੁ ਦਸਨ ਮਲ ਊਪਰ ਮਲੀਏ ਏਹ।
ਰਕਤ ਦਸਨ ਅਤ ਹੋਤ ਹੈ ਕ੍ਰਿਮ ਪੀਰਾ ਨਸ ਜੇਹ ॥੯੫॥

੧੭੯੩—ਕੱਥ, ਚਪਟੀ ਸੁਪਾਰੀ ਅਰਥਾਤ ਤੇਲੀਆ ਸੁਪਾਰੀ ਤੇ ਸਿੰਗ੍ਰਫ ਰੂੰਮੀ, ਇਹ ਤਿੰਨੋ ੧-੧ ਤੋਲਾ, ਲਾਖ ੩ ਸਿਰਸਾਹੀਆਂ, ਪਾਣੀ ਪਾਕੇ ਪਹਿਲੇ ਕਾੜ੍ਹਕੇ ਲਾਖ ਦਾ ਰਸ ਕੱਢੇ, ਅਰ ਫਿਰ ਓਹ ਪਾਣੀ ੭ ਪੈਸੇ ਭਰ ਰੱਖੇ। ਫਿਰ ਮੰਜੀਠ ੩ ਟੰਕ ਲੈ ਕੇ ਇਸ ਦਾ ਬੀ ਕਾੜ੍ਹਕੇ ਰਸ ਕਢੇ। ਪਰ ਇਸਦੇ ਰਸ ਦਾ ਪਾਣੀ ਦੋ ਤੋਲੇ ਰਹੇ ਤਾਂ ਲਵੇ, ਅਰ ਫਿਰ ਇਸ ਰਸ ਨਾਲ ਉਪਰਲੀਆਂ ਤਿੰਨੇ ਬਸਤਾਂ ਪੀਹੇ। ਫਿਰ ਲਾਖ ਦੇ ਰਸ ਨਾਲ ਪੀਹੇ, ਫਿਰ ਸੁਕਾ ਕੇ ਰਖੇ। ਫਿਰ ਪਹਿਲੇ ਦੰਦਾਂ ਨੂੰ ਖੱਟਾ, ਰਸ ਮਲਕੇ ਉਪਰੋਂ ਇਸਨੂੰ ਮਲੇ ਤਾਂ ਦੰਦ ਮਜ਼ਬੂਤ ਅਰ ਲਾਲ ਕਰੇ, ਕ੍ਰਿਮਾਂ ਦੀ ਪੀੜਾ ਨਸ਼ਟ ਹੋ ਜਾਵੇ ॥੯੨ ਤੋਂ ੯੫॥

ਚੌਪਈ

ਮਜੀਠ ਜੁ ਅਸ ਪਲ ਆਨੋ ਖਰੀ। ਧਾਤ੍ਰੀ ਫਲ ਮਾਸੇ ਪੰਚ ਧਰੀ।

---

†ਸੂਰਾਸਟ੍ਰਜ—ਗੋਪੀਚੰਦਨ ਹੈ, ਦੇਖੋਂਭਾਵ ਪ੍ਰ: ਕੋਸ਼

‡ਭਾਵੇਂ ਚਪਲ ਦੇ ਥਾਂ ਵਿਚਲ ਪਾਠ ਯੋਗ ਚਿੰਤਾਮਣੀ ਵਿਚ ਹੈ, ਜਿਸਦਾ ਇਹ ਪ੍ਰਯੋਗ 'ਹੈ ਸੋ ਵਿਦਲ ਦਾ ਅਰਥ ਕਚਨਾਰ ਹੈ, ਪਰੰਤੂ ਮੇਘ ਨੇ ਚੌੜੀਆਂ ਸੁਪਾਰੀਆਂ ਹੀ ਅਰਥ ਕੀਤਾ ਹੈ, ਕਿਉਂਕਿ ਅੱਗੇ ਲਾਲ ਮੱਸੀ ਵਿਚ 'ਤੀਨੋ ਪੀਸ' ਪਾਠ ਹੈ। ਇਸਤੇ ੪ ਚੀਜ਼ਾਂ ਨਹੀਂ ਹਨ।

Digitized by Panjab Digital Library | www.panjabdigilib.org

ਸਿੰਗਰਫ ਮਾਸੇ ਸਾਤ ਮੰਗਾਇ। ਮਾਸੇ ਪਾਂਚ ਕੱਥੁ ਲੈ ਪਾਇ ॥੯੬॥
ਮਸਤਕਿ ਰੂਮੀ ਸਭ ਤੇ ਆਧ। ਪੀਸੀ ਚੂਰਨ ਬੀਲਹਿ ਸਾਪ।
ਪ੍ਰਿਥਮ ਅਮਲਰਸਲਾਈ ਲਾਇ। ਦੰਤ ਬੱਜ੍ਰ ਅਰੁਰਕਤਕਰਾਇ ॥੯੭॥

੧੭੯੪—ਮੰਜੀਠ ਦੋ ਤੋਲੇ, ਆਵਲ ੫ ਮਾਸੇ। ਸਿੰਗ੍ਰਫ ੭ ਮਾਸੇ। ਕੱਥ ੫ ਮਾਸੇ। ਸਭ ਨਾਲੋਂ ਅੱਧੀ ਰੂਮੀ ਮਸਤਕੀ, ਸਭਨਾਂ ਨੂੰ ਪੀਹਕੇ ਚੂਰਣ ਬਣਾਇ, ਬਿੱਲ ਵਿੱਚ ਪਾ ਰਖੇ ਫਿਰ ਪਹਿਲੇ ਖੱਟਾ ਰਸ ਦੰਦਾਂ ਨੂੰ ਲਾਕੇ ਪਿੱਛੋਂ ਇਹ ਮੱਸੀ ਮਲੇ ਤਾਂ ਬਜ੍ਰ ਸਮਾਨ ਕਰੇ, ਅਰ ਦੰਦਾਂ ਦਾ ਰੰਗ ਲਾਲ ਹੋਵੇ ॥੯੬॥੯੭॥

ਮੁਖ ਸੋਖ ਉਪਾਇ—ਦੋਹਰਾ

ਅਪਾਮਾਰਗ ਜਰ ਇਟਸਿਟਾ ਜੀਰਾ ਸਜਾਮ ਸ੍ਵੇਤ।
ਪੀਸ ਤਕ੍ਰ ਸੋਂ ਪੀਜੀਏ ਕੰਠ ਸੋਖ ਕੀ ਜਜੇਤ ॥੯੮॥

੧੭੯੫—ਪੁਟਕੰਡਾ, ਇਟਸਿਟ ਦੀ ਜੜ, ਜੀਰਾ ਕਾਲਾ ਤੇ ਜੀਰਾ ਚਿਟਾ ਪੀਹਕੇ ਲੱਸੀ ਨਾਲ ਪੀਵੇ ਤਾਂ ਮੂੰਹ ਦਾ (ਸੋਕਣਾ) ਜਾਵੇ ॥੯੮॥

ਕਣਾ ਮੂਲ ਅਰੁ ਤੂੰਬਰੀ ਅਦਰਕ ਨਿੰਬ ਜੁ ਨੀਰ।
ਬਟੀ ਕਰੀ ਮੁਖ ਰਾਖੀਏ ਕੰਠ ਸੋਖ ਜਿਤ ਬੀਰ ॥੯੯॥

੧੭੯੬—ਪਿਪਲਾਮੂਲ, ਧਨੀਆਂ, ਅਦ੍ਰਕ ਤੇ ਨਿੰਮ ਜਲ ਨਾਲ ਗੋਲੀ ਕਰਕੇ ਮੂੰਹ ਵਿਚ ਰਖੇ ਤਾਂ ਮੂੰਹ ਦਾ ਸੁਕਣਾ ਜਾਵੇ ॥੯੯॥

ਮੁਖ ਦੁਰਗੰਧ ਉਪਾਇ

ਏਲਾ ਇਟਸਿਟ ਚੰਦਨੈ ਪੱਤ੍ਰਜ ਅਭਯਾ ਆਨ।
ਸਿਗ੍ਰ ਹਿਮ ਜਲ ਗੁਟਿ ਧਰੋ ਬਦਨ ਦੁਗੰਧ ਜੁ ਹਾਨ ॥੧੦੦॥

੧੭੯੭—ਇਲਾਚੀ, ਇਟਸਿਟ, ਚੰਦਨ, ਤੇਜਪੱਤ੍ਰਹਰੜ, ਸੁਹਾਂਵਣਾ ਤੇ ਮੁਸ਼ਕਪੂਰ ਇਨ੍ਹਾਂ ਦੀ ਜਲ ਨਾਲ ਗੋਲੀ ਕਰਕੇ ਮੂੰਹ ਵਿਚ ਰਖੇ ਤਾਂ ਮੂੰਹ ਦੀ ਦੁਰਗੰਧੀ ਜਾਵੇ ॥੧੦੦॥

ਬਾਲਾ ਨਿਸ ਘਨ ਕੁਸ਼ਟ ਲੈ ਹਰੜ ਕ੍ਵਾਥ ਗੋ ਮੂਤ।
ਕਰੋ ਕਰੂਲੀ ਸਾਤ ਦਿਨ ਬਦਨ ਬਾਸ ਜਿਮਹੂਤ ॥੧੦੧॥

੧੭੯੮—ਮੁਸ਼ਕਬਾਲਾ, ਹਲਧ, ਮੋਥਾ, ਕੁਠ ਤੇ ਹਰੜ ਦੀ ਛਿੱਲ ਲੈ ਕੇ ਗਊਮੂਤ੍ਰ ਵਿਚ ਕਾੜ੍ਹਾ ਕਰੇ, ਅਰ ਫਿਰ ੭ ਦਿਨ ਕੁਰਲੀਆਂ ਕਰੇ ਤਾਂ ਮੂੰਹ ਵਿਚੋਂ ਸੁਗੰਧੀ ਆਵੇ ॥੧੦੧॥

(ਰਸਰਤਨਾਕਰਾਤ)—ਦੋਹਰਾ

ਬਚੁ ਕੁਠ ਪੀਸੀ ਬਦਨ ਧਰ ਮਿਟਤ ਬਦਨ ਕੀ ਬਾਸ।

Digitized by Panjab Digital Library | www.panjabdigilib.org

ਵਾ ਕਰੀਰ ਜੜ ਧੋਈਏ ਦੁਰਗੰਧ ਬਦਨ ਬਿਲਾਸ ॥੧੦੨॥

੧੭੯੯—ਵਚ ਤੇ ਕੁਠ ਪੀਹਕੇ ਮੂੰਹ ਵਿਚ ਰਖੇ ਤਾਂ ਮੂੰਹ ਦੀ ਦੁਰਗੰਧੀ ਨਾਸ ਕਰੇ। ਯਾ:—

੧੮੦੦-ਕਰੀਰ ਦੀ ਜੜ ਦੇ ਕਾੜ੍ਹੇ ਨਾਲ ਬਾਰੰਬਾਰ ਮੂੰਹ ਧੋਵੇ ਅਰਥਾਤ ਕੁਰਲੇ ਕਰੇ ਤਾਂ ਮੂੰਹ ਦੀ ਦੁਰਗੰਧੀ ਜਾਵੇ ॥੧੦੨॥

(ਯੋਗ ਚਿੰਤਾਮਣੀ ਮਤਾਤ)—ਦੋਹਰਾ

ਜਾਇਪਤ੍ਰ ਗਜਪੀਪਰੀ ਇਟਸਿਟ ਬਚ ਕੁਠ ਪਾਇ।
ਬਾਂਸਾ ਸੁੰਠ ਸਤਾਵਰੀ ਲੌਂਗ ਪੀਸ ਜੁ ਛਨਾਇ ॥੧੦੩॥
ਘ੍ਰਿਤ ਸੋਂ ਚੂਰਨ ਬਦਨ ਧਰ ਮਿਟਤ ਬਾਸਨਾ ਆਸ।
ਕ੍ਰਿਮ ਕਫ ਬਾਦੀ ਚਲਤ ਹੀ ਏਤੇ ਰੋਗ ਬਿਨਾਸ ॥੧੦੪॥

੧੮੦੧—ਚੰਬੇਲੀ ਦੇ ਪੱਤਰ, ਲੰਬੀਮਘ, ਇਟਸਿਟ, ਵਚ, ਕੁੱਠ, ਬਾਂਸਾ, ਸੁੰਢ, ਸਤਵਾਰ ਤੇ ਲੌਂਗ ਲੈਕੇ ਪੀਸ ਛਾਣ ਚੂਰਨ ਕਰ ਰੱਖੇ, ਅਰ ਫਿਰ ਘੇਉ ਨਾਲ ਰਲਾਕੇ ਮੂੰਹ ਵਿਚ ਰੱਖੇ ਤਾਂ ਮੂੰਹ ਦੀ ਦੁਰ-ਗੰਧੀ, ਕੀੜੇ, ਕਫ, ਅਰ ਵਾਯੂ ਇਤਨੇ ਰੋਗ ਨਾਸ਼ ਕਰੇ ॥੧੦੩॥੧੦੪॥

ਲੌਂਗ ਕਪੂਰ ਤਮਾਲ ਹੀ ਕੇਸਰ ਮ੍ਰਿਗਮਦ ਪੀਸ।
ਗੁਟਿਕਾ ਕਰ ਮੁਖ ਨਿਸ ਧਰੇ ਬਦਨ ਬਾਸਨਾ ਖੀਸ ॥ ੧੦੫॥

੧੮੦੨-ਲੌਂਗ, ਕਪੂਰ, ਤਮਾਲਪਤ੍ਰ, ਕੇਸਰ ਤੇ ਕਸਤੂਰੀ ਲੈ ਕੇ ਪੀਹੇ, ਅਰ ਗੋਲੀ ਕਰਕੇ ਮੂੰਹ ਵਿਚ ਰਾਤ ਨੂੰ ਰੱਖੇ, ਭਾਵ ਕਵਲ ਧਾਰਣ ਕਰੇ ਤਾਂ ਮੂੰਹ ਦੀ ਦੁਰਗੰਧੀ ਨਾਸ਼ ਹੋਵੇ ॥੧੦੫॥

ਕਪੂਰਾਦਿ ਚੂਰਣ--ਦੋਹਰਾ

ਖਦਰ ਸਾਰ ਕੰਕੋਲ ਭਨ ਗਜਕੇਸਰ ਲਾਵੰਗ।
ਜਾਵਤ੍ਰੀ ਜਾਤੀਫਲਾ ਬੰਸਲੋਚਨਹਿ ਅੰਗ ॥ ੧੦੬ ॥
ਅਗਰ ਸੇਵਤੀ ਹਿਮ ਗਹੋ ਸਬ ਸਮਾਨ ਸਿਤ ਪਾਇ।
ਮੁਖ ਮਹਿ ਚੂਰਨ ਰਾਖੀਏ ਮੁਖ ਦੁਰਗੰਧ ਮਿਟਾਇ॥ ੧੦੭ ॥

੧੮੦੩—ਕੱਥ, ਸਰਦਚੀਨੀ, ਨਾਗਕੇਸਰ, ਲੌਂਗ, ਜਾਵਿਤ੍ਰੀ, ਜਾਫਲ, ਤਬਾਸੀਰ, ਅਗਰ, ਕੂਜਾ ਅਰਥਾਤ ਚਿੱਟਾ ਗੁਲਾਬ ਫੁੱਲ, ਤੇ ਕਪੂਰ ਲੈ ਕੇ ਸਭਨਾਂ ਦੇ ਬਰਾਬਰ ਦੀ ਮਿਸ਼ਰੀ ਪਾਕੇ ਚੂਰਣ ਕਰੇ, ਅਰ ਮੂੰਹ ਵਿਚ (ਕਵਲ) ਰੱਖੇ, ਤਾਂ ਮੂੰਹ ਦੀ ਦੁਰਗੰਧ ਨਾਸ਼ ਕਰੇ ॥੧੦੬॥੧੦੭॥

ਮੁਖ ਮੈ ਫੋੜਾ ਹੋਇ ਤਿਸਕਾ ਉਪਾਇ (ਸਾਰਉਧਾਰਾਤ)

ਛਿਨਾ ਦਾਖ ਜੁ ਦਾਰ ਨਿਸ ਪਾਨ ਪੱਤ੍ਰ ਅਜਵਾਨ।
ਤ੍ਰਿਫਲ ਕੜੂ ਜੋ ਕ੍ਵਾਥ ਕਰ ਕੁਰਲਾ ਮੁਖ ਕਰ ਠਾਨ ॥ ੧੦੮ ॥

Digitized by Panjab Digital Library | www.panjabdigilib.org

ਮੁਖ ਕਾ ਫੋੜਾ ਜਾਤ ਮਿਟ ਬਦਨ ਪਾਕ ਮਿਟ ਜਾਇ।
ਸਾਰ ਉਧਾਰਹਿ ਇਮ ਕਹਜੋ ਮੁਖ ਕੀ ਪੀਰਾ ਜਾਇ॥ ੧੦੯॥

੧੮੦੪—ਗਿਲੋਅ, ਮੁਣੱਕਾ, ਦਾਰਹਲਦੀ, ਪਾਨਾਂ ਦੇ ਪੱਤੇ, ਅਜਵਾਇਣ, ਤ੍ਰਿਫਲਾ (ਹਰੜ, ਬਹੇੜਾ, ਆਵਲੇ) ਤੇ ਕੌੜ, ਇਨ੍ਹਾਂ ਦਾ ਕਾੜ੍ਹਾ ਕਰੇ, ਅਰ ਫਿਰ ਕੁਰਲੀਆਂ ਕਰੇ ਤਾਂ ਮੂੰਹ ਦਾ ਫੋੜਾ, ਮੂੰਹ ਦਾ ਪਕਣਾ ਅਰ ਮੂੰਹ ਦੀ ਪੀੜ ਸਭੇ ਨਾਸ਼ ਕਰੇ ॥੧੦੮॥੧੦੯॥

ਜੀਭ ਗਲੀ ਕੋ--ਦੋਹਰਾ

ਖੁੰਬ ਪੁਰਾਣੀ ਧੂੜੀਏ ਸੇਲਖੜੀ ਵਾ ਲਾਇ।
ਅਥਵਾ ਤੇਖਾਖੀਰ ਲਿਪ ਰਸਨਾ ਗਲਤ ਮਿਟਾਇ।

੧੮੦੫-ਪੁਰਾਣੀ ਖੁੰਬ ਲੈਕੇ ਧੂੜੇ, ਯਾ:-
੧੮੦੬-ਸੇਲਖੜੀ ਮਿਟੀ ਲਾਵੇ, ਯਾ:-
੧੮੦੭-ਤੇਖਾਖੀਰ ਦਾ ਲੇਪ ਕਰੇ, ਤਾਂ ਜੀਭ ਗਲੀ ਹੋਈ ਹਟੇ ॥੧੧੦॥

ਮੁਖ ਰੁਧਰ ਪੜਤੇ ਕੋ--ਦੋਹਰਾ

ਏਲਾ ਪਤ੍ਰਜ ਪੀਪਰੀ ਮੁਹਲੇਠੀ ਘਨ ਦਾਖ ।
ਬੰਸਦ੍ਰਿਗਨ ਸਮ ਪੀਸੀਏ ਸਭ ਸਮ ਸਿਤਾ ਜੁ ਰਾਖ॥ ੧੧੧॥
ਸਹਿਤ ਸੰਗ ਗੋਲੀ ਕਰੋ ਤੀਨ ਟੰਕ ਮੁਖ ਪਾਇ।
ਬਦਨ ਪਰਤ ਲੋਹੂ ਮਿਟਤ ਪਾਛੈ ਕਹੇ ਉਪਾਇ ॥ ੧੧੨॥

੧੮੦੮-ਇਲਾਚੀ, ਤਜਪਤ੍ਰ, ਮਘ, ਮੁਲੱਠੀ, ਮੋਥਾ, ਮੁਣੱਕਾ, ਅਰ ਤਬਾਸੀਰ ਸਭ ਇਕ ਬਰਾਬਰ ਲੈ ਕੇ ਪੀਹੇ, ਅਰ ਫਿਰ ਸਭਨਾਂ ਦੇ ਸਮਾਨ ਦੀ ਮਿਸਰੀ ਪਾਕੇ ਸ਼ਹਤ ਨਾਲ ੩ ਟੰਕ ਦੀ ਗੋਲੀ ਬੰਨ੍ਹੇ, ਫਿਰ ਮੂੰਹ ਵਿਚ ਰਖੇ ਤਾਂ ਮੂੰਹ ਦਾ ਲਹੂ ਪੈਣਾ ਬੰਦ ਹੋਵੇ, ਹੋਰ ਯਤਨ ਪਿਛੇ ਲਿਖੇ ਕਰੇ ॥੧੧੧॥੧੧੨॥

ਮੁਖ ਬਿਰਸ ਉਪਾਇ (ਰਸਰਤਨਾਕਰਾਤ)

ਕਾਂਜੀ ਸੇਂਧਾ ਗਰਮ ਕਰ ਕੁਰਲੇ ਕਰ ਦਸ ਬੀਸ।
ਸਾਤ ਦਿਵਸ ਲੌ ਕੀਜੀਏ ਬਦਨ ਬਿਰਸ ਰਸੁ ਈਸ॥ ੧੧੩॥

੧੮੦੯-ਕਾਂਜੀ ਵਿਚ ਸੇਂਧਾਨਿਮਕ ਪਾਕੇ ਗਰਮ ਕਰਕੇ ਦਸ ਬੀਸ ਕੁਰਲੇ ਕਰੇ, ਇਸਤਰਾਂ ੭ ਦਿਨ ਤਕ ਕਰੇ, ਤਾਂ ਮੂੰਹ ਦਾ ਬਿਰਸ ਨਾਸ਼ ਹੋਵੇ, ਅਰ ਰਸ ਔਣ ਲਗੇ ॥੧੧੩॥

ਕਰਖ ਏਕ ਜਵਖਾਰ ਲੈ ਦ੍ਵਾਬਿੰਸਤ ਪਲ ਨੀਰ।
ਪਾਦ ਸੇਖ ਇਸ ਕ੍ਵਾਥ ਕਰ ਕਰਤ ਪਾਨ ਸੁਨ ਬੀਰ॥ ੧੧੪॥

Digitized by Panjab Digital Library | www.panjabdigilib.org

ਬਦਨ ਬਿਰਸ ਰਸ ਮਧ ਕਰਤ ਲਿਪਤ ਕਫਹਿ ਮੁਖ ਜੋਇ।
ਖਾਂਸੀ ਏਤੇ ਰੋਗ ਮੁਖ ਤੁਰਤੇ ਦੇਵਤ ਖੋਇ॥ ੧੧੫॥

ਸਖਤਿ ਸੁਪਾਰੀ ਨਿਤ ਚਬੇ ਦਿਵਸ ਤੀਨ ਵਾ ਸਾਤ।
ਬਦਨ ਬਿਸਰਸ ਕਰਤ ਹੈ ਕਹਿਤ ਮੇਘ ਰਿਖ ਬਾਤ॥ ੧੧੬॥

੧੮੧੦—ਇਕ ਤੋਲਾ ਜੌਖਾਰ ਲੈ ਕੇ ੮੮ ਤੋਲੇ ਜਲ ਪਾਕੇ ਕਾੜ੍ਹਾ ਕਰੇ, ਜਦ ਚੌਥਾ ਹਿੱਸਾ ਪਾਣੀ ਆਣ ਰਹੇ ਤਾਂ ਪੀਵੇ, ਮੂੰਹ ਬਿਰਸਪਣਾ ਹਟਾਕੇ ਰਸ ਵਾਲਾ ਮੂੰਹ ਕਰੇ, ਜੇੜ੍ਹਾ ਮੂੰਹ ਕਫ ਨਾਲ ਲਿਪਿਆ ਰਹਿੰਦਾ ਸੀ ਸੋ ਨਾਸ਼ ਹੋਵੇ ਅਰ ਖਾਂਸੀ ਨੂੰ ਬੀ ਨਾਸ ਕਰੇ ॥੧੧੪॥੧੧੫॥

੧੮੧੧—ਕਾਠੀ ਸੁਪਾਰੀ ਹਰ ਰੋਜ਼ ਸੱਤ ਦਿਨ ਯਾਂ ਤਿੰਨ ਦਿਨ ਚਬਾਵੇ ਤਾਂ ਮੂੰਹ ਦਾ ਬਿਰਸ (ਬੇਸ੍ਵਾਦ) ਨਾਸ਼ ਹੋਵੇ ॥੧੧੬॥

ਸਿਤਾ ਦਾਖ ਦਾਰਮ ਤੁਖਮ ਮਾਤਲੁੰਗ ਖਰਜੂਰ।
ਸੇਂਧਾ ਮਧੁ ਕੇਸਰ ਚਟੇ ਬਦਨ ਬਿਰਸ ਸਭ ਦੂਰ॥੧੧੭॥

੧੮੧੭—ਮਿਸੀ, ਮੁਣੱਕਾ, ਅਨਾਰਦਾਣਾ, ਬਿਜੌਰਾ, ਨਿੰਬੂ, ਖਜੂਰ, ਸੇਂਧਾਲੂਣ, ਸ਼ਹਤ, ਅਰ ਕੇਸਰ ਦਟਣੀ ਵਾਂਗ ਬਣਾਕੇ ਚੱਟੇ ਤਾਂ ਮੂੰਹ ਦਾ ਬਿਰਸਪਣਾ ਨਾਸ ਹੋਵੇ ॥੧੧੭॥

ਹੋਠ ਪਾਟਣੇ ਕਾ ਉਪਾਯ (ਵੰਗਸੇਨਾਤ)—ਦੋਹਰਾ

ਜਾਵਕ ਮੋਮ ਜੁ ਤੇਲ ਮੈ ਆਛਾ ਲੇਪ ਕਰਾਇ।
ਫੁਟਤ ਕੁਰਾੜੇ ਹੋਠ ਹੀ ਨਰਮ ਕਰਤ ਰੰਗ ਦਾਇ॥੧੧੮॥

੧੮੧੩-ਲਾਖ, ਮੋਮ ਤੇ ਤੇਲ ਸਮਾਨ ਲਵੇ, ਪਹਿਲੇ ਤੇਲ ਗਰਮ ਕਰਕੇ ਵਿੱਚ ਮੋਮ ਪਾਵੇ, ਫਿਰ ਪੀਸੀ ਹੋਈ ਲਾਖ ਪਾਕੇ ਮਲ੍ਹਮ ਜੇਹੀ ਕਰਕੇ ਹੋਠਾਂ ਤੇ ਲੇਪ ਚੰਗੀ ਤਰਾਂ ਕਰੇ, ਤਾਂ ਹੋਠ ਫਟੇ ਅਰ ਖੇਚੜੇ ਨਰਮ ਹੋਣ, ਰੰਗ ਲਾਲ ਕਰੇ ॥੧੧੮॥

ਆਂਬ ਪੱਤ੍ਰ ਕਟੁ ਤੇਲ ਮਲਿ ਤਾਂਕੋ ਗਰਮ ਕਰਾਇ।
ਸੇਕ ਦੇਹੁ ਯੁਗ ਹੋਠਕੋ ਅਤਿ ਕੋਮਲ ਸੁਖ ਥਾਇ॥੧੧੯॥

੧੮੧੪—ਅੰਬ ਦੇ ਨਰਮ ਪੱਤਰੇ ਕੌੜੇ ਤੇਲ ਵਿਚ ਮਲੇ ਅਰ ਫਿਰ ਗਰਮ ਕੀਤੇ ਹੋਏ ਦਾ ਦੋਹਾਂ ਹੋਠਾਂ ਨੂੰ ਸੇਕ ਦਵੇ ਤਾਂ ਹੋਠਾਂ ਨੂੰ ਨਰਮ ਕਰੇ ॥੧੧੯॥

ਗੇਰੂ ਸਾਜੀ ਸੇਂਧਵਾ ਮੋਮ ਸਿਧਾਰਥ ਤੇਲ।
ਅਗਨਿ ਪਕਾਈ ਹੋਠ ਮਲ ਹੋਠ ਫਟਤ ਕੋ ਠੇਲ॥੧੨੦॥

੧੮੧੫-ਗੇਰੂ, ਸੱਜੀ, ਸੇਂਧਾਲੂਣ, ਮੋਮ ਅਰ ਕੌੜਾ ਤੇਲ ਪੀਹਕੇ ਸਭ ਚੀਜ਼ਾਂ ਤੇਲ ਵਿਚ ਪਾ ਕੇ ਪਕਾਵੇ, ਫਿਰ ਹੋਠਾਂ ਪਰ ਮਲੇ ਤਾਂ ਹੋਠ ਨਰਮ ਕਰੇ ਅਰ ਫਟਣਾ ਬੰਦ ਹੋਵੇ ॥੧੨੦॥

Digitized by Panjab Digital Library | www.panjabdigilib.org

†ਪਰਬਾਲੀ ਲੈ ਬਾਂਧਿਓ ਹੇਠ ਊਪਰੇ ਜਾਨ।
ਅਥਵਾ ਬਿੰਬੀ ਬਾਂਧੀਏ ਹੇਠ ਸੋਜ ਕੀ ਹਾਨ ॥੧੨੧॥

੧੮੧੬-ਪ੍ਰਬਾਲੀ-ਨਿੰਮ ਦੀਆਂ ਕੂੰਮਲੀਆਂ ਲੈਕੇ ਹੇਠ ਉੱਪਰ ਦੇ ਦੋਹਾਂ ਹੋਠਾਂ ਪਰ ਬੰਨ੍ਹੇ ਤਾਂ ਸੋਜ ਹੋਠਾਂ ਦੀ ਨਾਸ ਹੋਵੇ। ਯਾ:-

੧੮੧੭—੧੮੧੮-ਕੰਦੂਰੀ ਫਲ ਲੈ ਕੇ ਹੇਠ ਉੱਪਰ ਦੇ ਹੋਠ ਉੱਪਰ ਬੰਨ੍ਹੇ ਤਾਂ ਹੋਠਾਂ ਦੀ ਸੋਜ ਨਾਸ ਕਰੇ ॥੧੨੧॥

ਯੋਬਨ ਪਿੜਕਾ ਉਪਾਇ-(ਵੈਦਜੀਵਨਾਤ)

ਬਚ ਧਨੀਆਂ ਅਰ ਲੋਧ ਲੈ ਜਲ ਸੋ ਲੇਪ ਲਗਾਇ।
ਜੋਬਨ ਕੀ ਪਿੜਕਾ ਮਿਟਤ ਦੀਨੀ ਮੇਘ ਬਤਾਇ ॥ ੧੨੨ ॥

੧੮੧੯-ਵਚ, ਧਨੀਆਂ ਅਰ ਲੋਧ ਲੈ ਕੇ ਜਲ ਨਾਲ ਲੇਪ ਕਰੇ ਤਾਂ ਜੋਬਨ ਦੀਆਂ ਹੋਈਆਂ ਮੂੰਹ ਉਪਰਦੀਆਂ ਫਿੰਨਸੀਆਂ ਨਾਮ ਕਰੇ ॥੧੨੨॥

(ਵੰਗਸੇਠਾਤ)-ਦੋਹਰਾ

ਸੇਂਧਾ ਲੋਧ ਜੁ ਸਰਖਪਾ ਬਚ ਜਲ ਲੇਪੋ ਆਨ।
ਮਰਚ ਗਰੋਚਨ ਨੀਰ ਲਿਪ ਜੋਬਨ ਪਿੜਕਾ ਹਾਨ ॥ ੧੨੩ ॥

੧੮੨੦-ਸੇਂਧਾਲੂਣ, ਪਠਾਣੀਲੋਧ, ਸਰ੍ਹੋਂ ਤੇ ਵਚ ਜਲ ਨਾਲ ਮੂੰਹ ਉਪਰ ਦੀਆਂ ਫਿੰਨਸੀਆਂ ਪਰ ਲੇਪ ਕਰੇ। ਯਾ:-

੧੮੨੧-ਕਾਲੀ ਮ੍ਰਿਚ ਤੇ ਗਰੋਚਨ ਦਾ ਜਲ ਨਾਲ ਲੇਪ ਕਰੇ ਤਾਂ ਯੋਬਨ ਸਮਯ ਦੀਆਂ ਹੋਈਆਂ ਮੂੰਹ ਉਪਰਦੀਆਂ ਫਿਨਸੀਆਂ ਨਾਸ਼ ਕਰੇ ॥੧੨੩॥

ਚੌਪਈ

ਕੁਸ਼ਟ ਪ੍ਰਯੰਗੁ ਮੰਗੁ ਮੰਜਿਸਟ ਮਸੂਰ। ਬਟ ਕੂਪਲ ਅਰ ਲੋਦੁ ਸੁ ਪੂਰ।
ਚੰਦਨ ਰਕਤ ਬਦਨਲਿ ਪਨੀਗ ਬਦਨਬਜੰਗ ਪਿੜਕਾਜੁਤਗੀਰ ॥੧੨੪॥
ਬਟ ਪੱਤਰ ਪੀਲੇ ਰੰਗ ਲੇਇ। ਚੰਦਨ ਰਕਤ ਮਾਲਤੀਦੇਇ।
ਕੁਸ਼ਟ ਕਾਲ ਹਰਿ ਲੋਦ ਮੰਗਾਇ। ਜਲ ਸੋਪੀਸੀਲੇਪਕਰਾਇ ॥੧੨੫॥
ਬਦਨ ਵਯੰਗ ਜੋਬਨ ਕੋ ਕੀਲ। ਏਤੋ ਜਾਵਤ ਖਿਨ ਮਹਿ ਛੀਲ।
ਕ੍ਰਾਂਤਿ ਜੋਤਿ ਮੁਖ ਦੂਨੀ ਕਰੈ। ਛਾਈ ਮੁਖ ਕੀ ਦੂਰੈ ਧਰੈ ॥ ੧੨੬ ॥

---

†ਭਾਵੇਂ ਪ੍ਰਬਾਲ ਨਾਮ ਮੂੰਗੇ ਦਾ ਹੈ, ਪਰੰਤੂ ਏਥੇ ਨਿੰਮ ਦਾ ਵਾਚਕ ਅਵੱਸ਼ ਹੈ।

Digitized by Panjab Digital Library | www.panjabdigilib.org

੧੯੨੨–ਕੁੱਚ, ਪ੍ਰਯੰਗੂ, ਗੋਂਦਣੀ-ਮਜੀਠ, ਲਾਲ ਮਸਰ, ਬੋਹੜ ਦੀਆਂ ਲਾਲ ਕੂੰਮਲੀਆਂ, ਪਠਾਣੀਲੋਧ ਤੇ ਲਾਲ ਚੰਦਨ ਪੀਹਕੇ ਜਲ ਨਾਲ ਮੂੰਹ ਉਤੇ ਲੇਪ ਕਰੇ ਤਾਂ ਮੂੰਹ ਉੱਪਰ ਦੀਆਂ ਛਾਈਆਂ ਤੇ ਫਿਨਸੀਆਂ ਨਾਸ਼ ਕਰੇ ॥੧੨੪॥

੧੯੨੩-ਬੋਹੜ ਦੇ ਪੀਲੇ ਪੱਤ੍ਰ, ਰਕਤ ਚੰਦਨ, ਚੰਬੇਲੀ ਦੇ ਪੱਤ੍ਰ, ਕੁੱਠ ਦਾਰਹਲਦੀ (ਯਾ ਕਸੁੰਭੇ ਦੇ ਫੁੱਲ (ਤੇਲੋਧ ਲੈ ਕੇ ਜਲ ਨਾਲ ਪੀਹਕੇ ਲੇਪ ਕਰੇ ਤਾਂ ਮੂੰਹ ਦਾ ਟੇਢਪਨ, ਯੌਬਨ ਕਾਲ ਦੇ ਮੂੰਹ ਦੇ ਕਿੱਲ ਤੇ ਛਾਈਆਂ ਇਹ ਸਭੇ ਨਾਸ਼ ਕਰੇ ਅਰ ਮੂੰਹ ਦੀ ਆਭਾ-ਕ੍ਰਾਂਤੀ ਦੂਣੀ ਕਰੇ ॥੧੨੫॥੧੨੬॥

ਦੋਹਰਾ

ਸਾਜੀ ਲੋਦ ਉਸੀਰ ਯਵ ਚੰਦਨ ਮਧੁ ਘ੍ਰਿਤ ਪਾਇ।
ਗੁੜ ਗੋ ਮੂਤ੍ਰ ਸੋਂ ਪਕ੍ਵ ਕਰ ਬਦਨ ਚਰਨ ਲਿਪ ਲਾਇ ॥ ੧੨੭ ॥
ਬਦਨ ਬਜੰਗ ਜੋਬਨ ਯਿੜਕ ਨੀਲ ਛਾਇ ਸਬ ਜਾਇ।
ਚਰਨ ਹਸਤ ਕੋਮਲ ਕਰਤ ਜੋ ਉਠ ਪ੍ਰਾਤ ਮਲਾਇ ॥ ੧੨੮ ॥

੧੯੨੪–ਸੱਜੀ, ਲੋਧ, ਖੱਸ, ਜੋਂ, ਚੰਦਨ, ਸ਼ਹਿਤ, ਘਿਉ ਤੇ ਗੁੜ ਧਾਕੇ ਗਊਮੂਤ੍ਰ ਵਿੱਚ ਪਕਾਵੇ ਅਰ ਫਿਰ ਮੂੰਹ ਵਾ ਪੈਰਾਂ ਪਰ ਲੇਪ ਕਰੇ ਤਾਂ ਮੂੰਹ ਦਾ ਵਿੰਗਾਪਨ, ਜੋਬਨ ਦੇ ਕਿੱਲ, ਨੀਲ ਅਰ ਛਾਈਆਂ ਇਹ ਸਭ ਨਾਸ਼ ਕਰੇ ਅਤੇ ਪੈਰਾਂ ਹੱਥਾਂ ਨੂੰ ਨਰਮ ਕਰੇ, ਜੇ ਕਦੇ ਪ੍ਰਾਤਾਕਾਲ ਨਿੱਤ ਮਲਨੇ ਦਾ ਅਭਜਾਸ ਰੱਖੇ ॥੧੨੭॥੧੨੮॥

ਕਾਲੀਯਕ ਉਤਪਲ ਗਰੀ ਸੰਖ ਨਾਭ ਦਧਿ ਸੰਗ।
ਲੇਪ ਬਦਨ ਸੋ ਕੀਜੀਏ ਸਸਿਭਾ ਪਿੜਕਾ ਭੰਗ ॥ ੧੨੯ ॥

੧੯੨੫-†ਦਾਰਹਲਧੀ, ਕੌਲਡੋਡੇ ਦੀ ਗਿਰੀ ਤੇ ਸੰਖ ਦੀ ਨਾਭੀ, ਸਮਾਨ ਲੈਕੇ ਦਹੀਂ ਨਾਲ ਮੂੰਹ ਪਰ ਲੇਪ ਕਰੇ ਤਾਂ ਪਿੜਕਾ ਨਾਸ਼ ਹੋਕੇ ਮੂੰਹ ਚੰਦ੍ਰਮਾ ਸਮਾਨ ਚਮਕੇ ॥੧੨੯॥

ਚੰਦਨ ਬਕਮ ਪ੍ਰਯੰਗ ਕੁਠ ਲੋਧ ਪਤ੍ਰ ਬਟ ਪੀਤ।
ਚੰਦਨ ਰਕਤ ਜੁ ਲੇਪ ਜਲ ਸਸਿਭਾ ਕਰੀਤ ॥ ੧੩੦ ॥

੧੯੨੬–ਚੰਦਨ, ਬਕਮ ਲਕੜੀ, ਮਾਲਕੰਗਨੀ, ਕੁੱਠ, ਲੋਧ, ਬੋਹੜ ਦੇ ਪੀਲੇ ਪੱਤਰ ਤੇ ਲਾਲ ਚੰਦਨ ਪੀਹਕੇ ਜਲ ਨਾਲ ਲੇਪ ਕਰੇ ਤਾਂ ਚੰਦ੍ਰਮਾਂ ਸਮਾਨ ਮੂੰਹ ਹੋਵੇ ॥੧੩੦॥

ਮੁਖ ਰੋਗ ਦੇ ਪੱਥ–ਪਰਿਹਾ

ਸ੍ਵੇਦ ਬਮਨ ਬਰੇਚਨ ਕੁਰਲਾ ਕੀਜੀਏ।
ਪ੍ਰਤਿਸਾਰਣ ਸਿਗ੍ਰ ਮੋਖਨ ਧੂਮ ਸੁ ਦੀਜੀਏ।
ਸ਼ਸਤ੍ਰ ਅਗਨ ਜੋ ਕਰਮ ਧਾਨਪ ਕੁਲ ਥਾਨ ਹੀ।

---

†ਕਾਲੀਯਕ–ਦਾਰਹਲਧੀ ਹੈ ਦੇਖ ਔਸ਼ਧੀ ਕੋਸ਼ ਪ੍ਰਿ: ੩੯।

Digitized by Panjab Digital Library | www.panjabdigilib.org

ਮੂੰਗ ਜਵਹਿ ਪਟੋਲ ਕਰੇਲਾ ਮਾਨ ਹੀ॥੧੩੧॥
ਲਘੁ ਮੂਲੀ ਕਾਪੂਰ ਜੁ ਪਾਨ ਬਖਾਨੀਏ।
ਤਪਤ ਨੀਰ ਅਰ ਕ੍ਵਾਥ ਸੁ ਘੀਉ ਜੁ ਜਾਨੀਏ।
ਕਟੁਕ ਤਿਕਤ ਸਬ ਵਰਗ ਮਿਤ੍ਰ ਏ ਭਾਖੀਏ।
ਮੁਖ ਰੋਗੀ ਕੇ ਹੇਤ ਸੁ ਮੇਘੇ ਦਾਖੀਏ॥ ੧੩੨॥

੧੯੨੭-ਪਸੀਨਾ, ਕੈ, ਜੁਲਾਬ, †ਕੁਰਲੇ ਕਰਨੇ, ਪ੍ਰਤਿਸਾਰਣ—ਅਰਥਾਤ ਮੰਜਨ,ਫਸਤ ਕਰਨਾ, ਧੂਆਂ ਦੇਣਾ, ਨਸਤ੍ਰ ਦੇਣੀ, ਅੱਗ ਦੇ ਨਾਲ ਦਾਗ ਦੇਣੀ, ਧਾਂਨ, ਕੁਲੱਥ, ਮੂੰਗ, ਜੌਂ, ਪਟੋਲ, ਕਰੇਲੇ, ਛੋਟੀ ਮੂਲੀ, ਕਪੂਰ ਦਾ ਜਲ, ਪਾਨ, ਬੀੜੇ, ਤੱਤਾ ਜਲ, ਕੱਥ ਅਰ ਘਿਉ, ਕੌੜੇ ਅਰ ਤੀਖਣ ਪਦਾਰਥ ਇਹ ਸਭ ਮੂੰਹ ਰਗ ਵਾਲੇ ਦੇ ਕੱਥ ਹਨ ॥੧੩੧॥੧੩੨॥

ਕੁਪੱਥ—ਪਰਿਹਾ

ਦੰਤ ਕਾਸ਼ਟ ਸਨਾਨ ਅਮਲ ਪਲ ਝਖ ਕਹੀ।
ਦਧਿ ਗੁੜ ਖੀਰ ਜੁ ਮਾਸ ਰੂਖ ਅੰਨ ਨਹਿ ਸਹੀ।
ਕਠਨਾਸਨ ਗੁਰ ਅਧੋ ਬਦਨ ਨਹਿ ਸੋਵਹੀ।
ਦਿਵਸ ਨੀਂਦ ਕੇ ਤਯਾਗੇ ਅਪਥ ਸਦੋਵਹੀ॥ ੧੩੩॥

੧੯੨੮-ਦਾਤਣ, ਸਨਾਨ, ਖਟਾਈ, ਮੱਛੀ ਦਾ ਮਾਸ, ਦਹੀਂ ਗੁੜ, ਦੁੱਧ, ਮਾਂਸ, ਰੁਖੇ ਅੰਨ, ਕਰੜੇ ਭੋਜਨ, ਭਾਰੇ ਅੰਨ, ਮੂੰਹ ਭਾਰ ਸੌਣਾ ਅਤੇ ਦਿਨ ਦਾ ਸੌਣਾ ਇਹ ਸਭ ਕੁਪੱਥ ਹਨ॥੧੩੩॥

ਅਥ ਨਾਸ ਰੋਗੇ ਨਿਦਾਨ—ਦੋਹਰਾ

ਕਫ ਬਿਕਾਰ ਤੇ ਜਾਨਿਯੋ ਰੋਗ ਨਾਸਕਾ ਜੋਰ।
ਪੀਨਸਾਦਿ ਦੁਖ ਊਪਜੇ ਮਾਧਵ ਜਾਨੋ ਔਰ॥ ੧੩੪॥

ਕਫ ਦੇ ਵਿਕਾਰ ਤੇ ਨਾਸਕਾ ਦਾ ਰੋਗ ਹੁੰਦਾ ਹੈ, ਇਸ ਵਿਚ ਨਜ਼ਲਾ ਆਦਿ ਜੋਰ ਪਾ ਜਾਂਦਾ ਹੈ, ਵਿਸ਼ੇਸ਼ ਮਾਧਵ ਤੇ ਜਾਨਣਾ ਚਾਹੀਏ ॥੧੩੪॥

ਲੱਛਣ--ਦੋਹਰਾ

ਸ੍ਰਵਤ ਬੰਦ ਦੁਰਗੰਧਿ ਕਫ ਜਲਤ ਨਾਸਕਾ ਜਾਨ।
ਗੁੰਗਲੀ ਕ੍ਰਿਮ ਛਿਕੁਰਾ ਪਰਤ ਰਕਤ ਪਰਤ ਪਕ ਠਾਨ॥ ੧੩੫॥

ਵਗਣਾ, ਬੰਦ ਹੋਣਾ, ਦੁਰਗੰਧੀ ਔਣੀ, ਕਫ, ਸੜਨਾ, ਗੰਧ ਨਾ ਔਣੀ, ਕ੍ਰਿਮ, ਚੂਹਾ ਪੈਣਾ; ਨਕਸੀਰ ਅਰ ਨਾਸਾਂ ਦਾ ਪਕਣਾ ਆਦਿ ੧੮ ਰੋਗ ਨਾਸਾਂ ਦੇ ਹਨ॥੧੩੫॥

---

†ਕੁਰਲੇ ਦੇ ਥਾਂ ਔਸਧੀਆਂ ਦਾ "ਕਵਲ" ਧਾਰਣ ਅਰਥ ਸ਼ਰੇਸ਼ਟ ਹੈ।

Digitized by Panjab Digital Library | www.panjabdigilib.org

ਨਾਸਕਾ ਸੂਕੀ ਉਪਾਇ (ਰਸਰਤਨਾਕਰਾਤ)—ਦੋਹਰਾ

ਸਿਤਾ ਸ੍ਵੇਤ ਜੀਰਾ ਗਹੇ ਗੋ ਘ੍ਰਿਤ ਨਾਵਨ ਦੇਇ।
ਸੂਕੀ ਨਾਸਕਾ ਹਰਤ ਹੁਇ ਦੁਰਗੰਧ ਸ੍ਰਵਤ ਹਰੇਇ॥ ੧੩੬॥

੧੮੨੯—ਮਿਸ੍ਰੀ, ਚਿੱਟਾਜੀਰਾ, ਲੈਕੇ ਬਰੀਕ ਕਰਕੇ ਗੋਕੇ ਘੇਉ ਵਿੱਚ ਨਸਵਾਰ ਦੇਵੇ। ਇਹ ਨਸਵਾਰ ਸੁੱਕੀਆਂ ਨਾਸਾਂ ਦੇ ਹਟੌਣ ਹਾਰੀ ਹੈ ਅਰ ਦੁਰਗੰਧੀ ਤੇ ਵਗਣੇ ਨੂੰ ਬੀ ਹਟਾਵੇ ਹੈ॥੧੩੬॥

ਪੀਨਸ (ਨਜ਼ਲੇ) ਕੋ—ਦੋਹਰਾ

ਫਲ ਬ੍ਰਿੰਦਾਲ ਤਿਲ ਦ੍ਵੈ ਪ੍ਰਮਿਤ ਮਿਰਚਾਂ ਤਹਿ ਸਮ ਪੀਸ।
ਨਾਸ ਦੇਹੁ ਜਲ ਸੰਗ ਹੀ ਪੀਨਸ ਰੋਗੁ ਨ ਦੀਸ॥ ੧੩੭॥

੧੮੩੦—ਘੱਘਰਵੇਲ ਦਾ ਫਲ ਤੇ ਤਿਲ, ਦੋਨੋਂ ਇਕ ਸਮਾਨ, ਇਨਾਂ ਦੋਹਾਂ ਦੇ ਸਮਾਨ ਮਿਰਚਾਂ ਪਾਕੇ ਪੀਹੇ, ਅਰ ਫਿਰ ਜਲ ਨਾਲ ਨਸਵਾਰ ਦੇਵੇ ਤਾਂ ਪੀਨਸ (ਰੇਸ਼ਾ) ਨਾਸ਼ ਹੋਵੇ॥੧੩੭॥

ਗੁੜ ਸੋ ਤ੍ਰਿਕੁਟਾ ਪੀਸਕੈ ਨਿਤ ਉਠ ਖਾਵੈ ਕੋਇ।
ਪੀਨਸ ਜਾਵੈ ਤੁਰਤ ਹੀ ਕਹੀ ਔਖਧੀ ਸੋਇ॥ ੧੩੮॥

੧੮੩੧—ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਪੀਹਕੇ ਗੁੜ ਨਾਲ ਨਿੱਤ ਖਾਵੇ ਤਾਂ ਤੁਰਤ ਹੀ ਰੇਸ਼ਾ ਨਾਸ਼ ਕਰੇ॥੧੩੮॥

†ਗੁੰਗਲੀ ਉਪਾਇ--ਦੋਹਰਾ

ਲਾਲ ਮਰਚ ਸਮ ਹਿੰਗੁ ਲੈ ਪੀਸੀ ਨਾਸ ਦਿਵਾਇ।
ਗੁੰਗਲੀ ਜਾਵਤ ਕ੍ਰਿਮ ਮਰਤ ਸਾਚੀ ਦਈ ਬਤਾਇ॥ ੧੩੯॥

੧੮੩੨-ਲਾਲਮ੍ਰਿਚ ਤੇ ਹਿੰਙ ਇਕ ਸਮਾਨ ਲੈ ਕੇ ਪੀਹਕੇ ਨਸਵਾਰ ਦੇਵੇ ਤਾਂ ਗੁੰਗਲੀ (ਮਿਣ ਮਿਣਾਹਟ) ਨਾਸ਼ ਹੋਵੇ, ਅਰ ਕ੍ਰਿਮ ਮਰ ਜਾਵੇ ਇਹ ਯਥਾਰਥ ਹੈ॥੧੩੯॥

ਲਾਲ ਮਰਚ ਬ੍ਰਿੰਦਾਲ ਫਲ ਹਿੰਗੁ ਪੀਸੀਏ ਤੀਨ।
ਨਾਸ਼ ਦੇਹੁ ਨਕ ਬੀਚ ਹੀ ਗੁੰਗਲੀ ਕ੍ਰਿਮ ਸਬ ਹੀਨ॥ ੧੪੦॥

੧੮੩੩—ਲਾਲ ਮ੍ਰਿਚ, ਘੱਘਰਵੇਲ ਦਾ ਫਲ ਅਰ ਹਿੰਙ, ਤਿੰਨੇ ਪੀਹਕੇ ਨਸਵਾਰ ਨੱਕ ਵਿਚ ਦੇਵੇ ਤਾਂ ਗੁੰਗਲੀ ਅਰ ਕ੍ਰਿਮਿ ਨਾਸ਼ ਹੋਵੇ॥੧੪੦॥

ਫਲ ਸਮੁੰਦ੍ਰ ਅਰ ਕਾਯਫਲ ਕੰਟਾਰੀ ਕੇ ਬੀਜ।
ਕਣਾ ਮੂਰ ਨਾਵਨ ਕਰੋ ਪੀਨਸ ਜਾਵਤ ਖੀਜ॥ ੧੪੧॥

†ਮਿਣਮਿਣ ਕਰਨ ਹਾਰਾ।

Digitized by Panjab Digital Library | www.panjabdigilib.org

੧੮੩੪—ਸਮੁੰਦ੍ਰਫਲ, ਕਾਯਫਲ, ਕੰਡਯਾਰੀ ਦੇ ਬੀਜ ਤੇ ਪਿਪਲਾ ਮੂਲ, ਇਨ੍ਹਾਂ ਦੀ ਨਸਵਾਰ ਦੇਵੇ ਤਾਂ ਨਜ਼ਲਾ ਨਾਸ਼ ਹੋਵੇ ॥੧੪੧॥

ਨਾਕ ਦੁਰਗੰਧ ਉਪਾਇ—ਦੋਹਰਾ

ਤ੍ਰਿਫਲਾ ਤ੍ਰਿਕੁਟਾ ਕਾਇਫਲ ਨਕ ਛਿਕਣ ਕਨਮੂਰ।
ਨਾਸ ਦੇਹੁ ਦਿਨ ਸਾਤ ਹੀ ਪੀਨਸ ਦੁਰਗੰਧ ਚੂਰ ॥ ੧੪੨ ॥

੧੮੩੫—ਤ੍ਰਿਫਲਾ (ਹਰੜ, ਬਹੇੜਾ, ਆਵਲੇ) ਤ੍ਰਿਕੁਟਾ (ਮਘ, ਮਿਚ, ਸੁੰਢ) ਕਾਯਫਲ, ਨਕ ਛਿੱਕਣੀ ਤੇ ਪਿਪਲਾਮੂਲ ਪੀਹਕੇ ਨਸਵਾਰ ਨੱਕ ਵਿਚ ੭ ਦਿਨ ਦੇਵੇ ਤਾਂ ਨਜ਼ਲਾ ਅਰ ਦੁਰਗੰਧੀ ਨਾਸ਼ ਹੋਵੇ ॥੧੪੨॥

ਕੇਸਰ ਫੂਲ ਕਪਾਸਕੇ ਕਸਤੂਰੀ ਕੋ ਪਾਇ।
ਫਲ ਸਮੁੰਦ ਲੈ ਨਾਸ ਦੈ ਦੁਰਗੰਧ ਨਜਲਾ ਜਾਇ ॥ ੧੪੩ ॥

੧੮੩੬—ਕੇਸਰ ਕਪਾਹ ਦੇ ਫੁਲ, ਕਸਤੂਰੀ ਅਰ ਸਮੁੰਦ੍ਰ ਫਲ ਪੀਹਕੇ ਨਸਵਾਰ ਦੇਵੇ ਤਾਂ ਦੁਰਗੰਧੀ ਅਰ ਨਜ਼ਲਾ ਜਾਵੇ ॥੧੪੩॥

ਉੱਲ ਉਪਾਇ

ਜਲ ਘਸ ਦੇਵੋ ਨਾਸ ਹੀ ਨਯਾ †ਰੁਹੀੜਾ ਆਨ।
ਉੱਲ ਰੋਗ ਸਭ ਜਾਇ ਮਿਟ ਆਛੀ ਨਾਸ ਬਖਾਨ ॥ ੧੪੪ ॥

੧੮੩੭—ਨਮਾਂ †ਰੁਹੀੜਾ ਲੈ ਕੇ ਜਲ ਨਾਲ ਘਿਸਾਕੇ ਨਸਵਾਰ ਦੇਵੇ ਤਾਂ ਉੱਲ—ਹੁਲ ਰੋਗ ਨਾਸ਼ ਹੋਵੇ ॥੧੪੪॥

ਬੀਜ ਧਨੰਤਰ ਮਿਰਚ ਮਿਲਿ ਸੂਕੀ ਦੇਵੋ ਨਾਸ।
ਉੱਲ ਰੋਗ ਸਭ ਜਾਤ ਹੈ ਕੀਨੀ ਮੇਸ ਪ੍ਰਕਾਸ਼ ॥ ੧੪੫ ॥

੧੮੩੮—‡ਮੋਸਨ ਦੇ ਬੀਜ ਤੇ ਮ੍ਰਿਚ ਦੋਨੋਂ ਪੀਹਕੇ ਸੁੱਕੀ ਨਸਵਾਰ ਦੇਵੇ ਤਾਂ ਉੱਲ ਰੋਗ ਨਾਸ਼ ਕਰੇ ॥੧੪੫॥

ਨਾਸਕਾ ਲਹੂ ਉਪਾਇ--ਦੋਹਰਾ

ਆਂਬ ਬੀਜ ਦਾਰਮ ਕਲੀ ਪੀਸੀ ਨਾਸ ਦਿਵਾਇ।

---

†ਰੁਹੀਮੇ ਦੇ ਸਿੰਮਲ ਜੇਹੇ ਫੁਲ ਹੁੰਦੇ ਹਨ, ਇਹ ਅਕਸਰ ਮਾਰਵਾੜ ਵਿਖੇ ਹੀ ਅਧਿਕ ਹੁੰਦਾ ਹੈ।

‡ਧਨੰਤਰਬੀਜ-ਸੋਸਨ ਦੇ ਬੀਜ ਹਨ, ਪਰੰਤੂ ਇਸ ਵਿੱਚ ਮਤ ਭੇਦ ਹੈ ਕੋਈ ਭੇੜਭੜਿੰਗ ਦੇ ਬੀਜ ਦਸਦੇ ਹਨ ਕੋਈ ਕ੍ਰਿਸ਼ਨਕਾਂਤਾ ਦੇ ਬੀਜ ਆਖਦੇ ਹਨ ਮਖਜ਼ਨ ਵਿੱਚ ਸੋਸਨ ਦੇ ਹੀ ਬੀਜ ਲਿਖੇ ਹਨ ਜੋ ਠੀਕ ਹਨ।

Digitized by Panjab Digital Library | www.panjabdigilib.org

ਨਾਸ ਦੇਹੁ ਵਾ ਫਟਕੜੀ ਰਕਤ ਤਰਤ ਮਿਟ ਜਾਇ॥ ੧੪੬ ॥

੧੮੩੯-ਅੰਬ ਦੀ ਗਿਟਕ ਤੇ ਅਨਾਰ ਦੀਆਂ ਕਲੀਆਂ ਪੀਹਕੇ ਨਸਵਾਰ ਦੇਵੇ। ਯਾ:-
੧੮੪੦-ਫਟਕੜੀ ਦੀ ਨਸਵਾਰ ਦੇਵੇ ਤਾਂ ਲਹੂ ਪੈਂਦਾ, ਭਾਵ ਨਕਸੀਰ ਨਾਸ਼ ਕਰੇ ॥੧੪੬॥

ਨਾਕ ਲੂਤ ਉਪਾਇ

ਤ੍ਰਿਕੁਟਾ ਬੀਜ ਕਰੰਜੁਵਾ ਗੋ ਮੂਤਰ ਸੇ ਲਪ।
ਯਾਹੀ ਕੀ ਨਾਵਨ ਕਰੋ ਨਾਕ ਲੂਤ ਜੁ ਸੰਖੇਪ ॥ ੧੪੭ ॥

੧੮੪੧-ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਕਰੰਜੂਏ ਦੇ ਬੀਜ, ਗਊਮੂਤ੍ਰ ਨਾਲ ਲੇਪ ਕਰੇ ਅਰ ਇਸੇ ਦੀ ਨਸਵਾਰ ਦੇਵੇ ਤਾਂ ਨੱਕਦੀ ਲੂਤ ਜਾਵੇ ॥੧੪੭॥

ਨਾਕ ਫਿੰਨਸੀ ਉਪਾਇ

ਮਰਚ ਨਿਰਬਸੀ ਰਗੜ ਕੇ ਤਾਂ ਪਰ ਲੇਪ ਕਰਾਇ।
ਫੁਨਸੀ ਮਿਟ ਸੁਖ ਕੋ ਕਰਤ ਦਿਵਸ ਸਾਤ ਲੌ ਲਾਇ ॥ ੧੪੮ ॥

੧੪੮੨-ਮ੍ਰਿਚ ਤੇ ਨਿਰਬਸੀ ਦੋਨੋਂ ਘੋਟਕੇ ਜਲ ਨਾਲ ੭ ਦਿਨ ਲੇਪ ਕਰੇ ਤਾਂ ਨੱਕ ਦੀ ਫਿਨਸੀ ਨਾਸ਼ ਕਰੇ ॥੧੪੮॥

ਨਾਕ ਪਕੇ ਕਾ ਉਪਾਇ

ਕਟੁਕ ਤੇਲ ਸੋਂ ਮਰਚ ਘਸਿ ਵਾ ਲਾਵਤ ਕਟੁ ਤੇਲ।
ਪਕੀ ਨਾਸਕਾ ਦੁਖ ਟਰਤ ਤਿੱਤ ਜਲਤ ਕੋ ਠੇਲ ॥ ੧੪੯ ॥

੧੮੪੩-ਕੌੜੇ ਤੇਲ ਵਿੱਚ ਮ੍ਰਿਚ ਘਸਾਕੇ ਲਾਵੇ, ਤਾਂ:-
੧੮੪੪-ਤੇਲ ਹੀ ਕੌੜਾ ਲਾਵੇ, ਤਾਂ ਨੱਕ ਦਾ ਪਾਕਾ ਜਾਵੇ ॥੧੪੯॥

ਨੱਕ ਰੋਗੇ ਪੱਥ-ਚੌਪਈ

ਕੁਲਥ ਮੁਗਦ ਬੈਂਗਨ ਕਰੇਲਾ। ਸਿਗ੍ਰ ਬਾਲ ਮੂਲ ਕਾ ਮੇਲਾ।
ਲਸਨ ਦਹੀ ਤਾਤ ਲੈਨੀਗਮਦਯ ਲ ਵਨ ਲਘੁ ਮੋਜਨ ਥੀਰ ॥੧੫੦ ॥

੧੮੪੫-ਕੁਲੱਥ, ਮੂੰਗੀ, ਵਤਾਊਂ, ਕਰੇਲੇ, ਸੁਹਾਂਵਣਾਂ, ਛੁਟੀਮੂਲੀ, ਲਸਨ, ਦਹੀਂ, ਗਰਮ ਜਲ, ਸ਼ਰਾਬ, ਨਿਮੱਕ ਅਰ ਹਲਕੇ ਭੋਜਨ, ਇਹ ਸਭ ਪੱਥ ਰੂਪ ਹਨ ॥੧੫੦॥

ਕੁਪੱਥ--ਦੋਹਰਾ

ਸਨਾਨ ਕ੍ਰੋਧ ਭੂ ਸੇਜਯਾ ਮੂਤ ਬੇਗ ਕਾ ਰੋਧ।
ਸਸਿ ਚਾਂਦਨੈ ਕੁਪਥ ਭਨਿ ਨਾ ਕਰ ਬਹੁਤਾ ਕ੍ਰੋਧ॥ ੧੫੧ ॥

੧੮੪੬-ਸ਼ਨਾਣ ਕਰਨਾ, ਕ੍ਰੋਧ ਕਰਨਾ, ਭੁੰਜੇ ਸੋਣਾ ਮੂਤ੍ਰ ਆਦਿ ਬੇਗਾਂ ਦਾ ਰੋਕਣਾਂ ਚੰਦ੍ਰਮਾਂ ਦੀ

Digitized by Panjab Digital Library | www.panjabdigilib.org

ਚਾਂਦਨੀ ਵਿੱਚ ਫਿਰਨਾ, ਨੱਕ ਰੋਗ ਵਿਖੇ ਇਹ ਸਭ ਕੁਪੱਥ ਹਨ ॥੧੫੧॥

ਅਥ ਨੇਤ੍ਰ ਰੋਗ ਨਿਦਾਨ--ਦੋਹਰਾ

ਉਸਨ ਤਪਤ ਜਲ ਡੂਬਨੇ ਸੂਪਨ ਦੇਖਨੈ ਦੂਰ ।
ਸ੍ਵੇਦ ਧੂਮ ਰਜ ਬਮਨ ਤੇ ਬਿਟ ਮੂਤ ਬੰਧਹਿ ਪੂਰ ॥ ੧੫੨ ॥
ਸੋਕ ਰੁਦਨ ਅਤਿ ਕੋਪ ਮਦ ਰਿਤ ਵਿਪਰਯ ਕੇ ਭੇਦ ।
ਅਤਿ ਮੈਥੁਨ ਰੋਕਤ ਰੁਦਨ ਅਭਿਘਾਤਹਿ ਬਸੁ ਖੇਦ ॥ ੧੫੩ ॥
ਰੋਗ ਘਨੇ ਹੈਂ ਨੈਨ ਕੇ ਕਿਹਲੌ ਕਰੋਂ ਬਖਾਨ ।
ਬਾਤ ਪਿਤ ਕਫ ਤੀਨ ਤੈ ਜਾਨੋ ਸਗਲੇ ਠਾਨ ॥ ੧੫੪ ॥

ਧੁੱਪ ਨਾਲ ਤਪੇ ਹੋਏ ਜਲ ਵਿੱਚ ਗੋਤਾ ਮਾਰਨਾ । ਸੁਪਨੇ ਵਿਖੇ ਦੂਰ ਦੇਖਣਾ, ਨੇਤ੍ਰਾਂ ਪਰ ਪਸੀਨਾ ਔਣਾ, ਧੂੰਆਂ, ਧੂੜੀ ਨੇਤ੍ਰਾ ਵਿਖੇ ਪੈ ਜਾਣੇ ਤੇ, ਸੋਕ ਤੇ, ਰੋਣੇ ਤੇ, ਅਤਯੰਤ ਕੈ, ਬਿਸਟਾਤੇ, ਮੂਤਰ ਦੇ ਬੇਗ ਰੋਕਣੇ ਤੇ, ਕ੍ਰੋਧਤੇ, ਅਤਯੰਤ ਸ਼ਰਾਬ ਪੀਣ ਤੇ, ਰਿਤੂ (ਮੌਸਮ) ਦੇ ਪਲਟਣ ਤੇ, ਅਤਯੰਤ ਮੈਥੁਨ ਦੇ ਕਰਨ ਤੇ, ਰੋਣਾ ਰੋਕਣ ਤੇ, ਚੋਟ ਆਦਿ ਦੇ ਲਗਣੇ ਤੇ ਅਰ ਬਹੁਤੀ ਤਕਲੀਫ ਕਰਨੇ ਆਦਿ ਤੇ ਅਨੇਕਾਂ ਨੇਤ੍ਰ ਰੋਗ ਪੈਦਾ ਹੁੰਦੇ ਹਨ । ਕਿਥੋਂ ਤਕ ਕਹੇ ਜਾਣ, ਫਿਰ ਬੀ ਇਹ ਰੋਗ ਬਾਤ, ਪਿਤ, ਅਰ ਕਫ ਇਨ੍ਹਾਂ ਤਿੰਨਾਂ ਤੇ ਹੀ ਸਾਰੇ ਹੁੰਦੇ ਹਨ, ਇਉਂ ਜਾਣੇ ॥੧੫੨ ਤੋਂ ੧੫੪॥

ਤੋਦ ਸਤੰਭ ਸੰਘਰਖਣੰ ਪਾਰਖ ਸਿਰੋਭਿਤਾਪ ।
ਰੋਮ ਹਰਖ ਬਿਸੁਸਕਤਾ ਅਸ੍ਰੂ ਸੀਤਲ ਬਾਪ ॥ ੧੫੫ ॥

ਤੋਦ-ਸੂਈਆਂ ਚੁਭਾਣੇ ਜੇਹੀ ਪੀੜਾ, ਸਤੰਭ—ਅਕੜੇਮਾਂ, ਸੰਘਰਣਖਣੰ-ਤੋੜਨੇ ਚੋਭਣੇ ਜੇਹੀ ਪੀੜ, ਪਾਰੁਖ-ਨੇਤ੍ਰਾਂ ਵਿਚ ਰੇਤਾ ਪੈ ਜਾਣ ਜੇਹੀ ਪੀੜ, ਸਿਰੋਭਿ ਤਾਪ-ਸਿਰ ਨੂੰ ਪੀੜ, ਰੋਮ ਹਰਖ-ਰੋਮ ਖੜੇ ਹੋਣੇ, ਬਿਸੁਸਕਤਾ-ਰੁਖਤਾ ਅਰਥਾਤ ਨੇਤ੍ਰ ਸੁਕੇ ਰਹਿਣੇ, ਅਸਰੂ ਸੀਤਲ ਬਾਪ-ਇਸੇਤਰਾਂ ਨੇਤ੍ਰਾਂ ਵਿਚੋਂ ਠੰਢੇ ਆਂਸੂ ਬਹਿਣੇ । ਇਹ ਬਾਤ ਨਾਲ ਦੁਖ ਦੇ ਨੇਤ੍ਰਾਂ ਦੇ ਲੱਛਣ ਹੁੰਦੇ ਹਨ ॥੧੫੫॥

ਪਿੱਤ ਦ੍ਰਿਗ ਰੋਗ ਲੱਛਣ—ਦੋਹਰਾ

ਦਾਹ ਪਾਕ ਧੂਮਾਯਨੰ ਸਿਸਰਾਭਿ ਨੰਦ ਜਾਨ ।
ਉਸਨ ਅਸ੍ਰ ਦ੍ਰਿਗ ਪੀਤਤਾ ਸੋਜ ਜਾਨਿਯੋ ਬਾਨਿ ॥ ੧੫੬ ॥

ਦਾਹ (ਸੜੋਨ), ਪਕਣਾ, ਨੇਤ੍ਰਾਂ ਵਿਚੋਂ ਧੂੰਆਂ ਜੇਹਾ ਨਿਕਲਦਾ ਪ੍ਰਤੀਤ ਦੇਣਾ, ਠੰਢੇ ਪਦਾਰਥਾਂ ਦੇ ਨੇਤ੍ਰਾਂ ਨੂੰ ਸਪਰਸ਼ ਕਰਨੇ ਦੀ ਇੱਛਾ ਹੋਣੀ, ਨੇਤ੍ਰਾਂ ਵਿਚੋਂ ਗਰਮ ਆਂਸੂ ਬਹਿਣੇ, ਨੇਤ੍ਰਾਂ ਦੀ ਰੰਗਤ ਪੀਲੀ, ਅਰ ਸੋਜ ਜੇਹੀ ਹੋਣੀ, ਇਹ ਪਿੱਤ ਤੇ ਦੁਖਦੇ ਨੇਤ੍ਰਾਂ ਦੇ ਲੱਛਣ ਹੁੰਦੇ ਹਨ ॥੧੫੬॥

ਕਫ ਦ੍ਰਿਗ ਰੋਗ ਲੱਛਣ—ਦੋਹਰਾ

ਉਸ਼ਨਾਭਿ ਨੰਦਾ ਗੁਰੁ ਦ੍ਰਿਗਨ ਸੋਫ ਕੰਡੂ ਅਤਿ ਸੀਤ ।

Digitized by Panjab Digital Library | www.panjabdigilib.org

ਪਿੱਛਲ ਸ੍ਰੂਵ ਬਹੁ ਸ੍ਵੇਤਤਾ ਕਫ ਲੱਛਨ ਇਹ ਮੀਤ ॥ ੧੫੭ ॥

ਗਰਮ ਚੀਜ਼ਾਂ ਦੇ ਸਪਰਸ਼ਦੀ ਇੱਛਾ ਹੋਣੀ, ਨੇਤ੍ਰ ਭਾਰੀ ਰਹਿਣੇ, ਸੋਜ, ਤੇ ਖੁਰਕ ਹੋਵੇ । ਨੇਤ੍ਰ ਅਤਜੰਤ ਠੰਢੇ ਰਹਿਣੇ, ਪਿੱਛ ਜੇਹੀ ਗਿੱਦ ਸ੍ਰਵੇ, ਅਤੇ ਚਟਿਆਈ ਬਹੁਤੀ ਹੋਵੇ, ਇਹ ਕਫ ਕਰਕੇ ਦੂਖਣੇ ਆਏ ਨੇਤ੍ਰਾਂ ਦੇ ਲੱਛਣ ਹੁੰਦੇ ਹਨ ॥੧੫੭॥

ਰਕਤ ਦ੍ਰਿਗ ਲੱਛਣ—ਦੋਹਰਾ

ਰਕਤ ਅਸ੍ਰੂ ਲੋਹਤ ਦ੍ਰਿਗਨਿ ਪਿੱਤ ਲਿੰਗ ਸਮ ਤੇਹ ।
ਰਕਤ ਬਿਕੋਰੇ ਦ੍ਰਿਗ ਦੁਖੇ ਜਾਨ ਲਛਨਾ ਸੇਹ ॥ ੧੫੮ ॥

ਲਾਲ ਆਂਸੂਆਂ ਦਾ ਸ੍ਰਾਵ ਟਪਕੇ, ਨੇਤ੍ਰਾਂ ਦਾ ਰੰਗ ਲਾਲ, ਹੋਰ ਸਭ ਲੱਛਣ ਪਿੱਤ ਰੋਗ ਸਮਾਂਨ ਹੁੰਦੇ ਜਾਨਣੇ, ਇਹ ਰਕਤ (ਲਹੂ) ਦੇ ਵਿਗਾੜ ਤੇ ਦੁਖਦੇ ਨੇਤ੍ਰਾਂ ਦੇ ਲੱਛਣ ਹੁੰਦੇ ਹਨ ॥੧੫੮॥

ਬਾਤ ਦ੍ਰਿਗ ਉਪਾਇ—ਦੋਹਰਾ

ਸੇਂਧਵ ਲੋਦ ਜੁ ਰਾਜਤਵ ਸੀਤ ਬਾਰ ਸੰਗ ਪੀਸ ।
ਲੇਪਨ ਨੇਤ੍ਰਨਿ ਬਿਚ ਭਰੋ ਬਾਤ ਰੋਗ ਦ੍ਰਿਗ ਖੀਸ ॥ ੧੫੯ ॥

੧੮੪੭—ਸੇਂਧਾਲੂਣ, ਪਠਾਣੀਲੋਧ, †ਰਾਜਤਵ ਕਹੀਏ ਸ਼ੀਰ ਖਿਸ਼ਤ, ਸਮਾਨ ਭਾਗ ਲੈ ਕੇ ਠੰਢੇ ਜਲ ਨਾਲ ਘੋਟਕੇ ਨੇਤ੍ਰਾਂ ਪਰ ਲੇਪ ਲਾਵੇ ਅਤੇ ਵਿੱਚ ਬੀ ਭਰੇ ਤਾਂ ਵਾਯੂ ਕਰਕੇ ਦੁਖਦੇ ਨੇਤ੍ਰ ਅਰਾਮ ਕਰੇ ॥੧੫੯॥

ਰਿੰਡ ਮੂਲ ਫਲ ਨਾਗਰੰ ਯਸਟੀ ਲੈ ਤਵਰਾਜ ।
ਲੇਪ ਕਰੇ ਨਵਨੀਤ ਸੋ ਬਾਤ ਰੋਗ ਦ੍ਰਿਗ ਭਾਜ ॥੧੬੦॥

੧੮੪੮—ਅਰਿੰਡ ਦੀ ਜੜ੍ਹ, ਅਰਿੰਡ ਦੇ ਫਲ, ਸੁੰਢ, ਮੁਲੱਠੀ ਤੇ ਸ਼ੀਰ ਖਿਸ਼ਤ ਲੈ ਕੇ ਮੱਖਣ ਨਾਲ ਨੇਤ੍ਰਾਂ ਪਰ ਲੇਪ ਕਰੇ ਤਾਂ ਬਾਤ ਦੇ ਦੁਖਦੇ ਨੇਤ੍ਰ ਰਾਜੀ ਕਰੇ ॥੧੬੦॥

ਸਰਪੰਖਾ ਸੇਂਧਵ ਮਧੁਕ ਸੁੰਠੀ ਜਲ ਦ੍ਰਿਗ ਲਾਇ ।
ਪੂਰਤ ਵਾ ਰੁਜ ਸਬ ਹਰਤ ਦ੍ਰਿਗ ਕੇ ਜੋਹੈ ਬਾਇ ॥੧੬੧॥

੧੮੪੯—ਸਰਪੰਖਾ ਬੂਟੀ, ਸੇਂਧਾਨਿਮਕ, ਮੁਲੱਠੀ ਤੇ ਸੁੰਢ, ਲੈ ਕੇ ਜਲ ਨਾਲ ਨੇਤ੍ਰਾਂ ਪਰ ਲਗਾਵੇ ਅਥਵਾ ਵਿੱਚ ਪਾਵੇ, ਤਾਂ ਵਾਯੂ ਕਰਕੇ ਨੇਤ੍ਰਾਂ ਵਿੱਚ ਹੋਏ ਸਭ ਤਰਾਂ ਦੇ ਵਿਕਾਰ ਨਾਸ਼ ਕਰੇ ॥੧੬੧॥

ਪਿੱਤ ਰੋਗ ਉਪਾਇ (ਵੰਗਸੇਨਾਤ)—ਦੋਹਰਾ

ਮਨਸਿਲ ਦਾਰ ਨਿਸਾ ਮਧੁਕ ਲੋਦ ਰਸਾਂਜਨ ਜਾਨ ।
ਛੇਲੀ ਪਯ ਸੋ ਪਕ੍ਵ ਕਰ ਲੇਪਨ ਦ੍ਰਿਗ ਮਹਿ ਠਾਨ ॥੧੬੨॥

---

†ਤਵਰਾਜ—ਸ਼ੀਰ ਖਿਸ਼ਤ ਹੈ, ਪਾਠ ਵਾਸਤੇ 'ਰਾਜਤਵ' ਪਰ ਕੀਤਾ ਹੋਯਾ ਹੈ, ਹਿਰਮਚੀ ਮਿਟੀ ਅਰਥ ਨਹੀਂ ਹੈ, ਤਸਲੀ ਔਸ਼ਧੀ ਕੋਸ਼ ਪ੍ਰਿ: ੬੬ ਦੇਖਕੇ ਨਾਮ ਵਾਸਤੇ ਕਰੋ ।

Digitized by Panjab Digital Library | www.panjabdigilib.org

ਜਿਤੇ ਰੋਗ ਹੈਂ ਪਿੱਤ ਕੇ ਤੇਤੇ ਭਾਗਤ ਜੋਇ।
ਬੰਗਸੈਨ ਮਪਿ ਇਮ ਭਨੀ ਕਹਿਤ ਮੇਘ ਲਖਿ ਸੋਇ ॥੧੬੩॥

੧੮੫੦–ਮਨਸ਼ਿਲ, ਦਾਰਹਲਦੀ, ਮੁਲੱਠੀ, ਲੋਧ ਤੇ ਰਸੌਂਤ ਬਕਰੀ ਦੇ ਦੁੱਧ ਨਾਲ ਪਕਾਕੇ ਲੇਪ ਕਰੇ ਜਾਂ ਕੁਝ ਵਿੱਚ ਬੀ ਪਾਵੇ, ਤਾਂ ਜਿਤਨੇ ਪਿੱਤ ਕਰਕੇ ਹੋਏ ਨੇਤ੍ਰਾਂ ਦੇ ਰੋਗ ਹਨ, ਸੋ ਸਭੇ ਨਾਸ਼ ਕਰੇ ॥੧੬੨॥੧੬੩॥

ਲੋਦ ਨਿੰਬਕੇ ਪਾਨ ਪਿਸ ਕਰੋ ਪੋਟਲੀ ਚੀਰ।
ਸਜਲ ਕਰੀ ਦ੍ਰਿਗ ਪਰ ਧਰੋ ਮਿਟਤ ਆਂਖ ਪਿਤ ਪੀਰ ॥੧੬੪॥

੧੮੫੧–ਲੋਧ ਤੇ ਨਿੰਮ ਦੇ ਪਤ੍ਰ ਬਰੀਕ ਪੀਹਕੇ ਕਪੜੇ ਵਿਚ ਪੋਟਲੀ ਬਣਾ ਲਵੇ, ਗਿੱਲੀ ਕਰਕੇ ਨੇਤ੍ਰਾਂ ਪਰ ਰੱਖੇ ਤਾਂ ਨੇਤ੍ਰਾਂ ਦੀ ਪੀੜਾ ਨਾਸ ਕਰੇ।

ਚੰਦਨ ਮਧੁਕੰ ਜਾਤਿ ਪਖ ਗੇਰੂ ਲੇਪਤ ਨੀਰ।
ਤੋਦ ਅਖਿਖਜੰਦਹ ਹਰਤ ਇਹ ਦ੍ਰਿਗਨ ਪਿੱਤ ਹਰਿ ਬੀਰ ॥੧੬੫॥

੧੮੫੨–ਚੰਦਨ-ਮੁਲੱਠੀ, ਚੰਬੇ ਦੇ ਫੂਲ ਅਤੇ ਗੇਰੂ, ਲੈ ਕੇ ਜਲ ਨਾਲ ਲੇਪ ਕਰੇ ਤਾਂ ਚੋਭਾਂ, ਦੁਖਦੀ ਅੱਖ ਅਰ ਪਿੱਤ ਸੰਬੰਧੀ ਰੋਗ ਨਾਸ਼ ਕਰੇ ॥੧੬੫॥

ਸਲੇਖਮ ਦ੍ਰਿਗ ਰੋਗ ਉਪਾਇ (ਵੰਗਸੇਨਾਤ)

ਸੁੰਠ ਨਿੰਬ ਜਲ ਪੀਸਕੈ ਨੇਤਰ ਪਰ ਜੁ ਬੰਧਾਇ।
ਦ੍ਰਿਗ ਬਿਕਾਰ ਕਫ ਜਾਤ ਮਿਟ ਬੰਗਸੈਨ ਮਤਿ ਭਾਇ ॥੧੬੬॥

੧੮੫੩–ਸੁੰਢ, ਨਿੰਮ ਦੇ ਪੱਤਰ ਜਲ ਨਾਲ ਪੀਹਕੇ ਨੇਤ੍ਰਾਂ ਪਰ ਬੰਨ੍ਹੇ ਤਾਂ ਨੇਤ੍ਰਾਂ ਦੇ ਕਫ ਕਰਕੇ ਹੋਏ ਵਿਕਾਰ ਸਭੇ ਨਾਸ਼ ਕਰੇ ॥੧੬੬॥

ਲੋਧ ਨਿੰਬ ਸੇਂਧਾ ਪਿਸੀ ਕਰੋ ਪੋਟਲੀ ਜਾਨ।
ਸਜਲ ਕਰੀ ਦ੍ਰਿਗ ਪਰ ਧਰੋ ਕਫਕੇ ਰੁਜਕੀ ਹਾਨ ॥੧੬੭॥

੧੮੫੪–ਲੋਧ, ਨਿੰਮ ਦੇ ਪੱਤ੍ਰ ਅਤੇ ਸੇਂਧਾਨਿਮਕ, ਪੀਹਕੇ ਪੋਟਲੀ ਕਰੇ। ਗਿੱਲੀ ਕਰਕੇ ਓਹ ਪੋਟਲੀ ਨੇਤ੍ਰਾਂ ਪਰ ਰੱਖੇ ਤਾਂ ਕਫ ਕਰਕ ਨੇਤ੍ਰਾਂ ਦੇ ਹੋਏ ਰੋਗ ਨਾਸ ਕਰੇ ॥੧੬੭॥

ਘ੍ਰਿਤ ਭੂਨੇ ਲੈ ਆਮਰੇ ਮਨਸਿਲ ਲੋਦ ਮਿਲਾਇ।
ਊਪਰ ਦ੍ਰਿਗ ਕੇ ਲੇਪ ਕਰ ਕਫ ਰੁਜ ਦ੍ਰਿਗਕੇ ਜਾਇ ॥ ੧੬੮ ॥

੧੮੫੫–ਘੇਉ ਨਾਲ ਭੁੰਨੇ ਆਵਲੇ, ਮਨਸਿਲ ਅਤੇ ਲੋਧ ਮਿਲਾਕੇ ਪੀਹੇ, ਫਿਰ ਨੇਤ੍ਰਾਂ ਉਪਰ ਲੇਪ ਕਰੇ ਤਾਂ ਕਫ ਦੇ ਨੇਤ੍ਰ ਰੋਗ ਨਾਸ ਕਰੇ ॥੧੬੮॥

ਅਵਧ ਫੇਨ ਤਵਰਾਜ ਜਲ ਪੀਸ ਦ੍ਰਿਗਨ ਕੋ ਪੂਰ।
ਕਫ ਪੀਰਾ ਦ੍ਰਿਗ ਕੀ ਮਿਟਤ ਔਰ ਰੋਗ ਸਬ ਚੂਰ॥ ੧੬੯ ॥

Digitized by Panjab Digital Library | www.panjabdigilib.org

੧੮੫੬—ਸਮੁੰਦ੍ਰ ਝੱਗ ਤੇ ਸ਼ੀਰਖਿਸ਼ਤ ਜਲ ਨਾਲ ਪੀਹਕੇ ਨੇਤ੍ਰਾਂ ਵਿੱਚ ਪਾਵੇ ਤਾਂ ਨੇਤ੍ਰਾਂ ਦੀ ਕਫ ਕਰਕੇ ਹੋਈ ਪੀੜਾ ਅਰ ਰੋਗ ਬੀ ਨਾਸ਼ ਕਰੇ ॥੧੬੯॥

ਮਾਸਾ ਮਾਸਾ ਲੀਜੀਏ ਗੇਰੂ ਹਲਦੀ ਸੁੰਠ।
ਰੱਤੀ ਰੱਤੀ ਇਹ ਗਹੋ ਆਫੂ ਲੌਂਗ ਜੁ ਗੁੰਠ ॥ ੧੭੦ ॥
ਨੀਰ ਘਸੀ ਉਸਨੈ ਕਰੀ ਲੇਪ ਕਰੇ ਦ੍ਰਿਗ ਜਾਨ।
ਚੋਟ ਲਗੀ ਲਾਲੀ ਦ੍ਰਿਗਨ ਪੀਰ ਦੁਖਨ ਕੀ ਹਾਨ ॥ ੧੭੧ ॥
ਸੇਂਧਾ ਤੱਕ੍ਰਹਿ ਮਰਚ ਘਸ ਕਾਂਸੀ ਭਾਂਜਨ ਪਾਇ।
ਲੇਪ ਪੂਰ ਯੁਗਨੈਨ ਪਰ ਕਫਕੇ ਰੋਗ ਮਿਟਾਇ॥ ੧੭੨ ॥

੧੮੫੭—ਗੇਰੂ, ਹਲਧੀ ਤੇ ਸੁੰਢ ਇਹ ਇੱਕ ਇੱਕ ਮਾਸਾ, ਅਫੀਮ, ਤੇ ਲੌਂਗ ਇਹ ਦੋਨੋਂ ਰੱਤੀ ਰੱਤੀ ਭਰ ਲੈ ਕੇ ਜਲ ਨਾਲ ਘੋਟੇ, ਅਰ ਫਿਰ ਗਰਮ ਕਰਕੇ ਲੇਪ ਕਰੇ, ਤਾਂ ਚੋਟ ਲਗੀ ਹੋਈ, ਨੇਤ੍ਰਾਂ ਦੀ ਲਾਲੀ, ਨੇਤ੍ਰਾਂ ਦੀ ਪੀੜ, ਇਤਨੇ ਰੋਗ ਨਾਸ ਕਰੇ ॥੧੭੦। ੧੭੧॥

ਸੇਂਧਾਨਿਮਕ, ਲੱਸੀ, ਤੇ ਮ੍ਰਿਚ, ਕਾਂਸੀ ਦੇ ਭਾਂਡੇ ਵਿਚ ਪਾ ਕੇ ਘੋਟੇ, ਅਰ ਫਿਰ ਦੋਹਾਂ ਨੇਤ੍ਰਾਂ ਵਿਚ ਪਾਵੇ, ਅਰ ਲੇਪ ਕਰੇ ਤਾਂ ਕਚ ਕਰਕੇ ਹੋਏ ਨੇਤ੍ਰਾਂ ਦੇ ਰੋਗ ਨਾਸ ਕਰੇ ॥੧੭੨॥

ਰਕਤ ਵਿਕਾਰ ਦ੍ਰਿਗ ਰੋਗ ਉਪਾਇ—ਦੋਹਰਾ

†ਸੁਮਨ ਖਾਰ ਤ੍ਰਿਫਲਾ ਮਧੁਕ ਬਲਾ ਸੰਖ ਘਸ ਨੀਰ।
ਬਰਤਿ ਕਰੀ ਦ੍ਰਿਗ ਅੰਜ ਜੁਗ ਰਕਤ ਪਿਤਗਤਿ ਪੀਰ ॥ ੧੭੩ ॥

੧੮੫੮—†ਚੰਬੇਲੀ ਦੇ ਫੂਲ, ਜੌਂਖਾਰ, ਤ੍ਰਿਫਲਾ (ਹਰੜ, ਬਹੇੜੇ ਆਵਲੇ) ਮੁਲਠੀ, ਖਿਰੈਂਟੀ ਅਰ ਸੰਖ ਇਹ (ਵਰਖਾ ਦੇ) ਜਲ ਵਿਚ ਘੋਟਕੇ ਬੱਤੀ ਕਰਕੇ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਲਹੂ ਅਰ ਪਿਤ ਦੀ ਨੇਤ੍ਰ ਪੀੜਾ ਨੂੰ ਨਾਸ ਕਰੇ ॥੧੭੩॥

ਤ੍ਰਿਫਲ ਗੜੂਚੀ ਕ੍ਵਾਥ ਕਰ ਪੀਵੈ ਮਧੁ ਕੈ ਸੰਗ।
ਰਕਤ ਪਿੱਤ ਰੁਜ ਅਵਰ ਸਬ ਕਰਤ ਤਤਛਿਨੈ ਭੰਗ ॥ ੧੭੪ ॥

੧੮੫੯—ਤ੍ਰਿਫਲਾ (ਹਰੜ, ਬਹੇੜਾ, ਆਵਲੇ) ਤੇ ਗਲੋਯ ਕਾੜ੍ਹਾ ਕਰਕੇ ਸ਼ਹਿਤ ਪਾਇ ਪੀਵੇ ਤਾਂ ਰਕਤ ਅਰ ਪਿਤ ਦੀ ਪੀੜ ਤੇ ਹੋਰ ਬੀ ਨੇਤ੍ਰ ਰਗ ਨਾਸ ਕਰੇ ।੧੭੪॥

ਤ੍ਰਿਫਲਾ ਨਿੰਬ ਪਟੋਲ ਬ੍ਰਿਖ ਕ੍ਵਾਥ ਕਰੀ ਪੁਰੁ ਪਾਇ।
ਪੀਵਤ ਦ੍ਰਿਗ ਕੇ ਰੋਗ ਸਬ ਰਕਤ ਪਿੱਤ ਮਿਟ ਜਾਇ॥ ੧੭੫

---

†ਸੁਮਨ - ਚੰਬੇ ਦੇ ਫੂਲ ਹਨ, ਦੇਖੋ ਅੰ: ਕ: ਪ੍ਰ: ੧੮੨ ਤੇ ਵੰਗਸੇਨ ਪ੍ਰਿ: ੧੫੮ ਪਰੰਤੂ ਏਥੇ ਆਲੋ ਮੁਹਾਰੀਆਂ ਅੰਡ ਕੁਛ ਵੰਢ ਕਕਕੇ ਬੀ ਆਪਣੇ ਮੰਜੇ ਹੇਠ ਸੋਟਾ ਨਹੀਂ ਫੇਰਦਾ।

Digitized by Panjab Digital Library | www.panjabdigilib.org

੧੯੬੦-ਤ੍ਰਿਫਲਾ (ਹਰੜ, ਬਹੇੜਾ ਆਵਲੇ,) ਨਿੰਮ ਦੇ ਪਤ੍ਰ ਪਟੋਲ ਅਰ ਬਾਂਸਾ ਪਾ ਕੇ ਕਾੜ੍ਹਾ ਕਰੇ, ਅਰ ਫਿਰ ਉਸ ਵਿਚ ਗੁਗਲ ਪਾਕੇ ਪੀਵੇ ਤਾਂ ਨੇਤ੍ਰਾਂ ਦੇ ਰਕਤ ਅਰ ਪਿਤ ਕਰਕੇ ਹੋਏ ਰੋਗ ਨਾਸ ਕਰੇ ॥੧੭੫॥

ਤ੍ਰਿਫਲਾ ਰਾਤ ਭਿਗੋਇਕੈ ਪ੍ਰਾਤਹਿ ਪਾਨੀ ਛਾਨ ।
ਛੀਂਟੇ ਦੇਵੇ ਦ੍ਰਿਗਨ ਕੇ ਰਕਤ ਪਿਤ ਰੁਜਹਾਨ ॥ ੧੭੬ ॥

੧੯੬੧—ਤ੍ਰਿਫਲੇ ਦੀ ਛਿਲ ਰਾਤ ਨੂੰ ਭੇਉਂ ਛਡੇ, ਪ੍ਰਾਤਾਕਾਲ ਪਾਣੀ ਪੁਣਕੇ, ਉਸ ਪਾਣੀ ਦੇ ਨੇਤ੍ਰਾਂ ਪਰ ਛਿੱਟੇ ਮਾਰੇ ਤਾਂ ਰਕਤ ਅਰ ਪਿੱਤ ਦਾ ਰੋਗ ਨਾਸ ਹੋਵੇ ॥੧੭੬॥

ਅੰਜਨ ਦੇ ਸਮਯ

(ਨੇਤ੍ਰੀ ਅੰਜਨ ਕਰਨ ਦਾ ਵੇਲਾ)—ਦੋਹਰਾ

ਸਿਸਰ ਹੇਮੰਤ ਮਧਯਾਨ ਮੈ ਰੁਤ ਬਸੰਤ ਸਬ ਕਾਲ ।
ਗ੍ਰੀਖਮ ਸਰਦੈ ਪ੍ਰਾਤ ਸੰਧਿ ਅੰਜਨ ਕਰਿਯੇ ਲਾਲ ॥ ੧੭੭ ॥

੧੯੬੨-ਸਿਸਰ (ਫਗਣ ਚੇਤ੍ਰ), ਹਿਮੰਤ (ਮਘਰ ਪੋਹ ਰੁੱਤ ਵਿਚ ਦੋਪਹਿਰ ਨੂੰ, ਬਸੰਤ (ਮਾਘ ਫਗਣ) ਰੁਤ ਸਰਬ ਦਾ ਕਾਲ, ਗ੍ਰੀਖਮ (ਵੈਸਾਖ ਜੇਠ) ਤੇ ਸਰਦ (ਅਸੂ ਕਤਕ) ਰਿਤੂ ਵਿਖੇ ਪ੍ਰਾਤਾਕਾਲ ਤੇ ਸੰਧਯਾ ਵੇਲੇ ਅੰਜਨ ਨੇਤ੍ਰਾਂ ਵਿਚ ਪੌਣਾ ਸਰੇਸ਼ਟ ਕਿਹਾ ਹੈ ॥੧੭੭॥

ਅਕਾਲ ਸਮਯ

ਬਰਖਾ ਰੁਪ ਅੱਭਰ ਪਟਲ ਅਤਿ ਰਜ ਉਸਨਹਿ ਜੋਰ।
ਅੰਜਨ ਦ੍ਰਿਗ ਨਹਿ ਪਾਈਏ ਕਰਤ ਲਗਤ ਰੁਜ ਕੋਰ ॥ ੧੭੮ ॥

੧੯੬੩-ਵਰਸਾਤ ਦੀ ਬਹਾਰੇ ਜਦ ਬੱਦਲ ਛਾਏ ਹੋਣ, ਅਤਯੰਤ ਧੂੜ ਕਦੇ ਉਡ ਰਹੀ ਹੋਵੇ, ਬਹੂਤੀ ਗਰਮੀ ਪੈ ਰਹੀ ਹੋਵੇ ਤਾਂ ਨੇਤ੍ਰਾਂ ਵਿਚ ਅੰਜਨ ਨਾ ਪਾਵੇ । ਜੇ ਕਦੇ ਅੰਜਨ ਉਪਰ ਕਹੇ ਸਮਿਆਂ ਵਿਚ ਪੌਂਦਾ ਰਹੇ ਤਾਂ ਕ੍ਰੋੜ ਰੋਗ ਪੈਦਾ ਹੋਇ ਔਂਦੇ ਹਨ ॥੧੭੮॥

ਸਰਬ ਨੇਤ੍ਰ ਰੋਗ ਉਪਾਇ--ਦੋਹਰਾ

ਰਸਾਂਜਨ ਮਧੁ ਪਾਇਕੈ ਵਾ ਰਸ ਜਾਤੀ ਪਾਤ।
ਲੈ ਅੰਜਨ ਦ੍ਰਿਗ ਪਾਈਏ ਪਿੱਤ ਰੋਗ ਸਬ ਜਾਤ ॥ ੧੭੯॥

੧੯੬੪—ਰਸੌਂਤ ਤੇ ਸ਼ਹਿਤ ਮਿਲਾਕੇ ਯਾ:-

੧੯੬੫-ਚੰਬੇਲੀ ਦੇ ਪੱਤਾਂ ਦਾ ਰਸ ਸ਼ਹਿਤ ਪਾ ਕੇ ਨੇਤ੍ਰੀ ਅੰਜਨ ਪਾਵੇ ਤਾਂ ਪਿੱਤ ਦੇ ਸਭੋ ਰੋਗ ਨਾਸ ਕਰੇ ॥੧੭੯॥

ਸ਼ੋਨਾ ਗੇਰੂ ਆਨੀਏ ਅਰੁ ਤੁਲਸੀ ਦਲ ਪਾਇ।
ਗੋ ਗੋਬਰ ਰਸ ਅੰਜਦ੍ਰਿਗ ਪਿੱਤ ਦਗਧ ਰੁਜ ਜਾਇ॥ ੧੮੦ ॥

Digitized by Panjab Digital Library | www.panjabdigilib.org

੧੯੬੬—ਸੋਨਾਗੇਰੂ (ਪੀਲਾ ਗੇਰੂ) ਤੁਲਸੀ ਦੇ ਪੱਤੇ, ਗੋਕੇ ਗੋਹੇ ਦੇ ਰਸ ਵਿਚ ਘੋਟਕੇ ਅੰਜਨ ਕਰੇ ਤਾਂ ਨੇਤ੍ਰਾਂ ਦੇ ਪਿਤ ਸੜੇ ਦਾ ਰੋਗ ਨਾਸ ਕਰੇ ॥੧੯੦॥

ਤਿਮਰਾਂਜਨ

ਤਗ੍ਰ ਪੱਤ੍ਰ ਕਰਪੂਰ ਨਿਸ ਅੰਜਨ ਉਤਪਲ ਨੀਲ ।
ਦ੍ਰਿਗ ਜੁਗ ਅੰਜਨ ਨਿਤ ਕਰੇ ਤਿਮਰ ਰੋਗ ਸਭ ਹੀਲ ॥ ੧੯੧ ॥
ਉਤਪਲ ਪਤ ਸਤ੍ਰਹ ਗਹੇ ਸੌਇਕ ਮੁਗਦਾ ਜਾਨ ।
ਕਣਾ ਬੀਜ ਸਤ ਮੇਲੀਏ ਸੌ ਬੀਰਕ ਸਮ ਠਾਨ ॥ ੧੯੨ ॥
ਅੰਜਨ ਪੀਸੋ ਸੂਭ ਸਕਲ ਲੈ ਦ੍ਰਿਗ ਮਹਿ ਸੋ ਪਾਇ ।
ਤਿਮਰ ਰੋਗ ਦੂਰੈ ਟਰਤ ਬੰਗਸੈਨਕੇ ਭਾਇ॥ ੧੯੩ ॥
ਕਾਤਕ ਫਲ ਘਸ ਸਹਿਤ ਸੋ ਅੰਜਨ ਅੰਜ ਦ੍ਰਿਗ ਦੋਇ।
ਤਿਮਰ ਸ੍ਰਾਵ ਲਾਲੀ ਮਿਟਤ ਪੀਰ ਨ ਕਬਹੂੰ ਹੋਇ॥ ੧੯੪ ॥

੧੯੬੭—ਤਗਰ, ਤੇਜਪੱਤਰ, ਕਪੂਰ, ਹਲਧੀ, ਸੁਰਮਾਂ ਤੇ ਨੀਲੇ ਕਮਲ ਪੀਹਕੇ ਦੋਹਾਂ ਨੇਤ੍ਰਾਂ ਵਿੱਚ ਅੰਜਨ ਕਰੇ, ਤਾਂ ਨੇਤ੍ਰਾਂ ਦਾ ਤਿਮਰ (ਅੰਧੇਰਾ) ਰੋਗ ਸਭ ਤਰਾਂ ਦਾ ਨਾਸ ਕਰੇ ॥੧੯੧॥

੧੯੬੮—ਕਮਲ ਫੁੱਲ ਦੇ ਪੱਤਰੇ ੧੭, ਮੂੰਗੀ ਦੇ ਪਤੇ ੧੦੦, ਮਘ ਦੇ ਬੀਜ ੧੦੦, ਤੇ ਸਫੈਦ †ਸੁਰਮਾ ਸਭ ਦੇ ਸਮਾਨ ਭਾਗ ਲੈ ਕੇ ਪੀਹਕੇ ਅੰਦਨ ਦੋਹਾਂ ਨੇਤ੍ਰਾਂ ਵਿਚ ਕਰੇ ਤਾਂ ਤਿਮਰ ਰੋਗ ਨਾਸ ਹੋਵੇ (ਇਹ ਵੰਗਸੇਨ ਵਿਚ ਹੁਣ ਨਹੀਂ ਮਿਲਦਾ) ॥੧੯੨॥੧੯੩॥

੧੯੬੯—ਨਿਰਮਲੀ ਬੂਟੀ ਦੇ ਫਲ ਸ਼ਹਿਤ ਵਿਚ ਘਸਾਕੇ ਨੇਤ੍ਰੀ ਪਾਵੇ ਤਾਂ ਤਿਮਰ, ਸ੍ਰਾਵ (ਪਾਣੀ ਦਾ ਵਗਣਾ) ਲਾਲੀ ਅਰ ਪੀੜ ਸਭੇ ਦੂਰ ਕਰੇ ।

(ਚੰਦ੍ਰਪ੍ਰਭਾ ਬਟੀ)—(ਵੰਗਸੇਨਾਤ)

ਸਾਠ ਕਾਣ ਗਣ ਲੀਜੀਏ ਅੱਸੀ ਤਿਲ ਪਰਸੂਨ ।
ਜਾਤੀ ਕੁਸਮ ਪਚਾਸ ਹੀ ਮਰਚਾਂ ਖੋੜਸ ਚੂਨ ॥ ੧੯੫ ॥
ਬਾਟੀ ਕੀਜੈ ਪੀਸਕੇ ਚੰਦ੍ਰਪ੍ਰਭਾ ਇਸ ਨਾਮ।
ਰੋਗ ਘਨੇ ਦ੍ਰਿਗਕੇ ਹਰਤ ਭਨੋ ਸੁਨੋ ਇਸ ਕਾਮ ॥ ੧੯੬ ॥
ਝੋਇ ਤਿਮਰ ਫੋਲਾ ਸਹਿਤ ਰਾਤ੍ਰਅੰਧ ਪਯ ਛਾਗ।
ਚਿਪਟ ਹਟਤ ਗੋਮੂਤ੍ਰ ਸੰਗ ਤੀਨ ਦੋਖ ਸਭ ਭਾਗ ॥ ੧੯੭ ॥

†ਸੌਬੀਰ—ਸੁਰਮਾਂ ਸਫੈਦ ਹੈ, ਦੇਖੋ ਚਕਿਤਸਾ ਕੋਸ਼ ਤੇ ਟੀਕਾ ਭਾ: ਪ੍ਰਕਾਸ਼ ।

Digitized by Panjab Digital Library | www.panjabdigilib.org

੧੮੭੦-ਮਘਾਂ ੬੦, ਤਿਲਾਂ ਦੇ ਫੁਲ ੮੦, ਚੰਬੇਲੀ ਦੇ ਫੁਲ ੫੦ ਤੇ ਮਿਰਚਾਂ ੧੬ ਲੈ ਕੇ ਪੀਹੇ, ਬੱਟੀ ਕਰੇ, ਇਸਦਾ ਨਾਮ 'ਚੰਦ੍ਰਪ੍ਰਭਾ' ਹੈ, ਇਹ ਨੇਤ੍ਰਾਂ ਦੇ ਸਭੇ ਰੋਗ ਦੂਰ ਕਰਦੀ ਹੈ; ਜਿਸਤਰਾਂ ਤਿਮਰ ਵਾਲੇ ਨੂੰ ਜਲ ਨਾਲ, ਫੋਲੇ ਵਾਲੇ ਨੂੰ ਸ਼ਹਿਤ ਨਾਲ, ਰਾਤ ਦੇ ਅੰਧਰਾਤੇ ਵਾਲੇ ਨੂੰ ਬਕਰੀ ਦੇ ਦੂਧ ਨਾਲ, ਚਿਪਚਿਪਾਹਟ ਵਾਲੇ ਨੂੰ ਗਊ ਮੂਤ੍ਰ ਨਾਲ ਅੰਜਨ ਕਰਨੇ ਤੇ ਤ੍ਰਿਦੋਖ ਆਦਿ ਸਭ ਰੋਗ ਨੇਤ੍ਰਾਂ ਦੇ ਦੂਰ ਕਰਦੀ ਹੈ ॥੧੮੫ ਤੋਂ ੧੮੭॥

ਡਲਕੇ ਦਾ ਉਪਾਉ—ਦੋਹਰਾ

ਬੀਜ ਕਪਾਸ ਗਿਰੀ ਗਰੋ ਅੰਬ ਦਲ ਮੇਲ ਰਸੌਤ।
ਮਧੁ ਸੋ ਅੰਜਨ ਦ੍ਰਿਗ ਕਰੋ ਦ੍ਰਿਗ ਕਾ ਸ੍ਰਾਵ ਸਫੌਤ ॥ ੧੮੮ ॥

੧੮੭੧-ਵੜੇਵਿਆਂ ਦੀ ਅੰਬ ਦੇ ਨਰਮ ਪੱਤੇ ਤੇ ਰਸੌਂਤ ਸ਼ਹਿਤ ਨਾਲ ਪੀਹਕੇ ਅੰਜਨ ਕਰੇ ਤਾਂ ਨੇਤ੍ਰਾਂ ਵਿਚੋਂ ਪਾਣੀ ਵਗਣਾ ਨਾਸ ਕਰੇ ॥੧੮੮॥

ਪਟਲ ਛੌੜ—ਉਪਾਇ

ਤਿੰਤੜੀਕ ਫਲ ਪਕ੍ਵ ਗਹਿ ਸੇਂਧਵ ਲਵਨ ਮਿਲਾਇ।
ਕਾਂਸਿ ਭਾਂਜਨੇ ਰਗੜ ਕਰ ਦ੍ਰਿਗ ਪਟਲਹਿ ਤੇ ਜਾਇ ॥ ੧੮੯ ॥

੧੮੭੨—ਇਮਲੀ ਦੇ ਪਕੇ ਹੋਏ ਫਲ ਤੇ ਸੇਂਧਾਨਿਮਕ, ਕਾਂਸੀ ਭਾਂਡੇ ਵਿਚ ਘੋਟੇ ਅਰ ਫਿਰ ਨੇਤ੍ਰਾਂ ਵਿਚ ਪਾਵੇ ਤਾਂ ਨੇਤ੍ਰਾਂ ਦੇ ਪਟਲ, ਛੌੜ ਸਭੇ ਨਾਸ਼ ਕਰੇ ॥੧੮੯॥

ਰਾਤਅੰਧੇ (ਅੱਧਰਾਤੇ) ਦਾ ਉਪਾਇ—ਦੋਹਰਾ

ਉਤਪਲ ਨਾਲੀ ਗੇਰਕੰ †ਪਿੰਡਾਲਕ ਸਬ ਪੀਸ।
ਗੋ ਗੋਬਰ ਰਸ ਅੰਜੀਏ ਨਿਸ ਅੰਧਾ ਬਹੁ ਦੀਸ ॥ ੧੯੦ ॥

੧੮੭੩—ਕਮਲ ਦੀ ਡੰਡੀ, ਗੇਰੂ ਤੇ ਪਿੰਡਾਲਕ ਇਹ ਤਿਨ ਪੀਹਕੇ ਗਊ ਦੇ ਗੋਹੇ ਦੇ ਰਸ ਨਾਲ ਅੰਜਨ ਕਰੇ ਤਾਂ ਅੰਧਰਾਤਾ ਜਾਵੇ ॥੧੯੦॥

ਕਣਾ ਕਰੰਜੂ ਬੀਜ ਗਿਰਿ ਰਸਵਤ ਤ੍ਰਿਫਲਾ ਲੋਦ।
ਸ੍ਰਣ ਫੂਲ ਸੁੰਠੀ ਪਿਸੇ ਕਾਂਜੀ ਜਲ ਸੋ ਸੋਦ ॥ ੧੯੧ ॥
ਬੱਟੀ ਕਰ ਛਾਯਾ ਧਰੋ ਸੂਕੀ ਜਲ ਘਸਿ ਅੰਜ।
ਨਿਸਅੰਧ ਕੰਡੂ ਤਿਮਰ ਹਰ ਨੈਨ ਰੋਗ ਸਭ ਭੰਜ ॥ ੧੯੨ ॥

੧੮੭੪-ਮਘ, ਕਰੰਜੂਏ ਦੇ ਬੀਆਂ ਦੀ ਗਿਰੀ, ਰਸੌਂਤ, ਹਰੜ,ਬਹੇੜਾ, ਆਂਵਲੇ, ਲੋਧ, ਧਤੂਰੇ ਦੇ

---

†ਪਿੰਡਾਲਕ—ਪਿੰਡਾਂਰਕ ਇਹ ਇਕ ਕਿਸਮ ਟਿੰਡੇ ਦੇ ਸਾਗ ਦੀ ਹੈ, ਸੋ ਇਹ ਫਲ ਪੂਰਬ ਵਿਖੇ ਪ੍ਰਸਿੱਧ ਹੈ। ਨਿਰਨਾ ਚਾਹੋ ਤਾਂ ਦੇਖੋ ਸ਼ਾਕਾਧਿਕਾਰ ਭਾਵ ਪ੍ਰਕਾਸ਼,

Digitized by Panjab Digital Library | www.panjabdigilib.org

ਫੁੱਲ ਤੇ ਸੁੰਢ ਸਮਾਨ ਭਾਗ ਲੈ ਕੇ ਕਾਂਜੀ ਨਾਲ ਘੋਟਕੇ ਗੋਲੀ ਬਣਾਕੇ ਛਾਵੇਂ ਸੁਕਾ ਰਖੇ। ਸੁੱਕ ਜਾਵੇ ਤਾਂ ਜਲ ਨਾਲ ਘਿਸਾਕੇ ਅੰਜਨ ਕਰੇ, ਤਾਂ ਰਾਤ ਦਾ ਅੰਧਰਾਤਾ, ਖੁਰਕ, ਤਿਮਰ ਅਰ ਸਭੋ ਰੋਗ ਹੋਰ ਬੀ ਨੇਤ੍ਰਾਂ ਦੇ ਨਾਸ ਕਰੇ ॥੧੯੧॥੧੯੨॥

ਘਸੀ ਰੀਠੜਾ ਜਲ ਸਹਿਤ ਦ੍ਰਿਗਮਹਿ ਅੰਜਨਪੂਰ।
ਨਿਸ ਅੰਧਾ ਰੁਜ ਜਾਤ ਮਿਟ ਜਿਮ ਤਮ ਭਾਜਤ ਸੂਰ॥ ੧੯੩ ॥
ਜਾਇਪਤ੍ਰ ਨਿਸ ਅੰਜ ਦ੍ਰਿਗ ਰਸਵਤ ਨਿਸ ਯੁਗ ਪਾਇ।
ਦੋਊ ਜੋਗ ਜਲ ਸੰਗ ਕਰ ਨਿਸ ਅੰਧ ਛਿਨ ਮਹਿ ਜਾਇ॥ ੧੯੪ ॥

੧੯੭੫—ਰੀਠੜੇ ਦੀ ਛਿੱਲ ਜ਼ਲ ਨਾਲ ਘਿਸਾਵੇ, ਫੇਰ ਨੇਤ੍ਰਾਂ ਵਿਚ ਅੰਜਨ ਪਾਵੇ ਤਾਂ ਰਾਤ ਦਾ ਅੰਧਰਾਤਾ ਨਾਸ ਕਰੇ ॥੧੯੩॥

੧੯੭੬—ਚੰਬੇਲੀ ਦੇ ਪਤੇ ਤੇ ਹਲਧੀ ਨਾਲ ਘਿਸਾਕੇ ਨੇਤ੍ਰੀ ਪਾਵੇ।

੧੯੭੭—ਰਸੌਂਤ ਤੇ ਹਲਧੀ ਜਲ ਨਾਲ ਘਿਸਾਕੇ ਨੇਤ੍ਰੀ ਪਾਵੇ ਤਾਂ ਅੰਧਰਾਤਾ ਨਾਸ ਕਰੇ ॥੧੯੪॥

ਮੱਜਾ ਲੈ ਦ੍ਰਿਗਫਲ ਤਨੀ ਜਲ ਸੋਂ ਦ੍ਰਿਗ ਮਹਿ ਅੰਜ।
ਭੰਜ ਨਿਸਾਰਤ ਅੰਧ ਹੀ ਅਵਰ ਰੋਗ ਸਬ ਰੰਜ॥ ੧੯੫ ॥

੧੯੭੮—ਬਹੇੜੇ ਦੀ ਗਿਰੀ ਲੈ ਕੇ ਜਲ ਨਾਲ ਨੇਤ੍ਰੀ ਅੰਜਨ ਕਰੇ ਤਾਂ ਰਾਤ ਦੇ ਅੰਧਰਾਤੇ ਦਾ ਨਾਸ ਕਰੇ ਅਰ ਹੋਰ ਬੀ ਨੇਤ੍ਰਾਂ ਦੇ ਅਨੇਕਾਂ ਰੋਗ ਨਾਸ ਕਰੇ ॥੧੯੫॥

ਚੰਦ੍ਰਪ੍ਰਭਾ ਬਟੀ—ਦੋਹਰਾ

ਤ੍ਰਿਫਲਾ ਸੇਂਧਵ ਲੋਹ ਰਜ ਤ੍ਰਿਕੁਟਾ ਪੀਸ ਛਨਾਇ।
ਛਾਂਗੀ ਪਯ ਸੰਗ ਪੀਸਕੈ ਆਛੀ ਬਟੀ ਬਨਾਇ॥ ੧੯੬ ॥
ਦੁਖਤ ਆਂਖ ਪਯ ਸੰਗ ਘਸ ਫੋਲਾ ਕਾਂਜੀ ਸੰਗ।
ਤਿਮਰ ਸਹਿਤ ਸੇ ਜਾਤ ਟਰ ਪਟਲ ਸਿਵਾਲਹਿ ਭੰਗ॥ ੧੯੭ ॥
ਨਿਸਾ ਅੰਧ ਅਰ ਕਾਮਲਾ ਕਾਚਮਾਚ ਰਸ ਅੰਜ।
ਢਲਕਾ ਕਦਲੀ ਨੀਰ ਹਰਿ ਅਪਰ ਰੋਗ ਜਲ ਭੰਜ॥੧੯੮॥

੧੯੭੯—ਹਰੜ, ਬਹੇੜਾ: ਆਵਲੇ, ਸੇਂਧਾਲੂਣ, ਲੋਹਚੂਨ, ਮਘ, ਮ੍ਰਿਚ ਤੇ ਸੁੰਢ ਇਕ ਸਮਾਨ ਲੈ ਕੇ ਪੀਹੇ, ਫਿਰ ਬਕ੍ਰੀ ਦੇ ਦੁੱਧ ਨਾਲ ਘੋਟਕੇ ਗੋਲੀਆਂ ਬੰਨ੍ਹ ਰੱਖੇ। ਫਿਰ ਦੁਖਦੀ ਅੱਖ ਨੂੰ ਦੁੱਧ ਨਾਲ ਨੇਤ੍ਰੀ ਪਾਵੇ, ਫੋਲੇ ਨੂੰ ਕਾਂਜੀ ਨਾਲ ਘਿਸਾਕੇ, ਤਿਮਰ ਨੂੰ ਸ਼ਹਿਤ ਨਾਲ, ਪਟੋਲ ਰੋਗ ਨੂੰ ਜਲ ਦੇ ਜਾਲੇ ਨਾਲ ਨੇਤ੍ਰੀ ਪਾਵੇ। ਅੰਧਰਾਤੇ ਵਾਲੇ ਨੂੰ ਤੇ ਕਮਲਾ (ਪੀਲੀਆਂ ਅੱਖੀਆਂ) ਵਾਲੇ ਹੈ ਮਕੋਇ (ਭੰਬੋਲੇ) ਦੇ ਰਸ ਨਾਲ ਘਿਸਾਕੇ, ਡਲਕੇ ਵਾਲੇ ਦੇ ਨੇਤ੍ਰੀ ਕੇਲੇ ਦੇ ਜਲ ਨਾਲ ਜਿਸਾਕੇ, ਅਰ ਹੋਰ ਰੋਗਾਂ ਵਾਲੇ ਨੂੰ ਜਲ ਨਾਲ ਘਿਸਾਕੇ, ਅੰਜਨ ਪੁਆਵੇ ਤਾਂ ਸਭੀ ਰੋਗ ਨਾਸ ਕਰੇ (ਪਰੰਤੂ ਯਾਦ ਰਹੇ ਕਿ ਮਾਤ੍ਰਾ ਮਟਰ ਪ੍ਰਮਾਨ ਨੇਤ੍ਰਾਂ ਵਿਚ ਪਾਵੇ) ॥੧੯੬ਤੋਂ੧੯੮॥

Digitized by Panjab Digital Library | www.panjabdigilib.org

ਫੋਲਾ ਉਪਾਇ—ਦੋਹਰਾ

ਬਟ ਪਯ ਸੰਗ ਕਪੂਰ ਘਸਿ ਅੰਜਤ ਫੋਲਾ ਜਾਇ।
ਅੱਖ ਬੀਜ ਸੇਂਧਾ ਘਸੀ ਪੁਸਪ ਮਿਟਤ ਦ੍ਰਿਗ ਪਾਇ ॥ ੧੯੯ ॥
ਹਰੜ ਆਮਰੇ ਪੀਪਰੀ ਕੂੰਜਲ ਮਾਲਤਿ ਪਾਇ।
ਬੱਟੀ ਕਰ ਦ੍ਰਿਗ ਅੰਜੀਏ ਫੋਲਾ ਦੂਰ ਪਰਾਇ ॥ ੨੦੦॥
ਸੰਬੂਕ ਕੁਰਕਟੀ ਆਂਡ ਤੁਚ ਭਸਮ ਕਰੀਨੈ ਪੀਸ।
ਮਾਖਨ ਸੋਂ ਘਸ ਅੰਜ ਦ੍ਰਿਗ ਫੋਲਾ ਸਗਲਾ ਖੀਸ ॥ ੨੦੧ ॥

੧੮੮੦—ਬੋਹਰ ਦੇ ਦੁੱਧ ਨਾਲ ਮੁਸ਼ਕਕਪੂਰ ਘਿਸਾਕੇ ਨਿਤ ਅੰਜਨ ਕਰੇ ਤਾਂ ਫੋਲਾ ਜਾਵੇ।

੧੮੮੧-ਬਹੇੜੇ ਦੀ ਗਿਰੀ ਤੇ ਸੇਂਧਾ ਨਿਮਕ ਘਿਸਾਕੇ ਅੰਜਨ ਕਰੇ ਤਾਂ ਬੀ ਫੋਲਾ ਜਾਵੇ ॥੧੯੯॥

੧੮੮੨—ਹਰੜ, ਆਵਲੇ, ਮਘ, ਤੇ ਚੰਬੇਲੀ ਦੀਆਂ ਕੂੰਮਲੀ, ਘੋਟਕੇ ਬੱਟੀ ਕਰਕੇ ਨੇਤ੍ਰੀ ਅੰਜਨ ਕਰੇ ਤਾਂ ਫੋਲਾ ਜਾਵੇ ॥੨੦੦॥

੧੮੮੩-ਘੋਗਾ, ਕੁਕੜੀ ਦੇ ਆਂਡੇ ਦੀ ਛਿੱਲ ਦੀ ਭਸਮ, ਦੋਹਾਂ ਨੂੰ ਪੀਹਕੇ ਫਿਰ ਮੱਖਣ ਵਿਚ ਘੋਟੇ ਫਿਰ ਨੇਤ੍ਰਾਂ ਵਿਚ ਅੰਜਨ ਕਰੇ, ਤਾਂ ਫੋਲਾ ਜਾਵੇ ॥੨੦੧॥

ਟੰਕ ਤੀਨ ਕਚ ਸਯਾਮ ਲੈ ਖੰਡ ਸ੍ਵੇਤ ਟੰਕ ਚਾਰ।
ਪੀਸ ਛਾਨ ਚੁਟਕੀ ਦ੍ਰਿਗਨਿ ਪਾਵਤ ਫੋਲਾ ਵਾਰ ॥ ੨੦੨ ॥

੧੮੮੪-ਕਾਲਾ ਕਚ ੩ ਟੰਕ, ਚਿੱਟੀ ਖੰਡ ੪ ਟੰਕ, ਪੀਹ ਛਾਣਕੇ ਚੁਟਕੀ ਨਾਲ ਨੇਤ੍ਰੀਂ ਪਾਵੇ ਤਾਂ ਫੋਲਾ ਨਾਸ ਕਰੇ ॥੨੦੨॥

(ਵੈਦਜੀਵਨਾਤ)

ਸੋਨਮਖੀ ਘਸ ਮਧ ਸੰਗਹਿ ਅੰਜਨ ਕੀਜਤ ਨੈਨ।
ਫੋਲਾ ਮਿਟ ਸੁਖ ਕੋ ਲਹਿਤ ਏ ਔਖਦਭਨਿ ਐਨ ॥ ੨੦੩ ॥

੧੮੮੫-ਸੋਇਨ ਮੱਖੀ, ਸ਼ਹਿਤ ਨਾਲ ਘਿਸਾਕੇ ਨੇਤ੍ਰੀ ਅੰਜਨ ਪਾਵੇ ਤਾਂ ਫੋਲ ਨਾਸ ਕਰੇ ॥੨੦੩॥

ਸੀਤਲਾ ਕੇ ਫੋਲੇ ਕੋ

ਸਯਾਮ ਕੰਚ ਸੂਖਮ ਕਰੀ ਤਾਂਮੇ ਭਾਜਨ ਪਾਇ।
ਤੀਨ ਯਾਮ ਨਿੰਬੂ ਰਸਹਿ ਕਾਂਸੀ ਸੋਂ ਰਗੜਾਇ ॥ ੨੦੪ ॥
ਗੁੰਜਾ ਭਾ ਗੋਲ ਕਰੋ ਪੈਂਤੀ ਦਿਨ ਲੈ ਅੰਜ।
ਸੀਤਲ ਫੋਲਾ ਅਵਰ ਪੁਖ ਘਨੇ ਰੁਜਨ ਕੋ ਭੰਜ ॥ ੨੦੫ ॥

Digitized by Panjab Digital Library | www.panjabdigilib.org

੧੯੮੬–ਕਾਲੀ ਕੱਚ ਬ੍ਰੀਕ ਕਰਕੇ ਤਾਂਬੇ ਦੇ ਧਾਤੂ ਵਿੱਚ ਪਾਵੇ, ਫਿਰ ੩ ਪਹਿਰ ਨਿੰਬੂ ਦੇ ਰਸ ਨਾਲ ਕਾਂਸੀ ਦੇ ਘੋਟੇ ਨਾਲ ਰਗੜੇ। ਵਿਚ ਗੋਲੀਆਂ ਰੱਤੀ ਬਰਾਬਰ ਬਣਾਵੇ ਅਰ ੩੫ ਦਿਨ ਅੰਜਨ ਕਰੇ ਤਾਂ ਮਾਤਾ ਦਾ ਫੋਲਾ ਤੇ ਹੋਰ ਸਭੋ ਫੋਲੇ ਨਾਸ ਕਰੇ ॥੨੦੪॥੨੦੫॥

ਬਾਰਾਂਸਿੰਗਾ ਸ੍ਰਿੰਗਲੈ ਗਰਧਭ ਸਯਾਮ ਜੁ ਦੰਤ।
ਬਨਿਤਾ ਪਯ ਸੋਂ ਪੀਸ ਕਰ ਬਟੀ ਕਰੋ ਸਮ ਸੰਤ॥ ੨੦੬ ॥
ਬਨਿਤਾ ਪਯ ਸੋ ਅੰਜ ਦ੍ਰਿਗ ਭੰਜਤ ਫੋਲਾ ਏਹ।
ਸੀਤਲ ਫੋਲਾ ਜਾਤ ਸਬ ਤ੍ਰੈ ਦਿਨ ਮੈਂ ਲਖ ਤੇਹ॥ ੨੦੭ ॥

੧੯੮੭–ਬਾਰਾਂ ਸਿੰਙੇ ਦਾ ਸਿੰਙ ਤੇ ਕਾਲੇ ਗਧੇ ਦਾ ਦੰਦ ਔਰਤ ਦੇ ਦੁੱਧ ਨਾਲ ਹੀ ਨੇਤ੍ਰੀਂ ਪਾਯਾ ਕਰੇ ਤਾਂ ਮਾਤਾ ਦਾ ਫੋਲਾ ਤਿੰਨਾਂ ਦਿਨਾਂ ਵਿਚ ਨਾਸ ਕਰੇ ॥੨੦੬॥੨੦੭॥

ਸ੍ਵੇਤ ਖੰਡ ਨਿੰਬੂ ਰਸਹਿ ਦਿਨ ਚੌਦਾਂ ਲੈ ਅੰਜ।
ਸੀਤਲ ਫੋਲਾ ਜਾਤ ਮਿਟ ਤਿਮਰ ਪਟਲ ਸਭ ਭੰਜ ॥ ੨੦੮ ॥

੧੯੮੮–ਚਿੱਟੀ ਖੰਡ ਨਿੰਬੂ ਦੇ ਰਸ ਨਾਲ ੧੪ ਦਿਨ ਨੇਤ੍ਰੀਂ ਅੰਜਨ ਕਰੇ ਤਾਂ ਮਾਤਾ ਦਾ ਫੋਲਾ, ਹੋਰ ਤਿਮਰ, ਪਟਲ, ਸਭ ਦਾ ਨਾਸ ਕਰੇ ॥੨੦੮॥

ਪੜਵਾਲ ਕੋ–ਦੋਹਰਾ

ਬਿਖ ਸੋਧਤਿ ਸੀਸਾ ਘਸੀ ਬਾਰ ਉਪਾਰ ਲਗਾਇ।
ਦ੍ਰਿਗ ਪਰਤਾ ਪਰਵਾਲ ਹਰ ਕਹਿਤ ਮੇਘ ਸੁਖ ਪਾਇ ॥ ੨੦੯॥

੧੯੮੯–†ਮਿੱਠਾ ਤੇਲੀਆ ਸੋਧਕੇ ਅਰ ਸਿੱਕੇ ਪੁਰ ਚੰਗੀ ਤਰਾਂ ਘਿਸਾਕੇ ਪੜਤਾਲ ਪੁਟਕੇ ਉਪਰ ਲਾਵੇ ਤਾਂ ਨੇਤ੍ਰਾਂ ਵਿਚ ਪੈਣ ਵਾਲੇ ਪੜਵਾਲ ਹਟਾਵੇ ਅਰ ਸੁਖ ਪ੍ਰਾਪਤ ॥੨੦੯॥

ਅਰਕ ਤੂਲ ਪਯ ਅਰਕ ਕੇ ਬਾਟੀ ਕਰੀ ਜਰਾਇ।
ਤੋ ਕੱਜਲ ਦ੍ਰਿਗ ਅੰਜਿਯੈ ਸਬੀ ਨੇਤ੍ਰ ਰੁਜ ਜਾਇ ॥ ੨੧੦ ॥

੧੯੯੦–ਅੱਕ ਦਾ ਰੂ ਅੱਕ ਦੇ ਦੁਧ ਨਾਲ ਤਰ ਕਰਕੇ ਸੁਕਾਕੇ ਬੱਟੀ ਬਣਾਕੇ ਜਲਾਵੇ, ਉਪਰ ਲਾਟ ਦੇ ਪੱਤ੍ਰ ਰੱਖਤੇ ਕੱਜਲ ਕਰੇ, ਫਿਰ ਉਹ ਕੱਜਲ ਲੈ ਕੇ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਸਾਰੇ ਨੇਤ੍ਰ ਰੋਗ ਅਰ ਪੜਵਾਲ ਆਦਿ ਨਾਸ਼ ਕਰੇ ॥੨੧੦॥

ਮਾਖਕ ਸਿੱਗ ਪਾਤ ਰਸ ਅੰਜਨ ਕਰ ਦ੍ਰਿਗ ਦੋਇ।
ਬਾਤ ਪਿੱਤ ਕੋਫ ਰੁਜ ਹਰਤ ਨੈਨ ਰੋਗ ਸਬ ਖੋਇ ॥ ੨੧੧ ॥

---

†ਮਿਠੇ ਤੇਲੀਏ ਨੂੰ ਗਊਮੂਤ ਵਿਚ ਡੋਬ ਰਖੇ, ਨਿਤ ਮੂਤ ਬਦਲਦਾ ਰਹੇ, ਜਿਸ ਦਿਨ ਤੇਲੀਏ ਵਿਚ ਸੂਈ ਚੋਭੀ ਹੋਈ ਪਾਰ ਨਿਕਲ ਜਾਵੇ ਤਾਂ ਸੁੱਧ ਜਾਣੇ, ਫਿਰ ਗਰਮ ਪਾਣੀ ਨਾਲ ਧਕੇ ਸਾਫ ਕਰਕੇ ਗੋਕੇ ਦੁਧ ਵਿਚ ਜੋਸ਼ ਦੇ ਕੇ ਸੁਕਾ ਰਖੇ ਏਹੋ ਸੁਧ ਤੇਲੀਆ ਜਾਣੇ ਜਿਥੇ ਜ਼ਰੂਰਤ ਪਵੇ ਪਾਵੇ।

Digitized by Panjab Digital Library | www.panjabdigilib.org

੧੯੯੧—ਸੋਨਮੱਖੀ ਸੁਹਾਂਵਣੇ ਦੇ ਪੱਤ੍ਰਾਂ ਦੇ ਰਸ ਨਾਲ ਨੇਤ੍ਰਾਂ ਵਿਚ ਪਾਵੇ ਤਾਂ ਬਾਤ, ਪਿੱਤ ਅਰ ਕਫ ਦੇ ਸਭੇ ਨੇਤ੍ਰ ਰੋਗ ਨਾਸ ਕਰੇ ॥੨੧੧॥

ਪਟਲ ਕੋ

ਸੁੰਠਿ ਯਸਿਟ ਰਸ ਭੰਗਰਾ ਤੈਲ ਸੰਗ ਦ੍ਰਿਗ ਪੀਸ।
ਪਟਲ ਘਟਤ ਦ੍ਰਿਗ ਕੇ ਸਕਲ ਨੈਨੋਂ ਬਹੁ ਅਤਿ ਦੀਸ ॥ ੨੧੨ ॥

੧੯੯੨—ਸੁੰਢ ਮੁਲੱਠੀ ਤੇ ਭੰਗਰੇ ਦਾ ਰਸ ਤੇਲ ਵਿਚ ਪੀਹਕੇ ਨੇਤ੍ਰੀ ਪਾਵੇ ਤਾਂ ਨੇਤ੍ਰਾਂ ਦਾ ਪਟਲ ਹਟਾਵੇ, ਹੋਰ ਬੀ ਸਭ ਨੇਤ੍ਰ ਰੋਗ ਨਾਸ ਕਰੇ ॥੨੧੨॥

ਸੋਰਠਾ

ਗੇਰੂ ਪਥਜ਼ਾ ਦਾਰੁ ਸੇਂਧਵ ਰਸਵਤ ਨਿਤ ਪਿਸੋ।
ਦ੍ਰਿਗ ਕੇ ਰੋਗ ਵਿਡਾਰ ਲੇਪਤ ਜਲ ਸੰਗ ਤੀਨ ॥ ੨੧੩ ॥

੧੯੯੩—ਗੇਰੂ, ਹਰੜ. ਦੇਵਦਾਰ, ਸੇਂਧਾਨਿਮਕ ਅਰ ਰਸੌਂਤ ਪੀਹਕੇ ਜਲ ਨਾਲ ਲੇਪ ਕਰੇ ਤਾਂ ਤਿੰਨਾਂ ਦਿਨਾਂ ਵਿਚ ਪਟਲ ਰੋਗ ਨਾਸ ਕਰੇ ॥੨੧੩॥

ਮੰਦਦ੍ਰਿਸਟੀ ਕੋ ਅੰਜਨ—ਦੋਹਰਾ

ਗੰਧਕ ਪਾਰਾ ਖਰਲ ਕਰ ਚੰਗੇਰੀ ਰਸ ਪਾਇ।
ਅੰਜਨ ਦ੍ਰਿਗ ਅੰਜੇ ਸ੍ਰਵੇ ਦ੍ਰਿਸਟ ਰੋਗ ਸਭ ਜਾਇ ॥ ੨੧੪ ॥
ਚੰਗੇਰੀ ਚੰਦਨ ਖਟਕ ਲੈ ਲੇਪ ਕਰੇ ਜਲ ਪੀਸ।
ਰੋਗ ਹਰਤ ਦ੍ਰਿਗ ਕੇ ਸਕਲ ਨੈਨਹੁ ਬਹੁ ਅਤਿ ਦੀਸ ॥ ੨੧੫ ॥

੧੯੯੪-ਗੰਧਕ, ਪਾਰਾ ਲੈ ਕੇ ਸੌਚਲ ਬੂਟੀ ਦੇ ਰਸ ਵਿਚ ਖਰਲ ਕਰੇ ਅਰ ਫਿਰ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਨੇਤ੍ਰਾਂ ਵਿਚੋਂ ਪਾਣੀ ਵਗਣਾ ਤੇ ਮੰਦ ਦ੍ਰਿਸ਼ਟੀ ਸੱਭੋ ਨਾਸ ਕਰੇ ॥੨੧੪॥

੧੯੯੫—ਸੌਂਚਲ ਬੂਟੀ, ਚੰਦਨ ਤੇ ਖਟਕਲ ਲੈ ਕੇ ਪੀਸਕੇ ਜਲ ਨਾਲ ਲੇਪ ਕਰੇ ਤਾਂ ਨੇਤ੍ਰਾਂ ਦੇ ਤਮਾਮ ਰੋਗ ਨਾਸ ਕਰੇ ਅਰ ਨੇਤ੍ਰੀਂ ਬਹੁਤ ਦ੍ਰਿਸ਼ਟੀ ਆਵੇ। ੨੧੫॥

ਨੀਨਵਾਯ ਕੋ--ਸੋਰਠਾ

ਘਨ ਲੈ ਬਿੱਲਕਾ ਮੂਰ ਗੋਮੂਤਰ ਅੰਜਨ ਕਰੇ।
ਨੀਲ ਬਾਤ ਕੋ ਚੂਰ ਪਟਲ ਤਿਮਰ ਭਜਤ ॥ ੨੧੬ ॥

੧੯੯੬—ਮੋਥਾ ਤੇ ਬਿੱਲ ਦੀ ਜੜ੍ਹ ਗਊ ਮੂਤ੍ਰ ਵਿਚ ਘੋਟਕੇ ਅੰਜਨ ਕਰੇ ਤਾਂ ਨੀਲਾਵਾਯ, ਪਟਲ ਅਰ ਤਿਮਰ ਦੂਰ ਕਰੇ ॥੨੧੬॥

ਫੋਲਾ ਲਾਲੀ ਉਪਾਯ (ਵੰਗਸੇਨਾਤ)--ਸੋਰਠਾ

ਛਾਂਗ ਮੂਤ ਘਸਿ ਪਾਇ ਭੱਦਰ ਮੁਸਤਾ ਦ੍ਰਿਗਨ ਮਹਿ।

Digitized by Panjab Digital Library | www.panjabdigilib.org

ਫੋਲਾ ਲਾਲੀ ਜਾਇ ਬੰਗਸੇਨ ਮਤਿ ਉਚਰੈ॥ ੨੧੭॥

੧੮੯੭—†ਨਾਗਰ ਮੋਥਾ ਬੱਕ੍ਰੀ ਦੇ ਦੁੱਧ ਨਾਲ ਘਿਸਾਕੇ ਨੇਤ੍ਰੀਂ ਪਾਵੇ ਤਾਂ ਫੋਲਾ ਲਾਲੀ ਨਾਸ ਹੋਵੇ ॥੨੧੭॥

ਪ੍ਰਨੇਹ (ਨੇਤ੍ਰ ਪੀਲੇ ਹੋਣੇ) ਦਾ ਉਪਾਇ—ਦੋਹਰਾ

ਦ੍ਰੋਣ ਪੁਖਪ ਰਸ ਨੈਨ ਭਿਲਿ ਰੋਗੁ ਕਾਮਲਾ ਜਾਇ।
ਵਾ ਜਲ ਸੇ ਰਾਂਮਠ ਅੰਜੇ ਪਨਰੇਹਾ ਜੁ ਪਲਾਇ॥ ੨੧੮॥

੧੮੯੮—ਗੁੰਮੇ ਦੇ ਫੂਲ ਦਾ ਰਸ ਨੇਤ੍ਰੀਂ ਪਾਵੇ ਤਾਂ ਕਮਲਾ (ਪੀਲਾਪਨ) ਰੋਗ ਨਾਸ ਹੋਵੇ, ਯਾ:—

੧੮੯੯-ਹਿੰਙ ਪਾਣੀ ਨਾਲ ਨੇਤ੍ਰੀਂ ਅੰਜਨ ਕਰੇ ਤਾਂ ਪ੍ਰਨੇਹ ਅਰਥਾਤ ਯਰਕਾਨ (ਪੀਲਾਪਨ) ਨੇਤ੍ਰ ਦਾ ਜਾਵੇ ॥੨੧੮॥

ਨਿੰਦ੍ਰਾ ਹਰਨੇ--ਸੋਰਠਾ

ਸੇਂਧਾ ਜਲ ਘਸ ਪਾਇ ਬ੍ਰਿਹਤੀ ਫਲ ਮਧੁ ਸੰਗ ਹੀ।
ਨੈਨ ਯੋਗ ਜੁਗ ਥਾਇ ਅੰਜਨ ਤੇ ਨਿੰਦ੍ਰਾ ਹਰਤ॥ ੨੧੯॥

੧੯੦੦-ਸੇਂਧਾਨਿਮਕ ਜਲ ਨਾਲ ਘਿਸਾਕੇ ਪਾਵੇ। ਯਾ:-

੧੯੦੧-ਕੰਡਿਆਰੀ ਦੇ ਫਲ ਸ਼ਹਿਤ ਨਾਲ ਪਾਵੇ, ਇਹ ਦੋਨੋਂ ਪ੍ਰਯੋਗ ਨਿੰਦ੍ਰਾ ਹਟੌਣ ਹਾਰੇ ਹਨ, ਨੇਤ੍ਰੀਂ ਪਾਵੇ ॥੨੧੯॥

ਸਿਗ੍ਰੁ ਕੇਸਰ ਨਾਗਿ ਨੀਲ ਕਮਲ ਸਿਗ੍ਰੁ ਤੁਖਮ।
ਜਲ ਪਿਸਿ ਅੰਜਨ ਥਾਗਿ ਪਰਤ ਨੈਨ ਨਿੰਦ੍ਰੈ ਟਰਤ॥ ੨੨੦॥
ਮਧੁ ਮਰਚਾਂ ਕੋ ਪੀਸ ਅਸ੍ਵ ਲਾਲ ਵਿਚ ਪਾਇਕੈ।
ਅੰਜਨ ਦ੍ਰਿਗ ਮਹਿ ਦੀਜ ਅਤਿ ਨਿੰਦ੍ਰਾ ਦੂਰੇ ਭਜਤ॥ ੨੨੧॥

੧੯੦੨—ਸੁਹਾਂਞਣਾਂ, ਨਾਗਕੇਸਰ, ਨੀਲੇਕਮਲ, ਸੁਹਾਂਞਣੇ ਦੇ ਬੀਜ. ਜਲ ਨਾਲ ਪੀਹਕੇ ਅੰਜਨ ਕਰੇ ਤਾਂ ਨੀਂਦ ਹਟ ਜਾਵੇ ॥੨੨੦॥

੧੯੦੩—ਸ਼ਹਿਤ ਤੇ ਮ੍ਰਿਚਾਂ ਪੀਹਕੇ ਫਿਰ ਵਿੱਚ ਘੋੜੇ ਦੇ ਮੂੰਹ ਦੀਆਂ ਲਾਲਾਂ ਪਾਵੇ। ਅੰਜਨ ਕਰੇ ਤਾਂ ਬਹੁਤੀ ਨੀਂਦ ਔਂਦੀ ਨਾਸ ਕਰੇ ॥੨੨੧॥

ਨਸਵਾਰ--ਸੋਰਠਾ

ਤ੍ਰਿਫਲਾ ਸੇਂਧਵ ਲੂਨ ਮਰਚ ਪੀਸ ਸੰਗ ਵਾਰਿਕੈ।
ਨਾਵਨ ਕਰ ਬਹੁ ਗੂਨ ਨਿੰਦ੍ਰਾ ਤਜ ਸਬ ਜਾਤ ਹੈ॥ ੨੨੨॥

†ਨਾਗਰ ਮੋਥਾ ਨੂੰ ਹੀ ਭਦ੍ਰ ਮੋਥਾ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

੧੯੦੪—ਤ੍ਰਿਫਲਾ (ਹਰੜ, ਬਹੇੜਾ, ਆਵਲੇ) ਸੇਂਧਾ ਲੂਣ ਤੇ ਮਿਰਚਾਂ, ਜਲ ਨਾਲ ਪੀਹਕੇ ਨਸਵਾਰ ਦੇਵੇ ਤਾਂ ਬਹੁਤੀ ਨੀਂਦ ਔਂਦੀ ਬੰਦ ਕਰੇ ॥੨੨੨॥

ਸਿਰਸ ਬੀਜ ਗੋ ਮੂਤ ਕ੍ਰਿਸ਼ਨਾ ਸੇਂਧਵ ਮਰਚ ਲੈ।
ਪੀਸੀ ਅੰਜਨ ਹੂਤ ਅਤਿ ਨਿੰਦ੍ਰਾ ਟਰਿ ਜਾਤ ਛਿਨ ॥ ੨੨੩ ॥

੧੯੦੫-ਸਰੀਂਹ ਦੇ ਬੀਜ, ਗਊਮੂਤ੍ਰ ਵਿਚ ਪੀਹਕੇ ਅੰਜਨ ਕਰੇ, ਯਾ:-

੧੯੦੬—ਮਘ, ਸੇਂਧਾਨਿਮਕ ਤੇ ਮ੍ਰਿਚ ਪੀਹਕੇ ਅੰਜਨ ਕਰੇ ਤਾਂ ਨੀਂਦ ਬਹੁਤੀ ਔਂਦੀ ਤਿਆਗ ਜਾਵੇ ॥੨੨੩॥

ਤ੍ਰਿਫਲਾ ਬ੍ਰਹਤੀ ਲੀਜ ਯਸਟੀ ਸੇਂਧਵ ਕ੍ਵਾਥ ਕਰ।
ਪੀਵਤ ਨਿੰਦ੍ਰਾ ਖੀਜ ਕੁੰਭਕਰਨ ਨਿੰਦ੍ਰਾ ਟਰਤ ॥ ੨੨੪ ॥

੧੯੦੭-ਤ੍ਰਿਫਲਾ (ਹਰੜ, ਬਹੇੜਾ, ਆਵਲੇ) ਕੰਡਿਆਰੀ, ਮੁਲੱਠੀ, ਤੇ ਸੇਂਧਾਨਿਮਕ, ਪਾਕੇ ਕਾੜ੍ਹਾ ਕਰੇ, ਪੀਵੇ ਤਾਂ ਕੁੰਭਕਾਨ ਜੇਹੀ ਬੀ ਨੀਂਦ ਤਿਆਗ ਜਾਵੇ ॥੨੨੪॥

ਨਿੰਦ੍ਰਾ ਕਰਣ ਉਪਾਇ-ਚੌਪਈ

ਸਰਪੰਖਾ ਜੜ ਜਲ ਸੋ ਪੀਸ। ਲੇਪ ਸੀਸ ਪਰਿ ਨਿੰਦ੍ਰਾ ਦੀਸ।
ਸ੍ਵੇਤ ਖੰਡ ਗੋਪਯ ਸੋ ਖਾਇ। ਪਲ ਮਾਤ੍ਰਾ ਬਹੁ ਨਿੰਦਾ ਆਇ ॥੨੨੫॥

੧੯੦੮-ਸਰਪੁੰਖਾ ਦੀ ਜੜ੍ਹ ਜਲ ਨਾਲ ਪੀਹਕੇ ਸਿਰ ਤੇ ਲੇਪ ਕਰੇ ਤਾਂ ਨਿੰਦ੍ਰਾ ਆਵੇ।

੧੯੦੯—ਚਿੱਟੀਖੰਡ ੪ ਤੋਲੇ ਗੌਕੇ ਦੁੱਧ ਨਾਲ ਫੱਕੇ ਤਾਂ ਅਤਯੰਤ ਨਿੰਦ੍ਰਾ ਆਵੇ ॥੨੨੫॥

ਤਾਜੀ ਘੋੜੇ ਕੀ ਲਵ ਲੇਇ। ਛੇਲੀ ਪਯ ਕਸਤੂਰੀ ਦੇਇ।
ਤੀਨੋ ਘਸ ਦ੍ਰਿਗ ਅੰਜਨ ਕਰੋ। ਨਿੰਦ੍ਰਾ ਹੋਇ ਅਨਿੰਦ੍ਰਾ ਹਰੋ ॥੨੨੬॥

੧੯੧੦—ਘੋੜੇ ਦੀ ਤਾਜੀ ਲਵ, ਬੱਕ੍ਰੀ ਦਾ ਦੁੱਧ ਤੇ ਕਸਤੂਰੀ ਤਿੰਨੇ ਘਿਸਾਕੇ ਅੰਜਨ ਪਾਵੇ ਤਾਂ ਬਹੁਤੀ ਨੀਂਦ ਆਵੇ ॥੨੨੬॥

ਜਾਤੀਫਲ ਅਰ ਭੰਗ ਜਰਾਇ। ਅਠ ਅਠ ਮਾਸੇ ਤੋਲ ਲਿਆਇ।
ਛੇਲੀ ਪਯ ਸੋ ਤਾਲੂ ਮਲੋ। ਨਿੰਦ੍ਰਾ ਬਹੁਤ ਅਨਿੰਦ੍ਰਾ ਟਲੋ ॥੨੨੭॥

੧੯੧੧—ਜਾਫਲ ਤੇ ਭੰਗ ਦੀ ਜੜ੍ਹ ਦੋਨੋਂ ਅੱਠ ਅੱਠ ਮਾਸੇ ਤੋਲਕੇ ਲਵੇ ਅਰ ਬੱਕ੍ਰੀ ਦੇ ਦੁੱਧ ਨਾਲ ਤਾਲੂ ਵਿੱਚ ਮਲੇ ਤਾਂ ਬਹੁਤੀ ਨੀਂਦ ਆਵੇ ॥੨੨੭॥

ਦੋਹਰਾ

ਅਜਾ ਦੂਧ ਸੋ ਭੰਗ ਪਿਸ ਚਰਣ ਲੇਪ ਯੁਗ ਦਾਇ।
ਅਤਿ ਨਿੰਦ੍ਰਾ ਤਾਂਕੋ ਕਰਤ ਜਿਮ ਰਾਵਣ ਅਨੁਜਾਇ ॥੨੨੮॥

Digitized by Panjab Digital Library | www.panjabdigilib.org

ਕਣਾ ਮੂਰ ਗੁੜ ਮੇਲਕੈ ਗੋਲੀ ਕਰਕੈ ਖਾਇ।
ਨਿੰਦ੍ਰਾ ਕਰਣੀ ਬਾਤ ਹਰਿ ਦੀਨੀ ਮੇਘ ਬਤਾਇ ॥੨੨੯॥

੧੯੧੨–ਬਕ੍ਰੀ ਦੇ ਦੁਧ ਨਾਲ ਭੰਗ ਪੀਹਕੇ ਦੋਹਾਂ ਪੈਰਾਂ ਦੀਆਂ ਤਲੀਆਂ ਵਿਚ ਲੇਪ ਕਰੇ ਤਾਂ ਕੁੰਭ ਕਾਨ ਦੀ ਤਰਾਂ ਨੀਂਦ ਆਵੇ ॥੨੨੮॥

੧੯੧੩–ਪਿਪਲਾਮੂਲ, ਗੁੜ ਵਿਚ ਪਾਕ ਗੋਲੀ ਕਰੇ ਅਰ ਖਾਵੇ, ਤਾਂ ਅਤਯੰਤ ਨੀਂਦ ਆਵੇ ॥੨੨੯॥

ਕਾਕ ਜੰਘ ਜੜ ਡਾਲ ਵਾ ਬੰਧੇ ਸਿਖਾ ਲਜਾਇ।
ਕੁੰਭਕਰਨ ਸਮ ਸੋ ਸੁਵਤ ਅਤਿ ਨਿੰਦ੍ਰਾ ਤਿਸ ਥਾਇ ॥੨੩੦॥
ਭੇਡ ਦੂਧ ਕਰ ਪਦ ਮਲੇ ਜਾਤੀ ਫਲ ਵਿਚ ਪੀਸ।
ਦਸਮ ਦ੍ਵਾਰ ਲੇਪਨ ਕਰੋ ਕੁੰਭਕਰਨ ਸਮ ਦੀਸ॥੨੩੧॥

੧੯੧੪—ਕਾਕਜੰਘਾਂ ਦੀ ਜੜ ਯਾ ਡਾਲੀ ਬੋਦੀ ਨਾਲ ਬੰਨ੍ਹੇ ਤਾਂ ਕੁੰਭ ਕਰਨ ਦੀ ਨਿਆਂਈ ਘੋਰ ਸੌਂ ਜਾਵੇ ॥੨੩੦॥

੧੯੧੫–ਜਾਫਲ ਭੇਡ ਦੇ ਦੁਧ ਵਿਚ ਰਗੜਕੇ ਪੈਰਾਂ ਹੇਠ ਲਾਵੇ ਅਰ ਦਸਮੇਂ ਦ੍ਵਾਰ ਪਰ ਬੀ ਲੇਪ ਕਰੇ ਤਾਂ ਕੁੰਭਕਰਨ ਵਾਂਗ ਸੇਵੇ ॥੨੩੧॥

ਨੇਤ੍ਰ ਉਪਾਇ–ਦੋਹਰਾ

ਤਿਮਰ ਤੇਲ ਫੋਲਾ ਘ੍ਰਿਤੈ ਭੰਗਰੇ ਰਸ ਘਸਿ ਖਾਜ।
ਰਕਤ ਸਹਿਤ ਘਸ ਪਾਇ ਦ੍ਰਿਗ ਨਿਸ ਅੰਧ ਕਾਂਜੀ ਭਾਜ ॥੨੩੨॥
ਪਾਂਚ ਕਹੇ ਅਨੁਪਾਨ ਇਹ ਇਨਕੇ ਸੰਗਿ ਮਿਲਾਇ।
ਇਟਸਿਟ ਘਸ ਏਕੋ ਸਹੀ ਦ੍ਰਿਗ ਨੌਤਨ ਕਰਵਾਇ ॥੨੩੩॥

੧੯੧੬–ਤਿਮਰ ਰੋਗ ਪਰ ਤੇਲ ਨਾਲ, ਫੋਲੇ ਨੂੰ ਘੇਉ ਨਾਲ, ਖੁਰਕ ਨੂੰ ਭੰਗਰੇ ਦੇ ਰਸ ਨਾਲ, ਰਕਤ ਵਾਲੇ ਨੂੰ ਸ਼ਹਿਤ ਵਿਚ, ਰਾਤ ਦੇ ਅੰਧਰਾਤੇ ਵਾਲੇ ਨੂੰ ਕਾਂਜੀ ਨਾਲ; ਇਨ੍ਹਾਂ ਪੰਜਾਂ ਅਨੁਪਾਨਾਂ ਨਾਲ ਅਕੱਲੀ ਇਟਸਿਟ ਦੀ ਜੜ ਘੋਟ ਕੇ ਨੇਤ੍ਰੀਂ ਪਾਵੇ ਤਾਂ ਨਵੀਨ ਨੇਤ੍ਰ ਕਰੇ ਅਰ ਇਤਨੇ ਰੋਗ ਨਾਸ ਕਰੇ ॥੨੩੨॥੨੩੩॥

ਨੈਨਾਮ੍ਰਿਤ ਅੰਜਨ–ਦੋਹਰਾ

ਸੰਖ ਨਾਭਿ ਤੁਥ ਬੋਲ ਲੈ ਕ੍ਰਿਸ਼ਨਾ ਖਰ ਪਰ ਪੀਸ।
ਨਿੰਬੂ ਰਸ ਦ੍ਰਿਗ ਪਾਈਏ ਸਰਬ ਰੋਗ ਮਿਟ ਦੀਸ ॥੨੩੪॥

੧੯੧੭–ਸੰਖ ਦੀ ਨਾਭੀ, ਨੀਲਾ ਥੋਥਾ, ਬੀਜਾਬੋਲ, ਮਘ ਤੇ ਸੰਗ ਬਸਰੀ, ਪੀਹਕੇ ਨਿੰਬੂ ਦੇ ਰਸ ਨਾਲ ਨੇਤ੍ਰੀਂ ਪਾਵੇ ਤਾਂ ਨੇਤ੍ਰਾਂ ਦੇ ਸਾਰੇ ਰੋਗ ਨਾਸ ਕਰੇ ॥੨੩੪॥

Digitized by Panjab Digital Library | www.panjabdigilib.org

ਤ੍ਰਿਕੁਟਾ ਤ੍ਰਿਫਲਾ ਸੇਂਧਵਾ ਯਸਟੀ ਮੋਥ ਰਸੌਂਤ।
ਕਮਲ ਲੌਂਗ ਤਾਂਬਾ ਬੜਿੰਗ ਪੀਸੀ ਕਪਰ ਪਨੌਤ ॥੨੩੫॥
ਜਲਧਰ ਵਾ ਜਲ ਓਸਕੇ ਪੀਸੀ ਵਟੀ ਬਨਾਇ।
ਪਟਲ ਬਿੰਦ ਮੋਤੀ ਮਿਟਤ ਜੋ ਤੀਯ ਪਯ ਸੋ ਪਾਇ ॥੨੩੬॥
ਤਿਮਰ ਰੋਗ ਸਬ ਜਾਤ ਟਰ ਅਵਰ ਜਾਇ ਬਹੁ ਰੋਗ।
ਸਬਤੇ ਖਾਸੀ ਔਖਧੀ ਬੰਗਸੈਨ ਕਾ ਯੋਗ ॥੨੩੭॥

੧੯੧੮–ਤ੍ਰਿਕੁਟਾ, ਤ੍ਰਿਫਲਾ, ਸੇਂਧਾਨਿਮਕ, ਮੁਲੱਠੀ, ਮੋਥਾਂ, ਰਸੌਂਤ ਕਮਲ ਪਤ੍ਰ, ਲੌਂਗ, ਤਾਂਬਾ ਤੇ ਬਾਵੜਿੰਗ ਪੀਹਕੇ ਕਪੜ ਛਾਣ ਕਰੇ। ਵਰਖਾ ਦੇ ਜਲ ਨਾਲ ਯਾ ਅਸਮਾਨ ਤਰੇਲ ਨਾਲ ਪੀਹਕੇ ਬੱਟੀ ਬਨਾਵੇ। ਅਰ ਪਟਲ, ਮੋਤੀਆਬਿੰਦ ਨੂੰ ਇਸਤ੍ਰੀ ਦੇ ਦੁਧ ਨਾਲ ਪੌਣ ਤੇ ਹਟਾਵੇ ਹੋਰ ਤਿਮਰ ਰੋਗ ਹੋਰ ਬਹੁਤੇ ਰੋਗ ਨੇਤ੍ਰੀਂ ਅੰਜਨ ਕਰਨ ਨਾਲ ਨਾਸ ਕਰੇ, ਇਹ ਵੰਗਸੇਨ ਦਾ ਮਤ ਹੈ ॥੨੩੫ ਤੋਂ ੨੩੭॥

ਅੰਧੇ ਕਾ ਅੰਜਨ–ਦੋਹਰਾ

ਨਰ ਕਚ ਭਸਰ ਜੁ ਟੰਕ ਤ੍ਰੈ ਮਰਚ ਬੀਸ ਗਿਨ ਪਾਇ।
ਕੱਚ ਮਰਚ ਸਮ ਪੀਸ ਸਬ ਪੀਸੀ ਬਸਨ ਛਨਾਇ ॥੨੩੮॥
ਲੈ ਅੰਜਨ ਦ੍ਰਿਗ ਕੀਜੀਏ ਮਿਟਤ ਅੰਧ ਕਾ ਰੋਗ।
ਤਿਮਰ ਛੌੜ ਲਾਲੀ ਮਿਟਤ ਫੋਲਾ ਖੋਵਨ ਯੋਗ ॥੨੩੯॥

੧੯੧੧–ਆਦਮੀ ਦੇ ਰੋਮਾਂ ਦੀ ਭਸਮ ੩ ਟੰਕ (੧ ਤੋਲਾ), ਮਿਰਚਾਂ ੨੦ ਗਿਣਕੇ, ਮਿਰਚਾਂ ਦੇ ਬਰਾਬਰ ਕੱਚ ਪਾਕੇ ਪੀਹਕੇ ਕਪੜ ਛਾਣ ਕਰਕੇ ਲੈ ਕੇ ਨੇਤ੍ਰੀਂ ਅੰਜਨ ਪਾਵੇ ਅੰਧਾ, ਤਿਮਰ, ਛੌੜ ਅਤੇ ਲਾਲੀ ਇਤਨੇ ਰੋਗ ਨਾਸ ਕਰੇ ॥੨੩੮॥੨੩੯॥

ਭੂਤਾਂਜਨ ਗੋਲੀ–ਦੋਹਰਾ

ਮਰਚ ਰੀਂਗਨੀ ਛਾਲ ਹਿੰਗ ਕਟਫਲ ਸਾਬਨੰ ਫੂਲ।
ਗੋਲੀ ਕਰ ਰਾਖੇ ਸਹੀ ਵੈਦ ਜਾਹੁ ਮਤਿ ਭੁਲ ॥੨੪੦॥
ਰਾਸਭ ਮੂਤਰ ਸੋ ਘਸੀ ਅੰਜ ਲਗਯੋ ਜਿਸ ਭੂਤ।
ਜਾਤ ਭਾਗ ਪਰਦੇਸ ਜਿਨ ਬੋਲਤ ਏ ਅਦਭੂਤ ॥੨੪੧॥

੧੯੨੦–ਮਿਰ੍ਚ; ਕੰਡਿਆਰੀ ਦੀ ਛਿੱਲ, ਹਿੰਙ ਕਾਯਫਲ ਤੇ ਫੁੱਲ ਸਬੂਣ ਅਰਥਾਤ ਸਬੂਣ ਦੀ ਝੱਗ ਭਾਵ ਖਰਾ ਸਬੂਣ, ਇਸ ਦੀ ਗੋਲੀ ਬਣਾਕੇ ਵੈਦ ਪਾਸ ਰੱਖੇ, ਲੋੜ ਵੇਲੇ ਗਧੇ ਦੇ ਮੂਤਰ ਨਾਲ ਘਿਸਾਕੇ ਜਿਸ ਨੂੰ ਭੂਤ ਚਿੰਬੜਿਆ ਹੋਵੇ, ਅੰਜਨ ਕਰਾ ਦੇਵੇ ਤਾਂ ਉਹ ਜਿੰਨ ਦੇਸ ਛਡਕੇ ਪ੍ਰਦੇਸ ਨੂੰ ਭੱਜ ਜਾਵੇ; ਇਹ ਅਸਚਰਜ ਗੋਲੀ ਹੈ ॥੨੪੦॥੨੪੧॥

Digitized by Panjab Digital Library | www.panjabdigilib.org

ਮੋਤੀਆਬਿੰਦ ਉਪਾਇ--ਦੋਹਰਾ

ਕੜੂ ਬੜਿੰਗ ਜੰਗੀਹਰੜ ਨਿੰਬਪਾਤ ਨਿਸਧਾਰ।
ਚਿਤ੍ਰਕ ਦਾਲਚੀਨੀ ਕਣਾ ਮੰਮੀਰਾ ਹਰਤਾਲ ॥੨੪੨॥
ਸੇਂਧਾ ਸੁੰਠੀ ਪੀਸ ਸਬ ਕੇਸਰ ਜਲ ਗੁਟ ਕੀਜ।
ਲਬ ਸੌ ਨੇਤ੍ਰੈ ਅੰਜ ਯੁਗ ਮੋਤਿਬਿੰਦ ਕੋ ਖੀਜ॥ ੨੪੩ ॥

੧੯੨੧–ਕੌੜ, ਬਾਇਵੜਿੰਗ, ਜੰਗਹਰੜ, ਨਿੰਮ, ਨਿੰਮ ਦੇ ਪੱਤ੍ਰ, ਹਲਧੀ, ਚਿਤ੍ਰਾ, ਦਾਲਚੀਨੀ, ਮਘ, ਮਮੀਰਾਂ, ਵਰਕੀਆ ਹੜਤਾਲ, ਸੇਧਾਲੂਣ ਅਤੇ ਸੁੰਢ ਸੱਭੇ ਸਮਾਨ ਲੈ ਕੇ ਪੀਹੇ ਅਰ ਕੇਸਰ ਦੇ ਜਲ ਨਾਲ ਗੋਲੀ ਕਰੇ, ਫਿਰ ਲਵ ਨਾਲ ਦੋਹਾਂ ਨੇਤ੍ਰਾਂ ਵਿੱਚ ਅੰਜਨ ਪਾਵੇ ਤਾਂ ਮੋਤੀਆਬਿੰਦ ਨਾਸ ਹੋਵੇ ॥੨੪੨॥੨੪੩॥

ਅੰਜਨ

ਪੰਚ ਵਰਨ ਕਚ ਟੰਕ ਤ੍ਰੈ ਅਸ੍ਰ ਗ੍ਰੀਵ ਨਰ ਵਾਰ।
ਘੋਰਾ ਨਖ ਟੰਕ ਤੀਨ ਤ੍ਰਿਕ ਸਬਨ ਪ੍ਰਬਕ ਲੈ ਧਾਰ॥ ੨੪੪ ॥
ਤ੍ਰਰਖ ਤੁਬ ਭੂਨਜ਼ਾ ਗਹੇ ਲੇ ਸਬ ਕੁੱਜੇ ਪਾਇ।
ਮੁਦ੍ਰਾ ਕਰ ਚੁੱਲ੍ਹੇ ਧਰੇ ਯਾਮ ਅਗਨਿ ਦੁਇ ਥਾਇ॥ ੨੪੫ ॥
ਪਿਛੈ ਕਾਢ ਖਰਲੋ ਨਿਕੀ ਕਣਾ ਸੰਗਿਸਰੀ ਪਾਇ।
ਬੀਜਾਬੋਲ ਸਮੁੰਦਰਝਗ ਤ੍ਰਿਕ ਤ੍ਰਿਕ ਟੰਕ ਰਲਾਇ॥ ੨੪੬ ॥
ਸੂਖਮ ਪੀਸੀ ਅੰਜੀਏ ਸਾਤੇ ਤੀਨ ਪ੍ਰਮਾਨ।
ਬਿੰਦ ਮੋਤ ਲਾਲੀ ਤਿਮਰ ਪਟਲ ਰੋਗ ਸਬ ਹਾਨ॥ ੨੪੭ ॥

੧੯੨੨–ਪੰਜਾਂ ਰੰਗਾਂ ਦਾ (ਹਰਾ, ਕਾਲਾ, ਚਿੱਟਾ, ਲਾਲ ਤੇ ਪੀਲਾ) ਕੱਚ ੧ ਤੋਲੇ, ਘੋੜੇ ਦੀ ਗਰਦਨ ਦੇ ਰੋਮ, ਆਦਮੀ ਦੀ ਹਜਾਮਤ ਦੇ ਰੋਮ ਤੇ ਘੋੜੇ ਦੇ ਸੁੰਮ, ਇਹ ਸੱਭੇ ੧-੧ ਤੋਲਾ, ਭੁੰਨਿਆਂ ਨੀਲਾ ਥੋਥਾ ੧ ਤੋਲਾ, ਇਨ੍ਹਾਂ ਸਭਨਾਂ ਨੂੰ ਲੈ ਕੇ ਕੁੱਜੇ ਵਿੱਚ ਪਾਕੇ ਮੂੰਹ ਬੰਦ ਕਰੇ, ਫਿਰ ਕੁੱਜਾ ਚੁੱਲ੍ਹੇ ਉਪਰ ਚਾੜ੍ਹਕੇ ਦੋਪਹਿਰ ਹੇਠ ਅੱਗ ਜਲਾਵੇ, ਪਿਛੋਂ ਲਾਹਕੇ ਠੰਢਾ ਕਰਕੇ ਪੀਹਕੇ ਅਰ ਫਿਰ ਮਘ, ਸੰਗ ਬਸਰੀ, ਬੀਜਾ ਬੋਲ ਤੇ ਸਮੁੰਦ੍ਰਝੱਗ ਇਹ ਸਭ ੧-੧ ਤੋਲਾ ਪਿਛੋਂ ਵਖਰੀਆਂ ੨ ਪੀਹ ਛਾਣਕੇ ਰਲਾਵੇ, ਫਿਰ ਦੋਹਾਂ ਨੂੰ ਮੇਲਕੇ ਬ੍ਰੀਕ ਕਰੇ ਅਰ ਬਾਦ ੨੧ ਦਿਨ ਬੇਨਾਗਾ ਅੰਜਨ ਨੇਤ੍ਰੀਂ ਪਾਵੇ ਤਾਂ ਮੋਤੀਆਂਬਿੰਦ, ਲਾਰੀ, ਤਿਮਰ ਅਰ ਪਟਲ ਇਨ੍ਹਾਂ ਸਭਨਾਂ ਰੋਗਾਂ ਨੂੰ ਨਾਸ ਕਰੇ ॥੨੪੪ਤੋਂ੨੪੭।

ਅਬ ਨੇਤ੍ਰ ਲਾਲ, ਦੁਖਦੇ ਸਰਬ ਰੋਗੇ ਪੋਟਲੀ-- ਦੋਹਰਾ

ਸੇਂਧਾ ਘ੍ਰਿਤ ਲੈ ਅਜਾ ਕੇ ਲੇਦ ਪੀਸ਼ ਘ੍ਰਿਤ ਲਾਇ।

Digitized by Panjab Digital Library | www.panjabdigilib.org

ਕਰੋ ਪੋਟਲੀ ਵਸਨ ਬੰਧਿ ਕਾਜੀ ਜਲ ਭਿਗਵਾਇ ॥ ੨੪੮ ॥
ਨੈਨਾ ਊਪਰ ਰਾਖਿਯੈ ਮਿਟਤ ਨੈਨ ਕੀ ਪੀਰ।
ਕੰਡੂ ਪੀਰਾ ਦਾਹ ਮਿਟ ਬਹੁ ਸੁਖ ਲਹੈ ਸਰੀਰ ॥ ੨੪੯ ॥

੧੯੨੩—ਸੇਂਧਾਲੂਣ, ਬੱਕ੍ਰੀ ਦਾ ਘਿਉ ਤੇ ਲੋਧ ਪੀਹਕੇ ਘਿਉ ਲਾਕੇ ਪੋਟਲੀ ਬਸਤ੍ਰ ਵਿੱਚ ਬੰਨ੍ਹਕੇ ਕਰੇ ਅਰ ਪੋਟਲੀ ਕਾਂਜੀ ਦੇ ਪਾਣੀ ਵਿੱਚ ਭਿਉਂਕੇ ਬਾਰ ਬਾਰ ਨੇਤ੍ਰਾਂ ਉਪਰ ਰੱਖੇ ਤਾਂ ਨੇਤ੍ਰਾਂ ਦੀ ਪੀੜ ਜਾਵੇ। ਹੋਰ ਖੁਰਕ ਪੀੜ ਅਰ ਦਾਹ ਬੀ ਨਾਸ ਕਰੇ ॥੨੪੮॥੨੪੯॥

ਪੋਟਲੀ (ਯੋਗ ਚਿੰਤਾਮਣੀਆਤ)—ਦੋਹਰਾ

ਤ੍ਰਿਫਲ ਲੋਦ ਨਿੰਬ ਸੇਂਧਵਾ ਰਜਨੀ ਦਲਹਿ ਪਟੋਲ।
ਪੀਸ ਵਸਨ ਸਿਤ ਬਾਂਧੀਏ ਕਰੋ ਪੋਟਲੀ ਤੋਲ ॥ ੨੫੦ ॥
ਜਲ ਭਿਗੋਇ ਦ੍ਰਿਗ ਪਰ ਧਰਤ ਹਰਤ ਦ੍ਰਿਗਨ ਕੋ ਰੋਗ।
ਦੋ ਸ਼ਾਤਾ ਲੌ ਕੀਜੀਏ ਯੋਗ ਚਿੰਤਾਮਨ ਯੋਗ ॥ ੨੫੧ ॥

੧੯੨੪—ਤ੍ਰਿਫਲਾ (ਹਰੜ, ਬਹੇੜਾ, ਆਵਲੇ), ਲੋਧ; ਨਿੰਮ ਦੇ ਪਤਰੇ, ਸੇਂਧਾਲੂਣ, ਹਲਧੀ ਤੇ ਪਟੋਲ ਦੇ ਪਤਰੇ ਪੀਹਕੇ ਸਫੇਦ ਕੱਪੜੇ ਵਿੱਚ ਬੰਨ੍ਹੇ, ਤੋਲਕੇ ਇੱਕ ਬ੍ਰਾਬਰ ਦੀਆਂ ਪੋਟਲੀਆਂ ਕਰੇ, ਫਿਰ ਪਾਣੀ ਵਿੱਚ ਭਿਉਂ ਭਿਉਂ ਕੇ ਨੇਤ੍ਰਾਂ ਪਰ ਰੱਖੇ ਤਾਂ ਨੇਤ੍ਰਾਂ ਦੇ ਤਮਾਮ ਰੋਗ ਨਾਸ ਕਰੋ,ਇਉਂ ਦੋ ਸਾਤੇ ਤੱਕ ਕਰੇ ॥੨੫੦॥੨੫੧॥

ਪੋਟਲੀ (ਗੁਰੂ ਮੁਖਾਰਬਿੰਦਾਤ)--ਚੌਪਈ

ਅੰਬਲੀ ਪਤ੍ਰ ਲੋਦ ਬਖਾਨੀ। ਹਰਦ ਫਟਕਰੀ ਭੂਨੀ ਆਨੀ।
ਵਸਨ ਬਾਂਧ ਪੀਸੀ ਨੇ ਏਹ। ਦ੍ਰਿਗ ਪਰ ਰਾਖੇ ਸਜਲ ਕਰੇਹ ॥ ੨੫੨ ॥
ਨੇਤਰ ਪੀਰਾ ਸਗਲੀ ਜਾਇ। ਸਾਚੀ ਔਖਧ ਦਈ ਬਤਾਇ।
ਮੈਂ ਅਪਨੇ ਗੁਰਕੇ ਮੁਖ ਸੁਨੀ। ਨੈਨੋ ਦੇਖ ਮੇਘ ਇਤਗੁਨੀ ॥ ੨੫੩ ॥

੧੯੨੫—ਇਮਲੀ ਦੇ ਪੱਤੇ, ਲੋਧ, ਹਲਧੀ ਤੇ ਫਟਕੜੀ ਭੁੰਨੀ ਹੋਈ ਪੀਹਕੇ ਚਿੱਟੇ ਕੱਪੜੇ ਵਿੱਚ ਪੋਟਲੀ ਬੰਨ੍ਹਕੇ, ਜਲ ਵਿੱਚ ਤਰ ਕਰਕੇ ਬਾਰ ਬਾਰ ਨੇਤ੍ਰਾਂ ਪਰ ਫੇਰੇ ਤਾਂ ਨੇਤ੍ਰਾਂ ਦੀ ਸਭ ਤਰਾਂ ਦੀ ਪੀੜਾ ਨਾਸ ਕਰਨਹਾਰੀ ਇਹ ਪੋਟਲੀ ਮੈ ਨੇ ਆਪਣੇ ਗੁਰੂ ਜੀ ਦੇ ਮੁਖਾਰ ਬਿੰਦ ਤੇ ਸੁਣੀ ਹੋਈ ਹੈ ॥੨੫੨-੫੩॥

ਰਸਵਤ ਮਿਸਰੀ ਕਾਲਫੀ ਭੂੰਨੀ ਫਟਕਰ ਪਾਇ।
ਪੈਸਾ ਪੈਸਾ ਏਕ ਹੀ ਆਫੂ ਟੰਕ ਦੁਇ ਦਾਇ ॥ ੨੫੪ ॥
ਨੀਲਾਥੋਥਾ ਭੂਨਕੇ ਟੰਕ ਏਕ ਸਭ ਪੀਸ।
ਜਲ ਸੇ ਘਸ ਡਬੀ ਭਰੇ ਜੋ ਤਾਂਬੇ ਕੀ ਦੀਸ ॥ ੨੫੫ ॥

Digitized by Panjab Digital Library | www.panjabdigilib.org

ਭਰ ਸਲਾਕ ਨੈਨਨਿ ਖਿਪੋ ਦੁਖਤ ਆਂਖ ਹੁਇ ਢੰਗ।
ਫੋਲਾ ਲਾਲੀ ਛੋੜ ਧੁੰਧ ਪਟਲ ਤਿਮਰ ਸਭ ਭੰਗ ॥ ੨੫੬ ॥

੧੯੨੬-ਰਸੌਂਤ, †ਕਾਲਫੀ ਮਿਸਰੀ, ਤੇ ਖਿੱਲ ਕੀਤੀ-ਹੋਈ ਫਟਕੜੀ ਇਹ ਸਭ ਪੈਸਾ ਪੈਸਾ ਭਰ, ਅਰ ਅਫੀਮ ਦੋ ਟੰਕ ਅਰਥਾਤ ੮ ਮਾਸੇ ਭਰ, ਭੁੰਨਿਆ ਹੋਯਾ ਨੀਲਾਥੋਥਾ ਇਕ ਟੰਕ (੪ ਮਾਸੇ) ਅਰ ਫਿਰ ਸਭਨਾਂ ਨੂੰ ਜਲ ਨਾਲ ਬ੍ਰੀਕ ਘੋਟਕੇ ਤਾਂਬੇ ਦੀ ਡੱਬੀ ਵਿਚ ਭਰ ਰੱਖੇ। ਇਸ ਦੀ ਸਲਾਈ ਭਰ ਕੇ ਨੇਤ੍ਰੀਂ ਪਾਵੇ, ਤਾਂ ਦੁਖਦੀ ਅੱਖ ਚੰਗੀ ਕਰੇ, ਹੋਰ ਫੋਲ, ਲਾਲੀ, ਛੋੜ, ਧੁੰਧ, ਪਟਲ, ਅਰ ਤਿਮਰ ਰੋਗ ਸਭ ਨੂੰ ਨਾਸ ਕਰਨ ਹਾਰੀ ਹੈ ।।੨੫੪ ਤੋਂ ੨੫੬।।

ਚੌਪਈ

ਕਥ ਰਸੌਂਤ ਜੀਰਾ ਸਿਤਸਿਤਾ। ਫਟਕਰਿ ਪੈਸਾ ਪੈਸਾ ਮਿਤਾ।
ਆਫੂ ਦੋਇ ਟੰਕ ਲੈ ਖਰੀ। ਨੀਲਾਟੰਕ ਏਕ ਸੋ ਧਰੀ ॥ ੨੫੭ ॥
ਫਟਕਰਿ ਨੀਲਾਥੋਥਾ ਭੂਨ। ਪੀਸੋ ਜਲ ਸੋਂ ਸਬਹੀ ਗੂੰਨ।
ਤਾਂਬਰ ਭਾਂਜਨ ਰਾਖੋ ਸਹੀ। ਪਾਵੇ ਦ੍ਰਿਗ ਦੁਖ ਸਬਹੀ ਵਹੀ ॥ ੨੫੮ ॥

੧੯੨੭-ਕੱਥ, ਰਸੌਂਤ, ਚਿੱਟਾ ਜੀਰਾ, ਮਿਸ੍ਰੀ, ਤੇ ਫਟਕੜੀ ਇਹ ਸਭ ਪੈਸਾ ਪੈਸਾ ਭਰ, ਪੱਕੀ ਅਫੀਮ ਦੋ ਟੰਕ, ਨੀਲਾਥੋਥਾ ਭੁੰਨ ਲਵੇ। ਫਿਰ ਸਭਨਾਂ ਨੂੰ ਜਲ ਨਾਲ ਰਗੜ ਕੇ ਤਾਂਬੇ ਦੇ ਭਾਂਡੇ ਵਿਚ ਪਾ ਰੱਖੇ, ਨੇਤ੍ਰੀਂ ਪਾਵੇ ਤਾਂ ਸਭੋ ਤਰਾਂ ਦੇ ਦੁਖਦੇ ਨੇਤ੍ਰ ਰਾਜੀ ਕਰੇ ।।੨੫੭।।੨੫੮।।

ਪੜਵਾਲ ਉਪਾਇ--ਸੋਰਠਾ

ਦ੍ਰਿਗ ਕੇ ਕੇਸ ਉਪਾਰ ਵਿਸਟਾ ਲੇਪੋ ਬਾਜ਼ ਕੀ।
ਮਿਟਤ ਰੋਗ ਪਰਵਾਰ ਦਿਨ ਚੌਦਾਂ ਲੌ ਲੇਪੀਏ ॥ ੨੫੯ ॥

੧੯੨੮-ਨੇਤ੍ਰਾਂ ਵਿਚ ਉਗੇ ਹੋਏ ਪੜਵਾਲਾਂ ਦੇ ਰੋਮ ਪੁਟਕੇ ਬਾਜ਼ਪੰਛੀ ਦੇ ਬਿਸ਼ਟੇ ਦਾ ਲੇਪ ੧੪ ਦਿਨ ਕਰੇ ਤਾਂ ਪੜਵਾਲ ਨਾਸ ਹੁੰਦੇ ਤੇ ਫਿਰ ਨਹੀਂ ਉਗਦੇ ਹਨ ।।੨੫੯।।

ਪੁਨਾ ਦੁਖਦੇ ਦ੍ਰਿਗ ਉਪਾਇ--ਦੋਹਰਾ

ਕੌਡੀ ਭਸਮ ਜੁ ਕਾਥ ਲੈ ਆਫੂ ਟੰਕ ਟੰਕ ਜਾਨ।
ਕਟੁਕ ਤੇਲ ਘਸਿ ਬਾਲ ਮਹਿ ਕਾਂਜੀ ਭਾਂਜਨ ਠਾਨ ॥ ੨੬੦ ॥
ਘਾਸਾ ਕੀਜੇ ਯਾਮ ਜੁਗ ਨੈਨੋ ਅੰਜਨ ਕੀਜ।
ਦੁਖਤ ਆਂਖ ਪੀਰਾ ਸਕਲ ਛਿਨਮਹਿ ਜਾਵਤ ਛੀਜ ॥ ੨੬੧ ॥

੧੯੨੯—ਕੌਡੀ ਦੀ ਭਸਮ, ਕੱਥ ਤੇ ਅਫੀਮ ਇਹ ਸਭ ਟੰਕ ਟੰਕ ਕਹੇਂਦੇ ਭਾਂਡੇ ਵਿਚ ਤੇਲ ਪਾਇ

†ਬੀਕਾਨੇਰ ਮਿਸ੍ਰੀ.

Digitized by Panjab Digital Library | www.panjabdigilib.org

ਇਨ੍ਹਾਂ ਸਭਨਾਂ ਨੂੰ ੨ ਪਹਿਰ ਘਿਸਾਵੇ, ਫਿਰਨੇ ਤਰਾਂ ਵਿਚ ਪਾਵੇ, ਤਾਂ ਦੂਖਦੇ ਨੇਤ੍ਰ ਅਰ ਪੀੜਾ ਸਭ ਦਾ ਨਸ਼ਟ ਕਰੇ ॥੨੬੦॥੨੬੧॥

ਨੇਤ੍ਰ ਦੂਖਦੇ ਕੋ ਘ੍ਰਿਤ—ਚੌਪਈ

ਸੰਗਿਸਰੀ ਸਿਰਸਾਹੀ ਏਕ। ਤਾਹੀ ਸਮ ਫਟਕੜਿ ਲੈ ਟੇਕ।
ਪਰੋਲਾ ਕਾਂਸੀ ਟੰਕ ਜੁ ਚਾਰ। ਮਾਸਾ ਮਰਚਾਂ ਦਖਣਿ ਧਾਰ ॥ ੨੬੨ ॥
ਕਹਾ ਪਰੋਲਾ ਭਸਮ ਕਰਾਇ। ਔਰ ਸਭੇ ਪੀਸੀ ਸੁ ਛਨਾਇ।
ਗੋਘ੍ਰਿਤਪੰਸੇ ਪਾਂਚ ਮੰਗਾਇ। ਤਾਂ ਮਹਿ ਸਭ ਔਖਦ ਦੈਪਾਇ॥ ੨੬੩ ॥
ਪੈਸਾ ਨਿੰਬ ਲਕਰੀ ਮੁਖ ਲਾਇ। ਕਾਂਸੀ ਭਾਂਜਨ ਮੋ ਰਗੜਾਇ।
ਏਕ ਮਾਸ ਲੌ ਰਗੜਾ ਕਰੀ। ਪਾਛੇ ਤਾਂਬਰ ਭਾਂਜਨ ਧਰੀ ॥ ੨੬੪ ॥
ਭਰ ਸਲਾਕ ਨੈਨੋ ਮੋਹਿ ਪਾਇ। ਦੁਖਤ ਆਂਖ ਕੀ ਪੀੜਾ ਜਾਇ।
ਲਾਲੀ ਡਲਕਾ ਧੁੰਦ ਪਰਵਾਲ। ਬਾਤ ਬਾਮਨੀ ਗਲਤ ਵਿਡਾਰ ॥੨੬੫॥

ਦੋਹਰਾ

ਭੇਦ ਨ ਕਾਹੂੰ ਦੀਜੀਏ ਰਾਖੇ ਗੁਪਤ ਵਿਚਾਰ।
ਗੁਨ ਰਾਖੇ ਗੁਨ ਹੋਤ ਹੈ ਨਹਿਤੋ ਹੋਤ ਖਵਾਰ ॥੨੬੬॥

੧੬੩੦—†ਸੰਗਬਸਰੀ ਸਵਾ ਦੋ ਤੋਲੇ। ਫਟਕੜੀ ਸਵਾ ਦੋ ਤੋਲੇ, ਕਾਂਸੀ ਦਾ ‡ਪਰੋਲਾ ੪ ਟੰਕ। ਦੱਖਣੀ ੦ਮ੍ਰਿਚਾ ੧ ਮਾਸਾ, ਕਹੇਂਦਾ ਪਰੋਲਾ ਸਾੜਕੇ ਸੁਆਹ ਕਰਕੇ ਪਾਵੇ, ਫਿਰ ਹੋਰ ਚੀਜ਼ਾਂ ਮੇਲਕੇ ਪਾਹਕੇ ਛਾਣ ਲਵੇ, ਅਰ ਪੰਜ ਪੈਸਾ ਭਰ ਗੋਕਾ ਘ੍ਰਿਤ ਮਿਲਾਕੇ, ਪਰੰਤੂ ਨਿੰਬ ਦੇ ਸੋਟੇ ਦੇ ਮੂੰਹ ਵਿੱਚ ਪੈਸਾ ਜੜਾਕੇ ਉਕਤ ਘ੍ਰਿਤ ਆਦਿ ਚੀਜਾਂ ਕਾਂਸੀ ਦੇ ਕਟੋਰੇ ਵਿਚ ਪਾਕੇ ੧ ਮਹੀਨਾ ਘੋਟੇ। ਪਿਛੋਂ ਕੱਢਕੇ ਤਾਂਬੇ ਦੇ ਭਾਂਡੇ ਵਿਚ ਪਾ ਰਖੇ, ਸਲਾਈ ਨਾਲ ਨੇਤ੍ਰੀਂ ਪਾਵੇ ਤਾ ਦੁਖਦੀ ਅੱਖ ਦੀ ਨਾਸ ਕਰੇ। ਹੋਰ ਲਾਲੀ, ਡਲਕਾਂ, ਧੁੰਧ, ਪੜਵਾਲ, ਬਾਤਰੋਗ, ਪਲਕਾਂ ਦਾ ਝੜ ਜਾਣਾ ਆਦਿ ਤਮਾਮ ਰੋਗ ਨਾਸ ਕਰੇ। ਇਹ ਦਵਾਈ ਬਣਾਕੇ ਬਕ ਬਕ ਨਾ ਕਰਦਾ ਫਿਰੇ, ਗੁਪਤ ਰਖੇ ਤਦੇ ਹੀ ਗੁਣਕਾਰ ਹੁੰਦੀ ਹੈ ॥੨੬੨ ਤੋਂ ੨੬੬॥

ਅਥ ਧੁੰਧ, ਫੋਲਾ, ਬਗਲਗੰਧ, ਖਾਜ ਉਪਾਇ-ਚੌਪਈ

ਪਲ ਇਕ ਸਿਕਾ ਪਤ੍ਰ ਕਰੋ। ਕਤਰੀ ਖਰਲ ਮਾਹਿ ਸੋ ਧਰੇ।
ਤਾਂ ਸਮ ਕ੍ਰਿਸ਼ਨਾ ਪਾਵੇ ਸਹੀ ਖਰਲ ਕਰੇ ਜਬ ਸੂਕੇ ਕਹੀ ॥੨੬੭॥

---

†ਸੰਗਬਸਰੀ ਨੀਲੇ ਥੋਥੇ ਦਾ ਹੀ ਭੇਦ ਹੈ, ਇਹ ਦੋ ਪ੍ਰਕਾਰ ਦੀ ਹੁੰਦੀ ਹੈ, ਇਕ ਨਲੀ ਵਾਂਗ ਉਸਦੇ ਵਿੱਚ ਛੇਕ ਹੁੰਦਾ ਹੈ, ਤੇ ਦੂਜੀ ਬਿਨਾਂ ਛੇਕੋਂ ਹੁੰਦੀ ਹੈ।

‡ਜਿਸ ਲੀਰ ਨਾਲ ਠਠਿਆਰ ਭਾਂਡੇ ਪੋਚਦੇ ਹਨ, ਉਸ ਨੂੰ 'ਪ੍ਰੋਲਾ' ਆਖਦੇ ਹਨ।

੦ਮ੍ਰਿਚ ਦਾ ਬ੍ਰਿਤਾਂਤ ਮੇਘ ਦੇ ਨ੍ਰਿਘੰਟ ਵਿਚੋਂ ਅਗੇ ਦੇਖੋ।

Digitized by Panjab Digital Library | www.panjabdigilib.org

ਸੰਗਿਸਰੀ ਸਾਮੁੰਦ੍ਰਹਿ ਫੇਨ। ਪਲ ਪਲ ਤਾਂਮਹਿ ਪੀਸੀ ਦੇਨ।
ਨੀਕੀ ਕਰ ਨੇਤ੍ਰ ਮਹਿ ਅੰਜ। ਸਕਲਰੋਗ ਨੇਤ੍ਰਨ ਕਰ ਭੰਜ ॥੨੬੮॥

੧੯੩੧–ਸਿਕਾ ੪ ਤੋਲੇ ਲੈ ਕੇ ਪਤਰੇ ਕਰਾਵੇ । ਫਿਰ ਉਨ੍ਹਾਂ ਪਤ੍ਰਿਆਂ ਨੂੰ ਕੁਤਰਕੇ ਖਰਲ ਵਿਚ ਪਾਵੇ। ਇਸ ਸਿਕੇ ਦੇ ਬਰਾਬਰ ਦੀਆਂ ਮਘਾਂ ਪਾਵੇ, ਇਨ੍ਹਾਂ ਨੂੰ ਸੁਕੇ ਖਰਲ ਕਰੇ ਅਰ ਫਿਰ ਸੰਗਬਸਰੀ, ਸਮੁੰਦਰਝਗ ੪-੪ ਤੋਲੇ ਪੀਹਕੇ ਮਿਲਾਵੇ ਫਿਰ ਰਗੜੇ, ਜਦ ਬਰੀਕ ਹੋ ਜਾਵੇ ਤਾਂ ਨੇਤ੍ਰਾਂ ਵਿਚ ਅੰਜਨ ਕਰੇ, ਨੇਤ੍ਰਾਂ ਦੇ ਸਰਬ ਰੋਗ ਨਾਸ ਕਰੇ ॥੨੬੭॥੨੬੮॥

ਫੋਲੇ ਕੋ-ਦੋਹਰਾ

ਪਲ ਮਿਸਰੀ ਇਕ ਕਾਲਫੀ ਅਧ ਪਲ ਨੀਲਾ ਤੁੱਥ।
ਭੂਨ ਪੀਸ ਅੰਜਨ ਕਰੋ ਫੋਲਾ ਮਿਟ ਦ੍ਰਿਗ ਸੁੱਥ ॥੨੬੯॥

੧੯੩੨–ਕਾਲਫੀ (ਬੀਕਾਨੇਰੀ) ਮਿਸਰੀ ੪ ਤੋਲੇ, ਭੁੰਨਿਆਂ ਨੀਲਾ ਥੋਥਾ ੨ ਤੋਲੇ ਬਰੀਕ ਪੀਹਕੇ ਨੇਤ੍ਰੀ ਪਾਵੇ ਤਾਂ ਫੋਲਾ ਨਾਸ ਕਰੇ ॥੨੬੯॥

ਦ੍ਰਿਗ ਕੇ ਸਰਬ ਰੋਗੇ ਉਪਾਇ-ਦੋਹਰਾ

ਪਲ ਪਤ੍ਰ ਸਿੱਕੇ ਤਨੇ ਨਕ ਲਿੱਕਣ ਪਲ ਦੋਇ।
ਪੀਸ ਛਾਨ ਦ੍ਰਿਗ ਅੰਜੀਏ ਸਰਬ ਨੈਨ ਰੁਜ ਖੋਇ ॥੨੭੦॥

੧੯੩੩–ਇਕ ਪਲ (੪ ਤੋਲੇ) ਸਿੱਕੇ ਦੇ ਪਤਰੇ ਕਰੇ। ਨਕਛਿਕਣ ਬੂਟੀ ੮ ਤੋਲੇ ਪਾਕੇ ਪੀਸ ਛਾਣ ਨੇਤ੍ਰੀ ਅੰਜਨ ਪਾਵੇ, ਤਾਂ ਨੇਤ੍ਰਾਂ ਦੇ ਸਾਰੇ ਰੋਗ ਨਾਸ ਕਰੇ ॥੨੭੦॥

ਨੇਤ੍ਰ ਰੋਗੇ ਪੱਥ-ਦ੍ਵੈਯਾਛੰਦ

ਅਸਦੋਤਨ ਲੰਘਨ ਅੰਜਨ ਸ੍ਵੇਦਨ ਰੇਚਿ ਲੇਪ ਘ੍ਰਿਤ ਪਾਨੰ ॥
ਪ੍ਰਤਿਸਾਰਨ ਸ੍ਵਾਪਤਿ ਨਿਸ ਮੋਖਨਿ ਰੁਧਿਰ ਅਗਨਿ ਸਿਕ ਜਾਨੰ ॥
ਸ਼ਸਤ੍ਰ ਮੁਗਦ ਯਵਾ ਅਖਜਤ ਹਿਮ ਸਹਿਤ ਸੇਂਧਵਾ ਦ੍ਰਾਖਜਾ।
ਲਘੁ ਮੂਲੀ ਇਟਸਿਟ ਜਲ ਪਿਪਲ ਕਾਕਮਾਚ ਕਾ ਰਾਖਜਾ ॥੨੭੧॥
†ਕੁਸਤੰਵਰ ਚੰਦਨ ਨਾਰੀ ਪਯ ਭੰਗ੍ਰਾ ਲੋਹਿਤ ਸਾਲਾ।
ਸਰਵ ਤਿਕਤ ਹਲਕਾ ਅੰਨ ਖਾਵੇ ਰਸਕੁਮਾਰ ਸੁਵ ਘਾਲਾ।
ਨੇਤ੍ਰਰੋਗ ਕਹੇ ਹਿਤਕਾਰੀ ਪਥਜ ਸਕਲ ਏ ਨਾਮਾ।
ਬਿਨਪਥ ਔਖਧ ਗੁਨਨਹਿ ਕਰਤੀ ਗੁਰਬਿਨ ਅਕਲ ਨ ਕਾਮਾ ॥੨੭੨॥

†ਕੁਸਤੁੰਬਰ—ਧਨੀਆਂ ਹੈ, ਦੇਖੋ ਭਾਵ ਪ੍ਰਕਾਸ਼ ਧਨੀਆਂ ਨਾਮ। ਹੋਰ ਦੇਖੋ ਅਮਰ ਕੋਸ਼।

Digitized by Panjab Digital Library | www.panjabdigilib.org

੧੯੩੪-ਪੋਟਲੀ ਨਿਚੋੜਨਾ, ਬੂੰਤ ਰਕਣੇ, ਅੰਜਨ ਕਰਨਾ, ਪਸੀਨਾ ਦੇਣਾ, ਦਸਤ ਦੇਣੇ, ਲੇਪ ਕਰਨੇ, ਘਿਉ ਪਿਲੌਣਾ। ਪ੍ਰਤੀਸਾਰਣ- ਛਿਟੇ ਮਾਰਨੇ ਰਾਤ ਨੂੰ ਸੁਲਾਉਣਾ, ਲਹੂ ਕੱਢਣਾ, ਅਗਨੀ ਦਾ ਸੇਕ ਦੇਣਾ। ਜ਼ਿਸਤ ਦੇਣ, ਮੂੰਗੀ, ਜੌਂ, ਚਾਵਲ, ਠੰਢੇ ਪਦਾਰਥ ਦੇਨੇ, ਸਹਤ, ਸੇਂਧਾਨਿਮਕ, ਮੁਨੱਕਾ, ਛੋਟੀ ਮੂਲੀ, ਇਟਸਿਟ ਦਾ ਸਾਗ, ਜਲਪੀਪਲ, ਮਕੋਇ †ਧਨੀਆਂ, ਚੰਦਨ ਦਾ ਲੇਪ, ਇਸਤ੍ਰੀ ਦਾ ਦੂਧ ਨੇਤ੍ਰਾਂ ਵਿਚ ਟਪਕਾਨਾਂ) ਭੰਗ੍ਰਾ, ਲਾਲ ਚਾਵਲ, ਸਭ ਤਰਾਂ ਦੇ ਤੀਖਣ, ਹਲਕੇ ਅੰਨ ਖਾਣੇ ਯੋਗ ਹਨ, ਤੇ ਕੁਆਰ ਦਾ ਰਸ ਇਹ ਸਭ ਨੇਤ੍ਰ ਰੋਗ ਵਿਚ ਪੱਥ ਰੂਪ ਕਹੇ ਹਨ, ਕਿਉਂਕਿ ਬਿਨਾਂ ਪੱਥ ਦੇ ਔਸ਼ਧੀ ਗੁਣ ਨਹੀਂ ਕਰਦੀ, ਸਚ ਹੈ ਆਪਣੀ ਬੁਧੀ ਗੁਰੂ ਬਿਨਾ ਕਿਸੇ ਕੰਮ ਨਹੀਂ ਹੈ ॥੨੭੧॥੨੭੨।

ਕੁਪੱਥ-ਦਵੈਯਾਛੰਦ

ਕ੍ਰੋਧ ਸੋਕ ਮੈਥੁਨ ਵਿਟ ਮੂਤਰ ਨਿੰਦ੍ਰਾ ਵਮਨਿ ਜੁ ਰੋਕੈ।
ਬੇਗ ਬਿਧਾਰਨ ਸੂਖਜ਼ਮ ਦੇਖਣ ਮਜਨ ਰੋਵਨ ਸੇਕੈ।
ਦੰਤ ਧਾਵਨੰ ਨਿਸਕਾ ਭੋਜਨ ਆਤਪ ਬਹੁ ਬਕਬਾਦਾ।
ਛਰਦਿਨ ਮਹੁਵਾ ਦਧਿ ਜਲ ਪਾਨੰ ਸਾਕ ਸਕਲ ਨਹਿ ਖਾਦਾ ॥੨੭੩॥
ਖਲੈ ਕਟਿਲਕ ਮਤਸ ਸੁਰਾ ਸਬ ਮਾਂਸ ਅਜਾ ਨਾਂ ਖਾਵੈ।
ਲਵਨ ਵਿਦਾਹੀ ਤੀਖਣ ਤੁਰੰਮ ਪਾਨ ਉਖਣ ਨਹਿ ਚਾਵੈ।
ਕਟੁਕ ਅਨ ਭਾਰੀ ਨਹੀ ਦੇਵੈ ਜੋ ਦੇਵੈ ਦੁਖ ਪਾਈ।
ਕਹੇ ਕੁਪੱਥ ਨੈਨ ਰੁਜ ਹੇਤਹਿ ਵੈਦ ਨ ਕਾਹੂ ਦਾਈ ॥੨੭੪॥

੧੯੩੫-ਕ੍ਰੋਧ ਕਰਨਾ, ਸ਼ੋਕ ਕਰਨਾ, ਇਸਤ੍ਰੀ ਸੰਗ, ਵਿਸ਼ਟਾ, ਮੂਤ੍ਰ, ਨਿੰਦ੍ਰਾ ਤੇ ਵਮਨ, ਇਨ੍ਹਾਂ ਦੇ ਬੇਗਾਂ ਦਾ ਰੋਕਣਾ, ਬਰੀਕ ਚੀਜ਼ਾਂ ਦੇਖਣੀਆਂ, ਸ਼ਨਾਨ ਕਰਨਾ, ਰੋਣਾ, ਅੱਗ ਸੇਕਣੀ, ਦਾਤੁਨ ਕਰਨੀ, ਰਾਤ ਦਾ ਖਾਣਾ, ਧੁੱਪੇ ਬਹਿਣਾ, ਬਹੁਤਾ ਬਕ ਬਾਦ ਬੋਲਣਾ, ਕੈ ਕਰਨੀ, ਮਹੂਏ ਦੇ ਫੁਲ ਖਾਣੇ, ਦਹੀਂ, ਬਹੁਤਾ ਜਲ ਪੀਣਾ, ਪਤਿਆਂ ਦੇ ਸਭਤਰਾਂ ਦੇ ਸਾਗ ਖਾਣੇ, ਕੁੱਲਰ, †ਕਰੇਲੇ, ਮਛੀ, ਸ਼ਰਾਬ, ਬਕਰੇ ਆਦਿ ਦੇ ਸਭ ਮਾਂਸ ਨ ਖਾਵੇ, ਬਹੁਤੇ ਨਮਕੀਨ, ਦਾਹ ਕਰਨਹਾਰੇ, ਤੀਖਣ, ਖੱਟੇ, ਪਾਨ ਹੋਰ ਗਰਮ ਪਦਾਰਥ ਨ ਖਾਵੇ, ਕੌੜੇ ਭਾਰੇ ਅੰਨ ਇਹ ਸਭ ਬਰਜ ਦੇਵੇ, ਜੇ ਨਾਂ ਬਰਜੇ ਤਾਂ ਦੁਖ ਦੇਣਹਾਰੇ ਹਨ, ਇਹ ਸਭ ਨੇਤ੍ਰ ਰੋਗ ਵਿਖੇ ਕੁਪੱਥ ਹਨ, ਵੈਦ ਕਿਸੀ ਨੂੰ ਨਾ ਦੇਵੇ ॥੨੭੩॥੨੭੪॥

ਅਥ ਸਿਰ ਰੋਗ ਨਿਦਾਨ-ਚੌਪਈ

ਬਾਤ ਪਿੱਤ ਕਫ ਤੀਨੋ ਜਾਨ। ਸੰਨਿਪਾਤ ਖਜਤ ਰਕਤ ਵਖਾਨ।
ਕ੍ਰਮ ਤੇ ਸਿਰ ਦਸ ਉਪਜੈ ਰੋਗ। ਤਾਂਕੇ ਨਾਮ ਕਹੋਂ ਸੁਨਿ ਲੋਗ ॥੨੭੫॥

---

†ਕੁਸਤੁੰਬਰ-ਧਨੀਆਂ ਹੈ, ਦੇਖੋ ਭਾਵ ਪ੍ਰਕਾਸ਼ ਧਨੀਆਂ ਨਾਮ। ਹੋਰ ਦੇਖੋ ਅਮਰ ਕੋਸ਼।
†ਕਟਿਲਕ-ਕਰੇਲੇ ਹਨ, ਦੇਖੋ ਚਕਿਤਸਾ ਕੋਸ਼।

Digitized by Panjab Digital Library | www.panjabdigilib.org

ਬਾਤ ਪਿੱਤ ਕਫ ਸੰਨਹਿ ਪਾਤ। ਰਕਤ ਜੁ ਕ੍ਰਿਮ ਸਾਤਮ ਰਵਿ ਵਾਤ।
ਅਰਧ ਸੀਸ ਅਰ ਘੇਰਨ ਕਹੀ। ਦਸਮਿ ਘੁੰਘਤਾ ਜਾਨੋਂ ਸਹੀ ॥੨੭੬॥

ਬਾਤ, ਪਿੱਤ, ਕਫ, ਸੰਨਿਪਾਤ, ਖਯ, ਰਕਤ ਅਤੇ ਕ੍ਰਿਮ ਕਰਕੇ ਸਿਰ ਵਿਖੇ ਦਸ ਰੋਗ ਪੈਦਾ ਹੁੰਦੇ ਹਨ। ਸੋ ਓਨ੍ਹਾਂ ਦੇ ਨਾਮ:-

੧ ਬਾਤ, ੨ ਪਿੱਤ, ੩ ਕਫ, ੪ ਸੰਨਿਪਾਤ, ੫ ਰਕਤ, ੬ ਕ੍ਰਿਮਿ ਦਾ, ਇਸੇ ਤਰਾਂ ੭ ਸੂਰਯ ਬਾਤ ਤੇ ੮ ਅਧੇ ਸਿਰ ਦੀ ਪੀੜ, ੯ ਘਾਰ ਤੇ ੧੦ ਵਾਂ ਘੁੰਘਤਾ ਰੋਗ ਕਿਹਾ ਹੈ, ਇਉਂ ਸਬ ਸਿਰ ਦੇ ਰੋਗ ਦਸੇ ਹਨ ॥੨੭੫॥੨੭੬॥

ਲੱਛਣ-ਚੌਪਈ

ਪੀਰ ਘਨੀ ਨਿਸ ਸਰਦੀ ਮਾਹਿ। ਮੁਖ ਫੀਕਾ ਕਲੇਜਾ ਧੁਕ ਧੁਖਾਇ।
ਮਸਤਕ ਸੀਤ ਵਾਤ ਕੇ ਪੀਰ। ਜਾਨੋ ਲਛਨ ਗੁਨੀ ਗੰਭੀਰ ॥੨੭੭॥
ਤ੍ਰਿਸਨਾ ਮਾਥਾ ਪੀਰ ਕਰਾਇ। ਤਪਤ ਸੀਸ ਅਰ ਘਨਾ ਫਿਰਾਇ।
ਬਦਨ ਕਟੁਕ ਜਾਨੋ ਜਿਸ ਹੋਇ। ਪਿਤ ਪੀਰ ਸਿਰਭਾਖੀ ਸੋਇ ॥੨੭੮॥
ਭਾਰੀ ਸੀਸ ਸੀਤ ਪੁਟਜਾਨ। ਪ੍ਰਤਿਸਜਾਯ ਮੁਖ ਲਿਪਤ ਕਫਾਨ।
ਕਫਕੇ ਲਛਨ ਕਹੇ ਬਖਾਨ। ਮਾਧਵ ਤੇ ਜਾਨੋ ਮਨ ਮਾਨ ॥੨੭੯॥
ਰੁਧਰ ਕੋਪ ਪਿੜਕਾ ਅਤਿ ਲਾਲ। ਸੀਸ ਭਾਰ ਗਰਮੀ ਬਹੁ ਭਾਲ।
ਪਿੱਤ ਲਿੰਗ ਸਮਰਕਤ ਬਿਕਾਰ। ਭੌਂਕੇਲਛਨ ਤਿਮਹੀ ਧਾਰ ॥੨੮੦॥
ਬਾਤਪਿਤ ਕਫ ਲਛਨ ਮਿਲੈ। ਸੰਨਿਪਾਤ ਲਛਨ ਸੋ ਭਿਲੇ।
ਚੜਤੇ ਰਵਿ ਜੋ ਦੂਖੈ ਸੀਸ। ਸੂਰਜ ਬਾਤ ਕਹੀ ਥਿਰ ਕੀਸ ॥ ੨੮੧ ॥
ਆਧਾ ਸੀਸੀ ਦੂਖੈ ਜੋ ਜਾਨ। ਆਧ ਸਿਰਾ ਤਾਂ ਵੈਦੇ ਠਾਨ।
ਕ੍ਰਿਮ ਤੇ ਲੋਹੂ ਨਾਕ ਪਰਾਇ ਘਾਰਰੋਗ ਮੂਰਛਤ ਕਰਵਾਇ ॥ ੨੮੨ ॥
ਅਲਪ ਮਾਤ੍ਰ ਕਛੂ ਕਹੇ ਵਖਾਨ। ਤਾਂਹਿ ਚਕਿਤਸਾ ਕਰੋ ਸੁਜਾਨ।
ਮਤਵਲ ਕਾਰਨ ਕਹੇ ਜੁ ਯੋਗ। ਵਾਤ ਪਿਤ ਕਫ ਤੀਨੋ ਰੋਗ ॥ ੨੮੩ ॥

(੧)-ਰਾਤ ਨੂੰ ਸਰਦੀ ਵਿਚ ਬਹੁਤੀ ਪੀੜ ਹੋਵੇ। ਮੂੰਹ ਦਾ ਸ੍ਵਾਦ ਫਿਕਫਿਕਾ ਰਹੇ, ਕਲੇਜਾ ਧੁਖੇ ਤੇ ਸਿਰ ਠੰਢਾ ਰਹੇ, ਇਹ ਵਾਯੂ ਦੀ ਪੀੜਾ ਹੈ ॥੨੭੭॥

(੨)-ਪਿਆਸ ਲੱਗੇ, ਮੱਥਾ ਪੀੜ ਕਰੇ, ਸਿਰ ਤਪੇ, ਅਰ ਚੱਕ੍ਰ ਖਾਵੇ, ਤੇ ਮੂੰਹ ਦਾ ਸ੍ਵਾਦ ਕੌੜਾ ਰਹੇ, ਇਹ ਤਿਸਨੂੰ ਪਿੱਤ ਦੀ ਸਿਰ ਪੀੜ ਹੁੰਦੀ ਕਹੀ ਜਾਂਦੀ ਹੈ ॥੨੭੮॥

(੩)-ਸਿਰ ਭਾਰਾ, ਸੀਤ ਕਰਕੇ ਜਕੜਿਆ ਜੇਹਾ, ਰੇਸ਼ਾ, ਅਰ ਮੂੰਹ ਕਫ ਨਾਲ ਲਿਪਿਆ ਜੇਹਾ ਹੋਵੇ ਤਾਂ ਇਹ ਕਫ ਦੀ ਸਿਰ ਪੀੜ ਕਹੋਂਦੀ ਹੈ ॥੨੭੯॥

Digitized by Panjab Digital Library | www.panjabdigilib.org

(੪)—ਲਹੂ ਦਾ ਕੋਪ, ਲਾਲ ਲਾਲ ਫਿਨਸੀਆਂ ਸਿਰ ਭਾਰਾ ਅਰ ਬਹੁਤੀ ਗਰਮੀ ਹੋਵੇ, ਹੋਰ ਲੱਛਣ ਪਿੱਤ ਤੇ ਸਮਾਨ ਹੋਣ ਤਾਂ ਰਕਤ ਦੀ ਸਿਰ ਪੀੜ ਹੁੰਦੀ ਹੈ ॥

(੫)—ਭੌ ਦੀ ਪੀੜ ਬੀ ਇਸੀ ਤਰਾਂ ਦੀ ਹੁੰਦੀ ਹੈ, ਏਹੋ ਜੇਹੇ ਲੱਛਣ ਜਾਨਣੇ ॥੨੯੦॥

(੬)-ਬਾਤ ਤੇ ਪਿੱਤ ਦੇ ਕਫ ਦੇ ਲੱਛਣ ਸੱਭੇ ਇਕ ਥਾਂ ਮਿਲ ਜਾਨ ਤਾਂ ਸੰਨਿਪਾਤ ਦੀ ਪੀੜ ਹੁੰਦੀ ਹੈ।

(੭)-ਸੂਰਯ ਚੜ੍ਹੇ ਤੇ ਜੇੜ੍ਹੀ ਪੀੜ ਸ਼ੁਰੂ ਹੋਵੇ, ਓਹ ਸੂਰਯ ਬਾਤ ਕਹੀ ਜਾਂਦੀ ਹੈ (ਇਹ ਦੁਪਹਿਰ ਤੋਂ ਬਾਦ ਘਟਦੀ ਹੈ) ॥੨੯੧॥

(੮)—ਇਕ ਪਾਸਾ ਸਿਰ ਦਾ ਪੀੜ ਕਰੇ, ਤਾਂ ਉਸਨੂੰ ਵੇਦ ਅੱਧੇ ਸਿਰ ਦੀ ਪੀੜ ਆਖਦੇ ਹਨ।

(੯)—ਕ੍ਰਿਮਿ ਕਰਕੇ ਪੀੜਾ ਹੋਵੇ ਤਾਂ ਨੱਕ ਰਸਤੇ ਲਹੂ ਔਂਦਾ ਹੈ।

(੧੦)-ਘਾਰ ਰੋਗ ਮੂਰਛਾ ਹੀ ਕਰ ਦਿੰਦਾ ਹੈ॥੨੯੨॥

ਇਹ ਸਭ ਲੱਛਣ ਕੁਛ ਥੋੜੇ ਜੇਹੇ ਕਹੇ ਹਨ। ਇਨ੍ਹਾਂ ਦਾ ਯਤਨ ਕਰੋ, ਪ੍ਰਯੋਜਨ ਵਾਸਤੇ ਬਾਤ ਪਿੱਤ ਤੇ ਕਫ ਕਰਕੇ ਹੋਣ ਵਾਲੇ ਰੋਗਾਂ ਦੇ ਯੋਗ ਲਿਖਦੇ ਹਾਂ ॥੨੯੩॥

ਬਾਤ ਤੇ ਸਿਰ ਦੁਖਦੇ ਕੋ ਉਪਾਇ—ਚੌਪਈ

ਇਰਿੰਡ ਤੇਲ ਸੁ ਕੁਠ ਪਿਸਾਇ। ਦੇਵੇ ਰੋਗੀ ਮਸਤਕ ਲਾਇ।
ਬਾਤ ਪੀਰ ਸਬਹੀ ਮਿਟਜਾਇ। ਸਿਧ ਜੋਗ ਮੈਦੀਆਬਤਾਇ॥ ੨੯੪ ॥

੧੯੩੬—ਅਰਿੰਡ ਦੇ ਤੇਲ ਨਾਲ ਕੁੱਠ ਪੀਹਕੇ ਰੋਗੀ ਮੱਥੇ ਪਰ ਲੇਪ ਕਰੇ, ਤਾਂ ਵਾਯੂ ਦੀ ਪੀੜਾ ਨਾਸ਼ ਕਰੇ ॥੨੯੪॥

ਦੇਵਦਾਰ ਕੁਠ ਖਸ ਤਗਰ ਸੁੰਠੀ ਕਾਂਜੀ ਪੀਸ।
ਮਸਤਕਿ ਲੇਪੋ ਉਸਨ ਕਰ ਬਾਤ ਪੀਰ ਸਬ ਖੀਸ ॥ ੨੯੫ ॥

੧੯੩੭—ਦੇਵਦਾਰ, ਕੁੱਠ, ਖੱਸ, ਤਗਰ ਤੇ ਸੁੰਢ ਕਾਂਜੀ ਨਾਲ ਪੀਹਕੇ ਗਰਮ ਕਰਕੇ ਮੱਥੇ ਪਰ ਲੇਪ ਕਰੇ ਤਾਂ ਬਾਤ ਦੀ ਪੀੜ ਜਾਵੇ ॥੨੯੫॥

ਏਰੰਡ ਜੜ ਮੁਚਕੰਦ ਜਲ ਪੀਸੀ ਮਾਥੈ ਲਾਇ।
ਪ੍ਰਬਲ ਸੀਸ ਕੀ ਬੇਦਨਾ ਛਿਨ ਮਹਿ ਜਾਵਤ ਸਾਇ ॥ ੨੯੬ ॥

੧੯੩੮—ਅਰਿੰਡ ਦੀ ਜੜ੍ਹ ਤੇ †ਮੁਚਕੰਦ ਦੀ ਛਿੱਲ ਜਲ ਨਾਲ ਪੀਹਕੇ ਮੱਥੇ ਪਰ ਲੇਪ ਕਰੇ ਤਾਂ ਭਾਰੀ ਬੀ ਸਿਰ ਦੀ ਪੀੜ ਤੁਰਤ ਨਾਸ ਹੋਵੇ ॥੨੯੬॥

ਮਿਰਚ ਸਿਗ੍ਰੂ ਰਸ ਪੀਸਕੈ ਮਸਤਕ ਲੇਪੋ ਏਹ।
ਅਥਵਾ ਏਰੰਡੈ ਤੇਲ ਸੋ ਬਾਤ ਪੀਰ ਨਸ ਜੇਹ ॥ ੨੯੭ ॥
ਕੁਠਦਾਰ ਕਟੁ ਫਲ ਪਿਸੋ ਮੇਲੀ ਏਰੰਡ ਤੇਲ।
ਮਸਤਕ ਲੇਪਨ ਲਾਈਓ ਸੀਸ ਅਨਲ ਦੁਖ ਠੇਲ ॥ ੨੯੮ ॥

੧੯੩੯-ਮਿਰ, ਸੁਹਾਵਣੇ ਦੇ ਰਸ ਵਿਚ ਪੀਸ ਕੇ ਮੱਥੇ ਪਰ ਲੇਪ ਕਰੇ ਯਾ—

---

†ਮੁਚਕੰਦ ਦੋ ਤਰਾਂ ਦਾ ਹੁੰਦਾ ਹੈ, ਇਕ ਦਰਖਤ ਦੂਜਾ ਝਾੜ, ਏਥੇ ਬ੍ਰਿਛ ਲਵੇ।

Digitized by Panjab Digital Library | www.panjabdigilib.org

੧੯੪੦—ਮ੍ਰਿਚਾਂ ਅਰਿੰਡ ਦੇ ਤੇਲ ਨਾਲ ਪੀਹਕੇ ਲੇਪ ਕਰੇ ਤਾ ਬਾਤ ਦੀ ਪੀੜਾ ਨਾਸ ਕਰ ॥੨੮੭॥

੧੯੪੧-ਕੁੱਠ, ਦੇਵਦਾਰ, ਕਾਯਫਲ ਪੀਹਕੇ ਅਰਿੰਡ ਦਾ ਤੇਲ ਪਾਕੇ ਮੱਥੇ ਪਰ ਲੇਪ ਕਰੋ ਤਾਂ ਵਾਂਘੂ ਦੀ ਪੀੜਾ ਨਾਸ ਕਰੇ ॥੨੮੮॥

ਪਿਤ ਸਿਰੋਵਰਤ ਉਪਾਇ—ਦੋਹਰਾ

ਚੰਦਨ ਦੂਵ ਕਸੇਰੂਆ ਧਾਤ੍ਰੀ ਸਿਵਾ ਉਸੀਰ।
ਕਮਲ ਬੀਜ ਹੌਬੇਰਗਹਿ ਪੀਸੋ ਪਾਈ ਨੀਰ ॥ ੨੮੯॥
ਲੇਪੋ ਰੋਗੀ ਪੁਟ ਵਿਖੇ ਦਿਨ ਦਸ ਤੀਕ ਲਗਾਇ।
ਯਾ ਚੰਦਨੈ ਕਪੂਰ ਸਟਿ ਜਲ ਲੇਪੋ ਸੁਖੁ ਪਾਇ ॥ ੨੯੦ ॥

੧੯੪੨-ਚੰਦਨ, ਖੱਬਲ, ‡ਕਸੇਰੂ, ਆਵਲੇ, ਹਫੜ, ਖੱਸ, ਕਮਲ ਡੋਡੇ, ਅਤੇ ਹਊਬੇਰੂ ਜਲ ਨਾਲ ਘੋਟਕੇ ਰੋਗੀ ਦੀਆਂ ਪੁੜਪੁੜੀਆਂ ਪਰ ਲੇਪ ਕਰੇ, ਇਸਤਰਾਂ ਨਿਯਮ ਨਾਲ ਦਸ ਦਿਨ ਲਾਵੇ। ਯਾ:—

੧੯੪੩-ਚੰਦਨ, ਕਪੂਰ ਤੇ ਕਚੂਰ ਜਲ ਨਾਲ ਲੇਪ ਕਰ ਤਾਂ ਪਿੱਤ ਪੀੜ ਸਿਰ ਦੀ ਨਿਸਚੇ ਨਾਸ਼ ਹੋਵੇ ॥੨੮੯॥੨੯੦॥

ਚੰਦਨ ਨੇਤ੍ਰ ਮਾਲ ਲੈ ਕਮਲ ਖਸਹਿ ਪਦਮਾਖ'
ਕਾਸੇਰੂ ਧਾਤ੍ਰੀ ਜਲਹਿ ਲੇਪ ਪਿੱਤ ਦੁਖ ਨਾਖ ॥ ੨੯੧ ॥

੧੯੪੪—ਚੰਦਨ, ਨੇਤ੍ਰਬਾਲਾ, ਕਮਲਡੋਡੇ, ਖੱਸ, ਪਦਮਾਖ (ਲਕੜੀ), ਕਸੇਰੂ ਤੇ ਆਵਲੇ ਜਲ ਨਾਲ ਪੀਹਕੇ ਲੇਪ ਕਰੇ ਤਾਂ ਪਿੱਤ ਪੀੜਾਜਾਵੇ ॥੨੯੧॥

†ਸਠੀ ਅਖਤ ਗਾਜਨੀ ਚੰਦਨ ਮੇਲ ਕਪੂਰ।
ਜਲ ਸੋ ਪੀਸੀ ਲੇਪ ਕਰ ਸੀਸ ਪਿੱਤ ਕੋ ਚੂਰ ॥ ੨੯੨ ॥

੧੯੪੫-†ਸਠੀ ਦੇ ਚਾਵਲ, ਗਾਜਨੀ ਮਿਟੀ, ਚੰਦਨ ਤੇ ਕਪੂਰ ਜਲ ਨਾਲ ਪੀਹਕੇ ਸਿਰ ਪਰ ਲੇਪ ਕਰੇ ਤਾਂ ਪਿੱਤ ਪੀੜਾ ਜਾਵੇ ॥੨੯੨॥

(ਰਸਰਤਨਾਕਰਾਤ)--ਦੋਹਰਾ

ਕੁੰਕਮ ਯਸਟੀ ਹਰੜ ਘ੍ਰਿਤ ਸਿਤਾ ਪੀਸਕੇ ਲਾਇ।
ਪਿੱਤ ਵੇਦਨਾ ਸੀਸ ਕੀ ਛਿਨ ਮਹਿ ਦੇਇ ਗਵਾਇ ॥ ੨੯੩ ॥

੧੯੪੬-ਕੇਸਰ, ਮੁਲਠੀ, ਹਰੜ, ਘੇਉ ਤੇ ਮਿਸ਼ਰੀ ਪੀਹਕੇ ਲੇਪ ਲਾਵੇ ਤਾਂ ਪਿੱਤ ਦੀ ਪੀੜਾ ਤੁਰਤ ਨਾਸ ਹੋਵੇ ॥੨੯੩॥

---

‡ਕਸੇਰੂ—ਛਪੜ ਵਿਚੋਂ ਨਿਕਲਦੇ ਹਨ, ਜਿਥੋਂ ਸੰਘਾੜੇ ਨਿਕਲਦੇ ਹਨ, ਉਨ੍ਹਾ ਉਪਰ ਕੰਡੇ ਜੇਹੇ ਹੁੰਦੇ ਹਨ, ਰੰਗਤ ਕਾਲੀ ਜੇਹੀ, ਜਕਰ ਛਿਲੀਏ ਤਾਂ ਅੰਦਰੋਂ ਚਿੱਟਾ ਰੰਗ ਹੁੰਦਾ ਹੈ।

†ਸਠੀਅਖਤ—ਕਰਕੇ ਕਚੂਰ ਅਤੇ ਬਹੇੜਾ ਅਰਥ ਬੀ ਠੀਕ ਹੈ।

Digitized by Panjab Digital Library | www.panjabdigilib.org

ਕਫ ਸੀਸ ਦੂਖਦੇ ਕੋ ਉਪਾਇ--ਦੋਹਰਾ

ਕੁੰਠ ਰਾਸਨਾ ਮੋਚਰਸੁ ਛੜ ਏਰੰਡ ਵਿਧਾਰ।
ਵਚ ਜਲ ਤਾਂਕੋ ਕਰ ਲਿਪੋ ਕਫਕੀ ਪੀੜਾ ਡਾਰ॥ ੨੯੪॥

੧੯੪੭--ਕੁੱਠ, ਰਾਸਨਾ, ਮੋਚਰਸ, ਛੜ, ਅਰਿੰਡ, †ਬਿਧਾਰਾ ਅਤੇ ਵਚ ਜਲ ਨਾਲ ਲੇਪ ਕਰੇ ਤਾਂ ਕਫ ਦੀ ਸਿਰ ਪੀੜ ਨਾਸ ਹੋਵੇ ॥੨੯੪॥

(ਵੰਗਸੇਨਾਤ)--ਦੋਹਰਾ

ਵਚ ਵਿਸ੍ਵਾ ਪਥਜਾ ਜਰਣ ਸੇਂਧਵ ਤਾਤੇ ਨੀਰ॥
ਨਾਵਨ ਦੇ ਲੈ ਨਾਕ ਮਹਿ ਕਫਕੀ ਭਾਜਤ ਪੀਰ॥ ੨੯੫॥

੧੦੪੮--ਵਚ, ਸੁੰਢ, ਹਰੜ ਜ਼ੀਰਾ ਅਤੇ ਸੇਂਧਾਨਿਮਕ, ਗਰਮ ਜਲ ਨਾਲ ਘੋਟਕੇ ਨੱਕ ਵਿਚ ਨਸਵਾਰ ਦੇਵੇ ਤਾਂ ਕਫ ਦੀ ਸਿਰ ਪੀੜ ਜਾਂਦੀ ਰਹੇ॥੨੯੫॥

ਸਿਲਾਜੀਤ ਚਵ ਰੇਣੁਕਾ ਕ੍ਰਿਸ਼ਨਾ ਸੁੰਠਿ ਵੜਿੰਗ।
ਸਿਗ੍ਰੂ ਮਯੂਰੀ ਬੀਜ ਨਿਸ ੦ਇੰਦ੍ਰਾਖੀ ਜੜਿ ਰੰਗ॥ ੨੯੬॥
ਪੀਰ ਬਾਰ ਸੋ ਵਾਰ ਤ੍ਰੈ ਦਿਨ ਮੈ ਨਾਵਨ ਦਾਇ।
ਮਾਰਤ ਕਫਕੀ ਪੀਰ ਕੋ ਵਾਰ ਨ ਲਾਵਨ ਪਾਇ॥ ੨੯੭॥

੧੯੪੯--ਸਿਲਾਜੀਤ, ਚੱਬ, ਸੰਭਾਲੂ ਦੇ ਬੀਜ, ਸੁੰਢ, ਬਾਈਵੜਿੰਗ, ਸੁਹਾਂਵਣਾ, ਪੁਟਕੰਡੇ ਦੇ ਬੀਜ, ਹਲਧੀ ੦ ਜੀਵਕਰਿਰਭਿ ਪੀਹਕੇ ਜਲ ਨਾਲ ਤਿੰਨ ਦਿਨ ਨਸਵਾਰ ਦੇਵੇ ਤਾਂ ਵਾਯੂ ਕਫ ਦੀ ਸਿਰ ਪੀੜ ਤੁਰਤ ਨਾਸ ਕਰੇ॥੨੯੬॥੨੯੭॥

ਆਧਾ ਸੀਸੀ ਉਪਾਇ--ਦੋਹਰਾ

ਪੀਪਰ ਮਰਚਾਂ ਲੋਦ ਭਨ ਮਨਸਿਲ ਪਾਨੀ ਪੀਸ।
ਨਾਵਨ ਕੀਜੇ ਵਾਰ ਤ੍ਰਯ ਅਰਧ ਸੀਸ ਦੁਖ ਖੀਸ॥ ੨੯੮॥

੧੯੫੦--ਮਘ, ਮਿਰਚ ਲੋਧ ਅਤੇ ਮਨਸਿਲ ਪਾਕੇ ਪਾਣੀ ਨਾਲ ਪੀਹੇ. ਦਿਨ ਵਿਚ ੩ ਬਾਰ ਨਸਵਾਰ ਕਰੇ ਤਾਂ ਅੱਧੇ ਸਿਰ ਦੀ ਪੀੜਾ ਨਾਸ ਹੋਵੇ॥੨੯੮॥

(ਰਸਰਤਨਾਕਰਾਤ)--ਦੋਹਰਾ

ਕੇਸਰ ਭੂਨੀ ਗੋ ਘ੍ਰਿਤਹਿ ਤਾਂ ਸਮ ਸਿਤਾ ਮਿਲਾਇ।

---

†ਬਿਧਾਰੇ ਨੂੰ ਯੂਨਾਨੀ ਵਿੱਚ "ਸ਼ਾਰਫ" ਆਖਦੇ ਹਨ।

੦ਇੰਦ੍ਰਾਖੀ--ਜੀਵਕਰਿਖਭ ਦਾ ਨਾਮ ਹੈ, ਤੁੰਮੇ ਦਾ ਨਹੀਂ, ਸੋ ਮਿਲਨੀ ਕਠਨ ਹੈਂ ਅਭਾਵ ਮੈ ਸਿਆਲੀਆਂ ਲਵੇ।

Digitized by Panjab Digital Library | www.panjabdigilib.org

ਘਸਕੇ ਨਾਵਨ ਦੀਜੀਏ ਅਰਧਸੀਸ ਦੁਖ ਜਾਇ॥ ੨੯੯ ॥
ਹਰਮਲ ਜੜ ਕੀ ਨਾਸ ਦੇ ਵਾ ਲੈ ਕਾਨ ਬੰਧਾਇ।
ਅਰਧ ਸੀਸ ਕੀ ਵੇਦਨਾ ਬਹੁਰ ਨਾ ਦਰਸੁ ਦਿਖਾਇ॥ ੩੦੦॥
ਮਿਰਤਕ ਮਾਖੀ ਮਰਚ ਸਮ ਪੀਸੀ ਅੰਜਨ ਕੀਜ।
ਜਾਸ ਤਰਫ ਨਹਿ ਬੇਦਨਾ ਤਾਂ ਦ੍ਰਿਗ ਅੰਜਨ ਦੀਜ ॥ ੩੦੧ ॥
ਅਰਧ ਸੀਸ ਕੀ ਵੇਦਨਾ ਭਾਗ ਜਾਤ ਪਰਦੇਸ।
ਦਰਸ ਦੇਖ ਤਿਯ ਚਪਲ ਕਾ ਜਿਮ ਸਾਧਨ ਕੋ ਵੇਸ॥ ੩੦੨॥

੧੯੫੧–ਗਊ ਦੇ ਘ੍ਰਿਤ ਵਿਚ ਕੁਛ ਕੇਸਰ ਭੁੰਨਕੇ ਫਿਰ ਉਸਦੇ ਬ੍ਰਾਬਰ ਦੀ ਮਿਸ਼ਰੀ ਪਾਕੇ, ਰਗੜ ਕੇ ਨਸਵਾਰ ਦੇਵੇ, ਤਾਂ ਅੱਧੇ ਸਿਰ ਦੀ ਪੀੜ ਜਾਵੇ।

੧੯੫੨—ਹਰਮਲ ਦੀ ਜੜ ਦੀ ਨਸਵਾਰ ਦੇਵੇ, ਯਾ:—

੧੯੫੩–ਹਰਮਲ ਦੀ ਜੜ ਕੰਨ ਨਾਲ ਬੰਨ੍ਹੇ ਤਾਂ ਅੱਧੇ ਸਿਰ ਦੀ ਪੀੜਾ ਨਾਸ ਹੋਕੇ ਮੁੜ ਨਾਂ ਆਵੇ ॥੨੯੯॥੩੦੦।

੧੯੫੪–ਮਾਰੀ ਹੋਈ ਮੱਖੀ ਤੇ ਮ੍ਰਿਚ ਇਕ ਸਮਾਨ ਲੈ ਕੇ ਪੀਹਕੇ ਅੰਜਨ ਕਰੇ। ਪਰੰਤੂ ਜਿਸ ਤਰਫ ਪੀੜਾ ਨਾਂ ਹੋਵੇ ਉਸ ਤਰਫ ਦੇ ਨੇਤ੍ਰ ਵਿੱਚ ਪਾਵੇ। ਇਸ ਨਾਲ ਅੱਧੇ ਸਿਰ ਦੀ ਪੀੜ ਇਸਤਰਾਂ ਭੱਜ ਜਾਂਦੀ ਹੈ ਜਿਸਤਰਾਂ ਚਪਲ ਇਸਤਰੀ ਦੇ ਦਰਸ਼ਨ ਮਾਤ੍ਰ ਤੇ ਸਾਧੂ ਦਾ ਸਰੇਸ਼ਟ ਭਾਵ ਚਲਾ ਜਾਂਦਾ ਹੈ॥੩੦੧॥੨੦੨॥

ਰਕਤ ਕਨੇਰ ਜੁ ਪਾਤ ਰਸ ਮਿਸਰੀ ਮਾਹਿ ਮਿਲਾਇ।
ਪ੍ਰਾਤ ਉਠੀ ਨਾਵਨ ਕਰੋ ਆਧਾ ਸੀਸੀ ਜਾਇ॥ ੩੦੩ ॥
ਮਿਰਚ ਨਮੋਲੀ ਸਮ ਕਰੀ ਨਿੰਬੂ ਰਸ ਸੋਂ ਪੀਸ।
ਅੰਜਨ ਕੀਜੈ ਦ੍ਰਿਗਨ ਯੁਗ ਅਰਧ ਸੀਸ ਦੁਖ ਖੀਸ॥ ੩੦੪ ॥

ਸੋਰਠਾ

ਅਜੈ ਮੂਤ੍ਰ ਘਸਿ ਨਾਸ ਦੀਜੈ ਫਲ ਸਮੁੰਦ੍ਰ ਕੀ।
ਅਰਧ ਸੀਸ ਦੁਖ ਨਾਸ ਚਾਰ ਵਾਰ ਪ੍ਰਾਤਹਿ ਲਹੇ॥ ੩੦੫ ॥

੧੯੫੫—ਲਾਲ ਕਨੇਰ ਦੇ ਪੱਤਾਂ ਦਾ ਰਸ, ਮਿਸ਼ਰੀ ਵਿੱਚ ਮਿਲਾਕੇ, ਪ੍ਰਾਤਾਕਾਲ ਉੱਠਕੇ ਨਸਵਾਰ ਕਰੇ ਤਾਂ ਅੱਧੇ ਸਿਰ ਦੀ ਪੀੜਾ ਜਾਵੇ॥੩੦੩॥

੧੯੫੬–ਮ੍ਰਿਚ ਤੇ ਨਿੰਮ ਦੀ ਨਮੋਲੀ ਇਕ ਸਮਾਨ, ਨਿੰਬੂ ਦੇ ਰਸ ਵਿੱਚ ਪੀਹਕੇ ਅੰਜਨ ਦੋਹਾਂ ਨੇਤ੍ਰਾਂ ਵਿੱਚ ਕਰੇ ਤਾਂ ਅੱਧੇ ਸਿਰ ਦੀ ਪੀੜਾ ਜਾਵੇ॥੩੦੪॥

੧੯੫੭—ਸਮੁੰਦ੍ਰ ਫਲ ਬਕਰੀ ਦੇ ਮੂਤਰ ਵਿੱਚ ਘੋਟਕੇ ਨਸਵਾਰ ਦੇਵੇ ਤਾਂ ਅੱਧੇ ਸਿਰ ਦੀ ਪੀੜਾ

Digitized by Panjab Digital Library | www.panjabdigilib.org

ਨਾਸ਼ ਹੋਵੇ, ਪਰੰਤੂ ਚਾਰ ਦਿਨ ਨਸਵਾਰ ਲਵੇ ॥੩੦੫॥

ਦੋਹਰਾ

ਮੰਤਰ ਸੇਤੀ ਝਾੜੀਏ ਤੀਨ ਦਿਵਸ ਵਾ ਸਾਤ।
ਆਧਾ ਸੀਸੀ ਜਾਤ ਦੁਖੁ ਭਲੀ ਭਾਂਤ ਵਿਖਜਾਤ ॥ ੩੦੬ ॥

੧੯੫੮—ਮੰਤ੍ਰ ਨਾਲ ਝਾੜਾ ੩ ਯਾਂ ੭ ਦਿਨ ਕਰੇ ਤਾਂ ਅੱਧੇ ਸਿਰ ਦੀ ਪੀੜ ਨਾਸ ਹੋਵੇ ॥੩੦੬॥

੧੯੫੯–" ਓਂ ਨਮੋ ਆਧਾ ਸੀਸੀ, ਹੂੰ ਹੂੰ ਕਾਰੀ, ਪਹਿਰ ਪਚਾਰੀ ਮੁਥ, ਮੁੰਦ ਘਾਟ ਲੈ ਡਾਰੀ †"ਅਮੁਕਾਰੈ" ਸੀਸ ਰਹੈ,ਮੁਖ ਮਹੇਸ਼੍ਵਰ ਕੀ ਆਗਿਆ ਫੁਰੈ, ਓਂ ਠਾ: ਠਾ: ਸ੍ਵਾਹਾ: ।'

ਸੂਰਯ ਬਾਤ ਉਪਾਇ—ਸੋਰਠਾ

ਮਰਚ ਵਰਚ ਕੁਠ ਲੇਇ ਯਸਟਿ ਕਣਾ ਚਿਤ੍ਰਕ ਪਿਸੇ।
ਕਾਂਜੀ ਲੇਪ ਕਰੇਇ ਰਵਿ ਕੀ ਬਾਤ ਮਿਟਾਵਨਾ ॥ ੩੦੭॥

੧੯੬੦-ਮ੍ਰਿਚ, ਵਚ, ਕੁੱਠ, ਮੁਲੱਠੀ, ਮਘ ਤੇ ਚਿਤ੍ਰਾ ਪੀਹਕੇ ਮਥੇ ਪਰ ਕਾਂਜੀ ਨਾਲ ਲੇਪ ਕਰੇ ਤਾਂ ਸੂਰਯ ਬਾਤ ਮਿਟੇ ॥੩੦੭॥

ਨਸਯ ਯੋਗਾਤ—ਦੋਹਰਾ

ਮਿਸਰੀ ਕੇਸਰ ਗੋ ਘ੍ਰਿਤੈ ਨਾਸ ਦੇਹੁ ਪਰਭਾਤ।
ਸੂਰਜ ਅਨਲ ਚਖਖੂ ਸਰਵ ਅਰਧ ਸੀਸ ਦੁਖੁ ਜਾਤ ॥ ੩੦੮॥

੧੯੬੧-ਮਿਸ਼ਰੀ ਤੇ ਕੇਸੌਰ ਦੀ ਗਊ ਦੇ ਘੇਉ ਵਿਚ ਪ੍ਰਾਤਾਕਾਲ ਨਸਵਾਰ ਕਰੇ ਤਾਂ ਸੂਰਯਬਾਤ, ਨੇਤ੍ਰ, ਭਰਵੱਟੇ, ਸਾਰੇ ਸਿਰ ਤਥਾ ਅੱਧੇ ਸਿਰ ਦੀ ਪੀੜਾ ਨਾਸ ਹੋਵੇ ॥੩੦੮॥

ਗੁੜ ਹਿੰਗ ਜਲ ਸੋ ਨਾਸ ਦੈ ਰਵਿ ਕੀ ਬਾਤ ਮਿਟਾਇ।
ਫਲ ਸਮੁੰਦ੍ਰ ਨੰਾਵਨ ਕਰੋ ਨਾਸਤ ਰਵਿ ਕੀ ਵਾਇ ॥ ੩੦੯ ॥

੧੯੬੨—ਗੁੜ ਤੇ ਹਿੰਙ ਲੈ ਕੇ ਜਲ ਨਾਲ ਨਸਵਾਰ ਦੇਵੇ ਤਾਂ ਸੂਰਯਬਾਤ ਨਾਸ ਹੋਵੇ।

੧੯੬੩—ਜਲ ਨਾਲ ਸਮੁੰਦਫਲ ਦੀ ਨਸਵਾਰ ਦੇਵੇ ਤਾਂ ਸੂਰਯਬਾਤ ਜਾਵੇ ॥੩੦੯॥

ਅੰਧਾ, ਹੇੜਾ, ਘੂੰਘਤਾ, ਘੇਰਾ, ਏਕ ਭੇਦ (ਪੀੜ ਹੈ) ਤਿਸਕਾ ਉਪਾਇ—ਦੋਹਰਾ

ਗੁੜ ਸੁੰਠੀ ਜਲ ਸੰਗ ਲੈ ਨਾਕ ਮਾਹਿ ਨਸਵਾਰ।
ਅੰਧਾ ਹੇੜਾ ਘੂੰਘਤਾ ਘੇਰਾ ਤੀਨ ਬਿਡਾਰ ॥ ੩੧੦ ॥

---

†ਇਸ ਜਗਾ ਪੀੜ ਵਾਲੇ ਦਾ ਨਾਮ ਪੜ।

Digitized by Panjab Digital Library | www.panjabdigilib.org

੧੯੧੪-ਗੁੜ ਤੇ ਸੁੰਢ ਦੀ ਜਲ ਨਾਲ ਨੱਕ ਵਿਚ ਨਸਵਾਰ ਕਰੇ ਤਾਂ ਅੰਧਾ, ਹੇੜਾ, ਘੂੰਘਤਾ, ਘੇਰਾ ਇਹ ਤਿੰਨੇ ਸਿਰ ਪੀੜਾਂ ਨਾਸ ਕਰੇ ।।੩੧੦।।

†ਪਤੰਜਾਰੀ ਕੇ ਬੀਜ ਹੀ ਮਿਰਚ ਨਰਨ ਕੇ ਮੁਤ।
ਨਾਵਨ ਤੇ ਅੰਧਹੇੜ ਮਿਟ ਘੂੰਘਤ ਘੇਰਾ ਸੂਤ॥ ੩੧੧॥

੧੯੬੫-ਸੁਖਮਦਲੀ ਦੇ ਬੀਜ ਤੇ ਮਿਰਚ ਆਦਮੀ ਦੇ ਮੂਤ੍ਰ ਵਿਖੇ ਨਸਵਾਰ ਦੇਵੇ ਤਾਂ ਅੰਧਾ, ਹੇੜਾ, ਘੂੰਘਤ, ਘੇਰਾ ਨਾਸ਼ ਹੋਵੇ ।।੩੧੧।।

ਘੂੰਘਤਾ ਉਪਾਇ—ਦੋਹਰਾ

ਤ੍ਰਿਕੁਟ ਲੌਂਗ ਲੈ ਅਕਰਕਰ ਪੀਪਰ ਮੂਲ ਮਿਲਾਇ।
ਟੰਕ ਪੰਚ ਪੰਚ ਏ ਗਹੋ ਸਿਤਾ ਤੀਸ ਟੰਕ ਪਾਇ॥ ੩੧੨॥
ਗੁੜ ਪਲ ਚਾਰੇ ਪਾਈਏ ਗੁਟੀ ਕਰੋ ਕਰ ਪਾਤ।
ਤੀਨ ਟੰਕ ਨਿਤ ਖਾਈਏ ਤ੍ਰਯ ਸਾਤਾ ਲੌ ਬਾਤ॥ ੩੧੩॥
ਘੂੰਘਤ ਘੇਰਾ ਜਾਤ ਮਿਟ ਔਰ ਬ੍ਰਿਥਾ ਸਬ ਜਾਇ।
ਗੁਰ ਭਾਖਜੋ ਸੋਈ ਕਰੈ ਨਹਿ ਤੈ ਅਪਜਸ ਥਾਇ॥ ੩੧੪॥

੧੯੬੬—ਤ੍ਰਿਕੁਟਾ (ਮਘ, ਮ੍ਰਿਚ, ਸੁੰਢ), ਲੌਂਗ, ਅਕ੍ਰਕਰਾ ਤੇ ਪਿਪਲਾ ਮੁਲ ਇਹ ਸਭ ੨੦-੨੦ ਮਾਸੇ, ਮਿਸ਼ਰੀ ੧੨੦ ਮਾਸੇ ਅਰ ਗੁੜ ੧੬ ਤੋਲੇ ਪੱਤ ਬਣਾਕੇ ੧ ਤੋਲੇ ਦੀ ਗੋਲੀ ਬਨ੍ਹ ਰਖੇ । ਨਿਤ ੩ ਸਾਤੇ ਇਕ ਇਕ ਗਲੀ ਖਾਯਾ ਕਰੇ ਤਾਂ ਘੂੰਘਤਾ ਘੇਰਾ ਨਾਸ ਹੋਵੇ ਅਰ ਕੋਈ ਹੋਰ ਬੀ ਪੀੜਾ ਹੋਵੇ ਤਾਂ ਨਾ ਰਹੇ। ਹੋਰ ਜੋ ਕੁਛ ਗੁਰਾਂ ਨੇ ਬਤਾਯਾ ਹੋਵੇ ਸੋ ਕਰੇ, ਅਨਜਥਾ ਕਰਨਾ ਅਪਜਸ ਦਾ ਥਾਂ ਹੈ ।।੩੧੨ਤੋਂ੩ ੪।।

ਸੋਰਠਾ

ਦਸ ਪੈਸੇ ਬ੍ਰਿਧ ਦਾਖ ਮਿਸਰੀ ਸਾਢੇ ਸਾਤ ਹੀ।
ਮਰਚ ਪਈਸਾ ਭਾਖ ਕਣਾ ਟੰਕ ਦੁਇ ਘਾਲੀਏ॥ ੩੧੫॥
ਗੁਟੀ ਟਾਂਕ ਕਰ ਪੀਸ ਪ੍ਰਾਤ ਸਾਂਝ ਨਿਤ ਖਾਤ ਰਹੁ।
ਮਿਟਤ੍ਰ ਪੀਰ ਸਭ ਸੀਸ ਘੂੰਘਤ ਘੇਰਾ ਜਾਤ ਦੁਖ॥ ੩੧੬॥

੧੯੬੭—ਬੜੀ ਦਾਖ ੧੦ ਪੈਸੇ ਭਰ, ਮਿਸਰੀ ਸਾਢੇ ੭ ਪੈਸੇ ਭਰ। ਮ੍ਰਿਚ ੧ ਪੈਸਾ ਭਰ, ਮਘਾਂ ੮ ਮਾਸੇ ਪੀਹਕੇ ੪ ਮਾਸੇ ਦੀ ਗੋਲੀ ਕਰੇ, ਪ੍ਰਾਤਾ ਕਾਲ ਤੇ ਸੰਧ੍ਯਾ ਵੇਲੇ ਖਾਵੇ, ਤਾਂ ਸਭਤਰਾਂ ਦੀ ਸਿਰਪੀੜ

---

†ਪਤੰਜਾਹੀ-ਸੁਖਮਦਲੀ ਬੂਟੀ ਹੈ, ਦੇਖੋ ਦ੍ਰਬਦਰਪਣ ਪ੍ਰਿ: ੩੧੪ ਇਸਦੇ ਬਾਰ ਇਉਂ ਹੈ ਕਿ ਐਤਵਾਰ ਨੂੰ ਕੋਈ ਪ੍ਰਸ਼ਨ ਕਰੇ ਕਿ ਮੇਰੇ ਘਰ ਪੁਤ੍ਰ ਪੈਦਾ ਹੋਊ ਯਾ ਕੰਨਿਆਂ? ਤਾਂ ਇਸਦੀ ਜਾਕੇ ਜੜ੍ਹ ਪੁਟੇ। ਜੇ ੧ ਨਿਕਲੇ ਤਾਂ ਪੁਤ੍ਰ, ਜੇ ੨ ਨਿਕਲਨ ਤਾਂ ਕੰਨਯਾ, ਇਤਿ ਤੰਤਰੇ।

Digitized by Panjab Digital Library | www.panjabdigilib.org

ਜਾਵੇ ਅਰ ਘੁੰਘਤਾ ਘੇਰਾ ਬੀ ਨਾਸ਼ ਹੋਵੇ ॥੩੧੫॥੩੧੬॥

ਮਸਤਕ ਰੋਗ ਸੀਤਾਂਗ ਸੰਨਿਪਾਤ ਕੋ ਰੋਟ

(ਯੋਗ ਚਿੰਤਾਮਣੀਮਤਾਤ)—ਚੌਪਈ

ਕੁਠ ਕਲੌਂਜੀ ਵਿਖ ਵਚ ਆਨ। ਅਜਮਾ ਅਰ ਅਜਮੋਦਾ ਠਾਨ।
ਪੁਹਕਰਮੂਰ ਪਿਸੇ ਸਮ ਏਹ। ਕਨਿਕ ਰੋਟੂ ਇਕ ਕੀਜੈ ਨੇਹ॥ ੩੧੭॥
ਏਕ ਤਰਫ ਦਾਰੂ ਭੁਰਕਾਇ। ਸੋ ਵਹੁ ਰੋਟ ਸਿਰਹਿ ਬੰਧਵਾਇ।
ਸੰਨ ਸੀਤਾਂਗ ਸੀਸਮਸਿਪੀਰਉਲ ਮ੍ਰਿਗੀ ਸਰ ਵਾਤ ਬਹੀਰ॥ ੩੧੮॥

੧੬੬੮—ਕੁੱਠ, ਕਲੌਂਜੀ, ਵਿਖ ਵਚ, ਅਜਵਾਇਣ, ਅਜਮੋਦ ਤੇ ਪੁਹਕਰਮੂਲ, ਇਨ੍ਹਾਂ ਨੂੰ ਸਮਾਨ ਲੈ ਕੇ ਪੀਹ ਲਵੇ, ਅਰ ਇੱਕ ਅੱਛਾ ਰੋਟ ਕਣਕ ਦੇ ਆਟੇ ਦਾ ਪਕਾਵੇ, ਉਸ ਰੋਟ ਦੇ ਇਕ ਪਾਸੇ ਇਹ ਦਵਾਈ ਭੁਰਕਕੇ ਓਹ ਰੋਟ ਸਿਰ ਪਰ ਬੰਨੇ, ਤਾਂ ਸੀਤਾਂਗ ਸੰਨਿਪਾਤ, ਸਿਰ ਦੀ ਪੀੜ, ਉੱਲ, ਮ੍ਰਿਗੀ ਅਰ ਹੋਰ ਬਾਤ ਦੇ ਵਿਕਾਰ ਸਭ ਨੂੰ ਨਾਸ਼ ਕਰੇ ॥੩੧੭॥੩੧੮॥

ਉੱਲ ਉਪਾਇ—ਦੋਹਰਾ

ਸੁੰਠ ਮਰਚ ਟੰਕ ਆਠ ਦੁਇ ਅਧ ਪਲ ਧਨੀਆਂ ਪਾਇ।
ਸਠੀ ਚਾਵਲ ਪਲ ਗਹੋ ਖਾਰਕ ਪਲ ਇਕ ਲਜਾਇ॥ ੩੧੯॥
ਸੂਖਮ ਚੂਰਨ ਅਰਕ ਦਿਨ ਮੰਤਰ ਇਕ ਸੌ ਆਠ।
ਬੇਹੇ ਜਲ ਸੋ ਖਾਈਏ ਉੱਲਵੇਗ ਸਬ ਨਾਠ॥ ੩੨੦॥

੧੬੬੯—ਸੁੰਢ, ਮ੍ਰਿਚ ਇਹ ਦੋਨੋ ੧੬-੧੬ ਮਾਸੇ, ਧਨੀਆਂ ੨ ਤੋਲੇ ਸੱਠੀ ਦੇ ਚਾਵਲ ੪ ਤੋਲੇ, ਸਿਲੇਮਾਨੀ ਖਜੂਰ ੪ ਤੋਲੇ, ਇਨ੍ਹਾਂ ਨੂੰ ਲੈ ਕੇ ਬ੍ਰੀਕ ਚੂਰਣ ਕਰ ਲਵੇ, ਅਰ ਐਤਵਾਰ ਦੇ ਦਿਨ ੧੦੮ ਬਾਰ ਮੰਤ੍ਰ ਨਾਲ ਮੰਤ੍ਰ ਕੇ ਫਿਰ ਬੇਹੇ ਪਾਣੀ ਨਾਲ ਖਾਵੇ ਤਾਂ ਉੱਲ ਨਾਸ਼ ਕਰੇ ॥੩੧੯॥੩੨੦॥

ਯਥਾ ਮੰਤ੍ਰ

ਸੂਰਯ ਨਾਥੇ ਨਤੰ ਪ੍ਰੋਕਤੰ ਯੰ ਪ੍ਰੋਕਤੰ ਬ੍ਰਹਮਚਾਰਿਣਾ।
ਤਦੋਕਤੰ ਨਾਰਸਿੰਹੇਨ ਤੇਨ ਚਕ੍ਰੇ ਹਿਵਾਯੁਨਾ॥ ੩੨੧॥

ਸਰਬ ਸੀਸ ਰੋਗ ਉਪਾਇ

ਲਵੰਗਾਦਿ ਨਸਵਾਰ (ਵੰਗਸੇਨਾਤ(—ਚੌਪਈ

ਇਕ ਲਵੰਗ ਨਿਸ ਤੁਖ ਯਵ ਦੋਇ। ਸਰਖਤ ਦਾਨੇ ਤੀਸ ਸੁ ਹੋਇ।
ਚਾਰ ਧਾਨ ਹਿੰਗਚਨਕ ਪ੍ਰਮਾਨ। ਪੀਪਰ ਮਰਚਾਂ ਦੋ ਦੋ ਜਾਨ॥ ੩੨੨॥

Digitized by Panjab Digital Library | www.panjabdigilib.org

ਸੈਂਧਵ ਸਮ ਜਲ ਨਾਸ ਦਿਵਾਇ। ਸਿਰਕੀ ਪੀੜਾ ਸਾਰੀ ਜਾਇ।
ਕਰਨ ਸੂਲ ਬੋਲੇ ਅਪਤੰਤ੍ਰ। ਅਰਧ ਸੀਸ ਕਾ ਜਾਨੋ ਮੰਤ੍ਰ॥ ੩੨੩ ॥
ਮਨੁਯਾਸਤੰਬ ਸਤੰਬ ਹਨ ਜਾਨ। ਲਿਸ ਅੰਧਾ ਪਟਲਾਰਬੁਦ ਠਾਨ ॥
ਤਿਮਰ ਰੋਗ ਕਾ ਨਾਸ ਕਰਾਇ। ਗੋਪੀ ਰਾਖਜੋ ਵੈਦ ਜੁ ਰਾਇ ॥ ੩੨੪ ॥
ਨਾਵਨ ਤੇ ਦ੍ਰਿਗ ਸਿਰਕੇ ਰੋਗ! ਜਾਵਤ ਜਾਨੋ ਉਤਮ ਯੋਗ।
ਆਦਿ ਲਵੰਗਕ ਨਾਵਨ ਏਹ। ਅਵਰ ਔਖਧੀ ਨਾਹੀ ਕੋਹ ॥ ੩੨੫ ॥

੧੯੭੦–ਲੌਂਗ ੧, ਛਿੱਲ ਉਤਾਰੇ ਜੌਂ ੨, ਸਰੋਂ ਦੇ ਦਾਣੇ ੩. ਧਾਨਾਂ ਦੇ ਦਾਣੇ ੪, ਹਿੰਙੁ ਛੋਲੇ ਦੇ ਸਮਾਨ, ਮਘਾ ੨, ਮ੍ਰਿਚਾਂ ੨ ਅਰ ਸੇਧਾ ਨਮਕ ਸਭ ਦ ਬਰਾਬਰ ਲੈ ਕ ਘਟ ਪੀਸ ਜਲ ਨਾਲ ਨਸਵਾਰ ਦੇਵੇ ਤਾਂ ਸਿਰ ਦੀ ਸਭਤਰਾਂ ਦੀ ਪੀੜਾ ਜਾਵੇ। ਕੰਨ ਦਾ ਸੂਲ, ਬੰਲਾਪਨ ਦੂਰ ਕਰਨ ਵਾਸਤੇ ਨਿਸਚੇ ਇਕ ਤੰਤ੍ਰ (ਟੂਣਾ) ਹੈ। ਇਸਤਰਾਂ ਅੱਧੇ ਸਿਰਦੀ ਪੀੜ ਦਾ ਦੂਰ ਕਰਨ ਹਾਰਾ ਛੂਮੰਤ੍ਰ ਹੈ। ਹੋਰ ਮਨਯਾਸਤੰਭ (ਧੌਣ ਆਕੜ ਜਾਣੀ), ਜਬਾੜਿਆਂ ਦਾ ਆਕੜ ਜਾਣਾ, ਅੰਧਰਾਤਾ, ਪਟਲ, ਅਰਬਦ ਤੇ ਤਿਮਰ ਰੋਗ, ਇਤਯਾਦਿ ਨੂੰ ਨਾਸ਼ ਕਰੇ, ਨਸਵਾਰ ਦੇਣ ਤੇ ਹੀ ਨੇਤ੍ਰ ਅਰ ਸਿਰ ਦੇ ਰੋਗ ਨਾਸ਼ ਹੁੰਦੇ ਹਨ, ਇਸਤ ਇਹ ਗੁਪਤ ਰਖਣੇ ਵਾਲੀ ਚੀਜ਼ ਹੈ ॥੩੨੨ਤੋਂ੩੨੫॥

ਕ੍ਰਿਮਿ ਸਿਰ ਪੀੜ ਉਪਾਇ (ਵੰਗਸੇਨਾਤ)–ਚੌਪਈ

ਵੜਿੰਗ ਸਰਜਕਾ ਦੰਤੀ ਹਿੰਗੁ। ਗੋਮੂਤ੍ਰ ਤਾਂਮਹਿ ਲੈ ਅੰਗ।
ਸਰਸਵ ਤੇਲੈ ਪਕ੍ਰ ਕਰਾਇ। ਤਾਹਿ ਤੇਲਕੀ ਨਾਵਨ ਦਾਇ॥ ੩੨੬ ॥
ਕ੍ਰਿਮ ਕੀ ਪੀਰ ਸੀਸ ਦੁਖ ਜਾਇ। ਕ੍ਰਿਮ ਹਰਨਾ ਇਹ ਤੇਲ ਕਹਾਇ
ਬੰਗਸੇਨ ਸਾਚੀ ਬਿਧ ਕਹੀ। ਮੇਘ ਬਿਨੋਦੇ ਮੇਘੈ ਲਹੀ ॥ ੩੨੭॥

੧੯੭੧–ਬਾਇਵੜਿੰਗ, ਸੱਜੀ, ਦੰਤੀਤੇ ਹਿੰਗ, ਇਨਾਂ ਵਿਚ ਗਊਮੂਤ੍ਰ ਪਾਕੇ (ਘੋਟੇ), ਫਿਰ ਸਰਹੋਂ ਦੇ ਤੇਲ ਵਿਚ ਪਕਾਵੇ, ਫਿਰ ਛਾਣਕੇ ਤੇਲ ਕਰ ਰੱਖੇ, ਫਿਰ ਇਸ ਤੇਲ ਦੀ ਨਸਵਾਰ, ਦੇਵੇ ਤਾਂ ਕ੍ਰਿਮਿ ਕਰਕ ਹੋਣ ਵਾਲੀ ਸਿਰ ਦੀ ਪੀੜ ਦਾ ਦੁੱਖ ਨਾਸ਼ ਹੋਵੇ ਇਹ ਤੇਲ ਕ੍ਰਿਮਿ ਹਰਨਾ ਕਿਹਾ ਜਾਂਦਾ ਹੈ। ਸੋ ਇਹ ਵੰਗਸੇਨ ਵਿਚ ਲਿਖਿਆ ਹੈ ॥੩੨੬॥੩੨੭॥

ਚੰਦਨ ਕੁਸ਼ਟ ਹਰਦ ਲੈ ਦੋਇ ।ਏਰੰਡ ਜੜ ਕਾਂਜੀ ਲਿਪ ਸੋਇ।
ਰਕਤ ਵਿਕਾਰ ਸੀਸ ਕੀ ਪੀਰ। ਕਹਤ ਮੇਘ ਸੋ ਹੁਈ ਵਿਹੀਰ ॥ ੩੨੮ ॥

੧੪੭੨–ਚੰਦਨ,ਕੁੱਟ, ਹਲਦੀ ਦਾਰਹਲਦੀ ਤੇ ਅਰਿੰਡ ਦੀ ਜੜ, ਕਾਂਜੀ ਵਿਚ ਘੋਟਕੇ ਲੇਪ ਕਰੇ ਤਾਂ ਰਕਤ ਵਿਕਾਰ ਦੀ ਸਿਰ ਪੀੜ ਜਾਵੇ ॥੩੨੮॥

ਇੰਦ੍ਰ ਲੁਪਤ (ਬਾਲਚਰ) ਉਪਾਇ–ਚੌਪਈ

ਕਾਂਜੀ ਸੋ ਏਲੋਂਕੇ ਬੀਜ। ਲੇਪੇ ਸਕ੍ਰ ਲੁਪਤ ਜੁ ਖੀਸ।

Digitized by Panjab Digital Library | www.panjabdigilib.org

ਦਦਰੂ ਕੰਡੂ ਰਕਤ ਬਿਚਾਰ। ਇਨਕੋ ਜਾਵਤ ਲਗਤ ਨ ਬਾਰ॥ ੩੨੯ ॥

੧੯੭੩-ਕਾਂਜੀ ਵਿੱਚ ਘੋਟਕੇ ਏਲੋਂ ਦੇ ਬੀਜਾਂ ਦਾ ਲੇਪ ਕਰੇ, ਤਾਂ ਇੰਦ੍ਰ ਲਪਤ (ਬਾਲਚਰ) ਜਾਵੇ। ਹੋਰ ਦੱਦ੍ਰੀ, ਖੁਰਕ ਅਰ ਖੂਨ ਦਾ ਵਿਗਾੜ ਇਸਦੇ ਲੇਪ ਲੌਣ ਨਾਲ ਨਾਸ਼ ਹੋਵੇ॥੩੨੯॥

(ਵੰਗਸੇਨਾਤ)-ਦੋਹਰਾ

ਬ੍ਰਹਤੀ ਜੜ ਭਲਾਤ ਤਿਲ ਵਾਰੁ ਪੀਸਕੇ ਲਾਇ।
ਵਾਲਚਰਾ ਮਿਟ ਜਾਤ ਹੈ ਵੰਗਸੈਨ ਮਤਿ ਭਾਇ॥ ੩੩੦ ॥

੧੯੭੪-ਕੰਡਿਆਰੀ ਦੀ ਜੜ੍ਹ, ਭਿਲਾਵੇ ਤੇ ਤਿਲ, ਜਲ ਨਾਲ ਪੀਹਕੇ (ਸਿਰਪਰ ਯਾ ਜਿਥੇ ਜਰੂਰਤ ਹੋਵੇ) ਲਾਵੇ ਤਾਂ ਬਾਲਚਰ ਨਾਸ ਕਰੇ॥੩੩੦॥

ਕ੍ਰਿਸ਼ਨਾ ਗੋਕ ਮੂਤ ਸੋਂ ਜਪਾ ਫੂਲ ਪਿਸਵਾਇ।
ਵਾਰ ਚਰਨ ਪਰਿ ਲੇਪ ਕਰ ਯਵ ਜਿਮ ਕੇਸ ਉਗਾਇ॥ ੩੩੧ ॥

੧੯੭੫-ਮਘਾਂ ਗੋਕੇ ਮੂਤ੍ਰ ਵਿਚ ਪੀਹਕੇ ਲਾਵੇ, ਯਾ:-

੧੯੭੬-†ਗੁਲਤਰਰਾ ਲੈ ਕੇ ਗਊਮੂਤ੍ਰ ਵਿਚ ਘੋਟਕੇ ਬਾਲਚਰ ਪਰ ਲਾਵੇ ਤਾਂ ਜੌਆਂ ਦੀ ਨਿਆਈ ਕੇਸ ਉਗ ਆਵਣ॥੩੩੧॥

ਅਮਲਤਾਸ ਦਲ ਲਾਖ ਲੈ ਸਿਵਾ ਪਮਾਰ ਜੁ ਬੀਜ।
ਵਾਰ ਸੰਗ ਲੇਪਨ ਕਰੋ ਦਾਰੁਨ ਸਿਰ ਕਾ ਬੀਜ॥ ੩੩੨ ॥
ਕਾਂਕੋਲੀ ਜੜ ਹਰੜ ਤਿਲ ਤੇਲ ਪਕ੍ਵ ਕਰ ਲਾਇ।
ਦਾਰੁਨ ਹਰਿ ਚਿਰਕਾਰ ਕੋ ਫੋੜਾ ਫੁਨਸੀ ਜਾਇ॥ ੩੩੩ ॥
ਕੁੰਕਮ ਮਰਚਾਂ ਦੋਇ ਇਕ ਭਾਗ ਤੇਲ ਘਸਿ ਲੇਪ॥
ਸਿਰ ਕਾ ਦਾਰੁਨ ਜਾਤ ਹੈ ਗੰਜ ਰੋਗ ਸੰਖੇਪ॥ ੩੩੪॥
ਕਾਕ ਜੰਘ ਜੜ ਪਤ੍ਰ ਰਸ ਸਿਰ ਕੇ ਲੇਪ ਲਗਾਇ।
ਦਾਰੁਨ ਮਿਟ ਹੈ ਸੀਸ ਕਾ ਰਕਤ ਵਾਤ ਜੋ ਥਾਇ॥ ੩੩੫ ॥

੧੯੭੭-ਅਮਲਤਾਸ ਦੇ ਪੱਤੇ, ਲਾਖ, ਹਰੜ ਤੇ ਏਲਾਂ ਦੇ ਬੀਜ, ਜਲ ਨਾਲ ਸਿਰ ਪਰ ਲੇਪ ਕਰੇ ਤਾਂ ਬਾਲ ਨਾਂ ਉੱਗੇ ਹੋਏ ਫਿਰ ਜੰਮ ਆਵਣ॥੩੩੨॥

੧੯੭੮-‡ਕਾਂਕੋਲੀ ਦੀ ਜੜ੍ਹ ਤੇ ਹਰੜ, ਤਿਲਾਂ ਦੇ ਤੇਲ ਵਿਚ ਪਕਾਕੇ ਲਾਵੇ ਤਾਂ ਚਿਰਕਾਲਦਾ ਬੀ

---

†ਜਪਾਫੂਲ-ਇਸਨੂੰ ਗੁਲਤੁਰਰਾ, ਓੜ ਹੁਲ ਅਤੇ ਗੁੜਹਲ ਆਦਿ ਨਾਮਾਂ ਤੇ ਬੋਲਦੇ ਹਨ, ਇਸ ਦੀ ਰੰਗਤ ਲਾਲ ਅਤੇ ਗੋਲ ਖਸ਼ਨੁਮਾ ਹੁੰਦੀ ਹੈ, ਅਕਸਰ ਇਸਨੂੰ ਮਾਲੀ ਲੋਕ ਬਾਗਾਂ ਵਿੱਚ ਹੀ ਬਹੁਤਾ ਲਾਯਾ ਕਰਦੇ ਹਨ।

‡ਕਾਂਕੋਲੀ-ਅਸ਼ਟਵਰਗ ਵਿਚਲੀ ਦਵਾਈ ਹੈ, ਸੋ ਅਪ੍ਰਸਿੱਧ ਹੈ, ਸਿਆਲੀਆਂ ਪਾਕੇ ਕੰਮ ਤੋਰ ਲਵੇ।

Digitized by Panjab Digital Library | www.panjabdigilib.org

ਬਾਲਚਰ ਹੋਵੇ, ਉਸ ਪਰ ਬਾਲ ਪੈਦੇ ਹੋਇ ਆਵਣ, ਹੋਰ ਫੋੜੇ ਫੁੰਸੀ ਕਰ ਗਏ ਰੋਮ ਹੀ ਉਗਦੇ ਹਨ ॥੩੩੩॥

੧੯੭੯—ਕੇਸਰ ਤੇ ਮ੍ਰਿਚਾਂ ਦੋ ਭਾਗ, ਇਕ ਭਾਗ ਤੇਲ ਵਿਚ ਘਸਾਕੇ ਲੇਪ ਕਰੇ ਤਾਂ ਸਿਰ ਦੀ ਟਟਰੀ ਅਰਥਾਤ ਬਾਲਚਰ ਨਾਸ ਹੋਵੇ ਅਰ ਗੰਜ ਬੀ ਜਾਂਦਾ ਰਹੇ ॥੩੩੪॥

੧੯੮੦—ਕਾਕਜੰਘੀ ਦੀ ਜੜ ਇਸੇ ਦੇ ਪਤਿਆਂ ਦੇ ਰਸ ਵਿਚ ਘੋਟਕੇ ਸਿਰ ਪਰ ਲੇਪ ਕਰੇ, ਤਾਂ ਸਿਰ ਦੀ ਟਟਰੀ ਨਾਸ ਕਰੇ, ਹੋਰ ਰਕਤ ਬਾਤ ਬੀ ਜਾਵੇ ॥੩੩੫॥

ਬ੍ਰਹਤੀ ਫਲ ਗੁੰਜ ਮੂਲ ਫਲ ਲੇਪੋ ਜਲਕੈ ਸੰਗ।
ਇੰਦ੍ਰਲੁਪਿਤ ਦੂਰੈ ਟਰਤ ਸੀਸ ਵੇਦਨਾ ਭੰਗ ॥ ੩੩੬ ॥
ਗੋਖਰੂ ਤਿਲ ਕੇ ਫੂਲ ਲੈਂ ਸਰਸੋਂ ਪੀਸ ਲਗਾਇ।
ਜਮੈ ਕੇਸ ਦਾੜੀ ਸਿਰਹਿੰ ਇੰਦ੍ਰ ਲੁਪਿਤ ਮਿਟ ਜਾਇ ॥ ੩੩੭ ॥

੧੯੮੧—ਕੰਡਿਆਰੀ ਦੇ ਫਲ, ਰਤਕਾਂ ਦੀ ਜੜ੍ਹ ਤੇ ਰਤਕਾਂ ਜਲ ਨਾਲ ਘੋਟਕੇ ਲੇਪ ਕਰੇ, ਤਾਂ ਟੱਟਰੀ ਅਰ ਸਿਰ ਦੀ ਪੀੜਾ ਨਾਸ ਹੋਵੇ ॥੩੩੬॥

੧੯੮੨—ਭੱਖੜਾ, ਤਿਲਾਂ ਦੇ ਫੁਲ ਤੇ ਸਰ੍ਹੋਂ ਪੀਹਕੇ ਲਾਵੇ ਤਾਂ ਜਿਸ ਰੋਮ ਨਾਂ ਹੋਣ, ਉਸ ਜਗਾ (ਦਾੜ੍ਹੀ ਸਿਰ ਪਰ) ਪੈਦਾ ਕਰੇ ॥੩੩੭॥

(ਸਾਰੰਗਧਰਾਤ)

ਰਸਾਂਜਨ ਗਜ ਰਦਨ ਕੀ ਭਸਮ ਲੇਪ ਕਰ ਸੀਸ।
ਘਨੇ ਵਾਰ ਤਹਿ ਊਗਵੈਂ ਸਾਰੰਗਧਰਿ ਭਨ ਈਸ ॥ ੩੩੮ ॥

੧੯੮੩—ਰਸੌਂਤ, ਹਾਥੀ ਦੇ ਦੰਦ ਦੀ ਸੁਆਹ, ਇਹ ਸਿਰ ਪਰ ਲੇਪ ਕਰੇ ਤਾਂ ਬਹੁਤ ਕੇਸ ਜਮਾਵੇ। ਇਹ ਸਾਰੰਗਧਰ ਦੀ ਗੱਲ ਹੈ ॥੩੩੮॥

ਗੰਜ ਉਪਾਇ—ਦੋਹਰਾ

ਲੋਹੁ ਭਾਂਡ ਮਹਿੰ ਪਾਇ ਕਰ ਤ੍ਰਿਫਲਾ ਭਸਮ ਕਰਾਇ।
ਕਟੁਕ ਤੇਲ ਸੋਂ ਸਿਰ ਮਲੋ ਖਲਤ ਰੋਗ ਨ ਰਹਾਇ ॥ ੩੩੯ ॥

੧੯੮੪—ਲੋਹੇ ਦੇ ਭਾਂਡੇ ਵਿਚ ਪਾਕੇ ਤ੍ਰਿਫਲਾ ਸਾੜੇ। ਫਿਰ ਉਸਨੂੰ ਕੌੜੇ ਤੇਲ ਨਾਲ ਸਿਰ ਤੇ ਲਾਵੇ ਤਾਂ ਗੰਜ ਨਾਸ਼ ਕਰੇ ॥੩੩੯॥

ਗੁੰਜ ਜਾਰਕੇ ਧੂਰਿਕੈ ਕਟੁਕ ਤੇਲ ਸਿਰ ਲਾਇ।
ਗੰਜ ਰੋਗ ਸਬ ਜਾਤ ਹੈ ਗ੍ਰੰਥਹਿ ਦਈ ਬਤਾਇ ॥ ੩੪੦ ॥
ਕੌਡੀ ਭਸਮੰ ਕੰਪਲ ਹੀ ਤੇਲ ਕਟੁਕ ਸੰਧੂਰ।
ਗੰਜ ਰੋਗ ਨੀਕੋ ਪਿਟਕ ਦਦ੍ਰੂ ਲੂਤ ਧਭ ਚੂਰ ॥ ੩੪੧ ॥

Digitized by Panjab Digital Library | www.panjabdigilib.org

੧੯੮੫-ਰੱਤਕਾਂ ਦੀ ਸੁਆਹ ਸਿਰ ਤੇ ਧੂੜਕੇ ਉਪਰ ਕੌੜਾਤੇਲ ਲਾਵੇਂ, ਤਾਂ ਬੀ ਗੰਜ ਰੋਗ ਨਾਸ਼ ਹੋਵੇ ॥੩੪੦॥

੧੯੮੬-ਕੌਡੀ ਸਾੜੀ ਹੋਈ, ਕਬੀਲਾ, ਕੌੜਾ ਤੇਲ ਤੇ ਸੰਧੂਰ ਲੈ ਕੇ ਮੇਲਕੇ ਸਿਰ ਪਰ ਲਾਵੇ ਤਾਂ ਗੰਜ ਨੂੰ ਚੰਸਾ ਕਰੇ, ਫਿੰਨਸੀ, ਦਦ੍ਰੀ ਅਰ ਲੂਤ ਮਿਟਾਵੇ ॥੩੪੧॥

ਚੌਪਈ

ਖਰੜਵਾਲ ਕਾ ਭਸਮ ਕਰਾਇ। ਮਾਹਖੀ ਗੋਬਰ ਰਸ ਨਿਕਲਾਇ।
ਯਾ ਰਸ ਲਾਈ ਰਾਖ ਲਗਾਇ। ਗੰਜ ਰੋਗ ਫੋੜਾ ਸਭ ਜਾਇ ॥ ੩੪੨ ॥

੧੯੮੭-ਵਾਲਾਂ ਦੇ ਤੱਪੜ ਦੀ ਸੁਆਹ ਕਰਕੇ ਅਰ ਮਹੀਂ ਦੇ ਗੋਹੇ ਦਾ ਰਸ ਕੱਢਕੇ ਪਹਿਲੇ ਲਾਵੇ, ਪਿਛੋਂ ਸੁਆਹ ਲਾਵੇ ਤਾਂ ਗੰਜ ਅਰ ਫੌੜਾ ਸਭ ਦਾ ਨਾਸ਼ ਕਰੇ। ੩੪੨॥

ਸੈਂਧਵ ਨੀਲਾਥੋਥਾ ਆਨ। ਸਰਪ ਕੰਚੁਲੀ ਕੰਪਲ ਠਾਨ।
ਕਥ ਮੁਰਦਾਸੰਗ ਕਉੜੇ ਤੇਲ। ਲੇਪੋ ਸੀਸਗੰਜ ਸੋ ਠੇਲ ॥ ੩੪੩ ॥

ਦੋਹਰਾ—

ਗੋਮੂਤ੍ਰ ਨਿਤ ਧੋਈਏ ਗੰਜ ਸੀਸ ਕਾ ਜਾਇ।
ਅਸ੍ਵ ਮੂਤ੍ਰ ਵਾ ਸਿਰ ਮਲੋ ਗੰਜ ਰੋਗ ਟਰ ਜਾਇ ॥੩੪੪॥

੧੯੮੮-ਸੇਂਧਾਲੂਣ, ਨੀਲਾਥੋਥਾ, ਸੱਪ ਦੀ ਕੁੰਜ, ਕਬੀਲਾ, ਕੱਥ, ਤੇ ਮੁਰਦਾਸੰਗ, ਕੌੜੇ ਤੇਲ ਵਿਚ ਸਿਰ ਪਰ ਲੇਪ ਕਰੇ, ਤਾਂ ਗੰਜ ਨਾਸ ਹੋਵੇ ॥੩੪੩॥

੧੯੮੯-ਗੋਕੇ ਪੇਸ਼ਾਬ ਨਾਲ ਨਿੱਤ ਧੋਵੇ, ਯਾ:—

੧੯੯੦-ਘੋੜੇ ਦੇ ਮੂਤਰ ਨਾਲ ਧੋਵੇ ਤਾਂ ਗੰਜ ਨਾਸ਼ ਹੋਵੇ ॥੩੪੪॥

ਸਿਰ ਵਾਲਾਂ ਮੇ ਨਿਕੀ ਬਰੂਰੀ ਹੋਵੇ ਤਾਂਕਾ ਉਪਾਇ—ਦੋਹਰਾ

ਮਹਿਦੀ ਕੀਕਰਲੂੰਗ ਕਥ ਮੁਰਦਾ ਸੰਗ ਨਸਪਾਲ।
ਭਠਿਆਲੇ ਕਾ ਧੂਮ ਲੈ ਕਾਬੀਲਾ ਅਤਿ ਲਾਲ ॥੩੪੫॥
ਖਰੜ ਕੀਕਰੀ ਲੂੰਗਕੀ ਇਨਕੀ ਭਸਮ ਕਰਾਇ।
ਕਟੁਕ ਤੇਲ ਸੋਂ ਲਾਈਏ ਸਬਹਿ ਬਰੂਰੀ ਜਾਇ ॥੩੪੬॥
ਜੋ ਤੇ ਪਾਕੀ ਮੁਹ ਕਰਤ ਤਾਕਾ ਏਹ ਉਪਾਇ।
ਸਾਜੀ ਨਿ ਨਿੰਬਪਾਤ ਪਿਸ ਲਾਵਤ ਚੰਗਾ ਥਾਇ ॥੩੪੭॥
ਗੰਜ ਰੋਗ ਦਾਰਣ ਮਿਟਤ ਦਦ੍ਰੂ ਲੂਤ ਮਿਟ ਲਾਇ।
ਫੋੜਾ ਚੰਬਲ ਜਾਤ ਹੈ ਜੋ ਟੁਕ ਸੇਂਧਾ ਪਾਇ ॥੩੪੮॥

Digitized by Panjab Digital Library | www.panjabdigilib.org

੧੯੯੧—ਮਹਿੰਦੀ, ਕਿਕ੍ਰ ਦੇ ਲੁੰਡ, ਕੱਥ, ਮੁਰਦਾਸੰਗ, ਨਸਪਾਲ, ਭੱਠੀ ਦਾ ਧੂੰਆਂ, ਕੰਬੀਲਾ, ਤੱਪੜ ਤੇ ਕਿਕਰ ਦੇ ਲੁੰਡ ਲੈਕੇ ਇਹ ਦੋਨੋਂ ਸਾੜ ਲਵੇ, ਫਿਰ ਸਭ ਬਰੀਕ ਪੀਹਕੇ ਕੌੜੇ ਤੇਲ ਵਿਚ ਮਿਲਾ ਕੇ ਲਾਵੇ ਤਾਂ ਬਰੂਰੀ ਨਾਸ਼ ਕਰੇ। ਜੇ ਪੱਕੀ ਹੋਵੇ ਤਾਂ ਮੂੰਹ ਕਰੇ ਫਿਰ ਪਿਛੋਂ ਸੱਜੀ, ਨਿੰਮ ਦੇ ਪੱਤੇ ਪੀਹਕੇ ਲਾਵੇ ਤਾਂ ਅਰਾਮ ਹੋਵੇ। ਇਸ ਨਾਲ ਭੇੜਾ ਬੀ ਗੰਜ ਰੋਗ ਨਾਸ਼ ਹੋ ਸੱਕਦਾ ਹੈ, ਟੱਟ੍ਰੀ, ਦੱਦਰ, ਲੂਤ, ਫੋੜਾ ਅਤੇ ਚੰਬਲ ਸਭ ਨਾਸ਼ ਹੋਵੇ,ਪਰੰਤੂ ਜਰਾ ਕੁਛ ਸੰਧਾਨਿਮਕ ਇਸ ਵਿਚ ਪਾ ਲਿਆ ਕਰੇ॥੩੪੫ਤੋਂ੩੪੮॥

ਪੁਨਾ ਉੱਲ ਉਪਾਇ—ਦੋਹਰਾ

ਮੈਨ ਜੁ ਫਲ ਕਾ ਬੀਜ ਲੈ ਜਲ ਸੋ ਤਿਸ ਨਸਵਾਰ।
ਘਸੀ ਏਹ ਰਤੀ ਵਜਨ ਉੱਲ ਰੋਗ ਕੋ ਟਾਲ ॥੩੪੯॥

੧੯੯੨-ਰਾੜੇ ਦੇ ਫਲ ਦੇ ਬੀਜ ਦੀ ਜਲ ਨਾਲ ਘੋਟਕੇ ਇਕ ਰੱਤੀ ਭਰ ਨਸਵਾਰ ਚਾੜੇ ਤਾਂ ਉੱਲ ਨਾਸ਼ ਹੋਵੇ। ੩੪੯॥

ਉੱਲ ਕੋ ਕਾਗਜੀ—ਦੋਹਰਾ

ਨੀਲਾਥੋਥਾ ਪੁਰ ਗਹੋ ਆਫੂ ਮਿਠਾ ਪੀਸ।
ਜਲ ਸੋ ਲਾਵੇ ਕਾਗਜੀ ਦਿਨ ਤ੍ਰਿਕ ਪੰਚ ਵਾ ਦੀਸ ॥੩੫੦॥
ਰੋਗ ਮਿਟਤ ਸਭ ਉੱਲਕੋ ਬਾਲਾਵਾਤ ਜੇਪਾਲ।
ਪਕੈ ਤੁ ਮਾਖਨ ਲਾਈਏ ਚੰਗਾਂ ਹੁਇ ਤਤਕਾਲ ॥੩੫੧॥

੧੯੯੩—ਨੀਲਾਥੋਥਾ, ਗੁੱਗਲ, ਅਫੀਮ ਅਤੇ ਮਿੱਠਾ ਤੇਲੀਆ, ਸਭੋ ਇਕ ਸਮਾਨ ਲਵੇ, ਅਰ ਜਲ ਨਾਲ ਰਜੜਕੇ ਪੁੜਪੁੜੀਆਂ ਉਪਰ ਕਾਗਜ਼ੀ ਲਾਵੇ ਇਸ ਤਰਾਂ ਤਰੈ ਯਾ ੧੦ ਦਿਨ ਲਗਾਵੇ, ਤਾਂ ਉੱਲ ਨਾਸ ਕਰੇ। †ਯਾ:-

੧੯੯੪-ਜਮਾਲਗੋਟੇ ਦੀ ਗਿਰੀ ਜਲ ਵਿਚ ਘੋਟਕੇ ਕਾਗਜ਼ੀ ਲਾਵੇ। ਪਰੰਤੂ ਜੇ ਕਦੇ ਪੱਕ ਜਾਵੇ ਤਾਂ ਮੱਖਣ ਦਾ ਲੇਪ ਕਰੇ ਚੰਗਾ ਹੋਵੇ ॥੩੫੦॥੩੫੧॥

ਸਿਰ ਦੇ ਪੱਥ— ਸ਼ੰਕਰ ਛੰਦ

ਕਰ ਸ੍ਵੇਦ ਨਾਵਨ ਧੂਮ ਪਾਨੰ ਲੇਪ ਛਰਦ ਵਿਰੇਕ।
ਕਰਤ ਮੋਖਣ ਵਹਨਿ ਵਸਤਹਿ ਸੀਸ ਲੰਘਨ ਟੇਕ।
ਜੀਰਣ ਸਰਪਿ ਜੁ ਸਾਲ ਸਸ ਟਕ ਯੂਖ ਦੁਗਧ ਪਟੋਲ।
ਲੈ ਦਾਖ ਸਿਗ੍ਰੂ ਕਾਰਵੇਲੀ ਪਾਲਕੰ ਅਮੋਲ ॥੩੫੨॥

†ਪਰੰਤੂ ਯਾਦ ਰਹੇ ਕਿ ਗੱਦ ਕਰਨ ਕੋਮਲ ਸ਼ਥਾਨਾਂ ਪਰ ਅਜੇਹੇ ਲੇਪ, ਚਿਰਾਤਕ ਲੱਗੇ ਨਾ ਰੱਖ, ਅਤੇ ਨਾ ਹੀ ਬਹੁਤ ਗਾੜੇ ਲਾਵੇ, ਨੁਕਸਾਨ ਹੋਣ ਦਾ ਡਰ ਹੁੰਦਾ ਹੈ।

Digitized by Panjab Digital Library | www.panjabdigilib.org

ਨਾਲਿਕੇਰੀ ਮਾਤਲੁੰਗੰ ਤੇਲ ਤਕ੍ਰ ਅਨਾਰ।
ਆਮਰੇ ਭੰਗਰਾਜਿ ਕਾਜਿਕ ਹਰੜ ਕੁਸਟ ਕੁਮਾਰ।
ਉਸੀਰ ਚੰਦਨ ਮਤਸ ਏਲਾ ਪਥਜ ਸਿਰ ਰੁਜ ਏਹ।
ਕਹਤ ਮਘ ਬਿਚਾਰ ਦੀਜੈ ਪਥਜਾਪਥਜ ਤੇਹ॥੩੫੩॥

੧੯੯੫-ਪਸੀਨਾ ਦੇਵੇ, ਨਸਵਾਰ ਦੇਵੇ, ਧੂੰਆਂ ਪਿਲਾਵੇ, ਲੇਪ ਲਗਾਵੇ, ਕੈ ਕਰਾਵੇ, ਦਸਤ ਦੇਵੇ, ਲਹੂ ਕਢਾਵੇ, ਸੇਕ ਕਰਾਨਾ, ਸਿਰੋਬਸਤੀ (ਜਿਸਨੂੰ ਤਿੱਬ ਵਾਲੇ ਤਨਕੀਆ ਸਿਰ ਆਖਦੇ ਹਨ) ਕਰਾਵੇ, ਬ੍ਰਤ, ਪੁਰਾਣਾ ਘ੍ਰਿਤ, ਸੱਠੀ ਦੇ ਚਾਵਲ, ਯੂਖ,ਦੁੱਧ, ਪਟੋਲ,ਦਾਖ, ਸੁਹਾਂਵਣਾ, ਕਰੇਲਾ, ਪਾਲਕ, ਨਲਿਏਰ, ਬਿਜੌਰਾ, ਤੇਲ, ਲੱਸੀ ਅਨਾਰ, ਆਵਲੇ, ਭੰਗਰਾ, ਕਾਂਜੀ, ਹਰੜ, ਕੁੱਠ, ਕੁਆਰ, ਖੱਸ, ਚੰਦਨ, ਮੱਠਾ ਤੇ ਇਲਾਚੀ, ਇਹ ਸਭ ਸਿਰ ਰੋਗ ਵਿਚ ਸੇਵਨੇ ਪੱਥ ਹਨ ॥੩੫੨॥੩੫੩॥

ਕੁਪੱਥ

ਖਜਤ੍ਰ ਤ੍ਰਿਟ ਜੰਭਾਈ ਮੂਤ੍ਰਵਾਤਾ ਨੀਂਦਾ ਵੇਗ ਵਿਧਾਰ।
ਸ੍ਰਮ ਜੁ ਮਾਰਗ ਅੰਨ ਵਿਰੁਧ ਸੀਤ ਸਲਲ ਵਿਕਾਰ।
ਦੰਤ ਧਾਵਨ ਦਿਵਾ ਨਿੰਦ੍ਰਾ ਮਜਨੰ ਜਲ ਸੀਤ।
ਕੁਪਥ ਭਾਖੇ ਸੀਸ ਰੋਗਹਿ ਮੇਘ ਭਨ ਸੁਨ ਮੀਤ॥੩੫੪॥

੧੯੯੬—ਛਿੱਕ, ਪਿਆਸ, ਉਬਾਸੀ, ਮੂਤ੍ਰ, ਅਧੋਵਾਯੂ ਤੇ ਨੀਂਦ, ਇਨ੍ਹਾਂ ਦੇ ਬੇਗ ਰੋਕਣੇ। ਰਸਤੇ ਦਾ ਥਕੇਮਾਂ, ਵਿਰੁਧ ਭੋਜਨ, ਠੰਢੇ (ਨਦੀਆਂ) ਦੇ ਜਲ ਇਹ ਵਿਕਾਰ ਰੂਪ ਹਨ। ਹੋਰ ਦਾਤੁਣ, ਦਿਨ ਦਾ ਸੌਣਾ, ਠੰਢੇ ਜਲ ਵਿਚ ਸਨਾਨ ਕਰਨਾ। ਇਹ ਸਭ ਸਿਰ ਰੋਗ ਵਿਖੇ ਕੁਪੱਥ ਰੂਪ ਹਨ ॥੩੫੪॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘਰਾਜ ਬਿਰਚਤੇ ਕਰਣਰੋਗ,
ਮੁਖਰੋਗ, ਨਾਸਾਂ ਰੋਗ, ਪ੍ਰਮੁਖ, ਨਾਮ ਦਸਮੋ ਧਯਾਇ ॥੧੦॥

ਦਸਮ ਧਯਾਯ ਸਮਾਪਤ ॥੧੦॥

Digitized by Panjab Digital Library | www.panjabdigilib.org

ਗਯਾਰਵਾਂ ਧਜਾਯ

ਦੋਹਰਾ

ਨਮੋ ਸ੍ਰੀ ਗੁਰਦੇਵ ਕੋ ਸਕਲ ਮਨੋਰਥ ਸਿੱਧ।
ਤਿਨਹਿ ਪ੍ਰਸਾਦਿ ਅਬ ਗਯਾਰਵੇਂ ਧਜਾਯ ਸੁ ਕਹੋਂ ਪ੍ਰਸਿੱਧ ॥੧॥

ਗੁਰਾਂ ਨੂੰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਤੇ ਸਾਰੇ ਮਨੋਰਥ ਸਿੱਧ ਹੁੰਦੇ ਹਨ। ਤਿਨ੍ਹਾਂ ਗੁਰਾਂ ਦੀ ਕ੍ਰਿਪਾ ਨਾਲ, ਯਾਰਵਾਂ ਧਜਾਯ ਪ੍ਰਸਿੱਧ ਕਰਦਾ ਹਾਂ ॥੧॥

ਪ੍ਰਿਥਮ ਪੁਰਖ ਕੋ ਚਾਹੀਯਤ ਲਿੰਗ ਤੇਜ ਵੰਧੇਜ।
ਤਾਂਹੀ ਕੋ ਅਬ ਯੋਗ ਸੁਨ ਯਾਤੇ ਤਿਯ ਕਰ ਹੇਜ ॥੨॥

ਪਹਿਲੇ ਪੁਰਖ ਨੂੰ ਚਾਹੀਦਾ ਹੈ ਲਿੰਗ ਦੀ ਤੇਜੀ ਅਤੇ ਬੰਧੇਜ। ਸੋ ਇਸ ਵਾਸਤੇ ਹੁਣ ਇਹੋ ਲਿਖਦਾ ਹਾਂ, ਜਿਸਤੇ †ਇਸਤ੍ਰੀ ਹੇਜ ਕਰੇ ॥

ਸੋਮ ਰੋਗ ਲੱਛਣ—ਦੋਹਰਾ

ਬਾਰ ਬਾਰ ਜੋ ਮੂਤਰੇ ਸਰਦੀ ਮੈ ਬਹੁ ਬਾਰ।
ਜਲ ਪ੍ਰਮੇਹ ਸਮ ਜਾਨਿਓ ਏਕੈ ਵਿਧ ਉਪਚਾਰ ॥੩॥
ਬਹੁ ਮੂਤ੍ਰਤਾ ਸੋਮ ਰੁਜ ਮੂਤ੍ਰਾਤਿਸਾਰ ਵਖਾਨ।
ਸੋਮ ਰੋਗ ਕੋ ਕਹਤ ਹੈ ਪੰਡਿਤ ਔਖਦ ਠਾਨ ॥੪॥

ਜੇੜ੍ਹਾ ਘੜੀ ਮੁੜੀ ਮੂਤਰੇ ਅਰ ਸਰਦੀ ਕਾਲ ਵਿੱਚ, ਇਸ ਨਾਲੋਂ ਬੀ ਬਹੁਤਾ ਮੂਤਰੇ, ਇਹ ਜਲ ਪ੍ਰਮੇਹ ਸਮਾਨ ਜ਼ਾਣੋ, ਇਨ੍ਹਾਂ ਦੋਹਾਂ ਦਾ ਯਤ ਇੱਕ ਸਮਾਨ ਹੀ ਹੈ ॥੩॥

ਬਹੁਤਾ ਮੂਤਰੇ ਇਸਨੂੰ ਸੋਮ ਰੋਗ ਆਖਦੇ ਹਨ, ਯਾ ਮੂਤ੍ਰ ਦੇ ਅਤਿਸਾਰ ਕਹੇ ਜਾਂਦੇ ਹਨ। ਕਈ ਇਸੇ ਨੂੰ ਸੋਮ ਰੋਗ ਆਖਦੇ ਹਨ, ਪੰਡਿਤ ਜਨ ਇਸਦਾ ਯਤਨ ਦਸਦੇ ਹਨ :—॥੪॥

ਉਤਾਇ (ਵੰਗਸੇਨਾਤ)—ਦੋਹਰਾ

ਤਾਲਕੰਦ ਖਰਜੂਰ ਲੈ ਯਸਟੀ ਕੰਦਵਿਦਾਰ।
ਮਿਸਰੀ ਮਧ ਸੌਂ ਚਾਟੀਐ ਸੋਮ ਰੋਗ ਕੋ ਟਾਰ ॥੫॥

੧੯੯੭—ਤਾੜ ਦਾ ਫਲ, ਅਜੂਰ, ਮੁਲੱਠੀ, ਵਿਦਾਰੀ ਕੰਦ (ਸਿਆਲੀਆਂ) ਤੇ ਮਿਸਰੀ ਸਮਾਨ

†ਇਸਤ੍ਰੀ ਹੇਜ, ਬਲ ਬੰਦੇਜ਼ ਤੇ ਹੀ ਕਰਦੀ ਹੈ।

Digitized by Panjab Digital Library | www.panjabdigilib.org

ਪੀਹਕੇ ਸ਼ਹਿਤ ਨਾਲ ਚੱਟੇ ਤਾਂ ਸੋਮ ਰੋਗ ਨਾਸ਼ ਹੋਵੇ ॥੫॥

ਤਾਲਕੰਦ ਚੰਦਨ ਅਰੁਨ ਕਦਲੀ ਫੂਲ ਖਜੂਰ ।
ਪਯ ਸੋਂ ਪੀਵਤ ਪ੍ਰਾਤ ਹੀ ਸੋਮ ਰੋਗ ਹੁਇ ਦੂਰ ॥੬॥

੧੯੯੮—ਤਾੜ ਦਾ ਫਲ, ਲਾਲ ਚੰਦਨ, ਕੇਲੇ ਦੇ ਫੁਲ ਤੇ ਖਜੂਰ, ਸਮਾਨ ਭਾਗ ਲੈਕੇ ਪੀਹੇ, ਅਰ ਦੁੱਧ ਨਾਲ ਪ੍ਰਾਤਾ ਕਾਲ ਫੱਕੇ ਤਾਂ ਸੋਮ ਰੋਗ ਨਾਸ਼ ਹੋਵੇ ॥੬॥

ਮਾਖ ਚੂਨ ਮਧੁ ਸਰਕਰਾ ਕੰਦ ਵਿਦਾਰੀ ਯਸਟਿ ।
ਪਯ ਸੋਂ ਪ੍ਰਾਤਹਿ ਖਾਈਏ ਸੋਮ ਰੋਗ ਹੁਇ ਨਸ਼ਟਿ ॥੭॥

੧੯੯੯—ਮਹਾਂ ਦੀ ਦਾਲ ਦਾ ਆਟਾ, ਸ਼ਹਿਤ, ਖੰਡ ਵਿਦਾਰੀਕੰਦ ਤੇ ਮੁਲੱਠੀ ਪੀਹਕੇ ਚੂਰਣ ਕਰੇ ਅਰ ਦੁੱਧ ਨਾਲ ਪ੍ਰਾਤਾਕਾਲ ਫੱਕੇ ਤਾਂ ਸੋਮ ਰੋਗ ਨਾਸ ਹੋਵੇ ॥੭॥

ਚੌਪਈ

ਆਫੂ ਮਾਸਾ ਏਕ ਮੰਗਾਇ । ਵਡੇ ਜਾਇਫਲ ਵੀਚ ਧਰਾਇ ।
ਸੋ ਜਾਫਲ ਦਾਰਮ ਫਲ ਪਾਇ । ਮਾਟੀ ਕਪੜਾ ਸੀਤ ਲਗਾਇ ॥੮॥
ਤਾਕੋ ਗੋਸੇ ਮਾਹਿ ਪਕਾਇ । ਭਸਮ ਨ ਹੋਵਤ ਸੁਧ ਕਢਾਇ ।
ਮਾਟੀ ਝਾੜ ਸਭੋ ਪਿਸਵਾਇ । ਰਤੀ ਏਕ ਸਹਿਤ ਸੋ ਖਾਇ ॥੯॥
ਸੋਮ ਰੋਗ ਜਲ ਮੇਹ ਵਿਨਾਸ । ਕਰਤ ਬੰਧੇਜ ਔਖਦੀ ਖਾਸ ।
ਯਤਨ ਸੰਗ ਔਖਦ ਏ ਕਰੇ । ਬਹੁ ਮੂਤ੍ਰਿ ਕਾ ਨਾਸ ਸੁ ਧਰੇ ॥੧੦॥

੨000—ਅਫੀਮ ਇੱਕ ਮਾਸਾ ਲਵੇ । ਵਡੇ ਜਾਇਫਲ ਦੇ ਵਿੱਚ ਪਾ ਦੇਵੇ ਉਸੇ ਜਾਇਫਲ ਨੂੰ ਇਕ ਅਨਾਰ ਵਿਚ ਪਾਵੇ । ਉਸ ਅਨਾਰ ਨੂੰ ਕਪੜੇ ਵਿਚ ਸੀਕੇ ਫਿਰ ਮਿਟੀ ਲਾਕੇ ਲਿਪੇ । ਇਸਨੂੰ ਗੋਹਿਆਂ ਵਿਚ ਪਕਾਵੇ । ਸੜਨ ਨਾ ਦੇਵੇ, ਸੁਧ ਹੋਏ ਨੂੰ ਕੱਢ ਲਵੇ । ਉਪਰਲੀ ਮਿਟੀ ਝਾੜਕੇ ਹੋਰ ਸਭੋ ਪੀਹ ਰਖੇ । ਇਸ ਵਿਚੋਂ ੧ ਰੱਤੀ ਸ਼ਹਿਤ ਨਾਲ ਖਾਯਾ ਕਰੇ ਤਾਂ ਸੋਮ ਰੋਗ, ਤੇ ਜਲ ਪ੍ਰਮੇਹ ਦਾ ਨਾਸ਼ ਹੋਵੇ । ਇਹ ਦਵਾਈ ਅਛਾ ਬੰਧੇਜ ਕਰਦੀ ਹੈ, ਜੇ ਯਤਨ ਨਾਲ ਇਹ ਦਵਾਈ ਕੀਤੀ ਜਾਵੇ ਤਾਂ ਬਹੁਤੇ ਮੂਤ੍ਰ ਔਣ ਨੂੰ ਰੋਕ ਦੇਵੇ ॥੮ਤੋ ੧੦॥

ਬਿੰਦੁ ਕੁਸ਼ਾਦ ਨਿਦਾਨ--ਦੋਹਰਾ

ਬਸਨ ਸਹਿਤ ਭੋਗੇ ਤ੍ਰਿਯਾ ਵਾ ਰਤਿ ਹੋਵਤ ਭੰਗ ।
ਅਰ ਸੁਜਾਕ ਤੇ ਹੋਤ ਹੈ ਬਿੰਦ ਕੁਸ਼ਾਦ ਸੁਰੰਗ ॥੧੧॥

ਕਧੜਿਆਂ ਵਾਲੀ (ਰਿਤੁਵੰਤੀ) ਇਸਤ੍ਰੀਨਾਲ ਭੋਗ ਕਰੇ, ਅਥਵਾ ਕਰਦੇ ਕਰਦੇ ਰਤੀ ਅਰਥਾਤ

Digitized by Panjab Digital Library | www.panjabdigilib.org

†ਕ੍ਰੀੜਾ ਰੁਕ ਜਾਵੇ । ਯਾ ਸੁਜ਼ਾਕ ਹੋ ਗਿਆ ਹੋਵੇ, ਤਾਂ ਬਿੰਦ ਕੁਸ਼ਾਦ ਹੋ ਜਾਦਾਂ ਹੈ ॥੧੧॥

ਲੱਛਣ--ਦੋਹਰਾ

ਲਿੰਗ ਛਿਦ੍ਰ ਹੋਇ ਮੋਕਲਾ ਵੀਰਯ ਖਲਤ ਸਤਾਵ੍ਹਿ ।
ਅਥਵਾ ਸ੍ਰਵਤਾ ਹੀ ਰਹਿਤ ਹਿਰਸ ਮੇਹ ਭਨਿ ਭਾਵ ॥੧੨॥

ਲਿੰਗ ਦਾ ਛੇਕ ਮੋਕਲਾ (ਖੁਲ੍ਹਾ) ਹੋ ਜਾਵੇ ਤਾਂ ਬੀਰਜ ਛੇਤੀ ਨਿਕਲ ਜੀਦਾ ਹੈ। ਅਥਵਾ ਸ੍ਰਵਤਾ-(ਵਗਦਾ ਹੀ ਰਹਿੰਦਾ ਹੈ, ਇਸਨੂੰ ‡ਹਿਰਸ ਪ੍ਰਮੇਹ ਆਖਦੇ ਹਨ ॥੧੨॥

ਬਿੰਦ ਕੁਸ਼ਾਦ ਉਪਾਇ--ਦੋਹਰਾ

ਕਲੀ ਸਿਰਸਾਹੀ ਪਾਂਚ ਲੈ ਕੁਠਾਲੀ ਪਾਇ ਪਘਾਰੁ ।
ਕੜਛੀ ਸੋਂ ਹਿਲਵਤ ਰਹੈ ਏ ਔਖਦ ਲੈ ਡਾਰੁ ॥੧੩॥
ਚਾਰੁ ਚਾਰੁ ਪੈਸੇ ਗਹੋ ਪੁਛ ਨਿਸਾ ਅਜਵਾਨ ।
ਪਿਪਲ ਤੁਚ ਫਿਰ ਪਾਈਏ ਫੇਰ ਆਵਰੇ ਠਾਨ ॥੧੪॥
ਚਾਰੋ ਪੀਸੀ ਛਿਨ ਛਿਨਹਿ ਪਾਵਤ ਅਰੁ ਰਗੜਾਇ ।
ਮਰਤ ਕਲੀ ਸੌ ਛਾਨੀਐ ਆਛਾ ਵਸਨ ਮਗਾਇ ॥੧੫॥
ਪਾਇ ਖਰਲ ਟੀਕੀ ਕਰੋ ਰੋਦਧਿ ਸੰਗਿ ਪਿਸਾਇ ।
ਤਾਕੋ ਗਜਪੁਟ ਦੀਜੀਏ ਖਾਨ ਯੋਗ ਤੌ ਥਾਇ ॥੧੬॥
ਕਨਕ ਤਨਾ ਜੁ ਨਿਸਾਸਤਾ ਮਿਰਚ ਗਲੋਇ ਸਤ ਲਯਾਇ ।
ਏਲਾ ਆਨੋ ਵ੍ਰਿਧ ਹੀ ਪੈਸਾ ਪੈਸਾਂ ਭਾਇ ॥੧੭॥
ਪੈਸਾ ਭਰ ਬੰਗ ਪਾਈਏ ਸਭੀ ਪੀਸ ਪਯ ਸੰਗ ।
ਖਾਵਤ ਮਾਸਾ ਏਕ ਨਿਤ ਬਿੰਦ ਕੁਸਾਦ ਸੁ ਭੰਗ ॥੧੮॥
ਸੋਮ ਰੋਗ ਅਰ ਮੇਹ ਸਬ ਜਾਤੇ ਲਗੈ ਨ ਵਾਰ ।
ਲਿੰਗ ਤੇਜ ਦੂਨਾ ਹੁਵੈ ਜਯੋਂ ਅਯ ਕੌ ਹਥਿਆਰ ॥੧੯॥

੨੦੦੧—ਕਲੀ ੧੧। ਤੋਲੇ ਲਵੇ, ਉਸਨੂੰ ਕੁਠਾਲੀ ਭਾਵ ਕੜਾਹੀ ਵਿਚ ਪਾਕੇ ਹੇਠ ਅਗ ਜਗਾਕੇ ਪਿਘਲਾਵੇ। ਫਿਰ ਉਸ ਕਲੀ ਨੂੰ ਲੋਹੇ ਦੀ ਕੜਛੀ ਨਾਲ ਹਿਲਾਂਈ ਜਾਵੇ,ਅਤੇ ਹੇਠ ਲਿਖੀਆਂ ਦਵਾਈਆਂ

---

†ਦੂਸਰਾ ਆਦਮੀ ਅਚਾਣਕ ਆ ਜਾਣ ਤੇ ਡਰਕੇ ਛਡ ਤੁਰੇ।

‡ਹਿਰਸ ਪ੍ਰਮੇਹ ਦਾ ਅਸਲ ਭਾਵ ਏਹ ਹੈ, ਕਿ ਸੋਹਣੀ ਸੂਰਤ ਦੇਖ ਦੇਖਦੇ ਖ਼ੁਦਬਖ਼ੁਦ ਵੀਰਜ ਸ੍ਰਵਦਾ ਰਹੇ। ਅਰਥਾਤ ਦ੍ਰਿਸ਼ਨ ਮਾਤ ਤੇ ਹੀ ਬਹਿ ਤੁਰੇ।

Digitized by Panjab Digital Library | www.panjabdigilib.org

ਉਪਰ ਬਰੂਰਦਾ ਰਹੇ। ਪਰੰਤੂ ਇਹ ਚੀਜਾਂ ੪-੪ ਪੈਸੇ ਭਰ ਹੋਣ, ਸੋ ਪੁਖਨਿਸਾ ਅਰਥਾਤ ਕੱਚੀ ਹਲਦੀ ਅਜਵੈਣ ਦੇਸੀ, ਪਿੱਪਲ ਦੀ ਛਿੱਲ ਅਰ ਆਵਲੇ,ਇਨ੍ਹਾਂ ਚਾਰਾਂ ਨੂੰ ਪੀਹਕੇ ਛਿਨ ਛਿਨ ਵਿੱਚ ਉਪਰ ਭੁਰਕੀ ਜਾਵੇ ਤੇ ਰਗੜੇ। ਇਸ ਤਰਾਂ ਜਦ ਕਲੀ ਮਰ ਜਾਵੇ ਤਾਂ ਬਰੀਕ ਕਪੜਾ ਲੈਕੇ ਛਾਣ ਲਵੇ । ਫਿਰ ਖਰਲ ਵਿਚ ਪਾਕੇ ਦਹੀਂ ਗੋਕੇ ਨਾਲ ਪੀਹਕੇ ਟਿੱਕੀ ਬਣਾਇ, ਗਜਪੁਠ ਦੇਕੇ ਫੂਕ ਰੱਖੇ, ਇਹ ਫਿਰ ਖਾਣ ਯੋਗ ਹੋ ਜਾਂਦੀ ਹੈ। ਇਸ ਵਿੱਚ ਕਣਕ ਦਾ ਨਿਸ਼ਾਸਤਾ, ਮਿਰਚ, ਗਲੋ ਦਾ ਸਤ ਤੇ ਇਲਾਚੀ ਵੱਡੀ ਇਹ ਸਭ ਪੈਸਾ ਪੈਸਾ ਭਰ ਲਵੇ, ੧ ਪੈਸਾ ਭਰ ਉਪਰਲੀ ਮਾਰੀ ਹੋਈ ਵੰਗ (ਕਲੀ) ਪਾਕੇ ਪੀਹਕੇ ਗੋਕੇ ਦੁੱਧ ਨਾਲ ੧ ਮਾਸਾ ਖਾਯਾ ਕਰੇ, ਬੇਨਾਗਾ ੧ ਸਾਤਾ ਖਾਵੇ ਤਾਂ ਵਿੰਦੁਕੁਸ਼ਾਦ ਨਾਸ਼ ਹੋਵੇ। ਸੋਮ ਰੋਗ ਤੇ ਪ੍ਰਮੇਹ ਛੇਤੀ ਹਟੇ ਅਤੇ ਲਿੰਗ ਦਾ ਤੇਜ ਇਤਣਾ ਦੂਣਾ ਵਧੇ ਮਾਨੋ ਕੋਈ ਲੋਹੇ ਦਾ ਹਥਿਆਰ ਹੈ ॥੧੩ ਤੋਂ ੧੯॥

ਦੋਹਰਾ—

ਈਸਬੰਦ ਮੂਲੀ ਤੁਖਮ ਕੁਚਲੇ ਅਕਰਾਕਰਾਇ।
ਮਾਲਕੰਗਨੀ ਬਾਵਚੀ ਕੁਠ ਭਲੀ ਲੈ ਆਇ ॥੨੦॥
ਨਵ ਨਵ ਟੰਕ ਜੁ ਪ੍ਰਿਥਕ ਲੈ ਮਿੱਠਾ ਪੈਸਾ ਏਕ।
ਅਧ ਪਲ ਪਾਵੇ ਜਾਇਫਲ ਦਰੜੀ ਸੀਸੀ ਏਕ ॥੨੧॥
ਮੁਖ ਮਹਿ ਖਸ ਦੇ ਕਾਢੀਐ ਹੇਠ ਕਟੋਰੀ ਰਾਖ।
ਯੰਤ੍ਰ ਪਤਾਲ ਕਰੀ ਕਢੋ ਤੇਲ ਤਨੀ ਵਿਧ ਭਾਖ ॥੨੨॥
ਆਫੂ ਚਾਰ ਜੁ ਗੁੰਜ ਭਰ ਪਾਰਦ ਗੁੰਜਾ ਦੋਇ।
ਤੇਲ ਮਾਹਿ ਸੋ ਪੀਸੀਏ ਸੀਸੀ ਪਾਵੇ ਸੋਇ ॥੨੩॥
ਸਾਤ ਦਿਵਸ ਯਾ ਚਤ੍ਰ ਦਸ ਲੇਪ ਲਿੰਗ ਕੋ ਕੀਜ।
ਊਪਰ ਬਾਂਧੇ ਪਾਨ ਦਲ ਬਿੰਦੁਕਸ਼ਾਦ ਸੁਖੀਜ ॥੨੪॥
ਹਥਰਸ ਸੋਮ ਜੁ ਰੋਗ ਹੀ ਜਾਵਤ ਛਿਨ ਮਹਿ ਏਹ।
ਲਿੰਗ ਤੇਜ ਹੋਇ ਸੌ ਗੁਨੋ ਤਿਯ ਕੋ ਬਹੁ ਸੁਖ ਦੇਇ ॥੨੫॥

੨੦੦੨—ਹਰਨਲ, ਮੂਲੀ ਦੇ ਬੀਜ, ਕੁਚਲੇ, ਅਕਰਕਰਾ, ਮਾਲਕੰਙਣੀ ਬਾਵਚੀ ਤੇ ਕੁੱਠ ਕੌੜੀ, ਇਹ ਸਭ ਨੌ ਨੌ ਟੰਕ, ਮਿੱਠਾ ਤੇਲੀਆ ੧ ਪੈਸਾ ਭਰ, ਦੋ ਤੋਲੇ ਜਾਇਫਲ, ਪਾਕੇ ਦਰੜਾ ਜੇਹਾ ਸਭ ਦਾ ਕਰਕੇ ਸ਼ੀਸੀ ਵਿਚ ਪਾਕੇ, ਸ਼ੀਸੀ ਦੇ ਮੂੰਹ ਵਿਚ †ਖੱਸ ਦੇ ਕੇ ਹੇਠ ਕਟੋਰੀ ਰੱਖਕੇ ਪਤਾਲ ਯੰਤ੍ਰ ਦੁਆਰਾ ਤੇਲ. ਕੱਢ ਲਵੇ ਫਿਰ ਉਸ ਤੇਲ ਵਿਚ ਅਫੀਮ ੪ ਰੱਤੀ ਭਰ ਤੇ ਪਾਰਾ ੨ ਰੱਤੀਆਂ ਪਾਕੇ ਪੀਹੇ, ਫਿਰ ਇਸ ਤੇਲ

†ਖੱਸ ਇਸ ਵਾਸਤੇ ਮੂੰਹ ਵਿਚ ਦਿਤੀ ਜਾਂਦੀ ਹੈ ਚੀਜਾਂ ਹੇਠ ਨਾਂ ਨਿਕਲ ਜਾਣ,ਸੋ ਕਦੇ ਖੱਸ ਸੱੜਕੇ ਮੂੰਹ ਬੰਦ ਹੋ ਜਾਂਦਾ ਹੈ, ਇਸਤੇ ਲੋਹੇ ਦੀ ਤਾਰ ਗੁਛਾ ਕਰਕੇ ਮੂੰਹ ਵਿਚ ਦੇ ਕੇ ਤੇਲ ਕੱਢੇ।

Digitized by Panjab Digital Library | www.panjabdigilib.org

ਨੂੰ ਸ਼ੀਸ਼ੀ ਪਾਕੇ ਰੱਖੇ, ਇਸਨੂੰ ੭ ਦਿਨ ਯਾ ੧੪ ਦਿਨ ਲਿੰਗ †ਪਰ ਮਲੇ ਅਰ ਪਾਨਪੱਤ੍ਰ ਉੱਪਰ ਬੰਨ੍ਹ ਦਿਆ ਕਰੇ ਤਾਂ ਵਿੰਦ‡ਕੁਸ਼ਾਦ ਨਾਸ਼ ਹੋਵੇ। ਹਥਰਸ ਦਾ ਵਿਗਾੜ ਤੇ ਸੋਮ ਰੋਗ ਨਾਸ਼ ਹੋਵੇ। ਅੱਗੇ ਨਾਲੋਂ ਸੌ ਗੁਣਾ ਲਿੰਗ ਤੇਜ਼ ਹੋ ਜਾਵੇ, ਅਜੇਹਾ ਲਿੰਗ ਇਸਤ੍ਰੀ ਨੂੰ ਬਹੁਤ ਸੁਖ ਦੇਣਹਾਰਾ ਹੈ ॥੨੦ ਤੋਂ ੨੫॥

ਬਾਂਸੇ ਰਸੁ ਸੋਂ ਮਾਰਿਕੈ ਵੱਡੀ ਲਾਇਚੀ ਸੰਗ।
ਜਿਸਤ ਗੁੰਜ ਭਰ ਨਿਤ ਖਵੇ ਬਿੰਦਕ ਸਾਦਹਿ ਭੰਗ ॥੨੬॥

੨੦੦੩—ਬਾਂਸੇ ਦੇ ०ਰਸ ਨਾਲ ਜਿਸਤ ਮਾਰਕੇ ਵੱਡੀ ਇਲਾਚੀ ਨਾਲ ੧ ਰੱਤੀ ਨਿੱਤ ਆਵੇ ਤਾਂ ਬਿੰਦਕੁਸ਼ਾਦ ਨਾਸ਼ ਹੋਵੇ। ਲਿੰਗ ਦੀ ਸੌ ਗੁਣੀ ਤੇਜੀ ਹੋਵੇ ॥੨੬॥

ਦੋਹਰਾ

ਪਲ ਮਿਸਰੀ ਲੈ ਕਾਲਪੀ ਇਕ ਪਲ ਸਿਰਸ ਜੁ ਬੀਜ।
ਪੀਸ ਕਰਖ ਜਲ ਸੋ ਅਚੋ ਬਿੰਦ ਕੁਸ਼ਾਦਹਿ ਖੀਜ ॥੨੭॥

੨੦੦੪—ਕਾਲਫੀ ਮਿਸ਼ਰੀ ੪ ਤੋਲੇ, ਸਰੀਂਹ ਦੇ ਬੀਜ ੪ ਤੋਲੇ ਪੀਹਕੇ ੧ ਤੋਲਾ ਨਿੱਤ ਜਲ ਨਾਲ ਖਾਵੇ। ਤਾਂ ਵਿੰਦਕੁਸ਼ਾਦ ਨਾਸ਼ ਹੋਵੇ॥੨੭॥

ਚੌਪਈ

ਸੰਗਦਰਾਜ ਸਿਰਸਾਹੀ ਤੀਨ। ਪੈਸੇ ਆਠ ਲਵੰਗਹਿ ਲੀਨ।
ਤਾਸਮ ਅਛੀ ਆਫੂ ਮੇਲ। ਭਸਮ ਕਰੋ ਕੁਠਾਲੀ ਠੇਲ ॥੨੮॥
ਲੋਹ ਦੰਡ ਸੋ ਗਾਹਾ ਕਰੋ। ਹੇਠ ਕੜਾਹੀ ਅਗਨਿ ਜੁ ਬਰੋ।
ਰਗੜਤ ਭਸਮ ਹੋਤ ਜਬ ਜਾਇ। ਤਬ ਸੋ ਸੀਤਲ ਕਰੀ ਰਖਾਇ॥੨੯॥
ਪਾਨ ਪਾਤ ਗੁੰਜਾ ਇਕ ਖਾਇ। ਬਿੰਦਕੁਸ਼ਾਦ ਸੁ ਦੂਰ ਪਰਾਇ।
ਬਢਤ ਤੇਜ ਬੰਧੇਜ ਸੁ ਕਰੈ॥ ਦਿਨ ਇਕ ਬੀਸੈ ਖਾਵਨ ਧਰੈ॥੩੦॥

੨੦੦੫—ਸੰਗਦਰਾਜ ੩ ਸਿਰਸਾਹੀਆਂ, ਲੌਂਗ ੮ ਪੈਸੇ ਭਰ, ਪੱਕੀ ਅਫੀਮ ੮ ਪੈਸੇ ਭਰ, ਕੜਾਹੀ ਵਿਚ ਪਾਕ ਫੂਕੇ, ਲੋਹੇ ਦੇ ਡੰਡੇ ਨਾਲ ਘੋਟੀ ਜਾਵੇ। ਕੜਾਹੀ ਦੇ ਹੇਠਾਂ ਅੱਗ ਜਗਾ ਦੇਵੇ। ਰਗੜਦਿਆਂ ਰਗੜਦਿਆਂ ਜਦ ਸੁਆਹ ਹੋ ਜਾਵੇ ਤਾਂ ਠੰਢੀ ਕਰਕੇ ਰੱਖ ਛੱਡੇ। ਇਸਨੂੰ ਪਾਨ ਦੇ ਪੱਤਰ ਵਿਚ ੧ ਰੱਤੀ ਖਾਵੇ ਤਾਂ ਬਿੰਦਕੁਸ਼ਾਰ ਦੂਰ ਹੋ ਜਾਵੇ। ਤੇਸੀ ਤੇ ਵਧਕੇ ਬੰਧੇਜ ਕਰੇ ਹੈ। ਇਸਨੂੰ ੨੧ ਦਿਨ ਖਾਵੇਂ ॥੨੮ ਤੋਂ ੩੦॥

---

†ਤੇਲ ਦਾ ਮਲਣਾ ਯਾ ਲਗੌਣਾ ਲਿੰਗ ਦੀ ਉਪਰ ਤਰਫ ਕਰੇ, ਹੇਠ ਲਗੌਣਾ ਨੁਕਸਾਨ ਕਰਦਾ ਹੈ।

‡ਵਿੰਦਕੁਸ਼ਾਦ—ਅਰਥਾਤ ਧਾਤ ਛੇਤੀ ਨਿਕਲ ਜਾਣੀ ਛੇਕ ਮੋਕਲਾ ਹੋਣ।

०ਕੜਾਹਾ ਵਿਚ ਜਿਸਤ ਪਾਕੇ ਅੱਗ ਪਰ ਧਰੇ ਤੇ ਬਾਂਸੇ ਦਾ ਰਸ ਪਈ ਜਾਵੇ ਤੇ ਹਲਾਵੇ, ਮਰਕੇ ਵੱਲ ਜਾਊ।

Digitized by Panjab Digital Library | www.panjabdigilib.org

ਦੋਹਰਾ

ਬੀਜਬੰਦ ਅਰ ਮੋਚਰਸ ਜਾਤੀਫਲ ਦਧਿ ਸੋਖ।
ਜਾਵੱਤ੍ਰੀ ਤਜ ਕਮਰਕਸ ਗੋਖਜਰ ਅਸਗੰਧ ਜੋਖ ॥੩੧॥
ਸਤਾਵਰੈ ਤਮਾਲ ਦਲ ਸਜਾਮ ਮੂਸਲੀ ਆਨ।
ਲਾਸੂੜੈ ਗਾਜਰ ਤੁਖਮ ਮਸਤਕ ਰੂਮੀ ਠਾਨ ॥ ੩੨ ॥
ਪਲ ਪਲ ਮਾਤ੍ਰਾ ਸਬਨ ਕੀ ਗੋ ਪਯ ਪੰਚ ਜੁ ਸੇਰ।
ਸਭੀ ਪੀਸ ਖੋਵਾ ਕਰੀ ਲੇਹੁ ਉਤਾਰੀ ਫੇਰ ॥੩੩॥
ਸਹਿਤ ਸੰਗ ਗੋਲੀ ਕਰੀ ਕਰਖ ਏਕ ਪਯ ਸੰਗ।
ਰਜਨੀ ਕੋ ਨਿਤ ਖਾਈਐ ਵਿੰਦਕੁਸ਼ਾਦਹਿ ਭੰਗ ॥੩੪॥
ਕਾਮ ਬਧਤ ਅਤਿ ਚੌਗੁਨੋ ਸੋਮ ਰੋਗ ਕਾ ਨਾਸ।
ਮਿਲਤ ਤੀਯ ਅਤਿ ਚਾਯ ਕਰੁ ਕਬਹੁ ਨ ਛਾਡਤ ਪਾਸ ॥੩੫॥

੨੦੦੬—†ਬੰਦਬੀਜ, ਮੋਚਰਸ, ਜਾਫਲ, ਸਮੁੰਦ੍ਰਸੋਖ, ਜਾਵਤ੍ਰੀ, ਤਜ ਸੱਕ, ਕਮਰਕੱਸ਼, ਭੱਖੜਾ, ਅਸਗੰਧ, ਸਤਾਵਰ, ਤਮਾਲਪਤ੍ਰ, ਕਾਲੀਮੂਸਲੀ, ਲਸੂੜੇ, ਗਾਜਰ ਦੇ ਬੀਜ ਤੇ ਰੂਮੀ ਮਸਤਕੀ, ਇਨ੍ਹਾਂ ਸਭਨਾਂ ਦੀ ਮਾਤ੍ਰਾ ੪-੪ ਤੋਲੇ ਪ੍ਰਮਾਣ ਲਵੇ। ਗੋਕਾ ਦੁੱਧ ੫ ਸੇਰ ਪਾਕੇ ਸਾਰੀਆਂ ਬਸਤਾਂ ਪੀਹਕੇ ਦੁੱਧ ਵਿੱਚ ਪਾਕੇ ਖੋਵਾ ਕਰਕੇ ਸ਼ਹਿਤ ਨਾਲ ਇੱਕ ਇੱਕ ਤੋਲੇ ਦੀ ਗੋਲੀ ਬੰਨ੍ਹੇ, ਰਾਤ ਨੂੰ ਨਿੱਤ ਇੱਕ ਖਾਯਾ ਕਰੇ, ਤਾਂ ਬਿੰਦਕੁਸ਼ਾਦ ਨਾਸ ਹੋਵੇ, ਕਾਮਦੇਵ ਚੌਗੁਣਾ ਵਧੇ, ਸੋਮਰੋਗ ਦਾ ਪ੍ਰਭਾਵ ਇਸਤ੍ਰੀ ਚਾਉ ਧਾਰਕੇ ਮਿਲੇ, ਪਾਸ ਸੇ ਕਦੇ ਬੀ ਨਾ ਜਾਵੇਗੀ ॥ ੩੧ ਤੋਂ ੩੫ ॥

ਚੌਪਈ

ਬਕਾਯਨ ਜੜ ਛਾਲ ਮੰਗਾਇ। ਪੋਸਤ ਕੂੰਪਲ ਖਸ ਜੁ ਰਲਾਇ।
ਲਘ ਦੋਧਕਸਬਬਸਨ ਛਨਾਇ। ਪਚਾਸ ਪਚਾਸ ਜੁ ਮਾਸੇ ਲਿਆਏ ॥੩੬॥
ਖਟ ਜੁ ਸੇਰ ਪੱਕੇ ਗੋ ਦੂਧ। ਸਭੀ ਮੇਲ ਖੋਵਾ ਕਰ ਸੂਧ।

---

†ਬੀਜਬੰਦ-ਕਾਲੇ ਰੰਗ ਦੇ ਚਮਕਦਾਰ ਬੀਜ ਹੁੰਦੇ ਹਨ, ਕਈ ਚੂਕੇ ਦੇ ਬੀਜ ਕਈ ਸ਼ਤਜਾਨਾਸੀ ਦੇ ਬੀਜ ਆਖਦੇ ਹਨ, ਪਰੰਤੂ ਇਹ ਬੂਟੀ ਸਈ ਪਾਲਕ ਦੇ ਰੁਕ ਅਸਲ ਵਿੱਚ ਹੁੰਦੀ ਹੈ। ਉਸ ਪਰ ਬੀਜਾਂ ਦੇ ਬੰਦਾਂ ਦੇ ਬੰਦ ਲਗੇ ਹੋਏ ਹੁੰਦੇ ਹਨ, ਓਹੋ ਬੀਜ ਬੰਦ ਹੈ। ਇਹ ਕਾਹਨੂਵਾਣ ਦੇ ਆਸ ਪਾਸ ਬਹੁਤ ਪੈਦਾ ਹੁੰਦੀ ਹੈ।

ਭਾਵ ਪ੍ਰਕਾਸ਼ ਟੀਕਾ ਵਾਲੇ ਦਾ ਮਤ ਖਰੇਟੀ ਦੇ ਬੀਜ ਹਨ, ਕਈਆਂ ਦਾ ਵਿਚਾਰ ਹੈ ਕਿ ਭੋੜਭੜਿੰਗ ਦੇ ਬੀਜ ਹਨ, ਅਰਲ ਵਿੱਚ ਚੂਕੇ ਦੇ ਬੀਜ ਹੀ ਸਰੇਸ਼ਟ ਹਨ।

Digitized by Panjab Digital Library | www.panjabdigilib.org

ਛੇ ਸਿਰਸਾਹੀ ਖੰਡ ਪਵਾਇ। ਛੇ ਸਿਰਸਾਹੀ ਸਹਿਤ ਮਿਲਾਇ ॥੩੭॥
ਛੇ ਸਿਰਸਾਹੀ ਗੋ ਘ੍ਰਿਤ ਦੇਇ। ਸਭੀ ਮੇਲ ਖੋਏ ਮੈ ਲੇਹ।
ਦੋ ਸਿਰਸਾਹੀ ਗੋਲੀ ਨਾਇ। ਵਿੰਦਕੁਸ਼ਾਦ ਸੋਮ ਰੁਜ ਜਾਇ ॥੩੮॥

੨੦੦੭—ਬਕਾਇਣ ਦੀ ਜੜ ਦੀ ਛਿਲ। ਪੋਸਤਦੀਆਂ ਕੂੰਮਲੀਆਂ ਖੱਸ, ਤੇ ਛੋਟੀ ਦੋਧਕ, ਪੀਹ ਛਾਣਕੇ ਰਖੇ; ਪਰੰਤੂ ਇਹ ਪੰਜਾਹ ਪੰਜਾਹ ਮਾਸੇ ਹੋਣ। ਗੋਕਾ ਦੁਧ ੬ ਸੇਰ ਪੱਕਾ ਪਾਕੇ ਖੋਯਾ ਕਰਕੇ ੬† ਸਿਰਸਾਹੀਆਂ ਖੰਡ ਪਾਵੇ, ੬ ਸਿਰਾਹੀਆਂ ਹੀ ਸ਼ਹਿਤ ਰਲਾਵੇ।੬ਸਿਰਸ਼ਾਹੀ ਗੋਕਾ ਘ੍ਰਿਤ ਪਾਵੇ। ਇਹ ਸਭੋ ਖੋਏ ਵਿਚ ਮਿਲਾਕੇ, ਦੋ ਸਿਰਸਾਹੀ ਪ੍ਰਮਾਣ ਗੋਲੀ ਕਰਕੇ ਖਾਯਾ ਕਰੇ, ਤਾਂ ਬਿਦਕੁਸ਼ਾਦ ਤੇ ਸੋਮਰੋਗ ਨਾਸ ਕਰੇ ॥ ੩੬ ਤੋਂ ੩੮ ॥

ਚੌਪਈ

ਈਸ ਬੰਦ ਅਧਸੇਰ ਮੰਗਾਇ। ਦੋ ਸੇਰ ਪਾਨੀ ਮੈ ਉਬਲਾਇ।
ਪਾਛੈ ਤਾਕੋ ਛਾਹਿ ਸੁਕਾਇ। ਸੇਰ ਏਕ ਗੋ ਦੂਧ ਲੈ ਆਇ ॥੩੯॥
ਦੂਧ ਮਾਹਿ ਸੋ ਪਾਇ ਕੜਾਇ। ਸਭੋ ਦੂਧ ਤਾਂ ਮਹਿ ਸੁਕਵਾਇ।
ਤਾਂ ਮਹਿ ਔਖਦ ਏ ਲੈ ਧਰੋ। ਸਹਿਤ ਸੇਰ ਮਿਸਰੀ ਅਧਿਕਰੋ ॥੪੦॥
ਪਾਤ ਕਰੀ ਮੈ ਪਾਵੈ ਏਹ। ਤਾਂਕੋ ਨਾਮ ਭਲੇ ਸੁਨ ਲੇਹ।
ਗੂੰਦ ਨਗੌਰੀ ਦਸ ਲੈ ਪੈਸੇ। ਜਾਫਲ ਟੰਕ ਦਸੇ ਲੈ ਪੈਸੇ ॥੪੧॥
ਏਲਾ ਲੌਂਗ ਜੁ ਪੰਚ ਪੰਚ ਟੰਕ। ਮਿਠਾ ਟੰਕ ਏਕ ਲੈ ਅੰਕ।
ਸਭੋ ਮੇਲਿ ਗੋਲੀ ਟੰਕ ਕਰੋ। ਦੂਧ ਸੰਗ ਖਾਵਨ ਨਿਸ ਧਰੋ ॥੪੨॥
ਸੋਮ ਰੋਗ ਅਰ ਬਿੰਦਕੁਸ਼ਾਦਿ। ਦੁਗਨ ਤੇਜ ਹਥਰਸ ਵਿਖਵਾਦ।
ਬੀਸ ਮੇਹ ਛਿਨਮਾਹਿ ਮਿਟਾਇ। ਉਤਮ ਔਖਦਦਈ ਬਤਾਇ ॥੪੩॥

੨੦੦੮—ਹਰਮਲ ਅਪਸੇਰ। ਦੋ ਸੇਰ ਪਾਣੀ ਵਿਚ ਪਾਕੇ, ਅੱਗ ਚਾੜ੍ਹ ਉਬਾਲੇ, ਇਸਨੂੰ ਫਿਰ ਛਾਵੇਂ ਸੁਕਾਵੇ, ਸੁਕੇ ਤਾਂ ੧ ਸੇਰ ਦੁਧ ਵਿਚ ਪਾਵੇ ਕਾੜ੍ਹੇ, ਜਦ ਸਾਰਾ ਦੁਧ ਸੁਕ ਜਾਵੇ, ਤਾਂ ਫਿਰ ਹੇਠ ਲਿਖੀਆਂ ਦਵਾਵਾਂ ਪਾਵੇ ਕਿ—ਸ਼ਹਿਤ ੧ ਸੇਰ, ਮਿਸਰੀ ਅਧ ਸੇਰ, ਪੱਤ ਕਰਕੇ ਪਾਕੇ ਫਿਰ ਇਹ ਪਾਵੇਕਿ—ਨੌਗੋਰੀ ਗੂੰਦ ੧੦ ਪੈਸੇ ਭਰ, ਜਾਯਫਲ ੧੦ ਪੈਸੇ ਭਰ, ਇਲਾਚੀ ੫ ਟੰਕ ਲੌਂਗ ੫ ਟੰਕ, ਮਿਠਾ ਤੇਲੀਆ ੧ ਟੰਕ ਸਾਰਿਆਂ ਨੂੰ ਮਿਲਾ ਕੇ ਗੋਲੀ ੧ ਟੰਕ ਦੀ ਬਣਾਵੇ। ਦੁੱਧ ਨਾਲ ਰਾਤ ਨੂੰ ਖਾਵੇ, ਤਾਂ ਸੋਮਰੋਗ ਬਿੰਦ-ਕੁਸ਼ਾਦ ਨਾਸ ਕਰੇ। ਦੂਣਾ ਤੇਜ ਵਧੇ, ਹੱਥ ਰਸ ਦਾ ਦੂਸ਼ਣ ਦੂਰ ਹੋਵੇ, ਵਿਖਾਦਿ ਕਰਨ ਨਾਸਨ ਹਾਰ ਅਰ ਬੀਸ ਪ੍ਰਮੇਹਾਂ ਦੇ ਹਟੌਣ ਹਾਰੀ ਸਰੇਸ਼ਠ ਦਵਾਈ ਹੈ ॥੩੯ ਤੋਂ ੪੩ ॥

---

†ਇਕ ਸਿਰਸਾਹੀ ਸਵਾ ਦੋ ਤੋਲੇ ਦੀ ਹੁੰਦੀ ਹੈ।

Digitized by Panjab Digital Library | www.panjabdigilib.org

ਬਾਜੀਕਰਣ–ਦੋਹਰਾ

ਪਥੜਾ ਨਾਗਰ ਪੀਪਰੀ ਏਲਾ ਪਤ੍ਰ ਜੁ ਜਾਨ।
ਮਿਰਚ ਜਾਇਫਲ ਅਸਗੰਧ ਕੇਸਰ ਲੌਂਗ ਵਖਾਨ ॥੪੪॥
ਸਬਕੇ ਸਮ ਬੰਗ ਪਾਈਐ ਪੀਸ ਟੰਕ ਪਯ ਸੰਗ।
ਖਾਵਤ ਨਾਸੈ ਵੀਸ ਹੀ ਮੇਹ ਰੋਗ ਸਬ ਭੰਗ ॥੪੫॥
ਸਬਲ ਕਰਤ ਬਾਜੀ ਕਰਤ ਜੋਰ ਰੰਗ ਤਨ ਹੋਇ।
ਭੋਗਤ ਬਹੁਤੀ ਕਾਮਨੀ ਲਿੰਗ ਰੋਗ ਸਬ ਖੋਇ ॥੪੬॥

੨੦੦੯–ਹਰੜ, ਸੁੰਢ, ਮਘ, ਇਲਾਚੀ, ਤਜਪੱਤ੍ਰ, ਮਿਰਚ, ਜਾਫਲ, ਅਸਗੰਧ, ਕੇਸਰ ਤੇ ਲੌਂਗ ਇਕ ਸਮਾਨ, ਫਿਰ ਸਭਨਾਂ ਦੇ ਸਮਾਨ ਮ੍ਰਿਤ ਕਲੀ ਪਾਕੇ ਪੀਹਕੇ ਮਿਲਾਵੇ, ੧ ਟੰਕ ਗੋਕੇ ਦੁੱਧ ਨਾਲ ਨਿੱਤ ਖਾਵੇ ਤਾਂ ੨੦ ਪ੍ਰਕਾਰ ਦੇ ਪ੍ਰਮੇਹ ਸਭ ਨਾਸ਼ ਕਰੇ। ਬਲ ਕਰੇ, ਬਾਜੀਕਰਣ ਵਧੇ, ਜ਼ੋਰ ਵਧੇ, ਰੰਗ ਵਧੇ, ਬਹੁਤੀਆਂ ਇਸਤ੍ਰੀਆਂ ਦੇ ਭੋਗਨ ਦੀ ਸਮਰਥ ਹੋਵੇ ਤੇ ਲਿੰਗ ਦੀਆਂ ਤਮਾਮ ਹਰਕਤਾਂ ਦੂਰ ਕਰੇ ॥ ੪੪ ਤੋਂ ੪੬ ॥

ਵੰਗਸੇਨਾਤ-ਦੋਹਰਾ

ਧਾਤ੍ਰੀ ਜਾਤੀਫਲ ਸਿਤਾ ਏਲਾ ਲੌਂਗ ਕਪੂਰ।
ਗੋਖਰ ਕੇਸਰ ਸਾਲਮਲੀ ਸੌਂਫ ਸੁੰਢ ਬੰਗਪੂਰ ॥੪੭॥
ਦੂਧ ਸਹਿਤ ਇਕ ਟੰਕ ਹੀ ਖਾਵਤ ਜੋ ਨਰ ਏਹ।
ਬੀਸ ਮੇਹ ਨਸਿ ਜਾਤ ਹੈ ਵਧੈ ਬੀਜ ਬਲ ਤੇਹ ॥੪੮॥

੨੦੧੦—ਆਵਲੇ, ਜਾਫਲ, ਮਿਸ਼ਰੀ, ਇਲਾਚੀ, ਲੌਂਗ, ਕਪੂਰ, ਭੱਖੜਾ; ਕੇਸਰ, ਸਿੰਮਲ ਦੀ ਮੂਸਲੀ, ਸੌਂਫ, ਸੁੰਢ ਤੇ ਬੰਗ ਸਮਾਨ ਲੈ ਕੇ ਦੁੱਧ ਨਾਲ ਇਕ ਟੰਕ ਅਰਥਾਤ ੪ ਮਾਸੇ ਪੁਰਖ ਇਸਤ੍ਰੀ ਚਾਹੇ ਕੋਈ ਖਾਵੇ ਤਾਂ ੨੦ ਪ੍ਰਮੇਹ ਨਸ਼ਟ ਹੋ ਜਾਂਦੇ ਹਨ, ਬੀਰਜ ਤੇ ਬਲ ਵਧਦਾ ਹੈ ॥ ੪੭ ਤੋਂ ੪੮ ॥

ਤ੍ਰਿਭੂਖਨ ਤ੍ਰਿਫਲਾ ਛੜ ਗਹੋ ਤੁਗ ਏਲਾ ਕੰਕੋਲ।
ਪਤ੍ਰਜ ਕੇਸਰ ਚੰਦਨੰ ਜਾਤਿ ਪਤ੍ਰ ਗੇ ਘੋਲ ॥੪੯॥
ਲੌਂਗ ਸਿੰਗ੍ਰਾਟਕ ਕਮਲ ਹੀ ਉਪਕੁੰਚਕ ਅਜਵਾਨ।
ਸਬ ਤੇ ਆਧੀ ਬੰਗ ਧਰ ਚੂਰਨ ਪੀਸੀ ਠਾਨ ॥੫੦॥
ਬੰਗੇਸ੍ਵਰ ਇਸ ਨਾਮ ਹੈ ਦੁਗਨੀ ਸਿਤਾ ਮਿਲਾਇ।
ਕਰਖ ਏਕ ਨਿਤ ਖਾਈਐ ਗੋ ਪਯ ਸਾਥ ਮੰਗਾਇ ॥੫੧॥

Digitized by Panjab Digital Library | www.panjabdigilib.org

ਦਵੈਯਾ

ਅਗਨਿ ਘਨੀ ਬਗ ਬੀਸ ਪ੍ਰਮੇਹਾ ਪ੍ਰਦਰ ਅਸਮਰੀ ਜਾਵੈ।
ਧਾਤੁ ਛੀਨ ਅਰ ਮੂਤ੍ਰ ਕੀ ਕ੍ਰਿਛ ਰਕਤ ਜੁ ਪਿੱਤ ਘਟਾਵੈ।
ਅਮਲ ਪਿੱਤ ਸੁਕ੍ਰ ਕਾ ਦੂਖਨ ਬਲੀ ਪਲੱਤਨ ਹੋਈ।
ਜੀਵਤ ਵਰਸ ਏਕ ਸੌ ਜਾਨੋ ਰਸਾਯਨ ਗੁਨ ਜੋਈ ॥੫੨॥
ਖੰਡ ਪੁਰਖ ਬਹੁ ਤੀਯਾ ਰਮ ਹੈ ਜੈਸੇ ਚਟਕ ਵਿਚਾਰੇ।
ਬਾਜੀਕਰਨ ਕਹਯੋ ਯਹਿ ਚੂਰਨ ਬੰਗਸੈਨ ਮਤਿ ਧਾਰੇ।
ਰੋਗ ਦੇਖਕੇ ਵੈਦ ਜੁ ਦੇਵੈ ਤੌ ਤਨ ਹੁਇ ਸੁਖਕਾਰੀ।
ਔਰ ਰੋਗ ਔਖਧ ਹੈ ਔਰੈ ਤੌ ਵਹਿ ਔਗੁਨ ਧਾਰੀ ॥੫੩॥

੨੦੧੧–ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਤ੍ਰਿਫਲਾ (ਹਰੜ, ਬਹੇੜੇ ਆਵਲੇ) ਛੜ, ਮੁਲਠੀ, ਇਲਾਚੀ, ਸਰਦਚੀਨੀ, ਤੇਜਪਤ੍ਰ, ਕੇਸਰ, ਚੰਦਨ, ਜਾਵਿਤ੍ਰੀ, ਲੌਂਗ, ਸੰਘਾੜੇ, ਕਮਲਡੋਡੇ ਤੇ ਕਾਲਾ ਜੀਰਾ, ਸਭੇ ਸਮਾਨ, ਇਨ੍ਹਾਂ ਸਭਨਾਂ ਨਾਲੋਂ ਅੱਧੀ ਬੰਗ, ਚੂਰਣ ਕਰਕੇ ਫਿਰ ਸਭ ਤੋਂ ਦੂਨੀ ਮਿਸ਼ਰੀ ਪਾਵੇ, ਇਮਦਾ ਨਾਮ "ਬੰਗੇਸ੍ਵਰਰਸ" ਹੈ। ਫਿਰ ਇਸਨੂੰ ੧ ਤੋਲਾ ਗੋਕੇ ਦੁੱਧ ਨਾਲ ਖਾਵੇ, ਤਾਂ ਇਹ ਜਠਰਾਗਨੀ ਬਹੁਤ ਵਧਾਵੇ, ਬਲ ਕਰੇ ਬੀਸ ਪ੍ਰਮੇਹ, ਪ੍ਰਦਰ ਪਥਰੀ ਧਾਤੂ ਦੀ ਕਮੀ, ਮੂਤ੍ਰ ਦੀ ਕ੍ਰਿਛਤਾ, ਰਕਤ ਪਿੱਤੀ, ਅਮਲ ਪਿੱਤੀ, ਬੀਰਜ ਦੇ ਨੁਕਸ, ਝੁਰੜੀਆਂ ਦਾ ਪੈਣਾ ਤੇ ਅਕਾਲ ਸਮਯ ਸਫੈਦ ਕੇਸ਼ ਹੋਣੇ ਆਦਿ ਸਭ ਨੂੰ ਨਾਸ਼ ਕਰੇ। ਇਸ ਬੰਗੇਸ੍ਵਰ ਦੇ ਪ੍ਰਭਾਵ ਨਾਲ ਇਕ ਸੌ ਸਾਲ ਜੀਵੇ। ਇਸਦੇ ਗੁਣ ਰਸਾਇਣ ਕਰਨ ਹਾਰੇ ਹਨ। ਨਮਰਦ ਪੁਰਖ ਬਹੁਤੀਆਂ ਇਸਤ੍ਰੀਆਂ ਨਾਲ ਰਮਣ ਕਰ ਸਕਦਾ ਹੈ, ਜਿਸ ਤਰਾਂ ਚਿੜਾ ਤੇਜਵੰਤ ਹੁੰਦਾ ਬਾਜੀਕਰਣ ਹਾਰਾ ਚੂਰਣ ਇਹ ਵੰਗਸੇਨ ਮਤ ਅਨੁਸਾਰ ਕਿਹਾ ਹੈ। ਵੈਦ ਰੋਗ ਜਾਚਕੇ ਦੇਵੇ। ਜੇ ਕਦੇ ਰੋਗ ਹੋਰ, ਔਸ਼ਧੀ ਹੋਰ ਤਾਂ ਗੁਣ ਦੇ ਥਾਂ ਔਗੁਣ ਕਰਨ ਹਾਰੀ ਹੁੰਦੀ ਹੈ ॥੪੯ ਤੋਂ ੫੩॥

ਸਾਰੰਗਧਰਾਤ-ਚੌਪਈ

ਆਸਗੰਧ ਅਰ ਲੋਹੁ ਵਿਧਾਰਾ। ਦਸ ਦਸ ਪਲ ਦੋਨੋ ਸੁ ਵਿਚਾਰਾ।
ਪੀਸੀ ਸਭ ਸਮ ਮਿਸਰੀ ਪਾਇ। ਅਧਪਲ ਗੋਪਯ ਸਾਥ ਖਵਾਇ ॥੫੪॥
ਖਾਵਤ ਮਾਸ ਏਕ ਜੋ ਜਾਨੀ। ਘਨੋ ਜੋਰ ਸਭ ਮੇਹ ਵਿਹਾਨੀ।
ਵਧੈ ਕਾਮ ਤੀਯਾ ਮਨ ਮਾਨੈ। ਬੀਰਜ ਦੋਖ ਸਬਹੂੰ ਕੋ ਭਾਨੈ ॥੫੫॥

੨੦੧੨–ਅਸਗੰਧ, ਵਿਧਾਰਾ, ੪੦–੪੦ ਤੋਲੇ ਲਵੇ। ਪੀਹਕੇ ਦੋਹਾਂ ਦੇ ਸਮਾਨ ਮਿਸ਼ਰੀ ਪਾਕੇ ੨ ਤੋਲੇ ਗੋਕੇ ਦੁੱਧ ਨਾਲ ਖਵਾਵੇ। ਜਦ ੧ ਮਹੀਨਾ ਖਾਂਦੇ ਨੂੰ ਹੋ ਜਾਵੇ ਤਾਂ ਬਹੁਤਾ ਜ਼ੋਰ ਵਧੇ, ਬੀਸ ਪ੍ਰਮੇਹ ਦਾ ਨਾਸ਼ ਕਰੇ। ਬੀਰਜ ਵਧੇ ਤੇ ਇਸਤ੍ਰੀ ਦਾ ਮਨ ਪਤੀਜੇ ਅਰ ਜੇ ਕੁਝ ਬੀਰਜ ਦਾ ਦੋਖ ਹੋਵੇ ਤਾਂ ਨਾਸ ਹੋਵੇ ॥੫੪॥੫੫॥

Digitized by Panjab Digital Library | www.panjabdigilib.org

(ਵੈਦ ਕੌਤੂਹਲਾਤ)

†ਵਲਜ਼ਾ ਗੋਖਜ਼ਰ ਕਪਿਕਛ ਬੀਜ। ਗੰਗੇਰਨ ਸਤਾਵਰ ਲੀਜ।
ਤਾਲ ਮੂਲ ਅਰ ਤਾਲਮਖਾਨਾ। ਸਬਹੀ ਪੀਸੀ ਚੂਰਨ ਛਾਨਾ ॥੫੬॥
ਕਰਖ ਮਾਨ ਗੋ ਪਯ ਸੰਗ ਖਾਇ। ਸਾਤ ਰਾਤ ਲੌ ਕਰੋ ਉਪਾਇ।
ਗਤਿਵੀਰਜ ਸੋਵੀਰਜਹੋਇ। ਕਰਤ ਬੰਦੇਜ਼ ਸੁਖਲਿਤ ਨ ਸੋਇ ॥੫੭॥

੨੦੧੩—†ਆਵਲੇ, ਭਖੜਾ, ਕੌਂਚਬੀਜ, ਗੰਗੇਰਨ (ਅਰਥਾਤ ਗੁਲਸਕਰੀ, ਜਿਸਨੂੰ ਕੰਘੀ ਬੂਟੀ ਪ੍ਰਸਿੱਧ, ਬੋਲਦੇ ਹਨ) ਸਤਾਵਰ, ਤਾਲ ਦੀ ਮੂਲੀ ਤੇ ਤਾਲਨਖਾਣਾ, ਸਮ ਭਾਗ ਪੀਹੇ, ਅਰ ਛਾਣੇ, ੧ ਤੋਲੇ ਦੁੱਧ ਨਾਲ ਰੋਜ ੭ ਦਿਨ ਖਾਵੇ, ਤਾਂ ਜਿਸਦਾ ਬੀਰਜ ਨਾਸ ਹੋ ਗਿਆ ਹੋਵੇ ਸੋ ਪੈਦਾ ਹੋਵੇ ਬੰਧੇਜ ਕਰਦਾ ਹੈ, ਛੇਤੀ ਖਲਾਸ ਹੋਣਾ ਬੰਦ ਹੋਵੇ ॥੫੬॥੫੭॥

(ਤਿਬਾਤ)

ਸਾਲਮ ਸਤਕਾਕਲ ਸਿਲਜੀਤ। ਸੌਰੰਜਾ ਸਤਾਵਰ ਮੀਤ।
ਰੂਮੀ ਮਸਤਕ ਤਜ ਮੰਗਾਇ। ਵੰਸਦ੍ਰਿਗਨ ਗੁਜਰਾਤੀ ਪਾਇ॥੫੮॥
ਕ੍ਰਿਸ਼ਨ ਮੂਸਲੀ ਸਤ ਜੁ ਗਿਲੋਈ। ਤਾਲਮਖਾਨਾ ਗੋਖਜ਼ਰ ਸੋਈ।
ਮੋਚਰਸਹਿ ਸਲਯਾਰਾ ਲੇਇ ਦੋਨੋ ਏਲਾ ਪਤ੍ਰ ਜੁ ਦੇਇ॥੫੯॥
ਅਵਧ ਸੌਖ ਬਹੁ ਫਲੀ ਉਸੀਰ। ਬੀਜਬੰਦ ਲਾਸੂੜੇ ਬੀਰ।
ਸ੍ਵੇਤ ਮੂਸਲੀ ਚੰਦਨ ਸ੍ਵੇਤ। ਤੋਲਾ ਤੋਲਾ ਸਬਹੀ ਲੇਤ ॥੬੦॥
ਪੀਸੀ ਸਬ ਮਹਿ ਬੰਗ ਰਲਾਇ। ਦੋ ਤੋਲੇ ਭਰ ਤੋਲ ਮੰਗਾਇ।
ਸਿਤਾ ਕਾਲਪੀ ਸਭ ਸਮ ਪੀਸ। ਗਊ ਦੂਧ ਸੋ ਖਾਵਤ ਨੀਸ ॥੬੧॥
ਅਥਵਾ ਬਕਰੀ ਪਯ ਸੋ ਦੇਇ। ਤੋਲਾ ਏਕ ਜੁ ਮਾਨ ਕਰੇਇ।
ਬਲੀ ਪੁਸਟ ਬੰਧੇਜ ਸੁ ਕਾਮ। ਲਿੰਗ ਦੇਖ ਕਾ ਰਹੈ ਨ ਨਾਮ ॥੬੨॥
ਜਾਵਤ ਬੀਸ ਮੇਹ ਰੁਜ ਸੋਮ। ਜਯੋਂ ਸੁਗੰਧ ਜਾਵਤ ਲਖ ਬੋਮ।
ਬਢਤ ਧਾਂਤ ਘੋਰੇ ਕੀ ਜੇਮ। ਤਾਸ ਪੁਰਖ ਤਿਯ ਛਡੈ ਨ ਕੇਮ ॥੬੩॥

†ਵਲਜ਼ਾ...ਆਵਲੇ ਹਨ, ਦੇਖੋ ਚਕਿਤਸਾ ਕੋਸ਼

Digitized by Panjab Digital Library | www.panjabdigilib.org

੨੦੧੪—†ਸਿੰਮਲ ਸਫੇਦ, ਸ਼ਕਾਕਲ, ਸਿਲਾਜੀਤ, ਸੁਰੰਜਾਂ ਮਿੱਠੀਆਂ ਸਤਾਵਰ, ਰੂੰਮੀਮਸਤਕੀ, ਤਜ, ਗੁਜਰਾਤੀ, ‡ਤਬਾਸੀਰ, ਕਾਲੀ ਮੂਸਲੀ, ਗਿਲੋਯ, ਦਾ ਸਤ, ਤਾਲਮਖਾਣਾ, ਭੱਖੜਾ, ਮੋਜਰਸ, ਸਲਿਆਰਾ, ਛੋਟੀ ਇਲਾਚੀ, ਡੋਡਾਇਲਾਚੀ, ਤੱਜ ਪੱਤਰ (ਤਮਾਲ ਪਤ੍ਰ ਬੀ ਕਿਹਾ ਜਾਂਦਾ ਹੈ) ਸਮੁੰਦ੍ਰ ਸੋਖ, ਬਹੁਫਲੀ, ਖੱਸ ਚੂਕੇ ਦੇ *ਬੀਜ, ਲਸੂੜੇ, ०ਬਰਾਹੀਕੰਦ, ਚਿੱਟੀਮੂਸਲੀ ਤੇ ਚਿੱਟਾ ਚੰਦਨ, ਇਹ ਸਭ ਤੋਲਾ-ਤੋਲਾ। ਪੀਹਕੇ ਫਿਰ ਦੋ ਤੋਲੇ ਇਸ ਵਿੱਚ ਵੰਗ ਪਾਵੇ। ਸਭ ਦੇ ਬਰਾਬਰ ਦੀ ਕਾਲਪੀ ਮਿਸ਼ਰੀ ਪੀਹਕੇ ਮਿਲਾਵੇ। ਫਿਰ ਇਕ ਤੋਲਾ ਪ੍ਰਮਾਣ ਗੋਕੇ ਯਾ ਬਕ੍ਰੀ ਦੇ ਦੁੱਧ ਨਾਲ ਨਿੱਤ ਖਾਵੇ। ਬਲਵੰਤ ਕਰੇ, ਪੁਸ਼ਟੀ ਕਰੇ, ਬੰਧੇਜ ਕਰੇ। ਲਿੰਗ ਦੇ ਦੋਖ ਨਾ ਨਾਮ ਤਕ ਨਹੀਂ ਰਹਿਣੇ ਦੇਵੇ, ਬੀਸ ਪ੍ਰਮੇਹ, ਸੋਮ ਰੋਗ, ਇਉਂ ਨਾਸ ਹੋ ਜਾਂਦੇ ਹਨ ਜਿਸਤਰਾਂ ਲਸਨਪਾਸੋਂ ਸੁਗੰਧੀ ਨਸ਼ਟ ਹੋ ਜਾਵੇ ਹੈ। ਧਾਤੂ ਘੋੜੇ ਦੀ ਧਾਤੂ ਤਰਾਂ ਬਹੁਤ ਵਧੇ, ਤਿਸੁ ਅਜੇਹੇ ਪੁਰਖ ਨੂੰ ਇਸਤ੍ਰੀ ਕਿਸਤਰਾਂ ਛਡ ਸਕਦੀ ਹੈ? ॥੫੮ ਤੋਂ ੬੩॥

ਧਾਤ ਛੀਨ ਉਪਾਇ—ਦੋਹਰਾ

ਗੋਖਰੂ ਪਾਨ ਜਟਾ ਗਹੇ ਸਤਾਵਰ ਕੰਦ ਵਿਚਾਰ ॥
ਏਕ ਏਕ ਪਲ ਏ ਲਹੇ ਕੌਚ ਉਟੰਗਨ ਧਾਰ ॥੬੪॥
ਵਲਾ ਵੀਜ ਪਲ ਦੋਇ ਦੁਇ ਅਸਗੰਧ ਪਲ ਤ੍ਰਯ ਲੇਇ ॥
ਏਲਾ ਤਜ ਤਮਾਲ ਹੀ ਕਣਾ ਆਮਰੇ ਦੇਇ ॥੬੫॥
ਕੇਸਰ ਚੰਦਨ ਰਕਤ ਛੜ ਗਜ ਕੇਸਰ ਜੁ ਲਵੰਗ ॥
ਛਿੰਨਾ ਮੂਲੀ ਤਾਲ ਕੀ ਬੰਸ ਦ੍ਰਿਗਨ ਲੈ ਅੰਗ ॥੬੬॥
ਚਾਰ ਜਾਤ ਏ ਟੰਕ ਸਬ ਚੂਰਨ ਪੀਸੀ ਛਾਨ ॥
ਸਿੰਬਲ ਰਸ ਪੁਟ ਦੀਜੀਏ ਇਕ ਬਿੰਸਤ ਸੁਭ ਠਾਨ ॥੬੭॥
ਕੁਸ ਰਸ ਭਾਵਨ ਵੀਸ ਦੇ ਧੂਪ ਸੁਕਾਈ ਪੀਸ ॥
ਸਬ ਸਮ ਸਿਤਾ ਮਿਲਾਵਹੋ ਅਧਿ ਪਲੁ ਖਾਵੇ ਈਸ ॥੬੮॥
ਨਸ਼ਟਬੀਜ ਸਹਿਬੀਜ ਹੁਇ ਭੋਗਤ ਇਕ ਸੌ ਨਾਰ ॥
ਘੋਰਾ ਸਮ ਵੀਰਯ ਬਧੈ ਮੂਤ੍ਰ ਕ੍ਰਿਛ ਰੁਜ ਹਾਰ ॥੬੯॥

---

†ਸਿਮਲ ਕਾਲਾ, ਲਾਲ ਭੇਦ ਕਰਕੇ ਦੋ ਪ੍ਰਕਾਰ ਦਾ ਹੁੰਦਾ ਹੈ, ਇਥੇ ਕਾਲਾ ਲਵੇ। ਕਈ 'ਸਾਬਲ" ਅਰਥ ਬੀ ਕਰਦੇ ਹਨ।

‡ਕਈ ਗੁਜੇਰਾਤੀ-ਪਦ ਦਾ ਅਰਥ ਲਾਚੀ ਕਰਦੇ ਹਨ, ਸੋ ਅਗੇ ਦੋਨੋਂ ਲਾਚੀਆਂ ਹਨ, ਇਸਤੇ ਤਬਾਸ਼ੀਰ ਅਰਥ ਹੈ, ਭ੍ਰਮ ਹੋਵੇ ਤਾਂ ਤਿੱਬ ਦੇਖੋ।

*ਬੀਜ ਬੰਦ-ਚੂਕੇ ਦੇ ਬਾਜਾਂ ਨੂੰ ਆਖਦੇ ਹਨ। ਪਰੰਤੂ ਕਈ ਖਿਰੈਟੀ ਬੀਜ ਆਖਦੇ ਹਨ। ਇਹ ਚਮਕਦਾਰ ਕਾਲੇ ਰੰਗ ਦੇ ਬੀਜ ਹੁੰਦੇ ਹਨ।

०ਬੀਰ ਬਰਾਹੀਕੰਦ ਹੈ, ਦੇਖੋ ਸ਼ਬਦ ਸਾਗਰ,

Digitized by Panjab Digital Library | www.panjabdigilib.org

ਕਾਮ ਦੇਵ ਇਸ ਨਾਮ ਭਨ ਕਹ੍ਯੋ ਧਨੰਤ੍ਰ ਆਪ ॥
ਸੇਵਤ ਪਯ ਸੋਂ ਚਤ੍ਰ ਨਰ ਕਟਿਤ ਲਿੰਗਕੇ ਪਾਪ ॥੭੦॥

੨੦੧੫-ਭੱਖੜਾ, ਪਾਨ ਦੀ ਜੜ, ਸਤਾਵਰ ਤੇ ਵਿਕਾਰੀਕੰਦ (ਸਿਆਲੀਆਂ), ਇਹ ਸਭ ੪—੪ ਤੋਲੇ, ਕੌਂਚਬੀਜ, ਉਟੰਙਣਬੀਜ, ਖਿਰੈਟੀ ਦੇ ਬੀਜ (ਬੀਜਬੰਦ) ਇਹ ੮—੮ ਤੋਲੇ, ਅਸਗੰਧ ੧੨ ਤੋਲੇ, ਇਲਾਚੀ, ਤਜ ਸੱਕ, ਤਮਾਲ ਪੱਤ੍ਰ, ਮਘ, ਆਵਲੇ, ਕੇਸਰ, ਲਾਲਚੰਦਨ, ਛੜ, ਨਾਗਕੇਸਰ, ਲੌਂਗ, ਗਿਲੋਯ, ਤਾੜ ਦੀ ਜੜ੍ਹ, ਬੰਸਲੋਚਨ, ਚਾਰਜਾਤ (ਦਾਲਚੀਨੀ, ਇਲਾਚੀ, ਤਜਪਤ੍ਰ, ਨਾਗਕੇਸਰ) ਇਹ ਸਭ ੪-੪ ਮਾਸੇ ਪੀਸਕੇ ਛਾਣ ਚੂਰਨ ਕਰ ਲਵੇ, ਫਿਰ ਸਿੰਬਲ ਦੀ ਜੜ੍ਹ ਦੇ ਰਸ ਦੀਆਂ ੨੧ ਪੁਠਾਂ ਦੇਵੇ, ਫਿਰ ਕੁਸ਼ਾ ਦੇ ਰਸ ਦੀਆਂ ੨੦ ਭਾਵਨਾ ਦੇਵੇ। ਫਿਰ ਸਭ ਦੇ ਸਮਾਨ ਦੀ ਮਿਸ਼ਰੀ ਪਾਕੇ ਮਾਤ੍ਰਾ ਦੋ ਤੋਲੇ ਦੀ ਖਾਵੇ। ਜਿਸਦਾ ਬੀਰਜ ਮਾਰਿਆ ਗਿਆ ਹੋਵੇ, ਓਹ ਬੀਰਜ ਨਾਲ ਭਰੇ, ਇਕ ਸੌ ਇਸਤ੍ਰੀ ਭੋਗਣੇ ਦੀ ਸਮਰਥ ਹੋਵੇ। ਘੋੜੇ ਦੇ ਸਮਾਨ ਬੀਰਜ ਵਧਾਵੇ, ਮੂਤ੍ਰ ਕ੍ਰਿਛ ਰੋਗ ਨਾਸ਼ ਹੋਵੇ। ਇਸ ਚੂਰਣ ਦਾ ਨਾਮ "ਕਾਮਦੇਵ ਚੂਰਣ" ਹੈ, ਧਨੰਤ੍ਰ ਨੇ ਆਪ ਲਿਖ਼ਯਾ ਹੈ। ਪਰੰਤੂ ਚਤੁਰ ਪੁਰਖ ਦੁਧ ਨਾਲ ਸੇਵਨ ਕਰਿਆ ਕਰੇ ਤਾਂ ਉਹ ਮਾਨ ਲਿੰਗ ਦੇ ਪਾਪ ਹੀ ਕੱਟ ਰਿਹਾ ਹੈ ॥੬੪॥ ਤੋਂ ੭੦॥

ਸੋਰਠਾ

ਆਫੂ ਕੇਸਰ ਸੁੰਠ ਮਿਰਚ ਪੀਪਰੀ ਅਕਰਕਰਾ ॥
ਜਲਵਤ੍ਰੀ ਲੈ ਗੁੰਠ ਏਲਾ ਲਘੁ ਜਾਤੀਫਲਾ ॥੭੧॥
ਕੇਸਰ ਗਜ ਧਤੂਰ ਦਾਰਛਿਨੀ ਭਨ ਰੇਨੁਕਾ ॥
ਮੋਚਰਸਹਿ ਲੈ ਪੂਰ ਪਾਨ ਰਸੇ ਇਕ ਜਾਮ ਪਿਸ ॥੭੨॥
ਗੁਟੀ ਚਨਕ ਪਯ ਸੰਗ ਨਿਸਕੋ ਸੇਵਤ ਖਾਈਏ ॥
ਬਧਤ ਬੀਜ ਤਿਯ ਸੰਗ ਏਕ ਪਹਰ ਬੰਧੇਜ ਭਨ ॥੭੩॥

੨੦੧੬-ਪਕਾਈ ਹੋਈ ਅਫੀਮ, ਕੇਸਰ, ਸੁੰਢ, ਮਘ, ਅਕਰਕਰਾ, ਜਾਵਤ੍ਰੀ, ਬੁਜੀਲਾਚੀ, ਜਾਫਲ, ਨਾਗਕੇਸਰ, †ਧਤੂਰਾ, ਦਾਲਚੀਨੀ, ਸੰਭਾਲੂ ਦੇ ਬੀਜ, ਤੇ ਮੋਚਰਸ, ਪਾਨਾਂ ਦੇ ਰਸ ਵਿਚ ਇਕ ਪਹਿਰ ਚੰਗਾ ਖਰਲ ਕਰੇ, ਫਿਰ ਛੋਲਿਆਂ ਦੇ ਦਾਣ ਪ੍ਰਮਾਣ ਗੋਲੀ ਕਰਕੇ ਦੁੱਧ ਨਾਲ ਰਾਤ ਨੂੰ ਸੌਣ ਵਕਤ ਖਾਵੇ ਤਾਂ ਬੀਰਜ ਵਧੇ। ਇਸਤ੍ਰੀ ਨਾਲ ਇਕ ਪਹਿਰ ਦਾ ਬੰਧੇਜ ਕਰੇ ॥੭੩॥

ਚੌਪਈ

ਸੇਰ ਅਰਧ ਬਾਵਚਿ ਨਿਰਗੰਧ ॥ ਸੇਰ ਦੂਧ ਮਹਿ ਕਾੜ੍ਹ ਸੁ ਬੰਧ ॥
ਹੋਤ ਕਿਸਾਰ ਸਾਰਖੀ ਜਬੈ ॥ ਪਾਂਚ ਟਾਂਕ ਨਿਤ ਖਾਵਹੁ ਤਬੈ ॥੭੪॥

---

†ਧਤੂਰੇ ਦੇ ਬੀਜ ਲੈਕੇ ਗਊਮੂਤ੍ਰ ਵਿਚ ੭ ਦਿਨ ਤਰ ਰੱਖੇ, ਮੂਤ੍ਰ ਨਿੱਤ ਬਦਲ ਦਿਆ ਕਰੇ ਬਾਦ ਮਲਕੇ ਸਾਫ ਕਰਕੇ ਗਰਮ ਪਾਣੀ ਨਾਲ ਧਕੇ ਸੁਕਾਕੇ ਪ੍ਰਯੋਗ ਵਿਚ ਪਾਵੇ।

Digitized by Panjab Digital Library | www.panjabdigilib.org

ਤ੍ਰਯ ਸਾਤਾ ਲੈ ਕਰੋ ਉਪਾਇ ॥ ਗਈ ਧਾਤ ਬਹੁਰੋ ਫਿਰ ਥਾਇ ॥
ਬਲ ਤੇਜੀ ਦੂਨੀ ਤਿਸ ਕਰੇ ॥ ਅਕਰੇ ਲਿੰਗ ਛੇਦ ਅਯ ਵਰੇ ॥੭੫॥

੨੦੧੭-ਸੁੱਧ ਕੀਤੀ ਹੋਈ ਬਾਵਚੀ ਅੱਧਾ ਸੇਰ। ਉਸਨੂੰ ੧ ਸੇਰ ਦੁਧ ਵਿਚ ਕਾੜ੍ਹੇ। ਜਦੋਂ ਓਹ ਖੋਏ ਵਾਂਗ ਹੋ ਜਾਵੇ ਤਾਂ ੨੦ ਮਾਸੇ ਨਿੱਤ ਖਾਵੇ। ਤਿੰਨ ਸਾਤੇ ਅਰਥਾਤ ੨੧ ਦਿਨ ਤਕ। ਗਈ ਹੋਈ ਧਾਤੂ, ਫਿਰ ਆ ਜਾਂਦੀ ਹੈ। ਬਲ ਤੇ ਤੇਜੀ ਅਗੇ ਨਾਲੋਂ ਦੂਣੀ ਕਰੇ। ਲਿੰਗ ਅਜਿਹਾ ਆਕੜੇ ਕਿ ਲੋਹੇ ਦੇ ਛੇਕ ਵਿੱਚ ਭਾਵੇਂ ਦੇਵੇ ॥੭੪॥੭੫॥

ਮਾਖ ਚੂਨ ਪਲ ਏਕ ਮੰਗਾਇ ॥ ਘ੍ਰਿਤ ਮਧ ਖੰਡ ਜੁ ਸ੍ਵੇਤ ਰਲਾਇ ॥
ਚਾਰੋ ਸਮ ਅਵਲੇਹੀ ਚਟੇ ॥ ਘਨੀ ਧਾਂਤ ਤਿਰਯਾ ਮਦ ਘਟੇ ॥੭੬॥

੨੦੧੮—੧੯-ਮਹਾਂ ਦਾ ਆਟਾ ੪ ਤੋਲੇ, ਘਿਉ ਸ਼ਹਿਤ ਅਤੇ ਚਿਟੀ ਖੰਡ ਬੀ ਉਸ ਵਿੱਚ ਰਲਾਵੇ। ਚਾਰਾਂ ਦਾ ਤੋਲ ਇਕ ਸਮਾਨ ਅਰਥਾਤ ੪-੪ ਤੋਲੇ ਹੀ ਕਰੇ ਅਰ ਚਟਣੀ ਵਾਂਗ ਕਰਕੇ ਚੱਟੇ ਤਾਂ ਬਹੁਤੇ ਧਾਤੂ ਪੈਦਾ ਕਰੇ, ਉਹ ਫਿਰ ਇਸਤ੍ਰੀ ਦੇ ਮਦ ਨੂੰ ਘਟਾਵੇ ॥੭੬॥

ਹਬ ਰਸ ਉਪਾਇ-ਸੋਰਠਾ

ਗੋਖਜਰ ਟਾਂਕ ਜੁ ਤੀਨ ਤ੍ਰਯ ਪੈਸੇ ਤਿਲ ਸਯਾਮ ਭਨਿ ॥
ਖੀਰ ਸੇਰ ਇਕ ਲੀਨ ਸਬ ਕੀ ਖੀਰ ਪਕਾਇ ਭਖ ॥੭੭॥
ਏਕ ਮਾਸ ਗੌ ਏਮ ਸੰਧਯਾ ਸਭ ਭੋਜਨ ਕਰੋ।
ਹਬਰਸ ਜਾਵਤ ਤੇਮ ਲਿੰਗ ਤੇਜ ਕਾਮਨਿ ਰਿਝੈ ॥੭੮॥

੨੦੨੦-੨੧—ਭਖੜਾ ੧ ਤੋਲਾ, ਕਾਲੇ ਤਿਲ ੩ ਪੈਸੇ ਭਰ, ਦੁੱਧ ੧ ਸੇਰ, ਫਿਰ ਸਭ ਦੀ ਖੀਰ ਰਿੰਨ੍ਹ ਕੇ ਖਾਵੇ ਇਸ ਤਰਾਂ ੧ ਮਹੀਨਾ ਕਰੇ, ਹਰ ਰੋਜ ਪ੍ਰਾਤਾਕਾਲ ਖਾਵੇ ਅਰ ਸੰਧਯਾ ਨੂੰ ਭੋਜਨ ਖਾਯਾ ਕਰੇ ਤਾਂ ਹਬਰਸ ਦਾ ਦੋਸ਼ ਜਾਵੇ। ਲਿੰਗ ਦੀ ਤੇਜੀ ਦੇਖਕੇ ਇਸਤ੍ਰੀ ਪ੍ਰਸੰਨ ਹੋਵੇ ॥੭੭॥੭੮॥

ਅਕਰਕਰਾ ਦਸ ਟੰਕ ਕੇਸਰ ਟੰਕ ਜੁ ਦੁਇ ਭੰਨ।
ਬੰਗ ਟੰਕ ਤ੍ਰਯ ਅੰਕ ਪੰਚ ਟੰਕ ਜਾਤੀਫਲਾ ॥੭੯॥
ਦੁਰਦ ਟਾਂਕ ਛੈਆਨ ਗੁਟਿਕਾ ਆਫੂ ਜਲ ਸਹਿਤ।
ਕੋਕਨ ਸਮ ਨਿਸਖਾਨ ਗਨੋ ਬੰਧੇਜ ਅਨੰਗ ਬਹੁ ॥੮੦॥

੨੦੨੨—ਅਕਰਕਰਾ ੧੦ ਟੰਕ, ਕੇਸਰ ੨ ਟੰਕ, ਬੰਗ ੩ ਟੰਕ, ਜਾਫਲ ੫ ਟੰਕ ਸਿੰਗ੍ਰਫ ੬ ਟੰਕ, ਇਨ੍ਹਾਂ ਦੀ ਗੋਲੀ †ਅਫੀਮ ਦੇ ਜਲ ਨਾਲ ਕਰੇ। ਸੋ ਕੋਕਨਬੇਰ ਸਮਾਨ ਗੋਲੀ ਹੋਵੇ, ਰਾਤ ਨੂੰ ਖਾਵੇ ਤਾਂ ਬਹੁਤਾ ਹੀ ਬੰਧੇਜ ਕਰੇ ਅਰ ਕਾਮ ਜਾਗੇ ॥੭੯॥੮੦॥

---

†੫ ਮਾਸੇ ਅਫੀਮ ਪੱਕੀ ਲੈਕੇ ਜਲ ਵਿਚ ਭਿਉਂਕੇ ਘੋਲ ਉਸ ਜਲ ਨਾਲ ਗੋਲੀ ਬੰਨੇ।

Digitized by Panjab Digital Library | www.panjabdigilib.org

ਹਥ ਰਸ ਕੋ—ਚੌਪਈ

ਸੁੰਨ ਅਕਰਕਰ ਜਾਤੀਫਲਾ। ਲੌਂਗ ਕੰਕੋਲ ਜੁ ਪਦਮਾਖ ਲਾ।
ਕੇਸਰ ਕ੍ਰਿਸ਼ਨਾ ਕ੍ਰਿਸ਼ਨਾਗਰਾ। ਤੀਨ ਤੀਨ ਟੰਕ ਲੈ ਸਬ ਧਰਾ ॥੯੧॥
ਦਾਰੂ ਕੇ ਸਮ ਕਦ ਮੰਗਾਇ। ਸ੍ਵੇਤ ਸਿਤਾ ਕਥ ਜਾਨੋ ਭਾਇ।
ਗੁਟਕਾ ਮਧ ਸੋ ਟਾਂਕ ਪ੍ਰਮਾਨ। ਖਾਵਤ ਸੰਧਯਾ ਸਿਤ ਪਯ ਪਾਨ ॥੯੨॥
ਕਰਤ ਬੰਧੇਜ ਧਾਤੁ ਬਹੁ ਹੋਇ। ਤੇਜ ਦੁਗਨ ਤਿਸ ਨਰ ਕੇ ਜੋਇ।
ਹਸਤ ਕਰਮ ਕਾ ਦੂਖਨ ਟਰੈ। ਕਾਮਨਿ ਕਾ ਮਨ ਨਿਹਚੈ ਹਰੈ ॥੯੩॥

੨੦੨੩—ਸੁੰਢ, ਅਕਰਕਰਾ, ਜਾਫਲ, ਲੌਂਗ, ਸਰਦਚੀਨੀ, ਕਮਲ ਡੋਡੇ, ਕੇਸਰ, ਮਘ, †ਕਾਲਾ ਅਗਰੁ ਸਭੇ ੧-੧ ਤੋਲਾ; ਇਨ੍ਹਾਂ ਸਭਨਾਂ ਸਮਾਨ ਕੱਥ, ਕੱਥ ਦੇ ਬਰਾਬਰ ਦੀ ਚਿੱਟੀ ਖੰਡ, ਫਿਰ ਸ਼ਹਿਤ ਨਾਲ ਗੋਲੀ ੪ ਮਾਸੇ ਦੀ ਕਰੇ। ਇਸਨੂੰ ਸੰਧਯਾ ਸਮਯ ਖਾਵੇ, ਮਿਸ਼ਰੀ ਮਿਲਾਯਾ ਦੁੱਧ ਕੋਸਾ ੨ ਉਪਰੋਂ ਪੀਵੇ। ਇਹ ਬੰਧੇਜ ਪੈਦਾ ਕਰੇ, ਧਾਤੂ ਵਧਾਵੇ। ਅਗੇ ਨਾਲੋਂ ਦੂਣਾ ਤੇਜ ਤਿਸਨੂੰ ਵਧੇ। ਹਥ ਰਸ ਦਾ ਦੋਖ ਨਾਸ਼ ਹੋਵੇ ਤਾਂ ਓਹ ਇਸਤ੍ਰੀ ਦੇ ਕਾਮ ਨੂੰ ਨਿਸ਼ਚੇ ਹਰਾਵੇ ॥੯੧ ਤੋਂ ੯੩॥

ਚੌਪਈ

ਸ੍ਵੇਤ ਰਕਤ ਕਨੇਰ ਜੁ ਜਟਾ। ਨਵਨਵ ਟਾਂਕ ਦੋਊ ਲੈ ਕੂਟਾ।
ਟੰਕ ਟੰਕ ਅਭਰਕ ਰਸੁ ਪਾਇ। ਮਿੱਠਾ ਤੇਲੀਆ ਟੰਕ ਦੋ ਪਾਇ ॥੯੪॥
ਬਾਲ ਮੂਤ੍ਰ ਘਸਿ ਗੁਟੀ ਬਨਾਇ। ਚਨਕ ਬਰਾਬਰ ਛਾਹਿ ਸੁਕਾਇ।
ਅਪਨੇ ਮੂਤ੍ਰ ਰਗੜੀ ਲੇਪ। ਸੋਵਤ ਵਾਰੇ ਇਹੁ ਇਸ ਮੇਪ ॥੯੫॥
ਸਾਰ ਸਲਾਕਾ ਜਿਮ ਲਿੰਗ ਥਾਇ। ਭਗ ਜੁ ਲੋਹ ਕੋ ਛੇਦ ਕਰਾਇ।
ਕਰਤ ਬੰਧੇਜ ਜਾਂਮ ਲੌ ਜਾਇ। ਹਾਰਤ ਤਿਯ ਤਿਸ ਹਾਰ ਨ ਹੋਇ ॥੯੬॥

੨੦੨੪—ਚਿੱਟੇ ਤੇ ਲਾਲ ਕਨੇਰਾ ਦੋਹਾਂ ਦੀ ਜੜ ਦੀ ਛਿੱਲ ੩—੩ ਤੋਲੇ ਲੈਕੇ ਕੁਟਾਵੇ। ੪ ਮਾਸੇ ਮ੍ਰਿਤ ਅਭ੍ਰਕ ਤੇ ੪ ਮਾਸੇ ਮ੍ਰਿਤ ਪਾਰਾ ਅਰਥਾਤ ਰਸ ਸੰਧੂਰ ਪਾਵੇ, ਅਤੇ ਮਿੱਠਾ ਤੇਲੀਆ ੮ ਮਾਸੇ ਪਾਵੇ। ਬਾਲਕ ਦੇ ਮੂਤਰ ਵਿਚ ਘਸਾਕੇ ਚਣੇ ਪ੍ਰਮਾਣ ਗੋਲੀਆਂ ਬੰਨ੍ਹਕੇ ਛਾਵੇਂ ਸੁਕਾਵੇ। ਫਿਰ ਗੋਲੀ ਨੂੰ ਆਪਣੇ ਮੂਤਰ ਵਿੱਚ ਰਗੜਕੇ ਸੌਣ ਵੇਲੇ ਰਾਤ ਨੂੰ ਲਿੰਗ ਪਰ ਲਾ ਲਿਆ ਕਰੇ ਤਾਂ ਲੋਹੇ ਦੀ ਸਲਾਈ ਵਾਂਗ ਆਕੜ ਬਹੇ ਮਾਨੋ! ਭਗ, ਲੋਹੇ ਵਿਚ ਛੇਕ ਕਰਦਾ ਹੈ। ਪਹਿਰ ਤਕ ਬੰਦੇਜ ਹੁੰਦਾ ਹੈ। ਇਸਤ੍ਰੀ ਭਾਵੇਂ ਹਾਰ ਜਾਵੇ ਪਰੰਤੂ ਪੁਰਖ ਦੀ ਹਾਰ ਨਹੀਂ ਹੁੰਦੀ ॥੯੪ ਤੋਂ ੯੬॥

---

†ਕ੍ਰਿਸ਼ਨਾਗਰ-ਕਾਲਾ ਅਗਰ ਹੈ, ਦੇਖੋ ਆ: ਔਸ਼ਧੀ ਕੋਸ਼ ਪ੍ਰਿ: ੩੯ ॥

Digitized by Panjab Digital Library | www.panjabdigilib.org

ਧਾਤੁ ਕਰਣ—ਸੋਰਠਾ

ਸਿੰਬਲ ਜੜ ਰਸ ਕਾਢ ਸ੍ਵੇਤ ਖੰਡ ਮਿਲਿ ਪੀਜੀਐ।
ਵੀਰਯ ਅਤ ਹੀ ਬਾਢ ਭਗ ਭੂ ਵਰਸਤ ਮੇਘ ਜਿਮ ॥੮੭॥

੨੦੨੫—ਸਿੰਬਲ ਦੀ ਜੜ ਦਾ ਰਸ ਕੱਢੇ। ਚਿੱਟੀ ਖੰਡ ਪਾਕੇ ਉਹ ਰਸ ਪਾ ਲਵੇ। ਇਸਤਰਾਂ ਕੁਛ ਦਿਨ ਕਰਨ ਨਾਲ ਵੀਰਜ ਅਤਯੰਤ ਵਧੇ, ਮਾਨੋ ਭਗ ਰੂਪੀ ਪ੍ਰਿਥਵੀ ਪਰ ਮੀਂਹ ਹੀ ਵਰਸਾਈ ਜਾਂਦਾ ਹੈ ॥੮੭॥

ਮਿਸਰੀ ਪੈਸੇ ਚਾਰ ਅਰਧ ਪਈਸਾ ਮੋਚਰਸ।
ਸਪਤ ਦਿਵਸ ਭਖਕਾਰ ਵੀਰਜ ਹੋਵਤ ਅਤ ਘਨਾ ॥੮੮॥

੨੦੨੬—ਮਿਸ਼ਰੀ ੪ ਪੈਸੇ ਭਰ, ਮੋਚਰਸ ਅੱਧਾ ਪੈਸਾ ਭਰ। ਇਸਨੂੰ ੭ ਦਿਨ ਖਾਵੇ ਤਾਂ ਬੀਰਜ ਅਤਯੰਤ ਵਧੇ ॥੮੮॥

ਬਹੁ ਫਲ ਖਰਹਟਿ ਪਾਨ ਘੋਟੀ ਤਿਸ ਪਾਈ ਪਿਵੈ ॥
ਬੀਰਜ ਹੋਇ ਨ ਹਾਨ ਰੰਗ ਰੂਪ ਦੂਨਾ ਬਢੈ ॥੮੯॥

੨੦੨੭—ਬਹੁਫਲੀ, ਖਿਰੈਟੀ ਤੇ ਪਾਨ ਪੱਤੇ ਘੋਟਕੇ ਮਿਸ਼ਰੀ ਪਾਇ ਪੀਵੇ ਤਾਂ ਬੀਰਜ ਨਾਸ਼ ਨਹੀਂ ਹੁੰਦਾ, ਬਲਕੇ ਰੰਗ ਰੂਪ ਦੂਣਾ ਵਧੇ ॥੮੯॥

ਅਸਥੰਭਨ--ਦੋਹਰਾ

ਕਟੁਕ ਜੁ ਤੋਰੀ ਬੀਜ ਪਿਸਿ ਨੀਰ ਸੰਗ ਘਸਿ ਰੰਗ ॥
ਪਗ ਤਲ ਮਰਦੋ ਯੁਗ ਘਰੀ ਸੇਜ ਬੈਠ ਕਰ ਰੰਗ ॥੯੦॥
ਭੋਗਤ ਤਿਯਕੋ ਸੇਜ ਪਰ ਹੋਵਤ ਨਹੀਂ ਖਲਾਸ ॥
ਜਬਹਿ ਪਾਦ ਭੂਪਰ ਧਰਤ ਭੋਗ ਤਨਾ ਹੋਇ ਨਾਸ ॥੯੧॥

੨੦੨੮—ਕੌੜੀ ਤੋਰੀ ਦੇ ਬੀਜ ਚੰਗੀ ਤਰਾਂ ਪਾਣੀ ਨਾਲ ਘੋਟੇ, ਪੈਰਾਂ ਦੀਆਂ ਤਲੀਆਂ ਨੂੰ ਦੋ ਘੜੀਆਂ ਮਲੇ, ਪਰੰਤੂ ਇਹ ਕੰਮ ਸੇਜਾ ਤੇ ਬੈਠਕੇ ਕਰੇ। ਓਥੇ ਬੈਠਾ ਹੀ ਇਸਤ੍ਰੀ ਨੂੰ ਭੋਗੇ ਫਿਰ ਖਲਾਸ ਨ ਹੋਵੇ। ਜਦ ਤੱਕ ਪੈਰ ਧਰਤੀ ਨੂੰ ਨਾ ਛੁਹਾਵੇ ॥੯੦॥੯੧॥

ਲੇਪ—ਸੋਰਠਾ

ਇਟਸਿਟ ਪਗ ਕੋ ਲੇਪ ਸੂਕੇ ਤ੍ਰਿਯ ਸੋ ਭੋਗ ਕਰ।
ਧੋਏ ਰਿਤ ਸੰਖੇਪ ਨਹਿ ਤੋ ਵਰਸ ਨ ਛੂਟ ਹੀ ॥੯੨॥

ਚੌਪਈ

ਸ੍ਵੇਤ ਕਮਲ ਆਫੂ ਕੋ ਲੀਜ। ਸ੍ਵੇਤ ਕਾਕ ਜੰਘ ਜਰ ਕੋ ਦੀਜ।

Digitized by Panjab Digital Library | www.panjabdigilib.org

ਪੁਰਖ ਨਾਭ ਮਹਿ ਲੇਪ ਲਗਾਇ। ਨੀਰ ਸੰਗ ਸੰਗ ਤ੍ਰਿਯਾ ਕਰਾਇ॥੯੩॥
ਛੁਟਤ ਨ ਵੀਰਜ ਜਾਨੋ ਸਹੀ। ਜੌ ਧੋਵਤ ਤਨ ਛੂਟੈ ਸਹੀ।
ਸਿਧ ਯੋਗ ਭਾਖਾ ਕਰ ਕਹਯਾ। ਮੇਘ ਬਿਨੋਦੈ ਰਾਜੀ ਰਹਯਾ॥੯੪॥

੨੦੨੯—†ਇਟਸਿਟ ਦਾ ਪੈਰਾਂ ਨੂੰ ਲੇਪ ਲਾਵੇ, ਜਦ ਸੁੱਕੇ ਤਾਂ ਇਸਤ੍ਰੀ ਨਾਲ ਭੋਗ ਕਰੇ। ਜਦ ਪੈਰ ਧੋਵੇ ਤਾਂ ਛੁਟੇ, ਨਾ ਧੋਵੇ ਤਾਂ ਸਾਲ ਤੱਕ ਬੀ ਨਹੀਂ ਖਲਾਸ ਹੁੰਦਾ ॥੯੨॥

੨੦੩੦—ਚਿੱਟਾਕਮਲ, ਅਫੀਮ ਤੇ ਚਿੱਟੀ ਕਾਕਜੰਘੀ ਦੀ ਜੜ੍ਹ ਘੋਟਕੇ ਲੇਪ ਪੁਰਖ ਦੀ ਧੁੰਨੀ ਪਰ ਪਾਣੀ ਨਾਲ ਕਰੇ ਅਰ ਪਿੱਛੋਂ ਇਸਤ੍ਰੀ ਸੰਗ ਕਰੇ ਤਾਂ ਨਹੀਂ ਛੁਟਦਾ। ਇਹ ਸਿੱਧ ਯੋਗ ਕਿਹਾ ਹੈ ॥੯੩॥੯੪।

ਸੋਰਠਾ

ਪਾਰਾ ਲਾਖ ਅਫੀਮ ਕਨਕ ਬੀਜ ਕਪੂਰ ਜਲ।
ਕਹਤ ਸਬੇ ਹਕੀਮ ਨਰ ਨਾਭਹਿ ਤ੍ਰਿਯ ਜੰਘ ਲਿਪ॥੯੫॥
ਸੰਗ ਕਰਤ ਨਰ ਨਾਰਿ ਸ੍ਵਾਨ ਜੇਮ ਅਟਕੋ ਰਹਿਤ।
ਧੋਏ ਛੁਟ ਤਤਕਾਰ ਨਹਿ ਤੌ ਵੀਰਯ ਨਹਿ ਛੁਟਤ॥੯੬॥

੨੦੩੧—ਪਾਰਾ, ਲਾਖ, ਅਫੀਮ, ਧਤੂਰੇ ਦੇ ਬੀਜ ਤੇ ਕਪੂਰ ਜਲ ਨਾਲ ਘੋਟਕੇ ਤੇ ਆਦਮੀ ਦੀ ਧੁੰਨੀ ਅਰ ਇਸਤ੍ਰੀ ਦੀਆਂ ਜੰਘਾਂ ਪਰ ਲੇਪ ਕਰੇ ਤਾਂ ਇਸਤ੍ਰੀ ਪੁਰਖ ਦਾ ਸੰਗ ਕੁੱਤੇ ਦੀ ਤਰ੍ਹਾਂ ਅਟਕਿਆ ਰਹੇ। ਜਦ ਧੋਏ ਤਾਂ ਤਤਕਾਲ ਛੁਟੇ ॥੯੫॥੯੬॥

ਚੌਪਈ

ਹਰਮਲ ਸਿਰਸਾਹੀ ਲੈ ਚਾਰ। ਦੂਧ ਸੇਰ ਮਹਿ ਦੇਵੇ ਡਾਰ।
ਤਾਂਕਾ ਖੋਆ ਕਰੇ ਬਨਾਇ। ਆਫੂ ਮਾਸਾ ਦੇਹੁ ਰਲਾਇ॥੯੭॥
ਮਾਸੇ ਚਾਰ ਜੁ ਨਿਸ ਕੋ ਖਾਇ। ਪੀਵਤ ਪਯ ਫਿਰ ਜਲ ਨ ਪਵਾਇ।
ਸਥੰਭਨਿ ਕਰ ਹੈ ਆਛਾ ਮੈਨ। ਕਹਤ ਮੇਘ ਮੈ ਭਾਖੀ ਐਨ॥੯੮॥

੨੦੩੨—ਹਰਮਲ ੪ ਸਿਰਸਾਹੀਆਂ, ਇਸ ਨੂੰ ਇੱਕ ਸ਼ੇਰ ਦੁੱਧ ਵਿੱਚ ਪਾ ਦੇਵੇ। ਇਸ ਦਾ ਖੋਵਾ ਕਰੇ, ਫਿਰ ਇਸ ਵਿੱਚ ੧ ਮਾਸਾ ਅਫੀਮ ਪਾ ਦੇਵੇ। ਇਸ ਵਿੱਚੋਂ ੪ ਮਾਸੇ ਰਾਤ ਨੂੰ ਖਾਵੇ, ਪਿੱਛੋਂ ਦੁੱਧ ਪੀਵੇ, ਜਲ ਨਾ ਪੀਵੇ ਤਾਂ ਕਾਮ ਦਾ ਚੰਗਾ ਬੰਧਨ ਕਰੇ ॥੯੭॥੯੮॥

ਦੋਹਰਾ

ਆਫੂ ਮਾਸੇ ਚਾਰ ਲੇ ਪੇਸਾ ਬੜਕੇ ਬੀਜ।

---

†ਇਟਸਿਟ ਜੰਗਲੀ ਲਵੇ। ਪਿੰਡ ਦੇ ਆਸ ਪਾਸ ਦੀ ਨਾ ਲਵੇ।

Digitized by Panjab Digital Library | www.panjabdigilib.org

ਚਨਾ ਖੀਲ ਟੰਕ ਆਠ ਗਹੁ ਭੰਗ ਪੈਸਾ ਭਰ ਬੀਜ ॥੯੯॥
ਪੈਸਾ ਹੀ ਭਰ ਜਾਇਫਲ ਗੋਲੀ ਨਿੰਬੂ ਨੀਰ ।
ਦਮਰੀ ਭਰ ਨਿਤ ਖਾਈਐ ਰਿਤ ਥੰਭੈ ਗੁਨ ਵੀਰ ॥੧੦੦॥
ਹਸਤ ਕਰਮ ਦੂਸ਼ਨਿ ਮਿਟੈ ਹਟਤ ਸੋਮ ਰੁਜ ਜਾਨ ।
ਖੰਡ ਪੁਰਖ ਤੇ ਪੁਰਖ ਹੁਇ ਤਰੁਨੀ ਅਤਿ ਸੁਖਦਾਨ ॥੧੦੧॥

੨੦੩੩–ਅਫੀਮ ੪ ਮਾਸੇ, ਬੋਹੜ ਦੀਆਂ ਗੋਲ੍ਹਾਂ ੧ ਪੈਸਾ ਪ੍ਰਮਾਣ । ਚਣੇ ਦੀਆਂ ਖਿੱਲਾਂ ੮ ਟੰਕ । ਭੰਗ ਦੇ ਬੀਜ ੧ ਪੈਸਾ ਭਰ ਤੇ ਜਾਯਫਲ ੧ ਪੈਸਾ ਭਰ, ਗੋਲ। ਨਿੰਬੂ ਦੇ ਰਸ ਵਿੱਚ ਘੋਟਕੇ ਦਮੜੀ ਭਰ ਅਰਥਾਤ ੧ । ਮਾਸੇ ਦੀ ਕਰੋ, ਇਸ ਨੂੰ ਨਿੱਤ ਖਾਵੇ ਤਾਂ ਬੀਰਜ ਰੋਕੇ, ਹਥ ਰਸ ਦਾ ਦੋਖ ਮਿਟੇ, ਸੋਮ ਰੋਗ ਨਾਸ ਕਰੇ, ਨਮਰਦ ਤੋਂ ਨਮਰਦ ਹੋਵੇ, ਇਸਤ੍ਰੀ ਨੂੰ ਅਤਯੰਤ ਸੁਖ ਦੇਵੇ ॥੯੯ ਤੋਂ ੧੦੧॥

ਸਤ ਗਲੋਯ ਮਾਰਯੋ ਗਗਨ ਏਲਾ ਮਾਗਧਿ ਸਾਰ ।
ਸਿਤਾ ਸਹਿਤ ਸੋ ਚਾਟਿਯੇ ਖੰਡ ਪੁਰਖ ਨਰਕਾਰ ॥੧੦੨॥

੨੦੩੪–ਗਿਲੋਯ ਦਾ ਸਤ ਮਾਰਿਆ ਅਭਰਕ, ਇਲਾਚੀ, ਮਘ ਤੇ ਲੋਹਾ ਮ੍ਰਿਤ ਮਿਲਾਕੇ ਖੰਡ ਤੇ ਸ਼ਹਿਤ ਨਾਲ ਚੱਟੇ, ਨਮਰਦ ਤੋਂ ਮਰਦ ਹੋਵੇ ॥੧੦੨॥

ਤਾਲਮਖਾਨਾ ਖਸਖਸਹਿ ਕੌਚ ਬੀਜ ਗਿਰ ਪਾਇ ।
ਢਾਕ ਗੂੰਦ ਸਾਠੀ ਚਵਲ ਸਕਰ ਸ੍ਵੇਤ ਮੰਗਾਇ ॥੧੦੩॥
ਪੀਸੀ ਗੋ ਘ੍ਰਿਤ ਮਸਲ ਕੇ ਪੈਸਾ ਇਕ ਨਿਤ ਖਾਇ ।
ਰੇਤ ਬੰਧ ਅਤਿ ਹੋਤ ਹੈ ਊਪਰ ਗੋ ਪਯ ਪਯਾਇ ॥੧੦੪॥

੨੦੩੫–ਤਾਲਮਖਾਣਾ, ਖਸਖਸ, ਕੌਂਚ ਦੇ ਬੀਜਾਂ ਦੀ ਗਿਰੀ, ਢਕਦਾ ਗੂੰਦ ਸਠੀ ਦੇ ਚਾਵਲ ਤੇ ਚਿੱਟੀ ਖੰਡ ਪਾਕੇ ਪੀਹਕੇ ਗੋਕਾ ਘਿਉ ਪਾਕੇ ਮਸਲ ਲਵੇ, ਇਸ ਵਿਚੋਂ ੧ ਪੈਸਾ ਭਰ ਨਿੱਤ ਖਾਵੇ, ਤਾਂ ਬੀਰਜ ਰੋਕੇ, ਪਰੰਤੂ ਉਪਰੋਂ ਗੋਕਾ ਕੋਸਾ ਦੁੱਧ ਪਿਲਾ ਦੇਵੇ ॥੧੦੩॥੧੦੪॥

ਜਲੀਧਾਤੁ ਕਾ ਉਪਾਇ–ਦੋਹਰਾ

ਗੰਦ ਨਗੌਰੀ ਕਲਖ ਦਸ ਖਸਖਸ ਪਲ ਪੰਚ ਪਾਇ ।
ਕੂਟੀ ਪੈਸਾ ਇਕ ਭਖੋ ਦਿਨ ਚੌਦਾਂ ਲੌ ਲਿਆਇ ॥੧੦੫॥
ਜਰੀ ਧਾਤ ਨਿਕਸੀ ਪਰਤ ਸੁਧਿ ਧਾਤੁ ਬਹੁ ਹੋਇ ।
ਜੋਰ ਰੰਗ ਤਨ ਮਹਿ ਰਕਤ ਜੋ ਨਰ ਖਾਵਤ ਕੋਇ ॥੧੦੬॥

੨੦੩੬–†ਨਗੌਰੀ ਗੂੰਦ ੧੦ ਤੋਲੇ, ਖਸਖਸ ੨੦ ਤੋਲੇ । ਕੁੱਟਕੇ ੧ ਪੈਸਾ ਭਰ ਨਿੱਤ ੧੪

†ਪ੍ਰਸਿੱਧ ਭਿੰਭਰੀ ਗੂੰਦ ਹੈ ਹੋ ਫੁਲਾਰਦਾ, ਸੋ ਸਫੇਦ ਉੱਤਮ ਹੁੰਦੀ ਹੈ ।

Digitized by Panjab Digital Library | www.panjabdigilib.org

ਦਿਨ ਖਾਵੇ ਤਾਂ ਜਲੀ ਹੋਈ ਧਾਤੂ ਨਿਕਸ ਪਵੇ ਅਰ ਧਾਤੂ ਸਾਫ਼ ਹੋਵੇ, ਜ਼ੋਰ ਤੇ ਰੰਗਤ ਸਰੀਰ ਦੀ ਬਹੁਤ ਕਰੇ, ਪਰੰਤੂ ਜੇ ਕੋਈ ਪੁਰਖ ਖਾਵੇ ॥੧੦੫॥ ੧੦੬॥

ਨਮਰਦ ਉਪਾਇ-ਦੋਹਰਾ

ਸੇਰ ਜੁ ਤੀਨੋ ਭੇਡ ਪਯ ਪੱਕਾ ਵਜਨ ਮੰਗਾਇ।
ਕੌਂਚ ਉਟੰਗਨ ਬੀਜ ਲੈ ਸ੍ਵੇਤ ਸੰਖੀਆ ਲਯਾਇ ॥੧੦੭॥
ਕਨੇਰ ਸ੍ਵੇਤ ਜੋ ਜੜ ਤੁਚਾ ਅਰਕ ਮੂਰ ਤੁਚ ਠਾਨ।
ਭੰਗਜਟਾ ਤੁਚ ਆਨੀਐ ਅਧਿ ਅਧਿ ਪਲ ਸਭ ਮਾਨ ॥੧੦੮॥
ਪੀਸੀ ਦੂਧੇ ਕਾੜ੍ਹਕੇ ਖੋਵਾ ਕਰਕੇ ਰਾਖ।
ਲਿੰਗ ਲੇਪ ਦਿਨ ਪਚ ਕਰੋ ਕਰ ਕਾ ਕਰਮ ਸੁ ਨਾਖ ॥੧੦੯॥

੨੦੩੭. ਭੇਡ ਦਾ ਦੁੱਧ ੩ ਸੇਰ ਪੱਕਾ, ਕੌਂਚ ਬੀਜ, ਉਟੰਙਣ ਬੀਜ, ਚਿੱਟਾ †ਸਿੰਮਲ ਖਾਰ, ਚਿੱਟੇ ਕਨੇਰ ਦੀ ਛਿੱਲ, ਅੱਕ ਜੜ ਦੀ ਛਿੱਲ ਤੇ ਭੰਗ ਦੀ ਛਿੱਲ, ਇਹ ਸਭ ਦੋ ਦੋ ਤੋਲੇ ਉਕਤ ਦੁੱਧ ਵਿੱਚ, ਕਾੜ੍ਹਕੇ ਖੋਵਾ ਕਰਕੇ ਰੱਖੇ। ਫਿਰ ਇਸ ਨਾਲ ੫ ਦਿਨ ਲਿੰਗ ਪਰ ਲੇਪ ਕਰੇ ਤਾਂ ਹਥ ਰਸ ਤੇ ਹੋਯਾ ਦੋਸ਼ ਜਾਵੇ ॥੧੦੭॥੧੦੯॥

ਪਾਉ ਉਟੰਗਨ ਤੁਖਮ ਲੈ ਸੇਰ ਭੇਡ ਕਾ ਖੀਰ।
ਰੀਂਧ ਖੀਰ ਲਿੰਗਹਿ ਮਲੋ ਹਸਤ ਕਰਮ ਮਿਟ ਪੀਰ॥੧੧੦॥

੨੦੩੮. ਪਾਉ ਭਰ ਉਟੰਙਣ ਦੇ ਬੀਜ, ਇਕ ਸੇਰ ਭੇਡ ਦਾ ਦੁਧ, ਖੀਰ ਰਿੰਨਕੇ ਲਿੰਗ ਪਰ ਲਾਵੇ ਤਾਂ ਹਥ ਰਸ ਦਾ ਦੋਸ਼ ਨਾਸ ਹੋਵੇ ॥੧੧੦॥

ਵਿਸਟਾ ਆਨ ਵਿਰਾਹ ਕੀ ਇਕ ਪੈਸਾ ਭਰ ਮਾਨ।
ਚਾਰ ਟੰਕ ਮਧੁ ਮੇਲ ਕੈ ਲੇਪੁ ਲਿੰਗੁ ਪਰ ਠਾਨ ॥੧੧੧॥
ਸਾਤ ਦਿਵਸ ਵਾ ਚਤ੍ਰ ਦਸ ਨਿਸ ਕੋ ਇਮ ਨਿਤ ਕੀਜ।
ਹਸਤ ਕਰਮ ਦੂਸ਼ਨ ਮਿਟਤ ਤਿਯਕੋ ਭੋਗਤ ਹੀਂਜ ॥੧੧੨॥

੨੦੩੯. ਜੰਗਲੀ ਸੂਰ ਦਾ ਵਿਸ਼ਟਾ ੧ ਪੈਸਾ ਭਰ ਲਵੇ। ਉਸ ਵਿਚ ੧੬ ਮਾਸੇ ਸ਼ਹਿਤ ਪਾਕੇ ਨਿੱਤ ਲਿੰਗ ਪਰ ਮਲੇ, ਇਹ ਲੇਪ ੭ ਯਾ ੧੪ ਦਿਨ ਰਾਤ ਨੂੰ ਕਰ ਲਿਆ ਕਰੇ ਤਾਂ ਹਥ ਰਸ ਦਾ ਰੋਗ ਮਿਟ ਜਾਵੇ, ਅਰ ਇਸਤ੍ਰੀ ਭੋਗਣੇ ਦੀ ਸਮਰਥ ਹੋਵੇ ॥੧੧੧॥੧੧੨॥

ਅਸਥੰਭਨ-ਚੌਪਈ

ਕਾਮ ਕਰਤ ਜੋ ਰਵਿ ਕੈ ਵਾਰ। ਕੂਤਾ ਕੂਤੀ ਲੇਹੁ ਨਿਹਾਰ।

†ਸਿੰਮਲ ਖਾਰ ਜ਼ੈਹਰ ਹੈ, ਇਸਤੇ ਲਿੰਗ ਦਾ ਹੇਠਲਾ ਭਾਗ ਅਤੇ ਸੁਪਾਰੂ ਬਚਾਕੇ ਲਾਵੇ।

Digitized by Panjab Digital Library | www.panjabdigilib.org

ਦੋਨੋ ਪੂਛਕੇ ਲੇਵੇ ਬਾਰ। ਕਰ ਤਵੀਤ ਸੋ ਕਟਿ ਲੈ ਧਾਰ ॥੧੧੩॥
ਕਛੁ ਸਿੰਧੂਰ ਤਿਸ ਸੰਗ ਰਲਾਇ। ਤਿਯਕਾ ਸੰਗ ਕਰੇ ਨਰ ਜਾਇ।
ਛੂਟਤ ਨ ਵੀਰਯ ਲਾਹੈ ਛੂਟੈ। ਤਿਯਕਾ ਕਾਮ ਸਗਲ ਹੀ ਘੂਟੈ ॥੧੧੪॥

੨੦੪੦. ਐਤਵਾਰ ਨੇ ਚੌਦੇ ਦੇ ਦਿਨ ਕੁਤਾ ਕੁਤੀ ਭੋਗ ਕਰਦੇ ਫਸ ਰਹੇ ਹੋਣ ਤਾਂ ਓਨਾਂ ਦੋਹਾਂ ਦੀ ਪੂਛ ਦੇ ਰੋਮ ਕਤਰ ਲਵੇ ਓਨਾਂ ਵਿਕ ਕੁਛ ਸੰਧੂਰ ਪਾਕੇ ਫਿਰ ਓਨਾਂ ਰੋਮਾਂ ਨੂੰ (ਤਾਵੀਜ) ਵਿਚ ਮੜਾਕੇ ਪੁਰਸ਼ ਕਮਰ ਨਾਲ ਭੋਗ ਸਮਯ ਬੰਨੇ ਅਤੇ ਇਸਤ੍ਰੀ ਦਾ ਸੰਗ ਕਰੇ ਤਾਂ ਬੀਰਜ ਨ ਛੁਟੇ। ਜੇ ਤਾਵੀਜ਼ ਕਮਰ ਨਾਲੋਂ ਲਾਹੇ ਤਾਂ ਖਲਾਸ ਹੋਵੇ ॥੧੧੩॥੧੧੪॥

ਲਿੰਗ ਸਥੂਲ (ਮੋਟਾ) ਕਰਨ ਕੋ–ਦੋਹਰਾ

ਸਰਸਵ ਅਸਗੰਧ ਜਾਇਫਲ ਮੰਜਿਸਟਾ ਘਸਿ ਲੇਪ।
ਲਿੰਗ ਲਗਾਯੇ ਲਿੰਗ ਅਤਿ ਫੂਲ ਮੂਸਲ ਸਮ ਮੇਪ ॥੧੧੫॥

੨੦੪੧. ਸਰਹੋਂ, ਅਸਗੰਧ, ਜਾਫਲ ਤੇ ਮਜੀਠ ਘੋਟਕੇ ਜਲ ਨਾਲ ਲਿੰਗ ਉਤੇ ਲੇਪ ਲਾਵੇ ਤਾਂ ਲਿੰਗ ਫੂਲਕੇ ਮੋਹਲੇ ਜਿੱਡਾ ਹੋ ਜਾਵੇ ॥੧੧੫॥

ਕੀਕਰ ਦਲ ਮਰਚਾਂ ਗਹੋ ਅਖਯ ਜੁ ਫਲ ਕੀ ਛਾਲ।
ਤੀਨੋ ਸਮ ਲੈ ਕੱਥਕੋ ਗੁਟੀ ਪਾਂਨ ਰਸ ਲਾਲ ॥੧੧੬॥
ਚਨਕ ਸਮੇ ਗੋਲੀ ਕਰੋ ਲਵ ਸੋ ਲਿਪ ਲਿੰਗ ਏਹ।
ਫੂਲ ਚੌਗੁਨਾ ਲਿੰਗ ਹੁਇ ਭਗ ਮਹਿ ਜਾਇ ਨ ਤੇਹ ॥੧੧੭॥

੨੦੪੨–ਕਿੱਕਰ ਦੇ ਪੱਤੇ, ਮਿਰਚਾਂ, ਬਹੇੜੇ ਦੀ ਛਿੱਲ, ਤਿੰਨਾਂ ਦੇ ਬਰਾਬਰ ਦੀ ਕੱਥ ਲੈਕੇ ਲੈਕੇ ਪਾਨਾਂ ਦੇ ਰਸ ਨਾਲ ਚਣੇ ਪ੍ਰਮਾਣ ਗੋਲੀ ਬਣਾਵੇ, ਫਿਰ ਲਵ ਨਾਲ ਲਿੰਗ ਪਰ ਲੇਪ ਕਰੇ ਤਾਂ ਫੁੱਲ ਕੇ ਅੱਗੇ ਨਾਲੋਂ ਚੌਗੁਣਾ ਹੋਵੇ, ਤਿਸ ਦਾ ਭਗ ਵਿਚ ਜਾਣਾ ਮੁਹਾਲ ਹੁੰਦਾ ਹੈ ॥੧੧੬॥੧੧੭॥

ਅਸਗੰਧ ਅਰ ਗਜ ਪੀਪਰੀ ਉਪਲੋਟੇ ਲੈ ਜਾਲ।
ਮਹਿਖ ਮੂਤ ਲਿੰਗ ਲੇਪ ਕਰ ਫੂਲਤਿ ਅਤਿਹੀ ਲਾਲ।

੨੦੪੩. ਅਸਗੰਧ, ਲੰਮੀ ਮਘ ਤੇ ਫੂਕੇ ਹੋਏ ਜਮਾਲ ਗੋਟੇ, ਇਨ੍ਹਾਂ ਨੂੰ ਮਹੀਂ ਦੇ ਮੂਤ੍ਰ ਨਾਲ ਰਗੜਕੇ ਲਿੰਗ ਪਰ ਲੇਪ ਕਰੇ ਤਾਂ ਅਤਯੰਤ ਫੂਲ ਜਾਂਦਾ ਹੈ ॥੧੧੮॥

ਸੋਰਠਾ

ਬੋਹਰ ਵਚ ਅਸਗੰਧ ਗਜ ਕੇਸਰ ਧਤੂਰ ਫਲ।
ਬੂਹਤੀ ਬੀਜਸੁਬੰਦ ਤਾਂ ਮਹਿ ਮੇਲ ਸਿਵਾਲ ਹੀ ॥੧੧੯॥

Digitized by Panjab Digital Library | www.panjabdigilib.org

ਸੂਖਮ ਜਲ ਸੇ ਪੀਸ ਲੇਪ ਲਿੰਗ ਸੰਧਜਾ ਕਰੇ।
ਫੂਲੀ ਮੂਸਲ ਦੀਸ ਲਿੰਗ ਦੇਖ ਤਿਯ ਭਗਤ ਬਹੁ ॥੧੨੦॥

੨੦੪੪. ਥੋਹਰ, ਵਚ, ਅਸਗੰਧ, ਨਾਗ ਕੇਸਰ ਧਤੂਰੇ ਦੇ ਫਲ, ਕੰਡਿਆਰੀ, ਬੀਜਬੰਦ (ਖਰੈਟੀ ਦੇ ਬੀਜ) ਅਰ ਇਸ ਵਿਖੇ ਜਾਲਾ (ਪਾਣੀ ਦੀ ਕਾਈ) ਮੇਲਕੇ ਜਲ ਨਾਲ ਬ੍ਰੀਕ ਪੀਹੇ, ਸੰਧਜਾ ਨੂੰ ਲਿੰਗ ਪਰ ਲੇਪ ਕਰੇ ਤਾਂ ਫੁੱਲਕੇ ਮੋਹਲੇ ਜਿੱਡਾ ਦਿੱਸੇ, ਅਜੇਹੇ ਲਿੰਗ ਨੂੰ ਦੇਖਕੇ ਇਸਤ੍ਰੀ ਠਹਿਰ ਨਾ ਸਕੇ ॥੧੧੯॥੧੨੦॥

ਦੋਹਰਾ

ਬ੍ਰਹਤੀ ਫਲ ਰਸ ਪੀਸੀਏ ਮਧੁ ਕਪੂਰ ਇਕ ਗੁੰਜ।
ਲੇਪ ਲਿੰਗ ਨਿਸ ਕਰ ਸਵੇਂ ਫੂਲੀ ਅਹਿ ਜਯੋਂ ਕੁੰਜ ॥੧੨੧॥

੨੦੪੫. ਇੱਕ ਰੱਤੀ ਪ੍ਰਮਾਣ ਕਪੂਰ ਤੇ ਸ਼ਹਿਤ ਨੂੰ ਕੰਡਯਾਰੀ ਦੇ ਰਸ ਵਿਚ ਪੀਹਕੇ ਰਾਤ ਨੂੰ ਲਿੰਗ ਪਰ ਲੇਪ ਕਰੇ ਅਰ ਸੌਂ ਰਹੇ, ਦਿਨੇ ਫੁੱਲੇ, ਜਿਸ ਤਰ੍ਹਾਂ ਸੱਪ ਕਿਨਾਰੇ ਬੈਠਾ ਫੁੰਕਾਰਦਾ ਹੈ ॥੧੨੧॥

ਤਾਲਮਖਾਨਾ ਗੋਖਰੂ ਅਰਨੀ ਸੋਨਾ ਬੀਜ।
ਲੇਹੁ ਰੇਨੁਕਾ ਪਾਨ ਰਸ ਗੋਭੀ ਰਸ ਵਾ ਲੀਜ ॥੧੨੨॥
ਪੀਸੀ ਲੇਪੋ ਲਿੰਗ ਪਰ ਏਰੰਡ ਪਤ੍ਰ ਬੰਧਾਇ।
ਹੋਵਤ ਮੋਟਾ ਲਿੰਗ ਅਤਿ ਲਖ ਤਿਯ ਭਾਗੀ ਜਾਇ ॥੧੨੩॥

੨੦੪੬. ਤਾਲਮਖਾਣਾ, ਭੱਖੜਾ, ਅਰੁਣੀ, ਧਤੂਰੇ ਦੇ ਬੀਜ ਅਰ ਰੇਣੁਕਾ ਅਰਥਾਤ ਸੰਭਾਲੂ ਦੇ ਬੀਜ, ਇਨ੍ਹਾਂ ਨੂੰ ਪਾਨ ਦੇ ਰਸ ਯਾ ਗੋਭੀ ਦੇ ਰਸ ਵਿਚ ਪੀਹਕੇ ਲਿੰਗ ਪਰ ਲੇਪ ਕਰੇ ਅਰ ਉੱਪਰ ਅਰਿੰਡ ਦੇ ਪੱਤੇ ਬੰਨ੍ਹੇ, ਲਿਗ ਮੋਟਾ ਹੋਵੇ, ਉਸਨੂੰ ਦੇਖਕੇ ਇਸਤ੍ਰੀ ਭੱਜਦੀ ਜਾਵੇ ॥੧੨੨॥੧੨੩॥

ਲਿੰਗ ਵਧਾਵਨ ਉਪਾਇ (ਯੋਗ ਚਿੰਤਾਮਣੀ ਮਤਾਂਤ)

ਪੁਠਕੰਡਾ ਜਵ ਤਗਰ ਕੰਟਾਰੀ। ਬ੍ਰਿਧ ਮਰਚ ਸੇਂਧਾ ਕੁਠ ਧਾਰੀ।
ਤਿਲ ਮਾਖਾ ਕ੍ਰਿਸ਼ਨਾ ਅਸਗੰਧ। ਸਰਖਪ ਪੀਸੋਮਧੁ ਸਨਬੰਧ ॥੧੨੪॥
ਲੇਪਤ ਲਿੰਗ ਵੀਸ ਦਿਨ ਮਾਨ। ਵਧਤ ਘਨਾ ਨਿਤ ਨਿਤਪ੍ਰਤਿ ਜਾਨ।
ਮੋਟਾ ਲਾਂਬਾ ਦੇਖਤ ਤੀਯ। ਨਿਕਟ ਨ ਆਵਤ ਕਰਹੈ ਸੀਯ ॥੧੨੫॥

੨੦੪੭. ਪੁੱਠਕੰਡਾ, ਜੌਂ, ਤਗਰ, ਕੰਡਿਆਰੀ, †ਬਿਧਾਰਾ, ਮਿਰਚ, ਸੇਂਧਾ ਨਿਮਕ, ਕੁਠ, ਤਿਲ, ਮਾਂਹ ਮਘ, ਅਸਗੰਧ ਤੇ ਸਰ੍ਹੋਂ, ਇਨ੍ਹਾਂ ਨੂੰ ਸ਼ਹਿਤ ਨਾਲ ਪੀਹਕੇ ਲਿੰਗ ਪਰ ਲੇਪ ਕਰੇ ਤਾਂ ਲਿੰਗ ਬਹੁਤ ਵਧੇ, ਹਰ ਰੋਜ ਅਜੇਹੇ ਮੋਟੇ ਲੰਮੇ ਨੂੰ ਦੇਖ ਕੇ ਇਸਤ੍ਰੀ ਨੇੜੇ ਨਹੀਂ ਢੁਕਦੀ "ਸੀ" ਕਹਿਕੇ ਭੱਜੇ ॥੧੨੪॥੧੨੫॥

---

†ਬ੍ਰਿਧ-ਵਿਧਾਰਾ ਹੈ। ਦੇਖੋ ਚਕਿਤਸਾ ਕੋਸ਼।

Digitized by Panjab Digital Library | www.panjabdigilib.org

ਸੋਰਠਾ

ਗੋਘ੍ਰਿਤ ਸਿੰਬਲ ਗੂੰਦ ਲੇਪ ਕਰੋ ਨਿਤ ਲਿੰਗ ਪਰ।
ਭਾਗਤ ਤਿਯ ਮੁਖ ਮੂੰਦ ਲਿੰਗ ਮੂਸਲ ਲਾਂਬਾ ਲਖੀ ॥੧੨੬॥

੨੦੪੮. ਸਿੰਮਲ ਦੇ ਗੂੰਦ ਦਾ ਗੋਕੇ ਘਿਉ ਨਾਲ ਲਿੰਗ ਪਰ ਲੇਪ ਕਰੇ, ਲਿੰਗ ਨੂੰ ਮੋਟਾ ਕਰੇ, ਇਸ ਨੂੰ ਮੋਹਲੇ ਜਿਡਾ ਲੰਮਾ ਦੇਖਕੇ ਇਸਤਰੀ ਮੂੰਹ ਮੁੰਦਕੇ ਭੱਜ ਜਾਵੇ ॥੧੨੬॥

ਇਟਸਿਟ ਜੜਕੇ ਆਨ ਨੀਂਬ ਗੂੰਦ ਦੋਨੋ ਪਿਸੇ।
ਕਰੰਜ ਤੇਲ ਲਿਪ ਠਾਨ ਦਿਨ ਦਿਨ ਬਾਧਤ ਲਿੰਗ ਬਹੁ ॥੧੨੭॥

੨੦੪੯. ਇਟਸਿਟ ਦੀ ਜੜ੍ਹ †ਨਿੰਮ ਦਾ ਗੂੰਦ ਇਨ੍ਹਾਂ ਦੋਨਾਂ ਨੂੰ ਕਰੰਜੂਏ ਦੇ ਤੇਲ ਵਿਚ ਪੀਹਕੇ ਲਿੰਗ ਪਰ ਲੇਪ ਕਰੇ ਤਾਂ ਹਰ ਰੋਜ ਲਿੰਗ ਵਧੇ ॥੧੨੭॥

ਅਥ ਇਸਤ੍ਰੀ ਚਕਿਤਸਾ—ਦੋਹਰਾ

ਜਨਮ ਬਾਂਝਨੀ ਏਕ ਹੈ ਕਾਕਬਾਂਝਨੀ ਬੀਯ।
ਮ੍ਰਿਤਵਤਸਾ ਤੀਸੀ ਕਹੀ ਨਾਲ ਪਰਾਵ੍ਰਿਤਿ ਤੀਯ ॥੧੨੮॥
ਜਨਮ ਬਾਂਝਨੀ ਸੋ ਕਹੀ ਜਾਕੋ ਗਰਭ ਨ ਮੂਲ।
ਪ੍ਰਿਥਮ ਜਨਤ ਸੁਤ ਬੰਝ ਫਿਰ ਕਾਕਬਾਂਝਨੀ ਹੂਲ ॥੧੨੯॥
ਮ੍ਰਿਤਵਛਾ ਸੋਈ ਲਖੋ ਜਨਮਤ ਅਰ ਮਰ ਜਾਹਿ।
ਨਾਲ ਪਰਾਵ੍ਰਿਤਿ ਇਮ ਭਨੀ ਹੁਇ ਪੁਤ੍ਰੀ ਸੁਤ ਨਾਹਿ ॥੧੩੦॥

ਇਕ ਜਨਮ ਬਾਂਝਨੀ ਹੈ, ਦੂਜੀ ਕਾਕਬਾਂਝਨੀ ਹੈ, ਤੀਜੀ ਮਿਤ ਵਤਸਾ ਹੈ, ਚੌਥੀ ਨਾਲ ਪ੍ਰਾਵਰਤਿ ਇਸਤ੍ਰੀ ਕਹੀ ਹੈ। ਜਨਮ ਬਾਂਝਨੀ ਉਸਨੂੰ ਆਖਦੇ ਹਨ ਜਿਸਨੂੰ ਮੁਢ ਤੋਂ ਗ੍ਰਭ ਨਾ ਹੋਯਾ ਹੋਵੇ। ਜਿਸਨੂੰ ਪਹਿਲੇ ਇਕ ਬਾਰ ਗ੍ਰਭ ਹੋਯਾ ਹੋਵੇ ਫਿਰ ਨਾਂ ਹੋਵੇ ਓਹ ਕਾਕਬਾਂਝਨੀ ਕਹੀ ਜਾਂਦੀ ਹੈ। ਓਹ ਮ੍ਰਿਤਵਤਸਾ ਕਹੀ ਜਾਂਦੀ ਹੈ, ਜਿਸਦੇ ਜਾਏ ਮਰ ਜਾਂਦੇ ਹੋਣ। ਨਾਲ ਪ੍ਰਾਵਰਤਿ ਓਹ ਕਹੀ ਜਾਂਦੀ ਹੈ, ਜਿਸਦੇ ਪੁਤ੍ਰੀਆਂ ਪੈਦਾ ਹੋਣ, ਪੁੱਤ੍ਰ ਨਾ ਹੋਵੇ ॥੧੨੮ ਤੋਂ ੧੩੦॥

ਬਾਂਝਨੀ ਯੋਨਿ ਸੁੱਧ ਕਰਨ ਉਪਾਇ

ਚਨਕ ਖੀਲ ਮੇਥੀ ਭੁਨੀ ਵਸਨ ਪੋਟਲੀ ਬਾਂਧ।
ਸਮੈ ਜੁ ਰਿਤਕੈ ਤੀਨ ਦਿਨ ਭਗ ਮੈ ਰਾਖੇ ਬਾਂਧ ॥੧੩੧॥
ਕਰ ਮੱਜਮ ਉਠ ਪ੍ਰਾਤ ਕੋ ਇਹ ਬਿਧ ਤੀਯ ਕਰੇਯਿ।

†ਨਿੰਮ ਦਾ ਗੂੰਦ ਪੂਰਬ ਦੀ ਤਰਫ ਨਿੰਮਾਂ ਪਰ ਹੁੰਦਾ ਹੈ।

Digitized by Panjab Digital Library | www.panjabdigilib.org

ਲਹੈ ਗਰਭ ਪਤਿ ਸੰਗ ਤਿਯ ਜੌ ਹਰਿ ਕਿਰਪਾ ਥੋਇ ॥੧੩੨॥

੨੦੫੦—ਛੋਲਿਆਂ ਦੀਆਂ ਖਿੱਲਾਂ, ਭੁੰਨੀ ਹੋਈ ਮੇਥੀ, ਦੋਹਾਂ ਦੀ ਬਸਤ੍ਰ ਵਿੱਚ ਪੋਟਲੀ ਬੰਨ੍ਹਕੇ, ਰਿਤੂਕਾਲ ਸਮਯ, ੩ ਦਿਨ ਭਗ ਵਿਚ ਰੱਖੇ ॥੧੩੧॥

ਜੇ ਸਨਾਨ ਕਰਕੇ ਪ੍ਰਾਤਾਕਾਲ ਰੋਜ ਇਸਤ੍ਰੀ ਇਸਤਰਾਂ ਕਰੇ ਤਾਂ ਪਤੀ ਦਾ ਸੰਗ ਕਰਦੀ ਹੋਈ ਗਰਭ ਧਾਰਣ ਕਰੇ, ਪਰੰਤੂ ਫਿਰ ਬੀ ਜੇ ਹਰੀ ਦੀ ਕ੍ਰਿਪਾ ਹੋਵੇ ॥੧੩੨॥

ਲਘੁ ਬੈਂਗਨ ਕੀ ਫਾਰ ਤ੍ਰਯ ਕਰ ਗੋ ਘ੍ਰਿਤੇ ਤਲਾਇ।
ਪੀਸੀ ਗੰਧਕ ਤਾਸ ਮਹਿ ਸੀਤਲ ਕਰਕੈ ਪਾਇ ॥੧੩੩॥
ਰਿਤ ਜੁ ਸਮੈ ਭਗ ਮਾਹਿ ਰਖ ਦਿਵਸ ਤੀਨ ਲੌ ਜਾਨ।
ਸੁਧ ਯੋਨ ਤੌ ਹੋਤ ਹੈ ਸੁਤ ਜਨਨੈ ਮਨ ਮਾਨ ॥੧੩੪॥

੨੦੫੧-ਛੋਟੇ ਵਤਾਊਂ ਦੀਆਂ ਤਿੰਨ ਫਾੜਾਂ ਕਰਕੇ, ਗੋਕੇ ਘੇਉ ਵਿੱਚ ਤਲੇ, ਅਰ, ਫਾੜਾਂ ਠੰਢੀਆਂ ਹੋ ਜਾਣ ਤਾਂ ਗੰਧਕ ਪੀਹਕੇ ਫਾੜ ਉਪਰ ਪਾਕੇ, ਰਿਤੂ ਕਾਲ ਦੇ ੩ ਦਿਨ ਭਗ ਵਿਚ ਉਹ ਫਾੜ ਰੱਖੇ ਤਾਂ ਯੋਨੀ ਸੁੱਧ ਹੋਵੇ, ਮਨ ਵਿੱਚ ਜਾਣੇ ਪੁੱਤ੍ਰ ਪੈਦਾ ਹੋਊ ॥੧੩੩॥੧੩੪॥

ਚੌਪਈ

ਲੌਂਗ ਜਵਤ੍ਰੀ ਜਰਣ ਜੁ ਸਜਾਮ। ਅਵਧ ਸੋਖ ਜਾਤੀਫਲ ਥਾਮ।
ਕਮਰਕਸਹਿ ਖੋਪਾ ਅਖਰੋਟ। ਨਿਵਜੇ ਪਿਸਤਾ ਪੀਸੀ ਘੋਟ ॥੧੩੫॥
ਗਿਰੀ ਬੈਦਾਮ ਜੋ ਸਭੈ ਪਿਸਾਇ। ਤੀਨ ਪੋਟਲੀ ਕਰੋ ਬਨਾਬਿ।
ਦਿਵਸ ਪੋਟਲੀ ਤ੍ਰਿਕਤ੍ਰਿਕ ਧਰੋ। ਭਗਕਾ ਰੋਗ ਸਬੀ ਤੁਮ ਹਰੋ ॥੧੩੬॥
ਜੋ ਤੋ ਭਗ ਮੈ ਗਰਮੀ ਕਰੈ। ਘ੍ਰਿਤ ਧੋਈ ਭਗ ਫੋਹਾ ਧਰੈ।
ਗਰਮੀ ਭਗਕੀ ਦੂਰ ਕਰਾਇ। ਤਤਛਿਨ ਤ੍ਰਿਯਕੇ ਗਰਭ ਜੁ ਥਾਇ॥੧੩੭॥

੨੦੫੨—ਲੌਂਗ, ਜਵੱਤ੍ਰੀ, ਕਾਲਾ ਜੀਰਾ, ਸਮੁੰਦ੍ਰਸੋਖ, ਜਾਫਲ, ਕਮਰ ਕੱਸ, ਖੋਪਾ, ਅਖਰੋਟ, ਨੇਵਜੇ, ਪਿਸਤਾ ਅਤੇ ਬਦਾਮਗਿਰੀ ਸਭਨਾਂ ਨੂੰ ਘੋਟ ਪੀਹਕੇ, ਤਿੰਨ ਪੋਟਲੀਆਂ ਬਣਾਵੇ। ਇਸ ਤਰਾਂ ਦਿਨ ਵਿੱਚ ੩ ਪੋਟਲੀਆਂ ਰੱਖੇ, ਤਾਂ ਭਗ ਦਾ ਤਮਾਮ ਰੋਗ ਨਾਸ਼ ਹੋਵੇ। ਜੇ ਇਹ ਪੋਟਲੀ ਭਗ ਵਿੱਚ ਗਰਮੀ ਕਰਦੀ ਜਾਪੇ ਤਾਂ ਘੇਉ ਧੋਕੇ ਫੈਹਾ ਰੱਖੇ। ਗਰਮੀ ਭਗ ਦੀ ਤੁਰਤ ਨਾਸ਼ ਹੋਵੇ। ਉਮੈਦ ਵਾਰੀ ਛੇਤੀ ਹੋਵੇ ॥੧੩੫ ਤੋਂ ੧੩੭॥

ਸੰਤਾਨ ਉਪਾਇ

ਮੋਰਸਿਖਾ ਗਜ ਕੇਸਰੈ ਮਿਸਰੀ ਆਛੀ ਪਾਇ।
ਸਪਤ ਸਪਤ ਏ ਟੰਕ ਲੈ ਕੇਸਰ ਚਾਰ ਮੰਗਾਇ ॥੧੩੮॥

Digitized by Panjab Digital Library | www.panjabdigilib.org

ਪੀਸ ਪੁਰੀ ਤ੍ਰਿਕ ਕੀਜੀਐ ਰਿਤ ਸਨਾਨ ਮਹਿ ਖਾਇ।
ਏਕ ਵਰਣ ਗੋ ਦੂਧ ਸੋਂ ਬਾਲਕ ਹਾਥੈ ਦਾਇ ॥੧੩੯॥
ਤੀਨ ਦਿਵਸ ਲੌ ਖਾਈਏ ਹੋਵਤ ਪੁਤਰ ਧੀਯ।
ਕਹਿਤ ਮੇਘ ਪੰਡਿਤ ਕਰੋ ਰਮੈ ਖਸਮ ਜੋ ਤੀਯ ॥੧੪੦॥

੨੦੫੩–ਮੋਰਸਿਖਾ, ਨਾਗਕੇਸਰ, ਮਿਸਰੀ, ਏਹ ੨੮-੨੮ ਮਾਸੇ, ਕੇਸਰ ੧੬ ਮਾਸੇ ਪਾਕੇ, ਪੀਹੇ ਅਰ ਪੂੜੀਆਂ ੩ ਕਰੇ। ਰਿਤੂ ਸਨਾਨ ਦੇ ਪਿਛੋਂ ਇਕ ਰੰਗਦੀ ਗਊ ਦੇ ਦੁੱਧ ਨਾਲ ਤਿੰਨ ਦਿਨ ਖਾਵੇ, ਪਰੰਤੂ ਕੰਨਜਾਂ ਦੇ ਹਥੋਂ ਦੁਆਵੇ ਤਾਂ ਪੁੱਤ ਯਾਂ ਧੀਯ, ਅਵੱਸ਼ ਹੋਵੇ । ਫਿਰ ਬੀ ਜੇ ਪਤੀ ਨਾਲ ਰਮਣ ਕਰੇ ॥੧੩੮ ਤੋਂ ੧੪੦॥

(ਰਸਰਤਨਾਕਰਾਤ)–ਦੋਹਰਾ

ਸਰਪੰਖਾ ਪੰਚ ਅੰਗ ਹੀ ਰਵਿ ਵਾਰੈ ਅਣਵਾਇ।
ਏਕ ਵਰਣ ਗੋਖੀਰ ਸਜੋਂ ਕੰਨਜਾ ਹਾਥ ਪਿਸਾਇ ॥੧੪੧॥
ਰਿਤੁ ਸਨਾਨ ਕਰ ਪੀਜੀਐ ਸਾਤ ਦਿਵਸ ਪਰਮਾਨ।
ਮੂੰਗ ਸਾਲਕਾ ਪਥਜ ਕਰ ਸੁਤ ਬਾਂਝਨਿ ਕੋ ਠਾਨ ॥੧੪੨॥
ਦਿਵਸ ਨੀਂਦ ਭਯ ਸੋਕ ਤਨ ਔਰ ਤਿਆਗ ਉਦੇਗ।
ਲਹਤ ਕਾਮਨੀ ਪੁਤ੍ਰ ਕੋ ਪਤਿ ਸੰਗੈ ਅਤਿਵੇਗ ॥੧੪੩॥
ਰੁਦ੍ਰ ਜਟਾ ਸਰਪਾਂਖ ਹੀ ਏਕ ਵਰਨ ਗੋ ਦੂਧ।
ਪੂਰਬ ਰੀਤ ਸੋ ਪੀਜੀਏ ਪਢ ਮੰਤ੍ਰ ਅਤਿ ਸੂਧ ॥੧੪੪॥
ਕਰਖ ਮਾਨ ਨਿਤ ਪੀਜੀਐ ਤੀਨ ਦਿਵਸ ਲੋ ਏਹ।
ਗਣੇਸ ਨਾਮ ਮੰਤ੍ਰ ਕਹਜੇ ਅਵਰ ਨ ਜਾਨੇ ਕੇਹ ॥੧੪੫॥

੨੦੫੪. ਸਰਪੰਖਾ ਦੇ ਪੰਜੇ ਅੰਗ ਅਰਥਾਤ ਮੂਲ ਤੋਂ ਸਭੇ ਪੁਟਕੇ ਐਤਵਾਰ ਦੇ ਦਿਨ ਲਿਆਵੇ। ਫਿਰ ਇਕ ਰੰਗ ਦੀ ਗਊ ਦੇ ਦੁਧ ਨਾਲ ਕੰਨਜਾ ਪਾਸੋਂ ਪੀਸਾਵੇ। ਇਸਨੂੰ ਫਿਰ ਰਿਤੂ ਦਾ ਸਨਾਨ ਕਰਕੇ ਬਲ ਮੂਜਬ ਅੰਦਾਜਕੇ ੭ ਦਿਨ ਪੀਵੇ। ਮੂੰਗੀ ਚਾਵਲਾਂ ਦਾ ਪੱਥ ਕਰੇ ਤਾਂ ਬੰਧਿਆ ਨੂੰ ਬੀ ਪੁਤਰ ਹੋਵੇ, ਦਿਨ ਦਾ ਸੌਣਾਂ, ਭਯ, ਸ਼ੋਕ ਅਤੇ ਸਰੀਰ ਦਾ ਉਦਵੇਗ ਤਿਆਗ ਦੇਵੇ ਤਾਂ ਇਸਤ੍ਰੀ ਪੁਤ੍ਰ ਪਾਵੇ। ਪਰੰਤੂ ਪਤੀ ਦੇ ਸਾਥ ਰਵਣ ਕਰੇ ॥੧੪੧ ਤੋਂ ੧੪੩॥

੨੦੫੫. †ਰੁਦ੍ਰਜਟਾ ਤੇ ਸਰਪੁੰਖਾ ਇਨਾਂ ਦਾ ਸਰਬਾਂਗ ਲੈਕੇ ਇਕ ਰੰਗ ਦੀ ਗਊ ਦੇ ਦੁਧ ਨਾਲ

---

†ਰੁਦ੍ਰਜਟਾ–ਸੁਗੰਧ ਪਤ੍ਰਿਕਾ ਵੇਲ ਹੈ, ਇਸੇ ਨੂੰ ਸੰਕਰ ਜਟਾ ਆਖਦੇ ਹਨ। ਅਭਾਵ ਵਿਚ ਬੋਹੜ ਦੀ ਦਾੜ੍ਹੀ ਲਵੇ।

Digitized by Panjab Digital Library | www.panjabdigilib.org

੧ ਤੋਲੇ ਪ੍ਰਮਾਣ ਖਾਵੇ, ਪਿਛੇ ਕਹੀ ਰੀਤੀ ਨਾਲ, ਅਰ ੧੦੮ ਬਾਰ ਗਣੇਸ਼ਨਾਮ ਮੰਤ੍ਰ† ਸੁੱਧ ਪਾਠ ਕਰੇ ਇਸਤਰਾਂ ੩ ਦਿਨ ਰਿਤੂ ਕਾਲ ਕਰੇ ਤਾਂ ਪੁਤ੍ਰ ਪੈਦਾ ਕਰੇ ॥੧੪੪॥੧੪੫॥

ਚੌਪਈ

ਫਲ ਸਮੁੰਦ੍ਰ ਸਿਰਸਾਹੀ ਚਾਰਿ। ਵਛੀ ਮੂਤ੍ਰ ਪੀਸੋ ਸਾਰ।
ਚਾਰਯਾਮ ਪੀਸੀ ਗੁਟ ਕਰੋ। ਪੰਚੋਤ੍ਰ ਆਛੀ ਪੁਟ ਧਰੋ ॥੧੪੬॥
ਏਕ ਏਕ ਗੋਲੀ ਨਿਤ ਖਾਇ। ਮੂੰਗ ਭਾਤ ਕਾ ਪਥ ਕਰਾਇ।
ਔਰ ਵੱਥ ਭੱਖਨ ਨਹਿ ਕਰੈ। ਪਤਿ ਸੰਗੈ ਤ੍ਰਿਯ ਗਰਭ ਸੁਧਰੈ ॥੧੪੭॥

੨੦੫੬. ਸਮੁੰਦ੍ਰ ਫਲ ੯ ਤੋਲੇ ਲਵੇ। ਵੱਛੀ ਦੇ ਮੂਤ੍ਰ ਨਾਲ ਚੰਗੀ ਤਰਾਂ ੪ ਪਹਿਰ ਘੋਟੇ, ਗੋਲੀ ਬਣਾਵੇ। ਇਕ ਸੌ ਪੰਜ ਬਾਰ ਮੂਤ੍ਰ ਪਾਕੇ ਚੰਗੀ ਤਰਾਂ ਪੁਠ ਦੇਵੇ ਫਿਰ‡ਇਕ ਇਕ ਗੋਲੀ ਖਾਵੇ। ਮੂੰਗੀ, ਚਾਵਲਾਂ ਦਾ ਪੱਥ ਖਾਵੇ। ਹੋਰ ਸਭ ਬਰਜ ਦੇਵੇ, ਪਰੰਤੂ ਪਤੀ ਦੀ ਸੰਗਤ ਕਰੇ ਤਾਂ ਪੁਤ੍ਰ ਪੈਦਾ ਹੋਵੇ ॥੧੪੬॥੧੪੭॥

ਦੋਹਰਾ

ਪੁਖ ਨਖਤ੍ਰਰ ਰਵਿ ਦਿਨੈ ਦੇਵਦਾਰ ਜੜ ਆਨ।
ਤੋਲਾ ਭਰ ਗੋ ਖੀਰ ਸੋ ਖਾਵਤ ਗਰਭ ਸੁਠਾਨ ॥੧੪੮॥

੨੦੫੭. ਪੁਖ ਨਛਤ੍ਰ ਐਤਵਾਰ ਦੇ ਦਿਨ ਦੇਵਦਾਰ ਦੀ ਜੜ ਲੈ ਆਵੇ। ਤੋਲਾ ਪ੍ਰਮਾਨ ਗੋਕੇ ਦੂਧ ਨਾਲ ਰਿਤੂ ਸਨਾਨ ਪਿਛੋਂ ਖਾਵੇ ਤਾਂ ਗਰਭ ਹੋਵੇ ॥੧੪੮॥

ਸ੍ਵੇਤ ਕੰਟਾਰੀ ਮੂਲ ਲੈ ਵਾ ਸਰਪੰਖਾ ਮੂਰ।
ਜਲ ਸੋਂ ਪੀਵਤ ਗਰਭ ਤੀਯ ਪੂਰਬ ਜਿਮ ਸੋ ਪੂਰ ॥੧੪੯॥

੨੦੫੮. ਚਿਟੀ ਕੰਡਯਾਰੀ ਦੀ ਜੜ ਲਵੇ, ਯਾ :—

੨੦੫੯. ਸਰਪੰਖਾ ਦੀ ਜੜ ਲਵੇ, ਪਿਛੇ ਦੀ ਤਰਾਂ ਦਿਨ ਨਛਤ੍ਰ ਆਦਿ ਮੇਲ ਕੇ ਪੀਵੇ ਤਾਂ ਗਰਭ ਨਾਲ ਭਰੇ ॥੧੪੯॥

ਚੌਪਈ

੦ਈਸ੍ਵਰਲਿੰਗੀ ਦਾਨੇ ਸਾਤ। ਮੋਤੀ ਮੋਰਸਿਖਾ ਲੇ ਘਾਤ।
ਊਟਕੰਟਾਰੀ ਜਾਤੀਫਲਾ। ਜਰਣ ਸ੍ਵੇਤ ਵੇ ਟੰਕ ਟੰਕ ਭਲਾ ॥੧੫੦॥

---

†"ਓਂ ਸ੍ਰੀ ਗਣੇਸ਼ਾਯਨਮਹ" ਇਹ ਮੰਤ੍ਰ ਹੈ।

‡ਇਸ ਦੀਆਂ ੭੫ ਗੋਲੀਆਂ ਕਰੇ।

੦ਪੰਚਗੁਰੀਆ ਪੂਰਬ ਪ੍ਰਸਿਧ ਹੈ, ਇਸਦੀ ਵੇਲ ਹੁੰਦੀ ਹੈ। ਬੀਜ ਉਪਨ ਸ਼ਿਵਲਿੰਗ ਦਾ ਹੁੰਦਾ ਹੈ। ਇਸ ਤੇ ਸ਼ਿਵਲਿੰਗੀ ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

ਪੀਸੀ ਚੂਰਨ ਪੁਟ ਕਾ ਸਾਤ। ਰਿਤ ਉਪਰਾਂਤਹਿ ਗੋ ਪਯ ਖਾਤ।
ਸਾਤ ਦਿਵਸ ਅਲੂਨਾ ਖਾਇ। ਤ੍ਰੀਯਾ ਬਾਂਝਨੀਕੈ ਸੁਤ ਥਾਇ ॥੧੫੧॥

੨੦੬੦. ਸ਼ਿਵਲਿੰਗੀ ਦੇ ਦਾਣੇ ੭ ਹੋਰ ਮੋਤੀ, ਮੋਰ ਸਿਖਾ, ਊਟ ਕਟਾਰਾ, ਜਾਫਲ ਤੇ ਜੀਰਾ ਚਿੱਟਾ, ਇਹ ਸਭ ੪—੪ ਮਾਸੇ ਪੀਹਕੇ ਚੂਰਣ ਕਰੇ ਅਰ ਸਤ ਪੁੜੀਆਂ ਬਣਾਵੇ, ਰਿਤੂ ਦੇ ਸ਼ਨਾਨ ਪਿਛੋਂ ਗਊ ਦੇ ਦੂਧ ਨਾਲ ਖਾਵੇ। ਸੱਤ ਦਿਨ ਨਿਮਕ ਖਾਵੇ ਤਾਂ ਬੰਝ ਇਸਤ੍ਰੀ ਦੇ ਬੀ ਪੁਤ੍ਰ ਹੋਵੇ ॥੧੫੦॥੧੫੧॥

ਦੋਹਰਾ

ਮੋਰਸਿਖਾ ਗਜ ਕੇਸਰੈ ਸੰਖਾਹੋਲੀ ਪਾਇ।
ਪੀਸੀ ਤ੍ਰਯ ਤ੍ਰਯ ਟੰਕ ਕੀ ਪੁੜੀਆਂ ਲੇਹੁ ਬਨਾਇ॥੧੫੨॥
ਖੀਰ ਸੰਗ ਸੋ ਖਾਈਏ ਰਿਤ ਕੈ ਅੰਤ ਵਖਾਨ।
ਦੂਧ ਭਾਤ ਕਾ ਪਥ੍ਯ ਕਰ ਤਿਯ ਸੁਤ ਪਾਵਤ ਮਾਨ ॥੧੫੩॥

੨੦੬੧. ਮੋਰ ਸਿਖਾ, ਨਾਗਕੇਸਰ ਤੇ ਭੋਂਡਭੜਿੰਗ ਪੀਹਕੇ ਤਿੰਨ ਤਿੰਨ ਟੰਕ ਦੀਆਂ ਪੁੜੀ ਪੁੜੀਆਂ ਕਰਕੇ ਦੂਧ ਨਾਲ ਰਿਤੂ ਦੇ ਪਿਛੋਂ ਖਾਵੇ। ਦੂਧ, ਚਾਵਲ ਸੇਵਨ ਕਰੇ ਤਾਂ ਇਸਤ੍ਰੀ ਪੁਤ੍ਰਵੰਤੀ ਹੋਵੇ ॥੧੫੨॥੧੫੩॥

ਸੋਰਠਾ

ਚੰਦਨ ਕਮਲ ਤਮਾਲ ਗਜਕੇਸਰ ਧਾਤ੍ਰੀ ਤੁਖਮ।
ਚੰਦਨ ਰਕਤ ਸੁ ਘਾਲ ਤ੍ਰਯ ਤ੍ਰਯ ਮਾਸੇ ਪ੍ਰਥਕ ਸਭ ॥੧੫੪॥
ਜਲ ਸਹ ਗੋਲੀ ਟਾਂਕ ਤੀਨ ਦਿਵਸ ਰਿਤ ਅੰਤ ਭਖ।
ਗੋਪਯ ਸੰਗਹਿ ਆਂਕ ਇਸ ਵਿਧ ਤ੍ਰਿਯ ਕੋ ਸੁਤ ਹੁਵੈ ॥੧੫੫॥

੨੦੬੨. ਚੰਦਨ, ਕਮਲ, ਤਮਾਲਪਤ੍ਰ, ਨਾਗਕੇਸਰ, ਆਵਲੇ ਦੇ ਦਾਣੇ ਭਾਵ ਫਲ ਤੇ ਰਕਤ ਚੰਦਨ, ਸਭੋ ੩-੩ ਮਾਸੇ ਲਵੇ। ਫਿਰ ਜਲ ਨਾਲ ਘੋਟਕੇ ਗੋਲੀ ੪ ਮਾਸੇ ਦੀ ਕਰੇ ਅਰ ਤਿੰਨ ਦਿਨ ਇਸ ਤਰਾਂ ਰਿਤੂਕਾਲ ਦੇ ਪਿਛੋਂ ਗੋਕੇ ਦੁਧ ਨਾਲ ਖਾਣ ਨੂੰ ਦੇਵੇ ਤਾਂ ਇਸਤ੍ਰੀ ਨੂੰ ਪੁਤ੍ਰ ਪੈਦਾ ਹੋਵੇ ॥੧੫੪॥੧੫੫॥

ਦੋਹਰਾ

ਈਸਰ ਲਿੰਗੀ ਵੀਜ ਲੈ ਮਰਯਾਦਾ ਇਕ ਵੀਸ।
ਦੇਵਦਾਰ ਗੰਧਕ ਹਰਦ ਟੰਕ ਟੰਕ ਸਬ ਦੀਸ ॥੧੫੬॥
ਗੁੜ ਮੈ ਗੋਲੀ ਤ੍ਰਯ ਕਰੋ ਰਿਤੁ ਸਨਾਨ ਕਰ ਖਾਇ।
ਏਕ ਵਰਨ ਗੋ ਦੂਧ ਸੋ ਪੁਤ੍ਰਵਤੀ ਤ੍ਰਿਯ ਥਾਇ ॥੧੫੭॥

Digitized by Panjab Digital Library | www.panjabdigilib.org

੨੦੬੩-ਸ਼ਿਵਲਿੰਙੀ ਦੇ ਦਾਣੇ ੨੧ ਗਿਣ ਕੇ ਲੇਵੇ, ਉਨ੍ਹਾਂ ਵਿਚ ਦੇਵਦਾਰ ਗੰਧਕ ਤੇ ਹਲਧੀ ੪-੪ ਮਾਸੇ ਅਤੇ ਦੂਣਾ ਗੁੜ ਪਾਕੇ ਤਿੰਨ ਗੋਲੀਆਂ ਕਰੇ, ਫਿਰ ਰਿਤੂ ਦੇ ਸਨਾਨ ਪਿਛੋਂ ਇਕ ਰੰਗੀ ਗਊ ਦੇ ਦੁਧ ਨਾਲ ੧ ਗੋਲੀ ਨਿੱਤ ਖੁਲਾਵੇ ਵਾਂ ਇਸਤ੍ਰੀ ਪੁਤ੍ਰਵੰਤੀ ਹੋਵੇ ॥੧੫੬॥੧੫੭॥

ਕੇਸਰ ਗਜ ਸਤਾਵਰੀ ਗੋ ਰੋਚਨ ਅਸਗੰਧ ।
ਟੰਕ ਵੀਸ ਸਬ ਪੀਸਕੈ ਸਾਤ ਪੁੜੀ ਇਨ ਬੰਧ ॥੧੫੮॥
ਪੀਵਤ ਪ੍ਰਾਤਹਿ ਸਾਤ ਦਿਨ ਏਕ ਵਰਨ ਗੋ ਖੀਰ ।
ਖਾਤ ਅਲੂਨਾ ਸੁਤੁ ਜਨੈ ਨਾਰ ਭਲੀ ਵਿਧ ਬੀਰ ॥੧੫੯॥

੨੦੬੪—ਨਾਗਕੇਸਰ, ਸਤਾਵਰ, ਗੋਰੋਚਨ ਤੇ ਅਸਗੰਧ, ਸਭੇ ੮੦ ਮਾਸੇ ਪੀਹਕੇ ਇਸਦੀਆਂ ੭ ਪੁੜੀਆਂ ਕਰੇ । ਪ੍ਰਾਤਾਕਾਲ ੭ ਦਿਨ ਇਕ ਰੰਗ ਦੀ ਗਊ ਦੇ ਦੁਧ ਨਾਲ ਲਵੇ ਅਲੂਣਾ ਖਾਵੇ ਤਾਂ ਪੁਤ੍ਰ ਕਰੇ ॥੧੫੮॥੧੫੯॥

ਕੇਸਰ ਗਜ ਹੌਬੇਰ ਹੀ ਵੀਸ ਟੰਕ ਲੈ ਪੀਸ ।
ਸਾਤ ਦਿਵਸ ਗੋ ਖੀਰ ਸੋ ਰਿਤ ਅੰਤਹਿ ਸੁਤ ਦੀਸ ॥੧੬੦॥

੨੦੬੫-ਨਾਗ ਕੇਸਰ ਤੇ ਹਊਬੇਰ, ਇਹ ੮੦ ਮਾਸੇ ਲੈਕੇ ਪੀਹੇ, ੭ ਦਿਨ ਗੋਕੇ ਦੁੱਧ ਨਾਲ ਰਿਤੂ ਪਿਛੋਂ ਲਵੇ, ਪੁਤ੍ਰਵਤੀ ਹੋਵੇ ॥੧੬੦॥

ਕਾਕ ਬਾਂਝਨੀ ਉਪਾਇ (ਰਸਰਤਨਾਕਰ) ਦੋਹਰਾ

†ਬਿਸ਼ਨੂੰ ਕ੍ਰਾਂਤ ਸੁ ਸੂਲ ਲੈ ਮਹਿਖੀ ਖੀਰੈ ਪੀਸ ।
ਮਹਿਖੀ ਮਾਖਨ ਰਿਤ ਸਮੈ ਖਾਵਤ ਬੇਟਾ ਬੀਸ ॥੧੬੧॥
ਸਾਤ ਦਿਵਸ ਲੌ ਕੀਜੀਐ ਯੁਕਤਿ ਪਾਛਲੀ ਜਾਨ ।
ਕਾਕ ਬਾਂਝਨੀ ਸੁਤ ਜਨਤ ਰਸਰਤਨਾਕਰ ਬਾਨਿ ॥੧੬੨॥

੨੦੬੬-†ਬਿਸਨੂੰ ਕ੍ਰਾਂਤਾ ਦੀ ਜੜ, ਮਹੀਂ ਦੇ ਦੁੱਧ ਵਿਚ ਘੋਟਕੇ, ਮਹੀਂ ਦੇ ਮੱਖਣ ਵਿੱਚ ਰਿਤੂ ਦੇ ਅੰਤ ਖਾਵੇ ਤਾਂ ਪੁਤ੍ਰ ਪੈਦਾ ਕਰੇ । ਸੱਤ ਦਿਨ ਪੀਵੇ ਏਹੋ ਯੁਕਤੀ ਪਿਛਲੀ ਹੈ, ਤਾਂ ਕਾਕ ਬਾਝਨੀ ਪੁਤ੍ਰ ਪੈਦਾ ਕਰੇ ॥੧੬੧॥੧੬੨॥

ਪੁਖਜ ਨਖਜਤ੍ਰ ਰਵਿ ਦਿਨੈ ਅਸਗੰਧ ਲੇਹੁ ਸਮੂਰ ।
ਮਹਿਖੀ ਪਯ ਸੋ ਪੀਸਕੈ ਕਰਖ ਯੁਗਮ ਲੈ ਪੂਰ ॥੧੬੩॥
ਸਾਤ ਦਿਵਸ ਇਮ ਨਿਤ ਕਰੋ ਗਰਭ ਲਹਤ ਹੈ ਨਾਰਿ ।

---

†ਬਿਸ਼ਨੂੰਕ੍ਰਾਂਤਾ ਨੀਲੇ ਫੁਲ ਵਾਲਾ ਭੇੜਭੜਿੰਗ ਹੈ, ਪਰੰਤੂ ਮੇਘ ਨੇ ਕੁਰਫਾ ਮੰਨਿਆ ਹੈ, ਵੇਖੋ ਨ੍ਰਿਘੰਟ ਮੇਘ ।

Digitized by Panjab Digital Library | www.panjabdigilib.org

ਚਿਰਜੀਵੀ ਸੁਤ ਹੋਤ ਹੈ ਪਤਿ ਸੰਗੈ ਸੁਖਕਾਰ ॥੧੬੪॥

੨੦੬੭. ਪੁੱਖ ਨਛਤ੍ਰ ਐਤਵਾਰ ਹੋਵੇ ਤਾਂ ਅਸਗੰਧ ਦੀ ਜੜ੍ਹ ਲਵੇ। ਮਹੀਂ ਦੇ ਦੁੱਧ ਨਾਲ ਪੀਹਕੇ ੨ ਤੋਲੇ ਪ੍ਰਮਾਣ। ਸੱਤ ਦਿਨ ਨਿੱਤ ਏਸੇ ਤਰਾਂ ਕਰੇ ਤਾਂ ਇਸਤਰੀ ਗਰਭਵੰਤੀ ਹੋਵੇ। ਪੁਤਰ ਚਿਰੰਜੀਵੀ ਜਣੇ, ਪਰੰਤੂ ਪਤੀ ਨਾਲ ਸੰਗ ਕਰਦੀ ਰਹੇ ॥੧੬੩॥੧੬੪॥

ਕਾਂਕ ਬਾਂਝਨੀ ਉਦਰ ਸੁੱਧ ਕਰਨ ਉਪਾਇ

ਖੰਡ ਤ੍ਰਿਵੀ ਨੈਪਾਲਹੀ ਦੋ ਦੋ ਟੰਕ ਪ੍ਰਮਾਨ।
ਤੀਨ ਦਿਵਸ ਪਯ ਸੰਗ ਅਚ ਰਿਤਕਾਲਹਿ ਇਹੁ ਠਾਨ ॥੧੬੫॥
ਦੂਧ ਭਾਤ ਕਾ ਪਥ ਕਰ ਸਾਂਝ ਸਵੇਰੇ ਖਾਇ।
ਕਾਕ ਬਾਂਝਨੀ ਔਰ ਪ੍ਰਿਯ ਉਦਰੈ ਸੁੱਧ ਕਰਾਇ ॥੧੬੬॥

੨੦੬੮. ਖੰਡ, ਤ੍ਰਿਵੀ ਤੇ ਚਿਰੈਤਾ, ਇਹ ਤਿੰਨੇ ੮-੮ ਮਾਸੇ ਪੀਹਕੇ ਤਿੰਨ ਦਿਨ ਰਿਤੂ ਕਾਲ ਸਮਯ ਦੁੱਧ ਨਾਲ ਫਕੇ। ਦੁਧ ਚਾਵਲ ਦੋਨੋਂ ਵਕਤ ਖਾਵੇ ਤਾਂ ਕਾਕ ਬਾਂਝਨੀ ਅਰ ਹੋਰ ਦੀ ਇਸਤ੍ਰੀ ਕੋਈ ਖਾਵੇ, ਤਾਂ ਪੇਟ ਸੁਧ ਕਰੇ ॥੧੬੫॥੧੬੬॥

ਮ੍ਰਿਤਬਤਸਾ ਲੱਛਣ (ਰਸਰਤਨਾਕਰਾਤ)—ਦੋਹਰਾ

ਏਕ ਦੋਇ ਤ੍ਰਿਕ ਚਾਰ ਪਚ ਵਰਸ ਹੋਇ ਕਰਵਾਰ।
ਮਰਤ ਮਿਰਤਵਤਸਾਕਹੀ†ਅਠਰਾਹਾ ਸੋ ਧਾਰ ॥੧੬੭॥

੨੦੬੯. ਜਿਸ ਇਸਤ੍ਰੀ ਦਾ ੧, ੨, ੩, ੪, ਅਥਵਾ ੫ ਸਾਲ ਦਾ ਬਾਲ ਹੋ ਕੇ ਮਰ ਜਾਵੇ। ਇਸਨੂੰ ਮ੍ਰਿਤਬਤਸਾ ਆਖਦੇ ਹਨ, ਪ੍ਰਸਿੱਧ †ਅਠਰਾਹ ਹੈ ॥੧੬੭॥

ਮ੍ਰਿਤਬਤਸਾ ਉਪਾਇ—ਦੋਹਰਾ

ਬਾਲਜੋਨਿਸਾ ਹੁਤਾਸਨਾ ਦਾਰੁ ਨਿਸਾ ਸੁਰਦਾਰ।
ਹਰੜ ਲਾਇਚੀ ਲਘੁ ਕਹੀ ਪਿੱਤ ਪਾਪਰਾ ਡਾਰ ॥੧੬੮॥
ਕਣਾ ਮੁਸੱਬਰ ਸਟਿ ਗੁਲੀ ਅਜਮੋਦਾ ਪਦਮਾਖ।
ਕਾਸੁੰਭਾ ††ਰਾਸਾਂਜਨੀ ਵਾਇਵੜਿੰਗ ਸੁ ਭਾਖ ॥੧੬੯॥
ਮਾਸਾ ਚੂਰਨ ਇਕ ਜਲਹਿ ਗਰਭ ਰਹੈ ਤੌ ਖਾਇ।

---

†ਅਠਰਾਹ ਦੀਆਂ ਸਭ ਕਿਸਮਾਂ ਦਾ ਨਿਦਾਨ ਸੇਹਤ ਮੇਰੇ ਬਣਾਏ ਬਾਲ ਚਕਿਤਸਾ ਵਿਚੋਂ ਵੇਰਵਾ ਤੇ ਯਤਨ ਦੇਖੋ

††"ਰਾਸਾਂਜਨੀ" ਸੁੱਧ ਪਾਠ ਹੈ, ਪਰੰਤੂ ਇਸ ਪ੍ਰਯੋਗ ਵਿਚ ਦਾਰਹਲਦੀ ਤੇ ਮੂੰਗ ਛੱਧ ਹਨ ਹੋਰ ਰਾਮ ਬਿਨੋਦ ਨਾਲ ਮਿਲਦਾ ਹੈ।

Digitized by Panjab Digital Library | www.panjabdigilib.org

ਖਟ ਮਾਸਹਿ ਲੌ ਖਾਈਏ ਨਿਤ ਉਪਰਹਿ ਨਹਿ ਦਾਇ ॥੧੭੦॥
ਮ੍ਰਿਤਵੱਛਾ ਦੂਖਨ ਮਿਟੈ ਅਠਰਾਹਾ ਮਿਟ ਦੋਖ।
ਭਲੀ ਔਖਦੀ ਮੈ ਕਹੀ ਸਭ ਔਖਧ ਤੇ ਜੋਖ ॥੧੭੧॥

੨੦੭੦. ੦ਮੁਸ਼ਕਬਾਲਾ, ਹਲਧੀ, ਚਿਤ੍ਰਾ, ਦਾਰਹਲਦੀ, ਦੇਵਦਾਰ, ਹਰੜ ਦੀ ਛਿੱਲ, ਛੋਟੀ ਇਲਾਚੀ, ਪਿਤਪਾਪੜਾ, ਮਘ, ਏਲੂਆ, ਕਚੂਰ, ਮੂੰਗਾ ਅਜਮੋਦ, ਪਦਮਾਖ, ਕੁਸੁੰਭਾ, ਰਸੌਂਤ ਤੇ ਬਾਇੰਵੜਿੰਗ ਪੀਹਕੇ ਚੂਰਣ ਕਰੇ, ਫਿਰ ੧ ਮਾਸਾ ਜਲ ਨਾਲ ਨਿਤ ਗਰਭ ਹੋਏ ਤੋਂ ੬ ਮਹੀਨੇ ਤਕ ਖਾਵੇ, ਉਪਰੰਤ ਨਾ ਖਾਵੇ,ਤਾਂ ਮ੍ਰਿਤਬਤਸਾ ਦਾ ਦੂਸ਼ਣ ਮਿਟਾਵੇ, ਅਰ ਅਠਾਰਾਹੇ ਦਾ ਦੋਖ ਬੀ ਮਿਟੇ। ਇਹ ਸਰੇਸ਼ਟ ਦਵਾਈ ਹੈ, ਸਭ ਦਵਾਈਆਂ ਨਾਲੋਂ ਉਤਮ ਹੈ ॥੧੬੮ ਤੋਂ ੧੭੧॥

ਮਹਿਦੀ ਗੁੜ ਰਤਾਂਜਨੀ ਕਟੁ ਤੂੰਬੀ ਗਿਰ ਲੇਇ।
ਕੂੜਾ ਕਮਲ ਲੈ ਸੁਰਖ ਹੀ ਗਦਹੋ ਲੇਂਡਾ ਦੇਇ ॥੧੭੨॥
ਏ ਸਬ ਮੂਤ੍ਰ ਪੀਸਕੈ ਗੋਲੀ ਕੋਕਨ ਬੇਰ।
ਹੋਤ ਗਰਭ ਤੌ ਪ੍ਰਾਤ ਸਮ ਖਾਵਤ ਤਿਯ ਨਿਤ ਮੇਰ ॥੧੭੩॥
ਪਾਂਚ ਮਾਸ ਲੌ ਨਿਤ ਨਿਤੈ ਖਾਵਤ ਪਰੈ ਨ ਦੇਇ।
ਜਨਮੇ ਬਾਲਕ ਦੇ ਘੁਟੀ ਰਤੀ ਯਾਹਿ ਕੀ ਲੇਇ ॥੧੭੪॥
ਸਾਤ ਦਿਵਸ ਲੌ ਦੀਜੀਏ ਚਿਰਜੀਵੀ ਹੁਇ ਬਾਲ।
ਅਠਰਾਹਾ ਦੁਖ ਜਾਤ ਮਿਟ ਤਾਹਿ ਭਖੈ ਨਹਿ ਕਾਲ ॥੧੭੫॥

੨੦੭੧. ਮਹਿੰਦੀ, ਗੁੜ, ਰਸੌਂਤ, ਕੌੜੀ ਤੂੰਬੀ ਦੀ ਗਿਰੀ, ਕੂੜਾਸਕ ਲਾਲਕਮਲ ਤੇ ਗਧੇ ਦਾ ਲੇਂਡਾ ਇਹ ਸਭ ਇਕ ਸਮਾਨ ਲੈ ਕੇ ਗਊ ਮੂਤ੍ਰ ਵਿਚ ਪੀਹਕੇ ਕੋਕਨ ਬੇਰ ਪ੍ਰਮਾਣ ਗੋਲੀ ਕਰੇ। ਜਦ ਗਰਭ ਹੋਯਾ ਹੋਵੇ ਤਾਂ ਸਵੇਰ ਨੂੰ ਇਸਤ੍ਰੀ ਨਿਤ ੧ ਗੋਲੀ ਖਾਵੇ। ਪੰਜ ਮਹੀਨੇ ਤਾਂਈ ਰੋਜ ਰੋਜ ਖਾਵੇ, ਉਪਰੰਤ ਨਾ ਖਾਵੇ, ਬੱਚਾ ਪੈਦਾ ਹੋਵੇ ਤਾਂ ਘੁਟੀ ਇਸੇ ਦੀ ਇਕ ਰੱਤੀ ਲੈ ਕੇ ੭ ਦਿਨ ਤਕ ਦੇਵੇ, ਤਾਂ ਬੱਚਾ ਚਿਰੰਜੀਵੀ ਹੋਵੇ। ਅਠਰਾਹੇ ਦਾ ਦੁਖ ਨਾਸ਼ ਕਰੇ, ਅਕਾਲ ਸਮਯ ਕਾਲ ਨਹੀਂ ਗ੍ਰਾਸਦਾ ॥੧੭੨ ਤੋਂ ੧੭੫॥

ਚੌਪਈ

ਲੌਂਗ†ਜਾਲਕਾ ਮੂਲ ਮੰਗਾਇ। ਮਰਚ ਲਾਇਚੀ ਵਿਖਾ ਢਵਾਇ।

੦ਬਾਲਯੋ-ਮੁਸਕਬਾਲਾ ਹੈ। ਦੇਖੋ ਦ੍ਰਬ ਦਰਪਣ ਤੇ ਰਾਮ ਬਿਨੋਦ।

†ਜਬ-ਕਦੰਬ੍ਰਿਛ ਹੈ, ਜਿਸ ਬ੍ਰਿਛ ਉਪਰ ਸ੍ਰੀ ਕ੍ਰਿਸ਼ਨ ਜੀ ਗੋਪੀਆਂ ਦੇ ਕੱਪੜੇ ਲੈ ਕੇ ਜਾ ਚੜ੍ਹੇ ਸਨ। ਦੇਖੋ ਔਸ਼ਧੀ ਕੋਸ਼ ਪ੍ਰਿ: ੬੨. ਇਸ ਪ੍ਰਯੋਗ ਵਿਚ ਭਾਵੇਂ ਕੁਛ ਚੀਜਾਂ ਵੱਧ ਹਨ, ਫਿਰ ਬੀ ਰਾਮ ਬਿਨੋਦ ਨਾਲ ਹੂਬਹੂ ਮਿਲਦਾ ਹੈ। ਹੁਣ ਇਹ ਪ੍ਰਯੋਗ ਰਸਰਤਨਾਕਰ ਵਿਚ ਨਹੀਂ ਮਿਲਦਾ, ਸ਼ੈਦ ਛਪਣ ਵਕਤ ਮੂਲ ਗ੍ਰੰਥ ਸੰਸੋਧਨ ਨਾ ਕੀਤਾ ਹੋਵੇ। ਅਸਲ ਵਿੱਚ ਇਹ ਪ੍ਰਯੋਗ ਅਰਣਵ ਗ੍ਰੰਥ ਦਾ ਹੈ।

Digitized by Panjab Digital Library | www.panjabdigilib.org

ਅਜਵਾਇਨ ਅਜਮੋਦ ਵਿਸਾਲਾ। ਨਵਸਾਦਰ ਤੁਲਸੀ ਵਿਜਡਾਲਾ॥੧੭੬॥
ਕਣਾ ਸੰਗਸਰੀ ਹਲਦਿ ਸੁਹਾਗਾ। ਬਿੜਸੁਲੂਨ ਕਚਲੂਨ ਸਭਾਗਾ।
ਸੇਂਧਵ ਸੌਂਚਰ ਚਿਤ੍ਰਕ ਬੋਲ। ਕਨੇਰ ਕੂੰਪਲੀ ਹਿੰਗਲ ਘੋਲ ॥੧੭੭॥
ਸੁੰਠ ਏਲੁਵਾ ਵਾਇਵੜਿੰਗ। ਬਾਲਜੋ ਛੜ ਖਾਜੂਰ ਭੜਿੰਗ।
ਸੋਵਣਮਖੀ ਹਰੜੇ ਹਿੰਗ। ਨਰ ਮੂਤ੍ਰ ਸੋ ਪੀਸੇ ਚੰਗ ॥੧੭੮॥
ਚਨਕ ਸਮਾਨ ਗੁਟੀ ਨਿਤ ਖਾਇ। ਧਰਤ ਗਰਭ ਤਬ ਏਹੁ ਸੇਵਾਇ।
ਪਾਂਚ ਮਾਸ ਲੌ ਖਾਵਤ ਤੀਯ। ਊਪਰ ਤਾਂਕੋ ਮੂਲ ਨ ਦੀਯ ॥੧੭੯॥
ਜਨਮਤ ਬਾਲਕ ਘੁਟੀ ਦਿਵਾਇ। ਮਾਸ ਏਕ ਲੌ ਨੀਰ ਘਸਾਇ।
ਮ੍ਰਿਤਵਤਸਾ ਕਾ ਰੋਗ ਮਿਟਾਇ। ਚਿਰਜੀਵੀ ਜੋ ਬਾਲਕੁ ਥਾਇ ॥੧੮੦॥

੨੦੭੨. ਲੌਂਗ, ਕਦੰਮ ਬ੍ਰਿਛਦੀ ਜੜ੍ਹ, ਮ੍ਰਿਚ, ਇਲਾਚੀ, ਪਤੀਸ, ਅਜਵਾਇਨ, ਅਜਮੋਦ, ਤੁੰਮਾ, ਨੌਸ਼ਾਦਰ, ਤੁਲਸੀ ਦੇ ਬੀਜ, ਮਘ, ਸੰਗਬਸਰੀ, ਹਲਧੀ, ਸੋਹਾਗਾ, ਵਿੜਲੂਣ, ਕੱਚਲੂਣ, ਸੇਂਧਾਲੂਣ, ਸੌਂਚਰ ਲੂਣ, ਚਿਤ੍ਰਾ, ਬੀਜ ਬੋਲ, ਕਨੇਰ ਦੀਆਂ ਕੂੰਮਲਾਂ,ਸ਼ਿਗ੍ਰਫ, ਸੁੰਢ, ਏਲੂਕਾ, ਬਾਇਵੜਿੰਗ, ਅਸਗੰਧ, ਛੜ, ਖਜੂਰ, ਵੜਿੰਗੀ, ਸੋਨਮਖੀ, ਹਰੜਾਂ ਤੇ ਹਿੰਙ, ਆਦਮੀ ਦੇ ਮੂਤ ਨਾਲ ਚੰਗੀ ਤਰਾਂ ਘੋਟੇ, ਫਿਰ ਚਣੇ ਪ੍ਰਮਾਣ ਗੋਲੀ ਕਰਕੇ ੧ ਨਿੱਤ ਖਾਵੇ, ਜਦੋਂ ਗਰਭ ਹੋਵੇ ਤੇ ਤਦ ਖਾਣਾ ਸ਼ੁਰੂ ਕਰੇ। ਪੰਜ ਮਹੀਨੇ ਤਕ ਖਾਵੇ। ਉਪਰੰਤ ਨਾਂ ਦੇਵੇ। ਜਦ ਬੱਚਾ ਪੈਦਾ ਹੋਵੇ ਤਾਂ ਇਕ ਮਹੀਨੇ ਤਕ ਜਲ ਵਿਚ ਘਿਸਾਕੇ ਘੁਟੀ ਦੇਵੇ ਤਾਂ ਮ੍ਰਿਤਬਤਸਾ ਦਾ ਦੁੱਖ ਮਿਟੇ। ਬਾਲਕ ਚਿਰੰਜੀਵੀ ਹੋਵੇ ॥੧੭੬ ਤੋਂ ੧੮੦॥

ਨਾਲਪ੍ਰਾਵਰਤ ਉਪਾਇ—ਚੌਪਈ

ਗਰਭ ਧਰੇ ਤਿਯ ਮਾਸ ਜੁ ਦੋਇ। ਤਾਂ ਪਰ ਏਹ ਉਪਾਇ ਕਰੋਇ।
ਦਿਨ ਬਾਹਠਵਾਤ੍ਰੇਹਠ ਜਾਨ। ਤਿਸ ਚਿਨ ਔਖਧ ਕੀਜੈ ਪਾਨ ॥੧੮੧॥
ਮਾਸਾ ਮਾਸਾ ਭੰਗਕੇ ਬੀਜ। ਨਿਤ ਇਸ ਬਿਧ ਕਾਮਨਿ ਨਿਗਲੀਜ।
ਮਾਸਾ ਤੀਨਲੌ ਕਰੋ ਉਪਾਇ। ਕੰਨਜਾ ਮਿਟ ਆਛੇ ਸੁਤ ਥਾਇ ॥੧੮੨॥

੨੦੭੩. ਜਦ ਗਰਭ ਹੋਵੇ, ਇਸਤ੍ਰੀ ਨੂੰ, ਦੋ ਮਹੀਨੇ ਹੋ ਜਾਣ। ਤਿਸ ਪਿਛੇ ਇਹ ਉਪਾਇ ਕਰਨਾ। ਅਰਥਾਤ ਦਿਨ ੬੨ ਯਾਂ ੬੩ ਤਕ ਹੋਏ ਹੋਣ (ਅਧਿਕ ਨਾ ਹੋ ਚੁਕੇ ਹੋਣ) ਤਿਸ ਦਿਨ ਇਹ ਦਵਾਈ ਅਰੰਭੇ ਕਿ ੧ ਮਾਂਸਾ ਭੰਗ ਦੇ ਬੀਜ ਹਰ ਰੋਜ ਇਸਤ੍ਰੀ ਗੁੜ ਵਿਚ ਪਾਕੇ ਨਿਗਲ ਲਿਆ ਕਰੇ, ਇਸਤਰਾਂ ੩ ਮਹੀਨੇ ਤਕ ਕਰੇ ਤਾਂ ਕੰਨਜਾਂ ਹੁੰਦੀਆਂ ਤੋਂ ਹਟਕੇ ਪੁਤ੍ਰ ਪੈਦਾ ਹੋਵੇ ॥੧੮੧॥੧੮੨॥

ਮੋਰਪੰਖ ਟਿਕੀ ਕੋ ਲਹਈ ॥ ਨਰ ਘੌੜੇ ਕੋ ਪਰ ਪੁਨ ਲਹਈ ॥
ਰੱਤੀ ਪਰ ਕੋ ਵਜਨ ਸੁਜਾਨੋ ॥ ਗੁੜ ਕੀ ਗੋਲੀ ਮਧ ਸੁ ਠਾਨੋ ॥

Digitized by Panjab Digital Library | www.panjabdigilib.org

ਗਰਭਧਰੇ ਦਿਨ ਹੋਇ ਪੰਤਾਲੀ॥ ਇਹਬਿਧਿ ਤਬਹੀਕਰੋ ਸੰਭਾਲੀ॥੧੯੩॥
ਕਾਲੀ ਬੂਈਂ ਕੀ ਜੜ ਲੇਹ। ਚਾਰ ਟਾਂਕ ਗੋ ਪਯ ਸੋ ਦੇਹ॥
ਸਤਰ ਏਕਹਤ੍ਰ ਬਹੱਤਰ। ਇਨਦਿਨ ਊਪਰ ਤ੍ਰਿਕਦਿਨ ਏਕਰ॥੧੯੪॥
ਤਿਸ ਤਿਯ ਕੇ ਹੋਵਤ ਨਹੀ ਧੀਯ॥ ਜਨਮੈ ਪੁਤ੍ਰ ਸੁੰਦਰ ਦੀਯ॥
ਆਛੀ ਔਖਦ ਸਤਯ ਸੁਜਾਨ॥ ਕਰੋ ਵੈਦ ਤੁਮ ਹੋਇ ਨ ਹਾਨ॥੧੯੫॥

੨੦੭੪. ਮੋਰ ਦੇ ਖੰਭ ਦੀ ਟਿਕੀ ੧ ਤੇ ਘੋੜੇ ਦਾ ਪਰ ਰੱਤੀ ੧, ਇਹ ਗੁੜ ਲਪੇਟ ਕੇ ਗੋਲੀ ਕਰੇ, ਅਰ ਜਦ ਗਰਭ ਹੋਏ ਨੂੰ ੪੫ ਦਿਨ ਹੋ ਗਏ ਹੋਣ; ਤਦੋਂ ਇਹ ਖੁਲਾਵੇ ਤਾਂ ਲੜਕੀਆਂ ਪਲਟਕੇ ਲੜਕਾ ਪੈਦਾ ਹੋਵੇ।

ਕਾਲੀ ਬੂੰਈਂ ਦੀ ਜੜ੍ਹ ਇਹ ੧੬ ਨਿਤ ਗੋਕੇ ਦੁਧ ਨਾਲ ਦੇਵੇ, ਪਰੰਤੂ ਇਨ੍ਹਾਂ ਦਿਨਾਂ ਤੋਂ ਬਾਦ ਖੁਆਵੇ ਕਿ ਜਦ ੭੦ ਯਾਂ ੭੧ ਯਾ ੭੨ ਦਿਨ ਹੋ ਚੁਕੇ ਹੋਣ ਤਾਂ ਤਿੰਨ ਦਿਨ ਦੇਵੇ। ਫਿਰ ਉਸ ਇਸਤ੍ਰੀ ਦੇ ਧੀ ਨਹੀਂ ਹੁੰਦੀ, ਕਿੰਤੂ ਸੁੰਦ੍ਰ ਪੁਤ੍ਰ ਜਮ ਸਕਦੀ ਹੈ ਇਹ ਦਵਾਈ ਬਹੁਤ ਸਰੇਸ਼ਟ ਹੈ, ਕਦੇ ਬਿਅਰਥ ਨਹੀਂ ਜਾਣ ਵਾਲੀ॥੧੯੩ ਤੋਂ ੧੯੫॥

ਸੋਰਠਾ

ਨਿੰਬ ਜੜੈ ਰਸ ਲੇਇ ਤੰਦੁਲ ਜਲ ਸੁ ਮਿਲਾਇ ਪਿਵ।
ਰਿਤ ਸਨਾਨ ਕਰ ਦੇਇ ਸੁਤਾ ਜਨਤ ਸੁਤ ਜਨਮ ਹੀ॥੧੯੬॥

੨੦੭੫. ਨਿੰਮ ਦੀ ਜੜ੍ਹ ਦਾ ਰਸ ਲਵੇ, ਇਹ ਚੌਲ੍ਹਾਂ ਦੇ ਪਾਣੀ ਵਿਚ ਪਾਕੇ ਪੀਵੇ, ਰਿਤੂ ਸਨਾਨ ਹੋਏ ਤੇ ਦੇਵੇ ਤਾਂ ਪੁਤ੍ਰੀਆਂ ਤੋਂ ਪੁਤ੍ਰ ਪੈਦਾ ਹੋਵੇ॥੧੯੬॥

ਵਿਠ ਕਬੂਤਰ ਆਨ ਸੋਹਾਗਾ ਸਮ ਪੀਸ ਲਿਪ।
ਲਿੰਗ ਲੇਪ ਸੰਗਠਾਨ ਤਿਯ ਸੋ ਪੁਤ੍ਰ ਹੋਤ ਹੈ॥੧੯੭॥

੨੦੭੬. ਕਬੂਤ੍ਰ ਦੀ ਵਿਠ ਤੇ ਸੁਹਾਗਾ ਸਮਾਨ ਲੈ ਕੇ ਪੀਹਕੇ ਲਿੰਗ ਉਤੇ ਲਾ ਕੇ ਫਿਰ ਇਸਤ੍ਰੀ ਸੰਗ ਕਰੇ,ਤਾਂ ਬੀ ਪੁੱਤ੍ਰ ਪੈਦਾ ਕਰੇ॥੧੯੭॥

ਦੋਹਰਾ

ਕ੍ਰਿਸ਼ਨ ਪੰਚਮੀ ਰਾਤ ਜਬ ਉਦੇ ਹੋਤ ਹੈ ਚੰਦ।
ਸਤਾਵਰ ਜੜ ਤਵ ਗਹੋ ਪੀਸਤ ਤੀਯ ਅਨੰਦ॥੧੯੮॥
ਰਿਤ ਸਮਾਨ ਕਰ ਪੀਜੀਐ ਏਕ ਵਰਨ ਗੋ ਖੀਰ।
ਪੁਤ੍ਰੀ ਮਿਟ ਪੁਤ੍ਰ ਜਨੈ ਕਹਤ ਮੇਘ ਸੁਨ ਬੀਰ॥੧੯੯॥

੨੦੭੭. ਕ੍ਰਿਸ਼ਨ ਪੱਖ ਦੀ ਪੰਚਮੀ ਦੀ ਰਾਤ ਨੂੰ ਜਦ ਚੰਦ ਚੜ੍ਹੇ ਤਾਂ ਸਤਾਵਰ ਦੀ ਜੜ ਲੈਕੇ

Digitized by Panjab Digital Library | www.panjabdigilib.org

ਇਸਤ੍ਰੀ ਅਨੰਦ ਨਾਲ ਪੀਹੇ ਅਰ ਰਿਤੂ ਸ਼ਨਾਨ ਕਰਕੇ ਇੱਕ ਰੰਗ ਦੀ ਗਊ ਦੇ ਦੁੱਧ ਨਾਲ ਪੀਵੇ ਤਾਂ ਪੁੱਤ੍ਰੀ ਹਟਕੇ ਪੁਤ੍ਰ ਪੈਦਾ ਹੋਵੇ ॥੧੮੮॥੧੮੯॥

ਚੌਪਈ

ਗਜ ਕੇਸਰ ਵਿਧਾਰਾ ਕੁਸ਼ਟ। ਬੇਰ ਸਮਾਨ ਗੁਟੀ ਜਲ ਸੁਸਟ।
ਸਾਤ ਦਿਵਸ ਲੌ ਖਾਵਤਿ ਨਾਰਿ। ਪੁਤ੍ਰ ਜਨਮੈ ਰਮਿਹੈ ਭਰਤਾਰ ॥੧੯੦॥

੨੦੭੮. ਨਾਗਕੇਸਰ, ਵਿਧਾਰਾ ਤੇ ਕੁੱਠ ਮਿਠੀ ਸਮਾਨ ਭਾਗ ਲੈਕੇ ਬੇਰ ਬਰਾਬਰ ਗੋਲੀ ਬਣਾਵੇ। ਫਿਰ ਇਨ੍ਹਾਂ ਗੋਲੀਆਂ ਨੂੰ ੭ ਦਿਨ ਤੱਕ ਇਸਤਰੀ ਖਾਵੇ ਤਾਂ ਪੁੱਤਰ ਪੈਦਾ ਹੋਵੇ ॥੧੯੦॥

ਗਰਬ ਸ੍ਰਵਤੇ ਕਾ ਉਪਾਇ—ਸੋਰਠਾ

ਚੰਦਨ ਮਿਸਰੀ ਆਨ ਸਿਤਾ ਟੰਕ ਤ੍ਰਿਕ ਜਲ ਸਹਤ।
ਕਰਤ ਤ੍ਰਿਯਾ ਨਿਤ ਪਾਨ ਗਰਭ ਥੰਮੈ ਜੋ ਸ੍ਰਵਤ ਹੀ ॥੧੯੧॥

੨੦੭੯. ਚਿੱਟਾਚੰਦਨ, ਮਿਸ਼ਰੀ ਅਤੇ †ਮੁਸ਼ਕਬਾਲਾ ਇਹ ਤਿੰਨੇ ਇਕ ਤੋਲਾ ਨਿੱਤ (੭ ਦਿਨ) ਇਸਤ੍ਰੀ ਖਾਵੇ ਤਾਂ ਸ੍ਰਵਦਾ ਗਰਭ ਥੰਮ ਜਾਵੇ ॥੧੯੧॥

ਮਿਸਰੀ ਪੈਸੇ ਦੋਇ ਹੁਰਮਜਿ ਪੈਸਾ ਅਰਧ ਸਮ।
ਸ੍ਰਵਤ ਗਰਭ ਥਿਰ ਹੋਇ ਜੋ ਸੀਤਲ ਜਲ ਸੋ ਅਚੈ ॥੧੯੨॥

੨੦੮੦. ਮਿਸ਼ਰੀ ਦੋ ਪੈਸਾ ਭਰ, ‡ਈਸਬਗੋਲ ਅੱਧਾ ਪੈਸਾ ਭਰ, ਇਨ੍ਹਾਂ ਨੂੰ ਨਿੱਤ (੭ ਦਿਨ) ਠੰਢੇ ਜਲ ਨਾਲ ਫੱਕੇ ਤਾਂ ਸ੍ਰਵਦਾ ਗਰਭ ਰੁਕੇ ॥੧੯੨॥

ਦੋਹਰਾ

ਮੌਲੀ ਬਾਰ ਇਕਵੀਸ ਲੈ ਤਿਯ ਪਗ ਸਿਖ ਲੌ ਮਾਪ।
ਵਾਟ ਗਾਂਠ ਦੈ ਸਪਤ ਹੀ ਸਾਤ ਸਾਤ ਪਢ ਥਾਪ ॥੧੯੩॥
ਗੁਗਲ ਧੂਨੀ ਦੇ ਕਰੀ ਇਸਤ੍ਰੀ ਕੈ ਕਟਿ ਬਾਂਧ।
ਰਵਿਵਾਰੈ ਪਢਿ ਮੰਤ੍ਰ ਸੋ ਕਰਤ ਗਰਭ ਕੀ ਸਾਂਧ ॥੧੯੪॥

੨੦੮੧. ਮੌਲੀ ਦੀਆਂ ਤਾਰਾਂ ੨੧ ਲੈ ਕੇ ਇਸਤ੍ਰੀ ਦੇ ਪੈਰਾਂ ਤੋਂ ਸਿਰ ਤੱਕ ਨਾਪੇ, ਵੱਟਕੇ ਸੱਤ ਗੰਢਾਂ ਦੇਵੇ, ਪਰੰਤੂ ਗੰਢ ਗੰਢ ਪਰ ੭ ਬਾਰ ਅੱਗੋਂ ਲਿਖਯਾ ਮੰਤ੍ਰ ਪੜ੍ਹੇ; ਫਿਰ ਗੁੱਗਲ ਦੀ ਧੂਣੀ ਦੇਕੇ ਐਤਵਾਰ ਦੇ ਦਿਨ ਇਸਤ੍ਰੀ ਦੇ ਲੱਕ ਨਾਲ ਬੰਨ੍ਹੇ ਤਾਂ ਸ੍ਰਵਦਾ ਗਰਭ ਰੁਕੇ ।੧੯੩॥੧੯੪।

()ਅਥ ਮੰਤ੍ਰ—

ਓਅੰ ਬਾਂਧੋ ਸਰੁਵੇ ਬਾਂਧੂ ਜਾਯ। ਬਾਂਧੋ ਮੈਂ ਮਭ ਹੀ ਬਨਰਾਯ। ਬਾਂਧੂ ਨਦੀ ਬਹੰਤੇ ਨੀਰ। ਬਾਂਧੂ ਸਭ

---

†ਸਿਤਾ ਕਰਕੇ ਏਥੇ ਮੁਸ਼ਕਬਾਲਾ ਅਰਥ ਹੈ। ਦੇਖੋ, ਰਾਮ ਬਿਨੋਦ.

‡ਹੁਰਮਜਿ—ਈਸਬਗੋਲ ਹੈ, ਤਸੱਲ। ਨਹੀਂ ਤਾਂ ਦੇਖੋ ਵੈਦਸਾਰੋਧਰਾਤ ਤੇ ਰਾਮ ਬਿਨੋਦ।

()ਪਾਠ ਮੂਲ ਗ੍ਰੰਥਾਨੁਸਾਰ ਸੁਧ ਕੀਤਾ ਹੈ।

Digitized by Panjab Digital Library | www.panjabdigilib.org

ਕੋ ਢਕਾ ਸ਼ਰੀਰ। ਹਾਡ ਕੀ ਬੀ੍ਧਨ ਮੈਣਕਾ ਬਾਣ। ਬਾਂਧਰੇ ਰਕਤੀਆਂ ਬੀਰ (੦ਅਮਕੀ ਕਾ) ਗਰਭ ਦੇ ਮਤ ਜਾਣ। ਗੁਰ ਕੀ ਸ਼ਕਤਿ ਹਮਾਰੀ ਭਗਤਿ ਫੁਰਹੋ ਮੰਤ੍ਰ ਈਸ੍ਰੋ ਵਾਚਾ ਨ: ॥੧੯੫।

ਦੂਜੀ ਵਿਧੀ--ਦੋਹਰਾ

ਸੂਤ ਕੁਮਾਰੀ ਕੱਤਿਆ ਤਾਂਕੀ ਡੋਰ ਵਟਾਇ।
ਪਢ ਮੰਤ੍ਰ ਸੌ ਏਕ ਅਠ ਦੇਵੈ ਕਮਰ ਬੰਧਾਇ ॥੧੯੬॥
ਰਵਿ ਜੁ ਵਾਰ ਇਹ ਬਿਧ ਕਰੋ ਊਠੀ ਪ੍ਰਾਤੈਕਾਲ।
ਝਰਤ ਗਰਭ ਸੋ ਬੰਦ ਹੁਇ ਮੰਤ੍ਰ ਸੋਂ ਤਤਕਾਲ॥੧੯੭॥

੨੦੮੨. ੮੩. ਕੁਆਰੀ ਕੰਨਯਾਂ ਦੇ ਕੱਤੇ ਸੂਤ ਦੀ ਡੋਰ ਵੱਟੇ, ਉਸ ਡੋਰ ਪਰ ਵੱਟਦੇ ਸਮਯ ੧੦੮ ਬਾਰ ਅੱਗੇ ਲਿਖਯਾ ਮੰਤ੍ਰ ਪੜ੍ਹੇ, ਫਿਰ ਇਹ ਡੋਰ ਲੱਕ ਨਾਲ ਇਸਤ੍ਰੀ ਦੇ ਬੰਧਾ ਦੇਵੇ। ਪਰੰਤੂ ਇਹ ਵਿਧ ਪ੍ਰਾਤਾਕਾਲ ਉੱਠਕੇ ਐਤਵਾਰ ਦੇ ਦਿਨ ਕਰੇ ਤਾਂ ਸ੍ਰਵਦਾ ਗਰਭ ਰੁਕ ਜਾਵੇ ॥੧੯੬॥੧੯੭॥

ਅਥ ਮੰਤ੍ਰ:—
ਓਂ ਰਕਤੇ ਰਕਤ ਵਾਂਤੇ ਹੂੰ ਸਫਟ ਸ੍ਾਹ: ॥

*ਸਜੀਵ ਛੌੜ ਫੂਲਨ ਉਪਾਇ (ਰਾਮ ਬਿਨੋਦਾਤ)—ਦੋਹਰਾ

ਸੁੰਠ ਸਤਾਵਰ ਅਸਗੰਧਾ ਯਸਟੀ ਅਰੁ ਭ੍ਰਿਗਰਾਜ।
ਅਜਾ ਦੂਧ ਸੋ ਸਾਤ ਦਿਨ ਪੀਵਤ ਗਰਭ ਸੁ ਸਾਜ ॥੧੯੮॥

੨੦੮੪-੮੫—ਸੁੰਢ, ਸਤਾਵਰ, ਅਸਗੰਧ, ਮੁਲੱਠੀ ਤੇ ਭੰਗਰਾ ਪੀਹਕੇ ਬੱਕ੍ਰੀ ਦੇ ਦੁੱਧ ਨਾਲ ੭ ਦਿਨ ਪੀਵੇ ਤਾਂ ਗਰਭ ਹਰਾ ਹੋਵੇ ॥੧੯੮॥

ਕੌਲ ਬੀਜ ਪਦਮਾਖਲੇ ਸਿੰਘਾੜੇ ਲੇ ਪਾਇ।
ਜੀਰਾ ਟੰਕ ਚੌਤਾਲਿ ਸਭ ਸੂਖਮ ਪੀਸ ਛਨਾਇ ॥੧੯੯॥
ਟਾਂਕ ਜੁ ਤ੍ਰਿਕ ਗੋਦੂਧ ਸੋ ਪ੍ਰਾਤਹਿ ਪੀਵਤ ਨਾਰਿ।
ਦੋਸਾੜ੍ਹਾ ਛੌੜਾ ਫੂਲੇ ਮੂਢ ਗਰਭ ਦੁਖ ਟਾਰ ॥੨੦੦॥

੨੦੮੬-੮੭—ਕੌਲਡੋਡੇ, ਪਦਮਾਖ (ਲੱਕੜੀ, ਸਿੰਘਾੜੇ ਅਤੇ ਜੀਰਾ ਇਹ ਸਭ ੪੪ ਟੰਕ ਅਰਥਾਤ ੧੭੬ ਮਾਸੇ ੧੪ ਤੋਲੇ ੮ ਮਾਸੇ) ਬ੍ਰੀਕ ਪੀਹਕੇ ਕੱਪੜਛਾਣ ਕਰਕੇ ਨਿੱਤ ਪ੍ਰਾਤਾਕਾਲ ੧ ਤੋਲਾ ਗੋਕੇ ਦੁੱਧ ਨਾਲ ਇਸਤ੍ਰੀ ਪੀ ਲਿਆ ਕਰੇ। ਦੋ ਸਾਤੇ ਪੀਵੇ ਤਾਂ ਛੌੜ ਪ੍ਰਫੁਲਤ ਹੋ ਆਵੇ, ਇਸੇਤਰਾਂ ਮੂੜ ਗਰਭ ਬੀ ਟਲ ਜਾਂਦਾ ਹੈ ॥੧੯੯॥੨੦੦॥

੦ਏਥੇ ਗਰਭਵੰਤੀ ਦਾ ਨਾਮ ਪੜੇ, ਅਸਾਂ ਇਹ ਪਾਠ ਸਭ ਠੀਕ ਕੀਤੇ ਹਨ।

*ਸੁਸਕ ਗਰਭ ਦੇ ਸਜੀਵ ਹੋਣ ਨੂੰ ਫੂਲਨ ਕਿਹਾ ਹੈ, ਇਸ ਤਰਾਂ ਛੌੜ ਹਮੇਸ਼ਾਂ ਟਿਕਿਆ ਰਹਿੰਦਾ ਹੈ, ਕਿੰਤੂ ਹਰਾ ਨਹੀਂ ਹੁੰਦਾ ਹੈ। ਇਹ ਪ੍ਰਯੋਗ ਹਰੇ ਹੋਣ ਦੇ ਹਨ।

Digitized by Panjab Digital Library | www.panjabdigilib.org

ਸੋਰਠਾ

ਤਜ ਤਮਾਲ ਬ੍ਰਿਧ ਦਾਰੁ ਵੇਸਨ ਲੌਂਗ ਇਲਾਇਚੀ।
ਜਾਤੀਫਲ ਲੇ ਡਾਰ, ਜੀਰਾ ਯਸਿਟ ਸੁ ਪੀਸੀਯੈ ॥੨੦੧॥
ਸਬ ਸਮਹਸਤਾ ਮਿਲਾਇ ਪਾਂਚ ਟਾਂਕ ਰੋਘ੍ਰਿਤ ਸੋ।
ਗ੍ਰਭ ਬ੍ਰਿਧਿ ਹੋਇ ਆਇ ਜੋ ਖਾਵਤ ਨਿਤ ਨਾਰ ਇਹੁ ॥੨੦੨॥

੨੦੮੮. ਤਜਸੱਕ, ਤਮਾਲ ਪੱਤ੍ਰ, ਬਿਧਾਰਾ, †ਵੇਸਣ, ਲੌਂਗ, ਇਲਾਚੀ ਬੁੱਜੀ, ਜਾਫਲ, ਚਿੱਟਾ ਜੀਰਾ ਤੇ ਮੁਲੱਠੀ ਸਮਾਨ ਭਾਗ ਲੈ ਕੇ ਪੀਹੇ ਅਰ ਫਿਰ ਸਭ ਦੇ ਸਮਾਨ ਦੀ ਮਿਸਰੀ ਮਿਲਾਕੇ ੨੦ ਮਾਸੇ ਗੋਕੇ ਘਿਉ ਨਾਲ ਇਸਤ੍ਰੀ ਨਿੱਤ ਖਾਵੇ ਤਾਂ ਗ੍ਰਭ ਵਧ ਆਵੇ ॥੨੦੧॥੨੦੨॥

ਅਸਟਾ ਦਸ ਸਨ ਬੀਜ ਪੀਸ ਤੇਲ ਵਾ ਦੂਧ ਸੇ।
ਜੋ ਪ੍ਰਾਤਹਿ ਤਿਯ ਲੀਜ ਬ੍ਰਿਧਿ ਛੋਡ ਦਿਨ ਸਾਤ ਮੋਹਿ ॥੨੦੩॥

੨੦੮੯. ਸਣ ਦੇ ਬੀਜ ੧੮ ਗਿਣਕੇ ਲਵੇ, ਪੀਹਕੇ ਤੇਲ ਯਾ ਦੁੱਧ ਨਾਲ ਇਸਤ੍ਰੀ ਨਿੱਤ ਖਾਵੇ ਤਾਂ ਛੋੜ ੭ ਦਿਨ ਵਿਚ ਵਧ ਆਵੇ ॥੨੦੩॥

ਅਥ ਜਿਸਕੇ ਬਾਲਕ ਨਿਨਾਵੀ ਕਰਕੇ ਮਰ ਮਰ ਜਾਵੈਂ ਤਾਂਕੋ ਉਪਾਇ–ਦੋਹਰਾ

ਬਾਂਸਾ ਜੀਰਾ ਮਹਿਦਰੀ, ਕਲੌਂਜੀ ਰਗੜ ਪਤਾਲ।
ਕਟੁ ਤੂੰਬੀ ਕੇ ਬੀਜ ਲੈ ਰਤਗੋੜਾ ਲੈ ਲਾਲ ॥੨੦੪॥
ਅਠ ਅਠ ਮਾਸੇ ਸਬ ਗਹੋ ਕਾੜਾ ਦੈ ਚਤਰੰਸ।
ਗਰਭ ਮਾਸ ਜਬ ਸਾਤ ਕੋ ਹੁਇ ਤਬ ਏਹ ਕਰੰਸ ॥੨੦੫॥
ਦਸ ਦਿਨ ਲੌ ਨਾਰੀ ਪਿਵੈ ਗਰਭ ਦੋਖ ਮਿਟ ਜਾਇ।
ਨਿਨਾਵੀ ਨਹਿ ਹੋਤ ਹੈ ਬਾਲਕ ਬਹੁਤੀ ਆਇ ॥੨੦੬॥

੨੦੯੦. ਬਾਂਸਾ, ਜੀਰਾ, ਮਹਿੰਦੀ, ਕਲੌਂਜੀ, ਛਿਲਹਿੰਟਾ (ਤਰੜ) ਕੌੜੀ ਤੂੰਬੀ ਦੇ ਬੀਜ, ਰਤਗੋੜਾ–ਰਕਤ ਚੰਦਨ, ਇਹ ਸਭ ਅਠ ਅਠ ਮਾਸੇ, ਚੀਜਾਂ ਲੈ ਕੇ ਚਤੁਰਾਂਸ਼ ਕਾੜ੍ਹਾ ਰਹੇ ਤਾਂ ਦੇਵੇ। ਇਸਨੂੰ ਦਸ ਦਿਨ ਤਕ ਇਸਤ੍ਰੀ ਪੀਵੇ ਤਾਂ ਗ੍ਰਭ ਦਾ ਦੋਖ ਨਾਸ ਕਰੇ। ‡ਨਿਨਾਵੀ ਨਹੀਂ ਹੁੰਦੀ, ਬੱਚੇ ਦੀ ਬਹੁਤੀ ਆਯੂ ਹੋਵੇ ॥੨੦੪॥੨੦੬॥

---

†ਵੇਸਣ–ਕਸੌਂਦੀ ਹੈ, ਇਸਦੀ ਭਾਜੀ ਹੁੰਦੀ ਹੈ, ਇਸੇ ਨੂੰ ਮਰਦ ਬੀ ਬੋਲਦੇ ਹਨ, ਨਾਮ ਵਾਸਤੇ ਦੇਖੋ ਔਸ਼ਧੀ ਕੋਸ਼, ਗੁਣ ਵਾਸਤੇ ਦੇਖੋ ਭਾਵ ਪ੍ਰਕਾਸ਼, ਪਰੰਤੂ ਆਲੋਮੁਹਾਰੀ ਅਸ਼ੁਧ ਪਾਠ "ਸੇਵਨ" ਲਿਖਦਾ ਹੈ।

‡ਜੰਮਦੇ ਬਾਲਕ ਦੇ ਸ਼ਰੀਰ ਪਰ ਫੋੜੇ ਫਿਨਸੀਆਂ ਹੋ ਕੇ ਗਲ ਸੜ ਜਾਂਦਾ ਹੈ,

Digitized by Panjab Digital Library | www.panjabdigilib.org

ਇਸਤ੍ਰੀਕੇ†ਗਰਭ ਕਰੰਗ, ਮ੍ਰਿਤ ਛੌੜਾਹੋ, ਤਿਸਕਾ ਉਪਾਇ—ਚੌਪਈ

ਗਾਜਰ ਬੀਜ ਟਾਂਕ ਲੈ ਸਾਤ। ਤੇਲ ਟੰਕ ਬੀਸ ਜੋ ਘਾਤ।
ਪੀਸੀ ਕਟੁਕ ਤੇਲ ਸੌਂ ਪੀਤ। ਤੀਨ ਦਿਵਸ ਲੌ ਜਾਨੋ ਮੀਤ ॥੨੦੭॥
†ਗਰਭ ਕਰੰਗੁ ਦਿਨ ਚੌਥੈ ਪਰੈ। ਅਥਵਾ ਤਾਕੀ ਭਸਮ ਸੁ ਕਰੈ।
ਗੋਲਾਤਿਯਕਾਛਿਨਮਹਿ ਜਾਇ। ਉਦਰ ਸੁਧਹੁਇ ਬਾਲ ਕਥਾਇ ॥੨੦੮॥

੨੦੯੧. ਗਾਜਰ ਦੇ ਬੀਜ ੭ ਟੰਕ, ਤੇ ਕੌੜਾ ਤੇਲ ੨੦ ਟੰਕ। ਪਹਿਲੇ ਗਾਜਰ ਦੇ ਬੀਜ ਪੀਹਕੇ ਤੇਲ ਵਿਚ ਪਾਕੇ ਪੀਵੇ। ਇਸ ਤਰਾਂ ੩ ਦਿਨ ਕਰੇ ਤਾਂ ਗਰਭ ਦਾ ਕੁਰੰਗ ਚੌਥੇ ਦਿਨ ਗਿਰ ਪਵੇ। ਯਾ ਉਸਦੀ ਅੰਦਰੋ ਭਸਮ ਹੋ ਜਾਵੇ। ਇਸਤ੍ਰੀ ਦੇ ਜੇ ਗੋਲਾ ਹੋਵੇ ਓਹ ਬੀ ਨਾਸ਼ ਕਰੇ। ਪੇਟ ਸੁਧ ਹੋਕੇ ਬਾਲਕ ਹੋਵੇ ॥੨੦੭॥੨੦੮॥

ਦੋਹਰਾ

ਸਯਾਮ ਭੰਭੋਲਨ ਜੜ ਗਹੀ ਅਖਯਤ ਜਲ ਸੌਂ ਪੀਤ।
ਤੀਨ ਦਿਵਸ ਮਹਿ ਕਰੰਗ ਤਿਯ ਮਿਟ ਜਾਵਤ ਸੁਨ ਮੀਤ ॥੨੦੯॥

੨੦੯੨. ਕਾਲੇ ਭੰਭੋਲੇ ਅਰਥਾਤ ਪੀਲਕ ਦੀ ਜੜ ਲੈਕੇ, ਚੌਲਾਂ ਦੇ ਜਲ ਨਾਲ ਪੀਵੇ ਤਾਂ ਇਸਤ੍ਰੀ ਦਾ ਕੁਰੰਗ ੩ ਦਿਨ ਵਿੱਚ ਮਿਟ ਜਾਵੇ ॥੨੦੯॥

ਨਵਸਾਦਰ ਜਵਖਾਰ ਲੈ ਪਾਂਚ ਲੂਨ ਲੈ ਡਾਰ।
ਸਿਪੀ ਜਾਲੀ ਪਾਈਐ ਮੇਲੋ ਸੰਮਲਖਾਰ ॥੨੧੦॥
ਅਠ ਅਠ ਮਾਸੇ ਪ੍ਰਥਕ ਸਬ ਪੀਸੀ ਕਪਰ ਛਨਾਇ।
ਅਰਕ ਖੀਰ ਪੁਟ ਤੀਨ ਦੈ ਕੰਨਯਾ ਤੀਨ ਦਿਵਾਂਇ ॥੨੧੧॥
ਗੁੰਜਾਂ ਤੀਨ ਖਵਾਈਏ ਗੁੰਜਾਂ ਤੀਨ ਵਧਾਇ।
ਦੋ ਮਾਸੇ ਲੌ ਚਾਟੀਏ ਗੋਲਾ ਕਰੰਗ ਮਿਟਾਇ ॥੨੧੨॥
ਰਕਤ ਗੁਲਮ ਟਰ ਫਿਰੰਗ ਕੋ ਕਾਟਤ ਛਿਨ ਮਹਿ ਏਹ।
ਕਹਤ ਮੇਘ ਸਾਚੀ ਕਹੀ ਜੌ ਤਿਯ ਇਸਕੇ ਲੇਹ ॥੨੧੩॥

੨੦੯੩. ਨੁਸਾਦ੍ਰ, ਜੌਂਖਾਰ, ਪੰਜੇ ਲੂਣ, ਫੂਕੀ ਹੋਈ ਸਿੱਪੀ ਦੀ ਸੁਆਹ ਅਤੇ ਸਿੰਮਲਖਾਰ ਇਹ ਸਭ ਅੱਠ ਅੱਠ ਮਾਸੇ ਲੈਕੇ ਪੀਸ ਕਪੜ ਛਾਣ ਕਰੇ ਅਰ ਫਿਰ ਅੱਕ ਦੇ ਦੁਧ ਦੀਆਂ ਤਿੰਨ ਪੁਠਾਂ ਦੇਵੇ। ਇਸੇ ਤਰਾਂ ਕੁਆਰ ਗੰਦਲ ਦੇ ਰਸ ਦੀਆਂ ਤਿੰਨ ਪੁਠਾਂ ਦੇਕੇ ਰਖੇ, ਇਸ ਵਿਚੋਂ ੩ ਰੱਤੀਆਂ ਖੁਲਾਵੇ,

---

†ਇਸਤ੍ਰੀ ਦੇ ਗਰਭ ਵਿਚ ਗੋਲਾ ਜੇਹਾ ਗ੍ਰਭ ਦੇ ਚਿੰਨ੍ਹ ਸਮੇਤ ਨਜ਼ਰ ਆਵੇ ਅਥਵਾ ਗਰਭ ਗਿਰ ਜਾਵੇ, ਫਿਰ ਅੰਦਰ ਕਰੰਗ ਯਾਂ ਛੌੜ ਫਸਿਆ ਰਹੇ, ਉਸਦੇ ਕੱਢਨ ਦਾ ਯਤਨ ਹੈ।

Digitized by Panjab Digital Library | www.panjabdigilib.org

ਇਸੇ ਤਰਾਂ ਤਿੰਨ ਤਿੰਨ ਰੱਤੀਆਂ ਵਧਾਉਂਦਾ ਜਾਵੇ, ਫਿਰ ਦੋ ਮਾਸੇ ਤਕ ਆ ਜਾਵੇ ਤਾਂ ਗੋਲਾ ਅਰ ਕਰੰਗ, ਰਕਤ ਗੋਲਾ ਤੇ ਬਾਦਫਰੰਗ ਤੁਰਤ ਨਾਸ ਕਰੇ ॥੨੧੧ ਤੋਂ ੨੧੩॥

ਵਿਸਖਪਰਾ ਟੰਕ ਲੇਵੋ ਚਾਰ। ਅਜਾ ਮੂਤ ਸੋ ਪੀਵੈ ਨਾਰ।
ਤੀਨ ਦਿਵਸ ਲੌ ਇਹ ਬਿਧਿ ਕਰੈ। ਕਰੰਗ ਗਰਭ ਤੇਤਤ ਛਿਨ ਗਿਰੈ॥੨੧੪॥

੨੦੯੪. ਬਿਸਖਪਰਾ ੪ ਟੰਕ ਲੈ ਕੇ ਬਕ੍ਰੀ ਦੇ ਮੂਤ੍ਰ ਨਾਲ ਇਸਤ੍ਰੀ ੩ ਦਿਨ ਪੀਵੇ ਤਾਂ ਗਰਭ ਵਿਚੋਂ ਕਰੰਗ ਛਿਨ ਭਰ ਵਿਚ ਗਿਰ ਪਵੇ, ਜੋਹੜਾ ਅੰਦਰ ਖੋਲ ਫਸਿਆ ਹੈ ॥੨੧੪॥

(ਕਾਲ ਗਜ਼ਾਨਾਤ)

ਸੋਰਾ ਖਾਂਡ ਜੁ ਅਠ ਅਠ ਟਾਂਕ। ਸਾਂਤ ਦਿਵਸ ਲੌ ਤਿਯ ਅਚਆਂਕ।
ਰਕਤ ਗੁਲਾਮ ਕਰੰਗ ਗਿਰ ਪਰੈ। ਕਾਲਗਿਆਨ ਬਾਨੀ ਉਚਰੈ ॥੨੧੫॥

੨੦੯੫. ਸ਼ੋਰਾ ਤੇ ਖੰਡ ਅੱਠ ਅੱਠ ਟੰਕ, ਇਸ ਤਰਾਂ ਸਤ ਦਿਨ ਤਕ ਇਸਤਰੀ ਖਾਂਵੇ ਤਾਂ ਰਕਤ ਦਾ ਗੋਲਾ ਤੇ ਕਰੰਗ ਗਿਰ ਪਵੇ ਇਹ ਕਾਲਗਜ਼ਾਨ ਵਿਚ ਲਿਖਿਆ ਹੈ ॥੨੧੫॥

ਇਸਤ੍ਰੀ ਦੀ ਜੋਨਿ ਸੂਲ ਉਪਾਇ (ਰਸਰਤਨਾਕਰਾਤ)—ਦੋਹਰਾ

ਇੰਦ੍ਰਵਾਰਨੀ ਲਾਂਗੁਲੀ ਅਪਾਮਾਰਗ ਕੋ ਪੀਸ।
ਭਗ ਮੈ ਦੇਵੋ ਬਰਤਿ ਕਰ ਜਲ ਸੋ ਸੂਲ ਜੁ ਖੀਸ ॥੨੧੬॥

੨੦੯੬. ਇੰਦ੍ਰਵਾਰਨੀ-ਤੁੰਮੇ ਦੀ ਜੜ੍ਹ ਯਾ ਤੁੰਮਾ, ਨਲਿਯੇਰ† ਗਿਰੀ ਤੇ ਪੁਟਕੰਡਾ ਪੀਹਕੇ ਜਲ ਨਾਲ ਬੱਤੀ ਕਰਕੇ ਭਗ ਵਿਚ ਦੇਵੇ ਤਾਂ ਯੋਨੀ ਦੀ ਸੂਲ ਨਾਸ਼ ਹੋਵੇ ॥੨੧੬॥

ਨਿੰਬ ਪਾਤ ਜਲ ਪੀਸਿਯੇ ਏਰੰਡ ਬੀਜ ਮੰਗਾਇ।
ਲੇਪੇ ਭਗਕੇ ਵੀਚ ਮੋ ਜੋਨਿ ਸੂਰ ਸਬ ਜਾਇ ॥੨੧੭॥

੨੦੯੭. ਨਿੰਮ ਦੇ ਪਤੇ, ਤੇ ਅਰਿੰਡ ਦੇ ਬੀਜ, ਜਲ ਨਾਲ ਪੀਹਕੇ ਭਗ ਵਿੱਚ ਲੇਪ ਕਰੇ ਤਾਂ ਯੋਨੀ ਦਾ ਸੂਲ ਨਾਸ਼ ਹੋਵੇ ॥੨੧੭॥

ਜਵਾਸਾਂ ਜੜ ਆਨਕੈ ਤੀਨ ਟੰਕ ਪਰਮਾਨ।
ਸੀਤ ਸਲਲ ਸੋ ਪੀਜਿਯੇ ਯੋਮਿ ਸੂਰ ਕੀ ਹਾਨਿ ॥੨੧੮॥

੨੦੯੮. ਜਵਾਂਹੇਂ ਦੀ ਜੜ ਲੈ ਕੇ ੩ ਟੰਕ ਬੇਹੇ ਪਾਣੀ ਨਾਲ ਪੀਵੇ, ਤਾਂ ਯੋਨੀ ਦਾ ਸੂਲ ਨਾਸ਼ ਹੋਵੇ ॥੨੧੮॥

ਪਤ੍ਰ ਹਰੇ ਮੰਗਾਇਕੈ ਲੋਹੁ ਕਪਾਸਹਿ ਪੀਸ।
ਗੋਲੀ ਕਰ ਭਗ ਮਹਿ ਧਰੋ ਯੋਨਿ ਸੂਲ ਨਹਿ ਦੀਸ ॥੨੧੯॥

---

†ਲਾਂਗੁਲੀ—ਨਲ੍ਹਿਯੇਰ ਹੈ, ਦੇਖੋ ਚਕਿਤਸਾ ਕੋਸ਼,

Digitized by Panjab Digital Library | www.panjabdigilib.org

੨੦੯੯. ਹਰੇ ਪੱਤੇ ਕਪਾਹ ਦੇ ਲੈਕੇ, ਪੀਹਕੇ ਗੋਲੀ ਬਣਾਕੇ, ਯੋਨੀ ਵਿੱਚ ਰੱਖੇ, ਤਾਂ ਸੂਲ ਨਾਸ਼ ਕਰੇ ॥੨੧੯॥

ਇਸਤ੍ਰੀ ਕੇ ਗਰਭ ਸੂਲਕਾ ਉਪਾਇ (ਰਸਰਤਨਾਕਰਾਤ)—ਚੌਪਈ

ਅਕਸ ਮਾਤ ਜਬ ਗਰਬ ਧਰਾਇ। ਪ੍ਰਥਮ ਮਾਸ ਤਬ ਵੇਦਨ ਥਾਇ।
ਦਸਮ ਮਾਸ ਲੌ ਪੀਰਾ ਹੋਇ। ਰਸਰਤਨਾਕਰਿ ਭਾਖੀ ਸੋਇ ॥੨੨੦॥
ਚੰਦਨ ਪਦਮ ਕੇਸਰਹਿ ਲਜਾਇ। ਗਊ ਦੂਧ ਸੋਂ ਦੇਹੁ ਪਿਲਾਇ।
ਪਲ ਮਾਤ੍ਰ ਇਸਕਾ ਹੈ ਮਾਨ। ਪ੍ਰਥਮ ਮਾਸ ਗ੍ਰਭ ਵੇਦਨ ਹਾਨ ॥੨੨੧॥
ਕਕਰਾਸ੍ਰਿੰਗੀ ਯਸਟੀ ਪਾਇ। ਨੀਲੇ ਕਮਲ ਗੋਪਯ ਪੀਸਾਇ।
ਪੀਵਤ ਨਾਰਿ ਗ੍ਰਭ ਕਾ ਸੂਰ। ਦ੍ਵੈਤਯਿ ਮਾਸ ਮਿਟਾਵਤ ਸੂਰ ॥੨੨੨॥
ਕੁਸਟ ਤੱਗਰ ਸ੍ਰੀ ਖੰਡ ਮਿਨਾਲ। ਕਮਲ ਕੇਸਰੇ ਪਿਯ ਜਲ ਨਾਲ।
ਪੀਵਤ ਗਰਭ ਬੇਦਨਾ ਹਰੈ। ਤੀਜੈ ਨਾਸ ਜੁ ਤਿਯ ਸੁਖ ਕਰੈ ॥੨੨੩॥
ਨੀਲ ਕਮਲ ਮ੍ਰਿਨਾਲ ਤ੍ਰਿਕੰਟਾ। ਕਸੇਰੂ ਗੋ ਖੀਰੇ ਵੰਟਾ।
ਪੀਵਤ ਨਾਰ ਗਰਭਦੁਧ ਜਾਇ। ਚੌਥੇ ਮਾਸ ਜੁ ਹੋਵਤ ਕਾਇ ॥੨੨੪॥
ਕਾਂਕੋਲੀ ਇਟ ਸਿਟ ਲੈ ਤਗਰ। ਗੋਖਜਰ ਨੀਲੇ ਕਮਲਸੁ ਇਮਕਰ।
ਗਰਭ ਮਾਸ ਜੋ ਪੰਚਮ ਸੂਰ। ਗੋ ਖੀਰਹਿ ਪਿਵ ਹੋਵਤ ਦੂਰ ॥੨੨੫॥
ਕਪਿੱਥ ਮੱਜ ਅਰੁ ਸਿਤਾ ਮਿਲਾਇ। ਸੀਤ ਸਲਲ ਮਹਿ ਲੇਹੁ ਪਿਸਾਇ।
ਗੋਖੀਰੈ ਪਿਵ ਸੂਰ ਮਿਟਾਇ। ਛਠੇ ਮਾਸ ਕਾ ਜਾਨੋ ਭਾਇ ॥੨੨੬॥
ਕਰਚੂਰੰ ਪੁਹਕਰ ਜੜਆਨ। ਨੀਲ ਕਮਲ ਪੀਸੋ ਜੜ ਠਾਨ।
ਸੂਲ ਮਿਟੈ ਸਾਤਮ ਜੋ ਮਾਸ। ਗੋਖੀਰੈ ਜੋ ਖਾਵਤ ਤਾਸ ॥੨੨੭॥
ਯਸਟਿ ਬਹੇੜਾ ਲੈ ਪਦਮਾਖ। ਮੁਸਤ ਕਸੇਰੂ ਆਨੀ ਰਾਖ।
ਨੀਲ ਕਮਲ ਗਜ ਪੀਪਰ ਲੇਹੁ। ਗਊ ਦੂਧ ਸੋ ਪੀਵਤ ਏਹੁ ॥੨੨੮॥
ਅਸਟ ਮਾਸ ਕੇ ਗਰਭੇ ਸੂਰ। ਲੈ ਔਖਧ ਤੀਯਾ ਕੋ ਪੂਰ।
ਮਿਟੈ ਵੇਦਨਾ ਸਾਚੀ ਕਹੀ। ਰਸਰਤਨਾਕਰ ਤੇ ਮੈ ਲਹੀ ॥੨੨੯॥
ਕੰਕੋਲ ਬਿਸਾਲਾ ਬੀਜ ਮੰਗਾਇ। ਮਧੁ ਸੋਂ ਚਾਟੇ ਬੇਦਨ ਜਾਇ।

Digitized by Panjab Digital Library | www.panjabdigilib.org

ਨਵਮ ਮਾਸਕਾਸੂਲ ਮਿਟਾਵੈ। ਕਹਤ ਮੇਘ ਸਭ ਵੇਦਨ ਭਾਵੈ ॥੨੩੦॥
ਸਿਤਾ ਗੋਸਤਨੀ ਮਧੁ ਅਰ ਦਾਖ। ਨੀਲ ਕਮਲ ਗੋ ਦੂਧੈ ਰਾਖ।
ਦਸਮ ਮਾਸ ਜੋ ਸੂਲ ਕਹਾਇ। ਗਰਭ ਵੇਦਨਾ ਦੂਰ ਕਰਾਇ ॥੨੩੧॥

ਅਚਾਨਕ ਜਿਸ ਦਿਨ ਇਸਤ੍ਰੀ ਨੂੰ ਗਰਭ ਹੋ ਆਵੇ, ਤਾਂ ਫਿਰ ਪਹਿਲੇ ਮਹੀਨੇ ਤੋਂ ਦਸਵੇਂ ਮਹੀਨੇ ਤੱਕ ਪੀੜ ਹੋਵੇ, ਇਹ ਰਸਰਤਨਾਕਰ ਵਿੱਚ ਲਿਖਿਆ ਹੈ, ਤਾਂ ਫਿਰ :-॥੨੨੦॥

੨੧੦੦. ਲਾਲ ਚੰਦਨ. ਕਮਲਕੇਸਰ ਇਹ ਇਹ ਦੋਨੋਂ ਪਲ ਪ੍ਰਮਾਣ (੪ ਤੋਲੇ) ਪੀਹਕੇ ਗਊ ਦੇ ਦੁੱਧ ਨਾਲ ਪੀਵੇ ਤਾਂ ਇਸਤ੍ਰੀ ਦੇ ਗਰਭ ਦਾ ਸੂਲ ਪਹਿਲੇ ਮਹੀਨੇ ਦਾ ਨਾਸ ਹੋਵੇ ॥੨੨੧॥

੨੧੦੧. ਕੱਕੜ ਸਿੰਘੀ, ਮੁਲੱਠੀ ਤੇ ਨੀਲੇ ਕਮਲ ਫੂਲ ਗੋਕੇ ਦੁਧ ਨਾਲ ਘੋਟਕੇ ਇਸਤ੍ਰੀ ਨੂੰ ਪਿਲਾਵੇ ਤਾਂ ਦੂਸਰੇ ਮਹੀਨੇ ਦਾ ਗ੍ਰਭ ਦਾ ਸੂਲ ਨਾਸ ਹੋਵੇ ॥੨੨੨॥

੨੧੦੨. ਕੁੱਠ,ਤਗਰ,ਚੰਦਨ,ਕਮਲ ਦੀ ਡੰਡੀ ਤੇ ਕੌਲ ਦਾ ਕੇਸਰਜਲ ਨਾਲ ਪੀਹਕੇ ਪੀਵੇ ਤਾਂ ਤੀਸਰੇ ਮਹੀਨੇ ਦਾ ਗਰਭ ਸੂਲ ਨਾਸ਼ ਹੋਵੇ ॥੨੨੩॥

੨੧੦੩. ਨੀਲੇ ਕਮਲ ਦੇ ਫੂਲ, ਕਮਲਡੰਡੀ, ਭੱਖੜਾ ਤੇ ਕਸੇਰੂ ਇਹ ਸਭ ਗੋਕੇ ਦੁੱਧ ਨਾਲ ਘੋਟਕੇ ਪੀਵੇ ਤਾਂ ਚੌਥੇ ਮਹੀਨੇ ਦਾ ਗਰਭ ਸੂਲ ਨਾਸ਼ ਕਰੇ ॥੨੨੪॥

੨੧੦੪. ਕਾਂਕੋਲੀ, ਇਟਸਿਟ, ਤਗ੍ਰ ਭੱਖੜਾ ਤੇ ਨੀਲੇ ਕਮਲ. ਏਸੇ ਤਰ੍ਹਾਂ ਦੁੱਧ ਵਿਚ ਘੋਟਕੇ ਪੀਵੇ ਤਾਂ ਪੰਜਵੇਂ ਮਹੀਨੇ ਦਾ ਗਰਭ ਸੂਲ ਨਾਸ਼ ਕਰੌ ॥੨੨੫॥

੨੧੦੫. ਕੈਂਥ ਦੀ ਗਿਰੀ ਤੇ ਮਿਸਰੀ ਠੰਢੇ ਪਾਣੀ ਨਾਲ ਪੀਹਕੇ ਗੋਕੇ ਦੁੱਧ ਵਿਚ ਪਾਕੇ ਪੀਵੇ ਤਾਂ ਛੇਵੇਂ ਮਹੀਨੇ ਦਾ ਗਰਭ ਸੂਲ ਨਾਸ਼ ਕਰੇ ॥੨੨੬॥

੨੧੦੬. ਕਚੂਰ, ਪੁਹਕਰਮੂਲ ਤੇ ਨੀਲੇ ਕਮਲ ਦੀ ਜੜ੍ਹ ਗੋਕੇ ਦੁੱਧ ਨਾਲ ਘੋਟਕੇ ਪੀਵੇ ਤਾਂ ਸੱਤਵੇਂ ਮਹੀਨੇ ਦਾ ਸੂਲ ਨਾਸ਼ ਹੋਵੇ ॥੨੨੭॥

੨੧੦੭. ਮੁਲੱਠੀ, ਬਹੇੜੇ, ਕਮਲ ਡੋਡੇ, ਮੋਥਾ, ਕਸੇਰੂ, ਨੀਲੇਕਮਲ ਤੇ ਗਜਮਘ. ਘੋਟਕੇ ਗੋਕੇ ਦੁੱਧ ਨਾਲ ਪੀਵੇ ਤਾਂ ਅੱਠਵੇਂ ਮਹੀਨੇ ਦਾ ਗਰਭ ਸੂਲ ਨਾਸ ਹੋਵੇ, ਇਹ ਸਭ ਰਸਰਤਨਾਕਰ ਵਿੱਚ ਲੇਖ ਹਨ। (ਪਰੰਤੂ ਬੇਢੰਗ। ਅੰਡ ਵੰਡ) ॥੨੨੮॥੨੨੯॥

੨੧੦੮. ਕੰਕੋਲੀ (ਸਰਦਚੀਨੀ), ਤੂੰਮੇਂ ਦੇ ਬੀਜ ਪੀਹਕੇ ਸ਼ਹਿਤ ਨਾਲ ਚੱਟੇ ਤਾਂ ਨੌਮੇ ਮਹੀਨੇ ਦਾ ਸੂਲ ਨਾਸ਼ ਹੋਵੇ ॥੨੩੦॥

੨੧੦੯. ਮਿਸਰੀ; ‡ਭੂਰੇ ਰੰਗ ਦੀ ਦਾਖ ਅਰਥਾਤ ਕਾਲਾ ਮਣਕਾ, ਸ਼ਹਤ,ਮੁਣੱਕਾ ਤੇ ਨੀਲੇ ਕਮਲ ਗੋਕੇ ਦੁੱਧ ਨਾਲ ਪੀਵੇ ਤਾਂ ਦਸਵੇਂ ਮਹੀਨੇ ਦਾ ਗਰਭ ਸੂਲ ਨਾਸ ਹੋਵੇ ॥੨੩੧॥

ਇਸਤ੍ਰੀ ਸਰਬ ਸੂਲ ਗਰਭ ਉਪਾਇ (ਵੰਗਸੇਨਾਤ)—ਚੌਪਈ

ਉਤਪਲ ਸਿਵਾ ਖੀਰਕਾ ਲੇਇ। ਮੂਲੀ ਸੂਕੀ ਆਛੀ ਦੇਇ।
ਮੇਲ ਮਜਿਸਟਾ ਚੂਰਨ ਕਰੋ। ਗੋਪਯ ਸੇਤੀ ਖਾਵਨ ਧਰੋ ॥੨੩੨॥
ਕਰਖ ਮਾਨ ਨਿਤ ਖਾਵਤ ਨਾਰਿ। ਗਰਭ ਸੂਲ ਸਭ ਜਾਵਤ ਟਾਰ।

‡ਦੇਖ ਔਸ਼ਧੀ ਕੋਸ਼,

Digitized by Panjab Digital Library | www.panjabdigilib.org

ਗਰਭ ਮਾਸ ਜਗੋਂ ਗਯਾਰਾਂ ਕਹੇ। ਤਾਂਕਾ ਸੂਰ ਗਵਾਵੈ ਯਹੇ ॥੨੩੩॥

੨੧੧੦. ਨੀਲੇਕਮਲ, ਆਵਲੇ, ਖੀਰ ਕਾਂਕੋਲੀ, ਸੁਕਾਈ ਹੋਈ ਮੂਲੀ ਤੇ ਮਜੀਠ, ਪੀਹਕੇ ਚੂਰਨ ਬਣਾ ਕੇ ਗੋਕੇ ਦੁੱਧ ਨਾਲ ੧ ਤਲਾ ਪ੍ਰਮਾਨ ਖਾਵੇ, ਤਾਂ ਗਰਭ ਦਾ ਸਭ ਤਰਾਂ ਦਾ ਸੂਲ ਨਾਸ ਹੋਵੇ। ਅਰ ਹੋਰ ਯਾਰੁਵੇਂ ਮਹੀਨੇ ਦਾ ਸੂਲ ਸਭ ਨਾਸ ਹੋਵੇ ॥੨੩੨॥੨੩੩॥

ਅਥ ਗਰਭਣੀ ਜ੍ਵਰ ਉਪਾਇ (ਵੰਗਸੇਨਾਤ)—ਦੋਹਰਾ

ਚੰਦਨ ਲੋਧਰ ਸਾਰਵਾ ਦਾਖ ਸਰਕਰਾ ਪਾਇ।
ਕ੍ਵਾਥ ਕਰੀ ਬਨਿਤਾ ਪਿਵੈ ਗਰਭਨਿ ਤਾਪ ਮਿਟਾਇ ॥੨੩੪॥

੨੧੧੧. ਚੰਦਨ, ਲੋਧ, ਉਸ਼ਬਾ, ਮੁਨੱਕਾ ਤੇ ਖੰਡ। ਇਨ੍ਹਾਂ ਦਾ ਕਾਹੜਾ ਕਰਕੇ ਇਸਤ੍ਰੀ ਪੀਵੇ, ਤਾਂ ਗਰਭਣੀ ਦਾ ਤਾਪ ਨਾਸ ਹੋਵੇ ॥੨੩੪॥

ਤਿਕਤ ਕਿਰਾਤਹਿ ਲੋਦ ਲੈ ਬਲਾ ਅਤਿਬਲਾ ਪਾਇ।
ਪਰਨੀ ਸਾਲ ਜੁ ਪ੍ਰਿਸਟ ਹੀ ਵਚ ਪਿਚਮੰਦ ਮਿਲਾਇ ॥੨੩੫॥
ਕਲਕ ਕਰੀ ਪਚਾਈਐ ਤਾਮਹਿ ਤੇਲ ਰਲਾਇ।
ਤੇਲ ਕਰੀ ਨਾਵਨ ਕਰੋ ਵਾ ਅੰਗਹਿ ਮਰਦਾਇ ॥੨੩੬॥
ਖਾਵਨਿ ਭੀ ਤਾਕੋ ਕਰੋ ਮਿਟਤ ਗਰਭਨੀ ਤਾਪ।
ਕਹਤ ਮੇਘ ਨਿਸਚੈ ਲਖੋ ਤਾਪ ਵਡੋ ਸੰਤਾਪ ॥੨੩੭॥

੨੧੧੨. ਕੌੜ, ਚਰੈਤਾ, ਲੋਧ, ਖਿਰੈਟੀ ਕੰਘੀਬੂਟੀ, ਸਾਲਪ੍ਰਣੀ, ਪ੍ਰਿਸਟਪ੍ਰਣੀ, ਵਚ ਤੇ ਨਿੰਮ ਘੋਟਕੇ ਫਿਰ ਉਸ ਪਾਣੀ ਵਿੱਚ ਤੇਲ ਪਾਕੇ ਪਕਾਵੇ, ਜਦ ਤੇਲ ਆਣ ਰਹੇ ਤਾਂ ਸਾਫ ਕਰ ਰੱਖੇ। ਫਿਰ ਉਸ ਤੇਲ ਦੀ ਨਸਵਾਰ ਦੇਵੇ ਅਰ ਅੰਗਾ ਪਰ ਮਾਲਿਸ਼ ਕਰੇ. ਇਸੇ ਤਰਾਂ ਖਾਣ ਨੂੰ ਬੀ ਦੇਵੇ ਤਾਂ ਗਰਭਣੀ ਦਾ ਤਾਪ ਜਾਵੇ ॥੨੩੫ ਤੋਂ ੨੩੭॥

ਅਰਧ ਨਾਰੀ ਨਟੇਸ਼੍ਵਰ ਜ੍ਵਰ ਕੋ—ਦੋਹਰਾ

ਪਾਰਦ ਮਰਚਾਂ ਟੰਕ ਟੰਕ ਅਜਯਪਾਲ ਫਲ ਸਾਤ।
ਬੀਸ ਕਣਾ ਸਬ ਪੀਸਕੈ ਵਸਨ ਪੋਟਲੀ ਘਾਤ ॥੨੩੮॥
ਅਜਾ ਦੂਧ ਇਕ ਸੇਰ ਮਹਿ ਡੋਲ ਯੰਤ੍ਰ ਪਚਵਾਇ।
ਏਕ ਦ੍ਰਿਗ਼ਨਿ ਮਹਿ ਅੰਜਯੇ ਏਕ ਤਰਫ ਜ੍ਵਰ ਜਾਇ ॥੨੩੯॥
ਲੈ ਅਜੇ ਦ੍ਰਿਗ ਦੂਸਰੇ ਸਕਲ ਤਾਪ ਕਾ ਨਾਸ।
ਕਹਤ ਮੇਘ ਭੇਖਜ ਭਲੀ ਵੈਦ ਕਰੋ ਸਬ ਤਾਸ ॥੨੪੦॥

੨੧੧੩. ਪਾਰਾ ੧ ਟੰਕ, ਮ੍ਰਿਚ ੧ ਟੰਕ ਜੈਪਾਲ ਦੇ ੭ ਦਾਣੇ ਤੇ ਮਘਾਂ ੨੦ ਗਿਣਕੇ ਇਨ੍ਹਾਂ ਸਭਨਾਂ

Digitized by Panjab Digital Library | www.panjabdigilib.org

ਨੂੰ ਪੀਹਕੇ ਕਪੜੇ ਵਿਚ ਪੋਟਲੀ ਬੰਨ੍ਹੇ। ਉਸ ਨੂੰ ੧ ਸੇਰ ਬਕਰੀ ਦੇ ਦੁੱਧ ਵਿਚ ਡੋਲ ਯੰਤ੍ਰ ਕਰਕੇ ਪਕਾ ਕੇ ਪੀਹਕੇ ਅੰਜਨ ਤਿਆਰ ਕਰ ਰੱਖੇ। ਇਸ ਵਿਚੋਂ ਜੇ ਇਕ ਨੇਤ੍ਰ ਵਿਚ ਅੰਜਨ ਕਰੇ ਤਾਂ ਇਕ ਤਰਫਦਾ ਤਾਪ ਜਾਵੇ। ਜੇ ਦੂਸਰੇ ਨੇਤ੍ਰ ਵਿਚ ਅੰਜਨ ਕਰੇ ਤਾਂ ਸਾਰੇ ਸਰੀਰ ਦਾ ਤਾਪ ਨਾਸ਼ ਕਰੇ ॥੨੩੯ ਤੋਂ ੨੪੦॥

ਵਿਸੂਚਿਕਾ ਸੂਲ, ਤਪ ਕੇ ਅੰਜਨ—ਦੋਹਰਾ

ਵਯੋਖ ਕਰੰਜੂ ਫਲਗਿਰੀ ਨਿਸਾ ਜੁਖਮ ਸਬ ਪੀਸ।
ਮਾਤ ਲੁੰਗ ਰਸ ਕਰ ਗੁਟੀ ਛਾਉਂ ਸੁਕਾਵੇ ਈਸ ॥੨੪੧॥
ਨੈਨਾਂਜਨ ਘਸ ਕੀਜੀਐ ਜਲ ਸੋ ਸੂਰ ਮਿਟਾਇ।
ਰੋਗ ਵਿਸੂਚੀ ਤਾਪ ਸਬ ਨਰ ਨਾਰੀ ਕੋ ਜਾਇ ॥੨੪੨॥

੨੧੧੪. ਵਯੋਖ (ਮਘ, ਮ੍ਰਿਚ; ਤੇ ਸੁੰਢ) ਮੀਚਕੇ ਦੇ ਬੀਜਾਂ ਦੀ ਗਿਰੀ, ਦਾਰਹਲਧੀ ਤੇ ਹਲਧੀ ਸਭਨਾਂ ਨੂੰ ਬਿਜੌਰੇ ਦੇ ਰਸ ਵਿਕ ਘੋਟਕੇ ਗੋਲੀ ਬਣਾਕੇ ਛਾਵੇਂ ਸੁਕਾ ਰੱਖੇ। ਫਿਰ ਜਲ ਨਾਲ ਘਿਸਾਕੇ ਨੇਤ੍ਰਾਂ ਵਿਚ ਅੰਜਨ ਪਾਵੇ ਤਾਂ ਸੂਲ ਨਾਸ ਹੋਵੇ। ਇਸੇ ਤਰਾਂ ਹੈਜ਼ਾ, ਅਤੇ ਤਾਪ ਸਭ ਪੁਰਖ ਇਸਤ੍ਰੀ ਦਾ ਨਾਸ ਕਰੇ ॥੨੪੧॥੨੪੨॥

ਮਰਚ ਕਰੰਜੂ ਕੰਪਲਾ ਘੋਰੇ ਮੂਤ੍ਰ ਪਿਸਾਇ।
ਗੁਟੀ ਕਰੀ ਦ੍ਰਿਗ ਅੰਜਿਯੇ ਸੂਰ ਤਾਪ ਸਬ ਜਾਇ ॥੨੪੩॥

੨੧੧੫. ਕਾਲੀ ਮ੍ਰਿਚ, ਮੀਚਕੇ ਦੀਆਂ ਕੂੰਮਲੀਆਂ, ਘੋੜੇ ਦੇ ਮੂਤ੍ਰ ਨਾਲ ਘੋਟਕੇ ਗੋਲੀ ਬੰਨ੍ਹਕੇ ਫਿਰ ਫਿਰ ਅੰਜਨ ਕਰੇ ਤਾਂ ਸੂਲ ਅਰ ਤਾਪ ਨਾਸ਼ ਕਰੇ ॥੨੪੩॥

ਇਸਤ੍ਰੀ ਕੇ ਫੂਲ ਕਰਣ ਉਪਾਪ [ਵੰਗਸੇਨਾਤ]-ਦੋਹਰਾ

ਏਲਾ ਲੂਨ ਸਮੁੰਦ੍ਰ ਲੈ ਜਾਤੀਫਲ ਗੋਮੂਤ ॥
ਵਾਤੀ ਕਰ ਭਗ ਰੰਧ੍ਰਧਰ ਅਤਿ ਰਤਿ ਤਿਯ ਕੋ ਹੂਤ ॥੨੪੪॥

੨੧੧੬. ਇਲਾਚੀ, ਸਮੁੰਦਰ ਲੂਣ ਤੇ ਜਾਫਲ, ਗਊਮੂਤ੍ਰ ਨਾਲ ਘੋਟਕੇ ਬੱਤੀ ਕਰਕੇ ਯੋਨੀ ਦੇ ਮੂੰਹ ਵਿਚ ਅੜਾਵੇ ਤਾਂ ਅਤਯੰਤ ਫੁੱਲ ਹੋਣੇ ਜਾਰੀ ਕਰੇ ॥੨੪੪॥

ਤਿਲ ਗੁੜ ਭਾਰਗੀ ਨਿੰਬ ਦਲ ਏਰੰਡ ਜੜ ਕਰ ਕ੍ਵਾਥ।
ਸਪਤ ਦਿਵਸ ਪਿਯ ਕਾਮਨੀ ਰਿਤ ਆਵਤ ਬਹੁ ਆਬ ॥੨੪੫॥

੨੧੧੭. ਤਿਲ, ਗੁੜ, ਭਰਿੰਗੀ, ਨਿੰਮ ਦੇ ਪੱਤ੍ਰ ਅਤੇ ਅਰਿੰਡ ਦੀ ਜੜ੍ਹ, ਇਨ੍ਹਾਂ ਵਿਚੋਂ ੪ ਤੋਲੇ ਦਾ ਨਿਤ ਕਾੜ੍ਹਾ ਕਰਕੇ ਪਿਛੋਂ ਗੁੜ ਪਾਕੇ ਇਸ ਤਰਾਂ ੭ ਦਿਨ ਇਸਤ੍ਰੀ ਨੂੰ ਪਿਲਾਵੇ ਤਾਂ ਬਹੁਤੀ ਰਿਤ੍ਰ ਜਾਰੀ ਕਰੇ ॥੨੪੫॥

ਵਿਸਟਾ ਆਨ ਵਿੜਾਲ ਕੀ ਭਗਮਹਿ ਧੂਨੀ ਦੇਇ।
ਤੀਨ ਦਿਵਸ ਵਾ ਸਾਤ ਲੌ ਤਿਯਕੇ ਅਤਿ ਰਤਿ ਥੇਇ ॥੨੪੬॥

Digitized by Panjab Digital Library | www.panjabdigilib.org

੨੧੧੮. ਗਿੱਦੜ ਦਾ ਵਿਸ਼ਟਾ ਲੈ ਕੇ ਇਸਤ੍ਰੀ ਭਗ ਵਿਚ ਮੂੰਹ ਭਾਰ ਕਰਕੇ ਧੂਣੀ ਦੇਵੇ, ਤਾਂ ਤਿੰਨ ਯਾ ਸੱਤ ਦਿਨ ਵਿਚ ਅਤਯੰਤ ਰਿਤੂ ਜਾਰੀ ਹੋਵੇ ।।੨੪੬।।

ਤੂੰਮਾ ਜੜ ਜਲ ਪੀਸਕੇ ਵਾਤੀ ਕਰ ਭਗ ਰਾਖ।
ਆਵਤ ਫੂਲ ਸੁ ਤੀਯ ਬਹੁ ਵੰਗਸੇਨ ਇਮ ਭਾਖ ।।੨੪੭।।

੨੧੧੯. ਤੂੰਮੇ ਦੀ ਜੜ ਨਾਲ ਘੋਟਕੇ ਬਤੀ ਕਰੇ, ਉਹ ਭਗ ਵਿਚ ਅਗੇ ਕਰਕੇ ਰਖੇ, ਤਾਂ ਬੀ ਇਸਤ੍ਰੀ ਨੂੰ ਬਹੁਤ ਫੂਲ ਪੈਦਾ ਕਰੇ ।।੨੪੭।।

ਕਣਾਂ ਮੈਨਫਲ ਗੁੜੁ ਤਿਲਹਿ ਦੰਤੀ ਕੀਕਰ ਛਾਲ।
ਤੂੰਮਾ ਜੜ ਜਵਖਾਰ ਲੈ ਸੁਨਹੀ ਖੀਰ ਲੈ ਡਾਲ ।।੨੪੮।।
ਗੋਲੀ ਕਰਕੇ ਭਗ ਧਰੋ ਪਾਂਚ ਸਾਤ ਦਸਵਾਰ।
ਗਏ ਫੂਲ ਫਿਰ ਹੋਤ ਹੈਂ ਵੇਦਨ ਸਗਲੀ ਟਾਰ ।।੨੪੯।।

੨੧੨੦. ਮਘ, ਰਾੜਾ, ਗੁੜ, ਤਿਲ, ਜਬੋਲੋਟੇ ਦੀ ਜੜ੍ਹ, ਕਿਕ੍ਰ ਦੀ ਛਿਲ, ਤੁੰਮੇ ਦੀ ਜੜ੍ਹ, ਜੌਂ ਖਾਰ, ਤੇ ਥੋਹਰ ਦਾ ਦੁੱਧ। ਏਹਨਾਂ ਸਭਨਾਂ ਦੀ ਗੋਲੀ ਕਰਕੇ ੫ ਯਾ ੭ ਯਾ ੧੦ ਦਿਨ ਭਗ ਵਿਚ ਰਖੇ, ਤਾਂ ਗਏ ਹੋਏ ਇਸਤ੍ਰੀ ਦੇ ਫੁੱਲ ਬੀ ਸਭ ਤਰਾਂ ਦੀ ਤਕਲੀਫ ਹਟਾਕੇ ਪੈਦਾ ਕਰੇ ।।੨੪੮।।੨੪੯।।

ਪਾਉ ਏਕ ਤਿਲ ਸਯਾਮ ਲੈ ਨੀਰ ਸੇਰ ਲੈ ਏਕ।
ਕਰੀ ਕ੍ਵਾਬ ਚਤਰਾਂਸ ਪਿਵ ਪ੍ਰਾਤੇ ਨਿਰਨੈ ਟੇਕ ।।੨੫੦।।
ਦੋ ਸਾਤਾ ਲੈ ਪੀਜੀਏ ਰਿਤ ਆਵਤ ਤਿਯ ਜੋਰ।
ਧਰਤ ਗਰਭ ਸੋ ਕਾਮਨੀ ਕਸ਼ਟ ਨ ਕਰਤੀ ਔਰ ।।੨੫੧।।

੨੧੨੧. ਪਾਉ ਭਰ ਕਾਲੇ ਤਿਲ, ਅਰ ਜਲ ਇੱਕ ਸੇਰ ਵਿੱਚ ਕਾੜ੍ਹਾ ਕਰੇ, ਜਦ ਚੌਥਾ ਹਿੱਸਾ ਸੜਕੇ ਰਹਿ ਜਾਵੇ, ਤਾਂ ਪ੍ਰਾਤਾ ਨਿਰੇਹਾਰ ਇਹ ਕਾੜ੍ਹਾ ਪੀਵੇ, ਇਸਤਰਾਂ ਦੋ ਸਾਤੇ ਤਕ ਗਰੇ ਤਾਂ ਅਤਯੰਤ ਜੋਰ ਦੀ ਰਿਤੂ ਜਾਰੀ ਹੋਵੇ ਅਰ ਗਰਭ ਧਾਰਣ ਕਰੇ ।।੨੫੦।।੨੫੧।।

ਸੋਰਠਾ

ਜਲ ਮਹਿ ਗੋਲੀ ਟਾਂਕ ਚੂਨਾ ਕਲੀ ਮੰਗਾਇ ਕਰ।
ਪ੍ਰਾਤ ਨਿਗਲ ਤਿਯ ਆਂਕ ਫੂਲ ਘਨੇ ਤਿਸਕੋ ਕਰਤ ।।੨੫੨।।
ਭਿੰਗ੍ਰ ਰਾਜ ਤਿਲ ਸਯਾਹ ਪੀਸੀ ਪੈਸਾ ਜਲ ਸਹਿਤ।
ਪੀਵਤ ਫਾਕੀ ਯਾਹ ਫੂਲ ਘਨੇ ਤਿਯ ਲਹਤ ਹੈ ।।੨੫੩।।

੨੧੨੨. ਚੂਨਾ ਕਲੀ ਦੀ ੪ ਮਾਸੇ ਦੀ ਗੋਲੀ ਜਲ ਨਾਲ ਕਰੇ । ਉਹ ਗੋਲੀ ਪ੍ਰਾਤਾ ਨਿਰੇਹਾਰ ਇਸਤ੍ਰੀ ਨਿਗਲ ਕਰੇ ਤਾਂ ਇਸਤ੍ਰੀ ਨੂੰ ਬਹੁਤ ਫੁੱਲ ਪੈਦਾ ਕਰੇ ।।੨੫੨।।

Digitized by Panjab Digital Library | www.panjabdigilib.org

੨੧੨੩. ਭੰਗਰਾ ਤੇ ਕਾਲੇ ਤਿਲ ਪੀਹਕੇ ਪੈਸਾ ਭਰ ਜਲ ਨਾਲ ਇਸ ਦੀ ਫੱਕੀ ਲਿਆ ਕਰੇ ਤਾਂ ਬਹੁਤੇ ਫੁੱਲ ਇਸਤ੍ਰੀ ਨੂੰ ਪੈਦਾ ਕਰੇ ।।੨੫੩।

ਨਵਸਾਦੂ ਤ੍ਰਯ ਟਾਂਕ ਕੁੱਠ ਟਾਂਕ ਤੀਨੋ ਗਹੋ ।
ਦਸ ਦਿਨ ਚਾਟਨਿ ਸਾਂਕ ਘ੍ਰਿਤ ਸੋਂ ਫੂਲ ਜੁ ਘਨੇ ਕਰ ।।੨੫੪।।

੨੧੨੪. ਨੁਸ਼ਾਦਰ ੩ ਟੰਕ ਤੇ ਕੁੱਠ ੩ ਟੰਕ ਇਹ ੧੦ ਦਿਨ ਘਿਉ ਨਾਲ ਚੱਟੇ ਤਾਂ ਇਹ ਬੀ ਫੁੱਲ ਪੈਦਾ ਕਰੇ ।।੨੫੪।।

ਰਿਤੁਨਾਸਨ ਉਪਾਇ—ਚੌਪਈ

ਸਿੰਬਲ ਕੇਸੂ ਫੂਖ ਮੰਗਾਇ। ਖੈਰ ਰੂਖ ਕੀ ਤੁਚਾ ਰਲਾਇ ॥
ਅਰਕ ਕੂੰਪਰੀ ਪੀਸੋ ਖਰੀ। ਪਾਂਚ ਟਾਂਕ ਕੀ ਪੁਰੀਆ ਕਰੀ ।।੨੫੫।।
ਪੈਸੇ ਪਾਂਚ ਜੁ ਤੇਲ ਲਿਆਇ। ਤਾਂਮੈ ਪੁਰੀਆ ਘੋਲ ਪਿਲਾਇ ।
ਰਿਤੁ ਕੈ ਸਮੈ ਕਰਤ ਤਿਯ ਏਹ। ਜਨਮ ਸਕਲ ਲੌ ਰਿਤੁ ਨਾ ਥੇਹ ।।੨੫੬।।

੨੧੨੫. ਸਿੰਮਲ ਦੇ ਫੁੱਲ, ਕੇਸੂ ਦੇ ਫੁੱਲ, ਖੈਰ ਬ੍ਰਿਛ ਦੀ ਛਿੱਲ ਅਤੇ ਅੱਕ ਦੀਆਂ ਕੂੰਮਲੀਆਂ ਪੀਹਕੇ ੨੦ ਮਾਸੇ ਦੀ ਮਾਤ੍ਰਾ ਕਰੇ, ਅਰ ਫਿਰ ੩ ਪੈਸੇ ਭਰ ਤੇਲ ਲੈ ਕੇ ਪੁੜੀ ਘੋਲਕੇ ਰਿਤੂ ਦੇ ਸ਼ਮਯ ਪੀਵੇ ਤਾਂ ਉਮਰ ਤੱਕ ਫੁੱਲ ਨਾਸ਼ ਕਰੇ ।।੨੫੫।।੨੫੬।।

ਦੋਹਰਾ

ਤੱਕਰ ਸੋਂ ਕੇਸੂ ਪੁਸ਼ਪ ਪੀਵਤ ਰਿਤ ਮਹਿ ਨਾਰ।
ਬਹੁਰ ਫੂਲ ਨਾ ਆਵ ਹੈ ਸਾਚੀ ਕਹੀ ਵਿਚਾਰ ।।੨੫੭।।

੨੧੨੬. ਲੱਸੀ ਨਾਲ ਕੇਸੂ ਦੇ ਫੁੱਲ ਰਿਤੂ ਕਾਲ ਵਿੱਚ ਇਸਤ੍ਰੀ ਪੀਵੇ ਤਾਂ ਫਿਰ ਕਦੇ ਬੀ ਫੁੱਲ ਨਹੀਂ ਆ ਸਕਦੇ ।।੨੫੭।।

ਰਿਤਕੇ ਸਮੇ ਜੁ ਟਾਂਕ ਤ੍ਰਿਯ ਬੇਹੇ ਜਲ ਸੋ ਖਾਇ।
ਸੋਨਾ ਗੇਰੂ ਨਾਮ ਸੋ ਬਹੁਰੋ ਫੂਲ ਨ ਥਾਇ ।।੨੫੮।।

੨੧੨੭. ਸੋਨਾਗੇਰੂ (ਪੀਲਾਗੇਰੂ) ੧ ਤੋਲਾ ਰਿਤੂ ਕਾਲ ਦੇ ਸਮਯ ਇਸਤ੍ਰੀ ਬੇਹੇ ਜਲ ਨਾਲ ਖਾਵੇ ਤਾਂ ਫਿਰ ਕਦੇ ਫੁੱਲਵਤੀ ਨਾ ਹੋਵੇ ।।੨੫੮।।

(ਰਸਰਤਨਾਕਰਾਤ)—ਦੋਹਰਾ

ਸਰਪੰਖਾ ਜੜ ਕਰਖ ਇਕ ਤੰਦੁਲ ਜ ਸੋ ਪੀਤ।
ਮਿਟਤ ਫੂਲ ਅਤਿ ਯੋਨਿ ਕੇ ਕਹਯੋ ਯੋਗ ਸੁਭ ਮੀਤ ।।੨੫੯।।

੨੧੨੮. ਸਰਪੁੰਖੇ ਦੀ ਜੜ੍ਹ੧ ਤੋਲਾ ਪ੍ਰਮਾਣ ਚਾਵਲਾਂ ਦੇ ਪਾਣੀ ਦੇ ਪਾਣੀ ਨਾਲ ਨਿੱਤ ਪਾਵੇ ਤਾਂ ਯੋਨੀ ਦੇ ਵਿਚੋਂ ਫੁੱਲ ਔਂਦੇ ਰੋਕ ਦੇਵੇ ।।੨੫੯।।

Digitized by Panjab Digital Library | www.panjabdigilib.org

ਰੰਡੀ ਇਸਤ੍ਰੀ ਗਰਭ ਨਾ ਧਰੇ ਤਿਸਦਾ ਉਪਾਯ

ਗੁੰਜਦਾਲ ਚੂਰਨ ਕਰੀ ਪੈਸਾ ਏਕ ਜੁ ਡਾਰ।
ਤੇਲ ਏਕ ਪਲ ਪਾਇ ਪਿਵ ਤੀਨ ਦਿਵਸ ਇਮਕਾਰ ॥੨੯੦॥
ਗਰਭ ਨ ਹੋਵਤ ਤੀਯ ਕੇ ਰਮਤ ਘਨੇ ਜੌ ਯਾਰ।
ਸੋ ਨਿਸਚੈ ਨਾ ਕੀਜਿਯੇ ਜਾਕੇ ਸਿਰ ਭਰਤਾਰ ॥੨੯੧॥

੨੧੨੯. ਰੱਤਕਾਂ ਦੀ ਦਾਲ ਬ੍ਰੀਕ ਕਰਕ ੧ ਪੈਸਾ †ਭਰ ਤੇ ਤੇਲ ੧ ਪਲ (੪ ਤੋਲੇ) ਵਿੱਚ ਘੋਲਕੇ ੩ ਦਿਨ, ਰਿਤੂ ਸਮਯ ਇਸਤ੍ਰੀ ਪੀਵੇ ਤਾਂ ਇਸਤ੍ਰੀ ਨੂੰ ਕਦੇ ਗਰਭ ਨਹੀਂ ਹੋ ਸਕਦਾ, ਭਾਵੇਂ ਕਿਤਨੇ ਯਾਰਾਂ ਨਾਲ ਰਮਣ ਕਰਦੀ ਫਿਰੇ। ਪਰੰਤੂ ਐਸੀ ਦਵਾਈ ਜਿਸ ਦੇ ਸਿਰ ਪਰ ਪਤੀ ਹੈ ਨਾਂ ਕਰੇ ॥੨੯੦॥੨੯੧॥

ਸ਼ਰਖਪ ਸਿੰਬਲ ਫੂਲ ਹੀ ਨੀਰ ਉਬਾਲੀ ਦੇਇ।
ਪੀਵਤ ਰਿਤ ਕੈ ਕਾਲ ਸੋ ਗਰਭ ਨ ਹੋਵਤ ਤੇਯ॥੨੯੨॥

੨੧੩੦. ਸਰ੍ਹੋਂ ਤੇ ਸਿੰਮਲ ਦੇ ਫੁੱਲ ਜਲ ਵਿੱਚ ਕਾਹੜ ਕੇ ਰਿਤੂ ਕਾਲ ਵਿੱਚ ਪਿਲਾਵੇ ਤਾਂ ਕਦੇ ਗਰਭ ਨਾ ਹੋਵੇ ॥੨੯੨॥

(ਰਸਰਤਨਾਕਰਾਤ)--ਦੋਹਰਾ

ਦੇਵਦਾਲ ਯਵ ਕਰਖ ਇਕ ਪੀਸ ਨੀਰ ਸੋ ਪੀਤ।
ਗਰਭ ਸ੍ਰਵਤ ਨਾਰੀ ਤਨਾ ਜਾਕੋ ਅਨਯ ਜੁ ਮੀਤ ॥੨੯੩॥

੨੧੩੧. ਘੱਘਰ ਵੇਲ ਤੇ ਜੌਂ ਖਾਰ ੧ ਤੋਲਾ ਪ੍ਰਮਾਣ ਜਲ ਵਿੱਚ ਘੋਟਕੇ ਪਿਲਾਵੇ ਤਾਂ ਇਸਤ੍ਰੀ ਦਾ ਯਾਰੀ ਦਾ ਗ੍ਰਭ ਗਿਰ ਜਾਵੇ।॥੨੯੩॥

ਦਲ ਏਰੰਡ ਵਾ ਕਾਠ ਲੈ ਆਠ ਅੰਗੁਲੀ ਜਾਨ।
ਯੋਨਿ ਮਾਹਿ ਖੇਪਨ ਕਰੋ ਗਰਭ ਗਿਰਤ ਮਨ ਮਾਨ॥੨੯੪॥

੨੧੩੨. ਅਰਿੰਡ ਦੇ ਪੱਤਰੇ ਯਾ ਅਰਿੰਡ ਦੀ ਨਰਮ ਲੱਕੜੀ ਅੰਗੁਲੀ ਤੱਕ ਯੋਨੀ ਵਿਚ ਫੇਰੇ ਤਾਂ ਗਰਭ ਗਿਰ ਪਵੇ ॥੨੯੪॥

ਨਿਰਗੁੰਡੀ ਦਲ ਚਿਤ੍ਰਾ ਮੂਤ੍ਰ ਮਧੁਹਿ ਪਿਸਾਇ।
ਗਰਮ ਕਰੀ ਇਕ ਕਰਖ ਭਖ ਗਰਭ ਭਾਰ ਮਿਟ ਜਾਇ ॥੨੯੫॥

੨੧੩੩. ਬਣੇਂਦੇ ਦੇ ਪਤਰੇ ਤੇ ਚਿੱਤ੍ਰਾ, ਮੂਤ੍ਰ ਵਿਚ ਪੀਹਕੇ ਗਰਮ ਕਰੇ, ਫਿਰ ੧ ਤੋਲਾ ਖਾਵੇ ਤਾਂ ਗਰਭ ਦਾ ਭਾਰ ਗਿਰ ਪਵੇ ॥੨੯੫॥

---

†ਯਾਦ ਰਹੇ—ਇਹ ਵਜਨ ਬਹੁਤਾ ਹੈ, ਬਲ ਸੋਚਕੇ ਦੇਵੇ।

Digitized by Panjab Digital Library | www.panjabdigilib.org

(ਵੰਗਸੇਨਾਤ)–ਦੋਹਰਾ

ਬੀਜ ਪਲਾਸ ਜੁ ਮਧੁ ਘ੍ਰਿਤਹਿ ਪੀਸ ਯੋਨਿ ਵਿਚ ਲੇਪ ॥
ਫੂਲ ਸਮੈ ਇਹੁ ਕੀਜੀਐ ਕਰਤ ਬਾਂਝਨੀ ਮੇਪ ॥੨੬੬॥

੨੧੩੪. ਪਲਾਹ ਦੇ ਬੀਜ, ਸ਼ਹਤ ਤੇ ਘਿਓ ਨਾਲ ਪੀਹਕੇ ਯੋਨੀ ਵਿਚ ਲੇਪ ਕਰ ਦੇਵੇ, ਪਰੰਤੂ ਇਹ ਕੰਮ ਰਿਤੂ ਸਮਯ ਕਰੇ ਤਾਂ ਇਸਤ੍ਰੀ ਬੰਧਜਾ ਹੋਵੇ ॥੨੬੬॥

ਸੇਂਧਾ ਮਾਖ ਜੁ ਤੇਲ ਸੋ ਗੋਲੀ ਕਰ ਭਗ ਦੇਇ ॥
ਤੁਰਤ ਬਾਂਝਨੀ ਹੋਤ ਤਿਯ ਘਨੇ ਰਮੈ ਪਤਿ ਜੋਯ ॥੨੬੭॥

੨੧੩੫. ਸੇਂਧਾਲੂਣ ਤੇ ਮਾਂਹ ਤੇਲ ਨਾਲ ਘੋਟਕੇ ਗੋਲੀ ਕਰੇ ਅਰ ਭਗ ਵਿਚ ਦੇਵੇ ਤਾਂ ਤੁਰਤ ਇਸਤ੍ਰੀ ਨੂੰ ਬੰਧਜਾ ਕਰੇ, ਭਾਵੇਂ ਫਿਰ ਕਿਤਨੇ ਪਤੀ ਰਮਨ ਕਰਦੀ ਫਿਰੇ ॥੨੬੭॥

ਬਾਲਕ ਰਦਨ ਜੁ ਪ੍ਰਿਥਮ ਹੀ ਟੂਟਤ ਲੇਹੁ ਮੜ੍ਹਾਇ।
ਲੇ ਕਟਿ ਬਾਂਝੇ ਕਾਮਨੀ ਤੁਰਤ ਬਾਂਝਨੀ ਥਾਇ ॥੨੬੮॥

੨੧੩੬. ਬਾਲਕ ਦਾ ਦੰਦ ਪਹਿਲਾਂ ਹੀ ਜੇੜਾ ਉਖੜੇ, ਉਹ ਲੈਕੇ (ਚਾਂਦੀ) ਵਿੱਚ ਮੜ੍ਹਾਕੇ ਤਾਵੀਜ਼ ਕਰ ਲਵੇ। ਉਸਨੂੰ ਇਸਤ੍ਰੀ ਕਮਰ ਨਾਲ ਬੰਨ ਰੱਖੇ ਤਾਂ ਤੁਰਤ ਬੰਧਿਆ ਹੋ ਜਾਵੇ ॥੨੬੮॥

ਪੁਖਯ ਨਖਯਤ੍ਰ †ਹਰਪ੍ਰਿਯਾ ਆਨ ਮੂਲ ਕਟਿ ਬਾਂਧ।
ਹੋਇ ਬਾਂਝਨੀ ਯੋਖਿਤਾ ਗਰਭ ਨ ਧਰਤੀ ਸਾਂਧ ॥੨੬੯॥

੨੧੩੭. ਪੁੱਖ ਨਛੱਤ੍ਰ ਨੂੰ †ਤੁਲਸੀ ਦੀ ਜੜ ਲੈ ਕੇ ਕਮਰ ਨਾਲ ਬੰਨੇ ਤਾਂ ਇਸਤ੍ਰੀ ਬੰਧਜਾ ਹੋਵੇ, ਫਿਰ ਕਦੇ ਗਰਭ ਨਹੀਂ ਧਾਰਦੀ ॥੨੬੯॥

ਬੀਜ ਤੰਦੁਲਾ ਪੀਸਕੈ ਤੰਦੁਲ ਜਲ ਸੋਂ ਪੀਯ।
ਰਿਤੁ ਕਾਲਹਿ ਹੁਇ ਬਾਂਝਨੀ ਗਰਭ ਨ ਧਾਰਤ ਤੀਯ ॥੨੭੦॥

੨੧੩੮. ਤਾਂਦੁਲੇ ਦੇ ਦਾਣੇ ਪੀਹਕੇ ਜਲ ਨਾਲ ਰਿਤ੍ਰ ਕਾਲ ਵਿੱਚ ਇਸਤ੍ਰੀ ਪੀਵੇ ਤਾਂ ਬੰਧਜਾ ਹੋ ਜਾਵੇ, ਕਦੇ ਗ੍ਰਭ ਨਾ ਧਾਰੇ ॥੨੭੦॥

‡ਜਪਾਫੂਲ ਕਾਂਜੀ ਸਹਿਤ ਰਿਤਕੈ ਸਮਯ ਜੁ ਪੀਤ।
ਗਰਭ ਨ ਧਾਰਤ ਕਾਮਨੀ ਜੋ ਜਗ ਰਮ ਹੈ ਮੀਤ ॥੨੭੧॥

੨੧੩੯. ‡ਓਡਹੁੱਲ ਦੇ ਫੁਲ ਕਾਂਜੀ ਨਾਲ ਰਿਤੂ ਕਾਲ ਵਿੱਚ ਇਸਤ੍ਰੀ ਪੀਵੇ ਤਾਂ ਗ੍ਰਭ ਨਾ ਧਾਰੇ, ਭਾਵੇਂ ਨਿਤ ਜਗਤ ਵਿੱਚ ਮਿੱਤ੍ਰਾਂ ਨਾਲ ਹੱਸਦੀ ਤੁਸਦੀ ਫਿਰੇ ॥੨੭੧॥

---

†ਹਰਿਪ੍ਰਿਯਾ–ਤੁਲਸੀ ਹੈ, ਦੇਖੋ ਚਕਿਤਸਾ ਕੋਸ਼।

‡ਜਪਾਫੂਲ-ਓਡ ਹੁਲਦੇ ਫੁਲ ਹਨ, ਜਿਨਾਂ ਨੂੰ ਗੁਲਤੁਰਰਾ ਬੀ ਆਖਦੇ ਹਨ, ਇਹ ਅਕਸਰ ਬਾਗਾਂ ਵਿਚੋਂ ਹੀ ਮਿਲਦੇ ਹਨ, ਦਿੱਲੀ ਤੇ ਡੇਹਰਾਦੂਨ ਵਗੈਰਾ ਵਿਖੇ ਵਧੇਰੇ ਹੁੰਦੇ ਹਨ।

Digitized by Panjab Digital Library | www.panjabdigilib.org

ਇਸਤ੍ਰੀ ਦੀ ਕਲ ਛੁਟੇ ਦਾ ਲੱਛਣ

ਛੁਟਤ ਕਲਾ ਜਬ ਤਿਯਾ ਕੀ ਪਰੇ ਯੋਨਿ ਤੇ ਵਾਰ ।
ਸ੍ਵੇਤ ਰਕਤ ਤਾਂਕੋ ਕਹੈ ਪ੍ਰਦਰ ਰੋਗ ਅਧਿਕਾਰ ॥੨੭੨॥

ਜਦ ਇਸਤ੍ਰੀ ਦੀ ਕਲ ਛੁਟੇ ਤਾਂ ਯੋਨੀ ਵਿਚੋਂ ਜਲ ਚੱਲਦਾ ਹੈ ਉਹ ਚਿੱਟਾ ਤੇ ਲਾਲ ਭੇਦ ਦਾ ਪ੍ਰਦਰ ਹੀ ਕਿਹਾ ਹੈ॥੨੭੨॥

ਰਕਤ ਪ੍ਰਦਰ ਉਪਾਇ (ਵੰਗਸੇਨਾਤ) ਦੋਹਰਾ

ਬਾਲਾ ਚੰਦਨ *ਰਾਜਤਵ ਤੰਦੁਲ ਜਲ ਸੋ ਦੇਇ ।
ਰਕਤ ਪ੍ਰਦਰ ਪੀੜਾ ਟਰਤ ਤ੍ਰਿਯ ਕੋ ਅਤਿ ਸੁਖੁ ਥੇਇ ॥੨੭੩॥

੨੧੪੦. ੦ਹਲਧੀ, ਚੰਦਨ ਤੇ *ਸ਼ੀਰ ਖਿਸ਼ਤ ਮਾਫਕ ਵਜ਼ਨ ਚਾਵਲਾਂ ਦੇ ਜਲ ਨਾਲ ਫਕਾਵੇ ਤਾਂ ਰਕਤ ਪ੍ਰਦਰਦਾ ਦੁੱਖ ਨਾਸ਼ ਹੋਵੇ, ਇਸਤ੍ਰੀ ਸੁਖ ਪਾਵੇ ॥੨੭੩॥

ਰਸਾਂਜਨ ਤਵਰਾਜ ਲੈ ਚੌਲਾਈ ਜੜ ਪਾਇ ।
ਤੰਦੁਲ ਜਲ ਸੋਂ ਪੀਜੀਐ ਰਕਤ ਪ੍ਰਦਰ ਮਿਟਿ ਜਾਇ ॥੨੭੪॥

੨੧੪੧. ਰਸੌਂਤ †ਸ਼ੀਰਖਿਸ਼ਤ ਤੇ ਚੌਲਾਈ ਦੀ ਜੜ੍ਹ ਪੀਹਕੇ ਚਾਵਲਾਂ ਦੇ ਜਲ ਨਾਲ ਪੀਵੇ ਤਾਂ ਰਕਤ ਦਾ ਪ੍ਰਦਰ ਨਾਸ਼ ਕਰੇ ॥੨੭੪॥

ਸਿਵਾ ਬੀਜ ਅਖਤ ਸਲਿਲ ਪੀਵਤ ਤਿਯ ਪਰਭਾਤ ।
ਰਕਤ ਪ੍ਰਦਰ ਸਭ ਜਾਤ ਹੈ ਕਹਤ ਮੇਘ ਸੁਭ ਬਾਤ ॥੨੭੫॥

੨੧੪੨. ਆਵਲੇ ਦੇ ਫੁਲ, ਚਾਵਲਾਂ ਦਾ ਪਾਣੀ, ਇਹ ਪ੍ਰਾਤਾਕਾਲ ਨਿਤ ਪੁਣਕੇ ਜਲ ਇਸਤ੍ਰੀ ਪੀਵੇ ਤਾਂ ਰਕਤ ਪ੍ਰਦਰ ਨਾਸ਼ ਹੋਵੇ ॥੨੭੫॥

ਬਲਾ ਮੂਲ ਕੋ ਭਸਮ ਕਰ ਮਧੁ ਸੋ ਪੀਵਤ ਨਾਰ ।
ਵਾ ਮਧੁ ਵਾਂਸਾ ਰਸ ਪਿਵਤ ਰਕਤ ਪ੍ਰਦਰ ਸਬ ਟਾਰ ॥੨੭੬॥

੨੧੪੩. ਖਿਰੈਂਟੀ ਦੀ ਜੜ੍ਹ ਨੂੰ ਸਾੜਕੇ ਉਸ ਦੀ ਸੁਆਹ ਸ਼ਹਿਤ ਨਾਲ ਇਸਤ੍ਰੀ ਪੀਵੇ ਯਾ:-
੨੧੪੪. ਸ਼ਹਿਤ ਨਾਲ ਬਾਂਸ ਦਾ ਰਸ ਪੀਵੇ ਤਾਂ ਰਕਤ ਪ੍ਰਦਰ ਨਾਸ ਹੋਵੇ ॥੨੭੬॥

ਯਸਟੀ ਪਲ ਚਉ ਸਿਤਾ ਇਕ ਤੰਦੁਲ ਜਲ ਘਸਿ ਦੇਇ ।
ਉਠ ਪੀਵਤ ਪਰਭਾਤ ਤਿਯ ਰਕਤ ਪ੍ਰਦਰ ਹਰਿ ਲੇਇ ॥੨੭੭॥

੨੨੪੫. ਮੁਲੱਠੀ ੧੬ ਤੋਲੇ, ਮਿਸ਼ਰੀ ੪ ਤੋਲੇ ਇਹ ਚੌਲਾਂ ਦੇ ਜਲ ਨਾਲ ਕਈ ਦਿਨ ਘੋਟ ਘੋਟ

੦ਬਾਲਾ-ਹਲਦੀ ਹੈ ਦੇਖੋ ਸਾਲਿਗਰਾਮ ਕੋਸ਼ ।
*ਤਵਰਾਜ- ਸ਼ੀਰਖਿਸ਼ਤ ਹੈ, ਦੇਖੋ ਚਕਿਤਸਾ ਕੋਸ਼ ।
†ਵੰਗਸੇਨ ਵਿਚ ਰਸੌਂਤ ਤੇ ਚੌਲਾਈ ਦੀ ਜੜ ਦੋਨੋਂ ਹੀ ਹਨ,

Digitized by Panjab Digital Library | www.panjabdigilib.org

ਨਿੱਤ ਪ੍ਰਾਤਾਕਾਲ ਇਸਤ੍ਰੀ ਪੀਵੇ ਤਾਂ ਰਕਤ ਪ੍ਰਦਰ ਨਾਸ਼ ਕਰੇ ॥੨੭੭॥

(ਰਸਰਤਨਾਕਰਾਤ)–ਦੋਹਰਾ

ਚਨਕ ਰਸਾ ਘ੍ਰਿਤ ਖੀਰ ਸਿਤ, †ਸਿਵ ਮਧੁ ਸਿਤਾ ਮਿਲਾਇ।
ਰਕਤ ਪ੍ਰਦਰ ਕੌ ਹਰਤ ਹੈ ਦੋਊ ਯੋਗ ਪਿਵਾਇ ॥੨੭੮॥

੨੧੪੬. ਛੋਲਿਆਂ ਦਾ ਰਸ ਘਿਉ, ਦੁੱਧ ਤੇ ਮਿਸ਼ਰੀ ਪਾਕੇ ਪੀਵੇ। ਯਾ:-

੨੧੪੭.‡ਗੁੱਗਲ ਸ਼ਹਿਤ ਤੇ ਮਿਸ਼ਰੀ ਮਿਲਾਕੇ ਪੀਵੇ ਤਾਂ ਰਕਤ ਪ੍ਰਦਰ ਨਾਸ਼ ਹੋਵੇ । ਇਹ ਦੋਨੋਂ ਯੋਗ ਸਰੇਸ਼ਟ ਹਨ ॥੨੭੮॥

ਸ੍ਵੇਤ ਪ੍ਰਦਰ ਉਪਾਇ (ਵੰਗਸੇਨਾਤ)–ਸੋਰਠਾ

ਕਾਕ ਜੰਘ ਕਾ ਮੂਰ ਵਾ ਜੜ ਲੇਹੁ ਕਪਾਸ ਕੀ।
ਤੰਦੁਲ ਜਲ ਪਿਯ ਪੂਰ ਸ੍ਵੇਤ ਪ੍ਰਦਰ ਤਿਯਕਾ ਹਰਤ ॥੨੭੯॥

੨੧੪੮. ਕਾਕਜੰਘੀ ਜੀ ਜੜ੍ਹ ਚੌਲਾਂ ਦੇ ਪਾਣੀ ਨਾਲ, ਯਾ:-

੨੧੪੯. ਕਪਾਹ ਦੀ ਜੜ੍ਹ ਚੌਲਾਂ ਦੇ ਪਾਣੀ ਨਾਲ ਘੋਟ, ਚਾਹੇ ਕੋਈ ਦੋਨਾਂ ਵਿਚੋਂ ਪੀਵੇ ਤਾਂ ਚਿੱਟਾ ਪ੍ਰਦਰ ਯੋਨੀ ਵਿਚੋਂ ਪਾਨੀ ਦਾ ਪੈਣਾ) ਬੰਦ ਕਰੇ ॥੨੭੯॥

ਚੌਪਈ

ਦਾਰਵੀ ਕ੍ਵਾਥ ਸ਼ਹਿਤ ਸੋ ਪੀਸ। ਵਾ ਧਾਵੇ ਵਾ ਧਾਤ੍ਰੀ ਮੀਤ।
ਤੀਨ ਕ੍ਵਾਥ ਮਧੁ ਸੰਗ ਪਿਲਾਇ। ਪ੍ਰਥਕਸ੍ਵੇਤ ਪ੍ਰਦਰਨਸਜਾਇ ॥੨੮੦॥

੨੧੫੦. ਦਾਰਹਲੀ ਦਾ ਕਾੜ੍ਹਾ ਸ਼ਹਿਤ ਪਾਕੇ ਪੀਵੇ। ਯਾ:-

੨੧੫੧. ਧਾਵਿਆਂ ਦੇ ਫੁੱਲਾਂ ਦਾ ਕਾੜ੍ਹਾ ਸ਼ਹਿਤ ਪਾਕੇ ਪੀਵੇ। ਯਾ:-

੨੧੫੨. ਆਂਵਲਿਆਂ ਦਾ ਕਾੜ੍ਹਾ ਸ਼ਹਿਤ ਪਾਕੇ ਪੀਵੇ। ਇਹ ਤਿੰਨੇ ਪ੍ਰਯੋਗ ਵੱਖੋ ਵੱਖਰੇ ਪੀਵੇ ਤਾਂ ਚਿੱਟਾ ਪਾਨੀ ਵਗਣਾ ਨਾਸ਼ ਹੋਵੇ ॥੨੮੦॥

ਗਜ ਕੇਸਰ ਤਕਰ ਕੇ ਸੰਗ। ਫਾਕਤ ਸ੍ਵੇਤ ਪ੍ਰਦਰ ਕੇ ਭੰਗ।
ਤੱਕ੍ਰ ਸੇਤੀ ਸਾਰੁ ਖੁਲਾਇ। ਪ੍ਰਦਰ ਸ੍ਵੇਤ ਬਨਿਤਾ ਕਾ ਜਾਇ ॥੨੮੧॥

੨੧੫੩. ਨਾਗਕੇਸਰ ਲੱਸੀ ਦੇ ਨਾਲ ਫੱਕੇ ਤਾਂ ਚਿੱਟਾ ਪ੍ਰਦਰ ਨਾਸ ਕਰੇ। ਯਾ:—

੨੧੫੪. ਮਾਰਿਆ ਹੋਇਆ ਲੋਹਾ ਲੱਸੀ ਨਾਲ ਖੁਲਾਵੇ ਤਾਂ ਚਿੱਟਾ ਪਾਨੀ ਇਸਤ੍ਰੀ ਦੀ ਯੋਨੀ ਵਿਚੋਂ ਜਾਂਦਾ ਰੁਕ ਜਾਵੇ ॥੨੮੧॥

ਸਰਬ ਪ੍ਰਦਰ ਉਪਾਇ--ਚੌਪਈ

ਤੀਨ ਟੰਕ ਮੀਂਗਨ ਲੈ ਮੂਸ। ਅਜਾ ਖੀਰ ਸੋਂ ਪ੍ਰਦਰ ਨ ਹੂਸ ॥

---

‡ਸਿਵਾ–ਗੁਗਲ ਹੈ, ਦੇਖੋ ਭਾ: ਪ੍ਰਕਾਸ਼, ਹੋਰ ਔਸ਼ਧੀ ਕੋਸ਼,

Digitized by Panjab Digital Library | www.panjabdigilib.org

ਲਾਖ ਨੀਰ ਸੋ ਫਾਕਤਜੋਇ। ਸਕਲ ਪ੍ਰਦਰ ਕੀ ਪੀੜ ਨ ਹੋਇ ॥੨੯੨॥

੨੧੫੫. ਤਿੰਨ ਟੰਕ ਚੂਹੇ ਦੀਆਂ ਤਾਜ਼ੀਆਂ ਮੇਂਗਣਾ ਲੈ ਕੇ ਬੱਕਰੀ ਦੇ ਦੁੱਧ ਨਾਲ ਫਕਾਵੇ ਤਾਂ ਪ੍ਰਦਰ ਤੇ ਪਾਣੀ ਬੰਦ ਕਰੇ। ਯਾ:-

੨੧੫੬. ਪਿੱਪਲ ਦੀ ਲਾਖ ਜਲ ਨਾਲ ਫੱਕੇ ਤਾਂ ਪਦਰ ਨਾਸ ਹੋਵੇ ॥੨੯੨॥

ਦੋਹਰਾ

ਅਰਕ ਫੂਲ ਚੂਰਨ ਕਰੀ ਉਸਨ ਨੀਰ ਸੋਂ ਦੇਇ।
ਸਾਤ ਦਿਵਸ ਲੈ ਪ੍ਰਾਤ ਸਮ ਰੋਗੁ ਪ੍ਰਦਰ ਨ ਰਹੇਇ ॥੨੯੩॥

੨੧੫੭. ਅੱਕ ਦੇ ਫੁੱਲ ਪੀਹਕੇ ਗਰਮ ਜਲ ਨਾਲ ੭ ਦਿਨ ਪ੍ਰਾਤਾਕਾਲ ਫਕਾਵੇ ਤਾਂ ਪ੍ਰਦਰ ਦਾ ਨਾਸ਼ ਹੋਵੇ ॥੨੯੩॥

ਆਂਬ ਬੀਜ ਯੁਗ ਟਾਂਕ ਲੈ ਸਿਤਾ ਟੰਕ ਯੁਗ ਆਨ।
ਚਾਵਲ ਜਲ ਸੋ ਪੀਤ ਤਿਯ ਸਕਲ ਪ੍ਰਦਰ ਕੀ ਹਾਨ ॥੨੯੪॥

੨੧੫੮. ਅੰਬ ਦੀ ਗਿਟਕ ੪ ਟੰਕ ਲੈਕੇ ਤੇ ਮਿਸਰੀ ੪ ਟੰਕ ਮਿਲਾ ਕੇ ਚੌਲਾਂ ਦੇ ਜਲ ਨਾਲ ਫਕੇ ਤਾਂ ਸਭ ਤਰਾਂ ਦਾ ਪ੍ਰਦਰ ਨਾਸ ਕਰੇ ॥੨੯੪॥

ਚੌਪਈ

ਕਿਰਾਂਤ ਰਸਾਂਜਨ ਘਨ ਭਲਾਤ। ਬਿਲ ਸਿੰਘਾਨਨ ਦਾਰਵੀ ਘਾਤ।
ਕਰ ਕ੍ਵਾਥ ਵਿਚ ਸਹਤ ਰਲਾਇ। ਪੀਵਤ ਨਾਰੀ ਪ੍ਰਾਤਹਿ ਭਾਇ ॥੨੯੫॥
ਸ੍ਵੇਤ ਰਕਤ ਪੀਲਾ ਪਰਮੇਹ। ਤ੍ਰਿਯਕਾ ਜਾਵਤ ਜਾਨੋ ਏਹ।
ਜੈਸੇ ਨਰਕੋ ਮੇਹ ਕਹਾਇ। ਤੈਸੇ ਤੀਯ ਕੋ ਪ੍ਰਦਰਾ ਥਾਇ ॥੨੯੬॥

੨੧੫੯. ਚਿਰੈਤਾ, ਰਸੌਂਤ, ਮੋਥਾ, †ਭਿਲਾਵੇ, ਬਿਲਗਿਰੀ, ਬਾਂਸਾ, ਤੇ ਦਾਰਹਲਦੀ, ਲੈ ਕੇ ਕਾੜ੍ਹਾ ਕਰੇ, ਅਰ ਵਿਚ ਸ਼ਹਤ ਪਾਕੇ ਪ੍ਰਾਤਾਕਾਲ ਇਸਤ੍ਰੀ ਪੀਵੇ ਤਾਂ ਚਿੱਟਾ, ਲਾਲ, ਪੀਲਾ, ਪ੍ਰਦਰ ਅਰ ਪ੍ਰਮੇਹ ਨਾਸ ਕਰੇ। ਜਿਸ ਪ੍ਰਕਾਰ ਪੁਰਖ ਨੂੰ ਪ੍ਰਮੇਹ ਹੈ, ਇਸੇ ਪ੍ਰਕਾਰ ਇਸਤ੍ਰੀ ਨੂੰ ਪ੍ਰਦਰਰੋਗ ਕਿਹਾ ਜਾਂਦਾ ਹੈ ॥੨੯੫॥੨੯੬-॥

ਚੌਪਈ

‡ਕਰੁੰਡ ਜਟਾ ਚੰਦਨ ਮਧੁਕ ਕਰਖ ਚਾਵਲਹਿ ਨੀਰ।
ਪੀਵਤ ਤਿਯ ਪਰਭਾਤ ਉਠ ਸਕਲ ਪ੍ਰਦਰ ਹਰਿ ਪੀਰ ॥੨੯੭॥

---

†ਭਿਲਾਵੇ ਕਾੜ੍ਹੇ ਵਿਚ ਅਯੁਕਤ ਹਨ, ਏਥੇ "ਰਲਾਤ" ਪਾਠ ਚਾਹੀਏ, ਪਰੰਤੂ ਪਾਠ ਬਹੁਤੇ ਪੁਸਤਕਾਂ ਵਿਚ ਏਹੋ ਦ੍ਰਿਸ਼ਟੀ ਆਯਾ ਹੈ।

Digitized by Panjab Digital Library | www.panjabdigilib.org

੨੧੬੦. ‡ਕਰੁੰਡ ਦੀ ਜੜ੍ਹ, ਚੰਦਨ ਤੇ ਮੁਲੱਠੀ, ੧ ਤੋਲਾ ਪ੍ਰਮਾਣ ਚਾਵਲਾਂ ਦੇ ਪਾਣੀ ਨਾਲ, ਇਸਤ੍ਰੀ ਪ੍ਰਾਤਾਕਾਲ ਉਠਕੇ ਪੀ ਲਿਆ ਕਰੇ, ਤਾਂ ਸਭ ਤਰਾਂ ਦਾ ਪ੍ਰਦਰ ਨਾਸ ਹੋਵੇ ॥੨੮੭॥

ਪ੍ਰਦਰ ਯੋਨੀ ਸੂਲ ਉਪਾਇ–(ਵੰਗਸੇਨਾਤ) ਦੋਹਰਾ

ਵਾਕੁਚਿ ਦਾਰ ਨਿਸਦਾਰ ਲੈ ਜਲ ਸੋ ਪੀਸ ਪਿਵਾਇ।
ਯੋਨਿ ਰੋਗ ਸਦ ਸੂਲ ਹੀ ਦੇਵੈ ਤੁਰਤ ਗਵਾਇ ॥੨੮੮॥

੨੧੬੧. ਬਾਵਚੀ, ਦੇਵਦਾਰ ਤੇ ਦਾਰਹਲਦੀ ਜਲ ਨਾਲ ਘੋਟਕੇ ਪੀਵੇ ਤਾਂ ਪ੍ਰਦਰ ਸਮਯ ਯੋਨੀ ਵਿੱਚ ਹੋਣ ਵਾਲਾ ਸੂਲ ਤੁਰਤ ਨਾਸ਼ ਹੋਵੇ ॥੨੮੮॥

(ਵੰਗਸੇਨਾਤ)–ਦੋਹਰਾ

ਲਸਨ ਧੂਮ ਘਰ ਕੋ ਗਹੇ ਵਿੜੰਗ ਵਿਸਾਲਾ ਪਾਇ।
ਕੰਟਾਰੀ ਫਲ ਤੋਯ ਸੋ ਭਗ ਮਹਿ ਲੇਪ ਕਰਾਇ ॥੨੮੯॥
ਕ੍ਰਿਮ ਕੀ ਪੀਰਾ ਸੂਰ ਸਬ ਜਾਤ ਯੋਖਤਾ ਰੋਗ।
ਸਾਤ ਦਿਵਸ ਲੌ ਕੀਜੀਯੈ ਵੰਗਸੈਨ ਕਾ ਯੋਗ ॥੨੯੦॥

੨੧੬੨. ਲਸਨ, ਘਰ ਦਾ ਧੂੰਆਂ, ਬਾਵੜਿੰਗ, ਤੁੰਮਾ,ਅਤੇ ਕੰਡਿਆਰੀ ਦੇ ਫਲ, ਜਲ ਨਾਲ ਘੋਟਕੇ ਯੋਨੀ ਵਿੱਚ ਲੇਪ ਕਰੇ ਤਾਂ ਇਸਤ੍ਰੀ ਦੀ ਕ੍ਰਿਮਿ ਕਰਕੇ ਹੋਣ ਵਾਲੀ ਪੀੜਾ, ਹਰ ਸੂਲ ਇਹ ਸਭ ੭ ਦਿਨ ਵਿੱਚ ਨਾਸ਼ ਕਰੇ ॥੨੮੯॥੨੯੦॥

ਕਾਲੌਂਜੀ ਵਿੜਲਵਨ †ਵਿਖ ਵਯੋਖ ਪੀਪਰੀ ਮੂਰ।
ਸੁੰਠੀ ਕਲਕ ਕਰਾਇ ਪਿਵ ਯੋਨਿ ਸੂਲ ਸਭ ਚੂਰ ॥੨੯੧॥

੨੧੬੩. ਕਲੌਂਜੀ; ਵਿੜਲੂਣ, †ਬਲਗੂੰਦ, ਤ੍ਰਿਕੁਟਾ, ਪਿਪਲਾ ਮੂਲ ਅਰ ਸੁੰਢ ਇਨ੍ਹਾਂ ਦਾ ੦ਕਲਕ ਕਰਕੇ ਪੀਵੇ ਤਾਂ ਯੋਨੀ ਦਾ ਸੂਲ ਨਾਸ਼ ਕਰੇ ॥੨੯੧॥

ਨਿੰਬ ਅਰਿੰਡ ਕੋ ਮੂਲ ਲੈ ਵਾ ਖਸ ਮਧੁ ਸੋ ਪੀਤ।
ਦੋਊ ਕ੍ਵਾਥ ਏ ਪ੍ਰਥਕ ਸਬ ਸੂਰ ਲੇਤ ਹੈਂ ਜੀਤ ॥੨੯੨॥

੨੧੬੪. ਨਿੰਮ ਦੀ ਜੜ੍ਹ, ਤੇ ਅਰਿੰਡ ਦੀ ਜੜ੍ਹ ਦਾ ਕਾੜ੍ਹਾ ਕਰਕੇ ਸ਼ਹਿਤ ਪਾਇ ਪੀਵੇ ਯਾ:–
੨੧੬੫. ਖੱਸ ਦਾ ਕਾੜ੍ਹਾ ਕਰਕੇ ਵਿੱਚ ਸ਼ਹਿਤ ਪੀਵੇ । ਇਹ ਦੋਨੋਂ ਕਾੜ੍ਹੇ ਸੂਲ ਜਿੱਤਣੇ ਹਾਰੇ ਹਨ ॥੨੯੨॥

---

‡ਕਰੁੰਡ-ਪੀਲਾ ਬਾਂਸਾ ਹੈ, ਅਮਰਕੋਸ਼ ਟੀਕਾ ਸੰਸਕ੍ਰਿਤ,

†ਵਿਖ-ਬੱਲਗੂੰਦ ਹੈ ਦੇਖੋ ਸਾਲਗਰਾਮ ਕੋਸ਼, ਅਲੋਮੁਹਾਰੀਏ ਦੀ ਕਿਤਨੀ ਭੁਲ ਹੈ, ਕਲਕ ਵਿੱਚ ਮਿਠਾ ਤੇਲੀਆ ਪਾ ਦੇਣਾ।

੦ਕਲਕ ਤੇ ਕ੍ਵਾਥ ਦਾ ਵੇਰਵਾ ਅੱਗੇ ਦੇਖੋ,

Digitized by Panjab Digital Library | www.panjabdigilib.org

ਸੋਰਠਾ

ਜਵਾਖਾਰ ਨੀਰ ਸਰਪੰਖਾ ਜਲ ਉਸਨ ਸੋਂ ।
ਭਗ ਕੀ ਹਰਤੇ ਪੀਰ ਦੋਊ ਯੋਗ ਯਹਿ ਪ੍ਰਿਥਕ ਲਖ ॥੨੯੩॥

੨੧੬੬. ਜਲ ਵਿੱਚ ਜੌਖਾਰ ਪੀਵੇ ਯਾ:—

੨੧੬੭. ਸਰਪੁੰਖਾ (ਸਰਫੋਂਕਾ) ਗਰਮ ਜਲ ਨਾਲ ਪੀਹਕੈ ਫੱਕੇ, ਇਹ ਦੋਨੋਂ ਪ੍ਰਯੋਗ ਯੋਨੀ ਦਾ ਸੂਲ ਨਾਸ ਕਰਨਹਾਰੇ ਹਨ ॥੨੯੩॥

ਮੁੰਡੀ ਮੂਲ ਪਿਸਾਇ ਤੇਲ ਇਰਿੰਡਹਿ ਲੇਪ ਭਗ ।
ਭਗ ਕਾ ਸੂਲ ਮਿਟਾਇ ਨਵ ਪ੍ਰਸੂਤ ਕੌ ਕਾਮਨੀ ॥੨੯੪॥

੨੧੬੮. ਮੁੰਡੀ ਦੀ ਜੜ, ਅਰਿੰਡ ਦੇ ਤੇਲ ਵਿਚ ਘੋਟਕੇ ਭਗ ਵਿਚ ਲੇਪ ਕਰੇ, ਤਾਂ ਨਵੀਨ ਪ੍ਰਸੂਤਵਤੀ ਦੀ ਯੋਨੀ ਦਾ ਸੂਲ ਨਾਸ ਹੋਵੇ ॥੨੯੪॥

ਯੋਨੀ ਦੁਰਗੰਧ ਉਪਾਯ—ਦੋਹਰਾ

ਨਿੰਬੂ ਜੜ ਕੀ ਛਾਲਕਾ ਕ੍ਵਾਥ ਕਰੀ ਭਗ ਧੋਇ ।
ਮਿਟਤ ਯੋਨਿ ਦੁਰਗੰਧਤਾ ਰੋਗ ਨ ਕੋਊ ਹੋਇ ॥੨੯੫॥

੨੧੬੯. ਨਿੰਬੂ ਦੀ ਜੜ ਦੀ ਛਿਲ ਦਾ ਕਾੜ੍ਹਾ ਕਰਕੇ ਭਗ ਧੋਵੇ ਤਾਂ ਯੋਨੀ ਦੀ ਦੁਰਗੰਧੀ ਮਿਟੇ ਹੋਰ ਬੀ ਕੋਈ ਰੋਗ ਨ ਹੋਵੇ ॥੨੯੫॥

ਗੁੜ ਗੁਗਲ ਘ੍ਰਿਤ †ਸਿਤ ਸਿਤਾ ਇਨਕੀ ਭਗ ਦੈ ਧੂਪ ।
ਸੰਧਯਾ ਕੋ ਦੁਰਗੰਧ ਭਗ ਭਜੈ ਤਾਸ ਕੋ ਨੂਪ ॥੨੯੬॥

੨੧੭੦. ਗੁੜ, ਗੁੱਗਲ, ਘੇਉ, †ਚੰਦਨ ਤੇ ਇਨ੍ਹਾਂ ਸਭਨਾਂ ਦੀ ਰਾਤ ਨੂੰ ਭਗ ਵਿਚ ਧੂਣੀ ਦੇਵੇ ਤਾਂ ਦੁਰਗੰਧੀ ਨਾਸ ਹੋਵੇ । ਅਜੇਹੀ ਔਰਤ ਦਾ ਭਜਣਾ ਅਨੁਪਮ ਹੈ ॥੨੯੬॥

ਦਾਰ ਧਤੂਰਾ ਨਿੰਬ ਲੈ ਗਜ ਕੇਸਰ ਲੈ ਪਾਇ ।
ਬ੍ਰਿਖਯ ਅਰਜਨਾ ਛਾਲ ਹੀ ਇਨਕਾ ਕ੍ਵਾਥ ਕਰਾਇ ॥੨੯੭॥
ਯੋਨਿ ਪਖਾਲੇ ਯਾਹਿ ਸੋ ਅਥਵਾ ਲੇਪ ਕਰਾਇ ।
ਜਾਵਤਿ ਜੋਤਿ ਦੁਰਗੰਧਤਾ ਦੀਨੀ ਮੇਘ ਸੁਨਾਇ ॥੨੯੮॥

੨੧੭੧. ਦੇਵਦਾਰ, ਧਤੂਰੇ ਦੇ ਪੱਤੇ, ਨਿੰਮ ਦੇ ਪੱਤੇ, ਨਾਗਕੇਸਰ, ਬਾਂਸਾ, ਤੇ ਕਊਬ੍ਰਿਛ ਦੀ ਛਿਲ, ਲੈਕੇ ਕਾੜ੍ਹਾ ਕਰੇ, ਉਸ ਕਾੜ੍ਹੇ ਦੇ ਜਲ ਨਾਲ, ਨਿੱਤ ਕਈ ਦਿਨ ਯੋਨੀ ਧੋਯਾ ਕਰੇ, ਯਾ ਇਨ੍ਹਾਂ ਦਾ ਲੇਪ ਹੀ ਯੋਨੀ ਵਿਚ ਕਰੇ ਤਾਂ ਦੁਰਗੰਧੀ ਨਾਸ ਹੋਵੇ ॥੨੯੭॥੨੯੮॥

---

†ਸਿਤ—ਚਿੱਟਾ ਚੰਦਨ ਹੈ. ਦੇਖੋ ਚਕਿਤਸਾ ਕੋਸ਼ ।

Digitized by Panjab Digital Library | www.panjabdigilib.org

ਨਿੰਬ ਉਬਾਲੀ ਧੋਈਐ ਨਿੰਬ ਲੇਪ ਵਾ ਕੀਜ।
ਮਿਟਤ ਯੋਨਿ ਦੁਰਗੰਧਤਾ ਸਾਤ ਦਿਵਸ ਲੌ ਕੀਜ॥੨੯੯॥

੨੧੭੨. ਨਿੰਮ ਉਬਾਲਕੇ ਉਸ ਪਾਣੀ ਨਾਲ ਯੋਨੀ ਧੋਏ, ਯਾ ਨਿੰਮ ਦਾ ਲੇਪ ਕਰੇ, ਤਾਂ ਯੋਨੀ ਦੀ ਦੁਰਗੰਧੀ ੭ ਦਿਨ ਵਿਚ ਨਾਸ਼ ਹੋਵੇ॥੨੯੯॥

ਅਥ ਇਸਤ੍ਰੀ ਦੇ ਸਰੀਰ ਦੁਰਗੰਧ ਕਾ ਉਪਾਇ—ਦੋਹਰਾ

ਚੰਦਨ ਕੇਸਰ ਦਾਰ ਸੁਰ ਇੰਦ੍ਰ ਯਵੈ ਕੁਠ ਲੌਂਗ।
ਕਮਲ †ਮੂਲਕਾ ਮਧੁ ਸਹਿਤ ਗੁਟਿਕਾ ਕੀਜਤ ਧੋਗ॥੩੦੦॥
ਧੂਪ ਕਰੋ ਸਬ ਦੇਹ ਕੋ ਨਰ ਨਾਰੀ ਜਗ ਜੋਇ।
ਜਬ ਜਨਕੋ ਇਹ ਬਸ ਕਰਤ ਯੋਨਿ ਵਾਸਨਾ ਖੋਇ॥੩੦੧॥

੨੧੭੩. ਚੰਦਨ, ਕੇਸਰ, ਦੇਵਦਾਰ, ਇੰਦ੍ਰਜੌਂ, ਕੁੱਠ, ਲੌਂਗ, ਕਮਲ ਫੁੱਲ, ਤੇ †ਖੱਸ ਘੋਟਕੇ ਇਨ੍ਹਾਂ ਦੀ ਸ਼ਹਿਤ ਨਾਲ ਗੋਲੀ ਕਰੇ। ਫਿਰ ਇਸਦਾ ਪੁਰਖ ਇਸਤ੍ਰੀ ਚਾਹੇ ਕੋਈ ਬੀ ਧੂਪ ਦੇਵੇ ਤਾਂ ਇਹ ਜਗਤ ਵਿਚ ਵਸੀ ਕਾਰ ਹੈ, ਯੋਨੀ ਦੀ ਦੁਰਗੰਧੀ ਤਾਂ ਅਵੱਸ਼ ਹੀ ਨਾਸ ਕਰਨੇ ਹਾਰਾ ਹੈ॥੩੦੦॥੩੦੧॥

ਦਸਾਂਗ ਧੂਪ (ਵੰਗਸੇਨਾਤ)—ਚੌਪਈ

ਚੰਦਨ ‡ਬਾਲਜੋ ਮੋਥ ਕਪੂਰ। ਕੇਸਰ ਅਗਰ ਜੁ ਮ੍ਰਿਗਮਦ ਚੂਰ।
०ਸੇਲਾਰਸਨਖੁਛੜ ਮੰਗਵਾਇ। ਧੂਪ ਕੀਯੇ ਸਭ ਦੁਰਗੰਧ ਜਾਇ॥੩੦੨॥
ਘਨ ਚੰਦਨ ਹਰੜੇ ਜੁ ਉਸੀਰ। ਨਾਗਰ ਲੋਧਰ ਲਿਪੇ ਸਰੀਰ।
ਗਾਤ੍ਰ ਦੁਰਗੰਧ ਨਰ ਅਰ ਨਾਰਿ। ਮਿਟਤ ਨ ਲਾਗਤ ਜਾਨੋ ਵਾਰ॥੩੦੩॥

੨੧੭੪. ਚੰਦਨ, ‡ਮੁਸ਼ਕਬਾਲਾ, ਮੋਥਾ, ਕਪੂਰ ਕੇਸਰ, ਅਗਰ, ਕਸਤੂਰੀ, ਕਚੂਰ ०ਸਿਲ੍ਹਕ ਗੂੰਦ, ਨੱਖੂ ਤੇ ਛੜ, ਪੀਹਕੇ ਧੂਪ ਕਰੇ ਤਾਂ ਸਰੀਰ ਦੀ ਸਭ ਦੁਰਗੰਧੀ ਜਾਵੇ, ਇਹ ਧੂਪ ਵਸੀ ਕਰਨੇ ਹਾਰਾ ਹੈ॥੩੦੨॥

੨੧੭੫, ਨਾਗਰਮੋਥਾ, ਚੰਦਨ, ਹਰੜ ਦੀ ਛਿੱਲ, ਖੱਸ, ਸੁੰਢ, ਤੇ ਲੋਧ, ਇਹ ਸਭ ਲੈਕੇ ਘੋਟਕੇ ਜਲ ਨਾਲ ਸਰੀਰ ਪਰ ਲੇਪ ਕਰੇ, ਤਾਂ ਸਰੀਰ ਭਰ ਦੀ ਦੁਰਗੰਧੀ ਪੁਰਖ ਇਸਤ੍ਰੀ ਦੀ ਨਾਸ਼ ਹੋਵੇ॥੩੦੩॥

ਹਰੜ ਸ੍ਰੀ ਫਲ ਕਾ ਲੈ ਮੂਰ। ਬੀਜ ਕਰੰਜੂ ਨਿੰਬੂ ਚੂਰ।
ਜਲ ਸੋ ਲੇਪੋ ਵਾ ਤਨ ਧੂਰ। ਸਗਲ ਗਾਤਕੀ ਦੁਰਗੰਧ ਦੂਰ॥੩੦੪॥

---

†ਮੂਲਕਾ—ਖੱਸ ਹੈ ਦੇਖੋ ਆਇਨਾ ਅਦਵੀਆਤ ਪ੍ਰਿ: ੪੦੨ ਏਥੇ ਮੂਸੇ ਵਾਲਾ ਤੇ ਆਲੋਮੁਹਾਰੀ ਕਮਲ ਦੀ ਜੜ ਅਰਥ ਦਸਕੇ ਟੀਕਾਕਾਰ ਬਣਦੇ ਹਨ।

‡ਵਾਲਜੌਂ—ਮੁਸ਼ਕਬਾਲਾ ਹੈ ਦੇਖੋ ਦ੍ਰਬ ਦਰਪਣ ਪ੍ਰਿ: ੪੪੫

०ਸੇਲਾਰਸ—ਸਿੱਲ੍ਹਕ ਬ੍ਰਿਛ ਦਾ ਗੂੰਦ ਹੈ ਪੱਕ ਲਸੂੜੇ ਦੇ ਰਸ ਸਮਾਨ ਚੀਕ੍ਰਣਾ ਤੇ ਧੂੰ ਰੰਗਾ ਹੁੰਦਾਹੈ।

Digitized by Panjab Digital Library | www.panjabdigilib.org

੨੧੭੬. ਹਰੜੇ, ਬਿੱਲ ਦੀ ਜੜ੍ਹ, ਮੀਠਕੇ ਦੇ ਦਾਣੇ, ਨਿੰਬੂ ਤੇ ਕਚੂਰ, ਪੀਹਕੇ ਜਲ ਨਾਲ ਸਰੀਰ ਪਰ ਲੇਪ ਕਰੇ ਯਾ ਸਰੀਰ ਪਰ ਧੂੜੇ ਤਾਂ ਸਭ ਸਰੀਰ ਦੀ ਦੁਰਗੰਧੀ ਦੂਰ ਹੋਵੇ ॥੩੦੪॥

(ਵੰਗਸੇਨਾਤ)--ਚੌਪਈ

ਲੋਦ ਨਿੰਬ ਦਾਰਮ ਫਲ ਸਾਰ। ਤਨ ਕੋ ਲੇਪੋ ਪੀਸੀ ਵਾਰਿ।
ਤਨ ਕੀ ਦੁਰਗੰਧ ਜਾਵੈ ਸਹੀ। ਵੰਗਸੇਨ ਤੇ ਮੇਘੇ ਕਹੀ ॥੩੦੫॥

੨੧੭੭. ਲੋਧ ਨਿੰਮ ਦੇ ਪੱਤ੍ਰ ਤੇ ਨਸਪਾਲ ਜਲ ਨਾਲ ਘੋਟਕੇ ਸ਼ਹਿਤ ਪਾਕੇ ਲੇਪ ਕਰੇ ਤਾਂ ਸਰੀਰ ਦੀ ਦੁਰਗੰਧੀ ਨਾਸ਼ ਕਰੇ ॥੩੦੫॥

ਕ੍ਰਿਸ਼ਨਾਗੁਰ ਚੰਦਨ ਔਸੀਰ। ਨਿੰਬ ਪਾਤ ਰਸ ਲੇਪ ਸਰੀਰ।
ਸਕਲ ਗੰਧ ਤਨ ਕੀ ਮਿਟ ਜਾਇ। ਪੁਰਖ ਰਮੈ ਤਿਯ ਬਹੁਸੁਖ ਪਾਇ ॥੩੦੬॥

੨੧੭੮. ਕਾਲਾ ਅਗਰ, ਚੰਦਨ, ਖੱਸ ਤੇ ਨਿੰਮ ਦੇ ਪੱਤਿਆਂ ਦੇ ਰਸ ਨਾਲ ਸਰੀਰ ਪਰ ਲੇਪ ਕਰੇ ਤਾਂ ਇਸਤ੍ਰੀ ਦੇ ਸਾਰ ਸਰੀਰ ਦੀ ਦੁਰਗੰਧੀ ਨਾਸ ਹੋਵੇ, ਫਿਰ ਪੁਰਖ ਬੜੇ ਚਾਵ ਨਾਲ ਮਾਣੇ ॥੩੦੬॥

ਦੋਹਰਾ

ਘਨ ਹਰੜੈ ਤਾਂਬੂਲ ਦਲ ਪਾਨੀ ਸੋ ਪੀਸਾਇ।
ਲੇਪਨ ਕੀਜੇ ਗਾਤ ਪਰ ਸਰਬ ਦੁਗੰਧਾ ਜਾਇ ॥੩੦੭॥

੨੧੭੯. ਮੋਥਾ ਹਰੜਾਂ ਤੇ ਪਾਨੋ ਦੇ ਪੱਤੇ,ਪਾਣੀ ਨਾਲ ਪੀਹਕੇ ਸਰੀਰ ਪਰ ਲੇਪ ਕਰੇ ਤਾਂ ਸਭ ਸਰੀਰ ਦੀ ਦੁਰਗੰਧੀ ਜਾਵੇ ॥੩੦੭॥

ਚੌਪਈ

ਭੂਨ ਕੁਲਥ ਛੜ ਚੰਦਨ ਕੁਸਟ। ਵਾਂਸਾ ਤ੍ਵਕ ਪੀਸੋ ਸਬ ਸੁਸਟਿ।
ਧੂਰੋ ਸਬ ਤਨ ਦੁਰਗੰਧ ਮਿਟੈ। ਸ੍ਵੇਦਘਨਾ ਸਬ ਤਨ ਕਾ ਹਟੈ ॥੩੦੮॥

੨੧੮੦. ਭੁੰਨੇ ਹੋਏ ਕੁਲਥ ਦੇ ਦਾਣੇ, ਛੜ, ਚੰਦਨ, ਕੁੱਠ, ਬਾਂਸਾ ਅਤੇ ਦਾਲਚੀਨੀ ਸਬ ਸੁੱਕੀਆਂ ਪੀਹੇ, ਫਿਰ ਸਰੀਰ ਪਰ ਧੂੜੇ ਤਾਂ ਸਭ ਦੁਰਗੰਧੀ ਨਾਸ ਕਰੇ, ਅਰ ਬਹੁਤਾ ਪਸੀਨਾ ਔਂਦਾ ਬੀ ਬੰਦ ਹੋਵੇ ॥੩੦੮॥

ਦੋਹਰਾ

ਯੁਗਨਿਸ ਸੇਂਧਾ ਕੁਸਟ ਬਚ ਮਰਚ ਲੇਪ ਤਨ ਨੀਰ।
ਦੁਰਗੰਧਾ ਤਨ ਕੀ ਮਿਟੈ ਪਤਿ ਬਸਿ ਹੋਵੈ ਬੀਰ ॥੩੦੯॥

੨੧੮੧. ਦੋਨੋਂ ਹਲਧੀਆਂ, ਸੇਧਾ ਲੂਣ, ਕੁੱਠ, ਵਚ ਤੇ ਮ੍ਰਿਚ ਸਰੀਰ ਪਰ ਜਲ ਨਾਲ ਲੇਪ ਕਰੇ ਤਾਂ ਇਸਤ੍ਰੀ ਦੇ ਸਰੀਰ ਦੀ ਸਭ ਤਰਾਂ ਦੀ ਦੁਰਗੰਧੀ ਨਾਸ਼ ਹੋਵੇ; ਸੁਗੰਧੀ ਪਰ ਪਤੀ ਮੋਹਿਤ ਹੋਕੇ ਵਸੀ ਹੋਵੇ ॥੩੦੯॥

Digitized by Panjab Digital Library | www.panjabdigilib.org

ਯੋਨੀ ਜਲ ਹਰਣ ਸੰਕੋਚਨ ਉਪਾਇ—ਦੋਹਰਾ

ਜਟਾ ਕਰੋਲਾ ਪੀਸਕੇ ਕਰੇ ਬਰਤਕਾ ਸਾਇ।
ਯੋਨ ਵੀਚ ਧਰ ਕਾਮਨੀ ਯੋਨਿ ਸੰਕੋਚਨ ਥਾਇ ॥੩੧੦॥

੨੧੯੨. ਕਰੇਲੇ ਦੀ ਜੜ ਪੀਹਕੇ ਬਰੀਕ ਕਪੜੇ ਵਿਚ ਬੱਤੀ ਜੇਹੀ ਕਰੇ, ਅਰ ਫਿਰ ਬੱਤੀ ਇਸਤ੍ਰੀ ਯੋਨੀ ਵਿਚ ਰੱਖ ਲਵੇ ਤਾਂ ਤੰਗ ਹੋ ਜਾਵੇ ॥੩੧੦॥

ਕੁੱਠ ਮਰਚ ਨੀਲੇ ਕਮਲ ਵਚ ਅਸਗੰਧਾ ਲੋਦ।
ਨਿਸਾ ਪੀਸ ਭਗ ਧੂਰੀਐ ਕਾਠੀ ਹੋਇ ਪਤਿ ਮੋਦ ॥੩੧੧॥

੨੧੯੩. ਕੁੱਠ, ਮ੍ਰਿਚ, ਨੀਲੇ ਕੌਲ, ਵਚ, ਅਸਗੰਧ, ਲੋਧ ਤੇ ਹਲਦੀ ਪੀਹਕੇ ਭਗ ਅੰਦਰਧੂੜਾ ਦੇਵੇ ਤਾਂ ਕਰੜੀ ਹੋ ਜਾਵੇ, ਜਿਸ ਪਰ ਪਤੀ ਆਨੰਦ ਹੋਵੇ ॥੩੧੧॥

(ਵੰਗਸੇਨਾਤ)

ਬੇਤ ਜਟਾ ਕਾ ਕ੍ਵਾਥ ਕਰ ਯੋਨਿ ਸਾਤ ਦਿਨ ਧੋਇ।
ਬਿਰਧ ਕੁਮਾਰੀ ਹੋਤ ਹੈ ਬੰਗਸੈਨ ਮਤ ਸੋਇ ॥੩੧੨॥

੨੧੯੪. (ਜਲ) ਬੈਂਤ ਦੀ ਜੜ ਦਾ ਕਾੜ੍ਹਾ ਕਰਕੇ ੭ ਦਿਨ ਯੋਨੀ ਦਿਨ ਵਿਚ ਕਈ ਬਾਰ ਧੋਵੇ ਤਾਂ ਬੁੱਢੀ ਬੀ ਕੁਆਰੀ ਸਮਾਨ ਹੋਵੇ, ਇਹ ਵੰਗਸੇਨ ਦਾ ਮਤ ਹੈ ॥੩੧੨॥

ਪਲਾਸ ਉਦੰਬਰ ਫਲ ਗਹੀ ਤਿਲ ਕਾ ਤੇਲ ਮਿਲਾਇ।
ਸਹਿਤ ਮੇਲ ਭਗ ਲੇਪੀਐ ਬ੍ਰਿਧ ਕੁਮਾਰੀ ਥਾਇ ॥੩੧੩॥

੨੧੯੫. ਪਲਾਹ ਦੇ ਫਲ ਤੇ ਗੁੱਲਰ ਦੇ ਫਲ, ਇਨਾਂ ਵਿਚ ਤਿਲਾਂ ਦਾ ਤੇਲ ਅਰ ਕਛ ਸ਼ਹਿਤ ਪਾ ਕੇ ਭਗ ਵਿਚ ਲੇਪ ਕਰੇ ਤਾਂ ਬੁੱਢੀ ਬੀ ਕੁਅਰੀ ਜੇਹੀ ਹੋਵੇ ॥੩੧੩॥

ਤੂੰਬਾਦਲ ਵਾ ਬੀਜ ਲੈ ਤਾ ਸਮ ਲੋਧ ਮਿਲਾਇ।
ਲੇਪੇ ਪੀਸੀ ਜੋਨ ਮੈ ਜੋਨ ਨੀਰ ਮਿਟ ਜਾਇ ॥੩੧੪॥

੨੧੯੬. ਤੂੰਬੇ ਦੇ ਪੱਤੇ ਵਾ ਬੀਜ ਲੈਕੇ ਬਰਾਬਰ ਦੀ ਲੋਧ ਪਾਕੇ ਪੀਹਕੇ ਯੋਨੀ ਵਿਚ ਲੇਪ ਕਰੇ ਤਾਂ ਯੋਨੀ ਦਾ ਜਲ ਜਾਂਦਾ ਰਹੇ ॥੩੧੪॥

ਭਗ ਬ੍ਰਿਧ ਕਰਣ ਉਪਾਇ--ਦੋਹਰਾ

ਤੇਲ ਤਿਲਾਂਕਾ ਖੋਪਰਾ ਕੰਨਜਾ ਨਾਭਿ ਲਿਪਾਇ।
ਵਿਗਸ ਪਰੇ ਭਗ ਅਤਿ ਵਡੀ ਲਿੰਗ ਮੁਸਲ ਸਮ ਜਾਇ ॥੩੧੫॥

੨੧੯੭. ਤਿਲਾਂ ਦੇ ਤੇਲ ਤੇ ਗਰੀ ਦਾ ਤੇਲ ਦੋਨੋਂ ਮਿਲਾਕੇ ਕੁਛ ਚਿਰ ਕੁਆਰੀ ਦੀ ਧੁੰਨੀ ਲੇਪ ਕਰੇ ਤਾਂ ਭਗ ਦਾ ਮੂੰਹ ਖਿੜ ਜਾਵੇ, ਜਿਸ ਵਿਚ ਮੋਹਲੇ ਜੇਡਾ ਜਾ ਸਕੇ ॥੩੧੫॥

Digitized by Panjab Digital Library | www.panjabdigilib.org

(ਡਾਮਰਾਤ)—ਦੋਹਰਾ

ਸ੍ਵੇਤ †ਲਾਂਗਲੀ ਕੰਦ ਮਧ ਨਾਭਿ ਯੋਨਿ ਲਿਪ ਪੀਸ।
ਬ੍ਰਿਧ ਤੀਯ ਸਮ ਭਗ ਹੁਵੈ ਮੰਤ੍ਰ ਪਢ ਇਕ ਬੀਸ॥੩੧੬॥

੨੧੮੮. ਚਿੱਟੀ ਲਾਂਗਲੀ ਭਾਵ ਚਿੱਟੀ †ਕਲਿਹਾਰੀ ਦਾ ਕੰਦ ਲੈ ਕੇ ਪੀਹੇ ਅਰ ਫਿਰ ਸ਼ਹਿਤ ਨਾਲ ਨਾਭਿਯਨੀ ਵਿੱਚ ਭਾਵ ਨਾਭੀ ਦੇ ਡੂੰਘ ਵਿਚ ਲੇਪ ਕਰੇ ਤਾਂ ਬੁੱਢੀ ਇਸਤ੍ਰੀ ਦੇ ਸਮਾਨ ਕੰਨਯਾ ਦੀ ਭਗ ਚੌੜੀ ਹੋ ਜਾਵੇ। ਪਰੰਤੂ ਲੇਪ ਪਰ ਹੇਠ ਲਿਖ੍ਯਾ ਮੰਤ੍ਰ ੨੧ ਬਾਰ ਪੜ੍ਹ ਲਵੇ, ਫਿਰ ਲੇਪੇ॥੩੧੬॥

ਯਥਾ ਮੰਤ੍ਰ:—
"ਓਂ ਹ੍ਰੀਂ ਵਿਕਾਸ਼ਯ ਵਿਕਾਸ਼ਯ ਸ੍ਵਾਹ"

ਭਗ ਸੰਕੋਚਨ ਉਪਾਯ—ਦੋਹਰਾ

ਗੋਕਾ ਮਠਾ ਮੰਗਾਇਕੈ ਭਗ ਧੋਵੈ ਤਿਯ ਨਿੱਤ।
ਸੀਖ ਤਾਹ ਨਹਿ ਮਾਵਹੀ ਖੁਸ਼ੀ ਹੋਤ ਪਿਯ ਮਿੱਤ॥੩੧੭॥

੨੧੮੯. ਗੋਕਾ ਮੱਠਾ ਲੈਕੇ ਇਸਤ੍ਰੀ ਨਿੱਤ, ਦਿਨ ਵਿਚ ਕਈ ਬਾਰ ਭਗ ਧੋਵੇ ਤਾਂ ਅੰਦਰ ਸੀਖ ਤੱਕ ਨਾ ਜਾ ਸਕੇ, ਪਤੀ ਅਰ ਮਿੱਤ੍ਰ ਤੰਗ ਦੇਖਕੇ ਪ੍ਰਸੰਨ ਹੁੰਦੇ ਹਨ।।੩੧੭॥

ਸੋਰਠਾ

ਫਟਕਰ ਧਾਵੇ ਫੂਲ ਮਾਜੂ ਫਲ ਛਾਨੇ ਵਸਨ।
ਗੁਟੀ ਦੇਹ ਭਗ ਮੂਲ ਜਲ ਸੋਕਰ ਸੰਕੋਚ ਹੁਇ॥੩੧੮॥

੨੧੯੦. ਫਟਕੜੀ, ਧਾਵੇ ਦੇ ਫੁੱਲ ਤੇ ਮਾਜੂ ਫਲ, ਪੀਹਕੇ ਕੱਪੜ ਛਾਣ ਕਰੇ, ਫਿਰ ਗੋਲੀ ਕਰਕੇ ਅੰਦਰ ਭਗ ਦੇ ਰੱਖੇ ਤਾਂ ਜਲ ਸੋਖਣ ਕਰਕੇ ਸੰਕੋਚ (ਤੰਗ) ਕਰੇ।।੩੧੮॥

ਫੋਹਾ ਕਰ ਬਟ ਦੂਧ ਕਾ ਭਗ ਕੇ ਮਾਂਹਿ ਦਿਵਾਇ।
ਅਤਿ ਭੀੜੀ ਹੋਇ ਯੋਨਿ ਤਿਯ ਲਿੰਗ ਨ ਤਾਮਹਿ ਜਾਇ॥੩੧੯॥

੨੧੯੧. ਬੋਹੜ ਦੇ ਦੁੱਧ ਨਾਲ ਰੂੰ ਦਾ ਫੋਹਾ ਤਰ ਕਰਕੇ ਅੰਦਰ ਭਗ ਦੇ ਦੇਵੇ ਤਾਂ ਯੋਨੀ ਬਹੁਤ ਭੀੜੀ ਹੋਵੇ, ਲਿੰਗ ਵਿਚ ਨਾ ਜਾ ਸੱਕੇ।।੩੧੯॥

ਤਾਜਾ ਨੀਰ ਮੰਗਾਇਕੈ ਤੋਰੀ ਫੂਲ ਪਿਸਾਇ।

---

†ਲਾਗਲੀ—ਕਲਿਹਾਰੀ ਹੈ, ਦੇਖੋ ਅਮਰਕੋਸ਼, ਪਰੰਤੂ ਲਾਂਗਲੀ ਦੇ ਹੇਠ ਕੰਦ ਹੁੰਦਾ ਹੈ ਚਿਟੇ ਆਦਿ ਭੇਦ ਤੇ ਲਾਂਗਲੀ ਦੋ ਪ੍ਰਕਾਰ ਦੀ ਹੁੰਦੀ ਹੈ, ਉਸ ਦੇ ਹੇਠ ਦਾ ਕੰਦ ਲਵੇ। ਭਾਵੇਂ ਇਹ ਮਿਠੇ ਤੇਲੀਏ ਦੀ ਜਾਤੀ ਹੈ, ਫਿਰ ਬੀ ਲੇਪ ਬਾਹਰ ਹੈ। ਇਸ ਵਿਚ ਸੰਦੇਹ ਨਹੀਂ, ਅਣਜਾਣ ਭਾਵੇਂ ਕਈ ਤਰਾਂ ਦੇ ਸਿਰ ਬੀ ਅੜ ਬੈਠਦੇ ਹਨ, ਪਰਤੂ ਕੋਸ਼ਾਂ ਦੀ ਢਾਲ ਪਰ ਓਹਨਾਂ ਦਾ ਮਿਥ੍ਯਾ ਕਥਨ ਰੂਪ ਬਾਰ ਰੁਕ ਜਾਂਦਾ ਹੈ। ਅਕਸਰ ਝੂਠੇ ਹਾਂ, ਹੂੰ. ਕੁਛ ਨਾ ਕੁਛ ਬੋਲਦੇ ਹੀ ਰਹਿੰਦੇ ਹਨ।

Digitized by Panjab Digital Library | www.panjabdigilib.org

ਮੇਲਿ ਫਟਕੜੀ ਭਗ ਲਿਪੇ ਭਗ ਸੰਕੋਚਨ ਥਾਇ ॥੩੨੦॥

੨੧੯੨. ਤੋਰੀਆਂ ਦੇ ਫੁੱਲ, ਫਟਕੜੀ ਪਾਕੇ ਸੱਜਰੇ ਪਾਣੀ ਨਾਲ ਪੀਹਕੇ ਭਗ ਦੇ ਅੰਦਰ ਲਿੱਪ ਦੇਵੇ ਤਾਂ ਤੰਗ ਹੋਵੇ ॥ ੩੨੦॥

ਅਥ ਸੁਖ ਪ੍ਰਸੂਤ ਕੋ ਉਪਾਯ

ਜਲ ਮੰਤ੍ਰ ਤਾਜਾ ਗਹੀ ਸਾਤ ਵਾਰ ਸੁਭ ਠਾਨ ।
ਸੋ ਜਲ ਪੀਵਤ ਹੀ ਛੁਟੈ ਜਨਮ ਲੇਤ ਸੁਤ ਮਾਨ ॥੩੨੧॥

੨੧੯੩. ਸੱਜਰਾ ਜਲ ਲੈ ਕੇ ਸਤ ਬਾਰ ਮੰਤਰੇ, ਇਹ ਫਿਰ ਜਲ ਨਾਲ ਪੀਂਵਦੇ ਸਾਰ ਹੀ ਬੱਚਾ ਜਨਮ ਲੇਵੇ ॥੩੨੧॥

ਯਥਾ ਮੰਤ੍ਰ:-

"ਓਂ ਮੁਕਤਾ ਵਿਪਾਸਾ ਵਿਡਯਸ ਮੁਕਤਾ, ਸੂਰਯੋ ਪਰ ਸਮਯ:ਸੂਕੰਗਰ ਭਵ, ਗਰਭਬ੍ਰ ਮੱਤ ਸਿਰ ਸ੍ਵਾਹ:"

(ਰਸਰਤਨਾਕਰਾਤ)-ਚੌਪਈ

ਸਾਲਿਪਰਨਿ ਕਾ ਮੂਲ ਘਸਾਇ। ਜਲ ਤੰਦੁਲ ਸੋ ਨਾਭਿ ਲਿਪਾਇ।
ਵਸਤ ਯੋਨ ਦੀ ਲੇਪ ਕਰੀਜੈ। ਕਸ਼ਟੀ ਬਨਿਤਾ ਰੋਗ ਹਰੀਜੈ ॥੩੨੨॥

੨੧੯੪. ਸਾਲਪਰਣੀ ਦੀ ਜੜ੍ਹ ਘੋਟਕੇ ਚਾਵਲਾਂ ਦੇ ਪਾਣੀ ਨਾਲ ਧੁੰਨੀ ਤੇ ਲੇਪ ਕਰੇ, ਇਸੇ ਤਰਾਂ ਬਸਤੀ (ਮੂਤ੍ਰਾਸ਼ਯ) ਅਰ ਯੋਨੀ (ਪੁਤ੍ਰਦਾਨ) ਪਰ ਬੀ ਲੇਪ ਕਰੇ ਤਾਂ ਇਸਤ੍ਰੀ ਦਾ ਕਸ਼ਟ ਨਾਲਪ੍ਰਸੂਤ ਹੋਣਾ ਹਟਕੇ ਸੁਖ ਸਾਥ ਪ੍ਰਸੂਤ ਹੋਵੇ ॥੩੨੨।

ਮਾਤਲੁੰਗ ਜੜ ਯਸਟਿ ਮਧੁ ਘ੍ਰਿਤ ਸੋ ਪੀਵਤ ਨਾਰ ।
ਮਿਟਤ ਕਸ਼ਟ ਕਸ਼ਟੀ ਤਨਾ ਸੁਖ ਪਾਵਤ ਤਤਕਾਰ ॥੩੨੩॥

੨੧੯੫. ਬਿਜੌਰੇ (ਨਿੰਬੂ) ਦੀ ਜੜ੍ਹ ਮੁਲੱਠੀ ਤੇ ਸ਼ਹਿਤ ਪਾਕੇ ਘਿਉ ਨਾਲ ਉਹ ਜਲ ਪੀਵੇ ਤਾਂ ਕਸ਼ਟ ਨਾਲ ਕਸ਼ਟਿਤ ਹੋਈ ਇਸਤ੍ਰੀ ਤਤਕਾਲ ਹੀ ਸੁਖ ਪ੍ਰਾਪਤ ਕਰੇ ॥੩੨੩॥

ਪਿਪਲ ਜੜ ਤੁਚ ਕਰਖ ਇਕ ਦੂਧ ਵੀਸ ਪਲ ਆਨ ।
ਪੀਵਤ ਹੀ ਕਸ਼ਟੀ ਛੁਟੈ ਕੀਨੀ ਮੋਘ ਵਖਾਨ ॥੩੨੪॥
ਪੁਠਕੰਡਾ ਜੜ ਆਨਕੈ ਭਗਮੈ ਰਾਖਤ ਨਾਰਿ ।
ਕਸ਼ਟੀ ਤੁਰਟ ਖਲਾਸ ਹੁਇ ਮੂਢ ਗਰਭ ਭੀ ਧਾਰ ॥੩੨੫॥

੨੧੯੬. ਪਿੱਪਲ ਦੀ ਜੜ੍ਹ ਦੀ ਛਿੱਲ ੧ ਤੋਲਾ, ਗੋਕਾ ਦੁਧ ੧ ਸੇਰ ਪੱਕਾ ਮਿਲਾਕੇ ਪੀਵੇ ਤਾਂ ਜਣੇਪੇ ਦਾ ਕਸ਼ਟ ਛੁਟੇ ॥੩੨੪।

Digitized by Panjab Digital Library | www.panjabdigilib.org

੨੧੯੭. ਪੁਟਕੰਡੇ ਦੀ ਜੜ੍ਹ ਇਸਤ੍ਰੀ ਭਗ ਵਿਚ ਰਖੇ ਤਾਂ ਕਸ਼ਟੀ ਇਸਤ੍ਰੀ ਤੁਰਤ ਛੁਟਕਾਰਾ ਪਾਵੇ, ਅਰ ਇਸੇ ਤਰ੍ਹਾਂ ਮੂੜ ਗਰਭ ਦਾ ਦੁਖ ਭੀ ਨਾ ਰਹੇ ।।੩੨੫।।

†ਆਟ ਰੂਖ ਕਾ ਮੂਲ ਲੈ ਪਿਤ ਪਾਪਰਾ ਪੀਸ।
ਨਾਭਿ ਯੋਨਿ ਤਿਯ ਲੇਪ ਕਰ ਕਸ਼ਟ ਨ ਤਿਯ ਕੌ ਦੀਸ ॥੩੨੬॥
ਤੂੰਬੀਪਤ੍ਰ ਲੋਧ ਸਮ ਪੀਸੀ ਯੋਨਿ ਲਿਪਾਇ।
ਕਸ਼ਟੀ ਤਿਯਕੀ ਬੇਦਨਾ ਜਾਤ ਮਿਟੀ ਸੁਭ ਥਾਇ॥੩੨੭॥

੨੧੯੮. †ਬਾਂਸ ਦੀ ਜੜ੍ਹ ਤੇ ਪਿੱਤ ਪਾਪੜਾ ਪੀਹਕੇ ਜਲ ਨਾਲ ਨਾਭਿ ਅਰ ਇਸਤ੍ਰੀ ਦੀ ਯੋਨੀ ਪਰ ਲੇਪ ਕਰੇ ਤਾਂ ਇਸਤ੍ਰੀ ਦੀ ਛੇਤੀ ਬੰਦ ਖਲਾਸ ਹੋਵੇ ।੩੨੬।

੨੧੯੯. ਤੂੰਬੀ ਦੇ ਪਤ੍ਰ ਤੇ ਲੋਦ ਸਮਾਨ ਲੈਕੇ ਪੀਹਕੇ ਯੋਨੀ ਵਿਚ ਲੇਪ ਕਰੇ ਤਾਂ ਕਸ਼ਟੀ ਹੋਈ ਇਸਤ੍ਰੀ ਦੀ ਪੀੜਾ ਮਿਟ ਜਾਵੇ ।।੩੨੭।।

ਲਿੰਗ ਧੁਵਾਵੇ ਪੁਰਖਾ ਕਾ ਗੋਕੇ ਦੂਧ ਜੁ ਮਾਹਿ।
ਸੋ ਪਯ ਪੀਵਤ ਕਾਮਨੀ ਕਸ਼ਟ ਬੇਦਨਾ ਜਾਇ ॥੩੨੮॥

੨੨੦੦. ਗੋਕੇ ਦੂਧ ਵਿਚ ਪੁਰਖ, ਭਾਵ ਪਤੀ ਦਾ ਲਿੰਗ ਧੁਆਕੇ ਉਹ ਦੁਧ ਇਸਤ੍ਰੀ ਨੂੰ ਪਿਲਾਵੇ ਤਾਂ ਤੁਰਤ ਕਸ਼ਟ ਮਿਟੇ ।।੩੨੮।।

ਕ੍ਰਿਸ਼ਨ ਅਸ਼ਟਮੀ ਚੌਦਸਹਿ ਸਹਦੇਵੀ ਜੜ ਲੇਹੁ।
ਬਨਿਤਾ ਕੇ ਕਟਿ ਬਾਂਧੀਐ ਕਸ਼ਟੀ ਤੁਰਤ ਹਰੇਹੁ ॥੩੨੯॥

੨੨੦੧. ਅੰਧੇਰੇ ਪੱਖ ਦੀ ਅਸ਼ਟਮੀ ਯਾਂ ਚੌਦਸ ਨੂੰ ਸਹਦੇਵੀ ਦੀ ਜੜ੍ਹ ਪੁਟਕੇ ਆਂਦੀ ਹੋਈ ਇਸਤ੍ਰੀ ਦੇ ਗਲ ਪਾ ਦੇਵੇ ਤਾਂ ਤੁਰਤ 'ਕਸ਼ਟ ਨਾਸ਼ ਕਰੇ ।।੩੨੯।।

ਕੰਟਾਰੀ ਲਘੁ ਜੜ ਗਹੀ ਅਰਕ ਵਾਰ ਦਿਨ ਸੋਇ।
ਗਊ ਸੀਸ ਕੇ ਊਪਰੇ ਘਰੀ ਏਕ ਰਖਿ ਜੋਇ॥੩੩੦॥
ਗੁੱਗਲ ਧੂਨੀ ਦੇ ਕਰੀ ਕਸ਼ਟੀ ਕਟਿ ਜੁ ਬੰਧਾਇ।
ਤੁਰਤ ਕਸ਼ਟ ਤੇ ਛੂਟ ਹੈ ਆਛੀ ਕਹੀ ਬਨਾਇ ॥੩੩੧॥
ਪਾਠਾ ਮੂਲ ਘਸਾਇਕੈ ਭਗ ਪਰ ਲੇਪ ਲਗਾਇ।
ਸੁਖ ਪ੍ਰਸਵੈ ਸੋ ਕਾਮਨੀ ਦੀਨੀ ਮੇਘ ਬਤਾਇ ॥੩੩੨॥

੨੨੦੨. ਛੋਟੀ ਕੰਡਿਆਰੀ ਦੀ ਜੜ੍ਹ ਐਤਵਾਰ ਦੇ ਦਿਨ ਲੈਕੇ ਉਹ ਫਿਰ ਗਊ ਦੇ ਸਿਰ ਉਤੇ ਘੜੀਕੁ ਰੱਖਕੇ ਫਿਰ ਗੁੱਗਲ ਦੀ ਧੂਣੀ ਦੇ ਕੇ, ਕਸ਼ਟ ਵਾਲੀ ਇਸਤ੍ਰੀ ਦੇ ਗਲ ਬੰਨ੍ਹੇ ਤਾਂ ਤੁਰਤ ਕਸ਼ਟ ਤੇ ਛੁਟਕਾਰਾ ਹੋਵੇ। ੩੩੦॥੩੩੧॥

---

†ਆਟਰੂਖ–ਬਾਂਸਾ ਹੈ। ਦੇਖੋ ਭਾਵ ਪ੍ਰਕਾਸ਼,

Digitized by Panjab Digital Library | www.panjabdigilib.org

੨੨੦੩. ਪਾਠਾ (ਬਹਿਕੜ) ਇਸਦੀ ਜੜ੍ਹ ਨਾਲ ਘਿਸਾਕੇ ਭਗ ਉਤੇ ਲੇਪ ਤਾਂ ਸੁਖ ਨਾਲ ਹੱਸਦੀ ਤੁਸਦੀ ਇਸਤ੍ਰੀ ਪ੍ਰਸੂਤ ਹੋਵੇ ॥੩੩੨॥

ਇਸਤ੍ਰੀ ਦ੍ਰਵਣ ਕੇ ਉਪਾਇ–ਸੋਰਠਾ

ਅੰਬਲੀ ਫਲ ਸਿੰਧੂਰ ਮਧੁ ਸੇ ਲੇਪੋ ਯੋਨਿ ਵਿਚ।
ਭੋਗ ਕਰਤ ਨਰ ਸੂਰ ਦ੍ਰਵੈ ਤੁਰਤ ਸੋ ਕਾਮਨੀ ॥੩੩੩॥

੨੨੦੪. ਇੰਮਲੀ ਦਾ ਫਲ ਤੇ ਸੰਧੂਰ, ਸ਼ਹਤ ਨਾਲ ਯੋਨੀ ਵਿੱਚ ਲੇਪ ਕਰੇ, ਫਿਰ ਜਵਾਨ ਪੁਰਖ ਭੋਗ ਕਰੇ ਤਾਂ ਇਸਤ੍ਰੀ ਤੁਰਤ ਖਲਾਸ ਹੋਵ ॥੩੩੩॥

ਦੋਹਰਾ

ਘੱਘਰ ਬੇਲ ਜੁ ਮਧੁ ਸਹਤ ਪੀਸ ਯੋਨਿ ਵਿਚ ਲਾਇ।
ਦ੍ਰਵਤ ਕਾਮਨੀ ਰਿਤ ਸਮੈ ਆਛੀ ਦਈ ਬਤਾਇ ॥੩੩੪॥

੨੨੦੫. ਘੱਘਰਵੇਲ ਸ਼ਹਤ ਨਾਲ ਪੀਹਕੇ ਯੋਨੀ ਵਿਚ ਲੇਪੇ ਤਾਂ ਭੋਗ ਸਮਜ ਤੁਰਤ ਇਸਤ੍ਰੀ ਦ੍ਰਵ ਬਹੇ ॥੩੩੪॥

ਸੋਰਠਾ

ਕਾਥ ਕਬੂਤਰ ਵੀਠ ਫਟਕਰਿ ਪੀਸੋ ਪਾਨ ਰਸ।
ਪੂੰਗੀ ਸਮ ਗੁਟਿ ਦੀਠ ਖਾਤ ਕਾਮਨੀ ਦ੍ਰਵਤ ਰਤਿ ॥੩੩੫॥

੨੨੦੬. ਕੱਥ, ਕਬੂਤਰ ਦੀ ਵਿਠ ਤੇ ਫਟਕੜੀ ਪਾਨ ਦੇ ਰਸ ਵਿਚ ਪੀਹਕੇ ਸੁਪਾਰੀ ਸਮਾਨ ਗੋਲੀ ਕਰੇ, ਭੋਗ ਕਰਨ ਤੋਂ ਪਹਿਲੇ ਇਸਤਰੀ ਨੂੰ ਖੁਆਵੇ ਤਾਂ ਤੁਰਤ ਦ੍ਰਵੇ ॥੩੩੫॥

ਕਣਾ ਮਰਚ ਧਾਤੂਰ ਲੋਦ ਕੰਟਾਰੀ ਬੀਜ ਲੈ।
ਲਿੰਗ ਲੇਪ ਮਧੁ ਪੂਰ ਦ੍ਰਵਤ ਕਾਮਨੀ ਰਤਿ ਸਮੈ ॥੩੩੬॥

੨੨੦੭. ਮਘ, ਮ੍ਰਿਚ, ਧਤੂਰਾ, ਲੋਦ ਤੇ ਕੰਡਿਆਰੀ ਦੇ ਬੀਜ, ਸ਼ਹਿਤ ਨਾਲ ਲਿੰਗ ਤੇ ਲੇਪ ਕਰੇ ਤਾਂ ਇਸਤ੍ਰੀ ਰਤ ਕ੍ਰੀੜਾ ਵਿਚ ਥੱਕ ਬਹੇ ॥੩੩੬॥

(ਡਾਮਰਾਤ) ਸੋਰਠਾ

†ਪੁਖ ‡ਸਿਵਾਲ ਕਰਪੂਰ ਮੁੰਡੀ ਫੂਲ ਪਿਸਾਇ ਮਧ।
ਲਿੰਗ ਲੇਪ ਰਤਿ ਪੂਰ ਵਸੀ ਹੋਤ ਤਿਯ ਦ੍ਰਵਤ ਅਤਿ ॥੩੩੭॥

੨੨੦੮. †ਪੁਖ-ਨਾਗਕੇਸਰ, ‡ਸਿਵਾਲ-ਜਾਲਾ, ਕਪੂਰ ਤੇ ਮੁੰਡੀ ਦੇ ਫੂਲ ਸ਼ਹਤ ਦੇ ਨਾਲ ਪੀਹਕੇ

---

†ਪੁਖ-ਨਾਰਾ ਕੇਸਰ ਹੈ ਦੇਖੋ ਔਸਧੀ ਕੋਸ਼,
‡ਸਿਵਾਲ-ਜਲ ਦਾ ਜਾਲਾ ਹੈ, ਦੇਖੋ ਦ੍ਰਬ ਦਰਪਣ ਤੇ ਹੋਰ ਅਮਰ ਕੋਸ।

Digitized by Panjab Digital Library | www.panjabdigilib.org

ਭੋਗ ਸਮਯ ਲਿੰਗ ਪਰ ਲੇਪ ਕਰੇ ਤਾਂ ਇਸਤ੍ਰੀ ਦ੍ਰਵ ਜਾਵੇ ਅਰ ਵਸਿ ਹੋਵੇ ॥੩੩੭॥

ਦੋਹਰਾ

ਟੰਕਣ ਮਧੁ ਕਰਪੂਰ ਹੀ ਲਿੰਗ ਲੇਪ ਕਰ ਭੋਗ।
ਦ੍ਰਵਤ ਨਾਰਿ ਅਰ ਵਸਿ ਹੁਵੇ ਏ ਡਾਮਰ ਕੇ ਯੋਗ ॥੩੩੮॥

੨੨੦੯. ਸੋਹਾਗਾ, ਸ਼ਹਤ ਤੇ ਕਪੂਰ ਲਿੰਗ ਪਰ ਲੇਪ ਕਰਕੇ ਭੋਗ ਕਰੇ ਤਾਂ ਇਸਤ੍ਰੀ ਦ੍ਰਵ ਜਾਵੇ ਅਰ ਵਸਿ ਹੋਵੇ ॥੩੩੮॥

ਬ੍ਰਹਤੀ ਜੜ ਮਰਚਾਂ ਕਣਾ ਗੋਰੋਚਨ ਮਧ ਪੀਸ।
ਲਿੰਗ ਲੇਪ ਰਤਿ ਕੀਜੀਐ ਦ੍ਰਵਤ ਵਸੀ ਕਰ ਦੀਸ ॥੩੩੯॥

੨੨੧੦. ਕੰਡਿਆਰੀ ਦੀ ਜੜ, ਮ੍ਰਿਚ, ਮਘ ਤੇ ਗੋਰੋਚਨ, ਸ਼ਹਤ ਨਾਲ ਪੀਹਕੇ ਲਿੰਗ ਪਰ ਲੇਪ ਕਰਕੇ ਭੋਗ ਕਰੇ ਤਾਂ ਇਸਤ੍ਰੀ ਦ੍ਰਵੇ ਅਰ ਵਸਿ ਹੋ ਜਾਵੇ ॥੩੩੯॥

ਮਨਸਿਲ ਮਧੁ ਗੰਧਕ ਘ੍ਰਿਤੇ ਲਿੰਗ ਲੇਪ ਰਮਿ ਨਾਰ।
ਦ੍ਰਵੈ ਤੁਰਤ ਅਰ ਵਸਿ ਹੁਵੈ ਡਾਮਰ ਮਨਹਿ ਵਿਚਾਰ ੩੪੦॥

੨੨੧੧. ਮਨਸਿਲ, ਸ਼ਹਤ ਤੇ ਗੰਧਕ, ਘੇਉ ਨਾਲ ਪੀਹਕੇ ਲਿੰਗ ਤੇ ਲੇਪ ਕੇ ਰਮਣ ਕਰੇ ਤਾਂ ਇਸਤ੍ਰੀ ਛੇਤੀ ਦ੍ਰਵ ਜਾਵੇ ਅਰ ਵਸ ਹੋਵੇ ॥੩੪੦॥

ਜਲ ਸੋ ਪੀਸੀ ਲਾਂਗਲੀ ਕੰਦ ਲੇਪ ਕਰ ਹਾਥ।
ਹਾਥ ਲਗਾਏ ਦ੍ਰਵਤਿ ਤਿਯ ਜਿਮ ਘ੍ਰਿਤ ਅਗਨੈ ਸਾਥ ॥੩੪੧॥

੨੨੧੨. ਜਲ ਨਾਲ †ਕਲਿਹਾਰੀ ਦਾ ਕੰਦ ਪੀਹਕੇ ਹਥਾਂ ਪਰ ਲੇਪ ਕਰੇ, ਫਿਰ ਓਹ ਹੱਥ ਲਗਾਏ ਤਾਂ ਇਸਤ੍ਰੀ ਦ੍ਰਵ ਜ਼ਾਵੇ, ਜਿਸ ਤਰਾਂ ਅੱਗ ਦੇ ਨੇੜੇ ਗਿਆ ਘੇਉ ਪਿਘਲ ਜਾਂਦਾ ਹੈ ॥੩੪੧॥

ਜੋ ਡਾਮਰ ਕੇ ਯੋਗ ਹੈਂ ਮੰਤ੍ਰ ਇਕ ਸੌ ਆਠ।
ਲਿੰਗ ਲੇਪ ਤੌ ਕੀਜੀਯੇ ਨਹਿ ਤੌ ਇਕਵੀ ਮਾਠ ॥੩੪੨॥

ਜਿਤਨੇ ਜਿਤਨੇ 'ਡਾਮਰ ਗ੍ਰੰਥ' ਦੇ ਯੋਗ ਕਹੇ ਹਨ, ਇਨ੍ਹਾਂ ਦੇ ਕਰਨ ਸਮਯ ੧੦੮ ਬਾਰ ਮੰਤ੍ਰ ਪੜਕੇ ਦਵਾਈ ਮੰਤ੍ਰਿਤ ਕਰ ਲਵੇ ਤਾਂ ਲਿੰਗ ਪਰ ਲੇਪ ਕਰੇ। ਜੇਕਰ ਇਤਨੇ ਨਹੀਂ ਤਾਂ ੨੧ ਬਾਰ ਜ਼ਰੂਰ ਮੰਤ੍ਰ ਪੜ੍ਹੇ (ਮੰਤ੍ਰ ਬਿਨਾ ਸਿਧੀ ਨਹੀਂ ਹੈ) ॥੩੪੨॥

ਯਥਾ ਮੰਤ੍ਰ:—
"ਓਅੰ ਨਮੋ ਭਗਵਤੇ, ਓਅੰ ਡਾਂਮਰੇਸ਼੍ਵਰਾਯ ਇਸਤ੍ਰੀਣਾ ਮਦੰ
ਪਾਤਯ ਪਾਤਯ, ਸ੍ਵਾਹਾ ਠ: ਠ:।"

---

†ਦੇਖੋ ਨਟ ਪੇਜ ਨੰ: ੭੫੫,

Digitized by Panjab Digital Library | www.panjabdigilib.org

ਅਥ ਭਰਤਾ ਵਸੀ ਕਰਣ (ਪਤੀ ਵਸਿ ਕਰਨ) ਦੀ ਵਿਧੀ

ਦੋਹਰਾ

ਸੂਤ ਕੁਮਾਰੀ ਕੱਤਿਆ ਇਕ ਵਿੰਸਤ ਕਰ ਤਾਰ।
ਇਕ ਵਿੰਸਤ ਦੈ ਗਾਂਠ ਤਿਸ ਤਾਂਕੀ ਸੁਨੋ ਵਿਚਾਰ ॥੩੪੩॥
ਗਾਂਠ ਗਾਂਠ ਕੇ ਊਪਰੇ ਇਕ ਵਿੰਸਤਿ ਪੜਿ ਮੰਤ੍ਰ।
ਪ੍ਰਥਕ ਪ੍ਰਥਕ ਪੜਿ ਪੜਿ ਕਰੀ ਘ੍ਰਿਤ ਪੁਰ ਧੂਨੀ ਤੰਤ੍ਰ॥੩੪੪॥
ਲੈ ਡੱਬੀ ਧਰ ਕਾਮਨੀ ਧੂਪ ਕਰਤ ਜੋ ਨਿੱਤ।
ਤਿਹਕੈ ਵਸਿ ਪਤਿ ਹੋਤ ਅਤਿ ਕਹਜੋ ਮੰਤ੍ਰ ਸੁਨ ਮਿੱਤ ॥੩੪੫॥

੨੨੧੩. ਕੁਆਰੀ ਕੰਨਜਾਂ ਦੇ ਹੱਥੋਂ ਸੂਤ ਕਤਵਾਕੇ ਉਸਦੀਆਂ ੨੧ ਤਾਰਾਂ ਇਕ ਥਾਂ ਕਰਕੇ ਧਾਗਾ ਲਵੇ, ਉਸਨੂੰ ਗੰਢਾਂ ੨੧ ਦੇਵੇ, ਪਰੰਤੂ ਇੱਕ ਇੱਕ ਗੰਢ ਉਪਰ ਇੱਕੀ ੨ ਬਾਰ ਮੰਤ੍ਰ ਪੜ੍ਹਕੇ ਫੂਕ ਮਾਰਦਾ ਜਾਵੇ, ਫਿਰ ਉਸ ਧਾਗੇ ਨੂੰ ਘਿਉ ਨੂੰ ਗੁੱਗਲ ਦੀ ਧੂਣੀ ਦੇਕੇ ਚਾਂਦੀ ਦੀ ਡੱਬੀ ਵਿਚ ਪਾਕੇ ਇਸਤ੍ਰੀ ਹਮੇਸ਼ਾਂ ਆਪਣੇ ਪਾਸ ਰੱਖੇ, ਅਤੇ ਉਕਤ ਧੂੰਣੀ ਨਿੱਤ ਦਿੰਦੀ ਰਹੇ ਤਾਂ ਇਸਤ੍ਰੀ ਦੇ ਪਤੀ ਵਸਿ ਵਿੱਚ ਹੋ ਜਾਏ, ਸੋ ਅੱਗੇ ਹੁਣ ਹੇ ਮਿਤ੍ਰ! ਮੰਤ੍ਰ ਲਿਖਦੇ ਹਾਂ:-। ੩੪੩॥੩੪੪॥

ਯਥਾ ਮੰਤ੍ਰ:-

"ਓੰ ਮੇਰਾ ਕਾਮਣ ਰਾਤਾ ਸਿੰਘਰੁਵੰਨਾ ਮੁਵਰਵੰਨਾ, ਮੈ ਪਿਯ ਬਾਂਧੋਂ ਆਪਣੇਂ ਜਿਉਂ ਬਾਛੋ ਬਾਂਧੋਂ ਹਾਂਲੇ ਡੋਲੇ, ਮੈ ਪਿਯ ਬਾਂਧੋਂ, ਮੂਲ ਨ ਡੋਲੈ, ਜਾਣੈ ਬਾਂਧੋਂ ਜਣ ਪਤਿ ਬਾਂਧੋਂ ਏਕ ਸਾਸੂ ਨਣਦ, ਏਕ ਸਊਂਕਣ ਬਾਂਧੋਂ, ਜਬਲਗ ਜੀਵੈ ਤਬ ਲਗ ਬਾਂਧੋਂ ਚਾਟਯ ਮੂਆ ਪਾਛਇਖੇਹ ਪਲਾਟ ਇੱਜਉ "†ਅਮੁਕਉ" ਔਰ ਕੰਨਹਿ ਜਾਏ ਤੌ ਤੂੰ "‡ਅਮੁਕ" ਪਕੜੀ, ਤਾਂ ਨਾਥ ਗੁਰ ਕੀ ਸ਼ਕਤਿ ਮੇਰੀ ਭਗਤਿ ਫੁਰਹੋ *ਮੰਤ੍ਰ ਈਸ੍ਰੋ ਵਾਚਾ ੦ਨੈ:।"

ਅਥ ਕੁਚ ਕਠਨ ਕੇ ਉਪਾਇ-ਚੌਪਈ

ਵਚ ਕੁਠ ਗਜ ਕ੍ਰਿਸ਼ਨਾ ਅਸਗੰਧ। ਜਟਾ ਕਨੇਰ ਸੁ ਦਰੜੇ ਸੰਧਿ।
ਜਲ ਮਹਿ ਰਾਤਹਿ ਰਾਖ ਭਗੋਇ। ਪ੍ਰਾਤਹਿ ਪੀਸੋ ਨੀਕਾ ਸੋਇ ॥੩੪੬॥
ਮਾਖਣ ਸੋ ਮਹਲਮ ਕਰਵਾਇ। ਕੁਚਕੈ ਊਪਰ ਲੇਪ ਲਗਾਇ।

---

†ਏਥੇ ਪਤੀ ਦਾ ਨਾਮ ਪੜੇ,

‡ਏਥੇ ਜਿਸ ਵਲ ਜਾਂਦਾ ਹੋਵੇ; ਉਸ ਦੋਸਤਾਨੀ ਦਾ ਨਾਮ ਪੜੇ।

*ਮੰਤ੍ਰ ਸਾਧਨ ਵੇਲੇ ੬ ਚਕ੍ਰ ਮਿਲਾਨ ਕੀਤੇ ਜਾਣੇ ਜ਼ਰੂਰੀ ਅਤੇ ਸਿੱਧੀ ਦੇ ਮੁਖ ਕਾਰਣ ਹੁੰਦੇ ਹਨ। ਸੋ ੬ ਚਕ੍ਰ ਦੇਖਣੇ ਚਾਹੋ ਤਾਂ 'ਨਿਤਜਤੰਤ੍ਰ' ਮੁਲਹਾਜ਼ਾ ਕਰੋ, ਇਨ੍ਹਾਂ ਵਿਚੋਂ 'ਆਕਡਮ' ਚੱਕ੍ਰ ਬਹੁਤ ਜਰੂਰੀ ਹੈ, ਸੋ ਉਸਦਾ ਵੇਰਵਾ 'ਵਿਸ਼ਕੋਸ਼' ਪੰਗਤੀ 'ਅ' ਪ੍ਰਿ: ੨੧ ਦੇਖਕੇ ਤਸੱਲੀ ਕਰੋ।

੦ਇਹ ਮੰਤ੍ਰ ਅਸਾਂ ਸੁਧ ਕਰਕੇ ਲਿਖਿਆ ਹੈ।

Digitized by Panjab Digital Library | www.panjabdigilib.org

ਪਾਥਰ ਸਮ ਹੋਵਤ ਕਠੋਰ। ਕਹਤ ਮੇਘ ਤੁਮ ਲਖੋ ਨ ਔਰ ॥੩੪੭॥

੨੨੧੪; ਵਚ, ਕੁਠ, ਵਡੀ ਮਘ, ਅਸਗੰਧ ਤੇ ਕਨੇਰ ਦੀ ਜੜ੍ਹ ਸਭੋ ਦਰੜਕੇ ਰਾਤ ਨੂੰ ਜਲ ਵਿੱਚ ਭਿਉਂ ਰੱਖੇ। ਸਵੇਰ ਨੂੰ ਚੰਗਾ ਘੋਟੇ ਅਰ ਫਿਰ ਉਸ ਵਿੱਚ ਮਖਣ ਪਾਕੇ ਮੱਲਮ ਬਣਾ ਲਵੇ, ਉਸਦਾ ਲੇਪ ਕੁਚਾਂ ਪਰ ਲਾਯਾ ਕਰੇ ਤਾਂ ਕਈ ਦਿਨ ਲੇਪ ਦੇ ਨਾਲ ਮੰਮੇ ਪੱਥਰ ਸਮਾਨ ਕਰੜੇ ਕਰੇ,ਇਸਦਾ ਫਲ ਪਜਾਰੇ ਬਿਨਾਂ ਹੋਰ ਨਹੀਂ ਜਾਣ ਸਕਦਾ ॥੩੪੬॥੩੪੭॥

ਰਤਨ ਜੋਤਿ ਜਲ ਸੰਗ ਪਿਸਾਇ। ਚਾਰ ਸੇਰ ਰਸ ਲਉ ਕਰਾਇ।
ਕਟੁ ਫਲੁ ਪੈਸੇ ਦਸ ਪੀਸਾਇ। ਸੋ ਤਾਹੂ ਮਹਿ ਦੇਹੁ ਰਲਾਇ॥੩੪੮॥
ਤੇਲ ਚਾਰ ਪਲ ਪਇ ਪਕਾਇ। ਰਹੈ ਤੇਲ ਤਬ ਲੈ ਉਤਰਾਇ।
ਰੂਈਂ ਸੇਤੀ ਕੁਚ ਪਰ ਧਰੇ। ਕਨ ਬਿੱਲ ਸਮ ਕੁਚ ਹੁਯ ਕਰੇ ॥੩੪੯॥

੨੨੧੫. ਰਤਨਜੋਤ ਲੈਕੇ ਜਲ ਨਾਲ ਸਰਦਾਈ ਵਾਂਗ ਘੋਟ ਘੋਟ ਛਾਣ ਛਾਣ ੪ ਸੇਰ ਰਸ ਕੱਢ ਲਵੇ। ਇਸ ਵਿਚ ੧੫ ਪੈਸੇ ਭਰ ਕਾਯਫਲ ਪੀਹਕੇ ਰਲਾਵੇ। ਫਿਰ ਮਿੱਠਾ ਤੇਲ ੪ ਪਲ (੧੬ ਤੋਲੇ) ਪਾਕੇ ਪਕਾਵੇ, ਜਦ ਪਾਣੀ ਸੜਕੇ ਤੇਲ ਮਾਤ੍ਰ ਆਣ ਰਹੇ, ਤਾਂ ਪੁਣਕੇ ਤੇਲ ਛਾਣ ਰੱਖੇ ਫਿਰ ਉਸ ਤੇਲ ਨਾਲ ਰੂੰ ਦਾ ਫੇਹਾ ਤਰ ਕਰਕੇ ਮੰਮਿਆਂ ਪਰ ਰਖਿਆ ਕਰੇ। (ਇਸਤਰਾਂ ਕੁਛ ਚਿਰ ਕਰੇ ਤਾਂ ਮੰਮੇ) ਬਿੱਲ ਵਾਂਗ ਕਰੜੇ ਹੋਣ ॥੩੪੮॥੩੪੯॥

ਦੋਹਰਾ

ਪਦਮ ਬੀਜ ਮ੍ਰਿਨਾਲ ਸਿਤ ਖਾਵਤ ਤਿਯ ਜੋ ਆਨ।
ਮਾਸ ਏਕ ਮਹਿ ਜਾਨੀਯੇ ਕਠਿਨ ਹੋਤ ਕੁਚ ਮਾਨ ॥੩੫੦॥

੨੨੧੬. ਕੌਲਡੋਡੇ, ਕੌਲਾਂ ਦੀ ਡੰਡੀ, ਤੇ ਮਿਸ਼ਰੀ, ਇਨ੍ਹਾਂ ਨੂੰ ਇਸਤ੍ਰੀ ੧ ਮਹੀਨੇ ਖਾਵੇ ਤਾਂ ਮੰਮੇ ਕਰੜੇ ਕਰੇ ॥੩੫੦॥

ਚੂਰਣ ਕਰਕੇ ਕੁਸ਼ਟ ਕਾ ਮਧੁ ਘ੍ਰਿਤ ਸੋ ਅਵਲੇਹ।
ਕਠਨ ਹੋਤ ਕੁਚ ਯੁਗਮ ਹੀ ਸਾਚੀ ਔਖਦ ਏਹ ॥੩੫੧॥

੨੨੧੭. †ਕੁੱਠ ਬ੍ਰੀਕ ਪੀਹਕੇ ਸ਼ਹਤ ਘੇਉ ਨਾਲ ਚਟਣੀ ਕਰੇ, ਅਰ ਚੱਟੇ ਤਾਂ ਦੋਨੋਂ ਮੰਮੇ ਕਰੜੇ ਕਰੇ, ਇਹ ਦਵ ਈ ਸੱਚੀ ਹੈ ॥੩੫੧॥

ਘ੍ਰਿਤ ਮਧ ਸੇਤੀ ਪੀਸਕੇ ਦੇਵਦਾਰ ਕੁਚ ਲਾਇ।
ਵਾ ਮਾਖਨ ਲੇ ਭੈਂਸਕਾ ਕਠਨ ਕਰਤ ਕੁਚ ਭਾਇ ॥੩੫੨॥

੨੨੧੮. ਘੇਉ ਤੇ ਸ਼ਹਿਤ ਨਾਲ ਦੇਵਦਾਰ ਪੀਹਕੇ ਮੰਮਿਆਂ ਪਰ ਲੇਪ ਕਰੈ। ਯਾ:-
੨੨੧੯; ਨਿੱਤ ਮਹੀਂ ਦਾ ਮੱਖਣ ਮੰਮਿਆਂ ਪਰ ਲਾਯਾ ਕਰੇ ਤਾਂ ਰੜ ਹੋਣ ॥੩੫੨॥

†ਕੁੱਠ–ਕੌੜੀ ਤੇ ਮਿੱਠੀ ਦੋ ਤਰਾਂ ਦੀ ਹੁੰਦੀ ਹੈ, ਮਿੱਠ ਦੋ ਤਰਾਂ ਦੀ ਹੁਦੀ ਹੈ, ਮਿੱਠ ਲਵੇ,।

Digitized by Panjab Digital Library | www.panjabdigilib.org

ਤੇਲ (ਰਸਰਤਨਾਕਰਾਤ)—ਚੌਪਈ

ਮੂੰਡੀ ਦਸਪਲ ਚੌਗੁਨ ਨੀਰ। ਅਰਧ ਸੇਖ ਜਲ ਰਾਖੇ ਬੀਰ।
ਏਤੌਂ ਕ੍ਵਾਥ ਤਨਾ ਪਰਮਾਨ। ਸੇਰ ਤੇਲ ਤਿਲਕਾ ਲੈ ਠਾਨ ॥੩੫੩॥
ਫੇਰ ਕਢਾਵੇ ਤੇਲ ਰਖਾਇ। ਸੌਲੈ ਸੀਸੀ ਭਾਂਜਨ ਪਾਇ।
ਨਾਸ ਦੇਹੁ ਅਰ ਪਾਨ ਕਰਾਇ। ਕੁਚਕੋ ਕਠਨ ਕਰਤ ਹੈ ਸਾਇ ॥੩੫੪॥

੨੨੨੦. ‡ਮੂੰਡੀ ਦੀ ਜੜ ੧੦ ਪਲ (੪੦ ਤੋਲੇ), ਇਸ ਵਿਚ ੪੦ ਪਲ (੧੬੦ ਤੋਲੇ) ਪਾਣੀ ਪਾਕੇ ਪਕਾਵੇ,ਜਦ ਅੱਧਾ ਅਰਥਾਤ ੧ ਸੇਰ ਪੱਕਾ ਆਣ ਰਹੇ ਤਾਂ ਇਹ ਕਾੜ੍ਹਾ ਅੱਗ ਤੋਂ ਹੇਠ ਲਾਹਕੇ ਪੁਣੇ। ਉਸ ਵਿੱਚ ਫਿਰ ਤਿਲਾਂ ਦਾਂ ਤੇਲ ਪਾਕੇ ਮੁੜ ਕ੍ਵਾੜ੍ਹੇ। ਜਦ ਤੇਲ ਮਾਤ੍ਰ ਆਣ ਰਹੇ ਤਦ ਉਤਾਰਕੇ ਪੁਣ ਕੇ ਸ਼ੀਸ਼ੇ ਵਿੱਚ ਭਰ ਰਖੇ। ਫਿਰ ਇਸ ਤੇਲ ਦੀ, ਇਸਤ੍ਰੀ ਨੂੰ ਨਸਵਾਰ ਦੇਵੇ, ਅਤੇ ਖੁਲਾਵੇ, ਤਾਂ ਮੰਮਿਆਂ ਨੂੰ ਕਰੜੇ ਅਤੇ ਛੋਟੇ ਕਰੇ ॥੩੫੩॥੩੫੪॥

ਸਜਾਮਾਂ ਰਜਨੀ ਬਲਾ ਜੁ ਲੂਨ। ਲਾਜਾ ਸਮ ਲੀਜੈ ਏ ਗੂਨ।
ਇਨਤੇ ਅਠਗੁਨ ਨੀਰ ਮਿਲਾਇ। ਪਾਦਸੇਖ ਜਲ ਲੇਹੁ ਕਢਾਇ ॥੩੫੫॥
ਤਾਂਤੇ ਆਧਾ ਤੇਲ ਜੁ ਲੇਹ। ਵਾ ਭੈਂਸਨ ਕਾ ਆਜਮਿ ਲੇਇ।
ਅਗਨਿ ਦੇਇਕੈ ਤੇਲ ਰਖਾਇ। ਨਾਵਨ ਤੇ ਕੁਚ ਕਠਨ ਕਰਾਇ ॥੩੫੬॥

੨੨੨੧. ਸਜਾਮ-ਲਤਾ ਵਿਸ਼ੇਖ, ਅਥਵਾ, ਮਘ, ਹਲਧੀ, ਖਿਰੇਟੀ, ਸੇਂਧਾਲੂਣ, †ਧਾਨਾਂ ਦੀਆਂ ਖਿੱਲਾਂ, ਇਹ ਸਬ ਇਕ ਬਰਾਬਰ, ਇਨ੍ਹਾਂ ਸਭਨਾ ਨਾਲੋਂ ਅੱਠ ਗੁਣਾ ਜਲ ਪਾਕੇ ਪਕਾਵੇ, ਜਦ ਚੌਥਾ ਹਿੱਸਾ ਆਣ ਰਹੇ ਛਾਣੇ। ਫਿਰ ਇਸ ਨਾਲੋਂ ਅੱਧਾ ਤੇਲ ਯਾ ਮਹੀਂ ਦਾ ਘੇਉ ਪਾਕੇ ਅੱਗ ਦੇਕੇ ਮੁੜ ਕਾੜ੍ਹੇ, ਜਦ ਤੇਲ ਹੀ ਰਹੇ, ਤਾਂ ਉਤਾਰਕੇ ਛਾਣ ਰਖੇ। ਇਸ ਤੇਲ ਦੀ ਫਿਰ ੦ਨਸਵਾਰ ਦੇਵੇ ਤਾਂ ਮੰਮੇ ਕਰੜੇ ਕਰੇ ॥੩੫੫॥੩੫੬॥

ਕੁਚ*ਪ੍ਰਫੁੱਲਤ ਕਰਣ ਉਪਾਯ—ਦੋਹਰਾ

ਹਾਥ੍ਹਾ ਜੋਰਿ ਪ੍ਰਯੰਗ ਫੂਲ ਤ੍ਰਿਫਲ ਮਰਚ ਲੈ ਸੁੰਠਿ।
ਕਾਲੇ ਤਿਲ ਰਜਨੀ ਕਣਾ ਪੈਸਾ ਪੈਸਾ ਗੁੰਠ ॥੩੫੭॥
ਘ੍ਰਿਤ ਪਲ ਪਾਵੇ ਚਾਰ ਗੋ ਅਗਨਿ ਦੇਇ ਪਕਵਾਇ।

---

‡ਜੇ ਮੂੰਡੀ ਦੀ ਜੜ੍ਹ ਨਾਂ ਮਿਲੇ ਤਾਂ ਸੁਬਾਂਗ ਪਾਵੇ।

†ਪਾਠਾ ਇਹ ਖੋਜ ਭਾਲ ਅਤੇ ਮੂਲਾਨੁਸਾਰ ਸੁਧ ਕੀਤੇ, ਤਾਂ ਅਰਥ ਕੀਤੇ ਹਨ। ਜੀਰਾ ਆਦਿ ਕਲਪਣਾ ਅਗਜਾਤਪਣਾ ਹੈ।

੦ਨਸਵਾਰ ਦਿਨੇ ਦੇਵੇ ਨਿਰੇਹਾਰ, ਰਾਤ ਨੂੰ ਭੁਲਕੇ ਬੀ ਨਾ ਦੇਵੇ।

*ਕੁਚ ਪ੍ਰਫੁਲਤ ਕਰਨ ਦਾ ਅਰਥ ਉਚੇ ਕਰਨੇ ਅਰਥਾਤ ਲਟਕਣ ਹਟੌਣੀ ਹੈ,ਤੇ ਕਠਨ ਦਾ ਅਰਥ ਕਰੜੇ ਕਰਨੇ ਹੈ, ਇਤਨਾ ਭੇਦ ਹੈ, ਅਸਲ ਵਿਚ ਮਤਲਬ ਇਕ ਹੀ ਹੈ।

Digitized by Panjab Digital Library | www.panjabdigilib.org

ਰਹਜੋ ਘੀਉ ਕੁਚ ਲਾਈਐ ਕੁਚ ਪ੍ਰਫੁਲਤ ਥਾਇ ॥੩੫੮॥
ਇਕ ਵਿੰਸਤਿ ਦਿਨ ੦ਨਾਸ ਦੈ ਯਾਹੀ ਘ੍ਰਿਤ ਕੀ ਜਾਨ ।
ਘ੍ਰਿਤ ਸਮ ਤੰਦੁਲ ਜਲ ਖਿਪੀ ਪੁਹਪ ਸਮੈ ਨਸਿ ਠਾਨ ॥੩੫੯॥
ਕਠਿਨ ਪਯੋਧਰ ਬਿੱਲ ਸਮ ਕਰਤ ਨ ਲਾਗੈ ਵਾਰ ।
ਪ੍ਰਫੁਲਤ ਅਰ ਕਠਿਨ ਕੇ ਏਕੋ ਯੋਗ ਉਦਾਰ ॥੩੬੦॥

੨੨੨੨. ‡ਹਾਥਾ ਜੋੜੀ, ਪ੍ਰਿਯੰਗੂ ਦੇ †ਫੁਲ, ਤ੍ਰਿਫਲਾ (ਹਰੜ, ਬਹੇੜਾ ਆਵਲੇ) ਮ੍ਰਿਚ ਸੁੰਢ, ਕਾਲੇ ਤਿਲ, ਹਲਧੀ ਤੇ ਮਘਾਂ, ਇਹ ਸਭ ਪੈਸਾ ਪੈਸਾ ਭਰ ਲਵੇ (ਅਠਗੁਣਾਂ ਪਾਣੀ ਪਾਕੇ ਪਕਾਵੇ ਫਿਰ ਛਾਣਕੇ) ਗੋਕਾ ਘੇਉ ੪ ਪਲ (੧੬ ਤੋਲੇ) ਪਾਕੇ ਅੱਗ ਦੇ ਕੇ ਪਕਾਵੇ । ਫਿਰ ਜਦ ਘੇਉ ਮਾਤ੍ਰ ਆਣ ਰਹੇ ਤਾਂ ਉਤਾਰ ਕੇ ਸਾਫ ਕਰ ਰੱਖੇ, ਉਹ ਘੇਉ ਫਿਰ ਮੰਮਿਆਂ ਪਰ ਲਾਵੇ ਤਾਂ ਪ੍ਰਫੁਲਤ ਅਰਥਾਤ ਲਟਕਣ ਹਟਾਵੇ, ਇਸ ਤਰਾਂ ੨੧ ਦਿਨ ਨਸਵਾਰ ਦੇਵੇ, ਪਰੰਤੂ ਘ੍ਰਿਤ ਦੇ ਬਰਾਬਰ ਦਾ ਚੌਲਾਂ ਦਾ ਪਾਣੀ ਪਾਕੇ ਰਿਤੂ ਸਮਯ ਨਸਵਾਰ ਦੇਵੇ, ਤਾਂ ਫਿਰ ਮੰਮੇ ਬਿੱਲ ਦੀ ਤਰਾਂ ਕਰੜੇ ਦੇਰੀ ਤੋਂ ਬਿਨਾਂ ਹੋ ਜਾਂਦੇ ਹਨ । ਮੰਮੇ ਉਚੇ ਕਰਨ ਵਾਸਤੇ, ਅਰ ਕਰੜੇ ਕਰਨ ਵਾਸਤੇ ਇਹ ਇਕੋ ਹੀ ਅਣੋਖੀ ਦਵਾਈ ਹੈ, ਸੋ ਬਹੁਤ ਸਰੇਸ਼ਟ ਹੈ ॥੩੫੭ ਤੋਂ ੩੬੦॥

(ਬ੍ਰਿੰਦਾਤ)—ਦੋਹਰਾ

ਕਨਕ ਚੂੰਨ ਅਰ ਖੰਡ ਲੈ ਸੋਈ ਪੀਸ ਸਮਾਨ ।
ਕੂਲਰ ਕਰ ਗੋ ਘੀਉ ਸੇ ਆਧ ਸੇਰ ਸੁਭ ਠਾਨ ॥੩੬੧॥
ਕੁਚਪਰ ਬਾਂਧੇ ਦਿਨ ਚਵਧ ਵਾ ਸਤਾਤ੍ਰਿਕ ਏਹ ।
ਸ੍ਵਰਣ ਬਰਣ ਸਮ ਬਿੱਲ ਸੇ ਕਰੋ ਨ ਕੋਇ ਸੰਦੇਹ ॥੩੬੨॥

੨੨੨੩. ਕਣਕ ਦਾ ਆਟਾ, ਖੰਡ ਤੇ ਸੋਏ ਇਹ ਤਿੰਨੇ ਇਕ ਸਮਾਨ ਲੈ ਕੇ ਗੋਕੇ ਘੇਉ ਵਿੱਚ ਕੂੱਲਰ ਜੇਹੀ ਬਣਾਵੇ, ਅੰਦਾਜ਼ ਅੱਧਕੁ ਸੇਰ ਹੋਵੇ । ਸੋ ਮੰਮਿਆਂ ਉਤੇ ਚੌਦਾਂ ਕੁ ਦਿਨ ਤਕ, ਯਾ ੨੧ ਦਿਨ ਤਕ ਬੰਨ੍ਹੇ, ਤਾਂ ਫਿਰ ਸੋਨੇ ਰੰਗ ਚਮਕਦਾਰ ਅਰ ਬਿੱਲ ਵਾਂਗ ਕਰੜੇ ਨਿਰਸੰਸੇ ਹੋ ਜਾਂਦੇ ਹਨ ॥੩੬੨॥

ਕੁਚਪਯ (ਦੁਧ) ਕਰਣ ਉਪਾਇ—ਦੋਹਰਾ

ਸੇਰ ਦੁਗਧ ਵਾ ਤੱਕ੍ਰ ਲੈ ਮੰਤ੍ਰੋ ਇਕਵੀ ਵਾਰ ।
ਪ੍ਰਾਤ ਉਠੈ ਕਾਮਨਿ ਪਿਵੈ ਦੁਗਧ ਸ੍ਰਵੈ ਜਲ ਧਾਰ ॥੩੬੩॥

੨੨੨੪. ਸੇਰ ਭਰ ਦੁਧ ਯਾ ਲੱਸੀ ਲੈਕੇ ਉਸ ਪਰ ੨੧ ਬ੍ਯਾਰ ਇਹ ਮੰਤ੍ਰ ਪੜ੍ਹੇ; ਉਸਨੂੰ ਸਵੇਰੇ ਉਠਕੇ ਇਸਤ੍ਰੀ ਪੀਵੇ, ਦੁਧ ਮੀਂਹ ਵਾਂਗ ਟਪਕੇ ॥੩੬੩॥

---

‡ਦੋਨੋਂ ਹਥ ਜੁੜੇ ਹੋਏ ਵਾਂਗ ਹੁੰਦੀ ਹੈ ।
†ਗੋਂਦਣੀ ਦੇ ਫੁੱਲ ।

Digitized by Panjab Digital Library | www.panjabdigilib.org

ਯਥਾ ਮੰਤ੍ਰ:-

"ਓਂ ਸਣਾ ਪਲਾਂ ਸਹ ਦੁਗਧੰ ਕ੍ਰੂ ਕ੍ਰੂ ਸ੍ਵਾਹਾ"

ਦੋਹਰਾ

ਜੀਰਾ ਸ੍ਵੇਤ ਮੰਗਾਇਕੇ ਪੀਸੀ ਟਾਂਕ ਪ੍ਰਮਾਨ।
ਸੇਰ ਦੂਧ ਸੋਂ ਪੀਵਹੈ ਦੁਗਧ ਘਨੋ ਤਿਯ ਮਾਨ ॥੩੬੪॥
ਅਧ ਪਲ ਤੰਦਲ ਲੈ ਕਰੀ ਅਜਾ ਦੂਧ ਇਕ ਸੇਰ।
ਸਾਤਵਾਰ ਮੰਤ੍ਰੀ ਪਿਵੇ ਦੁਗਧ ਸ੍ਰਵਤ ਨਹਿ ਦੇਰ ॥੩੬੫॥

੨੨੨੫. ਚਿਟਾਜੀਰਾ ੪ ਮਾਸ਼ੇ, ਪੀਹਕੇ ੧ ਸੇਰ, ਦੁਧ ਨਾਲ ਨਿੱਤ ਪੀਵੇ ਤਾਂ ਇਸਤ੍ਰੀ ਦੇ ਬਹੁਤ ਦੁੱਧ ਹੋਵੇ ॥੩੬੪॥

੨੨੨੬. ਅੱਧਾ ਪਲ (੨ ਤੋਲੇ) ਚੌਲ ਲੈਕੇ ਬਕ੍ਰੀ ਦਾ ਦੁੱਧ ੧ ਸੇਰ ਪ੍ਰਮਾਣ ਉਸ ਪਰ ੭ ਬਾਰ ਮੰਤ੍ਰ ਪੜ੍ਹੇ ਤੇ ਪੀਵੇ ਤਾਂ ਬਿਨਾਂ ਦੇਰ ਤੋਂ ਦੁੱਧ ਸ੍ਰਵੇ ॥੩੬੫॥

ਯਥਾ ਮੰਤ੍ਰ:-

"ਓਂ ਕ੍ਰੋਂਕਲੀਂ ਸਤਨ ਅਮੁਕੀ ਦੁਗਧੇਨ ਪੂਰਯ ਮੁੰਚਯ ਮੁੰਚਯ ਸ੍ਵਾਹਾ"

ਦੋਹਰਾ

ਮਾਸੇ ‡ਕ੍ਰਿਸ਼ਨਾ ਪੰਚ ਲੇ ਗਊ ਦੂਧ ਸੋਂ ਪੀਤ।
ਦੁਗਧ ਘਨਾ ਤਿਯ ਕੁਚ ਹੁਵੈ ਕਹਤ ਮੇਘ ਸੁਨਿ ਮੀਤ ॥੩੬੬॥

੨੨੨੭. ‡ਕਾਲਾ ਜੀਰਾ ੫ ਮਾਸੇ ਲੈ ਕੇ ਗੋਕੇ ਦੁੱਧ ਨਾਲ ਪੀਵੇ, ਤਾਂ ਇਸਤ੍ਰੀ ਦੇ ਥਣਾਂ ਵਿਚ ਬਹੁਤਾ ਦੁੱਧ ਵਧਾਵੇ ॥੩੬੬॥

ਕੁਚ ਪਾਕ ਉਪਾਇ

ਲਘੂ ਜ੍ਵਾਰ ਤਕ੍ਰ ਸਹਿਤ ਰੀਧੀ ਕੁਚੈ ਬੰਧਾਇ।
ਪਾਕਤ ਫੂਟਤ ਦੁਖ ਘਟਤ ਕੁਚ ਸਬ ਵੇਦਨ ਜਾਇ ॥੩੬੭॥

੨੨੨੮. ਛੋਟੀ ਜ੍ਵਾਰ--ਅਰਥਾਤ ਚਰ੍ਹੀ ਅੰਨ, ਲੱਸੀ ਵਿਚ ਰਿੰਨ੍ਹਕੇ ਥਣਾਂ ਉਪਰ ਬੰਨ੍ਹੇ ਤਾਂ ਪੱਕੇ, ਅਰ ਫਿਰ ਫੁੱਟ ਜਾਵੇ, ਦੁੱਖ ਘਟੇ, ਸਭ ਪ੍ਰਕਾਰ ਦੀ ਥਣਾਂ ਦੀ ਪੀੜਾ ਨਾਸ ਹੋਵੇ ॥੩੬੭॥

ਕਾਕਜੰਘ ਸਰਬਾਂਗਹੀ ਜਲ ਪੀਸੀ ਕੁਚ ਲੇਪ।
ਪਾਕਾ ਵ੍ਰਿਨ ਚੰਗਾ ਹੁਵੈ ਤਨ ਦੁਖ ਹੋਇ ਸੰਖੇਪ ॥੩੬੮॥

੨੨੨੯. ਕਾਕਜੰਘੀ ਬੂਟੀ ਜੜ ਪੱਤਾਂ ਸਮੇਤ ਸਭੋ ਪੁੱਟਕੇ, ਜਲ ਨਾਲ ਘੋਟਕੇ ਥਣਾਂ ਪਰ ਲੇਪ ਕਰੇ। ਪੱਕਾ ਹੋਇਆ ਫੋੜਾ ਰਾਜ਼ੀ ਹੋਵੇ, ਅਰ ਸਰੀਰ ਨੂੰ ਸੂਖ ਦੇਵੇ। ੩੬੮॥

---

†ਏਥੇ ਇਸਤ੍ਰੀ ਦਾ ਨਾਮ ਪੜ੍ਹੇ।

‡ਏਥੇ ਕ੍ਰਿਸ਼ਨਾਂ ਕਾਲਾ ਜੀਰਾ ਅਰਥ ਹੈ, ਦੇਖੋ ਭਾ: ਪ੍ਰਕਾਸ਼, ਮਘ ਅਰਥ ਨਹੀਂ ਹੈ।

Digitized by Panjab Digital Library | www.panjabdigilib.org

ਨੀਂਬ ਪਾਨ ਜਲ ਸੰਗਹੀ ਕੁਚ ਕੋ ਪੀਸ ਲਗਾਇ ।
ਕਾਚਾ ਪਾਕਤ ਦੁਖ ਟਰਤ ਹਰਤ ਵੇਦਨਾ ਸਾਇ ॥੩੬੯॥

੨੨੩੦. ਨਿੰਮ ਤੇ ਪਾਨ ਦੇ ਪੱਤ੍ਰ ਜਲ ਨਾਲ ਘੋਟਕੇ ਲਗਾਵੇ, ਤਾਂ ਬ੍ਰਿਣ ਕੱਚਾ ਪੱਕੇ ਅਰ ਤਮਾਮ ਦੁੱਖ ਨਾਸ ਕਰੇ, ਕਿਸੀ ਤਰਾਂ ਦੀ ਪੀੜਾ ਨਾ ਰਹੇ ॥੩੬੯॥

ਕੁਚ ਗੰਠ ਉਪਾਇ—ਦੋਹਰਾ

ਬ੍ਰਹਮਦੰਡੀ ਪਚਾਂਗ ਲੈ ਜੀਰਾ ਸਗਾਮ ਸਮਾਨ ।
ਟਾਂਕ ਤੀਨ ਨਿਤ ਫਾਕੀਐ ਕੁਚ ਕੀ ਗਾਂਠ ਜੁ ਹਾਨ ॥੩੭੦॥

੨੨੩੧. ਬ੍ਰਹਮਡੰਡੀ ਬੂਟੀ ਮਾਂਗੋਪਾਂਗ ਪੁੱਟਕੇ ਉਸਦੇ ਬਰਾਬਰ ਦਾ ਕਾਲਾ ਜੀਰਾ ਪਾਕੇ, ਫਿਰ ਉਹ ਨਿੱਤ ੩ ਟੰਕ ਫੱਕੇ ਤਾਂ ਚੁਚੀਆਂ ਦੀਆਂ ਗੰਢਾਂ ਨਾਸ਼ ਕਰੇ ॥੩੭੦॥

ਕੁਖ ਛਿੱਦ੍ਰ ਉਪਾਇ—ਦੋਹਰਾ

ਸੂਖਮ ਰਾਲ ਪੀਸਾਇਕੇ ਉਸਨ ਕਰੀ ਘ੍ਰਿਤ ਪਾਇ ।
ਜਲ ਸੋ ਮਰਦੋ ਯਾਮ ਇਕ ਪਾਨੀ ਦੂਰ ਕਰਾਇ ॥੩੭੧॥
ਕਾਗਦ ਲਾਈ ਕੁਚ ਧਰੋ ਕੁਚਕਾ ਛਿੱਦ੍ਰ ਜੁ ਜਾਇ।
ਪਾਕਾ ਬ੍ਰਿਣ ਚੰਗਾ ਕਰਤ ਜੋ ਟੁਕ ਥੋਥਾ ਪਾਇ॥੩੭੨॥

੨੨੩੨. ਰਾਲ ਨੂੰ ਲੈਕੇ ਬ੍ਰੀਕ ਪੀਹੇ ਉਸ ਵਿਚ ਗਰਮ ਕੀਤਾ ਹੋਯਾ ਘੇਉ ਪਾਕੇ ਫਿਰ ਜਲ ਨਾਲ ੧ ਪਹਰ ਘੋਟਕੇ ਪਿੱਛੋਂ ਜਲ ਕੱਢ ਸੁੱਟੇ । ਉਸ ਨੂੰ ਫਿਰ ਕਾਗਜ਼ ਪਰ ਲਾਕੇ ਮੰਮਿਆ ਤੇ ਲਾਵੇ ਤਾਂ ਮੰਮਿਆਂ ਪਰ ਹੋਯਾ ਛਿੱਦ੍ਰ ਛੇਕ) ਨਾਸ ਹੋਵੇ । ਹੋਰ ਪੱਕਾ ਹੋਯਾ ਫੋੜਾ ਚੰਗਾ ਕਰੇ, ਪਰੰਤੂ ਜੇਕਰ ਵਿਚ ਜਰਾਕੁ ਨੀਲਾ ਥੋਥਾ ਪਾ ਲਿਆ ਜਾਵੇ । ੩੭੧॥੩੭੨॥

(ਵੰਗਸੇਨਾਤ)—ਦੋਹਰਾ

ਤੁੰਮਾ ਜੜ ਜਲ ਲੇਪੀਏ ਨਿਸ ਕੁਮਾਰ ਦਲੁ ਲੇਇ।
ਤਪਤ ਕਰੀਨੇ ਬੰਧੀਐ ਕੁਚ ਕੀ ਪੀਰ ਹਰੇਇ ॥੩੭੩॥

੨੨੩੩. ਤੁੰਮੇ ਦੀ ਜੜ ਨਾਲ ਪੀਹਕੇ ਤੱਤੀ ਕਰਕੇ ਲੇਪੇ, ਯਾ:—
੨੨੩੪. ਹਲਦੀ ਤੇ ਕੁਆਰ ਗੰਦਲ ਗਰਮ ਕਰਕੇ ਬੰਨ੍ਹੇ ਤਾਂ ਕੁਚਾਂ ਦੀ ਪੀੜਾ ਨਾਸ ਕਰੇ ॥੩੭੩॥

ਚੌਪਈ

ਨਿੰਬ ਪੱਤ੍ਰ ਕਿਰਾਤ ਜੁ ਦਾਰ । ਪਾਠਾ ਮੂਰਬਾ ਛਿੰਨਾ ਡਾਰੁ ।
ਕਟੁਕ ਰੋਹਨੀ ਕ੍ਵਾਥਕਰਾਇ। ਧੋਵਤ ਪੀਵਤ ਕੁਚ ਦੁਖ ਜਾਇ ॥੩੭੪॥

੨੨੩੫. ਨਿੰਮ ਦੇ ਪੱਤ੍ਰ, ਚਿਰੈਤਾ, ਦੇਵਦਾਰ, ਪਾਠਾ (ਪਲਾਹ ਜੜੀ) ਮੋੜਿਓ (ਹਬੋਲਾਸ਼),

Digitized by Panjab Digital Library | www.panjabdigilib.org

ਗਿਲੋਯ ਤੇ ਕੌੜ ਲੈ ਕੇ ਕਾੜ੍ਹਾ ਕਰੇ। ਫਿਰ ਕਾੜ੍ਹੇ ਦੇ ਜਲ ਨਾਲ ਧੋਵੇ ਅਰ ਪੀਵੇ ਤਾਂ ਮੰਮਿਆਂ ਦਾ ਦੁੱਖ ਜਾਂਦਾ ਰਹੇ ॥੩੭੪॥

(ਵੰਗਸੇਨਾਤ)—ਦੋਹਰਾ

ਸਰਬ ਕੁਚਨ ਕੇ ਰੋਗ ਕੋ ਜੋਕਾਂ ਦੇਹ ਲਗਾਇ।
ਲੋਹੂ ਨਿਕਸਤ ਚੰਗ ਹੁਇ ਵੰਗਸੇਨ ਕੇ ਭਾਇ ॥੩੭੫॥

੨੨੩੬. ਸਭ ਤਰਾਂ ਦੇ ਮੰਮਿਆਂ ਦੇ ਰੋਗਾਂ ਉਤੇ ਜੋਕਾਂ ਲਾ ਦੇਵੇ। ਲਹੂ ਨਿਕਲੇ ਤਾਂ ਆਰਾਮ ਹੋਵੇ, ਇਹ ਵੰਗਸੇਨ ਦਾ ਮਤ ਹੈ ॥੩੭੫॥

ਕਛਰਾਲੀ ਉਪਾਇ—ਦੋਹਰਾ

ਜਰਣ ਸਯਾਮ ਮਰਚਾਂ ਗਹੀ ਅਰਕ ਦੂਧ ਸੋ ਪੀਸ।
ਕਛਰਾਲੀ ਪਰ ਲੇਪੀਐ ਕਛਰਾਲੀ ਨਹਿ ਦੀਸ ॥੩੭੬॥

੨੨੩੭. ਕਾਲਾ ਜੀਰਾ ਤੇ ਮ੍ਰਿਚਾਂ ਅੱਕ ਦੇ ਦੁੱਧ ਨਾਲ ਪੀਹਕੇ ਕਛਰਾਲੀ ਪਰ ਲੇਪ ਕਰੇ ਤਾਂ ਕਛਰਾਲੀ ਦ੍ਰਿਸਟੀ ਬੀ ਨਾ ਆਵੇ, ਕਿੰਤੂ ਦਬ ਜਾਵੇ ॥੩੭੬॥

ਸੋਰਠਾ

ਬਟਕਾ ਦੂਧ ਲਗਾਇ ਕਛਰਾਲੀ ਸਭ ਭਰਮ ਹੁਇ।
ਤਾਕੀ ਪੀਰਾ ਜਾਇ ਫੂਟਤ ਵਾ ਵਿਚ ਹੀ ਦਬਤ ॥੩੭੭॥

੨੨੩੮. ਬੋਹੜ ਦਾ ਦੁੱਧ ਲਾਵੇ, ਅਰਥਾਤ ਰੂੰ ਤਰ ਕਰਕੇ ਉਪਰ ਰਖੇ, ਕਛਰਾਲੀ ਭਸਮ ਹੋਵੇ। ਫੁੱਟ ਬਹੇ ਯਾ ਵਿੱਚੇ ਭਸਮ ਹੋ ਜਾਵੇ ॥੩੭੭॥

ਰਾਖ ਏਰਣਾ ਲਾਇ ਇਕ ਵਿੰਸਤਿ ਮੰਤ੍ਰੀ ਕਰੀ।
ਸਪਤ ਦਿਵਸ ਕਰਵਾਇ ਰੋਗ ਕਛਰਾਲੀ ਜਾਤ ਮਿਟ ॥੩੭੮॥

੨੨੩੪, ਏਰਣੇ ਗੋਹੇ ਦੀ ਸੁਆਹ ਲੈਕੇ ਉਸ ਪਰ ੨੧ ਬਾਰ ਮੰਤ੍ਰ ਪੜ੍ਹੇ। ਇਸ ਤਰਾਂ ੭ ਦਿਨ ਕਰੇ ਤਾਂ ਕਛਰਾਲੀ ਨਾਸ਼ ਹੋਵੇ। ੩੭੮॥

ਯਥਾ ਮੰਤ੍ਰ:—

"ਓਂ ਨਮੋ ਆਦੇਸ਼ ਗੁਰੂ ਕੋ ਬਨਮੈ ਬਜਾਈ ਬਾਂਦਰੀ ਜਿਨ ਜਾਯਾ ਹਨੁਮੰਤ। ਬਦ੍ਰ, ਥਣੇਲਾ, ਕਾਂਖੇ ਲਾਈ ਯੇ ਤੀਨੋ ਭਸਮੰਤ, ਗੁਰੂ ਕੀ ਸ਼ਕਤਿ ਮੇਰੀ ਭਕਤਿ ਫੁਰਹੋ ਮੰਤ੍ਰ, ਓਂ ਹ੍ਰੀਂ ਜਾ: ਜਾ: ਜਾ: ਠ: ਠ: ਠ: ਸ੍ਵਾਹਾ।"

ਕੇਸ ਰੰਜਨ ਵਿਧੀ (ਵੰਗਸੇਨਾਤ)--ਦੋਹਰਾ

ਭ੍ਰਿੰਗਰਾਜ ਰਸ ਤੀਨ ਫਲੁ ਗੁੜ ਕਾਂਸੀ ਸਜਿ ਲੋਦ।
ਇਨਕੋ ਪੀਸੀ ਛਾਨੀਐ ਇਰਜ ਨੀਰਦੈ ਸੋਦ ॥੩੭੯॥

Digitized by Panjab Digital Library | www.panjabdigilib.org

ਏਕ ਮਾਸ ਲੌ ਰਾਖਿਕੈ ਸ੍ਵੇਤ ਕੇਸ ਪਰ ਲਾਇ।
ਸ੍ਯਾਮ ਹੋਤ ਅਤਿ ਕਚ ਘਨੇ ਸਾਚੀ ਕਹੀ ਬਨਾਇ ॥੩੯੦॥

੨੨੪੦. ਭੰਗਰੇ ਦਾ ਰਸ, ਤੀਨ ਫਲ (ਹਰੜ, ਬਹੇੜਾ, ਆਵਲੇ), ਗੁੜ, ਕਾਂਸੀ, ਸੱਜੀ ਤੇ ਲੋਧ; ਇਨ੍ਹਾਂ ਸਭਨਾ ਨੂੰ ਪੀਹਕੇ ਛਾਣ ਲਵੇ, ਫਿਰ ਵਿੱਚ ਗੰਨੇ ਦਾ ਰਸ ਪਾਕੇ ੧ ਮਹੀਨਾ ਭਰ ਰੱਖਕੇ ਪਿੱਛੋਂ ਚਿੱਟੇ ਕੇਸਾਂ ਪਰ ਲਾਵੇ ਤਾ ਅਤਯੰਤ ਕਾਲੇ ਕੇਸ਼ ਕਰੇ, ਇਹ ਬਾਤ ਸੱਚੀ ਹੈ ॥੩੮੯॥੩੯੦॥

ਭ੍ਰਿੰਗਰਾਜ ਰਸ ਨੀਲਨੀ ਤ੍ਰਿਫਲਾ ਆਮਰ ਬੀਜ।
ਲੋਹਚੂਨ ਕਾਂਜੀ ਸਹਿਤ ਪੀਸੀ ਲੇਪ ਕਰੀਜ ॥੩੯੧॥
ਸ੍ਯਾਮ ਹੋਤ ਕਚ ਸੀਸ ਮੁਖ ਬੂਢਾ ਤਰਨ ਕਹਾਇ।
ਕਾਮਨੀ ਬੂਢੀ ਤਰੁਨ ਹੁਇ ਊਪਰ ਤੇਲ ਮਲਾਇ ॥੩੯੨॥
ਹਰੜ ਬਹੇੜਾ ਆਮਰੇ ਲੋਹਚੂਨ ਸਮ ਚਾਰ।
ਪਾਨੀ ਮੋਹ ਏਹ ਪੀਸੀਏ ਇਨ ਸਮ ਤੇਲ ਜੁ ਡਾਰ ॥੩੯੩॥
ਭ੍ਰਿੰਗ ਰਾਜ ਰਸ ਤੇਲ ਸਮ ਅਗਨਿ ਕਰੀ ਪਕਵਾਇ।
ਰਹੈ ਤੇਲ ਤਬ ਲੀਜੀਓ ਚਿਕਨੇ ਬਾਸਨ ਪਾਇ ॥੩੯੪॥
ਸੋ ਗਾਡੋ ਲਹਿ ਭੂਮ ਮਹਿ ਏਕ ਮਾਸ ਲੌ ਜਾਨ।
ਪਾਛੈ ਦਾੜੀ ਮੂਛ ਮਲ ਕੇਸ ਕ੍ਰਿਸ਼ਨ ਅਤਿ ਮਾਨ ॥੩੯੫॥
ਤ੍ਰਿਫਲੇ ਰਸ ਕਚ ਧੋਈਯੇ ਰਾਤ ਰਾਖ ਕੈ ਏਹ ॥
ਸਾਤ ਦਿਵਸ ਇਮ ਹੀ ਕਰੋ ਨਿਤ ਨਿਤ ਜਾਨੋ ਤੇਹ ॥੩੯੬॥
ਸਾਤ ਦਿਵਸ ਇਸਕੇ ਕੀਯੇ ਜਾਵ ਜੀਵ ਲੌ ਸ੍ਯਾਮ।
ਭਮਰੇ ਸਮ ਕਚ ਹੋਤ ਹੈਂ ਲਹੈ ਨ ਸ੍ਵੇਤਹਿ ਨਾਮ ॥੩੯੭॥

੨੨੪੧. ਭਾਂਗਰੇ ਦੇ ਰਸ, ਵਸਮਾਂ, ਤ੍ਰਿਫਲਾ (ਹਰੜ, ਬਹੇੜੇ, ਆਵਲੇ) ਅੰਬ ਦੀਆਂ ਗਿਟਕਾਂ ਤੇ ਲੋਹਚੂਨ ਕਾਂਜੀ ਮਿਲਾਕੇ ਪੀਹੇ, ਫਿਰ ਕੇਸਾਂ ਪਰ ਲੇਪ ਕਰੇ ਤਾਂ ਮੂੰਹ ਅਰ ਸਿਰ ਦੇ ਕੇਸ ਕਾਲੇ ਕਰੇ, ਬੁੱਢਾ ਬੀ ਜਵਾਨ ਹੋਵੇ, ਇਸਤ੍ਰੀ ਬੁੱਢੀ ਹੋਵੇ ਤਾਂ ਜਵਾਨ ਜਾਪੇ, ਫਿਰ ਪਿੱਛੋਂ ਤੇਲ ਲਾਵੇ।੩੯੧॥੩੯੨॥

੨੨੪੨. ਹਰੜ, ਬਹੇੜਾ, ਆਵਲੇ ਤੇ ਲੋਹਚੂਨ, ਇਹ ਚਾਰੇ ਇਕ ਸਮਾਨ। ਇਨ੍ਹਾਂ ਨੂੰ ਪਾਣੀ ਵਿੱਚ ਪੀਹੇ, ਫਿਰ ਬ੍ਰਾਬਧ ਦਾ ਤੇਲ ਪਾਵੇ। ਤੇਲ ਦੇ ਬਰਾਬਰ ਦਾ ਭਾਂਗਰੇ ਦਾ ਰਸ ਪਾਕੇ ਅੱਗ ਉਪਰ ਪਕਾਵੇ। ਜਦ ਤੇਲ ਮਾਤ੍ਰ ਆਣ ਰਹੇ ਤਾਂ ਨਿਤਾਰ ਛਾਣ ਚੀਕਣੇ ਪਾਤ੍ਰ ਵਿਚ ਭਰਕੇ ੧ ਮਹੀਨੇ ਤੱਕ ਧਰਤੀ ਵਿੱਚ ਦੱਬ ਦੇਵੇ। ਪਿੱਛੋਂ ਕੱਢਕੇ ਦਾੜ੍ਹੀ ਮੁੱਛਾਂ ਪਰ ਲਾਵੇ ਤਾਂ ਕੇਸ ਬਹੁਤ ਕਾਲੇ ਕਰੇ। ਪਿੱਛੋਂ ਤ੍ਰਿਫਲੇ ਦੇ ਰਸ ਨਾਲ ਕੇਸ ਧੋਵੇ, ਪਰੰਤੂ ਰਾਤ ਲਗਾ ਰਹਿਣੇ ਦੇਵੇ। ਸੱਤ ਦਿਨ ਇਸੇ ਤਰਾਂ ਬੇਨਾਗਾ ਕਰੇ, ਤਾਂ ਫਿਰ ਜਿਤਨਾਂ ਚਿਰ ਜੀਵੇ ਉਤਨਾਂ ਚਿਰ ਕੇਸ ਕਾਲੇ ਰਖੇ। ਭੌਰ ਵਾਂਗ ਕਾਲੇ ਕੇਸ ਰਹਿਣ, ਕਦੇ ਚਿਟਿਆਂ ਦਾ ਨਾਸ ਤੱਕ

Digitized by Panjab Digital Library | www.panjabdigilib.org

ਨਾ ਰਹੇ ॥੩੮੩ ਤੋਂ ੩੮੭॥

ਸੋਰਠਾ

ਬੋਥਾ ਮਾਸਾ ਏਕ ਮਾਜੂ ਭੁਨਿਆ ਟੰਕ ਤ੍ਰਯ।
ਜੰਗਹਰੜ ਟੰਕੇਕ ਜਲ ਸੋਂ ਘਸਿ ਕਾਂਜੀ ਬਿਖੈ ॥੩੮੮॥
ਕਾਂਜੀ ਸੌ ਮਰਦਾਠਿ ਚਾਰਯਾਮ ਕਚ ਲੇਪ ਨਿਸ।
ਨੀਰ ਆਮਰਾ ਲਯਾਇ ਪ੍ਰਾਤਹਿ ਧੋਵੈ ਕਚ ਕ੍ਰਿਸ਼ਨ॥੩੮੯॥

੨੨੪੩. ਨੀਲਾਥੋਥਾ ੧ ਮਾਸਾ, ਭੁੰਨੇ ਹੋਏ ਮਾਜੂਫਲ ੩ ਟੰਕ, ਜੰਗ ਹਰੜ ੧ ਟੰਕ ਜਲ ਵਿੱਚ ਘੋਟ ਕੇ ਫਿਰ ਕਾਂਜੀ ਵਿੱਚ ਕਾਂਸੀ ਨਾਲ ਚਾਰ ਪਹਿਰ ਰਗੜੇ, ਫਿਰ ਕੇਸਾਂ ਪਰ ਰਾਤ ਨੂੰ ਲੇਪ ਕਰੇ। ਪ੍ਰਾਤਾਕਾਲ ਆਵਲਿਆਂ ਦੇ ਜਲ ਨਾਲ ਧੋਵੇ ਤਾਂ ਕੇਸ ਕਾਲੇ ਕਰੇ ॥੩੮੮॥੩੮੯॥

ਭੂਰੀ ਕਲਪ–ਸੋਰਠਾ

ਪੈਸੇ ਪਾਂਚ ਮੰਗਾਇ ਮੁਲਤਾਨੀ ਮਾਟੀ ਜਰਦ।
ਪਾਥਰ ਚੂਨਾ ਪਾਇ ਪਾਂਚ ਜੁ ਪੈਸੇ ਜਲ ਭਿਗਾ ॥੩੯੦॥
ਮਾਸਾ ਆਠ ਜੁ ਲੇਹੁ ਮੁਰਦਾਸੰਗ ਜੁ ਥਾਲ ਘਸਿ।
ਚਾਰ ਜਾਮ ਦੇਹੁ ਪਾਛੇ ਨਿਸ ਕਚ ਲੇਪ ਕਰ ॥੩੯੧॥
ਪਤ੍ਰ ਭੁਰਜ ਬੰਧਾਇ ਨਿਸ ਕੋ ਕੀਜੀ ਸੋਇ ਰਹੁ।
ਨੀਰ ਆਮਰੇ ਧੁਆਇ ਕਲਪ ਭੂਸਰੀ ਕਚ ਕਰਤ ॥੩੯੨॥

੨੨੪੪. ਗਾਜਣੀ ਮਿੱਟੀ ੫ ਪੈਸੇ ਭਰ, ਪੱਥਰ ਦਾ ਚੂਨਾਂ ੫ ਪੈਸੇ ਭਰ ਪਾਵੇ, ਸੋ ਜਲ ਵਿੱਚ ਭਿੱਜਿਆ ਹੋਯਾ ਹੋਵੇ। ਫਿਰ ਉਸ ਵਿੱਚ ੮ ਮਾਸੇ ਮੁਰਦਾਸੰਗ ਪਾਕੇ ਕਾਂਸੀ ਦੇ ਥਾਲ ਵਿੱਚ ਘਸਾਵੇ, ੨ ਪਹਰ ਪਾਣੀ ਨਾਲ ਰਗੜਕੇ ਫਿਰ ਰਾਤ ਨੂੰ ਕੇਸਾ ਪਰ ਲੇਪ ਕਰੇ। ਉਪਰ ਭੋਜਪੱਤ੍ਰ ਬੰਨ੍ਹ ਦੇਵੇ ਅਰ ਸੌਂ ਰਹੇ, ਪ੍ਰਾਤਾਕਾਲ ਆਵਲਿਆਂ ਦੇ ਪਾਣੀ ਨਾਲ ਧੋਵੇ ਤਾਂ ਕੇਸ ਭੂਰੇ ਰੰਗ ਦੇ ਕਰੇ। ੩੯੦ ਤੋਂ ੩੯੪॥

ਇਸਤ੍ਰੀ ਰੋਗ ਦੇ ਪੱਥ–ਸ਼ੰਕਰ ਛੰਦ

ਜੋ ਪਥਜ ਅਰ ਅਪਥਜ ਭਾਖੇ ਰਕਤ ਪਿੱਤੈ ਭਾਲ।
ਸੋ ਪ੍ਰਦਰ ਰੋਗੈ ਜੋਰ ਦੀਜੈ ਨਾਰਿ ਕੋ ਸੁਨਿ ਲਾਲ।
ਸਾਲ ਖਸਟਿਕ ਮੁਗਦ ਲਾਜਾ ਕਨਕ ਸਾਤੂ ਖੀਰ।
ਨਵਨੀਤ ਘ੍ਰਿਤ ਕਲਯਾਇ ਮਿਸਰੀ ਸਹਿਤ ਪਨਿਸੰਭੀਰ ॥੩੯੩॥

Digitized by Panjab Digital Library | www.panjabdigilib.org

ਲੈ ਕਦਲਿ ਧਾਤ੍ਰੀ ਦਾਖ ਸੀਤਲ ਨੀਰ ਚੰਦਨ ਲੇਪ।
ਕਰਿਪੂਰ ਮਾਲਾ ਸੀਤ ਮਰਦਨ ਮਜਨੰ ਸਭ ਖੇਪ।
ਵਾਤ ਕਫ ਕੀ ਹਰਨ ਹਾਰੀ ਵਸਤ ਤਰਪਨ ਜਾਨ।
ਕਸਤੂਰਕਾ ਲਘੁ ਅੰਨ ਜਾਨੰ ਪਥਜ ਸਕਲ ਵਖਾਨ ॥੩੯੪॥

੨੨੪੫. ਜੇੜ੍ਹੇ ਪੱਥ ਤੇ ਅਪੱਥ ਰਕਤ ਪਿੱਤ ਰੋਗ ਵਿੱਚ ਕਹੇ ਹਨ,ਓਹ ਸਭ ਪ੍ਰਦ੍ਰ ਰੋਗ ਵਿਚ ਇਸਤ੍ਰੀ ਨੂੰ ਜੋੜ ਦੇਵੇ, ਅਰਥਾਤ ਦੋਖਾਨੁਸਾਰ ਖਾਣੇ ਤੇ ਨਾ ਖਾਣੇ ਚਾਹੀਏ। ਇਸੇ ਤਰਾਂ ਬਾਤ ਬਿਆਧੀ ਦੇ ਪੱਥ ਤੇ ਅਪੱਥ ਯੋਨੀ ਰੋਗ ਵਿੱਚ ਜੋੜੇ, ਹੋਰ ਬਾਸਮਤੀ ਦੇ ਚਾਵਲ ਤੇ ਸੱਠੀ ਦੇ ਚਾਵਲ, ਮੂੰਗੀ, ਖਿੱਲਾਂ, ਕਣਕ, †ਸੱਤੂ, ਦੁੱਧ, ਮੱਖਣ, ਘਿਉ ਤੇ ‡ਰਸਾਲਾ, ਮਿਸ਼ਰੀ, ਸ਼ਹਿਤ, ਕਟਹਲ, ਕੇਲਾ, ਆਵਲੇ, ਦਾਖ (ਅੰਗੂਰ), ਠੰਢਾ ਜਲ, ਚੰਦਨ ਦਾ ਲੇਪ, ਕਪੂਰ, ਮਾਲਾ (ਫੁੱਲ), ਠੰਢੇ ਮਰਦਨ ਕਰਨੇ, ਸਨਾਨ, ਇਹ ਸਭ ਕਰਨੇ। ਬਾਤ, ਕਫ ਦੇ ਨਾਸ ਕਰਨਹਾਰੀਆਂ ਬਸਤੂਆਂ ਤਥਾ ਤਰਪਣ, ਕਸਤੂਰੀ ਅਰ ਹੋਰ ਹਲਕੇ ਭੋਜਨ ਇਹ ਸਭ ਗਰਭਣੀ ਦੇ ਯੋਗ ਪੱਥ ਹਨ ॥੩੯੩॥੩੯੪॥

ਕੁਪੱਥ

ਸ੍ਵੇਦਨ ਬਮਨ ਜੁ ਕਲਹਿ ਖਜਾਰ। ਵਿਖਮਾਸਨ ਆਸਾਤਮ ਧਾਰ।
ਤਿਮਰ ਜੁ ਚੋਰੀ ਪ੍ਰਿਯ ਜਨਸੰਗ॥ਅਤਿਵਜ੍ਯਾਯਾਮ ਮਾਖਾ ਸਭਰੰਗ॥੩੯੫॥
ਭਾਰੀ ਭਾਰ ਜੁ ਜਗੈ ਅਕਾਲ। ਸ੍ਵਪਨਕਠਿਨ ਆਸਨ ਨਾ ਭਾਲ।
ਵੇਗ ਉਦ੍ਵੇਗਾ ਸੋਕ ਕਖਾਇ। ਵੇਗ ਰੋਕਨਾ ਬ੍ਰਤੇ ਕਹਾਇ॥੩੯੬॥
ਮਾਰਗ ਤੀਖਜਣ ਉਸਨ ਵਿਰੁਧ। ਵਿਸਟੰਭੀ ਭੋਜਨ ਨਾਖਿਧ।
ਰਕਤ ਨਿਕਾਰਨ ਊਚਾ ਸੈਨ। ਗਰਭਵਤੀ ਕੋ ਏ ਨਹਿ ਐਨ ॥੩੯੭॥
ਵਾਤਲ ਵਸਤੁ ਜੁ ਖਾਵਤ ਨਾਰਿ। ਕੁਬੜਾ ਅੰਧਾ ਜੜ ਹੁਇ ਬਾਰ।
ਵਾਮਨ ਅਥਵਾ ਹੋਵਤ ਸਹੀ। ਕਹਤ ਮੇਘ ਪਥਜਾਪਥ ਲਹੀ ॥੩੯੮॥
ਪਿੱਤਹ ਖਲਿਤ ਪਿੰਗ ਹੁਇ ਜੋਇ। ਕਫਤੇ ਚਿਤ੍ਰ ਪਡ ਭਿਗੋਇ।
ਦੇਖੀ ਨਾਰੀ ਗਰਭਨਿ ਕਰੇ। ਯਥਾ ਯੋਗ ਪਥਜਾਪਥ ਧਰੇ ॥੩੯੯॥

੨੨੪੬. ਪਸੀਨਾ, ਕੈ, ਲੜਨਾ, ਖਾਰਾਂ, ਵਿਖਮਾਸਨ, (ਓਕੜਕੇਬੈਠਨਾ) ਨਾਹਿਤ ਵਾਲੇ ਭੋਜਨ, ਅੰਧੇਰੇ ਫਿਰਨਾ, ਚੋਰੀ ਕਰਨਾ, ਪਿਆਰੀ ਦੀ ਸੰਗਤ, ਭਾਵ ਭੋਗ, ਬਹੁਤੀ ਕਸਰਤ, ਮਾਸ ਸਭ ਤਰਾਂ ਦੇ,

---

†ਸੱਤੂ—ਧਾਨਾ ਦੀਆਂ ਖਿੱਲਾਂ ਦੇ ਵੇਵੇ ਤੇ ਜਾਣੇ।
‡ਦੇਖੋ ਨਟ, ਮੇਘ ਟੀਕਾ ਪ੍ਰਿ: ੨੬੧।

Digitized by Panjab Digital Library | www.panjabdigilib.org

ਰੰਗ ਤਮਾਸ਼ੇ, ਬਹੁਤ ਭਾਰੇ ਭਾਰ ਚੁੱਕਣੇ, ਅਕਾਲ ਸਮਯ ਜਾਗਣਾ ਤੇ ਸੌਣਾ, ਕਠਨ ਆਸਣ ਲੈਣੇ, ਬੇਗ, ਉਦਵੇਗ ਕਹੀਏ ਘਬਰਾਹਟ ਹੋਣਾ ਕਾਹਲੀਪਨ, ਸ਼ੋਕ ਕਰਨਾ, ਕਸੈਲੇ, ਬੇਗਾਂ ਦਾ ਰੋਕਣਾ, ਬ੍ਰਤ, ਰਸਤੇ ਚਲਨਾ, ਤੀਛਣ, ਗਰਮ, ਵਿਰੁਧ ਕਬਜ਼ੀਕਾਰਕ,ਇਹ ਸਭ ਖਾਣੇ ਕੁਪੱਥ ਹਨ । ਲਹੂ ਦਾ ਕਢਣਾ, ਤੇ ਉਚੀਆਂ ਟੰਗਾਂ ਕਰਕੇ ਸੌਣਾ, ਇਹ ਸਭ ਗਰਭਵੰਤੀ ਵਾਸਤੇ ਅਪਥ ਹਨ, ਨਾ ਕਰਨੇ ਚਾਹੀਏ ॥੩੯੫ ਤੋਂ ੩੯੭॥

ਜੇਕਰ ਗਰਭਵੰਤੀ ਬਾਤਲ (ਬਾਦੀ ਕਰਨ ਵਾਲੀਆਂ ਬਸਤਾਂ) ਖਾਵੇ ਤਾਂ ਗਰਭ ਦਾ ਕੁੱਬਾ, ਅੰਨ੍ਹਾਂ, ਜੜ, ਯਾ ਬੌਨਾ ਬਾਲ ਹੁੰਦਾ ਹੈ। ਜੇ ਪਿਤ ਵਧਾਣ ਵਾਲੀਆਂ ਬਸਤਾਂ ਸੇਵੇ ਤਾਂ ਖਲਤੀ (ਨਿਪੁੰਸਕ), ਪਿੰਗਲਾ ਹੁੰਦਾ ਹੈ, ਜੇ ਕਫ ਕਾਰਕ ਵਸਤਾਂ ਸੇਵੇ ਤਾਂ ਬੱਚਾ ਚਿਤ੍ਰਕੁਸ਼ਟ ਭਾਵ ਚਿਟੇ ਕੁਸ਼ਟ ਵਾਲਾ ਅਰ ਪਾਂਡੂ (ਪੀਲਾ ਰੰਗ ਦਾ) ਬੀ ਹੋ ਜਾਂਦਾ ਹੈ। †ਗਰਭਵੰਤੀ ਇਸਤ੍ਰੀ ਨੂੰ ਦੇਖਕੇ ਜੈਸਾ ਚਾਹੀਏ ਪਥਜਾਪਥ ਅਨੁਸਾਰ ਸੇਵਨ ਕਰਾਵੇ ॥੩੯੮॥੩੯੯॥

ਅਥ ਬਾਲ ਚਕਿਤਸਾ—ਦੋਹਰਾ

ਬਾਲਕ ਤੀਨ ਪ੍ਰਕਾਰ ਹੈ ਦੂਧ ਪੀਵਤ ਇਕ ਜਾਨ।
ਦੂਧ ਅੰਨ ਦੋ ਭਖਤ ਜੋ ਏ ਦੂਜਾ ਪਰਮਾਨ ॥੪੦੦॥
ਤੀਜਾ ਖਾਇ ਅਨਾਜ ਹੀ ਤੀਨ ਜਾਤ ਏ ਬਾਲ।
ਵੜਿੰਗ ਮਾਨ ਦੈ ਔਖਦੀ ਵਰਖ ਏਕ ਮਹਿ ਲਾਲ ॥੪੦੧॥
ਜਿਉਂ ਜਿਉਂ ਵਰਸ ਜੁ ਵਧਤ ਹੈ ਤਿਮਹਿ ਵਧਾਉ ਵੜਿੰਗ।
ਮਾਸ ਮਾਸ ਦਾਨਾ ਵਧੈ ਹੁਇ ਵਿਧ ਮਾਤ੍ਰਾ ਅੰਗ ॥੪੦੨॥
ਹੋਵਤ ਸੋਲਾਂ ਵਰਸ ਕੋ ਤੋ ਦੈ ਟੰਕ ਜੁ ਚਾਰ।
ਜ੍ਵਾਨ ਤਨੀ ਮਾਤ੍ਰਾ ਕਹੀ ਸਾਰੰਗਧਰ ਅਨੁਸਾਰ ॥੪੦੩॥

ਬਾਲਕ ਤਿੰਨ ਪ੍ਰਕਾਰ ਦਾ ਹੈ। ਇਕ ਦੁਧ ਪੀਂਦਾ, ਦੂਜਾ ਦੁਧ ਅੰਨ ਦੋਨੋਂ ਖਾਂਦਾ, ਤੇ ਤੀਜਾ ਅੰਨ ਹੀ ਖਾਂਦਾ ਹੈ। ਇਸਨੂੰ ਔਸ਼ਧੀ ਬਾਵੜਿੰਗ ਦੇ ਦਾਣੇ ਜਿੰਨੀ ੧ ਸਾਲ ਤਕ ਦੇਵੇ ਫਿਰ ਜਜੋਂ ਜਜੋਂ ਬਾਲਕ ਦੀ ਉਮਰ ਵਧਦੀ ਜਾਵੇ, ਤਜੋਂ ਤਜੋਂ ਦਵਾਈ ਬਾਵੜਿੰਗ ਸਮਾਨ ਵਧਾਈ ਜਾਵੇ । ਇਸ ਤਰਾਂ ਮਹੀਨੇ ਮਹੀਨੇ ਵਿਚ ਇੱਕ ਇੱਕ ਦਾਨਾ ਬਾਵੜਿੰਗ ਦੇ ਪ੍ਰਮਾਨ ਦਵਾਈ ਵਧਾਵੇ। ਫਿਰ ਜਦ ਸੋਲਾਂ ਸਾਲ ਤਕ ਹੋ ਜਾਵੇ, ਤਾਂ ੪ ਟੰਕ ਮਾਤ੍ਰਾ ਦੇਵੇ, ਤਾਂ ਫਿਰ ਇਹ ਮਾਤ੍ਰਾ ਜਵਾਨ ਦੀ, ਸਾਰੰਗਧਰ ਦੇ ਅਨੁਸਾਰ ਕਾਸਟਾਦਿ ਦਵਾਈ ਦੀ ਹੈ, ਹੋਰ ਰਸ, ਵਿਖ ਦੇਣੇ ਮਨ੍ਹਾ ਕਹੇ ਹਨ ॥੪੦੦ ਤੋਂ ੪੦੩॥

ਅਥ ਬਾਲ ਰੋਗ ਵਿਧਾਨ

ਜਸਾ ਮਾਤਾ ਦੂਧ ਪਿਵ ਤੈਸਾ ਰੋਗ ਕਰਾਇ।
ਪਥਜ ਖਾਤ ਜੈਸਾ ਤ੍ਰਿਯਾ ਤੈਸਾ ਕੁਚ ਪਯ ਥਾਇ ॥੪੦੪॥

†ਇਥੇ ਆਲੋਮੁਹਾਰੀਏ ਅਰਥ ਤਾਂ ਕਿਧਰੇ ਗਿਆ, ਪਾਠ ਬੀ ਸੁਧ ਨਹੀਂ ਕੀਤਾ।

Digitized by Panjab Digital Library | www.panjabdigilib.org

ਚੌਪਈ

ਵਾਤ ਖਜਾਮ ਸੁਰ ਅਰ ਕ੍ਰਿਸ ਅੰਗ। ਬੇਗ ਰੋਧ ਵਾ ਮੂਤ੍ਰ ਭੰਗ।
ਪਿਤਹਿ ਸ੍ਵੇਦ ਭਿੰਨ ਮਲ ਬਾਲ। ਰੋਗ ਕਾਮਲਾ ਜਾਨੋ ਲਾਲ ॥੪੦੫॥
ਤ੍ਰਿਸਨਾ ਤਨ ਅਤਿ ਉਸਨ ਜੋ ਹੁਇ। ਪਿਤ ਕੋਪ ਸਰਵਾਂਗੇ ਜੋਇ।
ਕਫ ਪਯ ਪੀਵੇ ਸੁਨੋ ਵਿਚਾਰ। ਸਰਬ ਰੋਗ ਏ ਪਯ ਅਨੁਸਾਰ ॥੪੦੬॥
ਕਫੀ ਰੋਗ ਨਿੰਦ੍ਰਾ ਜੜਸੂਨ। ਲਿਪਤ ਬਦਨ ਵਮ ਜਾਨੋ ਊਨ।
ਜੈਸਾ ਨਾਰੀ ਪਥਜ ਜੁ ਖਾਇ। ਜੈਸਾ ਦੂਧ ਤੈਸਾ ਰੁਜ ਥਾਇ ॥੪੦੭॥
ਰੋਵਤ ਕੁਬੜਾ ਕਾਣਾ ਹੋਇ। ਦੂਧ ਦੋਖ ਤੇ ਜਾਨੋ ਸੋਇ।
ਜੇਤੇ ਰੋਗ ਪੁਰਖ ਕੋ ਜਾਨ। ਤੇਤੇ ਬਾਲਕ ਕੋ ਭੀ ਠਾਨ ॥੪੦੮॥
ਬਾਲਕ ਕੋ ਜੋ ਕੰਟਾ ਪਰੇ। ਕਫ ਕੋਪੇ ਤੇ ਤਾਲੂ ਧਰੈ।
ਵਾਤ ਪਿੱਤ ਕਫਕਾ ਵਿਸਤਾਰ। ਤਾਕਾ ਕਰਿਯੋ ਸਮਝ ਵਿਚਾਰ ॥੪੦੯॥

ਜਿਸਤਰਾਂ ਦਾ ਮਾਂ ਦਾ ਦੁਧ ਪੀਵੇ, ਤੇਹਾ ਹੀ ਰੋਗ ਬਾਲਕ ਨੂੰ ਹੁੰਦਾ ਹੈ, ਕਿਉਂਕਿ ਜਿਸਤਰਾਂ ਦਾ ਪੱਥ ਮਾਤਾ ਖਾਵੇ, ਉਸੇ ਤਰਾਂ ਦਾ ਦੁਧ ਥਣਾਂ ਵਿਚ ਪੈਦਾ ਹੁੰਦਾ ਹੈ। ਜੇਕਰ ਬਾਲਕ ਬਾਤ ਸੰਬੰਧੀ ਦੁਧ ਪੀਵੇ ਤਾਂ ਸੁਰ ਮਾਰੀ ਜਾਂਦੀ ਹੈ, ਅੱਗ ਲਿੱਸੇ ਹੁੰਦੇ ਤੇ ਬੇਗ ਰੁਕਦੇ ਅਰ ਮੂਤ ਨਹੀਂ ਆਉਂਦਾ। ਜੇ ਪਿੱਤ ਦੇ ਵਿਗਾੜ ਵਾਲਾ ਦੁੱਧ ਚੁੰਘੇ ਤਾਂ ਪਸੀਨਾ, ਪਤਲੇ ਦਸਤ ਅਤੇ ਕਾਮਲਾ ਰੋਗ ਹੋਵੇ, ਪਿਆਸ ਲੱਗੇ ਤੇ ਦੇਹ ਗਰਮ ਹੋਵੇ, ਇਸੇ ਤਰਾਂ ਸਭਨਾਂ ਅੰਗਾਂ ਵਿਖੇ ਪਿਤ ਦਾ ਕੋਪ ਬਾਲਕ ਤੇ ਹੁੰਦਾ ਹੈ। ਜੇ ਕਫ ਦੇ ਵਿਗਾੜ ਵਾਲਾ ਦੁੱਧ ਪੀਵੇ, ਤਾਂ ਕਫ ਦੇ ਰੋਗ, ਬਹੁਤਾ ਸੋਵੇ, ਜੜ ਰਹੇ, ਸੁੰਨਾਂ, ਮੂੰਹ ਲਾਲਾਂ ਨਾਲ ਭਰਿਆ ਰਹੇ, ਕੈ ਆਵੇ। ਇਸਤੇ ਜਾਣੋ ਕਿ ਜਿਸਤਰਾਂ ਦਾ ਇਸਤ੍ਰੀ ਪੱਥ ਖਾਵੇ, ਤਿਸੇ ਤਰਾਂ ਦਾ ਦੁਧ ਪੈਦਾ ਹੋਵੇ, ਤਿਸੇ ਤਰਾਂ ਦਾ ਰੋਗ ਹੋਵੇ। ਰੋਣਾ, ਕੁੱਬੇ ਹੋਣਾ ਅਤੇ ਕਾਣਾ, ਇਹ ਰੋਗ ਦੁੱਧ ਦੇ ਦੋਖ ਤੇ ਹੁੰਦੇ ਜਾਣੋ। ਇਸ ਪ੍ਰਕਾਰ ਬਾਲਕ ਨੂੰ "ਤਾਲੂਕੰਡਾ" ਰੋਗ ਹੁੰਦਾ ਹੈ (ਇਹ ਜਵਾਨ ਨੂੰ ਨਹੀਂ ਹੁੰਦਾ) ਇਹ ਕਫ ਦੇ ਕੋਪ ਤੇ ਹੁੰਦਾ ਜਾਣੋ। ਇਸੇ ਤਰਾਂ ਬਾਤ ਦਾ, ਪਿਤ ਦਾ ਤੇ ਕਫ ਦਾ ਸਾਰਾ ਬਿਸਤਾਰ ਹੈ। ਇਸਦਾ ਸਮਝਕੇ ਯਤਨ ਕਰਨਾ ਚਾਹੀਏ ॥੪੦੪ ਤੋਂ ੪੦੯॥

ਬਾਲ ਜ੍ਵਰ ਉਪਾਇ—ਦੋਹਰਾ

ਸਰਤਕਾਂਚਲੀ ਵਾਲ ਨਰ ਗੁਗਲ ਸਰਖਪ ਸ੍ਵੇਤ।
ਆਨ ਛਲੀਰਾ ਘ੍ਰਿਤ ਸਹਿਤ ਮੰਤ੍ਰੀ ਦੇਵੇ ਲੇਤ ॥੪੧੦॥
ਧੂਪ ਕਰਾਵੇ ਮੰਤ੍ਰ ਪੜ ਝਾੜਾ ਸਾਥ ਕਰਾਇ।
ਸਾਤ ਦਿਵਸ ਲੌਂ ਕੀਜੀਐ ਬਾਲਕ ਤਾਪ ਨਸਾਇ ॥੪੧੧॥

Digitized by Panjab Digital Library | www.panjabdigilib.org

੨੨੪੭. ਸੱਪ ਦੀ ਕੁੰਜ, ਆਦਮੀ ਦੇ ਰੋਮ, ਗੁੱਗਲ, ਚਿੱਟੀ ਸਰ੍ਹੋਂ, ਛਲੀਰਾ ਘ੍ਰਿਤ ਤੇ ਸ਼ਹਿਤ ਲੈ ਕੇ ਮੰਤ੍ਰੀ ਨੂੰ ਦੇਵੇ ਅਰ ਓਹ ਮੰਤ੍ਰ ਦੇਵੇ ਤਾਂ ਫਿਰ ਧੂੰਣੀ ਕਰੇ, ਨਾਲ ਝਾੜਾ ਕਰੇ, ਇਸੇ ਤਰਾਂ ੭ ਦਿਨ ਤਕ ਕਰੇ, ਤਾਂ ਬਾਲਕ ਦਾ ਤਾਪ ਜਾਵੇ ॥੪੧੦॥੪੧੧॥

ਯਥਾ ਮੰਤ੍ਰ:-

"ਓਂ ਨਮੋ ਭਗਵਤੇ ਰੁਦ੍ਰਾਯ ਸਤਜੇ ਸਤਜੇ ਵਨ ਸ੍ਵਾਹ:"

ਪੁਨਾ ਤਾਪ ਉਪਾਇ-ਦੋਹਰਾ

ਤਵਾਸੀਰ ਲਾਇਚੀ ਖੁਰਦ ਲਾਜਾ ਮਾਸੀ ਯਸਟਿ।
ਸਿਤਾ ਸਹਿਤ ਮਧੁ ਮੇਲ ਚਟੁ ਮਿਟਤ ਤਾਪ ਹੁਇ ਸੁਸਟਿ ॥੪੧੨॥
ਮਨਸਿਲ ਮਾਸੀ ਯਸਟਿ ਲੈ ਲਾਜਾਂ ਮਧੁ ਸੋਂ ਚਾਟ।
ਬਾਲਕ ਕਾ ਤਪੁ ਜਾਤ ਹੈ ਹੋਕਰ ਬਾਰਾਂ ਬਾਟੁ ॥੪੧੩॥
ਸਿੰਗੀ ਵਿਖ ਅਤਿ ਪੀਪਰੀ ਮਧੁ ਸੋਂ ਦੇਹੁ ਚਟਾਇ।
ਜ੍ਵਰ ਖਾਂਸੀ ਵਮਿ ਜਾਤਿ ਹੈ ਬਾਲਕ ਤਨ ਸੁਖ ਥਾਇ ॥੪੧੪॥

੨੨੪੮. ਤਵਾਸੀਰ, ਛੋਟੀ ਇਲਾਚੀ ਦੇ ਦਾਣੇ, ਧਾਨਾਂ ਦੀਆਂ ਖਿੱਲਾਂ, ਛੜ, ਮੁਲੱਠੀ ਛਿੱਲਕੇ, ਮਿਸ਼ਰੀ ਤੇ ਸ਼ਹਿਤ, ਸਮੇਤ ਮਿਲਾਕੇ ਚੂਰਣ ਬਣਾਕੇ ਫਿਰ ਚਟਾਵੇ ਤਾਂ ਬਾਲਕ ਦਾ ਤਾਪ ਜਾਵੇ ॥੪੧੨॥

੨੨੪੯. ਮਨਸਿਲ, ਛੜ, ਮੁਲੱਠੀ ਤੇ ਫੁਲੀਆਂ ਸ਼ਹਿਤ ਨਾਲ ਚੱਟੇ ਤਾਂ ਬਾਲਕ ਦਾ ਤਾਪ ਬਾਰਾਂ ਟੁਕੜੇ ਹੋ ਕੇ ਜਾਵੇ ॥੪੧੩॥

੨੨੫੦. ਕਕੜਸਿੰਙੀ, ਪਤੀਸ ਤੇ ਮਘ, ਸ਼ਹਿਤ ਨਾਲ ਫੱਕੀ ਚਟਾਵੇ ਤਾਂ ਬਾਲਕ ਦਾ ਤਾਪ, ਖਾਂਸੀ ਅਰ ਕੈ ਨਾਸ ਹੋਵੇ ॥੪੧੪॥

ਮਧੁ ਸੰਗਿਹ ਚਾਟਨ ਕਰੋ ਆਨੀ ਪੀਸ ਪਤੀਸ।
ਕਾਸ ਵਮੀ ਜ੍ਵਰ ਜਾਤ ਹੈ ਬਾਲਕ ਬਹੁ ਸੁਖ ਦੀਸ ॥੪੧੫॥
ਮਾਸੀ ਲਾਜਾ ਪੀਪਰੀ ਕਕਰਾਸਿੰਗੀ ਮੇਲ।
ਲੇਹੁ ਰਸਾਂਜਨ ਪੀਸ ਕੈ ਸਹਿਤ ਮਾਹਿਂ ਸੋ ਠੇਲ ॥੪੧੬॥
ਪ੍ਰਾਤਹਿ ਚਾਟਨ ਬਾਲ ਜੋ ਸ੍ਵਾਸ ਕਾਸ ਜ੍ਵਰ ਜਾਇ।
ਛਰਦ ਮਿਟਤ ਸਬ ਜਾਤ ਕੀ ਪੀਰਾ ਬਾਲ ਨ ਥਾਇ॥੪੧੭॥

੨੨੫੧. ਸ਼ਹਿਤ ਨਾਲ ਪਤੀਸ ਪੀਹਕੇ ਚਟਾਵੇ ਤਾਂ ਖਾਂਸੀ, ਕੇ ਅਰ ਪਾਪ ਨਾਸ ਹੋਵੇ ॥੪੧੫॥

੨੨੫੨. ਛੜ, ਖਿੱਲਾਂ, ਮਘ,ਕਕੜਸਿੰਙੀ ਤੇ ਰਸੌਂਤ ਪੀਹਕੇ ਇਸ ਵਿਚੋਂ ਸ਼ਹਿਤ ਨਾਲ ਪ੍ਰਾਤਾਕਾਲ ਬਾਲਕ ਨੂੰ ਚਟਾਵੇ ਤੇ ਦਮਾਂ, ਖੰਘ, ਤਾਪ ਤੇ ਕੈ, ਸਭ ਦੀ ਪੀੜਾ ਨਾਸ ਕਰੇ ॥੪੧੬॥੪੧੭॥

Digitized by Panjab Digital Library | www.panjabdigilib.org

ਅਤੀਸਾਰ ਉਪਾਇ--ਦੋਹਰਾ

ਕਣਾਂ ਰਸਾਂਜਨ ਆਨੀਯੇ ਆਂਬ ਬੀਜ ਗਿਰ ਪਾਇ।
ਮਧੁ ਸੋਂ ਚਾਟਨ ਬਾਲ ਨਿਤ ਅਤੀਸਾਰ ਵਮਿ ਜਾਇ॥੪੧੮॥

੨੨੫੩. ਮਘ. ਰਸੌਂਤ ਤੇ ਅੰਬ ਦੀ ਗਿਟਕ ਪੀਹਕੇ ਚੂਰਣ ਕਰੇ, ਫਿਰ ਸ਼ਹਤ ਵਿਚ ਲਬੇੜ ਕੇ ਬਾਲਕ ਨੂੰ ਨਿੱਤ ਚਟਾਵੇ, ਤਾਂ ਅਤੀਸਾਰ ਤੇ ਕੈ ਨਾਸ ਹੋਵੇ ॥੪੧੮॥

ਲਾਜਾ ਸੇਂਧਵ ਆਨੀਐ ਆਂਬ ਬੀਜ ਕਰ ਕ੍ਵਾਥ।
ਮਧੁ ਸੋਂ ਪੀਵੇ ਬਾਲ ਨਿਤ ਅਤੀਸਾਰ ਕੀ ਹਾਥ ॥੪੧੯॥

੨੨੫੪. ਖਿੱਲਾਂ, ਸੇਂਧਾਲੂਣ, ਅੰਬ ਦੀ ਗਿਟਕ, ਇਨ੍ਹਾਂ ਦਾ ਕਾੜ੍ਹਾ ਕਰੇ, ਫਿਰ ਵਿਚ ਸ਼ਹਿਤ ਪਾਕੇ ਬਾਲਕ ਨਿੱਤ ਪਿਲਾਵੇ, ਤਾਂ ਅਤੀਸਾਰ ਨਾਸ ਕਰੇ ॥੪੧੯॥

ਛਰਦਿ ਉਪਾਇ—ਦੋਹਰਾ

ਸੇਂਧਾ ਲਾਜਾ ਪੀਸਕੈ ਬੀਜੌਰੇ ਰਸੁ ਪਾਇ।
ਬਾਲਕ ਕੌ ਇਹ ਦੀਜੀਯੇ ਛਰਦ ਰੋਗੁ ਟਰ ਜਾਇ ॥੪੨੦॥

੨੨੫੫. ਸੇਂਧਾਲੂਣ ਤੇ ਫੁਲੀਆਂ ਪੀਹਕੇ ਬਿਜੌਰੇ ਦੇ ਰਸ ਵਿੱਚ ਪਾਕੇ ਬਾਲਕ ਨੂੰ ਦੇਵੇ ਤਾਂ ਛਰਦਿ (ਕੈ) ਨਾਸ ਹੋਵੇ ॥੪੨੦॥

ਬਦਰਿ ਚੰਗੇਰੀ ਪਾਤ ਲੈ ਕਾਕ ਮਾਚ ਕਾਪਿੱਥ।
ਲੇਪੋ ਉਦਰ ਜੁ ਬਾਲ ਕੈ ਅਤੀਸਾਰ ਹੁਇ ਕੱਥ ॥੪੨੧॥

੨੨੫੬. ਬੇਰੀ ਦੇ ਪੱਤ੍ਰ, ਸੌਂਬਲ ਦੇ ਪੱਤ੍ਰ, ਭਬੋਲੇ ਅਰਥਾਤ ਮਕੋ ਦੇ ਪੱਤ੍ਰ, ਤੇ ਕੈਥ ਦੇ ਪੱਤ੍ਰ, ਇਹ ਸਭੋ ਬਰੀਕ ਪੀਹਕੇ, ਬਾਲਕ ਦੇ ਪੇਟ ਉਪਰ ਲੇਪ ਕਰੇ, ਅਤੀਸਾਰ ਬੰਦ ਕਰੇ ॥੪੨੧॥

ਬਾਤ ਗੁਲਮ ਉਪਾਇ—ਦੋਹਰਾ

ਸੇਂਧਾ ਸੁੰਠੀ ਹਿੰਗੁ ਲੈ ਏਲਾ ਭਾਰਗੀ ਪੀਸ।
ਘ੍ਰਿਤ ਸੋਂ ਚਾਟਤ ਬਾਲ ਨਿਤ ਬਾਤ ਗੁਲਮ ਨਹਿ ਦੀਸ ॥੪੨੨॥

੨੨੫੭. ਸੇਂਧਾਨਿਮਕ, ਸੁੰਢ, †ਹਿੰਙ, ਇਲਾਚੀ ਤੇ ਭੜਿੰਗੀ ਪੀਹਕੇ ਘਿਉ ਨਾਲ ਬਾਲਕ ਨੂੰ ਨਿੱਤ ਚਟਾਵੇ ਤਾਂ ਪੇਟ ਦਾ ਗੋਲਾ ਵਾਯੂ ਕਰਕੇ ਹੋਯਾ ਨਾਸ਼ ਹੋਵੇ ॥੪੨੨॥

ਗੋਖਰੁ ਸੇਂਧਾ ਦਾਰ ਵਚ ਸ੍ਰਿੰਗੀ ਘਨ ਜੁ ਵੜਿੰਗ।
ਘ੍ਰਿਤ ਸੋਂ ਨਿਤ ਬਾਲਕ ਚਟੈ ਵਾਤ ਗੁਲਮ ਦੁਖ ਭੰਗ ॥੪੨੩॥

---

†ਹਿੰਙ ਘਿਉ ਵਿਚ ਭੁੰਨਕੇ ਪਾਵੇ।

Digitized by Panjab Digital Library | www.panjabdigilib.org

੨੨੫੮, ਭੱਖੜਾ, ਸੇਂਧਾਨਿਮਕ,ਦੇਵਦਾਰ, ਵਚ, ਕਕੜਸਿੰਗੀ, ਮੋਥਾ ਤੇ ਬਾਵੜਿੰਗ ਘਿਉ ਨਾਲ ਨਿੱਤ ਬਾਲਕ ਨੂੰ ਚਟਾਵੇ ਤਾਂ ਵਾਯੂ ਦਾ ਗੋਲਾ ਜਾਵੇ ॥੪੨੩॥

ਬਾਲ ਕੰਡਾ ਉਪਾਇ—ਦੋਹਰਾ

ਵਰਚ ਕੁਸਟ ਹਾਰੀਤਕੀ ਮਧ ਸੋਂ ਪੀਸ ਚਟਾਇ ।
ਬਾਲ ਤਾਲੁਕੰਟਾ ਮਿਟੈ ਉਤਮ ਏਹੁ ਉਪਾਇ ॥੪੨੪॥

੨੨੫੯. ਵਚ, ਕੂਠ ਤੇ ਹਰੜ ਪੀਹਕੇ ਸ਼ਹਤ ਨਾਲ ਚਟਾਵੇ ਤਾਂ ਬਾਲਕ ਦੇ ਤਾਲੂ ਦਾ ਕੰਡਾ ਨਾਸ਼ ਹੋਵੇ, ਇਹ ਸਰੇਸ਼ਟ ਯਤਨ ਹੈ ॥੪੨੪॥

ਬਾਲ ਨੇਤ੍ਰ ਉਪਾਯ—ਦੋਹਰਾ

ਮਨਸਿਲ ਸੰਖ ਰਸਾਂਜਨੀ ਪੀਸੀ ਦ੍ਰਿਗ ਮਹਿ ਅੰਜ ।
ਸਹਿਤ ਸੰਗ ਸਭ ਰੁਜ ਹਰਤ ਸਕਤ ਪੀਰ ਕੋ ਭੰਜ ॥੪੨੫॥

੨੨੬੦. ਮਨਸਿਲ, ਸੰਖ ਤੇ ਰਸੌਂਤ ਪੀਹਕੇ ਸ਼ਹਤ ਨਾਲ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਨੇਤ੍ਰਾਂ ਦੇ ਤਮਾਮ ਰੋਗ ਨਾਸ ਕਰੇ ॥੪੨੫॥

ਕਸੇਰੂ ਘਨ ਦਾਰੁ ਪਿਸਿ ਅਜਾ ਖੀਰ ਸੋ ਲੇਪ ।
ਸਕਲ ਪੀਰ ਦ੍ਰਿਗ ਕੀ ਹਰਤ ਰਕਤ ਪੀਰ ਸੰਖੇਪ ॥੪੨੬॥

੨੨੬੧. ਕਸੇਰੂ ਮੋਥਾ ਤੇ ਦੇਵਦਾਰ ਪੀਹਕੇ ਬਕ੍ਰੀ ਦੇ ਦੁਧ ਨਾਲ ਲੇਪ ਕਰੇ ਤਾਂ ਸਭ ਤਰਾਂ ਦੀ ਨੇਤ੍ਰਾਂ ਦੀ ਪੀੜਾ ਨਾਸ ਕਰੇ ਅਰ ਰਕਤ ਦੀ ਪੀੜਾ ਹੋਵੇ, ਤਾਂ ਬੀ ਹਟੇ ॥੪੨੬॥

ਪੁਨਾ ਅਤੀਸਾਰ ਉਪਾਇ—ਦੋਹਰਾ

ਆਂਬ ਬੀਜ ਸੇਂਧਾ ਸ਼ਹਿਤ ਚਾਟਤ ਮਿਟਿ ਅਤਿਸਾਰ ।
ਬੀਜ ਪੂਰ ਰਸ ਯਸਟਿ ਸਿਤ ਅਤੀਸਾਰ ਸਿਸ ਟਾਰ ॥੪੨੭॥

੨੨੬੨. ਅੰਬ ਦੀ ਗਿਟਕ ਤੇ ਸੇਂਧਾਨਿਮਕ ਸਹਤ ਨਾਲ ਚਟੇ ਤਾਂ ਅਤੀਸਾਰ ਨਾਸ ਕਰੇ । ਯਾ:—
੨੨੬੩. ਬਿਜੌਰੇ ਦਾ ਰਸ,ਮੁਲੱਠੀ ਤੇ ਮਿਸ਼ਰੀ ਮਿਲਾਕੇ ਚਟਾਵੇ ਤਾਂ ਅਤੀਸਾਰ ਨਾਸ ਕਰੇ ॥੪੨੭॥

ਹਿਕ੍ਵਾ ਉਪਾਇ—ਦੋਹਰਾ

ਜੰਬੂ ਤਿੰਦੁਕ ਫੂਲ ਫਲ ਘ੍ਰਿਤ ਮਧੁ ਸੋਂ ਚਟਵਾਇ ।
ਬਾਲਕ ਕੀ ਹਿਕ੍ਵਾ ਮਿਟਤ ਬੰਗਸੈਨ ਕੇ ਭਾਇ ॥੪੨੮॥

੨੨੬੪. ਜਾਮਣ ਦੇ ਫੁਲ, ਤੇਂਦੂ †ਬ੍ਰਿਛ ਦੇ ਫਲ ਘਿਉ ਤੇ ਸ਼ਹਤ ਨਾਲ ਚਟਾਵੇ ਤਾਂ ਬਾਲਕ ਦੀ ਹਿੜਕੀ ਨਾਸ ਹੋਵੇ ॥੪੨੮॥

---

†ਤੇਂਦੂ ਬ੍ਰਿਛ ਦਾ ਪ੍ਰਸਿਧ ਨਾਮ ਅਬਨੂਸ ਹੈ, ਇਸਦੀ ਲਕੜੀ ਮਜ਼ਬੂਤ ਹੁੰਦੀ ਹੈ ਇਸਦੇ ਫਲ ਪਾਵੇ। ਭਰਮ ਨਿਬ੍ਰਿਤੀ ਭਾਵ ਪ੍ਰਕਾਸ਼, ਅਮਰਕੋਸ ਅਤੇ ਦ੍ਰਬ ਦਰਪਣ ਦੇਖਕੇ ਕਰ ਲੈਂ ।

Digitized by Panjab Digital Library | www.panjabdigilib.org

ਹਿਕ੍ਵਾ ਛਰਦਿ ਉਪਾਇ—ਦੋਹਰਾ

ਪੀਪਰ ਯਸਟੀ ਸਰਕਰਾ ਮਾਤਲੁੰਗ ਰਸ ਪਾਇ।
ਮਧ ਸੋਂ ਚਾਟਤ ਵਮਿ ਮਿਟਤ ਹਿਕਾ ਦੂਰ ਪਰਾਇ ॥੪੨੯॥

੨੨੬੫. ਮਘ, ਮੁਲੱਠੀ, ਖੰਡ ਤੇ ਬਿਜੌਰੇ ਦਾ ਰਸ ਪਾਕ ਸ਼ਹਤ ਨਾਲ ਚਟਾਵੇ ਤਾਂ ਹਿੜਕੀ ਨਾਸ ਹੋਵੇ ॥੪੨੯॥

ਕਟੁਕ ਰੋਹਿਨੀ ਮਧੁ ਸ਼ਹਿਤ ਚਾਟਤ ਹਿਕ੍ਵਾ ਨਾਸ।
ਵਾਤ ਛਰਦਿ ਸਭ ਜਾਤ ਹੀ ਏ ਚਟਨੀ ਅਤਿ ਖਾਸ ॥੪੩੦॥
ਸੋਨਾ ਗੇਰੂ ਸ਼ਹਿਤ ਸੋਂ ਜੋ ਚਾਟਤ ਹੈ ਬਾਲ।
ਜਾਤ ਮਿਟੀ ਹਿਕਾ ਬਡੀ ਸਿਸੁ ਪ੍ਰਸੰਨ ਲਖ ਲਾਲ ॥੪੩੧॥

੨੨੬੬. ਕੌੜ ਸ਼ਹਤ ਨਾਲ ਚਟੇ ਤਾਂ ਹਿੜਕੀ, ਕੈ ਨਾਸ ਹੋਵੇ, ਇਹ ਚਟਣੀ ਬਹੁਤ ਸਰੇਸ਼ਟ ਹੈ ॥੪੩੦॥

੨੨੬੭, ਪੀਲਾਗੇਰੂ ਸ਼ਹਿਤ ਨਾਲ ਬਾਲਕ ਨੂੰ ਚਟਾਵੇ ਤਾਂ ਸਭ ਤਰਾਂ ਦੀ ਹਿੜਕੀ ਨਾਸ਼ ਹੋਵੇ ॥੪੩੧॥

ਵਿਸਰਪ ਉਪਾਇ--ਚੌਪਈ

ਪਾਟੋਲੀ ਤ੍ਰਿਫਲਾ ਆਰਿਸਟ। ਅਥਵਾ ਹਰਦੀ ਤ੍ਰਿਫਲਾ ਪਿਸਟ ॥
ਦੋਯ ਯੋਗ ਪੀਸੀ ਜਲ ਪੀਤ। ਜਾਵਤ ਤਾਪ ਵਿਸਰਪ ਜੁ ਮੀਤ ॥੪੩੨॥

੨੨੬੮. ਪਟੋਲਪੱਤ੍ਰ, ਤ੍ਰਿਫਲਾ ਤੇ ਨਿੰਮ, ਯਾ:-

੨੨੬੯: ਹਲਧੀ ਤੇ ਤ੍ਰਿਫ਼ਲਾ ਪੀਹਕੇ ਜਲ ਨਾਲ ਦੋਨੋ ਯੋਗ ਇਕ ਚਾਹੋ ਕੋਈ ਲੈ ਕੇ ਭਿਉਂਕੇ ਜਲ ਪੀਵੇ ਤਾਂ ਤਾਪ ਅਰ †ਵਿਸਰਪ ਦੋਨੋ ਨਾਸ ਕਰੇ ॥੪੩੨॥

ਉਤਪਲ ਅਤਿ ਵਿਖ ਲੇਹੁ ਕਲਾਰ। ਚੰਦਨ ਰਕਤ ਸਾਰਵਾ ਡਾਰ ॥
‡ਯਸਟਿ੦ਪ੍ਰਪੌਂਡਰਿਕਲੇਹੁ ਮਜੀਠ।ਮਧੁਕਸਰਖਪਾਜਲਸੋਪੀਠ ॥੪੩੩॥
ਲੇਪ ਕਰੇ ਬਾਲਕ ਤਨ ਏਹ। ਘ੍ਰਾਨ ਨਾਸ ਸ੍ਰੋਨਿਤ ਗਤਿ ਏਹ ॥
ਸਿਰਕ ਔਰ ਵਿਸਰਪ ਮਿਟਾਇ। ਵਿਸਫੋਟਕ ਸਭ ਦੂਰ ਪਰਾਇ ॥੪੩੪॥

---

†ਵਿਸ਼ਰਪ ਰੋਗ ਨੂੰ ਜਗਤ ਵਿੱਚ ਛਾਦੂਬਾਇ ਆਖਦੇ ਹਨ। ਇਸ ਵਿੱਚ ਸੜਨ ਸਮੇਤ ਫਿੰਸੀਆਂ ਪੈਦਾ ਹੁੰਦੀਆਂ ਹਨ, ਵਿਚਰਪ ਰੰਗ ਕੁਸਟ ਦਾ ਭੇਦ ਹੈ, ਇਸ ਵਿੱਚ ਫੁਨਸੀਆਂ ਲਾਲੋ ਲਾਲ ਦਾਗੋ ਦਾਗ ਹੁੰਦੀਆਂ, ਪਾਮ ਦੀਆਂ ਫਿਨਸੀਆਂ ਵਿਚ ਖੁਰਕ, ਦਾਰ ਤੇ ਪਾਣੀ ਵਗਦਾ ਹੁੰਦਾ ਹੈ। ਥਿਮ੍ਹਾ ਦੇ ਸਫ਼ੇਦ ਦਾਗ ਪੈ ਜਾਂਦੇ ਹਨ।

Digitized by Panjab Digital Library | www.panjabdigilib.org

੨੨੭੦. ਕੌਲ, ਪਤੀਸ ਤੇ ਨੀਲੋਫਰ, ਲਾਲਚੰਦਨ, ਉਸ਼ਬਾ ‡ਭੜਿੰਗੀ ੦ਪੁੰਡੇਰੀਆ, ਮਜੀਠ, ਮੁਲੱਠੀ ਤੇ ਸਰੋਂ ਇਹ ਸਭ ਜਲ ਨਾਲ ਪੀਹੇ, ਫਿਰ ਇਸਦਾ ਲਪ ਬਾਲਕ ਦੇ ਸਰੀਰ ਪਰ ਕਰੇ ਤਾਂ ਨੱਕ, ਨਾਸ ਹੋਯਾ ਖੂਨ ਤਕ ਪ੍ਰਾਪਤ ਅਰ ਸਿਰ ਵਿਖੇ ਹੋਣ ਵਾਲਾ ਵਿਸਰਪ, ਵਿਸਫੋਟਕ, ਜਿਸ ਨਾਲ ਤਮਾਮ ਦੇਹ ਫਟ ਚੁਕੀ ਹੋਵੇ, ਸੋ ਸਭ ਨਾਸ਼ ਹੋਵੇ ॥੪੩੩॥੪੩੪॥

(ਵੰਗਸੇਨਾਤ)

ਵਟ ਉਦੰਬਰ ਪਿਲਖਨ ਅਸ੍ਵਥ। ਬੈਤ ਮਜਿਸਟਾ ਚੰਦਨ ਯਸਥ।
ਯਸਟੀ ਪਦਮਕ ਮੇਲ ਉਸੀਰ। ਸਰਬ ਪੀਸੀਐ ਪਾਈ ਨੀਰ ॥੪੩੫॥
ਲੇਪ ਕਰੇ ਤਨ ਜਿਹ ਰੁਜ ਹੋਇ। ਦਾਹ ਵਿਸਰਪ ਜੁ ਸਬ ਕੋ ਖੋਇ।
ਵਿਸਫੋਟਕ ਬੇਦਨ ਬ੍ਰਿਣ ਜਾਇ। ਬੰਗਸੇਨ ਮਤ ਮੇਘ ਸੁਨਾਇ ॥੪੩੬॥

੨੨੭੧. ਬੋਹੜ ਦੀ ਛਿੱਲ ਯਾ ਦਾੜ੍ਹੀ, ਗੁੱਲਰ ਦੀ ਛਿੱਲ, ਪਿਲਖਣ ਦੀ ਛਿੱਲ, ਪਿਪਲ ਦੀ ਛਿੱਲ, ਜਲਵੇਂਤ ਦੀ ਛਿੱਲ, ਮਜੀਠ, ਚੰਦਨ, ਜਾਮਣ ਦੀ ਛਿੱਲ ਮੁਲੱਠੀ, ਪਦਮਾਖ ਲਕੜੀ ਯਾ ਛਿੱਲ ਅਤੇ ਖੱਸ, ਇਹ ਸਭੋ ਇਕ ਸਮਾਨ ਲੈ ਕੇ ਜਲ ਨਾਲ ਘੋਟ ਕੇ ਸਰੀਰ ਪਰ ਜਿਥੇ ਰੋਗ ਫੈਲਿਆ ਹੋਯਾ ਹੋਵੇ, ਲੇਪ ਕਰੇ ਤਾਂ ਦਾਹ (ਸੜਨ) ਵਿਸਰਪ ਅਰਥਾਤ ਛਾਰੂਬਾਇ ਅਤੇ ਵਿਸਫੋਟ ਰੋਗ ਹੋਰ ਬ੍ਰਿਣ ਸਭੋ ਨਾਸ ਕਰੇ ॥੪੩੫॥੪੩੬॥

ਬਿੰਮ ਉਪਾਇ–ਚੌਪਈ

ਗ੍ਰਹ ਜੁ ਧੂਮ ਨਿਸ ਕੁਸ਼ਟ ਮੰਗਾਇ। ਇੰਦ੍ਰ ਜਵ ਰਾਲਹਿ ਖਸ ਪਾਇ।
ਚੰਦਨ †ਪਦਮ ਲੇਪੀਐ ਬਾਲ। ਪਾਂਮ ਵਿਚਰਚਿ ਬਿੰਮ ਕੋਟਾਲ॥੪੩੭॥

੨੨੭੨. ਘਰਦਾ ਧੂੰਆਂ, ਹਲਧੀ, ਕੁੱਠ. ਇੰਦ੍ਰਜੌਂ, ਰਾਲ, ਖੱਸ, ਚੰਦਨ ਤੇ †ਕਮਲ, ਸਭੇ ਸਮਾਨ ਲੈਕੇ ਪੀਹਕੇ ਜਲ ਨਾਲ ਸਰੀਰ ਪਰ ਲੇਪ ਕਰੇ ਤਾਂ ਬਾਲਕ ਦੀ ਪਾਮ, ਰੋਗ ਅਤੇ ਬਿੰਮ੍ਹ, ਸਭ ਨੂੰ ਨਾਸ ਕਰੇ ॥੪੩੭॥

ਤਿਲ ਤੰਦੁਲ ਘਸ ਨਾਰੀ ਦੂਧ। ਲੇਪਤ ਤਨ ਬਾਲਕ ਕਾ ਸੂਧ।
ਪਾਂਮ ਸਿਧਮ ਵਿਚਰਚਤਿ ਜਾਇ। ਏਔਖਧਆਛੀ ਹਿਤਸਾਇ ॥੪੩੮॥

੨੨੭੩. ਤਿਲ ਤੇ ਚਾਵਲ; ਇਸਤ੍ਰੀ ਦੇ ਦੁੱਧ ਵਿੱਚ ਘੋਟਕੇ ਬਾਲਕ ਦੇ ਸਰੀਰ ਪਰ ਲੇਪ ਕਰੇ ਤਾਂ ਪਾਮ, ਬਿੰਮ੍ਹ ਤੇ ਵਿਚਰਚਿਕਾ ਨਾਸ ਕਰਨ ਵਾਸਤੇ ਇਹ ਦਵਾਈ ਬੀ ਸਰੇਸ਼ਟ ਹੈ ॥੪੩੮॥

ਅਫਾਰਾ ਸੂਲ ਉਪਾਇ–ਦੋਹਰਾ

ਸੇਂਧਾ ਸੁੰਠੀ ਭਾਰਗੀ ਏਲਾ ਘ੍ਰਿਤ ਅਰ ਹਿੰਗ।

---

‡ਯਸਟੀ=ਭੜਿੰਗੀ ਹੈ, ਦੇਖੋ ਔਸ਼ਧੀ ਕੋਸ਼।
੦ਪ੍ਰਪੋਂਡਿਕ=ਪੰਡੇਰੀਆ ਬ੍ਰਿਛ ਹੈ, ਕੌਲ ਨਹੀਂ।
†ਪਾਠਾਂਤ੍ਰ ਮਦਨ=ਪਾਠ ਹੈ–ਸੋ ਹੋਵੇ, ਤਾਂ ਰਾੜ੍ਹਾ ਅਰਥ ਕਰੇ।

Digitized by Panjab Digital Library | www.panjabdigilib.org

ਚਟਤ ਅਫਾਰਾ ਵਾਤ ਕੋ ਸੂਲ ਰੋਗ ਸਭ ਭੰਗ ॥੪੩੯॥

੨੨੭੪. ਸੋ ਧਾਲੂਣ, ਸੁੰਢ, ਭੜਿੰਗੀ, ਇਲਾਚੀ, ਘਿਉ ਤੇ ਹਿੰਙ ਪੀਹਕੇ ਸਭਨਾਂ ਨੂੰ ਚਟਣੀ ਕਰਕੇ ਚੱਟੇ ਤਾਂ ਅਫਾਰਾ, ਬਾਤ ਦਾ ਸੂਲ ਇਹ ਸਭ ਨਾਸ ਕਰੇ ॥ ੩੯॥

ਪੀਪਰ ਤ੍ਰਿਫਲਾ ਘਨ ਸ਼ਹਿਤ ਬਾਲ ਚਟੈ ਪਰਭਾਤ ।
ਸੂਲ ਅਫਾਰਾ ਵਾਤ ਕੋ ਵਾਰ ਨ ਲਾਗਤ ਜਾਤ ॥੪੪੦॥

੨੨੭੫. ਮਘ, ਤ੍ਰਿਫਲਾ ਤੇ ਮੋਥਾ, ਸ਼ਹਿਤ ਨਾਲ ਪ੍ਰਾਤਾਕਾਲ ਬਾਲਕ ਨੂੰ ਚਟਾਵੇ ਤਾਂ ਸੂਲ, ਵਾਯੂ ਕਰਕੇ ਹੋਯਾ ਅਫਾਰਾ ਇਹ ਤੁਰਤ ਫੁਰਤ ਨਾਸ ਕਰੇ ॥੪੪੦॥

ਮੂਤ੍ਰ ਬੰਦ ਕੋ ਉਪਾਇ—ਦੋਹਰਾ

ਕਣਾ ਮਰਚ ਮਧੁ ਸਰਕਰਾ ਏਲਾ ਸੇਂਧਵ ਪੀਸ ।
ਚਾਟਤ ਬਾਲਕ ਸਪਤ ਦਿਨ ਮੂਤ੍ਰ ਬੰਦ ਨਹਿ ਦੀਸ ॥੪੪੧॥

੨੨੭੬. ਮਘ, ਮਿਰਚ, ਸ਼ਹਿਤ, ਖੰਡ,ਇਲਾਚੀ ਤੇ ਸੇਂਧਾਨਿਮਕ ਪੀਹਕੇ ਬਾਲਕ ਨੂੰ ੭ ਦਿਨ ਚਟਾਵੇ ਤਾਂ ਬੰਦ ਹੋਯਾ ਮੂਤ੍ਰ ਖੁੱਲੇ ॥੪੪੧॥

ਨੇਤ੍ਰ ਦੁਖਦੇ ਕੋ ਉਪਾਇ—ਦੋਹਰਾ

ਮਾਤ ਦੂਧ ਕਟੁ ਤੇਲ ਲੈ ਕਾਂਜੀ ਸੰਗ ਮਿਲਾਇ ।
ਦੀਪਕ ਸਿਖਾ ਪਕਾਇ ਲਿਪ ਦ੍ਰਿਗਨਿ ਰਕਤ ਦੁਖ ਜਾਇ ॥੪੪੨॥

੨੨੭੭. ਮਾਂ ਦਾ ਦੁੱਧ, ਕੌੜਾ ਤੇਲ ਤੇ ਕਾਂਜੀ ਮਿਲਾਕੇ, ਦੀਵੇ ਦੀ ਲਾਟ ਉਤੇ ਪਕਾਕੇ ਨੇਤ੍ਰਾਂ ਪਰ ਲੇਪ ਕਰੇ ਤਾਂ ਨੇਤ੍ਰਾਂ ਦਾ ਰਕਤ ਵਿਕਾਰ ਨਾਸ ਹੋਵੇ ॥੪੪੨॥

(ਵੰਗਸੇਨਾਤ)—ਚੌਪਈ

ਯੁਗਮਨਿਸਾ ਰੋਹਨਿ ਲੈ ਯਸਟਿ । ਨਿੰਬ ਪਾਤ ਜਲ ਪੀਸੋ ਸੁਸਟਿ ।
ਤਾਂਮਰ ਭਾਂਜਨ ਰਗੜਾ ਕਰੈ । ਲੇਖ ਕੁਕੂਣਕ ਦ੍ਰਿਗ ਦੁਖ ਹਰੈ ॥੪੪੩॥

੨੨੭੮. ਦੋਨੋਂ ਹਲਧਾਆਂ, ਕੌੜ, ਮੁਲੱਠੀ ਤੇ ਨਿੰਬ ਦੇ ਪੱਤੇ ਜਲ ਨਾਲ ਤਾਂਮੇਂ ਦੇ ਭਾਂਡੇ ਵਿਚ ਘੋਟ ਕੇ ਕੁਕੂਣਕ ਪਰ ਲੇਪ ਕਰੇ, ਨੇਤ੍ਰ ਦੁਖਦੇ ਰਾਜੀ ਕਰੇ ॥੪੪੩॥

ਤ੍ਰਿਫਲਾ ਲੋਧਰ ਬ੍ਰਹਤੀ ਦੋਇ । ਸ੍ਰਿੰਗ ਬੇਰ ਇਟਸਿਟਕੋ ਧੋਇ ।
ਜਲ ਸੋ ਪੀਸ ਸੁਖੋਸਨ ਲੇਪ । ਕੁਕੂਣਕ ਕਫਦ੍ਰਿਗ ਦੁਖ ਖੇਪ ॥੪੪੪॥

੨੨੭੯. ਤ੍ਰਿਫਲਾ, ਲੋਧ, ਦੋਨੋਂ ਕੰਡਿਆਰੀਆਂ, ਆਦ੍ਰਿਕ ਅਤੇ ਇਟਸਿਟ ਲੈਕੇ ਜਲ ਨਾਲ ਘੋਟਕੇ ਕੋਸਾ ਲੇਪ ਕਰੇ ਤਾਂ †ਕੁਕੂਣਕ ਅਰ ਕਫ ਕਰਕੇ ਦੁਖਦੇ ਨੇਤ੍ਰ ਅੱਛੇ ਕਰੇ ॥੪੪੪॥

---

†ਕੁਕੂਣਕ ਰੋਗ ਬਾਲਕਾਂ ਦੀਆਂ ਧਾਲਕਾਂ ਵਿਖੇ ਹੁੰਦਾ ਹੈ, ਨੇਤ੍ਰਾਂ ਵਿਚ ਪੀੜ, ਖੁਰਕ ਹੁੰਦੀ ਹੈ ਤੇ ਨੇਤ੍ਰ ਬਚਾ ਖੋਲਦਾ ਹੀ ਨਹੀਂ ।

Digitized by Panjab Digital Library | www.panjabdigilib.org

ਮਨਸਿਲ ਪੀਪਰ ਸੰਖ ਰਸੌਤ। ਵਟੀ ਕਰੀ ਜਲ ਰਾਖ ਉਦੋਤ।
ਘਸਿ ਅੰਜਨ ਲਵ ਸੋ ਦ੍ਰਿਗ ਅੰਜ। ਸਰਬ ਰੋਗ ਬਾਲਕ ਕਾ ਭੰਜ॥੪੪੫॥

੨੨੮੦. ਮਨਸਿਲ, ਮਘ, ਸੰਖ ਤੇ ਰਸੌਂਤ, ਜਲ ਨਾਲ ਘੋਟਕੇ ਗੋਲੀ ਕਰ ਰਖੇ। ਫਿਰ ਗੋਲੀ ਲਵ ਨਾਲ ਘਿਸਾਕੇ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਬਾਲਕ ਦੇ ਨੇਤ੍ਰਾਂ ਦੇ ਸਾਰੇ ਰੋਗ ਨਾਸ ਕਰੇ ॥੪੪੫॥

ਮੁਖਪਾਕ ਉਪਾਇ—ਚੌਪਈ

ਮਰਖਪਿ ਕੇਤਕਿ ਆਮਰਸਾਰ। ਗੇਰੂ ਮਧੁ ਰਸਾਂਜਨ ਧਾਰ।
ਚਾਟਤ ਅਥਵਾ ਕ੍ਵਾਥ ਕਰਾਇ। ਬਦਨ ਪ੍ਰਖਯਾਲੇ ਪਾਕ ਮਿਟਾਇ॥੪੪੬॥

੨੨੮੧. ਸਰ੍ਹੋਂ, ਕੇਤਕੀ ਬ੍ਰਿਛ, ਆਂਵਲੇਸਾਰ, ਗੇਰੂ, ਸ਼ਹਿਤ ਤੇ ਰਸੌਂਤ ਇਹ ਸਭ ਸਮਾਨ ਲੈਕੇ ਪੀਹਕੇ ਮਿਲਾਕੇ ਚੱਟੇ, ਯਾ ਕਾੜ੍ਹਾ ਕਰਕੇ ਮੂੰਹ ਧੋਵੇ ਤਾਂ ਪਾਕ ਮਿਟੇ ॥੪੪੬॥

ਗੁਦਾਪਾਕ ਉਪਾਇ—ਦੋਹਰਾ

ਅਸ੍ਵਥ ਛਾਲ ਦਲ ਮਧ ਗਹੀ ਲੇਪ ਬਦਨ ਗੁਦ ਕੀਜ।
ਪਾਕ ਮਿਟਾਵਤ ਛਿਨਕ ਮਹਿ ਬਦਨ ਪਾਕ ਭੀ ਦੀਜ ॥੪੪੭॥

੨੨੮੨. ਪਿੱਪਲ ਦੀ ਛਿੱਲ ਤੇ ਪੱਤੇ ਲੈਕੇ ਸ਼ਹਿਤ ਵਿਚ ਘੋਟਕੇ ਗੁਦਾ ਦੇ ਮੂੰਹ ਪਰ ਲੇਪ ਕਰੇ ਤਾਂ ਗੁਦਾ ਪਾਕ ਮਿਟੇ, ਇਸੇਤਰਾਂ ਮੂੰਹ ਦਾ ਪਾਕ ਬੀ ਨਾਸ ਹੁੰਦਾ ਹੈ ॥੪੪੭॥

ਜਾਤੀਫਲ ਪਥਯਾ ਨਿਸਾ ਦਾਰ ਯਸਟਿ ਮਧੁ ਪਾਇ।
ਇਸ ਸੋਂ ਗੁਦਾ ਜੁ ਧੋਈਐ ਗੁਦਾ ਪਾਕ ਮਿਟ ਜਾਇ॥੪੪੮॥

੨੨੮੩. ਜਾਫਲ, ਹਰੜ, ਦਾਰਹਲਧੀ, ਮੁਲੱਠੀ ਤੇ ਸ਼ਹਿਤ ਲੈਕੇ, ਪਾਣੀ ਪਾਕੇ ਇਸ ਨਾਲ ਗੁਦਾ ਧੋਵੇ ਤਾਂ ਪਾਕ ਮਿਟੇ ॥੪੪੮॥

ਰਸਵਤ ਲਾਵੇ ਨੀਰ ਸੋਂ ਅਥਵਾ ਦੇਹੁ ਪਿਲਾਇ॥
ਸੰਖ ਯਸਟਿ ਚੂਰਨ ਭਖੈ ਗੁਦ ਪਾਕੀ ਸੁਭ ਥਾਇ॥੪੪੯॥

੨੨੮੪. ਰਸੌਂਤ ਜਲ ਨਾਲ ਘਿਸਾਕੇ ਪਾਕ ਪਰ ਲਾਵੇ, ਯਾ:—
੨੨੮੫. ਰਸੌਂਤ ਜਲ ਵਿਚ ਘੋਟਕੇ ਪਿਲਾਵੇ, ਯਾ:-
੨੨੮੬. ਸੰਖ ਤੇ ਮੁਲੱਠੀ ਦਾ ਚੂਰਣ ਖਾਵੇ ਤਾਂ ਗੁਦਾ ਪਾਕ ਨਾਸ ਹੋਵੇ ॥੪੪੯॥

ਸੋਥ (ਸੋਜ) ਉਪਾਇ (ਵੰਗਸੇਨਾਤ)—ਦੋਹਰਾ

ਗੋਮਾਖਨ ਸੋ ਚਾਟੀਐ ਮਰਚਾਂ ਪੀਸ ਰਲਾਇ।
ਸੋਥ ਮਿਟਤ ਬਾਲਕ ਤਨੀ ਬੰਗਸੇਨ ਮਤਿ ਭਾਇ ॥੪੫੦॥

੨੨੮੭ ਪੀਹਕੇ ਮ੍ਰਿਚਾਂ ਗੋਕੇ ਮੱਖਣ ਵਿਚ ਪਾਕੇ ਚਟੇ ਤਾਂ ਬਾਲਕ ਦੀ ਸੋਜ ਨਾਸ ਹੋਵੇ ॥੪੫੦॥

Digitized by Panjab Digital Library | www.panjabdigilib.org

ਘਨ ਪੇਠੇ ਕੇ ਬੀਜ ਲੈ †ਭਦ੍ਰਦਾਰੁ ਯਵ ਇੰਦ੍ਰ।
ਜਲੁ ਪੀਸੀ ਤਾਤਾ ਕਰੀ ਲੇਪ ਜੁ ਸੋਥ ਘਟਿੰਦ੍ਰ ॥੪੫੧॥

੨੨੮੮. ਮੋਥਾ, ਪੇਠੇ ਦੇ ਬੀਜ, †ਦੇਵਦਾਰ ਤੇ ਇੰਦ੍ਰ ਜੌਂ, ਜਲ ਨਾਲ ਪੀਹਕੇ ਗਰਮ ਕਰਕੇ ਲੇਪ ਕਰੇ ਤਾਂ ਸੋਜ ਨਾਸ਼ ਹੋਵੇ ॥੪੫੧॥

ਚੋਰ ਦੰਦ ਉਪਾਇ—ਦੋਹਰਾ

ਜਨਮਤ ਹੀ ਬਾਲਕ ਮੁਖੇ ‡ਰਦਨ ਹੋਤ ਜੇ ਕੋਇ।
ਸੋ ਬਾਲਕ ਨਹ ਰਾਖਸੰ ਮਾਤ ਤਾਤ ਭਯ ਹੋਇ ॥੪੫੨॥
ਖਾਵਤ ਸਕਲ ਪ੍ਰਵਾਰ ਕੋ ਆਂਢ ਗੁਆਂਢ ਕੋ ਖਾਇ।
ਨਗਰ ਵਸੈ ਨਾਂ ਸੋ ਸੁਖੀ ਸੋ ਪੁਰ ਯਮਪੁਰ ਜਾਇ ॥੪੫੩॥

੨੨੮੯. ਜਨਮਦਿਆਂ ਹੀ ਬਾਲਕ ਦੇ ਜੇ ਕੋਈ ਨਾਲ ਹੀ ‡ਦੰਦ ਉਗੇ ਤਾਂ ਉਹ ਬਾਲਕ ਨਹੀਂ, ਕਿੰਤੂ ਰਾਖਸ਼ ਹੈ ਇਸਦੇ ਮਾਤਾ ਪਿਤਾ ਨੂੰ ਭਯ ਹੋਵੇਗਾ ॥੪੫੨॥

ਇਹ ਸਾਰੇ ਪਰਿਵਾਰ ਨੂੰ ਤੇ ਆਂਢ ਗੁਆਂਢ ਨੂੰ ਬੀ ਖਾਵੇਗਾ, ਉਹ ਤਾਂ ਨੱਗਰ ਬੀ ਸੁਖੀ ਨਾ ਵੱਸੇਗਾ, ਵਾਸਤਕ ਵਿੱਚ ਓਹ ਨਗਰ ਯਮ ਪੁਰ ਨੂੰ ਜਾਵੇਗਾ ॥੪੫੩॥

ਜਿਸ ਮਾਸ ਮਹਿ ਬਾਲਕ ਦੇ ਦੰਦ ਦਿਖਾਈ ਦੇਵੈਂ ਪਹਿਲੇ ਵਰਖ ਮਹਿ ਜਨਮ ਕੇ ਮਾਸ ਤਾਂਕਾ ਫਲ—ਚੌਪਈ

ਪ੍ਰਿਥਮ ਮਾਸ ਹੁਇ ਮਾਤਾ ਖਾਇ। ਦੂਜੇ ਤੀਜੇ ਪਿਤਾ ਹਨਾਇ।
ਚੌਥੇ ਭਾਈ ਪੰਚਮ ਮਾਮਾ। ਮਾਤ ਪਿਤਾ ਧਨ ਖਸਟਮਿ ਨਾਮਾ ॥੪੫੪॥
ਦੰਤ ਸਹਿਤ ਜੋ ਜਨਮੇ ਬਾਲ। ਸੋ ਤੋ ਦੰਤ ਜਗਤ ਕੋ ਕਾਲ।
ਤਾਂਕੋ ਤੁਰਤੇ ਦੇਹੁ ਉਖੇਰ। ਨਹਿ ਤੋ ਵਖਤ ਨ ਆਵੈ ਫੇਰ ॥੪੫੫॥

ਜੇ ਪਹਿਲੇ ਮਹੀਨੇ ਦੰਦ ਉੱਗਣ ਤਾਂ ਮਾਂ ਨੂੰ ਖਾਵੇ। ਦੂਸਰੇ ਯਾ ਤੀਸਰੇ ਮਹੀਨੇ ਬਾਲਕ ਦੰਦ ਕਢੇ ਤਾਂ ਪਿਤਾ ਨੂੰ ਮਾਰਦਾ ਹੈ। ਚੌਥੇ ਮਹੀਨੇ ਕੱਢੇ ਤਾਂ ਭ੍ਰਾਤਾ ਨੂੰ, ਪੰਜਵੇਂ ਮਹੀਨੇ ਮਾਮੇ ਨੂੰ ਮਾਰੇ। ਮਾਤਾ ਪਿਤਾ ਦਾ ਧਨ ਛੇਵੇ ਤੇ ਨੌਮੇਂ ਮਹੀਨੇ ਦੰਦ ਕੱਢੇ ਤਾਂ ਨਾਸ ਕਰੇ ॥੪੫੪॥

ਜੇੜ੍ਹਾ ਬਾਲਕ ਦੰਦਾਂ ਸਮੇਤ ਜੰਮੇ, ਓਹ ਤਾਂ ਦੈਂਤ ਹੈ, ਜਗਤ ਦਾ ਕਾਲ ਕਰਨ ਹਾਰਾ ਹੈ। ਓਨਾਂ ਦੰਦਾਂ ਨੂੰ ਤਾਬੜਤੋੜ ਉਖੇੜ ਦੇਵੋ ਨਹੀਂ ਤਾਂ ਅਜੇਹਾ ਵਕਤ ਫਿਰ ਨਾ ਹੱਥ ਆਉ ॥੪੫੫॥

---

†ਭਦ੍ਰਦਾਰੁ—ਦੇਵਦਾਰਹੈ, ਦੇਖ ਚਕਿਤਸਾ ਕੋਸ਼
‡ਇਹ ਦਸ਼ਾ ਸੁਥਰੇ ਦੀ ਸੀ।

Digitized by Panjab Digital Library | www.panjabdigilib.org

ਪੂਜਾ ਵਿਧੀ (ਵੰਗਸੇਨਾਤ)—ਚੌਪਈ

ਨੌਕਾ ਮਹਿ ਬਾਲਕ ਬੈਠਾਇ। ਦਖਣ ਦਿਸ ਬਾਲਕ ਮੁਖ ਥਾਂਇ।
ਮਧੁ ਲਾਜਾ ਦਧਿ ਪੂਜਾ ਕਰੈ। ਆਗੈ ਦੀਪਕ ਬਾਰੀ ਧਰੈ ॥੪੫੬॥
ਏਹ ਪੂਜਾ ਕਰਿ ਗ੍ਰਹਿ ਲੈ ਲਾਵੈ। ਬਾਲਕ ਤੀਨ ਚੁਮਾਵੈ ਭਾਵੈ।
ਤੀਨ ਦਿਵਸ ਪੁਨਪੁਨ ਕਰਵਾਇ। ਤੀਨੋ ਵਾਰੀ ਲੇਹੁ ਨੁਲਾਇ ॥੪੫੭॥
ਤੌ ਬਾਲਕ ਹੋਵਤ ਸੁਖ ਕਾਇ॥ ਤਾਕੀ ਸੰਕ ਨ ਰਹੇ ਲਗਾਇ।
ਏ ਅਰਿਸ਼ਟ ਕੀ ਬਾਤ ਬਖਾਨੀ। ਵੰਗਸੇਨ ਮਤਿ ਮੇਘੇ ਆਨੀ ॥੪੫੮॥

੨੨੯੦. ਨਾਵ ਵਿੱਚ ਬਾਲਕ ਨੂੰ ਬੈਠਾ ਕੇ ਉਸਦਾ ਦੱਖਣ ਦਿਸ਼ਾ ਵਲ ਮੂੰਹ ਰੱਖੇ, ਅਰ ਸ਼ਹਿਤ, ਫੁੱਲੀਆਂ ਤੇ ਦਹੀਂ, ਇਹ ਬਾਲਕ ਦੇ ਅਗੇ ਪੂਜਾ ਦੇ ਤੌਰ ਧਰੇ, ਫਿਰ ਦੀਵਾ ਬੀ ਬਾਲ ਦੇਵੇ। ਇਸ ਤਰਾਂ ਦੀ ਪੂਜਾ ਕਰਕੇ ਮੁੜ ਘਰ ਵਿਚ ਲੈ ਆਵੇ। ਘਰ ਆਕੇ ਬਾਲਕ ਦੇ ਤਿੰਨ †ਚੁਮ ਪ੍ਰੇਮ ਧਾਰ ਕੇ ਲਵੇ। ਤਿੰਨ ਦਿਹਾੜੇ ਰੋਜ਼ ਰੋਜ਼ ਇਸੇ ਤਰਾਂ ਪੂਜਾ ਦਾ ਢਗ ਕਰੇ, ਤਿੰਨ ਦਿਨ ਤਿੰਨ ਬਾਰੀ ਸਨਾਨ ਕਰਾ ਲਿਆਯਾ ਕਰੇ, ਤਾਂ ਬਾਲਕ ਦੇ ਸਰੀਰ ਨੂੰ ਸੁਖ ਪ੍ਰਾਪਤ ਹੋਵੇ। ਤਿਸਦੇ ਗ੍ਰਹ ਦੀ ਕੋਈ ਸ਼ੰਕਾ ਨਹੀਂ ਲਗੀ ਰਹਿ ਸੱਕਦੀ। ਇਹ ਅਰਿਸ਼ਟਕ ਬਾਤ ਵੰਗਸੇਨ ਵਿਚੋਂ ਕਹੀ ਹੈ ॥੪੫੬॥੪੫੭॥੪੫੮॥

ਤ੍ਰਿੱਖਲ ਬਾਲ ਕੋ ਉਪਾਇ--ਦੋਹਰਾ

ਤੀਨ ਸੁਤਾ ਜਨਮੈ ਪ੍ਰਿਥਮ ਪਾਛੈ ਸੁਤ ਜਨਵਾਇ।
ਸੋ ਤਿੱਖਲ ਤੁਮ ਜਾਨਿਯੋ ਮਾਤ ਪਿਤਾ ਧਨ ਖਾਇ ॥੪੫੯॥
ਪੁਤਰ ਅਥਵਾ ਪੁਤਰੀ ਤਿੱਖਲ ਦੀਏ ਬਤਾਇ।
ਲੜਕੀ ਖਾਵੈ ਮਾਤ ਕੋ ਲੜਕਾ ਤਾਤ ਖਾਇ ॥੪੬੦॥
ਤਾਂਕੀ ਪੂਜਾ ਕੀਜੀਐ ਤਾਂਕਾ ਦੋਖ ਮਿਟਾਇ।
ਨਹਿ ਤੌ ਬਾਲਕ ਹੀ ਮਰੈ ਅਥਵਾ ਭਯ ਬਹੁ ਥਾਇ ॥੪੬੧॥

੨੨੯੧, ਪਹਿਲੇ ਤਿੰਨ ਕੁੜੀਆਂ ਜੰਮੀਆਂ ਹੋਣ, ਪਿੱਛੋਂ ਕਾਕਾ ਪੈਦਾ ਹੋਵੇ, ਉਸਨੂੰ ਤਿੱਖਲ ਆਖਦੇ ਹਨ। ਇਹ ਮਾਤਾ, ਪਿਤਾ ਅਤੇ ਧਨ ਸਭ ਨੂੰ ਖਾ ਜਾਂਦਾ ਹੈ। ਪੁੱਤ੍ਰ ਅਥਵਾ ਪੁੱਤ੍ਰੀ, ਇਹ ਤ੍ਰਿੱਖਲ ਦੱਸ ਦਿੱਤੇ ਹਨ, ਸੋ ਲੜਕੀ ਮਾਂ ਨੂੰ, ਲੜਕਾ ਪੇਉ ਨੂੰ ਖਾ ਜਾਂਦਾ ਹੈ। ਇਸਦੀ ਪੂਜਾ ਕਰੇ ਤਾਂ ਦੋਖ ਮਿਟਦਾ ਹੈ। ਨਹੀਂ ਤਾਂ ਬਾਲਕ ਹੀ ਮਰ ਜਾਂਦਾ ਹੈ, ਯਾਂ ਭਯ ਹੀ ਪੈਦਾ ਹੁੰਦਾ ਹੈ, ਕੁਛ ਨਾ ਕੁਛ ਉਪੱਦ੍ਰਵ ਅਵੱਸ਼ ਹੁੰਦਾ ਹੈ ॥੪੫੯ ਤੋਂ ੪੬੧॥

†ਇਹ ਸਭ ਅਰਥ ਮੂਲ ਅਨੁਸਾਰ ਹਨ, ਟਪਲੇ ਬਾਜ ਆਪਣੀ ਫੂਂਫਾ ਵਿਚ ਹੇਠ ਉਤੇ ਬਾ ਹੋ ਪੈਂਦੇ ਹੁੰਦੇ ਹਨ, ਪਰ ਸ਼ਾਸਤ੍ਰ ਦੀ ਓਟ ਅੱਗੇ ਓਹ ਕਰ ਬੀ ਕੀ ਸਕਦੇ ਹਨ। ਏਥੇ ਮੂਸਈ, ਕਿਧਰੇ ਤੁਰਿਆ, ਭਲਾ ਆਲੋਮੁਹਾਰੀ ਤਾਂ ਸਦਾ ਬੇਮੁਹਾਰ ਹੈ ਹੀ, ਤਸੱਲੀ ਵਾਸਤੇ ਦੇਖੋ ਵੰਗਸੇਨ ਜਿਸਦਾ ਇਹ ਉਪਾਉ ਹੈ।

Digitized by Panjab Digital Library | www.panjabdigilib.org

ਤੀਨ ਅੰਨ ਵਸਤਰ ਤ੍ਰਿਕੈ ਤੀਨ ਧਾਤ ਦ੍ਵਜ ਦੇਹ॥
ਨਵ ਗ੍ਰਿਹ ਪੂਜਾ ਜਪ ਕਰੇ ਤੌ ਸੁਖ ਸਭਹੀ ਲੇਹ ॥੪੬੨॥

੨੨੯੨. ਤਿੰਨ ਅਨਾਜ, ਤਿੰਨ ਰੰਗ ਦੇ ਕਪੜੇ ਤੇ ਤਿੰਨਧਾਤਾਂ, ਇਹ ਕਿਸੀ ਬ੍ਰਾਹਮਣ ਨੂੰ ਦੇ ਦੇਵੇ। ਨੌਆਂ †ਗ੍ਰਿਹਾਂ ਦੀ ਪੂਜਾ ਅਰ ਜਾਪ ਕਰੇ ਤਾਂ ਸਭ ਤਰਾ ਸੁਖ ਪ੍ਰਾਪਤ ਹੋ ਜਾਂਦਾ ਹੈ ॥੪੬੨॥

ਬਾਲਕ ਪੁਸਟ ਕਰਣ ਉਪਾਯ (ਬਾਲਚਕਿਤਸਾਤ)–ਦੋਹਰਾ

ਬ੍ਰਹਮੀ ਕੁਸ਼ਟ ਦੁਰਾਲਭਾ ਸੈਂਧਵ ਸਿਰਸ ਮੰਗਾਇ।
ਕਣਾ ਕੰਕੋਲੀ ਕਲਕ ਕਰ ਘ੍ਰਿਤ ਸੋ ਦੇਹੁ ਪਕਾਇ ॥੪੬੩॥
ਕਛੁਕ ਦੂਧ ਗੋ ਪਾਇਕੈ ਘ੍ਰਿਤ ਕੀ ਯੁਕਤ ਬਨਾਇ।
ਦੀਜੈ ਬਾਲਕ ਕੋ ਸਦਾ ਮੇਧਾ ਆਯੁ ਬਧਾਇ ॥੪੬੪॥
ਰਾਖਸ਼ ਭਾਜਤ ਭੂਤ ਭਯ ਬਾਲ ਰੋਗ ਸਬ ਜਾਇ।
ਬਲ ਕਰਤਾ ਘ੍ਰਿਤ ਮੈ ਕਹਯੋ ਬਾਲ ਚਕਿਤਸਾ ਲਾਇ॥੪੬੫॥

੨੨੯੩. ਬ੍ਰਹਮੀ ਬੂਟੀ, ਮਿੱਠੀ ਕੁੱਠ, ਧਮਾਹਾਂ ਬੂਟੀ, ਸੈਂਧਾਲੂਣ, ਸਰੀਂਹ ਦੀ ਛਿੱਲ, ਮ਼ਘ ਤੇ ਸ਼ਕਾਕਲ, ਇਨ੍ਹਾਂ ਦਾ ਕਲਕ ਕਰਕੇ ਘਿਉ ਪਾਵੇ, ਫਿਰ ਇਸ ਵਿੱਚ ਥੋੜਾ ਦੁੱਧ ਪਾ ਕੇ ਘਿਉ ਦੀ ਵਿਧੀ ਨਾਲ ਪਕਾਕੇ ਘ੍ਰਿਤ ਤਿਆਰ ਕਰ ਰੱਖੇ। ਹਮੇਸ਼ਾਂ ਇਸ ਵਿਚੋਂ ਬਾਲਕ ਨੂੰ ਚਟਾਯਾ ਕਰੇ ਤਾਂ ਬੁਧੀ ਤੇ ਆਯੂ ਵਧਾਵੇ ਅਰ ਰਾਖਸ, ਭੂਤ ਦਾ ਡਰ ਇਹ ਸਭ ਨਾਸ ਕਰੇ। ਹੋਰ ਸਭ ਤਰਾਂ ਦੇ ਬਾਲਕ ਦੇ ਰੋਗ ਨਾਸ ਕਰੇ। ਬਾਲਕ ਦੇ ਸਰੀਰ ਵਿੱਚ ਬਲ ਪੈਦਾ ਕਰਨ ਹਾਰਾ ਇਹ ਘ੍ਰਿਤ ਕਿਹਾ ਗਿਆ ਹੈ ॥੪੬੩ ਤੋਂ ੪੬੫॥

ਆਸਗੰਧ ਕਾ ਕ੍ਵਾਥ ਕਰ ਪਾਦ ਸੇਖ ਜਲ ਲੇਇ।
ਤਾਂਕੋ ਦਸ ਗੁਨ ਦੂਧ ਕੇ ਸਕਲ ਸਮੈ ਘ੍ਰਿਤ ਦੇਇ ॥੪੬੬॥
ਘ੍ਰਿਤ ਰਾਖੀ ਬਾਲਕ ਚਟੈ ਪੁਸ਼ਟ ਕਰੈ ਬਲਵਾਨ।
ਰੂਪ ਤੇਜ ਬਹੁਤਾ ਕਰਤ ਆਯੁ ਬਧੈ ਗੁਨ ਮਾਨ ॥੪੬੭॥

੨੨੯੪. ਅਸਗੰਧ ਦਾ ਕਾੜ੍ਹਾਂ ਕਰਕੇ ਚੌਥਾ ਹਿੱਸਾ ਰਿਹਾ ਪਾਣੀ ਲਵੇ, ਇਸ ਨਾਲੋਂ ਦੱਸ ਗੁਣਾਂ ਦੁੱਧ ਅਰ ਸਾਰਿਆਂ ਦੇ ਸਮਾਨ ਦਾ ਘ੍ਰਿਤ ਪਾਕੇ ਪਕਾਵੇ। ਜਦ ਘਿਉ ਮਾਤ੍ਰ ਆਣ ਰਹੇ ਤਾਂ ਉਤਾਰਕੇ ਸਾਫ ਕਰ ਰੱਖੇ, ਫਿਰ ਇਹ ਬਾਲਕ ਨੂੰ ਚਟਾਵੇ ਤਾਂ ਬਾਲਕ ਪੁਸ਼ਟ ਅਰ ਬਲ ਵਾਲਾ ਹੋਵੇ, ਤਿਸ ਬਾਲਕ ਦਾ ਰੂਪ ਤੇ ਤੇਜ ਵਧੇਰੇ ਵਧੇ, ਹੋਰ ਆਯੂ ਬੀ ਵਧਾਵੇ ॥੪੬੬॥੪੬੭॥

---

†ਰਾਹੂ, ਕੇਤੂ, ਸ਼ਨੀ, ਚੰਦ੍ਰ, ਮੰਗਲ, ਸੂਰਯ, ਬ੍ਰਿਹਸਪਤੀ, ਸ਼ੁਕ੍ਰ ਤੇ ਬੁਧ ਇਹ ੯ ਗ੍ਰਿਹ ਹਨ, ਦੇਖ ਸ਼ੀਘਰ ਬੋਧ।

Digitized by Panjab Digital Library | www.panjabdigilib.org

ਸੰਗ੍ਰਹਿਣੀ ਉਪਾਇ (ਵੰਗਸੇਨਾਤ)—ਚੌਪਈ

ਅਜਾਖੀਰ ਸਮਿ ਸਰਪਿ ਮਿਲਾਇ। ਚੰਗੇਰੀ ਰਸ ਆਢਕੁ ਥਾਇ॥
ਧਾਵੇ ਉਤਪਲ ਲੇਹੁ ਮਜੀਠ। ਸੇਂਧਾ ਕਪਿਥ ਬਰੋਖ ਸੁਪੀਠ ॥੪੬੮॥
ਕੁਸ਼ਟ ਬਿੱਲ ਘਨ ਮੇਲ ਪਕਾਇ। ਤਾਂਕਾ ਘ੍ਰਿਤ ਵਿਧਿ ਲੇਹੁ ਕਰਾਇ।
ਖਾਵਤ ਬਾਲਕ ਗ੍ਰਹਿਣੀ ਜਾਇ।ਅਤੀਸਾਰ ਛਿਨ ਮਾਹਿ ਮਿਟਾਇ॥੪੬੯॥

੨੨੯੫. ਬਕ੍ਰੀ ਦਾ ਦੁੱਧ, ਘੇਉ, ਸੌਂਚਲ ਦਾ ਰਸ ੮ ਸੇਰ ਪਾਵੇ। ਫਿਰ ਧਾਵੇ ਦੇ ਫੁੱਲ,ਕਮਲ ਫੁਲ, ਮਜੀਠ, ਸੇਂਧਾਲੂਣ, ਕੈਂਥ ਦਾ ਗੁੱਦਾ, ਮਘ, ਮ੍ਰਿਚ, ਸੁੰਢ, ਕੁੱਠ, ਬਿਰਾਗਰੀ ਤੇ ਮੋਥਾ (ਇਹ ਸਭ ਦੋ ਦੋ ਤੋਲੇ) ਮਿਲਾਕੇ ਅਰ ੬੪ ਤੋਲੇ ਘੇਉ ਪਾਕੇ ਪਕਾਵੇ। ਜਦ ਘ੍ਰਿਤ ਤਿਆਰ ਹੋ ਜਾਵੇ ਤਾਂ ਇਹ ਬਾਲਕ ਨੂੰ ਖੁਲਾਵੇ। ਸੰਗ੍ਰਹਿਣੀ ਅਤੇ ਅਤੀਸਾਰ ਨਿਸ਼ਚੇ ਨਾਸ ਕਰੇ ॥੪੬੮॥੪੬੯॥

(ਪਾਠਾਦਿ ਘ੍ਰਿਤ)

ਪਾਠਾ ਅਤਿ ਬਿਖ ਕੁਸ਼ਟ ਜੁ ਦਾਰ। ਸਰਲ ਪੀਪਰਾ ਦੋਨੋ ਡਾਰ।
ਤੇਜਵਤੀ ਚਿਤ੍ਰਕ ਗੰਠੀਰ। ਸੁੰਠੀ ਸਰਲ ਫਲਾ ਲੈ ਭੀਰ ॥੪੭੦॥
ਉਭੇ ਹਰਿਦ੍ਰਾ ਸੋਯ ਸਵੇਰ। ਅਜਮੋਦਾ ਵੜਿੰਗਹਿ ਭੇਰ।
ਕਟਿ ਰੋਹਣਿ ਵਚ ਔਰ ਸੁਗੰਧ। ਮਰਚ ਮਾਤਲੁੰਗ ਜੜ ਸੰਬੰਧ ॥੪੭੧॥
ਦਾਰਮ ਤੁਚ ਸਮ ਪੀਸ ਮੰਗਾਇ। ਪਯ ਘ੍ਰਿਤ ਪਾਈ ਘੀਉ ਪਚਾਇ।
ਘ੍ਰਿਤ ਕੀ ਯੁਕਤਿ ਵਖਾਨੋ ਏਹ। ਸੋ ਮਾਲਕ ਕੋ ਖਾਵਤ ਨੇਹ ॥੪੭੨॥
ਕੋਸ਼ਟ ਕ੍ਰਿਮ ਆਰੋਚਕੁ ਜਾਇ। ਪਾਂਡੁ ਰੋਗ ਕ੍ਰਿਮ ਗੁਲਮ ਪਰਾਇ।
ਸ੍ਵਾਸ ਦੋਨਤਾ ਸ੍ਵਰਕਾ ਭੰਗ। ਬਾਲਕ ਕੇ ਰੁਜ ਸਾਰੇ ਡੰਗ ॥੪੭੩॥
ਬਲੀ ਰੋਜ ਬਾਲਕ ਅਤਿ ਹੋਇ। ਪੁਸ਼ਟ ਆਯੁ ਨਿਤ ਵਧ ਹੈ ਸੋਇ।
ਬਾਲਕ ਰੋਗ ਹਰਨਨਿਤ ਕਹਿਯਾ।ਜੈਸਾ ਗ੍ਰੰਥ ਜੁਮਾਹੈ ਲਸਿਯਾ ॥੪੭੪॥

੨੨੯੬. ਪਾਠਾ (ਬਹਿਕੜ), ਪਤੀਸ, ਕੁੱਠ ਮਿੱਠੀ, ਦੇਵਦਾਰੂ, ਰਾਲ, ਮਘ,ਲੰਮੀ ਮਘ, †ਤੇਜਬਲ, ਚਿਤ੍ਰਾ, ‡ਮਜੀਠ, ਸੁੰਢ, ਸਾਲ ਬ੍ਰਿਛ ਦੇ ਫਲ, ਸਤਾਵਰ, ਹਲਧੀ, ਦਾਰਹਲਧੀ, ਰਾਸਨਾ, ਅਜਮੋਦ, ਬਾਇਵੜਿੰਗ, ਕੌੜ, ਵਚ, ੦ਖਵੀ, ਬਿਜੌਰੇ ਦੀ ਜੜ ਤੇ ਅਨਾਰ ਦੀ ਛਿਲ, ਇਹ ਸਭ ਸਮਾਨ ਭਾਗ ਲੈਕੇ ਬ੍ਰੀਕ ਪੀਹੇ, ਫਿਰ ਦੁੱਧ ਘੇਉ ਪਾਕੇ ਪਕ ਵੇ ਤੇ ਘ੍ਰਿਤ ਵਿਧੀ ਨਾਲ ਘਿਉ ਬਣਾਵੇ। ਬਾਲਕ ਨੂੰ ਫਿਰ ਖਾਣ

---

†ਤੇਜਵੰਤੀ=ਤੇਜਬਲ ਹੈ, ਦੇਖ ਆ: ਔਸ਼ਧੀ ਕੋਸ਼,
‡ਗੰਠੀਰ=ਮਜੀਠ ਹੈ ਦੇਖੋ ਯੂਨਾਨੀ ਕੋਸ਼,
੦ਸੁਗੰਧ=ਖਵੀ ਹੈ ਦੇਖੋ ਆ: ਕਸ਼: ਇਹ ਮਿਠਾ 'ਕਾਹ' ਹੈ। ਯੂਨਾਨੀ 'ਅਜ਼ਖਰ' ਬੋਲਦੇ ਹਨ।

Digitized by Panjab Digital Library | www.panjabdigilib.org

ਵਾਸਤੇ ਦੇਵੇ ਤਾਂ ਪੇਟ ਦੇ ਕ੍ਰਿਮਿ, ਅਰੁਚੀ, ਪਾਡੂ ਰੋਗ, ਕ੍ਰਿਮਿ ਜੂੰਆਂ ਆਦਿ), ਪੇਟ ਦਾ ਗੋਲਾ, ?ਸ੍ਵਾਸ ਰੋਗ, ਦੀਨਤਾ (ਅੜੀ), ਤੇ ਸੁਰਭੰਗ, ਇਹ ਬਾਲਕ ਦੇ ਸਾਰੇ ਰੋਗ ਨਾਸ ਕਰੇ। ਨਿਤਪ੍ਰਤਿ ਬਲਵੰਤ ਹੁੰਦਾ ਜਾਵੇ, ਪੁਸ਼ਟੀ ਅਤੇ ਆਯੂ ਵਧਾਵੇ ਹੈ। ਇਹ ਘ੍ਰਿਤ ਬਾਲਕ ਦੇ ਰੋਗ ਦੂਰ ਕਰਨ ਵਾਸਤੇ ਗ੍ਰੰਥਾਂ ਤਰਾਂ ਵਿਚ ਬਹੁਤ ਸਰੇਸ਼ਟ ਕਿਹਾ ਹੈ ॥੪੭੦ ਤੋਂ ੪੭੪॥

ਅਥ ਬਾਲਕ ਬੁਧਿਕਰਣ ਉਪਾਇ (ਰਸਰਤਨਾਕਰਾਤ)

ਦੇਵਦਾਰ ਅਤਿ ਵਿਖ ਗੋ ਮੂਤ। ਕੰਟਾਰੀ ਰਸੁ ਘ੍ਰਿਤ ਵਚ ਹੂਤ।
ਮਾਲਕੰਗੁਨੀ ਸਭੈ ਪਿਸਾਇ। ਚਾਟਤ ਬਾਲਕ ਬੁਧਿ ਕਰਾਇ ॥੪੭੫॥

੨੨੯੭. ਦੇਵਦਾਰ, ਪਤੀਸ, ਗਊਮੂਤ੍ਰ, ਕੰਡਿਆਰੀ ਦਾ ਰਸ, ਘਿਉ, ਵਚ ਤੇ ਮਾਲਕੰਙਣੀ, ਸਾਰੇ ਪੀਹਕੇ ਬਾਲਕ ਨੂੰ ਚਟਾਯਾ ਕਰੇ ਤਾਂ ਬੁੱਧੀ ਵਧੇ ॥੪੭੫॥

ਦੋਹਰਾ

ਬ੍ਰਹਮੀ ਮੁੰਡੀ ਸੁੰਠ ਵਚ ਪੀਪਰਿ ਮਧ ਸੋ ਚਾਟ।
ਬੁਧਿ ਘਨੀ ਸੁਧ ਬਚਨ ਹੁਇ ਕਰਖ ਮਾਨ ਨਹਿ ਘਾਟ ॥੪੭੬॥

੨੨੯੮. ਬ੍ਰਹਮੀ, ਮੁੰਡੀ, ਸੁੰਢ, ਵਚ, ਮਘ ਤੇ ਸ਼ਹਿਤ ਪੀਹਕੇ ਹਮੇਸ਼ਾਂ ਚਟਾਯਾ ਕਰੇ ਤਾਂ ਬੁੱਧੀ ਬਹੁਤ ਵਧੇ, ਸੁਰ ਸਾਫ ਹੋਵੇ, ਪਰੰਤੂ †ਕਰਖ (੧ ਤੋਲੇ) ਤੋਂ ਘੱਟ ਨਾ ਖਲਾਵੇ ॥੪੭੬॥

ਚੌਪਈ

ਮਾਲਕੰਗੁਨੀ ਮੁਸਲੀ ਲੇਇ। ਮਧ ਸੋ ਚਾਟੇ ਬੁਧ ਕਰੇਇ।
ਅਪਾਮਾਰਗ ਵਚ ਸ਼ਹਿਤ ਦਿਖਾਇ। ਬੁਧਿ ਘਨੀ ਬਾਲਕ ਦੋ ਥਾਇ।

੨੨੯੯. ਮਾਲਕੰਙਣੀ ਤੇ ਮੂਸਲੀ, ਸ਼ਹਿਤ ਨਾਲ ਪੀਹਕੇ ਚਟਾਯਾ ਕਰੇ ਤਾਂ ਬੁੱਧੀ ਵਧਾਵੇ।
੨੩੦੦. ਪੁਟਕੰਡਾ ਤੇ ਵਚ ਸ਼ਹਿਤ ਨਾਲ ਖਵਾਵੇ ਤਾਂ ਬਾਲਕ ਵਿਚ ਬੁੱਧੀ ਹੋਵੇ ॥੪੭੭॥

‡ਸਿਖਰੀ ਵਚ ਸੁੰਠੀ ਜੁ ਵੜਿੰਗ। ਸੌਂਫ ਸਤਾਵਰ ਛਿੰਨਾ ਅੰਗ।
ਹਰੜ ਘੀਉ ਸੇ ਟਾਂਕ ਜੁ ਖਾਇ। ਗ੍ਰੰਥ ਸਹਸ੍ਰ ਨਿਤ ਪਠਵਾਇ ॥੪੭੮॥

੨੩੦੧. ‡ਕਕੜਸਿੰਙੀ, ਵਚ, ਸੁੰਢ, ਬਾਇਵੜਿੰਗ, ਸੌਂਫ, ਸਤਾਵਰ, ਗਿਲੋਯ ਤੇ ਹਰੜ ਦੀ ਛਿਲ ਪੀਹਕੇ ਘਿਉ ਨਾਲ ੪ ਮਾਸੇ ਪ੍ਰਮਾਣ ਨਿੱਤ ਚਟਾਵੇ ਤਾਂ ਉਹ ਬਾਲਕ ਹਜ਼ਾਰਾਂ ਗ੍ਰੰਥਾਂ ਦੇ ਪੜ੍ਹਨੇ ਹਾਰਾ ਹੋਵੇ ॥੪੭੮॥

?ਡਬਾਂ ਰੋਗ।

†ਬਾਲਕ ਦੀ ਆਯੂ ਦੇਖਕੇ ਮਾਤ੍ਰਾ ਕਲਪੇ, ਕਰਖ ਲਿਖਯਾ ਦੇਖਕੇ ਹੀ ਨਾ ਦੇਵੇ, ਇਸਦਾ ਅਸਲ ਭਾਵ ਇਹ ਕਿ ਜਦ ਕਰਖ ਮਾਤ੍ਰਾ ਖਾਣ ਦੀ ਆਯੂ ਦਾ ਬਾਲਕ ਹੋਵੇ ਤਦ ਖਲੌਣਾ ਅਰੰਭੇ।

‡ਸਿਖਰੀ–ਕਕੜਸਿੰਙੀ ਹੈ, ਦੇਖੋ ਚਕਿਤਸਾ ਕੋਸ਼।

Digitized by Panjab Digital Library | www.panjabdigilib.org

ਅਸਗੰਧਾ ਅਜਮੋਦਾ ਪਾਠ। ਤ੍ਰਿਕੁਟਾ ਕੁਸ਼ਟ ਜੁ ਸੇਂਧਾ ਮਾਠ ॥
੦ਬ੍ਰਹਮਬੀਜ ਮਿਸਿਵਚ ਮਧੁ ਘੀਯ। ਕਰਖਮਾਨ ਚਾਟਤ ਨਿਸ ਦੀਯ।
ਭੋਜਨ ਖੀਰ ਤਨਾ ਕਰਵਾਇ। ਮੂਕਪਨਾ ਬਾਲਕ ਕਾ ਜਾਇ।
ਏਕ ਸਹੰਸ੍ਰ ਪਠਤ ਸਾਲੋਕ। ਨਿਤ ਨਿਤ ਵਚਨ ਪ੍ਰਗਟ ਤਿਸ ਹੋਕ।

੨੩੦੨. ਅਸਗੰਧ, ਅਜਮੋਦ, ਪਾਠਾ ਮਘ, ਮ੍ਰਿਚ, ਸੁੰਢ, ਕੁਠਮਿੱਠੀ,ਸੇਂਧਾਲੂਣ ੦ਪਲਾਹ ਦੇ ਬੀਜ, ਸੌਂਫ, ਵਚ, ਸ਼ਹਿਤ ਤੇ ਘਿਉ ਪੀਹਕੇ ੧ ਤੋਲਾ ਨਿੱਤ ਰਾਤ ਨੂੰ ਚਟੇ ਤੇ ਭੋਜਨ ਖੀਰ ਦਾ ਕਰੇ ਤਾਂ ਬਾਲਕ ਦਾ ਗੁੰਗਪਨਾ ਜਾਵੇ, ਅਰ ਇਕ ਹਜ਼ਾਰ ਸਲੋਕ ਨਿੱਤ ਪੜ੍ਹ ਸਕੇ। ਨਿਤਾਪ੍ਰਤਿ ਤਿਸਦੇ ਵਚਨਾਂ ਦਾ ਚਮਤਕਾਰ ਪ੍ਰਗਟ ਹੁੰਦਾ ਆਵੇ ॥੪੭੯॥੪੮੦॥

ਬਲਾ ਵਰਚ ਆਛੀ ਪਿਸਵਾਇ। ਜੋਤਿਕ ਮਤਿ ਕਾ ਤੇਲ ਰਲਾਇ।
ਅਲਪ ਅਲਪ ਨਿਤਪ੍ਰਤਿ ਸਿਸੁਖਾਇ। ਚਾਰ ਨਿਖਕ ਲੌ ਚਟਤਾ ਜਾਇ।
ਮਧੁਰ ਪਥ੍ਯ ਨਿਰਵਾਤ ਕਰਾਇ। ਬ੍ਰਹਮਚਾਰਿ ਕਵਿ ਹੋਵੈ ਸਾਇ।
ਘਨੀ ਬੁਧਿ ਬਾਲਕ ਕੋ ਕਰੈ। ਸਕਲ ਬਾਤਸੁਨਿ ਚਿਤੈ ਧਰੈ ॥੪੮੩॥

੨੩੦੩. ਖਿਰੈਤੀ ਤੇ ਵਚ, ਚੰਗੀ ਤਰਾਂ ਬਰੀਕ ਪੀਹਕੇ ਮਾਲਕੰਗਣੀ ਦਾ ਤੇਲ ਉਸ ਵਿਚ ਮਿਲਾਕੇ ਥੋੜੀ ਥੋੜੀ ਨਿਤਾਪ੍ਰਤਿ ਬੱਚੇ ਨੂੰ ਖੁਆਇਆ ਕਰੇ। ਕ੍ਰਮ ਸੇ ੪ ਮਾਸੇ ਤਕ ਚੱਟਦਾ ਜਾਵੇ। ਪਿਛੋਂ ਮਿਠਾ ਪੱਥ ਨ੍ਰਿਬਾਤਥਾਨ ਰਹੇ ਤਾਂ ਅਜੇਹਾ ਕਰਨ ਵਾਲਾ ਬ੍ਰਹਮਚਾਰੀ ਕਵੀ ਹੁੰਦਾ ਹੈ। ਉਸ ਬਾਲਕ ਦੀ ਬਹੁਤ ਬੁਧੀ ਵਧੇ, ਗਲ ਸੁਣਦੇ ਸਾਰ ਹੀ ਚਿਤ ਵਿਚ ਧਾਰ ਲਵੇ॥੪੩੧ ਤੋਂ ੪੮੩॥

ਰਵਿ ਸਸਿ ਗ੍ਰਹਿਣੇ ਵਚਾ ਪੁਟਾਇ। ਤਾਂਕੋ ਪੀਸੀ ਘ੍ਰਿਤ ਸੋ ਖਾਇ।
ਸਾਤ ਦਿਵਸ ਮਹਿ ਪਠੈ ਸੁਜਾਨ। ਚੌਦਾਂ ਦਿਵ੍ਯਾ ਕਾ ਪਰਮਾਨ ॥੪੮੪॥

੨੩੦੪. ਸੂਰਜ ਯਾ ਚੰਦਰਮਾਂ ਦੇ ਗ੍ਰਹਿਣ ਵਿਚ ਵਚ ਪੁਟ ਕੇ ਰਖੇ, ਫਿਰ ਉਸ਼ਨੂੰ ਪੀਹਕੇ ਘ੍ਰਿਤ ਨਾਲ ਖੁਲਾਵੇ ਤਾਂ ਉਹ ਬਾਲਕ ਸਤਾਂ ਦਿਨਾਂ ਵਿਚ ਵਿਦ੍ਯਾ ਪੜ੍ਹੇ ॥੪੮੪॥

ਦੋਹਰਾ

ਏਤੇ ਯੋਗ ਕਹੇ ਪ੍ਰਗਟ ਵਿਦ੍ਯਾ ਕਰਨ ਪ੍ਰਮਾਨ।
ਦਸ ਹਜ਼ਾਰ ਮੰਤਰ ਸਹਿਤ ਭਿੰਨ ਭਿੰਨ ਸਿਧਮਾਨ ॥੪੮੫॥

੨੩੦੫. ਇਹ ਬੁਧੀ ਕਰਨ ਵਾਲੇ ਜਿਤਨੇ ਪ੍ਰਯੋਗ ਪ੍ਰਗਟ ਕੀਤੇ ਹਨ, ਇਨ੍ਹਾਂ ਪਰ ਭਿੰਨ ਭਿੰਨ ਦਸ ਹਜ਼ਾਰ ਇਹ ਮੰਤ੍ਰ ਪੜ੍ਹ ਲਏ ਤਾਂ ਸਿੱਧ ਹੁੰਦੇ ਜਾਣੇ ॥੪੮੫॥

੦ਬ੍ਰਹਮ ਬੀਜ–ਪਲਾਹ ਦੇ ਬੀਜ, ਦੇਖੋ ਔਸ਼ਧੀ ਕੋਸ਼।

Digitized by Panjab Digital Library | www.panjabdigilib.org

ਯਥਾ ਮੰਤ੍ਰ:-
"ਓਂ ਸ੍ਰ: ਹਯ ਸ੍ਰੀ ਵਾਗੇਸ੍ਵਰਾਯ ਨਮ: ।"

ਅਥ ਬਾਲਕ ਦੰਦ ਕ੍ਰੀੜੇ ਕੋ ਉਪਾਇ-ਦੋਹਰਾ

ਇਕ ਬਿੰਸਤਿ ਜੋ ਵਾਰਿ ਪਰ ਪੂੰਗੀ ਫਲ ਗਲ ਧਾਰ ।
ਇਸ ਮੰਤਰ ਕੇ ਯੋਗ ਤੇ ਦੰਤ ਕਰੀੜਤ ਟਾਰ ॥੪੮੬॥

੨੩੦੬. ਇਹਮੰਤ੍ਰ ੨੧ ਬਾਰ ਸੁਪਾਰੀ ਦੇ ਫਲ ਤੇ ਪੜ੍ਹਕੇ ਗਲ ਪਾਵੇ ਤਾਂ ਇਸ ਮੰਤ੍ਰ ਦੇ ਪ੍ਰਭਾਵ ਤੇ ਬਾਲਕ ਦੰਦ ਕ੍ਰੀੜਨੋ ਹਟੇ ॥੪੮੬॥

ਯਥਾ ਮੰਤ੍ਰ:—
"ਓਂ ਹਰ ਹਰ ਤਿਮਰ ਰੱਖਜਾ ਸ੍ਵਾਹਾ:"

ਦੋਹਰਾ

ਰਵਿ ਦਿਨ ਕੁਤਾ ਢਾਢ ਲੈ ਗੁਗਲ ਧੂਪ ਕਰੇਇ ॥
ਬਾਲਕ ਕੇ ਗਲ ਬਾਂਧੀਐ ਦੰਤ ਕ੍ਰੀੜ ਹਰੇਇ ॥੪੮੭॥

੨੩੦੭. ਐਤਵਾਰ ਦੇ ਦਿਨ ਕੁੱਤੇ ਦੀ ਦਾੜ੍ਹ ਲੈ ਕੇ ਗੁੱਗਲ ਦਾ ਧੂਪ ਦੇਵੇ । ਫਿਰ ਬਾਲਕ ਦੇ ਗਲ ਬੰਨ੍ਹੇ ਤਾਂ ਦੰਦਾ ਦਾ ਕ੍ਰੀੜਨਾ ਹਟੇ ॥੪੮੭॥

ਅਥ ਬਾਲਕ ਡਭਾ ਉਪਾਇ-ਦੋਹਰਾ

ਅਜਵਾਇਨ ਵਿਠ ਸਿਆਲਕੀ ਖਾਵਤ ਡਭਾ ਮਿਟਾਇ ।
ਚੋਕ ਲੌਂਗ ਗੁੰਜਾ ਭਖੈ ਸਿਸਕਾ ਡਭਾ ਨਸਾਇ ॥੪੮੮॥

੨੩੦੮. ਅਜਵਾਇਣ ਤੇ ਗਿੱਦੜ ਦਾ ਗੂਹ †ਖੁਲਾਵੇ ਤਾਂ ਡਭਾ ਜਾਵੇ ।
੨੩੦੯. ਚੋਕ, ਲੌਂਗ ਤੇ ਰਤਕਾਂ ਖੁਆਵੇ ਤਾਂ ਬਾਲਕ ਦਾ ਡਭਾ ਨਾਸ ਹੋਵੇ ॥੪੮੮॥

ਕੇਸਰ ਬੋਲ ਜੁ ਲੀਜੀਯੇ ਦੋ ਦੋ ਗੁੰਜਾਂ ਮਾਨ ।
ਚਾਰ ਗੁੰਜ ਲੈ ਏਲੂਵਾ ਗੋਲੀ ਸਾਤ ਵਖਾਨ ॥੪੮੯॥
ਪਾਨੀ ਸੇ ਘਸਿ ਕੀਜੀਯੇ ਪਾਨੀ ਪਯ ਵਾ ਮਾਤ ।
ਬਾਲਕ ਕੋ ਇਕ ਦੀਜੀਐ ਬਾਲ ਡਭਾ ਮਿਟ ਜਾਤ ॥੪੯੦॥

੨੩੧੦. ਕੇਸਰ, ਬੋਲਗੂੰਦ, ਇਹ ਦੋ ਦੋ ਰਤੀਆਂ, ਏਲੂਆਂ ੪ ਰਤੀਆਂ ਪਾਕੇ ਸਤ ਗੋਲੀਆਂ ਪਾਣੀ ਨਾਲ ਘੋਟ ਕੇ ਬਣਾਵੇ, ਫਿਰ ਪਾਣੀ ਨਾਲ ਯਾ ਮਾਂ ਦੇ ਦੁਧ ਨਾਲ ਬਾਲਕ ਨੂੰ ਇਕ ੨ ਦੇਵੇ ਤਾਂ ਡਭਾ ਨਾਸ ਹੋਵੇ ॥੪੮੯॥੪੯੦॥

---

†ਮਾਤ੍ਰਾ ਦਾ ਪ੍ਰਮਾਣ, ਆਯੂ ਪਰ ਕਰੇ ।

Digitized by Panjab Digital Library | www.panjabdigilib.org

ਬਾਲਕ‡ਬੁਰਨਾਵੀ ਉਪਾਇ—ਚੌਪਈ

ਗੇਰੂ ਹਰਦੀ ਕੜੂ ਮੰਗਾਇ। ਨੀਲ ਜੁ ਕੰਠਿ ਨਿੰਬ ਦਲ ਪਾਇ।
ਕਾਲੀ ਜੀਰੀ ਨਿੰਬ ਕੀ ਛਾਲ। ਰਕਤ ਚੰਦਨ ਕੌਵੇਰੀ ਡਾਲ ॥੪੯੧॥
ਗਾਜਨ ਮਾਟੀ ਧਾਤ੍ਰੀ ਫਲਾ। ਨਿੰਬ ਨੀਰ ਸਭ ਪੀਸੋ ਭਲਾ।
ਬੁਰਨਾਵੀਪਰ ਲੇਪ ਕਰਾਇ। ਮਿਟਬੁਰਨਾਵੀਸਿਸ ਸੁਖਥਾਇ ॥੪੯੨॥

੨੩੧੧. ਗੇਰੂ, ਹਲਧੀ, ਕੜੂ, ਨੀਲ ਕੰਠੀ ਬੂਟੀ, ਨਿੰਮ ਦੇ ਪੱਤੇ, ਕਾਲੀ ਜੀਰੀ, ਨਿੰਮ ਦੀ ਛਿੱਲ, ਰਕਤ ਚੰਦਨ, ਕੁੱਠ, ਗਾਚਨੀ ਮਿਟੀ ਤੇ ਆਵਲੇ ਇਹ ਸਭ ਨਿੰਮ ਦੇ ਪਾਣੀ ਨਾਲ ਘੋਟਕੇ ਬੁਰਨਾਵੀ ਪਰ ਲੇਪ ਕਰੇ ਤਾਂ ਬੁਰਨਾਵੀ ਮਿਟੇ ਬੱਚਾ ਸੁਖ ਪਾਵੇ।੪੯੧॥੪੯੨॥

ਬਾਲਕ †ਪੜਛਾਮਾ ਉਪਾਇ—ਦੋਹਰਾ

ਕ੍ਰਿਸ਼ਨ ਰਾਸਭਹਿ ਰਵਿ ਦਿਨੈ ਤਾਂ ਪਰ ਮੱਜਨ ਕੀਜ।
ਸਾਤ ਵੇਰ ਇਮ ਕੀਜੀਐ ਬਾਲਕ ਛਾਯਾ ਛੀਜ ॥੪੯੩॥

੨੩੧੨. ਕਾਲੇ ਖੋਤੇ ਉਤੇ ਐਤਵਾਰ ਦੇ ਦਿਨ (ਦੁਪਹਿਰ ਨੂੰ) ਬਾਲਕ ਨੂੰ ਸਨਾਨ ਕਰਾਵੇ। ਇਸ ਤਰਾਂ ੭ ਦਿਨ ਕਰੇ ਤਾਂ ਬਾਲਕ ਦਾ ਪਛੜਾਮਾ ਨਾਸ ਹੋਵੇ ॥੪੯੩॥

ਬਾਲ ਰੋਗੇ ਪੱਥ—ਚੌਪਈ

ਪਥਜ ਕਹਜੋ ਨਰ ਜ੍ਵਰ ਮੰਝਾਰ। ਸੋ ਬਾਲਕ ਕੇ ਤਪਕੋ ਧਾਰ।
ਪਥਜ ਅਪਥਜ ਸਕਲ ਵਿਧ ਤੇਹ। ਜੋ ਦੇਖੇ ਸੋਈ ਵਿਧਿ ਲੇਹ ॥੪੯੪॥

੨੩੧੩. ਜੇਹੜਾ ਪੱਥ ਆਦਮੀ ਦੇ ਤਪ ਵਿੱਚ ਕਿਹਾ ਹੈ, ਓਹ ਬਾਲਕ ਦੇ ਤਪ ਭੀ ਜਾਣੇ। ਹੋਰ ਭੀ ਪੱਥ ਤੇ ਅਪੱਥ ਓਸੇ ਤਰਾਂ ਆਦਮੀ ਵਾਲੇ ਜਾਨਣੇ। ਜੇਹਾ ਰੋਗ ਦੇਖੇ ਤੇਹਾ ਹੀ ਦੇਵੇ ॥੪੯੪॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘ ਰਾਜ ਵਿਚਰਤੇ ਪੁਰਖ,
ਇਸਤ੍ਰੀ, ਬਾਲਕ ਚਕਿਤਸਾ ਨਾਮ ਏਕਾ ਦਸਮੋ ਧਜਾਇ ॥੧੧॥

ਯਾਰ੍ਹਵਾਂ ਧਜਾਯ ਸਮਾਪਤ ॥੧੧॥

****

‡ਇਸ ਰੰਗ ਨਾਲ ਸਰੀਰ ਪੱਕ ਜਾਂਦਾ ਹੈ, ਇਸਨੂੰ ਫਿਟਮੂੰਹੀ ਭੀ ਆਖਦੇ ਹਨ।

†ਪਛੜਾਮਾ=ਕਿਸੀ ਦੀ ਛਾਯਾ ਨੂੰ ਨਹੀਂ ਕਿਹਾ ਜਾਂਦਾ ਹੈ, ਇਹ ਰੋਗ ਹੈ,ਇਸ ਨਾਲ ਨਿੱਤ ਨਿੱਤ ਬਚਾ ਸੁਕਦਾ ਜਾਂਦਾ ਨਿਰਾ ਛਾਯਾ ਮਾਤ੍ਰ ਰਹਿ ਜਾਂਦਾ ਹੈ ਇਸਦੀ ਪ੍ਰੀਖਆ ਨਿਰਮਲ ਸਹਿਤਾ ਵਿਚੋਂ ਦੇਖੋ।

Digitized by Panjab Digital Library | www.panjabdigilib.org

ਅਥ ਬਾਰਵਾਂ ਅਧਯਾਯ

ਮਿਸ੍ਰਤ ਅਧਯਾਯ ਬਰਨਨੰ

ਦੋਹਰਾ

ਅਲਖ ਪੁਰਖ ਅਰ ਸਾਰਦਾ ਗੁਰ ਗਨੇਸ਼ ਸਭ ਸੰਤ।
ਚਰਨ ਨਮੋਂ ਇਨਕੇ ਸਕਲ ਮਿਸ੍ਰਤ ਧਯਾਇ ਭਣੰਤ ॥੧॥

ਜੇਹੜਾ ਲਖਯਾ ਨਾ ਜਾਵੇ,ਐਸਾ ਪੂਰਨ ਪਰਮਾਤਮਾਂ, ਸਰਸ੍ਵਤੀ, ਗੁਰੂ, ਗਣੇਸ਼ ਅਰ ਸਭੇ ਸੰਤ, ਇਨ੍ਹਾਂ ਦੇ ਚਰਨਾਂ ਨੂੰ ਨਮਸਕਾਰ ਕਰਕੇ ਰਲਿਆ ਮਿਲਿਆ ਅਧਯਾਯ ਬਰਨਨ ਕਰਦਾ ਹਾਂ ॥੧॥

ਸਥਾਵਰ ਜੰਗਮਾਦਿ ਵਿਖ ਉਪਾਇ (ਰਸਰਤਨਾਕਰਾਤ)–ਦੋਹਰਾ

ਜੀਆ ਪੋਤਾ ਮਜ ਜਲ ਪੀਸੀ ਨਾਵਨ ਅੰਜ।
ਖਾਵਤ ਅਥਵਾ ਲੇਪੀਐ ਸਰਵ ਜਹਰ ਕੋ ਭੰਜ ॥੨॥
ਨਿਖਕ ਮਾਨ ਪਰਮਾਨ ਘਸ ਰਸਰਤਨਾਕਰ ਬਾਤ।
ਥਾਵਰ ਜੰਗਮ ਕ੍ਰੂਰ ਵਿਖ ਕ੍ਰਿਤਿਮ ਭੀ ਮਿਟ ਜਾਤ ॥੩॥

੨੩੧੪. ਜ ਿਏ ਪੋਤੇ ਦੀ ਗਿਰੀ ਜਲ ਨਾਲ ਪੀਹਕੇ ਨਸਵਾਰ ਦੇਵੇ, ਯਾ:-

੨੩੧੫. ਜੀਏ ਪੋਤੇ ਦੀ ਗਿਰੀ ਜਲ ਨਾਲ ਪੀਹਕੇ ਨੇਤ੍ਰੀਂ ਅੰਜਨ ਪਾਵੇ, ਯਾ:-

੨੩੧੬. ਜੀਏ ਪੋਤੇ ਦੀ ਗਿਰੀ ਜਲ ਨਾਲ ਪੀਹਕੇ ਖਾਵੇ, ਯਾ:-

੨੩੧੭. ਜੀਹੇ ਪੋਤੇ ਦੀ ਗਿਰੀ ਜਲ ਨਾਲ ਪੀਹਕੇ ਲੇਪ ਕਰੇ ਤਾਂ ਸਭਤਰਾਂ ਦੀ ਥਾਵਰ (ਪਥਰਾਦਿ ਦੀ) ਜ਼ਹਰ, ਜੰਗਮ (ਬਿਛੂ ਆਦਿ ਦੀ) ਜ਼ਹਰ ਭਾਵੇਂ ਕਿਤਨੀ ਕ੍ਰੂਰ ਹੋਵੇ, ਨਾਸ ਕਰੇ । ਪਰੰਤੂ ਲੇਪ ਦੀ ਮਾਤ੍ਰਾ ੪ ਮਾਸੇ ਪ੍ਰਮਾਣ ਘਿਸਾਕੇ ਲਾਵੇ ਤਾਂ ਥਾਵਰ ਜੰਗਮ਼ ਅਤੇ ਕ੍ਰਿਤਮ ਵਿਚ ਸਭੋ ਨਾਸ ਹੋਵੇ ॥੩॥

Digitized by Panjab Digital Library | www.panjabdigilib.org

ਸਰਪੰਖਾ ਪੰਚਾਂਗ ਲੈ ਦੇਵਦਾਲ ਸਰਬੰਗ।
ਨਰ ਮੂਤਰ ਸੋ ਦੀਜੀਐ ਵਿਖ ਸਭ ਹੋਵਤ ਭੰਗ ॥੪॥
ਸਾਬਣ ਟੰਕਣ ਤੁਥ ਵਚ ਫਲਕੁੰਡੀ ਨਿਸਿ ਜਾਨ।
ਏਕ ਏਕ ਨਰ ਮੂਤ੍ਰ ਸੋ ਦੇਵਤ ਵਿਖ ਕੀ ਹਾਨ ॥੫॥
ਟੰਕਣ ਦੇਵ ਜੁ ਦਾਲ ਹੀ ਜਲ ਸੋਂ ਵਿਖ ਕੀ ਹਾਨ।
ਦੇਵ ਦਾਲ ਤਤ੍ਰਖਣ ਪਿਸੀ ਨਾਸ ਦੇਤ ਵਿਖ ਭਾਨ ॥੬॥
ਗਿਰ ਕਰਣੀ ਜੋ ਸ੍ਵੇਤ ਹੁਇ ਤਾਸ ਮੂਲ ਦਲ ਲੇਇ।
ਪੀਸੀ ਪੀਵਤ ਵਿਖ ਮਿਟਤ ਕਾਲ ਗ੍ਰਸਤ ਬਚ ਜੋਇ ॥੭॥
ਯਾਂਕੋ ਪੀਸੀ ਲੇਪੀਐ ਢੋਲ ਵਾਂਸ ਮਿਰਦੰਗ।
ਸਬਦ ਸੁਨੀ ਵਿਖ ਜਾਤ ਹੈ ਕਾਲ ਦ੍ਰਿਸ਼ਟਿ ਹੁਇ ਚੰਗ ॥੮॥
ਜੇਤੇ ਯੋਗ ਕਹੇ ਪ੍ਰਗਟ ਬਿਨ ਮੰਤ੍ਰਨ ਕੋ ਨਾਹਿ।
ਇਕ ਵਿੰਸਤ ਮੰਤ੍ਰਨ ਪੜ੍ਹੀ ਸਿਧ ਕਾਜ ਜਗਤਾਹਿ ॥੯॥

੨੩੧੮. ਸਰਪੰਖਾ ਦਾ ਪੰਚਾਂਗ, ਯਾ:—

੨੩੧੯. ਘਘਰਵੇਲ ਦਾ ਪੰਚਾਂਗ, ਆਦਮੀ ਦੇ ਮੂਤ੍ਰ ਨਾਲ ਘੋਟਕੇ ਦੇਵੇ ਤਾਂ ਸਭ ਤਰਾਂ ਦੀ ਵਿਖ ਨਾਸ਼ ਹੋਵੇ।

੨੩੨੦. ਸਾਬੁਣ ਆਦਮੀ ਦੇ ਮੂਤ੍ਰ ਵਿਚ ਘੋਟਕੇ, ਯਾ:-

੨੩੨੧. ਸੁਹਾਗਾ ਆਦਮੀ ਦੇ ਮੂਤ੍ਰ ਵਿਚ ਘੋਟਕੇ, ਯਾ:-

੨੩੨੨. ਨੀਲਾ ਥੋਥਾ ਆਦਮੀ ਦੇ ਮੂਤ੍ਰ ਵਿਚ ਘੋਟਕੇ, ਯਾ:-

੨੩੨੩. ਵਚ ਆਦਮੀ ਦੇ ਮੂਤ੍ਰ ਵਿੱਚ ਘੋਟਕੇ ਯਾ:-

੨੩੨੪. ਘਘਰਵੇਲ †ਦਾ ਫਲ ਆਦਮੀ ਦੇ ਮੂਤ੍ਰ ਵਿੱਚ ਘੋਟਕੇ, ਯਾ:-

੨੩੨੫. ਹਲਧੀ ਆਦਮੀ ਦੇ ਮੂਤ੍ਰ ਵਿਚ ਘੋਟਕੇ, ਇਨਾਂ ਵਿਚੋਂ ਇੱਕ ਇੱਕ ਚਾਹੋ ਕੋਈ ਦੇਵੇ ਸਭੋ ਵਿਖ ਨਾਸ ਹੋਵੇ।

੨੩੨੬. ਸੁਹਾਗਾ ਘੱਘਰਵੇਲ ਦਾ ਫਲ ਜਲ ਨਾਲ ਘੋਟ ਪਿਲਾਵੈ ਤਾਂ ਵਿਖ ਨਾਸ਼ ਕਰੇ।

੨੩੨੭. ਘਘਰਵੇਲ ਦਾ ਫਲ ਤੇ ਤ੍ਰਿਕਟੇ (ਮਘ, ਮ੍ਰਿਚ, ਸੁੰਢ) ਦੀ ਨਸਵਾਰ ਦੇਵੇ ਤਾਂ ਵਿਖ ਨਾਸ ਹੋਵੇ।

੨੩੨੮. ਚਿੱਟੇ ਫੁੱਲ ਵਾਲੀ ਹਰਮਲ ਦੀ ਜੜ੍ਹ ਤੇ ਪੱਤੇ ਪੀਹਕੇ ਪੀਵੇ ਤਾਂ ਵਿਖ ਵਾਲਾ ਕਾਲਗ੍ਰਸਤ ਬੀ ਅਛਾ ਹੋਵੇ।

੨੩੨੯. ਅਰ: ਇਸੇ ਨੂੰ ਪੀਹਕੇ ਢੋਲ, ਬਾਂਸਰੀ, ਅਥਵਾ ਜੋੜੀ ਪਰ ਲੇਪ ਕਰੇ ਤਾਂ ਇਨ੍ਹਾਂ ਵਾਜਿਆਂ

---

†ਫਲ ਕੁੰਡਾ-ਘਘਰਵੇਲ ਦਾ ਫਲ ਹੈ, ਦੇਖੋ ਰਸਰਤਨਾਕਰ।

Digitized by Panjab Digital Library | www.panjabdigilib.org

ਦਾ ਸ਼ਬਦ ਸੁਣਦਿਆਂ ਹੀ ਬਿਖ ਉਤਰੇ ਅਰ ਸੱਪ ਦਾ ਡੰਗ ਬੀ ਅੱਛਾ ਹੋਵੇ। ਜਿਤਨੇ ਯੋਗ (ਨੁਸਖੇ) ਪ੍ਰਗਟ ਕੀਤੇ ਹਨ, ਬਿਨਾਂ ਮੰਤ੍ਰਿਤ ਕੀਤੇ ਕੁਛ ਨਹੀਂ ਹਨ, ਇਨ੍ਹਾਂ ਪ੍ਰਯੋਗਾਂ ਉਪਰ ੨੧ ਵਾਰ ਮੰਤ੍ਰ ਪੜ੍ਹਕੇ ਮੰਤ੍ਰਿਤ ਕਰੇ, ਤਾਂ ਸਭ ਕਾਰਜ ਸਿਧ ਕਰਨੇ ਹਾਰੇ ਇਹ ਪ੍ਰਯੋਗ ਹੋ ਜਾਂਦੇ ਹਨ ॥੪ ਤੋਂ ੯॥

ਯਥਾ‡ ਮੰਤ੍ਰ:-

ਓਂ ਨਮੋ ਭਗਵਤੇ ਉਡਾਮਰੇਸ੍ਵਰ ਕਵਿਚ ਅਮ੍ਰਿਤ ਜਟਾਹ, ਠਾ: ਠਾ:

ਅਥ ਸਰਪ ਵਿਖ ਉਪਾਇ (ਰਸਰਤਨਾਕਰਾਤ)—ਚੌਪਈ

ਪਾਰਦ ਗੰਧਕ ਟੰਕਣ ਨਿਸਾ। ਨੀਲਾ ਥੋਥਾ ਆਨੀ ਦਸਾ।
ਦੇਵਦਾਲ ਰਸੁ ਮਰਦੋ ਯਾਮ। ਚਾਰ ਟੰਕ ਇਕ ਭਖੀਯੇ ਆਮ ॥੧੦॥
ਕਾਲਵਜ੍ਰਾਸਨਿ ਰਸ ਇਸ ਨਾਮ। ਸਰਬ ਜਹਿਰ ਕੇ ਆਵਤ ਕਾਮ।
ਨਰਹਿ ਮੂਤ੍ਰ ਸੋ ਪੀਵਤ ਜੋਇ। ਕਾਲ ਦੰਸਟ੍ਰ ਭੀ ਜੀਵਤ ਸੋਇ ॥੧੧॥

੨੩੩੦. ਪਾਰਾ: ਗੰਧਕ, ਸੁਹਾਗਾ, ਹਲਧੀ ਤੇ ਨੀਲਾ ਥੋਥਾ, ਇਨ੍ਹਾਂ ਨੂੰ ੧ ਪਹਿਰ ਤਕ ਘੱਗਰਵੇਲ ਦੇ ਰਸ ਵਿਚ ਘੋਟੇ, ਫਿਰ ਇਸ ਵਿਚੋਂ ੪ ਟੰਕ ਖਾਵੇ। ਇਸਦਾ ਨਾਮ "ਕਾਲ ਬਜ੍ਰਾਨਿਰਸ" ਹੈ। ਸਭ ਤਰਾਂ ਦੀ ਜ਼ਹਿਰ ਦੇ ਕੰਮ ਔਂਦਾ ਹੈ ਜੇਹੜਾ ਇਸਨੂੰ ਆਦਮੀ ਦੇ ਮੂਤ੍ਰ ਨਾਲ ਪੀਵੇ ਓਹ ਸੱਪ ਦਾ ਡੰਗਿਆ ਬੀ ਜਾਵੇ ॥੧੦॥੧੧॥

ਦੋਹਰਾ

ਸ੍ਵੇਤ ਅਪਰਾਜਿਤ ਮੂਲ ਲੈ ਦੇਵਦਾਲ ਜੜ ਪੀਸ।
ਜਲ ਸਿਉ ਨਾਵਨ ਦੀਜੀਏ ਸਰਬ ਦੰਸਟ ਬਚ ਈਸ ॥੧੨॥

੨੩੩੧. ਚਿਟੀ ਹਰਮਲ ਦੀ ਜੜ੍ਹ ਤੇ ਘਘਰ ਵੇਲ ਦੀ ਜੜ੍ਹ ਪੀਹਕੇ ਜਲ ਨਾਲ ਨਸਵਾਰ ਦੇਵੇ ਤਾਂ ਸਭਤਰਾਂ ਦੀ ਜ਼ਹਿਰ ਨਾਸ ਕਰੇ ॥੧੨॥

ਟੰਕਣ ਪੀਸੋ ਪਾਨੀ ਸੰਗ। ਅਰਕ ਮੂਲ ਜਲ ਸੋ ਪਿਸਿ ਅੰਗ।
ਨਾਵਨ ਦੇਵੇ ਯੋਗ ਸੁ ਦੋਇ। ਕਾਲ ਦੰਸਟ ਜੀਵਤ ਨਰ ਸੋਇ ॥੧੩॥

੨੩੩੨. ਸੁਹਾਗਾ ਪਾਨੀ ਨਾਲ ਪੀਹੇ ਯਾ:-

੨੩੩੩. ਅੱਕ ਦੀ ਜੜ੍ਹ ਜਲ ਨਾਲ ਪੀਹੇ, ਇਸਤਰਾਂ ਦੋਹਾਂ ਯੋਗਾਂ ਵਿਚੋਂ ਇਕ ਦੀ ਨਸਵਾਰ ਦੇਵੇ ਤਾਂ ਸਪ ਦਾ ਡੰਗਿਆ ਪੁਰਖ ਜੀਵੇ ॥੧੩॥

ਟੰਕਣ ਔਰ ਮੂਸਲੀ ਦੇਇ। ਜਲ ਸੋਂ ਵਿਖ ਭਾਗੈ ਅਹਿ ਦੇਇ।
ਸੇਂਧਵ ਨਰਕੇ ਮੂਤ੍ਰ ਪਿਲਾਇ। ਅਹਿਕੀ ਵਿਖ ਸਭ ਦੂਰ ਪਰਾਇ ॥੧੪॥

੨੩੩੪. ਸੁਹਾਗਾ ਅਰ ਮੂਸਲੀ ਜਲ ਨਾਲ ਦੇਵੇ ਤਾਂ ਸੱਪ ਦੀ ਵਿਖ ਨਾਸ਼ ਹੋਵੇ।

---

‡ਅਜਕਲ ਇਹ ਮੰਤਰ ਰਸਰਤਨਾਕਰ ਵਿਚ ਨਹੀਂ ਮਿਲਦਾ।

Digitized by Panjab Digital Library | www.panjabdigilib.org

੨੩੩੫. ਸੇਂਧਾ ਨਿਮਕ ਆਦਮੀ ਦੇ ਪੇਸ਼ਾਬ ਨਾਲ ਪਿਲਾਵੇ ਤਾਂ ਸੱਪ ਦੀ ਜ਼ਹਿਰ ਨਾਸ਼ ਕਰੇ॥੧੪॥

ਕਟੁ ਤੂੰਬੀ ਜੜ੍ਹ ਪੀਸੋ ਸਹੀ। ਗਊ ਮੂਤ ਸੋਂ ਗੋਲੀ ਕਹੀ।
ਛਾਇ ਸੁਕਾਇ ਸੁ ਨਰਕੇ ਮੂਤ। ਗੋਮੂਤਰ ਜੀਰਣ ਘ੍ਰਿਤ ਦੂਤ ॥੧੫॥
ਇਨਸੇ ਖਾਵਤ ਨਰ ਜੋ ਕੋਇ। ਜੀਵਤ ਨਰ ਤਿਸ ਦੁਖ ਨਹਿ ਹੋਇ।
ਸਰਬ ਜਹਰ ਕਾ ਨਾਸ ਕਰਾਇ। ਰਸਰਤਨਾਕਰ ਏਮ ਕਹਾਇ ॥੧੬॥

੨੩੩੬. ਕੌੜੀ ਤੂੰਬੀ ਦੀ ਜੜ੍ਹ ਪੀਹੇ, ਅਰ ਗਊ ਮੂਤ੍ਰ ਵਿਚ ਗੋਲੀ ਕਰੇ, ਛਾਵੇਂ ਸੁਕਾ ਕੇ ਫੇਰ ਆਦਮੀ ਦੇ ਮੂਤ੍ਰ ਨਾਲ, ਯਾ ਗਊ ਮੂਤ੍ਰ ਨਾਲ ਤੇ ਪੁਰਾਣੇ ਘਿਉ ਨਾਲ, ਇਕ ਚਾਹੇ ਕਿਸੇ ਨਾਲ ਖੁਲਾਵੇ ਤਾਂ ਪੁਰਖ ਜੀਉਂਦਾ ਹੈ, ਸਭ ਤਰਾਂ ਦੀ ਜ਼ਹਿਰ ਦਾ ਨਾਸ ਕਰਦਾ ਹੈ । ਇਹ ਰਸਰਤਨਾਕਰ ਵਿਚ ਕਿਹਾ ਹੈ ॥ ੧੬ ॥

ਨਿਸਾ ਕ੍ਵਾਥ ਗੋ ਦੂਧ ਮਿਲਾਇ। ਸਰਬ ਜਹਿਰ ਕਾ ਨਾਸ ਕਰਾਇ।
ਕੁਸ਼ਟ ਨਿਸਾ ਕ੍ਵਾਥੀ ਪੈ ਮੇਲ। ਸਰਬ ਜਹਰ ਕੋ ਦੇਵੈ ਠੇਲ ॥੧੭॥

੨੩੩੭. ਹਲਦੀ ਦਾ ਕਾੜ੍ਹਾ, ਗਊ ਦਾ ਦੁਧ ਪਾਕੇ ਕਰੇ, ਪੀਵੇ ਤਾਂ ਸਭ ਤਰਾਂ ਦੀ ਜ਼ਹਿਰ ਨਾਸ ਕਰੇ, ਯਾ:—

੨੩੩੮. ਕੁਠ ਤੇ ਹਲਧੀ ਦਾ ਕਾੜ੍ਹਾ ਕਰੇ ਪਿਲਾਵੇ ਤਾਂ ਸਭਤਰਾਂ ਦੀ ਜ਼ਹਿਰ ਦਾ ਨਾਸ ਕਰੇ, ਸੱਪ ਦੀ ਜ਼ਹਿਰ ਨੂੰ ਰੋਕੇ ॥੧੭॥

੨੩੩੯. ਕੁੱਠ, ਹਲਧੀ, ਇਹ ਦੋਨੋਂ ਸ਼ਹਿਤ, ਘਿਉ ਨਾਲ ਚੱਟੇ ਤਾਂ ਸਭ ਤਰਾਂ ਦੀ ਜ਼ਹਿਰ ਦੇ ਬਾਰਾਂ ਟੁਕੜੇ ਕਰੇ ॥੧੭॥

ਕੁਸ਼ਟ ਨਿਸਾ ਮਧ ਘ੍ਰਿਤ ਸੋ ਚਾਟ। ਸਰਬ ਜਹਰ ਹੋਇ ਬਾਰਾਂ ਬਾਟ।
ਕਟਕ ਤੂੰਬਰੀ ਕ੍ਵਾਥ ਕਰਾਇ।ਮਧ ਘ੍ਰਿਤ ਪੀਵੇ ਵਿਖ ਨਸ ਜਾਇ ॥੧੮॥
ਕਹੇ ਯੋਗ ਇਨਕਾ ਹੋਇ ਮੰਤ੍ਰ। ਇਕ ਵਿੰਸਤ ਵਾਰੀ ਪਠ ਤੰਤ੍ਰ।
ਸਿਧ ਹੋਤ ਤਬ ਜਾਨੋ ਸਹੀ। ਰਸਰਤਨਾਕਰ ਐਸੇ ਕਹੀ ॥੧੯॥

੨੩੪੦. ਕੌੜੀ ਤੂੰਬੀ ਦਾ ਕਾੜ੍ਹਾ ਕਰਕੇ ਸ਼ਹਿਤ ਘੇਉ ਪਾਕੇ ਪੀਵੇ ਤਾਂ ਸਭ ਤਰਾਂ ਦੀ ਜ਼ਹਿਰ ਨਸਾਵੇ ॥ ੧੮ ॥

ਪਰੰਤੂ ਇਹ ਜੋਹੜੇ ਯੋਗ ਕਹੇ ਹਨ, ਇਨ੍ਹਾਂ ਦਾ ਮੰਤ੍ਰਿਤ ਹੋਣਾ ਜ਼ਰੂਰੀ ਹੈ । ਸੋ ਇਹ ਮੰਤ੍ਰ ੨੧ ਬਾਰ ਪੜ੍ਹੇ ਤਾਂ ਸਿਧ ਹੋ ਜਾਂਦੇ ਹਨ, ਇਹ ਰਸਰਤਨਾਕਰ ਵਿਚ ਕਿਹਾ ਹੈ ॥੧੯॥

ਯਥਾ ਮੰਤ੍ਰ:—

"ਓਂ ਸ਼ਤਾਵਰੀਕਾ ਤਿਯ ਸੰਜਵੇ ਸ੍ਵਾਹਾ"

ਪਾਤਾਲ ਗਰੜ ਕਾ ਮੂਲ ਲੈ ਘਰ ਮਹਿ ਦੈ ਲਮਕਾਇ।
ਸਰਪ ਦੇਖ ਦੂਰਹਿ ਭਜਤ ਬਹੁਰਿ ਨ ਫਿਰਕੈ ਆਇ ॥੨੦॥

Digitized by Panjab Digital Library | www.panjabdigilib.org

੨੩੪੧. ਛਿਲਹਿੰਟਾ ਦੀ ਜੜ ਲੈਕੇ ਘਰ ਵਿਚ ਛਣ ਨਾਲ ਲਮਕਾ ਛਡੇ ਤਾਂ ਸੱਪ ਦੇਖਕੇ ਦੂਰ ਭਜ ਜਾਂਦਾ ਹੈ; ਮੁੜ ਘਰ ਨਹੀਂ ਆਉਂਦਾ ॥੨੦॥

ਮੰਤਰਸੋ ਮੰਤ੍ਰੀ ਕਰੀ ਸਪਤ ਵਾਰ ਪ੍ਰਮਿ ਦੂਧ।
ਘਰ ਮੈ ਡਾਰੇ ਤਤਛਿਨੈ ਸਰਪ ਜਾਤ ਨਸ ਸੂਧ ॥੨੧॥

੨੩੪੨. ਏਸ ਮੰਤ੍ਰ ਨਾਲ ਮੰਤ੍ਰਿਆ ਹੋਯਾ ੭ ਬਾਰ ਪੜ੍ਹਕੇ ਦੁਧ ਘਰ ਵਿਚ ਛਿੜਕੇ ਤਾਂ ਸੱਪ ਭਜ ਜਾਂਦਾ ਹੈ ॥੨੧॥

ਯਥਾ ਮੰਤ੍ਰ:-
"ਓਂ ਉਸ਼ਨ: ਸਰਪਜ: ਕੁਲਾਯ ਸ੍ਵਾਹਾ"

ਦੋਹਰਾ

ਜੀਆ ਪੋਤਾ ਮੱਜ ਲੈ ਗੋ ਪਯ ਲੇਪ ਕਰਾਇ।
ਅਰ ਅੰਜਨ ਦ੍ਰਿਗ ਕੀਜੀਏ ਸਰਪ ਜਹਿਰ ਮਿਟ ਜਾਇ ॥੨੨॥

੨੩੪੩. ਜੀਏ ਪੋਤੇ ਦੀ ਗਿਰੀ ਲੈ ਕੇ ਗੋਕੇ ਦੁਧ ਵਿਚ ਕਰੇ ਅਰ ਨੇਤ੍ਰਾਂ ਵਿਚ ਅੰਜਨ ਕਰੇ ਤਾਂ ਸੱਪ ਦੀ ਜ਼ਹਰ ਮਿਟ ਜਾਵੇ ॥੨੨।

ਬ੍ਰਿਸਚਕ (ਬਿਛੂ) ਵਿਖ ਉਪਾਇ-ਦੋਹਰਾ

ਰਾਸਭ ਸਿਰ ਵਾ ਪੂੰਛਕੇ ਵਾਰ ਧੂੰਮ ਜੁ ਕਰਾਇ।
ਬ੍ਰਿਸਚਕ ਵਿਖ ਨਾਸੈ ਸਹੀ ਕਹਿਤ ਮੇਘ ਸਤ ਭਾਇ ॥੨੩॥

੨੩੪੪, ਗਧੇ ਦੇ ਸਿਰ ਯਾ ਪੂਛ ਦੇ ਰੋਮਾਂ ਦਾ ਧੂੰਆਂ ਦੇਵੇ ਤਾਂ ਬਿੱਛੂ ਦੀ ਬਿਖ ਨਿਸਚੇ ਜਾਵੇ॥੨੩॥

ਚੌਪਈ

ਮੋਰ ਪਰੇਵਾ ਕੁਰਕਟ ਬੀਠ। ਅਰਕ ਜਟਾ ਚਾਰੋ ਕੋ ਪੀਸ।
ਧੂਪ ਕਰਾਵੇ ਨਰ ਅਰੁ ਨਾਰਿ। ਬ੍ਰਿਸਚਕ ਅਹਿ ਸਬ ਬਿਖਕੋਟਾਰ ॥੨੪॥

੨੩੪੫. ਮੋਰ ਕਬੂਤ੍ਰ ਤੇ ਕੁੱਕੜ ਇਨ੍ਹਾਂ ਦੀ ਵਿੱਠ ਅਰ ਅੱਕ ਦੀ ਜੜ ਇਨ੍ਹਾਂ ਚੌਹਾਂ ਨੂੰ ਪੀਹ ਲਵੇ। ਇਸਦਾ ਪੁਰਖ ਅਥਵਾ ਇਸਤ੍ਰੀ ਨੂੰ ਧੂਪ ਦੇਵੇ ਤਾਂ ਬਿਛੂ ਦੀ ਵਿਖ ਅਰ ਸੱਪ ਦੀ ਜ਼ਹਰ ਸ਼ਭ ਨੂੰ ਨਾਸ ਕਰੇ ॥੨੪॥

ਰਜਨੀ ਚੂਰਨ ਧੂਪ ਦੈ ਬ੍ਰਿਸਚਕ ਵਿਖ ਨ ਰਹਾਇ।
ਕੇਸ ਅਸ੍ਵਕੇ ਸਾੜਕੇ ਧੂਪੇ ਜਹਿਰ ਮਿਟਾਇ ॥੨੫॥

੨੩੪੬. ਹਲਧੀ ਦੇ ਚੂਰਣ ਦਾ ਧੂਪ ਦੇਵੇ ਤਾਂ ਬਿਛੂ ਦੀ ਵਿਖ ਨਾਸ ਹੁੰਦੀ ਹੈ।
੨੩੪੭. ਘੋੜੇ ਦੇ ਵਾਲ ਸਾੜਕੇ ਧੂਪ ਦੇਵ ਤਾਂ ਜ਼ਹਰ ਜਾਂਦੀ ਹੈ ॥੨੫॥

ਸਿਖਿ ਕੁਰਕਟ ਕੇ ਪਾਂਖ ਲੈ ਸੇਂਧਾ ਸਰਖਪ ਤੇਲ।

Digitized by Panjab Digital Library | www.panjabdigilib.org

ਧੂਪ ਦੇਤ ਵਿਖ ਜਾਤ ਹੈ ਬ੍ਰਿਸਚਕ ਅਹਿਵਿਖ ਠੇਲ ॥੨੬॥

੨੩੪੮. ਮੋਰ ਤੇ ਕੁੱਕੜ ਦੇ ਖੰਭ, ਸੇਂਧਾਲੂਣ ਤੇ ਸਰ੍ਹੋਂ ਦਾ ਤੇਲ, ਇਨ੍ਹਾਂ ਦਾ ਧੂੰਆਂ ਦੇਣ ਤੇ ਬਿੱਛੂ ਤੇ ਸੱਪ ਦੀ ਜ਼ਹਰ ਨਹੀਂ ਠਹਿਰ ਸੱਕਦੀ ॥੨੬॥

ਚੌਪਈ

ਕੇਸ ਨਿੰਬ ਦਲ ਲੈ ਹਰਤਾਲ। ਲਵਨ ਘੀਉ ਧੂਪੇ ਤਤਕਾਲ।
ਮੋਰਪਾਂਖ ਘ੍ਰਿਤ ਧੂਪ ਕਰਾਇ। ਦੋਊ ਯੋਗ ਬ੍ਰਿਸਚਕ ਵਿਖ ਜਾਇ ॥੨੭॥

੨੩੪੯. ਰੋਮ, ਨਿੰਮ ਦੇ ਪੱਤਰੇ, ਵਰਕੀਆਂ ਹੜਤਾਲ, ਲੂਣ ਤੇ ਘੇਉ ਲੈਕੇ ਛਤੀ ਧੂਪ ਦੇਵੇ। ਯਾ:

੨੩੫੦. ਮੋਰ ਦੇ ਖੰਭ ਤੇ ਘਿਉ ਦੀ ਛੇਤੀ ਧੂਣੀ ਧੁਖਾਕੇ ਦੇਵੇ, ਇਨਾਂ ਦੋਹਾਂ ਯੋਗਾਂ ਤੇ ਬਿਛੂ ਦੀ ਜ਼ਹਿਰ ਨਾਸ ਹੁੰਦੀ ਹੈ ॥੨੭॥

(ਵੰਗਸੇਨਾਤ)—ਦੋਹਰਾ

ਅਖਤ ਜਲ ਸੋਂ ਪੀਸਕੈ ਬੰਸ ਬੀਜ ਲੈ ਲਾਇ।
ਬਿਛੂ ਬਿਖ ਸਭ ਜਾਤ ਹੈ ਬੰਗਸੈਨ ਮਤ ਭਾਇ ॥੨੮॥
ਦਲ ਕਪਾਸ ਕੇ ਪੀਸਕੈ ਬੰਸ ਬੀਜ ਲੈ ਲਾਇ।
ਮੋਰਪੰਖ ਘ੍ਰਿਤ ਹਿੰਗ ਲਿਪ ਬਿੱਛੂ ਕੀ ਵਿਖ ਜਾਇ ॥੨੯॥

੨੩੫੧. ਚੌਲਾਂ ਦੇ ਜਲ ਨਾਲ ਬਾਂਸ ਦੇ ਬੀਜ ਪੀਹਕੇ ਲਾਵੇ ਤਾਂ ਬਿਛੂ ਦੀ ਵਿਖ ਜਾਂਦੀ ਹੈ। ਇਹ ਪ੍ਰਯੋਗ ਵੰਗਸੇਨ ਦਾ ਹੈ ॥੨੮॥

੨੩੫੨. ਕਪਾਹ ਦੇ ਪੱਤੇ ਤੇ ਬਾਂਸ ਦੇ ਦਾਣੇ ਪੀਹਕੇ ਡੰਗ ਪਰ ਲਾਵੇ ਤਾਂ ਵਿਖ ਜਾਵੇ:—

੨੩੫੩. ਮੋਰ ਦੇ ਖੰਭ ਘੇਉ ਤੇ ਹਿੰਙ ਲੈਕੇ ਲੇਪ ਕਰੇ ਤਾਂ ਬਿਛੂ ਦੀ ਵਿਖ ਨਾਸ ਹੋਵੇ ॥੨੯॥

ਸੁੰਠ ਘਸੋ ਜਲ ਸੰਗ ਲੈ ਨਾਵਨ ਦੀਜੈ ਏਹ।
ਬਿੱਛੂ ਕੀ ਵਿਸ ਨਾ ਰਹੈ ਵੰਗਸੈਨ ਮਤਿ ਤੇਹ ॥੩੦॥

੨੩੫੪. ਸੁੰਢ ਜਲ ਨਾਲ ਘੋਟੇ, ਇਸ ਦੀ ਨਸਵਾਰ ਦੇਵੇ ਤਾਂ ਬਿਛੂ ਦੀ ਵਿਖ ਜਾਂਦੀ ਹੈ, ਇਹ ਵੰਗਸੇਨ ਦਾ ਮਤ ਹੈ ॥੩੦॥

ਮੋਰਪਾਂਖ ਦਲ ਡੇਕ ਕੈ ਅਥਵਾ ਸੂਹਨਿ ਸੰਗ।
ਮੰਤ੍ਰਹਿ ਸੋ ਝਾੜਾ ਕਰੇ ਬਿਛੂ ਬਿਖ ਕਾ ਭੰਗ ॥੩੧॥

੨੩੫੫. ਮੋਰ ਦੇ ਖੰਭ, ਡੇਕ ਦੇ ਪੱਤੇ ਲੈਕੇ ਯਾ ਝਾੜੂ ਨਾਲ ਹੇਠ ਲਿਖੇ ਮੰਤ੍ਰ ਦਾ ਝਾੜਾ ਕਰੇ ਤਾਂ ਬਿਛੂ ਦੀ ਵਿਖ ਨਾਸ ਹੋਵੇ ॥੩੧॥

ਯਥਾ ਮੰਤ੍ਰ:—

"ਓਂ ਵਿਸ਼ਕੰਟਾ ਉਤਰ ਉਤਰ ਸ੍ਵਾਹਾ:"

Digitized by Panjab Digital Library | www.panjabdigilib.org

ਅਥ ਕੰਨਖਜੂਰਾ ਵਿਖ ਉਪਾਇ—ਦੋਹਰਾ

ਦੀਪਕ ਤੇਲ ਲਗਾਈਐ ਖਰਜੂਰਕ ਵਿਖ ਜਾਇ।
ਲਾਗਯੋ ਖਰਜੂਰਕ ਜਹਾਂ ਤਾਤਾ ਪਾਨੀ ਪਾਇ ॥੩੨॥

੨੩੫੬. ਦੀਵੇ ਦਾ ਤੇਲ ਡੰਗ ਪਰ ਲਾਵੇ ਤਾਂ ਕੰਨ ਖਜੂਰੇ ਦੀ ਜ਼ਹਿਰ ਉਤਰੇ।

੨੩੫੭. ਜਿਥੇ ਕੰਨ ਖਜੂਰਾ ਲਗ ਜਾਵੇ ਅਰ ਉਤਰੇ ਨਹੀਂ, ਉਸ ਥਾਂ ਗਰਮ ਪਾਣੀ ਗੇਰੇ ਤਾਂ ਕੰਨ ਖਜੂਰਾ ਤੁਰਤ ਉਤਰ ਜਾਵੇ ॥੩੨॥

ਚੰਗੇਰੀ ਸੇਂਧਾ ਲਵਨਿ ਮੇਲ ਸੇਕ ਦੈ ਸੇਕ।
ਖਰਜੂਰਕ ਵਿਖ ਜਾਤ ਮਿਟ ਵਡੀ ਔਖਦੀ ਏਕ ॥੩੩॥

੨੩੫੮. ਸੌ ਚਲ ਤੇ ਸੇਂਧਾਲੂਣ ਮਿਲਾਕੇ ਗ਼ਰਮ ਕਰਕੇ ਸੇਕ ਦੇਵੇ ਤਾਂ ਕੰਨ ਖਜੂਰੇ ਦੀ ਵਿਖ ਜਾਵੇ, ਇਹ ਬਹੁਤ ਅੱਛੀ ਦਵਾਈ ਹੈ ॥੩੩॥

ਬਾਨਰ ਵਿਖ ਉਪਾਇ—ਦੋਹਰਾ

ਫੂਲ ਜੁ ਅਰਕ ਕਨੇਰ ਕੇ ਕੰਦ ਲਾਂਗੁਲੀ ਪਾਇ।
ਮਰਚਾਂ ਪਾਠਾ ਪੀਸਕੈ ਆਰਨਾਲ ਸੰਗ ਸਾਇ ॥੩੪॥
ਲੇਪ ਕਰੇ ਤਾਂਕੇ ਪਰੈ ਆਛੀ ਵਿਧਿ ਸੋ ਏਹ।
ਬਾਨਰ ਕੀ ਵਿਖ ਜਾਤ ਹੈ ਆਛੀ ਔਖਧ ਤੇਹ ॥੩੫॥

੨੩੫੯. ਅੱਕ ਦੇ ਫੁੱਲ, ਕਨੇਰ ਦੇ ਫੁੱਲ, ਕਲਿਹਾਰੀ ਦਾ ਕੰਦ, ਮ੍ਰਿਚਾਂ ਤੇ ਪਾਠਾ (ਬਹਿਕੱੜ) ਪੀਹਕੇ ਕਾਂਜੀ ਨਾਲ ਲੇਪ ਲਾਵੇ ਤਾਂ ਵੀ ਵਿਖ ਜਾਂਦੀ ਹੈ। ਇਹ ਉਤਮ ਔਸ਼ਧੀ ਹੈ ॥੩੪॥੩੫॥

ਬਾਨਰ ਜੜ ਅਖਤ ਜਲੇ ਬਾਨਰ ਦੰਸਟਿ ਲਗਾਇ।
ਵਾ ਨਰ ਕੋ ਸੁਖ ਹੋਤ ਹੈ ਬਾਨਰ ਜਹਿਰ ਮਿਟਾਇ ॥੩੬॥

੨੩੬੦. ਕੌਂਚ ਦੀ ਜੜ, ਚੌਲਾਂ ਦੇ ਜਲ ਨਾਲ ਬਾਂਦਰ ਦੇ ਡੰਗ ਪਰ ਲਾਵੇ, ਜਿਸਦੇ ਲਾਵੇ ਉਸ ਆਦਮੀ ਨੂੰ ਸੁਖ ਪ੍ਰਾਪਤ ਹੁੰਦਾ ਹੈ, ਬਾਂਦਰ ਦੀ ਜ਼ਹਿਰ ਮਿਟ ਜਾਂਦੀ ਹੈ ॥੩੬॥

ਮੂਸੇ ਵਿਖ †ਉਪਾਇ—ਦੋਹਰਾ

ਮਨਸਿਲ ਕੁਸ਼ਟ ਹਰਤਾਰ ਲੈ ਨਿਰਗੁੰਡੀ ਰਸ ਪੀਸ।
ਪਾਨ ਕਰਤ ਮੂਖਕ ਜਹਿਰ ਵੇਦਨ ਤਾਹਿ ਨ ਦੀਸ ॥੩੭॥

੨੩੬੧. ਮਨਸਿਲ, ਕੁੱਠ ਤੇ ਹੜਤਾਲ ਲੈਕੇ ਸੰਭਾਲੂ ਦੇ ਰਸ ਨਾਲ ਘੋਟੇ, ਫਿਰ ਪੀਵੇ ਤਾਂ ਚੂਹੇ ਦੀ ਜ਼ਹਿਰ ਨਾ ਠਹਿਰੇ ॥੩੭॥

---

†ਮਾਰਵਾੜ ਵਿਚ ਜ਼ਹਿਰੀਲੇ ਚੂਹੇ ਹਨ।

Digitized by Panjab Digital Library | www.panjabdigilib.org

ਚਿੰਚਾਫਲ ਗ੍ਰਿਹਧੂਮ ਲੈ ਅਧਪਲ ਘ੍ਰਿਤ ਸੋ ਖਾਇ।
ਸਾਤ ਦਿਵਸ ਲੌ ਚਾਟੀਐ ਮੂਖਕ ਵਿਖ ਨ ਰਹਾਇ ॥੩੮॥

੨੩੬੨. ਇਮਲੀ ਦਾ ਫਲ, ਘਰ ਦਾ ਧੂੰਆਂ, ਇਹ ਅੱਧਾਕੁ ਪਲ ਘੇਉ ਨਾਲ ੭ ਦਿਨ ਤਕ ਚੱਟੇ ਤਾਂ ਚੂਹੇ ਦੀ ਜ਼ਹਰ ਨਾ ਰਹੇ ॥੩੮॥

ਗ੍ਰਿਹ ਕਾ ਧੂੰਵਾ ਲਾਈਐ ਅਖਤ ਕੇ ਜਲ ਏਹ।
ਅਥਵਾ ਦੂਧ ਪਚਾਇ ਲਿਪ ਮੂਖਕ ਵਿਖ ਨ ਰਹੇਇ ॥੩੯॥

੨੩੬੩. ਘਰ ਦਾ ਧੂੰਆਂ ਚੌਲਾਂ ਦੇ ਪਾਣੀ ਨਾਲ ਡੰਗ ਪਰ ਲਾਵੇ, ਯਾ:-
੨੩੬੪. ਦੁੱਧ ਪਕਾਕੇ ਲਿਪੇ ਤਾਂ ਚੂਹੇ ਦੀ ਜ਼ਹਰ ਨਾ ਰਹੇ ॥੩੯॥

ਅਪਾਮਾਰਗ ਕਾ ਮੂਲ ਪਿਸ ਕਰਖ ਏਕ ਮਧ ਸੰਗ।
ਚਾਟਤ ਮੂਖਕ ਸ੍ਵਾਨ ਵਿਖ ਸਰਬ ਹੋਤ ਹੈ ਭੰਗ ॥੪੦॥

੨੩੬੫. ਪੁਟਕੰਡੇ ਦੀ ਜੜ ਪੀਹਕੇ ੧ ਕਰਖ ਸ਼ਹਿਤ ਨਾਲ ਚਟੇ ਤਾਂ ਚੂਹੇ ਦੀ ਕੁੱਤੇ ਦੀ ਜ਼ਹਰ ਜਾਵੇ ॥੪੦॥

(ਵੰਗਸੇਨਾਤ)-ਦੋਹਰਾ

ਮਧੁ ਕਪਿਥ ਗੋਬਰ ਰਸਹਿ ਚਾਟਤ ਬਿਖ ਕੀ ਹਾਨਿ।
ਰਸ ਕਪਿਥ ਮਧ ਸਰਕਰਾ ਮੂਖਕ ਵਿਖੁ ਪਰਮਾਨ ॥੪੧॥

੨੩੬੬. ਸ਼ਹਿਤ ਤੇ ਕੈਥ ਗੋਹੇ ਦੇ ਰਸ ਵਿਚ ਮਿਲਾਕੇ ਚਟਾਵੇ ਤਾਂ ਜ਼ਹਰ ਨਾਸ ਕਰੇ, ਯਾ:-
੨੩੬੭. ਕੈਥ ਦਾ ਰਸ, ਸ਼ਹਿਤ ਤੇ ਖੰਡ ਖੁਲਾਵੇ ਤਾਂ ਚੂਹੇ ਦੀ ਜ਼ਹਰ ਜਾਵੇ ॥੪੧॥

ਸ੍ਵਾਨ (ਕੁੱਤੇ ਦੀ) ਵਿਖ ਉਪਾਇ-ਦੋਹਰਾ

ਕੰਨਜਾ ਦਲ ਸੇਂਧਾ ਪਿਸੇ ਗਰਮ ਕਰੀਨੈ ਬਾਂਧ।
ਤੀਨ ਦਿਵਸ ਲੌ ਹਲਕਿਆ ਕੂਤਾ ਵਿਖਕੋ ਸਾਂਧ ॥੪੨॥

੨੩੬੮. ਕੁਆਰ ਨਾਲ ਸੇਂਧਾਨਿਮਕ ਪੀਹੇ, ਫਿਰ ਤੱਤਾ ਕਰਕੇ ਡੰਗ ਪਰ ਬੰਨ੍ਹੇ, ਤਾਂ ਤਿੰਨ ਦਿਨ ਵਿਚ ਹੌਲਕੇ ਕੁਤੇ ਦੀ ਜ਼ਹਰ ਨਾਸ ਕਰੇ ॥੪੨॥

(ਯੋਗ ਚਿੰਤਾਮਣੀਮਤਾਂਤ)

ਜਪੋਲੋਟਾ ਮਰਚ ਲੇ ਤੂੰਬੀ ਗਰੀ ਸੁਹਾਗ।
ਸਿੰਗਰਫ ਗੁੜ ਸੋਂ ਕਰ ਗੁਟੀ ਉਸਨ ਨੀਰ ਭਖ ਲਾਗ ॥੪੩॥
ਸ੍ਵਾਨ ਜ਼ਹਿਰ ਸਬ ਜਾਤ ਹੈ ਹਲਕੇ ਕੀ ਮਿਟ ਜਾਇ।
ਕਹਤ ਮੇਘ ਸਾਚੀ ਕਹੀ ਕਰਿਯੋ ਬੈਦ ਸੁਧਾਇ ॥੪੪॥

Digitized by Panjab Digital Library | www.panjabdigilib.org

੨੩੬੯. ਜਮਾਲਗੋਟਾ, ਮ੍ਰਿਚ, ਤੂੰਬੇ ਦੀ ਗਿਰੀ, ਸੁਹਾਗਾ ਤੇ ਸ਼ਿੰਗਫ ਲੈਕੇ ਗੁੜ ਵਿਚ ਗੋਲੀ ਕਰਕੇ ਗਰਮ ਜਲ ਨਾਲ ਖਾਵੇ ਤਾਂ ਕੁਤੇ ਦੀ ਸਭਤਰਾਂ ਦੀ ਜ਼ਹਰ ਜਾਵੇ ਅਰ ਹਲਕੇ ਕੁਤੇ ਦੀ ਜ਼ਹਰ ਬੀ ਨਾਂ ਰਹੇ ॥੪੩॥੪੪॥

ਚੌਪਈ

ਜਪੋਲੋਟਾ ਇਟਸਿਟ ਆਨ। ਦਲ ਪਟੋਲ ਟੰਕ ਟੰਕ ਪ੍ਰਮਾਨ।
ਦੂਨੇ ਗੁੜ ਸੋ ਗੋਲੀ ਕਰੇ। ਕੋਕਨ ਬੇਰ ਸਮਾਨ ਸੁ ਧਰੇ ॥੪੫॥
ਉਸਨ ਨੀਰ ਸ ਪ੍ਰਾਤਹਿ ਦੇਇ। ਹਲਕੇ ਕੂਤੇ ਕੀ ਬਿਖ ਜੇਇ।
ਤੀਨ ਦਿਵਸ ਲੌ ਕਰਤ ਵਿਰੇਚ। ਸ੍ਵਾਨ ਦੰਸਟ ਕਾ ਏਹੀ ਪੇਚ ॥੪੬॥

੨੩੭੦. ਜਮਾਲਗੋਟਾ, ਇਟਸਿਟ ਤੇ ਪਟੋਲ ਦੇ ਪੱਤਰੇ ਇਹ ਸਭ ਟੰਕ ਟੰਕ। ਸਭਨਾ ਤੋਂ ਦੂਣਾ ਗੁੜ ਪਾਕੇ ਗੋਲੀ ਕੋਕਨ ਬੇਰ ਬਰਾਬਰ ਕਰ ਲਵੇ। ਗਰਮ ਜਲ ਨਾਲ ਗੋਲੀ ਪ੍ਰਾਤਾਂਕਾਲ ੧ ਨਿਗਲਾਵੇ, ਜਿਸਨੂੰ ਹਲਕੇ ਕੁਤੇ ਦੀ ਜ਼ਹਰ ਹੈ। ਇਸਤਰਾਂ ੩ ਦਿਨ ਤਾਈਂ ਦੇਵੇ, ਇਸ ਨਾਲ ਦਸਤ ਹੋਕੇ ਕੁਤੇ ਦੀ ਜ਼ਹਰ ਜਾਂਦੀ ਰਹੇ ॥੪੫॥੪੬॥

ਪ੍ਰਥਮ ਦਿਨਹਿ ਭਖ ਅਰਧ ਕੁਚੀਲਾ। ਦੂਜੇ ਪੌਣਾ ਤੀਜ ਸਭੀਲਾ।
ਸ੍ਵਾਨ ਦੰਸਟ ਪੀਰਾ ਮਿਟ ਜਾਈ। ਅਪਾਮਾਰਗ ਜੜ ਮਧੁ ਘ੍ਰਿਤਖਾਈ॥੪੭॥

੨੩੭੧. ਪਹਿਲੇ ਦਿਨ ਅੱਧਾ ਕੁਚਲਾ ਖਾਵੇ। ਦੂਜੇ ਦਿਨ ਪੌਣਾ ਅਰ ਤੀਜੇ ਦਿਨ ਸਭੋ ਖਾ ਲਵੇ, ਤਾਂ ਕੁੱਤੇ ਦੀ ਵਿਖ ਦੀ ਪੀੜਾ ਜਾਵੇ। ਯਾ:-

੨੩੭੨. ਪੁੱਟਕੰਡੇ ਦੀ ਜੜ ਸ਼ਹਿਤ ਤੇ ਘੇਉ ਨਾਲ ਖਾਵੇ ਤਾਂ ਕੁੱਤੇ ਦੀ ਸਭ ਤਰਾਂ ਦੀ ਜ਼ਹਰ ਜਾਵੇ ॥੪੭॥

ਦੋਹਰਾ

ਅਰਕ ਦੂਧ ਗੁੜ ਤੇਲ ਲੈ ਸ੍ਵਾਨ ਦੰਸਟ ਕੋ ਲੇਪ।
ਵਾ ਕੁਰਕਟ ਵਿਸ਼ਟਾ ਲਿਪੋ ਸ੍ਵਾਨ ਦੰਸਟ ਸੰਖੇਪ ॥੪੮॥

੨੩੭੩. ਅੱਕ ਦਾ ਦੁੱਧ, ਗੁੜ, ਤੇਲ ਲੈਕੇ ਕੁੱਤੇ ਦੇ ਕੱਟੇ ਥਾਂ ਪਰ ਲੇਪ ਕਰੇ ਤਾਂ ਵਿਖ ਜਾਵੇ, ਯਾ:-

੨੩੭੪. ਕੁੱਕੜ ਦੀ ਵਿੱਠ ਦਾ ਲੇਪ ਕਰੇ, ਤਾਂ ਕੁੱਤੇ ਦੇ ਡੰਗ ਦੀ ਜ਼ਹਰ ਜਾਵੇ।

ਅਥ ਸਰਬ ਜੀਵ ਵਿਖ ਉਪਾਇ—ਦੋਹਰਾ

ਦੰਸਟ ਠੌਰ ਤੇ ਰੁਧਰਿ ਹੀ ਦੇਵੋ ਤੁਰਤ ਨਿਕਾਲ।
ਲੋਹ ਸਲਾਕਾ ਗਰਮ ਕਰ ਦਹੋ ਠੌਰ ਤਤਕਾਲ ॥੪੯॥
ਵਿਸਖਪਹਾ ਜੜ ਪੀਸਕੇ ਤਾਂ ਪਰ ਲੇਪ ਲਗਾਇ।
ਬਰਕ ਵਜਾਘ੍ਰ ਸ਼੍ਰਿੰਗਾਲ ਰਿਛ ਤਰਕ ਬੀਪ ਅਸ਼੍ਵਾਸਇ ॥੫੦॥

Digitized by Panjab Digital Library | www.panjabdigilib.org

ਏਤੇ ਕੇ ਵਿਖ ਸਭ ਮਿਟੈ ਚੰਗਾ ਹੁਇ ਨਰਨਾਰਿ।
ਰਸਰਤਨਾਕਰ ਏ ਕਹੀ ਜਾਨੋ ਵਿਖ ਅਧਿਕਾਰ ॥੫੧॥

੨੩੭੫. ਡੰਗ ਦੀ ਥਾਂ ਦਾ ਤੁਰਤ ਫੁਰਤ ਲਹੂ ਕਢਾ ਦੇਵੇ। ਫਿਰ ਲੋਹੇ ਦੀ ਸਲਾਈ ਗਰਮ ਕਰਕੇ ਓਹ ਥਾਂ ਦਾਗ ਦੇਵੇ ॥੪੯॥

੨੩੭੬. ਵਿਸਖਪਰੇ ਦੀ ਜੜ ਪੀਹਕੇ ਪਾਣੀ ਨਾਲ ਡੰਗ ਦੀ ਜਗਾ ਪਰ ਲੇਪ ਕਰੇ, ਤਾਂ ਸ਼ੇਰ, ਬਘਜਾੜ. ਗਿੱਦੜ, ਰਿੱਛ, ਤਰਕ, ਦੀਪ (ਚਿਤ੍ਰਾ), ਘੋੜਾ ਤੇ ਕੁੱਤਾ ਇਤਨਿਆਂ ਦੀ ਵਿਖ ਮਿਟੇ, ਪੁਰਖ ਇਸਤ੍ਰੀ ਰਾਜੀ ਹੋਵੇ। ਇਹ ਬਾਤ ਰਸਰਤਨਾਕਰ ਵਿਚ ਵਿਖ ਅਧਿਕਾਰ ਵਿਖੇ ਲਿਖੀ ਹੈ, ਜਾਣ ਲਵੋ ॥੫੦॥੫੧॥

ਦੋਹਰਾ

ਜੀਆ ਪੋਤਾ ਮਜ ਲੈ ਸੀਤ ਤੋਯ ਸੇ ਪੀਸ।
ਨਾਵਨ ਅੰਜਨ ਕੀਜੀਐ ਖਾਤ ਨਿਖਕ ਇਕ ਦੀਸ ॥੫੨॥
ਵਜਾਘਰ ਮੂਖਕ ਭੈ ਕਹੀ ਬ੍ਰਿਸਚਕ ਬਿੱਲੀ ਜਾਨ।
ਇਨਕੀ ਵਿਖ ਦੂਰੈ ਟਰਤ ਰਸਰਤਨਾਕਰ ਬਾਨਿ ॥੫੩॥
ਭ੍ਰਿੰਗ ਰਾਜ ਰਸੁ ਪੀਮੀਐ ਬੰਬੀ ਮਾਟੀ ਸਜਾਮ।
ਦੰਸਟ ਠੌਰ ਪਰ ਲਾਈਐ ਸਰਪ ਜ਼ਹਿਰ ਕੈ ਕਾਮ ॥੫੪॥

੨੩੭੭. ਜੀਏਪੋਤੇ ਦੀ ਗਿਰੀ ਠੰਢੇ ਪਾਣੀ ਨਾਲ ਪੀਹਕੇ ਨਸਵਾਰ ਦੇਵੇ ਅਰ ੪ ਮਾਸੇ ਖੁਲਾ ਬੀ ਦੇਵੇ ਤਾਂ ਬਾਘ. ਚੂਹਾ, ਡੱਡੂ, ਬਿੱਛੂ ਤੇ ਬਿੱਲੀ ਇਨ੍ਹਾਂ ਸਭਨਾਂ ਦੀ ਵਿਖ ਨਾਸ ਹੋਵੇ, ਇਉਂ ਰਸਰਤਨਾਕਰ ਤੇ ਬਚਨ ਹਨ ॥੫੨। ੫੩॥

੨੩੭੮. ਭੰਗਰੇ ਦੇ ਰਸ ਵਿਚ ਬੰਬੀ ਦੀ ਕਾਲੀ ਮਿੱਟੀ ਡੰਗ ਦੀ ਜਗਾ ਪਰ ਲਿਪੇ ਤਾਂ ਸੱਪ ਦੀ ਜ਼ਹਰ ਹਟਵੇ ॥੫੪॥

ਕੁਲਥ ਪੀਸ ਅਖਯਤ ਉਦਕ ਘ੍ਰਿਤ ਸੋ ਲੇਪ ਲਗਾਇ।
ਸਰਬ ਕੀਟ ਵਿਖ ਨਾ ਰਹੈ ਉਤਮ ਉਪਾਇ ॥੫੫॥

੨੩੭੯. ਕੁਲਥ, ਚੌਲਾਂ ਦੇ ਜਲ ਨਾਲ ਪੀਹਕੇ ਘਿਉ ਪਾਕੇ ਲੇਪੇ, ਤਾਂ ਸਭ ਤਰਾਂ ਦੇ ਕੀੜਿਆਂ ਦੀ ਵਿਖ ਨਹੀਂ ਰਹਿ ਸਕਦੀ, ਇਹ ਬਹੁਤ ਸਰੇਸ਼ਟ ਯਤਨ ਹੈ ॥੫੫॥

ਚੌਪਈ

ਪਾਠਾ ਤ੍ਰਯੂਖਣ ਸੇਂਧਾ ਆਠ। ਯਵਾਖਾਰ ਵਾੜਿੰਗ ਵਖਾਨ।
ਸਜੀਅਤਿ ਵਿਖ ਕੁਸ਼ਟ ਜੁ ਹਿੰਗੁ। ਤਗਰ ਵਚ ਪੀਸੋ ਸਮ ਅੰਗ ॥੫੬॥
ਪਾਠ ਕਰਤ ਨਰ ਇਸਕੋ ਸਹੀ। ਸਕਲ ਕੀਟ ਕੀ ਵਿਖ ਨਹਿ ਰਹੀ।

Digitized by Panjab Digital Library | www.panjabdigilib.org

ਮੂਖਕ ਕੂਤਾ ਦੰਸਟ ਮਿਟਾਇ। ਵੰਗਸੇਨ ਮਤਿ ਸਾਚੀ ਗਾਇ ॥੫੭॥

੨੩੮੦. ਪਾਠਾ, ਮਘ, ਮ੍ਰਿਚ, ਸੁੰਢ, ਸੇਂਧਾਲੂਣ, ਜੌਂਖਾਰ, ਬਾਵੜਿੰਗ, ਸੱਜੀ, ਪਤੀਸ, ਕੁੱਠ, ਹਿੰਙ, ਤਗਰ ਤੇ ਵਚ, ਸਮਾਨ ਭਾਗ ਲੈਕੇ ਪੀਹੇ, ਫਿਰ ਪੀਵੇ ਤਾਂ ਸਭ ਤਰਾਂ ਦੇ ਕੀੜਿਆਂ ਦੀ ਵਿਖ ਨਹੀਂ ਰਹਿ ਸਕਦੀ, ਹੋਰ ਚੂਹੇ ਤੇ ਕੁੱਤੇ ਦਾ ਡੰਗ ਮਿਟੇ, ਇਹ ਵੰਗਸੇਨ ਦਾ ਮਤ ਹੈ ॥੫੬॥੫੭॥

ਸਿਰਸ ਪੰਚ ਹੀ ਅੰਗ ਮੰਗਾਇ। ਕ੍ਵਾਥ ਕਰੀ ਤ੍ਰਿਕੁਟਾ ਭੁਰਕਾਇ।
ਮਧ ਸੋ ਪੀਵਤ ਉਠ ਪਰਭਾਤ। ਸਰਬ ਕੀਟ ਕੀ ਵਿਖਟਰ ਜਾਤ ॥੫੮॥

੨੩੮੧. ਸਰੀਂਹ ਦਾ ਪਚਾਂਗ ਲੈਕੇ ਕਾੜ੍ਹਾ ਕਰੇ, ਅਰ ਫਿਰ ਉਪਰ ਤ੍ਰਿਕੁਟਾ ਬਰੂਰ ਕੇ ਸ਼ਹਿਤ ਪਾਇ ਪ੍ਰਾਤਾਕਾਲ ਉਠਕੇ ਪੀਵੇ ਤਾਂ ਸਭ ਤਰਾਂ ਦੇ ਕੀੜਿਆਂ ਦੀ ਜ਼ਹਰ ਨਾਸ਼ ਕਰੇ ॥੫੮॥

ਸੇਂਧਾ ਸੌਂਫ ਪਿਸੀ ਘ੍ਰਿਤ ਲੇਪ। ਦੰਸਟ ਮਖੜਕਾ ਹੁਇ ਸੰਖੇਪ।
ਗਊ ਮੂਤ ਸੋ ਧੋਈ ਜਾਇ। ਦੰਸਟ ਪਿਪੀਲਕ ਮਾਖੀ ਕਾਇ ॥੫੯॥

੨੩੮੨. ਸ਼ੇਂਧਾਲੂਣ ਤੇ ਸੌਂਫ ਘਿਉ ਨਾਲ ਪੀਹਕੇ ਲੇਪ ਕਰੇ ਤਾਂ ਮੱਖੀ ਭੂਮਣੇ ਆਦਿ ਦਾ ਡਸਿਆ ਅੱਛਾ ਹੋਵੇ, ਯਾ:—

੨੩੮੩. ਗਊਮੂਤ੍ਰ ਨਾਲ ਕੀੜੀ ਅਰ ਮੱਖੀ ਦਾ ਡੰਗ ਧੋਵੇ ਤਾਂ ਜ਼ਹਰ ਜਾਵੇ ॥੫੯॥

ਸੇਂਧਾ ਘ੍ਰਿਤ ਕੇ ਲੇਪ ਲਗਾਇ। ਮਾਖੀ ਕੀ ਵਿਖ ਦੂਰ ਪਰਾਇ।
ਪ੍ਰਿਥੀਹਲ ਮਾਛਰਕੀ ਵਿਖ ਜਾਇ।ਭੂੰਡ ਜ਼ਹਿਰ ਮੁੜ ਕਦੇ ਨ ਆਇ ॥੬੦॥

੨੩੮੪. ਸੇਂਧਾਨਿਮਕ ਤੇ ਘਿਉ ਲੇਪੇ ਤਾਂ ਮੱਖੀ ਦੀ ਜ਼ਹਰ ਦੂਰ ਹੋਵੇ। ਹੋਰ ਕੀੜੀ, ਮੱਛਰ ਤੇ ਭੂੰਡ (ਧਮੋੜੀ) ਇਨ੍ਹਾਂ ਦੀਆਂ ਜ਼ਹਿਰ ਮੁੜ ਕਦੇ ਨਹੀਂ ਆ ਸੱਕਦੀਆਂ ॥੬੦॥

ਦੋਹਰਾ

ਪਾਨੀ ਸੋ ਪੀਸੀ ਕਰੀ ਲੇਪ ਕਰੇ ਹਰਤਾਲ।
ਸਰਬ ਦੰਸਟ ਕਾ ਦੁਖ ਹਰਤ ਕਰਿਯੋ ਵੈਦ ਵਿਚਾਰ ॥੬੧॥

੨੩੮੫. ਪਾਣੀ ਨਾਲ ਹੜਤਾਲ ਪੀਹਕੇ ਲੇਪ ਕਰੇ ਤਾਂ ਸਭ ਤਰਾਂ ਦੇ ਡੰਗਾਂ ਨੂੰ ਸੁਖ ਦੇਵੇ, ਇਸਨੂੰ ਵਿਚਾਰਕੇ ਅਵੱਸ਼ ਕਰਨਾ ਚਾਹੀਏ ॥੬੧॥

ਮਦ ਵਿਨਾਸ—ਦੋਹਰਾ

ਆਫੂ ਭੰਗ ਵਿਕਾਰ ਕੇ ਗਰਮ ਦੂਧ ਕਰ ਪੀਤ।
ਵੜੇਮਾ ਗਿਰ ਪੀਜੀਯੈ ਕਨਿਕ ਜ਼ਹਿਰ ਕੋ ਜੀਤ ॥੬੨॥

੨੩੮੬. ਅਫੀਮ ਅਰ ਭੰਗ ਦੇ ਮਦ (ਨਸ਼ੇ) ਚੜ੍ਹੇ ਪਰ ਗਰਮ ਦੁੱਧ ਪਿਲਾਵੇ। ਜੇ ਧਤੂਰੇ ਦੀ ਜ਼ਹਰ ਚੜ੍ਹੀ ਹੋਵੇ ਤਾਂ ਵੜੇਮੇ ਦੀਆਂ ਗਿਰੀਆਂ (ਦੁੱਧ ਯਾ ਪਾਣੀ ਨਾਲ) ਪਾਵੇ ਸਭ ਤਰਾਂ ਦੀ ਜ਼ਹਰ ਨਾਸ ਹੋਵੇ ॥੬੨॥

Digitized by Panjab Digital Library | www.panjabdigilib.org

ਕਟੁਕ ਤੇਲ ਲੈ ਲੇਪੀਐ ਕਰਦਮ ਕੀ ਵਿਖ ਚਾਰ ।
ਅਰਕ ਸੁਨਹੀ ਵਿਖ ਟਰਤ ਹੈ ਮਾਟੀ ਲੇਪ ਸੁ ਕਾਰ ॥੬੩॥

੨੩੮੭. ਕੌੜੇ ਤੇਲ ਦਾ ਲੇਪ ਕਰੇ ਤਾਂ ਚਿੱਕੜ ਦੀ ਜ਼ਹਿਰ ਨਾਸ ਕਰੇ, ਯਾ:-
੨੩੮੮. ਅੱਕ ਤੇ ਥੋਹਰ ਦੀ ਜ਼ਹਿਰ ਮਿੱਟੀ ਦਾ ਲੇਪ ਕਰਨ ਤੇ ਜਾਂਦੀ ਹੈ ॥੬੩॥

ਸੇਂਧਾ ਮਰਚਾਂ ਨੀਰ ਸੋ ਪੀਵਤ ਜੋ ਨਰ ਨਾਰਿ ।
ਪੂੰਗੀ ਫਲ ਮਦੁ ਜਾਤ ਮਿਟਿ ਤਾਂਕੀ ਏਹੁ ਵਿਚਾਰ ॥੬੪॥

੨੩੮੯. ਸੇਂਧਾਲੂਣ ਤੇ ਮਿਰਚ ਜਲ ਨਾਲ ਪੁਰਖ ਇਸਤ੍ਰੀ ਜੋੜਾ ਪੀਵੇ ਤਾਂ ਸੁਪਾਰੀ ਦੇ ਫਲ ਦਾ †ਮਦ (ਨਸ਼ਾ) ਮਿਟ ਜਾਂਦਾ ਹੈ ॥੬੪॥

ਕ੍ਰਿਤਮ (ਕੀਤੀ), ਵਿਖ ਉਪਾਇ-ਦੋਹਰ

ਵਿਖੁ ਵੰਤਾ ਜੋ ਜੀਵ ਵਿਖ ਉਪਵਿਖ ਚੂਰਣ ਜਾਨ ।
ਮਿਸ੍ਰਤ ਨਖ ਕਚਿ ਲੋਹੁ ਹੀ ਅਸਥਿ ਸਿੰਘ ਅਹਿ ਠਾਨ ॥੬੫॥
ਏ ਵਿਖ ਕ੍ਰਿਤਮ ਜਾਨੀਏ ਤਾਂਕੇ ਲਛਨ ਏਹ ।
ਆਲਸ ਜੜਤਾ ਕਾਸਹੀ ਵਲ ਖਯ ਸ੍ਵਾਸ ਜੁਰੇਹ ॥੬੬॥
ਰਕਤ ਸ੍ਰਾਵ ਚਖਯ ਪੀਤ ਹੋਇ ਸੋਫ ਹੋਤ ਤਨ ਜਾਸ ।
ਕ੍ਰਿਤਮ ਵਿਖਕੇ ਚਿਹਨ ਏ ਔਖਦ ਕਹਿਹੋਂ ਤਾਸ ॥੬੭॥

੨੩੯੦. ਵਿਖ ਵਾਲਾ ਜੀਵ, ਵਿਖ, ਉਪਵਿਖ, ਚੂਰਣ, ਮਿਸ੍ਰਤ, ਨਹੁੰ, ਕੇਸ਼, ਰਿਤੂ ਦਾ ਲਹੂ, ਹੱਡੀ, ਸ਼ੇਰ ਅਤੇ ਸੱਪ ਆਦਿ ਕਿਸੀ ਦੀ ਹੋਵੇ । (ਇਹ ਖਾਈ ਜਾਂ ਚੁਭ ਜਾਵੇ ਤਾਂ ਵਿਖ ਪੈਦਾ ਹੁੰਦੀ ਹੈ) ਇਸਨੂੰ ਕ੍ਰਿਤਮ ਵਿਖ ਆਖਦੇ ਹਨ, ਇਸਦੇ ਲੱਛਣ ਇਹ ਹਨ ਕਿ ਸਰੀਰ ਵਿਚ ਆਲਸ,ਜੜਤਾ,ਖਾਂਸੀ, ਬਲ ਦਾ ਨਾਸ, ਦਮਾਂ ਤੇ ਸੁਰਭੰਗ । ਲਹੂ ਸ੍ਰਵਣਾ, ਨੇਤ੍ਰ ਪੀਲੇ, ਸਰੀਰ ਪਰ ਸੋਜਾਜਿਸ ਦੇ ਹੋਵੇ,ਤਿਸਨੂੰ ਕ੍ਰਿਤਮ ਵਿਖ ਵਾਲਾ ਜਾਣੋ, ਇਹ ਚਿਹਨ ਤਿਸਕੇ ਹੁੰਦੇ ਹਨ । ਹੁਣ ਦਵਾਈ ਸੁਣੋ, ॥੬੫ ਤੋਂ ੬੭॥

ਕ੍ਰਿਤਮ ਵਿਖ ਉਪਾਇ-ਚੌਪਈ

ਸੁਧ ਸੂਤ ਮ੍ਰਿਤ ਹੇਮ ਮੰਗਾਇ । ਸੋਨਾ ਮਾਖੀ ਸੁਧ ਰਲਾਇ ।
ਤੀਨੋ ਸਮ ਸੁਧਿ ਗੰਧਕ ਦੇਇ । ਕੰਨਜਾ ਰਸ ਮਰਦੋ ਦਿਨ ਤੇਇ ॥
ਸੋ ਸੂਕਾ ਇਕ ਮਾਖ ਪ੍ਰਮਾਨ । ਸਿਤਾ ਸਹਿਤ ਸੋ ਕਰੀਐ ਪਾਨ ॥
ਵਨਿਮੂਲ ਸੂਤਪਯ ਮਿਲਿ ਖਾਇ । ਕ੍ਰਿਤਮ ਵਿਖਕਾ ਨਾਸ ਕਰਾਇ ॥੬੮॥

---

†ਐਸਾ ਏਹ ਪ੍ਰਯੋਗ ਮਲਾਯਾ ਦੇਸ਼ ਵਿਚਰਦੇ ਸਮਯ ਅਜ਼ਮਾਯਾ ਸੀ ।

Digitized by Panjab Digital Library | www.panjabdigilib.org

੨੩੯੧. ਸੁਧ ਪਾਰਾ, ਮ੍ਰਿਤ ਸੋਨਾ, ਸੋਨਾਮੁਖੀ ਸੁਧ ਕੀਤੀ ਹੋਈ, ਇਨ੍ਹਾਂ ਤਿੰਨਾ ਸਮਾਨ ਸੁਧ ਗੰਧਕ ਪਾਵੇ, ਫਿਰ ਇਨਾਂ ਨੂੰ ਕੁਆਰ ਦੇ ਰਸ ਵਿਚ ਦੋ ਦਿਨ ਘੋਟੇ । ਇਸਦਾ ਸੁਕਾਕੇ ਚੂਰਨ ੧ ਮਾਸਾ ਪ੍ਰਮਾਣ ਮਿਸ਼ਰੀ ਤੇ ਸ਼ਹਿਤ ਨਾਲ ਦਿਆ ਕਰੇ, ਯਾ:-

੨੩੯੨. ਚਿੱਤਰੇ ਦੀ ਜੜ੍ਹ ਕੋਸੇ ਦੁਧ ਵਿਚ ਮਿਲਾ ਕੇ ਦੇਵੇ ਤਾਂ ਕ੍ਰਿਤਮ ਵਿਖ ਦਾ ਨਾਸ ਕਰੇ ॥੬੮॥੬੯॥

ਦੋਹਰਾ

ਜੀਆਪੋਤਾ ਮੱਜ ਲੈ ਗੋ ਮੂਤ੍ਰ ਟੰਕੇਕ ।
ਘਨੀ ਜ਼ਹਿਰ ਸਬ ਜਾਤ ਕੀ ਪੀਵਤ ਮਿਟਤ ਅਨੇਕ ॥੭੦॥

੨੩੯੩. ਜੀਏ ਪੋਤੇ ਦੀ ਗਿਰੀ, ੧ ਟੰਕ (੪ ਮਾਸੇ) ਗਊ ਮੂਤ੍ਰ ਨਾਲ ਪੀਵੇ ਤਾਂ ਬਹੁਤੀ ਜ਼ਹਰ ਸਭੇ ਕਿਸਮ ਦੀ ਨਾਸ ਹੋ ਜਾਵੇ,॥੭੦॥

ਚੌਪਈ

ਜੀਆ ਪੋਤਾ ਗਿਰ ਜਲ ਖਾਇ । ਕਾਂਜੀ ਸੋ ਅਥਵਾ ਨਿਸ ਖਾਇ ।
ਦੈਵਦਾਲਿ ਨਰ ਮੂਤ੍ਰਹਿ ਦੇਇ । ਸਰਪਾਂਖੀ ਗਿਰ ਕਰਨੀ ਲੇਇ ॥੭੧॥
ਇੰਦ੍ਰ ਵਾਰੁਣੀ ਪ੍ਰਿਥਕ ਬਖਾਨ । ਆਛੇ ਯੋਗ ਕਹੇ ਮਨ ਮਾਨ ।
ਤੇਲ ਅਫੀਮ ਜੁ ਖਾਈ ਏਨ । ਤਾਂਕੇ ਹਿਤ ਮੈ ਭਾਖੇ ਲੇਨ ॥੭੨॥

੨੩੯੪. ਜੀਏ ਪੋਤੇ ਦੀ ਗਿਰੀ ਜਲ ਨਾਲ ਖਾਵੇ, ਯਾ:-

੨੩੯੫. ਕਾਂਜੀ ਨਾਲ ਹਲਦੀ ਪੀਹਕੇ ਖਾਵੇ,ਯਾ:-

੨੩੯੬.ਘੱਘਰ ਵੇਲ ਦਾ ਫਲ ਆਦਮੀ ਦੇ ਮੂਤ੍ਰ ਨਾਲ ਦੇਵੇ, ਯਾ:-

੨੩੯੭. ‡ਗੰਧਨਾਂਕੁਲੀ ਆਦਮੀ ਦੇ ਮੂਤ੍ਰ ਨਾਲ ਦੇਵੇ, ਯਾ:-

੨੩੯੮. ਹਰਮਲ ਆਦਮੀ ਦੇ ਮੂਤ੍ਰ ਨਾਲ ਦੇਵੇ, ਯਾ:-

੨੩੯੯. ਤੁੰਮਾ ਫਲ ਆਦਮੀ ਦੇ ਮੂਤ੍ਰ ਨਾਲ ਦੇਵੇ, ਇਹ ਨਜਾਰੇ ੨ ਉਸਨੂੰ ਦੇਵੇ ਜਿਸਨੇ ਤੇਲ ਵਿਚ ਮਿਲਾਕੇ ਅਫੀਮ ਖਾਈ ਹੋਵੇ ਉਸਦੀ ਜ਼ਹਿਰ ਨਬ੍ਰਿਤੀ ਵਾਸਤੇ ਦੇਵੇ ॥੭੧।੭੨॥

ਕਾਚ ਮਾਚ ਰਸ ਘ੍ਰਿਤ ਮਧੁ ਖਾਇ ਸਕਲ ਜ਼ਹਿਰ ਕਾ ਨਾਸ ਕਰਾਇ ।
ਨਾਗਦਮਨ ਗਿਰ ਕਰਨੀ ਲੇਇ । ਮੁੰਡੀ ਜਲ ਪਿਵ ਜ਼ਹਿਰ ਹਰੇਇ ॥੭੩॥

੨੪੦੦. ਭਭੋਲਾ (ਮਕੋ, ਦਾ ਰਸ ਘ੍ਰਿਤ ਤੇ ਸ਼ਹਿਤ ਮਿਲਾਕੇ ਖੁਲਾਵੇ ਤਾਂ ਸਭ ਤਰਾਂ ਦੀ ਜ਼ਹਰ ਨਾਸ ਕਰੇ, ਯਾ:-

੨੪੦੧. ਨਾਗਦੌਣ ਬੂਟੀ, ਹਰਮਲ ਦੇ ਦਾਣੇ ਤੇ ਮੁੰਡੀ ਬੂਟੀ ਜਲ ਨਾਲ ਘੋਟਕੇ ਪੀਵੇ ਤਾਂ ਸਭ ਤਰਾਂ ਦੀ ਜ਼ਹਰ ਨਾਸ ਹੋਵੇ ॥੭੩॥

‡ਗੰਧਨਾਂਕੁਲੀ=ਸਰਪਾਂਖੀ ਬੂਟੀ ਨੂੰ ਆਖਦੇ ਹਨ, ਇਹ ਦੇਹਰਾਦੂਨੋਂ ਮਿਲਦੀ ਹੈ ।

Digitized by Panjab Digital Library | www.panjabdigilib.org

ਆਨ ਅਰੀਠਾ ਕ੍ਵਾਥ ਕਰਾਇ। ਵਾ ਤਾਂਬਰ ਉਕਲਾਈ ਪਯਾਇ।
ਨੀਲਾਥੋਥਾ ਜਲ ਵਾ ਦੇਹ। ਸਕਲ ਜ਼ਹਿਰ ਖਾਈ ਹਰਿ ਲੇਹ ॥੭੪॥

੨੪੦੨. ਰੀਠਾ ਲੈਕੇ ਕਾੜ੍ਹਾ ਕਰੇ, ਯਾ:—

੨੪੦੩. ਤਾਂਬਾ ਕਾੜ੍ਹਕੇ ਪੀਵੇ, ਯਾ:-

੨੪੦੪. ਠੀਲਾਥੋਥਾ ਜਲ ਨਾਲ ਛਕਾਵੇ। ਇਹ ਤਿੰਨੇ ਸਭ ਤਰਾਂ ਦੀ ਜ਼ਹਿਰ ਖਾਧੀ ਨੂੰ ਨਾਸ਼ ਕਰਨਹਾਰੇ ਯੋਗ ਹਨ ॥੭੪॥

(ਰਸਮੰਜਰੀਆਤ)—ਦੋਹਰਾ

ਇਕ ਵਿੰਸਤ ਜੋ ਵਾਰ ਹੀ ਮੰਤਰ ਸੋ ਲੈ ਕਾਰ।
ਸਕਲ ਜਗਤ ਕੀ ਵਿਖ ਹਰੈ ਰਸਮੰਜਰਿ ਮਤਿ ਧਾਰ ॥੭੫॥
ਏਸ ਮੰਤ੍ਰ ਕੇ ਸਿਮਰਣੇ ਭੂਤ ਪ੍ਰੇਤ ਨਸ ਜਾਇ।
ਲਖ ਮੰਤ੍ਰੀ ਕੇ ਦਰਸ ਕੋ ਜ਼ਹਿਰ ਨ ਰਹਿਤੀ ਕਾਇ ॥੭੬॥

੨੪੦੫. ਇਸ ਮੰਤ੍ਰ ਨਾਲ ੨੧ ਬਾਰ ਮੰਤਰੇ ਅਰਥਾਤ ਝਾੜਾ ਕਰੇ ਤਾਂ ਸਾਰੇ ਸੰਸਾਰ ਦੀ ਜ਼ਹਿਰ ਮਾਤ੍ਰ ਨਾਸ ਕਰੇ। ਇਹ ਰਸਮੰਜਰੀ ਦਾ ਮਤ ਹੈ ॥੭੫॥

ਇਸ ਮੰਤ੍ਰ ਦੇ ਸਿਮਰਨ (ਜਾਪ) ਯਾ ਝਾੜਾ ਕਰਨੇ ਤੇ ਭੂਤ ਪ੍ਰੇਤ ਬੀ ਨਸ ਜਾਂਦੇ ਹਨ, ਇਸੇ ਤਰਾਂ ਮੰਤ੍ਰੀ ਦੇ ਦਰਸ਼ਨ ਮਾਤ੍ਰ ਤੇ ਜ਼ਹਿਰ ਕੋਈ ਨਹੀਂ ਠਹਿਰ ਸਕਦੀ॥੭੬॥

ਯਥਾ ਮੰਤ੍ਰ:-

"ਓਅੰ ਨਮੋ ਭਗਵਤੇ ਸ੍ਰੀ ਘੋਣੇ ਯ: ਹਰ ਹਰ ਦਰ ਦਰ ਪਰ ਪਰ ਤਰ ਤਰ ਵਰ ਵਰ ਵੇਧ ਵੇਧ ਸਲ: ਸਲ: ਰਰ ਰਰ ਰਰ ਰਰ ਰਰ ਰਰ ਰਰ ਰਰ ਰਰ ਰਰ ਲਾਂ ਲਾਂ ਹਰ ਹਰ ਹਰ ਭਾਂ ਭਾਂ ਭਾਂ ਸਰ ਸ੍ਰੀਂ ਸਰ ਖ੍ਰੀਂ ਖ੍ਰੀਂ ਖ੍ਰੀ ਵੱਖੀਂ ਵੱਖੀਂ ਵੱਖੀਂ ਹ੍ਰੀ ਹ੍ਰੀ ਹ੍ਰੀ ਭਗਵਤਿ ਸ੍ਰੀ ਘਰੋਣੇਯਾ ਭਗਵਤਿ ਸ੍ਰੀ ਘਰੋਣੇਯਾ ਜੰਸ: ਜੰਸ: ਸਵਰ ਸਵਰ ਜੁਸ: ਜੁਸ: ਸਦਾਵਰ ਰੂਪ ਹ੍ਰੀ ਸਦਾ ਵਰ ਰੂਪ ਹ੍ਰੀ ਸਦਾ ਵਰ ਰੂਪ ਹ੍ਰੀ ਵਰ ਵਿਹੰਗ ਮਾਨੁਖ ਯੋਗ ਖੇਮੰਚ ਸਦੇ ਪਰਿ ਸਦਾ ਵਰਿ ਵਿਹੰਗ ਮਾਨੁਖ ਯੋਗੇ ਖੇਮੰ ਸਦੇ ਪਰਿ ਸਦਾ ਵਰਿ ਵਿਹੰਗ ਮਾਨੁਖ ਯੋਗ ਖੇਮ ਸਦੇ ਪਰਿ ਖ: ਖ: ਖ: ਸ੍ਵਾਹਾ"

ਜ਼ਹਿਰ ਦੇ ਪੱਥ—ਚੌਪਈ

†ਅਰਿਸਟਾ ਬੰਧਨ ਅਰ ਮੰਤ੍ਰ। ਛਰਦ ਬਿਰੇਚਨ ਜਾਗਣ ਤੰਤ੍ਰ।
ਸ੍ਰੋਣਤ ਮੋਖਜਣ ਅੰਗੇਵਾਰਨ। ਅਭਿਖੇਕਾ ਅੰਜਨ ਪ੍ਰਤਿਸਾਰਨ ॥੭੭॥
ਵਟਨਾ ਨਾਵਨ ਲੇਪ ਜੁ ਸੇਕ। ਪਰਧਮ ਨੂੰ ਉਪਧਾਨੰ ਦੇਕ।
ਪ੍ਰਤਿ ਵਿਖ ਧੂਮਨਿ ਸੰਗਿ ਪ੍ਰਬੋਧ। ਸਾਠੀ ਚਾਵਲ ਕੋਧਾ ਸੋਧ ॥੭੮॥
ਮੂਗਦਾ ਘ੍ਰਿਤ ਜੀਰਣ ਪ੍ਰਿਯੰਗੁ। ਤੇਲ ਜੁ ਵੈਂਗਨ ਮਧੁਰੀ ਅੰਗ।
ਧਾਤ੍ਰੀ ਫਲ ਮੂੰਡ ਕੋ ਪਰਣੀ। ਚੌਲਾਈ ਜੀਵੰਤੀ ਧਰਣੀ ॥੭੯॥

Digitized by Panjab Digital Library | www.panjabdigilib.org

ਦਾਰਮ ਲਸਨੰ ਕਾਲ ਜੁ ਸਾਕ। ਗਜ ਕੇਸਰ ਪਥਜਾ ਮਧੁ ਸਾਕ।
ਸੀਤ ਨੀਰ ਸਿਤ ਸੇਂਧਾ ਨਿਸਾ।ਪਸਚਮ ਉਤਰ ਪਵਨ ਸੁ ਇਸਾ ॥੯੦॥
ਮੁਸਤਾ ਚੰਦਨ ਸ੍ਵੇਤ ਸਿਰੀਖ। ਕਸਤੂਰੀ ਤਿਕਤਾ ਪਯ ਈਖ।
ਹੇਮ ਜੁ ਕੁੰਕਮ ਪਥਜ ਵਖਾਨ। ਯਥਾ ਯੋਗ ਹੋਵਤ ਸੋ ਠਾਨ ॥੯੧॥

੨੪੦੬. †ਕੁਟਕੀ ਦਾ ਬਨ੍ਹਣਾ, ਮੰਤ੍ਰ ਨਾਲ ਝਾੜਨਾ, ਕੈ, ਦਸਤ ਦੇਣੇ, ਜਗੌਣਾ ਭਾਵ ਚੇਤੰਨ ਕਰਨਾ. ਲਹੂ ਕੱਢਣਾ, ਅੰਗਾਂ ਦਾ ਰੋਕਣਾ ਭਾਵ ਦੱਬਣਾ, ਜਲ ਛਿੜਕਣਾ, ‡ਅਜਨ ਪੌਣਾ, ਵਿਖ ਦਾ ਹਟੌਣਾ, ਵਟਨਾ ਮਲਨਾ, ਨਸਵਾਰ ਦੇਣਾ, ਲੇਪ ਕਰਨਾ, ਸੇਕ ਕਰਨਾ, ਦਾਗਣਾ, ਸਿਰਹਾਣਾ ਦੇਣਾ, ਹੋਰ ਕੋਈ ०ਦੂਸਰੀ ਵਿਖ ਦੇਣੀ, ਧੂੰਆਂ ਦੇਨਾ, ਹੋਸ਼ ਵਿਚ ਕਰੌਣਾ, ਹੋਰ ਖਾਣ ਨੂੰ ਸੱਠੀਦੇ ਚੌਲ, ਕੋਦਾ, ਮੂੰਗੀ, ਪੁਰਾਣਾ ਘੇਉ, ਕੰਙਣੀ, ਤੇਲ, ਵਤਾਊਂ, ਮਿੱਠੀਆਂ ਬਸਤਾਂ, ਆਵਲੇ, †ਸੌਂਚਲ, ਚੌਲਾਈ, ਡੋਡੀ ਸਾਕ, ਅਨਾਰ, ਲਸਨ. ਕਾਲਾ ਸਾਗ, ਨਾਗਕੇਸਰ, ਹਰੜ, ਸਹਤ, ਸਰਦ ਪਾਣੀ, ਚੰਦਨ, ਸੇਂਧਾ ਨਿਮਕ, ਹਲਧੀ, ਪੱਛਮ ਤੇਉੱਤ੍ਰ ਵਲ ਦੀ ਪੌਣ, ਮੋਥਾ, ਚਿੱਟਾ ਚੰਦਨ, ਸਰੀਂਹ, ਕਸਤੂਰੀ, ਤੀਖਣ ਪਦਾਰਥ, ਦੁੱਧ, ਗੰਨੇ, ਸੋਨਾ ਤੇ ਕੇਸਰ, ਇਹ ਸਭ ਪੱਥ ਕਹੇ ਹਨ। ਜੈਸੇ ਯੋਗ ਸਮਝੋ ਦੇਣੇ ਚਾਹੀਏ ॥੭੭ ਤੋਂ ੯੧॥

ਕੁਪੱਥ--ਦੋਹਰਾ

ਕ੍ਰੋਧ ਵਿਰੁਧਾਹਾਰਹੀ ਪਾਨ ਵਜ਼ਾਵਾਯ ਪ੍ਰਬਾਤ।
ਅਭਯੰਜਨ ਸ੍ਰਮ ਸ੍ਵੇਦ ਵਿਧ ਧੂਮਪਾਨ ਵਿਖਯਾਤ ॥੯੨॥

੨੪੦੭. ਕ੍ਰੋਧ ਕਰਨਾ, ਵਿਰੁੱਧ ਭੋਜਨ ਖਾਣੇ, ਪਾਨ ਚੱਬਣੇ, ਇਸਤ੍ਰੀ ਦਾ ਸੰਗ, ਬਹੁਤਾ ਪਵਨ ਵਿਖੇ ਫਿਰਨਾ। ਮਾਲਸ਼, ਥਕੇਵਾਂ, ਪਸੀਨਾ ਤੇ ਧੂੰਮ੍ਰਪਾਨ ਵਿਧੀ ਅਰਥਾਤ ਹੁੱਕਾ ਪੀਣਾ, ਵਿਖ ਵਾਲਾ ਇਨ੍ਹਾਂ ਦਾ ਤਿਆਗ ਕਰੇ, ਇਹ ਕੁਪੱਥ ਹਨ ॥੯੨॥

ਰੇਚਨ (ਜੁਲਾਬ) ਵਿਧੀ (ਸਾਰੰਗਧਰਾਤ)—ਚੌਪਈ

ਪ੍ਰਿਥਮ ਸਨੇਹ ਸ੍ਵੇਦ ਕਰਵਾਤ। ਤਾਂਕੈ ਪੀਛੈ ਰੇਚ ਵਿਖਯਾਤ।
ਪਾਚਨ ਔਖਧ ਦੇਹ ਪਚਾਇ। ਆਮ ਸਲੇਖਮ ਕਹੀ ਸੁਨਾਇ ॥੯੩॥
ਸਰਦ ਬਸੰਤਹਿ ਰਿਤ ਮੈ ਰੇਚ। ਔਰ ਰਿਤਹਿ ਮਹਿ ਕਾਰਨ ਪੇਜ।
ਦੂਬ ਹਰੜ ਸੇਂਧਾ ਕਵਚ ਬੀਜ ਬੀਜ ਪਨਵਾਰ।
ਕਾਂਜੀ ਤਕ੍ਰਹਿ ਲੇਪ ਦੱਦਰੂ ਰੋਗ ਸੁ ਡਾਰ ॥੩੦੬॥

---

†ਨਿਗੰਧ ਬਾਵਚੀ ਦੇ ਥਾਂ ਕਿਤੇ 'ਨਿਗੰਧ ਦਾਵਚੀ, ਬੀ ਅਸੁੱਧ ਪਾਠ ਹੈ, ਸੋ ਲਿਖਾਰੀਆਂ ਦੀ ਭੁੱਲ ਹੈ, ਏਥੇ ਅਸੁੱਧ ਪਦ ਦਾ ਕਈ ਅਣਜਾਣ 'ਨਿਆਜਬੋ, ਅਰਥਾਤ ਬਣ ਤੁਲਸੀ ਅਰਥ ਕਰਦੇ ਹਨ, ਸੋ ਬੀ ਅਯੁਕਤ ਹੈ। ਬਣ ਤੁਲਸੀ ਦੇ ਬੀਜਾਂ ਨੂੰ ਯੂਨਾਨੀ 'ਫਰੰਜਮੁਸ਼ਕ, ਬੋਲਦੇ ਹਨ।

Digitized by Panjab Digital Library | www.panjabdigilib.org

ਵਿੱਚ ਕੋਈ ਕਾਰਨ ਹੋਵੇ ਤਾਂ ਦੇਵੇ। ਹਰ ਕਿਸੀ ਨੂੰ ਦਸਤ ਨਾ ਦੇ ਬਹੇ, ਦਸਤ ਦੇਣ ਦੇ ਯੋਗ ਹੋਵੇ ਤਾਂ ਦੇਵੇ ॥੯੩॥੯੪॥

ਰੇਚਨ ਯੋਗ (ਜਿਨ੍ਹਾਂ ਰੋਗਾਂ ਵਿੱਚ ਲੋੜ ਹੈ)—ਦਵੈਯਾਛੰਦ

ਕਫ ਪਿੱਤਹਿ ਉਦਰਹਿ ਅਧਮਾਨੇ ਕੋਸ਼ਟ ਅਸੁਧਹਿ ਰੇਚੋ।
ਜੀਰਨ ਜ੍ਵਰ ਗਰ ਵਯਾਪਤ ਅਰਸਾ ਪਾਂਡ ਉਦਰ ਗੰਠਿ ਪੇਚੋ।
ਵਾਤ ਰਕਤ ਭਾਗੰਦਰ ਹਿਯ ਗਦ ਆਰੁਚਿ ਫੀਹਾ ਮੇਹਾ।
ਯੋਨਿ ਗੁਲਮ ਗਦ ਬ੍ਰਿਣ ਵਿਦ੍ਰਧਿ ਛਰਦਿ ਵਿਸੂਚੀ ਏਹਾ ॥੯੫॥
ਵਿਸਫੋਟਕ ਅਰਦਿਤ ਗੁਦ ਮੇਢਰ ਕੁਸ਼ਟ ਸੰਗਿਤਾ ਨਾਸਾ।
ਬਦਨ ਸਿਰੋਗਦ ਕਰਨ ਵਖਾਨੇ ਯਕ੍ਰਿਤ ਸੋਫ ਵਿਕਾਸਾ।
ਨੈਨ ਰੋਗ ਕ੍ਰਿਮ ਅਰ ਉਦਗਾਰਾ ਸੂਲ ਜੁ ਮੂਤਰ ਘਾਤਾ।
ਇਨ ਰੋਗਨ ਕੋ ਰੇਚ ਵਖਾਨਯੋ ਸਾਰੰਗਧਰਹਿ ਪਛਾਤਾ ॥੯੬॥

੨੪੦੮. ਕਫ ਪਿੱਤ ਵਾਲੇ ਨੂੰ, ਜਿਸਦੇ ਪੇਟ ਵਿੱਚ ਅਫਾਰਾ ਰਹੇ, ਜਿਸ ਦਾ ਕੋਠਾ ਸਾਫ ਨਾ ਹੋਵੇ; ਉਸਨੂੰ ਦਸਤ ਦੇਵੇ। ਪੁਰਾਣੇ ਤਾਪ ਵਾਲੇ ਨੂੰ, ਜਿਸਦੇ ਵਿਖ ਵਿਆਪਤ ਹੋਏ, ਬਵਾਸੀਰ, ਪਾਂਡੂ, ਪੇਟ ਰੋਗੀ, ਗੁੱਥ ਰੋਗੀ, ਬਾਤ ਰਕਤ, ਭਗੰਦਰ ਰੋਗ ਪਰ, ਹ੍ਰਿਦਯ ਰੋਗ, ਅਰੁਚੀ, ਲਿੱਫ, ਪ੍ਰਮੇਹ, ਯੋਨੀ ਰੋਗ, ਗੁਲਮ ਰੋਗ, ਬ੍ਰਿਣ ਰੋਗ, ਵਿਦ੍ਰਧੀ ਰੋਗ, ਵਮਨ, ਹੈਜ਼ਾ, ਵਿਸਫੋਟ, ਲਕੁਵਾ, ਗੁਦਾ ਰੋਗ, ਇੰਦ੍ਰੀ ਰੋਗ, ਕੁਸ਼ਟ, ਸਾਥ ਤੇ ਨਾਸਾਂ ਰੋਗ। ਮੂੰਹ, ਸਿਰ, ਕੰਨ ਰੋਗ, ਯਕ੍ਰਤਿ, ਸੋਜ਼ ਦਾ ਵਿਕਾਸ ਚੜਨਾ ਤੇ ਨੇਤਰ ਰੋਗ ਇਨ੍ਹਾਂ ਨੂੰ ਜੁਲਾਬ ਕਰੌਣਾ ਸਰੇਸ਼ਟ ਕਿਹਾ ਹੈ ॥੯੫॥੯੬॥

ਅਯੋਗ (ਜੁਲਾਬ ਨਾ ਦੇਣ ਵਾਲੇ)—ਚੌਪਈ

ਬਾਲ ਬ੍ਰਿਧ ਅਰ ਚਿਕੁਨ ਜੁ ਖੀਨ। ਖਯਤਿ ਕਾਯਰ ਕਾਮਾਤੁਰ ਦੀਨ।
ਮਾਰਗੁਸ੍ਰਮਕ੍ਰਿਸਅਤਿਸੁਕੁਮਾਰ। ਸ਼ਾਂਤਿਤ੍ਰਿਖਾ ਅਸਬੂਲਹਿ ਨਾਰਿ ॥੯੭॥
ਨਮੋ ਤਾਪ ਅਰ ਗਰਭਣਿ ਨਾਰੀ। ਨਵ ਪ੍ਰਸੂਤ ਨਾਰੀ ਸੁ ਵਿਚਾਰੀ।
ਰੂਖਹਿ ਸਲਜ ਮਦਾਤਯ ਪਾਨ। ਮੰਦਾਗਨ ਇਨ ਰੇਚਨ ਠਾਨ ॥੯੮॥

੨੪੦੯. *ਬਾਲਕ, ਬੁੱਢਾ, ਅਤੀ ਸਨੇਹ (ਤੇਲ) ਪੀਣੇ ਪਰ, ਉਰੂ ਖਤ ਵਾਲਾ ਅਧੀਰ, ਕਾਮ ਕਰਕੇ ਆਰਤ, ਕਮਜ਼ੋਰ, ਰਸਤੇ ਦੇ ਥਕੇਵੇਂ ਵਾਲਾ, ਬਹੁਤ ਛੋਟਾ ‡ਬੱਚਾ, ਤ੍ਰਿਖਾ ਕਰਕੇ ਸੂਮਤ ਅਰਥਾਤ

*ਬਾਲਕ ੧੬ ਸਾਲ ਤੋਂ ਪਹਿਲਾਂ.
†ਬੁੱਢਾ ੭੦ ਸਾਲਾਂ ਦਾ।
‡ਸਕਮਾਰ=ਕਹੀਏ ਕੋਮਲ—ਦੇਖੋ ਵੰਗਸੇਨ ਪਿ: ੬੭੪ ਪ: ੧੧

Digitized by Panjab Digital Library | www.panjabdigilib.org

ਬਹੁਤਾ ਪਜਾਸ ਵਾਲਾ, ਮੋਟਾ, ਇਸਤਰੀ, ਨਵੀਨ ਤਾਪ ਵਾਲਾ, ਗਰਭਣੀ ਔਰਤ, ਨਈ ਪ੍ਰਸੂਤ ਹੋਈ ਇਸਤਰੀ, ਰੂਖਾ, ਘਾਉ ਵਾਲਾ, ਮਦਾਤਯ ਰੋਗ ਵਾਲਾ ਅਰਥਾਤ ਬਹੁਤਾ ਸ਼ਰਾਬ ਪੀਣ ਵਾਲਾ ਅਰ ਮੰਦਾਗਨੀ ਵਾਲਾ ਇਨ੍ਹਾਂ ਨੂੰ ਜੁਲਾਬ ਨਾ ਦੇਵੇ, ਇਹ ਅਯੋਗਜ ਹਨ ॥੮੭॥੮੮॥

ਪ੍ਰਕ੍ਰਿਤੀ ੦ਰੇਚਨ–ਦੋਹਰਾ

ਬਹੁ ਪਿੱਤੇ ਮ੍ਰਿਦ ਰੇਚ ਹੈ ਮੱਧਮ ਬਹੁ ਕਫ ਜਾਨਿ ।
ਬਹੁ ਵਾਤੇ ਵਿਧਿ ਰੇਚ ਕਰਿ ਤੀਖਣ ਨਾਮ ਸੁਠਾਨਿ ॥੮੯॥
ਏਰੰਡ ਤੇਲ ਸੁ ਦੂਧ ਸੋ ਪੀਵਤ ਮ੍ਰਿਦ ਏ ਰੇਚ ।
ਅਮਲਤਾਸ ਤ੍ਰਿਵਤਾ ਕੜੂ ਮਧਮ ਰੇਚ ਸੁ ਪੇਚ ॥੯੦॥
ਅਜੈਪਾਲ ਥੋਹਰ ਦੁਗਦ ਚੋਕ ਤੀਖਣੰ ਤੇਹ ।
ਮ੍ਰਿਦ ਪਿੱਤਹਿ ਮੱਧਮ ਕਫਹਿ ਤੀਖਣ ਬਾਤਹਿ ਲੇਹ ॥੯੧॥

੨੪੧੦. ਜੇ ਬਹੁਤਾ ਪਿੱਤ ਵਧਿਆ ਹੋਵੇ ਤਾਂ ਮ੍ਰਿਦ ਰੇਚਨ ਅਰਥਾਤ ਨਰਮ ਜੁਲਾਬ ਦੇਵੇ । ਜੇ ਬਹੁਤ ਕਫ ਵਧੀ ਹੋਵੇ ਤਾਂ ਮਧਮ ਰੇਚਨ (ਦਰਮਿਆਨਾ ਜੁਲਾਬ) ਦੇਵੇ । ਜੇ ਕਦੇ ਵਾਯੂ ਬਹੁਤ ਵਧੀ ਹੋਵੇ ਤਾਂ ਤੀਖਣ ਰੇਚਨ ਅਰਥਾਤ ਜੁਲਾਬ ਦੇਵੇ ॥੮੯॥

੨੪੧੧. ਅਰਿੰਡ ਦਾ ਤੇਲ ਦੁਧ ਵਿਚ ਪਾਕੇ ਮਿਲਾਵੇ, ਇਹਨੂੰ ਮ੍ਰਿਦ ਰੇਚਨ ਅਰਥਾਤ ਨਰਮ ਜੁਲਾਬ ਕਿਹਾ ਜਾਂਦਾ ਹੈ । ਅੰਮਲਤਾਸ ਦਾ ਗੁੱਦਾ, ਤ੍ਰਿਵੀ ਅਤੇ ਕੌੜ ਕਾੜ੍ਹਕੇ ਦਸਤ ਦੇਵੇ, ਸੋ ਮੱਧਮ ਰੇਚਨ (ਦਰਮਿਆਨਾ ਜੁਲਾਬ) ਕਿਹਾ ਜਾਂਦਾ ਹੈ । ਜੇਕਰ ਜਮਾਲਗੋਟਾ, ਥੋਹਰ ਦਾ ਦੁੱਧ ਅਤੇ ਚੋਕ ਨਾਲ ਮਿਲਾਕੇ ਦਸਤ ਕਰਾਵੇ ਤਾਂ ਇਸਨੂੰ ਤੀਖਨ ਜੁਲਾਬ ਕਿਹਾ ਜਾਂਦਾ ਹੈ । ਪਿਤ ਪ੍ਰਕ੍ਰਿਤੀ ਵਾਲੇ ਦਾ ਕੋਠਾ ਮ੍ਰਿਦ (ਨਰਮ) ਹੁੰਦਾ ਹੈ । ਕਫ ਪਕ੍ਰਿਤੀ (ਬਲਗਮੀ ਆਦਤ ਵਾਲੇ) ਦਾ ਕੋਠਾ ਮਧਮ (ਨ ਨਰਮ ਨ ਕਰੜਾ) ਕਿਹਾ ਜਾਦਾ ਹੈ । ਜਿਸਦੀ ਬਾਤ ਪ੍ਰਕ੍ਰਿਤੀ ਹੋਵੇ,ਉਸਦਾ ਕੋਠਾ ਤੀਖਣ [ਕਰੜਾ) ਕਿਹਾ ਜਾਂਦਾ ਹੈ । (ਇਸ ਪ੍ਰਕਾਰ ਵੇਰਵਾ ਸਮਝੇ ॥੯੦॥੯੧॥

ਕ੍ਵਾਥ ਮਾਤ੍ਰਾ (ਸਾਰੰਗਧਰਾਤ)–ਚੌਪਈ

ਵਡੀ ਮਾਤ੍ਰਾ ਦੋ ਪਲ ਜਾਨ । ਦਸਤ ਲਗੈ ਤਿਸ ਤੀਸ ਪ੍ਰਮਾਨ ।
ਇਕ ਪਲ ਮਾਤ੍ਰਾ ਮਧਯਮ ਕਹੀ । ਵੀਸ ਵਰੇਚਨ ਤਾਂਸੇ ਲਹੀ ॥੯੨॥
ਛੋਟੀ ਮਾਤ੍ਰਾ ਅਧ ਪਲ ਜੋਇ । ਦਸਤ ਦਸੇ ਤਾਂਹੂ ਤੇ ਹੋਇ ।
ਸਾਰੰਗਧਰ ਤੇ ਬਾਤ ਬਖਾਨੀ।ਮੇਘ ਰਿਖਹਿ ਸਬਕੈ ਹਿਤ ਠਾਨੀ ॥੯੩॥

੨੪੧੨. ਦਸਤਾਂ ਵਾਸਤੇ ਦੇਣ ਵਾਲੇ ਕਾੜ੍ਹੇ ਦੀ ਵੱਡੀ ਮਾਤ੍ਰਾ ੨ ਪਲ ਅਰਥਾਤ ੮ ਤੋਲੇ ਕਾੜ੍ਹਕੇ ਛੁਹੀ ਹੋਈ ਦੀ ਦੇਵੇ, ਤਿਸ ਨਾਲ ੩੦ ਦਸਤ ਹੋ ਸਕਣਗੇ । ਇਕ ਪਲ ਰਹੀ ਅਰਥਾਤ ੪ ਤੋਲੇ ਦੀ ਮਾਤ੍ਰਾ ਮੱਧਮ ਕਹਾਉਂਦੀ ਹੈ, ਇਸ ਨਾਲ ੨੦ ਦਸਤ ਹੁੰਦੇ ਹਨ । ਛੋਟੀ ਮਾਤ੍ਰਾ ਅਧ ਪਲ ਅਰਥਾਤ ਦੋ

੦ਪ੍ਰਕ੍ਰਤੀ=ਮਿਜਾਜ਼, ਅਰਥਾਤ ਤਬੀਅਤ ਮਦਖ਼ ।

Digitized by Panjab Digital Library | www.panjabdigilib.org

ਤੋਲੇ ਦੀ ਹੈ; ਇਸ ਨਾਲ ੧੦ ਦਸਤ ਹੁੰਦੇ ਹਨ, ਇਹ ਮਤ ਸਾਰੰਗਧਰ ਦਾ ਹੈ ॥੯੨॥੯੩॥

ਮਧੁ ਘ੍ਰਿਤ, ਔਖਧ ਨਾਲ ਦੇਣ ਦਾ ਪ੍ਰਮਾਣ—ਚੌਪਈ

ਚੂਰਨ ਗੋਲੀ ਕਲਕ ਜੁ ਸੰਗ। ਕਰਖ ਮਾਨ ਘ੍ਰਿਤ ਮਧੁ ਲੈ ਅੰਗ।
ਕਰਖ ਦੋਇਪਲ ਵਾ ਇਕ ਜਾਨ। ਰੋਗਦੇਖ ਤੀਨੋ ਵਿਧਿਠਾਨ ॥੯੪॥

੨੪੧੩. ਚੂਰਣ, ਗੋਲੀ ਅਤੇ ਕਲਕ ਨਾਲ ਘ੍ਰਿਤ ਤੇ ਸ਼ਹਤ ੧ ਕਰਖ (੧ ਤੋਲਾ) ਪ੍ਰਮਾਣ ਦੇਵੇ ਜਾ ਦੋ ਕਰਖ (੨ ਤੋਲੇ) ਦੇਵੇ ਅਥਵਾ ੧ ਪਲ (੪ ਤੋਲੇ) ਦੇਵੇ। ਇਹ ਤਿੰਨੇ ਵਿਧੀਆਂ ਰੋਗ ਦੇਖਕੇ ਕਰੇ ॥੯੪॥

ਬਾਤ ਪ੍ਰਕ੍ਰਿਤੀ ਵਾਲੇ ਕੋ ਰੇਚਨ—ਦੋਹਰਾ

ਸੇਂਧਾ, ਤ੍ਰਿਵਤਾ ਸੁੰਠ ਲੈ ਉਸਨ ਨੀਰ ਸੋ ਫਾਕ।
ਵਾਤ ਪ੍ਰਕ੍ਰਿਤ ਰੇਚਨ ਕਹਜ਼ਾ ਸਾਰੰਗਧਰ ਕੇ ਵਾਕ ॥੯੫॥

੨੪੧੪. ਸੇਂਧਾਨਿਮਕ, ਤ੍ਰਿਵੀ ਅਤੇ ਸੁੰਢ ਗਰਮ ਜਲ ਨਾਲ ਫਕਾਵੇ। ਇਹ ਬਾਤ ਪ੍ਰਕ੍ਰਿਤੀ ਵਾਲੇ ਨੂੰ ਰੇਚਨ ਸਾਰੰਗਧਰ ਵਿਚ ਕਿਹਾ ਹੈ ॥੯੫॥

ਪਿਤ ਪ੍ਰਕ੍ਰਿਤੀ ਵਾਲੇ ਕੋ ਰੇਚਨ—ਦੋਹਰਾ

ਤ੍ਰਿਵਤਾ ਚੂਰਨ ਪੀਸਕੈ ਦਾਖ ਕ੍ਵਾਥ ਸੋ ਦੇਇ।
ਪਿਤ ਪ੍ਰਕ੍ਰਿਤਹਿ ਜੁ ਰੇਚ ਹੈ ਸਾਰੰਗਧਰ ਮਹਿ ਏਹ ॥੯੬॥

੨੪੧੫. ਤ੍ਰਿਵੀ ਦਾ ਚੂਰਣ ਪੀਹਕੇ ਮੁਣੱਕੇ ਦੇ ਕਾੜ੍ਹੇ ਨਾਲ ਦੇਵੇ। ਇਕ ਪਿਤ ਪ੍ਰਕ੍ਰਿਤੀ ਵਾਲੇ ਦਾ ਰੇਚਨ ਸਾਰੰਗਧਰ ਵਿਚ ਲਿਖਿਆ ਹੈ ॥੯੬॥

ਕਫ ਪ੍ਰਕ੍ਰਿਤਿ ਵਾਲੇ ਕੋ ਰੇਚਨ--ਦੋਹਰਾ

ਤ੍ਰਿਫਲਾ ਕ੍ਵਾਥ ਕਰਾਇਕੈ ਗਊ ਮੂਤ੍ਰ ਵਿਚ ਪਾਇ।
ਤ੍ਰਿਊਖਣ ਭੁਰਕੀ ਪਿਯੈ ਕਫ ਕਾ ਰੇਚਨ ਥਾਇ ॥੯੭॥

੨੪੧੬. ਤ੍ਰਿਫਲੇ ਦਾ ਕਾੜ੍ਹਾ ਕਰਕੇ ਉਸ ਵਿਚ ਗਊ ਮੂਤ੍ਰ ਪਾਵੇ । ਉਪਰ ਤ੍ਰਿਕੁਟਾ ਬਰੂਰ ਕੇ ਪੀਵੇ ਤਾਂ ਇਹ ਕਫ ਦਾ ਰੇਚਨ, ਕਿਹਾ ਜਾਂਦਾ ਹੈ ॥੯੭॥

ਖਟ (ਛੇ) ਰਿਤੂ ਦਾ ਜੁਲਾਬ—ਚੌਪਈ

ਇਰਿੰਡ ਤੇਲ ਸਮ ਤ੍ਰਿਫਲਾ ਕ੍ਵਾਥ। ਕ੍ਵਾਥ ਤ੍ਰਿਫਲਾ ਵਾ ਚੂਨੇ ਸਾਥ।
ਅਥਵਾ ਦੂਧਸਾਥ ਮਿਲ ਪੀਤ। ਗ੍ਰੀਖਮ ਰਿਤ ਰੇਚਨ ਏ ਮੀਤ ॥੯੮॥
ਤ੍ਰਿਵੀ ਇੰਦ੍ਰਜਵ ਪੀਪਰ ਸੁੰਠ। ਚੂਰਨ ਇਨਕਾ ਕੀਚੈ ਗੁੰਠ।
ਦਾਖਰਸਹਿ ਮਧੁਪਾਈ ਖਾਇ। ਵਰਖਾ ਰਿਤ ਮਹਿ ਰੇਚਨ ਥਾਇ ॥੯੯॥

Digitized by Panjab Digital Library | www.panjabdigilib.org

ਤ੍ਰਿਵੀ ਧਮਾਹਾ ਮੁਸਤਾ ਸਿਤਾ। ਨੇਤਰਬਾਲਾ ਚੰਦਨ ਇਤਾ।
ਦਾਖਨੀਰ ਯਸਟੀ ਵਾ ਨੀਰ। ਸਰਦਰੁਤਹਿ ਰੇਚਨ ਹੁਇ ਬੀਰ ॥੧੦੦॥
ਤ੍ਰਿਵੀ ਸੁ ਚਿਤ੍ਰ ਪਾਠਾਦਾਰ। ਜੀਰਾ ਵਚ ਅਰ ਚੋਕ ਸੁ ਡਾਰ।
ਚੂਰਨ ਕਰ ਤਾਤੇ ਜਲ ਖਾਇ। ਹੇਮੰਤੇ ਰਿਤ ਰੇਚਨ ਥਾਇ ॥੧੦੧॥
ਪੀਪਰ ਨਾਗਰ ਸੇਂਧਾਂ ਤ੍ਰਿਵੀ। ਅਰ ਸ੍ਰਨਾਇ ਚੂਰਨ ਕਰ ਇਵੀ।
ਸਹਿਤਸੰਗ ਖਾਵਤ ਨਰ ਨਾਰਿ। ਸਿਸਰ ਬਸੰਤਹਿ ਰੇਚਨ ਕਾਰਿ॥੧੦੨॥
ਤ੍ਰਿਵਤਾ ਸਮ ਮਿਸਰੀ ਕੋ ਪਾਇ। ਗ੍ਰੀਖਮ ਕਾਲਹਿ ਰੇਚਨ ਥਾਇ।
ਖਟਰਿਤ ਕਾ ਰੇਚਨ ਇਹੁ ਕਹਯਾ। ਸਾਰੰਗਧਰ ਤੇ ਮੇਘੈ ਲਹਯਾ ॥੧੦੩॥

੨੪੧੭. ਅਰਿੰਡ ਦੇ ਤੇਲ ਸਮਾਨ ਤ੍ਰਿਫਲੇ ਦੇ ਕਾੜ੍ਹੇ ਦਾ ਜਲ, ਯਾ ਇਹ ਜਲ ਤੇਲ ਨਾਲੋਂ ਦੂਣਾ ਅਥਵਾ ਦੁਧ ਮਿਲਾਕੇ ਪੀਵੇ ਤਾਂ ਇਹ ਗ੍ਰੀਖਮ ਰਿਤੂ (ਗਰਮੀਆਂ ਦੇ ਦਿਨਾਂ ਦਾ) ਰੇਚਨ ਕਿਹਾ ਜਾਂਦਾ ਹੈ ॥੯੮॥

੨੪੧੮. ਤ੍ਰਿਵੀ, ਇੰਦਰ ਜੌਂ, ਮਘ ਤੇ ਸੁੰਢ ਇਨਾਂ ਦਾ ਚੂਰਣ ਲਵੇ, ਇਸ ਵਿੱਚ ਅੰਗੂਰਾਂ ਦਾ ਰਸ ਅਤੇ ਸ਼ਹਤ ਪਾਕੇ ਖੁਲਾਵੇ, ਅਜੇਹਾ ਜੁਲਾਬ ਵਰਸਾਤ ਦੇ ਦਿਨਾਂ ਵਿਚ ਦੇਣਾ ਚਾਹੀਏ ॥੯੯॥

੨੪੧੯. ਤ੍ਰਿਵੀ, ਧਮਾਹਾਂ, ਮੋਥਾ, ਮਿਸਰੀ, ਨੇਤ੍ਰਬਾਲਾ (ਕਮਲ ਦੀਆਂ ਤਰੀਆਂ), ਚਿੱਟਾ ਚੰਦਨ ਬੂਰ ਇਨਾਂ ਨੂੰ ਅੰਗੂਰਾਂ ਦੇ ਰਸ ਨਾਲ ਯਾ ਮੁਲੱਠੀ ਦੇ ਘੱਟਕੇ ਕੱਢੇ ਹੋਏ ਜਲ ਨਾਲ ਦੇਵੇ, ਇਹ ਸਰਦ ਰਿੱਤੂ (ਅੱਸੂ ਕੱਤਕ) ਵਿੱਚ ਜੁਲਾਬ ਦੇਣੇ ਯੋਗ ਹਨ ॥੧੦੦॥

੨੪੨੦. ਤ੍ਰਿਵੀ, ਚਿਤਰੇ ਦੀ ਛਿਲ, ਪਲਾਹ ਜੜ, ਦੇਵਦਾਰ, ਚਿੱਟਾ ਜੀਰਾ ਵਚ ਅਤੇ ਚੋਕ ਇਨਾਂ ਦਾ ਚੂਰਣ ਕਰਕੇ ਗਰਮ ਜਲ ਨਾਲ ਖੁਲਾਵੇ, ਇਹ ਜੁਲ ਬ ਹੇਮੰਤ ਰਿਤੂ (ਪੋਹ ਮਾਘ) ਵਿਖੇ ਦੇਣੇ ਯੋਗ ਹਨ ॥੧੦੧॥

੨੪੨੧. ਮਘ, ਸੁੰਢ, ਸੇਂਧਾਨਿਮਕ, ਤ੍ਰਿਵੀ ਅਤੇ ਸਰਨਾਇ ਇਨਾਂ ਸਭਨਾਂ ਦਾ ਚੂਰਣ ਕਰਕੇ ਸ਼ਹਿਤ ਨਾਲ ਪੁਰਖ ਇਸਤ੍ਰੀ ਖਾਵੇ ਤਾਂ ਸਿਸਰ ਅਤੇ ਬਸੰਤ ਰਿਤੂ ਦਾ ਰੇਚਨ ਕਹੌਂਦਾ ਹੈ ॥੧੦੨॥

੨੪੨੨. ਤ੍ਰਿਵੀ ਦੇ ਸਮਾਨ ਮਿਸਰੀ ਪਾਕੇ ਦੇਵੇ ਤਾਂ ਇਹ ਗ੍ਰੀਖਮ ਰਿਤੂ ਦਾ ਰੇਚਨ ਕਰਨਹਾਰਾ ਹੁੰਦਾ ਹੈ। ਇਹ ੬ ਰੁਤਾਂ ਦਾ ਜੁਲਾਬ ਸਾਰੰਗਧਰ ਤੋਂ ਕਿਹਾ ਗਿਆ ਹੈ ॥੧੦੩॥

ਸਰਬ ਕੋ ਰੇਚਨ (ਅਭਯਾਦਿ ਮੋਦਕ)--ਚੌਪਈ

ਅਭਯਾ ਮਰਚਾਂ ਸੁੰਠ ਵੜਿੰਗ। ਧਾਤ੍ਰੀ ਫਲ ਪੀਪਰਿ ਤ੍ਰਕ ਅੰਗ।
ਗ੍ਰੰਥਕ ਘਨ ਸੋ ਪਤ੍ਰ ਤਮਾਲ। ਸਮਜੁ ਭਾਗ ਸਭ ਏਲੈ ਡਾਲ ॥੧੦੪॥
ਇਕਤੇ ਤ੍ਰਿਗੁਣੀ ਦੰਤੀ ਪਾਇ। ਇਕਤੇ ਆਠ ਗੁਣੀ ਤ੍ਰਿਵਿ ਲਯਾਇ।
ਇਕਤੇ ਖਟਗੁਣਸਿਤਾ ਮਿਲਾਇ।ਮਧੁਸੇਮੋਦਕ ਕਰਖ ਬਨਾਇ ॥੧੦੫॥

Digitized by Panjab Digital Library | www.panjabdigilib.org

ਸੀਤਲ ਜਲ ਸੋਂ ਇਕ ਇਕ ਖਾਇ। ਲਗੈ ਵਰੇਚ ਮਹਾਂ ਸੁਖ ਥਾਇ।
ਗਰਮ ਵਸਥ ਖਾਵੈ ਤੋ ਬੰਦ। ਪਾਨਾਹਾਰ ਵਿਹਾਰ ਨਿਕੰਦ ॥੧੦੬॥
ਵਿਖਮ ਤਾਪ ਮੰਦਾਗਨਿ ਪੰਡ। ਕਾਸ ਭਗੰਦਰ ਅਰਸਾ ਚੰਡ।
ਖਈ ਕੁਸ਼ਟ ਦੁਰਨਾ ਵਮਿ ਦਾਹ। ਭਰਮੋਦਰ ਗਲਗੰਡ ਅਨਾਹ ॥੧੦੭॥
ਮੇਦ ਪਲੀਹਾ ਨੇਤ੍ਰਹਿ ਰੋਗ। ਵਾਤ ਰੋਗ ਮੂਤਰ ਕ੍ਰਿਛ ਯੋਗ।
ਜਘਨ ਅਸਮਰੀ ਪਾਰਸੁ ਪੀਠ। ਜੰਘੋਦਰ ਕਚ ਸ੍ਵੇਦਨ ਦੀਠ ॥੧੦੮॥
ਅਭਯਾਦਿਕ ਮੋਦਕ ਇਸਨਾਮ। ਇਨ ਰੋਗਨ ਕੋ ਕਰਤਾ ਖਾਮ।
ਮਹਾਂ ਰਸਾਯਨ ਸਾਰੰਗਧਰੈ। ਕਹਤ ਮੇਘ ਰੇਚਨ ਹੁਇ ਖਰੈ ॥੧੦੯॥

੨੪੨੩. ਹਰੜ ਦੀ ਛਿਲ, ਮ੍ਰਿਚ, ਸੁੰਢ, ਬਾਵੜਿੰਗ, ਆਵਲੇ, ਮਘਾਂ, ਤਜਸਕ, ਪਿਪਲਾਮੂਲ, ਮੋਥਾ ਤੇ ਤਮਾਲ ਪਤ੍ਰ ਇਹ ਸਭ ਇਕ ਸਮਾਨ ਅਰਥਾਤ, ੧-੧ ਤੋਲਾ ਲਵੇ, ਇਕ ਚੀਜ ਨਾਲੋਂ ਤ੍ਰਿਗੁਣੀ ਅਰਥਾਤ ੩ ਤੋਲੇ †ਦੰਤੀ ਪਾਵੇ। ਇੱਕ ਨਾਲੋਂ ਅੱਠ ਗੁਣੀ ਭਾਵ ੮ ਤੋਲੇ ਤ੍ਰਿਵੀ ਦੀ ਛਿਲ ਪਾਵੇ ਇਕ ਨਾਲੋਂ ਛੇ ਗੁਣੀ ਭਾਵ ੬ ਤੋਲੇ ਮਿਸਰੀ ਲਵੇ। ਸਭਨਾਂ ਦਾ ਬਰੀਕ ਚੂਰਣ ਕਰਕੇ ਮੁੜ ਤੋਲਕੇ ਇਸ ਵਿੱਚ ਸ਼ਹਿਤ ਪਾਕੇ ਮਿਲਾਕੇ ਲੱਡੂ ੧-੧ ਤੋਲੇ ਦਾ ਬੰਨੇ, ਇਨਾਂ ਲੱਡੂਆਂ ਵਿਚੋਂ ੧ ਲੱਡੂ ਪ੍ਰਾਤਾਕਾਲ਼ ਖਾਕੇ ਉਪਰੋਂ ਠੰਢਾ ਪਾਣੀ ਪੀਵੇ। ਇਸ ਨਾਲ ਦਸਤ ਬੜੀ ਅਸਾਨੀ ਨਾਲ ਲਗਦੇ ਹਨ, ਕਿਸੀ ਤਰਾਂ ਦੀ ਤਕਲੀਫ ਨਹੀਂ ਹੁੰਦੀ, ਸਗੋਂ ਸੁਖ ਪ੍ਰਾਪਤ ਹੁੰਦਾ ਹੈ। ਪਿਛੋਂ ਜੇ ਗਰਮ ਚੀਜ਼ ਖਾ ਲਵੇ ਤਾਂ ਦਸਤ ਬੰਦ ਹੋ ਜਾਂਦੇ ਹਨ, ਇਸਦੇ ਪ੍ਰਭਾਵ ਸਭ ਪ੍ਰਕਾਰ ਦੇ ਵਿਖਮ ਤਾਪ, ਮੰਦਾਗਨੀ ਪਾਂਡੂ ਰੋਜ,ਖਾਂਸੀ, ਭਗੰਦਰ, ਬਵਾਸੀਰ, ਖਈ ਕੁਸਟ੦ਬੁਰਨਾਵੀ, ਵਮਨ, ਦਾਹ, ਭ੍ਰਮਰੋਗ, ਉਦਰ ਰੋਗ, ਹਜੀਰਾਂ, ਅਫਾਰਾ, ਮੋਟਾਪਨ, ਲਿਫ, ਨੇਤ੍ਰਾਂ ਦੇ ਰੋਗ, ਬਾਤ ਰੋਗ, ਮੂਤ੍ਰ ਕ੍ਰਿਛ, ਜੰਗਾ ਦੇ ਰੋਗ, ਪਥਰੀ, ਜਾਤ੍ਰਲ, ਜੰਮ, ਕਮਰ ਦਰਦ, ਜੰਘਾਂ ਦੀ ਤੇ ਪੇਟ ਦੀ ਕੱਠੀ ਪੀੜ ਅਰ ਕੇਸਾਂ ਦਾ ਛੇਤੀ ਚਿੱਟੇ ਹੁੰਦੇ ਜਾਣਾ, ਇਨਾਂ ਸਭਨਾਂ ਰੋਗਾਂ ਪਰ ਅਭਯਾਦਿ ਮੋਦਕ ਦੇਵੇ ਤਾਂ ਤਮਾਮ ਰੋਗ ਨਾਸ ਕਰੇ। ਭਾਰੀ ਰਸਾਯਨ ਰੂਪ ਸਾਰੰਗਧਰ ਵਿਚ ਕਿਹਾ ਹੈ। ਇਹ ਸਰੇਸਟ ਜੁਲਾਬ ਹੈ ॥੧੦੪ ਤੋਂ ੧੦੯॥

ਜੁਲਾਬ ਰਖਯਾ--ਦੋਹਰਾ

ਬੇਗ ਨ ਰੋਕੈ ਸ੍ਵਪਨ ਨਹਿ ਛੁਵੈ ਨ ਸੀਤ ਲਵਾਰ।
ਪਵਨ ਰਹਿਤ ਗ੍ਰਿਹਿ ਬੈਠਿਯੈ ਸਮ ਜਾਗਾ ਪਗ ਧਾਰ॥੧੧੦॥
ਉਸਨ ਨੀਰ ਛਿਨ ਛਿਨ ਪਿਵੇ ਲਗੇ ਦਸਤ ਅਤਿਜਾਨ।

---

†ਦੰਤੀ-ਜਮਾਲਗੋਟੇ ਦੀ ਜੜ ਨੂੰ ਆਖਦੇ ਹਨ, ਇਸਦੇ ਅਭਾਵ ਵਿਚ 'ਜੁਲਾਬਾ' ਗੰਢ ਪਾਵੇ। ਏਸੇ ਨੂੰ ਦੰਤੀ ਜਾਣੋ, ਇਸਤੋਂ ਭਿੰਨ ਦੰਤੀ ਕੋਈ ਚੀਜ਼ ਨਹੀਂ ਹੈ।

੦ਦੁਰਨਾਮ ਤੇ ਕੁਸ਼ਟ ਹੀ ਹੈ।

Digitized by Panjab Digital Library | www.panjabdigilib.org

ਸਾਰੰਗਧਰ ਤੇ ਮੈ ਲਹਜੇ ਕਹਿਤ ਮੇਘ ਸੁਨਿ ਬਾਨਿ ॥੧੧੧॥

੨੪੨੪. ਮਲ, ਪਵਨ ਦਾ ਬੇਗ ਨਾ ਰੋਕੇ, ਸੇਵੇ ਨਹੀਂ, ਠੰਢੇ ਪਾਣੀ ਨੂੰ ਨਾਂ ਸਪਰਸ਼ ਕਰੇ, ਜਿਸ ਥਾਂ ਹਵਾ ਨਾ ਲੱਗੇ ਅਜੇਹੇ ਘਰ ਵਿਚ ਬੈਠੇ ਅਰ ਉਚੇ ਨੀਵੇਂ ਪੈਰ ਨਾ ਧਰੇ, ਕਿੰਤੂ ਸਮਾਨ ਥਾ ਪੈਰ ਧਰੇ। ਗਰਮ ਜਲ ਦਾ ਘੁਟ ਬਾਰੰਬਾਰ ਪੀਵੇ ਤਾਂ ਦਸਤ ਅਤਯੰਤ ਅਤੇ ਖੁਲ੍ਹਕੇ ਔਂਦੇ ਹਨ। ਇਹ ਸਭ ਸਾਰੰਗਧਰ ਤੋਂ ਕਹੇ ਹਨ ॥੧੧੧॥

ਸ਼ੁਧ ਰੇਚਨ ਲੱਛਣ--ਦੋਹਰਾ

ਪ੍ਰਿਥਮ ਮੈਲ ਫੁਨਿ ਪਿੱਤ ਹੀ ਫੇਰ ਅਉਖਧੀ ਜਾਨ।
ਫਿਰ ਨਿਕਸੈ ਕਫ ਮੇਘ ਭਨ ਰੇਚਨ ਸੁਧਿ ਵਖਾਨ ॥੧੧੨॥

੨੪੨੫. ਪਹਿਲ ਮੈਲ, ਫੇਰ ਪਿੱਤ, ਫਿਰ ਦਵਾਈ ਨਿਕਲੇ, ਤਾਂ ਸ਼ੁਧ ਜੁਲਾਬ ਲੱਗਾ ਕਿਹਾ ਜਾਂਦਾ ਹੈ ॥੧੧੨॥

ਅਥ ਅਸੁਧ ਰੇਚਨ ਲੱਛਣ--ਚੌਪਈ

ਨਾਭਿ ਆਕੜੈ ਕੁਖਜ ਸੁ ਸੂਲ। ਵਾਤ ਪੁਰੀਖ ਮਿਲੈ ਇਕ ਮੂਲ।
ਅੰਗਭਾਰੀ ਮੰਡਲਗਦਖਾਜ।ਅਰੁਚਿ ਵਮਿ ਅਧਿਮਾਨਹਿਰਾਜ ॥੧੧੩॥
ਵੈਦਾਹੀ ਭ੍ਰਮ ਤਾਂਕੋ ਹੋਇ। ਜਾਂਕੋ ਰੇਚਨ ਲਗੈ ਨ ਜੋਇ।
ਪਾਚਨ ਸਨੇਹਨ ਕਰਿ ਪੁਨ ਦੇਇ। ਰੇਚਨ ਰਾਈ ਸੁਧ ਕਰੇਇ ॥੧੧੪॥
ਸਠੀ ਚਾਵਲ ਮੂੰਗ ਰਲਾਇ। ਇਨਕਾ ਯੂਖ ਖੁਲਾਵੈ ਸਾਇ।
ਤਾਂਪਰ ਰੇਚਨ ਪ੍ਰਾਤਹਿ ਦੇਇ। ਕਹਤ ਮੇਘ ਤੌ ਗੁਨਹਿ ਕਰੇਇ ॥੧੧੫॥

੨੪੨੬. ਨਾਭੀ ਆਕੜ ਜਾਵੇ, ਵੱਖੀਆਂ ਵਿੱਚ ਸੂਲ ਹੋਵੇ, ਹਵਾ ਤੇ ਮੈਲ ਮਿਲਕੇ ਔਣੇ, ਅੰਗਾਂ ਵਿਖੇ ਭਾਰੀਪਨਾ, ਚਕਤੇ. ਗੱਦ, ਖੁਰਕ, ਅਰੁਚੀ, ਕੈ, ਅਫਾਰਾ, ਬਹੁਤਾਦਾਹ ਤੇ ਭ੍ਰਮ ਤਿਸਨੂੰ ਹੁੰਦਾ ਹੈ, ਜਿਸਨੂੰ ਜੁਲਾਬ ਨਾ ਹੋਵੇ, ਅਰਥਾਤ ਨਾ ਲਗੇ। ਉਸਨੂੰ ਫਿਰ ਪਾਚਨ ਔਸ਼ਧੀਆਂ, ਅਰ ਤੇਲ ਆਦਿ ਪਿਲਾਕੇ ਮੁੜ ਦਸਤ ਦੇਵੇ। ਇਸ ਤਰਾਂ ਦਸਤ ਦੇਕੇ ਸੁਧ ਕਰੇ। ਪੱਥ ਸੱਠੀ ਦੇ ਚੌਲ ਵਿੱਚ ਮੂੰਗ ਰਲਾਕੇ, ਇਨ੍ਹਾਂ ਦਾ ਯੂਖ ਬਣਾਕੇ ਖੁਲਾਵੇ। ਪ੍ਰਾਤਾਕਾਲ ਮੁੜ ਜੁਲਾਬ ਦੇਵੇ, ਤਾਂ ਅੰਦਰ ਸੁਧ ਹੋਵੇ ॥ ੧੧੩ ਤੋਂ ੧੧੫॥

ਅਥ ਬ੍ਰਿਹਿਤ ਨਾਰਾਂਸ ਰਸ (ਸਾਰੰਗਧਰਾਤ)—ਚੌਪਈ

ਹਿੰਗਲੂ ਗੰਧਕਿ ਸੁਧਿ ਜੈਪਾਲ। ਸੁਧ ਸੂਤ ਟੰਕਣ ਹਰਤਾਲ।
ਸਮ ਪੀਸੀ ਰਤੀ ਸਮ ਖਾਇ। ਉਸਨ ਨੀਰ ਸੋ ਰੇਚ ਕਰਾਇ ॥੧੧੬॥
ਉਦਰ ਰੋਗ ਅਰ ਗੁਲਮ ਪਰਾਇ। ਵਿਖਮ ਤਾਪ ਸੋ ਨਾਮ ਨ ਥਾਇ।
ਸਕਲ ਕਾਮ ਮਹਿ ਦੇਵੇ ਸਹੀ। ਵੈਦ ਆਪਨੀ ਅਕਲ ਸੁਲਹੀ ॥੧੧੭॥

Digitized by Panjab Digital Library | www.panjabdigilib.org

੨੪੨੭. ਸਿੰਗ੍ਰਫ, ਸੁਧ ਗੰਧਕ ਆਵਲੇਸਾਰ, ਸੋਧੇ ਜਮਾਲਗੋਟੇ ਦੇ ਦਾਣੇ, ਸੁੱਧ ਪਾਰਾ, ਸੁਹਾਗਾ, ਵਰਕੀਆ ਹੜਤਾਲ ਸਮਾਨ ਭਾਗ ਲੈਕੇ ਘੋਟੇ, ਜਦ ਰਸ ਤਿਆਰ ਹੋ ਜਾਵੇ, ਤਾਂ ਰਤੀ ੧ ਖੰਡ ਵਿੱਚ ਰਖਕੇ ਨਿਗਲੇ, ਪਿਛੋਂ ਤੱਤਾ ਜਲ ਪਿਲਾਵੇ ਤਾਂ ਪੇਟ ਦੇ ਰੋਗ, ਵਾਉ ਗੋਲਾ ਤੇ ਵਿਖਮ ਤਾਪ ਇਨ੍ਹਾਂ ਦਾ ਨਾਮ ਤਕ ਨਹੀਂ ਰਹਿੰਦਾ। ਹੋਰ ਭੀ ਸਭ ਕੰਮਾਂ ਵਿਚ ਜਿਥੇ ਦਸਤਾਂ ਦੀ ਲੋੜ ਹੈ ਦਿਤਾ ਜਾ ਸਕਦਾ ਹੈ, ਪਰੰਤੂ ਵੈਦ ਨੂੰ ਆਪਣੀ ਬੁਧੀ ਚਾਹੀਏ। ਇਹ ਰਸ ਦਸਤਾਂ ਵਾਸਤੇ ਬਹੁਤ ਹੀ ਉਤਮ ਹੈ।੧੧੬॥੧੧੭॥

ਨਰਾਚ ਰਸ (ਰਸਰਤਨਾਕਰਾਤ)—ਦੋਹਰਾ

ਪਾਰਾ ਟੰਕਣ ਮਰਚ ਲੈ ਟੰਕ ਟੰਕ ਪਰਮਾਨ।
ਗੰਧਕ ਪੀਪਰ ਸੁੰਠਿ ਏ ਦੋ ਦੋ ਟੰਕ ਵਖਾਨ ॥੧੧੮॥
ਨਿਸ ਤੁਖ ਸੋਧਾ ਬੀਜ ਲੈ ਦੰਤੀ ਕੇ ਸੁਭ ਜੋਇ।
ਸਭਕੇ ਸਮ ਏ ਪਾਈਐ ਖਰਲ ਯਾਮ ਦੋ ਹੋਇ ॥੧੧੯॥
ਖੰਡ ਸਾਥ ਦੋ ਗੁੰਜ ਭਰ ਤਾਤੇ ਪਾਨੀ ਸੰਗ।
ਲਗੈ ਰੇਚ ਖਾਵਨ ਕਿਯੈ ਪਥਜ ਯਵਾਂਗੂ ਅੰਗ ॥੧੨੦॥

੨੪੨੮. ਪਾਰਾ, ਸੁਹਾਗਾ ਤੇ ਮ੍ਰਿਚ ਇਹ ੪-੪ ਮਾਸੇ, ਗੰਧਕ, ਮਘ, ਤੇ ਸੁੰਢ; ਇਹ ੮-੮ ਮਾਸੇ। ਸੋਧੇ ਹੋਏ ਤੇ ਤੋਂਹ ਉਤਾਰੇ ਜਮਾਲ ਗੋਟੇ ਦੇ ਬੀਜ, ਇਹ ਸਭਨਾਂ ਜਿਤਨੇ। ਫਿਰ ਦੋ ਪਹਿਰ ਖਰਲ ਕਰਕੇ ਰਸ ਤਿਆਰ ਕਰ ਰਖੇ। ਇਸਨੂੰ ਖੰਡ ਵਿਚ ਦੋ ਰਤੀਆਂ ਦੇਕੇ ਪਿਛੋਂ ਗਰਮ ਪਾਣੀ ਦਾ ਘੁਟ ਭਰਾਵੇ ਤਾਂ ਦਸਤ ਲਗਦੇ ਹਨ, ਪੱਥ ਯਵਾਗੂ ਖੁਲਾਵੇ ॥੧੧੮ ਤੋਂ ੧੨੦॥

ਇਛਾ ਭੇਦੀ ਰਸ (ਵੈਦ ਕੰਤੂਹਲਾਤ)—ਚੌਪਈ

ਪਾਰਾ ਟੰਕਣ ਗੰਧਕ ਪਾਇ। ਅਜੈ ਪਾਲ ਮਰਚਾਂ ਮੰਗਵਾਇ।
ਹਰਧ ਜਵਾਨੀ ਅਰ ਜਵਖਾਰ। ਇਰੰਡ ਬੀਜ ਸੋ ਖਰਲੌ ਸਾਰ ॥੧੨੧॥
ਤੀਨ ਦਿਵਸ ਲੌ ਮਰਦੋ ਸਹੀ। ਦੋ ਰਤੀ ਰੇਚਨ ਕੋ ਕਹੀ।
ਦਸ ਚੁਲਕਾ ਪਿਵ ਤਾਤਾ ਨੀਰ। ਦਸੇ ਰੇਚ ਇਹ ਕਰਤਾਬੀਰ ॥੧੨੨॥

੨੪੨੯. ਪਾਰਾ, ਗੰਧਕ, ਜਮਾਲ ਗੋਟਾ, ਮਿਰਚਾਂ, ਹਲਦੀ, ਜਵਾਇਣ, ਜੌਂਖਾਰ ਤੇ ਅਰਿੰਡ ਦੇ ਬੀਜ, ਸਭੇ ਸਮਾਨ ਲੈਕੇ ਤਿੰਨ ਦਿਨ ਖਰਲ ਕਰੇ। ਇਸ ਵਿਚੋਂ ੨ ਰਤੀਆਂ ਜੁਲਾਬ ਵਾਸਤੇ ਖੰਡ ਵਿਚ ਰਖਕੇ ਨਿਗਲਾਵੇ। ਪਿਛੋਂ ਦਸ ਚੁਲੀਆਂ ਤਤੇ ਪਾਣੀ ਦੀਆ ਪਿਲਾਵੇ ਤਾਂ ਦਸੇ ਦਸਤ ਆਉਂਦੇ ਹਨ ॥੧੨੨॥

ਵਮਨ ਵਿਧੀ [ਸਾਰੰਗਧਰਾਤ]—ਚੌਪਈ

ਬਲਵੰਤਾ ਕਫ ਵਿਆਪਕ ਕੁਸ਼ਟ। ਹਰਲਾ ਸਹਿਵਿਖ ਅਰਬੁਦ ਸੁਸਟ।
ਹੋਤ ਸੂਰ ਅਸਥਾਨ ਕੇ ਰੋਗ॥ ਮੰਦ ਅਗਨਿ ਸਿਲੀਪਦਹਿਯਜੋਗ ॥੧੨੩॥

Digitized by Panjab Digital Library | www.panjabdigilib.org

ਆਜੀਰਣਹਿ ਵਿਸਰਪੈ ਮੇਹ। ਭ੍ਰਮ ਵਿਦਰਕਾ ਪੀਨਸ ਤੇਹ।
ਅਪਸਮਾਰ ਵ੍ਰਿਧਿ ਜ੍ਵਰ ਉਨਮਾਦ। ਸ੍ਵਾਸ ਕਾਸ ਜਿਹਵਾਕੇਵਾਦ ॥੧੨੪॥
ਨਾਸਾਂ ਤਾਲੂ ਰਕਤਾਤਿਸਾਰ। ਹੋਠ ਕਰਨ ਸ੍ਰਾਵੇ ਪਿਰਕਾਰ।
ਗਲਗੰਢੀ ਕਫਮੇਦਵਿਕਾਰ। ਆਮਾਤੀਸਾਰ ਇਨਹਿਹਿਤਧਾਰ॥੧੨੫॥

੨੪੩੦. ਜਿਸਨੂੰ ਕੈ ਕਰੌਣੀ ਹੋਵੇ ਉਹ ਬਲਵੰਤ ਹੋਵੇ, ਜਿਸਦੇ ਕਫ ਪੂਰਤ ਹੋਵੇ, ਕੁਸ਼ਟੀ, ਮੂੰਹੋਂ ਲਾਰਾਂ ਟਪਕਦੀਆਂ ਹੋਣ, ਵਿਖ ਰੋਗੀ, ਅਰਬੁਦ ਰੋਗ ਵਾਲਾ, ਸੂਲ ਵਾਲਾ, ਮੰਮਿਆਂ ਦੇ ਰੋਗ, ਮੰਦ ਅਗਨੀ ਵਾਲਾ, ਸ਼ਲੀਪਦ ਰੋਗ ਵਾਲਾ, ਅਜੀਰਣ ਵਾਲਾ, ਪ੍ਰਮਹੀ; ਭ੍ਰਮੀ, ਵਿਦਾਰਕਾ ਰੋਗ ਵਾਲਾ, ਰੇਸ਼ੇ ਵਾਲਾ, ਅਪਸਮਾਰ (ਮ੍ਰਿਗੀ) ਵਾਲਾ, ਅੰਗ ਬ੍ਰਿਧੀ ਵਾਲਾ, ਜ੍ਵਰ ਵਾਲਾ, ਉਨਮਾਦ ਵਾਲਾ, ਸ੍ਵਾਸ, ਕਾਸ ਵਾਲਾ, ਜਿਹਵਾ ਰੋਗ ਵਾਲਾ, ਨਾਸਾਂ ਰੋਗੀ, ਤਾਲੂ, ਰਕਤ ਅਤਿਸਾਰ ਵਾਲਾ, ਹੋਠ ਰੋਗੀ, ਕਰਣ ਸ੍ਰਾਵ ਵਾਲਾ, ਪਿਤ ਵਾਲਾ, ਗਲ ਗੰਡ ਵਾਲਾ, ਕਫ ਵਾਲਾ, ਮੋਟਾ ਅਰ ਆਮ ਦੇ ਅਤੀਸਾਰਾਂ ਵਾਲਾ ਹਇ ਬਿਨਾਂ ਸਭਨਾਂ ਨੂੰ ਕੈ ਕਰੌਣੀ ਅੱਛੀ ਹੈ ॥੧੨੩ ਤੋਂ ੧੨੫॥

ਵਮਨ ਨਿਖਿਧ (ਕੈ ਨਾ ਦੇਣੇ ਯੋਗ)—ਚੌਪਈ

ਤਿਮਰਗੁਲਮ ਕ੍ਰਿਸ ਗਰਭਨਿ ਨਾਰ। ਸਥੂਲ ਤ੍ਰਿਖਾਤਰ ਬਾਲਕ ਕਾਰ।
ਮਦਾਰਤੀ ਰੂਖਜਵਾਯੁ। ਉਦਾਵਰਤ ਉਰਛਤ ਖਯ ਮਾਂਡ ॥੧੨੬॥
ਓਰ ਧਰਕਤ ਪਾਠਕ ਸ੍ਵਰ ਘਾਤ। ਬੂਢੇ ਕੋ ਨਾ ਕਰੀਏ ਬਾਤ।
ਬਾਲਬ੍ਰਿਧਿ ਕਾਯਰ ਜੋ ਹੋਇ। ਇਨਕੋ ਵਮਿਮਤਿ ਕਰੀਯੋ ਕੋਇ॥੧੨੭॥

੨੪੩੧. ਨੇਤ੍ਰਾਂ, ਤਿਮਰ ਰੋਗੀ, ਪੇਟ ਦੇ ਗੋਲੇ ਵਾਲਾ, ਲਿੱਸਾ, ਗਰਭਵੰਤੀ ਇਸਤਰੀ, ਬਹੁਤ ਮੋਟਾ, ਪਜਾਸ ਨਾਲ ਬਿਆਕੁਲ, ਬਾਲਕ, ਸ਼ਰਾਬੀ, ਖੁਸ਼ਕੀ ਵਾਲਾ, ਵਾਯੂ ਦੇ ਵਿਕਾਰ ਵਾਲਾ, ਪਾਂਡੂ ਵਾਲਾ, ਉਦਾਵਰਤ ਰੋਗ ਵਾਲਾ, ਉਰੂ ਛਤ (ਸੀਨੇ ਦੇ ਘਾਉ ਵਾਲਾ), ਖਈ ਵਾਲਾ, ਹਿਰਦੇ ਦੇ ਧੜਕਣ ਵਾਲਾ, ਪਾਠੀ ਜਿਸਦੀ ਅਵਾਜ਼ ਬੈਠ ਗਈ ਹੋਵੇ, ਤੇ ਬੁੱਢਾ ਇਨ੍ਹਾਂ ਨੂੰ ਵਮਨ ਦੇਣ ਦੀ ਗਲ ਤਕ ਨਾ ਕਰੇ। ਜੇਹੜਾ ਬਾਲਕ ਵਾ ਬੁਢਾ ਡਰਾਕਲ ਹੋਵੇ, ਇਨ੍ਹਾਂ ਨੂੰ ਭੀ ਕੈ ਨਾ ਕਰਾਵੇ। ਇਹ ਸਭ ਉਕਾਰੀਆਂ ਦੇਣ ਦੇ ਯੋਗ ਨਹੀਂ ਹਨ ॥੧੨੬॥੧੨੭॥

ਕੈ ਦੇਣ ਦਾ ਸਮਯ--ਦੋਹਰਾ

ਸਰਦ ਬਸੰਤਹਿ ਪ੍ਰਾਵ੍ਰਟਹਿ ਵਮਨ ਇਨੌ ਮਹਿ ਕੀਜ।
ਵਰਖਤ ਪਾਲੇ ਰਾਤ ਕੋ ਵਮਨਿ ਨ ਕਾਹੂ ਦੀਜ ॥੧੨੮॥
ਦਹੀ ਦੂਧ ਵਾ ਤਕ੍ਰ ਹੀ ਯਾਵਾਂਗੂ ਵਾ ਪੀਤ।
ਇਨ ਸੌ ਕਫ ਕੋ ਪਾਈਐ ਪ੍ਰਥਮ ਵਮਨ ਦੈ ਮੀਤ ॥੧੨੯॥
ਕੰਠਕ ਲਗਹਿ ਪਿਵੀ ਕਰੀ ਤੋ ਤਿਸ ਵਮਨਿ ਕਰਾਇ।

Digitized by Panjab Digital Library | www.panjabdigilib.org

ਕਫ ਔਖਧ ਪਿਤਹਿ ਪਵਨ ਅਨੁਕਰਮੈ ਨਿਕਲਾਇ ॥੧੩੦॥

੨੪੩੨. ਸਰਦ, ਬਸੰਤ ਤੇ ਵਰਖਾ ਰੁਤ ਵਿਚ ਕੈ ਕਰਾਵੇ। ਵਰਖਾ ਹੁੰਦੀ ਹੋਵੇ, ਸਰਦੀ ਵਿਚ ਤੇ ਰਾਤ ਨੂੰ ਕਿਸੇ ਨੂੰ ਨਾ ਕਰਾਵੇ। ਦਹੀ, ਦੁਧ, ਲੱਸੀ ਅਥਵਾ ਯਵਾਂਗੂ ਮਿਲਾਕੇ ਇਸਤਰਾਂ ਪਹਿਲੇ ਕਫ ਨੂੰ ਕ੍ਰੋਧਿਤ ਕਰ ਲਵੇ, ਅਰਥਾਤ ਉਕਤ ਬਸਤਾ ਨੂੰ ਗਲ ਤਕ ਰੱਜਕੇ ਪੀ ਲਵੇ, ਇਸ ਪ੍ਰਕਾਰ ਜਦ ਪੇਟ ਭਰਿਆ ਹੋਯਾ ਹੋਵੇ ਤਦੋਂ ਫਿਰ ਉਕਾਰੀਆਂ ਅਰਥਾਤ ਕੈ ਦੇਵੇ, ਇਸ ਕੈ ਨਾਲ ਪਹਿਲ ਕਫ, ਫਿਰ ਦਵਾਈ, ਬਾਦ ਮੈ ਪਿੱਤ, ਪਿਛੋਂ ਵਾਯੂ ਇਸ ਕ੍ਰਮ ਨਾਲ ਨਿਕਲੇ ਤਾਂ ਠੀਕ ਕੈ ਹੋ ਗਈ ਸਮਝੇ ॥੧੨੯॥ ੧੩੦॥

ਵਮਨ ਕ੍ਵਾਥ ਮਾਤ੍ਰਾ (ਸਾਰੰਗਧਰਾਤ)—ਚੌਪਈ

ਕੁੜਵ ਮਾਨ ਔਖਧ ਕੋ ਪਾਇ। ਜਲ ਆਢਕ ਮਹਿ ਲੈ ਅਟਵਾਇ।
ਅਰਧ ਭਾਗ ਲੈ ਪੀਵਤ ਸੋਇ। ਤਾਂਤੇ ਵਮਨਿ ਕਰਾਵੈ ਜੋਇ ॥੧੩੧॥
ਕ੍ਵਾਥ ਨੀਰ ਨਵ ਪ੍ਰਸਥ ਪ੍ਰਮਾਨ। ਵਡੀ ਮਾਤਰਾ ਇਹੀ ਪ੍ਰਮਾਨ।
ਖਟਜੁਪ੍ਰਸਥ ਜਲ ਮੱਧਮ ਕਹੀ। ਤੀਨ ਪ੍ਰਸਥ ਜਲ ਜਘਨਜ ਸਹੀ ॥੧੩੨॥
ਕਲਕ ਚੂਰਣ ਅਵਲੇਹੁ ਪਛਾਨ। ਤੀਨੋ ਪਲ ਵ੍ਰਿਧਿ ਮਾਤ੍ਰਾ ਆਨ।
ਮੱਧਮ ਮਾਤ੍ਰਾ ਇਨ ਪਲ ਦੋਇ। ਜਘਨਜ ਮਾਤ੍ਰਾਪਲ ਇਕ ਹੋਇ ॥੧੩੩॥

੨੪੩੩. ਕੈ ਦੇਣ ਵਾਲੇ ਕਾੜ੍ਹੇ ਦੀ ਦਵਾਈ ਇਕ ਕੁੜਵ=(੩੨ ਤੋਲੇ) ਪ੍ਰਮਾਣ ਹੋਵੇ। ਉਸ ਵਿਚ ਜਲ ਆਢਕ=(੮ ਸੇਰ) ਪਾਕੇ ਕਾੜ੍ਹੇ, ਜਦ ਸੜਕੇ ਅੱਧਾ ਰਹੇ ਤਾਂ ਛਾਣਕੇ ਪਿਲਾਵੇ, ਇਸਤੇ ਕੈ ਹੋਵੇ। ਪਰੰਤੂ ਜਿਸ ਕ੍ਵਾਥ ਵਿਚ ਪਾਣੀ ੯ ਪ੍ਰਸਥ [੭ ਸੇਰ ੩ ਛਟਾਂਕ ੧ ਤੋਲਾ] [੫੭੬ ਤੋਲੇ ਇਹ ਸਾਰਾ ਜੋੜ ਹੈ] ਹੋਵੇ, ਸੋ ਇਹ ਪ੍ਰਮਾਣ ਵਡੀ ਮਾਤ੍ਰਾ ਦਾ ਹੈ। ਇਸੇ ਤਰਾਂ ਜਿਸ ਵਿਚ ਜਲ ੬ ਪ੍ਰਸਥ=[੩੮੪ ਤੋਲੇ] ਹੋਵੇ ਸੋ ਪਿਲੌਣਾ ਮੱਧਮ ਮਾਤ੍ਰਾ ਕਹੀ ਜਾਂਦੀ ਹੈ। ਜੇ ਕਦੇ ੩ ਪ੍ਰਸਥ=[੧੯੨ ਤੋਲੇ] ਕ੍ਵਾਥ ਦਾ ਜਲ ਹੋਵੇ ਸੋ ਪਿਲਾਉਣਾ ਛੋਟੀ ਮਾਤ੍ਰਾ ਕਹੀ ਜਾਂਦੀ ਹੈ। ਏਸੇ ਤਰਾਂ ਕਲਕ, ਚੂਰਣ, ਅਤੇ ਚਟਣੀ ਦੀ ਮਾਤ੍ਰਾ ਹੈ, ਸੋ ੩ ਪਲ=[੧੨ ਤੋਲੇ] ਦੀ ਵਡੀ ਮਾਤ੍ਰਾ ਹੈ। ੨ ਪਲ=[੮ ਤੋਲੇ] ਦੀ ਮਧਮ ਮਾਤ੍ਰਾ ਹੈ ਤੇ ਛੋਟੀ ਮਾਤ੍ਰਾ ੧ ਪਲ (੪ ਤੋਲੇ) ਦੀ ਕਹੀ ਹੈ, ਇਸੇ ਤਰਾਂ ਵੇਰਵਾ ਜਾਣੇ ॥੧੩੧ ਤੋਂ ੧੩੩॥

ਵਮਨ ਨਿਕਲਨ ਦੀ ਮਾਤ੍ਰਾਂ—ਚੌਪਈ

ਵਮਨ ਵੇਗ ਮਾਤ੍ਰਾ ਵ੍ਰਿਧਿਆਠ। ਜਾਂਸੋ ਨਿਕਸਹਿ ਪਿਤਕੋ ਕਾਠ।
ਖਟ ਜੁ ਵੇਗ ਮਧਜ ਹੈ ਕਹੇ। ਵੇਗ ਜੁ ਚਾਰਹਿ ਜਘਨਜ ਲਹੇ ॥੧੩੪॥
ਵਮਨਿ ਵਰੇਚਨ ਲੋਹੂ ਸ੍ਰਵੈ। ਪਲ ਤੇਰਾਂ ਕਾ ਪ੍ਰਸਥ ਜੁ ਲਵੈ।
ਔਰ ਨੌਰ ਪਲ ਸੋਲਾਂ ਕਹ੍ਯਾ। ਪ੍ਰਸਥਮਾਨ ਸਾਰੰਗਧਰ ਲਹ੍ਯਾ ॥੧੩੫॥

Digitized by Panjab Digital Library | www.panjabdigilib.org

ਦੋਹਰਾ

ਕੌੜੇ ਤੀਛਨ ਕਫ ਜਿਤੇ ਸ੍ਵਾਦ ਸੀਤਲਹਿ ਪਿੱਤ ।
ਸ੍ਵਾਦ ਸਲੂਨੇ ਉਸਨ ਕਰ ਅਮਲਵਾਤ ਕਫ ਜਿੱਤ ॥੧੩੬॥

੨੪੩੪. ਜੇਹੜੀ ਕੈ ਅੰਦਰੋਂ ਬਾਹਰ ਨੂੰ ਉਲਟੇ (ਉਸ ਨਾਲ ੭ ਬਾਰ ਤਕ ਸਭ ਦੋਖ ਗਿਰਨ), ਫਿਰ ਅੱਠਵੇਂ ਬੇਗ ਨਾਲ ਪਿੱਤ ਨਿਕਲੇ, ਇਹ ਬ੍ਰਿਧ ਬੇਗ ਅਰਥਾਤ ਉਤਮ ਬੇਗ ਦੀ ਮਾਤ੍ਰਾ ਹੈ। ਇਸੇ ਤਰਾਂ (੫ ਬਾਰੀ ਸਭੇ ਦੋਖ ਗਿਰਨ) ਫਿਰ ਛੇਵੀਂ ਬਾਰ ਪਿਤ ਨਿਕਲੇ ਇਹ ਬੇਗ ਮਧਮ ਮਾਤ੍ਰਾ ਦਾ ਕਿਹਾ ਜਾਂਦਾ ਹੈ। ਜੇ ਕਦੇ (੩ ਬਾਰ ਸਭੇ ਦੋਖ ਨਿਕਲਨ ਅਤੇ ਚੌਥੀ ਬਾਰ) ਪਿੱਤ ਨਿਕਲੇ ਤਾਂ ਇਹ ਕਨਿਸਟ ਬੇਗ ਅਰਥਾਤ ਛੋਟੀ ਮਾਤ੍ਰਾ ਕਹੀਦੀ ਹੈ। ਕੈ, ਦਸਤ ਅਤੇ ਲਹੂ ਦਾ ਕਢਨਾ ਇਨ੍ਹਾਂ ਸਥਾਨਾਂ ਵਿੱਚ ੧ ਪ੍ਰਸਥ (੧੩ ਪਲ ਦਾ) ਅਰਥਾਤ ੫੨ ਤੋਲੇ ਦਾ ਜਾਣੋ। ਹੋਰ ਸਥਾਨਾਂ ਵਿੱਚ ੧ ਪ੍ਰਸਥ ੧੬ ਪਲ ਦਾ ਅਰਥਾਤ ੬੪ ਤੋਲੇ ਦਾ ਵਰਤੇ ਤੇ ਜਾਣੇ। ਇਹ ਪ੍ਰਸਥ ਦਾ ਪ੍ਰਮਾਣ ਸਾਰੰਗਧਰ ਤੋਂ ਲਿਆ ਹੈ। ਕੌੜੇ ਯਾ ਤੀਛਣ ਦ੍ਰਵ ਔਸ਼ਧੀ ਨਾਲ ਵਮਨ ਕਰਾਵੇ ਤਾਂ ਕਫ ਦੇ ਹਾਰੀ ਕਹੀਦੀ ਹੈ। ਜਿਨ੍ਹਾਂ ਦ੍ਰਵਾਂ ਦਾ ਸ੍ਵਾਦ ਮਿਠਾ ਯਾ ਠੰਢਾ ਹੋਵੇ ਅਜਿਹੇ ਦ੍ਰਵਾਂ ਨਾਲ ਕੈ ਕਰਾਈ ਜਾਵੇ ਤਾਂ ਪਿੱਤ ਦਾ ਨਾਸ ਹੁੰਦਾ ਹੈ। ਜੇਹੜੇ ਦ੍ਰਵ ਸ੍ਵਾਦ ਵਿੱਚ ਸਲੂਣੇ ਅਰ ਗਰਮ ਤਥਾ ਅਮਲ ਪਦਾਰਥ ਹੋਣ, ਓਨ੍ਹਾਂ ਨਾਲ ਵਮਨ ਕਰਾਈ ਬਾਤ ਤੇ ਕਫ ਦੇ ਜਿਤਣ ਹਾਰੀ ਹੁੰਦੀ ਹੈ ॥੧੩੪ ਤੋਂ ੧੩੬॥

ਕਫ ਵਮਨ ਦ੍ਰਵ—ਦੋਹਰਾ

ਪੀਪਰਿ ਸੇਂਧਾ ਮੈਣਫਲ ਚੂਰਨ ਕਰੋ ਬਨਾਇ ।
ਉਸਨ ਨੀਰ ਸੋ ਪੀਜੀਐ ਕਫ ਸਾਰੀ ਨਿਕਲਾਇ ॥ ੧੩੭ ॥

੨੪੩੫. ਮਘ, ਸੇਂਧਾਲੂਣ ਅਤੇ ਰਾੜਾ ਇਨਾਂ ਦਾ ਚੂਰਣ ਗਰਮ ਜਲ ਨਾਲ ਦੇਵੇ ਤਾਂ ਸਾਰੀ ਕਫ ਨਿਕਲ ਜਾਵੇ ॥੧੩੭॥

ਪਿਤ ਵਮਨ ਦ੍ਰਵ—ਦੋਹਰਾ

ਦਲ ਪਟੋਲ ਵਾਂਸਾ ਗਹੀ ਨਿੰਬ ਪੀਸ ਕਰ ਚੂਨ ॥
ਸੀਤਲ ਜਲ ਪੀਵਨ ਕਰਤ ਪਿੱਤ ਛਰਦ ਹੁਇ ਗੂਨ ॥ ੧੩੮॥

੨੪੩੬. ਪਟੋਲ ਪਤ੍ਰ, ਬਾਂਸੇ ਦੇ ਪਤ੍ਰ ਨਿੰਮ ਦੇ ਪਤ੍ਰ, ਇਨ੍ਹਾਂ ਦਾ ਚੂਰਣ ਠੰਢੇ ਜਲ ਨਾਲ ਦੇਵੇ ਤਾਂ ਇਹ ਕੈ ਪਿੱਤ ਦੇ ਕਢਨ ਵਾਲੀ ਕਹੀਦੀ ਹੈ ॥੧੩੮॥

ਕਫ ਵਮਨ ਦ੍ਰਵ

ਕਫ ਵਾਤੈ ਪਯ ਮੈਣਫਲ ਯਾਂਸੋ ਵਮਨ ਕਰਾਇ।
ਸੇਂਧਾ ਤਾਤੇ ਨੀਰ ਦੈ ਜਾਹਿ ਅਜੀਰਨ ਥਾਇ॥ ੧੩੯ ॥

੨੪੩੭. ਕਫ ਬਾਤ ਨੂੰ ਦੁਧ ਤੇ ਰਾੜਾ ਦੇਕੇ ਵਮਨ ਕਰਾਵੇ।

੨੪੩੮. ਜਿਸਨੂੰ ਅਜੀਰਣ (ਬਦਹਜ਼ਮੀ) ਹੋਵੇ; ਉਸਨੂੰ ਗਰਮ ਜਲ ਨਾਲ ਸੇਂਧਾਲੂਣ ਦੇਵੇ ॥੧੩੯॥

Digitized by Panjab Digital Library | www.panjabdigilib.org

ਵਮਨ ਕਰ ਜਿਹਵਾ ਬਾਹਰ ਨਿਕਲਨੇ ਦਾ ਉਪਾਇ

ਵਮਨਿ ਕੀਏ ਜਿਹਵਾ ਨਿਕਸ ਆਵਤ ਬਾਹਰ ਜੋਇ।
ਦਾਖ ਤਿਲਾ ਕਾ ਕਲਕ ਕਰ ਲੇਪਤ ਅੰਤਰ ਹੋਇ॥ ੧੪੦॥
ਵਮਨ ਔਖਧੀ ਪੀਯ ਕੈ ਊਚੇ ਆਸਨ ਬੈਠ।
ਗੋਡੇ ਸਮ ਊਚਾ ਹੂਵੈ ਨੀਚਾ ਹੋਇ ਨ ਬੈਠ ॥੧੪੧॥
ਪੀਵਤ ਵਮਨੈ ਆਨੀਐ ਏਰੰਡ ਨਾਲ ਮੰਗਾਇ।
ਸੋ ਪਾਈ ਹਿਲਾਇ ਮੁਖ ਤੁਰਤਹਿ ਵਮਨਿ ਕਰਾਇ॥ ੧੪੨॥

੨੪੩੯. ਕੈ ਕਰਦੇ ਸਮਯ ਜ਼ਬਾਨ (ਜੀਭ) ਬਾਹਰ ਨਿਕਲ ਆਵੇ ਅੰਦਰ ਨਾ ਜਾਵੇ ਤਾਂ ਦਾਖ ਦਾ ਤੇ ਤਿਲਾਂ ਦਾ "ਕਲਕ" ਕਰਕੇ ਜੀਭ ਪਰ ਲੇਪ ਕਰੇ ਤਾਂ ਅੰਦਰ ਵੜੇ ॥੧੪੦॥

੨੪੪੦. ਕੈ ਕਰਨ ਵਾਲੀ ਦਵਾਈ ਪੀਕੇ ਉਚੇ ਆਸਣ ਬਹੇ. ਗੋਡਿਆਂ ਸਹਾਰੇ ਉਚਾ ਹੋ ਬਹੇ, ਨੀਵਾਂ ਹੋਕੇ ਨਾ ਬੈਠੇ ॥੧੪੧॥

੨੪੪੧. ਕੈ ਕਰਨ ਵਾਲੀ ਦਵਾਈ ਪੀਕੇ ਇਕ ਅਰੰਡ ਦੀ ਨਾਲੀ [ਯਾ ਖੰਭ] ਲੈ ਲਵੇ, ਉਸਨੂੰ ਮੂੰਹ ਵਿਚ ਪਾਕੇ ਹਿਲਾਵੇ ਤਾਂ ਤੁਰਤ ਵਮਨ ਕਰਾਵੇ ਹੈ ॥੧੪੨॥

ਵਮਨ ਦੇ ਪਥ—ਸੋਰਠਾ

ਸਠੀ ਅਰ ਸੁਖਦਾਇ, ਮੂੰਗ ਮੇਲ ਖਿਚੜੀ ਕਰੋ।
ਤੀਜੇ ਪਹਰ ਲਯਾਇ, ਖਾਵਤ ਰੋਗੀ ਵਮਨਿ ਕਰਿ॥ ੧੪੩॥

੨੪੪੨. ਸਠੀ ਯਾਂ ਵਾਸਮਤੀ ਦੇ ਚਾਵਲ ਮੂੰਗੀ ਪਾਕੇ ਖਿਚੜੀ ਕਰੇ, ਕੈ ਕਰਨ ਦੇ ਪਿਛੋਂ ਤੀਸਰੇ ਪਹਿਰ ਖੁਆਵੇ ॥੧੪੩॥

ਵਮਨ ਵਿਧੀ (ਰਸਰਤਨਾਕਰਾਤ)—ਦੋਹਰਾ

ਸੇਂਧਾ ਲਵਨ ਮੰਗਾਇਕੈ ਅਰਕ ਦੂਧ ਪੁਟ ਤੀਨ।
ਗੋਪਯ ਸੋ ਇਕ ਟਾਂਕ ਦੈ ਵਮਨਿ ਕਰਤ ਜਿਹ ਦੀਨ॥ ੧੪੪॥

੨੪੪੩. ਸੇਂਧਾਲੂਣ ਲੈਕੇ ਅੱਕ ਦੇ ਦੁਧ ਦੀਆਂ ਤਿੰਨ ਪੁੱਠਾਂ ਦੇਕੇ ਸੁਕਾ ਰਖੇ। ਗੋਕੇ ਦੁਧ ਨਾਲ ੧ ਟੰਕ ਦੇਵੇ ਤਾਂ ਕੈ ਕਰਾਵੇ ॥੧੪੪॥

ਨੀਲਾਥੋਥਾ ਟੰਕ ਦੇ ਉਸਨ ਨੀਰ ਵਮਿ ਕਾਰ।
ਕਰਖ ਮੈਣ ਫਲ ਉਸਨ ਜਲ ਪੀਵਤ ਛਰਦ ਸੁਧਾਰ॥ ੧੪੫॥

੨੪੪੪. ਨੀਲਾ ਥੋਥਾ ਗਰਮ ਜਲ ਨਾਲ ੧ ਟੰਕ [੪ ਮਾਸੇ] ਫਕਾਵੇ ਤਾਂ ਤੁਰਤ ਕੈ ਲਿਆਵੇ।
੨੪੪੫. ਰਾੜਾ ੧ ਤੋਲਾ ਗਰਮ ਜਲ ਨਾਲ ਦੇਵੇ ਤਾਂ ਵਮਨ ਕਰਾਵੇ।

Digitized by Panjab Digital Library | www.panjabdigilib.org

ਵਸਤੀ (ਪਿਚਕਾਰੀ) ਵਿਧੀ–ਚੌਪਈ

ਵਸਤਿ ਕਰਮ ਹੈ ਦੋ ਪਰਕਾਰ। ਅਨਵਾਸਨ ਨਰੂਹਾ ਧਾਰ।
ਸਨੇਹ ਸਨਿਗਧ ਸੋ ਹੈ ਅਨਵਾਸ। ਤੇਲ ਕ੍ਵਾਥ ਪਯ ਨਿਰੂਹਣ ਭਾਸ॥
ਵਸਤਿ ਪਾਯ ਜੋ ਗੁਦ ਮਹਿ ਦੇਇ। ਸੋ ਤੌ ਵਸਤਿ ਭੁਕਾਨਾ ਲੇਇ।
ਨਿਰੂਹਣਤੇ ਉੱਤਰ ਵਸਤਿ। ਅਨਵਾਸਨ ਭੀ ਮਾਤ੍ਰਾ ਤਸਤਿ॥ ੧੪੭॥
ਪਲ ਮਾਤ੍ਰਾ ਅਨੁਵਾਸਨ ਜਾਨ। ਅਰਧ ਪਲਨ ਭੀ ਭਾਖੀ ਠਾਨ।
ਤੀਖਯਣ ਅਗਨੀ ਬਾਤ ਵਿਕਾਰ। ਰੂਖਯਨਿ ਅਨੁਵਾਸਨ ਲੈਕਾਰ।

੨੪੪੬. ਵਸਤੀਕ੍ਰਮ ਭਾਵ ਪਿਚਕਾਰੀ ਕਰਨੀ ਦੋ ਪ੍ਰਕਾਰ ਦੀ ਹੈ, ਇਕ ਅਨੁਵਾਸਨ ਵਸਤੀ ਤੇ ਦੂਜੀ ਨਿਰੂਹਣ ਵਸਤੀ। ਸੋ ਸਨੇਹ=ਘ੍ਰਿਤ ਤੇਲ ਆਦਿ ਨਾਲ ਭਰਕੇ ਚੀਕਣੀ ਕਰਕੇ ਲਗਾਈ ਜਾਵੇ ਓਹ "ਅਨੁਵਾਸਨ ਵਸਤੀ" ਕਹੀਦੀ ਹੈ, ਅਰ ਜਿਸ ਵਿਚ ਕਾੜ੍ਹਾ, ਦੁਧ ਅਰ ਤੇਲ ਰਲਾਕੇ ਪਿਚਕਾਰੀ ਕਰੀਏ ਓਹ "ਨਿਰੂਹਣ ਵਸਤੀ" ਕਹੌਂਦੀ ਹੈ॥੧੪੬॥

ਉਕਤ ਵਸਤੂਆਂ ਪਿਚਕਾਰੀ ਵਿਚ ਪਾਕੇ ਗੁਦਾ ਵਿਚ ਦੇਵੇ। ਐਸੀ ਵਸਤੀ (ਪਿਚਕਾਰੀ) ‡ਭੁਕਾਨੇ ਦੀ ਲਵੇ। ਨਿਰੂਹਣ ਵਸਤੀ ਨੂੰ ਵੀ ਆਖਦੇ ਹਨ। ਹੁਣ ਅਨੁਵਾਸਨ ਵਸਤੀ ਦੀ ਮਾਤਰਾ ਦਸਦੇ ਹਾਂ:—

ਅਨੁਵਾਸਨ ਵਸਤੀ ਵਿਚ ਕਾੜ੍ਹੇ ਆਦਿ ਦੀ ਮਾਤ੍ਰਾ ੧ ਪਲ ਅਰਥਾਤ ੪ ਤੋਲੇ ਭਰੇ ਯਾਂ ਦੋ ਤੋਲੇ ਭਰੇ, ਇਹ ਅਗਨੀ ਤੇਜ ਕਰਨ ਵਾਸਤੇ ਯਾ ਵਾਯੂ ਦੇ ਵਿਗਾੜ ਵਿਖੇ ਅਥਵਾ ਰੁੱਖੀ (ਖੁਸ਼ਕ) ਪ੍ਰਕ੍ਰਿਤੀ ਵਾਲੇ ਨੂੰ ਕਰਨੀ ਚਾਹੀਏ।

ਵਸਤੀ (ਪਿਚਕਾਰੀ) ਦੇ ਅਯੋਗ–ਚੌਪਈ

ਕੁਸ਼ਟ ਪ੍ਰਮੇਹੀ ਥੂਲ ਸਰੀਰ। ਉਦਰ ਨਿਰੂਹਣ ਇਨ ਨਹਿ ਧੀਰ।
ਅਨੁਵਾਸਨ ਭੀ ਕਰੈ ਨ ਕੋਇ। ਕੁਸ਼ਟੀ ਕੋ ਅਨੁਵਾਸਨ ਹੋਇ॥੧੪੯॥
ਆਜੀਰਣ ਉਨਮਾਦੀ ਤ੍ਰਿਖਾ। ਸੋਕ ਮੂਰਛਾ ਅਰੁਚਿ ਜੁ ਲਖਾ।
ਭਯਸ੍ਵਾਸੀ ਖਯਜ ਨੋ ਕਾਸ। ਇਨਨਹਿ ਕਰੀਐ ਪੰਡਿਤ ਭਾਸ॥੧੫੦॥

੨੪੪੭. ਕੁਸਟੀ, ਪ੍ਰਮੇਹੀ, ਮੋਟਾ ਅਤੇ ਪੇਟ ਦੇ ਰੋਗ ਵਾਲਾ, ਇਨ੍ਹਾਂ ਨੂੰ ਨਿਰੂਹਣ ਵਸਤੀ ਨ ਕਰੇ। ਇਸੇ ਤਰਾਂ ਅਨੁਵਾਸਨ ਵਸਤੀ ਬੀ ਨਾ ਕਰੇ। ਹਾਂ ਕੁਸ਼ਟੀ ਨੂੰ ਅਨੁਵਾਸਨ ਵਸਤੀ ਕਰੇ। ਅਜੀਰਣ ਵਾਲੇ ਨੂੰ, ਉਨਮਾਦੀ [ਪਾਗਲ] ਨੂੰ ਪਜਾਸ ਵਾਲੇ, ਸ਼ੋਕ ਵਾਲੇ, ਮੂਰਛਾ ਵਾਲੇ, ਅਰੁਚੀ ਵਾਲੇ, ਭਯਭੀਤ ਨੂੰ, ਦਮੇਂ ਵਾਲੇ ਤੇ ਖਯ ਕਾਸ ਵਾਲੇ ਨੂੰ ਇਨ੍ਹਾਂ ਸਭਨਾਂ ਨੂੰ ਨਿਰੂਹਣ ਵਸਤੀ ਨਾ ਕਰੇ।

---

‡ਐਸੀ ਵਸਤੀ ਬੱਕਰੇ ਦੇ ਪਤਾਲੂਆਂ ਦੀ ਕਰੇ, ਜਿਸਨੂੰ ਯੂਨਾਨੀ ਵਿਚ "ਹੁਕਨਾ" ਆਖਦੇ ਹਨ। ਇਸ ਭੁਕਾਨੇ ਦਾ ਮੂੰਹ ਗੁਦਾ ਵਿਚ ਦੇਕੇ ਉਸ ਵਿਚ ਦਵਾਈ ਭਰਕੇ ਪਿਛੋਂ ਦਬਾਵੇ, ਤਾਂ ਓਹ ਦਵਾਈ ਗੁਦਾ ਰਸਤੇ ਅੰਦਰ ਚਲੀ ਜਾਵੇ।

Digitized by Panjab Digital Library | www.panjabdigilib.org

ਅਥ ਯੰਤ੍ਰ (ਪਿਚਕਾਰੀ) ਪ੍ਰਮਾਣ--ਦੋਹਰਾ

ਸੋਨਾ ਆਦਿਕ ਧਾਤੁ ਸਬ ਕਾਨ ਵਾਂਸ ਨੜ ਦੰਤ।
ਸਿੰਗਾਗ੍ਰਮਨਿ ਸੁ ਆਦਿਕਾ ਯੰਤ੍ਰ ਕਰਿਯੇ ਸੰਤ ॥੧੫੧॥
ਏਕ ਵਰਖ ਕੇ ਆਦਿ ਲੈ ਆਠ ਵਰਸ ਲੌ ਜਾਨ।
ਵਰਖ ਵਰਖ ਮੈ ਅੰਗੁਲੀ ਯੰਤਰ ਵਧਤਾ ਠਾਨ ॥੧੫੨॥
ਵਰਖ ਦੁਆਦਸ ਲਗ ਕਹਯੋ ਅੰਗੁਲ ਆਠਹਿ ਯੰਤ੍ਰ
ਤਿਸ ਊਪਰ ਵਾਰਾਂਗੁਲੀ ਸਬ ਵਰਸੈ ਮਹਿ ਮੰਤ੍ਰ॥ ੧੫੩ ॥
ਨਾਲ ਅਕਾਰ ਜੋ ਕੀਜੀਯੇ ਵਾ ਗੋ ਪੂਛ ਅਕਾਰ।
ਅੱਗਲ ਛੇਕ ਜੁ ਮੂੰਗ ਸਮ ਪਾਛਾ ਅੰਗੁਲਸਾਰ ॥੧੫੪॥
ਤਾਹਿ ਔਖਦੀ ਭਰ ਕਰੀ ਨਾਲ ਭੁਕਾਨਾ ਲਾਇ।
ਗੁਦਾ ਇੰਦ੍ਰੀ ਬਦਨ ਦੇ ਪਿਚਕਾਰੀ ਵਤ ਥਾਇ॥ ੧੫੫ ॥
ਸੀਤਹਿ ਕਾਲ ਬਸੰਤ ਰਿਤੁ ਦਿਨ ਕੋ ਵਸਤਿ ਕਰਾਇ।
ਗ੍ਰੀਖਮ ਵਰਖਾ ਸਰਦ ਰਿਤੁ ਰਾਤਿਰ ਕਰੀਐ ਲਜਾਇ॥ ੧੫੬ ॥
ਚਿਕਨਾ ਭੋਜਨ ਦੇਇਕੈ ਪਛੈ ਨ ਲੈ ਅਨੁਵਾਸ।
ਮਦ ਮੂਰਛਾ ਕੋ ਕਰਤ ਹੈ ਦੋ ਮਾਰਗ ਚਿਕਨਾਸ ॥੧੫੭॥

੨੪੪੮. ਸੋਨੇ ਆਦਿਕ ਧਾਤੂਆਂ ਦੀ, ਲੱਕੜ ਦੀ, ਬਾਂਸ ਦੀ, ਨੜੇ ਦੀ, ਹਾਥੀ ਦੰਦ ਦੀ, ਹਰਨ ਆਦਿ ਦੇ ਸਿੰਙ ਦੀ, ਜਿਸਦੇ ਅੱਗਰ ਭਾਗ ਅਰਥਾਤ ਮੂੰਹ ਵਿਖ ਮਣੀ=ਪੰਨਾ ਬਿਲੌਰ ਲਗਾਯਾ ਹੋਯਾ ਹੋਵੇ। ਐਸੀ ਪਿਚਕਾਰੀ ਬਾਲਕ ਵਾਸਤੇ ਤਿਆਰ ਕਰਾਵੇ। ਇੱਕ ਸਾਲ ਤੋਂ ਲੈਕੇ ਅੱਠਾਂ ਸਾਲਾਂ ਤਕ, ਸਾਲ ਸਾਲ ਵਿੱਚ ੧ ਅੰਗੁਲੀ ਪਿਚਕਾਰੀ (ਯੰਤ੍ਰ) ਵਧਾਉਂਦਾ ਜਾਵੇ। [ਅਰਥਾਤ ਇਸ ਨਾਪ ਦੀਆਂ ਅੱਠ ਪਿਚਕਾਰੀਆਂ ਬਣਵਾਵੇ] ਜਦ ਆਯੂ ਬਾਰਾਂ ਸਾਲਾਂ ਤਕ ਦੀ ਹੋਵੇ ਤਾਂ ਫਿਰ ਅੱਠ ਅੰਗੁਲ ਦਾ ਹੀ ਯੰਤ੍ਰ ਰੱਖੇ। ਇਸ ਆਯੂ ਤੋਂ ਪਿੱਛੇ ਫਿਰ ਬਾਰਾਂ ਅੰਗੁਲੀ ਦਾ ਯੰਤ੍ਰ ਸਭ ਸਾਲਾਂ ਤਕ ਰੱਖੇ। ਉਸ ਪਿਚਕਾਰੀ ਦਾ ਨਮੂਨਾ †ਨਾਲ ਦੀ ਤਰਾਂ ਦਾ ਕਰੇ, ਯਾਂ ਗਊ ਦੀ ਪੂਛ ਵਾਂਗ ਇੱਕ ਪਾਸਿਓਂ ਮੋਟਾ, ਦੂਸਰੀ ਤਰਫੋਂ ਪਤਲਾ ਰਖਵਾਵੇ, ਮੂੰਹ ਦਾ ਮੂਹਰਲਾ ਛੇਕ ਮੂੰਗ ਦੇ ਦਾਣੇ ਸਮਾਨ, ਪਿਛਲਾ ਛੇਕ ਛੋਟੀ ਅੰਗੁਲੀ ਸਮਾਨ ਹੋਵੇ। ਉਸ ਵਿੱਚ ਦਵਾਈ ਭਰਕੇ ਨਾਲ ਦੇ ਅਗਲੇ ਪਾਸੇ ਭੁਕਾਨਾ ਲਾਵੇ। ਓਹ ਭੁਕਾਨਾ, ਫਿਰ ਗੁਦਾ, ਇੰਦ੍ਰੀ ਦੇ ਮੂੰਹ ਵਿੱਚ ਦੇਕੇ ਪਿਚਕਾਰੀ ਦੀ ਤਰਾਂ ਦੱਏ, ਸਰਦੀ ਵਿੱਚ ਬਸੰਤ ਰੁਤੇ ਦਿਨ ਨੂੰ ਵਸਤੀ ਕਰੇ। ਗਰਮੀ ਦੇ ਸਮਯ ਵਰਖਾ ਰੁਤ ਤਥਾ ਸਰਦ ਰੁਤ ਵਿਖੇ ਰਾਤ ਨੂੰ ਵਸਤੀ ਕਰਮ ਕਰਨਾ ਸਰੇਸ਼ਟ ਹੈ।

†ਕਲਮ ਵਾਂਗ ਢਾਲਮਾਂ।

Digitized by Panjab Digital Library | www.panjabdigilib.org

ਚੀਕੁਣਾ ਭੋਜਨ ਖੁਲਾਕੇ ਪਿੱਛੋਂ ਅਨੁਵਾਸਨ ਵਸਤੀ ਨਾ ਕਰੇ। ਦੋਹਾਂ ਪਾਸਿਆਂ ਦੀ ਥਿੰਧਾਈ ਮਦ ਅਤੇ ਮੂਰਛਾ ਨੂੰ ਕਰਦੀ ਹੈ, ਇਸਤੇ ਐਸਾ ਨਾ ਕਰੇ ॥੧੫੧ ਤੋਂ ੧੫੭॥

ਅਨੁਵਾਸਨ ਵਸਤੀ ਮਾਤ੍ਰਾ ਪ੍ਰਮਾਨ—ਦੋਹਰਾ

ਵੱਡੀ ਮਾਤ੍ਰਾ ਖਟ ਪਲਹਿ ਮੱਧਮ ਪਲ ਹੈ ਤੀਨ।
ਸਿਰਸਾਹੀ ਇਕ ਜਾਨਿਯੈ ਹੀਨ ਮਾਤਰਾ ਕੀਨ ॥ ੧੫੮ ॥
ਅਨੁਵਾਸਨ ਮਾਤ੍ਰਾ ਕਹੀ ਸਾਰੰਗਾਧਰ ਅਨੁਸਾਰ।
ਸਤਾਵਰ ਸੇਂਧਾ ਪਿਸੀ ਇਨਕਾ ਚੂਰਨ ਡਾਰ ॥੧੫੯॥
ਤਿਸ ਚੂਰਨ ਕੋ ਪੀਸਕੈ ਸਨੇਹ ਵਿਖੇ ਦੈ ਲੇਇ।
ਤਿਸ ਚੂਰਨ ਕੀ ਮਾਤ੍ਰਾ ਸਾਰੰਗਧਰ ਸੁਨ ਲੇਇ ॥੧੬੦॥
ਉੱਤਮ ਮਾਸੇ ਖਟ ਕਹੀ ਮੱਧਮ ਮਾਸੇ ਚਾਰ।
ਛੋਟਿ ਮਾਸੇ ਦੋਇ ਲਖ ਏ ਮਾਤ੍ਰਾ ਅਧਿਆਰ ॥ ੧੬੧ ॥

੨੪੪੯. ਵੱਡੀ ਮਾਤ੍ਰਾ ੬ ਪਲ=(੨੪ ਤੋਲੇ) ਦੀ, ਮੱਧਮ ਮਾਤ੍ਰਾ ੩ ਪਲ=(੧੨ ਤੋਲੇ) ਦੀ ਅਤੇ ਸਰਸਾਹੀ=[ਸਵਾ ਦੋ ਤੋਲੇ] ਦੀ ਮਾਤ੍ਰਾ ਹੀਨ ਕਹੀ ਜਾਂਦੀ ਹੈ। ਇਹ ਅਨੁਵਾਸਨ ਵਸਤੀ ਦੀ ਮਾਤਰਾ ਸਾਰੰਗਧਰ ਦੇ ਅਨੁਸਾਰ ਕਹੀ ਹੈ। ਸਤਾਵਰ, ਸੇਂਧਾਨਿਮਕ ਪੀਹਕੇ ਇਨ੍ਹਾਂ ਦਾ ਚੂਰਣ ਕਰਕੇ ਸਨੇਹ (ਤੇਲ, ਘ੍ਰਿਤ) ਵਿੱਚ ਪਾਵੇ। ਪਰੰਤੂ ਇਸ ਚੂਰਣ ਦੀ ਮਾਤ੍ਰਾ ਸਾਰੰਗਧਰ ਤੋਂ ਦੱਸਦੇ ਹਾਂ:-

ਉੱਤਮ ਮਾਤ੍ਰਾ ੬ ਮਾਸੇ ਦੀ ਹੈ, ਮੱਧਮ ਮਾਤ੍ਰਾ ੪ ਮਾਸੇ ਦੀ ਅਤੇ ਛੋਟੀ ਮਾਤ੍ਰਾ ਦੋ ਮਾਸੇ ਦੀ ਹੈ, ਇਉਂ ਮਾਤ੍ਰਾ ਦਾ ਮਿਕਦਾਰ ਅਨੁਵਾਸਨ ਵਸਤੀ ਵਿਚ ਜਾਣੇ ॥੧੫੮ ਤੋਂ ੧੬੧॥

ਅਨੁਵਾਸਨ ਵਸਤੀ ਸਨੇਹ ਮਾਤ੍ਰਾ—ਦੋਹਰਾ

ਛਿੰਨਾ ਏਰੰਡ ਰੋਹਿਕੰ ਭਾਰਿੰਗੀ ਬ੍ਰਿਖ ਕ੍ਰੰਜ।
ਕਾਕ ਟੂਟਿਕਾ ਸਹ ਚਰੰ ਸਤਾਵਰ ਲੈ ਸੰਜ ॥੧੬੨॥
ਪਲ ਪਲ ਏ ਸਭਹੀ ਲਵੇ ਪਾਛੇ ਕਹੇ ਸੁਜਾਨ।
ਯਵ ਮਾਖਾ ਅਲਸੀ ਕੁਲਿਥ ਦੋ ਦੋ ਪਲ ਏ ਮਾਨ ॥੧੬੩॥
ਸੇਰ ਬਵੰਜਾ ਨੀਰ ਮਹਿ ਕਾੜਾ ਕਰੋ ਬਨਾਇ।
ਰਹੈ ਸੇਰ ਤੇਰਾਂ ਜਬੈ ਤਾਂਕੋ ਲੇਹੁ ਖਨਾਇ ॥ ੧੬੪ ॥
ਤੀਨ ਸੇਰ ਤਿਹਿ ਤੇਲ ਦੇ ਤਾਂਕੋ ਤੇਲ ਪਕਾਇ।
ਜੀਵਨਯਗਨ ਪਲ ਇਕੋ ਤਾਮਹਿ ਦੇਹੁ ਰਲਾਇ ॥੧੬੫॥

Digitized by Panjab Digital Library | www.panjabdigilib.org

ਸਬਕਾ ਏਹੁ ਵਿਚਾਰ ਹੈ ਇਸਕਾ ਕਰ ਅਨਵਾਸ।
ਅਤਿ ਸਮੀਰ ਯਾਤੇ ਮਿਟੈ ਸਾਰੰਗਧਰਹਿ ਵਿਲਾਸ॥ ੧੬੬॥
ਔਰ ਵਾਤ ਸਭ ਜਾਨਿਯੋ ਸਾਰੰਗਧਰ ਕੇ ਮਾਂਹਿ।
ਅਤੀ ਗ੍ਰੰਥ ਕੇ ਬਧਨ ਭਯ ਅਲਪ ਕਹੀ ਮੈ ਯਾਹਿ॥ ੧੬੭॥

੨੪੫੦. ਗਿਲੋਯ, ਅਰਿੰਡ ਦੀ ਜੜ੍ਹ ਦੀ ਛਿੱਲ. ਖਵੀ (ਅਜਖਰ), ਭਡਿੰਗੀ. ਬਾਂਸਾ, ਮੀਚਕੇ ਦੀ ਛਿੱਲ, ਕਾਂਟੂਟੀ, ਪੀਲਾ ਬਾਂਸਾ ਅਤੇ ਸਤਾਵਰ, ਇਹ ਸਭ ੪-੪ ਤੋਲੇ ਪਿਛਲੇ ਕਹੇ ਅਨੁਸਾਰ ਲੇਵੇ ਅਰ ਜੌਂ, ਮਾਂਹ, ਅਸਲੀ, ਕੁਲਥ (ਅਤੇ ਕੱਚੇ ਬੇਰ) ਇਹ ਸਭ ੮-੮ ਤੋਲੇ ਲਵੇ, ਇਨ੍ਹਾਂ ਦਾ ਦਰੜਾ ਜੇਹਾ ਕਰਕੇ ੫੨ ਸੇਰ ਪਾਣੀ ਵਿੱਚ ਪਾਕੇ ਕਾੜ੍ਹੇ, ਜਦ ਸੜਕੇ ਤੇਰਾਂ ਸੇਰ ਆ ਰਹੇ ਤਾਂ ਉਤਾਰਕੇ ਛਾਣਕੇ, ਫਿਰ ਉਸ ਵਿਚ ੩ ਸੇਰ ਤੇਲ ਪਾਕੇ ਪਰੰਤੂ :-ਇਸ ਵਿੱਚ ਜੀਵਨੀਗਣ, ਜੀਵਕ, ਰਿਖਭ, ਮਦਾ, ਮਹਾ ਮੇਦਾ, (ਦੋਨੋਂ ਬ੍ਰਹਮਨ) ਰਿਧੀ, ਬ੍ਰਿਧੀ; ਕਾਕੋਲੀ, ਮੁਗਵਾਨ (ਮੁਗਦ ਪ੍ਰਨੀ). ਮਖਵਨ (ਮਾਖਪ੍ਰਨੀ) ਜੀਵੰਤੀ ਅਤੇ ਮੁਲੱਠੀ, ਇਹ ਜੀਵਨੀਗਣ ਹੈ, ਜੋ ਖੋਜ ਨਾਲ ਮਿਲਦਾ ਹੈ, ਸੋ ੧ ਪਲ, ਪਾਕੇ ਤੇਲ ਪਕਾਵੇ, ਫਿਰ ਸਾਫ ਕਰਕੇ ਰਖੇ।

ਇਸ ਵਿੱਚ ਸਭ ਸ਼ਾਸਤ੍ਰਕਾਰਾਂ ਦੀ ਸੰਮਤੀ ਹੈ ਕਿ ਇਸਨੂੰ ਅਨੁਵਾਸਨ ਵਸਤੀ ਵਿਚ ਭਰਕੇ ਲਾਵੇ ਇਸੇ ਨੂੰ ਅਨੁਵਾਸਨ ਕਿਹਾ ਜਾਂਦਾ ਹੈ, ਅਤਜੰਤ ਵਾਯੂ ਇਸ ਨਾਲ ਹਟਦੀ ਹੈ, ਇਹ ਸਾਰੰਗਧਰ ਦੀ ਸੰਮਤੀ ਹੈ। ਹੋਰ ਕੁਛ ਅਧਿਕ ਬਾਤ ਜਾਨਣੀ ਚਾਹੇ ਤਾਂ ਸਾਰੰਗਧਰ ਵਿੱਚ ਦੇਖੇ। ਗ੍ਰੰਥ ਵਧ ਜਾਣੇ ਕਰਕੇ ਏਥੇ ਨਹੀਂ ਲਿਖੀ॥੧੬੨ ਤੋਂ ੧੬੭॥

ਨਸਜ (ਨਸਵਾਰ) ਬਿਧੀ—ਦੋਹਰਾ

ਸਨੇਹਨ ਰੇਚਨ ਜਾਤ ਦੋ ਨਾਵਨ ਕਾਜ ਵਿਚਾਰ।
ਨਾਵਨ ਨਸਜ ਜੁ ਨਾਮ ਦ੍ਵੈ ਸਾਰੰਗਧਰ ਅਨਸਾਰ॥੧੬੮॥
ਕਫ ਰੁਜਿ ਕੋ ਪ੍ਰਭਾਤ ਲੈ ਪਿੱਤਹਿ ਲੈ ਮਧਯਾਨ।
ਵਾਤੇ ਯਾਮ ਜੁ ਪਾਛਲੈ ਦਿਨ ਕੋ ਨਾਵਨ ਠਾਨ॥੧੬੯॥
ਘਨੋ ਰੋਗ ਜੋ ਹੋਤ ਹੈ ਤੋ ਨਿਸਿ ਲੈ ਨਸਵਾਰ।
ਰੋਗ ਅਲਪ ਤੋ ਨਾ ਲਹੋ ਸਾਰੰਗਧਰਹਿ ਵਿਚਾਰ॥੧੭੦॥

੨੪੫੧. ਨਾਵਨ=ਨਸਵਾਰ ਉਹ ਕਹੀ ਜਾਂਦੀ ਹੈ, ਜੇੜ੍ਹੀ ਨੱਕ ਰਸਤੇ ਦਵਾਈ ਚਾੜ੍ਹੀ ਜਾਵੇ, ਸੋ ਸਨੇਹਨ ਅਰ ਰੇਚਣ ਨਾਮ ਤੇ ਦੋ ਤਰਾਂ ਦੀ ਹੈ। ਨਾਵਨ ਨਸਜ, ਇਹ ਦੋ ਨਾਮ ਇਸਦੇ ਸਾਰੰਗਧਰ ਅਨੁਸਾਰ ਹਨ। ਕਫ ਦੇ ਰੋਗ ਵਾਲੇ ਨੂੰ ਪ੍ਰਾਤਾਕਾਲ, ਪਿੱਤ ਵਾਲੇ ਨੂੰ ਦੋਪਹਿਰੇ ਅਤੇ ਵਾਯੂ ਵਾਲੇ ਨੂੰ ਪਿਛਲੇ ਪਹਿਰ ਭਾਵ ਲੌਢੇ ਵੇਲੇ, ਇਸਤਰਾਂ ਦਿਨੇ ਨਸਵਾਰ ਦੇਵੇ। ਜੇ ਬਹੁਤਾ ਰੋਗ ਹੋਵੇ ਤਾਂ ਭਾਵੇਂ ਰਾਤ ਨੂੰ ਨਸਵਾਰ ਲਵੇ। ਜੇ ਥੋੜਾ ਰੋਗ ਹੋਵੇ ਤਾਂ ਰਾਤ ਨੂੰ ਨਾ ਲਵੇ, ਇਹ ਸਾਰੰਗਧਰ ਦੀ ਸੰਮਤੀ ਹੈ॥੧੬੮ ਤੋਂ ੧੭੦॥

Digitized by Panjab Digital Library | www.panjabdigilib.org

ਨਿਖਿੱਧ ਸਮਯ—ਚੌਪਈ

ਭੋਜਨ ਅੰਤਹਿਦੁਰਦਿਨ ਤਰਪਨ। ਨਵੀਨ ਪ੍ਰਤਸਜਾ ਗਰਭ ਨਿਵਨਿਤਨਿ।
ਵਿਖ ਪੀਤੇ ਆਜੀਰਣ ਸੋਕ। ਵਸਤਿ ਸਨੇਹਨਿ ਆਸਵ ਲੋਕ ॥੧੭੧॥
ਕ੍ਰੋਧੀ ਵੇਗ ਵਿਰੋਧੀ ਬਾਲਕ। ਤ੍ਰਿਖਾਵੰਤ ਬੂਢੇ ਅਸਨਾਨਕ।
ਇਨ ਜਨ ਕੋ ਨਸਵਾਰ ਨ ਦੇਇ। ਜੌ ਦੇਵੈ ਤੋ ਅਪਜਸ ਲੇਇ ॥੧੭੨॥
ਆਠ ਵਰਸ ਤੇ ਊਪਰ ਜਾਨ। ਅੱਸੀ ਵਰਖ ਲਗਹਿ ਸੋ ਠਾਠ।
ਰੇਚਨ ਨਾਸਤੇਲ ਰਸਤੀਖਜਣ। ਕ੍ਵਾਬਰਸਾ ਵਾ ਮਾਨਸੁਨੀਖਨ ॥੧੭੩॥

੨੪੫੨. ਭੋਜਨ ਖਾਕੇ ਤੁਰਤ ਫੁਰਤ ਝੜ ਝੁਸੀ ਵਿਚ, ਤਰਪਣ ਕੀਤੇ ਪਰ, ਨਏ ਜ਼ਕਾਮ ਪਰ, ਗਰਭਵੰਤੀ ਇਸਤ੍ਰੀ ਨੂੰ, ਵਿਖ ਖਾਏ ਨੂੰ, ਅਜੀਰਣ ਵਾਲੇ ਸੋਕੀ ਨੂੰ, ਵਸਤੀ ਕਰਮ ਕੀਤੇ ਵਾਲ ਨੂੰ; ਮਦ ਪਾਨੀ ਨੂੰ, ਕ੍ਰੋਧੀ ਨੂੰ, ਬੇਗਾਂ ਦੇ ਰੋਕਣ ਵਾਲੇ ਨੂੰ, ਬਾਲਕ ਨੂੰ, ਪਿਆਸਵੰਤ ਨੂੰ, ਬੁਢੇ ਨੂੰ ਅਤੇ ਅਸ਼ਨਾਨ ਕੀਤੇ ਹੋਏ ਨੂੰ, ਇਨ੍ਹਾਂ ਸਭਨਾਂ ਨੂੰ ਨਸਵਾਰ ਨਾ ਦੇਵੇ। ਜੇ ਭੁਲਕੇ ਦੇ ਬੈਠੇ ਤਾਂ ਅਪਯਸ਼ ਲਵੇ। ਇਹ ਨਸਵਾਰ ਕਰਮ ੮ ਸਾਲਾਂ ਤੋਂ ੮੦ ਸਾਲਾਂ ਤੱਕ ਕਰੇ। ਇਸ ਵਿਚ ਜੋੜੀ ਰੇਚਨ ਨਸਵਾਰ ਹੈ ਉਹ ਤੇਲ ਦੀ ਯਾਂ ਤੀਖਣ ਰਸ ਆਦਿ, ਅਥਵਾ ਕ੍ਵਾਥ ਦਾ ਰਸ ਉਸ ਦੀ ਦੇਵੇ। ਹੁਣ ਇਸ ਦਾ ਵਜ਼ਨ ਸੁਣੋ ॥ ੧੭੧ ਤੋਂ ੧੭੩ ॥

ਮਾਤ੍ਰਾ ਪ੍ਰਮਾਣ—ਦੋਹਰਾ

ਆਠ ਛੇਵ ਵਾ ਚਾਰ ਹੀ ਬੂੰਦ ਨਾਕ ਮਹਿ ਦੇਇ।
ਉੱਤਮ ਮਧਜਮ ਜਘਨਜ ਹੀ ਅਨੁਕ੍ਰਮ ਮਾਤ੍ਰਾ ਲੇਇ॥੧੭੪॥
ਤੀਖਨ ਕੀ ਇਕ ਟੰਕ ਦੈ ਹਿੰਗ ਏਕ ਜਵ ਮਾਨ।
ਸੇਂਧਵ ਕੀ ਇਕ ਮਾਖ ਸਮ ਆਨ ਟੰਕ ਪਯ ਠਾਨ ॥੧੭੫॥
ਪਾਨੀ ਕਰਖ ਜੁ ਤੀਨ ਹੀ ਕਰਖ ਮਧਜ ਦ੍ਰਵਜ ਦੇਇ।
ਦੋਇ ਭੇਦ ਅਵਪੀੜ ਇਕ ਪ੍ਰਧਮਨ ਬਿਧ ਤੋਇ ॥੧੭੬॥
ਕਲਕ ਕਰੀ ਵਸਨੈ ਧਰੀ ਰਸਾ ਕਾਢਨੀ ਪੀਰ।
ਸੋ ਅਵਪੀੜਤ ਆਖਿਐ ਬਿਧਿ ਸਾਰੰਗਧਰ ਬੀਰ ॥੧੭੭॥
ਖਟ ਅੰਗੁਲ ਨਾਲਿਕ ਵਿਖੈ ਜੋ ਫੂਕੀਜੈ ਨਾਕ।
ਸੂਕੀ ਹੀ ਨਾਵਨ ਕਹੀ ਪ੍ਰਧਮਨ ਸੋ ਵਿਯ਼ਵਾਕ ॥੧੭੮॥

੨੪੫੩. ਰੇਚਨ ਨਸਵਾਰ ਦੀਆਂ ਬੂੰਦਾਂ ੮, ੬ ਯਾਂ ੪ ਨੱਕ ਵਿਚ ਪਾਵੇ, ਇਸ ਤਰਾਂ ਕ੍ਰਮ ਤੇ

Digitized by Panjab Digital Library | www.panjabdigilib.org

ਉੱਤਮ, ਮੱਧਮ ਅਰ ਛੋਟੀ ਭਾਵ ਕਨਿਸ਼ਟ ਮਾਤ੍ਰਾ ਜਾਣੇ। ੮ ਬੂੰਦਾਂ ਦੀ ਉਤਮ, ੬ ਬੂੰਦਾਂ ਦੀ ਮੱਧਮ ਅਤੇ ੪ ਬੂੰਦਾਂ ਦੀ ਨਸਵਾਰ ਕਨਿਸ਼ਟ ਮਾਤ੍ਰਾ ਕਹੀ ਜਾਂਦੀ ਹੈ। ਤੀਖਣ ਚੀਜ਼ਾਂ ਦੀ ਨਸਵਾਰ ੪ ਮਾਸੇ ਦੀ ਦੇਵੇ, ਹਿੰਙ ੧, ਜੌਂ ਜਿਤਨੀ ਦੇਣੀ ਕਹੀ ਹੈ। ਸੇਂਧੇ ਨਿਮਕ ਦੀ ੧ ਮਾਸੇ ਦੀ ਮਾਤ੍ਰਾ, ਇਸ ਤਰਾਂ ੩੨ ਮਾਸੇ ਦੁਧ ਦੀ ਨਸਵਾਰ ਦੀ ਮਾਤ੍ਰਾ ਜਾਣੇ। ਪਾਣੀ ਦੀ ਮਾਤ੍ਰਾ ੩ ਤੋਲੇ ਦੀ, ਸੋ ਇਸ ਵਿਚ ਦੁਧ ਪਾ ਲਵੇ। ਇਸ ਦੇ ਦੋ ਭੇਦ ਹਨ, ਇੱਕ "ਅਵਪੀੜ" ਦੂਜੀ "ਪ੍ਰਧਮਨ" ਨਸਵਾਰ ਕਹੀ ਜਾਂਦੀ ਹੈ। ਕਲਕ ਕਰਕੇ ਬਸਤ੍ਰ ਵਿਚ ਪਾਕੇ ਰਸਾ ਕੱਢਣ ਵਾਸਤੇ ਜੋੜ੍ਹਾ ਨਿਪਿੱਤਣਾ ਹੈ ਅਰਥਾਤ ਘੁੱਟਕੇ ਨਿਚੋੜਨਾ ਹੈ, ਉਸਨੂੰ "ਅਵਪੀੜ" ਆਖੀਦਾ ਹੈ। ਇਹ ਸਾਰੰਗਧਰ ਦਾ ਮਤ ਹੈ। ਜੋੜ੍ਹੀ ੬ ਉਂਗਲੀ ਨਲੀ ਵਿਚ ਪਾਕੇ ਨੱਕ ਵਿਚ ਸੂਕੀ ਹੀ ਫੂਕੀ ਜਾਵੇ, ਸੋ ਇਹ ਦੂਜੀ ਵਿਧੀ "ਪ੍ਰਧਮਨ" ਨਸਵਾਰ ਕਹੌਂਦੀ ਹੈ ॥੧੭੪ ਤੋਂ ੧੭੮॥

ਨੱਸ ਦੇ ਅਯੋਗ

ਖਯ ਗਲ ਰੋਗ ਸੁ ਛਰਦ ਕਫ ਨਿੰਦ੍ਰਾ *ਵਿਖ ਸੰਨਪਾਤ।
ਮਾਨ ਵਿਕਾਰ ਕ੍ਰਿਮ ਕੋ ਕਹੀ ਅਵਪੀੜਨ ਕੀ ਬਾਤ ॥੧੭੯॥
ਹੰਸ ਊਪਰੇ ਰੋਗ ਕਫ ਸੂਰ ਖਯ ਅਰੁਚਿ ਕੁਸ਼ਟ।
ਅਪਸਮਾਰ ਪੀਨਸ ਕਹੀ ਪ੍ਰਤਿਸ਼ਯਾਇ ਲਖ ਸੁਸਟ ॥੧੮੦॥
ਸਿਰਿ ਸੂਲਹਿ ਅਰ ਸੋਫ ਕੋ ਰੇਚਨ ਨਾਵਨ ਦੇਇ।
ਕਾਯਰ ਤ੍ਰਿਯ ਕ੍ਰਿਸ ਬਾਲ ਕੋ ਸਨੇਹ ਨ ਨਸਕਰਿ ਸੇਇ ॥੧੮੧॥
ਉਤਕਟ ਵਿਖ ਕੋ ਫੂਕੀਐ ਸੂਕੀ ਨਾਸ ਕਰਾਇ।
ਧੀਰਜਵੰਤ ਕੋ ਦੀਜੀਐ ਤੀਖਨ ਨਾਸ ਬਨਾਇ ॥੧੮੨॥

੨੪੫੪. ਖਈ ਗਲ ਰੋਗ, ਕੈ, ਨਿੰਦ੍ਰਾ, ਵਿਖ ਸੰਨਿਪਾਤ, ਮਨ ਦੇ ਵਿਕਾਰ ਤਥਾ ਕ੍ਰਿਮੀ ਰੋਗ ਵਾਲੇ ਨੂੰ "ਅਵਪੀੜ" ਨੱਸ ਦੇਵੇ। ਉੱਪਰ ਦੇ ਰੋਗ ਜਿਸਤਰਾਂ ਭੌਂਹ, ਮਥਾ, ਕਪਾਲ ਅਤੇ ਦਸਮੇਂ ਦੁਆਰ ਤਕ, ਕਫਜੰਨ, ਸੂਰਭੰਗ, ਅਰੁਚੀ, ਕੁਸ਼ਟ, ਮ੍ਰਿਗੀ, ਪੀਨਸ, ਪ੍ਰਤੀਸ਼ਾਯ, ਸਿਰ ਪੀੜ ਅਤੇ ਸੋਜ ਰੋਗ ਵਾਲਿਆਂ ਨੂੰ ਰੇਚਨ ਨੱਸ ਦੇਵੇ। ਪਰੰਤੂ ਡਰਾਕੁਲ, ਇਸਤ੍ਰੀ, ਲਿੱਸਾ ਤੇ ਬਾਲਕ ਇਨ੍ਹਾਂ ਨੂੰ ਸਨੇਹ ਨਸ ਨਾ ਸੇਵਨ ਕਰਾਵੇ। ਅਤਯੰਤ ਉਤਕਟ ਦੋਖ ਅਰਥਾਤ ਵਧੇ ਹੋਏ ਦੋਖ, ਜਿਸਤਰਾਂ ਵਿੱਖ ਜਾਂ ਸੰਨਿਆਸ ਆਦਿ ਰੋਗ ਹਨ; ਇਨ੍ਹਾਂ ਵਿਚ ਸੋਗਯਾ (ਹੋਸ਼) ਕਰਨ ਵਾਸਤੇ ਸੁੱਕੀ ਨਸਵਾਰ ਫੂਕ ਨਾਲ ਚੜ੍ਹਾਵੇ। ਧੀਰਜ ਵਾਲੇ ਨੂੰ ਤੀਖਣ ਨਾਸ ਦੇਵੇ ॥੧੭੯ ਤੋਂ ੧੮੨॥

ਰੇਚਨ ਨੱਸ—ਚੌਪਈ

ਗੁੜ ਸੁੰਠੀ ਜਲ ਸੰਗ ਪਿਸਾਇ। ਸੇਂਧਾ ਵਾ ਪੀਪਰ ਜਲ ਪਾਇ।
ਜਲ ਸੋ ਨਾਵਨ ਕਰੀਯੇ ਏਹ। ਕਾਨ ਨੈਨ ਮੁਖ ਸਿਰਗਦ ਜੇਹ ॥੧੮੩॥

---

*ਵਿਖ—ਵਿਖਮਜ੍ਵਰ ਹੈ ਜ਼ਹਿਰ ਦਾ ਵਾਚਕ ਨਹੀਂ, ਤਸੱਲੀ ਨਹੀਂ ਤਾਂ ਦੇਖ ਸਾਰੰਗਧਰ।

Digitized by Panjab Digital Library | www.panjabdigilib.org

ਔਰ ਬਾਤ ਸਾਰੰਗਧਰ ਜਾਨ । ਅਲਪ ਬਾਤ ਮੈ ਕਹੀ ਬਖਾਨ ।
ਵਧੈ ਗ੍ਰੰਥ ਤਾਂਤੇ ਨਹਿ ਕਹੀ । ਪੰਡਿਤ ਹੋਇ ਸੋ ਬੂਝੈ ਸਹੀ ॥੧੯੪॥

੨੪੫੫. ਗੁੜ ਤੇ ਸੁੰਢ ਜਲ ਨਾਲ ਪੀਹਕੇ ਨਸਵਾਰ ਦੇਵੇ । ਯਾ:—

੨੪੫੬. ਸੇਂਧਾਨਿਮਕ ਤੇ ਮਘ ਜਲ ਨਾਲ ਘੋਟਕੇ ਫਿਰ ਜਲ ਨਾਲ ਹੀ ਨਸਵਾਰ ਦੇਵੇ, ਜਿਸਨੂੰ ਕੰਨ, ਨੇਤ੍ਰ, ਮੂੰਹ ਤੇ ਸਿਰ ਦਾ ਰੋਗ, ਰੋਗ ਹੋਵੇ । ਇਸ ਤੋਂ ਅਧਿਕ ਬਾਤਾਂ ਸਾਰੰਗਧਰ ਤੋਂ ਜਾਣੇ, ਏਥੇ ਥੋੜੀ ਲਿਖੀ ਹੈ । ਗ੍ਰੰਥ ਵਧ ਜਾਣ ਕਰਕੇ ਏਥੇ ਨਹੀਂ ਕਹੀ । ਜੇ ਪੰਡਿਤ ਹੋਵੇ ਤਾਂ ਸੰਸਕ੍ਰਿਤ ਵਿਚੋਂ ਦੇਖ ਲਵੇ ॥੧੯੪॥

ਧੂਮ੍ਰ ਪਾਨ ਮਾਤ੍ਰਾ—ਦੋਹਰਾ

ਕਰਖ ਮਾਨ ਸੋ ਦੀਜੀਐ ਬਰਸ ਬਾਰਾਂ ਉਪਰੰਤ ।
ਅੱਸੀ ਕੇ ਅੰਤਰ ਵਿਖੈ ਪਰੇ ਨ ਕਰਿਯੋ ਸੰਤ ॥੧੯੫॥
ਸ੍ਵਾਸ ਕਾਸ ਮਨਿ ਯਾਹ ਨੂੰ ਸਿਰੋ ਰੋਗ ਕਫ ਵਾਤ ।
ਪੀਨਸ ਇਨਕੇ ਕੀਜੀਐ ਧੂਮ੍ਰਪਾਨ ਵਿਖਜਾਤ ॥੧੯੬॥

੨੪੫੭. ਕਿਸੀ ਯੰਤ੍ਰ ਨਾਲ ਮੂੰਹ ਰਸਤੇ ਧੂਆਂ ਖਿਚਣਾ ਧੂਮ੍ਰਪਾਨ ਕਿਹਾ ਜਾਂਦਾ ਹੈ, ਇਸਦੀ ਵਿਧੀ ਇਸ ਪ੍ਰਕਾਰ ਹੈ ਕਿ ੧ ਤੋਲਾ ਦਵਾਈ ਬਾਰਾਂ ਸਾਲਾਂ ਤੋਂ ਉਪਰੰਤ ਅੱਸੀ ਸਾਲਾਂ ਦੇ ਅੰਦਰ ਤਕ ਖਿਚਾਵੇ, ਪਿਛੋਂ ਬੰਦ ਕਰੇ । ਦਮਾ, ਖੰਘ, ਮਨਜਾਸਤੰਭ, ਹਨੂਸਥੰਭ, ਸਿਰ ਰੋਗ, ਕਫ ਬਾਤ ਅਰ ਪੀਨਸ ਇਨ੍ਹਾਂ ਰੋਗਾਂ ਵਾਸਤੇ ਧੂਮ੍ਰ ਪਾਨ ਕਰਨਾ ਅਛਾ ਹੈ ॥੧੯੫॥੧੯੬॥

ਧੂਮ੍ਰ ਅਯੋਗ--ਦਵੈਯਾ ਛੰਦ

ਸ੍ਰਾਂਤ ਭੀਤ ਗਤਿ ਵਸਤਿ ਵਰੇਚਨ ਜਗੈ ਰਾਤ ਨਰ ਜੋਈ ।
ਦਾਹ ਤ੍ਰਿਖਾ ਤ੍ਰਿਮਰੀ ਅਧਮਾਨਹਿ ਸਿਰੋਭਿ ਤਾਪੀ ਹੋਈ ।
ਤਾਲ ਸੋਖ ਉਦਰੀ ਵਮਿਮੇਹਾ ਨਾਰਿ ਗਰਭਨੀ ਖੀਨਾ ।
ਖਯਤ ਪਾਂਡੂ ਰੁਖਾ ਪਯ ਖਾਵਤ ਘ੍ਰਿਤ ਮਧੂ ਆਸਵ ਲੀਨਾ ॥੧੯੭॥

ਦੋਹਰਾ

ਭੁਕਤਿ ਅੰਨਿ ਦਧ ਮਤਸਹੀ ਬਾਲ ਬ੍ਰਿਧਿ ਕ੍ਰਿਸ ਜਾਨ ।
ਅਕਾਲ ਸਮੈ ਇਨਹਿ ਨ ਕਰੋ ਜਾਨੀ ਧੂਮਰ ਪਾਨ ॥੧੯੮॥

੨੪੫੮. ਥੱਕਿਆ ਹੋਇਆ, ਡਰਿਆ ਹੋਇਆ, ਵਸਤੀਕਰਮ ਅਤੇ ਰੇਚਨ ਕਰਮ ਕੀਤਾ ਹੋਯਾ ਹੋਵੇ, ਰਾਤ ਦੇ ਜਾਗਣ ਵਾਲੇ ਨੂੰ (ਮੂਲਾਨੁਸਾਰ) ਜਿਸਨੂੰ ਰਤੀ ਕ੍ਰੀੜਾ ਜਾਗੀ ਹੋਵੇ ਦਾਹ ਵਾਲੇ, ਪਿਆਸ ਵਾਲੇ, ਤ੍ਰਿਮਰ ਰੋਗੀ, ਅਫਾਰੇ ਵਾਲੇ ਨੂੰ, ਜਿਸਦੇ ਸਿਰ ਨੂੰ ਸੰਤਾਪ ਹੋਵੇ । ਜਿਸਦਾ ਤਾਲੂ ਸੁਕਦਾ ਹੋਵੇ,

Digitized by Panjab Digital Library | www.panjabdigilib.org

ਪੇਟ ਦਾ ਰੋਗੀ, ਕੈ ਵਾਲਾ, ਪ੍ਰਮੇਹੀ, ਇਸਤਰੀ ਗਰਭਵੰਤੀ, ਲਿੱਸਾ, ਖਤ ਵਾਲਾ, ਪਾਂਡੂ ਰੋਗੀ, ਰੂਖਾ, ਦੁਧ ਘਿਉ, ਸ਼ਹਤ, ਮਦ, ਜਿਸਨੇ ਅੰਨ, ਖਾਯਾ ਹੋਵੇ, ਦਹੀਂ, ਮਛੀ ਖਾਈ ਹੋਵੇ, ਹੋਰ ਬਾਲ ਬ੍ਰਿਧ, ਕਮਜ਼ੋਰ ਅਰ †ਅਕਾਲ ਸਮਯ ਵਿਚ ਇਸਤਰਾਂ ਇਨ੍ਹਾਂ ਨੂੰ ਧੂਮਰਪਾਨ ਨ ਕਰਾਵੇ ॥੧੮੭॥੧੮੮॥

‡ਗੰਡੂਖ ਕੁਰਲੀ ਵਿਧੀ—ਦੋਹਰਾ

ਪਾਂਚ ਵਰਖ ਉਪਰਾਂਤਹੀ ਗੰਡੂਖ ਕਵਲ ਸਬ ਕੀਨ ।
ਪਾਂਚ ਸਾਤ ਲਗ ਕੀਜਿਯੈ ਕੁਰਲਾ ਇਹੁ ਕਹਿ ਦੀਨ॥੧੮੯॥

੨੪੫੯–੫ ਸਾਲ ਤੋਂ ਬਾਦ ਕੁਰਲੇ ਤੇ ਕਵਲ=ਦਵਾਈਆਂ ਦਾ ਗ੍ਰਾਸ ਮੂੰਹ ਵਿੱਚ ਰਖੇਣਾ ਇਹ ਸਭ ਕਰੇ। ਕੁਰਲੀਆਂ ੫ ਯਾ ੭ ਕਰੇ ॥੧੮੯॥

ਲੇਪ ਮਾਤ੍ਰਾ ਪ੍ਰਮਾਣ—ਦੋਹਰਾ

ਅਰਧ ਅੰਗੁਲੀ ਸਮ ਲਿਪੇ ਵਾ ਅੰਗੁਲ ਤ੍ਰਿਯ ਭਾਇ ।
ਵਾ ਅੰਗੁਲ ਕਾ ਭਾਗ ਚਤੁ ਮੋਟਾ ਲੇਪ ਬਤਾਇ ॥੧੯੦॥

੨੪੬੦–ਅੱਧੀ ਅੰਗੁਲ ਮੋਟਾ ਯਾ ੩ ਅੰਗੁਲੀ ਮੋਟਾ ਅਥਵਾ ਅੰਗੁਲੀ ਦਾ ਚੋਥਾ ਹਿੱਸਾ ਮੋਟਾ ਲੇਪ ਕਰੇ। ਇਸ ਤੋਂ ਪਤਲਾ ਯਾ ਮੋਟਾ ਨ ਕਰੇ ॥੧੯੦॥

ਨੇਤ੍ਰ ਅੰਜਨ ਪ੍ਰਮਾਣ—ਦੋਹਰਾ

ਲੇਖਨ ਕੋ ਅਠਵੰਦ ਹੈ ਸਨੇਹਨ ਕੋ ਦਸ ਬਿੰਦ।
ਰੋਪਨ ਕੋ ਦ੍ਵਾਦਸ ਕਹੀ ਜਾਨੋ ਰਸ ਮਤ ਇੰਦ ॥੧੯੧॥
ਸੀਤ ਕਾਲ ਮਹਿ ਉਸਨ ਦੇ ਉਸਨੈ ਸੀਤਲ ਪਾਇ।
ਅੰਗੁਲ ਦੋ ਕੀ ਪੋਟਲੀ ਸਾਰੰਗਧਰਹਿ ਬਤਾਇ ॥੧੯੨॥
ਅਸਚੇਤਨ ਕੋ ਵਾਕਸਤ ਵਾ ਚੁਟਕੀ ਕਾ ਬੈਨ ।
ਭਾਗੀ ਅਖਜਨ ਕਾ ਕਥਨ ਮਾਤ੍ਰਾ ਜਾਨੋ ਐਨ ॥੧੯੩॥
ਵਿੜਾਲ ਪਦੇ ਕੀ ਮਾਤਰਾ ਮੂਖਾ ਲੇਪ ਪ੍ਰਮਾਨ।
ਗੁਟਕਾ ਰਸ ਚੂਰਣ ਕਹਜੋ ਅੰਜਨ ਤੀਨ ਵਿਧਾਨ ॥੧੯੪॥

੨੪੬੧–ਨੇਤ੍ਰਾਂ ਵਿਚ ਬੂੰਦ ਟਪਕੋਣ ਨੂੰ ਇਸਤਰਾਂ ਕਿਹਾ ਹੈ ਕਿ, ਨੇਤ੍ਰਾਂ ਦੇ ਲੇਖਣ ਕਰਮ ਮੈਲ ਉਖਾੜਨੇ) ਨੂੰ ੮ ਬੂੰਦਾਂ ਪਾਵੇ, ਸਨੇਹ ਕਰਮ (ਤੇਲਾਦਿ) ਨੂੰ ੧੦ ਬੂੰਦਾ ਟਪਕਾਵੇ ਅਤੇ ਰੋਪਣ

---

†੧੨ ਸਾਲ ਤੋਂ ਪਹਿਲੇ ਅਰ ੮੦ ਸਾਲ ਦੇ ਬਾਦ।

‡ਜੋ ਪਾਣੀ ਯਾ ਘ੍ਰਿਤ, ਤੇਲ ਅਥਵਾ ਕਾੜੇ ਆਦਿ ਪਤਲੀ ਚੀਜ਼ ਨੂੰ ਮੂੰਹ ਵਿਚ ਭਰਕੇ ਕੁਛਚਿਰ ਕੁਰਲ ਕੁਰਲ ਯਾ ਗਰਲ ਗਰਲ ਕਰਕੇ ਫਿਰ ਬਾਹਰ ਕਢ ਦੇਣਾ ਹੈ, ਉਸਨੂੰ "ਕੁਰਲੀ" ਆਖਦੇ ਹਨ।

Digitized by Panjab Digital Library | www.panjabdigilib.org

ਕਰਮ (ਭਰਨ) ਨੂੰ ੧੨ ਬੂੰਦਾਂ ਰਸ ਦੀਆਂ ਪਾਵੇ। ਹੇ ਚੰਦ੍ਰ ਸਮਾਨ ਉਜ੍ਹਲ ਬੁੱਧੀ ਵਾਲੇ ਇਹ ਜਾਣ ਲਵੋ! ਜੇ ਸਰਦੀ ਦੀ ਬਹਾਰ ਹੋਵੇ ਤਾਂ ਜਰਾ ਕੁਛ ਗਰਮ ਕਰਕੇ, ਅਰ ਜੇ ਗਰਮੀ ਦੀ ਬਹਾਰ ਹੋਵੇ ਤਾਂ ਠੰਢੀ ਕਰਕੇ ਬੂੰਦ ਟਪਕਾਵੇ, ਸੋ ਪੋਟਲੀ ਦੇ ਅੰਗੁਲੀ ਵਿਚ ਲੈਕੇ ਰਸਾਦਿ ਵਿੱਚ ਡੁਬੋਕੇ ਯਾ ਭਰਕੇ ਨਿਚੋੜੇ। ਅਸਚੋਤਨ ਕਹੀਏ ਨੇਤ੍ਰਾਂ ਵਿਖੇ ਬੂੰਦ ਟਪਕਾਨਾ, ਸੋ ਨੇਤ੍ਰ ਨੂੰ ਖੋਲ੍ਹਕੇ ਬੂੰਦ ਪਾਵੇ, ਅਰ ਉਹ ਪਾਈ ਬਸਤੂ ਰਸ, ਦੁਧ, ਘ੍ਰਿਤ, ਆਦਿ ਸੌ ਗੁਰੂ ੦ਅਖਰ ਤੋਲਣ ਤਕ, ਯਾ ਸੌ ਚੁਟਕੀ ਬਜਾਣ ਤਕ ਨੇਤ੍ਰਾਂ ਵਿਚ ਰਖੇ। ਇਹ ਭਾਰੀ ਅੱਖੀਆਂ ਦੀ ਮਾਤ੍ਰਾ ਦਾ ਕਥਨ ਕੀਤਾ ਹੈ। (ਪਰੰਤੂ ਇਕ ਪੁਰਾਣੇ ਪੁਸਤਕ ਵਿਚ "ਭਾਨੀ ਅੱਖਨ ਕਾਕਵਿਨ ਮਾਤ੍ਰਾ ਜਾਨੋ ਐਨ" ਇਉਂ ਪਾਠ ਹੈ। ਇਸਦਾ ਅਰਥ ਹੈ ਕਿ ਕਵੀਜਨਾਂ ਨੇ ਇਹ ਠੀਕ ਅੱਖੀਆਂ ਦੀ ਮਾਤ੍ਰਾ ਭਾਨੀ=ਨਾਮ ਕਹੀ ਹੈ)। ਵਿਡਾਲ ਪਦਹਿ ਅਰਥਾਤ ਅੱਖਾਂ ਮੁੰਦਕੇ ਹੇਠ ਉਪਰਲੀ ਪਲਕ ਪਰ ਲੇਪ ਕਰਨਾ ਅਰ ਕੁਛ ਉੱਚਾ ਕਰ ਦੇਣੇ ਨੂੰ ਵਿਡਾਲ ਪਦ ਆਖਦੇ ਹਨ। ਪਰੰਤੂ ਇਸਦੀ ਮਾਤ੍ਰਾ †ਮੁਖ ਦੇ ਲੇਪ ਪ੍ਰਮਾਣ ਜਾਣੇ। ਹੋਰ ਗੋਲੀ ਰਸ ਤੇ ਚੂਰਣ ਇਸ ਤਰਾਂ ਤਿੰਨ ਪ੍ਰਕਾਰ ਦਾ ਅੰਜਨ ਕਿਹਾ ਹੈ॥ ੧੯੧ ਤੋਂ ੧੯੪॥

ਅੰਜਨ ਵਿਧੀ–ਚੌਪਈ

ਪਕ੍ਵਾ ਦੋਖ ਪਿਛਾਨੀ ਦੇਇ। ਨੈਨ ਮਾਂਹਿ ਅੰਜਨ ਸੁਧਿ ਤੇਇ।
ਦੁਪਹਰੇ ਸਿਸਿਰੈ ਹੇਮੰਤ। ਚਾਰੋਂ ਯਾਮ ਬਸੰਤ ਪ੍ਰਜੰਤ ॥੧੯੫॥
ਪ੍ਰਥਮ ਪਾਛਲੇ ਪਹਿਰਿ ਵਖਾਨ। ਗ੍ਰੀਖਮੁ ਸਰਦ ਰਿਤਹਿ ਮਹਿ ਠਾਨ।
ਨਿਰਬਾਦਲ ਨਿਰਧੂਰ ਆਕਾਸ। ਵਰਖਾਰੁਤ ਅੰਜਨ ਸਭ ਭਾਸ ॥੧੯੬॥

੨੪੯੨–ਨੇਤ੍ਰਾਂ ਵਿਚ ਪੱਕਾ ਦੋਖ ਜਾਚਕੇ ਅੰਜਨ ਪਾਵੇ ਤਾਂ ਸ਼ੁਧ ਹੈ ਪਰੰਤੂ ਸਾਧਾਰਣ ਨੇਤ੍ਰ ਅੰਜਨ ਸਿਸਰ ਰੁਤ (ਮਘਰ, ਪੋਹ) ਵਿਚ ਤੇ ਹੇਮੰਤ ਰੁਤ (ਮਾਘ, ਫਗਣ) ਵਿਚ ਦੁੱਪਹਿਰ ਵੇਲੇ ਪਾਵੇ। ਬਸੰਤ ਰੁਤ (ਚੇਤ, ਵੈਸਾਖ) ਵਿਚ ਚਾਰੇ ਪਹਰ ਜਿਸ ਵੇਲੇ ਚਾਹੇ ਪਾਵੇ। ਗ੍ਰੀਖਮ (ਜੇਠ, ਹਾੜ) ਤੇ ਸਰਦਰੁਤ (ਅੱਸੂ, ਕੱਤਕ) ਵਿਖੇ ਪਹਿਲੇ ਪਹਰ, ਅਰਥਾਤ ਸੁਵੇਰ ਵੇਲੇ ਤੇ ਸ਼ਾਮ ਨੂੰ ਪਾਵੇ। ਵਰਖਾ ਰੁਤ (ਸੌਣ, ਭਾਦੋਂ) ਵਿਚ ਅਸਮਾਨ ਸਾਫ਼, ਬੱਦਲ ਨਾ ਹੋਣ ਅਤੇ ਗਰਦ ਗੁਬਾਰ ਬੀ ਜਿਸ ਵੇਲੇ ਨਾ ਹੋਵੇ, ਤਾਂ ਨੇਤ੍ਰੀਂ ਅੰਜਨ ਪਾਵੇ ॥੧੯੫॥੧੯੬॥

ਅੰਜਨ ਨਿਖੇਧ–ਚੌਪਈ

ਰੁਦਨ ਪੀਤ ਮਦ ਨਵਜ੍ਵਰ ਜਾਨ। ਆਜੀਰਣ ਅਰੁ ਵੇਗ ਜੁ ਹਾਨ।

੦ਮੁਕਤਾ, ਸਿਆਰੀ ਤੇ ਔਂਕੜ ਇਹ ਤਿੰਨ ਛਡਕੇ ਹੋਰ ਸਭ ਗੁਰੂ ਹਨ ਭਾਵ ਦੋ ਮਾਤ੍ਰ ਵਾਲੇ ਅੱਖਰ ਜਾਣੋ।

†ਏਥੇ ਮੁਖਾ=ਮੁਖ ਹੈ ਤਸੱਲੀ ਲਈ ਦੇਖੋ ਸਾਰੰਗਧਰ, ਭਾਵ ਇਹੁ ਹੈ ਕਿ ਮੂੰਹ ਦਾ ਲੇਪ ਤਿੰਨ ਪ੍ਰਕਾਰ ਦਾ ਹੈ। ਅੰਗੁਲ ਮੋਟਾ ਲੇਪ ਦੋਖਘਨ ਹੈ, ਪੌਣੀ ਅੰਗੁਲ ਮੋਟਾ ਲੇਪ ਚਾੜਨਾ ਵਿਖਘਨਾ ਹੈ। ਅੱਧੀ ਅੰਗੁਲ ਮੋਟਾ ਲੇਪ ਵਰਣ ਕਰਨੇ ਹਾਰਾ ਹੈ ਇਸੇਤਰਾਂ ਗਿਲਾ ਲੇਪਰੋਗ ਹਰਤਾਹ, ਸੁਕਾ ਕ੍ਰਾਂਤੀ ਹਰਤਾ ਹੈ।

Digitized by Panjab Digital Library | www.panjabdigilib.org

ਇਨਕੋ ਅੰਜਨ ਕਰੇ ਨ ਕੋਇ। ਜੋ ਕਰਸੀ ਸੋ ਤਿਸ ਰਿਪੁ ਹੋਇ ॥੧੯੭॥

੨੪੬੩-ਰੋਂਦਾ, ਸ਼ਰਾਬ ਪੀਕੇ ਨਏ ਤਾਪਵਾਲਾ, ਅਜੀਰਣ ਵਾਲਾ ਅਤੇ ਬੇਗਾਂ ਦੇ ਰੋਕਣ ਵਾਲਾ, ਇਨ੍ਹਾਂ ਨੂੰ ਅੰਜਨ ਨਾ ਕਰੇ, ਜੇ ਕਰੇ ਤਾਂ ਤਿਸ ਰੋਗੀ ਦਾ ਕਰਨ ਵਾਲਾ ਦੁਸ਼ਮਨ ਹੋਉ ॥੧੯੭॥

ਅੰਜਨ ਮਾਤ੍ਰਾ—ਚੌਪਈ

ਤੀਖਯਣ ਅੰਜਨ ਰੇਣੁ ਪ੍ਰਮਾਣ। ਵਾ ਡੂਢਾ ਵਾ ਦੂਨਾ ਜਾਨ।
ਰਸ ਅੰਜਨ ਮਾਤ੍ਰਾ ਜੁ ਵੜਿੰਗ। ਤੀਨ ਉੱਤਮਹਿ ਜਾਨੋ ਅੰਗ ॥੧੯੮॥
ਮੱਧਮ ਦੋਇ ਵੜਿੰਗ ਬਖਾਨ। ਹੀਨ ਬੜਿੰਗ ਜੁ ਏਕੋ ਠਾਨ।
ਕਰੋ ਸੁਰਮਚੂ ਅੰਗੁਲ ਆਠ। ਏ ਸਾਰੰਗਧਰ ਮੈ ਹੈ ਪਾਠ ॥੧੯੯॥

੨੪੬੪—ਤੀਖਣ ਅੰਜਨ ਦੀ ਮਾਤ੍ਰਾ ਸੰਭਾਲੂ ਦੇ ਬੀਜ †ਬਰ ਬਰ ਦੀ ਬੱਤੀ ਬਨਾਵੇ, ਉਤਨੀ ਹੀ ਨੇਤ੍ਰਾਂ ਵਿਚ ਪਾ ਦੇਵੇ, ਯਾ ਇਸ ਬੀਜ ਨਾਲੋਂ ਡੂਢੀ ਅਥਵਾ ਦੂਨੀ ਮਾਤ੍ਰਾ ਨੇਤ੍ਰਾਂ ਵਿਚ ਪਾਵੇ। ਜੇ ਰਸ ਦਾ ਅੰਜਨ ਹੋਵੇ ਤਾਂ ਇਸਦੀ ਮਾਤ੍ਰਾ ਬਾਇਵੜਿੰਗ ਦੇ ਤਿੰਨ ਦਾਣੇ ਸਮਾਨ ਉਤਮ ਹੁੰਦੀ ਹੈ। ਮੱਧਮ ਮਾਤ੍ਰਾ ੨ ਦਾਣੇ ਪ੍ਰਮਾਣ ਅਤੇ ਹੀਣ ਮਾਤ੍ਰਾ ਇੱਕ ਬਾਇਵੜਿੰਗਦੇ ਦਾਣੇ ਸਮਾਨ ਕਹੀ ਹੈ। ਸੁਰਮਚੂ ੮ ਅੰਗੁਲੀ ਲੰਬਾ ਕਰਨਾ ਚਾਹੀਦੇ। ਇਹ ਸਭ ਸਾਰੰਗਧਰ ਦੀ ਵਿਧੀ ਹੈ ॥੧੯੮॥੧੯੯॥

ਅੰਜਨ ਦੇ ਸਮਯ—ਦੋਹਰਾ

ਸੀਤ ਬਰਸਨਾ ਅਭ੍ਰ ਬਹੁ ਤਾਂਮਹਿ ਦ੍ਰਿਗ ਨਹਿ ਅੰਜ।
ਸਯਾਮ ਪੂਤਲੀ ਹੇਠ ਹੀ ਅੰਜਨ ਸੋ ਤਹਿ ਅੰਜ ॥੨੦੦॥

੨੪੬੫-ਸਰਦੀ ਵਿਚ, ਵਰਖਾ ਹੁੰਦੀ ਅਰ ਬਦਲਾਂ ਨਾਲ ਛਾਦਿਤ ਅਕਾਸ ਹੋਵੇ ਤਾਂ ਅੰਜਨ ਨਾਂ ਕਰੇ। ਹੇਠਲੀ ਕਾਲੀ ਪੁਤਲੀ ਵਿਚ ਅੰਜਨ ਪੌਣਾ ਚਾਹੀਦਾ ਹੈ ॥੨੦੦॥

ਅਥ ਸ੍ਵਰਸ ਵਿਧੀ (ਕਾੜ੍ਹੇ ਆਦਿ ਦੇ ਥਾਂ) ਪ੍ਰਮਾਣ

ਗੀਲੀ ਔਖਦ ਕੂਟਕੇ ਰਸਾ ਲੇਹੁ ਨਿਚੋਰ।
ਤਾਂਕਾ ਨਾਮ ਸ੍ਵਰਸ ਕਹਯੋ ਦੂਜਾ ਭੀਹੈ ਔਰ ॥੨੦੧॥
ਸੂਕਾ ਗੀਲਾ ਦ੍ਰਵ ਲੈ ਆਠ ਗੁਨੇ ਜਲ ਭੇਇ।
ਏਕ ਪਾਦ ਜਲ ਆ ਰਹੈ ਵਜਨ ਸਿਰਸਾਹੀ ਦੇਇ ॥੨੦੨॥
ਰਾਤ ਦਿਵਸ ਰਾਖੀ ਕਰੀ ਅਗਨਿ ਸਿੱਧ ਕਰ ਪ੍ਰਾਤ।
ਸੋ ਜਲ ਮਾਤ੍ਰਾ ਪਲ ਕਹੀ ਤੀਜੀ ਏਹ ਵਖਯਾਤ ॥੨੦੩॥

---

†ਭਾਵ ਇਹੁ ਹੈ ਕਿ ਇਤਨੀ ਮਾਤ੍ਰਾ ਨੇਤ੍ਰਾਂ ਵਿਚ ਪੈ ਜਾਵੇ।

Digitized by Panjab Digital Library | www.panjabdigilib.org

ਕਛੁ ਸੂਕਾ ਕਛੁ ਆਦ੍ਰ ਦ੍ਰਵ ਕੁੜਵ ਮਾਨ ਸੋ ਲੇਇ।
ਤਾਂਤੇ ਜਲ ਦੁਗਨਾ ਧਰੇ ਦ੍ਰਵਜ ਜਕੋਵ ਕਰੇਇ ॥੨੦੪॥
ਰਾਤ ਦਿਵਸ ਸੋ ਰਾਖਕੇ ਤਾਂਕਾ ਰਸਾ ਛਿਨਾਇ'
ਇਕ ਸਿਰਸਾਹੀ ਮਾਨੁ ਤਿਸ ਸਭ ਔਖਧ ਸੇ ਪਜਾਇ॥੨੦੫॥

੨੪੬੬-ਗਿੱਲੀ ਔਸ਼ਧੀ ਕੁੱਟਕੇ ਉਸਦਾ ਰਸ ਨਿਕੋੜਕੇ ਕੱਢ ਲਵੇ, ਇਸਦਾ ਨਾਮ ਸੁਰਸ ਹੈ। ਦੂਜਾ ਹੋਰ ਤਰਾਂ ਭੀ ਹੈ ਕਿ:-

ਸੁੱਕਾ ਗਿੱਲਾ ਦ੍ਰਵ (ਔਸ਼ਧੀ ਆਦਿ) ਲੈਕੇ ਅੱਠ ਗੁਣੇ ਪਾਣੀ ਵਿੱਚ ਰਾਤ ਭੇਉਂ ਰਖੇ। ਦਿਨੇ ਕਾੜ੍ਹੇ. ਜਦ ਇਕ ਹਿੱਸਾ ਆ ਰਹੇ ਤਾਂ ਭੀ ਇਹ ਸੁਰਸ ਕਿਹਾ ਜਾਂਦਾ ਹੈ, ਇਸਦੀ ਮਾਤ੍ਰਾ ੧ ਸਿਰਸਾਹੀ ਦੇਣੀ ਚਾਹੀਦੀ ਹੈ। ਇਸੇ ਤਰਾਂ ਦ੍ਰਵ ਨੂੰ ਰਾਤ ਦਿਨ ਪਾਣੀ ਵਿਚ ਰਖਕੇ ਫਿਰ ਅਗਨੀ ਪਰ ਪਕਾਵੇ। ਸੋ ਇਸ ਜਲ ਦੀ ਮਾਤ੍ਰਾ ਰਲ ਪ੍ਰਮਾਣ ਕਹੀ ਹੈ, ਇਹ ਤੀਜੀ ਵਿਧੀ ਹੈ, (ਔਸ਼ਧੀ ਆਦਿ) ਦ੍ਰਵ ਕੁੱਛ ਗਿੱਲਾ ਹੋਵੇ, ਉਹ ੩੨ ਤੋਲੇ ਲਵੇ। ਇਸ ਨਾਲੋਂ ਦੂਣਾ ਪਾਣੀ ਭਾਵ ੬੪ ਤੋਲੇ ਪਾਵੇ, ਪਰੰਤੂ ਦ੍ਰਵ ਨੂੰ ਯਵ ਕੋਬ ਕੁੱਟਕੇ ਕਰ ਲਵੇ, ਫਿਰ ਪਾਵੇ। ਇਸੇ ਤਰਾਂ ਭਿੱਜਾ ਰਾਤ ਦਿਨ ਰੱਖਕੇ ਇਸਦਾ ਰਸ ਛਾਣ ਲਵੇ, ਇਸਦੀ ਮਾਤ੍ਰਾ ਇਕ ਸਿਰਸਾਹੀ ਦੀ ਹੈ, ਸਭ ਔਖਧੀਆਂ ਨਾਲ [ਜਿੱਥੇ ਜਿੱਥੇ] ਲੋੜ ਹੈ ਪਿਆਵੇ ॥੨੦੧ ਤੋਂ ੨੦੫॥

ਅਥ ਰਸ ਕ੍ਵਾਥ ਮੈ ਜੋ ਬਸਤੂ ਪਾਇ ਪੀਵੈ ਤਿਸਕਾ ਮਾਨ

ਮਧੁ ਮਿਸਰੀ ਗੁੜ ਖਾਰ ਜਵ ਜੀਰਾ ਲਵਨ ਜੁ ਤੇਲ।
ਘੀਉ ਆਦਿ ਚੂਰਨ ਸਕਲ ਦੋਇ ਟੰਕ ਲੈ ਠੇਲ ॥੨੦੬॥
ਕਿਸੀਰਸੇ ਮਹਿ ਪਾਈਐ ਤਾਂਕਾ ਏਹੁ ਪ੍ਰਮਾਨ।
ਸਾਰੰਗਧਰ ਤੇ ਮੇਘ ਲਹਿ ਮੇਘ ਬਿਨੋਦਹਿ ਆਨ ॥੨੦੭॥

੨੪੬੭-ਸ਼ਹਤ, ਮਿਸ਼ਰੀ, ਗੁੜ, ਜੌਂਖਾਰ, ਜੀਰਾ, ਲੂਣ, ਤੇਲ ਤੇ ਘੇਉ ਆਦਿ ਤਥਾ ਚੂਰਣ ਸਭਨਾਂ ਨੂੰ (ਕਾੜ੍ਹੇ ਰਸ ਆਦਿ) ਵਿਚ ਦੋ ਟੰਕ (੮ ਮਾਸੇ) ਪ੍ਰਮਾਣ ਪਾਵੇ। ਕਿਸੀ ਰਸ ਵਿਚ ਪਾਵੇ, ਪਰੰਤੂ ਪ੍ਰਮਾਣ ਏਹੋ ਜਾਣੇ, ਇਹ ਸਾਰੰਗੁਧਰ ਵਿਚੋਂ ਲਿਖੀ ਗਈ ਹੈ ॥੨੦੬॥੨੦੭॥

ਔਖਧ ਸਾਥ ਅੱਖਤ (ਚਾਵਲ) ਜਲ ਦੇਣ ਵਿਧੀ

ਨਿਸ ਤੁਖ ਤੰਦੁਲ ਏਕ ਪਲ ਆਠਗੁਨਾ ਜਲ ਪਾਇ।
ਤਾਂਕੋ ਮਸਲੀ ਨੀਰ ਸੌਂ ਪਲ ਵਾ ਆਧ ਦਿਵਾਇ ॥੨੦੮॥

੨੪੬੮: ਤੋਹਾਂ ਤੋਂ ਬਗੈਰ ਚੌਲ ੧ ਪਲ ੪ ਤੋਲੇ ਲੈਕੇ ਉਸ ਵਿੱਚ ਅੱਠ ਗੁਣਾਂ ਜਲ ਪਾਵੇ। ਉਸਨੂੰ ਜਰਾ ਮਲਕੇ ਉਹ ਪਾਣੀ ੧ ਪਲ=੪ ਤੋਲੇ ਅਥਵਾ ਅੱਧਾ ਪਲ=੨ ਤੋਲੇ ਦੇਵੇ, ਇਸ ਦੀ ਲੋੜ ਜਿੱਥੇ ਚਾਵਲਾਂ ਦਾ ਜਲ ਪੌਣਾ ਯਾ ਦੇਣਾ ਕਿਹਾ ਹੈ, ਓਥੇ ਜਾਣੇ ॥੨੦੮॥

Digitized by Panjab Digital Library | www.panjabdigilib.org

ਪੁਟ ਪਾਕ ਵਿਧੀ--ਦੋਹਰਾ

ਔਖਧ ਚੂਰਨ ਕੀਜੀਐ ਸੁਰਸ ਸੰਗ ਭਿਗੋਇ।
ਤਾਂ ਪਰ ਭੀਗਾ ਵਸਨ ਦੈ ਲੇਪੋ ਅੰਗੁਲ ਦੋਇ ॥੨੦੯॥
ਵਟ ਕੁੰਭੇਰ ਕੇ ਪਤ੍ਰ ਗਹਿ ਤਾ ਪਰ ਦੇਹੁ ਲਪੇਟ।
ਘਟੀ ਏਕ ਤਿਸ ਅਗਨਿ ਮਹਿ ਲੇਹੁ ਪਕਾਈ ਸੇਟ ॥੨੧੦॥
ਤਾਂਕਾ ਰਸ ਪਲ ਏਕ ਲੈ ਤਾਂਮਹਿ ਏ ਲੈ ਪਾਇ।
ਕਲਕ ਚੂਰਨ ਮਧੁ ਕਰਖ ਤਿਲ ਮਾਤ੍ਰਾ ਦਈ ਬਤਾਇ ॥੨੧੧॥

੨੪੬੯. ਦਵਾਈ ਨੂੰ ਪਹਿਲੇ ਬਰੀਕ ਕਰ ਲਵੇ, ਫਿਰ ਉਸੇ ਦਵਾਈ ਦੇ ਸੁਰਸ ਨਾਲ ਭੇਉਂਕੇ ਉਸ ਉਤੇ ਗਿਲਾ ਕਪੜਾ ਦੇਕੇ ਦੋ ਉਂਗਲੀ ਮੋਟਾ ਲੇਪ ਕਰ ਦੇਵੇ। ਬੋਹੜ ਅਤੇ ਕੁੰਭੇਰ ਦੇ ਪਤੇ ਉਸ ਪਰ ਲਪੇਟ ਕੇ, ਫਿਰ ਉਸਨੂੰ ਇਕ ਘੜੀ ਤਕ ਅੱਗ ਵਿਚ ਪਕਾ ਲਵੇ। ਜਿਸਦਾ ਪੁਟਪਾਕ ਹੈ ਉਸਦਾ ਰਸ ਚਾਰ ਤੋਲੇ ਲਵੇ, ਉਸ ਵਿਚ ਫਿਰ ਪੁਟਪਾਕ ਪਾਵੇ। ਇਸ ਵਿਚ ਕਲਕ, ਚੂਰਣ ਅਤੇ ਸ਼ਹਤ ਇਕ ਤੋਲੇ ਪਰਮਾਣ ਮਿਲਾਵੇ, ਇਹ ਮਾਤ੍ਰਾ ਦਾ ਪਰਮਾਣ ਵਰਨਣ ਕੀਤਾ ਹੈ ॥ ੨੦੯ ਤੋਂ ੨੧੧ ॥

ਕ੍ਵਾਥ ਪ੍ਰਮਾਣ--ਦੋਹਰਾ

ਔਖਧ ਪਾਵੈ ਪਲ ਇਕੋ ਪਾਨੀ ਸੋਲ ਗੁਨਾਇ।
ਲੇਹੁ ਆਠਮਾਂ ਭਾਗ ਜਲ ਦੋ ਪਲ ਮਾਤ੍ਰਾ ਪਜਾਇ ॥੨੧੨॥
ਔਰ ਬਾਤ ਪਾਛੇ ਕਹੀ ਜਾਨੋ ਜ੍ਵਰ ਅਧਿਕਾਰ।
ਅਲਪ ਇਹਾਂ ਭੀ ਹੈ ਕਹੀ ਸਾਰੰਗਧਰ ਅਨੁਸਾਰ ॥੨੧੩॥

੨੪੭੦. ਔਸ਼ਧੀ ੧ ਪਲ=੪ ਤੋਲੇ ਲਿਆਵੇ. ਇਸ ਵਿੱਚ ਸੋਲਾਂ ਗੁਣਾਂ ਪਾਣੀ ਪਾਕੇ ਕਾੜ੍ਹੇ, ਜਦ ਅੱਠਮਾਂ ਭਾਗ ਆਣ ਰਹੇ ਤਾਂ ਰੱਖੇ, ਅਰ ਦੋ ਪਲ=੮ ਤੋਲੇ ਦੀ ਮਾਤ੍ਰਾ ਪਿਲਾਵੇ। ਹੋਰ ਇਸ ਬਾਬਤ ਜੇੜ੍ਹਾ ਤਾਪ ਦੇ ਵਰਨਣ ਵਿੱਚ ਪਿੱਛੇ ਕਿਹਾ ਹੈ, ਸੋਈ ਜਾਣੇ। ਥੋੜੀ ਬਾਤ ਏਥੇ ਬੀ ਸਾਰੰਗਧਰ ਅਨੁਸਾਰ ਕਹੀ ਹੈ। ੨੧੨। ੨੧੩।

ਕਲਕਾਦਿ ਪ੍ਰਮਾਣ ਵਿਧੀ--ਦੋਹਰਾ

ਦ੍ਰਵ ਏਕ ਪਲ ਅਸਟ ਜਲ ਰਾਤ੍ਰਿ ਰਾਖਿ ਭਿਗੋਇ।
ਪ੍ਰਾਤਹਿ ਕਾੜੀ ਜਲ ਪਿਵੈ ਦੋ ਪਲ ਰਾਖੀ ਸੋਇ ॥੨੧੪॥

੨੪੭੧. ਦ੍ਰਵ (ਬਸਤੂ) ਇੱਕ ਪਲ ਇਸ ਵਿੱਚ ਅੱਠ ਪਲ ਪਾਣੀ ਪਾਕੇ ਰਾਤ ਭੇਉਂ ਰੱਖੇ। ਪ੍ਰਾਤਾਕਾਲ ਕਾੜ੍ਹਕੇ ਉਹ ਜਲ ਦੋਪਲ ਅਰਥਾਤ ਇਕ ਛਟਾਂਕ ਰਖੇ ਅਤੇ ਪੀਵੇ. ਇਸਨੂੰ ਕਲਕ ਆਖਦੇ ਹਨ, ਬਾਕੀ ੨੩੧ ਛੰਦ ਵਿਚ ਅਗੇ ਦੇਖੋ ॥੨੧੪।

Digitized by Panjab Digital Library | www.panjabdigilib.org

ਯਵਾਂਗੂ ਵਿਧਿ ਮਾਨ--ਦੋਹਰਾ

ਔਖਧ ਪਾਵੇ ਚਾਰ ਪਲ ਚੌਂਸਠ ਪਲ ਦੇ ਨੀਰ।
ਤਾਂਕੀ ਕ੍ਰਾਥੀ ਅਰਧ ਲੈ ਯਵਾਂਗੂ ਬਿਧ ਬੀਰ ॥੨੧੫॥

੨੪੭੨. ਦਵਾਈ ਚਾਰ ਪਲ ਇਸ ਵਿਚ ਚੌਹਠ (੬੪) ਪਲ ਜਲ ਪਾਕੇ ਕਾੜ੍ਹਾ ਕਰੇ, ਅਰ ਫਿਰ ਅੱਧਾ ਰਹੇ ਤਾਂ ਉਤਾਰ ਲਵ, ਇਹ ਯਵਾਂਗੂ ਦੀ ਵਿਧੀ ਕਹੀ ਗਈ ਹੈ ॥੨੧੫॥

ਯੂਖ ਵਿਧੀ--ਦੋਹਰਾ

ਦ੍ਰਵਯ ਕਲਕ ਪਲੁ ਏਕ ਲੈ ਸੁੰਠ ਕਣਾ ਇਕ ਟੰਕ॥
ਪ੍ਰਸਥ ਨੀਰ ਮੇ ਪਾਈਐ ਕਹਤੇ ਯੂਖ ਵਿਧ ਅੰਕ ॥੨੧੬॥

੨੪੭੩. ਦ੍ਰਵ ਦਾ ਕਲਕ ਕੱਰਕੇ ੧ ਪਲ ਲੈਕੇ, ਉਸ ਵਿਚ ਸੁੰਢ ਤੇ ਮਘ ੪ ਮਾਸੇ ਪਾਵੇ। ਫਿਰ ਉਸਨੂੰ ੬੪ ਤੋਲੇ ਜਲ ਵਿਚ ਪਾਵੇ ਤਾਂ ਯੂਖ ਕਿਹਾ ਜਾਂਦਾ ਹੈ ॥੨੧੬॥

ਪਾਨਕ ਵਿਧੀ

ਚੂਰਣ ਇਕ ਪਲ ਲੀਜੀਐ ਚੌਸਠ ਪਲ ਜਲ ਪਾਇ।
ਆਧਿ ਰਹੇ ਤਬ ਪੀਜੀਐ ਪਾਨਕ ਭਾਖਿਆ ਸਾਇ ॥੨੧੭॥

੨੪੭੪. ਦਵਾਈ ਦਾ ਚੂਰਣ ੪ ਤੋਲੇ ਉਸ ਵਿਚ ੬੪ ਪਲ (੨੫੬ ਤੋਲੇ) ਜਲ ਪਾਕੇ ਪਕਾਵੇ ਜਦ ਅੱਧਾ ਰਹੇ ਤਾਂ ਪੀਵੇ ਇਸਨੂੰ 'ਪਾਨਕ' ਆਖਦੇ ਹਨ ॥੨੧੭॥

ਖੀਰ ਪਾਕ ਵਿਧੀ--ਦੋਹਰਾ

ਆਠ ਗੁਣਾ ਪਯ ਦ੍ਰਵਯ ਤੇ ਦੂਧੈ ਚੌਗੁਣ ਨੀਰ।
ਅਗਨਿ ਪਕਾਈ ਪਯ ਰਹੈ ਕਹੀ ਪਾਕ ਵਿਧ ਖੀਰ ॥੨੧੮॥

੨੪੭੫. ਚੀਜ਼ ਨਾਲੋਂ ਦੁੱਧ ਅੱਠ ਗੁਣਾ, ਦੁੱਧ ਨਾਲੋਂ ਚੌਗੁਣਾ ਜਲ ਪਾਕੇ ਅੱਗ ਪਰ ਪਕਾਵ, ਜਦ ਦੁੱਧ ਹੀ ਆਣ ਰਹੇ ਤਾ ਉਤਾਰੇ, ਇਹ ਖੀਰ ਪਾਕ ਦੀ ਵਿਧੀ ਹੈ ।੨੧੮॥

ਅੰਨਕ੍ਰਿਯਾ--ਦੋਹਰਾ

ਆਨੋ ਖਟ ਗੁਣ ਨੀਰ ਕਰ ਰਿਧੇ ਯਵਾਂਗੂ ਹੋਇ।
ਸੋ ਜਾਨੋ ਵਿਧ ਭੇਦੜੀ ਨਾਮ ਯਵਾਂਗੂ ਸੋਇ ॥੨੧੯॥

੨੪੭੬. ਅੰਨ ਨਾਲੋਂ ਛੇ ਗੁਣਾ ਜਲ ਪਾਵੇ, ਅਰ ਰਿੰਨ੍ਹੇ, ਸੋ ਯਵਾਂਗੂ ਹੁੰਦਾ ਹੈ। ਏਹੋ ਵਿਧੀ ਭੇਦੜੀ ਅਰਥਾਤ *ਖਿਚੜੀ ਦੀ ਹੈ, ਸੋਈ ਨਾਮ ਯਵਾਂਗੂ ਦਾ ਹੈ ॥੨੧੯॥

---

*ਦੋਹਰਾ-ਪੰਜ ਦੁਵੰਜੀ ਖੀਚੜੀ ਚੌਣਾ ਪਾਣੀ ਪਾਇ।
ਗਿੜਵਲ ਗਿੜਵਲ ਜਦ ਕਰੇ ਹੇਠੋ ਅੱਗ ਹਟਾਇ।

Digitized by Panjab Digital Library | www.panjabdigilib.org

ਵਿਲੇਪੀ—ਦੋਹਰਾ

ਇਕ ਪਲ ਲੀਜੈ ਔਖਧੀ ਸੋਲ ਗੁਨਾ ਜਲ ਪਾਇ ।
ਚੌਥਾ ਭਾਗ ਜੁ ਰਾਖ ਜਲ ਸੋਇ ਵਿਲੇਪੁ ਕਹਾਇ ॥੨੨੦॥

੨੪੭੭. ਇਕ ਪਲ (੪ ਤੋਲੇ) ਔਖਧੀ ਲਵੇ, ਉਸ ਵਿਚ ਸੋਲਾਂ ਗੁਣਾਂ ਜਲ ਪਾਕੇ ਪਕਾਵੇ, ਅਰ ਜਦ ਚੌਥਾ ਭਾਗ ਜਲ ਆਣ ਰਹੇ ਤਾਂ ਉਸਨੂੰ ਉਤਾਰ ਲਵੇ;ਇਹ ਵਿਲੇਪੀ ਕਿਹਾ ਜਾਂਦਾ ਹੈ ॥੨੨੦॥

ਪੇਯਾ ਯੂਪ—ਦੋਹਰਾ

ਦ੍ਵਹਿ ਤੇ ਚੌਸਠ ਗਨਾ ਜਲ ਪਾਈ ਉਕਲਾਇ।
ਚੌਦਸ ਭਾਗ ਰਖਾਇ ਪਿਵ ਪੇਯਾ ਯੂਖ ਬਤਾਇ ॥੨੨੧॥

੨੪੭੮. ਦ੍ਵ ਨਾਲੋਂ ਚੌਂਠ ਗੁਣਾਂ ਜਲ ਪਾਕੇ ਕਾੜ੍ਹੇ। ਜਦ ਚੌਧਵਾਂ ਭਾਗ ਆਣ ਰਹੇ ਤਾਂ ਪੀਵੇ ਇਹ ਪੇਯਾ ਯੂਖ ਕਹਾਉਂਦਾ ਹੈ ॥੨੨੧॥

ਭਕਤ ਵਿਧੀ—ਦੋਹਰਾ

ਤੰਦੁਲ ਪਲ ਲੈ ਚਾਰ ਹੀ ਚੌਦਾਂ ਪਲ ਜਲੁ ਪਾਇ।
ਤਾਹ ਉਬਾਲੀ ਨੀਰ ਲੈ ਦੀਨੀ ਭਕਤ ਦਿਖਾਇ ॥੨੨੨॥

੨੪੭੯. ਚੌਲ ੪ ਪਲ (੧੬ ਤੋਲੇ) ਜਲ ੧੪ ਪਲ (੫੬ ਤੋਲੇ) ਪਾਕੇ ਉਬਾਲੇ, ਤਿਨ੍ਹਾਂ ਉਬਾਲਿਆਂ ਚੌਲਾਂ ਦਾ ਜਲ ਨਿਤਾਰਕੇ ਦੇਣਾ ਭਕਤ ਕਿਹਾ ਜਾਂਦਾ ਹੈ। ਅਸਲ ਵਿਚ ਪਿੱਛ ਹੈ ॥੨੨੨॥

ਸੁੱਧ ਮੰਡ—ਦੋਹਰਾ

ਭਕਤ ਮੰਡ ਕੋ ਲੇਇਕੇ ਚੌਦਾਂ ਗੁਣ ਜਲ ਪਾਇ।
ਤਾਹਿ ਕਾਢ ਮੰਡ ਰਾਖਿਯੈ ਸੁੰਠੀ ਸੇਂਧਵ ਬਾਇ ॥੨੨੩॥
ਸੁੱਧ ਮੰਡ ਇਸ ਨਾਮ ਹੈ ਸਾਰੰਗਧਰ ਇਮ ਭਾਖ।
ਦੀਪਨ ਪਾਚਨ ਕਰਤ ਹੈ ਮੇਘ ਵਿਨੋਦੈ ਦਾਖ ॥੨੨੪॥

੨੪੮੦. ਭਕਤ ਦਾ ਮੰਡ ਅਰਥਾਤ ਪਿਛ ਲੈਕੇ ਉਸ ਵਿਚ ਚੌਦਾਂਗੁਣਾਂ ਮੁੜ ਜਲ ਪਾਵੇ । ਫਿਰ ਉਸਨੂੰ ਕਾੜ੍ਹੇ ਅਰ ਮੰਡ ਮਾਤ੍ਰਾ ਰਖੇ, ਉਸ ਵਿਚ ਸੁੰਢ ਤੇ ਸੇਂਧਾਲੂਣ ਪਾਕੇ ਦੇਵੇ ਇਸਨੂੰ ਸੁਧ ਮੰਡ ਕਿਹਾ ਜਾਂਦਾ ਹੈ, ਇਹ ਦੀਪਨ ਪਾਚਨ ਕਰਨ ਹਾਰਾ ਹੁੰਦਾ ਹੈ ॥੨੨੩॥੨੨੪॥

ਬਾਦ ਮੰਡ—ਦੋਹਰਾ

ਤੁਸ ਸਮੇਤ ਯਵ ਰਿੰਧਿਯੈ ਚੌਦਾਂ ਗੁਣ ਜਲ ਦੇਇ।
ਸੋ ਪਕਾਇਕੇ ਪੀਜੀਏ ਵਾਦਜ ਜੁ ਮੰਡ ਕਹੇਇ ॥੨੨੫॥

Digitized by Panjab Digital Library | www.panjabdigilib.org

ਲਾਜਾ ਕਾ ਮੰਡ ਕੀਜੀਏ ਸੋ ਲਾਜਾ ਮੰਡ ਜਾਨ।
ਸਾਰੰਗਧਰ ਐਸੇ ਕਹ੍ਯੋ ਮੇਘ ਵਿਨੋਦੇ ਠਾਨ ॥੨੨੬॥

੨੪੮੧. ਤੋਹਾਂ ਸਮੇਤ ਜੌਂ ਰਿੰਨ੍ਹਕੇ ਫਿਰ ਉਨ੍ਹਾਂ ਵਿਚ ੧੪ ਗੁਣਾਂ ਜਲ ਪਾਕੇ ਫਿਰ ਉਸਨੂੰ ਪਕਾਕੇ ਪੀਵੇ, ਇਸਦੇ ਬਾਦਮੰਡ ਆਖਦੇ ਹਨ। ਇਸੇਤਰਾਂ ਲਾਜਾਂ (ਫੁੱਲੀਆ) ਦਾ ਮੰਡ ਕਰ ਲਵੋ, ਓਹ ਲਾਜਾਂ ਦਾ ਮੰਡ ਕਿਹਾ ਜਾਂਦਾ ਹੈ, ਇਹ ਸਾਰੰਗਧਰ ਦੀ ਰੀਤੀ ਹੈ ॥੨੨੫॥੨੨੬॥

ਫਾਂਟ ਵਿਧੀ—ਦੋਹਰਾ

ਤਪਤ ਨੀਰ ਲੈ ਅਸਟ ਪਲ ਦ੍ਰਵ੍ਯ ਪੀਸ ਪਲ ਪਾਇ।
ਮਸਲ ਸੀਤ ਕਰ ਛਾਨ ਜਲ ਦੋ ਪਲ ਦੇਹੁ ਪਿਲਾਇ ॥੨੨੭॥
ਮਧੁ ਮਿਸਰੀ ਤਾਂਮਹਿ ਦਿਵੋ ਅਥਵਾ ਗੁੜ ਤਹਿ ਦੇਇ।
ਕਹ੍ਯੋ ਵਜਨ ਜਯੋਂ ਕ੍ਵਾਥ ਮਹਿ ਸੋਈ ਇਸ ਮਹਿ ਲੇਇ ॥੨੨੮॥

੨੪੮੨. ਤੱਤਾ ਜਲ ੮ ਪਲ [੩੨ ਤੋਲੇ] ਪਾਕੇ ਉਸ ਵਿਚ ਪੀਸੀ ਹੋਈ ਚੀਜ਼ ੧ ਪਲ [੪ ਤੋਲੇ] ਪਾਕੇ ਉਸਨੂੰ ਫਿਰ ਮਲਕੇ ਠੰਢਾ ਕਰਕੇ ਛਾਣ ਲਵੇ, ਇਹ ਫਾਂਟ ਹੈ, ਇਸਦੀ ਮਾਤ੍ਰਾ ਦੋ ਪਲ ਦੀ ਪਿਲਾਵੇ। ਇਸ ਵਿਚ ਫਿਰ ਸ਼ਹਿਤ ਤੇ ਮਿਸ਼ਰੀ ਪਾਵੇ, ਅਥਵਾ ਗੁੜ ਪਾਵੇ। ਹੋਰ ਵਜ਼ਨ ਇਸਦਾ ਜਿਸ ਪ੍ਰਕਾਰ ਕ੍ਵਾਥ ਵਿਚ ਕਿਹਾ ਹੈ, ਓਸੇ ਤਰਾਂ ਪਾਵੇ ॥੨੨੭॥੨੨੮॥

ਮੰਥ ਵਿਧੀ—ਦੋਹਰਾ

ਸੀਤਲ ਜਲ ਪਲ ਚਾਰ ਲੈ ਪੀਸ ਦ੍ਰਵ੍ਯ ਪਲ ਪਾਇ।
ਮਾਟੀ ਪਾਤ੍ਰ ਮਸਲ ਪਿਵ ਦੋ ਪਲ ਮਾਤ੍ਰਾ ਲਜਾਇ ॥੨੨੯॥

੨੪੮੩. ਠੰਢਾ ਪਾਣੀ ੪ ਪਲ [੧੬ ਤੋਲੇ] ਪੀਹਕੇ ਦਰੱਵ ਉਸ ਵਿਚ ੧ ਪਲ [੪ ਤੋਲੇ] ਪਾਵੇ। ਇਸਨੂੰ ਮਿੱਟੀ ਦੇ ਭਾਂਡੇ ਵਿਚ†ਰਿੜਕ ਕੇ ਪੀਵੇ, ਇਹ ਮੰਥ ਕਿਹਾ ਜਾਂਦਾ ਹੈ, ਇਸਦੀ ਮਾਤ੍ਰਾ ਦੋ ਪਲ ਦੀ ਪਿਲਾਵੇ ॥੨੨੯॥

ਹਿਮ ਵਿਧੀ-ਦੋਹਰਾ

ਪੀਸ ਦ੍ਰਵ੍ਯ ਪਲ ਏਕ ਲੈ ਛੇ ਪਲ ਜਲਹਿ ਭਿਗੋਇ।
ਅਥਵਾ ਰਾਖੀ ਨਿਸ ਪਿਵੋ ਦੋ ਪਲ ਮਾਤ੍ਰਾ ਸੋਇ ॥੨੩੦॥

੨੪੮੪. ਪੀਹਕੇ ਦ੍ਰਵ ਇਕ ਪਲ [੪ ਤੋਲੇ], ਉਸ ਵਿੱਚ ਛੇ ਪਲ (੨੪ ਤੋਲੇ) ਜਲ 'ਪਾਕੇ ਭੇਉਂ ਛੱਡੇ ਅਥਵਾ ਰਾਤ ਰਖਕੇ ਹੀ ਦਿਤੇ ਨਿਤਾਰ ਪੀਵੇ, ਇਸਦੀ ਦੋ ਪਲ (੮ ਤੋਲੇ) ਦੀ ਮਾਤ੍ਰਾ ਹੈ ॥੨੩੦॥

---

†ਜਿਸਤਰਾਂ ਬੀਹ ਦਾਣਾ ਰਿੜ ਕੇ ਪੀਤਾ ਜਾਂਦਾ ਹੈ ਸੋ 'ਮੰਥ' ਕਿਹਾ ਜਾਂਦਾ ਹੈ। ਮਿੱਟੀ ਦਾ ਪਾਤ੍ਰ ਕਹਿਣ ਤੇ ਪੱਥਰ ਕੱਚ ਚੀਨੀ ਆਦਿ ਚਾਹੇ ਕੋਈ ਹੋਵੇ।

Digitized by Panjab Digital Library | www.panjabdigilib.org

ਕਲਕ ਵਿਧੀ-ਦੋਹਰਾ

ਹਰਤ ਔਖਦੀ ਲੇਇ ਕਰ ਪਾਨੀ ਸੰਗ ਪਿਸਾਇ।
ਅਥਵਾ ਸੂਕੀ ਹੀ ਪਿਸੈ ਘਰੀ ਘਰੀ ਜਲ ਥਾਇ ॥੨੩੧॥
ਨਾਮ ਕਹਤੇ ਪ੍ਰਖੇਪਸੀ ਵਾ ਉਪਕਲਕ ਬਤਾਇ।
ਕਰਖ ਮਾਨ ਸੋ ਪੀਜੀਐ ਮਧ ਘ੍ਰਿਤ ਦੁਗਨਾ ਪਾਇ ॥੨੩੨॥
ਕਲਕ ਮਾਹਿ ਜਲ ਚੌਗੁਨੇ ਮਸਰੀ ਗੁੜ ਸਮ ਪਾਇ।
ਸਕਲ ਮਾਨ ਵਿਧਿ ਏ ਕਹੀ ਸਾਰੰਗਧਰ ਕੇ ਭਾਇ ॥੨੩੩॥

੨੪੮੫. ਹਰੀ ਦਵਾਈ ਲੈਕੇ ਉਸਨੂੰ ਪਾਣੀ ਨਾਲ ਚਟਣੀ ਵਾਂਗ ਘੋਟੇ ਅਥਵਾ ਸੁੱਕੀ ਹੀ ਬਰੀਕ ਪੀਹੇ, ਘੜੀ ਘੜੀ ਜਲ ਪਾਕੇ ਪੀਹੇ। ਇਸਦਾ ਨਾਮ 'ਪ੍ਰਖੇਪਸੀ' ਅਥਵਾ ''ਉਪਕਲਕ'' ਕਿਹਾ ਜਾਂਦਾ ਹੈ। ਮਾਤ੍ਰਾ ਇਸਦੀ ਕਰਖ ਪ੍ਰਮਾਣ ਹੈ, ਸ਼ਹਿਤ ਤੇ ਘੇਉ ਇਸ ਵਿੱਚ ਮਾਤ੍ਰਾ ਨਾਲੋਂ ਦੂਣਾ ਪਾਵੇ, ਕਲਕ ਵਿਚ ਜਲ ਚਾਰ ਗੁਣਾਂ, ਮਿਸ਼ਰੀ ਤੇ ਗੁੜ ਸਮਾਨ ਮਾਤ੍ਰਾ ਪਾਵੇ। ਇਹ ਸਾਰੀ ਮਾਨ ਵਿਧੀ ਜੋੜ੍ਹੀ ਕਹੀ ਹੈ, ਸਾਰੰਗਧਰ ਦੇ ਅਨੁਸਾਰ ਹੈ, ਬਾਕੀ ਕਲਕ ਦੀ ਰੀਤੀ ੨੧੪ ਛੰਦ ਅੰਕ ਵਿਚ ਪਿਛੇ ਦੇਖੋ ॥੨੩੧ ਤੋਂ ੨੩੩॥

ਚੂਰਣ ਵਿਧੀ-ਦੋਹਰਾ

ਚੂਰਣ ਮਾਤ੍ਰਾ ਕਰਖ ਹੈ ਗੁੜ ਚੂਰਨ ਸਮ ਜਾਨ।
ਮਿਸਰੀ ਦੂਨੀ ਪਾਈਐ ਹਿੰਗ ਭੁੰਨਕੇ ਠਾਨ ॥੨੩੪॥
ਘ੍ਰਿਤ ਚੂਰਣ ਤੇ ਦੁਗਨ ਲੇ ਮਠਾ ਛਾਛ ਚੌ ਭਾਗ।
ਵਾਤ ਤੀਨ ਪਲ ਪਿੱਤ ਦੁਇ ਕਫ ਕੋ ਪਲ ਲੈ ਰਾਗ॥੨੩੫॥

੨੪੮੬. ਬਰੀਕ ਕੁੱਟ ਪੀਹਕੇ ਛਾਣ ਲਵੇ, ਇਉਂ ਚੂਰਣ (ਫੱਕੀ) ਬਣਾ ਲਵੇ। ਇਸਦੇ ਖਾਣ ਦੀ ਮਾਤ੍ਰਾ ੧ ਤੋਲੇ ਦੀ ਹੈ। ਇਸ ਵਿਚ ਗੁੜ ਪੌਣਾ ਕਿਹਾ ਹੋਵੇ ਤਾਂ ਚੂਰਣ ਦੇ ਸਮਾਨ ਹੀ ਪਾਵੇ, ਮਿਸ਼ਰੀ ਹੋਵੇ ਤਾਂ ਚੂਰਣ ਨਾਲੋਂ ਦੂਣੀ ਪਾਵੇ। ਹਿਙ ਘਿਉ ਵਿਚ ਭੁੰਨ ਕੇ ਪਾਵੇ। ਚੱਟਣ ਯਾ ਖਾਣ ਵੇਲੇ ਘਿਉ ਚੂਰਣ ਨਾਲੋਂ ਦੂਣਾ ਲਵੇ। ਏਸੇ ਤਰਾਂ ਮੱਠਾ, ਲੱਸੀ ਪੀਣ ਵਾਲੀ ਚੀਜ਼ ਚਾਰ ਗੁਣੀ ਲੈਕੇ ਖਾਵੇ। ਵਾਤ ਪ੍ਰਕ੍ਰਿਤੀ ਵਾਲੇ ਨੂੰ (ਚੂਰਣ ਚਟਨੀ, ਗੋਲੀ, ਕਲਕ ਇਨ੍ਹਾਂ ਦੇ ਖਾਣ ਦੀ ਮਾਤ੍ਰਾ ੧੨ ਤੋਲੇ ਦੇਵੇ। ਪਿੱਤ ਪ੍ਰਕ੍ਰਿਤੀ ਵਾਲੇ ਨੂੰ ੮ ਤੋਲੇ ਖੁਲ ਵੇ ਅਤੇ ਕਫ ਪ੍ਰਕ੍ਰਿਤੀ ਵਾਲੇ ਨੂੰ ੪ ਤੋਲੇ ਮਾਤ੍ਰਾ ਦੇਣੀ ਕਹੀ ਹੈ। ਰਾਗ ਨਾਮ ਪ੍ਰੇਮ ਸੇ।੨੩੪॥੨੩੫॥

ਗੋਲੀ ਵਿਧੀ-ਦੋਹਰਾ

ਔਖਦ ਸੋਂ ਚੌਗੁਨ ਸਿਤਾ ਵਾ ਗੁੜ ਪੁਰਾਨੋਂ ਦੇਇ।
ਚੂਰਨ ਸਮ ਗੁੱਗਲ ਧਰੋ ਚੂਰਣ ਸਮ ਮਧੁ ਲੇਇ॥੨੩੬॥

Digitized by Panjab Digital Library | www.panjabdigilib.org

ਪਾਨੀ ਪਾਵੈ ਦੋਗੁਨਾ ਚੂਰਣ ਤੇ ਸੁਨ ਲਾਲ।
ਬਰੀ ਬਨਾਵੈ ਪਾਤ ਕਰ ਕਰਖ ਮਾਨ ਸਭ ਲਾਲ ॥੨੩੭॥

੨੪੮੭. ਔਖਧ (ਚੂਰਣ ਨਾਲੋਂ ੪ ਗੁਣੀ ਮਿਸ਼ਰੀ ਯਾ ਖੰਡ) ਜਿੱਥੇ ਕਹੀ ਹੋਵੇ ਪਾਵੇ। ਗੁੜ ਹੋਵੇ ਤਾਂ ਦੂਣਾਂ, ਗੁੱਗਲ ਪੌਣਾ ਹੋਵੇ ਤਾਂ ਚੂਰਣ ਦੇ ਬਰਾਬਰ ਦਾ, ਸ਼ਹਿਤ ਬੀ ਇਤਨਾਂ ਹੀ ਅਤੇ ਪਾਣੀ ਹੋਵੇ ਤਾਂ ਦੂਣਾ ਪਾਕੇ, ਫਿਰ ਪੱਤ ਕਰਕੇ ਗੋਲੀ ਬੰਨ੍ਹੇ, (ਗੋਲੀ ਨੂੰ ਗੁਟੀ, ਬਟੀ, ਬਟਕਾ, ਬਰੀ ਬੀ ਬੋਲਦੇ ਹਨ) ਇਸਦਾ ਪ੍ਰਮਾਣ ੧ ਤੋਲੇ† ਦਾ ਹੋਵੇ ॥੨੩੬॥੨੩੭॥

ਇੰਦ੍ਰੀ ਝਾੜ (‡ਇੰਦ੍ਰੀ ਜੁਲਾਬ) ਦੀ ਵਿਧੀ—ਚੌਪਈ

ਰੇਵਦਚੀਨੀ ਪਲ ਪਰਮਾਨ। ਕਲਮੀ ਸੋਰਾ ਪਲ ਪਰ ਠਾਨ ॥
ਕਰਖ ਏਕ ਯਵਖਾਰ ਮਿਲਾਇ। ਪੀਸੀ ਸਿਰਸਾਹੀ ਇਕਖਾਇ ॥੨੩੮॥
ਤੀਨ ਦਿਵਸ ਲੈ ਯਾਕੋ ਖਾਇ। ਊਪਰ ਕੱਚੀ ਲਸੀ ਪਜਾਇ ॥
ਲਾਗੈ ਇੰਦ੍ਰੀ ਝਾਰ ਸੁਖਾਸਾ। ਸਬ ਇੰਦ੍ਰੀ ਕਾ ਰੋਗੁ ਵਿਨਾਸਾ ॥੨੩੯॥

੨੪੮੮. ਰੇਵਦਚੀਨੀ ੪ ਤੋਲੇ, ਕਲਮੀ ਸ਼ੋਰਾ ੪ ਤੋਲੇ ਅਤੇ ਜੌਂਖਾਰ ੧ ਤੋਲਾ ਮਿਲਾਕੇ ਪੀਹਕੇ ਇਸ ਵਿਚੋਂ ੨। ਤੋਲੇ ਫਕਾਵੇ। ਉੱਪਰੋਂ ਕੱਚੀ ਲੱਸੀ ਪਿਲਾਵੇ, ਇਸ ਤਰਾਂ ੩ ਦਿਨ ਕਰੇ। ਇਸ ਨਾਲ ਚੰਗਾ ਇੰਦ੍ਰੀ ਜੁਲਾਬ ਲੱਗੇ, ਮੂਤ੍ਰ ਬਹੁਤ ਖੁੱਲ੍ਹ ਖੁੱਲ੍ਹ ਆਵੇ।ਇੰਦ੍ਰੀ ਦਾ ਸਾਰਾ ਦੋਖ ਅਰਥਾਤ ਮੂਤ੍ਰ ਦੀ ਰੋਕ, ਜਲਨ ਆਦਿ ਨਾਸ ਹੋਵੇ ॥੨੩੮॥੨੩੯॥

ਦੋਹਰਾ—

ਟੰਕ ਏਕ ਯਵਖਾਰ ਲੈ ਕੱਚੀ ਲੱਸੀ ਸੰਗ।
ਲਾਗਤ ਇੰਦ੍ਰੀ ਝਾਰ ਸੁਭ ਰੋਗੁ ਇੰਦ੍ਰੀ ਭੰਗ ॥੨੪੦॥
ਕੇਸੂ ਜਲ ਕੇ ਸੰਗ ਲੈ ਕਰਖ ਹ ਯਵਖਾਰ ॥
ਲਗਤ ਇੰਦ੍ਰੀ ਝਾੜ ਸੁਭ ਕਹੀ ਬਾਤ ਸੁਖ ਕਾਰ ॥੨੪੧॥
ਪੱਥਜ ਦੂਧ ਅਖਜਤ ਭਖੇ ਔਰ ਵਸਤ ਸਭ ਤਜਾਗ।
ਮਿਟਤ ਰੋਗੁ ਇੰਦ੍ਰੀ ਤਨਾ ਤਨ ਲੇਵੈ ਸੁਖ ਭਾਗ ॥੨੪੨॥

੨੪੮੯. ਜੌਂਖਾਰ ੪ ਮਾਸੇ ਕੱਚੀ ਲੱਸੀ ਨਾਲ ਫਕਾਵੇ, ਇੰਦ੍ਰੀ ਜੁਲਾਬ ਕਰੇ। ਤਮਾਮ ਰੋਗ ਨਾਸ਼ ਕਰੇ ॥੨੪੦॥

---

†ਇਹ ਪ੍ਰਮਾਣ ਕਾਸਟੀ ਗੋਲੀਆਂ ਦਾ ਹੈ, ਰਸ ਆਦਿ ਦਾ ਨਹੀਂ ਹੈ।

‡ਇਹ ਪ੍ਰਯੋਗ ਸੁਜ਼ਾਕ ਆਦਿ ਰੋਗਾਂ ਵਿੱਚ ਸੇਵਨ ਕੀਤਾ ਜਾਂਦਾ ਹੈ।

Digitized by Panjab Digital Library | www.panjabdigilib.org

੨੪੯੦. ਕੇਸੂਆਂ ਦੇ ਪਾਨੀ ਨਾਲ ੧ ਤੋਲਾ ਜੌਂਖਾਰ ਦੇਵੇ ਤਾਂ ਬੀ ਇੰਦ੍ਰੀ ਝਾੜ ਲਾਵੇ ॥੨੪੧॥

ਇਸ਼ ਪਿੱਛੋਂ ਪੱਥ ਦੁੱਧ ਚਾਵਲ ਦਾ ਖਾਵੇ, ਹੋਰ ਚੀਜ਼ਾਂ ਬਰਜ ਰੱਖੇ। ਇੰਦ੍ਰੀ ਦਾ ਇਸ ਨਾਲ ਸਾਰਾ ਰੋਗ ਨਾਸ਼ ਹੋਵੇ ਅਰ ਸੁਖ ਪ੍ਰਾਪਤ ਹੋਵੇ, ਗਰਮੀ ਆਦਿ ਮੂਤ੍ਰ ਰਸਤੇ ਕੱਢ ਦੇਵੇ ॥੨੪੨॥

ਨੂਰਾ ਵਿਧੀ, (ਸਾਰੰਗਧਰਾਤ)–ਚੌਪਈ

ਟੰਕ ਦੋਇ ਮੇਲੋ ਹਰਤਾਲ। ਸੰਖਚੂਨ ਖਟ ਸਾਣ ਜੁ ਡਾਲ।
ਟੰਕ ਪਲਾਸ ਦੋਇ ਲੈ ਖਜਾਰ। ਕੇਲੇ ਰਸ ਸੋਂ ਮਰਦੇ ਸਾਰ ॥੨੪੩॥
ਸਾਤ ਲੇਪ ਯਾਹੀ ਕੈ ਕਰੈ। ਤਨ ਕੇ ਵਾਲ ਸਕਲ ਏ ਹਰੈ।
ਸਾਰੰਗਧਰ ਤੇ ਮੇਘੇ ਲਹੀ। ਮੇਘ ਬਿਨੋਦੇ ਭਾਖਾ ਕਹੀ ॥੨੪੪॥

੨੪੯੧. ਵਰਕੀਆ ਹੜਤਾਲ ੮ ਮਾਸੇ। ਸੰਖ ਦਾ ਚੂਰਣ ੪ ਮਾਸੇ ਅਤੇ ਪਲਾਹ ਦੀ ਖਾਰ ੮ ਤੋਲੇ ਲੈਕੇ, ਕੇਲੇ ਦੇ ਰਸ ਨਾਲ ਘੋਟਕੇ ਫਿਰ ਇਸਦੇ ੭ ਲੇਖ ਕਰੇ ਤਾਂ ਸਰੀਰ ਦੇ ਰੋਮ ਸਭੋ ਨਾਸ ਕਰੇ ॥੨੪੩॥੨੪੪॥

ਦੋਹਰਾ–

ਫਲ ਪਟੋਲ ਕੇ ਆਨਕੈ ਪਾਨੀ ਸੰਗਿ ਪਿਸਾਇ॥
ਲੇਪੁ ਸਾਤ ਦਿਨ ਕੀਜੀਐ ਵਾਲ ਸਕਲ ਨ ਰਹਾਇ ॥੨੪੫॥

੨੪੯੨. ਪਟੋਲ ਦੇ ਫਲ ਲੈਕੇ ਪਾਨੀ ਨਾਲ ਘੋਟੇ। ਫਿਰ ਇਸ ਦਾ ੭ ਦਿਨ ਲੇਪ ਕਰੇ ਤਾਂ ਲੇਪ ਦੇ ਥਾਂ ਦੇ ਰੋਮਾਂ ਨੂੰ ਨਾਸ਼ ਕਰੇ ॥੨੪੫॥

ਪਿੱਤ ਉਪਾਯ (ਰਸਰਤਨਾਕਰਾਤ)–ਚੌਪਈ

ਮ੍ਰਿਤ ਸੂਤਾਭ੍ਰਕ †ਮੁੰਡ ਜੁ ਸਾਰ। ਅਰਕ ਤਾਪਜ ਗੰਧਿਕ ਹਰਤਾਲ।
ਯਸਟਿਦਾਖ ਛਿੰਨਾ ਰਸੁ ਪੀਸ। ਵਾਂਸੇਰਸੁ ਲਾਂਗਲ ਦਿਨ ਈਸ ॥੨੪੬॥
ਨਿਖਕ ਮਾਨ ਸਿਤ ਮਧੁ ਸੋ ਖਾਇ। ਪਿੱਤ ਦਾਹ ਕ੍ਰਿਮ ਸੋਥ ਨਸਾਇ।
ਤ੍ਰਿਸਨਾ ਤਾਪ ਪਿਤ ਕਾ ਹਰੈ। ਰਸਰਤਨਾਕਰ ਏਹ ਉੱਚਰੈ ॥੨੪੭॥

੨੪੯੩. ਮ੍ਰਿਤ ਪਾਰਾ, ਮ੍ਰਿਤ ਅਭ੍ਰਕ, ਮ੍ਰਿਤ †ਕਾਂਤੀ ਲੋਹਾ, ਮ੍ਰਿਤ ਲੋਹਾ, ਮ੍ਰਿਤ ਤਾਬਾ, ਮ੍ਰਿਤ ਸੋਨਮੱਖੀ, ਸੁੱਧ ਗੰਧਕ. ਸੁੱਧ ਹੜਤਾਲ, ਮੁਲੱਠੀ ਤੇ ਮੁਨੱਕਾ, ਇਨ੍ਹਾਂ ਨੂੰ ਗਿਲੋ ਦੇ ਰਸ ਵਿਚ ਪੀਹੇ, ਯਾ ਬਾਂਸੇ ਦੇ ਰਸ, ਅਥਵਾ ਕਲਿਹਾਰੀ ਦੇ ਰਸ ਵਿੱਚ ਪੀਹਕੇ ਰੱਖੇ। ਫਿਰ ੪ ਮਾਸੇ ਮਿਸ਼ਰੀ ਤੇ ਸ਼ਹਿਤ ਨਾਲ ਖਾਵੇ, ਤਾਂ ਪਿੱਤ, ਦਾਹ, ਕ੍ਰਿਮ ਰੋਗ, ਸੋਜਾ, ਪਿਆਸ ਤੇ ਪਿੱਤ ਦਾ ਤਾਪ ਇਨ੍ਹਾਂ ਸਭਨਾਂ ਨੂੰ ਨਾਸ਼ ਕਰੇ ॥੨੪੬॥੨੪੭॥

---

†ਇਸਦਾ ਨੋਟ ਨੰ: ੪੨੧ ਪ੍ਰਿ: ੨੦੫ ਪਰ ਪਿੱਛੇ ਦੇਖੋ।

Digitized by Panjab Digital Library | www.panjabdigilib.org

ਚੌਪਈ–

ਸਿਤਾ ਖੀਰ ਵਾ ਯਸਟੀ ਨੀਰ। ਜਲ ਸੋਂ ਚੰਦਨ ਪੀਵਤ ਬੀਰ।
ਤੀਨ ਯੋਗ ਯੇ ਪਿੱਤ ਪ੍ਰਹਾਰ। ਦਾਹ ਤ੍ਰਿਖਾ ਸਬਹੀ ਗੁਨਕਾਰ ॥੨੪੮॥

੨੪੯੫. ਮਿਸਰੀ ਤੇ ਦੁਧ, ਯਾ:–

੨੪੯੬. ਮੁਲੱਠੀ ਤੇ ਜਲ, ਯਾ:–

੨੪੯੭. ਜਲ ਨਾਲ ਚੰਦਨ, ਇਹ ਮੰਨੇ ਯੋਗ ਪੀਣ ਨੂੰ ਦੇਵੇ ਤਾਂ, ਪਿੱਤ ਨਾਸ ਹੋਵੇ ਅਰ ਇਹ ਦਾਹ ਤੇ ਤ੍ਰਿਖਾ ਵਿੱਚ ਬੀ ਗੁਣਕਾਰ ਹੈ ॥੨੪੮॥

ਚੌਪਈ–

ਏਲਾ ਚੰਦਨ ਧਨੀਆਂ ਪਾਇ। ਵਲਾ ਆਮਰੇ ਯਸਟੀ ਲਜਾਇ।
ਦਾਰਮ ਫੂਲ ਦੁਪਹਰੀ ਲੇਇ। ਖਜੂਰੀ ਸਮ ਵਜਨ ਪਿਸੇਇ ॥੨੪੯॥
ਇਨਕੇ ਸਮ ਸਿਤ ਮਿਸਰੀ ਪਾਇ। ਇਕ ਸਿਰਸਾਹੀ ਨਿਤ ਉਠ ਖਾਇ।
ਪਿੱਤ ਰੋਗ ਮੇਟੈ ਅਤਿਸਾਰ। ਇਸਕਾ ਨਾਮੁ ਕੀਆ ਵਿਸਤਾਰ ॥੨੫੦॥

੨੪੯੮. ਲਾਚੀ, ਚੰਦਨ, ਧਨੀਆਂ, ਖਿਰੇਟੀ, ਆਵਲੇ, ਮੁਲੱਠੀ, ਅਨਾਰਦਾਣਾ, ਗੁਲ ਦੁਪਹਰੀ ਦੇ ਫੁੱਲ ਤੇ ਖਜੂਰ ਇਹ ਸਭ ਸਮਾਨ ਲੈਕੇ ਪੀਹੇ, ਇਨ੍ਹਾਂ ਸਭਨਾ ਦੇ ਬਰਾਬਰ ਦੀ ਸਫੇਦ ਮਿਸ਼ਰੀ ਪਾਕੇ ਫਿਰ ਨਿੱਤ ੧ ਸਰਸਾਹੀ ਖਾਵੇ ਤਾਂ ਪਿਤ ਦੇ ਰੋਗ ਅਰ ਅਤੀਸਾਰ ਸੱਭੋ ਨਾਸ ਕਰੇ ॥੨੪੯॥੨੫੦॥

ਕਫ ਉਪਾਇ (ਰਸਰਤਨਾਕਰਾਤ)–ਚੌਪਈ
ਮੰਥਾਨ ਭੈਰਵ ਰਸ

ਮ੍ਰਿਤਕ ਪਾਰਾ ਤਾਂਬਾ ਹਿੰਗ। ਪੁਖਕਰ ਮੂਰ ਸੇਂਧਵਾ ਅੰਗ।
ਗੰਧਕ ਤਾਲਕਡੂਜੁਮੰਗਾਇ। ਸਮਇਨਰਸਸੌਂ ਖਰਲ ਕਰਾਇ ॥੨੫੧॥
ਦੇਵਦਾਲਿ ਇਟਸਿਟ ਚੌਲਾਈ। ਨਿਰਗੁੰਡੀ ਕਟ ਤੂੰਬੀ ਲਾਈ।
ਇਨਸੋਂਮਰਦੋਦਿਨ ਇਕ ਜਾਨ। ਰਸ ਮੰਥਾਨ ਭੈਰਵੰਗਜਾਨ ॥੨੫੨॥
ਮਾਖ ਮਾਨ ਮਧੁ ਸੰਗਹਿ ਖਾਇ। ਅਥਵਾ ਨਿੰਮ ਕ੍ਵਾਥ ਸੇ ਦਾਇ।
ਕਫ ਕਾ ਰੋਗ ਸਭੀ ਮਿਟ ਜਾਇ। ਰਸਰਤਨਾਕਰ ਜਾਨੋਭਾਇ ॥੨੫੩॥

੨੪੯੯. ਮਾਰਿਆ ਪਾਰਾ ਤੇ ਤਾਂਬਾ, ਹਿੰਙ, ਪੁਹਕਰਮੂਲ, ਸੇਂਧਾ ਨਿਮਕ, ਆਵਲੇਸਾਰ ਗੰਧਕ, ਹੜਤਾਲ ਤੇ ਕੜੂ, ਸਮਾਨ ਭਾਗ ਲੈਕੇ ਘੱਘਰਬੇਲ. ਇਟਸਿਟ, ਚੌਲਾਈ, ਸੰਭਾਲੂ. ਤੇ ਕੌੜੀ ਤੂੰਬੀ, ਇਨ੍ਹਾਂ ਪੰਜਾਂ ਦੇ ਰਸ ਵਿੱਚ ਇੱਕ ਇਕ ਦਿਨ ਘੋਟਕੇ, ਰਸ "ਮੰਥਾਨ ਭੈਰਵ" ਤਿਆਰ ਕਰ ਲਵੇ। ੧ ਮਾਸ਼ਾ ਪ੍ਰਮਾਣ ਸ਼ਹਿਤ ਨਾਲ ਖਵਾਵੇ। ਯਾ ਨਿੰਮ ਦੇ ਕਾਹੜੇ ਨਾਲ ਦੇਵੇ ਤਾਂ ਕਫ ਦੇ ਸਾਰੇ ਰੋਗ ਨਾਸ ਕਰੇ॥ ੨੫੧ ਤੋਂ ੨੫੩॥

Digitized by Panjab Digital Library | www.panjabdigilib.org

ਦੋਹਰਾ—

ਕਰਖ ਏਕ ਸੁਧ ਗੰਧਕੰ ਉਸਨ ਘੀਉ ਵਾ ਨੀਰ।
ਪੀਵਤ ਹੀ ਕਫ ਕੋ ਹਰਤ ਸਾਚ ਕਹੀ ਇਹ ਬੀਰ ॥੨੫੪॥

੨੫੦੦. ਕਰਖ ਪ੍ਰਮਾਨ ਗੰਧਕ ਸੁੱਧ ਕੀਤੀ ਹੋਈ ਤਤੇ ਘੇਉ ਯਾ ਤੱਤੇ ਜਲ ਨਾਲ ਖੁਲਾਵੇ ਤਾਂ ਕਫ ਨੂੰ ਨਾਸ ਕਰੇ, ਇਹ ਸੱਚੀ ਕਹੀ ਹੈ ॥੨੫੪॥

ਬਾਤ ਰੋਗੇ ਉਪਾਇ (ਵੈਦਕੰਤੂਹਲਾਤ)—ਦੋਹਰਾ

ਬਾਤ ਗਜਾਂਕੁਸ ਰਸ

ਅਭਰਕ ਗੰਧਕ ਲੋਹ ਮ੍ਰਿਤ ਪਾਰਾ ਸ੍ਰਿੰਗੀ ਤਾਲ।
ਤ੍ਰਯੂ ਣ ਵਿਖ ਮਾਖੀ ਹਰੜ ਅਰਨੀ ਸਮ ਲੈ ਡਾਲ ॥੨੫੫॥
ਮੁੰਡੀ ਰਸੁ ਖਰਲੋ ਦਿਵਸ ਸਾਤ ਗੁੰਜ ਦੋ ਖਾਇ।
ਸਾਧਯਾਸਾਧਯ ਜੁ ਬਾਤ ਸਭ ਅਰਦਿਤ ਸੰਧਿ ਮਿਟਾਇ ॥੨੫੬॥
ਕੁਬਜ ਧਨੁਖ ਮਨਯਾਸਤੰਭ ਕਟਿਰੁਕ ਪਖਯਾ ਘਾਤ।
ਪੰਗੁ ਸੋਕ ਮੇਢ੍ਰ ਅਨਿਲ ਸਪਤ ਧਾਤ ਗਦ ਘਾਤ ॥੨੫੭॥
ਸਰਬ ਅਨਿਲ ਭਾਗੀ ਜਬੈ ਵੈਦਯ ਕੰਤੂਹਲ ਭਾਖ।
ਵਾਤ ਗਜਾਂਕੁਸ ਰਸੁ ਕਹਯੋ ਮੇਘ ਦਿਨੋਦੈ ਸਾਖ ॥੨੫੮॥

੨੫੦੧. ਅਭ੍ਰਕ ਮਾਰਿਆ, ਸੁੱਧ ਗੰਧਕ, ਮਾਰਿਆ ਲੋਹਾ, ਮਾਰਿਆ ਪਾਰਾ, ਕਕੜ ਸਿੰਙੀ, ਹੜਤਾਲ ਵਰਕੀਆ, ਮਘ, ਮ੍ਰਿਚ, ਸੁੰਢ, ਤੇਲੀਆ, ਸੋਨਮੁੱਖੀ, ਹਰੜ ਅਤੇ ਅਰਣੀ, ਇਹ ਸਭ, ਸਮਾਨ ਭਾਗ ਲਵੇ, ਪੀਹਕੇ ਛਾਣੇ ਅਰ ਮੁੰਡੀ ਬੂਟੀ ਦੇ ਰਸ ਵਿੱਚ ੭ ਦਿਨ ਖਰਲ ਕਰਕੇ ਰੱਖੇ ਫਿਰ ੨ ਰੱਤੀਆਂ ਖਾਵੇ, ਤਾਂ ਸਾਧਯ ਅਰ ਅਸਾਧਯਬਾਤ ਨੂੰ ਨਾਸ ਕਰੇ, ਮੂੰਹ ਦਾ ਵਿੰਗਾ ਹੋਣਾ, ਸੰਧੀਆਂ=ਜੋੜਾਂ ਦਾਂ ਜੁੜਨਾ, ਕੁਬਜ=ਕੁਬੇ ਹੋਣਾ, ਧਨਖ=ਧਨਖ ਵਾਂਗ ਨਿੰਮ ਜਾਣਾ, ਮਨਯਾ ਸਤੰਭ, ਕਮਰ ਦਰਦ, ਅਧਰੰਗ, ਪਿੰਗਲਾਪਨ, ਸੋਕ ਹੋਣਾ, ਨਲਾਂ ਦੀ ਵਾਯੂ, ਹੋਰ ਸੱਤਾਂ ਧਾਤਾਂ ਦੇ ਰੋਗ ਮਾਤ੍ਰ। ਇਸ ਨਾਲ ਸਭ ਪ੍ਰਕਾਰ ਦੀ ਵਾਯੂ ਨਸ਼ਟ ਹੋਵੇ। ਇਸਦਾ ਨਾਮ ਬਾਤ ਗਜਾਂਕੁਸ ਰਸ ਹੈ।੨੫੫ਤੋਂ ੨੫੮॥

ਦੁਸ਼ਟ ਪਾਨੀ ਵਿਕਾਰ ਅਰਥਾਤ ਪਾਨੀ ਬਦਲ--ਚੌਪਈ

ਘਨ ਤਿਕਤਾ ਤ੍ਰਿਵਿਤਾ ਕਿਰਾਤ। ਸੁੰਠ ਕਣਾ ਪਥਯਾ ਨਿੰਬ ਪਾਤ।
ਸਤਾਵਰਘ੍ਰਿਤ ਸੋਂ ਅਵਲੇਹ ॥ ਨੀਰ ਬਦਲ ਕਾ ਦੋਖ ਹਰੇਹ ॥੨੫੯॥

੨੫੦੨. ਮੋਥਾ, ਕੌੜ, ਤ੍ਰਿਵੀ, ਚਰੇਤਾ, ਸੁੰਢ, ਮਘ, ਹਰੜ, ਨਿੰਮ ਦੇ ਪਤ੍ਰ, ਸਤਾਵਰ, ਲੈਕੇ ਪੀਹਕੇ ਚੂਰਣ ਕਰੇ ਅਰ ਘੇਉ ਨਾਲ ਮਿਲਾਕੇ ਚਟਣੀ ਵਾਂਗ ਕਰੇ ਤੇ ਚੱਟੇ ਤਾਂ ਪਾਨੀ ਦੇ ਬਦਲ ਦਾ ਦੋਖ ਅਰ ਦੁੱਖ ਮਿਟੇ ॥੨੫੯॥

Digitized by Panjab Digital Library | www.panjabdigilib.org

ਦੋਹਰਾ—

ਸੁੰਠੀ ਜਾਜੀ ਕਲਕ ਕਰ ਭੋਜਨ ਆਗ ਖਾਇ।
ਅਨੇਕ ਦੇਸ ਕੇ ਵਾਰ ਕਾ ਦੇਵਤ ਦੋਖ ਗਵਾਇ ॥੨੬੦॥

੨੫੦੩–ਸੁੰਢ ਤੇ ਜੀਰਾ, ਇਨ੍ਹਾਂ ਦਾ ਕਲਕ ਕਰਕੇ ਭੋਜਨ ਤੋਂ ਪਹਿਲੇ ਸੇਵਨ ਕਰੇ, ਤਾਂ ਦੇਸਾਂਤ੍ਰ ਦਾ †ਜਲ ਦੋਖ ਨਾਸ ਹੋਵੇ ॥ ੨੬੦ ॥

ਮਹਾ ਨਿੰਬ ਯਵਖਾਰ ਲੈ ਉਸਨ ਨੀਰ ਸੇ ਪੀਤ।
ਅਨੇਕ ਦੇਸ ਕੇ ਵਾਰ ਕਾ ਦੋਖ ਗਵਾਵਤ ਮੀਤ ॥੨੬੧॥

੨੫੦੪—ਵਕਾਇਣ ਤੇ ਜੌਂਖਾਰ ਗਰਮ ਜਲ ਨਾਲ ਦੇਵੇ ਤਾਂ ਅਨੇਕਾਂ ਦੇਸਾਂ ਦੇ ਜਲ ਦੋਖ ਤੇ ਰੋਗ ਨਾਸ ਕਰੇ ॥ ੨੬੧ ॥

ਸੰਤਾਨ ਉਪਾਇ—ਦੋਹਰਾ

ਸਮੁੰਦ੍ਰ ਸੋਖ ਪਲ ਦੋਇ ਲੈ ਵੱਛੀ ਮੂਤ੍ਰ ਪੀਸ।
ਏਕ ਦਿਵਸ ਲੌਂ ਪੀਸਕੇ ਗੁਟੀ ਪੰਝਤ੍ਰ ਦੀਸ ॥੨੬੨॥
ਏਕ ਏਕ ਨਿਤ ਖਾਇ ਤ੍ਰਿਯ ਦਾਲ ਭਾਤ ਪੱਥ ਖਾਇ।
ਪੁੱਤਰ ਨਿਸਚੈ ਜਨਮ ਹੈ ਸਾਚੀ ਬਾਤ ਬਤਾਇ ॥੨੬੩॥

੨੫੦੫. ਸਮੁੰਦਰ ਸੋਖ ੮ ਤੋਲੇ, ਵੱਛੀ ਦੇ ਮੂਤ੍ਰ ਵਿਚ ਇਕ ਦਿਨ ਘੋਟਕੇ ੭੫ ਗੋਲੀਆਂ ਬਣਾਵੇ। ਫਿਰ ਰਿਤੂ ਅੰਤੇ ਇਕ ਇਕ ਗੋਲੀ ਨਿਤ ਇਸਤ੍ਰੀ ਖਾਣੀ ਅਰੰਭੇ ਅਰ ਦਾਲ, ਚਾਵਲ ਦਾ ਪੱਥ ਰੱਖੇ ਤਾਂ ਨਿਸਚੇ ਪੁਤ੍ਰ ਪੈਦਾ ਕਰੇ ॥ ੨੬੨ ॥ ੨੬੩ ॥

ਸਰਬ ਬ੍ਰਿਣ ਮੱਲਮ—ਦੋਹਰਾ

ਪੈਸਾ ਏਕ ਜੁ ਰਾਲ ਲੈ ਮਾਸਾ ਥੋਥਾ ਪਾਇ।
ਧੇਲਾ ਭਰ ਹਲਧੀ ਗਹੇ ਕਪੜ ਛਾਨ ਕਰਵਾਇ ॥੨੬੪॥
ਮਾਸੇ ਚਾਰ ਜੁ ਤੇਲ ਕਟ ਸਿਲ ਪਰ ਪੀਸੋ ਏਹ।
ਸੌ ਵਾਰੀ ਜਲ ਧੋਈਐ ਪਾਛੈ ਸਿਲ ਪਰ ਦੇਹ ॥੨੬੫॥
ਧੇਲਾ ਭਰ ਗੁੱਗਲ ਖਿਪੀ ਪੀਸੀ ਭਾਂਜਨ ਪਾਇ।
ਫੋਹਾ ਕਰ ਬ੍ਰਿਣ ਲਾਈਐ ਸੇਕੋ ਬ੍ਰਿਣ ਸਭ ਜਾਇ ॥੨੬੬॥

†ਬਦ ਨਾਰੈਣ ਦੀ ਯਾਤ੍ਰਾ ਦਾ ਜਲ ਦੋਖ ਮਿਟਾਣ ਵਾਸਤੇ ਇਸ ਪ੍ਰਯੋਗ ਦਾ ਕਈ ਵਾਰ ਸੇਵਨ ਕੀਤਾ ਗਿਆ ਹੈ।

Digitized by Panjab Digital Library | www.panjabdigilib.org

੨੫੦੬-ਰਾਲ ੧ ਪੈਸਾ ਭਰ, ਨੀਲਾ ਥੋਥਾ ੧ ਮਾਸਾ ਭਰ ਤੇ ਹਲਦੀ ਧੇਲਾ ਭਰ; ਇਹ ਸਭੇ ਕੱਪੜ ਛਾਣ ਕਰੇ, ਇਸ ਵਿਚ ੪ ਮਾਸੇ ਕੌੜਾ ਤੇਲ ਪਾਕ ਸਿਲ ਪਰ ਘੋਟੇ, ਫਿਰ ਸੌ ਬਾਰ ਜਲ ਨਾਲ ਧੋਵੇ, ਮੁੜ ਫਿਰ ਸ਼ਿਲ ਪਰ ਰੱਖਕੇ ਇਕ ਧੇਲਾ ਭਰ ਗੁਗਲ ਪਾ ਕੇ ਪੀਹ ਕੇ ਡੱਬੀ ਵਿਚ ਪਾ ਰਖੇ, ਅਰ ਫੇਹੇ ਪਰ ਲਾਕੇ ਜ਼ਖਮਾਂ ਉਤੇ ਲਾਕੇ ਸੇਕ ਦੇਵੇ ਤਾਂ ਸਭ ਤਰਾਂ ਦੇ ਫੋੜ, ਜ਼ਖਮ, ਘਾਉ ਨਾਸ ਕਰੇ ॥ ੨੬੪ ਤੋਂ ੨੬੬ ॥

(ਅਥ ਨ੍ਰਿਘੰਟ) ਬਨੌਖਧੀ ਵਿਰਜਾਨ ਬਰਨਨੰ-ਦੋਹਰਾ

ਹਰੜ ਗੁਣ

ਸਦਨ ਭਈ ਹਰਿਕੇ ਪ੍ਰਗਟ ਹਰਤ ਰੰਗ ਹਰਿ ਰੋਗ ।
ਤਾਂਤੇ ਨਾਮ ਹਰੀਤਕੀ ਕਹਤ ਅਮਰ ਅਹਿ ਲੋਗ ॥੨੬੭॥
ਵਿਜਯ ਅੱਭਯਾ ਅਮ੍ਰਿਤਾ ਜੀਵੰਤੀ ਪੁਨਿ ਜਾਤ ।
ਕਹੀ ਰੋਹਨੀ ਚੇਤਕੀ ਬਹੁਰ ਪੂਤਨਾ ਸਾਤ ॥੨੬੮॥

ਚੌਪਈ

ਜੀਵੰਤੀ ਜੀਵਨ ਕੇ ਯੋਗਾ । ਪ੍ਰਗਟ ਪੂਤਨਾ ਪਾਵਨਿ ਲੋਗਾ ।
ਅਮੀਸਮਾਨ ਅੰਮ੍ਰਿਤਾ ਜਾਨੋ । ਵਿਜਯ ਕਰਨ ਵਿਜਯਾ ਸੁ ਬਖਾਨੋ ॥੨੬੯॥
ਅਭਯਾ ਅਭੈਦਾਨ ਕੀ ਦਾਤਾ । ਰੋਹਿਨ ਪੁਸਟ ਕਰਨ ਗੁਨ ਖਯਾਤਾ ।
ਚੇਤਨਿ ਕਰਨਿ ਚੇਤਕੀ ਭਾਖੀ । ਇਹ ਹੈ ਦਖਯਅਸ੍ਵ ਨੇ ਭਾਖੀ ॥੨੭੦॥
ਜਾਤਰੂਪ ਜੀਵੰਤੀ ਰੰਗੀ । ਭਾਰੀ ਅਸਥ ਪੂਤਨਾ ਅੰਗੀ ।
ਕਹੀ ਅਮ੍ਰਿਤਾ ਅਤਿ ਦਲਵੰਤੀ । ਵਿਜਯਾ †ਤੂੰਬਰਿ ਰੂਪ ਵਿਕਸੰਤੀ ॥੨੭੧॥
ਪਾਂਚ ਰੇਖ ਅਭਯਾ ਕੀ ਨਿਰਖੋ । ਰੋਹਨਿ ਅੰਗ ਰਹਤ ਤੁਮ ਪਰਖੋ !
ਸਿਵ ਦ੍ਰਿਗ ਅਗ ਚੇਤਕੀ ਕਹੀਯੇ । ਤਾਕੇ ਕਰਮ ਸੁ ਆਗੇ ਗਹੀਯੇ ॥੨੭੨॥
ਜੀਵੰਤੀ ਸਭ ਰੁਜ ਕੋ ਹਰਤੀ । ਲੇਪਨਿ ਮਾਹਿ ਪੂਤਨਾ ਪਰਤੀ ।
ਦੇਹੁ ਅਮ੍ਰਿਤਾ ਰੇਚਨ ਯੋਗਾ । ਵਿਜਯਾ ਵਿਦੈ ਕਰਤ ਸਭ ਰੋਗਾ ॥੨੭੩॥
ਆਖਨਿ ਅਭਯਾ ਅਤਿ ਹਿਤਕਾਰੀ ॥ ਕਹੀ ਰੋਹਣੀ ਬਰਣ ਪ੍ਰਹਾਰੀ ।
ਚਤੁਰ ਚੇਤਕੀ ਚੂਰਨ ਪਾਵੇ । ਸਪਤ ਜਾਤ ਕੇ ਗੁਣ ਪ੍ਰਗਟਾਵੇ ॥੨੭੪॥

ਦੋਹਰਾ

ਉਸਨ ਰੂਖ ਬੁਧਿਪ੍ਰਦ ਸਰਾ ਲਘੁ ਆਯੁਖ ਚਖਯੁ ਪ੍ਰਾਯ ।

Digitized by Panjab Digital Library | www.panjabdigilib.org

ਬ੍ਰਿਣ ਕੁਸ਼ਟ ਜੁ ਅਰਸ ਹਰਿ ਸੋਫੋਦਰ ਕ੍ਰਿਤ ਘਾਯ ॥੨੭੫॥
ਮੇਹ ਅਫਾਰਾ ਗ੍ਰਹਣਿ ਵਮਿ ਹਿਕ੍ਾ ਸੁਰ ਕਾ ਭੰਗ।
ਕੰਦੁ ਬ੍ਰਿਣ ਪਲੀਹਾ ਗੁਲਮ ਸੂਲ ਵਿਖਮ ਕੇ ਅੰਗ ॥੨੭੬॥
ਸ੍ਵਾਸ ਕਾਸ ਹਿਯ ਰੋਗ ਕੋ ਪਾਚਨ ਤਾਹ ਅਨਾਹ।
ਗੁਨ ਭਾਖੇ ਏਹ ਹਰੜ ਕੇ ਅਤੀਸਾਰ ਕੋ ਨਾਹ ॥੨੭੭॥

੨੫੦੭. ਹਰੀ ਦਾ ਸਦਨ=ਘਰ, ਭਾਵ ਖੀਰ ਸਮੁੰਦ੍ਰ, ਉਸ ਵਿਚੋਂ ਪੈਦਾ ਹੋਈ, ਇਸ ਤੇ ਹਰਾ ਰੰਗ ਹੈ, ਹਰਨੇ=ਨਾਸ ਕਰਨੇ ਵਾਲੀ ਹੈ ਰੋਗਾਂ ਦੇ, ਤਾਂਤੇ ਇਸਦਾ ਨਾਮ 'ਹਰੀਤਕੀ' ਹੈ, ਦੇਵਤਾ ਅਰ *ਸ਼ੇਸ਼ ਲੋਗ ਆਖਦੇ ਹਨ। ਵਿਜਿਆ, ਅਭਯਾ, ਅੰਮ੍ਰਿਤਾ, ਜੀਵੰਤੀ, ਰੋਹਣੀ, ਚੇਤਕੀ ਤੇ ਪੂਤਨਾ ਇਹ ੭ ਨਾਮ ਹਨ। ਸੋ ਜੀਵੰਤੀ ਹਰੜ ਜੀਵਨ ਯੋਗ ਹੈ, ਕਿਉਂਕਿ ਸੰਪੂਰਣ ਰੋਗ ਨੂੰ ਹਰਨੇ ਵਾਲੀ ਜਾਂਤੇ ਜੀਵਾ-ਵਨੇ ਵਾਲੀ ਹੈ। ਪੂਦਨਾ ਹਰੜ, ਲੋਗ ਵਿਚ ਪਵਿਤ੍ਰ ਕਰਨੇਹਾਰੀ ਹੈ (ਇਹ ਲੇਪ ਕਾਰਜ ਵਿਖੇ ਸਰੇਸ਼ਟ ਹੈ)। ਅੰਮ੍ਰਿਤਾ ਹਰੜ, ਅੰਮ੍ਰਿਤ ਸਮਾਨ ਹੈ) ਇਹ ਰੇਚਨ ਕਾਰਜ ਵਿਚ ਸਰੇਸ਼ਟ ਹੈ)। ਵਿਜਿਆ ਹਰੜ, ਵਿਜਯ=ਜਿਤ ਕਰਨ ਹਾਰੀ ਹੈ। (ਇਹ ਸੰਪੂਰਣ ਰੋਗਾਂ ਨੂੰ ਉੱਤਮ ਹੈ)। ਅਭਯਾ ਹਰੜ, ਰੋਗਾਂ ਤੋਂ ਅਭਯ ਦੇਣ ਹਾਰੀ ਹੈ ਇਹ ਨੇਤ੍ਰ ਰੋਗ ਵਿਖੇ ਸਰੇਸ਼ਟ ਹੈ) ਰੋਹਣੀ ਹਰੜ, ਪੁਸਟ ਕਰਨ ਵਾਸਤੇ ਪ੍ਰਸਿੱਧ ਹੈ। (ਇਹ ਬ੍ਰਿਣ ਘਾਉ ਭਰਨੇ ਵਿੱਚ ਸਰੇਸ਼ਟ ਹੈ)। ਚੇਤਕੀ ਹਰੜ, ਚੇਤਨਤਾ ਕਰਨ ਵਾਸਤੇ ਕਹੀ ਗਈ ਹੈ (ਇਹ ਚੂਰਣ ਵਾਸਤੇ ਸਰੇਸ਼ਟ ਹੈ) ਇਹ ਦਖ ਨੇ ਅਸੁਨੀ ਕੁਮਾਰਾਂ ਨੂੰ ਕਹੀ ਹੈ। ਜੀਵੰਤੀ ਦਾ ਰੰਗ ਸੋਨੇ ਸਮਾਨ ਹੁੰਦਾ ਹੈ। ਭਾਰੀ ਗਿਟਕ ਵਾਲੀ ਪੂਤਨਾ ਹੁੰਦੀ ਹੈ। ਅੰਨ੍ਰਿਤਾ, ਬਹੁਤੇ ਦਲ ਵਾਲੀ ਕਹੀ ਹੈ। ਵਿਜਿਆ †ਹਰੜ, ਤੂੰਬੀ ਦੇ ਰੂਪ ਦੀ ਹੁੰਦੀ ਹੈ। ਅਭਯਾ ਉਤੇ ਪੰਜ ਲਕੀਰਾਂ ਹੁੰਦੀਆਂ ਹਨ। ਰੋਹਣੀ ਹਰੜ ਰੇਖਾਂ ਤੇ ਰਹਿਤ ਹੁੰਦੀ ਹੈ। ਤਿੰਨਾਂ ਲਕੀਰਾਂ ਵਾਲੀ ਚੇਤਕੀ ਹਰੜ ਕਹੀਦੀ ਹੈ। ਇਸਦੇ=ਹਰੜ ਦੇ ਗੁਣ ਅੱਗੇ ਆਖਦੇ ਹਾਂ, ਸੁਣੋਂ! ਜੀਵੰਤੀ ਸਭ ਤਰ੍ਹਾਂ ਦੇ ਰੋਗਾਂ ਨੂੰ ਹਰਣ ਹਾਰੀ ਹੈ। ਲੇਪਾਂ ਵਿੱਚ ਪੂਤਨਾ ਹਰੜ ਪਾਈ ਜਾਂਦੀ ਹੈ। ਦਸਤਾਂ ਵਿਖੇ ਅੰਮ੍ਰਿਤਾਂ ਹਰੜ ਪੈਂਦੇ ਹਨ। ਵਿਜਿਆ ਸਭ ਰੋਗਾਂ ਦੇ ਹਰਣ ਹਾਰੀ ਹੈ। ਅੱਖੀਆਂ ਦੇ ਹਿਤ ਕਰਨ ਵਾਲੀ ਅਭਯਾ ਹੈ। ਰੋਹਣੀ ਬਿਨਾਂ ਦਾ ਨਾਸ ਕਰਨ ਵਾਲੀ ਹੈ। ਚਤੁਰਵੇਦ ਚੇਤਕੀ ਨੂੰ ਚੂਰਣਾਂ ਵਿਚ ਪੈਂਦੇ ਹਨ, ਇਹ ਸੱਤ ਪ੍ਰਕਾਰ ਦੀ ਹਰੜ ਦੇ ਗੁਣ ਪ੍ਰਗਟ ਕੀਤੇ ਹਨ। ਗਰਮ ਹੈ, ਰੁੱਖੀ ਹੈ, ਬੁੱਧੀ ਵਧੌਨ ਵਾਲੀ, ਦਸਤਾਵਰ, ਹਲਕੀ, ਆਯੂ ਵਧਾਣੇ ਵਾਲੀ, ਨੇਤ੍ਰਾਂ ਵਾਸਤੇ ਗੁਣਕਾਰ, ਸਰੀਰ ਦੇ ਤੱਤਾਂ ਨੂੰ ਬਰਾਬਰ ਕਰਨ ਹਾਰੀ, ਕੋੜ੍ਹ, ਬਵਾਸੀਰ, ਸੋਫੋਦਰ, ਕ੍ਰਿਮਾਂ ਨੂੰ ਪ੍ਰਮੇਹ, ਅਫਾਰਾ, ਸੰਗ੍ਰ-ਹਿਣੀ, ਕੇ, ਹਿਡਕੀ, ਸੁਰਭੰਗ. ਖੁਰਕ, ਫੋੜੇ, ਲਿੱਫ, ਗੋਲਾ, ਸੂਲ, ਅੰਗਾਂ ਦੀ ਵਿਖਮਤਾਈ, ਦਮਾ, ਕਾਸ, ਹ੍ਰਿਦਯ ਰੋਗ, ਪਾਚਨ ਕਰਨ ਹਾਰੀ, ਅਫਾਰਾ ਅਤੇ ਅਤੀਸਾਰ ਇਨ੍ਹਾਂ ਸਭਨਾਂ ਰੋਗਾਂ ਨੂੰ ਹਰੜ ਨਾਸ ਕਰਨਹਾਰੀ ਹੈ। ਇਸਦਾ ‡ਮੁਰੱਬਾ ਬੀ ਪਾਯਾ ਜਾਂਦਾ ਹੈ ॥ ੨੬੭ ਤੋਂ ੨੭੭ ॥

---

*ਪਾਠ 'ਅਹਿ' ਸ਼ੇਸ਼ਨਾਗ' 'ਅਰ' ਹੋਵੇ ਤਾਂ ਏਹ ਲੋਹਾ ਅਰਥ ਜਾਨਣਾ।

†ਪਾਠਾਂਤ੍ਰ 'ਤੁੰਬਰਿ' ਦੇ ਥਾਂ 'ਤੁਥ' ਪਾਠ ਹੈ, ਸੋ ਨੀਲੇ ਥੋਥੇ ਦੇ ਰੂਪ ਵਾਲੀ ਅਰਥ ਹੈ।

‡ਸੋ ਵਿਧੀ, ਹਰੜ ੧੦੦ ਤਕ ਗਿਣਕੇ ਲਵੇ, ਪਾਣੀ ਪੀਲੇ ਉਬਾਲੋ, ਜਦ ਨਰਮ ਹੋ ਜਾਵੇ, ਉਤਾਰ ਕੇ ਸੂਈ ਮਾਰਕੇ ਪੱਛੇ, ਖੁਸ਼ਕ ਕਰਕੇਂ ਦੂਣਾ ਸ਼ਹਿਤ ਪਾਕੇ ਦੂਸਰੀ ਵਾਰ ਫਿਰ ਜੋਸ਼ ਦੇਵੇ, ਜਦ ਪੱਕ ਜਾਵੇ ਤਾਂ ਤਜਮੱਕ, ਲੌਂਗ, ਸੁੰਢ, ਲਾਚੀਦਾਣਾ ਤੇ ਰੂਮੀ ਮਸਤਕੀ ਦੋ ਦੋ ਤੋਲੇ ਪਾਕੇ ਰੱਖ ਛੱਡੇ, ੮੦ ਦਿਨ ਤੋਂ ਬਾਦ ਸੇਵਨ ਕਰੇ।

Digitized by Panjab Digital Library | www.panjabdigilib.org

ਬ੍ਰਿਤਾਂਤ

ਹਰੜ ਦੇ ਬ੍ਰਿਛ ਬੜੇ ਬੜੇ ਹੁੰਦੇ ਹਨ। ਇਸਦੀ ਲੱਕੜੀ ਬਹੁਤ ਪੱਕੀ ਹੁੰਦੀ ਹੈ। ਇਸਦੇ ਪੱਤੇ ਬਾਂਸੇ ਵਾਂਗ ਦੋ ਦੋ ਪੱਤੇ ਇਧਰ ਉਧਰ ਲਗਦੇ ਹਨ। ਕੁਛ ਲਾਲੀ ਸਮੇਤ ਹਰੇ ਹਰੇ ਹੁੰਦੇ ਹਨ। ਫੁੱਲ ਬਹੁਤ ਛੋਟੇ ਪੀਲੇ ਰੰਗ ਦੇ ਹੁੰਦੇ ਹਨ, ਇਸਦੇ ਹਰੇ ਫਲ ਬਿਹਾਰੀ ਨਿੰਬੂਆਂ ਵਾਂਗ ਦੋਨੋਂ ਤਰਫ ਲੰਮੇ ਨੋਕਦਾਰ ਅਰ ਵਿਚੋਂ ਗੋਲ ਹੁੰਦੇ ਹਨ। ਜਦ ਸੁਕ ਜਾਣ ਤਾਂ ਖੁਰਦਲੇ ਜੇਹੇ ਉਪਰੋਂ ਜਾਪਦੇ ਹਨ। ਇਸੇ ਤਰ੍ਹਾਂ ਪੰਜ ਰੇਖਾਂ ਉਪਰੋਂ ਪ੍ਰਤੀਤ ਦਿੰਦੀਆਂ ਹਨ। ਹਰੜ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇਹ ਅੱਧੀ ਇੰਚੀ ਤੋਂ ਲੈਕੇ ੫ ਇੰਚੀ ਤਕ ਲੰਮੀ ਅਰ ੬ ਮਾਸੇ ਤੋਂ ਲੈਕੇ ੫ ਤੋਲੇ ਤਕ ਤੋਲ ਵਿੱਚ ਹਰੜ ਹੁੰਦੀ ਹੈ. ਪਰੰਤੂ ੫ ਤੋਲੇ ਦੀ ਹਰੜ ਘੱਟ ਪ੍ਰਾਪਤ ਹੁੰਦੀ ਹੈ, ਦੇਸਾਂਤਰਾਂ ਤੋਂ ਔਂਦੀ ਹੈ। ਮਾਤ੍ਰਾ ੪ ਰਤੀ ਤੋਂ ਲੈਕੇ ੬ ਮਾਸੇ ਤਕ ਹੈ।

ਬਹੇੜਾ ਗੁਣ—ਦੋਹਰਾ

ਕੇਸ ਰੂਖ ਸ੍ਵਰਕਾਰ ਹਿਮ ਉਸਨ ਵੀਰਯ ਦ੍ਰਿਗ ਜਾਨ।
ਕਾਸ ਪਿੱਤ ਕਫ ਹਰਿ ਸਦਾ ਸ੍ਵਾਦ ਪਾਕ ਅਖਿਠਾਨ ॥੨੭੮॥

੨੫੦੮. ਕੇਸਾਂ ਨੂੰ ਉੱਤਮ ਕਰਨਹਾਰਾ, ਰੁੱਖਾ, ਸੁਰਹੀਨਤਾ ਨੂੰ ਨਾਸ ਕਰਨਹਾਰਾ, ਸਪਰਸ ਵਿਚ ਠੰਢਾ, ਵੀਰਯ ਵਿਖੇ ਗਰਮ, ਨੇਤ੍ਰਾਂ ਨੂੰ ਹਿਤਕਾਰੀ ਜਾਣ ਲਵੋ। ਖੰਘ, ਪਿੱਤ, ਕਫ ਇਨ੍ਹਾਂ ਨੂੰ ਹਰਨੇ ਵਾਲਾ ਬਹੇੜਾ ਸ੍ਵਾਦ ਪਾਕ ਕਹੀਏ ਮਿਠੇ ਪਾਕ ਵਾਲਾ ਹੈ। ਅਮਲ ਸ੍ਵਾਦ ਤੇ ਵਾਯੂ ਹਰਨੇਹਾਰਾ ਹੈ, ਮਿੱਠੇ ਸ੍ਵਾਦ ਤੇ ਪਿੱਤ ਹਰਨੇਹਾਰਾ ਹੈ। ਰੂਖ ਅਤੇ ਕਸੈਲੇ ਸ੍ਵਾਦ ਤੇ ਕਫ ਦਾ ਨਾਸ਼ਕ ਹੈ, ਇਸਤ੍ਰਾਂ ਬਹੇੜਾ ਤਿੰਨਾਂ ਦੋਖਾਂ ਦੇ ਜਿੱਤਣ ਵਾਲਾ ਹੈ॥੨੭੮॥

ਬ੍ਰਿਤਾਂਤ

ਬਹੇੜੇ ਦੇ ਬ੍ਰਿਛ ਸਾਖੀ ਜਾਤੀ ਦੇ ਕਹੌਂਦੇ ਹਨ। ਬਹੁਤ ਉੱਚੇ ਬਹੁਤ ਉੱਚੀ ਧਰਤੀ ਪਰ ਹੁੰਦੇ ਹਨ। ਪੱਤੇ ਮਹੂਏ ਦੇ ਪੱਤਿਆਂ ਸਮਾਨ ਹੁੰਦੇ ਹਨ। ਫਲ ਬਹੁਤ ਛੋਟੇ ਛੋਟੇ ਗੁੱਛੇ ਜੇਹੇ ਲਟਕਦੇ ਹਨ। ਫਲ ਛੋਟੇ ਕਾਗਜ਼ੀ ਨਿੰਬੂ ਸਮਾਨ ਗੋਲ ਹੁੰਦੇ ਹਨ। ਬਸੰਤ ਰੁਤ ਵਿਚ ਫਲਦਾ ਹੈ। ਬਹੁਤ ਕਰਕੇ ਇਹ ਬ੍ਰਿਛ ਪਰਬਤਾਂ ਪਰ ਹੀ ਹੁੰਦੇ ਹਨ। ਵੈਦਜਕ ਵਾਲੇ ਤਾਂ ਬਹੁਤਾ ਬਰਤਾਵ ਵਿੱਚ ਲਿਆਉਂਦੇ ਹੀ ਹਨ, ਪਰੰਤੂ ਤੰਤ੍ਰ ਸ਼ਾਸਤ੍ਰ ਵਾਲਿਆਂ ਦੇ ਵਰਤਾਵ ਵਿਚ ਵੀ ਘੱਟ ਨਹੀਂ ਆਉਂਦਾ, ਮਥੁਰਾ ਅਰ ਕਾਂਸ਼ੀ ਦੇ ਰਸਤੇ ਤੇ ਅੰਮ੍ਰਿਤਸਰ ਦੇ ਰਾਮ ਬਾਗ ਵਿੱਚ ਵੀ ਇਸਦੇ ਬ੍ਰਿਛ ਬਹੁਤ ਦੇਖੇ ਜਾਂਦੇ ਹਨ। ਬਹੇੜਾ ਤੋਲ ਵਿਚ ੧ ਤੋਲੇ ਤਕ ਹੁੰਦਾ ਹੈ। ਤ੍ਰਿਫਲੇ ਵਿੱਚ ਵੀ ਇਹ ਪੈਂਦਾ ਹੈ, ਮਾਤ੍ਰਾ ੩ ਮਾਸੇ ਦੀ ਹੈ।

ਆਵਲੇ ਦੇ ਗੁਣ—ਦੋਹਰਾ

ਰਕਤ ਪਿੱਤ ਅਰ ਮੇਹ ਹਰਿ ਤ੍ਰਿਸਨਾ ਹਰਿ ਕੱਚ ਸਗ਼ਾਮ।
ਵ੍ਰਿਖਜ ਰਸਾਯਨ ਜਾਨਿਯੈ ਹਰੜ ਸਮਹਿ ਇਸ ਕਾਮ ॥੨੭੯॥
ਅਮਲ ਸ੍ਵਾਦ ਤੇ ਪਵਨ ਹਰਿ ਮਧੁਰ ਸ੍ਵਾਦ ਤੇ ਪਿੱਤ।
ਰੂਖ ਕਖਾਯੈ ਕਫ ਹਰਤ ਤੀਨ ਦੋਖ ਜਿਤ ਮਿੱਤ ॥੨੮੦॥

Digitized by Panjab Digital Library | www.panjabdigilib.org

੨੫੦੯–ਰਕਤ ਪਿੱਤ ਦਾ ਨਾਸਕ, ਪ੍ਰਮੇਹ ਦਾ ਹਰਨਹਾਰਾ, ਪਜਾਸ ਬੁਝਾਉਣ ਵਾਲਾ ਕੇਸ਼ਾਂ ਨੂੰ ਕਾਲੇ ਕਰਨਹਾਰਾ। ਬੀਰਜ ਬਰਧਕ, *ਰਾਸਾਯਣ ਰੂਪ, ਹੋਰ ਹਰੜ ਸਮਾਨ ਗੁਣਾਂ ਵਾਲਾ ਹੈ। ਆਵਲਾ, ਅਮਲ ਸਵਾਦ ਹੋਣ ਤੇ ਵਾਯੂ ਹਰਨ ਹਾਰਾ ਹੈ, ਮਿੱਠਾ ਸਵਾਦ ਹੋਣ ਤੇ ਪਿੱਤ ਨਾਸ਼ਕ ਹੈ। ਰੁਖਾਂ ਅਰ ਕਸੈਲਾ ਹੋਣ ਤੇ ਕਫ ਦਾ ਨਾਸਕ ਹੈ, ਇਸ ਭਰਾਂ ਤ੍ਰਿਦੋਖ ਨਾਸ਼ ਕਰਨ ਹਾਰਾ ਹੈ॥ ੨੭੯॥ ੨੮੦॥

(ਬ੍ਰਿਤਾਂਤ)

ਆਵਲਾ ਸ਼ਾਖੀ ਜਾਤੀ ਦਾ ਇੱਕ ਰੁਖ ਹੈ, ਜੰਗਲ ਅਰ ਬਾਗਾਂ ਵਿੱਚ ਬਹੁਤ ਮਿਲਦਾ ਹੈ। ਪਰੰਤੂ ਜੰਗਲੀ ਆਵਲਾ ਛੋਟਾ, ਦੇਸੀ ਆਵਲਾ ਬਹੁਤ ਵੱਡਾ ਅਤੇ ਗੁਣ ਵਾਲਾ ਹੁੰਦਾ ਹੈ। ਇਹ ਸਰਦ ਰੁਤ ਵਿੱਚ ਵਧੇਰੇ ਫਲਦਾ ਹੈ, ਇਸਦੇ ਪੱਤੇ ਛੋਟੇ ਛੋਟੇ ਇਮਲੀ ਦੇ ਪੱਤਿਆਂ ਵਾਂਗ ਹੁੰਦੇ ਹਨ। ਡਾਲੀਆਂ ਪਰ ਛੋਟੇ ਛੋਟੇ ਸਰ੍ਹੋਂ ਦੇ ਦਾਣਿਆਂ ਸਮਾਨ ਪੀਲੇ ਪੀਲੇ ਫੁੱਲ ਲੱਗਦੇ ਹਨ। ਮਾਘ, ਫੱਗਣ ਵਿੱਚ ਆਵਲੇ ਆ ਜਾਂਦੇ ਹਨ। ਦੇਖਣੇ ਵਿੱਚ ਗੋਲ ਗੋਲ ਕੁਛ ਹਰੇ ਪੀਲੇ ਜਾਪਦੇ ਹਨ। ਕਾਸ਼ੀ ਰਾਮ ਨਗਰ ਦੇ ਆਵਲੇ ਦੇਸ਼ ਦੇਸ਼ਾਂਤ੍ਰ ਵਿੱਚ ਪ੍ਰਸਿੱਧ ਹਨ। ਕਾਸ਼ੀ–ਬਨਾਰਸ ਦੇ ਆਵਲੇ ਬਰਾਬਰ ਹੋਰ ਕਿਤੇ ਇਤਨੇ ਵੱਡੇ ਆਵਲੇ ਦ੍ਰਿਸ਼ਟੀ ਨਹੀਂ ਆਉਂਦੇ, ਇਸ ਪਰ ੬ ਰੇਖਾਂ ਹਦਵਾਣੇ ਵਾਂਗ ਹੁੰਦੀਆਂ ਹਨ। ਇਸ ਦੇ ਅੰਦਰ ੬ ਕੋਣ ਵਾਲੀ ਬਹੁਤ ਕਰੜੀ ਗਿਟਕ ਹੁੰਦੀ ਹੈ। ਇਸ ਦਾ †ਮੁਰੱਬਾ ਅਚਾਰ ਬਣਦਾ ਹੈ। ਇਹ ਤ੍ਰਿਫਲੇ ਵਿੱਚ ਪਾਇਆ ਜਾਂਦਾ ਹੈ। ਕੋਈ ਕੋਈ ਆਵਲਾ ਤੋਲ ਵਿੱਚ ੩ ਤੋਲੇ ਤੱਕ ਦਾ ਹੁੰਦਾ ਹੈ। ਮਾਤ੍ਰਾ ਇਸ ਦੀ ੪ ਮਾਸੇ ਤੋਂ ੬ ਮਾਸੇ ਤੱਕ ਦੀ ਹੈ।

ਤ੍ਰਿਫਲਾ ਗੁਣ–ਦੋਹਰਾ

ਵਾਤ ਪਿੱਤ ਕਫ ਕੋ ਹਰਤ ਖਈ ਕੁਸ਼ਟ ਵਮਿ ਮੇਹ।
ਦ੍ਰਾਵਕ ਸ੍ਵਾਸਹਿ ਰਕਤ ਗੁਦ ਤ੍ਰਿਫਲਾ ਕਹਯੋ ਸੁ ਏਹ ॥੨੮੧॥

੨੫੧੦. ਤ੍ਰਿਫਲਾ ਵਾਯੂ, ਪਿੱਤ, ਕਫ ਨੂੰ ਹਰਨਹਾਰਾ ਅਰ ਖਈ, ਕੁਸਟ ਕੈ, ਪ੍ਰਮੇਹ ਦਾ ਨਾਸਕ ਹੈ। ਦਸਤਾਵਰ ਹੈ, ਦਮਾ, ਰਕਤ, ਗੁਦਾ ਰਸਤੇ ਆਵੇ ਤਾਂ ਬੰਦ ਕਰਨਹਾਰਾ ਇਹ ਤ੍ਰਿਫਲੇ ਦਾ ਗੁਣ ਕਿਹਾ ਹੈ॥ ੨੮੧॥

(ਬ੍ਰਿਤਾਂਤ)

ਹਰੜ, ਬਹੇੜਾ ਤੇ ਆਵਲੇ, ਇਨ੍ਹਾਂ ਤਿੰਨਾਂ ਦੇ ਫਲਾਂ ਨੂੰ ਸਮਾਨ ਭਾਗ ਲੈਕੇ ਇਕੱਠੇ ਕਰਨਾ ਇਸਨੂੰ ਤ੍ਰਿਫਲਾ ਆਖਦੇ ਹਨ।

ਗਿਲੋਯ ਗੁਣ–ਦੋਹਰਾ

ਉਸਨ ਭੂਖ ਕਰਿ ਵਮਿ ਹਰਣ ਜ੍ਵਰ ਪਿਤ ਕਾਮਲਵਾਇ।

---

*ਰਸਾਇਣ—ਜੋ ਬ੍ਰਿਧ ਅਵਸਥਾ ਤਥਾ ਤਾਪ ਆਦਿ ਹੈ ਨਾਸ ਕਰਕੇ ਧਾਤੂਆਂ ਨੂੰ ਪਸ਼ਟ ਕਰੇ, ਉਸਨੂੰ ਰਸਾਇਣ ਆਖਦੇ ਹਨ, ਇਹ ੭੦ ਸਾਲ ਤੋਂ ਉਪਰੰਤ ਬੀ ਬਲ ਕਰੇ, ਐਸਾ ਜਾਣੇ।

†ਆਵਲਾ ਬਨਾਰਸੀ ਲੈਕੇ ੧੦੦ ਗਿਣਕੇ ਉਬਾਲੇ, ਨਰਮ ਹੋ ਜਾਵੇ ਤਾਂ ਉਤਾਰਕੇ ਪੱਛਕੇ ਖੁਸ਼ਕ ਕਰੇ, ਫਿਰ ਸ਼ਹਿਤ ਪਾਕੇ ਮੁੜ ਪਕਾਵੇ। ਫਿਰ ਤ੍ਰਿਵੀ ਚਿੱਟੀ ੪ ਤੋਲੇ ਬਰੀਕ ਕਰਕੇ ਉਸਨੂੰ ਬਦਾਮ ਰੋਗਨ ਨਾਲ ਤਰ ਕਰਕੇ ਵਿੱਚ ਪਾਕੇ ਅਮਰ ਬਾਤ ਵਿੱਚ ਭਰ ਰੱਖੇ, ਲੋੜ ਵੇਲੇ ਵਰਤੇ।

Digitized by Panjab Digital Library | www.panjabdigilib.org

ਵਾਤ ਰਕਤ ਕੁਸ਼ਟ ਮੇਹ ਹਰਿ ਕਰਤ ਗਿਲੋਇ ਗੁਣ ਯਾਇ ॥੨੯੨॥

੨੫੧੧. ਗਰਮ ਹੈ, ਭੁੱਖ ਵਧਾਉਣ ਵਾਲੀ, ਕੈ ਨਾਸ਼ਕ, ਤਾਪ, ਪਿੱਤ, ਕਾਮਲਾ ਰੋਗ, ਵਾਯੂ, ਬਾਤ ਰਕਤ, ਕੁਸ਼ਟ ਤੇ ਪ੍ਰਮੇਹ ਹਰਨਹਾਰੀ ਗਿਲੋਯ ਕਹੀ ਜਾਂਦੀ ਹੈ ॥ ੨੯੨ ॥

ਬ੍ਰਿਤਾਂਤ

ਗਿਲੋਯ ਦੀ ਵੇਲ ਬ੍ਰਿਛਾਂ ਉੱਤੇ ਚੜੀ ਹੋਈ ਹੁੰਦੀ ਹੈ। ਪੱਤੇ ਪਾਨ ਜੇਹੇ, ਜਿਸ ਪਰ ਵੈਸਾਖ, ਜੇਠ ਵਿਚ ਮੋਰ ਆਉਂਦਾ ਹੈ। ਗਿਲੋਯ ਦੀਆਂ ਦੋ ਜਾਤੀਆਂ ਹਨ, ਇਕ ਗਿਲੋਯ ਨੂੰ ਫਲ ਨਹੀਂ ਲਗਦੇ। ਦੂਸਰੀ ਗਿਲੋਯ ਹੈ ਮਕਈ ਦੇ ਦਾਣਿਆਂ ਜੇਡੇ ਨੀਲੇ ਰੰਗ ਦੇ ਗੁੱਛੇ ਲਗਦੇ ਹਨ। ਪੱਕਣ ਪਰ ਲਾਲ ਲਾਲ ਪੈ ਜਾਂਦੇ ਹਨ। ਇਸੀ ਗਿਲੋਯ ਦਾ *ਸਤ ਨਿਕਲਦਾ ਹੈ, ਓਹ ਸਤ ਵੈਦਾਂ ਦੇ ਕੰਮ ਆਉਂਦਾ ਹੈ, ਗਿਲੋਯ ਦੀ ਲਕੜੀ ਅਰ ਰਸ ਸੇਵਨ ਵਿੱਚ ਔਂਦੇ ਹਨ ॥੨੯੨॥

ਬਾਂਸਾ ਗੁਣ—ਦੋਹਰਾ

ਕ੍ਰਿਮ ਜਿਤ ਖਯ ਵਮਿ ਕਾਸ ਜਿਤ ਮੇਹ ਕੋਢ ਜ੍ਵਰ ਸ੍ਵਾਸ।
ਵਾਤਲ ਸੁਰ ਕਰ ਰਕਤ ਹਰਿ ਬਾਂਸਾ ਏ ਗੁਨ ਭਾਸ ॥੨੯੩॥

੨੫੧੨. ਕ੍ਰਿਮ ਜਿੱਤਣੇ ਹਾਰਾ, ਖਯ ਕੈ, ਖਾਂਸੀ ਪ੍ਰਮੇਹ, ਕੋੜ੍ਹ, ਤਾਪ, ਤੇ ਦਮਾਂ ਇਨ੍ਹਾਂ ਨੂੰ ਜਿੱਤਣੇ ਹਾਰਾ, ਵਾਯੂ ਕਰਨ ਵਾਲਾ, ਸੁਰ ਵਧਾਣੇ ਵਾਲਾ, ਅਤੇ ਰਕਤ ਵਿਕਾਰ ਦਾ ਨਾਸ ਕਰਨ ਹਾਰਾ ਬਾਂਸ ਕਿਹਾ ਜਾਂਦਾ ਹੈ ॥ ੨੯੩ ॥

ਬ੍ਰਿਤਾਂਤ

ਬਾਂਸੇ ਦੇ ਬ੍ਰਿਛ ਅਰਥਾਤ ਝਾੜ ਜੰਗਲ ਅਰ ਬਣ ਵਿੱਚ ਹੁੰਦੇ ਹਨ। ਉਚਾਈ ੪ ਯਾ ੫ ਫੁੱਟ ਤਕ ਹੁੰਦੀ ਹੈ। ਫੁੱਲ ਚਿੱਟੇ, ਲਾਲ ਅਤੇ ਪੀਲੇ ਰੰਗ ਦੇ ਲੱਗਦੇ ਹਨ, ਪੱਤੇ ਗੋਂਦਣੀ ਬ੍ਰਿਛ ਜੇਹੇ ਹੁੰਦੇ ਹਨ, ਲਾਲ ਫੁੱਲ ਵਾਲਾ ਸਰੇਸ਼ਟ ਹੈ। ਇਸਦੇ ਫੁੱਲਾਂ ਵਿਚੋਂ ਸ਼ਹਿਤ ਨਿਕਲਦਾ ਹੈ। ਕਾਲੇ ਬਾਂਸੇ ਨੂੰ ਕੰਢੇ ਹੁੰਦੇ ਹਨ, ਪ੍ਰਯੋਗ ਵਿਚ ਪਤ੍ਰ, ਫੁੱਲ ਤੇ ਜੜ੍ਹ ਦੀ ਛਿੱਲ ਲਈ ਜਾਂਦੀ ਹੈ।

ਬਿੱਲ ਗੁਣ--ਸੋਰਠਾ

ਦੀਪਨ ਪਾਚਨ ਗ੍ਰਾਹ, ਉਸਨ ਕਟਕ ਕਖਾਯ ਲਘੁ।
ਕਫ ਵਾਦੀ ਗੁਨਯਾਹਿ, ਸਨਿਗਧ ਤਿਕਤ ਹ੍ਰਿਦਿ ਬਲ ਕਰਤ ॥੨੯੪॥
ਬਿੱਲਗਿਰ ਗ੍ਰਾਹੀ ਜਾਨ, ਸੂਲ ਆਮ ਅਤੀਸਾਰ ਹਰਿ।
ਲਘੁ ਅਤਿ ਗੁਣ ਲਘੁ ਠਾਨਿ, ਬਿੱਲ ਤਨ ਏ ਗੁਨ ਭਨੇ ॥੨੯੫॥

੨੫੧੩. ਬਿੱਲ ਬ੍ਰਿਛਦਾ ਛਿੱਲ ਅਗਨੀ ਨੂੰ ਤੇਜ ਕਰਨਹਾਰਾ, ਪਾਚਨ ਕਰਨ ਵਾਲਾ, ਕਬਜ਼ ਕਰਨ

---

*ਡਾਲੀ ਪਤਿਆਂ ਸਮੇਤ ਗਿਲੋਯ ਕੁਟਕੇ ਪਾਣੀ ਵਿੱਚ ਭਿਉਂ ਛੱਡੇ, ਦਿਨੇ ਹੋਰ ਪਾਣੀ ਪਾਵੇ ਨਿਤਾਰ ਨਿਤਾਰ, ਹੇਠੋਂ ਸੁਫੇਦ ਰੰਗ ਦਾ ਸਤ ਇਉਂ ਕੱਢ ਰੱਖੇ।

Digitized by Panjab Digital Library | www.panjabdigilib.org

ਹਾਰਾ, ਗਰਮ, ਕੌੜਾ, ਕਸੈਲਾ. ਹਲਕਾ,ਕਫ, ਬਾਦੀ ਨੂੰ ਗੁਣਕਾਰ ਇਸਦਾ ਗੁਣ ਹੈ, ਸਨਿਗਧ (ਚਕ੍ਰਿਣਾ), ਤਿਕਤ ਹਿਰਦੇ ਨੂੰ ਬਲ ਕਰਨ ਹਾਰਾ, ਗਰਮ, ਇਸਦੀ ਗਿਰੀ ਜਿਸ ਨੂੰ ਬਿੱਲ ਕੱਥ ਆਖਦੇ ਹਨ, ਕਬਜ ਕਰਨ ਹਾਰੀ, ਸੂਲ ਨੂੰ, ਆਮ ਨੂੰ ਤੇ ਅਤੀਸਾਰਾਂ ਨੂੰ ਹਟਾਉਣ ਵਾਲੀ ਹੈ, ਅਤਿਅੰਤ ਛੋਟੇ ਦੇ ਗੁਣ ਵੀ ਥੋੜੇ ਹਨ, ਇਹ ਸਭ ਗੁਣ ਬਿੱਲਦੇ ਕਹੇ ਹਨ ।

ਬ੍ਰਿਤਾਂਤ

ਬਿੱਲ ਦਾ ਬ੍ਰਿਛ ਬੜਾ ਹੁੰਦਾ ਹੈ, ਡਾਲੀਆਂ ਵਿਚ ਕੰਢੇ ਹੁੰਦੇ ਹਨ। ਪੱਤੇ ਡਾਲੀਆਂ ਨਾਲ ਬਹੁਤ ਹੁੰਦੇ ਹਨ। ਇੱਕ ਡੰਡਲ ਵਿਚ ਤਿੰਨ ਤਿੰਨ ਤ੍ਰਿਸੂਲ ਅਕਾਰ ਦੇ ਪੱਤੇ ਹੁੰਦੇ ਹਨ। ਫੁੱਲ ਚਿੱਟੇ ਸੁਗੰਧੀਦਾਰ, ਛੋਟੇ ਹੁੰਦੇ ਹਨ। ਫਲ ਗੋਲ ਮੋਲ ਪੱਕੇ ਛਿਲਕੇ ਵਾਲੇ, ਤੋਲ ਵਿੱਚ ਅਧ ਪਾਉ ਤੋਂ ਲੈਕੇ ਢਾਈ ਸੇਰ ਤਕ ਦੇ ਹੁੰਦੇ ਹਨ। ਖਾਣ ਵਿਚ ਸਵਾਦ, ਬੀਜ ਛੋਟੇ ਛੋਟੇ ਹੁੰਦੇ ਹਨ। ਗੂੰਦ ਵਾਂਗ ਇੱਕ ਲੇਸਲੀ ਚੀਜ ਗੁਦੇ ਵਿਚ ਮਿਲੀ ਹੋਈ ਹੁੰਦੀ ਹੈ। ਗ੍ਰੀਖਮ ਰੁਤ ਦੇ ਸ਼ੁਰੂ ਤੋਂ ਪੁਰਾਣੇ ਪੱਤੇ ਗਿਰਕੇ ਨਵੇ ਲਾਲ ਪੱਤੇ ਨਿਕਲਣੇ ਲਗਦੇ ਹਨ, ਜੋੜ੍ਹੇ ਫਿਰ ਹਰੇ ਹੋ ਜਾਂਦੇ ਹਨ। ਇਸਦੀ ਲਕੜੀ ਪਵਿਤ੍ਰ ਮੰਨੀ ਜਾਂਦੀ ਹੈ। ਇਸਦੀ ਜੜ੍ਹ ਦੀ ਛਿੱਲ ਦਸ ਮੂਲ ਦੀ ਇਕ ਚੀਜ਼ ਹੈ। ਇਸਦੀ ਜੜ੍ਹ ਦੀ ਛਿੱਲ ਤੇ ਕੱਚੇ ਫਲ ਦਾ ਗੁੱਦਾ ਔਸਧੀ ਵਿੱਚ ਪਾਇਆ ਜਾਂਦਾ ਹੈ. ਬਿੱਲ ਦੇ ਬ੍ਰਿਛ ਹਿੰਦ ਦੇ ਪ੍ਰਤਿ ਏਕ ਪ੍ਰਾਂਤ ਵਿਚ ਪਾਦੇ ਜਾਂਦੇ ਹਨ ॥੨੯੪॥੨੯੫॥

ਦੋਨੋਂ ਕੰਡਿਆਰੀ ਗੁਣ—ਸ਼ੰਕਰਛੰਦ

ਏ ਉਸਨ ਰੂਖੀ ਕਟੁਕ ਤਿਕਤਾ ਲਘੁ ਜੁ ਪਾਚਨ ਜਾਨ।
ਦੀਪਨੰ ਅਰੁਚੰ ਚੁ ਕਾਸਹਿ ਸ੍ਵਾਸ ਤਾਪ ਸੁਭਾਨ।
ਮੂਤ੍ਰ ਕ੍ਰਿੱਛ੍ਰ ਜੁ ਕਫੈ ਪਥਰੀ ਪੀਨਸੰ ਕ੍ਰਿਮ ਮੇਹ।
ਬਾਤ ਕੰਡੂ ਕਾਸ ਰੁਗ ਹਰ ਦ੍ਵੈ ਬ੍ਰਿਹਤਿ ਗੁਣ ਏਹ॥ ੨੯੬॥

੨੫੧੪—੧੫. ਕੰਡਜਾਰੀ ਗਰਮ, ਰੂਖੀ, ਕੌੜੀ, ਤਿਕਤ, ਹਲਕੀ, ਪਾਚਨ, ਅਗਨੀ ਤੇਜ ਕਰਨ ਹਾਰੀ, ਅਰੁਚੀ. ਖੰਘ, ਦਮਾਂ, ਤਾਪ, ਮੂਤ੍ਰਕ੍ਰਿਛ, ਪਥਰੀ, ਕ੍ਰਿਮਿ, ਪ੍ਰਮੇਹ, ਵਾਯੂ, ਖੁਰਕ, ਹਮੇਸ਼ਾਂ ਦੀ ਖਾਂਸੀ ਦਾ ਰੋਗ ਇਨ੍ਹਾਂ ਸਭਨਾਂ ਨੂੰ ਨਾਸ ਕਰਨ ਹਾਰੀ ਦੋਨੋਂ ਤਰਾਂ ਦੀ ਕੰਡਜਾਰੀ ਹੈ॥ ੨੯੬॥

ਬ੍ਰਿਤਾਂਤ

ਕੰਡਿਆਰੀ ਦਾ ਛੋਟਾ ਝਾੜ ਜੰਗਲ ਵਿਚ ਹੁੰਦਾ ਹੈ। ਵਡੀ ਨੂੰ ਕੰਢੇ ਬਹੁਤ ਘੱਟ ਹੁੰਦੇ ਹਨ। ਇਸਦੇ ਪੱਤੇ ਵੇਂਙਣ ਵਾਂਗ ਹੁੰਦੇ ਹਨ। ਫਲ ਗੋਲ ਮੋਲ ਵਡੇ ਆਂਵਲੇ ਸਮਾਨ. ਚਿਤਲੇ ਤੇ ਪੀਲੇ ਹੁੰਦੇ ਹਨ। ਛੋਟੇ ਕੰਡਜਾਰੀ ਦੇ ਝਾੜ ਪ੍ਰਿਥੀ ਪਰ ਫੈਲੇ ਹੋਏ ਹੁੰਦੇ ਹਨ। ਪਤਿਆਂ ਤੇ ਸ਼ਾਖਾਂ ਵਿੱਚ ਬਹੁਤ ਕੰਢੇ ਹੁੰਦੇ ਹਨ। ਫੁਲ ਵੈਂਗਨੀ ਰੰਗ ਦੇ, ਫਲ ਛੋਟੇ ਤੇ ਕੱਚੇ ਗੁਲਰ ਦੇ ਫਲਾਂ ਸਮਾਨ ਹਰੇਅਰ ਚਿੱਟੇ ਚਿਤਲੇ, ਫਿਰ ਪੱਕ ਜਾਣ ਤਾਂ ਪੀਲੇ ਪੈ ਜਾਂਦੇ ਹਨ। ਦੂਸਰੀ †ਚਿੱਟੀ ਦੇ ਵੀ ਏਹੋ ਨਿਸ਼ਾਨ ਹਨ, ਪਰੰਤੂ ਇਹ ਘਟ ਮਿਲਦੀ ਹੈ, ਉੱਦ ਢੂੰਡਣੇ ਤੇ ਮਿਲ ਵੀ ਜਾਂਦੀ ਹੈ, ਪ੍ਰਯੋਗ ਵਿਚ ਸੁਬਾਂਗ ਹੀ ਲਿਆ ਜ਼ਾਂਦਾ ਹੈ।

ਅਰਣੀ ਗੁਣ--ਚੌਪਈ

ਵੀਰਜ ਉਸਨ ਕਫਹਿ ਜਿਤ ਬਾਤ। ਕਟਕ ਤਿਕਤ ਤਿਵਰਾਮ ਧੁਰਾਤ।

---

†ਅਣਜਾਣ ਵੈਦ ਚਿੱਟੀ ਕੰਡਿਆਰੀ ਨੂੰ ਲਛਮਣਾ ਸਮਝਦੇ ਹਨ, ਸੋ ਇਸ ਨਾਲੋਂ ਭਿੰਨ ਹੈ।

Digitized by Panjab Digital Library | www.panjabdigilib.org

ਅਗਨਿ ਕਰਨ ਹਰਿ ਹੈ ਸਬ ਸ੍ਵਾਸ। ਅਰਣੀ ਤਾਪ ਹਰਤ ਗੁਣਭਾਸ॥੨੯੭॥

੨੫੧੬. ਉਸਨ ਵੀਰਜ, ਕਫ, ਬਾਤ ਨੂੰ ਜਿੱਤਣ ਵਾਲੀ, ਕੌੜੀ, ਤਿਕਤ, ਕਸੈਲੀ, ਮਿੱਠੀ, ਜਠਰਾਗਨੀ ਤੇਜ਼ ਕਰਨ ਹਾਰੀ, ਸਭ ਤਰਾਂ ਦੇ ਸਵਾਸ ਰੋਗ ਨਾਸ ਕਰਨ ਵਾਲੀ, ਅਤੇ ਤਾਪ ਨੂੰ ਨਾਸ ਕਰਨ ਵਾਲੀ ਅਰਣੀ ਕਹੀ ਜਾਂਦੀ ਹੈ ॥ ੨੯੭ ॥

(ਬ੍ਰਿਤਾਂਤ)

ਅਰਣੀ ਦੇ ਬੜੇ ਬੜੇ ਬ੍ਰਿਛ ਸਭ ਸਥਾਨਾਂ ਪਰ ਮਿਲਦੇ ਹਨ। ਪੱਤੇ ਗੋਲ ਥੋੜੇ ਨੋਕ ਵਾਲੇ ਨਰਮ, ਫੁੱਲ ਚਿੱਟੇ ਰੰਗ ਦੇ ਗੁੱਛੇਦਾਰ, ਫਲ ਛੋਟੇ ਕਰੌਂਦੇ ਦੇ ਸਮਾਨ ਹੁੰਦੇ ਹਨ। ਪੱਤਿਆਂ ਵਿਚੋਂ ਗੰਧ ਔਂਦੀ ਹੈ। ਡਾਲੀਆਂ ਨੀਚੇ ਨੂੰ ਹੋਈਆਂ ਹੁੰਦੀਆਂ ਹਨ। ਇਸਦੀਆਂ ਡਾਲੀਆਂ ਦੀ ਲਕੜੀ ਅੰਦਰੋਂ ਪੋਲੀ ਹੁੰਦੀ ਹੈ, ਅਕਸਰ ਇਹ ਪਹਾੜੀ ਪ੍ਰਾਂਤਾਂ ਵਿਚ ਪਾਈ ਜਾਂਦੀ ਹੈ ॥੨੯੭॥

ਕੌੜ ਗੁਣ--ਦੋਹਰਾ

ਲਘੁ ਸਰ ਰੂਖੀ ਦਾਹ ਹਿਮ ਪਿੱਤ ਕ੍ਰਿਮਹਿ ਕਫ ਨਾਸ।
ਸ੍ਵਾਸ ਕਾਸ ਜ੍ਵਰ ਪਿੱਤ ਕੋ ਪਾਂਡੂ ਹਰਤ ਕਟੁਕਾਸ ॥੨੯੮॥

੨੫੧੭. ਹਲਦੀ. ਦਸਤਾਵਰ, ਰੁੱਖੀ ਹੈ, ਦਾਹ, ਪਿੱਤ, ਕ੍ਰਿਮਿ, ਕਫ, ਸ੍ਵਾਸ, ਕਾਸ, ਤਪ, ਪਿੱਤ ਦਾ ਤਪ ਤੇ ਪਾਂਡੂ ਨੂੰ ਕੁਟਕੀ (ਕੌੜ) ਨਾਸ ਕਰਨ ਵਾਲੀ ਹੈ ॥੨੯੮॥

(ਬ੍ਰਿਤਾਂਤ)

ਕੁਟਕੀ ਬਹੁਤੀ ਵਰਖਾ ਵਿਚ ਹੋਣ ਵਾਲੀ ਔਸ਼ਧੀ ਹੈ। ਇਸਦੀਆਂ ਜੜ੍ਹਾਂ ਬ੍ਰੀਕ, ਕੋਮਲ ਅਤੇ ਕੁਛ ਕੁਛ ਕਾਸ਼ਟ ਰੂਪ ਹੁੰਦੀਆਂ ਹਨ। ਪੱਤੇ ਗੋਲ, ਚੌੜਾਈ ਵਿਚ ਅਧਿਕ ਲੰਮੇ, ਜੜ ਦੀ ਤਰਫੋਂ ਸੰਕੁੜੇ ਹੋਏ. ਅਗਿਊਂ ਚੌੜੇ ਹੋਏ ਕੁਛ ਚਿਕੁਣੇ, ਕਟੀ ਹੋਈ ਝਾਲਰਦਾਰ ਕਿਨਾਰੇ ਵਾਲੇ ਹੁੰਦੇ ਹਨ। ਇਸ ਪਰ ਗਾੜ੍ਹੇ ਨੀਲੇ ਰੰਗ ਦੇ ਘਨੇ ਫੁਲਾਂ ਦੇ ਗੁਛੇ ਲਗਦੇ ਹਨ। ਦਵਾਈ ਵਿੱਚ ਇਸ ਦੀ ਜੜ੍ਹ ਲਈ ਜਾਂਦੀ ਹੈ ॥ ੨੯੮ ॥

ਚਿਰਾਇਤਾ ਗੁਣ—ਦੋਹਰਾ

ਵਾਤਲ ਸੀਤਲ ਰੂਖਯ ਲਘੁ ਸੰਨਿਪਾਤ ਜ੍ਵਰ ਕਾਸ॥
ਸ੍ਵਾਸ ਦਾਹ ਪਿੱਤੈ ਰਕਤ ਨੈਪਾਲੀ ਹਰਯਾਸ॥੨੯੯॥

੨੫੧੮—ਚਿਰੈਤਾ, ਬਾਤ ਕਰਨਹਾਰਾ, ਠੰਢਾ, ਖੁਸ਼ਕ, ਹਲਕਾ, ਸੰਨਿਪਾਤ, ਤਾਪ, ਖਾਂਸੀ, ਸ੍ਵਾਸ, ਦਾਹ, ਰਕਤ ਵਿਕਾਰ ਨੂੰ ਨੈਪਾਲੀ ਅਰਥਾਤ ਚਿਰੈਤਾ ਹਰਨੇ ਵਾਲਾ ਹੈ ॥ ੨੯੯ ॥

(ਬ੍ਰਿਤਾਂਤ)

ਚਿਰੈਤੇ ਦੇ ਗੁਲਮ ਨੈਪਾਲ, ਕੋਕਣ ਦੇਸ਼ ਅਤੇ ਸੋਲਨ ਆਦਿ ਸਥਾਨਾਂ ਵਿਚ ਹੁੰਦੇ ਹਨ। ਇਸਦੇ ਗੁਲਮ ਦੋ ਤਿੰਨ ਗਿੱਠਾਂ ਉੱਚੇ ਹੁੰਦੇ ਹਨ। ਪੱਤੇ ਲੰਮੇ ਲੰਮੇ ਤੇ ਛੋਟੇ ਛੋਟੇ, ਫੁਲ ਡਾਲੀਆਂ ਵਿਚ ਚਿਟੇ ਰੰਗ ਦੇ ਵਧੇਰੇ ਹੁੰਦੇ ਹਨ। ਇਹ ਕੌੜਾ ਅਤੇ ਮਿਠਾ ਦੋ ਤਰਾਂ ਦਾ ਹੈ, ਪ੍ਰਯੋਗ ਵਿਚ ਸੁਬਾਂਗ ਲਿਆ ਜਾਂਦਾ ਹੈ। ਮਾਤ੍ਰਾ ਦੋ ਮਾਸੇ ਤੋਂ ੬ ਮਾਸੇ ਤਕ ਹੈ ॥ ੨੯੯ ॥

Digitized by Panjab Digital Library | www.panjabdigilib.org

ਕੂੜਾ ਗੁਣ–ਦੋਹਰਾ

ਦੀਪਨ ਰੂਖਾ ਹਿਮ ਕਹਯੋ ਪਿੱਤ ਰਕਤ ਅਤਿਸਾਰ।
ਅਰਸ ਕੁਸਟ ਤ੍ਰਿਟ ਕਫ ਹਰਤ ਕੂੜਾ ਕਰਤ ਗੁਣਸਾਰ ॥੨੯੦॥

੨੫੧੯–ਅਗਨੀ ਦੀਪਨ ਕਰਨਹਾਰਾ, ਖੁਸ਼ਕ, ਸਰਦ, ਪਿੱਤ ਨੂੰ ਲਹੂ ਦੇ ਅਤੀਸਾਰਾਂ (ਰਕਤ ਵਿਕਾਰ) ਨੂੰ, ਬਵਾਸੀਰ ਕੁਸ਼ਟ ਪਿਆਸ ਤੇ ਕਫ ਹਰਨਹਾਰਾ ਕੂੜਾ ਸੱਕ ਹੈ, ਹੋਰ ਵੀ ਸਰੇਸ਼ਟ ਗੁਣ ਕਰਨਹਾਰਾ ਹੈ।

(ਬ੍ਰਿਤਾਂਤ)

ਕੂੜੇ ਦਾ ਰੁਖ ਬਹੁਤ ਬੜਾ ਹੁੰਦਾ ਹੈ. ਪੱਤੇ ਲੰਮੇ, ਫੁੱਲ ਚਿਟੇ ਲਗਦੇ ਹਨ, ਇਸ ਰੁਖ ਦੀ ਛਿਲ ਨੂੰ ਕੂੜਾ ਆਖਦੇ ਹਨ, ਇਸਦੀਆਂ ਫਲੀਆਂ ਵਿਚ ਜੋਹੜੇ ਬੀਜ ਹੁੰਦੇ ਹਨ, ਉਨ੍ਹਾਂ ਨੂੰ 'ਇੰਦ੍ਰ ਜੌਂ' ਆਖਦੇ ਹਨ। ਇਹ ਕੌੜੇ ਤੇ ਮਿਠੇ ਦੋ ਪ੍ਰਕਾਰ ਦੇ ਹੁੰਦੇ ਹਨ। (ਇਸ ਦੇ ਅਭਾਵ ਵਿਚ ਤੇਦਰੀ ਯਾ ਲਾਲ ਬ੍ਰਾਹਮਣ ਹੈ ॥੨੯੦॥

ਇੰਦ੍ਰਯੁਵ ਗੁਣ–ਸੋਰਠਾ

ਤੀਨ ਦੋਖ ਅਤਿਸਾਰ, ਕ੍ਰਿਮ ਕੁਸਟ ਕੋ ਹਰਤ ਹੈ।
ਰਕਤ ਅਰਸ ਜੁ ਵਿਡਾਰ, ਸੀਤਲ ਗ੍ਰਾਹੀ ਇੰਦ੍ਰ ਜਵ ॥੨੯੧॥

੨੫੨੦–ਇੰਦ੍ਰ ਜੌਂ ਤ੍ਰਿਦੋਖ ਨੂੰ, ਅਤੀਸਾਰਾਂ ਨੂੰ, ਕ੍ਰਿਮਾਂ ਨੂੰ, ਕੁਸਟ ਨੂੰ, ਰਕਤ ਵਿਕਾਰ ਨੂੰ, ਬਵਾਸੀਰ ਨੂੰ ਨਾਸ ਕਰਨ ਹਾਰਾ ਹੈ,ਗੁਣ ਠੰਢਾ ਹੈ ਤੇ ਕਾਬਜ ਹੈ(ਬ੍ਰਿਤਾਂਤ) ਉੱਪਰ ਆ ਚੁਕਾ ਹੈ॥੨੯੧॥

ਅਸਗੰਧ ਗੁਣ–ਸੋਰਠਾ

ਸੋਫੋਦਰ ਕਫ ਵਾਤ, ਖਯ ਹਰਿ ਵੀਰਜ ਕਰਨਿ ਭਨਿ।
ਉਸਨ ਰਸਾਯਣ ਦਾਤ, ਆਸਗੰਧ ਗੁਨ ਏਕ ਹੈ ॥੨੯੨॥

੨੫੨੧–ਪੇਟ ਦੀ ਸੋਜ, ਕਫ, ਬਾਤ ਤੇ ਖਈ ਨੂੰ ਨਾਸ਼ ਕਰਨ ਹਾਰੀ ਹੈ, ਵੀਰਜ ਨੂੰ ਵਧੌਣ ਵਾਲੀ ਹੈ, ਗਰਮ ਹੈ, ਰਸਾਇਣ ਦਾਤਾ ਅਸਗੰਧ ਕਹੀ ਜਾਂਦੀ ਹੈ॥ ੨੯੨॥

(ਬ੍ਰਿਤਾਂਤ)

ਅਸਗੰਧ ਦੇ ਝਾੜ ਛੋਟੇ ਛੋਟੇ ਜੰਗਲਾਂ ਅਰ ਪਹਾੜਾਂ ਵਿਚ ਹੁੰਦੇ ਹਨ। ਇਸਦੇ ਹੇਠਾਂ ਛੋਟੀ ਮੂਲੀ ਦੇ ਸਮਾਨ ਕੰਦ ਹੁੰਦਾ ਹੈ, ਉਸਨੂੰ ਪੁਟਕੇ ਸੁਕਾਉਂਦੇ ਹਨ, ਓਹੋ ਅਸਗੰਧ ਕਹੀ ਜਾਂਦੀ ਹੈ॥ ੨੯੨॥

ਭਖੜਾ ਗੁਣ--ਦੋਹਰਾ

ਸੀਤਲ ਬਲ ਬ੍ਰਿਧਿ ਸ੍ਵਾਦ ਅਤਿ ਸ੍ਵਾਸ ਕਾਸ ਮੇਹਾਰ॥
ਮੂਤ੍ਰ ਕ੍ਰਿਛ ਹਿਯ ਗਦ ਸੂਧਨ ਗੋਖੁਰੁ ਕੇ ਗੁਣ ਧਾਰ॥੨੯੩॥

Digitized by Panjab Digital Library | www.panjabdigilib.org

੨੫੨੨—ਠੰਢਾ ਹੈ, ਬਲ ਵਧਾਉਣ ਵਾਲਾ ਹੈ, ਅਤਿਅੰਤ ਸਵਾਦ ਵਾਲਾ ਹੈ, ਦਮੇਂ ਨੂੰ, ਖਾਂਸੀ ਨੂੰ, ਪ੍ਰਮੇਹ ਨੂੰ, ਮੂਤ੍ਰ ਕ੍ਰਿਛ ਨੂੰ, ਹ੍ਰਿਦਯ ਰੋਗ ਨੂੰ, ਮੂਤ੍ਰਾਸ਼ਯ ਨੂੰ ਸੋਧਨ ਭਾਵ ਸਾਫ ਕਰਨ ਹਾਰਾ ਇਹ ਭਖੜੇ ਦਾ ਗੁਣ ਕਿਹਾ ਹੈ ॥ ੨੯੩॥

(ਬ੍ਰਿਤਾਂਤ)

ਭੱਖੜਾ ਦੋ ਪ੍ਰਕਾਰ ਦਾ ਹੁੰਦਾ ਹੈ, ਇਕ ਪਹਾੜੀ ਇਹ ਵੱਡਾ ਤੇ ਦੂਸਰਾ ਦੇਸੀ ਇਹ ਛੋਟਾ ਹੁੰਦਾ ਹੈ। ਪਹਾੜੀ ਭੱਖੜੇ ਦੇ ਛੋਟੇ ਛੋਟੇ ਝਾੜ ਹੁੰਦੇ ਹਨ। ਉਨ੍ਹਾਂ ਉੱਤੇ ਪੀਲੇ ਅਰ ਚਿੱਟੇ ਫੂਲ ਲਗਦੇ ਹਨ। ਫਲ ਦੇ ਚਾਰ ਕੋਨੇ ਹੁੰਦੇ ਹਨ। ਉਨ੍ਹਾਂ ਉਪਰ ਇਕ ਇਕ ਕੰਢਾ ਹੁੰਦਾ ਹੈ। ਦੇਸੀ ਭੱਖੜੇ ਦਾ ਪ੍ਰਿਥਵੀ ਪਰ ਛੱਤਾ ਹੁੰਦਾ ਹੈ, ਪੱਤੇ ਛੋਲਿਆ ਦੇ ਪੱਤਿਆਂ ਵਾਂਗ ਤੇ ਫੁੱਲ ਪੀਲੇ ਆਉਂਦੇ ਹਨ। ਫਲ ਦੇ ਉਪਰ ਛੇ ਕੰਢੇ ਵੱਖ ਵੱਖ ਹੁੰਦੇ ਹਨ । ੨੯੩ ॥

ਮੁਲੱਠੀ ਗੁਣ--ਦੋਹਰਾ

ਗੁਨ ਸੀਤਲ ਅਰ ਬਲ ਕਰਨ ਤ੍ਰਿਖਾ ਛਰਦ ਪਿਤ ਜੀਤ।
ਮੁਹਲੇਠੀ ਗੁਨ ਏ ਕਹੈ ਕਹਤ ਮੇਘ ਸੁਨ ਮੀਤ ॥੨੯੪॥

੨੫੨੩—ਮੁਲੱਠੀ ਠੰਢੀ ਬਲ ਪੈਦਾ ਕਰਨ ਹਾਰੀ, ਪਯਾਸ, ਕੈ ਤੇ ਪਿੱਤ ਆਦਿ ਨੂੰ ਜਿੱਤਣੇ ਹਾਰੀ ਕਹੀ ਹੈ ॥ ੨੯੪ ॥

(ਬ੍ਰਿਤਾਂਤ)

ਮੁਲੱਠੀ ਦਾ ਝਾੜ ਹੁੰਦਾ ਹੈ, ਪੱਤੇ ਛੋਟੇ ਤੇ ਗੋਲ ਹੁੰਦੇ ਹਨ। ਫਲੀ ਪਤਲੀ ਤੇ ਛੋਟੀ ਲਗਦੀ ਹੈ। ਫਲ ਲਾਲ ਹੁੰਦਾ ਹੈ। ਇਸਦੀ ਜੜ ਮਿੱਠੀ ਅਤੇ ਤਿਕਤ ਹੁੰਦੀ ਹੈ। ਏਹੋ ਪ੍ਰਯੋਗ ਵਿੱਚ ਪਾਈ ਜਾਂਦੀ ਹੈ, ਦੂਸਰੀ ਮੁਲੱਠੀ ਵੇਲ ਵਾਲੀ ਹੁੰਦੀ ਹੈ, ਉਹ ਬਹੁਤ ਮਿੱਠੀ ਹੁੰਦੀ ਹੈ, ਇਹ ਜਲ ਵਿਚੋਂ ਪੈਦਾ ਹੁੰਦੀ ਹੈ, ਇਸਦਾ ਪਕਾਕੇ *ਸਤ ਵੀ ਕੱਢਿਆ ਜਾਂਦਾ ਹੈ ॥ ੨੯੪ ॥

ਸੁੰਢ ਗੁਣ--ਸ਼ੰਕਰ ਛੰਦ

ਪਾਚਨੀ ਰੁਚਿ ਕਰਣ ਹਰਨੀ ਆਮ ਵਾਤ ਸੁ ਜਾਨ।
ਸਨਿਗਨ ਉਸਨਾ ਵਾਤ ਹਰਿ ਕਤ ਬੰਧ ਕੋਸ੍ਰ ਰਹਾਨ।
ਸ੍ਵਾਸ ਕਾਸ ਹਿਯ ਰੋਗੁ ਵਮਿ ਸੁਥ ਸੂਲ ਅਰਸ ਅਨਾਹ।
ਚਰਨ ਸਲੀਪਦ ਹਰਨ ਏਤੇ ਸੁੰਠ ਕੇ ਗੁਣ ਯਾਹ ॥੨੯੫॥

੨੫੨੪-ਪਚੋਣ ਵਾਲੀ, ਰੁਚੀ ਕਰਨ ਵਾਲੀ, ਆਮ ਬਾਤ ਦਾ ਨਾਸ ਕਰਨਹਾਰੀ, ਚੀਕੁਣੀ, ਗਰਮ, ਵਾਯੂ ਤੇ ਕਫ ਦਾ ਨਾਸ ਕਰਨਹਾਰੀ, ਮਲ ਕਰਕੇ ਰੁਕੇ ਹੋਏ ਕੋਠੇ ਨੂੰ ਸੁੱਧ ਕਰਨ ਹਾਰੀ। ਦਮਾ,

---

*ਧੋ ਕੇ, ਸੁਕਾ ਕੇ, ਕੁਟ ਕੇ ਜਲ ਵਿਚ ਭਿਉਂ ਕੇ ਕਾੜ੍ਹੇ, ਛਾਣ ਕੇ ਫਿਰ ਕਾੜ੍ਹੇ, ਗਾੜ੍ਹਾ ਹੋਵੇ ਤਾਂ ਲਾਹ ਲਵੇ, ਏਹ ਕਾਲੇ ਰੰਗ ਦਾ ਰੁਬਸੂਸ ਅਰਥਾਤ ਸਤ ਮੁਲੱਠੀ ਹੋ ਜਾਂਦਾ ਹੈ, ਖਬਰਦਾਰ ਰਹੋ ! ਇਹ ਬਾਜ਼ਾਰ ਵਿੱਚ ਬਣੌਟੀ ਹੀ ਬਣਕੇ ਵਿਕਦਾ ਹੈ, ਇਸਦੇ ਅਭਾਵ ਮੁਲੱਠੀ ਬ੍ਰੀਕ ਛਾਣਕੇ ਪਾਵੇ।

Digitized by Panjab Digital Library | www.panjabdigilib.org

ਖਾਂਸੀ, ਸੀਨੇ ਦੇ ਰੋਗ, ਕੈ ਸੋਜ, ਸੂਲ, ਬਵਾਸੀਰ, ਅਫਾਰਾ ਅਤੇ ਪੈਰਾਂ ਦੇ ਸਲੀਪਦ ਰੋਗ ਇਤਯਾਦੀ ਨੂੰ ਨਾਸ ਕਰਨਹਾਰੀ ਇਹ ਸੁੰਢ ਕਹੀ ਜਾਂਦੀ ਹੈ ॥ ੨੯੫ ॥

(ਬ੍ਰਿਤਾਂਤ)

ਸੁੰਢ ਖੇਤਾਂ ਵਿਚ ਬੀਜੀ ਜਾਂਦੀ ਹੈ, ਗੁਲਮ ਜਾਤੀ ਦੀ ਬਨਸਪਤੀ ਵਿਚੋਂ ਇਹ ਇਕ ਪ੍ਰਕਾਰ ਦਾ ਕੰਦ ਹੈ। ਪੂਰਬ ਦੇਸ਼ ਅਤੇ ਅਸਾਮ ਦੇਸ਼ ਵਿਚ ਕਈ ਜਾਤੀ ਦੀ ਸੁੰਢ ਹੁੰਦੀ ਹੈ। ਪਰੰਤੂ ਮੋਠ ਦੀ ਸੁੰਢ ਸਭ ਨਾਲੋਂ ਵਧਕੇ ਹੈ। ਪੱਤੇ ਬਾਂਸੇ ਵਾਂਗ ਬਹੁਤ ਲੰਮੇ ਹੁੰਦੇ ਹਨ। ਇਸਦੀ ਜੜ੍ਹ ਵਿਚ ਵਡੀਆਂ ਵਡੀਆਂ ਗੰਢਾਂ ਹੁੰਦੀਆਂ ਹਨ, ਉਸਨੂੰ 'ਅਦ੍ਰਿਕ' ਆਖਦੇ ਹਨ, ਏਹੋ ਧੁੱਪ ਵਿਚ ਸੁਕਾਇਆ ਜਾਵੇ ਤਾਂ ਸੁੰਢ ਕਹੀ ਜਾਂਦੀ ਹੈ। ਸੁੰਢ ਭਾਰਤ ਦੇ ਸਭ ਪ੍ਰਾਂਤਾਂ ਵਿਚ ਪ੍ਰਸਿੱਧ ਹੈ, ਇਸਦੀ ਮਾਤ੍ਰਾ ੨ ਤੋਂ ੬ ਮਾਸੇ ਤਕ ਹੈ ॥੨੯੫॥

ਅਦ੍ਰਿਕ ਗੁਣ—ਚੌਪਈ

ਭੇਦਨ ਦੀਪਨ ਅਰੁ ਕਟ ਰੂਖਾ। ਤੀਖਯਨ ਉਸਨ ਵਾਤ ਜੁ ਸੂਖਾ।
ਅਫਾਰਾਸੂਲ ਜੁ ਕਫਿਪਰਹਾਰੀ। ਅਦ੍ਰਿਕ ਕੇ ਗੁਨ ਸੁੰਠਸੰਭਾਰੀ ॥੨੯੬॥

੨੫੨੬—ਮਲ ਦਾ ਭੇਦਨ ਕਰਨਹਾਰਾ. ਅਗਨੀ ਨੂੰ ਤੇਜ ਕਰਨਹਾਰਾ, ਕਟੂ (ਚਰਪਰਾ), ਖੁਸ਼ਕ, ਤੀਛਣ, ਗਰਮ ਵਾਯੂ ਨੂੰ ਨਾਸ਼ ਕਰਨਹਾਰਾ. ਅਦ੍ਰਿਕ ਦਾ ਗੁਣ ਹੈ, ਹੋਰ ਗੁਣ ਸੁੰਢ ਸਮਾਨ ਹਨ।

(ਬ੍ਰਿਤਾਂਤ)

ਅਦਰਕ ਰੇਤਲੀ ਧਰਤੀ ਵਿਚ ਬੀਜਿਆ ਜਾਂਦਾ ਹੈ, ਪੱਤ੍ਰ ਹਲਧੀ ਦੇ ਸਮਾਨ ਹੁੰਦਾ ਹੈ, ਹੋਰ ਸਭ ਬ੍ਰਿਤਾਂਤ ਸੁੰਢ ਸਮਾਨ ਹੈ ॥੨੯੬॥

ਮ੍ਰਿਚ ਕਾਲੀ ਗੁਣ—ਦੋਹਰਾ

ਉਸਨ ਰੂਖ ਪਿੱਤਹਿ ਕਰਨ ਦੀਪਨ ਹਰਿ ਕਫ ਵਾਇ।
ਸ੍ਵਾਸ ਸੂਲ ਕ੍ਰਿਮਿ ਸ੍ਵਰ ਭੰਗਹਿ ਜੀਤਤ ਮਰਚ ਗੁਨਾਇ ॥੨੯੭॥

੨੫੨੭—ਗਰਮ, ਖੁਸ਼ਕ, ਪਿੱਤ ਪੈਦਾ ਕਰਨ ਹਾਰੀ, ਅਗਨੀ ਤੇਜ ਕਰਨਹਾਰੀ. ਕਫ, ਵਾਯੂ ਨੂੰ ਨਾਸ ਕਰਨ ਹਾਰੀ, ਸੂਲ, ਕ੍ਰਿਮਿ ਤੇ ਸੁਰ ਭੰਗ ਇਨ੍ਹਾਂ ਨੂੰ ਜਿੱਤਣ ਵਾਲੀ ਇਹ ਗੁਣ ਕਾਲੀ ਮ੍ਰਿਚ ਦਾ ਹੈ ॥ ੨੯੭ ॥

(ਬ੍ਰਿਤਾਂਤ)

ਮ੍ਰਿਚ ਦੀ ਵੇਲ ਹੁੰਦੀ ਹੈ, ਪੱਤੇ ਪਾਨਾਂ ਵਾਂਗ ਨੋਕਦਾਰ ਹੁੰਦੇ ਹਨ, ਫਲ ਗੋਲ ਛੋਟੇ ਛੋਟੇ ਝੁਮਕੇਦਾਰ ਹੁੰਦੇ ਹਨ। ਕੱਚੇ ਫਲ ਹਰੇ, ਬਹੁਤ ਚਰਪਰੇ ਨਹੀਂ ਹੁੰਦੇ, ਪੱਕ ਜਾਣ ਤਾਂ ਅਤਿਅੰਤ ਤੀਛਣ ਹੋ ਜਾਂਦੇ ਹਨ। ਇਹ ਮ੍ਰਿਚ ਦੋ ਪ੍ਰਕਾਰ ਦੀ ਹੁੰਦੀ ਹੈ ਇਕ ਪੂਰਬ ਦੀ, ਦੂਜੀ ਦਖਣ ਦੀ, ਪ੍ਰੰਤੂ ਦੱਖਣ ਦੀ ਗੁਣ ਵਿਚ ਵਧਕੇ ਹੁੰਦੀ ਹੈ। ਕਈ ਅਨਜਾਣ ਆਦਮੀ ਚਿੱਟੀ ਮ੍ਰਿਚ ਨੂੰ ਦੱਖਣੀ ਸਮਝਦੇ ਹਨ, ਕਿੰਤੂ ਓਹ ਦਖਣੀ ਨਹੀਂ, ਸਗੋਂ ਪੂਰਬੀ ਮ੍ਰਿਚ ਚਿੱਟੀ ਹੁੰਦੀ ਹੈ, ਇਹ ਧੋਈਏ ਤਾਂ ਚਿਟੀ ਹੋ ਜਾਂਦੀ ਹੈ। ਦੱਖਣੀ ਮ੍ਰਿਚ ਉਪਰੋਂ ਭੂਰੀ, ਅੰਦਰੋਂ ਹਰਿਆਈ ਲੀਏ ਹੋਵੇ, ਅਰ ਤੀਖਣ ਅਧਿਕ ਹੋਵੇ ਤਾਂ ਜਾਨਣੀ। ਮ੍ਰਿਚ ਦੀ ਵੇਲ

Digitized by Panjab Digital Library | www.panjabdigilib.org

ਕਿਸੀ ਤਰਾਂ ਦੇ ਯਾਂ ਬ੍ਰਿਛ ਦੇ ਸਹਾਰੇ ਬਿਨਾਂ ਨਹੀਂ *ਚਲ ਸਕਦੀ। ਇਸਦੀ ਮਾਤ੍ਰਾ ੧ ਰੱਤੀ ਤੋਂ ੧ ਮਾਸੇ ਤਕ ਦੀ ਹੈ ॥੨੯੭॥

ਪੀਪਲ (ਮਘ) ਗੁਣ—ਦੋਹਰਾ

ਵ੍ਰਿਖਜ ਰਸਾਯਨ ਰੇਚਨੀ ਪਿੱਤਲ ਕਾਸ ਗਵਾਇ।
ਸ੍ਵਾਸ ਉਦਰ ਜ੍ਵਰ ਹਰਿ ਲਘੂ ਪੀਪਰਿ ਕੇ ਗੁਣ ਗਾਇ॥ ੨੯੮॥

੨੫੨੮—ਬਲਦਾਇਕ ਰਸਾਇਣ ਰੂਥ, ਦਸਤਾਵਰ, ਪਿੱਤ, ਖਾਂਸੀ, ਦਮਾਂ. ਪੇਟ ਰੋਗ, ਅਤੇ ਤਾਪ ਨੂੰ ਨਾਸ ਕਰਨ ਹਾਰੀ, ਹਲਕੀ ਹੈ, ਇਹ ਮਘ ਦਾ ਗੁਣ ਹੈ ॥੨੯੮॥

(ਬ੍ਰਿਤਾਂਤ)

ਇਸਦੀ ਗੁਲਮ ਜਾਤੀ ਦੀ ਇਕ ਵੇਲ ਹੁੰਦੀ ਹੈ, ਫਲ ਤੀਛਣ ਹੁੰਦਾ ਹੈ ਪਤੇ ਪਾਨ ਦੇ ਪਤਿਆਂ ਵਾਂਗ ਨਰਮ ਹੁੰਦੇ ਹਨ। ਇਸਦੀ ਜੜ ਨੂੰ 'ਪਿਪਲਾਮੂਲ' ਆਖਦੇ ਹਨ। †ਮਾਲਵੇ ਆਦਿ ਦੇਸ਼ਾਂ ਵਿਚ ਬਹੁਤ ਹੁੰਦੀਆਂ ਹਨ, ਓਥੋਂ ਹੀ ਦੇਸ਼ ਦੇਸ਼ਾਂਤ੍ਰਾਂ ਨੂੰ ਚਲੀਆਂ ਜਾਂਦੀਆਂ ਹਨ। ਮਘਾਂ ਦੋ ਤਰਾਂ ਦੀਆਂ ਹੁੰਦੀਆਂ ਹਨ ਇਕ ਛਟੀਆਂ ਦੂਸਰੀਆਂ ਵਡੀਆਂ, ਜਿਨ੍ਹਾਂ ਨੂੰ 'ਗਜਪੀਪਲੀ' ਆਖਦੇ ਹਨ। ਛੋਟੀ ‡ਬਹੁਤੀ ਗੁਣਕਾਰ ਹੈ। ਪ੍ਰਯੋਗ ਵਿਚ ਪੁਰਾਣੀ ਮਘ ਮੰਣੀ ਸਰੇਸ਼ਟ ਹੈ, ਮਾਤ੍ਰਾ ੪ ਰੱਤੀ ਦੀ ਹੈ ॥੨੯੮॥

ਗ੍ਰੰਥਕ (ਪਿਪਲਾਮੂਲ) ਗੁਣ—ਚੌਪਈ

ਦੀਪਨ ਪਾਚਨ ਲਘੁ ਪਿਤਕਾਰ। ਭੇਦੀ ਕਫ ਵਾਤੋਦਰ ਹਾਰ।
ਗੁਲਮ ਪਲੀਹਾ ਕ੍ਰਿਮਿ ਅਨਾਹ। ਸ੍ਵਾਸਖਈ ਹਨ ਗ੍ਰੰਥਕ ਸਾਹਿ ॥੨੯੯॥
ਚਬਕ ਜਾਨੀਯੇ ਤਾਕੀ ਡਾਲ। ਗੁਦਾ ਰੋਗੁ ਹਰਿ ਚਵਕਾ ਭਾਲ।
ਤਾਕਾ ਫਲ ਗਜ ਪੀਪਲ ਕਹੀ। ਤਿਸਕਾ ਗੁਣ ਗ੍ਰੰਥਕ ਸਮਸਹੀ॥੩੦੦॥

੨੫੨੯—ਅਗਨੀ ਤੇਜ ਕਰਨਹਾਰਾ. ਪਾਚਨ, ਹਲਕਾ, ਪਿੱਤ ਕਰਨੇ ਵਾਲਾ। ਦਸਤਾਵਰ, ਕਫ, ਬਾਤ, ਉਦਰਵਿਕਾਰ ਨਾਸ ਕਰਨ ਹਾਰਾ ਹੈ। ਪੇਟ ਦਾ ਗੋਲਾ, ਲਿੱਫ, ਕ੍ਰਿਮਿ (ਚਮੂਣੇ) ਅਫਾਰਾ, ਦਮਾਂ, ਤੇ ਖਈ ਨੂੰ ਨਾਸ ਕਰਨ ਵਾਲਾ, ਪਿੱਪਲਾ ਮੂਲ ਕਿਹਾ ਹੈ। ਇਸਦੀ ਡਾਂਲੀ ਚਵਕ ਕਹੀ ਜਾਂਦੀ ਹੈ। ਚਵਕ ਗੁਦਾ ਦੇ ਰੋਗਾਂ ਦਾ ਨਾਸ਼ ਕਰਨ ਹਾਰਾ ਹੈ ਗਜ ਪੀਪਲ 'ਚੱਵ' ਦੇ ਬ੍ਰਿਛ ਦਾ ਫਲ ਹੈ ਇਸ਼ਦਾ ਗੁਣ ਪਿੱਪਲਾ ਮੂਲ ਸਮਾਨ ਹੈ ॥੨੯੯॥੩੦੦॥

(ਬ੍ਰਿਤਾਂਤ)

ਚੱਵਕ ਗੁਲਮ ਜਾਤੀ ਦਾ ਹੈ। ਪੱਤੇ ਕੇਲੇ ਜੇਹੇ ਛੋਟੇ ਹੁੰਦੇ ਹਨ, ਪ੍ਰੰਤੂ ਨਰਮ ਤੇ ਪਤਲੇ ਹੁੰਦੇ ਹਨ। ਇਸ ਦੇ ਫਲ ਨੂੰ ਗਜਪੀਪਲ (ਲੰਮੀ ਮਘ) ਆਖਦੇ ਹਨ। ਮਾਤ੍ਰਾ ੪ ਮਾਸੇ ਦੀ ਹੈ, ਅਣਜਾਣ ਵੈਦ ਮਘ ਦੇ ਥਾਂ ਪਾਉਂਦੇ ਹਨ।

---

*ਇਹ ਸਭ ਬਾਤਾਂ ਅਸ਼ਾਂ ਚੀਨ ਦੇਸ਼ ਦੀ ਯਾਤ੍ਰਾ ਸਮੇਂ ਅਨੁਭਵ ਕੀਤੀਆਂ ਸਨ।
†ਮਾਲਵਾ ਦੇਸ਼ ਉਜੈਨ ਦਾ ਇਲਾਕਾ ਕਿਹਾ ਜਾਂਦਾ ਹੈ। ਜੰਗਲ ਦੇਸ਼ ਨਾ ਸਮਝ ਲੈਣਾ।
‡ਪੰਜਾਬ ਵਿਚ ਛੋਟੀ ਮਘ ਘੱਟ ਮਿਲਦੀ ਹੈ ਗਜ ਪੀਪਲੀ ਪਾਕੇ ਵੈਦ ਕੰਮ ਤੋਰ ਲੈਂਦੇ ਹਨ।

Digitized by Panjab Digital Library | www.panjabdigilib.org

ਚਿਤ੍ਰਾ ਗੁਣ--ਦੋਹਰਾ

ਕਟਕ ਪਾਕ ਪਾਚਨ ਲਘੂ ਵ੍ਰਹਨਿ ਕਰਨ ਜਿਤ ਕਾਸ।
ਰੂਖਜ ਉਸਨ ਗ੍ਰਹਨੀ ਹਰੈ ਅਰਸ ਕੁਸਟ ਕ੍ਰਿਮ ਨਾਸ ॥੩੦੧॥
ਕਫ ਬਾਦੀ ਵਾਤਾਰਸ ਹਰ ਸਲੇਖਮ ਪਿੱਤ ਵਿਦਾਰ।
ਚਿੱਤ੍ਰਕ ਗੁਣ ਗ੍ਰਾਹੀ ਵਡੋ ਲਖੋ ਚਤਰ ਗੁਣਕਾਰ ॥੩੦੨॥

੨੫੩੦—ਕਟਕ—ਪਾਕ ਵਿਚ ਚਰਪਰਾ, ਪਾਚਨ ਕਰਨਹਾਰਾ, ਹਲਕਾ ਬਲਵਰਧਕ. ਖਾਸੀ ਨੂੰ ਜਿਤਣ ਵਾਲਾ, ਖੁਸ਼ਕ, ਗਰਮ ਤੇ ਸੰਗ੍ਰਹਣੀ, ਬਵਾਸੀਰ, ਕੋੜ੍ਹ, ਕ੍ਰਿਮਿ, ਇਨ੍ਹਾਂ ਸਭਨਾਂ ਦਾ ਨਾਸ ਕਰਨ ਹਾਰਾ ਹੈ। ਕਫ, ਬਾਦੀ ਦੀ ਅਤੇ ਬਾਤ ਦੀ ਬਵਾਸੀਰ ਨੂੰ ਬਲਗਮ, ਤੇ ਪਿੱਤ ਨੂੰ ਨਾਸ ਕਰਨ ਹਾਰਾ ਹੈ। ਇਹ ਚਿਤਰੇ ਦੇ ਗੁਣ ਹਨ, ਪ੍ਰੰਤੂ ਕਬਜ ਕਾਰਕ ਇਹ ਵਧਰਾ ਗੁਣ ਜਾਣ ਲਵੋ।

(ਬ੍ਰਿਤਾਂਤ)

ਚਿਤਰੇ ਦਾ ਛੋਟਾ ਜੇਹਾ ਇਕ ਤਰਾਂ ਦਾ ਰੁੱਖ ਹੁੰਦਾ ਹੈ, ਪੱਤੇ ਗੋਲ ਹੁੰਦੇ ਹਨ। ਚਿੱਟੇ, ਲਾਲ, ਤੇ ਕਾਲੇ ਤਿੰਨ ਤਰਾਂ ਦੇ ਫੁੱਲ ਲਗਦੇ ਹਨ। ਇਸਦੀ ਜੜ ਦੀ ਛਿੱਲ ਪ੍ਰਯੋਗ ਵਿਚ ਪਾਤੀ ਜਾਂਦੀ ਹੈ ਚਿਟੇ ਫੂਲ ਵਾਲਾਂ ਚਿਤ੍ਰਾ ਬਹੁਤ ਗਰਮ ਹੁੰਦਾ ਹੈ, ਇਸਨੂੰ ਪਾਣੀ ਵਿਚ ਘੋਟਕੇ ਸਰੀਰ ਪਰ ਲੇਪਨ ਕਰ ਦੇਵੇ ਤਾਂ ਚਕਤੇ ਪਾ ਦਿੰਦਾ ਹੈ। ਇਸੇ ਵਾਸਤੇ ਵੈਦਕ ਵਿਚ ਇਸਦਾ ਨਾਮ ਅਗਨੀ ਆਉਂਦਾ ਹੈ। ਇਸਦੀ ਮਾਤ੍ਰਾ ੧ ਮਾਸੇ ਤੋਂ ਵੱਧ ਕਦੇ ਨਾ ਦੇਣੀ ਚਾਹੀਏ ॥੩੦੧॥੩੦੨॥

ਪੰਚਕੋਲ ਗੁਣ—ਦੋਹਰਾ

ਕਣਾ ਪੀਪਰੀ ਮੂਰ ਚਵ ਚਿੱਤ੍ਰਕ ਨਾਗਰ ਪੰਚ।
ਤੀਖਜਣ ਉਸਨ ਪਾਚਨ ਦਿਪਨਿ ਵਾਤ ਗੁਲਮ ਕਫ ਰੰਚ ॥੩੦੩॥
ਪਿੱਤ ਕੋਪਨੰ ਸੂਲ ਹਰਿ ਉਦਰ ਪਲੀਹਾ ਜਾਇ॥
ਅਫਾਰਾ ਹਰਿ ਪੰਚਕੋਲ ਗੁਨ ਨਾਮ ਪੰਚ ਦਿਖਲਾਇ ॥੩੦੪॥

੨੫੩੧-ਮਘ, ਪਿਪਲਾਮੂਲ ਚੱਵ. ਚਿੱਤ੍ਰਾ ਤੋਂ ਸੁੰਢ ਇਹ ਅੱਠ ਅੱਠ ਮਾਸੇ ਲੈਕੇ ਮਿਲਾਵੇ ਤਾਂ ਇਹ ਪੰਜ ਕੋਲ ਕਹੇ ਜਾਂਦੇ ਹਨ। ਇਹ ਤੀਛਣ, ਗਰਮ, ਪਾਚਨ, ਅਗਨੀ ਨੂੰ ਤੇਜ਼ ਕਰਨਹਾਰੇ, ਬਾਤ ਨੂੰ ਗੁਲਮ ਨੂੰ, ਕਫ ਨੂੰ ਨਾਸ ਕਰਨ ਹਾਰੇ, ਪਿੱਤ ਨੂੰ ਕ੍ਰਧਿਤ ਕਰਨ ਵਾਲੇ, ਸੂਲ ਨੂੰ ਹਰਨੇ ਹਾਰੇ, ਪੇਟ ਦੇ ਰੋਗਾਂ ਨੂੰ, ਲਿੱਫ ਨੂੰ, ਅਰ ਅਫਾਰੇ ਨੂੰ ਪੰਚ ਕੋਲ ਨਾਸ ਕਰਨਹਾਰੇ ਹਨ ॥੩੦੪॥

ਅਜਵਾਇਨ ਗੁਣ—ਚੌਪਈ

ਪਾਚਨ ਤੀਖਨ ਉਸਨ ਵਖਾਨ। ਕਟੁ ਲਘੁ ਦੀਪਨ ਤਿਕਤ ਸੁ ਠਾਨ।
ਹ੍ਰਿਦ ਪਿੱਤਲ ਸੁੱਕ੍ਰ ਹਿਤ ਸੂਰ। ਵਾਤ ਸਲੇਖਮ ਜਾਵਤ ਦੂਰ ॥੩੦੫॥

Digitized by Panjab Digital Library | www.panjabdigilib.org

੨੫੩੨—ਪਾਂਚਨ, ਤੀਛਣ, ਗਰਮ. ਕੌੜੀ, ਹਲਕੀ, ਅਗਨੀ ਨੂੰ ਤੇਜ਼ ਕਰਨ ਵਾਲੀ, ਪਾਕ ਵਿਚ ਚਰਪਰੀ, ਹ੍ਰਿਦ ਕਹੀਏ ਇਨ੍ਹਾਂ ਨੂੰ ਹਰਨੇ ਵਾਲੀ ਹੈ, ਪਿੱਤ ਕਰਨੇ ਵਾਲੀ ਹੈ, ਵੀਰਯ ਵਧੌਣ ਵਾਲੀ, ਸੂਲ ਦੇ ਨਾਸ ਕਰਨੇ ਵਾਲੀ, ਵਾਯ, ਬਲਗਮ, ਪੇਟ ਦਾ ਅਫਾਰਾ, ਗੋਲਾ, ਪੇਟ ਦੇ ਅਫਾਰਾ, ਗੋਲਾ, ਤੋਟ ਦੇ ਕ੍ਰਿਮਿ ਤੇ ਲਿੱਫ, ਇਨ੍ਹਾਂ ਦੇ ਨਾਸ ਕਰਨੇ ਵਾਲੀ ਅਜਵਾਇਣ ਕਹੀ ਜਾਂਦੀ ਹੈ ॥੩੦੫॥

(ਬ੍ਰਿਤਾਂਤ)

ਅਜਵਾਇਣ ਦੇ ਝਾੜ ਤਾਰ ਚਾਰ ਫੁਟ ਉਚੇ ਹੁੰਦੇ ਹਨ। ਕ੍ਰਿਸਾਨ ਲੋਗ ਖੇਤਾਂ ਵਿਚ ਬੀਜਦੇ ਹਨ। ਪੱਤੇ ਹਾਲੋਂ ਵਾਂਗ ਛਟੇ ਛੋਟੇ ਕੱਟੇ ਹੋਏ ਹੁੰਦੇ ਹਨ। ਡਾਲੀ ਉਪਰ ਛਤੇ ਲਗਦੇ ਹਨ, ਓਹਨਾਂ ਨੂੰ ਚਿੱਟੇ ਚਿੱਟੇ ਫੁੱਲ ਲਗਦੇ ਹਨ। ਪੱਕ ਜਾਣ ਤਾਂ ਓਹਨਾਂ ਨੂੰ ਕੁੱਟਕੇ ਦਾਣੇ ਕੱਢਦੇ ਹਨ, ਓਹੋ ਅਜਵਾਇਣ ਹੁੰਦੀ ਹੈ। ਦੇਸ਼ ਭੇਦ ਨਾਲ ਇਹ ਤਿੰਨ ਪ੍ਰਕਾਰ ਦੀ ਹੁੰਦੀ ਹੈ ॥੩੦੫॥

ਅਜਮੋਦ ਗੁਣ

ਉਦਰ ਅਨਾਹ ਗੁਲਮ ਕ੍ਰਿਮਜੀਤ। ਰੋਗ ਪਲੀਹਾ ਜਾਵਤ ਮੀਤ।
ਅਜਮੋਦਾਕਰਵਾਤਗਵਾਇ।ਵ੍ਰਿਖਜਾਨਲਿਲਘੁਦ੍ਰਿਗ ਰ ਦ ਜਾਇ ॥੩੦੬॥

੨੫੩੩–ਅਜਮੋਦ, ਕਫ ਤੇ ਵਾਯੂ ਨੂੰ ਨਾਸ ਕਰਦੀ ਹੈ। ਬਲ ਵਧੌਣ ਵਾਲੀ, ਅਗਨਿ ਪੈਦਾ ਕਰਨ ਹਾਰੀ, ਭਾਵ ਚਾਹਕਾਰਕ ਹੈ, ਹਲਕੀ ਤੇ ਨੇਤ ਰੋਗਾਂ ਦੇ ਨਾਸ ਕਰਨਹਾਰੀ ਹੈ ॥੩੦੬॥

(ਬ੍ਰਿਤਾਂਤ)

ਅਜਮੋਦ ਦੇ ਝਾੜ ਵੀ ਛੋਟੇ ਛੋਟੇ ਅਜਵਾਇਨ ਵਾਂਗ ਹੀ ਹੁੰਦੇ ਹਨ। ਮਾਲੀ ਲੋਗ, ਖੇਤਾਂ ਦੇ ਖੇਤ ਹੀ ਬੀਜ ਦਿੰਦੇ ਹਨ। ਉਸਦੀਆਂ ਡਾਲੀਆਂ ਉਤੇ ਵੱਡੇ ਵੱਡੇ ਛੱਤੇ ਲਗਦੇ ਹਨ। ਓਨ੍ਹਾਂ ਉਤੇ ਚਿੱਟੇ ਚਿੱਟੇ ਫੁੱਲ ਆਉਂਦੇ ਹਨ। ਛਤਿਆਂ ਦੇ ਪੱਕ ਜਾਣ ਪਰ ਛੱਤੇ ਫਟਕੇ ਦਾਣੇ ਵੱਖ ਹੋ ਜਾਂਦੇ ਹਨ। ਇਹ ਅਜਮੋਦ ਕਹੀ ਜਾਂਦੀ ਹੈ। ਇਸਦੇ ਅਜਵਾਇਣ ਨਾਲੋਂ ਚੌਗੁਣੇ ਵੱਡੇ ਦਾਣੇ ਹੁੰਦੇ ਹਨ ॥੩੦੬॥

ਧਨੀਏ ਦੇ ਗੁਣ

ਤੁਵਰ ਸਨਿਗਧ ਜੁ ਪਾਂਚਨ ਕਹੀ। ਲਘੁਮੂਤ੍ਰਲ ਵਮਿ ਕ੍ਰਿਮ ਹਰਿ ਸਹੀ।
ਤੀਨ ਦੋਖ ਨੁਤ ਉਸਨਾ ਜਾਨ। ਦੀਪਨ ਰੂਚਜੰ ਗੁਨਜੁ ਵਖਾਨ ॥੩੦੭॥

੨੫੩੪-*ਤੁਵਰ ਅਰਥਾਤ ਧਨੀਆਂ ਚੀਕੂਣਾ, ਪਾਚਨ, ਹਲਕਾ ਮੂਤ ਪੈਦਾ ਕਰਨ ਵਾਲਾ, ਕੈ, ਕ੍ਰਿਮਿ ਅਰ ਤ੍ਰਿਦੋਖ ਦਾ ਨਾਸ਼ਕ ਹੈ, ਗਰਮ ਹੈ, ਅਗਨੀ ਵਧੌਣ ਵਾਲਾ ਹੈ, ਰੁਚੀਕਾਰਕ ਗੁਣ ਕਿਹਾ ਜਾਂਦਾ ਹੈ ॥੩੦੭॥

(ਬ੍ਰਿਤਾਂਤ)

ਧਨੀਆਂ ਵੀ ਝਾੜ ਜਾਤੀ ਦਾ ਹੈ, ਖੇਤਾਂ ਅਰ ਬਾਗਾਂ ਵਿਚ ਲਗਾਇਆ ਯਾ ਬੀਜਿਆ ਜਾਂਦਾ ਹੈ।

---

*ਤੁਵਰ–ਕਧੇਲਾ ਵੀ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਇਸਦੇ ਪਤੇ ਕਟੀਲੇ ਅਰਥਾਤ ਕੱਟੇ ਹੋਏ ਅਰ ਨਰਮ ਹੁੰਦੇ ਹਨ। ਦਾਲੀ ਉਪਰ ਛਤੇ ਲਗਦੇ ਹਨ। ਪੱਕ ਜਾਣੇ ਪਰ ਗੋਲ ਗੋਲ ਮੂੰਗ ਵਾਂਗ ਦੇ ਦਾਣੇ ਨਿਕਲਦੇ ਹਨ। ਓਹ ਦਾਣੇ ਦੇਸ ਦੇਸ਼ਾਂਤ੍ਰਾਂ ਵਿਚ ਪ੍ਰਸਿਧ ਹਨ. ਇਸਦੀ ਮਾਤ੍ਰਾ ਦੋ ਮਾਸੇ ਤੋਂ ਛੇ ਮਾਸੇ ਤਕ ਹੈ। ਹਰੇ ਪੱਤ੍ ਭਾਜੀ, ਸਬਜੀ ਵਿਚ ਘੇਉ ਨਾਲ ਤੜਕਕੇ ਪਾਓ ਤਾ ਨਿਰਾਲੇ ਆਨੰਦ ਦੇ ਦੇਣੇਹਾਰੇ ਹੁੰਦੇ ਹਨ।

ਰਕਤ ਚੰਦਨ ਗੁਣ--ਦੋਹਰਾ

ਹਿਮ ਸੁਕ੍ਰਲ ਜ੍ਵਰ ਵਮਿ ਚਖ਼ਜ ਖਯ ਪਯਾਸ ਰਕਤ ਪਿਤ ਨਾਸ।
ਇਨ ਰੋਗਨ ਗੁਨ ਕਰਤ ਹੈ ਚੰਦਨ ਰਕਤ ਪ੍ਰਕਾਸ॥੩੦੮॥

੨੫੩੨–ਠੰਢਾ, ਬੀਰਜ ਵਰਧਕ, ਤਾਪ, ਕੈ ਅਰ ਨੇਤ੍ਰ ਰੋਗ ਇਨ੍ਹਾਂ ਨੂੰ ਨਾਸ ਕਰਨਹਾਰਾ ਹੈ। ਖਈ, ਪਯਾਸ, ਰਕਤ ਵਿਕਾਰ, ਪਿਤ ਇਨ੍ਹਾਂ ਸਭਨਾਂ ਦੇ ਨਾਸ ਕਰਨਹਾਰਾ ਰਕਤ (ਲਾਲ) ਚੰਦਨ ਕਿਹਾ ਹੈ ॥ ੩੦੮ ॥

(ਬ੍ਰਿਤਾਂਤ)

ਲਾਲ ਚੰਦਨ ਦੇ ਸਰੀਂਹ ਦੇ ਸਮਾਨ ਬੜੇ ਬੜੇ ਉਦੇ ਬ੍ਰਿਛ ਹੁੰਦੇ ਹਨ। ਪਤੇ ਕੁਛ ਲੰਮੇ, ਕੋਣੇ ਗੋਲ ਹੁੰਦੇ ਹਨ, ਦੋ ਦੋ ਤਿੰਨ ਤਿੰਨ ਇੰਚ ਲੰਮੀਆਂ ਫਲੀਆਂ ਲਗਦੀਆਂ ਹਨ। ਓਨ੍ਹਾਂ ਫਲੀਆਂ ਵਿਚੋਂ ਲਾਲ ਲਾਲ ਰੱਤਕਾਂ ਜੇਹੇ ਦਾਣੇ ਨਿਕਲਦੇ ਹਨ। ਇਸਦੀ ਲਕੜੀ ਲਾਲ ਰੰਗ ਦੀ ਹੁੰਦੀ ਹੈ, ਏਹੋ ਪ੍ਰਯੋਗ ਵਿੱਚ ਲਈ ਜਾਂਦੀ ਹੈ, ਇਸੇ ਨੂੰ ਰਕਤ (ਲਾਲ) ਚੰਦਨ ਕਿਹਾ ਜਾਂਦਾ ਹੈ, ਮਾਤ੍ਰਾ ੪ ਦਾਸੇ ਦੀ ਹੈ॥੩੦੮॥

ਅਗੁਰ ਗੁਣ

ਸੀਤਵਾਦ ਕਫ ਪਿੱਤ ਹਰਿ ਚਰਮ ਅੱਖ ਦੁਖ ਕਾਨ।
ਉਸਨ ਤੀਖਣੰ ਚੰਦਨੰ ਅਗਰ ਤਨਾ ਗੁਣ ਜਾਨ॥੩੦੯॥

੨੫੩੬--ਠੰਢਾ, ਵਾਯੂ, ਕਫ, ਤੇ ਪਿੱਤ ਦਾ ਨਾਸ਼ਕ ਹੈ, ਚਮੜੇ ਦੇ ਫੋਗਾਂ ਨੂੰ, ਨੇਤ੍ਰਾਂ ਦੇ ਰੋਗਾਂ ਨੂੰ, ਕੰਨਾਂ ਦੇ ਰੋਗਾਂ ਨੂੰ ਨਸ਼ਟ ਕਰਦਾ ਹੈ। ਗਰਮ ਹੈ. ਤੀਛਣ ਹੈ, ਇਹ ਅਗੁਰ ਚੰਦਨ ਦੇ ਗੁਣ ਕਹੇ ਹਨ॥੩੦੯॥

(ਬ੍ਰਿਤਾਂਤ)

ਮਲਯ ਪਰਬਤ ਕਰ ਅਸਾਮ ਤਥਾ ਪ੍ਰਸਾਂਤ ਸਮੁੰਦ੍ਰ ਦੇ ਟਾਪੂਆਂ ਵਿੱਚ ਅਗੁਰ ਦੇ ਬ੍ਰਿਛ ਪੈਦਾ ਹੁੰਦੇ ਹਨ। ਇਸਦੀਆਂ ਡਾਲੀਆਂ ਸਿੱਧੀਆਂ ਕਦੇ ਨਹੀਂ ਹੁੰਦੀਆਂ, ਸਗੋਂ ਕਈ ਤਰਾਂ ਦੀਆਂ ਵਿੰਗ ਧੜਿੰਗੀਆਂ ਹੁੰਦੀਆਂ ਹਨ। ਅਗਰ ਦੀਆਂ ਭਾਵੇਂ ਕਈ ਕਿਸਮਾਂ ਹਨ, ਪਰੰਤੂ ਕਾਲਾ ਅਗੁਰ ਸਭ ਤੋਂ ਸਰੇਸਟ ਹੈ। ਵੈਦਯਕ ਦੀਆਂ ਔਸ਼ਧੀਆਂ ਦੇ ਪ੍ਰਯੋਗ ਵਿੱਚ ਕਾਲਾ ਹੀ ਸਰੇਸ਼ਟ ਮੰਨਿਆਂ ਹੈ। ਇਹ ਭਾਰਾ ਇਤਨਾ ਹੈ ਕਿ ਜਲ ਵਿਹ ਡੁਬ ਜਾਂਦਾ ਹੈ ਤੇ ਨਰਮ ਹੁੰਦਾ ਹੈ। ਦੰਦਾਂ ਹੇਠ ਦਬਾਈਏ ਤਾਂ ਦੰਦਾਂ ਦੇ ਨਾਲ ਲੱਗ ਜਾਂਦਾ ਹੈ। ਜਲ ਨਾਲ ਪੀਹਕੇ ਸੁਗੰਧੀ ਕਢੀ ਜਾਂਦੀ ਹੈ, ਕਾਲੇ ਅਗੁਰ ਜੇਹੇ ਦੂਸਰੇ ਅਗੁਰ ਸੁਗੰਧੀਦਾਰ ਨਹੀਂ ਹੁੰਦੇ॥੩੦੯॥

ਕਪੂਰ ਗੁਣ--ਦੋਹਰਾ

ਹਿਮ ਬਾਲਕੁ ਸੀਤਲ ਕਹਯੋ ਤ੍ਰਿਖਾ ਦਾਹ ਕਫ ਹਾਰਿ।

Digitized by Panjab Digital Library | www.panjabdigilib.org

ਰਕਤ ਪਿੱਤ ਪਿੱਤਹਿ ਜ੍ਵਰਹਿ ਜਿਤੈ ਕਪੂਰ ਸੁ ਸਾਰ ॥੩੧੦॥

੩੫੩੭-ਹਿਮਬਾਲਕ-ਮੁਸ਼ਕਕਪੂਰ, ਠੰਢਾ ਹੈ, ਪਿਆਸ, ਦਾਹ, ਕਫ, ਰਕਤਪਿੱਤ, ਪਿੱਤ ਅਤੇ ਤਾਪ ਨੂੰ ਨਾਸ ਕਰਨਹਾਰਾ ਹੈ ॥੩੧੦॥

(ਬ੍ਰਿਤਾਂਤ)

ਕਪੂਰ ਦੇ ਬ੍ਰਿਛ *ਚੀਨ ਤੇ ਜਾਪਾਨ ਵਿਚ ਬਹੁਤ ਹੁੰਦੇ ਹਨ। ਇਹ ਬ੍ਰਿਛ ਤੇਜ ਜਾਤੀ ਵਿਚੋਂ ਗਿਣੇ ਜਾਂਦੇ ਹਨ। ਇਸਦੀਆਂ ਡਾਲੀਆਂ ਦੀ ਛਿੱਲ ਉਪਰੋਂ ਖੋਰੜੀ ਤੇ ਅੰਦਰੋਂ ਚ ਕੁਣੀ ਹੁੰਦੀ ਹੈ। ਪੱਤੇ ਲੰਬੇ ਕੁਛ ਗੁਲਾਈਦਾਰ ਹੁੰਦੇ ਹਨ। ਡਾਲੀਆਂ ਉਤੇ ਮੌਰ (ਬੂਰ) ਆਉਂਦਾ ਹੈ, ਫਲ ਮਟਰ ਦੇ ਸਮਾਨ ਗੋਲ ਗੋਲ ਤੇ ਗੁਛੇ ਲੱਗਦੇ ਹਨ। ਫਲਾਂ ਦੇ ਬੀਜਾਂ ਵਿਚੋਂ ਕਪੂਰ ਜੇਹੀ ਸੁਗੰਧੀ ਆਉਂਦੀ ਹੈ, ਇਸਦੀ ਛਿੱਲ ਨੂੰ ਘੁੱਟੀਏ ਤਾਂ ਦੁੱਧ ਨਿਕਲਦਾ ਹੈ। ਉਸ ਦੁੱਧ ਦਾ ਕਪੂਰ ਬਣਦਾ ਹੈ, ਸੋ ਕਪੂਰ ਦੀਆਂ ਕਈ †ਜਾਤੀਆਂ ਹਨ, ਜਿਸ ਤਰਾਂ-ਭੀਮਸੈਨੀ, ਪਿੰਜ, ਪੋਤਾਸ, ਹਿਮ, ਸਿਤ, ਪਾਂਸੂ, ਸ਼ੰਕ੍ਰਾਵਾਸਸੰਗ, ਅਬਦਸਾਰ, ਜੂਤਿਕਾ, ਤੁਖਾਰ, ਪਤ੍ਰਿਕਾ, ਰੂਪ, ਸੀਤਲ ਅਤੇ ਪਰਣ ਕਪੂਰ ਇਤਯਾਦੀ। ਦੂਸਰੇ ਚੀਨਿਆਂ ਕਪੂਰ ਅਤੇ ਕ੍ਰਿਤਿਮ (ਬਨੌਟੀ) ਕਪੂਰ ਈ ਹੁੰਦੇ ਹਨ ॥੩੧੦॥

ਕਸਤੂਰੀ ਗੁਣ--ਦੋਹਰਾ

ਖਰ੍ਯਾਰ ਉਸਨ ਕਟੁ ਤਿਕਤ ਗੁਰ ਸੀਤ ਸੋਖ ਕਫ ਵਾਤ।
ਸੁੱਕ੍ਰਲ ਵਮਿ ਜ੍ਵਰ ਇਨ ਹਰਤ ਗੁਨ ਕਸਤੂਰੀ ਸਾਤ ॥੩੧੧॥

੨੫੩੮—ਖਾਰੀ, ਗਰਮ, ਕੌੜੀ, ‡ਤੀਛਣ, ਭਾਰੀ, ਸਰਦ, ਸੋਖ, ਕਫ ਤੇ ਬਾਤ ਨੂੰ ਨਾਸ਼ ਹਰਨ ਹਾਰੀ, ਬੀਰਜ ਵਧੌਣ ਵਾਲੀ, ਕੈ ਅਤੇ ਤਾਪ ਆਦਿ ਦੀ ਨਾਸ ਕਰਤਾ ਹੈ ॥੩੧੧॥

(ਬ੍ਰਿਤਾਂਤ)

ਕਸਤੂਰੀ ਹਰਣ ਦੀ ਨਾਭੀ ਤੋਂ ਪੈਦਾ ਹੁੰਦੀ ਹੈ। ਹਰਣ ਨੂੰ ਸਾਰਕੇ ਉਸਦੀ ਨਾਭੀ ਵੱਢ ਲੈਂਦੇ ਹਨ। ਉਹ ਨਾਪਾ (ਨਾਭਾ) ਤੋਲ ਵਿਚ ੩ ਯਾ ੪ ਤੋਲੇ ਤਕ ਦਾ ਹੁੰਦਾ ਹੈ। ਉਸਨੂੰ ਕਸਤੂਰੀ ਦਾ ਨਾਭਾ ਆਖਦੇ ਹਨ। ਇਹ ਗੋਲ ਹੁੰਦਾ ਹੈ, ਉਪਰ ਇਸਦੇ ਛੋਟੇ ਛੋਟੇ ਬਾਲ ਹੁੰਦੇ ਹਨ। ਰੰਗ ਭੂਰਾ ਹੁੰਦਾ ਹੈ। ਇਕ ਪਾਸਿਉਂ ਕੱਟਿਆ ਹੋਇਆ ਅਜੇਹਾ ਨਿਸ਼ਾਨ ਹੁੰਦਾ ਹੈ ਕਿ ਦੇਖਣ ਵਿਚ ਆੜੂ ਦੇ ਬਰਾਬਰ ਹੁੰਦਾ ਹੈ, ਨਾਭੇ ਨੂੰ ਚੀਰਕੇ ਵਿਚੋਂ ਕਸਤੂਰੀ ਕਢਦੇ ਹਨ। ਕਿਸੇ ਵਿਚੋਂ ਮਕਈ ਦੇ ਆਟੇ ਸਮਾਨ ਨਿਕਲਦੀ ਹੈ, ਕਿਸੀ ਵਿਚੋਂ ਸੀਲ੍ਹ ਦੇ ਦਾਣੇ ਜੇਹੀ ਕਿਸੀ ਵਿਚੋਂ ਤਿਲਾਂ ਜੇਹੀ, ਕਿਸੀ ਵਿਚੋਂ ਕੁਲਥੀ ਦੇ ਬੀਆਂ ਸਮਾਨ, ਕਿਸੀ ਵਿਚੋਂ ਕਲੌਂਜੀ ਦੇ ਦਾਨਿਆਂ ਸਮਾਨ, ਅਰ ਕਿਸੀ ਨਾਭੀ ਵਿਚੋਂ ਇਲਾਇਚੀ ਦੇ ਦਾਨਿਆਂ ਸਮਾਨ ਕਸਤੂਰੀ ਨਿਕਲਦੀ ਹੈ। ਜਿਨ੍ਹਾਂ ਹਰਨਾਂ ਦੀ ਨਾਭੀ ਵਿਚੋਂ

---

*ਇਸਦੀ ਲਕੜੀ ਦੇ ਸੰਦੂਕ ਹੁੰਦੇ ਹਨ ਜਿਨਾਂ ਵਿਚ ਬਸਤ੍ਰ ਆਦਿ ਰਖੋ ਤਾਂ ਕਿਸੀ ਤਰਾਂ ਦਾ ਲੇਹਾ ਲਗਣ ਦਾ ਖਤਰਾ ਨਹੀਂ ਹੁੰਦਾ, ਅਸਾਂ ਚੀਨ ਦੇਸ਼ ਦੀ ਯਾਤਰਾ ਕਰਦੇ ਸਮਯ ਇਸ ਦੀ ਲਕੜੀ ਦਾ ਸੰਦੂਕ ਅਤੇ ਇਕ ਬਣਮਾਣੂ ਮੁਲ ਲਿਆ ਸੀ, ਸੋ ਤਕਲੀਫ ਦੇ ਕਾਰਣ ਦੇਸ਼ ਤਕ ਨਹੀਂ ਆਯਾ।

†ਵਿਸ਼ੇਸ਼ ਭੇਦ ਮੇਰੇ ਬਣਾਏ 'ਨਿਰਮਲ ਕੋਸ਼' ਵਿਚ ਦੇਖੋ।

‡ਤੀਛਣ ਦਾ ਭਾਵ ਇਹ ਹੈ ਕਿ ਹਰ ਇਕ ਅਸਥਾਨ ਜਾ ਪੁਜਦੀ ਹੈ,ਅਰਥਾਤ ਇਹ ਬਦਰਕਾ ਹੈ।

Digitized by Panjab Digital Library | www.panjabdigilib.org

ਕਸਤੂਰੀ ਨਿਕਲਦੀ ਹੈ, ਉਹ ਹਰਨ ਕਸ਼ਮੀਰ. ਨੈਪਾਲ ਅਤੇ ਕਾਮਰੂ ਦੇਸ਼ ਵਿਚ ਹੁੰਦੇ ਹਨ। ਉਨ੍ਹਾਂ ਦਾ ਨਾਮ ਕਸਤੂਰੀ ਮ੍ਰਿਗ ਬੋਲਿਆ ਜਾਂਦਾ ਹੈ। ਹੁਣ *ਬਣੌਟੀ ਬਹੁਤ ਬਣਾਕੇ ਵੇਚਦੇ ਹਨ, ਮਾਤ੍ਰਾ ਪੌਨੇ ਮਾਸੇ ਦੀ ਹੈ ॥੩੧੧॥

ਜਾਵਿਤ੍ਰੀ ਗੁਣ–ਚੌਪਈ

ਉਸਨ ਕਟੁਕ ਲਘੁ ਕਫ ਹਰਨ ਅਰੁਕੰ ਵਰਣ ਕਰਾਇ।
ਸ੍ਵਾਸ ਕਾਸ ਵਮਿ ਤ੍ਰਿਟ ਜਹਰ ਜਾਵਤ੍ਰੀ ਤੇ ਜਾਇ ॥੩੧੨॥

੨੫੩੯–ਗਰਮ, ਕੌੜੀ, ਹਲਕੀ, ਕਫ, ਅਰੁਚੀ ਨੂੰ ਨਾਸ ਕਰਨ ਹਾਰੀ, ਰੰਗ ਨੂੰ ਉੱਤਮ ਕਰਨ ਹਾਰੀ ਹੈ, ਦਮਾਂ, ਖਾਂਸੀ, ਕੈ, ਪਿਆਸ ਅਤੇ ਜ਼ਹਰ ਇਨ੍ਹਾਂ ਨੂੰ ਜਾਵਿਤ੍ਰੀ ਨਸ਼ਟ ਕਰਦੀ ਹੈ ॥੩੧੨॥

(ਬ੍ਰਿਤਾਂਤ)

ਜਾਵਿਤ੍ਰੀ ਤੇ ਜਾਇਫਲ ਇਕ ਹੀ ਰੁਖ ਤੋਂ ਪੈਦਾ ਹੁੰਦੇ ਹਨ। ਸੁਮਾਂਦ੍ਰਾ, ਸਿੰਗਲ ਅਤੇ ਪੇਨਾਂਗ ਆਦਿ ਦੇਸ਼ਾਂ ਵਿਚ ਅਰ ਭਾਰਤ ਦੇ ਮਹਾਂ ਸਮੁੰਦ੍ਰ ਦੇ ਟਾਪੂਆਂ ਵਿਚ ਜਾਇਫਲ ਅਧਿਕਤਾ ਨਾਲ ਹੁੰਦਾ ਹੈ। ਦੇਖਣ ਵਿਚ ਸੁੰਦ੍ਰ, ਹਰੇ ਰੰਗ ਦਾ ਹੁੰਦਾ ਹੈ। ਅਜ ਕਲ ਦੱਖਣ ਦੇਸ਼ ਵਿਚ ਵੀ ਇਸਦੀ ਅਧਿਕਤਾ ਹੋਣ ਲਗੀ ਹੈ। ਜਾਇਫਲ ਦੇ ਉਪਰ ਦੀ ਛਿਲ ਫਟਕੇ ਲਾਲ ਕੇਸਰ ਜੇਹੀ ਚਪਟੀ ਜੇਹੀ ਜੇੜੀ ਹੁੰਦੀ ਹੈ, ਸੋਈਓ ਜਾਵਿਤ੍ਰੀ ਕਹੀ ਜਾਂਦੀ ਹੈ। ਇਸਦੇ ਫਲ ਦੇ ਬੀਜ ਨੂੰ ਜਾਇਫਲ ਕਿਹਾ ਜਾਂਦਾ ਹੈ, ਸੁਗੰਧ ਹੋਣੇ ਤੇ ਜਾਵਿਤ੍ਰੀ ਪਾਨ ਵਿਚ ਰੱਖਕੇ ਵੀ ਖਾਈ ਜਾਂਦੀ ਹੈ, ਮਾਤ੍ਰਾ ੪ ਰੱਤੀਆਂ ੧ ਮਾਸੇ ਤਕ ਦੀ ਹੈ ॥੩੧੨॥

ਕੇਸਰ ਗੁਣ

ਬ੍ਰਿਨ ਸੋਧਨ ਤ੍ਰਯ ਦੋਖ ਹਰਿ ਕਟੁ ਹਿਕ੍ਵਾ ਵਮਿ ਜੀਤ।
ਬਦਨ ਗੰਧ ਦੁਖ ਸੀਸ ਕ੍ਰਿਮ ਕਸਰ ਗੁਣ ਮਿਟਿ ਸੀਤ ॥੩੧੩॥

੨੫੪੦–ਜ਼ਖਮਾਂ ਨੂੰ ਭਰਨ ਵਾਲਾ, ਤ੍ਰਿਦੋਖ ਦਾ ਨਾਸਕ, ਕੌੜਾ, ਹਿਡਕੀ, ਕੈ, ਮੂੰਹ ਦੀ ਦੁਰਗੰਧੀ, ਸਿਰ ਪੀੜਾ ਤੇ ਕ੍ਰਿਮਿ ਰੋਗ ਤੇ ਸੀਤ ਸਭਨਾਂ ਨੂੰ ਨਾਸ ਕਰਨ ਵਾਲਾ ਹੈ ॥੩੧੩॥

(ਬ੍ਰਿਤਾਂਤ)

ਕੇਸਰ ਦੇ ਝਾੜ, ਕਾਸ਼ਮੀਰ, ਬਲਖ ਬੁਖਾਰਾ, ਤੇ ਈਰਾਨ ਆਦਿ ਦੇਸ਼ਾਂ ਵਿੱਚ ਅਧਿਕਤਾ ਨਾਲ ਹੁੰਦੇ ਹਨ। ਇਸਦਾ ਝਾੜ ਨਾ ਬਹੁਤਾ ਵਡਾ ਨਾ ਬਹੁਤ ਛੋਟਾ ਕਿੰਤੂ ਮੱਧਮ ਜਾਤੀ ਦਾ ਹੁੰਦਾ ਹੈ। ਝਾੜ ਦੇ ਹੇਠ ਇਕ †ਗੰਢ ਜੇਹੀ ਹੁੰਦੀ ਹੈ, ਉਪਰ ਇਕ ਛੱਤੇਦਾਰ ਫੂਲ ਲਗਦਾ ਹੈ। ਉਸਦੇ ਉਪਰ ਮਹੀਨ ਮਹੀਨ ਤਾਰਾਂ ਨਿਕਲਦੀਆ ਹਨ, ਉਹ ਕੁਛ ਪੀਲੇਪਨ ਨਾਲ ਲਾਲ ਹੁੰਦੀਆਂ ਹਨ। ਜਿਸ ਤਰਾਂ ਕਸੁੰਭੇ ਦਾ ਫਲ ਲਾਲ ਤੰਤੂਆਂ ਵਾਲਾ ਹੁੰਦਾ ਹੈ, ਏਸੇਤਰਾਂ ਕੇਸਰ ਦੇ ਫੂੱਲ ਹੁੰਦੇ ਹਨ। ਓਨਾਂ ਨੂੰ ਚੁਣ ਚੁਣ ਕੇ

---

*ਹਰਣ ਦੀ ਖੱਲੜੀ ਵਿਚ ਗੁਲਾਬ ਦਾ ਥੋੜਾ ਅਤ੍ਰ ਪਾਕੇ ਗਿਲੀ ਮਿਟੀ ਬੰਦ ਕਰਕੇ ਕਟਕੇ ਨਾਫੇ ਦੀ ਸ਼ਕਲ ਬਣਾਕੇ ਵੇਚਦੇ ਹਨ, ਸੋ ਖਬਰਦਾਰ ਰਹੋ।

†ਯੂਨਾਨੀ ਵਿੱਚ ਇਸ ਗੰਢ ਨੂੰ 'ਕੁੰਗੂ ਮੁਢੀ' ਆਖਦੇ ਹਨ।

Digitized by Panjab Digital Library | www.panjabdigilib.org

ਡੱਬੀਆਂ ਵਿਚ ਭਰ ਰਖਦੇ ਹਨ। ਸਭਨਾਂ ਦੇਸ਼ਾਂ ਵਿਚੋਂ ਕਸ਼ਮੀਰ ਦਾ ਕੇਸਰ ਸਰੇਸ਼ਟ ਸਮਝਿਆ ਜਾਂਦਾ ਹੈ। ਸੁਕਾ ਹੋਯਾ ਸੁਗੰਧੀ ਸਮੇਤ ਗਰਮ, ਕੇਸਰ ਦੇਸੀ ਵੈਦਯਕ ਚਕਿਤਸਾ ਦੀ ਅਪੇਖਯਾ ਈਰਾਨੀ ਚਕਿਤਸਾ ਵਾਲਿਆਂ ਦੇ ਕੰਮ ਵਧੇਰੇ ਆਉਂਦਾ ਹੈ। ਈਰਾਨ ਦੇਸ਼ ਵਿਚ ਇਸਦਾ ਵਰਤਣਾ ਕਈ ਪ੍ਰਕਾਰ ਨਾਲ ਹੁੰਦਾ ਹੈ। ਪ੍ਰਸਵ ਕਰਨ ਨੇ ਵਾਸਤੇ ਈਰਾਨ ਦੇਸ਼ ਦੀਆਂ ਤ੍ਰੀਵੀਆਂ ਕੇਸਰ ਦੀਆਂ ਗੋਲੀਆਂ ਹਮੇਸ਼ਾਂ ਅਨੰਦ ਨਾਲ ਕਪੜੇ ਪੱਲੇ ਬੰਨ੍ਹ ਰਖਦੀਆਂ ਹਨ। ਪ੍ਰਸਵ ਹੋਣੇ ਦੇ ਬਾਦ, ਜਰਾਯੂ ਦੀ ਪੀੜਾ ਹਟੌਣ ਵਾਸਤੇ, ਹਰ ਰੋਜ਼ ਨਿਯਮ ਨਾਲ ਖਾਂਦੀਆਂ ਹਨ। ਹੋਮਿਓ ਪੈਥਿਕ ਦੇ ਮਤ ਵਿਖੇ ਰਜੋ (ਰਿਤੂ) ਸੰਬੰਧੀ ਰੋਗ ਵਿੱਚ ਇਸਦਾ ਪ੍ਰਯੋਗ ਕੀਤਾ ਜਾਂਦਾ ਹੈ, ਮਾਤ੍ਰਾ ੩ ਮਾਸੇ ਦੀ ਹੈ, ਹੁਣ ਕੇਸਰ ਬਣੌਟੀ ਬਣਕੇ ਵਿਕਦਾ ਹੈ, ਪਾਂਪੁਰ (ਸ੍ਰੀ ਨਗਰ) ਵਿਖੇ ਕੇਸਰ ਪੈਂਦਾ ਹੁੰਦਾ ਹੈ, ਸੋ ਮੱਘਰ ਮਹੀਨੇ ਉਤਰਦਾ ਹੈ ਮੈਂ ਓਥੇ ਪਹੁੰਚਕੇ ਸਰਦੀ ਤੋਂ ਡਰਕੇ ਵਾਪਸ ਆ ਗਿਆ, ਸੋ ਜੇਹੜਾ ਜਾਣਾ ਚਾਹੇ, ਇਸ ਮਹੀਨੇ ਲੈ ਸਕਦਾ ਹੈ ਪ੍ਰੰਤੂ ਕੇਸਰ ਨੂੰ ਧੋ ਧਾ ਕੇ ਸੁਧ ਕੀਤਾ ਜਾਂਦਾ ਹੈ ॥੩੧੩॥

ਲੌਂਗ ਗੁਣ—ਦੋਹਰਾ

ਰੂਖੋ ਹਿਮ ਪਾਚਨ ਤਿਕਤ ਲਘੁ ਚੱਖਯੁ ਸੂਰ ਵਿਕਾਰ।
ਖਯਤ ਖਯ ਅਫਰਾ ਕਾਸ ਕਫ ਸ੍ਵਾਸ ਪਿੱਤ ਗੁਣ ਕਾਰ ॥੩੧੪॥
ਪੀਨਸ ਵਿਖ ਤ੍ਰਿਟ ਅਸ੍ਰਗ ਔਰ ਮਿਟੈ ਅਧਮਾਨ।
ਏਤੇ ਗੁਣ ਹੈ ਲੌਂਗ ਕੇ ਤਾਪ ਵਾਤ ਕੋ ਠਾਨ ॥੩੧੫॥

੨੫੪੧—ਰੁੱਖਾ, ਠੰਢਾ, ਪਾਚਨ, ਤੀਛਣ, ਹਲਕਾ, ਨੇਤ੍ਰਾਂ ਦਾ ਹਿਤਕਾਰੀ ਸੂਲ ਦਾ ਨਾਸ ਕਰਨਹਾਰਾ ਹੈ, ਖਈ ਨੂੰ ਖਯ ਕਰਨ ਹਾਰਾ, ਅਫਾਰਾ, ਤਾਪ ਅਤੇ ਵਾਯੂ ਸਭ ਦਾ ਨਾਸ ਕਰਨਾ ਲੌਂਗ ਦਾ ਗੁਣ ਹੈ ॥੩੧੪॥੩੧੫॥

(ਬ੍ਰਿਤਾਂਤ)

ਲੌਂਗ ਦੇ ਰੁੱਖ ਜੰਗਲ ਮਲਯਵਾਰ ਵਿੱਚ ਅਧਿਕਤਾ ਨਾਲ ਪੈਦਾ ਹੁੰਦੇ ਹਨ ਦੇਖਣੇ ਵਿਚ ਬਹੁਤ ਸੋਹਣੇ, ਹਰੇ ਹਰੇ ਪੱਤਿਆਂ ਵਿਚੋਂ ਮਹਾਂ ਸੁਗੰਧ ਔਂਦੀ ਹੈ, ਇਸਦੇ ਫੁੱਲਾਂ ਅਰਥਾਤ ਕਲੀਆਂ ਨੂੰ ਲੌਂਗ ਆਖਦੇ ਹਨ। ਜਦ ਲੌਂਗਾਂ ਦੇ ਗੁੱਛੇ ਬ੍ਰਿਛਾਂ ਪਰ ਲਗਦੇ ਹਨ, ਤਦ ਕ੍ਰੋਬ ਦੇ ਬ੍ਰਿਛਾਂ ਨੂੰ ਕੋਹਾਂ ਤਕ ਸੁਗੰਧੀ ਵਾਲੇ ਕਰ ਦਿੰਦੇ ਹਨ। ਧੰਨਯ ਹੈ ਓਹ ਮਲਯਵਾਰ ਆਦਿਕ ਦੇਸ਼, ਜਿੱਥੇ ਅਜੇਹੇ ਸੁਗੰਧੀ-ਦਾਰ ਬ੍ਰਿਛ ਪੈਦਾ ਹੁੰਦੇ ਹਨ, ਮਾਤ੍ਰਾ ੩ ਮਾਸੇ ਦੀ ਹੈ ॥੩੧੪॥੩੧੫॥

ਜਾਤੀਫਲ (ਜਾਇਫਲ) ਗੁਣ--ਸ਼ੰਕਰ ਛੰਦ

ਉਸਨ ਤੀਖਯਣ ਔਰ ਰੇਚਨ ਦੀਪਨੰ ਕ੍ਰਿਮ ਨਾਸ।
ਵਮਨ ਪੀਨਸ ਹ੍ਰਿਦਯ ਸ੍ਵਾਸੈ ਹਰਤ ਸਕਲੇ ਕਾਸ।
ਬਾਤ ਹਰਤਾ ਸੁਰਸ ਕਰਤਾ ਮੁਖ ਵਿਰਸ ਹਰ ਸੋਖ।
ਕਫ ਗੁਵਾਵੈ ਬੰਭੈ ਬੀਰਜ ਜਾਯਫਲ ਗੁਨ ਜੋਖ ॥੩੧੬॥

Digitized by Panjab Digital Library | www.panjabdigilib.org

੨੫੪੨—ਗਰਮ, ਤੀਖਣ, ਦਸਤਾਵਰ, ਅਗਨੀ ਤੇਜ਼ ਕਰਨ ਵਾਲਾ, ਕ੍ਰਿਮਿ ਨਾਸ਼ਕ, ਕੈ, ਰੇਸ਼ਾ, ਹ੍ਰਿਦਯ ਰੋਗ, ਸਵਾਸ ਰੋਗ, ਸਭ ਤਰਾਂ ਦੀ ਖਾਂਸੀ, ਵਾਯੂ, ਇਨ੍ਹਾਂ ਨੂੰ ਨਾਸ ਕਰਨ ਹਾਰਾ, ਸੁਰ ਵਧੌਣਾ ਵਾਲਾ, ਮੂੰਹ ਦੀ ਵਿਰਸਤਾ ਹਟੌਣ ਵਾਲਾ, ਸੋਖ ਨੂੰ ਦੂਰ ਕਰਨ ਵਾਲਾ, ਕਫ ਦਾ ਨਾਸ਼ਕ ਤੇ ਬੰਧੇਜ ਕਰਨ ਵਾਲਾ ਜਾਇਫਲ ਹੈ ॥੩੧੬॥

(ਬ੍ਰਿਤਾਂਤ)

ਪੂਰਬ ਅਰ ਦੱਖਣ ਦਿਸ਼ਾ ਦੀ ਤਰਫ ਜਾਇਫਲ ਦੇ ਬ੍ਰਿਛ ਬਹੁਤ ਹੁੰਦੇ ਹਨ, ਫਲ ਜਾਮਣੂ ਦੇ ਸਮਾਨ, ਕੁਛ ਲੰਬਾਈ ਸਮੇਤ, ਗੋਲ ਗੋਲ ਹੁੰਦੇ ਹਨ, ਇਸਦੀ ਛਿਲ ਦੇ ਅੰਦਰ ਬਾਲ ਜੈਸਾ ਗੁੱਛਾ ਹੁੰਦਾ ਹੈ, ਉਸਨੂੰ ਜਾਵਿਤ੍ਰੀ ਆਖਦੇ ਹਨ, ਕੁਛ ਕਾਲ ਪਿੱਛੋਂ ਉਸਦਾ ਰੰਗ ਪੀਲਾ ਪੈ ਜਾਂਦਾ ਹੈ, ਉਸ ਦੇ ਅੰਦਰ ਕਰੜਾ ਬੀਜ ਹੁੰਦਾ ਹੈ, ਉਸਨੂੰ ਤੋੜੀਏ ਤਾਂ ਫਿਰ ਜਾਇਫਲ ਨਿਕਲਦਾ ਹੈ। ਮਾਤ੍ਰਾ ੪ ਮਾਸੇ ਦੀ ਹੈ ॥੩੧੬॥

ਦਾਲਚੀਨੀ ਗੁਣ—ਦੋਹਰਾ

ਲਘੁ ਉਸਨ ਕਟੁ ਤਿਕਤ ਹੀ ਪਿੱਤਲ ਕਫ ਹਰਿ ਬਾਤ।
ਕੰਡੂ ਅਰੁਚਿ ਕ੍ਰਿਮ ਅਰਸ ਰੁਜ ਪੀਨਸ ਹਿਯ ਗਦ ਗਾਤ ॥੩੧੭॥
ਵਸਤੁ ਰੋਗੁ ਹਿਯ ਸੁਕ੍ਰ ਕਰ ਦਾਲਚੀਨਿ ਗੁਨ ਏਹ।
ਗੁਣ ਜੁ ਰਤਨਮਾਲਾ ਭਨੇ ਕਹੇ ਮੇਘ ਸੋ ਤੇਹ ॥੩੧੮॥

੨੫੪੩—ਹਲਕੀ. ਗਰਮ, ਕੌੜੀ, ਤੀਛਣ, ਪਿੱਤ ਕਰਨ ਵਾਲੀ, ਕਫ ਤੇ ਵਾਯੂ ਦੀ ਨਾਸ਼ਕ, ਖੁਰਕ, ਅਰੁਚੀ, ਕ੍ਰਿਮਿ, ਬਵਾਸੀਰ, ਨਜ਼ੂਲਾ, ਹ੍ਰਿਦਯ ਰੋਗ, ਮੂਤ੍ਰਾਸ਼ਯ ਦੇ ਰੋਗ ਹਰਨ ਵਾਲੀ, ਵੀਰਜ ਵਧੌਣ ਵਾਲੀ,ਅਜੇਹੀ ਗੁਣ ਵਤੀ 'ਗੁਣਰਤਨਮਾਲਾ' ਵਿੱਚ ਦਾਲਚੀਨੀ ਕਹੀ ਹੈ ॥੩੧੭॥੩੧੮॥

(ਬ੍ਰਿਤਾਂਤ)

ਦਾਲਚੀਨੀ ਦੇ ਬ੍ਰਿਛ, ਸਿੰਗਲ (ਲੰਕਾ) ਮਲਯਵਾਰ, ਕੋਚੀਨ, ਚੀਨ, ਸੁਮਾਤ੍ਰਾ ਅਰ ਜਾਵਾ ਆਦਿ ਦੇਸਾਂ ਵਿਚ ਬਹੁਤ ਹੁੰਦੇ ਹਨ, ਇਸਦੇ ਪੱਤ੍ਰਤਮਾਲ ਪਤ੍ਰ ਦੇ ਸਮਾਨ ਹੁੰਦੇ ਹਨ। ਪੱਤਿਆਂ ਨੂੰ ਸੁਕਾਈਏ ਤਾਂ ਲੌਂਗਾਂ ਜੇਹੀ ਸੁਗੰਧੀ ਔਂਦੀ ਹੈ, ਡੰਡੀ ਦੇ ਉੱਪਰ ਚਿੱਟਾ ਫੁੱਲ ਔਂਦਾ ਹੈ, ਫੁਲ ਵਿਚ ਗੁਲਾਬ ਵਾਂਗ ਸੁਗੰਧੀ ਹੁੰਦੀ ਹੈ, ਫਲ ਕ੍ਰੌਂਦੇ ਦੇ ਫਲ ਸਮਾਨ ਕੁਛ ਲਾਲ, ਕੁਛ ਸਫੈਦ ਹੁੰਦੇ ਹਨ, ਇਸ ਵਿਚੋਂ ਤੇਲ ਨਿਕਲਦਾ ਹੈ, ਇਸਦੇ ਫੁਲ ਦਾ ਅਰਕ ਅਰ ਸਾਰਾਂਸ ਬਣੌਂਦੇ ਹਨ। ਲੰਕਾ ਦੀ ਦਾਲਚੀਨੀ ਉਤਮ ਹੁੰਦੀ ਹੈ। ਬ੍ਰਿਛ ਦੀ ਪਤਲੀ ਛਿਲ ਨੂੰ ਦਾਲਚੀਨੀ ਆਖਦੇ ਹਨ। ਇਸ ਢੰਗ ਦੀ ਦੂਸਰੀ ਜਾਤਿ ਦੇ ਬ੍ਰਿਛ ਦੀ ਮੋਟੀ ਛਿਲ ਨੂੰ †'ਤਜ' ਆਖਦੇ ਹਨ, ਦਾਲਚੀਨੀ ਦੀ ਮਾਤ੍ਰਾ ੨ ਮਾਸੇ ਦੀ ਹੈ ॥੩੧੭॥੩੧੮॥

ਤਜ ਗੁਣ—ਦੋਹਰਾ

ਪੀਨਸ ਅਸ੍ਰ ਆਮ ਹਰਿ ਕੰਡੂ ਮੁਖ ਦੁਰਗੰਧ।

---

†'ਤਜ' ਦਾਲਚੀਨੀ ਨਾਲੋਂ ਵਖਰੀ ਹੈ।

Digitized by Panjab Digital Library | www.panjabdigilib.org

ਹ੍ਰਿਦਯ ਵਸੈਂਤਿ ਕੋ ਹਰਤ ਸਬ ਤਿਕਤ ਰੂਖਯ ਸਨਬੰਧ ॥੩੧੯॥
ਉਸਨ ਲਘੂ ਪਿੱਤਲ ਕਰਨ ਗੁਦਾ ਜੰਤ ਹਰਿ ਲੇਇ।
ਕਫ ਸੋਕ ਸੁੱਕ੍ਰ ਕਰਤ ਗੁਣ ਤਜ ਭਾਖੇ ਸੇਇ ॥੩੨੦॥

੨੫੪੪-ਨਜ਼ੁਲਾ, ਬਵਾਸੀਰ, ਆਮ, ਖੁਰਕ, ਮੂੰਹ ਦੀ ਦੁਰਗੰਧੀ, ਹ੍ਰਿਦਯ ਰੋਗ, ਮੂਤ੍ਰਾਸ਼ਯ ਦੇ ਰੋਗ, ਇਨ੍ਹਾਂ ਸਭਨਾਂ ਦੇ ਨਾਸ ਕਰਨਹਾਰੀ ਹੈ, ਤੀਛਨ, ਰੁਖੀ ਹੈ, ਗਰਮ ਹਲਕੀ, ਪਿੱਤ ਕਰਨ ਵਾਲੀ ਗੁਦਾ ਦੇ ਜੀਵ ਮਾਰਨ ਵਾਲੀ, ਕਫ ਨੂੰ ਖੁਸ਼ਕ ਕਰਨ ਵਾਲੀ ਅਤੇ ਬੀਰਜ ਵਧੌਣ ਵਾਲੀ ਤਜ ਕਹੀ ਹੈ। ਮਾਤ੍ਰਾ ੭ ਮਾਸੇ ਦੀ ਹੈ ॥੩੧੯॥੩੨੦॥

ਲਘੁਇਲਾ (ਬੁੱਜੀ ਲਾਈ) ਗੁਣ-ਦੋਹਰਾ

ਮੂਤ੍ਰ ਕ੍ਰਿਛ ਕਫ ਸ੍ਵਾਸ ਹੀ ਕਾਸ ਅਰਸ ਹਰਿ ਬਾਤ।
ਲਘੁ ਵਮਿ ਹਰਨੀ ਏ ਕਹੀ ਲਘੁ ਏਲਾ ਗੁਨ ਖਯਾਤ ॥੩੨੧॥

੨੫੪੫-ਮੂਤ੍ਰਕ੍ਰਿਛ, ਕਫ. ਦਮਾਂ, ਖਾਂਸੀ, ਬਵਾਸੀਰ, ਗਾਯੂਨਾਸ਼ਕ, ਹਲਕੀ, ਕੈ ਦੇ ਨਾਸ਼ ਕਰਨ ਹਾਰੀ ਬੁਜੀ ਇਲਾਇਚੀ ਕਹੀ ਹੈ ॥੩੨੧॥

(ਬ੍ਰਿਤਾਂਤ)

ਛੋਟੀ ਇਲਾਚੀ ਜਿਸਨੂੰ ਬੁੱਜੀ ਯਾ ਗੁਜਰਾਤੀ ਇਲਾਇਚੀ ਵੀ ਕਿਹਾ ਜਾਂਦਾ ਹੈ, ਇਸਦੇ ਝਾੜ ਗੁਜਰਾਤ ਅਰ ਮਲਯਵਾਰ ਦੇਸ਼ ਵਿੱਚ ਹੀ ਬਹੁਤ ਹੁੰਦੇ ਹਨ। ਇਸਦਾ ਝਾੜ ਲਾਲ (ਡੋਡਾ) ਇਲਾਇਚੀ ਦੇ ਸਮਾਨ ਹੀ ਹੁੰਦਾ ਹੈ ਫੁੱਲ ਸਫੇਦ ਇਲਾਇਚੀ ਦੇ ਅਰ ਲਾਲ ਇਲਾਇਚੀ ਦੋਹਾ ਦੇ ਸੁਗੰਧੀ ਦਾਰ ਹੁੰਦੇ ਹਨ। ਇਸਦੇ ਬੀਜ (ਦਾਣੇ) ਕਾਲੇ ਸਰਸ ਹੁੰਦੇ ਹਨ। ਮਾਤ੍ਰਾ ਇਸਦੀ ਨਿਯਮਿਤ ਨਹੀਂ ॥੩੨੧॥

ਬ੍ਰਿਧਏਲਾ (ਡੋਡਾ ਇਲਾਇਚੀ) ਗੁਣ-ਚੌਪਈ

ਰੂਖੀ ਲਘੁ ਉਸਨਾ ਗੁਣਕਾਰ। ਪਿੱਤ ਕਰਤ ਖਯਤ ਵਰਧਨ ਸਾਰ।
ਵਰਣ ਕਰਤ ਹਰਿ ਕਫ ਵਮ ਬਾਤ। ਵਡੀਏਲਾਚੀ ਗੁਣ ਵਖਯਾਤ॥੩੨੨॥

੨੫੪੬-ਰੁਖੀ. ਗਰਮ, ਪਿੱਤਕਾਰਕ, ਜ਼ਖਮ ਵਧੌਣ ਭਾਵ. ਰਕਤ ਵਿਕਾਰ ਨੂੰ ਹਟੌਣ ਵਾਲੀ, ਰੰਗ ਪੈਦਾ ਕਰਨ ਵਾਲੀ, ਕੈ ਤੇ ਬਾਤ, ਇਨ੍ਹਾਂ ਨੂੰ ਨਾਸ ਕਰਨ ਵਾਲੀ ਵਡੀ ਇਲਾਇਚੀ ਕਹੀ ਹੈ ॥੩੨੨॥

(ਬ੍ਰਿਤਾਂਤ)

ਵਡੀ ਇਲਾਇਚੀ ਦੇ ਝਾੜ ਵੀ, ਅਦ੍ਰਿਕ ਦੇ ਸਮਾਨ ਛੋਟੇ ਛੋਟੇ ਹੁੰਦੇ ਹਨ। ਪਤੇ ਵੀ ਅਦ੍ਰਿਕ ਵਾਂਗ ਪਰੰਤੂ ਅਦ੍ਰਿਕ ਨਾਲੋਂ ਕੁਛ ਚੋੜੇ ਹੁੰਦੇ ਹਨ। ਦਾਣਿਆਂ ਵਿਚੋਂ ਸੁਗੰਧੀ ਔਂਦੀ ਹੈ, ਰੰਗ ਲਾਲ ਹੁੰਦਾ ਹੈ, ਉੱਪਰ ਜਟਾਂ ਹੁੰਦੀਆਂ ਹਨ, ਜਟਾਂ ਤੋੜ ਦੇਣੇ ਪਰ ਵਿਚੋਂ ਤ੍ਰਿਕੋਣੀ ਨਿਕਲਦੀ ਹੈ, ਉਸਦੇ ਅੰਦਰੋਂ ਫਿਰ ਦਾਣੇ ਨਿਕਲਦੇ ਹਨ ॥੩੨੨॥

Digitized by Panjab Digital Library | www.panjabdigilib.org

ਨਾਗ ਕੇਸਰ ਗੁਣ--ਦੋਹਰਾ

ਉਸਨ ਰੂਖ ਕਖਾਯ ਲਘੁ ਕੰਡੂ ਅਰਸ ਗਵਾਇ।
ਤ੍ਰਿਖਾ ਸ੍ਵੇਦ ਹ੍ਰਿਲਾਸ ਕਫ ਪੀਨਸ ਜੀਤੈ ਥਾਇ ॥੩੨੩॥

੨੫੪੭-ਗਰਮ. ਰੂਖਾ, ਕਸੈਲਾ, ਹਲਕਾ, ਖੁਰਕ ਤੇ ਬਵਾਸੀਰ ਦਾ ਨਾਸ ਕਰਨ ਹਾਰਾ ਹੈ, ਤੇਹ ਪਸੀਨਾ, ਉਬਤ ਔਂਦੇ, ਕਫ, ਨਜ਼ੁਲਾ, ਇਨ੍ਹਾਂ ਦੇ ਜਿਤਣੇ ਵਾਲਾ ਨਾਗਕੇਸਰ ਦਾ ਗੁਣ ਹੈ ॥੩੨੩॥

(ਬ੍ਰਿਤਾਂਤ)

ਪੁੰਨਾਗ ਬ੍ਰਿਛ ਦਾ ਕੇਸਰ ਅਰਥਾਤ, ਨਾਗ ਚੰਬੇ ਦੀਆਂ ਕਲੀਆਂ ਨੂੰ ਨਾਗ ਕੇਸਰ ਆਖਦੇ ਹਨ। ਇਸਦੀਆਂ ਦੋ ਜਾਤੀਆਂ ਹਨ। ਇਹ ਗੋਆ ਅਤੇ ਕੋਂਕਣ ਦੇਸ਼ ਵਿਚੋਂ ਔਂਦਾ ਹੈ। ਪੁੰਨਾਗ ਦੇ ਬੜੇ ਬੜੇ ਬ੍ਰਿਛ ਹੁੰਦੇ ਹਨ। ਇਸਦੀ ਲਕੜੀ ਇਮਾਰਤ ਆਦਿ ਦੇ ਕੰਮਾਂ ਵਿੱਚ ਔਂਦੀ ਹੈ, ਪਤੇ ਚਿੰਚੋੜ ਦੇ ਸਮਾਨ ਲੰਬੇ ਹੁੰਦੇ ਹਨ। ਇਸ ਉਤੇ ਲਾਲ ਫੁਲ ਬਹੁਤ ਬੜੀ ਜਾਤੀ ਦਾ ਔਂਦਾ ਹੈ ਉਸ ਫੁਲ ਵਿਚੋਂ ਜੇੜੇ ਛੋਟੇ ਛੋਟੇ ਦਾਣੇ ਜੇਹੇ ਹੁੰਦੇ ਹਨ, ਉਸਨੂੰ ਹੀ ਵੈਦਜ ਲੋਗ ਨਾਗ ਕੇਸਰ ਆਖਦੇ ਹਨ। ਮਾਤ੍ਰਾ ੨ ਮਾਸੇ ਦੀ ਹੈ, ਪਰੰਤੂ ਅਨਜਾਣ ਵੈਦ ਇਕ ਲੱਕੜੀ ਨੂੰ 'ਗਜ ਕੇਸਰ' ਭੁੱਲ ਨਾਲ ਸਮਝੀ ਬੈਠੇ ਹਨ। ਸੋ ਭੁਲੇਖੇ ਬਾਜਾਂ ਤੋਂ ਬਚੋ, ਪਰੰਤੂ ਇਕ 'ਨਾਗ ਕੇਸਰ' ਭੁਟਾਨ ਦੇਸ਼ ਤੋਂ ਔਂਦਾ ਹੈ, ਓਹ ਚੰਦਨ ਦੇ ਬੂਰ ਜੇਹਾ ਹੁੰਦਾ ਹੈ। ਸੋ ਹਰਿਦਵਾਰ ਤੇ ਮਿਲ ਸਕਦਾ ਹੈ ॥੩੨੩॥

ਪਤ੍ਰਜ ਗੁਣ--ਦੋਹਰਾ

ਉਸਨ ਮਧੁਰ ਤੀਖਣ ਲਘੁ ਪਿੱਤਲ ਹਰਿ ਕਫ ਜਾਨ।
ਅਰੁਚਿ ਪੀਨਸ ਵਾਤ ਹਰਿ ਪੱਤ੍ਰਜ ਗੁਨ ਏ ਠਾਨ ॥੩੨੪॥

੨੫੪੮—ਗਰਮ, ਮਿੱਠੀ, ਤੀਛਣ, ਹਲਕੀ, ਪਿੱਤ ਕਾਰਕ, ਕਫ ਨਾਸਕ, ਅਰੁਚੀ, ਨਜ਼ਲਾ ਤੇ ਬਾਤ, ਏਹਨਾਂ ਦੀ ਨਾਸ ਕਰਨਹਾਰੀ ਪੱਤ੍ਰਜ ਕਹੀ ਜਾਂਦੀ ਹੈ ॥੩੨੪॥

(ਬ੍ਰਿਤਾਂਤ)

ਪਤ੍ਰਜ—ਤੇਜ ਪੱਤ੍ਰ ਯਾ ਤਮਾਲ ਪੱਤ੍ਰ ਹਨ। ਇਸਦੇ ਬ੍ਰਿਛ ਉਤ੍ਰਾ ਖੰਡ ਦੇ ਪਹਾੜਾਂ ਪਰ ਹੁੰਦੇ ਹਨ, ਪਤੇ ਲੰਬੇ ਲੰਬੇ ਤਜ ਦੇ ਪਤਿਆਂ ਸਮਾਨ ਹੁੰਦੇ ਹਨ। ਕੋਈ ਕੋਈ ਵੈਦਜ ਤਜ ਦੇ ਪਤਿਆਂ ਨੂੰ ਹੀ ਪੱਤ੍ਰਜ ਆਖਦੇ ਹਨ। ਇਹ ਸੁਗੰਧਿਤ ਪਦਾਰਥ ਹੈ, ਕਲਮੀ ਤੇਜ ਯਾ ਤਜਸੱਕ ਇਸ ਨਾਲੋਂ ਵੱਖਰਾ ਹੈ ॥੩੨੪॥

ਤ੍ਰਿਜਾਤ ਚਤੁਰਜਾਤ ਨਾਮ—ਦੋਹਰਾ

ਤ੍ਵਗ ਏਲਾ ਪੱਤ੍ਰਜ ਤ੍ਰਿਕੈ ਏ ਸੁਗੰਧ ਤ੍ਰਿਕ ਮਾਨ।
ਗਜ ਕੇਸਰ ਜਬ ਪਰਤ ਹੈ ਚਤੁਰ ਜਾਤ ਤੈ ਠਾਨ ॥੩੨੫॥

੨੫੪੯—ਦਾਲਚੀਨੀ, ਇਲਾਇਚੀ, ਤਜ ਪੱਤ੍ਰ ਇਨ੍ਹਾਂ ਤਿੰਨਾਂ ਨੂੰ ਤਿਸੁਗੰਧੀ ਯਾ ਤ੍ਰਿਜਾਤ ਆਖਦੇ ਹਨ, ਜੇ ਇਸ ਵਿਚ ਨਾਗ ਕੇਸਰ ਪੈ ਜਾਵੇ ਤਾਂ ਚਟੁਰਜਾਤ ਕਹੀ ਜਾਂਦੀ ਹੈ ॥੩੨੫॥

Digitized by Panjab Digital Library | www.panjabdigilib.org

ਸੇਂਧਾ ਲੂਣ ਗੁਣ—ਦੋਹਰਾ

ਪਾਚਨ ਦੀਪਨ ਮਧੁਰ ਹਿਮ ਚਖ੍ਯੁ ਰੋਗ ਹਿਤਕਾਰ।
ਤੀਨ ਦੋਖ ਕੋ ਏ ਹਰਤ ਸੇਂਧਾ ਲਵਨ ਏ ਧਾਰ ॥੩੨੬॥

੨੫੫੦—ਪਾਚਨ, ਅਗਨੀ ਨੂੰ ਤੇਜ ਕਰਨਹਾਰਾ, ਮਿੱਠਾ, ਠੰਢਾ, ਨੇਤ੍ਰਾਂ ਦੇ ਰੋਗਾਂ ਨੂੰ ਹਿਤਕਾਰਕ ਅਰ ਤ੍ਰਿਦੋਖ ਦਾ ਨਾਸ਼ਕ ਇਹ ਸੇਂਧਾ ਲੂਣ ਹੈ ॥੩੨੬॥

(ਬ੍ਰਿਤਾਂਤ)

ਸੇਂਧੇ ਲੂਣ ਦੀਆਂ ਸਿੰਧੁ ਦੇਸ਼ ਅਰ ਪੰਜਾਬ ਦੇ †ਖੀਵੜਾ ਨਾਮਕ ਸਥਾਨ ਪਰ ਖਾਣਾਂ ਹਨ, ਪਥਰ ਵਾਂਗ ਖੋਦਕੇ ਕਢਿਆ ਜਾਂਦਾ ਹੈ। ਇਹ ਸਾਰਿਆਂ ਨਿਮਕਾਂ ਵਿਚੋਂ ਸ਼ੁਧ ਅਰ ਸਰੇਸ਼ਟ ਹੁੰਦਾ ਹੈ। ਲਾਲ ਤੇ ਸਫੈਦ ਭੇਦ ਨਾਲ ਇਹ ਨਿਮਕ ਦੋ ਪ੍ਰਕਾਰ ਦਾ ਹੈ, ਪ੍ਰੰਤੂ ਚਿੱਟਾ ਬਹੁਤ ਸ਼ਲਾਘਾ ਯੋਗ ਹੈ।

ਸੌਂਚਰ ਲੂਣ ਗੁਣ—ਦੋਹਰਾ

ਅਫਾਰਾ ਉਦਰ ਵਿਕਾਰ ਹਰਿ ਪੇਟ ਬੱਧ ਹਰਿ ਸੂਲ।
ਕ੍ਰਿਸ਼ਨਾ ਔਰ ਅਨੇਕ ਹੈਂ ਸਭ ਲਵਨਹਿੰ ਦੋ ਮੂਲ ॥੩੨੭॥

੨੫੫੧—ਅਫਾਰਾ, ਪੇਟ ਦੇ ਵਿਕਾਰ, ਪੇਟ ਦੀ ਰੁਕਾਵਟ, ਸੂਲ ਦਾ ਨਾਸਕ ਹੈ। ਕਾਲੇ ਹੋਰ ਲੂਣ ਅਨੇਕਾਂ ਹਨ, ਪਰੰਤੂ ਇਹ ਜੋ ਨਿਮਕ ਸਭਨਾ ਦੇ ਮੂਲ ਹਨ ॥੩੨੭॥

(ਬ੍ਰਿਤਾਂਤ)

ਇਹ ਨਿਮਕ ਸੱਜੀ ਅਰ ਮਿਠੇ ਨੋਨ ਅਰਥਾਤ ਸਰਸਾਂਭਰ ਤੋਂ ਬਣਾਇਆ ਜਾਂਦਾ ਹੈ ॥੩੨੭॥

ਸਾਂਭਰ ਲੂਣ ਗੁਣ—ਚੌਪਈ

ਉਸਨ ਪਿੱਤਲੰ ਤੀਖਣ ਜਾਨ। ਲਘਵਾਤਾ ਘਨ ਕਟੁ ਪਕ ਆਨ।
ਅਭਿਖਜੰਦੀ ਸਾਂਭਰ ਗੁਣ ਏਹ। ਰਤਨਮਾਲ ਗੁਨ ਭਾਖੇ ਤੇਹ ॥੩੨੮॥

੨੫੫੨—ਗਰਮ, ਪਿੱਤ ਕਾਰਕ, ਤੀਛਣ, ਬਾਤਨਾਸ਼ਕ, ਪਾਕ ਵਿਚ ਚਰਪਰਾ ਤੇ ਕਾਬਜ। ਇਹ ਸਾਂਭਰ ਲੂਣ ਦੇ ਗੁਣ ਰਤਨਮਾਲ ਵਿਚ ਕਹੇ ਹਨ ॥੩੨੮॥

(ਬ੍ਰਿਤਾਂਤ)

ਸਾਂਭਰ ਲੂਣ ਮਰੂ ਦੇਸ ਦੇ ਖਾਰੇ ਤਲਾਵਾਂ (ਛਪੜਾਂ) ਵਿਚੋਂ ਨਿਕਾਲਦੇ ਹਨ ॥੩੨੮॥

ਜੌਂਖਾਰ ਗੁਣ—ਦੋਹਰਾ

ਅਗਨਿ ਕਰਨ ਕਫ ਵਾਤ ਹਰਿ ਆਮ ਸੂਲ ਅਉ ਸ੍ਵਾਸ।
ਮੂਤ੍ਰ ਕ੍ਰਿਛ ਪਥਰੀ ਉਦਰ ਯਵਾਖਾਰ ਗੁਨ ਭਾਸ ॥੩੨੯॥

---

†ਖੀਵੜੇ ਵਿਚ ਲੂਣ ਦੀ ਖ਼ਾਨ ਦੇਖਣੇ ਯੋਗ ਹੈ, ਪਰੰਤੂ ਆਗਜ਼ਾ ਪਤ੍ਰ ਲਏ ਬਗੈਰ ਅੰਦਰ ਜਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ।

Digitized by Panjab Digital Library | www.panjabdigilib.org

ਗੁਲਮ ਅਰ ਸੰਗ੍ਰਹਣੀ ਮਿਟੈ ਪਾਂਡੁ ਅਨਾਹ ਪਲੀਹ।
ਹ੍ਰਿਦਯ ਰੋਗ ਜ੍ਵਰ ਵਿਖਮ ਹਰਿ ਯਵਾਖਾਰ ਗੁਨ ਏਹ ॥੩੩੦॥

੨੫੫੩–ਅਗਨਿ ਕਰਨਹਾਰੀ, ਕਫ, ਬਾਤ, ਆਮ, ਸੂਲ, ਦਮਾਂ, ਮੂਤ੍ਰਕ੍ਰਿਛ, ਪਥਰੀ, ਹੋਰ ਪੇਟ ਰੋਗ, ਯਵਖਾਰ ਨਾਸ ਕਰੇ ਹੈ, ਹੋਰ ਪੇਟ ਦਾ ਗੋਲਾ, ਸੰਗ੍ਰਹਿਣੀ, ਪਾਂਡੂ, ਅਫਾਰਾ, ਲਿਫ, ਹ੍ਰਿਦਯ ਰੋਗ, ਤਾਪ (ਵਿਖਮਤਾਪ) ਸਭਨ ਨੂੰ ਨਾਸ਼ ਕਰਨਾ ਇਹ ਯਵਖਾਰ ਦੇ ਗੁਣ ਹਨ ॥੩੨੯। ੩੩੦॥

(ਬ੍ਰਿਤਾਂਤ)

ਕੱਚੇ ਜਵਾਂ ਦਾ ਪੰਚਾਂਗ ਲੈਕੇ ਸੁਕਾਕੇ ਸਾੜ ਲਵੇ, ਉਨ੍ਹਾਂ ਦੀ ਰਾਖ ਜਲ ਵਿਚ ਭਿਉਂਕੇ ਕਸੁੰਭੇ ਦੀ ਤਰਾਂ ਰੇਣੀ ਟਪਕਾ ਲਵੇ, ਫਿਰ ਕੜਾਹੀ ਵਿਚ ਪਾਕੇ ਅਗਨੀ ਪਰ ਚਾੜ੍ਹਕੇ ਪਾਣੀ ਜਲਾ ਦੇਵੇ, ਜਦ ਨਿਮਕ ਹੇਠ ਜਮ ਜਾਵੇ, ਖੁਰਚ ਕੇ ਉਤਾਰਕੇ ਕੱਚ ਦੇ ਭਾਂਡੇ ਵਿਚ ਪਾਕੇ ਰਖ ਲਵੇ, ਇਸਨੂੰ ਹੀ ਜੌਂਖਾਰ ਆਖਦੇ ਹਨ, ਅਜਕਲ ਬਾਜ਼ਾਰਾਂ ਵਿਚ ਬਣੌਟੀ ਵਿਕਦੀ ਹੈ, ਸਗੋਂ ਨਫੇ ਦੇ ਥਾਂ ਨੁਕਸਾਨ ਕਰਦੀ ਹੈ। ਸੋਚਕੇ ਹੱਥ ਪਾਓ ॥੩੨੯॥੩੩੦॥

ਸੱਜੀ ਖਾਰ ਗੁਣ–ਦੋਹਰਾ

ਗੁਲਮ ਸੂਲ ਕੋ ਹਰਤ ਹੈ ਔਰ ਜੋਮ ਯਵਖਾਰ।
ਭੂਖ ਕਰਤ ਕਫ ਕੋ ਹਰਤ ਸਾਜੀਖਾਰ ਵਿਚਾਰ ॥੩੩੧॥

੨੫੫੪–ਪੇਟ ਦਾ ਗੋਲਾ, ਸੂਲਨਾਸ ਕਰਨਹਾਰੀ ਹੈ, ਹੋਰ ਗੁਣ ਜੌਂ ਖਾਰ ਵਾਂਗ ਹੈ ਭੁਖ ਲਗੌਂਦੀ, ਕਫ ਦਾ ਨਾਸ਼ ਕਰਨਹਾਰੀ ਸੱਜੀ ਖਾਰ ਕਹੀ ਹੈ ॥੩੩੧॥

ਸੁਹਾਗਾ ਗੁਣ–ਦੋਹਰਾ

ਅਗਨਿ ਕਰਤ ਰੂਖਾ ਗਰਮ ਉਦਰ ਰੋਗ ਕਫ ਨਾਸ।
ਵਾਤ ਹਰਨ ਕੋ ਭਲਾ ਏ ਗੁਣ ਟੰਕਣ ਕੇ ਖਾਸ ॥੩੩੨॥

੨੫੫੫–ਅਗਨੀ ਤੇਜ਼ ਕਰਨਹਾਰਾ, ਕੁਸ਼ਕ, ਗਰਮ, ਪੇਟ ਦੇ ਰੋਗ ਤੇ ਕਫ ਦਾ ਨਾਸ਼ਕ ਹੈ। ਬਾਤ ਨਾਸ ਕਰਨੇ ਨੂੰ ਅਤਿਅੰਤ ਭਲਾ ਹੈ। ਇਹ ਗੁਣ ਸੁਹਾਗੇ ਦੇ ਕਹੇ ਹਨ ॥੩੩੨॥

(ਬ੍ਰਿਤਾਂਤ)

ਸੁਹਾਗੇ ਦੀ ਉੱਤਰ ਦਸ਼ਾ ਦੀ ਤਰਫ ਭੋਟਾਨ ਦੇਸ਼ ਵਿਚ ਖਾਣ ਹੈ। ਭੋਟੀਏ ਲੋਗ ਖੋਦ ਖੋਦ ਕੇ ਬਕਰਿਆਂ ਉਤੇ ਲੱਦ ਲਿਔਂਦੇ ਹਨ। ਇਸਦੀਆਂ ਚਾਰ ਚਾਰ ਛੇ ਛੇ ਰੱਤੀ ਦੀਆਂ ਚਿੱਟੀਆਂ ਚਿੱਟੀਆਂ ਚੌਂਕੀਆਂ ਹੁੰਦੀਆਂ ਹਨ। ਉਸਨੂੰ ਚੌਂਕੀਆਂ ਯਾਂ ਕੱਚਾ ਸੁਹਾਗਾ ਬੋਲਦੇ ਹਨ। ਕੁਛ ਤਾਂ ਓਸਾਹੀ ਦੇਸ਼ ਦੇਸ਼ਾਤ੍ਰਾਂ ਵਲ ਚਲਾ ਜਾਂਦਾ ਹੈ ਅਰ ਕੁਛ ਰਾਮ ਨਗਰ ਦੀ ਮੰਡੀ ਵਿਚ ਪਕਾਇਆ ਜਾਂਦਾ ਹੈ, ਉਸਦੇ ਨੌਸ਼ਾਦਰ ਵਾਂਗ ਬੜੇ ਬੜੇ ਟੁਕੜੇ ਹੁੰਦੇ ਹਨ ॥੩੩੨॥

Digitized by Panjab Digital Library | www.panjabdigilib.org

ਪਾਨ ਗੁਣ--ਸ੍ਵੈਯਾ

ਤਿਕਤ ਕਖਾਇ ਕਟੂ ਮਧੁਰਾ ਨਿਤ ਉਸਨ ਖਜਾਰ ਕਫਹਿ ਸਭ ਨਾਸੈ।
ਵਾਤ ਵਿਧਾਰਤ ਕ੍ਰਿਮਿ ਪ੍ਰਹਾਰਤ ਦੁਰਗੰਧ ਜੋ ਮੁਖ ਮੈ ਹਰਿ ਵਾਸੈ।
ਵਦਨਹਿ ਭੂਖਨ ਟਾਰਤ ਦੂਖਨ ਕਾਮ ਅਗਨਿ ਜੋ ਤੇਜ ਪ੍ਰਕਾਸੈ।
ਸ੍ਵਰਾਕਰ ਰਕਤ ਜੁ ਪਿੱਤ ਵਿਕਾਰੀ ਏ ਗੁਣ ਮੇਘ ਤਾਂਬੂਲ ਸੁਭਾਸੈ ॥੩੩੩॥

੨੫੫੬–ਤੀਛਣ- ਕਸੈਲਾ. ਚਰਪਰਾ, ਮਿੱਠਾ, ਗਰਮ, ਖਾਰਾ, ਕਫ ਦਾ ਨਾਸਕ, ਵਾਯੂ ਨਾਸਕ, ਕ੍ਰਿਮਿ ਨਾਸਕ, ਮੁਖ ਦੀ ਦੁਰਗੰਧੀ ਦਾ ਨਾਸ਼ ਕਰਨ ਹਾਰਾ, ਮੂੰਹ ਦਾ ਭੂਖਣ ਅਰਥਾਤ ਮੂੰਹ ਸੋਹਣਾ ਕਰਨ ਹਾਰਾ, ਦੂਖਣ ਦੁਰਗੰਧੀ ਆਦਿ ਦਾ ਨਾਸ ਕਰਨ ਹਾਰਾ, ਕਾਮ ਅਗਨੀ ਨੂੰ ਤੇਜ਼ ਕਰਨ ਹਾਰਾ, ਸੁਰ ਪੈਦਾ ਕਰਨ ਹਾਰਾ ਤੇ ਰਕਤ ਪਿੱਤ ਦਾ ਨਾਸ਼ਕ ਇਹ ਗੁਣ ਪਾਨ ਪਤ੍ਰ ਵਿਚ ਹਨ ॥੩੩੩॥

(ਬ੍ਰਿਤਾਂਤ)

ਪਾਨ ਦੀ ਵੇਲ ਹੁੰਦੀ ਹੈ, ਪਰੰਤੂ ਬਹੁਤ ਸੋਭਾਇਮਾਨ ਹੁੰਦੀ ਹੈ। ਇਸ ਦੀਆਂ ਕਈ ਜਾਤੀਆਂ ਹਨ, ਵੰਗਲਾ, ਮੋਹਵਾ, ਮਹਾਰਾਜ ਪੁਰ, ਬਿਲੈਆ, ਕਪੂਰੀ ਤੇ ਫੁੱਲਵਾ, ਇਨ੍ਹਾਂ ਦੇਸਾਂ ਵਿਚ ਹੀ ਪਾਨ ਬਹੁਤ ਹੁੰਦਾ ਹੈ। ਇਨ੍ਹਾਂ ਵਿਚੋਂ ਮੋਹਵੇ ਦੇ ਪਾਨ ਦੀ ਤੇ ਫੁੱਲਵੇ ਦੇ ਪਾਨ ਦੀ ਬਹੁਤ ਪ੍ਰਸੰਸਾ ਹੈ। ਫਿਰ ਵੀ ਵੈਦਕ ਵਿਚ ਅਧਿਕ ਵੰਗਲਾ ਪਾਨ ਦਾ ਹੀ ਨਾਮ ਔਂਦਾ ਹੈ। ਪਾਨਾਂ ਦੀ ਵੇਲ ਅਕਸਰ ਟੱਟੀਆਂ ਉੱਪਰ ਹੀ ਫੈਲੀ ਹੋਈ ਦੇਖੀਦੀ ਹੈ। ਕਿਤੇ ਕਿਤੇ ਅਗਸਤਿਆਂ ਦੇ ਰੁਖ ਪਰ ਵੀ ਚੜ੍ਹੀ ਹੋਈ ਦ੍ਰਿਸਟੀ ਆਈ ਹੈ। ਪਾਨ ਦਾ ਪੱਤ੍ਰ, ਰਸ, ਯਾਂ ਜੜ੍ਹ ਹੀ ਪ੍ਰਯੋਗ ਵਿਚ ਲਈ ਜਾਂਦੀ ਹੈ। ਪਾਨਪੱਤ੍ਰ ਵਿਚ ਚੂਨਾ, ਕੱਥ ਆਦਿ ਪਾਕੇ ਬੀੜਾ ਬਨਾਕੇ ਚਬਾਇਆ ਜਾਂਦਾ ਹੈ ॥੩੩੩॥

ਵੈਂਙਣ (ਵਤਾਊਂ) ਗੁਣ–ਦੋਹਰਾ

ਤਿਕਤ ਉਸਨ ਦੀਪਨ ਗਰਮ ਕਟੁ ਸੁਕ੍ਰਲ ਕਫ ਕਾਰ।
ਤਾਪ ਵਾਤ ਕ੍ਰਿਮਿ ਸ੍ਵਾਸ ਹਰਿ ਆਰੁਚ ਵੈਂਗਨ ਸਾਰ ॥੩੩੪॥

੨੫੫੭–ਵਤਾਊਂ, ਤੀਛਣ, ਉਸਨ, ਅਗਨੀ ਤੇਜ਼ ਕਰਨ ਹਾਰਾ, ਗਰਮ ਹੈ, ਅਤਿਅੰਤ ਗਰਮ ਨਹੀਂ. ਚਰਪਰਾ, ਬੀਰਜ ਵਰਧਕ, ਕਫ ਕਰਨੇ ਵਾਲਾ, ਤਾਪ, ਬਾਤ, ਕ੍ਰਿਮਿ ਸ੍ਵਾਸ ਤੇ ਅਰੁਚੀ ਸਭ ਦਾ ਨਾਸਕ ਹੈ ॥੩੩੪॥

ਕਰੇਲਾ–ਗੁਣ

ਵਾਤ ਸਲੇਖਮ ਕਾਸ ਹਰਿ ਅਰਸ ਤਾਪ ਕ੍ਰਿਮਿ ਹਾਰ।
ਦਿਪਨ ਕਰਤ ਏ ਜਾਨਿਯੋ ਕਾਰ ਵੇਲ ਫਲ ਧਾਰ ॥੩੩੫॥

੨੫੫੮--ਬਾਤ, ਬਲਗਮ, ਖਾਂਸੀ, ਬਵਾਸੀਰ, ਤਾਪ, ਕ੍ਰਿਮਿ, ਇਨ੍ਹਾਂ ਨੂੰ ਨਾਸ ਕਰਨ ਤੇ ਅਗਨੀ ਨੂੰ ਤੇਜ਼ ਕਰਨਹਾਰਾ ਇਹ ਕਰੇਲੇ ਦਾ ਗੁਣ ਹੈ ॥੩੩੫॥

Digitized by Panjab Digital Library | www.panjabdigilib.org

ਕਕੌੜਾ ਗੁਣ—ਦੋਹਰਾ

ਸ੍ਵਾਸ ਕਾਸ ਜ੍ਵਰ ਕੁਸਟ ਹਰਿ ਹ੍ਰਿਲਾਸਾ ਰੁਚਿ ਨਾਸ ॥
ਦੀਪਨ ਕਟੁਕ ਜੁ ਪਾਕ ਹੈ ਕਕੌੜਾ ਗੁਣ ਰਾਸ ॥੩੩੬॥

੨੫੫੯—ਦਮਾਂ, ਖਾਂਸੀ, ਤਪ, ਕੁਸ਼ਟ, ਕਚਕਚਾਹਟ, ਅਰੁਚੀ, ਇਨ੍ਹਾਂ ਦਾ ਨਾਸ ਕਰਨ ਹਾਰਾ ਹੈ। ਅਗਨੀ ਤੇਜ਼ ਕਰਨ ਹਾਰਾ, ਪਾਕ ਵਿਚ ਚਰਪਰਾ ਹੈ। ਇਹ ਗੁਣ ਕਕੌੜੇ ਅਰਥਾਤ ਜੰਗਲੀ ਕਰੇਲੇ ਦੇ ਹਨ ॥੩੩੬॥

ਵਾਥੂ ਸਾਗ ਗੁਣ—ਦੋਹਰਾ

ਕਟੁ ਪਾਚਨ ਬਲੁ ਕ੍ਰਿਤਿ ਰੁਚਿਰ ਰਕਤ ਅਰਸ ਹਰਿ ਖਜ਼ਾਰ।
ਫੀਹਾ ਕ੍ਰਿਮਿ ਤ੍ਰਯ ਦੋਖ ਹਰਿ ਬਾਥੂ ਸਾਗ ਬਿਚਾਰ ॥੩੩੭॥

੨੫੬੦—ਚਰਪਰਾ, ਪਾਚਨ, ਬਲ ਕਾਰਕ, ਰੁਚਿ ਕਾਰਕ, ਰਕਤ ਵਿਕਾਰ, ਬਵਾਸੀਰ ਹਰਨੇ ਖਾਰਾ ਹੈ। ਲਿੱਫ, ਕ੍ਰਿਮਿ ਤੇ ਤ੍ਰਿਦੋਖ ਦੇ ਹਰਨੇ ਹਾਰਾ ਵਾਥੂ ਦਾ ਸਾਗ ਜਾਣਨਾ ॥੩੩੭॥

ਚੌਲਾਈ ਸਾਗ ਗੁਣ—ਦੋਹਰਾ

ਸੀਤਲ ਲਘੁ ਕਫ ਪਿੱਤ ਹਰਿ ਦਿਪਨ ਰਕਤ ਪਿਤ ਜੀਤ।
ਸ੍ਰਸਟ ਮੂਤ੍ਰ ਮਲੁ ਰੁਚਿ ਕਰਤ ਚੌਲਾਈ ਗੁਣ ਸੀਤ ॥੩੩੮॥

੨੫੬੧—ਠੰਢੀ, ਹਲਕੀ, ਕਫ ਤੇ ਪਿੱਤ ਦੀ ਨਾਸਕ, ਅਗਨੀ ਤੇਜ਼ ਕਰਨ ਹਾਰੀ, ਰਕਤ ਪਿੱਤ ਨੂੰ ਜਿੱਤਨ ਵਾਲੀ, ਮੂਤ੍ਰ ਮਲ ਨੂੰ ਸਰਵਾਨੇ ਵਾਲੀ, ਅਰ ਰੁਚੀ ਕਰਾਨੇ ਵਾਲੀ ਚੌਲਾਈ ਕਹੀ ਹੈ ॥੩੩੮।

ਪਾਲਕ ਗੁਣ—ਦੋਹਰਾ

ਬਾਤਲ ਸੀਤਾ ਭੇਦਨੀ ਕਫ ਕ੍ਰਿਤ ਭਾਰੀ ਜਾਨ।
ਵਿਸਟੰਭੀ ਮਧੁ ਸ੍ਵਾਸ ਵਿਖ ਰਕਤ ਪਿੱਤ ਹਰਿ ਠਾਨ ॥੩੩੯॥

੨੫੬੨—ਬਾਤ ਕਰਨੇ ਵਾਲੀ, ਠੰਢੀ, ਮਲ ਨੂੰ ਪਤਲੀ ਕਰਨ ਵਾਲੀ, ਕਫ ਕਾਰਕ, ਭਾਰੀ, ਕਾਬਜ਼, ਮਿੱਠੀ, ਸਵਾਸ, ਪਿੱਤ ਅਰ ਰਕਤ ਪਿਤੀ ਦੀ ਨਾਸਕ ਹੈ ॥੩੩੯॥

ਸੋਏ ਗੁਣ—ਦੋਹਰਾ

ਵਾਤ ਹਰਨ ਕਫ ਪਿੱਤ ਕਰ ਰੁਚਰਾ ਲਘੁ ਤਰਪਾਕ।
ਉਸਨ ਸਾਗ ਸੋਇਆ ਤਨੇ ਰਕਤ ਮਾਲ ਗੁਣ ਵਾਕ ॥੩੪੦॥

੨੫੬੩—ਬਾਤ ਹਰਤਾ, ਕਫ ਪਿੱਤ, ਕਰਨ ਹਾਰੇ, ਰੁਚੀ ਕਾਰਕ, ਹਲਕੇ, ਅਤਿਅੰਤ ਪਾਕ

Digitized by Panjab Digital Library | www.panjabdigilib.org

ਕਰਤਾ, ਗਰਮ। ਇਹ ਸੋਏ ਸਾਗ ਦੇ ਗੁਣ 'ਗੁਣ ਰਤਨ ਮਾਲ' ਵਿੱਚ ਕਹੇ ਹਨ ॥੩੪੦॥

ਮੇਥੀ ਗੁਣ—ਦੋਹਰਾ

ਦੀਪਨ ਹ੍ਰਿਦਯ ਬੱਧ ਬ੍ਰਿਟ ਕ੍ਰਿਮ ਸੁਕ੍ਰ ਹਰਿ ਜਾਨ।
ਗੁਲਮ ਸੂਲ ਕਫ ਵਾਤ ਹਰਿ ਮੇਥੀ ਗੁਨ ਪਰਮਾਨ ॥੩੪੧॥

੨੫੯੪—ਅਗਨਿ ਤੇਜ਼ ਕਰਨ ਹਾਰੀ, ਹ੍ਰਿਦਯ ਨੂੰ ਰੋਕਣ ਵਾਲੀ, ਵਿਸਟਾ, ਕ੍ਰਿਮਿ ਤੇ ਬੀਰਜ ਨੂੰ ਨਾਸ ਕਰਨ ਹਾਰੀ, ਗੋਲੇ ਨੂੰ, ਸੂਲ ਨੂੰ, ਕਫ ਤੇ ਬਾਤ ਨੂੰ ਹਰਨੇ ਵਾਲੀ ਮੇਥੀ ਕਹੀ ਹੈ ॥੩੪੧॥

ਚਣੇ ਸਾਗ ਦੇ ਗੁਣ—ਦੋਹਰਾ

ਦੁਰਜਰੂ ਵਿਸਟੰਭੀ ਚਨਕ ਕਰਤ ਵਾਤ ਕਫ ਏਹ।
ਪਿੱਤ ਹਰਤ ਅਰ ਸੋਫ ਹਰਿ ਚਨਕ ਸਾਗ ਗੁਨ ਏਹ ॥੩੪੨॥

੨੫੯੫—ਛੋਲਿਆਂ ਦਾ ਸਾਗ, ਦੁਰਜਰ ਭਾਵ ਚਿਰ ਪਿਛੋ ਪੱਕਣੇ ਵਾਲਾ, ਕਾਬਜ਼, ਬਾਤ, ਕਫ ਕਰਨੇ ਵਾਲਾ। ਪਿੱਤ ਨਾਸਅ, ਸੋਜ ਨੂੰ ਨਾਸ ਕਰਨ ਵਾਲਾ ਕਿਹਾ ਹੈ ॥੩੪੨॥

ਸਰਸੋਂ ਸਾਗ ਗੁਣ—ਦੋਹਰਾ

ਬਹੁ ਵਿਟ ਮੂਤਰ ਉਸਨ ਗੁਰ ਕਟੁਕ ਖਾਰ ਵਿਦਾਹ।
ਤੀਖਨ ਦੋਖ ਤ੍ਰਯਾਪਹੰ ਲਵਨ ਸਰਖਪਾ ਯਾਹ ॥੩੪੩॥

੨੫੯੬—ਵਿਸ਼ਟਾ ਤੇ ਮੂਤ੍ਰ ਬਹੁਤੇ ਵਧੌਣ ਵਾਲਾ, ਗਰਮ, ਭਾਰਾ, ਚਰਪਰਾ, ਖਾਰੀ, ਵਿਦਾਹੀ, ਤੀਛਣ, ਤ੍ਰਿਦੋਖ ਦਾ ਨਾਸਕ, ਨਮਕੀਨ ਅਜਹੇ ਗੁਣਾਂ ਵਾਲਾ ਸਰ੍ਹੋਂ ਦਾ ਸਾਂਗ ਕਿਹਾ ਹੈ ॥੩੪੩॥

ਮੂਲੀ ਗੁਣ—ਦੋਹਰਾ

ਪਾਚਨ ਲਘੁ ਉਸਨਾ ਕਹੀ ਹਰਤ ਵਾਤ ਕਫ ਕਾਰ।
ਪਿੱਤਲ ਮੂਲੀ ਗੁਣ ਕਰੈ ਲਘੁ ਮੂਲੀ ਗੁਣ ਧਾਰ ॥੩੪੪॥

੨੫੯੭—ਪਾਚਨ, ਹਲਕੀ, ਗਰਮ, ਵਾਯੂ ਹਰਨੇ ਵਾਲੀ, ਕਫ ਕਾਰਚ, ਪਿੱਤ ਵਧਾਣ ਵਾਲੀ, ਮੂਲੀ ਦੇ ਗੁਣ ਹਨ, ਇਹ ਹਲਕੀ ਗੁਣ ਵਾਲੀ ਹੈ ॥੩੪੪॥

ਮਤੀਰਾ (ਤਰਬੂਜ਼ = ਹਦਵਾਣਾ) ਗੁਣ—ਦੋਹਰਾ

ਗੁਰ ਸਨਿਗਧ ਅਰ ਪਿੱਤ ਹਰਿ ਸ੍ਵਾਦ ਸੀਤ ਹਰਿ ਬਾਤ।
ਮਧੁਰ ਨੈਨ ਹ੍ਰਿਤ ਮੂਤ੍ਰ ਸੁਧ ਗੁਣ ਤਰਬੂਜ਼ ਵਿਖਯਾਤ ॥੩੪੫॥

Digitized by Panjab Digital Library | www.panjabdigilib.org

੨੫੬੮–ਭਾਰਾ, ਚੀਕੁਣਾ, ਪਿੱਤ ਦਾ ਨਾਸ ਕਰਨ ਹਾਰਾ, ਸ੍ਵਾਦੂ, ਠੰਢਾ, ਬਾਤ ਨਾਸ਼ ਕਰਨੇ ਵਾਲਾ ਹੈ। ਮਿੱਠਾ, ਨੇਤ੍ਰਾਂ ਦੀ ਦ੍ਰਿਸਟੀ ਨਾਸ ਕਰਨ ਵਾਲਾ, ਤੇ ਮੂਤ੍ਰ ਨੂੰ ਸ਼ੁੱਧ ਕਰਨੇ ਵਾਲਾ ਤਰਬੂਜ (ਹਦਵਾਣਾ) ਕਿਹਾ ਹੈ॥ ੩੪੫॥

(ਬ੍ਰਿਤਾਂਤ)

ਹਦਵਾਣਾ=ਮਤੀਰਾ, ਰੇਤਲੀ ਧਰਤੀ ਵਿਚ ਪੈਦਾ ਅਧਿਕ ਹੁੰਦਾ ਹੈ। ਇਸਦੀ ਵੇਲ ਚਲਦੀ ਹੈ, ਪਤੇ ਗੋਲ ਕੱਟੇ ਹੋਏ ਕਿੰਗੁਰੇਦਾਰ ਹੁੰਦੇ ਹਨ। ਫੁੱਲ ਹਰੇ, ਕਾਲੇ,. ਬਿਚਿਤ੍ਰ ਅਰ ਚਿੱਟੇ ਰੰਗ ਦੇ ਹੁੰਦੇ ਹਨ। ਕੱਚੇ ਦਾ ਗੁੱਦਾ ਚਿੱਟਾ, ਪਕਨੇ ਪਰ ਲਾਲ, ਬੀਜ ਬੀ ਕਾਲੇ ਲਾਲ ਹੋ ਜਾਂਦੇ ਹਨ। ਚੇਤ੍ਰ, ਵੈਸਾਖ ਤੇ ਜੇਠ ਇਨ੍ਹਾਂ ਤਿੰਨਾਂ ਮਹੀਨਿਆਂ ਵਿੱਚ ਬੇਓੜਕ ਹਦਵਾਣੇ ਆ ਜਾਂਦੇ ਹਨ। ਦੂਸਰੇ ਸਰਧੇ ਤਰਬੂਜ਼ ਉਨ੍ਹਾਂ ਦਾ ਸਭੋ ਰੰਗ ਢੰਗ ਤਾਂ ਏਨ੍ਹਾਂ ਜੇਹਾ ਹੀ ਹੁੰਦਾ ਹੈ, ਪਰੰਤੂ ਗੁੱਦਾ ਪੀਲਾ, ਬੀਜ ਕਾਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦੀ ਬਹਾਰ ਕੱਤਕ ਮੱਘਰ ਵਿੱਚ ਹੁੰਦੀ ਹੈ ॥੩੪੫॥

ਤਰ ਫੁਟ ਗੁਣ--ਦੋਹਰਾ

ਸੀਤਲ ਰੂਪੀ ਗ੍ਰਹਿਣੀ ਮਧੁਰਾ ਗੁਰ ਪਿੱਤ ਹਾਰ।
ਪਾਕੀ ਫੁਟ ਤਰ ਪਿੱਤ ਕ੍ਰਿਤ ਵ੍ਰਹਿਨ ਕਰਕਟੀ ਕਾਰ ॥੩੪੬॥

੨੫੬੯—ਠੰਢੀ, ਰੂਖੀ, *ਗ੍ਰਹਿਣੀ, ਮਿੱਠੀ. ਭਾਰੀ. ਪਿੱਤ ਨਾਸ਼ਕ, ਪੱਕੀ ਹੋਈ ਫੁੱਟ ਤੇ ਤਰ (ਕਕੜੀ) ਪਿੱਤ ਕਾਰਕ ਹੁੰਦੀ ਹੈ, ਕਰਕਟੀ ਤਰ †ਬਿਹਣ ਕਰਨ ਹਾਰੀ ਹੈ ॥੩੪੬॥

ਖਰਬੂਜ਼ਾ ਗੁਣ--ਦੋਹਰਾ

ਵਲਯੰ ਮੂਤ੍ਰਲ ਉਦਰ ਸੁਧ ਗੁਰ ਸਨਿਗਧ ਸਰ ਸੀਤ।
ਸ੍ਵਾਦ ਵਿਖ ਪਿੱਤਹਿ ਹਰਤ ਅਨਲ ਹਰਤ ਗੁਣ ਮੀਤ ॥੩੪੭॥

੨੫੭੦-ਬਲਦਾਯਕ=ਮੂਤ੍ਰ ਕਾਰਕ, ਪੇਟ ਸੁਧ ਕਰਨਹਾਰਾ, ਭਾਰਾ, ਚੀਕੁਣਾ, ਦਸਤਾਵਰ, ਸਰਦ, ਸ੍ਵਾਦੂ, ਵਿਖ ਅਰ ਪਿੱਤ ਦਾ ਨਾਸਕ ਤੇ ਬਾਤਨਾਸ਼ਕ ਖਰਬੂਜਾ ਕਿਹਾ ਜਾਂਦਾ ਹੈ ॥੩੪੭॥

(ਬ੍ਰਿਤਾਂਤ)

ਖਰਬੂਜ਼ੇ ਦੀਆਂ ਵੇਲਾਂ ਰੇਤਲੀ ਧਰਤੀ ਵਿੱਚ ਅਕਸਰ ਹੁੰਦੀਆਂ ਹਨ। ਪੱਤੇ ਗੋਲ ਗੋਲ ਅਰ ਫੁੱਲ ਪੀਲੇ ਰੰਗ ਦੇ ਔਂਦੇ ਹਨ। ਚੇਤ, ਵੈਸਾਖ ਵਿੱਚ ਫਲ ਲੱਗਦਾ ਹੈ, ਦੇਖਣੇ ਵਿਚ ਬਹੁਤ ਸੋਹਣਾ ਤੇ ‡ਦਸ ਰੇਖਾਂ ਸਮੇਤ ਹੁੰਦਾ ਹੈ, ਰੰਗ ਪੀਲਾ ਤੇ ਰੇਖਾਂ ਦਾ ਰੰਗ ਨੀਲਾ, ਇਸ ਵਿਚੋਂ ਗੁਦੇ ਸਮੇਤ ਬੀਜ ਨਿਕਲਦੇ ਹਨ। ਬੀਜ ਧੋਕੇ ਸਾਫ ਕੀਤੇ ਜਾਂਦੇ ਹਨ, ਇਨ੍ਹਾਂ ਦੀਆਂ ਗਿਰੀਆਂ ਕੱਢਕੇ ਮਗਜ਼ ਬਣਾਏ ਜਾਂਦੇ ਹਨ ॥੩੪੭॥

---

*ਜੋ ਦੀਪਨ ਅਰ ਪਾਚਨ ਕਰੋ ਤਥਾ ਆਪਣੀ ਗਰਮੀ ਦ੍ਵਾਰਾ ਕਫ, ਧਾਤੂ ਮਲ ਦੇ ਰਸ ਨੂੰ ਸੁਕਾਵੇ, ਉਹ 'ਗ੍ਰਾਹੀ' ਯਾ 'ਗ੍ਰਾਹਣੀ' ਕਹੀ ਜਾਂਦੀ ਹੈ। ਜਿਸ ਤਰਾਂ ਸੁੰਢ, ਚਿੱਟਾ ਜੀਰਾ ਆਦਿ ਹਨ।

†ਜੇੜਾ ਦ੍ਰਵ੍ਯ ਸਰੀਰ ਨੂੰ ਪੁਸ਼ਟ ਕਰਕੇ ਵਧਾਵੇ, ਉਸਨੂੰ 'ਬ੍ਰਿਹਣ' ਆਖਦੇ ਹਨ।

‡ਤੇਰਾ ਰੇਖਾਂ ਤਕ ਦਾ ਵੀ ਹੁੰਦਾ ਹੈ, ਪਰੰਤੂ ਵਿਰਲਾ।

Digitized by Panjab Digital Library | www.panjabdigilib.org

ਖੀਰਾ ਗੁਣ

ਲਘੁ ਨੀਲੰ ਤ੍ਰਿਟ ਦਾਹ ਕਲਮ ਰਕਤ ਪਿੱਤ ਕ੍ਰਿਮ ਜੀਤ।
ਸ੍ਵਾਦ ਤਿਕਤ ਪਾਕਾ ਉਸਨ ਦੋ ਖੀਰਾ ਗੁਣ ਮੀਤ ॥੩੪੮॥

੨੫੭੧-ਛੋਟਾ ਖੀਰਾ ਪਿਆਸ, ਦਾਹ, ਕਲਮ=ਗਿਲਾਨੀ, ਰਕਤ, ਪਿੱਤ ਤੇ ਕ੍ਰਿਮਿ ਇਨ੍ਹਾਂ ਦੇ ਜਿੱਤਣ ਵਾਲਾ ਹੈ। ਪਕੇ ਖੀਰੇ ਦਾ ਸਵਾਦੂ, ਤੀਛਣ ਤੇ ਗਰਮ ਇਹ ਗੁਣ ਦੋਨੋਂ †ਪ੍ਰਕਾਰ ਦੇ ਖੀਰਿਆਂ ਵਿਚ ਹੈ ॥੩੪੮॥

(ਬ੍ਰਿਤਾਂਤ)

ਖੀਰੇ ਮਾਲੀ ਲੋਕ ਖੇਤਾਂ ਵਿਚ ਹੀ ਬੀਜਦੇ ਹਨ। ਇਸਦੀ ਵੇਲ ਚਲਦੀ ਹੈ। ਇਸ ਦੀਆਂ ਦੋ ਜਾਤੀਆਂ ਹਨ। ਇਕ ਤਾਂ ਖੇਤਾਂ ਵਿਚ ਬੀਜੇ ਜਾਂਦੇ ਹਨ, ਵੇਲ ਫੈਲਕੇ ਫਲ ਫੁੱਲ ਲਗ ਔਂਦੇ ਹਨ। ਫੁੱਲ ਪੀਲੇ ਫਲ ੧ ਗਿੱਠ ਤਕ ਲੰਬੇ ਹੁੰਦੇ ਹਨ। ਦੂਸਰੇ ਬਾਲਮਖੀਰੇ ਕਹੌਂਦੇ ਹਨ, ਉਹ ਮਾਲਵੇ ਪ੍ਰਾਂਤ (ਉਜੈਨ ਵੱਲ) ਹੁੰਦੇ ਹਨ, ਓਹਨਾਂ ਦੀ ਭੀ ਵੇਲ ਹੁੰਦੀ ਹੈ, ਪਰ ਲੰਮੇ ਲੰਮੇ ਹੁੰਦੇ ਹਨ। ਰੰਗ ਦੇ ਪੀਲੇ, ਵਿੱਹ ਵਿੱਚ ਕੰਡੇ ਜੇਹੇ ਚਿੰਨ੍ਹ ਹੁੰਦੇ ਹਨ। ਕ੍ਰੀਬ ਕ੍ਰੀਬ ਰੰਗ ਢੰਗ ਇਕੋ ਜੇਹਾ ਹੁੰਦਾ ਹੈ। ਪੱਕ ਜਾਣ ਤਾਂ ਦੋਨੋਂ ਤਰਾਂ ਦਿਆਂ ਖੀਰਿਆਂ ਵਿਚੋਂ ਬੀਜ ਨਿਕਲਦੇ ਹਨ, ਇਸੇ ਤਰਾਂ ਸਹਾਰਨ ਪੁਰੀ ਖੀਰੇ ਛੋਟੇ ਛੋਟੇ ਹੁੰਦੇ ਹਨ। ਬੀਜਾਂ ਦੇ ਮਗਜ਼ ਕੱਢੇ ਜਾਂਦੇ ਹਨ। ਖੀਰੇ; ਫਲ ਤੇ ਬੀਜ ਹੀ ਵਰਤਾਵ ਵਿਚ ਔਂਦੇ ਹਨ ॥੩੪੮॥

ਘੀਆ (ਵੱਡ) ਗੁਣ

ਸਨਿਗਧ ਸਰਾ ਪਿੱਤੇ ਹਰਤ ਕਰਤ ਵਾਤ ਕੋ ਏਹ।
ਮਹਾਂ ਕੋਸਾਂਤਿਕ ਨਾਮ ਤਿਸ ਘੀਆ ਵੱਡ ਕਹੇਹ ॥੩੪੯॥

ਚੀਕੁਣੀ, ਦਸਤਾਵਰ; ਪਿੱਤ ‡ਅਰ ਬਾਤ ਨੂੰ ਹਰਨੇ ਵਾਲੀ ਹੈ। ਇਸਦੇ ਨਾਮ 'ਮਹਾਂਕੋਸ਼ਾਂਤਿਕੀ (ਮਹਾ ਫਲਾ ਤੇ ਹਸਤਿ ਘੋਖਾ) ਆਦਿ ਹਨ, ਏਸੇ ਨੂੰ ਘੀਆ, ਘੀਆ ਕੱਦੂ ਅਰ ਵੱਡ ਦੀ ਆਖਦੇ ਹਨ ॥੩੪੯॥

ਤੋਰੀ ਗੁਣ-ਦੋਹਰਾ

ਸੀਤਾ ਮਧਰਾ ਹਿਮ ਗੁਰੂ ਕਫ ਪਾਕੇ ਕਰਿ ਦੋਇ॥
ਬੱਲਜ਼ਾ ਦਾਹ ਕੁਰੀ ਕਫੀ ਵਾਤ ਪਿੱਤ ਹਰਿ ਲੇਇ॥੩੫੦॥

੨੫੭੩-ਠੰਢੀ, ਮਿੱਠੀ, ਹਿਮ=ਸਰਦ, ਤਰ; ਭਾਰੀ, ਪੱਕੀ ਹੋਈ ਕਫਕਾਰਕ ਹੈ। ਬਲਦਾਇਕ, ਦਾਹ ਤੇ ਤ੍ਰਿਦੋਖ ਦੇ ਹਰਨੇ ਵਾਲੀ ਹੈ ॥੩੫੦॥

---

†ਦੋਨੋਂ ਭੇਦ ਬ੍ਰਿਤਾਂਤ ਵਿੱਚ ਪੜ੍ਹੋ।

‡ਇਸ ਦਾ ਪਾਠ 'ਕਰਤ' ਹੋਣ ਤੇ ਬਾਤ ਕਰਨੇ ਵਾਲੀ ਅਰਥ ਨਹੀਂ'; ਕਿੰਤੂ ਪਿੱਤ ਬਾਤ ਹਰਨ ਕਰਨੇ ਵਾਲੀ ਜਾਨਣਾ ਤਸੱਲੀ ਲਈ ਦੇਖੋ ਭਾਵ ਪ੍ਰਕਾਸ ਪ੍ਰਿ: ੩੨੧

Digitized by Panjab Digital Library | www.panjabdigilib.org

ਪਿੰਡੋਲ ਗੁਣ—ਦੋਹਰਾ

ਪਾਚਨ ਹ੍ਰਿਦ ਦੀਪਨ ਲਘੂ ਵ੍ਰਿਖਜ ਉਸਨ ਚਿਕਨਾਸ।
ਕਾਸ ਰੁਧਰ ਜ੍ਵਰ ਦੋਖ ਤ੍ਰਯ ਕ੍ਰਿਮ ਪਿੰਡੋਲ ਵਿਨਾਸ ॥੩੫੧॥

੨੫੭੪-ਪਾਚਨ, ਹ੍ਰਿਦਯ ਨੂੰ ਬਲ ਦੇਣ ਹਾਰਾ, ਅਗਨੀ ਤੇਜ ਕਰਨ ਹਾਰਾ, ਹਲਕਾ, †ਬ੍ਰਿਖਜ, ਗਰਮ, ਚੀਕੂਣਾ, ਖਾਂਸੀ, ਰਕਤ ਵਿਕਾਰ, ਤਾਪ, ਤ੍ਰਿਦੋਖ ਦੇ ਕ੍ਰਿਮਿ ਇਨ੍ਹਾਂ ਦਾ ਨਾਸ ਕਰਨਹਾਰਾ ਪਿੰਡੋਲ ਕਿਹਾ ਹੈ ॥੩੫੧॥

ਕੱਦੂ ਗੁਣ—ਦੋਹਰਾ

ਵਾਤ ਪਿੱਤ ਹਰਿ ਬਲ ਕਰਤ ਰੁਚਿਪ੍ਰਦ ਕਫ ਕਰਿ ਜਾਨ॥
ਮਿਸਟ ਤੂੰਬੜੀ ਤਿਮ ਲਖੋ ਕੱਦੂ ਕੇ ਗੁਣ ਠਾਨ ॥੩੫੨॥

੨੫੭੫-ਲੰਬਾ ਕੱਦੂ, ਅੱਲ=ਆਲ, ਬਾਤ ਪਿੱਤ ਨੂੰ ਨਾਸ ਕਰਨ ਹਾਰਾ, ਬਲਦਾਇਕ ਰੁਚੀ ਕਰਨੇ ਵਾਲਾ, ਕਫਕਾਰਕ ਹੈ। ਇਸੇ ਤਰਾਂ ਦੇ ਗੁਣਾਂ ਵਾਲੀ ਮਿਠੀ ਤੂੰਬੀ ਹੈ ॥੩੫੨॥

ਤਿੰਨ ਜੀਰਾ ਗੁਣ--ਦੋਹਰਾ

ਰੂਖ ਕਟੂਸਨ ਦੀਪਨੰ ਲਘੁ ਗ੍ਰਾਹੀ ਪਿੱਤਕਾਰ।
ਚਖਜੁਖ ਪਵਨ ਜੁ ਗੁਲਮ ਹਰਿ ਛਰਦ ਹਰਨ ਗੁਨਧਾਰ ॥੩੫੩॥
ਕਫ ਕ੍ਰਿਮ ਮੇਧ ਸੁ ਗਰਭ ਸੁਧਿ ਤੀਨੋ ਕੇ ਗੁਨ ਭਾਲ।
ਕਾਲੌਂਜੀ ਸਿਤ ਸ੍ਯਾਮ ਤ੍ਰਿਕ ਜੀਰੇ ਜਾਨੋਂ ਲਾਲ ॥੩੫੪॥

੨੫੭੬-ਜੀਰੇ ਤਿੰਨੇ ਰੁਖੇ ਚਰਪਰੇ, ਗਰਮ, ਅਗਨੀ ਤੇਜ ਕਰਨਹਾਰੇ, ਹਲਕੇ, ‡ਗ੍ਰਾਹੀ, ਪਿੱਤ ਕਾਰਕ, ਨੇਤ੍ਰਾਂ ਨੂੰ ਹਿਤਕਾਰੀ, ਬਾਤ ਗੁਲਾਮ ਤੇ ਕੋ ਦੇ ਹਰਨ ਹਾਰੇ, ਕਫ, ਕ੍ਰਿਮਿ, ਮੈਧਾ —ਬੁਧੀ ਨੂੰ ਹਿਤਕਾਰੀ, ਗਰਭਾਸ਼ਯ ਨੂੰ ਸੁਧ ਕਰਨ ਹਾਰੇ, ਕਲੋਂਜੀ, ਚਿਟਾ ਜੀਰਾ ਤੇ ਕਾਲਾ ਜੀਰਾ ਇਨ੍ਹਾਂ ਤਿੰਨਾਂ ਦੇ ਗੁਣ ਕਹੇ ਹਨ॥ ੩੫੩ ॥ ੩੫੪ ॥

ਹਿੰਙ ਗੁਣ—ਦੋਹਰਾ

ਤੀਖਯਣ ਪਾਚਨ ਉਸਨ ਰੁਚਿ ਹਰਤ ਸੂਲ ਕਫ ਵਾਤ।
ਗੁਲਮਾਨਾ ਹੈ ਕ੍ਰਿਮ ਉਦਰ ਹਰਤ ਹਿੰਗ ਖਯਾਤ ॥੩੫੫॥

੨੫੭੭— ਤੀਖਣ, ਪਾਚਨ, ਗਰਮ, ਰੁਚੀ ਕਾਰਕ, ਸੂਲ ਤੇ ਕਫ, ਵਾਯੂ ਗੁਲਮ, ਅਨਾਹ, ਪੇਟਦੇ ਕ੍ਰਿਮਿ ਇਨ੍ਹਾਂ ਦੇ ਨਾਰ ਕਰਨ ਵਾਲੀ ਹਿੰਙ ਦੇ ਗੁਣ ਹਨ॥ ੩੫੫॥

---

†ਜੇੜ੍ਹੀ ਚੀਜ ਛੇਤੀ ਹੀ ਬੀਰਜ ਨੂੰ ਵਧਾਵੇ ਉਸਨੂੰ 'ਬ੍ਰਿਖਜ' ਆਖਦੇ ਹਨ, ਜੇਹਾ ਕੁ ਦੁੱਧ ਹੈ।
‡ਦੇਖੋ ਤਰ ਫੂਟ ਦੇ ਗੁਣ ਵਾਲਾ ਨੋਟ।

Digitized by Panjab Digital Library | www.panjabdigilib.org

(ਬ੍ਰਿਤਾਂਤ)

ਹਿੰਙ ਦਾ ਗੁਲਮ, ਈਰਾਨ ਅਰ ਕੰਧਾਰ ਦੇਸ਼ ਵਿਚ ਹੁੰਦਾ ਹੈ, ਇਸਦੇ ਪੱਤਿਆਂ ਅਰ ਛਿੱਲ ਵਿਚੋਂ ਚੀਰਾ ਦੇਣ ਨਾਲ ਦੁਧ ਨਿਕਲਦਾ ਹੈ। ਉਹ ਕੁਝ ਚਿਰ ਰਖਣ ਤੇ ਗੂੰਦ ਸਮਾਨ ਜਮ ਜਾਂਦਾ ਹੈ। ਇਸ ਵਿਚੋਂ ਬਹੁਤ ਮਹਿਕ ਅਰ ਉਗ੍ਰ ਗੰਧ ਆਉਂਦੀ ਹੈ। ਉਸ ਨੂੰ ਪੱਤਿਆਂ ਯਾਂ ਬੱਕਰੇ ਦੀ ਖੱਲ ਵਿਚ ਰਖਕੇ ਸੁਕਾ ਲੈਂਦੇ ਹਨ, ਉਸਨੂੰ ਹਿੰਙ ਆਖਦੇ ਹਨ; ਪਰੰਤੂ ਹਿੰਙ ਕਈ ਤਰ੍ਹਾਂ ਦੀ ਹੁੰਦੀ ਹੈ। ਸਾਰੀਆਂ ਨਾਲੋਂ ਉੱਤਮ 'ਹੀਰਾ' ਹਿੰਙ ਹੁੰਦੀ ਹੈ। ਉਸੇ ਨੂੰ ਵੈਦਜ ਲੋਕ ਪ੍ਰਯੋਗ ਵਿਚ ਲਿਉਂਦੇ ਹਨ। ਪਠਾਨ ਲੋਕ ਕਾਬਲ, ਈਰਾਨ ਤੇ ਖੁਰਾਸਾਨ ਵਲੋਂ ਵੇਚਣ ਨੂੰ ਲਿਆਉਂਦੇ ਹਨ। ਉਸ ਵਿਚ ਮਿਲਾਵਟ ਕਰਨ ਵਾਸਤੇ ਲਸਨ ਤੇ ਛੋਲਿਆਂ ਦਾ ਵੇਸਨ ਮਿਲਾਕੇ ਹਿੰਙ ਦਾ ਪਾਣੀ ਉਪਰ ਛਿੜਕ ਕੇ ਜਮਾ ਦਿੰਦੇ ਹਨ। ਉਸਨੂੰ ਲਸਨੀ ਹਿੰਙ ਬੋਲਦੇ ਹਨ। ਸਬਜੀ ਭਾਜੀ ਵਿਚ ਅਜੇਹੀ ਹਿੰਙ ਪਾਈਏ ਤਾਂ ਸਵਾਦ ਨਹੀਂ ਰਹਿੰਦਾ। ਹਿੰਙ ਨੂੰ ਯਵਨ ਲੋਕ ਹੀ ਵਧੇਰੇ ਖਾਂਦੇ ਹਨ। ਪ੍ਰਯੋਗ ਵਿਚ ਹਿੰਙ ਭੁੰਨਕੇ ਪਾਈਦੀ ਹੈ, ਅਸਲ ਵਿਚ ਇਹ 'ਅੰਜਦਾਨ' ਰੁਖ ਦਾ ਗੂੰਦ ਹੁੰਦਾ ਹੈ ॥੩੫੫॥

ਬੰਸ ਲੋਚਨ (ਤਵਾਸੀਰ) ਗੁਣ—ਦੋਹਰਾ

ਵ੍ਰਿਹਨ ਬ੍ਰਿਖ ਯਾ ਸੀਤ ਮਧੁ ਹਰਤ ਸ੍ਵਾਸ ਗੁਨ ਕਾਸ।
ਪਿੱਤ ਨਾਸ ਤ੍ਰਿਸਨਾ ਖਈ ਮਿਟੈ ਕਾਮਲਾ ਭਾਸ ॥੩੫੬॥

੨੫੭੮—†ਬ੍ਰਿਹਣ, ‡ਬ੍ਰਿਖਜ, ਠੰਢੀ ਤੇ ਮਿਠੀ; ਦਮਾ, ਖਾਂਸੀ, ਪਿੱਤ, ਪਜਾਸ; ਖਈ ਅਤੇ ਕਾਮਲਾ ਸਭ ਦਾ ਨਾਸ਼ ਕਰੇ ਹੈ ॥ ੩੫੬ ॥

(ਬ੍ਰਿਤਾਂਤ)

ਬੰਸਲੋਚਨ ਵੱਡੇ ਅਰ ਮੋਟੇ ਪੋਲੀ ਜਾਤੀ ਦੇ ਪਹਾੜੀ ਬਾਂਸਾਂ ਦੇ ਅੰਦਰ ਰਸ ਦੇ ਸਮਾਨ ਗੰਢ ਗੰਢ ਵਿਚ ਹੁੰਦਾ ਹੈ। ਜਦ ਬਾਂਸ ਪਕ ਜਾਂਦੇ ਹਨ, ਤਦ ਨਲਿਯੇਰ ਦੇ ਦੁਧ ਸਮਾਨ ਜਮ ਜਾਂਦਾ ਹੈ। ਉਨ੍ਹਾਂ ਬਾਂਸਾਂ ਨੂੰ ਵੱਢ ਵੱਢ ਕੇ ਸੁਕਾ ਦਿੰਦੇ ਹਨ ਤਦ ਓਹ ਰਸ ਬੀ ਸੁਕ ਜਾਂਦਾ ਹੈ। ਫਿਰ ਬਾਂਸ ਪਾੜਕੇ ਗੰਢ ਗੰਢ ਵਿਚੋਂ ਸੁਕਾ ਹੋਯਾ ਚਿੱਟਾ ਚਿੱਟਾ ਰਸ ਕਢਦੇ ਹਨ, ਉਹ ਬੰਸਲੋਚਨ ਅਰਥਾਤ ਤਵਾਸ਼ੀਰ ਕਹੀ ਜਾਂਦੀ ਹੈ, ਪਰੰਤੂ ਖਬਰਦਾਰ ਰਹੋ ! ਇਹ ਬਨਾਉਟੀ ਦੁਧ ਪਥਰੀ ਨਾਲ ਮੇਲਕੇ ਵੇਚਦੇ ਹਨ ।੩੫੬

ਗੰਨਾ ਨਾਮ ਗੁਣ—ਦੋਹਰਾ

ਇਖਜ ਮਧੁਰ ਸਰ ਸੀਤ ਹੈ ਵਲ ਕਫ ਵ੍ਰਿਹਨ ਏਹ।
ਮੂਤ੍ਰ ਸ੍ਰਾਵ ਕ੍ਰਿਮ ਕੋ ਕਰੈ ਸਨਿਗਧ ਵ੍ਰਿਖਜ ਭਨਿ ਤੇਹ ॥੩੫੭॥

੨੫੭੯-ਗੰਨਾਂ, ਮਿੱਠਾ, ਦਸਤਾਵਰ, ਠੰਢਾ, ਬਲ, ਕਫ ਕਰਮਹਾਰਾ ਹੈ। ਬਿਹਣ ਹੈ, ਮੂਤ੍ਰ ਪੈਦਾ ਕਰਨਹਾਰਾ, ਕ੍ਰਿਮਿ ਦਾ ਪੈਦਾ ਕਰਨ ਵਾਲਾ, ਚੀਕੁਣਾ, ਬ੍ਰਿਖਜ ਕਿਹਾ ਜਾਂਦਾ ਹੈ ॥ ੩੫੭ ॥

---

†ਤਰ ਫੁਟ ਦਾ ਨੋਟ ਦੇਖੋ। ‡ਪਿੰਡੋਲ ਦਾ ਨੋਟ ਦੇਖੋ।

Digitized by Panjab Digital Library | www.panjabdigilib.org

ਇੱਖ ਰਸ ਗੁਣ--ਦੋਹਰਾ

ਤਰਪਣ ਅਤਿ ਪ੍ਰਮੋਦ ਕਰ ਪਿੱਤ ਰੁਧਿਰ ਹਰਿ ਜਾਨ।
ਰੁਚਿ ਕਰ ਮਨ ਪ੍ਰਸੰਨ ਕਰਿ ਗੰਨਾ ਰਸ ਗੰਨਾ ਰਸ ਗੁਣ ਠਾਨ ॥੩੫੮॥

੨੫੮੦—ਗੰਨੇ ਦੀ ਰਸ, ਤਰਪਣ ਅਤਯੰਤ ਪ੍ਰਮੋਦ (ਅਨੰਦ) ਕਰਨੇ ਵਾਲੀ ਪਿੱਤ ਦੀ ਰਕਤ ਵਿਕਾਰ ਦੀ ਨਾਸ ਕਰਨੇਹਾਰੀ, ਰਚੀ ਕਾਰਕ ਮਨ ਨੂੰ ਪ੍ਰਸੰਨ ਕਰਨੇ ਹਾਰੀ ਕਹੀ ਗਈ ਹੈ ॥ ੩੫੮ ॥

ਮਧੁ (ਸਹਤ) ਗੁਣ--ਚੌਪਈ

ਬ੍ਰਿਹਨ ਵਲੇਖਨ ਬ੍ਰਿਣ ਸਭ ਖੋਗ। ਦੀਪਨ ਗ੍ਰਾਹੀ ਨੈਨਨ ਯੋਗ।
ਸੋਤ੍ਰ ਵਿਸੋਧਨ ਸ੍ਵਰਕਰ ਜਾਨ। ਮੇਧਾ ਕਰ ਕਫ ਪਿਤਹਿਹਾਨ ॥੩੫੯॥
ਵਮਨਿ ਮੇਦ ਹਿਕ੍ਵਾ ਤ੍ਰਿਟ ਸ੍ਵਾਸ। ਦਾਹ ਉਦਰਕ੍ਰਿਮ ਵਿਖ ਅਰ ਕਾਸ।
ਕੁਸ਼ਟ ਅਰਸਪਿਤ ਉਦਰ ਜੋ ਮੋਹ। ਇਨ ਰੋਗਨ ਹਿਤ ਮਧੁ ਗੁਨ ਸੋਹ।

੨੫੮੧–ਬ੍ਰਿਹਣ, *ਵਲਿਖਨ, ਫੋੜਿਆਂ ਦਾ ਨਾਸਕ, ਅਗਨੀ ਤੇਜ਼ ਕਰਨ ਹਾਰਾ, †ਗ੍ਰਾਹੀ, ਨੇਤ੍ਰਾਂ ਦਾ ਹਿਤਕਾਰਕ, ਸਰੋਤਾਂ ਨੂੰ ਸੁਧ ਕਰਨ ਹਾਰਾ, ਸੁਰ ਵਧਾਨੇ ਵਾਲਾ, ਮੇਧਾ=ਬੁੱਧੀ ਕਰਨੇ ਵਾਲਾ, ਕਫ ਤੇ ਪਿੱਤ ਦਾ ਨਾਸਕ, ਕੈ, ਮੋਟਾਪਨ, ਹਿੜਕੀ, ਪਜਾਸ, ਦਮਾਂ, ਦਾਹ, ਪੇਟ ਦੇ ਕ੍ਰਿਮਿ, ਵਿਖ, ਖਾਂਸੀ, ਕੋੜ੍ਹ, ਬਵਾਸੀਰ, ਪਿੱਤ, ਪੇਟ ਰੋਗ ਤੇ ਭ੍ਰਮ। ਇਤਨੇ ਰੋਗਾਂ ਨੂੰ ਸ਼ਹਿਤ ਨਾਸ਼ ਕਰਨ ਹਾਰਾ ਹੈ ॥ ੩੫੯ ॥੩੬੦॥

(ਬ੍ਰਿਤਾਂਤ)

ਸ਼ਹਿਤ ਦੋ ਤਰ੍ਹਾਂ ਦਾ ਹੁੰਦਾ ਹੈ ਇਕ ਡੂਮਨੇ ਦਾ ਵੱਡੀਆਂ ਮੱਖੀਆਂ ਦਾ, ਇਕ ਛੋਟੀਆਂ ਮੱਖੀਆਂ ਦਾ, ਸੋ ਛੋਟੀਆਂ ਵਾਲਾ ਸਰੇਸ਼ਟ ਕਹਿਆ ਹੈ। ਇਸ ਦਾ ਛੱਤਾ ਮੱਖੀਆਂ ਲਾਉਂਦੀਆਂ ਹਨ। ਅੰਨ੍ਹੇਰੀਆਂ ਰਾਤਾਂ ਵਿਚ ਛੱਤਾ ਤੋੜ ਕੇ ਸ਼ਹਿਤ ਕੱਢ ਲੈਂਦੇ ਹਨ, ਇਸਦੇ ਛੱਤੇ ਵਿਚੋਂ ਹੀ ਮੋਮ ਨਿਕਲਦਾ ਹੈ, ਸੁਆਦ ਨਿਹਾਯਤ ਮਿੱਠਾ ਤੇ ਰੰਗ ਲਾਲ, ਚਿਟਾ, ਮਾਤ੍ਰਾ ੩ ਤੋਲੇ ਦੀ ਹੈ ॥ ੩੫੯ ॥ ੩੬੦ ॥

ਮਿਸ਼੍ਰੀ ਗੁਣ--ਦੋਹਰਾ

ਗੁਰਸਰ ਹਰਹੈ ਵਾਤ ਕਫ ਵਾਤ ਪਿੱਤ ਹਰਿ ਲੇਇ।
ਜਲ ਸੰਗਹਿ ਸੀਤਲ ਹੁਵੈ ਮਿਸਰੀ ਕੇ ਗੁਣ ਤੇਇ ॥੩੬੧॥

---

*ਵਿਸੇਸਲੇਖਣ ਅਰਥਾਤ ਰਸ ਆਦਿ ਧਾਤੂ ਅਤੇ ਬਾਤਾਦਿ ਦੋਖ ਇਨ੍ਹਾਂ ਨੂੰ ਸੁਕਾਕੇ ਦੇਹ ਤੋਂ ਬਾਹਰ ਕੱਢ ਦੇਵੇ ਅਤੇ ਬਲ ਵਧਾਵੇ, ਉਸਨੂੰ ਲੇਖਨ ਆਖਦੇ ਹਨ।

†ਅਗਨੀ ਤੇਜ਼ ਕਰੇ, ਆਮ ਆਦਿਕਾਂ ਨੂੰ ਪਕਾਵੇ (ਪਾਚਨ ਕਰੇ) ਤਥਾ ਉਸ਼ਨ ਬੀਰਜ ਹੋਣ ਤੇ ਜਲ ਸ੍ਵਰੂਪ ਜੋ ਕਫਾਦਿ ਦੋਖ ਧਾਤੂ ਤੇ ਮਲ, ਇਹਨਾਂ ਨੂੰ ਸੁਕਾਵੇ, ਉਸਨੂੰ ਗ੍ਰਾਹੀ ਆਖਦੇ ਹਨ।

Digitized by Panjab Digital Library | www.panjabdigilib.org

੨੫੯੨-ਭਾਰੀ, ਦਸਤਾਵਰ, ਬਾਤ ਤੇ ਕਫ, ਪਿਤ ਤੇ ਬਾਤ ਇਨ੍ਹਾਂ ਦੇ ਨਾਸ ਕਰਨ ਹਾਰੀ ਹੈ। ਜਲ ਨਾਲ (ਸ਼ਰਬਤ) ਕੀਤੀ ਠੰਢੀ ਹੈ, ਇਹ ਮਿਸ਼ਰੀ ਦੇ ਗੁਣ ਹਨ। ਮਿਸ਼ਰੀ ਖੰਡ ਪਕਾਕੇ ਬਣਾਈ ਜਾਂਦੀ ਹੈ॥ ੩੬੧॥

ਖੰਡ ਗੁਣ--ਦੋਹਰਾ

ਖੰਡ ਵਿਮਲ ਹਿਮ ਚੀਕਨੀ ਵਿਖਜ ਗੁਰੂ ਤਿਸ ਜਾਨ।
ਰਕਤ ਪਿੱਤ ਖਜਤ ਖੀਨ ਤ੍ਰਿਟ ਹਰੈ ਅਨਿਲ ਸਰਮਾਨ॥੩੬੨॥

੨੫੯੩—ਖੰਡ ਸਾਫ, ਠੰਢੀ, ਚੀਕੁਣੀ, ਬ੍ਰਿਖਜ, ਭਾਰੀ ਹੈ, ਰਕਤ ਪਿੱਤ, ਖਤ ਤੇ ਖੀਣਤਾ, ਪਯਾਸ, ਵਾਯੂ ਦੀ ਨਾਸਕ ਤੇ ਦਸਤਾਵਰ, ਖੰਡ ਰਾਬ ਤੋਂ ਖਾਚੀ ਦ੍ਵਾਰਾ ਬਣਾਈ ਜਾਂਦੀ ਹੈ॥ ੩੬੨॥

ਲਾਲ ਖੰਡ ਗੁਣ—ਦੋਹਰਾ

ਬਲੁ ਕਖਾਇ ਗ੍ਰਾਹੀ ਸਰਸ ਹਰੈ ਪਵਨ ਗੁਰ ਭਾਲ।
ਰੁਚਿ ਕਰ ਖੰਡ ਸਬ ਬਾਤ ਹਰਿ ਕਹੇ ਮੇਘ ਗੁਨ ਲਾਲ॥੩੬੩॥

੨੫੯੪-ਬਲਕਾਰਕ, ਕਸੈਲੀ, ਗ੍ਰਾਹੀ, ਰਸਾਂ ਨੂੰ ਸਮਾਨ ਕਰਨ ਹਾਰੀ ਬਾਤ ਨਾਸਕ, ਭਾਰੀ ਰੁਚੀ ਕਾਰਕ, ਸਭ ਤਰਾਂ ਦੀ ਬਾਤ ਨਾਸਕ ਲਾਲ ਖੰਡ ਕਹੀ ਹੈ॥ ੩੬੩॥

ਗੁੜ ਗੁਣ—ਦੋਹਰਾ

ਰੁਚਿ ਕਰ ਤੀਖਜਨ ਉਸਨ ਕਟੁ ਬ੍ਰਿਹਣ ਹਰਿ ਹੈ ਕਾਸ।
ਸ੍ਵਾਸ ਹਰਤ ਜੀਰਣ ਭਲਾ ਗੁੜ ਗੁਨ ਨਿਰਗੁਨ ਭਾਸ॥੩੬੪॥

੨੫੯੫- ਰੁਚੀ ਕਾਰਕ, ਤੀਛਣ, ਗਰਮ, ਚਰਪਰਾ, ਬ੍ਰਿਹਣ, ਖਾਂਸੀ ਤੇ ਦਮਾਂ ਨਾਸਕ। ਪੁਰਾਣਾ ਅੱਛਾ ਹੈ, ਇਹ ਗੁੜ ਦਾ ਗੁਣ ਹੈ (ਗੁੜ ਗੰਨੇ ਦਾ ਰਸ ਕਾੜ੍ਹਕੇ ਬਣਾਇਆ ਜਾਂਦਾ ਹੈ।

ਖੱਟੀ ਦਾਖ ਗੁਣ--ਦੋਹਰਾ

ਕਫ ਪਿੱਤਹਿ ਕੋ ਹਰਤ ਹੈ ਵਾਤ ਪਿੱਤ ਹਰਿ ਲੇਇ॥
ਵਲਕਰ ਪਾਚਨ ਗੁਣ ਕਹੇ ਤੁਰਸਦਾਖ ਭਨ ਤੇਇ॥੩੬੫॥

੨੫੯੬-ਕਫ ਪਿੱਤ ਤੇ ਬਾਤ ਨੂੰ ਹਰਨ ਹਾਰੀ, ਬਲਕਾਰਕ, ਪਾਚਨ ਇਹ ਗੁਣ ਖੱਟੀ ਦਾਖ ਦੇ ਹਨ ॥ ੩੬੫।

ਵੱਡੀ ਦਾਖ ਗੁਣ--ਦੋਹਰਾ

ਸ੍ਵਾਸ ਦਾਹ ਮਦਾਤਯ ਹਰਿ ਰਕਤ ਪਿੱਤ ਜ੍ਵਰ ਦਾਹ।
ਤ੍ਰਿਖਾ ਹਰਣ ਰੁਚਿ ਕਰ ਕਹੀ ਦਾਖ ਮੁਨੱਕਾ ਸਾਸ॥੩੬੬॥

Digitized by Panjab Digital Library | www.panjabdigilib.org

੨੫੭੮—ਦਮਾਂ, ਮਦਾਤਯ ਦਾ ਦਾਹ, ਰਕਤ ਪਿੱਤ, ਤਪ, ਦਾਹ, ਪਿਆਸ ਇਨ੍ਹਾਂ ਦੇ ਨਾਸ਼ ਕਰਨ ਹਾਰੀ ਦਾਖ (ਜਿਸਨੂੰ ਮੁਣੱਕਾ ਆਖਦੇ ਹਨ) ਹੈ ॥੩੬੬॥

(ਦੋਹਾਂ ਦਾ ਬ੍ਰਿਤਾਂਤ)

ਕਿਸਮਿਸ (ਸਉਗੀ) ਜਿਸ ਵਿਚ ਬੀਜ ਨਹੀਂ ਹੁੰਦੇ, ਅਥਵਾ ਛੋਟੇ ਬੀਜਾਂ ਵਾਲੀ ਹੁੰਦੀ ਹੈ, ਇਹ ਭਿੰਨ ਵੀ ਹੈ। ਫਿਰ ਬੀ ਮੁਣੱਕੇ ਸਮਾਨ ਹੀ ਗੁਣਾਂ ਵਾਲੀ ਹੈ। ਦਾਖ, ਕਾਲੀ; ਲਾਲ ਅਰ ਕਿਸਮਿਸ ਹਰੀ, ਲਾਲਇਤਜ ਦੀ ਅਨੇਕ ਜਾਤੀ ਦੀ ਹੈ। ਇਸਦੀ ਅਧਿਕ ਉਤਪੱਤੀ ਕਾਬੁਲ, ਕੰਧਾਰ ਤਥਾ ਓਨ੍ਹਾਂ ਹੀ ਦੇਸ਼ਾਂਤਰਾਂ ਵਿਚ ਹੈ। ਕਾਠ ਦੀਆਂ ਟੱਟੀਆਂ ਉਪਰ ਇਸਦੀ ਵੇਲ ਚਲਦੀ ਹੈ। ਪੱਤੇ ਹੱਥ ਦੀ ਆਕ੍ਰਿਤੀ ਜੇਹੇ ਹੁੰਦੇ ਹਨ, ਮਾਨੋਂ ਹਥੇਲੀ ਵਿਚ ਹੀ ਪੰਜ ਉਂਗਲੀਆਂ ਲਗਾ ਦਿੱਤੀਆਂ ਹਨ। ਫਲ ਗੁਛਿਆਂ ਨਾਲ ਲਗਏ ਹਨ। ਇਨ੍ਹਾਂ ਨੂੰ ਅੰਗੂਰ ਆਖਦੇ ਹਨ; ਏਹੋ ਅੰਗੂਰ ਸੁਕਕੇ ਦਾਖ ਯਾ ਮੁਣੱਕਾ ਬਣ ਜਾਂਦੀ ਹੈ। ਕਾਲੇ ਅੰਗੂਰਾਂ ਦੀ ਕਾਲੀ ਦਾਖ ਅਤੇ ਭੂਰੇ ਅੰਗੂਰਾਂ ਦੀ ਭੂਰੀ ਦਾਖ ਹੁੰਦੀ ਹੈ। ਇਸੇ ਨੂੰ ਮੁਣੱਕਾ (ਗੋਸਤਨੀ ਮਹੋਕੜਿ) ਆਦਿ ਨਾਮਾਂ ਨਾਲ ਬੋਲਦੇ ਹਨ ॥੩੬੬॥

ਖਜੂਰ ਗੁਣ--ਦੋਹਰਾ

ਮਧੁਰ ਸੀਤ ਰੁਚ ਕਰਿ ਕਹੀ ਖਤ ਖਯ ਹਰਿ ਕਫ ਵਾਤ।
ਰਕਤ ਪਿੱਤ ਹਰਿ ਸੁਕ੍ਰ ਦੇ ਖਾਰਿਕ ਗੁਣ ਵਿਖਜਾਤ ॥੩੬੭॥

੨੫੮੦-ਮਿੱਠੀ, ਠੰਢੀ, ਰੁਚਿਕਾਰਕ, ਖਤ ਖਈ, ਕਫ ਬਾਤ ਤੇ ਰਕਤ ਪਿਤ ਏਨਾਂ ਨੂੰ ਹਰਨ ਹਾਰੀ, ਬੀਰਜ ਪੈਦਾ ਕਰਨ ਵਾਲੀ ਇਹ 'ਖਾਰਿਕ' ਨਾਮ ਖਜੂਰ ਦੇ ਗੁਣ ਕਹੇ ਹਨ ॥੩੬੭॥

ਛੁਹਾਰਾ ਗੁਣ--ਦੋਹਰਾ

ਸ੍ਵਾਸ ਕਾਸ ਤ੍ਰਿਟ ਤਾਪ ਖਤ ਕੋਸਟ ਵਾਯੂ ਅਭਿਘਾਤ।
ਅਤੀਸਾਰ ਹਰਿ ਗੁਣ ਕਹੇ ਨਾਮ ਛੁਹਾਰਾ ਖਜਾਤ ॥੩੬੮॥

੨੫੮੮-ਦਮਾਂ, ਖਾਂਸੀ. ਪਿਆਸ, ਤਾਪ, ਖਤ, ਕੋਠੇ ਦੀ ਵਾਯੂ, ਚੋਟ ਤੇ ਅਤੀਸਾਰ ਇਨ੍ਹਾਂ ਦਾ ਨਾਸ ਕਰਨ ਹਾਰਾ ਛੁਹਾਰਾ ਹੈ। ੩੬੯॥

(ਦੋਹਾਂ ਦਾ ਬ੍ਰਿਤਾਂਤ)

ਖਜੂਰ ਤੇ ਛੁਹਾਰੇ ਦੀ ਆਕ੍ਰਿਤੀ ਵਿਚ ਕੁਝ ਅਧਿਕ ਭੇਦ ਨਹੀਂ ਹੈ, ਪਿੰਡ ਖਜੂਰ ਤਾਂ ਆਪਣੇ ਦੇਸ਼ ਵਿਚ ਵੀ ਹੁੰਦੀ ਹੈ, ਸੋ ਬਹਾਰੀ ਹੋਣ ਤੇ ਅਧਿਕ ਸਮਯ ਤਕ ਨਹੀਂ ਰਹਿ ਸਕਦੀ। ਦੂਸਰੀ ਖਜੂਰ ਪਸਚਮ ਦੇਸ਼ ਯਾ ਕਾਬੁਲ ਆਦਿ ਵਲੋਂ ਔਂਦੀ ਹੈ, ਇਕ ਹੋਰ ਖਜੂਰ ਅੰਨ ਦੇਸ਼ੋਂ ਔਂਦੀ ਹੈ, ਓਹ ਮੁਣੱਕੇ ਦੀ ਤਰਾਂ ਦੀ ਹੁੰਦੀ ਹੈ। ਪਸਚਮੀ ਖਜੂਰ ਨੂੰ ਹੀ ਛੁਹਾਰਾ ਆਖਦੇ ਹਨ, ਖਜੂਰ, ਪਿੰਡ ਖਜੂਰ ਤਥਾ ਛੁਹਾਰੇ ਦੇ ਬ੍ਰਿਛ ਸਿੱਧੇ ਹੀ ਲੰਮੇ ਲੰਮੇ ਚਲੇ ਜਾਂਦੇ ਹਨ, ਫਲ ਗੁੱਛੇ ਵਾਂਗ ਵੱਖੋ ਵੱਖ ਲਗਦੇ ਹਨ, ਸਮਯ ਪਰ ਤੋੜ ਤੋੜ ਰੱਖੇ ਜਾਂਦੇ ਹਨ, ਹੁਣ ਕਲਾਂ ਦੇ ਸਹਾਰੇ ਇਸਦੀ ਖੰਡ ਵੀ ਬਣਾਈ ਜਾਂਦੀ ਹੈ ।੩੬੯॥

Digitized by Panjab Digital Library | www.panjabdigilib.org

ਨਿੰਬੂ ਗੁਣ--ਪਰਿਹਾਛੰਦ

ਵਾਤ ਪਿੱਤ ਵਮਿ ਤ੍ਰਿਸਨਾ ਮੁਖ ਕਾ ਸੋਖ ਹੀ।
ਰਕਤ ਪਿੱਤ ਕਫ ਹਰਤਾ ਆਰੁਚਿ ਦੋਖ ਹੀ।
ਵਧ ਕੋਸ਼ਟ ਕ੍ਰਿਮ ਤਾਪ ਸਕਲ ਏ ਨਾਸ ਹੀ।
ਨਿੰਬੂ ਕੇ ਗੁਣ ਮੇਘ ਨ੍ਰਿਘੰਟ ਜੁ ਭਾਸ ਹੀ ॥੩੬੯॥

੨੫੯੦—ਬਾਤ, ਪਿਤ, ਕੈ, ਪਜਾਸ, ਮੂੰਹ ਦਾ ਸੁਕਣਾ, ਰਕਤ ਪਿਤ, ਕਫ, ਅਰੁਚੀ, ਬਧ ਕੋਸ਼ਟ, ਕ੍ਰਿਮਿ, ਤਾਪ, ਇਨ੍ਹਾਂ ਸਾਰਿਆਂ ਨੂੰ ਨਿੰਬੂ ਨਾਸ ਕਰਨ ਹਾਰਾ ਹੈ ॥੩੬੯॥

(ਬ੍ਰਿਤਾਂਤ)

ਨਿੰਬੂ, ਕਾਗਜ਼ੀ ਨਿੰਬੂ ਦੇ ਬੂਟੇ ਉੱਤਮ ਉੱਤਮ ਫਾਟਿਕਾਂਵਾਂ ਵਿਚ ਮਾਲੀ ਲੋਗ ਹੀ ਲਾਉਂਦੇ ਹਨ। ਇਹ ਬੂਟੇ ਨ ਬੜੇ ਨ ਛੋਟੇ, ਬਲਕਿ ਮੱਧਮ (ਦਰਮਜਾਨੇ) ਜਾਤੀ ਦੇ ਰੁਖ ਹੁੰਦੇ ਹਨ। ਪੱਤੇ ਜਾਮਨ ਸਮਾਨ ਲੰਮੇ ਲੰਮੇ ਚਿਕਨੇ ਤੇ ਫੂਲ ਸਫੈਦ ਰੰਗ ਦੇ ਛੋਟੇ ਛੋਟੇ ਅਰ ਫਲ ਗੋਲ ਗੋਲ ਹਰੇ ਰੰਗ ਦੇ ਲਗਦੇ ਹਨ। ਪੱਕਣੇ ਤੇ ਪੀਲੇ ਹੋ ਜਾਂਦੇ ਹਨ। ਪਤਲੀ ਛਿਲ ਦੇ ਹੋਣ ਤੇ ਏਹੋ ਕਾਗਜੀ ਨਿੰਬੂ ਕਹੇ ਜਾਂਦੇ ਹਨ। ਏਸੇ ਤਰਾਂ ਕੁਛ ਕੁਛ ਭੇਦ ਵਾਲਾ ਮਿਠਾ ਨਿੰਬੂ (ਪ੍ਰਸਿਧ ਹੈ) ਤੇ ਬਿਜੌਰਾ ਨਿੰਬੂ ਕਹੀਦਾ ਹੈ, ਇਸਦਾ ਅਚਾਰ ਵੀ ਪਾਇਆ ਜਾਂਦਾ ਹੈ ॥੩੬੯॥

ਅਨਾਰ ਗੁਣ--ਸੋਰਠਾ

ਰੋਚਨ ਮਧੁਰ ਅਨਾਰ, ਦੋਖ ਤ੍ਰਿਕੈ ਤਪ ਤਪਤ ਹਰਿ।
ਦੋ ਦਾਰਮ ਗੁਨ ਧਾਰ, ਭੂਖ ਕਰਤ ਅਤਿਸਾਰ ਹਰਿ ॥੩੭੦॥

੨੫੯੧—ਰੁਚੀਕਾਰਕ, ਮਿਠਾ ਅਨਾਰ ਹੈ, ਇਹ ਤ੍ਰਿਦੋਖ, ਤਾਪ ਅਤੇ ਸਰੀਰ ਦੀ ਤਪਤ ਨੂੰ ਨਾਸ਼ ਕਰਨ ਹਾਰਾ ਹੈ। ਦੂਸਰਾ ਖਟਾ ਅਨਾਰ, ਭੁਖ ਕਰਨ ਹਾਰਾ ਅਤੀਸਾਰਾਂ ਦਾ ਨਾਸਕ ਕਿਹਾ ਗਿਆ ਹੈ ॥੩੭੦॥

(ਬ੍ਰਿਤਾਂਤ)

ਅਨਾਰ ਦਾ ਬ੍ਰਿਛ ਮੱਧਮ ਅਕਾਰ ਦਾ ਹੁੰਦਾ ਹੈ ਤੇ ਸਭ ਸਥਾਨਾਂ ਪਰ ਮਲਦਾ ਹੈ। ਉਤਰਾਖੰਡ ਦੇ ਪਹਾੜਾਂ ਵਿਚ, ਕਾਬਲ, ਕੰਧਾਰ ਅਤੇ ਹੋਰ ਹੋਰ ਪ੍ਰਦੇਸਾਂ ਵਿਚ ਵੀ ਬਹੁਤ ਹੁੰਦਾ ਹੈ। ਪਤੇ ਹਰੇ ਤੇ ਲੰਮੇ ਹੁੰਦੇ ਹਨ। ਫਲ ਅਤਿਅੰਤ ਸੁਭਾਇਮਾਨ ਸੰਧੂਰੀਆ ਹੁੰਦੇ ਹਨ। ਅਨਾਰ ਦੀਆਂ ਦੋ ਜਾਤੀਆਂ ਹਨ, ਇਕ ਨਰ ਦੂਜਾ ਨਾਰੀ, ਨਰ ਜਾਤੀ ਨੂੰ ਫੁੱਲ ਬਹੁਤ ਵੱਡੇ ਲਗਦੇ ਹਨ ਤੇ ਫਲ ਨਹੀਂ ਲਗਦੇ। ਨਾਰੀ ਜਾਤੀ ਦੇ ਅਨਾਰ ਨੂੰ ਫੁੱਲ ਛੋਟੇ ਤੇ ਫਲ ਗੋਲ ਬੜੇ ਬੜੇ ਲਗਦੇ ਹਨ। ਫਲ ਦੇ ਅੰਦਰ ਦਾਣੇ, ਮਣੀਆਂ ਵਾਂਗ ਸਫੈਦ ਯਾ ਲਾਲ, ਕੋਈ ਧੂਸਰੇ ਕਾਂਤੀ ਵਾਲੇ ਹੁੰਦੇ ਹਨ। ਇਨ੍ਹਾਂ ਦੀ ਜੜਤ ਕਰਤਾਰ ਨੇ ਬੇਸ਼ ਸੁਹਾਵਣੀ ਜੜੀ ਹੋਈ ਹੁੰਦੀ ਹੈ। ਇਹ ਕਈ ਮਿਠੇ, ਕਈ ਖਟਮਿਠੇ, ਕਈ ਖੱਟੇ, ਇਸਤਰਾਂ ਤਿੰਨ

Digitized by Panjab Digital Library | www.panjabdigilib.org

ਪ੍ਰਕਾਰ ਦੇ ਸਵਾਦ ਵਾਲੇ ਹੁੰਦੇ ਹਨ, ਪ੍ਰਯੋਗ ਵਿਚ ਦਾਣੇ, ਫੁੱਲ, ਪੱਤ੍ਰ ਤੇ ਛਿੱਲ ਸਭੇ ਲਏ ਜਾਂਦੇ ਹਨ, ਕਵੀ ਲੋਕ ਇਸਦੀ ਜੜਤ ਦੀ ਸੋਭਾ ਇਸਤ੍ਰੀਆਂ ਦੇ ਦੰਦਾਂ ਨੂੰ ਦਿੰਦੇ ਹਨ ॥੩੭੦॥

ਅੰਬ ਗੁਣ--ਸੋਰਠਾ

ਪਿੱਤਲ ਪਵਨ ਨਸਾਇ, ਰੁਚਿ ਕਰ ਬ੍ਰਿਹਨ ਮਧੁਰ ਗੁਰ ।
ਚਿਕਨ ਸੰਗ੍ਰਹਿਨੀ ਜਾਇ, ਬਲ ਪਲ ਕਰ ਪਾਕਾ ਜੁ ਗੁਣ ॥੩੭੧॥

੨੫੯੨—ਪਿੱਤ ਕਾਰਕ, ਪਵਨ ਦਾ ਨਾਸ ਕਰਨਹਾਰਾ, ਰੁਚੀਕ ਰਕ, ਬ੍ਰਿਹਣ, ਮਿੱਠਾ, ਭਾਰਾ, ਚੀਕੂਣਾ, ਸੰਗ੍ਰਹੀ ਹੈ, ਅਥਵਾ ਸੰਗ੍ਰਹਣੀ ਨਾਸਕ ਹੈ। ਬਲ ਤੇ ਮਾਸ ਕਰਨਹਾਰਾ ਪੱਕਾ ਅੰਬ ਕਿਹਾ ਹੈ ॥੩੭੧॥

(ਬ੍ਰਿਤਾਂਤ)

ਅੰਬ ਸਾਰੇ ਦੇਸ਼ ਵਿੱਚ ਪ੍ਰਸਿੱਧ ਹੈ, ਇਸਦੇ ਕਈ ਭੇਦ, ਕਈ ਜਾਤੀਆਂ ਹਨ, ਕਈ ਸਥਾਨਾਂ ਪਰ ਬਾਗਾਂ ਦੇ ਬਾਗ ਹਨ। ਇਸਨੂੰ ਪਹਿਲੇ ਮੋਰ (ਬੂਰ) ਆਉਂਦਾ ਹੈ, ਫਿਰ ਫਲ ਲਗਦਾ ਹੈ, ਫਲ ਕੱਚਾ ਹਰਾ, ਪੱਕ ਜਾਣੇ ਪਰ ਲਾਲ, ਇਨ੍ਹਾਂ ਦਾ ਮਿੱਠਾ ਰਸ ਚਿੱਤ ਨੂੰ ਪ੍ਰਸੰਨ ਕਰਨੇ ਹਾਰਾ ਹੁੰਦਾ ਹੈ, ਇਸਦਾ ਵਰਤਾਵ ਕਈ ਕਿਸਮ ਨਾਲ ਹੈ, ਚੂਸਕੇ ਖਾਇਆ ਜਾਂਦਾ ਹੈ, ਅਚਾਰ, ਅਮਚੂਰ, ਮੁਰੱਬਾ ਪਾਕੇ ਆਦਿ ਇਸਤਰਾਂ ਫਲ ਤੋਂ ਇਲਾਵਾ ਛਿੱਲ, ਪੱਤੇ ਤੇ ਗਿਟਕ ਵੀ ਕੰਮ ਆਉਂਦੀ ਹੈ।

ਸੱਠੀ ਚਾਵਲ ਗੁਣ—ਦੋਹਰਾ

ਲਾਘਵ ਸੀਤਲ ਉਦਰ ਵਧ ਵਾਤ ਪਿੱਤ ਸਮ ਭਾਇ।
ਸੱਠੀ ਅਰ ਸੁਖ ਦਾਸ ਗੁਨ ਕਹੇ ਸਕਲ ਸਮ ਭਾਇ॥੩੭੨॥

੨੫੯੩-ਹਲਕੇ, ਸੀਤਲ, ਉਦਰ ਭਾਵ ਪੇਟ ਦੀ ਮਲ ਨੂੰ ਬੰਧਨੇ ਵਾਲੇ, ਬਾਤ, ਪਿੱਤ ਨੂੰ ਨਾਸ਼ ਕਰਨ ਵਾਲੇ ਇਸਤਰਾਂ ਸੱਠੀ (ਧਾਈਆਂ) ਦੇ ਚਾਵਲ ਤੇ ਬਾਸਮਤੀ ਦੇ ਚਾਵਲ ਇਕ ਸਮਾਨ ਗੁਣ ਵਾਲੇ ਹਨ ॥੩੭੨॥

ਮੂੰਗ ਗੁਣ—ਦੋਹਰਾ

ਰੂਖੇ ਕਫ ਪਿੱਤਹਿ ਹਰਤ ਲਘੁ ਹਿਮ ਗ੍ਰਾਹੀ ਬਾਲ।
ਅਨਿਲ ਅਲਪ ਹੈ ਦ੍ਰਿਗ ਹਿਤੂ ਮੂੰਗੀ ਏ ਗੁਣ ਲਾਲ ॥੩੭੩॥

੨੫੯੪—ਖੁਸ਼ਕ, ਕਫ਼ ਪਿੱਤ ਨਾਂਸਕ, ਹਲਕੇ, ਠੰਢੇ, ਗ੍ਰਾਹੀ, ਕੁਛ ਕੁ ਬਾਦੀ ਕਰਨਹਾਰੇ ਨੇਤ੍ਰਾਂ ਦੇ ਹਿਤਕਾਰੀ ਇਹ ਮੂੰਗ ਕਹੇ ਹਨ ॥੩੭੩॥

(ਬ੍ਰਿਤਾਂਤ)

ਮੂੰਗੀ ਕਾਲੀ, ਹਰੀ, ਪੀਲੀ ਚਿੱਟੀ ਤੇ ਲਾਲ, ਭੇਦ ਨਾਲ ਅਨੇਕ ਪ੍ਰਕਾਰ ਦੀ ਹੈ। ਸੁਸ੍ਰਿਤ ਨੇ ਹਰੀ ਮੂੰਗੀ ਗੁਣਵੰਤੀ ਕਹੀ ਹੈ, ਚਰਕ ਵੀ ਹਰੀ ਮੂੰਗੀ ਨੂੰ ਗੁਣਕਾਰ ਲਿਖਦਾ ਹੈ। ਵਾਸਤਵ ਵਿੱਚ ਪਹਿਲੀਆਂ

Digitized by Panjab Digital Library | www.panjabdigilib.org

ਦੋਹਾਂ ਵਿੱਚ ਅਧਿਕ ਹਲਕਾਪਨ ਹੈ, ਇਹ ਖੇਤਾਂ ਵਿੱਚ ਬੀਜੀ ਜਾਂਦੀ ਹੈ ॥੩੭੪॥

ਮੋਠ ਗੁਣ—ਦੋਹਰਾ

ਵਮਿ ਕਫ ਪਿੱਤਹਿ ਹਰਿ ਰੁਖੇ ਜ੍ਵਰ ਨਾਸਨ ਕ੍ਰਿਮਿ ਕਾਰ।
ਲਘੁ ਭਾਖੇ ਗੁਨ ਮੋਠ ਕੇ ਸਕਲ ਤਾਪ ਹਿਤ ਧਾਰ ॥੩੭੪॥

੨੫੯੫–ਕੈ, ਕਫ, ਪਿੱਤ, ਖੁਸ਼ਕ ਤਪ ਨਾਸਕ ਕ੍ਰਿਮਿ ਕਰਨੇ ਵਾਲੇ ਹਲਕੇ ਸਭਨਾਂ ਤਾਪਾਂ ਵਾਸਤੇ ਗੁਣਕਾਰ ਮੋਠ ਕਹੇ ਹਨ ॥੩੭੪॥

ਚਣੇ (ਛੋਲਿਆਂ ਦੇ ਗੁਣ)—ਦੋਹਰਾ

ਸੀਤਲ ਲਘੁ ਰੂਖੇ ਅਨਿਲ ਰਕਤ ਪਿੱਤ ਕਫ ਹਾਰ।
ਵਿਸਟੰਭੀ ਵੀਰਜ ਹਰਨ ਚਣੇ ਕੁਸਟ ਪਰਿਹਾਰ ॥੩੭੫॥

੨੫੯੬–ਠੰਢੇ, ਹਲਕੇ, ਖੁਸ਼ਹ, ਬਾਤ, ਖੂਨ, ਪਿੱਤ ਤੇ ਕਫ ਦੇ ਨਾਸ ਕਰਨ ਹਾਰੇ ਹਨ, ਕਾਬਜ ਤੇ ਬੀਰਜ ਦਾ ਨਾਸ ਕਰਨ ਹਾਰੇ ਇਹ ਛੋਲਿਆਂ ਦੇ ਗੁਣ ਕਹੇ ਹਨ ॥੩੭੫॥

ਮਸੂਰ ਗੁਣ—ਦੋਹਰਾ

ਗ੍ਰਾਹੀ ਲਘੁ ਸੀਤਲ ਵਰਨ ਹਰੇ ਰੁਧਰ ਕਫ ਪਿੱਤ।
ਤਾਹਿ ਸਾਗੁ ਲਘੁ ਹੈ ਕਹਜੋ ਅਤੀਸਾਰ ਹਰਿ ਮਿੱਤ ॥੩੭੬॥

੨੫੯੭–ਗ੍ਰਾਹੀ (ਕਾਬਦ), ਹਲਕੇ, ਠੰਢੇ, ਰੰਗ ਕਾਰਕ, ਰੁਧਿਰ, ਕਫ, ਪਿੱਤ, ਇਨ੍ਹਾਂ ਦੇ ਨਾਸ਼ ਕਰਨ ਹਾਰੇ ਅਰ ਏਨ੍ਹਾਂ ਦਾ ਸਾਗ ਹਲਕਾ ਹੈ, ਅਤੀਸਾਰਾਂ ਦਾ ਨਾਸਕ ਹੈ ॥੩੭੬॥

ਕੁਲਥ ਗੁਣ—ਪਰਿਹਾ ਛੰਦ

ਕੁਲਥ ਉਸਨ ਲਘੁ ਕਸਨ ਸ੍ਵਾਸ ਕਫ ਨਾਸ ਹੈ।
ਸਰਵਾਦੀ ਦ੍ਰਿਗ ਪੀਨਸ ਅਸਮਰਿ ਕਾਸ ਹੈ।

੨੫੯੮–ਕੁਲਥ, ਗਰਮ, ਹਲਕੇ, ਕਸੇਲੇ, ਦਮਾਂ, ਕਫ ਦੇ ਨਾਸ਼ਕ ਹਨ। ਦਸਤਾਵਰ ਹਨ ਬਾਤ, ਨੇਤ੍ਰ ਰੋਗ; ਨਜ਼ੁਲਾ; ਪਥਰੀ, ਖਾਂਸੀ, ਬੀਰਜ, ਗ੍ਰਾਹੀ=ਭਾਵ ਉਸਨ ਬੀਰਜ ਹਨ, ਗੋਲਾ, ਪਸੀਨਾ, ਅਫਾਰਾ, ਹਿੜਕੀ ਕ੍ਰਿਮ, ਤੇ ਰਕਤ ਪਿੱਤ ਇਨ੍ਹਾਂ ਸਭਨਾਂ ਦੇ ਦੂਰ ਕਰਨ ਹਾਰੇ ਹਨ, ਇਹ ਇਕ ਪਹਾੜੀ ਅਨਾਜ ਹੁੰਦਾ ਹੈ ॥੩੭੭॥

ਪਾਪੜ ਗੁਣ—ਚੌਪਈ

ਲਘੂ ਰੂਖੇ ਮੂੰਗਾ ਕੇ ਜਾਨ। ਪੁਸ਼ਟ ਕਰਤ ਗੁਨ ਮਾਖਾ ਠਾਨਿ।
ਸੱਜੀ ਜਲਸੋਂਖਰਾਰ ਕਹਾਇ। ਦੋ ਜਾਤਾਂ ਪਾਪੜ ਗੁਨ ਲਜਾਇ ॥੩੭੮॥

Digitized by Panjab Digital Library | www.panjabdigilib.org

੨੫੯੯-ਪਾਪੜ ਮੂੰਗੀ ਦੇ ਹਲਕੇ, ਖੁਸ਼ਕ, ਇਸੇ ਤਰਾਂ ਮਹਾਂ ਦੇ ਪਾਪੜ ਪੁਸ਼ਟੀਕਾਰਕ ਹਨ। ਸੱਜੀ ਦੇ ਜਲ ਨਾਲ ਖਾਰ ਦੇਕੇ ਦੋਨੋਂ ਤਰਾਂ ਦੇ ਪਾਪੜ ਬਨਾਏ ਜਾਂਦੇ ਹਨ। ਸੋ ਜਿਸਤਰਾਂ ਦਾ ਗੁਣ ਦਾਲ ਵਿਚ ਓਸੇ ਤਰਾਂ ਦਾ ਗੁਣ ਉਸਦੇ ਪਾਪੜ ਵਿਚ ਹੁੰਦਾ ਹੈ ॥੩੭੮॥

(ਬ੍ਰਿਤਾਂਤ)

ਜਿਸਦੀ ਦਾਲ ਦੇ ਪਾਪੜ ਤਿਆਰ ਕਰਨੇ ਹੋਣ, ਉਸਦੀ ਦਾਲ ਭਿਉਂ ਛੱਡੇ, ਧੋਕੇ ਛਿਲਕਾ ਲਾਹ ਕੇ ਸੁਕਾ ਕੇ ਆਟਾ ਕਰ ਲਵੇ, ਫਿਰ ਹਿੰਙ, ਹਲਦੀ, ਜੀਰਾ, ਨਿਮਕ, ਸੱਜੀ ਹੋਰ ਮਸਾਲੇ ਪਾਕੇ ਪਤਲੇ ਤੇਲ ਦੇ ਸਹਾਰੇ ਵੇਲਕੇ ਸੁਕਾ ਰਖੇ, ਪਾਪੜਾਂ ਨੂੰ ਅੰਗਿਆਰਾਂ ਉੱਪਰ ਭੁੰਨਕੇ ਖਾਵੇ, ਅਤਿਅੰਤ ਰੁਚੀਕਾਰਕ ਅਗਨੀ ਪ੍ਰਦੀਪਕ ਪਾਚਕ ਹਨ ॥੩੭੮॥

ਲਾਜਾ ਗੁਣ-ਪਰਿਹਾ

ਲਾਘਵ ਦੀਪਨ ਸੀਤ ਮੇਧ ਤ੍ਰਿਟ ਹਰਤ ਹੈ।
ਮਲ ਕਫ ਕਰਿ ਹਹਿ ਦਾਹ ਵਮਨ ਉਖਰਤ ਹੈ।
ਅਸ੍ਰ ਪਿੱਤ ਹਰਿ ਮੇਹ ਜਾਤ ਅਤਿਸਾਰ ਹੀ।
ਯਵ ਤੰਦੁਲ ਕੀ ਲਾਜਾ ਗੁਣ ਵਿਸਤਾਰ ਹੀ ॥੩੭੯॥

੨੬੦੦-ਹਲਕੀਆਂ, ਅਗਨੀ ਦੀਪਨ ਕਰਨ ਹਾਰੀਆਂ, ਠੰਢੀਆਂ, ਮੇਦ (ਮੋਟਾਪਨ). ਪਯਾਸ ਦੀਆਂ ਨਾਸਕ, ਮਲ ਤੇ ਕਫ ਕਾਰਕ, ਦਾਹ ਤੇ ਕੈ ਦੀਆਂ ਹਰਨੇ ਵਾਲੀਆਂ, ਰਕਤ ਵਿਕਾਰ, ਪਿਤ, ਪ੍ਰਮੇਹ ਤੇ ਅਤੀਸਾਰ ਹਰਨ ਹਾਰੀਆਂ ਯਵਾਂ ਤੇ ਚਾਵਲਾਂ ਦੀਆਂ ਖਿੱਲਾਂ ਕਹੀਆਂ ਹਨ ॥੩੭੯॥

(ਬ੍ਰਿਤਾਂਤ)

ਜਿਨ੍ਹਾਂ ਧਾਨਾਂ ਵਿਚੋਂ ਚਾਵਲ ਨਿਕਲਦੇ ਹਨ, ਓਨ੍ਹਾਂ ਨੂੰ ਛਿਲਕੇ ਸਮੇਤ ਭੱਠੀ ਵਿਚ ਭੁਨਾ ਲਵੇ ਤਾਂ ਓਹ ਲਾਜਾਂ=ਫੁੱਲੀਆਂ ਕਹੀਆਂ ਜਾਂਦੀਆਂ ਹਨ।

ਸੱਤੂ ਗੁਣ-ਪਰਿਹਾ

ਸਾਲ ਲਾਜ ਹਿਮ ਮਧੁਰ ਗ੍ਰਾਹਿ ਲਘੁਵਾਤਲੀ।
ਹਿਯ ਗਦ ਕਲਮ ਜ੍ਵਰ ਦਾਹ ਮੂਰਛਾ ਘਾਤ ਹੀ।
ਪਿੱਤ ਰਕਤ ਸ੍ਰਮ ਘਰਮ ਵਯਾਸ੍ਰਮ ਜਾਤ ਹੈ।
ਸਾਤੂ ਕੇ ਗੁਣ ਏਹ ਮੇਘ ਭਨਿ ਵਾਤ ਹੈ ॥੩੮੦॥

੨੬੦੧-ਸਾਲੀ ਲਾਜ਼ਾਂ ਦੇ ਸੱਤੂ ਠੰਢੇ, ਮਿੱਠੇ, ਗ੍ਰਾਹੀ, ਹਲਕੇ ਬਾਤ ਕਾਰਕ, ਹ੍ਰਿਦਯ ਰੋਗ, ਗਿਲਾਨੀ, ਤਾਪ, ਦਾਹ, ਮੂਰਛਾ ਰਕਤ ਪਿਤ, ਥਕੇਵਾਂ, ਗਰਮੀ, ਕਸ੍ਰਤ ਦਾ ਥਕੇਵਾਂ, ਇਨ੍ਹਾਂ ਸਭਨਾਂ ਦੇ ਨਾਸਕ ਸੱਤੂ ਹਨ ॥੩੮੦॥

Digitized by Panjab Digital Library | www.panjabdigilib.org

ਦੁਗਧ ਗੁਣ ਵਰਨਣੰ

ਗੋਦੂਧ ਗੁਣ--ਚੌਪਈ

ਰਸਾਯਨਗੁਰ ਮਧੁਰਵਖਾਨ। ਬਲਿ ਕਰਿ ਸੀਤਲ ਸਨਿਗਧ ਸੁ ਠਾਨਿ।
ਧਾਤ ਕਰਨ ਪਿੱਤਹਿ ਕੋ ਜੀਤ। ਕਾਮੀ ਕਾ ਗੁਰ ਜਾਨੋ ਮੀਤ ॥੩੯੧॥
ਉੱਤਮ ਕਾਲੀ ਗੋਕਾ ਦੂਧ। ਸ੍ਵੇਤ ਸਲੇਖਮ ਗੁਰ ਲਖ ਸੂਧ।
ਗੋਪਯ ਅੰਮ੍ਰਿਤ ਸਮ ਜੋ ਵਖਾਨ। ਮੇਘ ਕਹੈ ਨਿਰਘੰਟ ਸੁਜਾਨ ॥੩੯੨॥

੨੬੦੨-*ਰਸਾਇਣ, ਭਾਰੀ, ਮਿਠਾ, ਬਲਕਾਰਕ, ਠੰਢਾ, ਚੀਕਣਾ, ਧਾਤੂ ਪੈਦਾ ਕਰਨ ਹਾਰਾ, ਪਿਤ ਨਾਸ਼ਕ, ਕਾਮੀ ਦਾ ਗੁਰੂ ਹੈ। ਫਿਰ ਵੀ ਕਾਲੀ ਗਊ ਦਾ ਦੁੱਧ ਸਰੇਸ਼ਟ ਹੈ,। ਸਫੇਦ ਰੰਗ ਦੀ ਗਊ ਦਾ ਦੁਧ ਵਧਾਉਣ ਵਾਲਾ, ਭਾਰੀ ਹੈ, ਵਾਸਤਵ ਵਿਚ ਗਊ ਦਾ ਦੁਧ ਅੰਮ੍ਰਿਤ ਸਮਾਨ ਹੈ। ਇਹ ਨ੍ਰਿਘੰਟ ਦਾ ਮਤ ਹੈ ॥੩੯੧॥੩੯੨॥

ਭੈਂਸ ਦੁੱਧ ਗੁਣ--ਦੋਹਰਾ

ਵਲ ਨਿੰਦ੍ਰਾ ਸੁੱਕ੍ਰ ਕਰੇ ਮਧੁਰ ਗੁਰੂ ਕਫ ਕਾਰ।
ਸੀਤਲ ਚਿਕਨਾ ਭੂਖ ਹਰਿ ਭੈਂਸ ਦੂਧ ਗੁਣ ਸਾਰ ॥੩੯੩॥

੨੬੦੩-ਬਲ, ਨੀਂਦ ਤੇ ਬੀਰਜ ਕਾਰਕ ਹੈ। ਮਿੱਠਾ, ਭਾਰੀ ਤੇ ਕਫ ਕਾਰਕ ਹੈ। ਠੰਢਾ, ਸਨਿਗਧ ਹੈ, ਭੁੱਖ ਨਾਸ ਕਰਨਹਾਰਾ, ਇਹ ਭੈਂਸ ਦੇ ਦੁੱਧ ਦੇ ਗੁਣ ਕਹੇ ਹਨ ॥੩੯੩॥

ਅਜਾ (ਬਕ੍ਰੀ) ਦੁੱਧ ਗੁਣ--ਦੋਹਰਾ

ਤੀਨ ਦੋਖ ਹਰਿ ਵਿਖਮ ਹਰਿ ਤੀਖਣ ਅਜ ਕੋ ਖੀਰ।
ਅਲਪ ਕਾਯ ਜਲਪਾਨ ਤੁਛ ਸਰਵ ਰੋਗ ਹਰਿ ਧੀਰ ॥੩੯੪॥

੨੬੦੪--ਤ੍ਰਿਦੋਖ ਦਾ ਨਾਸ਼ਕ; ਵਿਖਮ (ਤਾਪ) ਨੂੰ ਹਟਣ ਵਾਲਾ ਤੀਛਣ ਬੱਕ੍ਰੀ ਦਾ ਦੁੱਧ ਹੈ ਬੱਕ੍ਰੀ ਅਲਪ ਕਾਯ ਅਰਥਾਤ ਸਰੀਰ ਛੋਟਾ ਹੋਵੇ ਤੇਜਲ ਪਾਨ ਥੋੜਾ ਕਰਦੀ ਹੈ, ਇਸ ਤੇ ਇਸ ਦਾ ਦੁਧ ਸਰਬ ਰੋਗਾਂ ਨੂੰ ਹਰਨੇ ਵਾਲਾ ਹੈ ॥੩੯੪॥

ਊਟਣੀ ਦੁਧ ਗੁਣ—ਦੋਹਰਾ

ਉਸਨ ਲਘੂ ਸੁ ਲਵਨਹੀ ਅਰਸ ਉਦਰ ਕ੍ਰਿਮਿ ਵਾਤ।

*ਜੋ ਦੇਹ ਦੀ ਬ੍ਰਿਧ ਅਵਸਥਾ ਅਤੇ ਤਾਪਾਦਿ ਦਾ ਨਾਸ ਕਰੇ, ਉਸਨੂੰ 'ਰਾਸਾਇਣ' ਕਿਹਾ ਜਾਂਦਾ ਹੈ। ਰਸ ਆਦਿ ਧਾਤੂਆਂ ਦਾ ਜੋ ਘਰ ਹੋਵੇ ਸੋ ਰਸ ਇਣ ਕਹਾਵੇ ਹੈ।

Digitized by Panjab Digital Library | www.panjabdigilib.org

ਸੋਫ ਸਲੇਖਮ ਅਫਾਰਾ ਦੂਧ ਊਟਨੀ ਘਾਤ ॥੩੯੫॥

੨੬੦੫--ਗਰਮ, ਹਲਕਾ, ਸਲੂਣਾ ਹੈ, ਬਵਾਸੀਰ, ਪੇਟ ਦੇ ਕ੍ਰਿਮਿ. ਵਾਯੂ, ਸੋਜਾਂ, ਬਲਗਮ ਤੇ ਅਫਾਰਾ ਊਟਣੀ ਦਾ ਦੁਧ ਇਨ੍ਹਾਂ ਸਭਨਾਂ ਦੇ ਨਾਸ ਕਰਨਹਾਰਾ ਹੈ ॥੩੯੫॥

ਨਾਰੀ ਦੂਧ ਗੁਣ-ਦੋਹਰਾ

ਸੰਜੀਵਨ ਵ੍ਰਿਹਘਨ ਸਜਤਮ ਤਰਪਣ ਨੇਤਰ ਯੋਗ।
ਪਿੱਤ ਰਕਤ ਨਾਵਨ ਰਿਤੇ ਨਾਰੀ ਪਯ ਗੁਨ ਰੋਗ ॥੩੯੬॥

੨੬੦੬-ਸੰਜੀਵਨ (ਪ੍ਰਾਣਰੂਪ) ਬ੍ਰਿਹਣ ਸਰੀਰ ਨੂੰ ਪੁਸ਼ਟ ਕਰਕੇ ਵਧੌਣ ਵਾਲਾ 'ਸਜਤਮ (ਪੁਸ਼ਟੀ ਕਰਨ ਵਾਲੇ) ਨੇਤ੍ਰਾਂ ਦੇ ਤਰਪਣ ਕਰਨੇ ਯੋਗ, ਪਿੱਤ ਰਕਤ ਵਿਖੇ ਨਸਵਾਰ ਦੇਣਾ ਗੁਣਕਾਰ ਹੈ, ਇਤਨੇ ਗੁਣ ਵਾਲਾ ਇਸਤ੍ਰੀ ਦਾ ਦੂੱਧ ਹੈ ॥੩੯੬।

ਗੋਕੇ ਦਹੀਂ ਦੇ ਗੁਣ (ਅਤ੍ਰਾਤ)--ਸੋਰਠਾ

ਅਮਲ ਸ੍ਵਾਦ ਰਸ ਗ੍ਰਾਹਿ, ਗੁਰ ਉਸਨਾ ਗਦ ਵਾਤ ਜਿਤ।
ਮੇਦ ਸੁੱਕ੍ਰ ਵਲਜਾਹਿ, ਕਫ ਕਰ ਰਕਤ ਜੁ ਪਿੱਤ ਕਰਿ ॥੩੯੭॥
ਅਗਨਿ ਸੋਖ ਕ੍ਰਿਤ ਜਾਨ, ਚਿਕਨਾ ਮਧੁਰ ਜੁ ਦੀਪਨੰ।
ਬਲ ਕਰ ਬਾਤਹਿ ਹਾਨ, ਰੁਚਿਕਰ ਗੋਦਧ ਜਾਨ ਗੁਣ ॥੩੯੮॥

੨੬੦੭--ਅਮਲ ਸ੍ਵਾਦ=ਆਵਲੇ ਦੇ ਜ਼ਾਇਕੇ ਵਾਲਾ, ਰਸ ਗ੍ਰਾਹੀ=ਦੀਪਨ ਪਾਚਨ ਕਰਨੇ ਹਾਰਾ ਅਰਥਾਤ ਆਪਣੀ ਗਰਮਾਈ ਨਾਲ ਕਫ ਧਾਤੂ ਮਲ ਦੇ ਰਸ ਨੂੰ ਸੁਕਾ ਦੇਣ ਵਾਲਾ, ਭਾਰਾ, ਗਰਮ ਵਾਯੂ ਦੇ ਰੋਗਾਂ ਨੂੰ ਜਿਤਣੇ ਵਾਲਾ, ਮੇਦ=ਮੋਟਾਪਨ, ਬੀਰਜ, ਪੁਸ਼ਟੀ ਕਫ, ਰਕਤ ਪਿੱਤ, ਅਗਨੀ, ਸੋਖ, ਇਨ੍ਹਾਂ ਦੇ ਕਰਨ ਵਾਲਾ, ਚੀਕੁਣਾ, ਮਿੱਠਾ, ਦੀਪਨ, ਬਲਕਰਨਹਾਰਾ, ਵਾਯੂਨਾਸਕ ਤੇ ਰੁਚੀ ਕਾਰਕ ਗਊ ਦਾ ਕਿਹਾ ਗਿਆ ਹੈ ॥੩੯੭॥੩੯੮॥

ਭੈਂਸ (ਮਹੀਂ) ਦਧਿ ਗੁਣ-ਦੋਹਰਾ

ਘਨ ਮਧੁਰਾ ਮਲ ਰਕਤ ਕਹਿ ਕਫ ਸੋਫਹਿ ਵ੍ਰਿਖਜ ਕਾਰਿ।
ਪਿੱਤ ਵਾਤ ਕਾ ਕੋਪ ਕਰਿ ਭੈਂਸ ਦਹੀ ਗੁਣ ਧਾਰਿ ॥੩੯੯॥

੨੬੦੮—ਗਾੜ੍ਹਾ=ਭਾਵ ਚੀਕੁਣਾ, ਮਿੱਠਾ, ਮਲ, ਰਕਤ ਕਫ, ਸੋਜ ਤੇ *ਬ੍ਰਿਖ ਇਨ੍ਹਾਂ ਦੇ ਕਰਨ ਹਾਰਾ ਹੈ। ਪਿੱਤ ਬਾਤ ਦਾ ਕੋਪ ਕਾਰਕ ਭੈ ਸਦਾ ਦਹੀਂ ਜਾਨਣਾ ॥੩੯੯॥

---

*ਜੋ ਸੀਘ੍ਰ ਹੀ ਬੀਰਜ ਨੂੰ ਵਧਾਵੇ ਸੋ 'ਬ੍ਰਿਖਜ' ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਅਜਾ ਦਹੀਂ ਗੁਣ—ਦੋਹਰਾ

ਉਸਨ ਵਾਤ ਖਯ ਨਾਸ ਹੁਇ ਅਰਸ ਕਾਸ ਮਿਟ ਜਾਇ ॥
ਅਗਨਿ ਕਰਤ ਵ੍ਰਿਖਜ ਮਧੁਰ ਹੀ ਵਾਤ ਪਿੱਤ ਹਰਿ ਸਾਇ ॥੩੯੦॥

੨੬੦੯--ਗਰਮ ਹੈ, ਵਾਯੂ ਤੇ ਖਈ ਨਸ਼ਟ ਕਰਨਹਾਰਾ, ਬਵਾਸੀਰ, ਖਾਂਸੀ ਦਾ ਨਾਸਕ, ਅਗਨੀ, ਵਧੌਣ ਵਾਲਾ, *ਬ੍ਰਿਖ, ਮਿੱਠਾ, ਬਾਤ ਪਿੱਤ ਦਾ ਹਰਨ ਹਾਰਾ ਬਕ੍ਰੀ ਦਾ ਦਹੀ ਕਿਹਾ ਜਾਂਦਾ ਹੈ ॥੩੯੦॥

ਗੋਤਕ੍ਰ (ਲੱਸੀ) ਗੁਣ--ਦੋਹਰਾ

ਤੀਨ ਦੋਖ ਹਰਿ ਰੁਚ ਦਿਪਨ ਹ੍ਰਿਦਿ ਅਰਸ ਸਭ ਜਾਇ।
ਪੱਥਜ ਭਲਾ ਗੋਤਕ੍ਰ ਕਾ ਜਠਰ ਰੋਗ ਹਿਤ ਪਾਇ ॥੩੯੧॥

੨੬੧੦—ਤ੍ਰਿਦੋਖ ਨਾਸਕ, ਰੁਚੀ ਕਾਰਕ, ਅਗਨਿ ਪ੍ਰਦੀਪਕ, ਹ੍ਰਿਦਯ ਤੇ ਬਵਾਸੀਰ ਨੂੰ ਨਾਸ਼ ਕਰਨ ਹਾਰੀ, ਪੇਟ ਰੋਗ ਵਾਸਤੇ ਪੱਥ ਹੈ। ਇਹ ਗੁਣ ਗੌਕੀ ਲੱਸੀ ਵਿੱਚ ਹੈ ॥੩੯੧॥

ਭੈਂਸ ਤਕ੍ਰ (ਲੱਸੀ) ਗੁਣ--ਦੋਹਰਾ

ਪਲੀਹਾ ਗ੍ਰਹਨੀ ਅਰਸ ਹਿਤ ਘਨ ਅਰ ਸੋਫ ਕਰਾਇ।
ਭੂਖ ਮੰਦ ਅਤਿਸਾਰ ਹਰਿ ਭੈਸ ਤੱਕ੍ਰ ਗੁਣ ਲਜਾਇ ॥੩੯੨॥

੨੬੧੧-ਲਿਫ; ਸੰਗ੍ਰਹਿਣੀ; ਬਵਾਸੀਰ, ਇਹਨਾਂ ਨੂੰ ਹਿਤਕਾਰੀ, ਮੋਟਾਪਨ, ਤੇ ਸੋਜ਼ਾ ਕਰਨ ਵਾਲੀ. ਭੁੱਖ ਰੋਕਣੇ ਵਾਲੀ, ਤੇ ਦਸਤਾਂ ਦੇ ਨਾਸ ਕਰਨ ਵਾਲੀ ਮਹੀਂ ਦੀ ਲੱਸੀ ਕਹੀ ਹੈ ॥੩੯੨॥

ਅਜਾ (ਬੱਕਰੀ) ਤਕ੍ਰ ਗੁਣ—ਦੋਹਰਾ

ਲਘੁ ਸਨਿਗਧ ਤ੍ਰਿਦੋਖ ਹਰਿ ਗੁਲਮ ਅਰਸ ਹਰਿ ਸੂਲ।
ਗ੍ਰਹਿਨੀ ਪਾਂਡ ਵਿਨਾਸਨੀ ਅਜਾ ਤੱਕ੍ਰ ਗੁਣ ਮੂਲ ॥੩੯੩॥

੨੬੧੨—ਹਲਕੀ, ਚੀਕੁਣੀ, ਤ੍ਰਿਦੋਖ ਨਾਸ਼ਕ, ਗੋਲਾ, ਬਵਾਸੀਰ, ਸੂਲ ਸੰਗ੍ਰਹਿਣੀ ਤੇ ਪਾਂਡੂ ਦੇ ਨਾਸ ਕਰਨ ਹਾਰੀ ਬਕ੍ਰੀ ਦੀ ਲੱਸੀ ਕਹੀ ਹੈ ॥੩੯੩॥

ਮਾਖਨ ਗੁਣ--ਚੌਪਈ

ਗੁਰ ਗ੍ਰਾਹੀ ਮਾਖਨ ਤਤਕਾਲ। ਮੀਠਾ ਸੀਤਲ ਮੇਧਜ ਸੁ ਨਾਲ।
ਲਘੁ ਪਿੱਤਹਿ ਵਾਤਨ ਕੋ ਹਰੈ। ਭੂਖ ਕਰਨ ਖਯ ਦ੍ਰਿਗਹਿਤ ਧਰੈ ॥੩੯੪॥
ਅਰਸ ਕਾਸ ਬ੍ਰਿਣ ਨਾਸ ਕਰਾਇ। ਚਿਰਕੋ ਮਥਜੋ ਸੁ ਮੇਦੀ ਥਾਇ।
ਬਲ ਕ੍ਰਿਤ ਬਾਲਕ ਸੋਥੈ ਦੇਇ। ਮਾਖਨਕੇ ਗੁਣ ਜਾਨੋ ਤੇਇ ॥੩੯੫॥

---

*ਜੋ ਸੀਘ੍ਰ ਹੀ ਬੀਰਜ ਨੂੰ ਵਧਾਵੇ ਸੋ 'ਬ੍ਰਿਖਜ' ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

੨੬੧੩-ਭਾਰੀ, ਗ੍ਰਾਹੀ, ਮਿੱਠਾ, ਠੰਢਾ, ਬੁੱਧੀ ਵਰਧਕ, ਹਲਕਾ, ਪਿੱਤ, ਬਾਤ ਨਾਸ਼ਕ, ਭੁਖ ਵਧਾਨੇ ਵਾਲਾ, ਖਈ, ਨੇਤ੍ਰਾਂ ਦਾ ਹਿਤਕਾਰੀ; ਬਵਾਸੀਰ' ਖਾਂਸੀ, ਬ੍ਰਿਣ ਇਨ੍ਹਾਂ ਦਾ ਨਾਸ਼, ਕਰਨਹਾਰਾ ਚਿਰਦਾ ਰਿੜਕਿਆਂ ਮੇਦਕਾਰਕ ਹੁੰਦਾ ਹੈ। ਬਲ ਕਾਰਕ, ਬਾਲਕ ਨੂੰ ਸੋਜ ਕਰਨਹਾਰਾ। ਇਹ ਸਭ ਮੱਖਣ ਦੇ ਗੁਣ ਕਹੇ ਹਨ॥ ੩੯੪॥ ੩੯੫॥

ਗੋਘ੍ਰਿਤ ਗੁਣ—ਦੋਹਰਾ

ਮਧੁਰ ਵ੍ਰਿਖ੍ਯ ਕਫ ਵਾਤ ਪਿਤ ਹਰੇ ਚੱਖ੍ਯ ਸੁ ਸੁਜਾਨ।
ਮੇਧ੍ਯ ਗੁਣੋਤਮ ਵਲ ਕਰਤ ਗੋਕਾ ਘ੍ਰਿਤ ਗੁਣ ਠਾਨਿ ॥੩੯੬॥

੨੬੧੪-ਮਿੱਠਾ, ਬ੍ਰਿਖ ਕਫ, ਬਾਤ, ਪਿਤ ਦਾ ਨਾਸ ਕਾਰਕ, ਨੇਤ੍ਰਾਂ ਦਾ ਹਿਤਕਾਰੀ, ਬੁਧੀ ਵਧੌਣ ਵਾਲਾ, ਸਭ ਨਾਲੋਂ ਬਲ ਵਿਚ ਵਧਕੇ ਗੋਕਾ ਘ੍ਰਿਤ ਹੈ ॥ ੩੯੬ ॥

ਅਜਾ ਘ੍ਰਿਤ ਗੁਣ—ਦੋਹਰਾ

ਬਲ ਵਰਧਨ ਦੀਪਨ ਚਖ੍ਯਸ ਸ੍ਵਾਸ ਕਾਸ ਖ੍ਯਨਾਸ।
ਅਰਸ ਸਲੇਖਮ ਜਾਤ ਮਿਟਿ ਅਜਾ ਸਰਪ ਗੁਨ ਭਾਸ ॥੩੯੭॥

੨੬੧੫-ਬਲ ਵਧੌਣ ਵਾਲਾ, ਦੀਪਨ, ਨੇਤ੍ਰ ਰੋਗ, ਦਮਾਂ, ਖਾਂਸੀ, ਖਈ ਦਾ ਨਾਸਕ। ਬਵਾਸੀਰ ਬਲਗਮ ਮਿਟੌਣ ਵਾਲਾ, ਇਹ ਗੁਣ ਬਕ੍ਰੀ ਦੇ ਘ੍ਰਿਤ ਵਿਚ ਕਹੇ ਹਨ॥ ੩੯੭॥

ਭੈਂਸ ਘ੍ਰਿਤ ਗੁਣ—ਦੋਹਰਾ

ਸਮਨ ਵਾਤ ਪਿਤ ਸੀਤਲਾ ਮਧੁਰ ਗੁਰੂ ਵਲਦੇਇ॥
ਵਿਸਟੰਭੀ ਘ੍ਰਿਤ ਭੈਂਸ ਕਾ ਅਤ੍ਰੇ ਰਿਖ ਗੁਨ ਭੇਇ ॥੩੯੮॥

੨੬੧੬-ਬਾਤ ਪਿੱਤ ਦਾ ਨਾਸ਼ ਕਰਨ ਹਾਰਾ, ਠੰਢਾ, ਮਿੱਠਾ ਭਾਰਾ, ਬਲਕਾਰਕ ਤੇ ਕਬਜ਼ੀ ਕਾਰਕ ਇਹ ਗੁਣ ਮਹੀਂ ਦੇ ਘੇਉ ਵਿਚ ਅਤ੍ਰਯ ਮਤ ਵਿਚ ਕਹੇ ਹਨ॥ ੩੯੮॥

ਅਥ ਮੂਤ੍ਰ ਬਰਨਨੰ

ਘੋੜਾ ਮੂਤ੍ਰ ਗੁਣ—ਦੋਹਰਾ

ਉਦਰ ਭੇਦ ਕ੍ਰਿਮ ਦੱਦ੍ਰ ਹਿਤ ਕਫ ਜੁ ਸੀਸ ਰੁਜ ਗੰਜ।
ਹਰਤ ਰੋਗ ਏਤੇ ਸਕਲ ਘੋੜਾ ਮੂਤ੍ਰ ਜੁ ਸੰਜ ॥੩੯੯॥

੨੬੧੭-ਪੇਟ ਨੂੰ ਭੇਦਨ ਕਰਨਹਾਰਾ, ਕ੍ਰਿਮਿ (ਚਮੂੰਨੇ) ਦਾਦ, ਕਫ, ਸਿਰ ਪੀੜ, ਗੰਜ। ਇਤਨੇ ਰੋਗਾਂ ਨੂੰ ਘੋੜੇ ਦਾ ਮੂਤ੍ਰ ਨਾਸ਼ ਕਰਨਹਾਰਾ ਹੈ॥ ੩੯੯॥

Digitized by Panjab Digital Library | www.panjabdigilib.org

ਭੈਂਸ ਮੂਤ੍ਰ ਗੁਣ--ਦੋਹਰਾ

ਅਰਸ ਪਾਂਡ ਸੁਥ ਗੁਲਮ ਹਰ ਭੈਂਸ ਮੂਤ ਗੁਨ ਏਹ।

੨੬੧੮-ਬਵਾਸੀਰ, ਪਾਂਡੂ, ਸੋਜ ਤੇ ਗੁਲਮ ਦੇ ਹਰਨਹਾਰਾ ਮਹੀਂ ਦਾ ਮੂਤ੍ਰ ਕਿਹਾ ਹੈ।

ਭੇਡ ਮੂਤ੍ਰ ਗੁਣ--ਦੋਹਰਾ

ਸਫ ਗੁਲਮ ਮਲ ਅਰਸ ਹਰਿ ਮੇਹ ਭੇਡ ਗੁਨ ਤੇਹ ॥੪੦੦॥

੨੬੧੯-ਸੋਜ, ਗੋਲਾ, ਮਲ, ਬਵਾਸੀਰ, ਤੇ ਪ੍ਰਮੇਹ ਇਨ੍ਹਾਂ ਦਾ ਨਾਸ ਕਰਨਹਾਰ ਭੇਡ ਦਾ ਮੂਤ੍ਰ ਕਿਹਾ ਹੈ ॥ ੪੦੦ ॥

ਹਸਤੀ ਮੂਤ੍ਰ ਗੁਣ—ਚੌਪਈ

ਅਰਸ ਗੁਲਮ ਵਿਖ ਫੀਹਾ ਕੁਸਟ। ਕ੍ਰਿਮ ਹਰਿ ਗਜਕਾ ਮੂਤ੍ਰ ਜੁ ਸੁਸਟਿ॥

੨੬੨੦-ਬਵਾਸੀਰ, ਗੋਲਾ, ਵਿਖ, ਲਿਫ, ਕੋੜ੍ਹ ਤੇ ਕ੍ਰਿਮਿ ਇਨ੍ਹਾਂ ਦਾ ਹਰਨੇਹਾਰਾ ਹਾਥੀ ਦੇ ਮੂਤ੍ਰ ਦਾ ਗੁਣ ਕਿਹਾ ਹੈ।

ਊਟ ਮੂਤ੍ਰ ਗੁਣ

ਸੋਫ ਅਰਸ ਕ੍ਰਿਮ ਉਦਰੋਨਮਾਦ। ਉਸਟ ਮੂਤ੍ਰ ਜੋ ਸੂਲ ਗਵਾਦਿ ॥੪੦੧॥

੨੬੨੧-ਸੋਜ, ਬਵਾਸੀਰ, ਪੇਟ ਦੇ ਕ੍ਰਿਮਿ, ਉਨਮਾਦ ਤੇ ਸੂਲ ਇਹਨਾਂ ਨੂੰ ਨਾਸ ਕਰਨ ਹਾਰਾ ਊਟ ਮੂਤ੍ਰ ਦਾ ਗੁਣ ਕਿਹਾ ਹੈ ॥ ੪੦੧ ॥

ਗੋਮੂਤ੍ਰ ਗੁਣ--ਸੋਰਠਾ

ਸੋਥ ਉਦਰ ਕ੍ਰਿਮ ਕੁਸ੍ਟ, ਵਾਤੁ ਪਾਂਡੁ ਵਮਿ ਗੁਲਮ ਹਰਿ।
ਅਫਾਰਾ ਵਿਖ ਕੋ ਸੁਸਟ, ਅਰੁਚਿ ਸੂਲ ਗੋਮੂਤ ਹਰਿ ॥੪੦੨॥

੨੬੨੨-ਸੋਜਾ, ਪੇਟ ਦੇ ਕ੍ਰਿਮਿ (ਚਮੂੰਣੇ) ਕੋੜ੍ਹ, ਬਾਤ, ਪਾਂਡੂ, ਕੈ, ਗੋਲਾ ਅਫਾਰਾ, ਵਿਖ, ਅਰੁਚੀ ਤੇ ਸੂਲ ਦਾ ਨਾਸ ਕਰਨਹਾਰਾ ਗਊ ਦਾ ਮੂਤ੍ਰ ਕਿਹਾ ਹੈ।

ਖਰ (ਗਧੇ) ਮੂਤ੍ਰ ਦਾ ਗੁਣ—ਦੋਹਰਾ

ਗ੍ਰਹਣਿ ਕੁਸਟ ਉਨਮਾਦਿ ਕ੍ਰਿਮ ਮੇਹ ਰੋਗੁ ਸਬ ਜਾਇ।
ਰਾਸਭ ਕਾ ਮੂਤਰ ਕਹਜ਼ਾ ਅਤ੍ਰੈ ਰਿਖ ਨੇ ਸਾਇ ॥੪੦੩॥

੨੬੨੩-ਸੰਗ੍ਰਹਿਣੀ, ਕੋੜ੍ਹ, ਉਨਮਾਦ, ਕ੍ਰਿਮਿ (ਪੇਟ ਦੇ ਚਮੂੰਣੇ) ਪ੍ਰਮੇਹ ਰੋਗ ਸਭ ਤਰਾਂ ਦਾ ਨਾਸ ਕਰਨਹਾਰਾ ਇਹ ਗੁਣ ਗਧੇ ਦੇ ਮੂਤ੍ਰ ਵਿਚ ਅਤ੍ਰਯ ਰਿਸ਼ੀ ਨੇ ਕਿਹਾ ਹੈ ॥ ੪੦੩ ॥

ਨਰ ਨਾਰੀ ਮੂਤ੍ਰ ਗੁਣ--ਦੋਹਰਾ

ਨਰਹਿ ਮੂਤ੍ਰ ਗੁਣਕਾਰ ਬਹੁ ਤੀਨ ਦੋਖ ਹਰਿ ਲੇਇ ॥੪੦੪॥

Digitized by Panjab Digital Library | www.panjabdigilib.org

੨੬੨੪-ਨਰ ਮਾਤ੍ਰ ਦੇ ਮੂਤ੍ਰਾਂ ਵਿਚੋਂ ਗਧਾ, ਊਂਟ, ਹਾਥੀ, ਮਨੁਖ ਤੇ ਘੋੜੇ ਦਾ ਮੂਤ੍ਰ ਬਹੁਤਾ ਗੁਣਕਾਰ ਹੈ। ਤ੍ਰਿਦੋਖ ਦਾ ਨਾਸ ਕਰਨਹਾਰਾ ਹੈ। ਸਭ ਨਾਰੀ ਦੇ ਮੂਤ੍ਰਾਂ ਵਿਚੋਂ ਗਊ, ਬਕਰੀ ਮਹੀਂ ਤੇ ਭੇਡ ਦਾ ਮੂਤ੍ਰ ਸੁਧੀ ਕਾਰਕ ਹੈ, ਇਸ ਵਿਚ ਅਨੇਕਾਂ ਗੁਣ ਹਨ ॥ ੪੦੪ ॥

ਤੇਲ ਗੁਣ ਵਰਨਨੰ

ਤਿਲਾਂ ਦਾ ਤੇਲ ਗੁਣ-ਦੋਹਰਾ

ਕਰੈ ਵਰਨ ਵਲ ਉਸਨ ਅਤਿ ਕ੍ਰਿਸ ਹਰਿ ਕਰਤ ਸਥੂਲ।
ਮੇਹ ਨੈਨ ਸਿਰ ਸੂਲ ਹਰਿ ਤੇਲ ਤਿਲੋਂ ਗੁਨ ਮੂਲ ॥ ੪੦੫ ॥

੨੬੨੫-ਰੰਗ ਪੈਦਾ ਕਰਨਹਾਰਾ; ਬਲਵਰਧਕ, ਬਹੁਤ ਗਰਮ, ਕ੍ਰਿਸ਼ਤਾ ਦਾ ਨਾਸਕ; ਮੋਟਾ ਕਰਨ-ਹਾਰਾ, ਪ੍ਰਮੇਹ ਨੇਤ੍ਰ ਰੋਗ ਸਿਰ, ਸੂਲ ਰੋਗ ਹਰਨੇ ਹਾਰਾ ਤਿਲਾਂ ਦਾ ਤੇਲ ਕਿਹਾ ਹੈ ॥ ੪੦੫ ॥

ਸਰਸੋਂ ਤੇਲ ਗੁਣ--ਦੋਹਰਾ

ਉਸਨ ਕੰਡ ਕ੍ਰਿਮ ਕੁਸਟ ਹਰਿ ਸੀਸ ਕਰਨ ਵਿਖ ਰੋਗ।
ਰਕਤ ਪਿੱਤ ਹਰਿ ਲਘੁ ਕਹਯੋ ਸਰਸਵ ਤੇਲ ਸੁ ਯੋਗ ॥ ੪੦੬ ॥

੨੬੨੬-ਗਰਮ, ਖੁਰਕ, ਪੇਟ ਦੇ ਕ੍ਰਿਮਿ; ਕੋੜ੍ਹ, ਸਿਰ ਦੇ ਰੋਗ, ਕੰਨਾਂ ਦੇ, ਵਿਖ ਦੇ ਰੋਗ, ਰਕਤ ਪਿਤ ਦੇ ਹਰਨੇਹਾਰਾ ਤੇ ਹਲਕਾ ਗੁਣ ਸਰਸੋਂ ਦੇ ਤੇਲ ਵਿਚ ਬਰਨਨੰ ਕੀਤਾ ਹੈ ॥ ੪੦੬ ॥

ਮਾਲ ਕੰਙਣੀ ਤੇਲ ਗੁਣ--ਦੋਹਰਾ

ਪਿੱਤਲ ਸਿੰਮ੍ਰਿਤ ਬੁਧਿ ਪ੍ਰਦਾ ਗਦ ਗਦ ਬਚਨ ਉਚਾਰ।
ਵਾਤ ਹਰਣ ਏਰੰਡ ਭੀ ਵਾਤ ਹਰਣ ਗੁਣ ਕਾਰ ॥ ੪੦੭ ॥

੨੬੨੭-ਪਿੱਤ ਕਾਰਕ, ਸਿੰਮ੍ਰਤੀ (ਯਾਦਗਾਰ) ਬੁਧੀ ਵਧੇਣ ਵਾਲਾ, ਗੂੰਗੇ ਤੋਂ ਗਦਗਦ ਬਚਨ ਉਚਾਰਣ ਕਰਾਣ ਹਾਰਾ ਤੇ ਬਾਤ ਨਾਸਕ ਇਹ ਗੁਣ ਮਾਲ ਕੰਙਣੀ ਦੇ ਤੇਲ ਵਿਚ ਕਿਹਾ ਹੈ, ਐਸਾ ਹੀ ਗੁਣ ਅਰਿੰਡ ਤੇਲ ਵਿਚ ਹੈ; ਵਿਸ਼ੇਸ਼ ਕਰਕੇ ਵਾਯੂ ਨਾਸਕ ਤੇ ਦਸਤਾਵਰ ਹੈ ॥ ੪੦੭ ॥

ਮਦਯ (ਸ਼ਰਾਬ) ਗੁਣ--ਚੌਪਈ

ਦੀਪਨ ਰੋਚਨ ਸਰ ਕਹਵਾਇ। ਰਕਤ ਪਿਤ ਜੋ ਪੁਸਟ ਕਰਾਇ।
ਤੁਸਟ ਕਰਤ ਤੀਖਣ ਅਤਿ ਉਸਨ।ਵਾਤ ਸਲੇਖ ਮਹਰਿਹੈ ਇਸਨ॥੪੦੮॥
ਯੁਕਤ ਪਿਵੈ ਤੋਂ ਅੰਮ੍ਰਿਤ ਜਾਨ ।ਆਯੁਕਤੇ ਪਿਵ ਵਿਖ ਸਮ ਠਾਨ।

Digitized by Panjab Digital Library | www.panjabdigilib.org

ਨਵਾ ਮਦਰ ਗੁਰ ਦੋਖ ਕਰਾਇ। ਮਦਰ ਪੁਰਾਤਨ ਬਹੁ ਗੁਨ ਥਾਇ॥੪੦੯

੨੬੨੮-ਦੀਪਨ=ਅਗਨੀ ਤੇਜ਼ ਕਰਨਹਾਰੀ; ਰੋਚਨ=ਰੁਚੀਕਾਰਕ ਦਸਤਾਵਰ, ਰਕਤ ਪਿੱਤ ਅਤੇ ਪੁਸ਼ਟੀ ਦੇ ਕਰਨਹਾਰੀ, ਤੁਸਟੀ=ਆਨੰਦਕਾਰਕ ਤੀਛਣ, ਅਤਜੰਤ ਗਰਮ, ਵਾਯੂ, ਕਫ ਦੀ ਨਾਸ਼ਕ ਸ਼ਰਾਬ ਹੈ, ਇਸਨੂੰ ਯੁਕਤੀ ਨਾਲ ਪੀਵੇ ਤਾਂ ਅੰਮ੍ਰਿਤ ਸਮਾਨ ਹੈ। ਅਯੁਕਤੀ ਨਾਲ ਪੀਵੇ ਤਾਂ ਵਿਖ ਸਮਾਨ ਹੈ। ਤਾਜ਼ੀ ਮਦਰਾ ਭਾਰੀ ਦੋਖ ਪੈਦਾ ਕਰਨ-ਹਾਰੀ ਕਹੀ ਹੈ। ਜੇਕਰ ਮਦਿਰਾ ਪੁਰਾਣੀ ਹੋਵੇ ਤਾਂ ਗੁਣ-ਕਾਰੀ ਹੈ॥ ੪੦੮ ॥ ੪੦੯ ॥

ਪਵਨ ਗੁਣ ਵਰਨਨੰ

ਪੂਰਬ ਬਾਤ ਗੁਣ--ਸ਼ੰਕਰ ਛੰਦ

ਅਨਿਲ ਗੁਰ ਸਾਨਿਗਧ ਉਸਨਾ ਪਿੱਤ ਰੁਧਿਰ ਸੁਕਾਰ।
ਵਿਦਾਹ ਵਾਤਲ ਸਾਂਤ ਹਰ ਕਫ ਸੋਖ ਕੋ ਹਿਤ ਧਾਰ।
ਸਵਾਦ ਖਟ ਅਭਿਖਜੰਦਿ ਤਜੁਗ ਭਨਿ ਅਰਸ ਵਿਖ ਕ੍ਰਿਮ ਦੂਖ।
ਸੰਨ ਪਾਤੰ ਤਾਪ ਸਵਾਸੰ ਆਮ ਵਾਤਕ ਕੂਪ॥ ੪੧੦॥

੨੬੨੯-ਵਾਯੂ ਕਾਰਕ, ਭਾਰੀ, ਸਨਿਗਧ ਗਰਮ, ਪਿਤ ਖੂਨ ਇਹਨਾਂ ਦੇ ਕਰਨਹਾਰੀ। ਦਾਹ ਕਰਨਹਾਰੀ, ਬਾਤਲੀ, ਸ਼ਾਂਤੀ ਨਾਸ਼ਕ, ਕਫ, ਸੋਥ ਨੂੰ ਕਿਤਕ ਰੀ, ਖੱਟਾ ਸਵਾਦ, ਕਬਜੀ ਕਾਰਕ, ਤਜੁਗ (ਕਸੈਲੀ) ਬਵਾਸੀਰ ਵਿਖ, ਕ੍ਰਿਮਿ ਸੰਨਿਪਾਤ, ਤਾਪ, ਦਮਾਂ ਤੇ ਆਮ ਬਾਤ ਇਹਨਾਂ ਦੇ ਕੁਪੰਣ ਵਾਲੀ ਹੈ॥ ੪੧੦॥

ਦਖਨ ਪਵਨ ਗੁਣ--ਦੋਹਰਾ

ਰਕਤ ਪਿੱਤ ਹਰਿ ਸਵਾਦ ਲਘੁ ਸੀਤਲ ਬਲ ਜੁ ਚੱਖਜ।
ਵੀਰਯ ਕਰ ਵਾਤਲ ਨਹੀ ਦੱਖਜਣ ਪਵਨ ਸੁਰੱਖਜ॥ ੪੧੧॥

੨੬੩੦-ਰਕਤ ਪਿਤ ਨੂੰ ਨਾਸ਼ ਕਰਨ-ਹਾਰੀ, ਸਵਾਦੂ ਹਲਕੀ, ਠੰਢੀ, ਪੁਸ਼ਟੀਕਾਰਕ ਨੇਤਰਾਂ ਨੂੰ ਹਿਤਕਾਰੀ, ਬੀਰਜ ਵਰਧਕ ਬਾਤ ਕਾਰਕ ਨਹੀਂ ਹੈ, ਇਹ ਦਖਨ ਪਵਨ ਦੇ ਗੁਣ ਹਨ॥ ੪੧੧॥

ਪਸਚਮ ਵਾਤ ਗੁਣ--ਦੋਹਰਾ

ਤੀਖਣ ਸੋਖਜਣ ਬਲੁ ਹਰੈ ਮੇਦ ਪਿੱਤ ਕਫ ਹਾਰ।
ਲਘੂ ਪ੍ਰਭੰਜਨ ਵਰਧਨਾ ਪਸਚਮ ਪਵਨ ਵਿਚਾਰ॥ ੪੧੨॥

੨੬੩੧-ਤੀਛਣ, ਸੋਖਣਕਾਰ, ਬਲਦੀਨਾਸ਼ਕ, ਮੇਦ (ਮੋਟਾਪਨ), ਪਿੱਤ ਤੇ ਕਫ ਦੀ ਨਾਸ਼ਕ ਹਲਕੀ ਤੇ ਵਾਯੂ ਦੀ ਵਰਧਕ ਪਸਚਮ ਦੀ ਪਵਨ ਦਾ ਗੁਣ ਜਾਨਣਾ॥ ੪੧੨॥

Digitized by Panjab Digital Library | www.panjabdigilib.org

ਉੱਤਰ ਪਵਨ ਗੁਣ

ਸੀਤ ਚਿਕਨ ਅਰ ਦੋਖ ਕੂਪ ਕਲੇਦਨ ਪ੍ਰਕ੍ਰਿਤ ਸਥਾਨ।
ਬਲੁਕਰਿ ਮਧੁਰ ਜਿ ਮ੍ਰਿਦ ਕਹੀ ਉੱਤਰ ਪਵਨ ਵਿਧਾਨ ॥ ੪੧੩ ॥

੨੬੩੨-ਠੰਢੀ, ਚੀਕੁਣੀ, ਦਖਾਂ ਦੇ ਕ੍ਰੋਪਿਤ ਕਰਨੇ ਵਾਲੀ, ਕਲੇਦਨ, ਪ੍ਰਿਕ੍ਰਿਤੀ ਨੂੰ ਸਥਾਨ ਪਰ ਕਰਨ ਵਾਲੀ, ਬਲ ਕਾਰਕ, ਮਿੱਠੀ ਤੇ ਕੋਮਲ ਉੱਤਰ ਦੀ ਪਵਣ ਜਾਣੋ ॥ ੪੧੩ ॥

*ਚਾਰ ਵਿਦਿਸ ਪਵਨ ਗੁਣ—ਦੋਹਰਾ

ਈਸਾਨੀ ਕੁਟ ਜਾਨੀਯੇ ਅਗਨਿ ਕਯੀ ਲਘੁ ਰੂਖ।
ਵਿਦਾਹੀ ਨੈਰਿਤ ਕਰੀ ਤਿਕਤ ਵਾਯੁ ਵਯਸ ਹੂਖ ॥ ੪੧੪ ॥

੨੬੩੩-ਈਸਾਨ ਕੋਣ ਦੀ ਕੌੜੀ, ਅਗਨ ਕੋਣ ਦੀ ਹਲਕੀ ਤੇ ਰੁੱਖੀ, ਨੈਰਤ ਕੋਣ ਦੀ ਦਾਹ ਕਾਰਕ ਅਤੇ ਬਾਇਵ ਕੋਣ ਦੀ ਤੀਛਣ ਵਾਯੂ ਕਹੀ ਗਈ ਹੈ ॥ ੪੧੪ ॥

ਨਸਯ (ਨਸਵਾਰ) ਗੁਣ--ਦੋਹਰਾ

ਪ੍ਰਸੰਨ ਦ੍ਰਿਸਟਿ ਦ੍ਰਿੜ ਦੰਤ ਕਚ ਮੁਖ ਸਸਿ ਪਲਿਤ ਵਿਹੀਨ।
ਕਮਲ ਸੁਗੰਧਹਿ ਕੰਠ ਪਿਕ ਨਾਵਨ ਕੇ ਗੁਨ ਕੀਨ ॥ ੪੧੫ ॥

੨੬੩੪--ਪ੍ਰਸੰਤਾ ਦ੍ਰਿਸ਼ਟੀ, ਦੰਦਾਂ, ਕੇਸਾਂ ਦੇ ਦ੍ਰਿੜ (ਮਜਬੂਤ) ਕਰਨ ਹਾਰੀ ਮੂੰਹ ਨੂੰ ਚੰਦ੍ਰਮਾਂ ਸਮਾਨ ਕਰਨਹਾਰੀ, ਬੁਢਾਪਾ ਦੂਰ ਕਰਨ-ਵਾਲੀ, ਕਮਲ ਸਮਾਨ ਸੁਗੰਧੀ ਕਾਰਕ, ਸ਼ਬਦ ਨੂੰ ਕੋਇਲ ਸਮਾਨ ਸਾਫ ਕਰਨ ਵਾਲੀ, ਅਜੇਹੀ ਗੁਣ ਵਾਲੀ ਨਸਵਾਰ ਕਹੀ ਹੈ ॥ ੪੧੫ ॥

ਵਮਨ ਗੁਣ—ਦੋਹਰਾ

ਕਾਸੋਪ ਲੇਪ ਸ੍ਵਰ ਭੇਦ ਹਿਤ ਤੰਦ੍ਰਾ ਨੀਂਦ ਪ੍ਰਸੇਕ।
ਦੁਰਗੰਧ ਵਿਖੁ ਗ੍ਰਹਿਣੀ ਕਫਹਿ ਹਰਤ ਵਮਨਿ ਗੁਨ ਟੇਕ ॥੪੧੬॥

੨੬੩੫--ਖਾਂਸੀ, ਕਫ ਨਾਲ ਮੂੰਹ ਲਿਪਿਆ ਰਹਿਣਾ, ਸੁਰਭੰਗ ਨੂੰ ਹਿਤਕਾਰੀ, ਤੰਦ੍ਰਾ, ਨਿੰਦ੍ਰਾ ਪਸੀਨਾ, ਦੁਰਗੰਧੀ, ਵਿਖ (ਜ਼ਹਰ) ਸੰਗ੍ਰਹਿਣੀ, ਤੇਕਫ ਇਹਨਾਂ ਨੂੰ ਨਾਸ਼ ਕਾਰਕ ਵਮਨ ਦਾ ਗੁਣ ਕਿਹਾ ਹੈ ॥ ੪੧੬ ॥

ਵਿਰੇਚਨ (ਜੁਲਾਬ) ਗੁਣ—ਦੋਹਰਾ

ਪਾਂਚੋਇੰਦ੍ਰੀ ਬਲੁ ਕਰਣ ਬ੍ਰਿਧਿ ਧਾਤੁ ਥਿਰ ਜੋਤ।
ਅਗਨਿਕਰੈ ਵਯ ਕਰਿ ਬਲਹਿ ਰੇਚ ਪਾਂਚ ਗੁਨ ਹੇਤ ॥ ੪੧੭ ॥

---

*ਦਿਸ਼ਾ ਵਿਰਯਾਨ ਚਕ੍ਰ ਇਸੀ ਟੀਕਾ ਦੀ ਪਿ: ੬ ਪਿਛੇ ਦੇਖੋ।

Digitized by Panjab Digital Library | www.panjabdigilib.org

੨੬੩੬--ਪੰਜਾਂ ਇੰਦ੍ਰਿਆਂ ਵਿਚ ਬਲ, ਧਾਤੂ ਤੇ ਲਤਾਂ ਦੀ ਜੋਤ ਇਹਨਾਂ ਨੂੰ ਵਧਾਵੇ। ਅਗਨਿ ਆਯੂ ਵਧੌਣ ਵਾਲਾ ਤੇ ਬਲ ਕਰਤਾ, ਜੁਲਾਬ ਦਾ ਗੁਣ ਕਿਹਾ ਹੈ ॥ ੪੧੭ ॥

ਵਸਤੀ (ਪਿਚਕਾਰ) ਗੁਣ--ਦੋਹਰਾ

ਬਾਤ ਪਿੱਤ ਕਫ ਰਕਤ ਹਰਿ ਸੰਨਿਪਾਤ ਗੁਣਕਾਰ।
ਵਸਤਿ ਤਨੇ ਗੁਨ ਏ ਕਹੈ ਨਿਰਘੰਟਹਿ ਜ ਮਝਾਰ ॥ ੪੧੮ ॥

੨੬੩੭--ਬਾਤ, ਪਿੱਤ, ਕਫ ਤੇ ਰਕਤ ਇਹਨਾਂ ਨੂੰ ਹਰਨਹਾਰੀ ਤੇ ਸੰਨਿਪਾਤ ਨੂੰ ਗੁਣ ਕਾਰਕ ਇਤਨੇ ਗੁਣ ਵਸਤੀ ਵਿਚ ਕਹੇ ਹਨ ॥ ੪੧੮ ॥

ਸੀਤਲ (ਠੰਢੇ) ਪਾਨੀ ਦੇ ਗੁਣ--ਦੂਯਾ ਛੰਦ

ਸੀਤੇ ਹਿਰਦ ਹਰੈ ਬ੍ਰਿਣ ਪਿੱਤਹਿ ਦਾਹ ਵਿਖਹਿ ਸਮੂਹਾਰੀ।
ਛਰਦਿ ਅਜੀਰਣ ਮੱਦ ਮਦਾਤਯ ਕੁਸ਼ਟ ਨਵੇ ਜਰ ਕਾਰੀ।
ਗਲਗ੍ਰਹਿ ਗ੍ਰਹਣੀ ਪੀਨਸ ਅਫਰਾ ਹਿੱਕ੍ਰਾ ਗੁਲਮੰ ਗਵਾਵੇ।
ਵਿੱਦ੍ਰਧਿ ਮੇਹਾ ਆਰੁਚਿ ਕਾਸੰ ਸ੍ਵਾਸੇ ਪਾਂਡ ਸੁਭਾਵੇ ॥ ੪੧੯ ॥

ਦੋਹਰਾ

ਸਬ ਕਾ ਜੀਵਨ ਮੂਲ ਜਲ ਰੋਗ ਦੇਖ ਕੇ ਦੇਇ।
ਕਹੂੰ ਸੀਤ ਕਹੂੰ ਉਸਨਿ ਭਨਿ ਅਲਪ ਵਾਤ ਭਨਿ ਤੋਇ ॥ ੪੨੦ ॥

੨੬੩੮--ਸ਼ੀਤਲ, ਹ੍ਰਿਦਯ ਨੂੰ ਪ੍ਰਿਯ, ਬ੍ਰਿਣਹਾਰਕ, ਪਿੱਤ, ਦਾਹ, ਵਿਖ, ਬਕੇਵਾ, ਇਹਨਾਂ ਦਾ ਨਾਸ ਕਰਨੇਹਾਰਾ, ਕੈ, ਅਜੀਰਣ ਮਦ ਮਦਾਤਯ, ਕੁਸ਼ਟ ਤੇ ਨਪੀਨ ਤਾਪ ਇਹਨਾਂ ਦਾ ਹਰਨਹਾਰਾ, ਗਲਗ੍ਰਹਿ, ਸੰਗ੍ਰਹਿਣੀ, ਨਜ਼ੂਲਾ, ਅਫਾਰਾ, ਹਿਡਕੀ ਤੇ ਗੋਲਾ ਇਹਨਾਂ ਨੂੰ ਗਵੌਣ ਵਾਲਾ, ਵਿਦ੍ਰਧੀ ਰੋਗ, ਪ੍ਰਮੇਹ, ਅਰੁਚੀ, ਕਾਸ, ਸ੍ਵਾਸ ਤੇ ਪਾਂਡੂ ਨੂੰ ਨਾਸ ਕਰੇ। ਜਲ ਸਭ ਦਾ ਪ੍ਰਾਣ ਰੂਪ ਹੈ, ਫਿਰ ਭੀ ਰੋਗ ਦੇਖਕੇ ਠੰਢਾ ਤੱਤਾ) ਦੇਣਾ ਯੋਗਜ ਹੈ। ਕਿਉਂਕਿ ਕਿਸੇ ਜਗਾ ਠੰਢਾ, ਕਿਸੇ ਥਾਂ ਗਰਮ ਦੇਣਾ ਹੁੰਦਾ ਹੈ। ਇਸ ਤਰਾਂ ਅਲਪ ਮਾਤ੍ਰ ਬਾਰਤਾ ਕਹੀ ਹੈ, ਅਧਿਕ ਆਪ ਸਮਝ ਲਵੋ ॥੪੧੯॥੪੨੦॥

ਤ੍ਰਿਵਤਾ (ਤ੍ਰਿਵੀ) ਗੁਣ--ਦੋਹਰਾ

ਤਿਕਤ ਰੂਖਯ ਉਸਨਾ ਕਟੂ ਸ੍ਵਾਦ ਸਮੀਰ ਵਿਨਾਸ।
ਸੋਫੋਦਰ ਕਫ ਪਿੱਤ ਜ੍ਵਰ ਹਰਤ ਰੇਚਨੀ ਭਾਸ ॥ ੪੨੧ ॥

੨੬੩੯--ਤੀਛਣ, ਕਸੈਲੀ, (ਖੁਸ਼ਕ) ਗਰਮ, ਕੜਵੇ ਸਵਾਦ ਦੀ, ਬਾਤ ਨਾਸ਼ਕ, ਪੇਟ ਦੀ ਸੋਜ, ਕਫ, ਪਿੱਤ ਤੇ ਤਾਪ, ਇਹਨਾਂ ਨੂੰ ਨਾਸ਼ ਕਰਨਹਾਰੀ ਦਸਤਾਵਰ ਹੈ ॥ ੪੨੧ ॥

Digitized by Panjab Digital Library | www.panjabdigilib.org

(ਬ੍ਰਿਤਾਂਤ)

ਚਿੱਟੀ ਤ੍ਰਿਵੀ ਦੀ ਵੇਲ ਜੰਗਲ ਵਿੱਚ ਹੁੰਦੀ ਹੈ, ਫੁਲ ਸਫੇਦ ਤੇ ਫਲ ਗੋਲ ਗੋਲ ਲਗਦੇ ਹਨ। ਉਹਨਾਂ ਵਿੱਚ ਚਾਰ ਚਾਰ ਬੀਜ਼ ਹੁੰਦੇ ਹਨ, ਪੱਤੇ ਨੋਕਦਾਰ ਗੋਲ ਹੁੰਦੇ ਹਨ। ਇਸਦੀ ਵੇਲ ਦੀ ਲਕੜੀ ਵਿਚ ਤਿੰਨ ਤਿੰਨ ਧਾਰਾਂ ਹੁੰਦੀਆਂ ਹਨ। ਇਹ ਤਿੰਨ ਪ੍ਰਕਾਰ ਦੀ ਹੁੰਦੀ ਹੈ, ਲਕੜੀ ਦੀ ਛਿੱਲ ਪ੍ਰਯੋਗ ਵਿਚ ਲਈ ਜਾਂਦੀ ਹੈ, ਮਾਤ੍ਰਾ ੩ ਦ੍ਰਿਮ ਦੀ ਹੈ। ਇਹ ਹਿੰਦੁਸਤਾਨ, ਖ਼ੁਰਾਸਾਨ ਯਾ ਸਿੰਧ ਵਲੋਂ ਔਂਦੀ ਹੈ। ਇਹ ਸਭ ਨਾਲੋਂ ਗੁਣ ਵਾਲੀ ਹੁੰਦੀ ਹੈ ॥ ੪੨੧ ॥

ਸ੍ਯਾਮ (ਕਾਲੀ) ਤ੍ਰਿਵਤਾ ਗੁਣ–ਦੋਹਰਾ

ਰੇਚਨ ਮੂਰਛਾ ਦਾਹ ਭ੍ਰਮ ਹਰੈ ਉਸਨ ਗੁਨ ਜਾਨ।
ਕੰਠਹਿ ਉਤਕਰਖਣ ਕਰੀ ਗੁਣ ਸੁਨਾਇ ਸੋ ਮਾਨ ॥ ੪੨੨ ॥

੨੬੪੦–ਦਸਤਾਵ, ਮੂਰਛਾ; ਦਾਹ, ਭ੍ਰਮ ਦੇ ਨਾਸ ਕਰਨ ਹਾਰੀ ਗਰਮ ਹੈ। ਕੰਠ (ਹਲਕ) ਦਾ ਘਿਸਨਾ (ਕੁਰੰਕੁਰੀ ਜਲੂਨ) ਕਰਨਹਾਰੀ ਹੋਰ ਗੁਣ ਸਰਨਾਇ ਸਮਾਨ ਹਨ ॥ ੪੨੨ ॥

(ਬ੍ਰਿਤਾਂਤ)

ਕਾਲੀ ਤ੍ਰਿਵੀ ਦੀ ਬੀ ਵੇਲ ਹੀ ਹੁੰਦੀ ਹੈ, ਪਰੰਤੂ ਫੁਲ ਕਾਲਾਪਨ ਲੀਏ ਵੈਂਗਣੀ ਰੰਗ ਦੇ ਹੁੰਦੇ ਹਨ, ਪੱਤੇ ਗੋਲ ਨੋਕਦਾਰ ਸਫੇਦ ਤ੍ਰਿਵੀ ਦੀ ਤਰਾਂ ਦੇ, ਫਲ ਛੋਟਾ ਹੁੰਦਾ ਹੈ। ਇੱਕ ਤ੍ਰਿਵੀ ਲਾਲ ਫੁਲ ਵਾਲੀ ਬੀ ਹੁੰਦੀ ਹੈ। ਅਧਿਕ ਦਸਤਾਵਰ ਕਾਲੀ ਹੈ, ਫਿਰ ਬੀ ਵੈਦਾਂ ਨੇ ਚਿੱਟੀ ਨੂੰ ਸਰੇਸ਼ਟ ਕਿਹਾ ਹੈ ॥ ੪੨੨ ॥

ਤੁੰਮਾ ਜੜ੍ਹ ਗੁਣ--ਦੋਹਰਾ

ਤਿਕਤ ਕਟੁਕ ਪਾਕੋ ਰਸੰ ਲਘੁ ਉਸਨਾ ਕਰਿ ਬੀਜ।
ਪਿੱਤ ਕਾਮਲਾ ਕਫ ਉਦਰ ਰੋਗ ਪਲੀਹਾ ਖੀਜ ॥ ੪੨੩ ॥

੨੬੪੧–ਤੀਛਣ, ਪਾਕ ਵਿਖੇ ਚਰਪਰੀ, ਰਸ ਵਾਲੀ, ਹਲਕੀ, ਗਰਮ ਬੀਰਜ ਕਰਨਹਾਰੀ. ਪਿੱਤ, ਕਾਸਲਾ, ਕਫ, ਪੇਟ ਦੇ ਰੋਗ ਤੇ ਲਿੱਫ ਦੀ ਨਾਸ ਕਰਨਹਾਰੀ ਤੁੰਮੇ ਦੀ ਜੜ੍ਹ ਕਹੀ ਹੈ ॥੪੨੩॥

ਬ੍ਰਿਤਾਂਤ

ਤੁੰਮੇ ਦੇ ਛੋਟਾ ਬੜਾ ਭੇਦ ਕਰਕੇ ਦੋ ਭੇਦ ਹਨ। ਇਸਦੀ ਵੇਲ ਅਧਿਕ ਤਰ ਮੈਰਿਆਂ, ਰੇਤਲਿਆਂ ਸਥਾਂਨਾਂ ਪਰ ਹੁੰਦੀ ਹੈ, ਪੱਤੇ ਲੰਮੇ ਲੰਮੇ ਹਦਵਾਣੇ ਜਹੇ, ਫੁਲ ਪੀਲੇ, ਬਰੀਕ ਕੰਡੇ ਸਮੇਤ ਛੋਟੀ ਨਰੰਗੀ ਜੇਹਾ। ਜੇੜੇ ਤੁੰਮੇ ਦੀ ਵੇਲ ਰੇਤਲੀ ਹੀ ਧਰਤੀ ਵਿੱਚ ਪੈਦਾ ਹੁੰਦੀ ਹੈ, ਇਸਦਾ ਫਲ ਪੀਲੇ ਰੰਗ ਦਾ ਹੁੰਦਾ ਹੈ, ਪ੍ਰਯੋਗ ਵਿਚ ਫਲ ਦਾ ਗੁਦਾ ਅਤ ਵਿਸ਼ੇਸ਼ ਜੜ੍ਹ ਹੀ ਲਈ ਜ਼ਾਂਦੀ ਹੈ ॥੪੨੩॥

ਅਲੀਸ ਫਲੀ (ਅੰਮਲਤਾਸ) ਗੁਣ–ਦੋਹਰਾ

ਗੁਰ ਅਲੀਸ ਫਲਿ ਕਾ ਤਨੇ ਨਿਰਘੰਟਹਿ ਮਤ ਧਾਰ ॥੪੨੪ ॥

Digitized by Panjab Digital Library | www.panjabdigilib.org

੨੬੪੨-ਭਾਰੀ, ਸ੍ਵਾਦੂ, ਠੰਢੀ, ਕੋਮਲ, ਦਸਤਕਾਰ ਅਰਥਾਤ ਮਲ ਨੂੰ ਪਤਲਾ ਕਰਨ ਹਾਰੀ, ਇਹ ਗੁਣ ਅਲੀਸਫਲੀ= ਅੰਮਲਤਾਸ ਦੇ ਦੇ ਵਿਚ ਕਿਹਾ ਹੈ ॥ ੪੨੪ ॥

(ਬ੍ਰਿਤਾਂਤ)

ਅੰਮਲਤਾਸ ਦੇ ਬ੍ਰਿਛ ਬੜੇ ਬੜੇ ਹੁੰਦੇ ਹਨ। ਪੱਤੇ ਵਡੀ ਜਾਮਣ ਦੇ ਸਮਾਨ, ਸ਼ਾਖਾਂ ਵਿਚ ਦੋਨੋਂ ਤਰਫ ਲਗੇ ਹੋਏ ਹੁੰਦੇ ਹਨ। ਫੂਲ ਪੰਜ ਪੰਜ ਪੰਖੁੜੀ ਦੇ ਪੀਲੇ ਹਰ ਏਕ ਡਾਲੀ ਨਾਲ ਜੜੇ ਹੋਏ ਹੁੰਦੇ ਹਨ। ਅਜੇਹੀ ਸੋਭਾਇਮਾਨ ਹੋ ਰਹੀ ਹੁੰਦੀ ਹੈ, ਮਾਨੋਂ ਪੀਤਾਂਬਰ ਹੀ ਧਾਰਣ ਕਰ ਰਹੀ ਹੈ। ਇਸਦੀ ਫਲੀ ੨ ਗਿੱਠ ਤੋਂ ੪ ਗਿੱਠ ਤਕ ਦੀ ਲੰਮੀ ਹੁੰਦੀ ਹੈ। ਫਲੀ ਵਿਚੋਂ ਕਾਲਾ ਗੁੱਦ, ਬੀਜ ਸਗੰਹ ਦੇ ਬੀਜਾਂ ਜੇਹੇ ਨਿਕਲਦੇ ਹਨ। ਇਸਦਾ ਗੁਦਾ ਹੀ ਪ੍ਰਯੋਗ ਵਿਚ ਲਿਆ ਜਾਂਦਾ ਹੈ। ਮਾਤ੍ਰਾ ੨ ਤੋਲੇ ਤੋਂ ੪ ਤੋਲੇ ਦੀ ਹੈ ॥ ੪੨੪ ॥

ਦੰਤੀ ਗੁਣ

ਸਰ ਪਾਕੇ ਰਸੁ ਕਟੁ ਦਿਪਨ ਤੀਖਜਣ ਉਸਨ ਵਖਾਨ।
ਪਿੱਤਾਸਰ ਕਫ ਸੋਫ ਕ੍ਰਿਮਿ ਉਦਰ ਰੋਗ ਕੀ ਹਾਨ ॥ ੪੨੫ ॥

੨੬੪੩--ਦਸਤਾਵਰ ਹੈ, ਪਾਕ ਵਿੱਚ ਤੇ ਰਸ ਵਿਚ ਕਰਪਰੀ ਹੈ, ਅਗਨੀ ਦੀਪਨ ਕਰਨਹਾਰੀ ਤੀਛਣ, ਗਰਮ, ਪਿੱਤ ਤੇ ਰੁਧਿਰ ਵਿਕਾਰ, ਕਫ ਸੋਜ, ਪੈਰ ਦੇ ਕ੍ਰਿਮਿ ਆਦਿ ਸਾਰੇ ਰੋਗਾਂ ਦੀ ਨਾਸ਼ਕ ਹੈ।

(ਬ੍ਰਿਤਾਂਤ)

ਛੋਟੀ ਤੇ ਬੜੀ ਦੰਤੀ ਕਰਕੇ ਇਸ ਦੇ ੨ ਭੇਦ ਹਨ, ਇਸਦੇ ਝਾੜ, ਜੰਗਲ ਯਾ ਬਣ ਵਿਚ ਹੀ ਪੈਦਾ ਹੁੰਦੇ ਹਨ। ਪੱਤ ਛੋਟੇ ਛੋਟੇ ਅਰ ਮੋਟੇ ਦਲ ਦੇ ਹੁੰਦੇ ਹਨ। ਸਾਰੀ ਅਕ੍ਰਿਤੀ ਗੁੱਲਰ ਦੀ ਹੁੰਦੀ ਹੈ, ਫੂਲ ਮਹੂਏ ਦੇ ਫੁੱਲਾਂ ਜੇਹੇ ਹੁੰਦੇ ਹਨ। ਇਸਦਾ ਫਲ 'ਜਨਾਲਗੋਟਾ' ਕਿਹਾ ਜਾਂਦਾ ਹੈ ਤਿੰਨ ੨ ਫਲ ਇਕਠੇ ਲਗਦੇ ਹਨ। ਬੜੀ ਦੰਤੀ ਦਾ ਬੜਾ ਬ੍ਰਿਛ ਹੁੰਦਾ ਹੈ। ਫਲ ਅਰਿੰਡ ਜੇਹੇ ਹੁੰਦੇ ਹਨ। ਇਸ ਵਿਚੋਂ ਅਰਿੰਡ ਜੇਹਾ ਹੀ ਬੀਜ ਨਿਕਲਦਾ ਹੈ। ਉਸ ਵਿੱਚ ਦੁੱਧ ਹੁੰਦਾ ਹੈ, ਪ੍ਰਯਗ ਵਿੱਚ ਜੜ੍ਹ ਲਈ ਜਾਂਦੀ ਹੈ ॥ ੪੨੫ ॥

ਜੈਪਾਲ ਗੁਣ-ਦੋਹਰਾ

ਗੁਰ ਰੇਚੀ ਚਿਕਨਾ ਕਹਜ਼ਾ ਪਿੱਤ ਕਫਹਿ ਕੋ ਜੀਤ ।
ਸਬਲ ਜੁਲਾਬ ਕਰਾਇ ਇਹ ਅਜੈਪਾਲ ਗੁਨ ਮੀਤ ॥ ੪੨੬ ॥

੨੬੪੪--ਭਾਰੀ ਦਸਤਾਵਰ ਚੀਕੁਣਾ, ਪਿੱਤ ਤੇ ਕਫ ਨੂੰ ਜਿੱਤਣਹਾਰਾ ਬਹੁਤ ਬੜਾ ਜੁਲਾਬ ਕਰੌਣ ਵਾਲਾ 'ਅਜੈਪਾਲ' ਜੈਪਾਲ, ਜਮਾਲਗੋਟਾ, ਜਪੋਲੋਟਾ ਤੇ ਦੰਤੀ ਬੀਜ ਦਾ ਗੁਣ ਕਿਹਾ ਹੈ।

(ਬ੍ਰਿਤਾਂਤ)

ਜਮਾਲਗੋਟੇ ਦੰਤੀ ਦੇ ਬੀਜ ਹੁੰਦੇ ਹਨ। ਇਸਦੀ ਗਿਰੀ ਵਿਚ ਤੇਲ ਹੁੰਦਾ ਹੈ। ਇਸਦਾ ਬ੍ਰਿਛ ਛੋਟਾ ੨--੩ ਫੁਟ ਦੇ ਅਨੁਮਾਨ ਹੁੰਦਾ ਹੈ। ਸੋ ਦੋ ਕਿਸਮ ਦਾ ਹੁੰਦਾ ਹੈ, ਇਕ ਨੂੰ ਦੰਤੀ, ਤੇ

Digitized by Panjab Digital Library | www.panjabdigilib.org

ਤੇ ਦੂਜੇ ਨੂੰ ਪ੍ਰਵੰਤ (ਬੜੀ ਦੰਤੀ) ਆਖਦੇ ਹਨ। ਛੋਟੀ ਦੰਤੀ ਦੇ ਪਤੇ ਬਾਂਸੇ ਵਾਂਗ ਸਮਾਨਤਾ ਰਖਦੇ ਹਨ। ਬੜੀ ਦੰਤੀ ਦੇ ਪਤੇ ਬੜੇ, ਅਰ ਕੱਟੇ ਜੇਹੇ ਹੁੰਦੇ ਹਨ। ਵੈਦ ਲੋਗ ਇਸਦੇ ਬੀਜ ਦੀ ਗਿਰੀ ਨੂੰ *ਸੁਧ ਕਰਕੇ ਚਿਕਣਾਈ ਹਟਾਕੇ ਸੇਵਨ ਵਿਚ ਲਿਔਂਦੇ ਹਨ। ਹੋਰ ਵਸਤੂਆਂ ਮੇਲਕੇ ਤੇ ਬਗੈਰ ਮੇਲ ਦੇ ਤੇਲ ਵੀ ਜੁਲਾਬ ਦੇ ਕੰਮ ਅੰਦਾ ਹੈ, ਮਾਤ੍ਰਾ ੧ ਗਿਰੀ ਤਕ ਹੈ ॥੪੨੬॥

ਯਵਾਂਸਾ, ਧਵਾਂਸਾ ਗੁਣ—ਦੋਹਰਾ

ਸ੍ਵਾਸ ਤਿਕਤ ਸਰ ਹਿਮ ਲਘੂ ਰਕਤ ਪਿੱਤ ਹਰਿ ਪਿੱਤ।
ਭ੍ਰਾਂਤ ਹਰੈ ਦੋਊ ਕਹੇ ਗੁਣ ਸਮ ਜਾਨੋ ਮਿੱਤ ॥ ੪੨੭ ॥

੨੬੪੫-ਸਵਾਸ ਨਾਸਕ, ਤੀਖਣ, ਦਸਤਾਵਰ, ਠੰਢਾ, ਹਲਕਾ, ਰਕਤ ਪਿੱਤ ਨੂੰ ਤੇ ਪਿੱਤ ਨੂੰ, ਹੋਰ ਭ੍ਰਾਂਤੀ ਨੂੰ ਹਰਨਹਾਰਾ ਜਵਾਹਾਂ ਤੇ ਧਮਾਹਾਂ ਦੋਨੋਂ ਇਕ ਸਮਾਨ ਹਨ ॥੪੨੭॥

(ਬ੍ਰਿਤਾਂਤ)

ਜਵਾਹਾਂ, ਰੇਤਲੀ ਧਰਤੀ ਵਿੱਚ ਜਲ ਕਿਨਾਰੇ ਪਾਸ, ਖਾਦਿਰ ਦੀ ਧਰਤੀ ਵਿਚ ਵਧੇਰੇ ਹੁੰਦਾ ਹੈ। ਪੱਤੇ ਬਹੁਤ ਛੋਟੇ, ਉਸ ਪਰ ਬਹੁਤ ਹੀ ਛੋਟੇ ਫਲ ਲਗਦੇ ਹਨ। ਛੋਟੇ ਛੋਟੇ ਕੰਡਿਆਂ ਨਾਲ ਪੂਰਿਆ ਹੋਇਆ ਹੁੰਦਾ ਹੈ। ਧਰਤੀ ਤੋਂ ਹੱਥ ਭਰ ਉੱਚੇ ਝਾੜ ਹੁੰਦੇ ਹਨ, ਮਾਤ੍ਰਾ ੩ ਮਾਸੇ ਦੀ ਹੈ। ਧਮਾਹਾਂ ਬੀ ਜਵਾਂਹੇਂ ਵਰਗਾ ਹੀ ਹੁੰਦਾ ਹੈ, ਪਰੰਤੂ ਜਵਾਂਹੇਂ ਦੇ ਕੰਡੇ ਕੁਛ ਧਮਾਂਹੇਂ ਨਾਲੋਂ ਵੱਡੇ ਹੁੰਦੇ ਹਨ ਤੇ ਵਧੇਰੇ ਹੁੰਦੇ ਹਨ। ਧਮਾਂਹੇਂ ਦੇ ਪੱਤੇ ਕੁਛ ਬਹੁਤ ਹੁੰਦੇ ਹਨ, ਵਰਖਾ ਦੇ ਆਦਿ ਅੰਤ ਫਲਦਾ ਫੁਲਦਾ ਹੈ। ਵਰਖਾ ਵਿੱਚ ਆਪਣੇ ਆਪ ਹੀ ਮਰ ਜਾਂਦਾ ਹੈ। ਗੁਣ ਦੋਨਾਂ ਦਾਂ ਇੱਕ ਸਮਾਨ ਹੈ। ਪਰੰਤੂ ਮੁਲਖ ਖੁਰਾਸਾਨ ਵਿੱਚ ਇਸਦੇ ਉਪਰ ਤੁਰੰਜਬੀਨ ਜੰਮ ਜਾਇਆ ਕਰਦੀ ਹੈ, ਸਵਾਦ ਵਿੱਚ ਕੌੜਾ ਹੈ ਮਾਤ੍ਰਾ ੨ ਮਾਸੇ ਦੀ ਹੈ ॥੪੨੭॥

ਮੁੰਡੀ ਗੁਣ—ਦੋਹਰਾ

ਤਿਕਤ ਕਟੁਕ ਉਸਨਾ ਮਧੁਰ ਲਘੁ ਵੀਰਯ ਕਰਿ ਏਹ।
ਮੇਧਯ ਗੰਡ ਅਪਚੀ ਕ੍ਰਿਮਹਿ ਯੋਨਿ ਪਾਂਡ ਗੁਣ ਤੇਹ ॥੪੨੮॥

੨੬੪੬-ਤੀਛਣ, ਚਰਪਰੀ (ਕਸੈਲੀ), ਗਰਮ ਮਿੱਠੀ, ਹਲਕੀ, ਵੀਰਜ ਵਰਧਕ, ਬੁੱਧੀ ਪ੍ਰਦ, ਗੰਡ ਮਾਲਾ, ਅਪਚੀ, ਪੇਟ ਦੇ ਕ੍ਰਿਮਿ, ਯੋਨੀ ਰੋਗ ਤੇ ਪਾਂਡੂ ਨੂੰ ਨਾਸ ਕਰਨ ਹਾਰੇ ਗੁਣ ਮੁੰਡੀ ਦੇ ਕਹੇ ਹਨ ॥੪੨੮॥

(ਬ੍ਰਿਤਾਂਤ)

ਮੁੰਡੀ ਅਰ ਮਹਾਂ ਮੁੰਡੀ ਭੇਦ ਤੇ ਦੋ ਪ੍ਰਕਾਰ ਦੀ ਹੈ, ਇਹ ਤ੍ਰਿਣ ਸਮਾਨ, ਪ੍ਰਸਰ ਜਾਤੀ ਦੀ

---

*ਜੈਪਾਲ ਦੇ ਬੀਜ ਲੀਰ ਦੀ ਪੋਟਲੀ ਵਿਚ ਬੰਨ੍ਹਕੇ ਤਾਂਬੀਏ ਵਿਚ ਗੋਹਾ ਮਹੀਂ ਦੇ ਕੁਛ ਪਾਣੀ ਪਾਕੇ ਕਾੜੇ ਜਦ ਨਰਮ ਹੋ ਜਾਣ ਤਾਂ ਦਾਣੇ ਧੋਕੇ ਛਿੱਲਕੇ ਵਿਚੋਂ ਪਿਤਾ ਕੱਢਕੇ ਫਿਰ ਗੋਕੇ ਦੁਧ ਵਿਚ ਉਬਾਲਕੇ ਸੁਕਾਕੇ ਪ੍ਰਯੋਗ ਵਿਚ ਪਾਵੇ ਤਾਂ ਫਿਰ ਸੁਧ ਕਹੇ ਜਾਂਦੇ ਹਨ।

Digitized by Panjab Digital Library | www.panjabdigilib.org

ਇਕ ਬਨਸਪਤੀ ਹੈ। ਪੱਤੇ ਅੰਗੁਲੀ ਸਮਾਨ ਲੰਮੇ ਲੰਮੇ ਹੁੰਦੇ ਹਨ। ਫਲ ਕਦੰਬ ਦੇ ਸਮਾਨ ਲਾਲ ਸਫੈਦ ਰੰਗ ਦੇ ਖੁਦਲੇ ਹਨ, ਪ੍ਰਯੋਗ ਵਿਚ ਸਰਬਾਂਗ ਯਾ ਫੁੱਲ ਹੀ ਲਏ ਜਾਂਦੇ ਹਨ। ਸੂਰਜ ਗ੍ਰਹਿਣ ਵਕਤ ਇਸ ਦੀਆਂ ਜਿਤਨੀਆਂ ਗੋਲੀਆਂ ਨਿਗਲ ਜਾਵੇ, ਉਤਨੇ ਸਾਲ ਨੇਤ੍ਰ ਨਹੀਂ ਦੁਖਦੇ।

ਅਪੁਟ ਕੰਡਾ ਗੁਣ—ਦੋਹਰਾ

ਸਰ ਤੀਖਣ ਕਫ ਵਾਤ ਹਰਿ ਦੀਪਨ ਦਦ੍ਰੂ ਨਾਸ।
ਅਰਸ ਅਫਾਰਾ ਸੂਲ ਕੰਡੁ ਉਦਰਾਪਚੀ ਹੈਰਾਸ॥ ੪੨੯॥

੨੬੪੭–ਦਸਤਾਵਰ, ਤੀਛਣ, ਕਫ, ਬਾਤ ਨਾਸ਼ਕ, ਅਗਨੀ ਵਰਧਕ, ਦਾਦ ਦਾ ਨਾਸ਼ ਕਰਨ ਹਾਰਾ, ਬਵਾਸੀਰ ਅਫਾਰਾ, ਸੂਲ, ਖੁਰਕ ਤੇ ਪੇਟ ਦੀ ਅਪਚੀ ਸਭ ਦੇ ਦੂਰ ਕਰਨਹਾਰਾ ਹੈ॥੪੨੯॥

(ਬ੍ਰਿਤਾਂਤ)

ਪੁਟਕੰਡਾ—ਅਪਾਮਾਰਗ, ਆਂਧੀ ਝਾੜੀਂ ਦੇ ਝਾੜ ਜੰਗਲ ਵਿਚ ਹੀ ਹੁੰਦੇ ਹਨ। ਇਨਾ ਤੇ ਬੀਜੇ ਆਪਣੇ ਆਪ ਹੀ ਪੈਦਾ ਹੋ ਔਂਦੇ ਹਨ। ਧਰਤੀ ਨਾਲੋਂ ਇਕ ਇਕ ਯਾ ਦੋ ਦੋ ਹੱਥ ਉੱਚੇ ਹੁੰਦੇ ਹਨ। ਪੱਤੇ ਗੋਲ, ਵਿਚੋਂ ਇਕ ਰੰਗ ਦੇ ਚਿੱਟੇ ਬਾਲ ਨਿਕਲਦੇ ਹਨ, ਉਨ੍ਹਾਂ ਬਾਲਾਂ ਪਰ ਛੋਟੇ ਛੋਟੇ ਉਲਟੇ (ਪੁੱਠੇ) ਕੰਡੇ ਵਾਲੇ ਬੀਜ ਲਗਦੇ ਹਨ, ਚਿੱਟਾ ਲਾਲ ਭੇਦ ਨਾਲ ਪੁਟਕੰਡਾ ਦੋ ਪ੍ਰਕਾਰ ਦਾ ਹੈ॥੪੨੯॥

ਕੰਬੀਲਾ ਗੁਣ—ਦੋਹਰਾ

ਕਫ ਪਿੱਤ ਕ੍ਰਿਮਿ ਗੁਲਮਾ ਉਦਰ ਬ੍ਰਿਣ ਹਰਿ ਰੇਚਕ ਸੋਇ।
ਸੀਤਲ ਕਟੁ ਗ੍ਰਾਹੀ ਕਹਯੋ ਕੰਬੀਲਾ ਗੁਣ ਜੋਇ॥ ੪੩੯॥

੨੬੪੮–ਕਫ, ਪਿੱਤ, ਪੇਟ ਦੇ ਕ੍ਰਿਮਿ, ਗੋਲਾ ਉਦਰ ਵਿਕਾਰ, ਬ੍ਰਿਣ ਇਨ੍ਹਾਂ ਦਾ ਨਾਸ਼ ਕਰਨਹਾਰਾ, ਦਸਤਾਵਰ ਹੈ। ਠੰਢਾ, ਚਰਪਰਾ ਤੇ ਗ੍ਰਾਹੀ ਇਹ ਕੰਬੀਲੇ ਦੇ ਗੁਣ ਕਹੇ ਹਨ॥੪੩੦॥

(ਬ੍ਰਿਤਾਂਤ)

ਕੰਬੀਲਾ, ਬਾਇਵੜਿੰਗ ਦੇ ਫਲ ਦੀ ਰਜ—ਲਾਲ ਰੇਤ ਜੇਹੀ ਦਾ ਨਾਮ ਹੈ। ਜਿਹੜੀ ਬਾਇਵੜਿੰਗ ਦੇ ਉਪਰ ਲਾਲ ਲਾਲ ਰਜ ਜੇਹੀ ਹੁੰਦੀ ਹੈ, ਬਾਇਵੜਿੰਗ ਦੇ ਫਲਾਂ ਨੂੰ ਤੋੜਕੇ ਬਾਂਸ ਦੀਆਂ ਟੋਕਰੀਆਂ ਵਿੱਚ ਭਰਕੇ ਪੈਰਾਂ ਨਾਲ ਲਤੜਦੇ ਹਨ ਤਾਂ ਓਹ ਰਜ ਹੇਠ ਕੱਪੜੇ ਪਰ ਆਣ ਡਿਗਦੀ ਹੈ, ਸੋਈਓ ਫਿਰ ਕੰਬੀਲਾ ਕਿਹਾ ਜਾਂਦਾ ਹੈ। ਕ੍ਰਿਤੀ ਲੋਕ ਪੰਡਾਂ ਬੰਨ੍ਹ ਬੰਨ੍ਹ ਲਿਆਕੇ ਵੇਚ ਜਾਂਦੇ ਹਨ। ਕਾਬਲੀ ਤਾਂ ਲੋਕ ਹਜ਼ਾਰਾਂ ਊਂਟ ਭਰ ਭਰ ਲੈ ਜਾਂਦੇ ਹਨ, ਪਰੰਤੂ ਖਬਰਦਾਰ ! ਦੇਖ ਭਾਲ ਲੋ ਧੂਰਤ ਲੋਗ ਇਸ ਵਿਚ ਖਰਦਲੀਆਂ ਇਟਾਂ ਦਾ ਪੀਪਾ ਡਾਲਕੇ ਦਾਮ ਦੇ ਲਾਲਚ ਖੋਟਾ ਬਣਾ ਦਿੰਦੇ ਹਨ, ਮਾਤ੍ਰਾ ਨਿਯਮਿਤ ਪ੍ਰਮਾਣ ਨਹੀਂ ਹੈ। ਅਸਲੀ ਕੰਬੀਲਾ ਅੱਗ ਲਾਈਏ ਤਾਂ ਸੜ ਜਾਂਦਾ ਹੈ॥੪੩੦॥

ਵਸਮਾ ਗੁਣ--ਦੋਹਰਾ

ਰੇਚਨ ਪਿਕਤਾ ਕੇਸ ਰੰਗ ਮੋਹੁ ਭਰਮ ਮਿਟ ਜਾਇ।

Digitized by Panjab Digital Library | www.panjabdigilib.org

ਰੁੋਸਨ ਉਦਰ ਕਫ ਪਲੀਹ ਹਰਿ ਵਾਤ ਰਕਤ ਮਿਟ ਜਾਇ ॥੪੩੧॥

੨੬੪੯—ਦਸਤਾਵਰ, ਤੀਛਣ, ਕੇਸਾਂ ਨੂੰ ਰੰਗਣ ਵਾਲਾ, ਮੋਹ, ਭਰਮ ਦਾ ਨਾਸ ਕਰਨ ਹਾਰਾ, ਗਰਮ, ਉਦਰ ਰੋਗ, ਕਫ. ਲਿੱਫ ਤੇ ਬਾਤ ਰਕਤ ਦੂਰ ਕਰਨਹਾਰਾ ਵਸਮਾ ਅਰਥਾਤ ਨੀਲ ਕਿਹਾ ਹੈ ॥੪੩੧॥

(ਬ੍ਰਿਤਾਂਤ)

ਨੀਲ ਦੇ ਝਾੜ ਛੋਟੇ ਛੋਟੇ ਕਿਸਾਨ ਲੋਗ ਖੇਤਾਂ ਵਿਚ ਹੀ ਬੀਜਦੇ ਹਨ। ਪੱਤੇ ਸਰਫੂੰਕੇ ਦੇ ਸਮਾਨ ਨੀਲੇ ਅਰ ਕੁਛ ਟਾਲਾਪਨ ਲੀਏ ਹੋਂਦੇ ਹਨ, ਇਸ ਦੀ ਫਲੀ ਟੇਢੀ ਅਰ ਗੋਲ ਹੁੰਦੀ ਹੈ। ਇਸਦੀਆਂ ਡਾਲੀਆਂ ਤੇ ਪੱਤਿਆਂ ਦੀ ਕੁੱਟੀ ਕਰਕੇ ਕੁੰਡਾਂ ਵਿਚ ਪਾਣੀ ਨਾਲ ਭਗੋਕੇ ਗਾਲਦੇ ਹਨ, ਤਦ ਇਸਦਾ ਨੀਲ ਬਣ ਜਾਂਦਾ ਹੈ. ਇਹ ਨੀਲੇ ਰੰਗਾਂ ਦੇ ਕੰਮ ਔਂਦਾ ਹੈ, ਪੱਤ੍ਰ ਪੀਹਕੇ ਚੂਰਣ ਕਰ ਰੱਖੇ, ਓਹੋ ਵਸਮਾ ਕਿਹਾ ਜਾਂਦਾ ਹੈ ॥੪੩੧:

ਨਿੰਮ ਗੁਣ--ਦੋਹਰਾ

ਸੀਤਲ ਲਘੁ ਗ੍ਰਾਹੀ ਕਟੁਕ ਅਗਨਿ ਵਾਤ ਕਿਤਿ ਜਾਨ।
ਵਮਿ ਕਫ ਬ੍ਰਿਣ ਕੁਸ਼ਟਹਿ ਹਰਤ ਮੇਹ ਪਿੱਤ ਨਿੰਬ ਠਾਨ ॥੪੩੨॥

੨੬੫੦-ਠੰਢੀ, ਹਲਕੀ, ਗ੍ਰਾਹੀ, ਚਰਪਰੀ, ਅਗਨੀ ਤੇ ਵਾਯੂ ਇਹਨਾਂ ਦੇ ਪੈਦਾ ਕਰਨ ਹਾਰੀ ਹੈ, ਕੈ ਕਫ, ਬ੍ਰਿਣ, ਕੁਸ਼ਟ ਤੇ ਪ੍ਰਮੇਹ ਇਨ੍ਹਾਂ ਨੂੰ ਨਾਸ ਕਰਨ ਵਾਲੀ ਨਿੰਮ ਕਹੀ ਜਾਂਦੀ ਹੈ ॥੪੩੨॥

(ਬ੍ਰਿਤਾਂਤ)

ਨਿੰਮ ਦੇ ਬ੍ਰਿਛ ਬਹੁਤ ਉਚੇ ਘਨਾਕਾਰ ਹੁੰਦੇ ਹਨ। ਪਤੇ ਕੰਙਣੀਦਾਰ, ਅਣੀਦਾਰ, ਨੋਕ ਕੁਛ ਫਿਰੀ ਹੋਈ ਹੁੰਦੀ ਹੈ। ਬਸੰਤ ਰੁਤ ਵਿਚ ਕੋਮਲ ੨ ਲਾਲ ਰੰਗ ਦੇ ਤਾਜ਼ੇ ਪੱਤੇ ਨਿਕਲਦੇ ਹਨ। ਮੌਰ ਬੀ ਪਤਿਆਂ ਦੇ ਨਾਲ ਨਾਲ ਹੀ ਹਰੇ ਰੰਗ ਦਾ ਨਿਕਲਦਾ ਹੈ। ਇਸੇ ਰੁਤ ਦੇ ਅੰਤ ਪਰ ਬਰੀਕ ਅਰ ਚਿੱਟੇ ਰੰਗ ਦੇ ਫੂਲ ਔਂਦੇ ਹਨ। ਥੋੜੀ ਥੋੜੀ ਚੰਮੇਲੀ ਜੇਹੀ ਸੁਗੰਧੀ ਵੀ ਫੂਲਾਂ ਵਿਚੋਂ ਔਂਦੀ ਹੈ। ਫਲ ਲੰਬੇ ਅਰ ਗੋਲ ਖਿਰਣੀ ਦੇ ਫਲਾਂ ਸਮਾਨ ਹੁੰਦੇ ਹਨ, ਓਹਨਾਂ ਨੂੰ 'ਨਿੰਮੋਲੀਆਂ' ਆਖਦੇ ਹਨ। ਖਾਣੇ ਵਿਚ ਫਲ ਮਿੱਠਾ; ਪਹਿਲੇ ਕੱਚਾ ਹਰਾ, ਫਿਰ ਪੱਕ ਕੇ ਪੀਲਾ ਹੋ ਜਾਂਦਾ ਹੈ। ਅੰਦਰੋਂ ਗਿਰੀ ਵਿਚੋਂ ਤੇਲ ਨਿਕਲਦਾ ਹੈ, ਇਹ ਬ੍ਰਿਛ ਗ੍ਰਾਮ ਅਰ ਬਾਹਰ ਹਰ ਸਥਾਨਾਂ ਵਿਖੇ ਹੁੰਦਾ ਹੈ, ਨਿੰਮ ਕੌੜੀ ਤੇ ਮਿੱਠੀ ਦੋ ਪ੍ਰਕਾਰ ਦੀ ਹੁੰਦੀ ਹੈ, ਮਿੱਠੀ ਨਿੰਮ ਦੱਖਣ ਦੀ ਤਰਫ ਪਾਈ ਜਾਂਦੀ ਹੈ. ਹਮੇਸ਼ਾਂ ਵਰਤਾਵ ਵਿਖੇ ਕੌੜੀ ਨਿੰਮ ਹੀ ਔਂਦੀ ਹੈ ॥੪੩੨॥

ਚੋਕ ਗੁਨ--ਦੋਹਰਾ

ਰੇਚਨ ਤਿਕਤਾ ਮਦਨ ਨੁਤ ਕੇਸ ਕਾਰਿਣੀ ਜਾਨ।
ਕ੍ਰਿਮਿ ਕੰਡੂ ਕਫ ਕੁਸਟ ਵਿਖ ਆਫਾਰਾ ਸਬ ਹਾਨ ॥੪੩੩॥

Digitized by Panjab Digital Library | www.panjabdigilib.org

੨੬੫੧–ਦਸਤਾਵਰ, ਤੀਛਨ, ਮਦਨ ਦ੍ਰਾਵਕ, ਕੇਸ ਪੈਦਾ ਕਰਨ ਹਾਰਾ, ਪੇਟ ਦੇ ਚਮੂਣੇ, ਖੁਰਕ, ਕਫ, ਕੋੜ੍ਹ ਵਿਖ (ਜ਼ਹਰ) ਤੇ ਅਫਾਰਾ, ਨਾਸ ਕਰਨ ਹਾਰਾ ਚੋਕ ਦਾ ਗੁਣ ਕਿਹਾ ਹੈ ।।੪੩੩।।

(ਬ੍ਰਿਤਾਂਤ)

ਸਤ੍ਰਜਾਨਾਸੀ ਜਿਸਨੂੰ ਕਟੇਹਰੀ ਤੇ ਭਰਭੰਡਾ ਵੀ ਬੋਲਿਆ ਜਾਂਦਾ ਹੈ। ਇਸਦਾ ਝਾੜ ਹੁੰਦਾ ਹੈ, ਇਹ ਵਿਸ਼ੇਸ਼ ਕਰਕੇ ਖਡਹਰ, ਖਾਈਆਂ ਢੇਰ, ਰੂੜੀਆਂ ਯਾ ਸੁਕੇ ਤਾਲ, ਛੱਪੜਾਂ ਦੇ ਕਿਨਾਰਿਆਂ, ਰਾਹ ਖੇੜਿਆਂ ਪਰ ਹੀ ਵਧੇਰੇ ਉਤਪੰਨ ਹੁੰਦੀ ਹੈ। ਇਸਦੇ ਪਤੇ, ਫਲ, ਸ਼ਾਖਾਂ ਆਦਿ ਸਭ ਅੰਗ ਕੰਡਿਆਂ ਨਾਲ ਭਰੇ ਹੋਏ ਹੁੰਦੇ ਹਨ ਫੂਲ ਪੀਲੇ ਪੀਲੇ, ਫਲਾਂ ਦੇ ਡੰਡੇ ਲਗਦੇ ਹਨ। ਉਨ੍ਹਾਂ ਵਿਚ ਕਾਲੇ ਰੰਗ ਦੇ ਬੀ ਹੁੰਦੇ ਹਨ। ਉਨ੍ਹਾਂ ਦਾ ਤੇਲ ਕੱਢਦੇ ਹਨ। ਇਸਦੇ ਪਤੇ ਤੋੜਨੇ ਪਰ ਅੰਦਰੋਂ ਪੀਲਾ ਦੁੱਧ ਟਪਕਦਾ ਹੈ, ਇਸਦੀ ਜੜ੍ਹ ਨੂੰ ਕੋਕ ਆਖਦੇ ਹਨ। ਇਸ ਦੇਸ ਦੇ ਲੋਗ ਇਸ ਨੂੰ ਊਟ ਕਟੇਲਾ ਆਖਦੇ ਹਨ, ਪਰੰਤੂ ਊਟਕਟੇਲਾ ਇਹ ਨਹੀਂ ਹੈ, ਸਗੋਂ ਮਖਜ਼ਨ ਵਿਚ ਚੋਕ ਇਕ ਕਿਸੀ ਪਹਾੜੀ ਫਲ ਦਾ ਗੁੱਬ ਮੰਨਿਆ ਹੈ, ਮਾਤ੍ਰਾ ੩ ਮਾਸੇ ਦੀ ਹੈ ।।੪੩੩।।

ਮੈਨਫਲ (ਰਾੜਾ) ਗੁਣ–ਦੋਹਰਾ

ਤਿਕਤ ਵੀਰਯ ਕਰਿ ਉਸਨ ਲਘੁ ਲੇਖਨ ਵਮਨੀ ਏਹ।
ਰੂਖਾ ਕੁਸ਼ਟ ਕਫਹਿ ਗੁਲਮ ਅਫਾਰਾ ਸੋਫ ਗਮੇਇ ॥ ੪੩੪ ॥

੨੬੫੨–ਤਿਕਤ (ਤੀਛਣ), ਬੀਰਜ ਵਰਧਕ, ਗਰਮ, ਹਲਕਾ, ਲੇਖਨ (ਜਖਮ ਭਰਨ ਵਾਲਾ); ਵਮਨ (ਕੈ) ਕਰਾਣ ਵਾਲਾ, ਰੂਖਾ, ਕੁਸ਼ਟ ਕਫ, ਗੋਲਾ ਅਫਾਰਾ ਤੇ ਸੋਜੇ ਦਾ ਨਾਸਕ ਮੈਨਹਲ (ਰਾੜਾ) ਕਿਹਾ ਹੈ ।।੪੩੪।।

(ਬ੍ਰਿਤਾਂਤ)

ਮੈਨਫਲ ਰਾੜੇ ਦਾ ਬਹੁਤ ਬੜਾ ਬ੍ਰਿਛ ਹੁੰਦਾ ਹੈ। ਪੱਤੇ ਲੰਮੇ ਲੰਮੇ ਗੋਲ ਗੋਲ, ਖਰਦਲੇ ਆਮ੍ਹਣੇ ਸਾਮ੍ਹਣੇ ਦੋਨੋਂ ਤਰਫ ਹੁੰਦੇ ਹਨ। ਸੂਰਤ ਪੁਟਕੰਡੇ ਜੇਹੀ ਹੁੰਦੀ ਹੈ, ਫੂਲ ਗੋਲ ਪੰਖਰੀਆਂ ਵਾਲਾ, ਰੰਗ ਚਿੱਟਾ, ਕੁਛ ਕੁਛ ਪੀਲਾ ਜੇਹਾ ਹੈ। ਫਲ ਅਖਰੋਟ ਜੇਹਾ ਗੋਲ ਅਰ ਉਸ ਵਿਚ ਰੇਖਾਂ ਹੁੰਦੀਆਂ ਹਨ, ਬ੍ਰਿਛ ਕਾਂਟੇਦਾਰ ਹੁੰਦਾ ਹੈ, ਪ੍ਰਯੋਗ ਵਿਚ ਫਲ ਯਾ ਫਲ ਦੇ ਅੰਦਰ ਦੀ ਗਿਰੀ ਲਈ ਜਾਂਦੀ ਹੈ ।।੪੩੪।।

ਪਖਾਣ ਭੇਦ ਗੁਣ

ਅਸਮਭੇਦ ਗ੍ਰਾਹੀ ਉਸਨ ਤੁਵਰ ਸੀਤ ਕਫ ਜੀਤ।
ਗਲਗੰਡ ਅਸ੍ਰ ਵਾਤ ਹਰਿ ਸਰਬ ਰੋਗ ਕੋ ਖੀਤ ॥ ੪੩੫ ॥

੨੬੫੩–ਪਖਾਣ ਭੇਦ ਗ੍ਰਾਹੀ ਹੈ। ਗਰਮ, ਕਸੈਲੀ, ਠੰਢੀ ਤੇ ਕਫ ਨੂੰ ਜਿੱਤਨ ਹਾਰੀ ਹੈ। ਗੰਡ ਮਾਲਾ, ਰਕਤ ਵਿਕਾਰ, ਵਾਯੂ ਨੂੰ, ਹਰਨਹਾਰੀ, ਦਸਤਾਵਰ, ਇਨਾਂ ਸਾਰੇ ਰੋਗਾਂ ਨੂੰ ਖਯ ਕਰਨ ਹਾਰੀ ਪਖਾਣ ਭੇਦ ਹੈ ।।੪੩੫।

(ਬ੍ਰਿਤਾਂਤ)

ਪਖਾਣ ਭੇਦ ਦਾ ਝਾੜ ਇਕ ਬਨਸਪਤੀ ਦੀ ਗਿਣਤੀ ਵਿਚੋਂ ਹੈ। ਪਰੰਤੂ ਪਖਾਣ ਭੇਦ

Digitized by Panjab Digital Library | www.panjabdigilib.org

ਦੋ ਤਰਾਂ ਦੀ ਹੈ, ਇਕ ਬਨਸਪਤੀ ਦੀ ਲਕੜੀ ਦੀ ਜੜ੍ਹ ਹੈ, ਉਸਨੂੰ ਪਖਾਣ ਭੇਦ ਲਕੜੀ ਕਹੀਦਾ ਹੈ, ਦੂਸਰੀ ਖਣਿਜ ਜਾਤੀ ਦੀ ਹੈ ਓਹ ਪੱਥਰ ਹੈ, ਓਹ ਭੀ ਪਖਾਣ ਭੇਦ ਨਾਮ ਤੇ ਪ੍ਰਸਿਧ ਹੈ, ਓਹ ਹੋਰ ਦੀਪਾਂ ਵਿਚੋਂ ਔਂਦਾ ਹੈ। ਉਸਨੂੰ ਯੂਨਾਨੀ ਵਾਲੇ 'ਹੁਜਰੁਲ ਯਹੂਦ' ਆਖਦੇ ਹਨ। ਇਸੇ ਤਰਾਂ ਪਖਾਣ ਭੇਦ ਲਕੜੀ ਨੂੰ ਯੂਨਾਨੀ 'ਗੋਸ਼ਾਦ' ਅਤੇ ਅਰਬੀ ਵਿਚ 'ਜਬਤਿਆਨਾ' ਬੋਲਦੇ ਹਨ। ਇਸੇ ਤਰਾਂ ਪੰਸਾਰੀ ਲੋਕ ਪਖਾਣ ਭੇਦ ਲਕੜੀ ਯਾ ਪਖਾਣ ਭੇਦ ਪੱਥਰ ਕਹਿਣ ਤੇ ਜਾਣ ਜਾਂਦੇ ਹਨ, ਦੇਸ਼ਾਂਤਰ ਦਾ ਹੋਣ ਤੇ ਵਿਸ਼ੇਸ਼ ਬ੍ਰਿਤਾਂਤ ਨਹੀਂ ਲਿਖਿਆ ਹੈ ॥੪੩੫॥

ਕਚਨਾਰ ਕਲੀ ਗੁਣ–ਦੋਹਰਾ

ਸੀਤਲ ਰੂਖੀ ਗ੍ਰਾਹਿਣੀ ਲਘੁ ਪਿੱਤਾ ਸਰ ਨਾਸ।
ਤਾਪ ਪ੍ਰਦਰ ਖਯਤ ਕਾਸ ਨੁਤ ਕਚਨਾਰਾ ਗੁਣ ਭਾਸ ॥੪੩੬॥

੨੬੫੪—ਠੰਢੀ, ਖੁਸ਼ਕ, ਗ੍ਰਹਿਣੀ, ਹਲਕੀ, ਪਿੱਤ ਰਕਤ ਵਿਕਾਰ; ਤਾਪ, ਪ੍ਰਦਰ, ਖਤ, ਕਾਸ, ਨਾਸ ਕਰਨਹਾਰੀ ਕਚਨਾਰ ਕਲੀ ਕਹੀ ਹੈ ॥੪੩੬॥

(ਬ੍ਰਿਤਾਂਤ)

ਕਚਨਾਰ ਲਾਲ ਅਤੇ ਸਫੈਦ ਭੇਦ ਨਾਲ ਦੋ ਪ੍ਰਕਾਰ ਦਾ ਹੈ। ਇਸ ਦੇ ਰੁੱਖ ਜੰਗਲ ਅਰ ਪਹਾੜਾਂ ਵਿਚ ਵਧੇਰੇ ਹੁੰਦੇ ਹਨ। ਪੱਤੇ ਇਕ ਇਕ ਸ਼ਾਖ ਵਿੱਚ ਬਰਾਬਰ ੨ ਦੋ ਦੋ ਹੁੰਦੇ ਹਨ। ਚਿਟੇ ਫੁਲ ਤੇ ਕਲੀਆਂ ਲਗਦੀਆਂ ਹਨ। ਦੂਸਰੀ ਕਿਸਮ ਦਾ ਕਚਨਾਰ ਭੀ ਇਸੇ ਕਿਸਮ ਦਾ ਹੁੰਦਾ ਹੈ, ਪਰੰਤੂ ਫੁਲ ਲਾਲ ਰੰਗ ਦੇ ਔਂਦੇ ਹਨ, ਹੋਰ ਕੁਛ ਵਿਲੱਖਣ ਨਹੀਂ ਹੁੰਦਾ। ਇਸ ਦੀਆਂ ਕਲੀਆਂ ਦਾ ਸਾਗ ਅਤੇ ਰਾਇਤਾ ਅੱਛਾ ਬਣਦਾ ਹੈ ॥੪੩੬॥

ਸੰਭਾਲੂ ਗੁਣ–ਦੋਹਰਾ

ਨਿਰਗੁੰਡੀ ਸਿੰਮ੍ਰਿਤ ਦਾ ਕਟੁਕ ਤਿਕਤ ਲਘੁ ਕਖਾਇ।
ਕੇਸਯਾ ਨੇਤ੍ਰ ਹਿਤਕਾਰੀ ਸੂਲ ਸੋਥ ਮਿਟਵਾਇ॥ ੪੩੭॥
ਕ੍ਰਿਮ ਕੁਸ਼ਟਾਰੁਚ ਕਫ ਹਰਤ ਬ੍ਰਿਣ ਸਭ ਨੀਲ ਗਵਾਇ।
ਏਹ ਗੁਣ ਹੈ ਸੰਭਾਲੁ ਕਾ ਨਿਰਘੰਟਹਿ ਮਤਿ ਭਾਇ॥ ੪੩੮॥

੨੬੫੫-ਨਿਰਗੁੰਡੀ=ਸੰਭਾਲੂ, ਸਿੰਮ੍ਰਿਤੀ ਵਧਾਣੇ ਵਾਲਾ ਹੈ, ਕੌੜਾ, ਤੀਛਣ, ਹਲਕਾ, ਕਸੈਲਾ, ਕੇਸਾਂ ਦਾ ਰੰਗ ਉੱਤਮ ਕਰਨੇ ਹਾਰਾ, ਨੇਤ੍ਰਾਂ ਦਾ ਹਿਤਕਾਰੀ, ਸੂਲ, ਸੋਜੇ ਦਾ ਮਿਟੋਣ ਵਾਲਾ, ਚਮੂੰਣੇ, ਕੋੜ੍ਹ ਅਰੁਚੀ ਤੇ ਕਫ ਇਨ੍ਹਾਂ ਦਾ ਨਾਸਕ ਹੈ, ਸਭ ਤਰਾਂ ਦੇ ਬ੍ਰਿਣ, ਛਾਈਆਂ ਇਹ ਸੰਭਾਲ ਨਾਸ ਕਰਨ ਹਾਰਾ ॥੪੩੭॥੪੩੮॥

(ਬ੍ਰਿਤਾਂਤ)

ਸੰਭਾਲੂ ਦਾ ਬ੍ਰਿਛ ਬਣ, ਬਾਗਾਂ ਵਿੱਚ ਹੀ ਬਹੁਤ ਹੁੰਦਾ ਹੈ। ਪਤੇ ਹਰ ਹਰ ਦੇ ਸਮਾਨ ਲੰਮੇ, ਇੱਕ

Digitized by Panjab Digital Library | www.panjabdigilib.org

ਇੱਕ ਡੰਡੀ ਉੱਤੇ ਪੰਜ ਪੰਜ ਲੱਗੇ ਹੋਏ ਹੁੰਦੇ ਹਨ ਪੱਤੇ ਬਹੁਤ ਹਰੇ, ਹੇਠਲੇ ਪਾਸਿਓਂ ਚਿਟੇ ਹੁੰਦੇ ਹਨ। ਸੰਭਾਲੂ ਦੀਆਂ ਕਈ ਜਾਤਾਂ ਹਨ, ਕਿਸੀ ਉਤੇ ਕਾਲੇ, ਕਿਸੇ ਤੇ ਲਾਲ ਫੁਲ ਲਗਦੇ ਹਨ। ਫਲ ਅੰਬ ਦੇ ਬੂਰ (ਮੌਰ) ਸਮਾਨ ਗੁੱਛੇਦਾਰ, ਕੇਸਰ ਦੇ ਰੰਗ ਸਮਾਨ ਹੁੰਦੇ ਹਨ। ਦੇਸੀ ਭਾਖਾ ਵਿਚ ਬਣ੍ਹਾ ਪ੍ਰਸਿੱਧ ਹੈ ॥੪੩੭॥੪੩੮॥

ਕਕੜਸਿੰਙੀ ਗੁਣ-ਦੋਹਰਾ

ਮੇਘ ਸਿੰਗਕਾ ਤਿਕਤ ਸਰ ਵਾਤਲ ਕਾਸ ਵਿਨਾਸ।
ਰੂਖੀ ਪਿੱਤ ਬ੍ਰਿਣਹਿ ਕਫਹਿ ਅਖਿ ਸੂਲ ਹਰਿ ਭਾਸ ॥੪੩੯॥

੨੬੫੬–ਕਕੜਸਿੰਙੀ ਤੀਛਣ, ਦਸਤਾਵਰ, ਬਾਤ, ਖਾਂਸੀ ਦੀ ਨਾਸ ਕਰਨਹਾਰੀ, ਖੁਸ਼ਕ, ਪਿੱਤ, ਬ੍ਰਿਣ, ਕਫ ਤੇ ਨੇਤ੍ਰਾਂ ਦੇ ਸੂਲ ਨੂੰ ਨਾਸ ਕਰਨਹਾਰੀ ਹੈ ॥੪੩੯॥

(ਬ੍ਰਿਤਾਂਤ)

ਕੱਕੜਸਿੰਙੀ ਦਾ ਬੜਾ ਬ੍ਰਿਛ ਹੁੰਦਾ ਹੈ, ਜਿਸਦਾ ਅਕਾਰ ਜੀਏ ਪੋਤੇ ਦੇ ਰੁੱਖ ਨਾਲ ਮਿਲਦਾ ਹੈ। ਇਸਦੀ ਫਲੀ ਪ੍ਰਯੋਗ ਵਿੱਚ ਲਈ ਜਾਂਦੀ ਹੈ, ਸੋ ਅੰਦਰੋਂ ਖੋਖਲੀ (ਪੋਲੀ) ਹੁੰਦੀ ਹੈ, ਫਲੀ ਹੀ ਕੱਕੜਸਿੰਙੀ ਦੇ ਨਾਮ ਤੇ ਪ੍ਰਸਿੱਧ ਹੈ। ਸਵਾਦ ਵਿੱਚ ਕੌੜੀ ਹੈ ॥੪੩੯॥

ਇਟਸਿਟ ਗੁਣ--ਦੋਹਰਾ

ਇਟਸਿਟ ਰੂਖੀ ਉਸਨ ਸਰ ਤਿਕਤ ਮਧੁਰ ਕਟੁ ਜਾਨ।
ਸੋਫਾਨਿਲ ਬ੍ਰਿਣ ਕਫ ਹਰਾ ਰਾਸਾਇਨ ਰੁਚ ਠਾਨ ॥੪੪੦॥

੨੬੫੭—ਇਟਸਿਟ ਰੁਖੀ, ਗਰਮ, ਦਸਤਾਵਰ, ਤੀਛਣ, ਮਿੱਠੀ, ਕਸੈਲੀ, ਸੋਜਾ, ਵਾਯੂ ਬ੍ਰਿਣ ਤੇ ਕਫ ਇਨ੍ਹਾਂ ਦੇ ਨਾਸ ਕਰਨਹਾਰੀ ਰਾਸ਼ਾਇਣ ਰੂਪ ਰੁਚੀ ਕਾਰਕ ਕਹੀ ਹੈ ॥੪੪੦॥

(ਬ੍ਰਿਤਾਂਤ)

ਇਟਸਿਟ ਦੀਆਂ ਕਈ ਜਾਤਾਂ ਹਨ। ਪਤੇ ਗੋਲ, ਫੁੱਲ, ਲਾਲ, ਚਿਟੇ ਯਾ ਵਖੋ ਵੱਖਰੇ ਕਈ ਰੰਗਾਂ ਦੇ ਹੁੰਦੇ ਹਨ, ਇਸ ਵਿਚੋਂ ਚਿਟੇ ਰੰਗ ਦੇ ਫੁੱਲਾਂ ਦਾ ਵਿਸਖਤਰਾ ਹੁੰਦਾ ਹੈ। ਲਾਲ ਰੰਗ ਦੀ ਸਾਠੀ ਕਹੀ ਜਾਂਦੀ ਹੈ। ਵਿਸਖਪਰੇ ਦਾ ਝਾੜ ਪ੍ਰਿਥਵੀ ਉਪਰ ਵਿਛਿਆ ਹੋਇਆ ਹੁੰਦਾ ਹੈ, ਪਤੇ ਗੋਲ ਗੋਲ ਕਿਨਾਰੀਦਾਰ, ਫੁੱਲ ਸਫੈਦ ਰੰਗ ਦੇ ਹੁੰਦੇ ਹਨ। ਰੇਤਲੀ ਤਰ ਧਰਤੀ ਵਿਚ ਅਧਿਕ ਹੁੰਦੀ ਹੈ, ਇਕ ਨੀਲੇ ਰੰਗ ਦੀ ਇਟਸਿਟ ਬੀ ਹੁੰਦੀ ਹੈ, ਉਸਦੇ ਫੁੱਲ ਨੀਲੇ ਰੰਗ ਦੇ ਹੁੰਦੇ ਹਨ। ਪ੍ਰਯੋਗ ਵਿਖੇ ਸੁਬਾਂਗ ਯਾ ਜੜ੍ਹ ਹੀ ਲਈ ਜਾਂਦੀ ਹੈ। ਜਿਸਦੀ ਲੰਮੀ ਲੰਮੀ ਵੇਲ ਵਧਦੀ ਜਾਵੇ, ਉਸਨੂੰ 'ਹਿਲੜਾ' ਆਖਦੇ ਹਨ। ਇਟਸਿਟ ਕਈ ਤਰਾਂ ਨਾਲ ਪ੍ਰਯੋਗ ਵਿਚ ਲਈ ਜਾਂਦੀ ਹੈ ॥੪੪੦॥

ਰਾਸਨਾ ਗੁਣ –ਦੋਹਰਾ

ਰਾਯਸੇਨ ਗੁਰ ਉਸਨ ਭਨ ਤਿਕਤ ਵਾਤ ਕਫ ਜੀਤ।

Digitized by Panjab Digital Library | www.panjabdigilib.org

ਸੋਫ ਸ੍ਵਾਸ ਵਾਤਾਸ੍ਰ ਗਦ ਸੂਲ ਉਦਰ ਹਰਿ ਮੀਤ ॥੪੪੧॥

੨੬੫੮–ਰਾਇਸਨਾ ਭਾਰੀ, ਗਰਮ, ਤੀਛਣ, ਬਾਤ, ਕਫ ਨੂੰ ਜਿੱਤਣ ਹਾਰੀ ਸੋਜ, ਦਮਾਂ, ਬਾਤ, ਬਵਾਸੀਰ ਰੋਗ, ਸੂਲ, ਹੋਰ ਪੇਟ ਰੋਗਾਂ ਦੇ ਨਾਸ ਕਰਨ ਹਾਰੀ ਹੈ ॥੪੪੧॥

(ਬ੍ਰਿਤਾਂਤ)

ਰਾਸਨਾ ਦੇ ਬ੍ਰਿਛ ਨਦੀ ਦੇ ਕਿਨਾਰੇ ਅਥਵਾ ਪਹਾੜਾਂ ਦੀਆਂ ਤਲਹੱਟੀਆਂ ਵਿੱਚ ਵਿਸ਼ੇਸ਼ ਹੁੰਦੇ ਹਨ। ਇਸਦੀ ਜੜ੍ਹ ਵਿਚੋਂ ਕੁਛ ਕੁਛ ਸੁਗੰਧ ਬੀ ਔਂਦੀ ਹੁੰਦੀ ਹੈ ਪੱਤੇ ਇਸਦੇ ਸਰਨਾਇ ਤੋਂ ਦੂਣੇ ਲੰਮੇ ਚੌੜੇ ਹੁੰਦੇ ਹਨ, ਪਰੰਤੂ ਆਕ੍ਰਿਤੀ ਸਰਨਾਈ ਜੇਹੀ ਹੀ ਹੁੰਦੀ ਹੈ। ਜੜ੍ਹ ਦੀ ਆਕ੍ਰਿਤੀ ਸੁੰਢ ਨਾਲ ਮਿਲਦੀ ਹੈ, ਸ੍ਵਾਦ ਤੇਜ ਚਰਪਰਾ, ਰੰਗ ਲਾਲ ਹੁੰਦਾ ਹੈ। ਪ੍ਰਯੋਗ ਵਿੱਚ ਸ੍ਰਬਾਂਗ ਯਾ ਵਿਸ਼ੇਸ਼ ਜੜ੍ਹ ਹੀ ਲਈ ਜਾਂਦੀ ਹੈ। ਇਹ ਬੱਦ੍ਰੀ ਨਾਰਾਇਣ, ਕੇਦਾਰ ਨਾਥ ਵਿਖੇ ਬਹੁਤ ਹੈ, ਇਧਰ ਘੱਟ ਮਿਲਦੀ ਹੈ, ਮਾਤ੍ਰਾ ੫ ਮਾਸੇ ਹੈ, ਯੂਨਾਨੀ 'ਜ਼ੰਜਬੀਲਸ਼ ਮੀ ਨਾਮ ਤੇ ਬੋਲਦੇ ਹਨ ॥੪੪੧॥

ਸਤਾਵਰ ਗੁਣ–ਦੋਹਰਾ

ਸਤਾਵਰ ਗੁਰ ਸੀਤ ਹੈ ਚਿਕਨਿ ਰਸਾਯਨ ਸ੍ਵਾਦ।
ਸੁਕ੍ਰ ਸਤਨਜ ਬਲਿ ਕਰਿ ਕਹੀ ਸੋਫ ਵਾਤਾਸ੍ਰ ਵਾਦ ॥੪੪੨॥

੨੬੫੯—ਸਤਾਵਰ, ਭਾਰੀ, ਠੰਢਾ, ਚੀਕੁਣਾ, ਰਾਸਾਇਣ ਰੂਪ ਸ੍ਵਾਦੂ ਹੈ। ਬੀਰਜ ਤਥਾ ਦੁਧ ਨੂੰ ਵਧੌਣ ਵਾਲਾ, ਬਲਕਾਰਕ, ਰਕਤਵਿਕਾਰ, ਦਾ ਨਾਸਕ ਹੈ ॥੪੪੨॥

(ਬ੍ਰਿਤਾਂਤ)

ਸਤਾਵਰ ਦੋ ਪ੍ਰਕਾਰ ਦਾ ਹੈ। ਇਸਦੀ ਵੇਲ ਜੰਗਲਾਂ ਵਿਚ ਹੁੰਦੀ ਹੈ, ਵੇਲ ਦਾ ਰੰਗ ਸੁਫੈਦੀ ਲੀਏ ਹੁੰਦਾ ਹੈ, ਪੱਤੇ ਬਹੁਤ ਛੋਟੇ ਛੋਟੇ ਸੋਏ ਦੇ ਪੱਤਿਆਂ ਸਮਾਨ ਹੁੰਦੇ ਹਨ। ਇਸਦੀ ਵਲ ਨੂੰ ਕਈ ਕ਼ਈ ਵੈਦਜ ਲੋਕ 'ਏਕਲਕੰਠੀ' ਕਿਹਾ ਕਰਦੇ ਹਨ। ਇਸ ਵਿਚ ਕੰਡੇ ਬਹੁਤ ਹੁੰਦੇ ਹਨ। ਫੁਲ ਸਫੈਦ ਛੋਟੇ ਹੁੰਦੇ ਹਨ। ਬਡੀ ਸਤਾਵਰ ਬੀ ਇਸੇ ਪ੍ਰਕਾਰ ਦੀ ਹੁੰਦੀ ਹੈ। ਇਸ ਨਾਲੋਂ ਵਡੀ ਹੁੰਦੀ ਹੈ, ਇਸਦਾ ਅਨੰਤ ਮੂਲ ਹੁੰਦਾ ਹੈ। ਸਤਾਵਰ ਵਰਖਾ ਦੇ ਅਰੰਭ ਵਿੱਚ ਹਰਾ ਹੁੰਦਾ ਹੈ, ਅਰ ਫੁੱਲ ਲਗਦੇ ਹਨ। ਇਕ ਬ੍ਰਿਛ ਦੇ ਹੇਠ ਸੈਂਕੜੇ ਜੜ੍ਹਾਂ ਹੁੰਦੀਆਂ ਹਨ, ਓਸੇ ਨੂੰ ਸਤਾਵਰ ਕਿਹਾ ਜਾਂਦਾ ਹੈ। ਇਸੇ ਨੂੰ ਅਰਬੀ ਵਾਲੇ 'ਸ਼ੁਕਾਕੁਲ ਮਿਸਰੀ' ਆਖਦੇ ਹਨ। ਮਾਤ੍ਰਾ ੭ ਮਾਸੇ ਦੀ ਹੈ ॥੪੪੨॥

ਸਹਦੇਈ ਆਦਿ ਚਾਰਿ ਬਲਾਂ ਗੁਣ–ਦੋਹਰਾ

ਸਹਦੇਵੀ ਅਰ ਖਰਹਟੀ ਤੀਜੀ ਮਰਹਰਿ ਜਾਨ।
ਗੰਗੇਰਨਿ ਚੌਥੀ ਮਿਲੈ ਵਲਾ ਜੁ ਚਾਰ ਵਖਾਨ ॥੪੪੩॥
ਚ਼ਾਰਵਲਾ ਸੀਤਲ ਮਧੁਰ ਬਲ ਅਰ ਕ੍ਰਾਂਤਿ ਕਰੇਇ।

Digitized by Panjab Digital Library | www.panjabdigilib.org

ਸਨਿਗਧ ਗ੍ਰਹਿਨੀ ਵਾਤ ਖਯ ਪਿਤਾਸ੍ਰ ਹਰਿ ਲੇਇ ॥੪੪੪॥
ਸਕਲ ਮੇਹ ਹਰਨੀ ਕਹੀ ਪਿੱਤ ਰੋਗ ਕੇ ਜੀਤ।
ਚਾਰਵਲਾ ਗੁਣ ਸਮ ਕਹੇ ਕਹਿਤ ਮੇਘ ਸੁਨ ਮੀਤ ॥੪੪੫॥

੨੬੬੦-੧ ਸਹਦੇਈ (ਅਤ੍ਰੀਬਲਾ), ੨ ਖਰੇਟੀ (ਮਹਾਂਬਲਾ), ੩ ਨਾਗੇ ਬਲਾ, ਤੇ ਚੌਥੀ ਗੰਗੇਰਣ–ਗੁਲਸਕਰੀ, ਇਹ ਚਾਰ ਬਲਾਂ ਹਨ। ਚਾਰੇ ਬਲਾਂ ਠੰਢੀਆਂ, ਮਿੱਠੀਆਂ, ਬਲ, ਅਰ ਕ੍ਰਾਂਤੀ ਕਰਨ ਹਾਰੀਆਂ, ਚੀਕੁਣੀਆਂ ਗ੍ਰਾਹਣੀਆਂ, ਬਾਤ ਨਾਸਕ, ਖਈ, ਪਿੱਤ; ਰਕਤ ਵਿਕਾਰ ਤੇ ਪ੍ਰਮੇਹ ਸਭ ਦਾ ਨਾਸ ਕਰਨਹਾਰੀਆਂ, ਵਿਸ਼ੇਸ਼ ਕਰਕੇ ਪਿੱਤ ਰੋਗ ਦੀਆਂ ਨਾਸਕ ਹਨ, ਚੌਹਾਂ ਦਾ ਗੁਨ ਇਕ ਸਮਾਨ ਹੈ ॥੪੪੩। ੪੪੪॥੪੪੫॥

(ਬ੍ਰਿਤਾਂਤ)

ਇਨ੍ਹਾਂ ਵਿਚੋਂ ਖਰੇਟੀ ਦੇ ਝਾੜ ਪ੍ਰਿਥਵੀ ਪਰ ਫੈਲੇ ਹੋਏ ਹੁੰਦੇ ਹਨ। ਉਚੇ ਘਟ ਹੁੰਦੇ ਹਨ, ਪਤੇ ਗੋਲ ਫੁਲ ਪੀਲੇ ਰੰਗ ਦੇ ਲਗਦੇ ਹਨ। ਮੂੰਗ ਦੇ ਸਮਾਨ ਬਹੁਤ ਛੋਟੇ ਛੋਟੇ ਫਲ ਲਗਦੇ ਹਨ। ਓਹਨਾਂ ਵਿਚੋਂ ਰਾਈ ਦੇ ਸਮਾਨ ਕਾਲੇ ਕਾਲੇ ਬੀਜ ਨਿਕਲਦੇ ਹਨ, ਓਹਨਾਂ ਨੂੰ ਵੈਦਯ ਲੋਗ 'ਬੀਜ ਬੰਦ' ਆਖਦੇ ਹਨ। ਇਸਦੀਆਂ ੪ ਜਾਤੀਆਂ ਹਨ। ਕਈ ਚੂਕੇ ਦੇ ਬੀਆਂ ਨੂੰ ਬੀ ਬੀਜਬੰਦ ਕਹਿੰਦੇ ਹਨ ॥੪੪੩॥ ੪੪੪॥੪੪੫॥

ਤੇਜਬਲ ਗੁਣ–ਦੋਹਰਾ

ਪਾਚਨ ਉਸਨਾ ਕਟੁ ਤਿਕਤ ਅਗਨਿ ਕਰੀ ਰੁਚਿਕਾਰ।
ਸ੍ਵਾਸ ਕਾਸ ਕਫ ਵਾਤ ਜਿਤ ਤੇਜ ਸ੍ਵ ਬਲਿ ਗੁਨ ਧਾਰ ॥੪੪੬॥

੨੬੬੧–ਪਾਚਨ, ਗਰਮ, ਕੌੜੀ, ਤੀਛਣ, ਅਗਨੀ ਵਧੌਣ ਵਾਲੀ, ਰੁਚੀ ਕਾਰਕ, ਸ੍ਵਾਸ, ਕਾਸ, ਕਫ ਤੇ ਵਾਯੂ ਨੂੰ ਜਿੱਤਣੇ ਵਾਲੀ ਜਿਹ ਤੇਜ ਬਲ ਦਾ ਗੁਣ ਕਿਹਾ ਹੈ ॥੪੪੬॥

(ਬ੍ਰਿਤਾਂਤ)

ਤੇਜ ਬਲ ਦੀ ਵੇਲ ਹੁੰਦੀ ਹੈ; ਛਿੱਲ ਲਾਲ ਹੁੰਦੀ ਹੈ ਉਸਨੂੰ ਤੇਜ ਵਲਕਲ ਜਾਂ ਤੇਜ ਬਲ ਆਖਦੇ ਹਨ। ਇਸਦੇ ਫਲ ਕਾਲੀ ਮਿਰਚ ਸਮਾਨ ਹੁੰਦੇ ਹਨ। ਇਹ ਸੁਗੰਧਿਤ ਪਦਾਰਥ ਹੈ, ਮਾਤ੍ਰਾ ਇਸਦੀ ੧ ਮਾਸੇ ਦੀ ਹੈ ॥੪੪੬॥

ਮਾਲ ਕੰਫੁਲੀ ਗੁਣ–ਦੋਹਰਾ

ਯੋਤਕਮਤਿ ਕਟੁ ਤਿਕਤ ਸਰ ਤੀਖਣ ਹਰਿ ਕਫ ਵਾਤ।
ਅਤਿ ਉਸਨਾ ਬੁਧ ਭੂਖ ਸਿੰਮ੍ਰਿਤਿ ਕਰਤ ਤਾਸ ਗੁਨ ਖਯਾਤ ॥੪੪੭॥

੨੬੬੨–ਯੋਤਕਮਤ–ਮਾਲਕੰਫੁਣੀ–ਕੋੜੀ, ਚਰਪਰੀ, ਦਸਤਾਵਰ, ਤੀਛਨ, ਕਫ, ਬਾਤ ਦੀ ਨਾਸ਼ਕ, ਅਤਯੰਤ ਗਰਮ ਹੈ, ਬੁੱਧੀ, ਭੁਖ, ਯਾਦਗਾਰ (ਚੇਤਾ) ਇਨ੍ਹਾਂ ਨੂੰ ਪੈਦਾ ਕਰਨ ਵਾਲੀ ਅਰਥਾਤ ਬੁੱਧੀ ਵਰਧਕ ਹੈ। ਇਹ ਗੁਣ ਮਾਲ ਕੰਙ੍ਣੀ ਦਾ ਹੈ ॥੪੪੭॥

Digitized by Panjab Digital Library | www.panjabdigilib.org

(ਬ੍ਰਿਤਾਂਤ)

ਮਾਲਕੰਙਣੀ ਦੀ ਵੇਲ ਜੰਗਲ ਅਰ ਬਣਾਂ ਦੇ ਬ੍ਰਿਛਾਂ ਦੇ ਸਹਾਰੇ ਚਲਦੀ ਹੈ। ਪਤੇ ਗੋਲ ਗੋਲ, ਕੁਛ ਕੁਛ ਅਣੀਦਾਰ ਅਰ ਥੋੜੇ ਥੋੜੇ ਕਿੰਗਰੇਦਾਰ ਡੰਡੀ ਵਿਚ ਬਰਾਬਰ ਭਰੇ ਹੋਏ ਹੁੰਦੇ ਹਨ। ਫੂਲ ਛੋਟੇ ਛੋਟੇ ਪੰਜ ਪੰਖੜੀ ਦੇ ਝੁਮਕੇਦਾਰ ਲਗਦੇ ਹਨ। ਫਲ ਭੀ ਝੁਮਕੇਦਾਰ ਛੋਟੇ ਯਾ ਮਟਰ ਦੇ ਸਮਾਨ ਵਡਾ ਹੁੰਦਾ ਹੈ। ਫਲ ਕੱਚੀ ਅਵਸਥਾ ਵਿਚ ਹਰਾ, ਪੱਕਣ ਪਰ ਪੀਲਾ ਹੋ ਜਾਂਦਾ ਹੈ, ਅੰਦਰੋਂ ਲਾਲ ਰੰਗ ਦੇ ੬ ਬੀਜ ਨਿਕਲਦੇ ਹਨ। ਬਹੁਤੇ ਲੋਗ ਇਸਨੂੰ ਕੋਲੂ ਵਿਚ ਪਿੜਵਾਕੇ †ਤੇਲ ਕਢਵਾ ਲੈਂਦੇ ਹਨ। ਪੱਤਾਂ ਦਾ ਸਾਗ ਭੀ ਬਣਦਾ ਹੈ। ਸਵਾਦ ਫਿੱਕਾ ਕੌੜੱਤਣ ਲੀਏ ਹੁੰਦਾ ਹੈ ॥੪੪੭॥

ਦੇਵਦਾਰ (ਬਿਆਰ) ਗੁਣ—ਦੋਹਰਾ

ਦੇਵਦਾਰ ਕਟੁ ਚੀਕਨੀ ਤੀਖਯਣ ਉਸਨ ਲਘੂਨ।
ਹਿਕ੍ਵਾ ਅਫਰਾ ਸੋਥ ਜ੍ਵਰ ਕੰਡੁ ਕਫਾਨਿਲ ਗੂਨ ॥੪੪੮॥

੨੬੬੩—ਦੇਵਦਾਰ, ਕੌੜਾ, ਚੀਕੁਣਾ, ਤੀਛਣ, ਗਰਮ, ਹਲਕਾ ਹੈ, ਹਿੜਕੀ, ਅਫਾਰਾ, ਸੋਜ, ਤਾਪ, ਖੁਰਕ, ਕਫ, ਵਾਯੂ ਨੂੰ ਗੁਣਕਾਰ ਭਾਲ ਨਾਸ ਕਰਨਹਾਰਾ ਹੈ ॥੪੪੮॥

(ਬ੍ਰਿਤਾਂਤ)

ਦੇਵਦਾਰ ਦੇ ਰੁਖ ਬੜੇ ਬੜੇ ਉੱਚੇ ਛਾਵੇਂਦਾਰ ਹੁੰਦੇ ਹਨ। ਪਤੇ ਲੰਬੇ ਕੁਛ ਗੁਲਾਈਦਾਰ, ਫੂਲ ਅਰਿੰਡ ਦੇ ਫੂਲਾਂ ਸਮਾਨ ਗੁੱਛੇ ਦੇ ਗੁੱਛੇ ਲਗਦੇ ਹਨ। ਇਸਦੀ ਲਕੜੀ ਦੇ ਤਖਤੇ, ਕੜੀਆਂ, ਚੌਪਟੇ ਤੇ ਲੱਠੇ ਬੜੇ ਬੜੇ ਸਥਾਨਾਂ ਵਿਚ ਲਗਾਏ ਜਾਂਦੇ ਹਨ। ਉਸ ਲਕੜੀ ਵਿਚੋਂ ਅਜੇਹੀ ਸੁਗੰਧ ਔਂਦੀ ਹੈ ਕਿ ਸਾਰਾ ਸਥਾਨ ਸੁਗੰਧੀ ਨਾਲ ਭਰ ਜਾਂਦਾ ਹੈ। ਇਸਦੀਆਂ ਦੋ ਜਾਤੀਆਂ ਹਨ, ਇਕ ਤੇਲ ਸਮਾਨ ਚਿਕਨਾਈਦਾਰ, ਦੂਸਰੀ ਰੁਖੇਪਣ ਸਮੇਤ ਸ੍ਵਾਦ ਕੌੜਾ ਹੋਵੇ ਹੈ।

ਚੀਲ੍ਹ ਗੁਣ—ਦੋਹਰਾ

ਸਰਲ ਕਟੁਕ ਪਾਕੇ ਰਸਾ ਮਧੁਰ ਚਿਕਨ ਲਘੁ ਜਾਨ।
ਉਸਨ ਵਾਤ ਦ੍ਰਿਗ ਕੰਠ ਰੁਜ ਕਰਨ ਰੋਗੁ ਹਰਿ ਠਾਨ ॥੪੪੯॥

੨੬੬੪—ਸਰਲ=ਚੀਲ, ਕੌੜੀ, ਪਾਕ ਵਿਚ ਚਰਪਰੀ; ਮਧੁਰਸਾ, ਚੀਕੁਣੀ, ਹਲਕੀ, ਗਰਮ, ਵਾਯੂ, ਨੇਤ੍ਰ ਰੋਗ, ਗਲੇ ਦੇ ਰੋਗ ਤੇ ਕਨ ਦੇ ਰੋਗਾਂ ਨੂੰ ਨਾਸ਼ ਕਰਨ ਹਾਰੀ ਹੈ ॥੪੪੯॥

(ਬ੍ਰਿਤਾਂਤ)

ਸਰਲ=ਚੀਲ ਦੇ ਬ੍ਰਿਛ ਹਿਮਾਲਯ ਆਦਿ ਪਰਬਤਾਂ ਪਰ ਹੀ ਪੈਦਾ ਹੁੰਦੇ ਹਨ, ਇਸਦੇ ਪੱਤੇ ਢੱਕ ਜੇਹੇ ਹੁੰਦੇ ਹਨ, ਫੂਲ ਬਿਨਾਂ ਗੰਧ ਚਿਟੇ ਰੰਗ ਦੇ, ਇਸਦੀ ਲੱਕੜੀ ਵਿਚੋਂ ਗੂੰਦ ਜੇਹਾ †ਰਸ ਨਿਕਲਦਾ ਹੈ, ਕਸ਼ਮੀਰ ਯਾਤ੍ਰਾ ਸਮਯ ਰਸਤੇ ਵਿਚ ਇਸਦੇ ਬ੍ਰਿਛ ਬੜੇ ਸੋਭਾਇਮਾਨ ਲਗਦੇ ਹਨ ॥੪੪੯॥

---

†ਚੀਪ ਨਾ ਹੋਣ ਕਰਕੇ ਕੋਹਲੂ ਵਿੱਚ ਤੇਲ ਮੁਸ਼ਕਲ ਨਿਕਲਦਾ ਹੈ।

Digitized by Panjab Digital Library | www.panjabdigilib.org

ਪੁਹਕਰ ਮੂਲ ਗੁਣ--ਦੋਹਰਾ

ਪੁਖਕਰਿ ਕਟੁ ਤਿਕਤਾ ਉਸਨ ਵਾਤ ਤਾਪ ਕਫ ਜਾਇ।
ਪਾਰਸ ਸੂਲ ਜੁ ਸੋਫ ਹਿਤ ਪੁਖਕਰ ਗੁਨ ਦਿਖਲਾਇ॥੪੫੦॥

੨੬੬੫–ਪੁਹਕਰ ਮੂਲ ਕੌੜਾ, ਚਰਪਰਾ, ਗਰਮ, ਵਾਤ, ਤਾਪ, ਕਫ ਦਾ ਨਾਸ਼ਕ ਹੈ। ਪਾਰਸ਼ ਪੀੜਾ (ਜਾਤੁਲ ਜ਼ੰਮ), ਸੋਜ ਦਾ ਨਾਸ ਕਰਨਹਾਰਾ ਪੁਹਕਰ ਮੂਲ ਦਾ ਗੁਣ ਕਿਹਾ ਹੈ॥੪੫੦॥

(ਬ੍ਰਿਤਾਂਤ)

ਪੁਹਕਰਮੂਲ ਕੁਠ ਦਾ ਹੀ ਭੇਦ ਹੈ ਕਿਉਂਕਿ ਕੁਠ ਦੇ ਪੱਤਿਆਂ ਤੇ ਡਾਲੀਆਂ ਵਿਚ ਕਿਸੀ ਪ੍ਰਕਾਰ ਦਾ ਭੇਦ ਨਹੀਂ ਹੈ।ਗੁਣ ਬੀ ਇੱਕ ਹੈ। ਕੁਠ ਦੇ ਅਭਾਵ ਵਿਚ ਪੁਹਕਰਮੂਲ ਅਰ ਪੁਹਕਰਮੂਲ ਦੇ ਅਭਾਵ ਵਿਚ ਕੁੱਠ ਲਿਆ ਜਾਂਦਾ ਹੈ ਇਸ ਤੇ ਕੁਛ ਹੀ ਭੇਦ ਹੈ, ਪ੍ਰਯੋਗ ਵਿਚ ਇਸਦੀ ਜੜ੍ਹ ਲਈ ਜਾਂਦੀ ਹੈ, ਰੰਗ ਕਾਲਾ ਸਵਾਦ ਕੌੜਾ ਜੜ੍ਹ ਦੇ ਅੰਦਰੋਂ ਸੂਤ ਜੇਹੇ ਪ੍ਰਤੀਤ ਹੁੰਦੇ ਹਨ।

ਕੁਠ ਗੁਣ—ਦੋਹਰਾ

ਉਸਨ ਸ੍ਵਾਦ ਤਿਕਤਾ ਕਟੁਕ ਸੁੱਕਰ ਕਰਿ ਲਘੁ ਮਾਨ।
ਕਾਸ ਵਾਤਾਸ੍ਰ ਕੁਸਟ ਕਫ ਵਾਤ ਵਿਸਰਪ ਜੁ ਸਾਨ॥੪੫੧॥

੨੬੬੬—ਕੁੱਠ, ਗਰਮ ਸਵਾਦੂ, ਚਰਪਰੀ, ਕੌੜੀ, ਬੀਰਜ ਵਰਧਕ, ਹਲਕੀ। ਖਾਂਸੀ, ਬਾਤ, ਰਕਤ, ਕੁਸ਼ਟ, ਕਫ, ਵਾਯੂ ਤੇ ਵਿਸਰਪ ਰੋਗ ਨਾਸ਼ਕ ਹੈ॥੪੫੧॥

(ਬ੍ਰਿਤਾਂਤ)

ਕੁੱਠ ਦੇ ਬ੍ਰਿਛ ਪਰਬਤਾਂ ਪਰ ਹੁੰਦੇ ਹਨ। ਪੱਤੇ ਅਦਿਕ ਸਮਾਨ ਛੋਟੇ, ਪਰੰਤੂ ਇਸ ਦੇਸ਼ ਵਿਚ ਨਹੀਂ, ਹੋਰ ਦੇਸ਼ਾਂ ਵਿਖੇ ਵਧੇਰੇ ਹਨ। ਸਿੰਧੁ ਨਦੀ ਦੇ ਕਿਨਾਰੇ ਦਾ ਕੁੱਠ ਸਰੇਸ਼ਟ ਹੁੰਦਾ ਹੈ, ਇਸ ਬ੍ਰਿਛ ਦੀ ਜੜ ਸੁਗੰਧਤ ਹੁੰਦੀ ਹੈ। ਉਸੇ ਦਾ ਨਾਮ ਕੁੱਠ ਹੈ। ਕੌੜੀ ਤੇ ਮਿੱਠੀ ਹੋਣ ਤੇ ਕੁੱਠ ਦੋ ਭਾਂਤ ਦੀ ਹੈ। ਖਾਣ ਵਾਲੀਆਂ ਔਸ਼ਧੀਆਂ ਵਿਚ ਮਿੱਠੀ ਕੁੱਠ ਪਾਈਦਾ ਹੈ। ਕੌੜੀ ਉਪਰ ਛਲ ਕਾਰਕ ਹੈ, ਮਾਤ੍ਰਾ ੩ ਮਾਸੇ ਦੀ ਹੈ॥੪੫੧॥

ਭੜਿੰਗੀ ਗੁਣ—ਦੋਹਰਾ

ਭਾਰਗੀ ਰੂਖਾ ਕਟੁ ਤਿਕਤ ਪਾਚਨ ਰੁਚਿ ਕਰ ਗਰਮ।
ਸੋਫ ਕਾਸ ਕਫ ਸ੍ਵਾਸ ਜ੍ਵਰ ਪੀਨਸ ਮਾਰਤ ਹਰਮ॥੪੫੨॥

੨੬੬੭—ਭੜਿੰਗੀ ਰੁੱਖੀ (ਖੁਸ਼ਕ), ਕੌੜੀ, ਚਰਪਰੀ, ਪਾਚਨ, ਰੁਚੀ ਕਾਰਕ, ਗਰਮ, ਸੋਜ, ਖਾਂਸੀ, ਕਫ, ਦਮਾਂ, ਤਾਪ, ਤੀਨਸ, ਤਥਾ ਬਾਤ ਦੀ ਨਾਸ਼ਕ ਹੈ॥੪੫੨॥

---

†ਸੋ ਗੰਦਾ ਬਰੋਜਾ ਹੈ।

Digitized by Panjab Digital Library | www.panjabdigilib.org

(ਬ੍ਰਿਤਾਂਤ)

ਭੜਿੰਗੀ ਦੇ ਬੜੇ ਬੜੇ ਬ੍ਰਿਛ ਬਣਾਂ ਵਿਚ ਹੁੰਦੇ ਹਨ। ਪਤੇ ਲੰਮੇ ਲੰਮੇ ਗੋਲ ਗੋਲ ਸਵਾਦ ਰਗ ਦੇ ਲਲਿਆਈ ਭਾ ਮ ਰਦੇ ਹੁੰਦੇ ਹਨ। ਪਤੇ ਬਹੁਤ ਕਰਕੇ ਜੜ ਵਿਖੇ ਹੁੰਦੇ ਹਨ। ਪੱਤਿਆਂ ਦਾ ਸਾਗ ਚੰਗਾ ਬਣਦਾ ਹੈ। ਪ੍ਰਯੋਗ ਵਿੱਚ ਛਿਲ ਲਈ ਜਾਂਦੀ ਹੈ ॥੪੫੨॥

ਕਾਯਫਲ ਗੁਣ—ਦੋਹਰਾ

ਕਟੁਫਲ ਤੁਵਰ ਤਿਕਤ ਕਟੁ ਹਰਤ ਵਾਤ ਕਫ ਮੇਹ।
ਸ੍ਵਾਸ ਅਰਸ਼ ਕੰਠ ਕਾਸ ਗਦ ਆਰੁਚਿ ਏਹ ਨਸੇਹ ॥੪੫੩॥

੨੯੯੮—ਕਾਇਫਲ ਕਸੇਲਾ ਹੈ, ਚਰਪਰਾ, ਕੌੜਾ। ਬਾਤ, ਕਫ ਪ੍ਰਮੇਹ ਦਾ ਨਾਸ਼ਕ ਹੈ, ਦਮਾ. ਬਵਾਸੀਰ, ਕੰਠ ਰੋਗ, ਖਾਂਸੀ ਅਤੇ ਅਰੁਚੀ ਦਾ ਨਾਸ ਕਰਨਹਾਰਾ ਹੈ ॥੪੫੩॥

(ਬ੍ਰਿਤਾਂਤ)

ਕਾਇਫਲ ਦਾ ਬਹੁਤ ਬੜਾ ਬ੍ਰਿਛ ਹੁੰਦਾ ਹੈ, ਜਿਸ ਤੋਂ ਇਸ ਛਿਲਕਾ ਲਿਆ ਜਾਂਦਾ ਹੈ, ਓਹ ਖਾਰ ਦਾਰ ਛੋਟਾ ਹੁੰਦਾ ਹੈ, ਪਤੇ ਪਾਨ ਜੇਹੇ, ਫੁਲ ਲਾਲ ਲਾਲ, ਫਲ ਜਾਇਫਲ ਦੇ ਸਮਾਨ ਗੋਲ ਗੋਲ ਹੁੰਦੇ ਹਨ। ਇਸ ਫਲ ਦੇ ਉੱਪਰ ਦੀ ਛਿਲ ਜਾਵਿਤ੍ਰੀ ਸਮਾਨ ਹੁੰਦੀ ਹੈ, ਉਸਨੂੰ 'ਰਾਮ ਪਤ੍ਰ' ਆਖਦੇ ਹਨ। ਇਸ ਬ੍ਰਿਛ ਦੀ ਛਿੱਲ ਮੋਟੀ ਅਤੇ ਭਾਰੀ ਵਜ਼ਨਦਾਰ ਹੁੰਦੀ ਹੈ। ਇਸ ਬ੍ਰਿਛ ਪਰ ਸੁਗੰਧੀਦਾਰ ਪੀਲੇ ਰੰਗ ਦੇ ਫੁੱਲ ਲਗਦੇ ਹਨ; ਸਵਾਦ ਕੌੜਾ ਹੁੰਦਾ ਹੈ ਇਸ ਦੇ ਫਲ ਤੇ ਛਿੱਲ ਦੋਨੋਂ ਪ੍ਰਯੋਗ ਵਿਚ ਔਂਦੇ ਹਨ ॥੪੫੩॥

ਮੋਥਾ ਗੁਣ—ਦੋਹਰਾ

ਮੁਸਤਾ ਹਿਮ ਕਟੁ ਤੀਖਣੰ ਦੀਪਨ ਪਾਚਨ ਜਾਨ।
ਕ੍ਰਿਮਿ ਪਿੱਤਾਸ੍ਰ ਕਫ ਕੰਠ ਰੁਜ ਅਤੀਸਾਰ ਜੁਰ ਹਾਨ ॥੪੫੪॥

੨੯੯੯—ਮੋਥਾ ਠੰਢਾ, ਕੌੜਾ, ਤੀਛਣ, ਅਗਨੀ ਦੀਪਕ, ਪਾਚਨ; ਪੇਟ ਦੇ ਕ੍ਰਿਮਿ; ਪਿੱਤ ਰੁਧਿਰ ਵਿਕਾਰ, ਕਫ; ਕੰਠ ਦੇ ਰੋਗ; ਅਤੀਸਾਰ; ਤਾਪ ਨਾਸ਼ ਕਰੈ ਹੈ ॥੪੫੪॥

(ਬ੍ਰਿਤਾਂਤ)

ਮੋਥਾ—ਨਾਗਰ ਮੋਥਾ ਜਲ ਭੂਮੀ ਵਿਖੇ ਪੈਦਾ ਹੁੰਦਾ ਹੈ। ਇਹ ਤ੍ਰਿਣ ਜਾਤੀ ਦਾ ਝਾੜ ਹੈ, ਇਸਦੇ ਵਿਚੋਂ ਇਕ ਡੰਡੀ ਨਿਕਲਦੀ ਹੈ; ਉਹ ਲੰਬੀ ਤੇ ਤ੍ਰਿਕੋਣੀ ਹੁੰਦੀ ਹੈ। ਉਸਦੇ ਉਪਰ ਹਰੇ ਰੰਗ ਦੇ ਛੋਟੇ ਛੋਟੇ ਫੁਲ ਹੁੰਦੇ ਹਨ॥ ਓਹਨਾਂ ਫੁਲਾਂ ਦੇ ਇਧਰ ਉਧਰ ਤਿੰਨ ਪੱਤੇ ਬੀ ਲੰਬੇ ਲੰਬੇ ਹੁੰਦੇ ਹਨ। ਇਸਦੇ ਹੇਠ ਜੜ ਵਿਚ ਕਸੇਰੂ ਸਦ੍ਰਿੱਸ਼ ਕਾਲੇ ਰੰਗ ਦਾ ਕੰਦ ਹੁੰਦਾ ਹੈ ਉਸਨੂੰ ਨਾਮ੍ਰ ਮੋਥਾ ਯਾ ਮੋਥਾ ਆਖਦੇ ਹਨ; ਸਵਾਦ ਵਿਚ ਤੇਜ਼ ਅਤੇ ਕੌੜਾ ਹੈ ॥੪੫੪॥

Digitized by Panjab Digital Library | www.panjabdigilib.org

ਧਾਵੇ ਗੁਣ--ਦੋਹਰਾ

ਧਾਵੇ ਕਟੁ ਹਿਮ ਮਧੁਕਰਾ ਲਘੁ ਪਿੱਤਾਸ੍ਰ ਵਿਡਾਰ।
ਕ੍ਰਿਮਿ ਵਿਸਰਪ ਵਿਖ ਕੋ ਹਰਤ ਅਰੁ ਉਸਨਾ ਅਤਿਸਾਰ ॥੪੫੫॥

੨੬੭੦-ਧਾਵੇ, ਚਰਪਰੇ; ਠੰਢੇ, ਕੋਮਲਤਾ ਕਰਨੇ ਵਾਲੇ; ਹਲਕੇ, ਪਿਤ ਖ਼ੂਨ ਵਿਕਾਰ ਨਾਸ ਕਰਨ ਹਾਰੇ; ਕ੍ਰਿਮਿ; ਵਿਸਰਪ, ਜ਼ਹਰ; ਗਰਮੀ ਤੇ ਅਤੀਸਾਰਾਂ ਦੇ ਹਟੌਣ ਹਾਰੇ ਹਨ ॥੪੫੫॥

(ਬ੍ਰਿਤਾਂਤ)

ਧਾਵੇ ਦੇ ਬ੍ਰਿਛ ਬਣ ਵਿਚ ਬਹੁਤ ਹੁੰਦੇ ਹਨ; ਪੱਤੇ ਅਨਾਰ ਦੇ ਪੱਤਿਆਂ ਸਮਾਨ; ਪਰੰਤੂ ਅਨਾਰ ਦੇ ਪੱਤੇ ਹਰੇ ਹੁੰਦੇ ਹਨ ਅਰ ਧਾਵਿਆ ਦੇ ਪੱਤ ਕੁਛ ਕੁਛ ਪੀਲੇਪਨ ਨਾਲ ਹੁੰਦੇ ਹਨ; ਫੁੱਲ ਬਹੁਤ ਲਾਲ ਕਲੀ ਦੇ ਸਮਾਨ ਹੁੰਦੇ ਹਨ । ਇਸਦੇ ਫੁੱਲ ਹੀ ਪ੍ਰਯੋਗ ਵਿਚ ਪਾਏ ਜਾਂਦੇ ਹਨ। ਸਵਾਦ ਕਸੈਲਾ ਤੇ ਰੰਗ ਪੀਲਾ ਹੁੰਦਾ ॥੪੫੫॥

ਮਾਈਂ ਗੁਣ--ਦੋਹਰਾ

ਮਾਂਈਂ ਅਮਲਾ ਰਸੁ ਪਕੇ ਲਘੁ ਕਖਾਇ ਅਰ ਸੀਤ।
ਪਿਤਾਸ੍ਰ ਕਫ ਕੰਠ ਰੁਜ ਅਤੀਸਾਰ ਹਰਿ ਮੀਤ ॥੪੫੬॥

੨੬੭੧-ਮਾਂਈਂ ਦਾ ਖੱਟਾ ਰਸ ਪਾਕ ਵਿਖੇ ਹਲਕਾ; ਕਸੈਲਾ ਠੰਢਾ; ਪਿੱਤ; ਰਕਤ ਵਿਕਾਰ, ਕਫ; ਕੰਠ ਦੇ ਰੋਗ ਤੇ ਅਤੀਸਾਰ ਨਾਸ ਕਰੇ ਹੈ ॥੪੫੬॥

ਵਿਦਾਰੀ ਕੰਦ ਗੁਣ--ਦੋਹਰਾ

ਕੰਦ ਵਿਦਾਰੀ ਬ੍ਰਿਹਣੀ ਅਰ ਮਧੁਰ ਚਿਕਰਿਸ ਤਨਯ।
ਸੁਕਰ ਕਰ ਗੁਰ ਪਿੱਤ ਹਰਿ ਦਾਹ ਪਵਨ ਹਿਤ ਸਨਯ ॥੪੫੭॥

੨੬੭੨-ਵਿਦਾਰੀਕੰਦ, ਬ੍ਰਿਹਣੀ, ਮਿੱਠਾ, ਚੀਕੁਣਾ, ਦੁੱਧ ਵਧਾਣ ਵਾਲਾ, ਭਾਰਾ, ਪਿਤ, ਦਾਹ, ਬਾਤ ਦਾ ਨਾਸ ਕਰਨ ਵਾਲਾ ਅਰ ਮੂਤ੍ਰ ਲਿਔਣ ਵਾਲਾ ਹੈ ॥੪੫੭॥

(ਬ੍ਰਿਤਾਂਤ)

ਵਿਦਾਰੀ ਕੰਦ ਦੀ ਵੇਲ ਅਨੂਪ ਦੇਸ਼ ਦੇ ਪਹਾੜੀ ਸਥਾਨਾਂ ਪਰ ਖੁਦ ਬਖੁਦ ਪੈਦਾ ਹੁੰਦੀ ਹੈ। ਵੇਲ ਜਮੀਨ ਉਪਰ ਫੈਲਦੀ ਹੈ । ਇਸਦੇ ਪਤੇ ਪਾਨ ਪਤ੍ਰਾਂ ਦੀ ਆਕ੍ਰਿਤੀ ਵਾਲੇ ਹੁੰਦੇ ਹਨ, ਡੰਡਲ ਅ੍ਰਸਧੇ ਲੰਮੇ ਹੁੰਦੇ ਹਨ । ਪਤੇ ਆਹਮੋ ਸਾਹਮਣੇ ਲਗਦੇ ਹਨ। ਪੱਤਿਆਂ ਉਪਰ ਜਾਲ ਵਾਂਗ ਨਸਾਂ ਦਿਖਾਈ ਦਿੰਦੀਆਂ ਹਨ। ਫੁਲਾਂ ਦੇ ਗੁਛੇ ਲਗਦੇ ਹਨ। ਕੰਧ ਹੇਠ

Digitized by Panjab Digital Library | www.panjabdigilib.org

ਇਕ ਹਥ ਡੂੰਘੀ ਜ਼ਮੀਨ ਵਿਚੋਂ ਨਿਕਲਦਾ ਹੈ। ਇਸ ਕੰਦ ਪਰ ਸੂਅਰ ਦੀ ਤਰਾਂ ਰੋਮ ਹੁੰਦੇ ਹਨ, ਰੰਗ ਲਾਲ ਹੁੰਦਾ ਹੈ। ਕਿਸੀ ਕਦਰ ਸੂਅਰ ਨੂੰ ਪਿਆਰਾ ਹੋਵੇ, ਪ੍ਰੰਤੂ ਇਸਦਾ ਮੂੰਹ ਸਿਰ ਸਾਰਾ ਅਕਾਰ ਸੂਅਰ ਨਾਲ ਮਿਲਦਾ ਹੈ। ਇਸਦਾ ਨਾਮ ਬਿਰਾਹੀ ਕੰਦ ਹੈ, ਦੂਸਰਾ ਭੇਦ ਖੀਰ ਵਿਦਾਰੀ ਕੰਦ ਅਰਥਾਤ ਸਿਆਲੀਆਂ ਦਾ ਹੈ। ਇਨ੍ਹਾਂ ਤੇ ਰੋਮ ਨਹੀਂ ਹੁੰਦੇ, ਉਂਞ ਲਾਲ ਚਿੱਟੇ ਭੇਦ ਨਾਲ ਦੋ ਪ੍ਰਕਾਰ ਦੀਆਂ ਬੀ ਹਨ, ਆਪਸ ਵਿੱਚ ਸਿਆਲੀਆਂ ਅਤੇ ਬਿਰਾਹੀ ਕੰਦ ਦੋਨੋਂ ਗੁਣਾਂ ਵਿਚ ਮਿਲਦੇ ਹਨ। ਇਸੀ ਤੇ ਇਕ ਦੇ ਅਭਾਵ ਵਿਚ ਦੂਸਰਾ ਕੰਦ ਲਿਆ ਜਾਂਦਾ ਹੈ। ਜੈਸਾ ਕਿ:-'ਜਹਾਂ ਬਿਦਾਰੀ ਹੋਵੇ ਕਾਲ। ਤਹਾਂ ਪਾਈਏ ਚਰਮ ਕਰਾਲੁ' ਹੈ, ਪਰੰਤੂ ਏਥੇ ਅਗਜਾਤ ਕਈ ਤਰਾਂ ਦੇ ਟਪਲੇ ਮਾਰਦੇ ਹਨ ॥੪੫੭॥

ਮਜਿਸਟਾ (ਮਜੀਠ) ਗੁਣ--ਦੋਹਰਾ

ਮੰਜਿਸਟਾ ਮਧੁਰ ਤ੍ਰਿਕਤ ਅਰੁ ਕਖਾਇ ਗੁਰੁ ਜਾਨ।
ਉਸਨ ਵਰਨ ਸੁਰ ਕਰਨਿ ਭਨਿ ਸੋਫ ਸਲੇਖਮ ਹਾਨ ॥੪੫੮॥
ਅੱਖਿ ਸੂਲ ਵਿਖ ਰੁਧਿਰ ਹਰਿ ਅਤੀਸਾਰ ਬ੍ਰਿਣ ਜਾਇ।
ਕੁਸਟ ਬਿਸਰਪ ਜੁ ਮੇਹ ਜਿਤ ਮੰਜਿਸਟਾ ਗੁਨ ਯਾਇ ॥੪੫੯॥

੨੬੭੩-ਮਜੀਠ, ਮਿੱਠੀ, ਚਰਪਰੀ, ਕਸੈਲੀ, ਭਾਰੀ, ਗਰਮ, ਰੰਗ ਦਰੁਸਤ ਕਰਨੇ ਵਾਲੀ, ਸੁਰ ਕਰਨੇ ਵਾਲੀ, ਸੋਜ ਤੇ ਕਫ ਦੀ ਨਾਸਕ ਹੈ। ਨੇਤ੍ਰ ਦੀ ਦਰਦ, ਜ਼ਹਰ, ਰਕਤ ਵਿਕਾਰ, ਅਤੀਸਾਰ, ਬ੍ਰਿਣ. ਕੁਸ਼ਟ ਵਿਸਰਪ, ਪ੍ਰਮੇਹ ਨੂੰ ਜਿੱਤਣ ਵਾਲਾ ਗੁਣ ਮੰਜੀਠ ਦਾ ਕਿਹਾ ਹੈ ॥੪੫੮॥੪੫੯॥

(ਬ੍ਰਿਤਾਂਤ)

ਮਜੀਠ ਖੇਤਾਂ ਵਿਚ ਬੀਜੀ ਜਾਂਦੀ ਹੈ, ਇਸਦਾ ਬੂਟਾ ਲੱਤਾਂ ਦੇ ਸਮਾਨ ਹੁੰਦਾ ਹੈ। ਜੜ ਲਾਲ ਰੰਗ ਦੀ ਕੁਛ ਕਾਲਾਪਨ ਲੀਏ ਹੁੰਦੀ ਹੈ। ਔਸ਼ਧੀ ਤੋਂ ਵਖਰੀ ਰੰਗ ਦੇ ਬੀ ਬਹੁਤੀ ਕੰਮ ਔਂਦੀ ਹੈ। ਸਵਾਦ ਵਿਚ ਕੌੜੀ ਹੈ ॥੪੫੮॥੪੫੯॥

ਹਰਿਦ੍ਰਾ ਗੁਣ--ਦੋਹਰਾ

ਹਲਦੀ ਕਟੁ ਤਿਕਤਾ ਰੁਖੀ ਉਸਨ ਸਲੇਖਣ ਜੀਤ।
ਪਿੱਤ ਹਰਤ ਮੇਹਾਸ੍ਰ ਸ੍ਵਥ ਪਾਂਡੁ ਬ੍ਰਿਣਹਿ ਹਰਿ ਮੀਤ ॥੪੬੦॥

੨੬੭੪-ਹਲਦੀ, ਕੌੜੀ, ਚਰਪਰੀ, ਖੁਸ਼ਕ, ਗਰਮ, ਬਲਗਮ ਨੂੰ ਨਾਸ਼ ਕਰਨ ਹਾਰੀ, ਪਿੱਤ, ਪ੍ਰਮੇਹ, ਰਕਤ ਵਿਕਾਰ, ਸੋਛ, ਪਾਂਡੂ ਤੇ ਬ੍ਰਿਣਾਂ ਦੀ ਨਾਸਕ ਹੈ ॥੪੬੦॥

(ਬ੍ਰਿਤਾਂਤ)

ਪਹਾੜ ਦੀ ਤਰਫ ਜੰਗਲਾਂ ਵਿਚ ਹਲਦੀ ਦੇ ਖੇਤਾਂ ਦੇ ਬੀਜੇ ਜਾਂਦੇ ਹਨ ਇਸਦੇ ਛੋਟੇ ਛੋਟੇ ਝਾੜ ਅਰ ਅਦਰਕ ਦੇ ਸਮਾਨ ਚੌੜੇ ਚੌੜੇ ਪੱਤੇ ਹੁੰਦੇ ਹਨ। ਇਸਦੇ ਹੇਠ ਗੰਢਾਂ ਹੋ ਜਾਂਦੀਆਂ ਹਨ। ਇਨਾਂ ਨੂੰ

Digitized by Panjab Digital Library | www.panjabdigilib.org

ਖੋਦਕੇ ਧੁੱਪੇ ਪਾ ਦਿੰਦੇ ਹਨ। ਜਦ ਇਹ ਸੁੱਕ ਜਾਂਦੀ ਹੈ ਤਾਂ ਇਸਨੂੰ ਹਰੀ ਹਲਦੀ ਆਖਦੇ ਹਨ। ਹਲਦੀ ਦੀ ਭਾਜੀ ਬੀ ਅੱਛੀ ਬਣਦੀ ਹੈ; ਇਸਦੀ ਗੰਢ ਪੀਲੀ ਹੁੰਦੀ ਹੈ। ਇਹ ਮਸਾਲੇ ਵਿਚ ਪਾਈ ਜਾਂਦੀ ਹੈ, ਸਵਾਦ ਕੌੜਾ ਤੇ ਤੇਜ਼ ਹੁੰਦਾ ਹੈ। ਮਾਤ੍ਰਾ ੫ ਮਾਸੇ ਦੀ ਹੈ ॥੪੯੦॥

ਦਾਰ ਹਲਦੀ ਗੁਣ–ਦੋਹਰਾ

ਦਾਰਹਲਧਿ ਤਿਮਹੀ ਜੁ ਗੁਨ ਕਰਨ ਨੈਨ ਰੁਜ ਹਾਰ।
ਤਾਂਹਿ ਰਸਾ ਰਸਵਤ ਕਹੀ ਗੁਣ ਨਿਰਘੰਟ ਵਿਚਾਰ ॥੪੯੧॥

੨੯੭੫–ਦਾਰ ਹਲਦੀ ਦਾ ਗੁਣ ਤੇਹਾ ਹੀ ਅਰਥਾਤ ਹਲਦੀ ਜੇਹਾ ਹੈ, ਪਰੰਤੂ ਵਿਸ਼ੇਸ਼ ਕਰਕੇ ਕੰਨਾਂ, ਨੇਤ੍ਰਾਂ (ਅਤੇ ਸੁਖ ਦੇ) ਰੋਗ ਦੇ ਨਾਸ ਕਰਨਹਾਰੀ ਹੈ। ਏਸੇ ਦਾ ਰਸ; ਰਸੌਤ ਹੈ। ਇਹ ਨ੍ਰਿਘੰਟ ਦਾ ਮਤ ਹੈ ॥੪੯੧॥

(ਬ੍ਰਿਤਾਂਤ)

ਦਾਰ ਹਲਦੀ ਦੇ ਬ੍ਰਿਛ ਬਣ ਵਿਚ ਬਹੁਤੇ ਉਚੇ ਉਚੇ ਹੁੰਦੇ ਹਨ। ਪਤੇ ਕੁੜੇ ਦੇ ਬ੍ਰਿਛ ਦੇ ਸਮਾਨ, ਵਿਸ਼ੇਸ਼ ਕਰਕੇ ਇਹ ਬ੍ਰਿਛ ਪਹਾੜਾਂ ਵਿਚ ਹੀ ਅਧਿਕ ਪੈਦਾ ਹੁੰਦੇ ਹਨ। ਇਸਦੀ ਲਕੜੀ ਪੀਲੀ ਹੁੰਦੀ ਹੈ, ਇਸ ਨੂੰ ਦਾਰਹਲਦੀ ਆਖਦੇ ਹਨ॥ ੪੯੧॥

ਇਸ ਵਿਚੋਂ ਰਸੌਂਤ)

੨੯੭੬–ਦਾਰ ਹਲਦੀ ਦੀ ਕਚੀ ਅਰ ਗਿਲੀ ਲਕੜੀ ਲੈਕੇ ਚੌਗੁਣੇ ਜਲ ਵਿਚ ਪਾਕੇ ਪਕਾਵੇ। ਜਦ ਜਲ ਚੌਥਾ ਹਿੱਸਾ ਆਣ ਰਹੇ ਤਾਂ ਉਤਾਰਕੇ ਛਾਣ ਲਵੇ, ਫਿਰ ਉਸ ਕਾੜ੍ਹੇ ਦਾ ਚੌਥਾ ਹਿਸਾ ਰਹੇ ਛਾਣੇ ਜਲ ਵਿਚ ਚਾਰ ਗੁਣਾਂ ਬਕ੍ਰੀ ਯਾ ਗੌਕਾ ਦੁਧ ਪਾਕੇ ਫਿਰ ਕਾੜ੍ਹੇ; ਜਦ ਦੁਧ ਆਦਿ ਸੜਕੇ ਕਾੜ੍ਹਾ ਗਾੜ੍ਹਾ ਹੋ ਜਾਵੇ; ਤਾਂ ਉਤਾਰਕੇ ਪੱਤਿਆਂ ਵਿਚ ਪਾ, ਪਾਕੇ ਰਖ ਦੇਵੇ, ਏਹੋ ਰਸੌਂਤ ਹੈ। ਅਜ ਕਲ ਜੇੜ੍ਹੀ ਬਜ਼ਾਰ ਵਿਚ ਵਿਕਦੀ ਹੈ, ਓਹ ਨਿੰਮ ਆਦਿ ਅੰਡ ਵੰਡਤਾ ਨਾਲ ਭਰੀ †ਬੁਰੀ ਰਸੌਤ ਹੈ ॥੪੯੧॥

ਪਵਾੜ (ਏਲੋਂ) ਗੁਣ––ਦੋਹਰਾ

ਏਲੋਂ ਲਘੁ ਰੂਖੀ ਕਹੀ ਸ੍ਵਾਦੀ ਪਿੱਤ ਵਿਨਾਸ।
ਵਾਤ ਹਰਤ ਹ੍ਰਿਦ ਹਿਮ ਲਖੋ ਮਿਟਤ ਸਲੇਖਮ ਸ੍ਵਾਸ ॥੪੯੨॥
ਕੁਸ਼ਟ ਦੱਦ੍ਰਿ ਕ੍ਰਿਮ ਜੀਤ ਹੈ ਗਰਮ ਜਾਨ ਫਲ ਤਾਸ।
ਕੁਸਟ ਕੰਡੁ ਦੱਦ੍ਰਿ ਵਿਖਹਿ ਵਾਤ ਰਕਤ ਹਰਿ ਭਾਸ ॥੪੯੩॥

---

†ਗੰਦੇ ਬਰੋਜੇ ਵਿਚ ਬੇਲੂਆ ਆਦਿ ਪਾਕੇ ਭੀ ਬਣਾ ਛੱਡਦੇ ਹਨ। ਇਸ ਤੋਂ ਖਬਰਦਾਰ ਰਹੋ।

Digitized by Panjab Digital Library | www.panjabdigilib.org

ਵਾਤ ਰਕਤ ਤਿਸੁ ਸਾਗ ਹੈ ਕਫ ਕ੍ਰਿਤ ਲਘੁ ਜੁ ਵਖਾਨ।
ਪ੍ਰਪੁਨਾਟ ਗੁਨ ਮੇਘ ਭਨਿ ਨਿਰਘੰਟਹਿ ਤੇ ਠਾਨ ॥੪੬੪॥

੨੬੭੭-ਏਲੋਂ—ਪਵਾੜ, ਹਲਕੀ, ਖੁਸ਼ਕ, ਸਵਾਦੂ; ਪਿੱਤ, ਬਾਤ ਦਾ ਨਾਸ ਕਰਨਹਾਰੀ, ਹ੍ਰਿਦਯ ਦੀ ਹਿਤਕਾਰੀ, ਠੰਢੀ, ਅਰ ਬਲਗਮ ਤੇ ਦਮੇਂ ਦਾ ਨਾਸ਼ ਕਰਨ ਹਾਰੀ ਹੈ। ਕੁਸ਼ਟ, ਦਾਦ, ਪੇਟ ਦੇ ਕੀੜੇ ਨਾਸ ਕਰਨ ਵਾਲੀ ਹੈ। ਇਸਦਾ ਫਲ ਗਰਮ ਹੈ, ਫਲ ਬੀ ਕੁਸ਼ਟ, ਖੁਰਕ, ਦਾਦ; ਜ਼ਹਰ; ਬਾਤ ਰਕਤ ਨਾਸ਼ਕ ਹੈ। ਇਸਦਾ ਸਾਗ ਬੀ ਬਾਤ ਰਕਤ ਨਾਸ਼ਕ ਹੈ, ਕਫ ਕਾਰਕ ਹਲਕਾ ਹੈ, ਇਹ ਗੁਣ 'ਪ੍ਰਪੁਨਾਟ' ਕਹੀਏ 'ਏਲੋਂ' ਦੇ ਨ੍ਰਿਘੰਟ ਵਿਚੋਂ ਕਹੇ ਹਨ ॥੪੬੨ ਤੋਂ ੪੬੪॥

(ਬ੍ਰਿਤਾਂਤ)

ਏਲੋਂ, ਬਰਸਾਤ ਵਿਚ ਹੀ ਅਧਿਕਤਰ ਪੈਦਾ ਹੁੰਦੀ ਹੈ। ਇਸਬਾ ਝਾੜ ਹੁੰਦਾ ਹੈ। ਵਿਸ਼ੇਸ਼ ਕਰਕੇ ਇਹ ਜੰਗਲ ਯਾ ਪਹਾੜੀ ਥਾਵਾਂ ਦੇ ਰੱਦੀ ਸਥਾਨਾਂ ਪਰ ਆਪਣੇ ਆਪ ਪੈਦਾ ਹੋ ਜਾਂਦੀ ਹੈ। ਪੱਤੇ ਗੋਲ ਅਰ ਇਕ ਡੰਡੀ ਵਿਚ ਪੰਜ ਪੰਜ ਹੁੰਦੇ ਹਨ। ਫੁਲ ਪੀਲੇ, ਫਲ ਦੀਆਂ ਫਲੀਆਂ ਪਤਲੀਆਂ ਪਤਲੀਆਂ ਮੂੰਗੀ ਦੀ ਫਲੀ ਨਾਲੋਂ ਤਿੱਗੁਣੀਆਂ ਲੰਮੀਆਂ ਹੁੰਦੀਆਂ ਹਨ; ਉਸ ਵਿਚ ਛੋਟੇ ਛੋਟੇ ਮੋਠ ਜੇਹੇ ਦਾਣੇ ਹੁੰਦੇ ਹਨ। ਇਸਦੇ ਪਤਿਆਂ ਦਾ ਸਾਗ ਅੱਛਾ ਬਣਦਾ ਹੈ। ਪ੍ਰਯੋਗ ਵਿਚ ਸੁਬਾਂਗ ਯਾ ਜੜ੍ਹ ਯਾ ਕਿਤੇ ਦੀਜ ਹੀ ਪਾਏ ਜਾਂਦੇ ਹਨ। ਬੜੀ ਛੋਟੀ ਕਰਕੇ ਦੋ ਪ੍ਰਕਾਰ ਦੀ ਹੈ ॥੪੬੨ ਤੋਂ ੪੬੪॥

ਬਾਵਚੀ ਗੁਣ—ਦੋਹਰਾ

ਵਾਕੁਚ ਮਧੁਰਾ ਤਿਕਤ ਕਟੁ ਪਾਕ ਰਸਾਯਨ ਏਹ।
ਵਿਸਟੰਭੀ ਹਿਮ ਰੁਚਜਾ ਸਰਾ ਹ੍ਰਿਦਯ ਭਨਿ ਤੇਹ ॥੪੬੫॥
ਪਿੱਤਾਸ੍ਰ ਕਫ ਸ੍ਵਾਸ ਜ੍ਵਰ ਕੁਸਟ ਮੇਹ ਸਬ ਟਾਰ।
ਕ੍ਰਿਮ ਹਰਿ ਰੂਖੀ ਜਾਨਿਯੋ ਕਹਿਤ ਮੇਘ ਗੁਨਕਾਰ ॥੪੬੬॥
ਤਾਕਾ ਫਲ ਪਿੱਤਹਿ ਕਰਤ ਕ੍ਰਿਛ ਕੁਸਟ ਕਫ ਵਾਤ।
ਇਨਕਾ ਹਰਤਾ ਏ ਕਹਜਾ ਘਨੋ ਕੁਸਟ ਹਿਤ ਖ੍ਯਾਤ ॥੪੬੭॥

੨੬੭੮—ਬਾਬਚੀ; ਮਿਠੀ, ਚਰਪਰੀ; ਕੌੜੀ; ਪਾਕ ਵਿਚ ਚਰਪਰੀ ਹੈ; ਰਾਸਾਇਣ ਹੈ। ਕਬਜ਼ੀ ਕਾਰਕ, ਸਰਦ; ਰੁਚੀ ਕਾਰਕ, ਦਸਤਾਵਰ, ਹ੍ਰਿਦਯ ਨੂੰ ਗੁਣਕਾਰ ਰਕਤ ਪਿੱਤ, ਕਫ, ਹਵਾਸ; ਤਾਪ ਕੋੜ੍ਹ, ਪ੍ਰਮੇਹ, ਇਨ੍ਹਾਂ ਦੀ ਨਾਸਕ ਹੈ। ਇਸੇ ਤਰਾਂ ਪੇਟ ਦੇ ਕ੍ਰਿਮਿ ਮਾਰਨ ਵਾਲੀ ਤੇ ਖੁਸ਼ਕ ਬਾਵਚੀ ਕਹੀ ਹੈ। ਇਸਦਾ ਫਲ ਪਿੱਤ ਕਾਰਕ ਤੇ ਮੂਤ੍ਰ ਕ੍ਰਿਛ, ਕੁਸ਼ਟ ਕਫ, ਬਾਤ ਦਾ ਨਾਸ ਕਰਣ ਹੈ, ਪਰੰਤੂ ਵਿਸ਼ੇਸ਼ ਕਰਕੇ ਕੁਸ਼ਟ ਦਾ ਅਤਿਅੰਤ ਹਿਤ ਕਰਨ ਹਾਰਾ ਹੈ। ੪੬੫ ਤੋਂ ॥੪੬੭॥

Digitized by Panjab Digital Library | www.panjabdigilib.org

(ਬ੍ਰਿਤਾਂਤ)

ਬਾਵਚੀ ਦਾ ਝਾੜ ਹੁੰਦਾ ਹੈ। ਪੱਤੇ ਗੁਆਲ ਦੇ ਸਮਾਨ ਫੁਲ ਕਾਲਾ ਹੁੰਦਾ ਹੈ। ਫਲ ਗੁਛੇ ਵਿਚ ਲਗਦੇ ਹਨ ਬੀਜ ਕਾਲੇ, ਉਨ੍ਹਾਂ ਵਿਚੋਂ ਦੁਰਗੰਧੀ ਔਂਦੀ ਹੈ। *ਸੋਧਕੇ ਦਿਸਦੇ ਬੀਜ ਹੀ ਪ੍ਰਯੋਗ ਯਾ ਬਿਵਹਾਰ ਵਿਚ ਔਂਦੇ ਹਨ, ਮਾਤ੍ਰਾ ਦੋ ਮਾਸੇ ਦੀ ਹੈ ॥੪੬੫ ਤੋਂ ੪੬੭॥

ਭੰਗਰਾ ਗੁਣ--ਦੋਹਰਾ

ਭ੍ਰਿੰਗ ਰਾਜ ਕਟੁ ਤਿਕਤ ਭਨਿ ਉਸਨ ਰੂਖਯ ਕਫ ਜੀਤ।
ਰੁਚਿ ਰਸਾਯਨ ਨੈਨ ਹਿਤ ਵਾਤ ਕੁਸਟ ਹਰਮੀਤ ॥੪੬੮॥
ਕੇਸ ਸਯਾਮ ਸੋ ਕਰਤ ਹੈ ਸਿਰ ਕਾ ਰੋਗ ਗਵਾਇ।
ਸੂਰਯ ਵਲਹ ਗੁਨ ਕਹੇ ਮੇਘੇ ਲਿਖੇ ਬਨਾਇ ॥੪੬੯॥

੨੪੬੭੯—ਭੰਗਰਾ, ਤੀਖਣ, ਚਰਪਰਾ; ਗਰਮ, ਰੁਬਾ, ਕਫ ਨਾਸਕ, ਰੁਚੀ ਕਾਰਕ, ਰਸਾਇਣ ਰੂਪ; ਨੇਤ੍ਰਾਂ ਦਾ ਹਿਤਕਾਰੀ; ਬਾਤ ਕੁਸ਼ਟ ਦਾ ਨਾਸ਼ਕ, ਕੇਸਾਂ ਨੂੰ ਕਾਲੇ ਕਰਨ ਹਾਰਾ, ਸਿਰ ਰੋਗ ਨਾਸਕ, ਇਹ †ਭੰਗਰੇ ਦੇ ਗੁਣ ਕਹੇ ਹਨ ॥੪੬੮॥੪੬੯॥

(ਬ੍ਰਿਤਾਂਤ)

ਭਾਂਗਰੇ ਦੇ ਗੁਲਮ ਜਲ ਕਿਨਾਰੇ ਦੀ ਧਰਤੀ ਵਿਚ ਆਪਣੇ ਆਪ ਪੈਦਾ ਹੁੰਦੇ ਹਨ। ਇਸਦੀਆਂ ਸ਼ਾਖ਼ਾਂ ਵਿਖੇ ਕਾਲਾਪਨ ਹੁੰਦਾ ਹੈ। ਪੱਤੇ ਲੰਮੇ ਲੰਮੇ ਧਾਨਾਂ ਦੇ ਪਤਿਆਂ ਜੇਹੇ; ਹੇਠੋਂ ਦਾਣੇਦਾਰ ਫਲਸੇ ਹੁੰਦੇ ਹਨ। ਇਸਦਿਆਂ ਪੱਤਿਆਂ ਦਾ ਰਸ ਕਾਲਾ ਜੇਹਾ ਹੁੰਦਾ ਹੈ, ਇਸ ਕਾਲੇ ਚਿਟੇ ਅਤੇ ਪੀਲੇ ਫੁਲਾਂ ਦੇ ਭੇਦ ਨਾਲ ਤਿੰਨ ਪ੍ਰਕਾਰ ਦਾ ਹੁੰਦਾ ਹੈ, ਸਵਾਦ ਤੇਜ਼ੀ ਲੀਏ ਕੌੜਾ ਹੈ, ਕਾਲਾ ਘੱਟ ਮਿਲਦਾ ਹੈ ॥੪੬੮॥ ੪੬੯॥

ਪਿੱਤ ਪਾਪੜਾਗੁਣ—ਦੋਹਰਾ

ਪਰਪਟ ਪਿੱਤਾਸੂ ਜਿਤੈ ਭ੍ਰਮੁ ਤ੍ਰਿਸਨਾ ਕਫ ਤਾਪ।
ਸੀਤ ਤਿਕਤ ਵਾਤਲ ਲਘੂ ਸੰਗ੍ਰਾਹੀ ਲਖ ਆਪ ॥੪੭੦॥

---

*ਪਿੱਛੇ ਸੋਧਨ ਵਾਸਤੇ ਇਸੀ ਦਾ ਟੀਕਾ ਵੇਖੋ ਨੰ: ੯੫੪ ਪ੍ਰਿੰ; ੩੯੩।

†'ਸੂਰਯਬਲਿਹ' ਦੇ ਥਾਂ ਕਿਤੇ ਪਾਠ 'ਸੂਰਯ ਬੱਲਭ' ਬੀ ਹੈ, ਪਰੰਤੂ ਦੋਨੋਂ ਪਾਠ ਅਯੁਕਤ ਪ੍ਰਤੀਤ ਦਿੰਦੇ ਹਨ। ਵਾਸਤਵ ਵਿੱਚ 'ਸੂਜਨ ਬੱਲਿਹ' ਪਾਠ ਹੋਵੇ ਤਾਂ ਸੌਜ ਤੇ ਬਲ ਅਰਬ ਨਿਘੰਟ ਅਨੁਸਾਰ ਹੋ ਸਕਦਾ ਹੈ, ਸੋਈ ਯਥਾਰਥ ਪ੍ਰਤੀਤ ਹੁੰਦਾ ਹੈ। ਸੂਰਯ ਬਲਭ ਨਾਮ ਭੰਗਰੇ ਦਾ ਕਿਸੇ ਕੋਸ਼ ਵਿਚ ਦ੍ਰਿਸ਼ਟੀ ਨਹੀਂ ਆਯਾ ਨਾਂ ਹੀ ਏਥੇ ਉਪਯੋਗੀ ਹੈ।

Digitized by Panjab Digital Library | www.panjabdigilib.org

੨੬੯੦-ਪਾਪੜਾ, ਪਿੱਤ, ਰਕਤ ਵਿਕਾਰ, ਭ੍ਰਮ, ਪਿਆਸ, ਕਫ, ਬੁਖਾਰ ਦਾ ਨਾਸਕ ਹੈ ਸਰਦ, ਚਰਪਰਾ, ਬਾਤ ਕਾਰਕ, ਹਲਕਾ ਤੇ ਸੰਗ੍ਰਾਹੀ ਹੈ ॥੪੭੦॥

(ਬ੍ਰਿਤਾਂਤ)

ਪਿੱਤਪਾਪੜੇ ਦੇ ਝਾੜ ਬਹੁਤੇ ਕਣਕ ਦੀ ਖੇਤੀ ਵਿੱਚ ਹੀ ਉੱਗਦੇ ਹਨ। ਇਸਦੇ ਉੱਪਰ ਬਾਲ ਨਿਕਲਦੇ ਰਨ। ਇਹ ਦੋ ਜਾਤੀ ਦਾ ਹੁੰਦਾ ਹੈ। ਇਕ ਵਿੱਚ ਨੀਲੇ ਫੁੱਲ, ਦੂਸਰੇ ਵਿੱਚ ਲਾਲ ਫੁੱਲ ਔਂਦੇ ਹਨ। ਪੱਤੇ ਬਹੁਤ ਹੀ ਛੋਟੇ ਛੋਟੇ ਹੁੰਦੇ ਹਨ। ਲਾਲ ਫੁੱਲ ਦਾ ਬਹੁਤਾ ਫਲਦਾਇਕ ਹੈ। ਸਵਾਦ ਕੌੜਾ, ਮਾਤ੍ਰਾ ੯ ਮਾਸੇ ਦੀ ਹੈ ॥੪੭੦॥

*ਤ੍ਰਾਯਮਾਣ ਗੁਣ--ਦੋਹਰਾ

ਤ੍ਰਾਯਮਾਨ ਸਰ ਸੁ ਪਿੱਤ ਹਰਿ ਜ੍ਵਰ ਕਫ ਰੁਧਿਰ ਮਿਟਾਇ
ਸੂਲ ਮਿਟੈ ਗੁਣ ਏ ਕਹੈ ਤ੍ਰਾਯਮਾਣ ਹਿਤੁ ਲਗਾਇ ॥੪੭੧॥

੨੬੯੧-ਤ੍ਰਾਯਮਣ, ਦਸਤਾਵਰ, ਪਿੱਤ ਨਾਸ਼ਕ, ਤਾਪ, ਕਫ, ਰਕਤ ਵਿਕਾਰ ਤੇ ਸੂਲ ਦਾ ਨਾਸ਼ਕ ਹੈ ॥੪੭੧॥

(ਬ੍ਰਿਤਾਂਤ)

ਤ੍ਰਾਯਮਾਣ ਦੇ ਪਤੇ ਕਾਹਜ਼ਬਾਲ (ਗੌਜ਼ਦਾਨ) ਦੇ ਸਮਾਨ ਪ੍ਰਿਥਵੀ ਪਰ ਫੈਲੇ ਹੋਏ ਹੁੰਦੇ ਹਨ, ਅਰ ਮੱਧ ਵਿਖੇ ਦੋ ਡੰਡੀਆਂ ਨਿਕਲਦੀਆਂ ਹਨ। ਉਨ੍ਹਾਂ ਦੇ ਬੀਜਾਂ ਨੂੰ ਤ੍ਰਾਯਮਾਣ ਆਖਦੇ ਹਨ। ਇਕ ਕਿਸਮ ਦੀ ਇਹ ਜੰਗਲੀ ਕਾਹਜ਼ਬਾਨ ਹੈ। ਫਾਰਸੀ ਵਿੱਚ 'ਅਸਪ੍ਰਕਾਂ' ਤੇ 'ਬੰਗਾਲੀ ਵਿੱਚ 'ਬਲਾਡੂਬਰ' ਆਖਦੇ ਹਨ, ਪਰੰਤੂ ਇਹ ਬਾਕਲੇ ਦਾ ਹੀ ਭੇਦ ਹੈ, ਸੋ ਤ੍ਰਖਮ ਜਰਜਰ ਨਾਮ ਤੇ ਪ੍ਰਸਿੱਧ ਹੈ ॥੪੭੧।

ਪਤੀਸ ਗੁਣ--ਦੋਹਰਾ

ਵਿਖਾ ਉਸਨ ਪਾਚਨ ਤਿਕਤ ਜਿਤੇ ਪਿੱਤ ਅਤਿਸਾਰ ॥
ਕਫ ਹਰਤਾ ਨਿਰਘੰਟ ਭਨਿ ਪੰਡਿਤ ਲਖੋ ਵਿਚਾਰ ॥੪੭੨॥

੨੬੯੨—ਵਿਖਾ—ਪਤੀਸ. ਗਰਮ, ਪਾਚਨ, ਚਰਪਰੀ; ਪਿੱਤ, ਅਤੀਸਾਰ ਅਤੇ ਕਫ ਦਾ ਨਾਮਕ ਹੈ ॥੪੭੨॥

(ਬ੍ਰਿਤਾਂਤ)

ਪਤਾਸ ਦੇ ਝਾੜ ਕੇਲੇ ਦੇ ਪਤਿਆਂ ਜੇਹੇ ਹੁੰਦੇ ਹਨ। ਇਸਦੇ ਹੇਠ ਕੰਦ ਹੁੰਦਾ ਹੈ, ਅਤੀਸ—ਪਤੀਸ

*ਨਾਂ ਮਿਲੇ ਤਾਂ ਬਨਖਸ਼ਾ ਆਦਿ ਪਾਕੇ ਕੰਮ ਤੋਰੋ।

Digitized by Panjab Digital Library | www.panjabdigilib.org

ਕਾਲਾ, ਚਿੱਟਾ ਤੇ ਲਾਲ ਭੇਦ ਨਾਲ ਤਿੰਨ ਪ੍ਰਕਾਰ ਦਾ ਹੈ। ਤਿੰਨਾਂ ਦਾ ਗੁਣ ਇਕ ਸਮਾਨ ਹੈ, ਇਸਦੀ ਜੜ੍ਹ ਪਤੀਸ ਕਹੀ ਜਾਂਦੀ ਹੈ, ਸਈ ਪ੍ਰਯੋਗ ਵਿਚ ਪਾਈਦੀ ਹੈ ॥੪੭੨॥

ਕਾਕਮਾਚੀ (ਭਭੋਲਾ) ਗੁਣ—ਦੋਹਰਾ

ਭੰਭੋਲਨਿ ਤ੍ਰਿਦੋਖ ਹਰਿ ਸਨਿਗਧ ਉਸਨ ਅਰੁ ਸ੍ਵਾਦੁ।
ਸੁਕ੍ਰਤ ਹ੍ਰਿਦਯਾ ਸੋਫ ਜਿਤ ਰਾਸਾਯਨ ਜ੍ਵਰ ਵਾਦ ॥੪੭੩॥

੨੬੮੩—ਭੰਭੋਲਾ=ਮਕੋਇ, ਤ੍ਰਿਦੋਖ ਨਾਸਕ, ਚੀਕੁਣੀ, ਗਰਮ, ਸਵਾਦੂ, ਬੀਰਜ ਪੈਦਾ ਕਰਨੇ ਵਾਲੀ, ਹ੍ਰਿਦਯ ਰੋਗ, ਸੋਜ ਇਨ੍ਹਾਂ ਦਾ ਨਾਸ਼ਕ ਰਸਾਯਣ ਰੂਪ, ਜ੍ਵਰ ਨੂੰ ਨਾਸ ਕਰੇ ਹੈ ॥੪੭੩॥

(ਬ੍ਰਿਤਾਂਤ)

ਮਕੋਇ—ਭੰਭੋਲਾ ਅਰਥਾਤ ਪੀਲਕ ਦੇ ਝਾੜ ਛੋਟੇ ਛੋਟੇ ਬਾਗਾਂ ਵਿਚ ਬਿਨਾਂ ਬੀਜੇ ਹੀ ਬਹੁਤੇ ਉੱਗ ਖਲੋਂਦੇ ਹਨ। ਪੱਤੇ ਲਾਲ ਮ੍ਰਿਚ ਸਮਾਨ, ਫੁੱਲ ਸਫੇਦ, ਅਰ ਬਹੁਤ ਛੋਟੇ ਛੋਟੇ ਹੁੰਦੇ ਹਨ। ਫਲ ਕਾਲੇ, ਲਾਲ ਅਰ ਕੱਚੀ ਦਸ਼ਾ ਵਿਚ ਹਰੇ, ਮਕਈ ਦੇ ਦਾਣੇ ਸਮਾਨ ਗੁੱਛੇ ਵਿਚ, ਯਾ ਖੋਲ ਦੇ ਅੰਦਰ ਲਗਦੇ ਹਨ। ਸਵਾਦ ਕੌੜਾ, ਪਕਣੇ ਪਰ ਮਿੱਠਾ ਹੋ ਜਾਂਦਾ ਹੈ, ਪ੍ਰਯੋਗ ਵਿਚ ਪੱਤੇ ਹੀ ਲਏ ਜਾਂਦੇ ਹਨ, ਸੁੱਕੀ ਦੀ ਮਾਤ੍ਰਾ ੬ ਤੋਂ ੯ ਸਾਸੇ ਤਕ ਅਰ ਹਰੀ ਦੀ ੩ ਤੋਂ ੫ ਮਾਸੇ ਤਕ ਹੈ ॥੪੭੩॥

ਕਾਕਜੰਘਾ ਗੁਣ—ਦੋਹਰਾ

ਕਾਕਜੰਘ ਹਿਮ ਜ੍ਵਰ ਹਰੈ ਰਕਤ ਪਿੱਤ ਕਫ ਜਾਇ।
ਗੁਨ ਭਾਖੇ ਕੰਤਾਨ ਦੀ ਕਹਿਤ ਮੇਘ ਗੁਨ ਭਾਇ ॥੪੭੪॥

੨੬੮੪—ਕਾਕਜੰਘਾ, ਸਰਦ, ਜ੍ਵਰ, ਰਕਤ ਪਿੱਤ, ਕਫ ਇਨ੍ਹਾਂ ਦੀ ਨਾਸ਼ਕ ਹੈ। ਇਹ ਗੁਣ ਕਾਕਕੰਘੀ ਦੇ ਕਹੇ ਹਨ ॥੪੭੪॥

(ਬ੍ਰਿਤਾਂਤ)

ਕਾਕਜੰਘੀ ਦੇ ਝਾੜ ਜੰਗਲ ਅਰ ਬਣ ਵਿੱਚ ਬਹੁਤ ਹੁੰਦੇ ਹਨ। ਪਤੇ ਲੰਮੇ ਲੰਮੇ ਪਰੰਤੂ ਓਹ ਹਰੇ ਅਰ ਕਾਲੇ ਰੰਗ ਦੇ ਹੁੰਦੇ ਹਨ। ਫੁੱਲ ਛੋਟੇ ਛੋਟੇ ਕਾਲੇ ਰੰਗ ਦੇ ਪੱਤਿਆਂ ਉਪਰ ਖੇਰੜਾ ਪਨ ਅਰ ਬਰੀਕ ਬਰੀਕ ਕੰਡ ਹੁੰਦੀ ਹੈ। ਜੋੜ ਗੰਢਦਾਰ ਅਰ ਉਨ੍ਹਾਂ ਪਰ ਥੋੜੀ ਦੂਰ ਐਂਡਾ ਵੈਂਡਾ ਪਨ ਹੁੰਦਾ ਹੈ ॥੪੭੪॥

ਦੋਲੋਧ ਗੁਣ—ਦੋਹਰਾ

ਲੋਧ ਵਿਰੇਚਕ ਸੀਤ ਅਤਿ ਚੱਖਯ ਸੁ ਕਫ ਪਿਤ ਹਾਰ।

Digitized by Panjab Digital Library | www.panjabdigilib.org

ਸੋਫ ਰਕਤ ਪਿਤਾਸ੍ਰ ਹਰਿ ਹਰਤ ਰੋਗੁ ਅਤਿਸਾਰ ॥੪੭੫॥
ਜਾਨਿ ਕਖਾਇ ਜੁ ਲੋਦ ਗੁਨ ਤਾਸ ਫਲੰ ਮਧੁਰਾਇ ।
ਤਿਕਤ ਗ੍ਰਾਹੀ ਕਫ ਪਿਤਹਿ ਜੀਤਤ ਜਾਨੋਂ ਭਾਇ ॥੪੭੬॥

੨੬੮੫-ਲੋਧ ਦਸਤਾਵਰ ਹੈ, ਠੰਢੀ, ਨੇਤ੍ਰਾਂ ਹੈ ਹਿਤਕਾਰੀ; ਕਫ; ਪਿੱਤ ਦੀ ਨਾਸ਼ਕ, ਸੋਜ ਰਕਤ ਵਿਕਾਰ, ਰਕਤ ਪਿੱਤ; ਅਤੇ ਹੋਰ ਅਤੀਸਾਰਾਂ ਦੀ ਨਾਸ ਕਰਨ ਹਾਰੀ ਹੈ । ਲੋਧ ਦਾ ਗੁਣ ਕਸੈਲਾ ਹੈ, ਇਸਦਾ ਫਲ ਮਿੱਠਾ ਹੈ । ਕਸੈਲੀ ਹੈ, ਗ੍ਰਾਹੀ ਹੈ, ਕਫ; ਪਿੱਤ ਜਿੱਤਣ ਵਾਲੀ ਹੈ; ਇਹ ਦੋਹਾਂ ਲੋਧਾਂ ਦੇ ਗੁਣ ਕਹੇ ਹਨ ॥੪੭੫॥੪੭੬ ।

(ਬ੍ਰਿਤਾਂਤ)

ਲੋਧ ਦੇ ਬੜੇ ਬੜੇ ਬ੍ਰਿਛ ਹਿਮਾਲਯ ਆਦਿ ਪਰਬਤਾਂ ਵਿਚ ਹੀ ਪੈਦਾ ਹੁੰਦੇ ਹਨ । ਪਤੇ ਵਡੇ ਅਤੇ ਲੰਮੇ ਹੁੰਦੇ ਹਨ । ਫੁਲ ਚਿਟੇ, ਪੀਲੇ ਤੇ ਲਾਲ ਰੰਗ ਦੇ ਰਲੇਮਿਲੇ ਹੁੰਦੇ ਹਨ । ਇਸਦੀ ਛਿੱਲ ਲੋਧ ਹੈ, ਸੋ ਔਸ਼ਧੀ ਅਤੇ ਰੰਗਾਂ ਦੇ ਕੰਮ ਔਂਦੀ ਹੈ, ਇਕ ਲੋਧ, ਦੂਜੀ ਪਠਾਣੀ ਲੋਧ ਕਹੀ ਜਾਂਦੀ ਹੈ, ਮਾਤ੍ਰਾ ੧ ਮਾਸੇ ਦੀ ਹੈ ॥੪੭੫॥੪੭੬॥

ਵਿਧਾਰਾ ਗੁਣ—ਦੋਹਰਾ

ਵ੍ਰਿਧ ਦਾਰੁ ਕਖਾਇ ਸਰ ਉਸਨ ਤਿਕਤ ਤਿਸ ਜਾਨ ।
ਆਮ ਵਾਤ ਵਾਤਾਸ੍ਰ ਕਫ ਮੇਹ ਰੋਗੁ ਕੀ ਹਾਨ ॥੪੭੭॥

੨੬੮੬—ਵਿਧਾਰਾ, ਕਸੈਲਾ, ਦਸਤਾਵਰ, ਗਰਮ; ਤੀਛਣ, ਆਮਵਾਤ, ਰਕਤਬਾਤ, ਕਫ, ਪ੍ਰਮੇਹ ਦਾ ਨਾਸ ਕਹਨਹਾਰਾ ਹੈ ॥੪੭੭॥

(ਬ੍ਰਿਤਾਂਤ)

ਬਿਧਾਰਾ—ਤ੍ਰਿਣ ਜਾਤੀ ਵਿਚੋਂ ਹੈ, ਇਸਦੇ ਪਤੇ ਲਾਲ ਕੁਛ ਸਯਾਹੀ, ਲੀਏ ਹੁੰਦੇ ਹਨ । ਇਸਦੀ ਲਕੜੀ ਤ੍ਰਿਵੀ ਦੀ ਤਰਾਂ ਹੁੰਦੀ ਹੈ, ਮਾਤ੍ਰਾ ਤਿੰਨ ਮਾਸੇ ਦੀ ਹੈ, ਯੂਨਾਨੀ ਵਾਲੇ 'ਸ਼ਾਰਫ' ਬੋਲਦੇ ਹਨ ॥੪੭੭॥

ਘੱਗਰ ਵੇਲ ਗੁਣ—ਦੋਹਰਾ

ਦੇਵ ਦਾਲਿ ਰਸੁ ਤਿਕਤ ਹਰਿ ਸੋਫ ਪਾਂਡੁ ਕਫ ਅਰਸ ।
ਵਮਨੀ ਤੀਖਯਣ ਕ੍ਰਿਮ ਹਰਤ ਖਯ ਬਿੰਮਹਿ ਜ੍ਵਰ ਖਰਸ ॥੪੭੮॥

੨੬੮੭—ਦੇਵਦਾਲਿ=ਘੱਗਰ ਵੇਲ ਦਾ ਰਸ ਕਸੈਲਾ, ਕੌੜਾ ਜੇਹਾ, ਸੋਜ, ਪਾਂਡੂ, ਕਫ; ਬਵਾਸੀਰ

Digitized by Panjab Digital Library | www.panjabdigilib.org

ਨੂੰ ਦੂਰ ਕਰਨੇਹਾਰਾ, ਕੈ ਦੇਣ ਵਾਲਾ ਹੈ, ਤੀਛਣ, ਕ੍ਰਿਮਿ ਨਾਸਕ, ਖਈ, ਥਿੰਮ; ਤਾਪ ਤੇ ਖੁਰਕ ਦੂਰ ਕਰਨ ਵਾਲਾ ਕਿਹਾ ਜਾਂਦਾ ਹੈ ॥੪੭੮॥;

(ਬ੍ਰਿਤਾਂਤ)

ਦੇਵਦਾਲੀ; ਬੰਦਾਲ, ਘੱਘਰ ਵੇਲ ਹੈ; ਇਸਦੀ ਵੇਲ ਹੁੰਦੀ ਹੈ। ਖੇਤਾਂ ਦੀਆਂ ਵਾੜਾਂ ਪਰ ਕ੍ਰਿਸਾਨ ਲੋਗ ਲਾ ਦਿੰਦੇ ਹਨ। ਕਿਤੇ ਕਿਤੇ ਆਪਣੇ ਆਪ ਬੀ ਪੈਦਾ ਹੋ ਜਾਂਦੀ ਹੈ। ਫੁੱਲ ਸਫੇਦ, ਪੀਲੇ ਅਰ ਲਾਲ ਤਿੰਨ ਰੰਗ ਦੇ ਹੁੰਦੇ ਹਨ। ਫਲਾਂ ਉਪਰ ਬਹੁਤ ਛੋਟੇ ਛੋਟੇ ਕੰਡੇ ਹੁੰਦੇ ਹਨ। ਫਲਾਂ ਵਿਚੋਂ ਖਸਖਸ ਦੇ ਦਾਣਿਆਂ ਜੇਹੇ ਕਾਲੇ ਬੀਜ ਨਿਕਲਦੇ ਹਨ। ਅੰਜੀਰ ਬਰਾਬਰ ਫਲ ਹੁੰਦਾ ਹੈ। ਬੀਜ ਹੀ ਪ੍ਰਯੋਗ ਵਿਚ ਲਏ ਜਾਂਦੇ ਹਨ। ਖੰਡ ਪਾਕੇ ਖਾਏ ਤਾਂ ਰਿਤੂ ਜਾਰੀ ਕਰਦੇ ਹਨ॥੪੭੮॥

ਲਜਾਲੂ (ਲਾਜਵੰਤੀ) ਗੁਣ-ਦੋਹਰਾ

ਲਜਾਲੂ ਸੀਤਲ ਤਿਕਤ ਅਰ ਕਖਾਇ ਕਫ ਜੀਤ।
ਰਕਤ ਪਿੱਤ ਅਤਿਸਾਰ ਕਫ ਯੋਨਿ ਰੋਗੁ ਹਰਿ ਮੀਤ॥੪੭੯॥

੨੬੯੮-ਲਾਜਵੰਤੀ ਠੰਢੀ, ਚਰਪਰੀ, ਕਸੈਲੀ; ਕਫ ਨਾਸਕ ਰਕਤ ਪਿੱਤ; ਅਤੀਸਾਰ, ਕਫ, ਯੋਨੀ ਰੋਗ ਦੀ ਹਰਨੇਹਾਰੀ ਹੈ ॥੪੭੯॥

(ਬ੍ਰਿਤਾਂਤ)

ਲਾਜਵੰਤੀ ਦੇ ਝਾੜ ਵੇਲ ਦੇ ਸਮਾਨ ਹੁੰਦੇ ਹਨ। ਪੱਤੇ ਖੈਰ ਦੇ ਸਮਾਨ, ਫੁੱਲ ਗੁਲਾਬੀ, ਨੀਲੇ ਮਿਸ੍ਰਤ ਰੰਗ ਦੇ ਹੁੰਦੇ ਹਨ। ਇਸਦੀ ਜੜ੍ਹ ਲਾਲ ਹੁੰਦੀ ਹੈ, ਇਸਨੂੰ ਹੱਥ ਲਾਈਏ ਤਾਂ ਸ਼ਰਮ ਦੀ ਮਾਰੀ ਸੁਕੜਕੇ ਇਕੱਠੀ ਹੋ ਜਾਂਦੀ ਹੈ। ਥੋੜਾ ਚਿਰ ਪਿੱਛੋਂ ਜਯੋਂ ਕੀ ਤਯੋਂ ਹੋ ਜਾਂਦੀ ਹੈ। ਇਹ ਦੋ ਪ੍ਰਕਾਰ ਦੀ ਹੁੰਦੀ ਹੈ ਇਕ ਕੰਡੇ ਵਾਲੀ, ਦੂਜੀ ਬਿਨਾਂ ਕੰਡੇ ਦੀ, ਜੇੜ੍ਹੀ ਬਿਨਾਂ ਕੰਡੇ ਦੀ ਹੈ, ਏਹੋ ਹੱਥ ਲਾਉਣ ਤੇ ਸਿਕੁੜਦੀ ਹੈ। ਇਸੇ ਕਰਕੇ ਇਸਦਾ ਨਾਮ ਲਾਜਵੰਤੀ ਕਿਹਾ ਜਾਂਦਾ ਹੈ। ਇਹ ਬ੍ਰਹਮਾ ਦੇਸ ਵਿਚ ਬੇਸ਼ੁਮਾਰ ਦੇਖੀ ਗਈ ਹੈ ॥੪੭੯॥

ਮੂਸਲੀ ਗੁਣ-ਦੋਹਰਾ

ਮੁਸਲੀ ਮਧੁਰਾ ਵਿਖ ਹੈ ਵੀਰਯੋਸਨ ਗੁਰ ਤਿਕਤ।
ਰਾਸਾਯਨਿ ਬ੍ਰਿਹਨਿ ਕਹੀ ਗੁਦਾ ਵਾਤ ਹਰਿ ਰਕਤ॥੪੮੦॥

੨੬੯੯-ਮੂਸਲੀ ਮਿੱਠੀ, ਬ੍ਰਿਖਜ, ਬੀਰਜ ਗਰਮ ਕਰਨ ਹਾਰੀ ਹੈ; ਭਾਰੀ; ਤੀਛਣ; ਰਹਾਇਣ, ਬ੍ਰਿਹਣੀ; ਗੁਦਾਦੇ ਰੋਗ (ਬਵਾਸੀਰ ਆਦਿ) ਤਥਾ ਬਾਤ ਅਰ ਰਕਤ ਸਭ ਦੀ ਨਾਸਕ ਹੈ ॥੪੮੦॥

Digitized by Panjab Digital Library | www.panjabdigilib.org

(ਬ੍ਰਿਤਾਂਤ)

ਮੂਸਲੀ ਕਾਲੀ ਤੇ ਚਿੱਟੇ ਭੇਦ ਵਾਲੀ ਹੋਣ ਤੇ ਦੋ ਪ੍ਰਕਾਰ ਦੀ ਹੈ। ਇਨ੍ਹਾਂ ਵਿਚੋਂ ਚਿੱਟੀ ਮੂਸਲੀ ਨਾਲੋਂ ਕਾਲੀ ਮੂਸਲੀ ਉੱਤਮ ਹੈ। ਕਾਲੀ ਮੂਸਲੀ ਦਾ ਝਾੜ ਚਾਰ ਪੰਜ ਪੱਤੇ ਵਾਲਾ ਖਜੂਰ ਨੁਮਾਂ ਬੂਟਾ ਹੀ ਹੁੰਦਾ ਹੈ। ਇਸ ਪਰ ਛੋਟੇ ਛੋਟੇ ਪੀਲੇ ਫੁਲ ਔਂਦੇ ਹਨ, ਇਸਦੀ ਜੜ੍ਹ ਦੇ ਤਲੇ ਅੰਗੁਲੀ ਸਮਾਨ ਮੋਟੀ ਮੂਲੀ ਹੁੰਦੀ ਹੈ। ਉਸਦੀ ਉੱਪਰ ਦੀ ਛਿੱਲ ਭੂਰੇ ਰੰਗੀ ਹੁੰਦੀ ਹੈ। ਅੰਦਰ ਦਾ ਗਰਭ ਚਿੱਟਾ ਨਿਕਲਦਾ ਹੈ, ਇਸਨੂੰ ਮੂਸਲੀ ਆਖਦੇ ਹਨ, ਪਰੰਤੂ ਯਾਦ ਰਹੇ ਕਿ ਧੂਰਤ ਲੋਗ ਛੋਟੀਆਂ ਗਾਜਰਾਂ ਸੁਕਾਕੇ ਬੀ ਵੇਚ ਦਿੰਦੇ ਹਨ। ਪਰੰਤੂ ਚਿਟੀ ਮੂਸਲੀ ਦਾ ਸੁਵਾਦ ਫਿੱਕਾ ਤੇ ਕਾਲੀ ਮੂਸਲੀ ਦਾ ਭੀ ਫਿੱਕਾ, ਪਰ ਕੁਛ ਕੌੜੱਤਣ ਮਾਰਦਾ ਹੁੰਦਾ ਹੈ ॥੪੮੦॥

ਕੌਂਚ ਬੀਜ ਗੁਣ--ਦੋਹਰਾ

ਕੌਂਚਬੀਜ ਪਰ ਵ੍ਰਿਖ ਗੁਰ ਮਧੁਰ ਬ੍ਰਿਹਨੀ ਜਾਨ।
ਵਾਤਸਮਨ ਵਾਜੀਕਰਨ ਵੀਰਯ ਕਰਿ ਗੁਨ ਸਾਨ ॥੪੮੧॥

੨੬੯੦—ਕੌਂਚਬੀਜ ਅਤਯੰਤ ਬ੍ਰਿਖਯ, ਭਾਰੀ, ਮਿਠਾ, ਬ੍ਰਿਹਣੀ, ਵਾਯੂ ਨਾਸ਼ਕ, ਬਾਜੀਕਰਣ ਹੈ, ਬੀਰਜ ਵਰਧਕ ਇਸਦਾ ਗੁਣ ਹੈ ॥੪੮੧॥

(ਬ੍ਰਿਤਾਂਤ)

ਬਣ ਅਰ ਜੰਗਲਾਂ ਵਿਚ ਕੌਂਚ ਦੀ ਵੇਲ ਹੁੰਦੀ ਹੈ। ਫੁੱਲ ਸੇਮ ਜੇਹੇ, ਫਲੀਆਂ ਬੀ ਸੇਮ ਸਮਾਨ ਹੁੰਦੀਆਂ ਹਨ। ਪਰੰਤੂ ਫਲੀਆਂ ਦੇ ਉੱਪਰ ਬਹੁਤ ਬਰੀਕ ਰੂੰਏ (ਕੰਡੇ) ਅਧਿਕ ਹੁੰਦੇ ਹਨ। ਓਹ ਕੰਡੇ ਯਾ ਰੂੰਏ ਕਿਸੀ ਸਰੀਰ ਦੇ ਅੰਗ ਪਰ ਲਗ ਜਾਣ ਤਾਂ ਅੱਗ ਲੱਗ ਉਠਦੀ ਹੈ, ਆਦਮੀ ਖੁਰਕਦਾ ਖੁਰਕਦਾ ਹੈਰਾਨ ਹੋ ਜਾਂਦਾ ਹੈ। ਫਲੀਆਂ ਦੇ ਅੰਦਰੋਂ ਸੇਮ ਦੇ ਬੀਜਾਂ ਸਮਾਨ ਕਾਲੇ ਬੀਜ ਨਿਕਲਦੇ ਹਨ, ਓਹਨਾਂ ਨੂੰ ਕੌਂਚ ਬੀਜ ਕਿਹਾ ਜਾਂਦਾ ਹੈ। ਇਸਦੀ ਜੜ੍ਹ ਤੇ ਬੀਜ ਹੀ ਪ੍ਰਯੋਗ ਵਿਚ ਪਾਏ ਜਾਂਦੇ ਹਨ ॥੪੮੧॥

ਸਲੂਨਕ ਗੁਣ--ਦੋਹਰਾ

ਵਿਸਨੁ ਕ੍ਰਾਤ ਕਟੁਮਧਯ ਹੈ ਕ੍ਰਿਮ ਬ੍ਰਿਣ ਕਫ ਕੋ ਜੀਤ।
ਪਿੱਤ ਹਰਤ ਕੁਲਫਾ ਕਹਯੋ ਤਾਹਿ ਬੀਜ ਲਖ ਮੀਤ ॥੪੮੨॥

੨੬੯੧—ਬਿਸ਼ਨੂੰ ਕ੍ਰਾਂਤਾ-ਸਲੂਣਕ ਅਰਥਾਤ ਕੁਲਫਾ, ਕਸੈਲਾ ਮਧਮ ਹੈ, ਪੇਟ ਦੇ ਚਮੂਣੇ, ਬ੍ਰਿਣ, ਕਫ ਅਤੇ ਪਿੱਤ ਇਨ੍ਹਾਂ ਦੇ ਹਰਨੇਹਾਰਾ ਹੈ। ਇਸਦੇ ਬੀਜ ਵਿਸ਼ੇਸ਼ ਪਿੱਤ ਨਾਸ਼ਕ ਹਨ ॥੪੮੨॥

(ਬ੍ਰਿਤਾਂਤ)

ਕੁਲਫਾ ਪ੍ਰਸਿੱਧ ਹੈ ॥੪੮੨॥

Digitized by Panjab Digital Library | www.panjabdigilib.org

ਸੰਖਾਹੋਲੀ (ਭੇੜਭੜਿੰਗੀ) ਗੁਣ–ਦੋਹਰਾ

ਸੰਖ ਪੁਸਪਿ ਸਰ ਮੇਧਯ ਸਤਿ ਰਾਸਾਯਨਿ ਕਾਖਾਇ।
ਉਸਨ ਸਿੰਮ੍ਰਿਤਿ ਦਾ ਮੋਹੁੰ ਹਰਿ ਗੁਣ ਜਾਨੋ ਮਤਿ ਭਾਇ ॥੪੮੩॥

੨੬੬੨–ਸੰਖਾਹੋਲੀ–ਭੇੜਭੜਿੰਗ ਦਸਤਾਵਰ ਹੈ, ਮੇਦਾ, ਬੁਧੀਵਰਧਕ ਹੈ। ਰਸਾਯਣ ਰੂਪ; ਕਸੈਲੀ; ਗਰਮ ਯਾਦਗਾਰ ਵਰਧਕ, ਅਗਯਾਨ ਨਾਸਕ, ਵਿਸ਼ੇਸ਼ ਕਰਕੇ ਸਮਰਨ ਸ਼ਕਤੀ ਵਧੌਣੀ ਇਸਦਾ ਕੰਮ ਹੈ ॥੪੮੩॥

(ਬ੍ਰਿਤਾਂਤ)

ਸੰਖਪੁਸਪੀ–ਸੰਖਾਹੋਲੀ ਦੇਸ਼ ਵਿਚ ਪ੍ਰਸਿਧ ਭੇੜਭੜਿੰਗ, ਇਸਦਾ ਛੱਤਾ ਧਰਤੀ ਦੇ ਉਪਰ ਫੈਲਿਆ ਹੋਇਆ ਹੁੰਦਾ ਹੈ। ਪੱਤੇ ਛੋਟੇ ਛੋਟੇ ਧੂਸਰੇ ਰੰਗ ਦੇ ਘਾਹ ਦੇ ਸਮਾਨ ਹੁੰਦੇ ਹਨ। ਫੁਲ ਬਹੁਤ ਛੋਟੇ, ਚਿਟੇ ਰੰਗ ਤੇ ਸੰਖ ਜੇਹੇ, ਇਸਦਾ ਸਾਗ ਅੱਛਾ ਹੁੰਦਾ ਹੈ। ਇਸ ਵਿਚੋਂ ਚਿਟੇ ਫੁਲ ਵਾਲੀ ਨੂੰ ਚਿੱਟੀ ਸੰਖਾਹੋਲੀ ਅਤੇ ਲਾਲ ਫੁਲ ਵਾਲੀ ਨੂੰ ਲਾਲ ਸੰਖਾਹੋਲੀ ਆਖਦੇ ਹਨ। ਅਰ ਨੀਲੇ ਫੁਲ ਵਾਲੀ ਸੰਖਾਹੋਲੀ ਨੂੰ ਹੀ ਵਿਸ਼ਨੂੰ ਕ੍ਰਾਂਤਾ ਆਖਦੇ ਹਨ। ਭਾਵੇਂ ਮੇਘ ਜੀ ਨੇ ਸਲੂਣਕ ਭਾਵ ਕੁਲਫੇ ਨੂੰ ਹੀ ਵਿਸ਼ਨੂੰ ਕ੍ਰਾਂਤਾ ਲਿਖਿਆ ਹੈ, ਸੋ ਰਹੋ ॥੪੮੩॥

ਦੋਧਕ ਗੁਣ–ਦੋਹਰਾ

ਦੋਧਕ ਗੁਰ ਉਸਨਾ ਰੁਖੀ ਵਾਤਲ ਗਰਭ ਕਰਾਇ।
ਵ੍ਰਿਖਜਾ ਸ੍ਵਾਦ ਵਿਸਟੰਭਿਨੀ ਕੁਸਟ ਕਫਹਿ ਮਿਟ ਜਾਇ ॥੪੮੪॥

੨੬੬੩–ਦੋਧਕ ਭਾਰੀ; ਗਰਮ, ਖੁਸ਼ਕ; ਬਾਤਕਾਰਕ; ਗਰਭ ਕਰਨੇ ਹਾਰੀ; ਬ੍ਰਿਖ, ਸਵਾਦੂ, ਕਬਜ਼ੀ ਕਾਰਕ, ਕੁਸ਼ਟ, ਕਫ ਦੇ ਨਾਸ਼ ਕਰਨਹਾਰੀ ਹੈ ॥੪੮੪॥

(ਬ੍ਰਿਤਾਂਤ)

ਦੋਧਕ, ਦੂਧੀ ਦਾ ਛੱਤਾ ਉਤਾਹਾਂ ਨੂੰ ਫੈਲਦਾ ਹੈ, ਵਿਸ਼ੇਸ਼ ਧਰਤੀ ਪਰ ਹੀ ਫੈਲਦਾ ਹੈ, ਦੋਧਕ ਤਿੰਨ ਪ੍ਰਕਾਰ ਦੀ ਹੈ, ਇਕ ਨੋਕਦਾਰ ਲਾਲ ਪਤਿਆਂ ਵਾਲੀ, ਦੂਜੀ ਗੋਲ ਪਤਿਆਂ ਵਾਲੀ; ਤੇ ਤੀਜੀ ਮੂੰਗ ਦੇ ਦਾਨਿਆਂ ਸਮਾਨ ਛੋਟੇ ਛੋਟੇ ਪਤਿਆਂ ਵਾਲੀ, ਪਰੰਤੂ ਤਿੰਨਾਂ ਵਿਚੋਂ ਹੀ ਦੁਧ ਨਿਕਲਦਾ ਹੈ ॥੪੮੪॥

ਭਿਲਾਵੇ ਗੁਣ–ਦੋਹਰਾ

ਭਲਾਤਕ ਤਿਕਤ ਕਖਾਯ ਅਤਿ ਉਸਨ ਸੁਕ੍ਰ ਹਰਿ ਜਾਨ।

Digitized by Panjab Digital Library | www.panjabdigilib.org

ਲਘੁ ਮਧੁਰਾ ਕੁਸ਼ਟਾਰਸ ਹਰਿ ਵਾਤ ਸਲੇਖਮ ਹਾਨ ॥੪੮੫॥
ਗ੍ਰਹਣੀ ਅਫਾਰਾ ਉਦਰ ਦੁਖ ਚਿਤ੍ਰ ਗੁਲਮ ਹਰਿ ਤਾਪ ।
ਅਗਨਿ ਮੰਦ ਕ੍ਰਿਮ ਬ੍ਰਿਣ ਹਰਤ ਸੋਥਕਾਰ ਗੁਨ ਆਪ ॥੪੮੬॥

੨੬੯੪—ਭਿਲਾਵਾ ਤੀਛਣ, ਕਸੈਲਾ, ਅਤਿਅੰਤ ਗਰਮ ਬੀਰਜ ਦਾ ਨਾਸ ਕਰਨਹਾਰਾ, ਹਲਕਾ, ਮਿੱਠਾ, ਕੁਸ਼ਟ, ਬਵਾਸੀਰ, ਬਾਤ, ਕਕ, ਸੰਗ੍ਰਹਿਣੀ, ਅਫਾਰਾ; ਪੇਟ ਦੇ ਰੋਗ, ਥਿੰਮ (ਸਫੈਦ ਕੁਸ਼ਟ), ਗੋਲਾ, ਤਾਪ, ਅਗਨੀ ਦੀ ਮੰਦਤਾਈ, ਕ੍ਰਿਮਿ ਤੇ ਬ੍ਰਿਣ ਦਾ ਹਰਨੇਹਾਰਾ ਅਰ ਸੋਜ ਪੈਦਾ ਕਰਨੇਹਾਰਾ (ਜਹਿਰ) ਹੈ, ਇਹ ਭਿਲਾਵੇ ਦੇ ਗੁਣ ਹਨ ॥੪੮੫॥੪੮੬॥

(ਬ੍ਰਿਤਾਂਤ)

ਭਿਲਾਵੇ ਦਾ ਬ੍ਰਿਛ ਬਹੁਤ ਵੱਡਾ ਹੁੰਦਾ ਹੈ। ਪੱਤੇ ਇਸਦੇ ਬੋਹੜ ਦੇ ਸਮਾਨ ਹੁੰਦੇ ਹਨ। ਫੁਲ ਲਾਲ ਰੰਗ ਦੇ ਬੜੇ ਬੜੇ ਫੁੱਲ ਕਿੰਚਿਤ ਲਲਾਈ ਲੀਏ ਗੋਲ, ਕੂੰਦੇ ਜੋਹੇ ਹੁੰਦੇ ਹਨ। ਸੁੱਕ ਕੇ ਕਾਲੇ ਪੈ ਜਾਂਦੇ ਹਨ, ਪਰੰਤੂ ਓਹਨਾਂ ਦਾ ਰਸ ਨਹੀਂ ਸੁਕਦਾ, ਰਸ ਹਮੇਸ਼ਾਂ ਬਣਿਆਂ ਹੀ ਰਹਿੰਦਾ ਹੈ, ਇਸਦਾ *ਤੇਲ ਜ਼ਹਿਰ ਹੁੰਦਾ ਹੈ, ਹੁਸ਼ਿਆਰੀ ਨਾਲ ਵਰਤੇ ॥੪੮੫॥੪੮੬॥

ਗੁੰਮਾਂ ਗੁਣ—ਦੋਹਰਾ

ਦ੍ਰੋਣ ਪੁਸਪਿ ਗੁਰ ਰੂਖ ਭਨਿ ਉਸਨ ਸ੍ਵਾਦ ਹਰਿ ਵਾਤ ।
ਕ੍ਰਿਮ ਹਰਿ ਕਟੁ ਕਫ ਸੋਫ ਹਰਿ ਹਰਤ ਕਾਮਲਾ ਖਤਾਤ ॥੪੮੭॥

੨੬੯੫-ਗੁੰਮਾਂ = ਦਰੋਣਪੁਸ਼ਪ, ਭਾਰਾ, ਰੁੱਖਾ, ਗਰਮ; ਸਵਾਦੂ, ਵਾਯੂ ਤੇ ਕ੍ਰਿਮਿ ਨਾਸਕ, ਪਾਕ ਵਿਖੇ ਚਰਪਰਾ, ਕਫ; ਸੋਜਾ, ਤੇ ਕਾਮਲਾ ਰੋਗਾਦਿ ਨਾਸ ਕਰੇ ਹੈ ॥੪੮੭॥

(ਬ੍ਰਿਤਾਂਤ)

ਗੁਮੇ ਦੇ ਬੂਟੇ ਜੰਗਲ ਵਿਚ ਹੀ ਹੁੰਦੇ ਹਨ। ਗੰਢ ਗੰਢ ਵਿਚ ਗੁੱਛੇ ਹੁੰਦੇ ਹਨ। ਓਹਨਾਂ ਗੁੱਛਿਆਂ ਵਿਚ ਚਿੱਟੇ ਫੁਲ ਔਂਦੇ ਹਨ। ਇਨ੍ਹਾਂ ਵਿਚ ਬੀਜ ਹੁੰਦਾ ਹੈ। ਫਲ ਦੇ ਉੱਪਰ ਦੋ ਪੱਤੇ ਹੁੰਦੇ ਹਨ। ੪੮੭॥

ਬ੍ਰਹਮੀ ਗੁਣ—ਦੋਹਰਾ

ਬ੍ਰਹਮੀ ਸਰ ਹਿਮ ਸ੍ਵਾਦ ਲਘੁ ਮੇਧਤਾ ਰਸਾਯਨ ਜਾਨ।
ਸ੍ਵਰਯ ਸਿੰਮ੍ਰਿਤਦਾ ਕੁਸ਼ਟ ਹਰਿ ਪਾਂਡ ਮੇਹਾਸਰ ਹਾਨ ॥੪੮੮॥

---

*ਭਿਲਾਵੇ ਜ਼ਰਾ ਦਰੜ ਕੇ ਲੋਹੇ ਦੀ ਛਾਨਣੀ ਵਿਚ ਪਾਕੇ ਹੇਠ ਕਿਸੇ ਬਾਟੀ ਯਾ ਪਰਾਤ ਪਰ ਰਖਕੇ, ਉੱਪਰ ਤਵੇ ਪਰ ਕੋਇਲੇ ਜਲਾਵੇ ਤਾਂ ਤੇਲ ਭਿਲਾਵੇ ਦਾ ਨਿਕਲ ਆਊ, ਵਰਤੋਂ ਪਰ ਸਮਝਕੇ।

Digitized by Panjab Digital Library | www.panjabdigilib.org

੨੬੯੬—ਬ੍ਰਹਮੀ ਦਸਤਾਵਰ ਹੈ । ਠੰਢੀ; ਸ਼ਵਾਦੂ, ਹਲਕੀ; ਮੇਧੇ ਨੂੰ ਹਿਤਕਾਰੀ, ਰਸਾਯਣ, ਸੁਰ ਵਧਾਣੇ ਵਾਲੀ; ਸਿੰਮ੍ਰਿਤੀ (ਯਾਦਗਾਰ) ਦੇਣ ਵਾਲੀ, ਕੁਸ਼ਟ ਨਾਸਕ, ਪਾਂਡੂ, ਪ੍ਰਮੇਹ ਤੇ ਰਕਤ ਵਿਕਾਰ ਨਾਸ਼ ਕਰਨ ਹਾਰੀ ਹੈ ।।੪੮੮।।

(ਬ੍ਰਿਤਾਂਤ)

ਬ੍ਰਹਮੀ ਬੂਟੀ ਦੇ ਝਾੜ ਦਾ ਛੱਤਾ ਜੇਹਾ ਸਜਲ ਖੌਭੀਂ ਅਥਵਾ ਜਲ ਕਿਨਾਰੇ ਦੀ ਧਰਤੀ ਪਰ ਹੀ ਹੁੰਦਾ ਹੈ । ਪੱਤੇ ਛੋਟੇ ਛੋਟੇ ਗੋਲ, ਇਕ ਪਾਸਿਓਂ ਖੁਲ੍ਹੇ ਹੋਏ ਹੁੰਦੇ ਹਨ । ਦੂਸਰੀ ਬ੍ਰਹਮ ਮੰਡੂਕੀ ਹੁੰਦੀ ਹੈ, ਉਸਦੇ ਪੱਤੇ ਛੋਟੇ ਹੁੰਦੇ ਹਨ । ਪ੍ਰਯੋਗ ਵਿੱਚ ਪੱਤੇ ਯਾ ਸੁਬਾਂਗ ਹੀ ਲਿਆ ਜਾਂਦਾ ਹੈ ।।੪੮੮।।

ਮੋਚਰਸ ਗੁਣ--ਦੋਹਰਾ

ਮੋਚਕ ਸ਼ੀਤਲ ਗ੍ਰਾਹਿ ਗੁਰੁ ਬ੍ਰਿਖਜ ਜਿਤੇ ਅਤਿਸਾਰ ।
ਪਰਵਾਹੀ ਪਿੱਤਾਸ੍ਰ ਕਫ ਦਾਹ ਨਿਵਾਰਕ ਧਾਰ ।।੪੮੯।।

੨੬੯੭-ਮੋਚਰਸ ਠੰਢਾ, ਗ੍ਰਾਹੀ, ਭਾਰੀ, ਬ੍ਰਿਖਜ, ਅਤੀਸਾਰ ਨਾਸ਼ਕ, ਪ੍ਰਵਾਹਿਕਾ, ਪਿੱਤ, ਰਕਤ ਵਿਕਾਰ, ਕਫ ਤੇ ਦਾਹ ਦਾ ਨਾਸ਼ ਕਰਨ ਹਾਰਾ ਹੈ ।

(ਬ੍ਰਿਤਾਂਤ)

ਮੋਚਰਸ ਸਿੰਬਲ ਦਾ ਗੂੰਦ ਹੈ । ਰੰਗ ਦਾ ਲਾਲ, ਸਵਾਦ ਵਿਚ ਫਿਕਾ ਅਤੇ ਲੇਸ਼ਦਾਰ ਹੁੰਦਾ ਹੈ ।।੪੮੯।।

ਤਾਲਮਖਾਣਾ, ਸਲਾਰਾ ਗੁਣ—ਦੋਹਰ

ਇਖਹੁਰ ਸੀਤਲ ਵ੍ਰਿਖਜ ਗੁਰ ਵਾਤ ਕਫਾਸਰ ਜੀਤ ।
ਸਾਲਯਾਰਾ ਭੀ ਤਿਮ ਲਖੋ ਧਾਤ ਕਰਨ ਬਲਿ ਮੀਤ ।।੪੯੦।।

੨੬੯੮-ਇਖਹੁਰ=ਤਾਲਮਖਾਣਾ, ਠੰਢਾ, ਬ੍ਰਿਖਜ, ਭਾਰਾ, ਬਾਤ, ਕਫ, ਰਕਤ ਵਿਕਾਰ ਨੂੰ ਨਾਸ ਕਰਨ ਹਾਰਾ ਹੈ । ਸਲਜਾਰੇ ਦਾ ਬੀ ਗੁਣ ਇਸੇ ਸਮਾਨ ਹੈ, ਧਾਤੂ ਪੈਦਾ ਕਰਨਾ; ਬਲ ਵਧਾਨਾ ਮੁੱਖ ਕਾਰਜ ਹੈ ।।੪੯੦।।

(ਬ੍ਰਿਤਾਂਤ)

ਤਾਲੇਮਖਾਣੇ ਦੇ ਝਾੜ ਜਲ ਦੇ ਕਿਨਾਰੇ ਤਥਾ ਚੌਮਾਸੇ ਦੇ ਛੱਪੜ, ਢਾਬਾਂ ਆਦਿ ਸੁੱਕਿਆਂ ਹੋਇਆਂ ਤਾਲਾਂ ਵਿੱਚ ਬਹੁਤ ਪੈਦਾ ਹੁੰਦੇ ਹਨ । ਪੱਤੇ ਲੰਮੇ ਲੰਮੇ ਝਾੜਾਂ ਪਰ ਕੰਡੇ

Digitized by Panjab Digital Library | www.panjabdigilib.org

ਬਹੁਤ ਹੁੰਦੇ ਹਨ। ਗੁੰਮੇ ਦੇ ਸਮਾਨ ਥਾਂ ਥਾਂ ਗੰਢਾਂ ਹੁੰਦੀਆਂ ਹਨ, ਓਹਨਾਂ ਗੰਢਾਂ ਵਿਚੋਂ ਜੇਹੜੇ ਬੀਜ ਨਿਕਲਦੇ ਹਨ; ਓਹਨਾਂ ਨੂੰ ਤਾਲਮਖਾਣਾ ਆਖਦੇ ਹਨ, ਇਹਨਾਂ ਦਾ ਰੰਗ ਖਾਕੀ, ਚਿਟਿਆਈ ਸੰਮਿਲਤ ਤੋਦਰੀ ਦੇ ਸਮਾਨ ਹੁੰਦੇ ਹਨ; ਬੂਟਾ ੧ ਗਜ ਤਕ ਲੰਮਾ ਹੁੰਦਾ ਹੈ। ਮਾਤ੍ਰਾ ੭ ਮਾਸੇ ਦੀ ਹੈ। ਤੇ ਸਲਜਾਰਾ ਖੇਤਾਂ ਵਿਚ ਬੀਜਿਆ ਜਾਂਦਾ ਹੈ। ੪੯੦।

ਧਤੂਰਾ ਗੁਣ--ਦੋਹਰਾ

ਧਤੂਰਾ ਮਦ ਵਰਨ ਕ੍ਰਿਤ ਅਗਨਿ ਵਾਤ ਕ੍ਰਿਤ ਏਹ।
ਕੁਸ਼ਟ ਤਾਪ ਹਰਿ ਉਸਨ ਗੁਰ ਕਫ ਕ੍ਰਿਮਿ ਕੰਡੂ ਹਰੇਹ ॥੪੯੧॥

੨੬੯੯—ਧਤੂਰਾ, ਮਦ-ਨਸ਼ਾ ਕਾਰਕ ਹੈ, ਰੰਗ ਨੂੰ ਉੱਤਮ ਕਰਨੇਹਾਰਾ, ਅਗਨੀ ਤਥਾ ਵਾਯੂ ਨੂੰ ਕਰਨਹਾਰਾ। ਕੋੜ੍ਹ, ਤਾਪ ਦਾ ਨਾਸ਼ਕ, ਗਰਮ ਭਾਰਾ, ਕਫ, ਚਮੂੰਣੇ ਤੇ ਖੁਰਕ ਦਾ ਨਾਸਕ ਹੈ ॥੪੯੧॥

(ਬ੍ਰਿਤਾਂਤ)

ਧਤੂਰੇ ਦੇ ਬ੍ਰਿਛ ਜੰਗਲਾਂ ਜਾਂ ਬਾਗਾਂ ਦਿਆਂ ਕਿਨਾਰਿਆਂ ਪਰ ਹੁੰਦੇ ਹਨ, ਇਸਦਾ ਅਕਸਰ ਵਤਾਊਂ ਨਾਲ ਰੰਗ ਢੰਗ ਮਿਲਦਾ ਹੈ। ਪਰੰਤੂ ਇਸਦੇ ਕਈ ਭੇਦ ਹਨ, ਕਾਲਾ ਨੀਲਾ, ਚਿਟਾ, ਪੀਲਾ, (ਇਹ ੪ ਤਰਾਂ ਦਾ ਤਾਂ ਨੇਤ੍ਰੀਂ ਦੇਖਿਆ ਹੀ ਹੈ), ਹੋਰ ਕਾਲੇ ਅਰ ਸੋਨਹਿਰੀ ਫੁਲਾ ਦਾ ਧਤੂਰਾ ਫੁਲਵਾੜੀਆਂ ਵਿਚ ਹੁੰਦਾ ਹੈ। ਪਤੇ ਪਾਨ ਦੇ ਅਕਾਰ ਜ਼ਰਾ ਕੜੂਏ ਕੋਮਲ ਹੁੰਦੇ ਹਨ, ਫੁਲ ਘੰਟੇ ਦੇ ਅਕਾਰ, ਵਿਚੋਂ ਸਫੇਦ ਰੰਗ; ਅਤੇ ਨੀਲਾ, ਕਾਲਾ, ਪੀਲਾ ਰੰਗ ਹੁੰਦਾ ਹੈ, ਇਸਦੇ ਪੰਜ ਭਾਗ ਹੁੰਦੇ ਹਨ। ਫੁਲ ਦਾ ਬਾਹਰਲਾ ਹਿਸਾ ਪੰਜ ਪੰਖੁੜੀਆਂ ਨੀਲੇ ਰੰਗ ਦੀਆਂ ਵਾਲਾ, ਫਲ ਗੋਲ, ਕੰਡੇਦਾਰ, ਅੰਦਰ ਬਹੁਤ ਬੀਜ ਕਾਲਾ ਰੰਗ ਹੁੰਦਾ ਹੈ। ਜਿਸ ਧਤੂਰੇ ਦਾ ਰੰਗ ਬਹੁਤ ਕਾਲਾ ਹਵੇ; ਅਤੇ ਡੰਡੀ, ਪਤੇ; ਫੁਲ, ਫਲ, ਤਥਾ ਸੂਬਾਂਗ ਕਾਲਾ ਹੋਵੇ ਉਸ ਵਿਚ ਜ਼ਹਿਰ ਬਹੁਤ ਹੁੰਦੀ ਹੈ। ਫਲ ਸੁਕ ਕੇ ਫੁਲ ਵਾਂਗ ਖਿੜ ਜਾਂਦਾ ਹੈ। ਓਹਨਾਂ ਬੀਜਾਂ ਨੂੰ ਵੈਦਜ ਲੋਗ ਦਵਾਈਆਂ ਵਿਚ *ਸੋਧਕੇ ਸੇਵਨ ਕਰਦੇ ਹਨ, ਕਿਤੇ ਸੂਬਾਂਗ, ਕਿਤੇ ਸੂਬਾਗ, ਕਿਤੇ ਜੜ੍ਹ ਦੀ ਛਿੱਲਾਂਦਿ।

ਭੰਗ ਗੁਣ--ਦੋਹਰਾ

ਵਿਜਯਾ ਤਿਕਤਾ ਗ੍ਰਾਹਿ ਲਘੁ ਦੀਪਨ ਉਸਨ ਵਖਾਨ।
ਪਿੱਤਲ ਮੇਹ ਕਫਹਿ ਹਰੈ ਭੂਖੀ ਮਦ ਕ੍ਰਿਤ ਮਾਨ ॥੪੯੨॥

੨੭੦੦—ਵਿਜਿਆ = ਭੰਗ, ਸੁੱਖਾ, ਤੀਛਣੇ, ਗ੍ਰਾਹੀ, ਹਲਕੀ; ਅਗਨੀ ਵਰਧਕ, ਗਰਮ, ਪਿੱਤ ਕਾਰਕ, ਪ੍ਰਮੇਹ, ਕਫ ਦੀ ਨਾਸਕ, ਭੁੱਖ ਤੇ ਮਦ, ਨਸ਼ਾ ਕਰਨੇ ਹਾਰੀ ਹੈ। ੪੯੨॥

---

*ਧਤੂਰੇ ਬੀਜਾਂ ਨੂੰ ੧ ੨ ਦਿਨ ਗੋ ਮੂਤ੍ਰ ਵਿਚ ਤਰ ਕਰਕੇ ਪਿਛੋਂ ਮਲਕੇ ਧੋਕੇ ਉੱਪਰ ਦਾ ਛਿਲਕਾ ਲਾਹਕੇ ਸੁਕਾਕੇ ਰਖੋ, ਏਹੋ ਪ੍ਰਯੋਗ ਵਿਚ ਪਾਵੇ ਇਹ ਸਧ ਹਨ।

Digitized by Panjab Digital Library | www.panjabdigilib.org

(ਬ੍ਰਿਤਾਂਤ)

ਭੰਗ ਦੇ ਬੜੇ ਬੜੇ ਝਾੜ ਹੁੰਦੇ ਹਨ, ਪਰੰਤੂ ਅੱਠ ਫੁੱਟ ਨਾਲੋਂ ਅਧਿਕ ਉੱਚੇ ਨਹੀਂ ਦੇਖ; ਫੁੱਲ ਹਰੇ ਹਰੇ, ਗੁੱਛੇਦਾਰ, ਪਤੇ ਨਿੰਮ ਦੇ ਪੱਤਿਆਂ ਜੇਹੇ ਲੰਬੇ ਅਤੇ ਕਿੰਗੁਰੇਦਾਰ ਹੁੰਦੇ ਹਨ, ਪ੍ਰੰਤੂ ਲੰਬਾਈ ਚੁੜਾਈ ਵਿੱਚ ਨਿੰਮ ਦਿਆਂ ਪੱਤਿਆਂ ਨਾਲੋਂ ਛੋਟੇ ਹੁੰਦੇ ਹਨ। ਹਰ ਏਕ ਡੰਡੀ ਪਰ ਪੰਜ ਯਾ ਸੱਤ ਪਤੇ ਹੁੰਦੇ ਹਨ। ਭੰਗ ਦੋ ਪ੍ਰਕਾਰ ਦੀ ਹੈ। ਇਕ ਨਰ ਦੂਸਰੀ ਨਾਰੀ ਜਾਤੀ ਦੀ, ਪੁਰਖ ਜਾਤੀ ਦੇ ਪਤੇ ਲੈਕੇ ਆਦਮੀ ਘੋਟਕੇ ਪੀਂਦੇ ਹਨ। ਤੇ ਇਸਤ੍ਰੀ ਜਾਤੀ ਦੇ ਝਾੜਾਂ ਵਿਚੋਂ ਗਾਂਜੇ ਦੀ ਉਤਪਤੀ ਹੁੰਦੀ ਹੈ। ਸੋ.–ਰਾਤ ਨੂੰ ਜਦ ਤਰੇਲ ਪੈਣੇ ਸੇ ਗਾਂਜੇ ਦੇ ਪਤੇ ਤਰ ਹੋ ਜਾਂਦੇ ਹਨ, ਤਾਂ ਪ੍ਰਾਤਾਕਾਲ ਉਸ ਵਿੱਚ ਨੰਗੇ ਕਰਕੇ ਆਦਮੀਆਂ ਨੂੰ ਫੇਰਦੇ ਹਨ। ਜਦ ਓਸ, ਅਰ ਪਤਿਆਂ ਦੀ ਮੈਲ ਆਦਮੀਆਂ ਦੇ ਸਰੀਰ ਨੂੰ ਲਗ ਜਾਵੇ, ਤਾਂ ਉਸਨੂੰ ਮਲ ਮਲ, ਮੈਲ ਉਤਾਰ ਲੈਂਦੇ ਹਨ, ਓਹ ਮੈਲ ਹੀ ਚਰਸ ਕਹੀ ਜਾਂਦੀ ਹੈ, ਇਹ ਕਾਬੁਲ, ਬਲਖ, ਬੁਖਾਰੇ ਵਲੋਂ ਬਹੁਤ ਔਂਦਾ ਹੈ, ਹਿੰਦੂਆਂ ਵਿਚ ਭੰਗ ਦਾ ਅਧਿਕ ਪ੍ਰਚਾਰ ਹੈ, ਪੂਰਬ ਦੱਖਣ ਦੇਸ਼ ਵਿਚ ਭੰਗ ਬਹੁਤ ਪੀਂਦੇ ਹਨ। ਸਿੱਖਾਂ ਦਿਆਂ ਸਥਾਨਾਂ ਪਰ ਬੀ ਕਿਤੇ ਕਿਤੇ ਜੀਵਨ ਬੂਟੀ ਸਮਝੀ ਜਾਂਦੀ ਹੈ, ਨਿਰਮਲੇ ਭੰਗ ਨਹੀਂ ਪੀਦੇ। ਵੈਦਕ ਵਿਚ ਭੰਗ ਤੇ ਭੰਗ ਦੇ ਬੀਜਾਂ ਦੇ ਸਿਵਾਯ ਹੋਰ ਕਿਸੀ ਅੰਸ਼ ਦਾ ਵਰਤਾਵ ਨਹੀਂ ਔਂਦਾ, ਪਰੰਤੂ ਗਾਂਜਾ ਕਿਸੀ ਕਿਸੀ ਪ੍ਰਯੋਗ ਵਿਚ ਲਿਆ ਜਾਂਦਾ ਹੈ ॥੪੯੨॥

ਪੋਸਤ ਗੁਣ--ਚੌਪਈ

ਪੋਸਤ ਵ੍ਰਿਖਜ ਸਲੇਖਮ ਬਾਤ। ਅਤੀਸਾਰ ਇਨ ਹਰਿ ਹੈ ਖਯਾਤ।
ਆਫੂ ਸੋਖਣਿ ਪਿੱਤਲ ਜਾਨ। ਗ੍ਰਾਹੀ ਵਾਤ ਸਲੇਖਮ ਹਾਨ ॥੪੩੯॥

੨੭੦੧—ਪੋਸਤ ਬ੍ਰਿਖਜ ਹੈ, ਪਰੰਤੂ ਬਲਗਮ, ਬਾਤ, ਅਤੀਸਾਰ, ਇਹਨਾਂ ਦਾ ਨਾਸ ਕਰਨਹਾਰਾ ਹੈ, ਤੇ ਅਫੀਮ ਸੋਖਣ ਕਰਨਹਾਰੀ ਅਰਥਾਤ ਧਾਤੂਆਂ ਨੂੰ ਸੁਕਾਣੇ ਵਾਲੀ ਹੈ, ਗਰਮ ਗ੍ਰਾਹੀ; ਵਾਯੂ, ਬਲਗਮ ਨਾਸ ਕਰੇ ਹੈ। ੪੯੩।

(ਬ੍ਰਿਤਾਂਤ)

ਪੋਸਤ ਦੇ ਖੇਤ ਪੂਰਬ, ਦਖਣ ਤੇ ਰੁਹੇਲ ਖੰਡ ਵਿਚ ਬਹੁਤ ਹੁੰਦੇ ਹਨ, ਇਸਦੇ ਬੂਟੇ ੪ ਫੁਟ ਤੋਂ ਉੱਚੇ ਨਹੀਂ ਹੁੰਦੇ। ਓਹਨਾਂ ਉਤੇ ਲਾਲ ਸਫੇਦ ਰੰਗ ਬਰੰਗੇ ਸੋਹਣੇ ਗੁਲਲਾਲੇ ਵਾਂਗ ਫੁੱਲ ਔਂਦੇ ਹਨ ਤੇ ਡੋਡੇ ਲੱਗਦੇ ਹਨ। ਓਹਨਾਂ ਡੋਡਿਆਂ ਨੂੰ ਛੁਰੀਦੀ ਨੋਕ ਨਾਲ ਚੀਰਾ ਦੇ ਦਿੰਦੇ ਹਨ, ਓਸ ਵਿਚੋਂ ਦੁਧ ਨਿਕਲ ਕੇ ਜਮ ਜਾਂਦਾ ਹੈ, ਓਹ ਅਫੀਮ ਕਹੀ ਜਾਂਦੀ ਹੈ। ਡੋਡਿਆਂ ਵਿਚੋਂ ਜੇਹੜੇ ਦਾਣੇ ਨਿਕਲਦੇ ਹਨ ਉਹ ਖਸਖਸ ਤੇ ਡੋਡਿਆਂ ਨੂੰ ਪੋਸਤ ਆਖਦੇ ਹਨ ॥੪੯੪।

ਸੌਂਫ, ਕਾਸਣੀ ਗੁਣ—ਦੋਹਰਾ

ਸਤ ਪੁਖਪਾ ਲਘੁ ਤੀਖਣੀ ਦੀਪਨ ਕਟੁ ਪਿਤਕਾਰ।

Digitized by Panjab Digital Library | www.panjabdigilib.org

ਉਸਨ ਜੁਆਨਿਲ ਕਫ ਹਰਤ ਬ੍ਰਿਣ ਸੂਲਹਿ ਸੁ ਵਿਡਾਰ ॥੪੯੪॥
***ਆਖਿ ਰੋਗੁ ਜਿਤ ਸੋਫ ਭਨਿ ਕਾਸਨਿ ਕਾ ਗੁਨ ਤੇਮ ।**
ਸੂਲ ਯੋਨਿ ਕਾ ਹਰਤ ਹੈ ਗੁਣ ਅਧਿਕੋ ਤਿਸ ਏਮ ॥੪੯੫॥

੨੭੦੨–ਸਤਪੁਸ਼ਪਾ = ਸੌਂਫ ਹਲਕੀ, ਤੀਖਣ, ਅਗਨੀ ਪ੍ਰਜੁਲਤ ਕਰਨਹਾਰੀ, ਚਰਪਰੀ, ਪਿੱਤ ਕਾਰਕ, ਗਰਮ, ਵਾਯੂ ਤੇ ਕਫ ਦਾ ਨਾਸ਼ ਕਰਨ ਵਾਲੀ ਹੋਰ ਬ੍ਰਿਣ ਤੇ ਸੂਲ ਦੀ ਬੀ ਨਾਸ ਕਰਨਹਾਰੀ ਹੈ। ਨੇਤ੍ਰਾਂ ਦੇ ਰੋਗਾਂ ਨੂੰ ਹਟੌਣ ਵਾਲੀ ਸੌਂਫ ਕਹੀ ਹੈ, ਇਸੀ ਤਰਾਂ ਦਾ ਗੁਣ ਕਾਸਣੀ ਵਿਚ ਹੈ, ਪਰੰਤੂ ਯੋਨੀ ਦੇ ਸੂਲ ਦੀ ਅਤਯੰਤ ਨਾਸਕ ਹੈ; ਇਹ ਗੁਣ ਕਾਸਣੀ ਵਿਚ ਅਧਿਕ ਹੈ।

(ਬ੍ਰਿਤਾਂਤ)

ਸੌਂਫ ਖੇਤਾਂ ਵਿਚ ਬੀਜੀ ਜਾਂਦੀ ਹੈ, ਪਰੰਤੂ ਨਵੀਂ ਸੌਂਫ ਦਾ ਰੰਗ ਹਰਾ ਹੁੰਦਾ ਹੈ, ਮਾਤ੍ਰਾ ੧ ਮਾਸ਼ੇ ਤੋਂ ੬ ਮਾਸ਼ੇ ਦੀ ਹੈ। ਕਾਸਣੀ ਬੀ ਖੇਤਾਂ ਵਿਚ ਬੀਜੀ ਜਾਂਦੀ ਹੈ, ਇਸਦੇ ਦਾਣੇ ਜੀਰੇ ਜੇਹੇ ਹੁੰਦੇ ਹਨ ॥੪੯੪॥੪੯੫॥

ਕੁਆਰ ਗੁਣ–ਦੋਹਰਾ

ਕੰਨਜਾਂ ਸੀਤਾ ਭੇਦਨੀ ਹਿਤ ਪਲੀਹ ਕਫ ਤਾਪ ।
ਵਿਸਫੋਟਕ ਹਰਿ ਰਕਤ ਪਿਤ ਤ੍ਵਗ ਰੁਜ ਵਹਿਨੀ ਆਪ ॥੪੯੬॥

੨੭੦੩–ਕੁਆਰ ਠੰਢੀ, ਮਲ ਪਤਲੀ ਕਰਨਹਾਰੀ, ਲਿੱਫ, ਕਫ, ਤਾਪ ਤੇ ਵਿਸਫੋਟਕ ਦੇ ਹਰਨੇ ਹਾਰੀ ਹੈ। ਰਕਤ ਪਿਤ, ਤੁਚਾ (ਖੱਲੜੀ) ਦੇ ਰੋਗ ਨਾਸ਼ਕ ਬ੍ਰਿਹਣੀ ਹੈ ॥੪੯੬॥

(ਬ੍ਰਿਤਾਂਤ)

ਕੁਆਰ–ਘੀਕਵਾਰ ਦੇ ਬੂਟੇ ਰੇਤਲੀ ਭੂਮੀ ਅਥਵਾ ਨਦੀ ਦੇ ਕਿਨਾਰੇ ਪਾਸ ਬਹੁਤ ਕਰਕੇ ਪੈਦਾ ਹੁੰਦੇ ਹਨ। ਪੱਤੇ (ਡਖੇ) ਲੰਮੇ ਅਧਿਕ ਮੋਟੇ ਹੁੰਦੇ ਹਨ, ਪਤੇ ਦੇ ਦੋ ਤਰਫ ਕੰਡੇ ਹੁੰਦੇ ਹਨ। ਓਹਨਾਂ ਪੱਤਿਆਂ ਦੇ ਅੰਦਰ ਗੁੱਦਾ ਘ੍ਰਿਤ ਦੇ ਸਮਾਨ ਰਸ ਭਰਿਆ ਹੋਇਆ ਹੁੰਦਾ ਹੈ, ਪੱਤੇ ਦੀ ਨੋਕ ਅਣੀਦਾਰ ਹੁੰਦੀ ਹੈ। ਡੱਖਿਆਂ ਦੇ ਵਿਚੋਂ ਇਕ ਡੰਡਾ ਉੱਗਦਾ ਹੈ, ਉਸ ਉਤੇ ਲਾਲ ਫੂਲ ਔਂਦੇ ਹਨ। ਫਲ ਨਹੀਂ ਲਗਦਾ, ਇਸੇ ਘੀਕਵਾਰ ਦੇ ਰਸ ਦਾ ਦੇਸਾਂਤਰ ਵਿਚ ਏਲੂਆ ਬਣਦਾ ਹੈ, ਕਵਾਰ ਮਿੱਠੀ ਤੇ ਕੌੜੀ ਦੋ ਤਰਾਂ ਦੀ ਹੁੰਦੀ ਹੈ ॥੪੯੬॥

---

*ਹਰੀ ਸੌਂਫ ਦੇ ਦਾਣਿਆਂ ਦਾ ਰਸ ਨੇਤ੍ਰਾਂ ਵਿਚ ਪੌਣਾ ਮੋਤੀਏ ਬਿੰਦ ਵਾਸਤੇ ਬਹੁਤ ਮਹੱਤਵਪੂਰਣ ਹੈ।

Digitized by Panjab Digital Library | www.panjabdigilib.org

ਵਚ ਗੁਣ–ਦੋਹਰਾ

ਵਚ ਉਸਨਾ ਕਟੁ ਤਿਕਤ ਭਨਿ ਸ੍ਵਰ ਅਰੁ ਅਗਨਿ ਕਰਾਇ।
ਅਪਸ਼ਮਾਰ ਕਫ ਸੂਲ ਹਰਿ ਉਨਮਾਦਹਿ ਜੁ ਹਰ ਇ ॥੪੯੭॥

੨੭੫੪–ਵਚ ਗਰਮ, ਕੌੜੀ, ਚਰਪਰੀ, ਸੁਰ ਤੇ ਅਗਨੀ ਵਧੌਣ ਵਾਲੀ ਹੈ, ਮ੍ਰਿਗੀ, ਕਫ, ਸੂਲ ਤੇ ਉਨਮਾਦ ਨੂੰ ਨਾਸ਼ ਕਰਨਹਾਰੀ (ਸਿਮ੍ਰਿਤੀ ਵਰਧਕ) ਹੈ ॥੪੯੭।

(ਬ੍ਰਿਤਾਂਤ)

ਵਚ ਦੇ ਖ਼ੂਲਮ ਅਨੂਪ ਦੇਸ ਵਿਚ ਗੰਨੇ ਦੇ ਸਮਾਨ ਲੰਮੇ ਲੰਮੇ ਹੁੰਦੇ ਹਨ। ਇਸ ਉਤੇ ਫੁਲ ਨਹੀਂ ਉੱਗਦਾ। ਜੜ੍ਹ ਹੀ ਕੰਮ ਔਂਦੀ ਹੈ। ਜੜ੍ਹ ਦੀ ਲਕੜੀ ਨੂੰ ਵਚ ਆਖਦੇ ਹਨ। ਇਸਦਾ ਰੰਗ ਭੂਰਾ ਹੁੰਦਾ ਹੈ। ਅਜੇਹੀ ਗੰਧ ਔਂਦੀ ਹੈ ਜੇਹੜੀ ਮਨ ਨੂੰ ਬੁਰਾ ਜੇਹਾ ਕਰ ਦਿੰਦੀ ਹੈ। ਉਤਮ ਜਾਤੀ ਦੀ ਵਚ ਕਲਕੱਤੇ ਵਿਚ ਹੁੰਦੀ ਹੈ। ਉਹ ਕੋਈ ਕੋਈ ਪੰਸਾਰੀ ਚਿੱਟੀ ੨ ਲਕੜੀ ਜੇਹੀ ਦਿੰਦੇ ਹਨ, ਪਰੰਤੂ ਉਹ ਗੁਣਦਾਇਕ ਅਰ ਗੰਧ ਯੁਕਤ ਨਹੀਂ ਹੁੰਦੀ। ਵੈਦਜ ਗੰਧ ਵਾਲੀ ਵਚ ਨੂੰ ਹੀ ਸਰੇਸ਼ਟ ਮੰਨਦੇ ਹਨ। ਹੋਰ ਘੋੜ ਵਚ, ਖੁਰਾਸਨੀ ਵਚ, ਸਫੇਦ ਵਚ, ਮਹਾਂਭਰੀ ਵਚ, ਕੁਲੀਂਵਨ ਅਰ ਅਕਰਕਰਾ ਇਹ ਸਭ ਵਚ ਦੀਆਂ ਹੀ ਜਾਤੀਆਂ ਹਨ ॥੪੯੭॥

ਬਾਇਵੜਿੰਗ ਗੁਣ–ਦੋਹਰਾ

ਵੜਿੰਗ ਉਸਨ ਕਟੁ ਤਿਕਤ ਹੈ ਲਘੁ ਰੂਖੀ ਹਰਿ ਸੂਲ।
ਕਫ ਕ੍ਰਿਮਿ ਅਫਰਾ ਉਦਰ ਹਰਿ ਭੂਖੀ ਕਾ ਵਧ ਮੂਲ ॥੪੯੮॥

੨੭੦੫–ਬਾਇਵੜਿੰਗ ਗਰਮ, ਕੜਵਾ, ਚਰਪਰਾ, ਹਲਕਾ, ਰੁਖਾ, ਸੂਲ, ਕਫ, ਪੇਟ ਦੇ ਚਮੂੰਣੇ, ਅਫਾਰਾ ਤੇ ਪੇਟ ਦੇ ਰੋਗਾਂ ਦਾ ਨਾਸ਼ਕ ਹੈ, ਅਗਨੀ ਵਰਧਕ, ਮਲ ਬੰਧਨ ਦੇ ਹਰਨ ਦਾ ਪਖ ਹੈ ॥੪੯੮॥

(ਬ੍ਰਿਤਾਂਤ)

ਬਾਇਵੜਿੰਗ ਦੇ ਬ੍ਰਿਛ ਪਹਾੜ ਦੀਆਂ ਨਮਾਈਆਂ ਵਿਚ ਬਹੁਤ ਹੁੰਦੇ ਹਨ। ਓਹਨਾਂ ਉਪਰ ਛੋਟੇ ੨ ਲਾਲ ਰੰਗ ਦੇ ਫੁਲਾਂ ਦੇ ਗੁੱਛੇ ਲਗਦੇ ਹਨ। ਓਹਨਾਂ ਪਰ ਲਾਲ ੨ ਚੀਜ਼=ਵੌਟੀ ਦੇ ਸਮਾਨ ਗੋਲ ਗੋਲ ਦਾਣੇ ਲਗਦੇ ਹਨ ਪੱਤੇ ਕਰੜੇ ਤੇ ਚੀਕੁਣੇ ਲਾਲੀ ਲੀਏ ਗੋ ਦਣੀ ਜੇਹੇ ਹੁੰਦੇ ਹਨ। ਓਹਨਾਂ ਦਾਨਿਆਂ ਨੂੰ ਬਾਇਵੜਿੰਗ ਆਖਦੇ ਹਨ, ਮਾਤ੍ਰਾ ੧੦ ਮਾਸੇ ਦੀ ਹੈ। ਸਵਾਦ ਕੌੜਾ, ਤੇਜ਼ ਹੁੰਦਾ ਹੈ ਇਹਨਾਂ ਫਲਾਂ ਦੇ ਉੱਪਰ ਦੀ ਲਾਲ ਰਜ ਨੂੰ ਕਬੀਲਾ ਆਖਦੇ ਹਨ ॥੪੯੮॥

ਤਾਲੀਸ ਪਤ੍ਰ ਗੁਣ–ਦੋਹਰਾ

ਲਘੁ ਤੀਖਣ ਉਸਨਾ ਕਹੇ ਸ੍ਵਾਸ ਕਾਸ ਕਫ ਵਾਤ।

Digitized by Panjab Digital Library | www.panjabdigilib.org

ਹਰ ਰੁਚਯਾ ਗੁਲਮਾਯ ਖਯ ਅਗਨਿ ਮੰਦ ਹਰਿ ਖਜਾਤ ॥੪੯੯॥

੨੭੦੬—ਹਲਕਾ, ਤੀਛਣ, ਗਰਮ ਹੈ, ਦਮਾਂ ਖਾਂਸੀ, ਕਫ ਬਾਤ ਇਹਨਾਂ ਦੇ ਨਾਸ ਕਰਨ ਹਾਰਾ ਹੈ, ਰੁਚੀ ਕਾਰਕ, ਗੁਲਮ, ਖਈ ਤੇ ਅਗਨੀ ਦੀ ਮੰਦਤਾਈ ਨੂੰ ਨਾਸ ਕਰੇ ਹੈ ॥੪੯੯॥

(ਬ੍ਰਿਤਾਂਤ)

ਤਾਲੀਸ ਪਤ੍ਰ ਦਾ ਰੁਖ ਅਤਯੰਤ ਬੜਾ ਹੁੰਦਾ ਹੈ। ਪਤੇ ਲੰਮੇ ਲੰਮੇ ਚੀਕੁਣੇ, ਆਵਲੇ ਦੇ ਸਮਾਨ ਫਲਾਂ ਦੇ ਗੁੱਛੇ ਲਗਦੇ ਹਨ। ਇਸ ਦੀ ਲਕੜੀ ਬਹੁਤ ਪੱਕੀ ਹੁੰਦੀ ਹੈ। ਪ੍ਰਯੋਗ ਵਿਚ ਪਤ੍ਰ ਲਏ ਜਾਂਦੇ ਹਨ ॥੪੯੯ ॥

ਛੜ ਗੁਣ—ਦੋਹਰਾ

ਮਾਸੀ ਹਿਮ ਤ੍ਰਯ ਦੋਖ ਹਰਿ ਅਸ੍ਰ ਦਾਹ ਗਵਾਇ ॥
ਕੁਸਟ ਵਿਸਰਪ ਸੁ ਜਾਤ ਹੈ ਭੂਤ ਕਸਟ ਗੁਨ ਗਾਇ॥੫੦੦॥

੨੭੦੭-ਮਾਸੀ=ਛੜ, ਠੰਢੀ, ਤ੍ਰਿਦੋਖਨਾਸਕ, ਰਕਤਵਿਕਾਰ, ਦਾਹ ਨੂੰ ਨਾਸ਼ ਕਰੇ ਹੈ, ਕੁਸਟ ਵਿਸਰਪ ਤੇ ਭੂਤਾਂ ਦਾ ਕਸ਼ਟ ਇਹ ਬੀ ਸਭ ਨਾਸ ਕਰੇ ਹੈ ॥੫੦੦॥

(ਬ੍ਰਿਤਾਂਤ)

ਛੜ ਯਾ ਜਟਾਮਾਸੀ, ਅਥਵਾ ਬਾਲਛੜ, ਗੁਲਮਜਾਤੀ ਦੀ ਬਨਾਸਪਤੀ ਹੈ। ਇਸ ਦੇ ਪੱਤੇ ਸਜੀਵਨ ਦੇ ਸਮਾਨ ਹੁੰਦੇ ਹਨ। ਇਹ ਹਿਮਾਲਯ ਦੇ ਜੰਗਲ ਵਿਚ ਪੈਦਾ ਹੁੰਦੀ ਹੈ। ਇਸ ਦੀ ਜੜ੍ਹ ਉਤੇ ਧੂਸਰ ਰੰਗ ਦੇ ਰੂੰਏ (ਕੰਡੇ) ਜੰਮੇਂ ਰਹਿੰਦੇ ਹਨ। ਫੂਲ ਗੁਛੇ ਵਿਖੇ ਲਗਦੇ ਹਨ। ਇਸ ਦਾ ਮੂਲ ਬਹੁਤ ਸੁਗਧਤ ਹੁੰਦਾ ਹੈ, ਮਾਤ੍ਰਾ ੪ ਮਾਸੇ ਦੀ ਹੈ ॥੫੦੦॥

ਉਸੀਰ (ਖੱਸ) ਗੁਣ—ਦੋਹਰਾ

ਖੱਸ ਪਾਚਨ ਸਤੰਭਨ ਕਹੀ ਸੀਤਾ ਕਫ ਪਿਤ ਜੀਤ।
ਤ੍ਰਿਸਨਾਸਰ ਵਿਖ ਦਾਹ ਕ੍ਰਿਛ ਬ੍ਰਿਣ ਵਿਸਰਪ ਹਰਿ ਮੀਤ ॥੫੦੧॥

੨੭੦੮-ਖੱਸ ਪਾਚਨ, ਬੀਰਜ ਰੋਕਨ ਵਾਲੀ, ਠੰਢੀ, ਕਫ, ਪਿਤਨਾਸਕ ਪਯਾਸ, ਰਕਤ ਵਿਕਾਰ, ਵਿਖ, ਦ੍ਾਹ, ਮੂਤਰ ਕ੍ਰਿਛ, ਬ੍ਰਿਣ ਤੇ ਵਿਸਰਪ ਹਰਨੇ ਹਾਰੀ ਕਹੀ ਹੈ ॥੫੦੧॥

(ਬ੍ਰਿਤਾਂਤ)

ਬੀਰਣ ਦੀ ਜੜ ਹੁੰਦੀ ਹੈ। ਇਹ ਜਲਾਸ਼ਯ ਦੇ ਨੇੜ ਦੀ ਧਰਤੀ ਵਿਖੇ ਬਹੁਤ ਉਤਪੱਨ

Digitized by Panjab Digital Library | www.panjabdigilib.org

ਹੁੰਦੀ ਹੈ। ਇਸ ਦੀ ਜੜ ਦੋ ਦੋ ਫੁੱਟ ਹੇਠ ਧਰਤੀ ਵਿਚ ਚਲੀ ਜਾਂਦੀ ਹੈ। ਚੰਗੜ ਲੋਗ ਪੁਟ ਕੇ ਕਠੀ ਕਰਕੇ ਪਾਣੀ ਨਾਲ ਧੋਕੇ ਸਾਫ ਕਰ ਰਖਦੇ ਹਨ। ਉਸੇ ਨੂੰ ਬੀਰਣ ਮੂਲ (ਖੱਸ) ਕਿਹਾ ਜਾਂਦਾ ਹੈ। ਗਰਮੀਆਂ ਦੇ ਦਿਨਾਂ ਵਿਚ ਧਨੀ ਲੋਗ ਖੱਸ ਦੀਆਂ ਟੱਟੀਆਂ ਬਣਾਕਰ ਆਪਣੇ ਦਰਵਾਜ਼ਿਆਂ ਮੂਹਰੇ ਲਗਾ ਕੇ ਜਲ ਛਿੜਕਦੇ ਹਨ। ਤਦ ਇਸ ਵਿਚੋਂ ਮੰਦ ਮੰਦ ਪੌਣ ਦੇ ਸਹਾਰੇ ਸੁਗੰਧ ਨਿਕਲਦੀ ਹੈ, ਉਹ ਸਰੀਰਕ ਗਰਮੀ ਹਟੌਂਦੀ ਅਤੇ ਪਿਆਰੀ ਲਗਦੀ ਹੈ, ਖੱਸ ਪਵਿਤ੍ਰ ਹੋਣ ਤੇ ਪੂਜਾ ਦੇ ਕੰਮਾਂ ਵਿਚ ਬੀ ਸੇਵਨ ਕੀਤੀ ਜਾਂਦੀ ਹੈ, ਸਵਾਦ ਫਿਕਾ ਮਿਠਿਆਈ ਸਮੇਤ ਹੁੰਦਾ ਹੈ ॥੫੦੧॥

ਕਚੂਰ ਗੁਣ—ਦੋਹਰਾ

ਦੀਪਨ ਰੁਚ ਕੁਸ੍ਰ ਰਸ ਜਿਤ ਬ੍ਰਣੈ ਮੂਤ੍ਰ ਜਿਤ ਜੋਤ।
ਲਘੂ ਉਸਨ ਹਰਿ ਵਾਤ ਕ੍ਰਫ ਸ੍ਵਾਸ ਗੁਲਾਮ ਕ੍ਰਿਮ ਖੋਤ ॥੫੦੨॥

੨੭੦੯—ਕਚੂਰ ਅਗਨੀ ਦੀਪਕ, ਰੁਚੀ ਕਾਰਕ, ਬਵਾਸੀਰ, ਬ੍ਰਿਣ, ਮੂਤ੍ਰ ਇਨ੍ਹਾਂ ਨੂੰ ਹਟੌਣ ਵਾਲਾ, ਹਲਕਾ, ਗਰਮ, ਬਾਤ, ਕਫ, ਸ੍ਵਾਸ, ਗੁਲਮ ਤੇ ਪੇਟ ਦੇ ਕ੍ਰਿਮਿ ਇਨ੍ਹਾਂ ਦਾ ਨਾਸਕ ਹੈ ॥੫੦੨॥

(ਬ੍ਰਿਤਾਂਤ)

ਕਚੂਰ ਦੇ ਝਾੜ ਵਿਸ਼ੇਸ਼ ਕਰਕੇ ਜੰਗਲ ਵਿਚ ਹੀ ਵਧੇਰੇ ਹੁੰਦੇ ਹਨ। ਇਸਦੇ ਪੱਤੇ ਹਲਦੀ ਦੇ ਸਮਾਨ, ਅਤੇ ਹੇਠ ਅੰਬੀਆਂ ਹਲਦੀ ਦੇ ਸਮਾਨ ਗੰਢ ਹੁੰਦੀ ਹੈ। ਉਸ ਗੰਢ ਦੇ ਟੁਕੜੇ ਟੁਕੜੇ ਕਰਕੇ ਸੁਕਾ ਲੈਂਦੇ ਹਨ, ਉਸੇ ਨੂੰ 'ਕਚੂਰ' ਆਖਦੇ ਹਨ। ਇਹ ਅਕਸਰ ਵਰਖਾ ਰੁੱਤ ਵਿਚ ਹੀ ਉਤਪੰਨ ਹੁੰਦਾ ਹੈ। ਇਸ ਦਾ ਰੰਗ ਢੰਗ ਸੁੰਢ ਨਾਲ ਮਿਲਦਾ ਹੈ, ਪਰੰਤੂ ਇਸਦਾ ਚੂਰਣ ਚਿੱਟਾ ਹੋ ਜਾਦਾ ਹੈ, ਸੁਾਦ ਕੌੜਾ ਅਤੇ ਤੇਜ਼ ਹੁੰਦਾ ਹੈ। ਰੰਗ ਭੂਰਾ, ਪੀਸਣੇ ਤੇ ਚਿੱਟਾ ਹੋ ਜਾਂਦਾ ਹੈ, ਮਾਤ੍ਰਾ ੪ ਮਾਸੇ ਦੀ ਹੈ।

ਗੁੱਗਲ ਗੁਣ—ਦੋਹਰਾ

ਗੁੱਗਲ ਵਿਸਦ ਸੁ ਤਿਕਤ ਭਨ ਮਧੁਰ ਉਸਨ ਕਰਿ ਬੀਜ।
ਵ੍ਰਿਖਯਾ ਭਗਨਿ ਸੰਧਾਨ ਹ੍ਰਿਤ ਪਿੱਛਲ ਦੀਪਨ ਕੀਜ ॥੫੦੩॥
ਰਾਸਾਯਨ ਵਲੁ ਕਰਤ ਤੇ ਹਰਤ ਸੁ ਬ੍ਰਿਣ ਕਫ ਵਾਤ।
ਮੇਦ ਮੇਹ ਅਪਚੀ ਵਮਨਿ ਆਮ ਬਾਤ ਹਰਿ ਖਯਾਤ ॥੫੦੪॥
ਰੁਧਰ ਕਸ਼ਟ ਪਿੜਕਾ ਹਰਤ ਗ੍ਰੰਥ ਸੋਫ ਗੰਢ ਮਾਲ।
ਕ੍ਰਿਮ ਹਰਿ ਵ੍ਰਿਹਣ ਵ੍ਰਿਖਯ ਹੈ ਜੀਰਣ ਲੇਖਨ ਲਾਲ ॥੫੦੫॥

੨੭੧੦—ਗੁੱਗਲ, ਵਿਸਦ (ਰੰਗ ਨਿਖਾਰਨੇ ਵਾਲਾ), ਤੀਛਣ, ਮਿੱਠਾ, ਬੀਰਜ ਨੂੰ ਗਰਮ ਕਰਨੇ

Digitized by Panjab Digital Library | www.panjabdigilib.org

ਵਾਲਾ, ਬ੍ਰਿਖਜ, (ਸ ਘ੍ਰ ਬੀਰਜ ਨੂੰ ਵਧੌਣ ਵਾਲਾ , ਭਗਨ ਦੇ ਸੰਧੀ ਜੋੜਨ ਹਾਰਾ, ਹ੍ਰਿਦਯ ਨੂੰ ਹਿਤਕਾਰੀ, ਪਿੱਛਲ, ਅਗਨੀ ਤੇਜ ਕਰਨਹਾਰਾ, ਰਾਸਾਯਣ ਰੂਪ, ਬਲ ਕਾਰਕ, ਬ੍ਰਿਣ, ਕਫ ਤੇ ਬਾਤ ਨੂੰ ਹਰਨੇ ਵਾਲਾ, ਮੇਦ ਰੋਗ, ਪ੍ਰਮੇਹ ਰੋਗ, ਅਪਚੀ, ਕੈ, ਆਮ ਬਾਤ, ਰਕਤ ਵਿਕਾਰ, ਕੁਸ਼ਟ, ਪਿੜਕਾ, ਗ੍ਰੰਥੀ ਰੋਗ ਸੋਜ; ਗੰਢ ਮਾਲਾ, ਪੇਟ ਦੇ ਕ੍ਰਿਮਿ, ਇਨ੍ਹਾਂ ਦਾ ਨਾਸ ਕਰਨ ਹਾਰਾ, ਬ੍ਰਿਹਣ (ਸਰੀਰ ਨੂੰ ਪੁਸ਼ਟ ਕਰਕੇ ਵਧੌਣ ਵਾਲਾ), ਬ੍ਰਿਖਜ ਮੋਟਾ ਕਰਨ ਵਾਲਾ ਜੀਰਣ ਅਰ ਲੇਖਨ ਜ਼ਖਮ ਭਰਨੇ ਵਾਲਾ ਹੈ ॥੫੦੩ ਤੋਂ ੫੦੫॥

(ਬ੍ਰਿਤਾਂਤ)

ਗੁੱਗਲ ਦੇ ਬ੍ਰਿਛ ਰੇਤਲੀ ਅਰ ਪਥਰੀਲੀ ਧਰਤੀ ਵਿਚ ਪੈਦਾ ਹੁੰਦੇ ਹਨ। ਪੱਤੇ ਅਣੀ ਰਹਿਤ ਛੋਟੇ ਛੋਟੇ ਨਿੰਮ ਦੇ ਪੱਤਿਆਂ ਜੇਹੇ ਤੇ ਫੁੱਲ ਛੋਟਾ ਲਾਲ ਰੰਗ ਦਾ ਪੰਜ ਪੰਖੜੀ ਵਾਲਾ, ਮੰਜਰੀ ਦੇ ਠੀਕ ਵਿਚਕਾਰ ਨਿਕਲਦਾ ਹੈ। ਫਲ ਛੋਟੇ ਬੇਰ ਦੇ ਸਮਾਨ ਤਿੰਨ ਧਾਰਾਂ ਵਾਲੇ ਹੁੰਦੇ ਹਨ। ਇਸਦੇ ਫਲਾਂ ਨੂੰ 'ਗੁਗਲੀਆ' ਬੋਲਦੇ ਹਨ। ਇਸ ਬ੍ਰਿਛ ਦੇ ਗੂੰਦ ਦਾ ਨਾਮ 'ਗੁੱਗਲ' ਹੈ। ਇਸ ਵਿਚ ਪੱਥਰ ਕੰਕਰੀ ਹੁੰਦੀ ਹੈ, ਪ੍ਰਯੋਗ ਵਿਚ ਸੁੱਧ ਯਾ ਸਾਫ ਕਰਕੇ ਪਾਇਆ ਜਾਂਦਾ ਹੈ, ਰੰਗ ਕਾਲਾ ਲਲਿਆਈ ਸਮੇਤ ਸਵਾਦ ਕੌੜਾ ਹੁੰਦਾ ਹੈ ॥੫੦੩ ਤੋਂ ੫੦੫॥

ਰਾਲ ਗੁਣ—ਦੋਹਰਾ

ਰਾਲ ਸੀਤ ਗ੍ਰਾਹਣਿ ਤਿਕਤ ਅਰੁ ਕਖਾਇ ਤਿਸ ਜਾਨ।
ਗ੍ਰਹ ਅਸੰਰਵੀ ਸਰਪਿ ਜ੍ਵਰ ਬ੍ਰਿਣ ਸ੍ਵੇਦਾ ਸਬ ਹਾਨ ॥੫੦੬॥

੨੭੧੧-ਰਾਲ ਠੰਢੀ, ਗ੍ਰਾਹਿਣੀ ਤੀਛਣ, ਕਸੈਲੀ, ਗ੍ਰਹਦੋਖ, ਰਕਤ ਵਿਕਾਰ; ਵਿਸਰਪ ਰੋਗ, ਤਾਪ, ਬ੍ਰਿਣ ਤੇ ਪਸੀਨਾ ਸਭਨਾਂ ਨੂੰ ਨਾਸ ਕਰਨਹਾਰੀ ਹੈ ॥੫੦੬॥

(ਬ੍ਰਿਤਾਂਤ)

ਸਾਲ ਦਾ ਬ੍ਰਿਛ ਇਹ ਅਕਸਰ ਉੱਤਰਾ ਖੰਡ ਵਿਖੇ ਹੀ ਹੁੰਦਾ ਹੈ, ਸੋ ਪ੍ਰਸਿੱਧ ਹੈ। ਇਸਦੇ ਗੂੰਦ ਨੂੰ ਵੈਦਯ ਲੋਗ 'ਰਾਲ' ਆਖਦੇ ਹਨ, ਸਵਾਦ ਕੌੜਾ, ਰੰਗ ਚਿੱਟਾ ਕੁਛ ਪਿਲਿਆਈ ਸਮੇਤ ਹੁੰਦਾ ਹੈ, ਮਾਤ੍ਰਾ ੨ ਮਾਸੇ ਦੀ ਹੈ ॥੫੦੬॥

ਸੂਬ ਕਮਲ ਗੁਣ—ਦੋਹਰਾ

ਕਮਲ ਸੀਤ ਅਰ ਵਰਣ ਕਰਿ ਮਧੁਰ ਜਿਤੈ ਕਫ ਪਿਤ।
ਦਾਹਾਸਰ ਤ੍ਰਿਟ ਹਰਤ ਹੈ ਵਿਸਫੋਟਕ ਹਰਿ ਮਿੱਤ ॥੫੦੭॥
ਹਰਿਤ ਵਿਸਰਪ ਸੁ ਜਾਨ ਗਦ ਨੀਲ ਕਮਲ ਗੁਨਕਾਰ।
ਜਿਹ ਤਿਹ ਯੋਗਹਿ ਦੀਜਿਯੈ ਅਵਰ ਕਮਲ ਸਬ ਟਾਰੁ ॥੫੦੮॥

੧੧੨-ਕੌਲ, ਠੰਢਾ ਰੰਗ ਰੂਪ ਪੈਦਾ ਕਰਨ ਹਾਰਾ, ਮਿੱਠਾ: ਕਫ, ਪਿੱਤ, ਦਾਹ, ਰਕਤ ਵਿਕਾਰ,

Digitized by Panjab Digital Library | www.panjabdigilib.org

ਪਿਆਸ, ਵਿਸਫੋਟ ਰੋਗ , ਵ੍ਰਿਸਰਪ, ਇਨ੍ਹਾਂ ਰੋਗਾਂ ਪਰ ਨੀਲਾ ਕਮਲ ਗੁਣਕਾਰ ਹੈ। ਇਸਤੇ ਹੋ ਸਕੇ ਤਾਂ ਹੋਰ ਕਮਲ ਛੱਡਕੇ ਨੀਲਾ ਕਮਲ ਹੀ ਯੋਗ ਵਿਚ ਸੇਵਨ ਕਰਨਾ ਚਾਹੀਏ ॥੫੦੭॥੫੦੮॥

(ਬ੍ਰਿਤਾਂਤ)

ਕਮਲ ਲਾਲ; ਨੀਲੇ ਅਰ ਚਿੱਟੇ ਫੁੱਲ ਦੇ ਭੇਦ ਨਾਲ ਤਿੰਨ ਪ੍ਰਕਾਰ ਦਾ ਹੈ। ਕਮਲ ਵਿਸ਼ੇਸ਼ ਕਰਕੇ ਡੂੰਘੇ ਅਰ ਨਿਰਮਲ ਤਲਾਵਾਂ ਯਾ ਦਾਬਾਂ ਵਿਚ ਹੀ ਪੈਦਾ ਹੁੰਦੇ ਹਨ। ਪੱਤੇ ਬੜੇ ਬੜੇ ਗੋਲ ਗੋਲ ਗੋਲ ਅਰ ਚਿਕੁਣੇ; ਜਿਹਨਾਂ ਪਰ ਜਲ ਦੀ ਬੂੰਦ ਨਾ ਠਹਿਰ ਸਕੇ; ਦੇਖਣ ਵਿਚ ਮਨੋਹਰ ਅਰ ਸੋਭਾਇਮਾਨ ਹੁੰਦੇ ਹਨ। ਇਸਦੀ ਹੇਠਲੀ ਡੰਡੀ ਨੂੰ 'ਮ੍ਰਿਣਾਲ' ਆਖਦੇ ਹਨ। ਕਮਲ ਦੇ ਫੁੱਲ ਵਿਚ ਜੇਹੜਾ ਪੀਲਾ ਪੀਲਾ ਜੀਰਾ ਹੁੰਦਾ ਹੈ ਉਸਨੂੰ 'ਕਮਲ ਕੇਸਰ' ਆਖਦੇ ਹਨ। ਕਮਲ ਦੇ ਫੁੱਲਾਂ ਵਿਚ ਜੇਹੜਾ ਸਰਸ ਰਸ ਲੱਗਾ ਹੁੰਦਾ ਹੈ ਉਸ ਨੂੰ ਕਮਲ ਦਾ ਰਸ ਯਾ ਮਕਰੰਦ ਆਖਦੇ ਹਨ। ਕਮਲ ਵਿਚ ਜੇਹੜਾ ਫਲ ਲਗਦਾ ਹੈ, ਉਸਨੂੰ ਚੱਪਣੀ ਅਤੇ ਓਹਨਾਂ ਵਿਚੋਂ ਜੇਹੜੇ ਬੀਜ ਨਿਕਲਦੇ ਹਨ ਓਹਨਾਂ ਨੂੰ ਕਮਲ ਡੋਡੇ, ਜੇਹੜੀ ਕਮਲ ਦੀ ਜੜ ਹੈ ਉਸ ਨੂੰ ਭਸੀੜੇ, ਭੇਂ ਆਖਦੇ ਹਨ। ਭੇਂ ਤੋਂ ਬਿਨਾਂ ਹੋਰ ਸਭ ਪ੍ਰਯੋਗਾਂ ਵਿਚ ਪੈਂਦਾ ਹੈ ॥੫੦੭॥੫੦੮॥

ਸਰਪੁੰਖਾ ਗੁਣ--ਦੋਹਰਾ

ਸਰਪੁੰਖਾ ਹਤ ਪਲੀਹ ਬ੍ਰਿਣ ਵਿਖੁ ਹਰਿ ਤਿਕਤ ਕਖਾਇ।
ਕਾਸਾਸ੍ਰ ਜ੍ਵਰ ਸ੍ਵਾਸ ਹਰਿ ਲਘੁ ਭਾਖ੍ਯੋ ਗੁਨ ਸਾਇ ॥੫੦੯॥

੨੭੧੩-ਸਰਪੁੰਖਾ ਲਿੱਫ, ਬ੍ਰਿਣ ਤੇ ਵਿਖ ਨਾਸ ਕਹਨੇ ਹਾਰਾ ਹੈ, ਤੀਛਣ, ਕਸੈਲਾ ਹੈ, ਖਾਂਸੀ, ਰਕਤ ਵਿਕਾਰ, ਤਾਪ, ਦਮਾਂ ਨਾਸਕ ਤੇ ਹਲਕਾ ਕਿਹਾ ਹੈ॥੫੦੯॥

(ਬ੍ਰਿਤਾਂਤ)

ਸਰਪੁੰਖਾ–ਸਰਫੋਂਕਾ, ਇਸਦੇ ਝਾੜ ਛੋਟੇ ਛੋਟੇ ਜੰਗਲ ਵਿਚ ਪੈਦਾ ਹੁੰਦੇ ਹਨ, ਪੱਤੇ ਨੀਲ ਦੇ ਪੱਤਿਆਂ ਵਾਂਗ ਨੀਲੇ ਨੀਲੇ ਹੁੰਦੇ ਹਨ। ਫੁਲ ਲਾਲ; ਫਲੀਆਂ ਛੋਟੀਆਂ ਛੋਟੀਆਂ ਲਾਲ ਲਗਦੀਆਂ ਹਨ, ਉਸ ਫਲੀ ਵਿਚ ਬਹੁਤ ਨਿੱਕੇ ਨਿੱਕੇ ਰੂੰਏਂ ਹੁੰਦੇ ਹਨ, ਪਰੰਤੂ ਦੂਸਰੀ ਜਾਤੀ ਦੇ ਸਰਪੁੰਖੇ ਦੀ ਫਲੀ ਵਿਚ ਰੂੰਆਂ ਨਹੀਂ ਹੁੰਦਾ। ਚਿੱਟੇ ਸਰਪੁੰਖੇ ਦਾ ਝਾੜ ਪ੍ਰਿਥਵੀ ਪਰ ਫੈਲਿਆ ਹੋਇਆ ਹੁੰਦਾ ਹੈ। ਉਸਦੇ ਪੱਤੇ ਕੁਛ ਇਕ ਛੋਟੇ ਹੁੰਦੇ ਹਨ। ਫਲ ਚਿਟੇ ਰੰਗ ਦੇ ਹੁੰਦੇ ਹਨ। ਇਸ ਦਾ ਸਵਾਦ ਕੌੜਾ ਤੇਜ਼ ਹੁੰਦਾ ਹੈ, ਮਾਤ੍ਰਾ ੬ ਮਾਸੇ ਦੀ ਹੈ ॥੫੦੯॥

ਦੋ ਕਨੇਰ ਗੁਣ--ਦੋਹਰਾ

ਦੋ ਕਨੇਰ ਬ੍ਰਿਣ ਕੁਸਟ ਜਿਤ ਲਘੁ ਉਸਨਾ ਹਿਤ ਨੈਨ।
ਕ੍ਰਿਮਿ ਕੰਡੂ ਹਰਿ ਵਿਖਕਰਾ ਦੋ ਕਨੇਰ ਗੁਣ ਐਨ ॥੫੧੦॥

Digitized by Panjab Digital Library | www.panjabdigilib.org

੨੭੧੪-ਦੋਨੋਂ ਕਨੇਰ, ਬ੍ਰਿਣ, ਕੁਸ਼ਟ ਨਾਸਕ, ਹਲਕੇ, ਗਰਮ, ਨੇਤ੍ਰਾਂ ਦੇ ਹਿਤਕਾਰਕ, ਪੇਟ ਦੇ ਚਮੂਣੇ, ਖੁਰਕ ਦਾ ਨਾਸ ਕਰਨ ਹਾਰੇ ਤੇ ਵਿਖ ਕਾਰਕ ਦੋਨੋਂ ਹਨ ॥੫੧੦॥

(ਬ੍ਰਿਤਾਂਤ)

ਦੋਨੋਂ ਪ੍ਰਕਾਰ ਦੇ ਕਨੇਰ ਦੇ ਬ੍ਰਿਛ ਫੁਲਵਾੜੀਆਂ ਵਿਚ ਬਹੁਤ ਹੁੰਦੇ ਹਨ। ਦ ਤਾਂ ਪ੍ਰਸਿੱਧ ਹਨ, ਪਰੰਤੂ ਇਸਦੇ ਅਸਲ ਵਿਚ ਕਈ ਭੇਦ ਹਨ। ਕਿਸੇ ਪਰ ਲਾਲ, ਕਿਸੇ ਪਰ ਗੁਲਾਈ, ਕਿਸੇ ਪਰ ਚਿੱਟੇ, ਕਿਸੇ ਪਰ ਕਾਲੇ ਫੁਲ ਔਂਦੇ ਹਨ, ਪੱਤੇ ਲੰਮੇ ਲੰਮੇ, ਫਲ ਫਲੀਆਂ ਦਾਰ; ਅਸਲ ਵਿਚ ਜ਼ਹਿਰ ਦਾ ਭਰਿਆ ਹੁੰਦਾ ਹੈ।

ਕਣਕ ਅੰਨ ਗੁਣ--ਦੋਹਰਾ

ਕਨਿਕ ਮਧੁਰ ਸੀਤਲ ਗੁਰੂ ਹਰੈ ਵਾਤ ਪਿਤ ਜਾਨ।
ਕਫ ਸੁੱਕਰ ਪ੍ਰਦ ਵਲਯ ਭਨਿ ਸਨਿਗਧਕਰਤ ਸੰਧਾਨ ॥੫੧੧॥
ਜੀਵਨਿ ਵਿਹਨ ਵਰਣ ਕਰ ਰੁਚ ਸਿਥਰੁ ਕਰਿ ਲਖ ਏਹ।
ਸਕਲ ਅੰਨ ਮਹਿ ਤੇ ਭਲੀ ਕਹਿਤ ਮੇਘ ਗੁਣ ਤੇਹ ॥੫੧੨॥

੨੭੧੫—ਕਣਕ, ਮਿੱਠੀ; ਠੰਢੀ, ਭਾਰੀ, ਬਾਤ ਪਿੱਤ ਨਾਸ਼ਕ, ਕਫ ਕਾਰਕ; ਬੀਰਜ ਵਰਧਕ, ਬਲ ਕਾਰਕ, ਚੀਕੁਣੀ; ਸੰਧਾਨ ਕਾਰਕ, ਜੀਵਨ ਰੂਪ, ਪੁਸ਼ਟੀ ਕਾਰਕ, ਰੰਗ ਵਧਾਨੇ ਵਾਲੀ, ਰੁਚੀ ਕਾਰਕ ਸਥਿਰਤਾ ਕਰਨੇ ਵਾਲੀ; ਅਤੇ ਸਾਰਿਆਂ ਅਨਾਜਾ ਵਿਚੋਂ ਵਧਕੇ ਹੈ ॥੫੧੧॥੫੧੨॥

ਉੜਦ (ਮਾਂਹ) ਗੁਣ—ਦੋਹਰਾ

ਮਾਖ ਸ੍ਵਾਦ ਗੁਰ ਚਿਕਨ ਰੁਚਿ ਉਸਨ ਵਾਤ ਹਰਿ ਭਾਲ।
ਬੱਲਜਾ ਸੁੱਕਰ ਵ੍ਰਿਹਨਿ ਕਰਨ ਮੇਦ ਪਿੱਤ ਕਰਿ ਲਾਲ ॥੫੧੩॥
ਕਫ ਕ੍ਰਿਤ ਗੁਦ ਕੀਲਾਰਦਿਤ ਪੰਕਤ ਸੂਲ ਵਿਨਾਸ।
ਭਿੰਨ ਮੂਤ੍ਰ ਮਲੁਸਤਨਜ ਦਾ ਔਰ ਜਾਤ ਹੈ ਸ੍ਵਾਸ ॥੫੧੪॥
ਮਾਖ ਦਹੀ ਵੈਂਗਨਿ ਸਫਰਿ ਚਾਰੋਂ ਕਾ ਗੁਨ ਏਕ।
ਪਿੱਤ ਸਲੇਖਮ ਕਰਤ ਹੈ ਵਾਤ ਹਰਣ ਏ ਟੇਕ ॥੫੧੫॥

੨੭੧੬-ਮਾਂਹ, ਸਵਾਦੂ, ਭਾਰੇ, ਚੀਕੁਣੇ, ਰੁਚੀ ਕਾਰਕ, ਗਰਮ, ਵਾਯੂ ਨਾਸ਼ਕ; ਬਲਦਾਯਕ, ਬੀਰਜ ਵਰਧਕ, ਬ੍ਰਿਹਣੀ, ਮੇਦ ਅਤੇ ਪਿੱਤ ਕਰਨੇ ਹਾਰੇ, ਕਫ ਕਾਰਕ, ਬਵਾਸੀਰ ਅਰਦਿਤ, ਪੰਕਤੀ ਸੂਲ ਇਨ੍ਹਾਂ ਦੇ ਨਾਸ ਕਰਨਹਾਰੇ, ਮਲ, ਮੂਤ੍ਰ ਦੀ ਅਧਿਕ ਪ੍ਰਿਬ੍ਰਿਤੀ ਕਰੌਣ ਵਾਲੇ, ਦੂਧ ਪੈਦਾ ਕਰਨ ਹਾਰੇ,

Digitized by Panjab Digital Library | www.panjabdigilib.org

ਸਵਾਸ ਨਾਸਕ, ਮਾਂਹ, ਦਹੀਂ, ਵਤਾਊਂ ਤੇ ਮੱਛੀ ਇਨ੍ਹਾਂ ਚੌਹਾਂ ਦਾ ਇਕ ਜੇਹਾ ਗੁਣ ਹੈ। ਪਿੱਤ ਅਰ ਬਲਗਮ ਕਰਨਹਾਰੇ ਹਨ, ਤੇ ਵਾਯੂ ਨਾਸਕ ਇਹ ਜਾਨਣੇ ॥੫੧੩॥੫੧੪॥੫੧੫।

ਰੁਵਾਂਹ ਗੁਣ—ਦੋਹਰਾ

ਰਾਜਮਾਖ ਤਰਪਣ ਤੁਵਰ ਗੁਰ ਗ੍ਰਾਹੀ ਰੁਚਿ ਸ੍ਵਾਦ।
ਰੂਖੇ ਵਾਤਲ ਸਤਨਬਲ ਏ ਗੁਨ ਜੇ ਇਸ ਖਾਦ ॥੫੧੬॥

੨੭੧੭-ਰਾਜ ਮਾਖ=ਰੁਵਾਂਹ, ਤਰਪਣ=ਤ੍ਰਿਪਤੀ ਦਾਯਕ, ਕਸੈਲੇ; ਭਾਰੇ, ਗ੍ਰਾਹੀ, ਰੁਚੀ ਕਾਰਕ, ਸਵਾਦੂ; ਖੁਸ਼ਕ, ਬਾਤ ਕਾਰਕ, ਦੁਧ ਵਰਧਕ ਤੇ ਬਲਕਾਰਕ ਹਨ ਜੇ ਖਾਵੇ ॥੫੧੬॥

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘ ਰਾਜ ਵਿਰਚਤੇ
ਵਿਖ ਉਪਾਇ; ਵਸਤੁ ਗੁਣ, ਨਿਰਘੰਟ ਨਾਮ ਦ੍ਵਾਦਸੋ ਧਜਾਇ ॥੧੨॥
॥ ਬਾਰ੍ਹਵੋਂ ਧਜਾਯ ਸਮਾਪਤ ॥ ੧੨ ॥

ਅੱਥ ਤੇਰ੍ਹਵਾਂ ਅਧਿਆਇ

ਦੋਹਰਾ

ਨਮੋ ਸ੍ਰੀ ਗੁਰਦੇਵ ਜੂ ਕਰੋਂ ਸੁ ਬੰਦਨ ਧਾਰ।
ਤਹਿੰ ਪ੍ਰਸਾਦਿ ਬਰਨਨ ਕਰੋਂ ਧਜਾਇ ਤ੍ਰਿਯੋਦਸੋ ਚਾਰੁ ॥੧॥
ਸਾਤ ਧਾਂਤ ਉਪਧਾਂਤ ਵਿਧਿ ਪਾਕਜ ਆਜ੍ਯ ਅਵਲੇਹ।
ਆਸਵ ਤੇਲ ਵਿਧਾਨ ਅਬ ਕਹਿਤ ਮੇਘ ਸੁਨਿ ਤੇਹ ॥੨॥

ਸ੍ਰੀ ਗੁਰਦੇਵ ਜੀ ਨੂੰ ਨਮਸਕਾਰ ਹੈ, ਤਿਨ੍ਹਾਂ ਦੀ ਕ੍ਰਿਪਾ ਨਾਲ ਤੇਰ੍ਹਵਾਂ ਧਜਾਯ ਸੁੰਦਰ ਰਚਦਾ ਹਾਂ ॥੧॥

੨੭੧੮-੧੯-ਇਸ ਵਿਚ ੭ ਧਾਂਤਾਂ ਤੇ ੭ ਉਪਧਾਤਾਂ (ਦਾ ਮਾਰਨਾ) ਪਾਕਾਦਿ ਦੀ ਵਿਧੀ, ਘ੍ਰਿਤ, ਚਟਣੀਆਂ, ਆਸਵ ਤੇ ਤੇਲਾਂ ਦੀਆਂ ਵਿਧੀਆਂ ਕਥਨ ਕਰਦਾ ਹਾਂ ॥੨॥

Digitized by Panjab Digital Library | www.panjabdigilib.org

ਸਪਤ ਧਾਤੁ ਨਾਮ—ਦੋਹਰਾ

ਹੇਮ ਤਾਰ ਤਾਂਬਾ ਯਸਦ ਸੀਸਾ ਲੋਹ ਜੁ ਰੰਗ।
ਸਾਤ ਧਾਂਤ ਏ ਕਹਿਤ ਹੈਂ ਸਕਲ ਵੈਦਯ ਗੁਣ ਅੰਗ ॥੩॥

੨੭੨੦—੧ ਸੋਨਾ, ੨ ਚਾਂਦੀ, ੩ ਤਾਂਬਾ, ੪ ਯਸਦ, ੫ ਸ਼ੀਸਾ (ਸਿਕਾ) ੬ ਲੋਹਾ ਤੇ ੭ ਰਾਂਗ (ਕਲੀ) ਇਹ ੭ ਧਾਤਾਂ ਸਾਰੇ ਵੈਦਯ ਗੁਣ ਵਿਚਾਰਕੇ, ਹੇ ਪਯਾਰੇ ਆਖਦੇ ਹਨ ॥੩॥

ਵੈਦਯ ਲੱਛਣ—ਦੋਹਰਾ

ਵੈਦਯ ਚਤੁਰ ਅਤਿ ਹੀ ਹੁਵੈ ਸੇਵਕ ਚਤੁਰਾ ਜੋਇ।
ਤਾਂਹਿ ਪ੍ਰਥਮ ਲਛਨ ਸੁਨੋ ਕਹਿਤ ਮੇਘ ਕਵਿ ਸੋਇ ॥੪॥

੨੭੨੧--ਵੈਦਯ ਅਤਯੰਤ ਹੀ ਚਤੁਰ ਹੋਵੇ, ਤਿਸੇ ਤਰਾਂ ਦਾ ਸੇਵਕ ਚਤੁਰ ਹੋਵੇ, ਤਿਨ੍ਹਾਂ ਦੇ ਪਹਿਲੇ ਲੱਛਣ ਸੁਣੋਂ ॥੪॥

ਸੈਯਾ

ਸੋਧਤ ਪਾਰਦ ਮਾਰਤ ਬੰਧਤ ਔਰ ਕਰੈ ਤਿਸੁ ਮੂਰਛ ਜੋਈ।
ਵੱਜਰ ਮਾਰਤ ਗੰਧਕ ਜਾਰਤ ਅੱਭ੍ਰਕ ਸੋਧਨ ਮਾਰਤ ਸੋਈ।
ਸਾਂਤ ਜੁ ਧਾਂਤ ਵਿਖਯਾਤ ਸੁ ਮਾਰਤ ਤੇਲ ਘ੍ਰਿਤੇ ਗੁਟ ਚੂਰਨ ਹੋਈ।
ਸੋ ਜਗ ਮੈ ਸੁ ਪ੍ਰਸਿੱਧ ਸੁ ਵੈਦਯ ਮਹਾਂ ਗੁਰ ਸੇਵਕ ਜਾਨਤ ਲੋਈ ॥੫॥

ਪਾਰੇ ਦਾ ਸੋਧਨ, ਮਾਰਨ, ਬੰਧਨ ਤੇ ਮੂਰਛਿਤ ਕਰਨਾ ਜਾਣੇ। ਹੀਰਾ ਮਾਰੇ, ਗੰਧਕ [ਪਾਰੇ ਵਿਚ) ਜ਼ਾਰੇ, ਅਭ੍ਰਕ ਸੋਧੇ ਤੇ ਮਾਰੇ। ਸੱਤੇ ਧਾਤਾਂ ਪ੍ਰਸਿੱਧ ਹਨ, ਇਹਨਾਂ ਨੂੰ ਤੇਲ, ਘ੍ਰਿਤ ਗੋਲੀ, ਚੂਰਣ ਇਹਨਾਂ ਦੇ ਤੇਲ, ਗੁਣ, ਰੂਪ, ਰੰਗ ਨੂੰ ਠੀਕ ਜਾਨਣ ਵਾਲਾ, ਸੋ ਅਜੇਹਾ ਜਗਤ ਪ੍ਰਸਿੱਧ ਜੋ ਹੋਵੇ, ਸੋ ਅਤਯੰਤ ਗੁਰਾਂ ਦਾ ਸੇਵਕ, ਜਿਸਨੂੰ ਜਗਤ ਜਾਣੇ, ਸੋਈਓ ਵੈਦ ਹੈ ॥੫॥

ਵੈਦਯ ਸੇਵਕ ਲਛਣ—ਸੈਯਾ

ਸੋਮ ਪ੍ਰਕ੍ਰਿੱਤਿ ਦਿਆਲ ਸੁ ਮੂਰਤਿ ਸੂਰਤ ਸੁੰਦਰ ਨਾਹਿ ਵਿਕਾਰੀ।
ਸੇਵ ਕਰੈ ਗੁਰੁ ਕੀ ਨਿਤ ਪਾਵਨ ਮਾਤ ਸਮਾਨ ਲਖੈ ਪਰ ਨਾਰੀ।
ਪੰਡਿਤ ਵੈਦਯ ਕ੍ਰਿਆ ਮਗੁ ਪਾਵਤ ਸੈਨ ਲਖੈ ਦ੍ਰਿਗ ਕੀ ਸੁ ਵਿਚਾਰੀ।

Digitized by Panjab Digital Library | www.panjabdigilib.org

ਸੇਵਕ ਵੈਦਜਕੁ ਐਸੇ ਲਖੋ ਮੁਨਿ ਮੇਘ ਭਨੈ ਸਭ ਕੋ ਹਿਤਕਾਰੀ ॥੬॥

੨੭੨੨–ਕੋਮਲ ਸੁਭਾਵ ਦਾ ਦਯਾਲੂ, ਮੂਰਤੀ ਦੀ ਸੂਰਤ ਸੋਹਣੀ ਹੋਵੇ, ਵਿਕਾਰ ਹੀਣ, ਉਹ ਪਵਿਤ੍ਰ ਆਤਮਾ ਨਿਤਪ੍ਰਤੀ ਗੁਰਾਂ ਦੀ ਸੇਵਾ ਕਰਦਾ ਹੋਵੇ, ਪਰਾਈ ਇਸਤ੍ਰੀ ਨੂੰ ਮਾਤਾ ਸਮਾਨ ਜਾਣੇ, ਸ਼ਾਸਤ੍ਰ ਪੜ੍ਹਕੇ ਪੰਡਿਤ ਹੋਵੇ ਅਰ ਓਹ ਵੈਦ ਰਸ ਆਦਿ ਕ੍ਰਿਆ ਦਾ ਰਸਤਾ ਜਾਣਦਾ ਹੋਵੇ ਅਰ ਗੁਰਾਂ ਦੇ ਨੇਤ੍ਰਾਂ ਦਾ ਰਮਜ (ਇਸ਼ਾਰਾ) ਚੰਗੀ ਤਰਾਂ ਸਮਝ ਸਕਦਾ ਹੋਵੇ। ਵੈਦ ਦਾ ਸੇਵਕ ਇਸ ਤਰਾਂ ਦਾ ਹੋਵੇ, ਫਿਰ ਬੀ ਸਭ ਦੀ ਹਿਤ ਕਰਣ ਵਾਲਾ ਹੋਵੇ ॥੬॥

ਸਪਤ ਧਾਤੁ ਸੋਧਨ--ਦੋਹਰਾ

ਤੇਲੁ ਤੱਕ੍ਰ ਗੋਮੂਤ ਮਹਿ ਕੁਲਥ ਨੀਰ ਅਰਨਾਲ।
ਗਰਮ ਕਰੀ ਜੁ ਬੁਝਾਈਯੈ ਚੌਦਾਂ ਵਾਰੀ ਡਾਲ ॥੭॥
ਨਾਗ ਬੰਗ ਵਿਚ ਤੇਲ ਕੇ ਡਾਲੀ ਸੁਧ ਕਰਾਇ।
ਸਾਤ ਧਾਤੁ ਸੁਧ ਹੋਤ ਹੈਂ ਮੇਘੇ ਦਈ ਬਤਾਇ ॥੮॥

੨੨੨੩—ਤੇਲ, ਲੱਸੀ (ਮੱਠਾ;) ਗੱਕਾ ਮੂਤ੍ਰ, ਕੁਲਥਾਂ ਦਾ ਕਾੜ੍ਹਾ ਤੇ ਕਾਂਜੀ ਏਨ੍ਹਾਂ ਵਿਚ ਗਰਮ ਕਰਕੇ ਇਕ ਇਕ ਨੂੰ ਚੌਦਾਂ ਚੌਦਾਂ ਵਾਰੀ ਬੁਝਾਵੇ ॥੭॥

੨੭੨੩ (ੳ)—ਸਿੱਕਾ ਤੇ ਬੰਗ, ਤੇਲ ਵਿਚ ਗਰਮ ਕਰਕੇ *ਬੁਝਾਕੇ ਮਾਰਨ ਤੋਂ ਪਹਿਲੇ ਸੁਧ ਕਰ ਲਵੇ। ਇਸਤਰਾਂ ਸੱਤੇ ਧਾਤਾਂ ਸੁਧ ਹੋ ਜਾਂਦੀਆਂ ਕਹੀਆਂ ਹਨ ॥੮॥

ਸੋਨਾ ਮਾਰਨ ਵਿਧੀ (ਸਾਰੰਗਧਰਾਤ)—ਚੌਪਈ

ਸੋਨੇ ਤੇ ਦੂਨਾ ਲੈ ਪਾਰਾ। ਤਾਕੇ ਸਮ ਗੰਧਕ ਲੈ ਧਾਰਾ।
ਕਚਨਾਰਹਿ ਜਲ ਦੋਊ ਪੀਸ। ਸੋਨੇ ਪੱਤਰ ਲੇਪੁ ਕਰੀਸ ॥੯॥
ਤਾਂਕੋ ਧਰੀਐ ਮੂਸ ਮੰਝਾਰ। ਅਧੋ ਊਰਧਹਿ ਦੇ ਕਚਨਾਰ।
ਕਚਨਾਰਹਿ ਮਧ ਸੋਨਾ ਪੱਤ੍ਰ। ਪੀਸ ਛਾਲ ਔਰਹਿ ਨਹਿ ਅਤ੍ਰ ॥੧੦॥
ਮਾਟੀ ਲੇਪ ਵਸਨ ਜੁ ਲਗਾਇ। ਗਾਢੀ ਮੁੰਦ੍ਰਾ ਦੇਹੁ ਸੁਕਾਇ।
ਕਠਨ ਆਗੁ ਸੁ ਲੇਹੁ ਪਕਾਇ। ਐਸੀ ਪੁਠ ਵਿਧਿ ਤੀਨ ਕਰਾਇ ॥੧੧॥
ਤੌ ਸੋਨਾ ਮ੍ਰਿਤੁ ਹੋਵਤ ਸਹੀ। ਸਾਰੰਗਧਰ ਤੇ ਮੇਘਹਿ ਲਹੀ।
ਸਬੀ ਯੋਗ ਕੇ ਆਵੇ ਕਾਮ। ਕਹਜੇ ਮ੍ਰਿਗਾਂਕ ਜੁ ਇਸਕਾ ਨਾਮ ॥੧੨॥

---

*ਕਦੇ ਕਦੇ ਬੁਝੌਣ ਵਕਤ ਭੜਾਕਾ ਉਠਕੇ ਧਾਤ ਬਾਹਰ ਉੱਛਲ ਜਾਂਦੀ ਹੈ, ਇਸ ਤੋਂ ਬਚੇ।

Digitized by Panjab Digital Library | www.panjabdigilib.org

੨੭੨੪—ਸੋਨੇ ਨਾਲੋਂ ਦੂਣਾ ਪਾਰਾ, ਪਾਰੇ ਸਮਾਨ ਗੰਧਕ, ਇਨ੍ਹਾਂ ਦੋਹਾਂ ਨੂੰ ਕਚਨਾਰ ਦੇ ਰਸ ਨਾਲ ਘੋਟਕੇ ਫਿਰ ਸੋਨੇ ਦੇ ਪੱਤ੍ਰ ਕਰਾਏ ਹੋਏ ਹੋਣ, ਉਨ੍ਹਾਂ ਪਰ ਲੇਪ ਕਰ ਦੇਵੇ। ਉਸਨੂੰ ਫਿਰ ਪਜਾਲੀਆਂ ਵਿੱਚ ਪਾਕੇ ਆਲੇ ਦੁਆਲੇ ਕਚਨਾਰ ਦਾ ਨੁਗਦਾ ਦੇਕੇ ਕਚਨਾਰ ਨੁਗਦੇ ਦੇ ਅੰਦ੍ਰ ਸੋਨੇ ਦਾ ਪਤ੍ਰਾ ਦੇਵੇ। ਪਰੰਤੂ ਯਾਦ ਰਹੇ ਕਿ ਛਿੱਲ ਪੀਹਕੇ ਹੀ ਨੁਗਦਾ ਕਰੇ। ਫਿਰ ਮਿੱਟੀ ਨਾਲ ਪਜਾਲਿਆਂ ਦੇ ਸੰਪੁਟ ਦਾ ਮੂੰਹ ਬਸਤ੍ਰ ਲਾਕੇ ਬੰਦ ਕਰੇ। ਇਸਤਰਾਂ ਗਾਢੀ ਮੁੰਦ੍ਰਾ (ਸੰਪੁਟ) ਪੱਕਾ ਕਰਕੇ ਸੁਕਾ ਰੱਖੇ। ਫਿਰ ਕਰੜੀ ਅੱਗ ਦੇ ਕੇ ਪਕਾਵੇ। ਅਜੇਹੀਆਂ ੩ ਪੁੱਠਾਂ ਦੇਵੇ ਤਾਂ ਸੋਨਾਂ ਠੀਕ ਮਰ ਜਾਵੇ। ਇਸਦਾ ਨਾਮ 'ਮ੍ਰਿਗਾਂਕ' ਹੈ, ਇਹ ਸਭ ਯੋਗਾਂ ਦੇ ਕੰਮ ਔਣ ਵਾਲਾ ਹੈ। ਇਹ ਸਾਰੰਗਧਰ ਤੋਂ ਮੇਘ ਵਿਚ ਕਿਹਾ ਹੈ॥ ੯ ਤੋਂ ੧੨॥

ਮਿਤ੍ਰ ਸੋਨੇ ਦੇ ਗੁਣ--ਦੋਹਰਾ

ਸੋਨਾ ਸੀਤਲ ਵ੍ਰਿਖਯ ਰਸਾਯਣ ਗੁਰ ਰਸੰ।
ਤੁਵਰ ਪਿੱਛਲੰ ਹ੍ਰਿਦਿਯ ਜੁ ਵਲਯ ਵਖਾਨਿਸੰ।
ਸ੍ਵਾਦ ਪਾਕ ਪਾਵਿਤ੍ਰ ਤਿਕਤ ਵਖਾਨਿਯਾ।
ਵ੍ਰਿਹਨ ਨੇਤਰ ਮੇਧ ਸਿੰਮ੍ਰਿਤਿ ਸ਼ਿਮ ਠਾਨਿਯਾ॥੧੩॥
ਔਧਿਯਾ ਕਰਿ ਥਿਰੁ ਜਾਨ ਸੁ ਸਿਧਦ ਕਾਂਤ ਹੀ।
ਵਿਖਖਯ ਜ੍ਵਰਹਿ ਤ੍ਰਿਦੋਖ ਸਬੀ ਹਰਿ ਸਾਂਤਹੀਂ।
ਸੋਖ ਹਰੈ ਉਨਮਾਦ ਯਾਹਿ ਕੋ ਨਾਸ ਹੈ।
ਸੋਨੇ ਕੇ ਗੁਨ ਮੇਘ ਭਨੈ ਨਹਿ ਭਾਸ ਹੈ॥੧੪॥

ਸੋਨਾ ਠੰਢਾ ਹੈ, ਬ੍ਰਿਖਿਜ=ਸ਼ੀਘਰ ਹੀ ਬੀਰਜ ਨੂੰ ਵਧੌਣ ਵਾਲਾ। ਰਸਾਇਣ—ਬ੍ਰਿਧਤਾ ਅਰ ਰੋਗਾਂ ਨੂੰ ਦੂਰ ਕਰਨੇ ਵਾਲਾ, ਭਾਰਾ, ਕਸੈਲਾ, ਪਿੱਛਲ, ਹ੍ਰਿਦਯ ਨੂੰ ਹਿਤਕਾਰੀ, ਬਲ ਕਾਰਕ, ਸਵਾਦੂ, ਪਾਕ ਹੈ, ਪਵਿਤ੍ਰ, ਤੀਛਣ, ਬ੍ਰਿਹਣ ਸਰੀਰ ਪੁਸ਼ਟ ਕਰਨ ਹਾਰਾ, ਨੇਤ੍ਰਾਂ ਨੂੰ, ਬੁੱਧੀ ਨੂੰ, ਸਿੰਮ੍ਰਿਤੀ ਨੂੰ ਦੇਣ ਹਾਰਾ, ਸੀਤਲ, ਆਯੂ ਵਰਧਕ, ਸਥਿਰ ਰੱਖਣ ਵਾਲਾ, ਸਿੱਧੀ, ਕ੍ਰਾਂਤੀ ਦਾ ਦੇਣ ਹਾਰਾ, ਵਿਖ, ਖਈ, ਤ੍ਰਿਦੋਖ; ਸੋਖ ਅਤੇ ਉਨਮਾਦ ਸਭਨਾਂ ਨੂੰ ਨਾਸ ਕਰਨ ਹਾਰਾ ਸੋਨੇ ਖਾਣ ਦਾ ਗੁਣ ਕਿਹਾ ਹੈ ਅਰਥਾਤ ਸੋਨਾਂ ਖਾਵੇ ਤਾਂ ਇਤਨੇ ਰੋਗ ਨਾਸ ਕਰੇ॥੧੩॥੧੪॥

ਰੂਪਾ ਮਾਰਣ—ਚੌਪਈ

ਰੂਪਾ ਤੋਲੇ ਤੀਨ ਮੰਗਾਇ। ਇਕ ਤੋਲਾ ਹਰਤਾਲ ਲਿਆਇ।
ਨਿੰਬੂ ਰਸ ਸੋ ਮਰਦਨ ਕਰੋ। ਰੂਪਾ ਪਾਤਰ ਲੇਪ ਸੁ ਧਰੋ॥੧੫॥
ਮੂਸ ਮਾਂਹਿ ਪਾਈ ਸੋ ਰਾਖ। ਆਛੀ ਮੁੰਦ੍ਰਾ ਕਰੀਯੋ ਸਾਖ।

Digitized by Panjab Digital Library | www.panjabdigilib.org

ਤੀਸ ਏਰਣੇ ਮਾਂਹਿ ਫੁਕਾਇ। ਐਸੇ ਪੁਟ ਚੌਦਾਂ ਕਰਵਾਇ ॥੧੬॥
ਪੁਟ ਪੁਟ ਮਹਿ ਦੀਜੈ ਹਰਤਾਰੁ। ਚੌਦਾਂ ਆਗ ਦੇਈ ਨੈਜਾਰ।
ਰੂਪਾ ਭਸਮ ਹੋਤ ਤਬ ਸੁਧਿ। ਸਾਰੰਗਧਰ ਤੇ ਭਾਖਾ ਕਿਧਿ ॥੧੭॥

੨੭੨੫-ਰੁਪਾ=ਚਾਂਦੀ ੩ ਤੋਲੇ ਤੇ ਇਕ ਤੋਲਾ ਵਰਕੀਆ ਹੜਤਾਲ ਲੈ ਕੇ ਨਿੰਬੂ ਦੇ ਰਸ ਨਾਲ ਖ੍ਰਲ ਕਰੇ। ਫਿਰ ਰੁਪੇ ਦੇ ਪਤਰੇ ਕੀਤੇ ਹੋਏ ਹੋਣ, ਓਹਨਾਂ ਉਪਰ ਲੇਪ ਕਰ ਦੇਵੇ। ਓਹਨਾਂ ਪੱਤ੍ਰਾਂ ਨੂੰ ਪਿਆਲਿਆਂ ਵਿਚ ਪਾਕੇ ਅੱਛੀ ਤਰਾਂ ਸੰਪੁਟ ਕਰ ਦੇਵੇ। ਤੀਹ ਏਰਣੇ ਗੋਹਿਆਂ ਦੀ ਅੱਗ ਦੇਵੇ। ਅਜੇਹੀਆਂ ੧੪ ਪੁਠਾਂ ਦਿਵਾਵੇ। ਪਰੰਤੂ ਪੁਠ ਪੁਠ ਵਿਚ ਏਸੇ ਤਰਾਂ ਨਿੰਬੂ ਨਾਲ ਘੋਟ ਘੋਟਕੇ ਹੜਤਾਲ ਦਾ ਲੇਪ ਕਰਦਾ ਜਾਵੇ, ਤਾਂ ਫਿਰ ਇਸਤਰਾਂ ਚੌਦਾਂ ਪੁਠਾਂ ਨਾਲ ਰੁਪੇ ਦੀ ਭਸਮ ਹੋ ਜਾਂਦੀ ਹੈ। ਇਹ ਸਾਰੰਗਧਰ ਵਿਚ ਲਿਖਿਆ ਹੈ ॥੧੫ ਤੋਂ ੧੭॥

ਰੂਪਾ ਗੁਣ (ਗੁਣ ਰਤਨਮਾਲਾਤ)--ਦੋਹਰਾ

ਤਾਰ ਸੀਤ ਸਰ ਪਾਕ ਰਸ ਅਮਲ ਸ੍ਵਾਦ ਜੁ ਕਖਾਇ।
ਵਯਸਥਾਪਨ ਲੇਖਨ ਚਿਕਨ ਵਾਤ ਪਿੱਤ ਜਿਤ ਸਾਇ ॥੧੮॥
ਰੋਗੁ ਵੀਸ ਪਰਮੇਹ ਹਰਿ ਔਰ ਰੋਗ ਹਰਿ ਏਹ ॥
ਰਤਨ ਮਾਲ ਤੇ ਮੈ ਕਹੀ ਬੂਝੇ ਪੰਡਿਤ ਤੇਹ ॥੧੯॥

ਤਾਰ=ਰੁਪਾ ਠੰਢਾ; ਦਸਤਾਵਰ, ਪਾਕ ਪਰ ਅਮਲ ਰਸ ਹੈ, ਸਵਾਦੂ, ਕਸੈਲਾ, ਆਯੂ ਥਿਰ ਕਰਨ ਹਾਰਾ, ਲੇਖਨ, ਚੀਕਣਾ, ਵਾਤ ਪਿਤ ਦਾ ਜਿਤਣ ਵਾਲਾ ਹੋਰ ਵੀਹ ਪ੍ਰਮੇਹ ਨਾਸ ਕਰਨ ਹਾਰਾ ਅਤੇ ਹੋਰ ਬੀ ਅਨੇਕਾਂ ਰੋਗਾਂ ਦੇ ਨਾਸ ਕਰਨੇ ਵਾਲਾ ਰੁਪਾ ਹੈ ॥੧੮॥੧੯॥

ਤਾਂਬਾ ਮਾਰਨ ਵਿਧੀ—ਦੋਹਰਾ

ਤਾਂਬਾ ਪੱਤ੍ਰ ਕਰਾਇਕੇ ਇਕ ਸਿਰਸਾਹੀ ਆਨ।
ਕਰਖ ਏਕ ਪਾਰਾ ਗਹੇ ਗੰਧਕ ਪਲ ਅਧ ਮਾਨ ॥੨੦॥
ਕਜਲੀ ਕਰ ਨਿੰਬੂ ਰਸੈ ਲੇਪੋ ਤਾਂਬ੍ਰ ਪੱਤ੍ਰ।
ਗਜ ਪੁਟ ਦੇਵੇ ਤਾਸ ਕੋ ਸੰਪੁਟ ਧਰਕੈ ਤੱਤ੍ਰ ॥੨੧॥
ਤੀਨ ਵਾਰ ਇਮ ਕੀਜਿਯੈ ਪਾਛੈ ਰਸ ਜੁ ਕੁਮਾਰ।
ਸਾਤਵਾਰ ਖਰਲੀ ਫੁਕੋ ਏਕੋ ਹੀ ਨਿਰਧਾਰ ॥੨੨॥
ਤਾਂਬਾ ਮ੍ਰਿਤੁ ਸੁਧ ਹੋਤ ਹੈ ਗੁੰਜਾ ਭਰ ਸੇ ਦੇਇ।

Digitized by Panjab Digital Library | www.panjabdigilib.org

ਨੈਨ ਆਪਨੇ ਮੈ ਲਖਯੋ ਭਾਖਯੋ ਈਹਾਂ ਲੇਇ ॥੨੩॥

੨੭੨੬—ਤਾਂਬੇ ਦੇ ਪਤ੍ਰ ਕਰਾਇਕੇ ਇਕ ਸਰਸਾਹੀ ਪ੍ਰਮਾਣ ਲਵੇ, ਤੇ ਪਾਰਾ ੧ ਤੋਲਾ, ਗੰਧਕ ੨ ਤੋਲੇ, ਪਾਰੇ ਗੰਧਕ ਦੀ ਕਜਲੀ ਨਿੰਬੂ ਦਾ ਰਸ ਪਾਕੇ ਕਰੇ, ਉਹ ਕਜਲੀ ਤਾਂਬੇ ਤੇ ਪਤ੍ਰਿਆਂ ਉਪਰ ਲਿਪੇ। ਫਿਰ ਸਪੁਟ ਵਿਚ ਦੇਕੇ ਗਜਪੁਠ ਦਵਾਰਾ ਫੂਕ ਦੇਵੇ। ਤਿੰਨ.ਬਾਰ ਇਸ ਤਰਾਂ ਕਜਲੀ ਦਾ ਲੇਪ ਕਰ ਕਰਕੇ ਇਕ ਬਾਰ ਫੂਕੇ ਤਾਂ ਤਾਂਬਾ ਸਰਕੇ ਸੁਧ ਹੋਵੇ; ਇਸਨੂੰ ਫਿਰ ਰਤੀ ਪ੍ਰਮਾਣ ਖਾਵੇ, ਇਹ ਨੇਤ੍ਰੀਂ ਦੇਖਕੇ ਲਿਖਿਆ ਹੈ ॥੨੦ ਤੋਂ ੨੩॥

ਤਾਂਬਾ ਗੁਣ—ਦੋਹਰਾ

ਮਧੁਰਸੁ ਤਿਕਤਿ ਕਖਾਇ ਕਟੁ ਅਮਲਪਾਕ ਹਰਿ ਪਿੱਤ।
ਰੋਪਨ ਲੇਖਨ ਕਫ ਹਰਨ ਸੀਤ ਜਾਨ ਗੁਣ ਮਿੱਤ ॥੨੪॥

ਮਿੱਠਾ, ਤੀਛਣ, ਕਸੈਲਾ, ਕੌੜਾ, ਪਾਕ, ਖੱਟਾ, ਪਿੱਤ ਨਾਸਕ, ਰੋਪਨ (ਜ਼ਖਮ ਭਰਨ ਹਾਰਾ) ਲੇਖਨ, ਕਫ ਹਰਨ ਹਾਰਾ ਤੇ ਠੰਢਾ ਗੁਣ ਜਾਣੋ ॥੨੪॥

ਬੰਗ ਮਾਰਨ—ਦੋਹਰਾ

ਕਲੀ ਗਲਾਵੈ ਠੀਕਰੈ ਊਪਰ ਭੁਰਕੇ ਏਹ।
ਅੰਬਲੀ ਤ੍ਵਚ ਅਰ ਅਸ੍ਵਥ ਕੀ ਚੂਰਨ ਕਰਿਕੈ ਤੇਹ ॥੨੫॥
ਵਾਰੰਵਾਰ ਹਿਲਾਈਐ ਛਿਨ ਛਿਨ ਚੂਰਨ ਖਾਇ।
ਭਸਮ ਹੋਤ ਹੈ ਬੰਗ ਤਬ ਪੁਨ ਹਰਤਾਲ ਮੰਗਾਇ ॥੨੬॥
ਬੰਗ ਬਰਾਬਰ ਪਾਇਕੈ ਨਿੰਬੂ ਰਸ ਖਰਲਾਇ।
ਗਜਪੁਟ ਦੇਵੈ ਮੂਸ ਧਰਿ ਸੀਤਲ ਹੋਇ ਨਿਕਲਾਇ ॥੨੭॥
ਪੁਨ ਨਿੰਬੂ ਰਸ ਖਰਲ ਕੈ ਪੁਨ ਗਜਪੁਟ ਤਿਸੁ ਦੇਇ।
ਤਾਂਕੋ ਦਸ ਪੁਟ ਇਮ ਕਰੋ ਮਰਤ ਬੰਗ ਸੁਧ ਤੇਇ ॥੨੮॥

੨੨੨੭—ਕਲੀ ਨੂੰ ਠੀਕਰੇ (ਯਾ ਕੜਾਹੀ) ਵਿਚ ਗਲਾਵੇ ਤੇ ਉਪਰ ਇਹ ਧੂੜੇ-ਇਮਲੀ ਦੀ ਛਿੱਲ, ਪਿੱਪਲ ਦੀ ਛਿੱਲ, ਇਹਨਾਂ ਦਾ ਬਰੀਕ ਚੂਰਣ ਕਰਕੇ ਬਾਰੰਬਰ ਪਾਵੇ ਤੇ ਹਿਲਾਵੇ, ਛਿਨ ਛਿਨ ਪਿਛੋਂ ਚੂਰਣ ਦੀ ਚੁਟਕੀ ਧੂੜੀ ਜਾਵੇ ਤਾਂ ਫਿਰ ਬੰਗ ਦੀ ਸੁਆਹ ਹੋ ਜਾਂਦੀ ਹੈ, ਉਸ ਵਿਚ ਬੰਗ ਦੇ ਬਰਾਬਰ ਦੀ ਹੜਤਾਲ ਵਰਕੀਆ ਮੰਗਾਕੇ ਪਾਵੇ ਅਰ ਨਿੰਬੂ ਦੇ ਰਸ ਨਾਲ ਖਰਲ ਕਰੇ। ਪਜਾਲਿਆਂ ਦੇ ਸੰਪੁਟ ਵਿਚ ਰੱਖਕੇ ਗਜ ਪੁੱਠ ਦਵਾਰਾ ਫੂਕ ਦੇਵੇ, ਇਸੇ ਢੰਗ ਦੀਆਂ ਦਸ਼ ਪੁੱਠਾਂ ਦੇਵੇ ਤਾਂ ਬੰਗ ਮਰ ਜਾਵੇ ॥ ੨੫ ਤੋਂ ੨੮ ॥

Digitized by Panjab Digital Library | www.panjabdigilib.org

ਬੰਗ ਗੁਣ—ਸ੍ਵੈਯਾ

ਬੰਗ ਲਘੂ ਸਰ ਰੂਖਜ ਕਹੀ ਕਫ ਕੀਟ ਹਰੈ ਸਬ ਮੇਹ ਵਿਨਾਸੈ।
ਪਾਂਡਵ ਸੋਥ ਹਰੈ ਕ੍ਰਿਮ ਕੋ ਵਪੁ ਜੋਰ ਕਰੈ ਉਸਨਾ ਗੁਨ ਭਾਸੈ।
ਸੋਖਯਾਸੁ ਭਾਗਜ ਸੁ ਪੁਸਟ ਕਰੈ ਇਹ ਮੇਘ ਭਨੈ ਗੁਨ ਬੰਗ ਪ੍ਰਕਾਸੈ।
ਪਿੱਤਲ ਜਾਨ ਵਖਾਨ ਕਹਯੋ ਸਬ ਧਾਤਨਿ ਰੋਗਨਿ ਯਾਹੀ ਤੇ ਨਾਸੈ ॥੨੯॥

ਬੰਗ ਹਲਕੀ, ਦਸਤਾਵਰ, ਖੁਸ਼ਕ, ਕਫ; ਚਮੂਣੇ ਤੇ ਪ੍ਰਮੇਹ ਇਨ੍ਹਾਂ ਦਾ ਨਾਸ ਕਰੇ। ਪਾਂਡੂ, ਸੋਜ, ਕ੍ਰਿਮਿ ਨਾਸ ਕਰੇ ਤੇ ਸਰੀਰ ਵਿਚ ਜ਼ੋਰ ਵਧਾਵੇ, ਗਰਮੀ ਵਧਾਵੇ, ਸੋਖ ਨੂੰ ਭਗਾਵੇ ਤੇ ਪੁਸ਼ਟੀ ਕਰੇ, ਪਿਤ ਵਧਾਵੇ, ਸਭ ਤਰਾਂ ਦੇ ਧਾਤੂ ਦੇ ਰੋਗ ਨਾਸ ਕਰਨ ਹਾਰੀ ਵੰਗ ਕਹੀ ਹੈ। (ਕਹਾਵਤ ਹੈ, ਘੋੜੇ ਨੂੰ ਤੰਗ, ਮਰਦ ਨੂੰ ਵੰਗ) ॥੨੯॥

ਜਿਸਤ ਮਾਰਣ—ਦੋਹਰਾ

ਜਿਸਤ ਕੜਾਹੀ ਗਾਲਕੈ ਵਿਸਖਪਰਾ ਜੜ੍ਹ ਪਾਇ।
ਲੋਹੁ ਦੰਡ ਸੋ ਮਰਦੀਏ ਯਾਮ ਏਕ ਲੌ ਸਾਇ ॥੩੦॥
ਜਯੋਂ ਜਯੋਂ ਚੂਰਨ ਪਾਈਐ ਤਿਮੈਂ ਤਿਮੈਂ ਰਗੜਾਇ।
ਮੁਇਆ ਜਿਸਤ ਪੁਨ ਖਰਲ ਕਰ ਰਸ਼ ਕੁਮਾਰ ਕਾ ਦਾਇ ॥੩੧॥
ਤਾਕੋ ਗਜਪੁਟ ਦੀਜੀਐ ਮਰਤ ਜਿਸਤ ਸੁਧ ਹੋਇ।
ਜੇ ਕਾਚਾ ਕਛੂ ਰਹਿਤ ਹੈ ਪੁਨ ਤਿਸ ਆਗ ਕਰੋਇ ॥੩੨॥

੨੭੨੮—ਜਿਸਤ ਨੂੰ ਕੜਾਹੀ ਵਿਚ ਗਾਲੇ, ਉਪਰ ਵਿਸਖਪਰੇ ਇਟਸਿਟ ਦੀ ਜੜ੍ਹ ਪੀਹਕੇ ਧੂੜੇ ਅਰ ਲੋਹੇ ਦੇ ਡੰਡੇ ਨਾਲ ਘੋਟੇ, ਇਸਤਰਾਂ ਇੱਕ ਪਹਿਰ ਕਰੇ। ਜਿਉਂ ਜਿਉਂ ਚੂਰਣ ਪਾਵੇ ਤਿਉਂ ਤਿਉਂ ਰਗੜੇ, ਇਸਤਰਾਂ ਜਦ ਜਿਸਤ ਮਰ ਜਾਵੇ ਤਾਂ ਕੁਆਰ ਦਾ ਰਸ ਪਾਕੇ ਵਿਰ ਖਰਲ ਕਰੇ, ਫਿਰ ਗਜਪੁਤ ਦੀ ਅੱਗ ਸੰਪੁਟ ਵਿਚ ਧਰਕੇ ਦੇਵੇ ਤਾਂ ਜਿਸਤ ਮਰਕੇ ਸੁਧ ਹੋਵੇ। ਜੇ ਕਦੇ ਕੱਚਾ ਨਜ਼ਰ ਆਵੇ ਤਾਂ ਮੁੜ ਇਸੇ ਤਰਾਂ ਅੱਗ ਦੇ ਲਵੇ ॥੩੦ ਤੋਂ ੩੨॥

ਯਸਦ ਗੁਣ—ਦੋਹਰਾ

ਯਸਦ ਤੁਵਰ ਸੀਤਲ ਤਿਕਤ ਹਰਿ ਹੈ ਕਫ ਪਿਤ ਮੇਹ।
ਪਾਂਡੂ ਸ੍ਵਾਸ ਹਰਿ ਕਾਸ ਚਖ ਜਾਨੈ ਪੰਡਿਤ ਤੇਹ ॥੩੩॥

Digitized by Panjab Digital Library | www.panjabdigilib.org

ਜਿਸਤ ਕਸੈਲਾ, ਠੰਢਾ ਤੀਛਨ; ਕਫ, ਪਿਤ ਤੇ ਪ੍ਰਮੇਹ ਦਾ ਨਾਸ਼ ਕਰਨ ਹਾਰਾ ਹੈ, ਪਾਂਡੂ, ਸ੍ਵਾਸ, ਕਾਸ ਤੇ ਨੇਤ੍ਰਾਂ ਦੇ ਰੋਗਾਂ ਦਾ ਨਾਸਕ ਹੈ ॥੩੩॥

ਸੀਸਾ (ਸਿਕਾ) ਮਾਰਨ (ਸਾਰੰਗਧਰਾਤ)—ਚੌਪਈ

ਪਿੱਪਲ ਛਾਲ ਬੁਰਬੁਰੀ ਕੀਜ। ਅਥਵਾ ਧਾਤ੍ਰੀ ਤਰੁ ਤਚਵ ਲੀਜ॥
ਸੀਸੇ ਤੇ ਸੋ ਚੌ ਗੁਨ ਤੋਇ॥ ਠੀਕਰ ਪਾਈ ਨਾਗ ਗਲੇਇ ॥੩੪॥
ਚੌਥਾ ਭਾਗ ਛਾਲ ਕਾ ਪਾਇ। ਕੜਛੀ ਸੋ ਤਾਂਕੋ ਰਗੜਾਇ।
ਵਾਰ ਵਾਰ ਤ੍ਰਚ ਪਾਵੇ ਸਹੀ। ਨਾਗਹਿ ਲਾਵੇ ਛਿੰਨ ਛਿੰਨ ਕਹੀ ॥੩੫॥
ਪਹਿਰ ਏਕ ਮੈ ਮ੍ਰਿਤ ਸੁਧ ਜਾਨ। ਤਾਕੈ ਸਮ ਮਨਸਲ ਲੈ ਠਾਨ।
ਕਾਂਜੀ ਸੇਟੀ ਪੀਸੇ ਜੋਇ। ਪੁਨ ਕਸੀਸ ਯਹਿ ਸਮ ਲੈ ਢੋਇ ॥੩੬॥
ਸਕਲ ਪੀਸ ਸੰਪਟ ਮੈ ਪਾਇ। ਤਾਕੋ ਗਜਪੁਟ ਲੇਹੁ ਪਕਾਇ।
ਕਾਂਜੀ ਜਲ ਸੋਂ ਪੁਨ ਪੀਸਾਇ। ਗਜਪੁਟ ਫਿਰ ਤਾਕੋ ਲੈ ਦਾਇ ॥੩੭॥
ਐਸੇ ਹੀ ਪੁਟ ਸਾਠ ਕਰਾਇ। ਮਰਤ ਨਾਗ ਤਬ ਸੁੱਧ ਕਹਾਇ ॥
ਯੋਗ ਮਾਂਹਿ ਤੋਂ ਤਾਕਉ ਦੇਇ। ਸਾਰੰਗਧਰ ਤੇ ਭਾਖੀ ਲੇਇ ॥੩੮॥

੨੭੨੯=ਪਿੱਪਲ ਦੀ ਛਿੱਲ ਦਰੜਾ ਜੇਹੀ ਕਰੇ, ਯਾ ਆਵਲੇ ਦੇ ਬ੍ਰਿਛ ਦੀ ਛਿੱਲ ਲਵੇ। ਪਰੰਤੂ ਇਹ ਸ਼ੀਸ਼ੇ ਨਾਲੋਂ ਚੌਗੁਣੀ ਹੋਵੇ, ਠੀਕਰ ਵਿਚ ਪਾਕੇ ਸਿੱਕਾ ਗਲਾਵੇ। ਉਸ ਪਰ ਚੌਥਾ ਹਿਸਾ ਪਹਿਲੇ ਛਿੱਲ ਦਾ ਪਾ ਦੇਵੇ ਤੇ ਕੜਛੀ ਨਾਲ ਰਗੜੀ ਜਾਵੇ। ਫਿਰ ਬਾਕੀ ਬਾਰੰਬਰ ਛਿਲ ਪਾਕੇ ਸਿੱਕੇ ਨੂੰ ਰਗੜੀ ਜਾਵੇ। ਇਸਤਰਾਂ ਇਕ ਪਹਿਰ ਵਿਚ ਸਿਕਾ ਮਰਕੇ ਸੁਧ ਹੋਵੇ, ਫਿਰ ਉਸਦੇ ਬ੍ਰਾਬਰ ਦੀ ਮਨਸਿਲ ਲਿਆਕੇ ਕਾਂਜੀ ਨਾਲ ਪਾ ਕੇ ਪੀਹੇ। ਇਤਨੀ ਹੀ ਫਿਰ ਕਸੀਸ ਪਾਕੇ ਸਭਨਾਂ ਨੂੰ ਪੀਹਕੇ ਸੰਪੁਟ ਵਿਚ ਭਰੇ। ਗਜਪੁਟ ਦੇਕੇ ਫੂਕ ਲਵੇ। ਫੇਰ ਕਾਂਜੀ ਨਾਲ ਘੋਟਕੇ ਗਜਪੁਟ ਦੇਵੇ। ਅਜੇਹੀਆਂ ੬੦ *ਪੁਠਾਂ ਕਰੇ ਤਾਂ ਸਿੱਕਾ ਮਰਕੇ ਸੁਧ ਹੋਵੇ। ਉਸਨੂੰ ਫਿਰ ਪ੍ਰਯੋਗ ਵਿਚ ਪਾਵੇ। ਇਹ ਸਾਰੰਗਧਰ ਦਾ ਮਤ ਹੈ ॥ ੩੪ ॥ ਤੋਂ ੩੮ ॥

ਸੀਸਾ (ਸਿੱਕਾ) ਗੁਣ—ਦੋਹਰਾ

ਨਾਗ ਵੰਗ ਸਮ ਜਾਨਿਯੇ ਸੌ ਗਜ ਲੌਂ ਬਲ ਦੇਇ।
ਹਰੇ ਮੇਹ ਬਲੁ ਕਾਮ ਕਰਿ ਭੂਖਾ ਮ੍ਰਿਤੁ ਹਰੇਇ ॥੩੯॥

---

*ਯਾਦ ਰਹੇ ਕਿ ਮੇਘ ਵਿਚ ੭ ਪੁਠਾਂ ਬੀ ਪਾਠ ਹੈ, ਸੋ ਅਸੁਧ ਹੈ।

Digitized by Panjab Digital Library | www.panjabdigilib.org

ਸਿੱਕਾ ਬੰਗ ਸਮਾਨ ਗੁਣਾਂ ਵਾਲਾ ਜਾਣੋਂ । ਸੌ ਹਾਥੀ ਸਮਾਨ ਬਲ ਦੇਣ ਹਾਰਾ ਹੈ, ਪ੍ਰਮੇਹ ਨਾਸ ਕਰੇ, ਬਹੁਤਾ ਕਾਮ ਵਧਾਵੇ, ਭੁੱਖ ਕਾਰਕ, ਮ੍ਰਿਤੂ ਦਾ ਨਾਸ ਕਰਨਹਾਰਾ ਹੈ ॥੩੯॥

ਸਾਰ (ਫੌਲਾਦ) ਮਾਰਣ (ਸਾਰੰਗਧਰਾਤ)—ਚੌਪਈ

ਸਾਰ ਰੇਤ ਸਿਰਸਾਹੀ ਚਾਰ। ਸਿੰਗਰਫ ਦਸਮਾਂ ਭਾਗ ਜੁ ਡਾਰ।
ਦੋਨੋ ਪੀਸੋ ਰਸ ਜੁ ਕੁਮਾਰ। ਪਹਿਰ ਦੋਇ ਖਰਲੋ ਸੁ ਵਿਚਾਰੁ ॥੪੦॥
ਕੁਜੜੇ ਪਾਈ ਤਾਂਹਿ ਪਕਾਇ। ਸਾਤ ਪੁਟਾਂ ਇਮ ਹੀ ਸੁ ਕਰਾਇ।
ਚੂਲੇ ਧਰਕੈ ਅਗਨਿ ਕਰਾਵੇ। ਲਾਲ ਰੰਗ ਤਾਕਾ ਸੁ ਕਰਾਵੇ ॥੪੧॥
ਮਰਤ ਸਾਰ ਜਾਨੋ ਤੁਮ ਏਹ। ਸਾਰੰਗਧਰ ਤੇ ਭਾਖੀ ਲੇਹ।
ਸੋ ਲੈ ਮੇਘ ਵਖਾਨੀ ਈਹਾ। ਪਾਵੇ ਯੋਗ ਮਾਹਿ ਜਿਹ ਤੀਹਾ ॥੪੨॥

੨੭੩੦—ਸਾਰ (ਲੋਹਾ) ੪ ਸਿਰਸਾਹੀਆਂ ਰੇਤ ਲਵੇ, ਇਸ ਵਿਚ ਦਸਵਾਂ ਹਿੱਸਾ ਸਿੰਗ੍ਰਫ ਪਾਵੇ। ਦੋਹਾਂ ਨੂੰ ਕਵਾਰ ਦੇ ਰਸ ਵਿਚ ਘੋਟੇ। ਖਰਲ ਦੋ ਪਹਿਰ ਤਕ ਕਰੇ। ਫਿਰ ਕੁੱਜੇ ਵਿਚ ਪਾਕੇ ਸੰਪੁਟ ਕਰਕੇ ਸੱਤ ਪੁੱਠਾਂ ਇਸ ਤਰਾਂ ਕਰੇ। ਚੂਲ੍ਹੇ ਤੇ ਚਾੜ੍ਹਕੇ ਅੱਗ ਦੇਵੇ। ਲਾਲ ਰੰਗ ਜਦ ਹੋ ਜਾਵੇ ਤਾਂ ਸਾਰ ਮਰਿਆ ਜਾਣੇ। ਇਹ ਸਾਰੰਗਧਰ ਤੋਂ ਕਿਹਾ ਹੈ ॥੪੦ ਤੋਂ ੪੨॥

ਸਾਰ ਗੁਣ—ਚੌਪਈ

ਸਾਰ ਤਿਕਤ ਸਰ ਸੀਤਲ ਰੂਖ। ਲੇਖਨ ਮਧੁਰ ਕੱਖਯ ਸੂਖ।
ਗੁਰ ਉਪਸਥ ਭੁਸਖਈ ਬਖਾਨ। ਵਾਤ ਪਿੱਤ ਕਫ ਕੋ ਹਰਿ ਮਾਨ ।੪੩।
ਸੂਲ ਸੋਫ ਅਰਸਾ ਮਿਟ ਪੰਡੂ। ਰੋਗ ਪਲੀਹਾ ਕ੍ਰਿਮ ਸਤ ਖੰਡ।
ਮੇਹ ਕੁਸ਼ਟ ਕਾ ਨਾਸ ਕਰਾਇ। ਲੋਹ ਕ੍ਰਿੱਟਿ ਭੀ ਤਿਮ ਗੁਣਬਾਇ ॥੪੪॥

ਸਾਰ ਤੀਛਣ, ਦਸਤਾਵਰ, ਠੰਢਾ ਖੁਸ਼ਕ, ਲੇਖਨ, ਮਧੁਰ, ਕਸੈਲਾ, ਭਾਰੀ; ਉਪਸ਼ਥ (ਆਯੂ ਸਥਿਰ ਰਖਣ ਵਾਲਾ), ਭੁੱਸ, ਖਈ, ਬਾਤ ਪਿੱਤ ਤੇ ਕਫ ਦਾ ਨਾਸਕ ਹੈ। ਸੂਲ, ਸੋਜ, ਬਵਾਸੀਰ ਪਾਂਡੂ, ਲਿਫੂ, ਕ੍ਰਿਮਿ, ਪ੍ਰਮੇਹ ਤੇ ਕੁਸ਼ਟ ਦਾ ਨਾਸ ਕਰਨ ਹਾਰਾ ਲੋਹਾ ਮ੍ਰਿਤ ਹੈ, ਇਸ ਦੇ ਸਮਾਨ ਗੁਣ ਵਾਲਾ ਮਨੂਰ ਹੈ ।।੪੪।।

ਸਾਤ ਉਪਧਾਤ ਨਾਮ (ਸਾਰੰਗਧਰਾਤ)—ਦੋਹਰਾ

ਅਭਰਕ ਸੁਰਮਾ ਮਨਸਿਲਾ ਥੂਥਾ ਅਰ ਹਰਤਾਲ।
ਸੰਗਸਰੀ ਸੋਨਾ ਮਖੀ ਸਾਤੋ ਲੇਹੁ ਸੰਭਾਲ ॥੪੫॥

Digitized by Panjab Digital Library | www.panjabdigilib.org

੨੭੩੧—੧ ਅਭਰਕ, ੨ ਸੁਰਮਾ, ੩ ਮਨਸਿਲ, ੪ ਨੀਲਾ ਥੋਥਾ, ੫ ਹਰਤਾਲ (ਵਰਕੀਆ), ੬ *ਸੰਗਸ੍ਰੀ ਤੇ ੭ ਸੋਨਾਮੱਖੀ, ਇਹ ਸਤ ਉਪਧਾਤਾਂ ਹਨ ॥੪੫॥

ਸਾਤੋਪਧਾਤੁ ਨਾਮ (ਗੁਣਰਤਨਮਾਲਾਤ)—ਦੋਹਰਾ

ਦੋਨੋ ਮਾਖੀ ਸਿਲਾਜਿਤ ਪਿੱਤਲੁ ਕਾਸਿ ਸੰਧੂਰ।
ਨੀਲਾਥੋਥਾ ਸਾਤਮੀ ਏ ਉਪਧਾਤ ਸੁ ਪੂਰ ॥੪੬॥

ਸੋਨਮੱਖੀ, ਰੁੱਪਾਮੱਖੀ; ਸਿਲਾਜੀਤ, ਪਿੱਤਲ, ਕਾਂਸੀ (ਕੈਹਾਂ), ਸੰਧੂਰ ਤੇ ਨੀਲਾਥੋਥਾ ਇਹ ਸਤ ਉਪਧਾਤੂਆਂ ਹਨ ॥੪੬॥

ਸੋਨਾ ਮੱਖੀ, ਰੁੱਪਾ ਮੱਖੀ ਮਾਰਨ (ਸਾਰੰਗਧਰਾਤ)—ਦੋਹਰਾ

ਸੋਵਨ ਮਾਖੀ ਪਲੁ ਗਹੋ ਸੇਂਧਾ ਪੈਸਾ ਏਕ।
ਜੰਭੀਰੀ ਵਿਜੌਰ ਰਸੁ ਲੋਹ ਪਾਤ੍ਰ ਮਹਿ ਟੇਕ ॥੪੭॥
ਲੋਹ ਦੰਡ ਸੋ ਰਗੜਿਯੇ ਲਾਲ ਰੰਗ ਜਬ ਹੋਇ।
ਸੁੱਧ ਭਈ ਤਬ ਆਖੀਐ ਜਾਨੈ ਪੰਡਿਤ ਸੋਇ ॥੪੮॥
ਕੰਕੌੜਾ ਜੜ੍ਹ ਰਸੁ ਪਿਖੋ ਖਟੇ ਕਾ ਰਸੁ ਪਾਇ।
ਮੇਢਾ ਸ੍ਰਿੰਗੀ ਰਸੁ ਪਿਖੋ ਧੂਪਹਿ ਲੇਹੁ ਸੁਕਾਇ ॥੪੯॥
ਏਕ ਦਿਵਸ ਮੈਂ ਸੁੱਧ ਹੁਇ ਸਾਰੰਗਧਰ ਹੈ ਏਹ।
ਸਬੀ ਯੋਗ ਮਹਿ ਦੀਜਿਯੇ ਜਾਨੋ ਪੰਡਿਤ ਤੇਹ ॥੫੦॥

੨੭੩੨—ਸੋਨਾਮੱਖੀ ੪ ਤੋਲੇ, ਸੇਂਧਾ ਨਿਮਕ ੧ ਪੈਸਾ ਭਰ, ਜੰਭੀਰੀ, (ਗਲ ਗਲ) ਯਾ ਬਿਜੌਰੇ (ਨਿੰਬੂ) ਦਾ ਰਸ ਲੋਹੇ ਦੇ ਪਾਤ੍ਰ ਵਿਚ ਪਾਕੇ ਲੋਹੇ ਦੇ ਡੰਡੇ ਨਾਲ ਰਗੜੇ, ਜਦ ਲਾਲ ਰੰਗ ਹੋ ਜਾਵੇ ਤਾਂ ਸੁਧ ਹੋਈ ਸਮਝੇ। ਫਿਰ ਉਸ ਵਿਚ ਕੰਕੌੜੇ ਦਾ ਰਸ ਪਾਵੇ ਅਰ ਫਿਰ ਖਟੇ ਦਾ ਰਸ ਪਾਵੇ। ਇਸੇਤਰਾਂ ਮੇਢਾ ਸਿੰਙੀ ਦਾ ਰਸ ਪਾਕੇ ਫਿਰ ਧੁੱਪੇ ਸੁਕਾ ਲਵੇ। ਇਸ ਤਰਾਂ ਇਕ ਦਿਨ ਵਿਚ ਸੁਧ ਹੋਵੇ ਤਾਂ ਫਿਰ ਇਹ ਸਭ ਯੋਗਾਂ (ਨੁਸਖਿਆਂ) ਵਿਚ ਪੌਣ ਦੇ ਲਾਇਕ ਹੋਵੇ ਇਹ ਸਾਰੰਗਧਰ ਦਾ ਮਤ ਹੈ ॥੪੭ ਤੋਂ ੫੦॥

ਨੀਲਾਥੋਥਾ ਸੋਧਨ—ਚੌਪਈ

ਨੀਲਾਥੋਥਾ ਵੀਠ ਪਰੇਵਾ। ਦਸਮ ਅੰਸ ਟੰਕਨ ਵਿਚ ਦੇਵਾ।

*ਸੰਗਬਿਸਰੀ, ਇਹ ਨੀਲੇ ਥੋਥੇ ਦਾ ਹੀ ਭੇਤ ਹੈ, ਇਸਦੀਆਂ ਦੋ ਜਾਤਾਂ ਹਨ।

Digitized by Panjab Digital Library | www.panjabdigilib.org

ਤਾਕੋ ਖੀਸੀ ਦਧਿ ਮਹਿ ਪਾਇ। ਮ੍ਰਿਦੁ ਅਗਨਿ ਦੈ ਸੁੱਧ ਕਰਾਇ॥੫੧॥

੨੭੩੩—ਨੀਲੇ ਥੋਥੇ ਵਿਚ ਕਬੂਤਰ ਦੀ ਵਿੱਠ ਪਾਕੇ ਉਸ ਵਿਚ ਦਸਵਾਂ ਹਿੱਸਾ ਸੁਹਾਗਾ ਪਾਕੇ ਪੀਹਕੇ ਦਹੀਂ ਵਿਚ ਪਾਕੇ ਘੋਟੇ, ਅਰ ਫਿਰ ਨਰਮ ਅਗਨੀ ਦੇਕੇ ਪਕਾਵੇ, ਇਸਤਰਾਂ ਨੀਲਾ ਥੋਥਾ ਸੁੱਧ ਕਰੇ ॥੫੧॥

ਸੰਗਸਿਰੀ ਸੋਧਨ—ਦੋਹਰਾ

ਨਰ ਮੂਤ੍ਰ ਜੋ ਪਚਾਈਏ ਸਪਤ ਬਾਰਿ ਸੋ ਜਾਨ।
ਦੋਲਯੰਤ੍ਰ ਕਰ ਸੋ ਸਹੀ ਸੰਗਸਿਰੀ ਸੁੱਧ ਠਾਨ ॥੫੨॥

੨੭੩੪-ਆਦਮੀ ਦੇ ਪੇਸ਼ਾਬ ਵਿੱਚ ਡੋਲ ਯੰਤ੍ਰ ਕਰਕੇ ਸੱਤ ਬਾਰ ਪਚਾਵੇ ਤਾਂ ਸੰਗਸਿਰੀ ਸੁੱਧ ਹੋਵੇ ॥੫੨॥

ਅਭ੍ਰਕ ਸੋਧਨ, ਮਾਰਣ—ਚੌਪਈ

ਕਾਲਾ ਅਭਰਕ ਅਗਨਿ ਧਮਾਇ। ਦੂਧ ਮਾਂਹਿ ਜੋ ਲੇਹੁ ਬੁਝਾਇ।
ਤਾਕੋ ਕੂਟੀ ਕਣ ਕਣ ਕਰੋ। ਮੇਘ ਨਾਦ ਰਸ ਭਾਵਨ ਧਰੋ॥੫੩॥
ਅਸਟ ਯਾਂਮ ਮਰਜਾਦਾ ਜਾਨ। ਤੌ ਅਭਰਕ ਸੋ ਸੁੱਧ ਬਖਾਨ।
ਅਬ ਮਾਰਨ ਕੀ ਬਿਧ ਮੈਂ ਕਹੌਂ। ਰਸਰਤਨਾਕਰ ਜੈਸੀ ਲਹੌ॥੫੪॥
ਅਕਰ ਦੂਧ ਸੋਂ ਖਰਲ ਕਰਾਇ। ਤਾਕੀ ਟਿਕੀ ਕਰੈ ਬਨਾਇ।
ਅਰਕ ਪੱਤ੍ਰ ਸੋ ਵੇਢੇ ਸੋਇ। ਤਾਕੋ ਗਜਪੁਟ ਦੇਵੇ ਸੋਇ॥੫੫॥
ਇਸ ਬਿਦ ਸੋਂ ਪੁਟ ਸਪਤ ਕਰਾਇ ॥ ਸਾਤੇ ਗਜਪੁਟ ਤਾਹਿ ਜਰਾਇ।
ਤਾਂ ਪੀਛੇ ਬਟ ਜਟ ਕਰ ਕ੍ਵਾਹ। ਤਾਕੀ ਤੀਨ ਪੁਟਾਂਤ੍ਰਿਕ ਦਾਹ॥੫੬॥
ਸੋ ਮ੍ਰਿਤ ਅਭਰਕ ਤਲਦਸ ਜਾਨ। ਗੋ ਘ੍ਰਿਤ ਪਲ ਆਠੌ ਮਹਿ ਠਾਨ।
ਲੋਹੁ ਪਾਤ੍ਰ ਧਰ ਲੇਹੁ ਪਚਾਇ। ਮ੍ਰਿਦੁਅਗਨੀ ਦੇ ਘੀਉ ਜਰਾਇ॥੫੭॥
ਸੋ ਮ੍ਰਿਤ ਅਭਰਕ ਸੁਧ ਵਖਾਨ। ਰਸ ਰਤਨਾਕਰ ਭਾਖੀ ਬਾਨਿ ॥
ਸਰਬ ਯੋਗ ਮਹਿ ਪਾਵੇ ਏਹ। ਜੈਸਾ ਦੇਖੋ ਤੈਸਾ ਦੇਹ॥੫੮॥

੨੭੩੫-ਕਾਲਾ ਅਭ੍ਰਕ ਲੈਕੇ ਅੱਗ ਵਿਚ ਤਪਾਕੇ ਗੋਕੇ ਦੁਧ ਵਿਚ ਬੁਝਾ ਲਵੇ। ਫਿਰ

Digitized by Panjab Digital Library | www.panjabdigilib.org

ਉਸਨੂੰ ਕੁੱਟਕੇ ਨਿੱਕਾ ਨਿੱਕਾ ਕਰੇ। ਫਿਰ *ਚੌਲਾਈ ਦੇ ਰਸ ਦੀ ਭਾਵਨਾਂ ਅੱਗ ਪਰ ਧਰ ਅਠ ਪਹਿਰ ਤਕ ਦੇਵੇ ਤਾਂ ਅਭਰਕ ਸੁੱਧ ਹੋਵੇ। ਹੁਣ ਮਾਰਨ ਦੀ ਵਿਧੀ ਰਸ ਰਤਨਾਕਰ ਵਿਚੋਂ ਲਿਖਦੇ ਹਾਂ:- ਫਿਰ ਉਸ ਅਭਰਕ ਨੂੰ ਅੱਕ ਦੇ ਦੁਧ ਵਿਚ ਖਰਲ ਕਰੇ ਅਰ ਟਿੱਕੀ ਬੰਨ੍ਹਕੇ ਅਕ ਦੇ ਪਤ੍ਰ ਉਪਰ (ਹੇਠ) ਦੇਵੇ, ਫਿਰ ਉਸਨੂੰ ਗਜਪਠ ਦੇਕੇ ਫੂਕੇ। ਇਸੇ ਢੰਗ ਨਾਲ ਸਤਪੁੱਠਾਂ ਦੇਵੇ। ਇਸ ਤੋਂ ਪਿਛੋ ਬੋਹੜ ਦੀ ਜੜ੍ਹ ਦੇ ਕਾੜ੍ਹੇ ਵਿਚ ਤਿੰਨ ਪੁਠਾ ਦੇਕੇ ਤਿੰਨੇ ਬਾਰ ਫੂਕੇ। ਸੋ ਅਜਹਾ ਮਾਰਿਆ ਹੋਯਾ ਅਭਰਕ ੧੦ ਪਲ (੪੦ ਤੋਲੇ) ਗੌਕਾ ਘੇਉ ੮ ਪਲ (੩੨ ਤੋਲੇ) ਲੋਹੇ ਦੇ ਭਾਂਡੇ ਵਿਚ ਪ ਕੇ ਪਕਾਵੇ। ਨਰਮ ਅੱਗ ਦੇਕੇ ਇਸਤਰਾਂ ਘੇਉ ਸਾੜ ਲਵੇ। ਤਦ ਉਹ ਮੂਆ ਅਭਰਕ ਸੁੱਧ ਕਿਹਾ ਜਾਂਦਾ ਹੈ, ਫਿਰ ਓਹ ਸਭ ਯੋਗਾਂ ਵਿਚ ਜਿਸ ਤਰਾਂ ਦੇਖੇ ਪਾਵੇ ਤੇ ਖੁਲਾਵੇ) ॥੫੩ ਤੋਂ ੫੮॥

ਅਭ੍ਰਕ ਗੁਣ (ਗੁਣ ਰਤਨਮਾਲਾਤ)—ਪਰਿਹਾ

ਜਰਾ ਮ੍ਰਿਤਯੁ ਜ੍ਵਰ ਹਰੈ ਰੋਗ ਸਬ ਨਾਸ ਹੈ।
ਵੀਰਜ ਸੁੰਦਰ ਰੂਪ ਘਨਾ ਸਾ ਭਾਸ ਹੈ।
ਮਧੁਰ ਸੀਤ ਆਯੁ ਕਰੈ ਹਰੈ ਤ੍ਰਿਦੋਖ ਹੀ।
ਰਤਨਮਾਲ ਗੁਨ ਕਹੇ ਮੇਹ ਸ਼ਬ ਸੋਖ ਹੀ ॥੫੯॥

ਬੁਢਾਪਾ; ਮ੍ਰਿਤੂ ਤੇ ਤਾਪ, ਇਨ੍ਹਾਂ ਦਾ ਨਾਸ ਕਰੇ। ਬੀਰਜ ਵਧਾਵੇ, ਸੋਹਣਾ ਰੂਪ ਕਰੇ ਅਰ ਬਹੁਤ ਅੱਛਾ ਪ੍ਰਤੀਤ ਦੇਵੇ। ਮਿਠਾ, ਠੰਢਾ, ਆਯੂ ਕਾਰਕ, ਤ੍ਰਿਦੋਖ ਦਾ ਨਾਸਕ ਤੇ ਸਭ ਤਰਾਂ ਦੇ ਪ੍ਰਮੇਹਾਂ ਦਾ ਨਾਸ ਕਰਨਹਾਰਾ ਅਭਰਕ ਕਿਹਾ ਹੈ। ਮਾਤ੍ਰਾ ੧ ਰਤੀ ਸੇ ੬ ਰਤੀ ਤਕ ਹੈ) ॥੫੯॥

ਗੰਧਕ ਸੋਧਨ ਵਿਧੀ (ਰਸ ਰਤਨਾਕਰਾਤ)—ਚੌਪਈ

ਚਿਕਨੈ ਭਾਂਜਨ ਗੋਪਯ ਪਾਇ। ਤਾਕੇ ਮੁਖ ਇਕ ਵਸਨ ਬੰਧਾਇ।
ਤਾਂ ਪਰ ਗੰਧਕ ਪਾਵੈ ਸਹੀ। ਤਾਂ ਪਰ ਚਪਨੀ ਦੇਵੈ ਕਹੀ ॥੬੦॥
ਸੋ ਭਾਂਡਾ ਗਾਡੈ ਭੋਇ ਮਾਂਹਿ। ਨਾਗੀ ਚਪਨੀ ਰਹੈ ਸੁ ਤਾਂਹਿ।
ਤਾਂ ਪਰ ਅਗਨਿ ਜੁ ਲਘੁ ਸੀ ਕਰੋ। ਸੋ ਗੰਧਕਦ੍ਰਤ ਦੂਧਹਿ ਧਰੋ ॥੬੧॥
ਦੂਧ ਮਾਂਹਿ ਪਰਿਯੋ ਸੋ ਲੀਜ। ਤਾਂਕਾ ਨਾਮੁ ਸੁਧੋ ਧਰੀਜ।
ਸੋ ਪਾਵੋ ਸਭ ਯੋਗਨ ਮਾਂਹਿ। ਰਸ ਰਤਨਾਕਰ ਭਾਖਯੋ ਲਯਾਹਿ ॥੬੨॥

੨੭੩੬—ਬਿਧੇ, ਭਾਂਡੇ ਵਿਚ ਗੌਕਾ ਦੁਧ ਪਾਕੇ ਉਸ ਭਾਂਡੇ ਦੇ ਮੂੰਹ ਉਪਰ ਇਕ ਕਪੜਾ ਬੰਨ੍ਹ ਦੇਵੇ। ਉਸ ਕਪੜੇ ਉਪਰ ਪੀਹਕੇ ਗੰਧਕ ਪਾਵੇ। ਫਿਰ ਉਸ ਉਤੇ ਚੱਪਣੀ ਦੇਵੇ (ਯਾ ਤਵਾ ਦੇਵੇ)

---

*ਚੌਲਾਈ ਦਾ ਰਸ ਹਾਂਡੀ ਵਿਚ ਪਾਕੇ ਵਿਚ ਅਭਰਕ ਪਾਕੇ ਚੁਲੇ ਚਾੜ੍ਹਨੇ ਅੱਠ ਪਹਿਰ ਤਪਾਵੇ।

Digitized by Panjab Digital Library | www.panjabdigilib.org

ਫਿਰ ਉਸ਼ ਭਾਂਡੇ ਨੂੰ ਧਰਤੀ ਵਿਚ ਦੱਬ ਦੇਵੇ। ਕੇਵਲ ਚੱਪਣੀ ਹੀ ਨੰਗੀ ਰਹਿਣੇ ਦੇਵੇ। ਉਸ ਚਪਣੀ ਉਪਰ ਨਰਮ (ਕੋਇਲੇ ਆਦਿ ਦੇ) ਅੱਗ ਜਲਾਵੇ ਤਾਂ ਛੇਤੀ ਹੀ ਢਲਕੇ ਓਹ ਗੰਧਕ ਦੁਧ ਵਿਚ ਜਾ ਪਵੇਗੀ। ਜੇਹੜੀ ਦੁਧ ਵਿਚ ਜਾ ਪਵੇ ਉਸਨੂੰ ਕੱਢ ਲਵੇ। ਉਸਦਾ ਨਾਮ ਸੁੱਧਗੰਧਕ ਹੈ। ਉਹ ਸਭ ਯੋਗਾਂ ਵਿਚ ਪੌਣੀ ਚਾਹੀਦੀ ਹੈ। ਇਹ ਰਸਰਤਨਾਕਰ ਵਿਚ ਲਿਖੀ ਹੈ। ੯੦ ਤੋਂ ੯੨॥

ਗੰਧਕ ਗੁਣ—ਚੌਪਈ

ਗੰਧਕ ਪਿੱਤ ਜੁ ਤਿਕਤਕ ਬਲੀ। ਵੀਰਯੇਸਨਾ ਸਰ ਤੁਵਰਾ ਭਲੀ।
ਰਾਸਾਯਨ ਕਫ ਖਯ ਹਰਿ ਵਾਤ। ਕੁਸ਼ਟ ਪਲੀਹਾ ਕੰਡੂ ਘਾਤ ॥੯੩॥

ਗੰਧਕ ਪਿੱਤ ਕਾਰਕ, ਤੀਛਣ, ਬਲਕਾਰਕ, ਬੀਰਜ ਵਰਧਕ, ਦਸਤਾਵਰ, ਕਸੈਲੀ, ਰਸ਼ਾਯਣ ਰੂਪ, ਕਫ, ਖਈ, ਬਾਤ, ਕੁਸ਼ਟ, ਲਿੱਫ ਤੇ ਖੁਰਕ ਦੀ ਨਾਸਕ ਹੈ ॥੯੩॥

ਹਰਤਾਲ ਸੋਧਨ (ਰਸਰਤਨਾਕਰਾਤ)—ਚੌਪਈ

ਤਾਲ ਦਰੜ ਕੈ ਚੂਰਣ ਕਰੋ। ਡੋਲਾਯੰਤ੍ਰ ਮੋ ਲੈ ਧਰੋ।
ਯਾਮ ਚਾਰ ਚਹੁ ਰਸੈ ਪਕਾਇ। ਕੂਖ ਮਾਂਡ ਰਸ ਤੇਲ ਤਿਲਾਇ ॥੯੪॥
ਤ੍ਰਿਫਲਾ ਜਲ ਯੁਗ ਜਾਮ ਰਖਾਇ। ਚਤੁਰ ਯਾਮ ਸੋ ਕਾਂਜੀ ਥਾਇ।
ਸੁੱਧ ਤਾਲ ਤਬ ਹੈਵੈ ਸਹੀ। ਰਸਰਤਨਾਕਰ ਸਾਚੀ ਕਹੀ ॥੯੫॥

੨੭੩੭—ਵਰਕੀ ਹੜਤਾਲ ਦਾ ਦਰੜ ਕੇ ਚੂਰਣ ਕਰ ਲਵੇ। (ਫਿਰ ਲੀਰ ਵਿਚ ਬੰਨ੍ਹਕੇ) ਦੋਲਾਯੰਤ੍ਰ ਨਾਲ ਚਾਰ ਪਹਰ ਚਾਰਾਂ ਦੇ ਰਸ ਵਿਚ ਪਚਾਵ, ੪ ਪਹਰ ਪੇਠੇ ਦੇ ਰਸ ਵਿਚ, ੪ ਪਹਰ ਤਿਲਾਂ ਦੇ ਤੇਲ ਵਿਚ, ੪ ਪਹਰ ਤ੍ਰਿਫਲਾ ਦੇ ਕਾੜ੍ਹੇ ਵਿਚ, ਇਸੇਤਰਾਂ ੪ ਪਹਰ *ਕਾਂਜੀ ਵਿਚ। ਤਾਂ ਹਰਤਾਲ ਵਰਕੀਆ ਸੁੱਧ ਹੁੰਦੀ ਹੈ। ਇਉਂ ਰਸਰਤਨਾਕਰ ਵਿਚ ਕਿਹਾ ਹੈ। ੯੪॥੯੫॥

ਹਰਤਾਲ ਮਾਰਨ ਵਿਧੀ—ਚੌਪਈ

ਤ੍ਰਿਕ ਪੈਸੇ ਭਰ ਲੈ ਹੜਤਾਲ। ਕਾਂਜੀ ਤ੍ਰੈ ਪੁਟ ਧੂਪ ਸੁਡਾਰ।
ਜੰਬੀਰੀ ਨਿੰਮ ਰਸਾ ਪਲਾਸ। ਯਾਮ ਯਾਮ ਡਾਵਨ ਦਿਵ ਯਾਸ ॥੯੬॥
ਫਿਰ ਬਕਰੀ ਪਯ ਟੀਕੀ ਕਰੋ। ਪਲਾਸ ਰਾਖ ਸੰਪੁਟ ਮੈ ਭਰੋ।
ਭਸਮ ਮੱਧ ਟੀਕੀ ਜੋ ਧਰਾਇ। ਸੰਪੁਟ ਮੁੰਦ੍ਰਾ ਗਾੜ੍ਹੀ ਥਾਇ ॥੯੭॥

---

*ਚਤੁਰ ਯਾਮ ਰਸ ਪਜ ਜ਼ ਰਖ ਇ।' ਅਸਾ ਪਾਠਾਂਤ੍ਰ ਹੈ, ਪਰੰਤੂ ਰਸਰਤਨਾਕਰ ਅਨੁਸਾਰ ਕਾਂਜੀ, ਸੁਧ ਹੈ। ਏਥੇ ਆਲੋ ਮੁਹਾਰੀਏ ਦੀ ਬੁਧੀ ਪਰ ਪੜਦਾ ਰਿਹਾ ਹੈ।

Digitized by Panjab Digital Library | www.panjabdigilib.org

ਗਜ ਪੁਟ ਕੇਰੀ ਆਗ ਕਰਾਇ। ਧੂੰਮ ਰਹਿਤ ਸੋ ਮਰਿ ਹੈ ਭਾਇ।
ਜੌ ਤਾਮਹਿ ਕਾਚੀ ਧੂੰ ਹੋਇ। ਤਾਕੋ ਫਿਰ ਪੁਟ ਦੈ ਸੁਧ ਜੋਇ ॥੬੮॥

੨੭੩੮–ਤਿੰਨ ਪੈਸੇ ਭਰ ਸੁੱਧ ਹੜਤਾਲ ਨੂੰ ਕਾਂਜੀ ਦੀਆਂ ਤਿਨ ਪੁੱਠਾਂ ਧੁਪੇ ਰਖਕੇ ਦੇਵੇ। ਫਿਰ ਜੰਭੀਰੀ (ਗਲਗਲ) ਦਾ ਰਸ, ਨਿੰਮ ਦਾ ਰਸ, ਪਲਾਹ ਦਾ ਰਸ ਲੈਕੇ ਇਕ ਇਕ ਪਹਿਰ ਇਨ੍ਹਾਂ ਵਿਚ ਭਾਵਨਾ ਦੇਵੇ। ਇਸ ਪਿਛੋਂ ਬਕ੍ਰੀ ਦੇ ਦੁਧ ਵਿਚ ਘੋਟਕੇ ਟਿਕੀ ਬੰਨ੍ਹੇ ਅਰ ਪਲਾਹ ਦੀ ਸੁਆਹ ਦੇ ਨਾਲ ਸੰਪੁਟ ਭਰੇ, ਅਰਥਾਤ ਭਾਂਡੇ ਵਿਚ ਸੁਆਹ ਭਰਕੇ ਉਸ ਸੁਆਹ ਦੇ ਮੱਧ ਵਿਚ ਟਿੱਕੀ ਰਖਕੇ ਗਾੜ੍ਹਾ ਲੇਪ ਦੇਕੇ ਫਿਰ ਸੰਪੁਟ ਬੰਦ ਕਰੇ ਅਰ ਗਜ ਪੁੱਠ ਦੀ ਅੱਗ ਦੇਕੇ ਮਾਰੇ। ਜਦ ਨ੍ਰਿਧੂੰਮ ਹੋ ਜਾਵੇ ਤਾਂ ਮਰੀ ਜਾਣੇ। ਜੇ ਕਦੇ ਉਸ ਵਿਚ ਧੂੰਆਂ ਹੋਵੇ ਤਾਂ ਕੱਚੀ ਰਹੀ ਜਾਣੇ। ਤਾਂ ਫਿਰ ਉਸਨੂੰ ਇਸੇ ਤਰਾਂ ਪੁੱਠ ਦੇ ਲਵੇ ਤਾਂ ਮਰਕੇ ਸੁੱਧ ਹੋ ਜਾਵੇ ॥੬੬ ਤੋਂ ੬੮ ॥

ਹਰਤਾਲ ਗੁਣ–ਦੋਹਰਾ

ਕਟੁ ਸਨਿਗਧ ਹਰਿ ਬਿਖ ਕੰਡੁ ਕਫ ਪਿੱਤਹਿ ਹਰਿ ਕੁਸ਼ਟ।
ਰੁਧਰ ਪਲਿਤ ਸਭ ਰੁਜ ਹਰੈ ਅਰ ਕਖਾਇ ਬਹੁ ਪੁਸ਼ਟ ॥੬੯॥

ਕੌੜੀ, ਚੀਕੁਣੀ, ਵਿਖ ਨਾਸਕ, ਖੁਰਕ ਹਟੌਣਹਾਰੀ, ਕਫ, ਪਿੱਤ ਤੇ ਕੁਸ਼ਟ ਦੀ ਨਾਸ਼ਕ, ਹੋਰ ਰਕਤ ਵਿਕਾਰ ਨੂੰ ਨਾਸ ਕਰੇ, ਪਲਿਤ ਰੋਗ (ਚਿੱਟੇ ਕੇਸਾਂ ਨੂੰ) ਨਾ ਹੋਣ ਦੇਵੇ ਅਤੇ ਕਸੈਲੀ ਅਰ ਪੁਸ਼ਟੀਕਾਰਕ ਹੈ ॥੬੯॥

ਪਾਰਾ ਸੋਧਨ–ਦੋਹਰਾ

ਨਰ ਕੇ ਮੂਤ੍ਰ ਪਕਾਈਏ ਡੋਲ ਯੰਤ੍ਰ ਕਰ ਸੂਤ।
ਬਸਨ ਬਾਂਧ ਪੁਟ ਸਾਤ ਦੇ ਪਾਰਾ ਸੁੱਧ ਸਹੂਤ ॥੭੦॥

੨੭੩੯–ਪਾਰੇ ਨੂੰ ਆਦਮੀ ਦੇ ਮੂਤ੍ਰ ਵਿਚ ਡੋਲ ਯੰਤ੍ਰ ਕਰਕੇ ੭ ਦਿਨ ਪਕਾਵੇ, ਇਸਤਰਾਂ ਕਪੜੇ ਵਿਚ ਬੰਨ੍ਹਕੇ ੭ ਪੁੱਠਾਂ ਦੇਵੇ ਤਾਂ ਪਾਰਾ ਸੁਧ ਹੋਵੇ ॥੭੦॥

ਪਾਰਾ ਮਾਰਨ–ਦੋਹਰਾ

ਫਗਵਾੜੇ ਕੇ ਦੁਗਧ ਸੋਂ ਖਰਲੋ ਰਸ ਪਹਿਰੇਕ।
ਫਗਵਾੜੇ ਕੀ ਪੀਸ ਜਟ ਵਾ ਪਯ ਸਾਥ ਬਬੇਕ ॥੭੧॥
ਦੋਇ ਕੁਠਾਲੀ ਕੀਜੀਏ ਪਾਰਾ ਤਾਂਮੇ ਪਾਇ।
ਦੂਆ ਸੰਪੁਟ ਜੋੜਕੇ ਮੁਦ੍ਰਾ ਕਰੇ ਬਨਾਇ ॥੭੨॥

Digitized by Panjab Digital Library | www.panjabdigilib.org

ਫਗਵਾੜੇ ਪਯ ਰੁਵਕ ਕੇ ਮੁਦ੍ਰਾ ਭਲੀ ਕਰੇਇ।
ਗੋਲਾ ਕਰ ਪੁਨ ਮਿਟੀ ਕੇ ਸੰਪੁਟ ਬੀਚ ਧਰੇਇ ॥੭੩॥
ਮੁੱਦ੍ਰਾ ਕਰ ਗੋਲਾ ਕਰੋ ਮਾਟੀ ਸਾਥ ਸੁਕਾਇ।
ਗਜ ਪੁਠ ਅਗ ਦੈ ਏਰਨੇ ਸੀਤ ਭਏ ਨਿਕਲਾਇ ॥੭੪॥

੨੭੪੦—ਸੁਧ ਪਾਰੇ ਨੂੰ ਫਗਵਾੜੇ ਦੇ ਦੁੱਧ ਵਿਚ ੧ ਪਹਰ ਖਰਲ ਕਰੇ (ਇਸਦੀ ਗੋਲੀ ਹੋ ਜਾਇਗੀ) ਪਿਛੋਂ ਫਗਵਾੜੇ ਦੀ ਜੜ੍ਹ ਦੀ ਛਿੱਲ, ਬਰੀਕ ਪੀਹਕੇ ਫਗਵਾੜੇ ਦੇ ਦੁੱਧ ਨਾਲ ਯਾ ਫਗਵਾੜੇ ਦੀ ਜੜ ਦੀ ਛਿਲ ਦੇ ਰਸ ਨਾਲ ਦੋ ਕੁਠਾਲੀਆ ਬਣਾਵੇ। ਇਕ ਕੁਠਾਲੀ ਵਿਚ ਪਾਰਾ ਪਾਕੇ, ਦੂਸਰੀ ਕੁਠਾਲੀ ਉਪਰ ਮੂਧੀ ਦੇਕੇ ਮੁਦ੍ਰਾ (ਸੰਪੁਟ) ਫਗਵਾੜੇ ਦੇ ਦੁੱਧ ਨਾਲ ਅਤੇ ਅਰਿੰਡ ਦਾ ਤੇਲ ਮਿੱਟੀ ਵਿਚ ਪਾਕੇ ਚੰਗੀ ਤਰਾਂ ਕੁੱਟਕੇ ਉਸ ਮਿੱਟੀ ਨਾਲ ਪਜਾਲੀਆਂ ਦਾ ਮੂੰਹ ਜੋੜਕੇ ਅਭੇਦ ਕਰ ਦੇਵੇ। ਫਿਰ ਇਕ ਮਿੱਟੀ ਦਾ ਗੋਲਾ ਕਰਕੇ ਉਸ ਗੋਲੇ ਵਿਚ ਸੰਪੁਟ ਰਖਕੇ ਉਸ ਗੋਲੇ ਨੂੰ ਉਸ ਮਿੱਟੀ ਨਾਲ ਚੰਗੀ ਮੁੱਦ੍ਰਾ ਕਰ ਦੇਵੇ ਅਰ ਸੁਕਾ ਲਵੇ। ਫਿਰ ਉਸਨੂੰ ਏਰਨੇ ਗੋਹਿਆਂ ਦੀ ਗਜ ਪੁਠ ਦੀ ਅਗ ਦੇਵੇ, ਠੰਢਾ ਹੋਵੇ ਤਾਂ ਮ੍ਰਿਤ ਪਾਰਾ ਕੱਢ ਰੱਖੇ ॥੭੧ ਤੋਂ ੭੪॥

ਪਾਰੇ ਦੇ ਗੁਣ—ਪਰਿਹਾ

ਪਾਰਦ ਖਟ ਰਸ ਚਿਕਨ ਬ੍ਰਿਖਯ ਰਾਸਾਯਨੰ।
ਹਰ ਦੋਖ ਤ੍ਰੈ ਦੁਸ਼ਟ ਸਦਾ ਬਲ ਬਾਹਨੰ।
ਕੁਸ਼ਟ ਮ੍ਰਿਤ ਹਰ ਰੋਗ ਸਕਲ ਰੁਜ ਨਾਸ ਹੈ।
ਹਰ ਸਮ ਪਾਰਾ ਜਾਨ ਦਰਿਦ੍ਰ ਬਿਨਾਸ ਹੈ ॥੭੫॥

ਪਾਰਾ ਖਟ ਰਸ ਹੈ, ਚੀਕੁਣਾ, ਬ੍ਰਿਖ=ਬੀਰਜ ਨੂੰ ਵਧੌਣ ਵਾਲਾ, ਰਾਸਾਯਣ=ਬ੍ਰਿਧਤਾ ਤੇ ਰੋਗਾਂ ਨੂੰ ਦੂਰ ਕਰਨਹਾਰਾ, ਤ੍ਰਿਦੋਖ ਨਾਸਕ; ਬਲਦਾਇਕ, ਕੁਸ਼ਟ, ਮੌਤ ਅਤੇ ਸਾਰੇ ਰੋਗਾਂ ਨੂੰ ਨਾਸ ਕਰਠਹਾਰਾ, ਪ੍ਰਭੂ ਰੂਪ ਪਾਰਾ ਦਰਿਦ੍ਰ ਦਾ ਨਾਸ ਕਰਨਹਾਰਾ ਹੈ ॥੭੫॥

ਸਿੰਗ੍ਰਫ ਸੋਧਨ—ਚੌਪਈ

ਮੇਖੀ ਖੀਰਹਿ ਦੁਰਦ ਖੁਲਾਇ। ਅਮਲਵਰਣ ਕੀ *ਭਾਵਨਿ ਦਾਇ।
ਸਪਤ ਬਾਰਯਾਹੀ ਵਿਧ ਧਰੇ। ਦੁਰਦ ਸੁੱਧਤ ਬਹੁਇ ਇਮ ਕਰੋ ॥੭੬॥

*ਘੋਟ ਘੋਟਕੇ ਸੁਕਾਕੇ, ਫਿਰ ਰਸ ਪਾਕੇ ਘੋਟੇ, ਫਿਰ ਸੁਕਾਵੇ ਇਸਤਰਾਂ ਕਰਨ ਨੂੰ ਭਾਵਨਾ ਆਖੀਦਾ ਹੈ।

Digitized by Panjab Digital Library | www.panjabdigilib.org

੨੭੪੧-ਮੇਖੀ=ਭੇਡ ਦੇ ਦੁਧ ਵਿਚ ਸ਼ਿੰਗ੍ਰਫ ਖਰਲ ਕਰੇ, ਫਿਰ ਅਮ੍ਲ ਵਰਗ ਅਰਥਾਤ ਖਟਿਆਈ ਦੇ ਰਸ ਵਿਚ ਭਾਵਨਾ ਦੇਵੇ ।ਇਸ ਤਰਾਂ ਭਾਵਨਾ ਸੱਤ ਬਾਰ ਕਰੇ, ਤਾਂ ਸ਼ਿੰਗ੍ਰਫ ਸੁਧ ਹੋਵੇ ॥੭੬॥

ਸਿੰਗ੍ਰਫ ਮਾਰਨ ਵਿਧੀ—ਚੌਪਈ

ਕੰਡਾਰੀ ਰਸੁ ਚੋਵਾ ਦੇਇ। ਚੂਲੇ ਪਰ ਠੀਕਰ ਧਰ ਤੇਇ।
ਸਿੰਗਰਫ ਪਲ ਦੋ ਜਾਨੋ ਸਹੀ। ਖੋੜਸਯਾਮ ਚੁਵਾਦੇ ਕਹੀ ॥੭੭॥
ਸੋ ਸਿੰਗਰਫ ਆਛਾ ਤੁਮ ਜਾਨ। ਦੀਜੈ ਸੋ ਸਬ ਨਰ ਕੋ ਖਾਨ।
ਐਸੀ ਹੀ ਪੁਟ ਮਦ ਕੀ ਦੇਵੈ। ਤੌ ਵਹਿ ਭੂਖਾ ਦੂਰਦ ਕਹੇਵੈ ॥੭੮॥

੨੭੪੨—ਚੁਲ੍ਹੇ ਉਪਰ ਠੀਕਰੇ ਵਿਚ ਸ਼ਿੰਗ੍ਰਫ ਧਰਕੇ ਕੰਡਿਆਰੀ ਦੇ ਰਸ ਦਾ ਚੂਆ ਦੇਵੇ। ਸ਼ਿੰਗ੍ਰਫ ੨ ਪਲ ਹੋਵੇ ਤਾ ਸੋਲਾਂ ਪਹਿਰ ਇਸ ਪਰ ਰਸ ਚੋਆਵੇ, ਤੇ ਹੇਠ ਅੱਗ ਜਗਦੀ ਰਹੇ। ਉਹ ਫਿਰ ਸ਼ਿੰਗ੍ਰਫ ਅੱਛਾ ਜਾਣੋਂ। ਸਭ ਯੋਗਾਂ ਵਿਚ ਧਾਵ, ਅਰਸਾਰੇ ਆਦਮੀਆਂ ਨੂੰ ਖਾਣ ਨੂੰ ਦੇਵੇ। ਜੇ ਕਦੇ ਇਸ਼ ਤਰਾਂ ਸ਼ਰਾਬ ਦੀਆਂ ਪੁਠਾਂ ਦੇ ਲਵੇ ਤਾਂ ਸ਼ਿੰਗ੍ਰਫ ਭੁੱਖਾ ਹੋਯਾ ਕਿਹਾ ਜਾਂਦਾ ਹੈ ॥੭੭॥੭੮॥

ਸ਼ਿੰਗ੍ਰਫ ਗੁਣ—ਦੋਹਰਾ

ਹਿੰਗਲੁ ਤਿਕਤ ਕਖਾਇ ਕਟੁ ਕਫ ਪਿਤ ਦ੍ਰਿਗ ਰੁਜ ਖੋਇ।
ਹਰੇ ਕੁਸ਼ਟ ਜ੍ਵਰ ਕਾਮਲਾ ਆਮ ਪਲੀਹ ਹਰ ਸੋਇ ॥੭੯॥

ਹਿੰਗਲੁ—ਸਿੰਗ੍ਰਫ ਤੀਛਣ, ਕਸੈਲਾ; ਕੌੜਾ, ਕਫ, ਪਿਤ ਤੇ ਨੇਤ੍ਰਾਂ ਦੇ ਰੋਗਾਂ ਦਾ ਨਾਸ਼ਕ ਹੈ, ਕੜ੍ਹ, ਤਾਪ ਅਤੇ ਕਾਮਲਾ ਰੋਗ ਦੇ ਹਰਨੇ ਵਾਲਾ ਹੈ, ਹੋਰ ਆਮ ਤੇ ਪਲੀਹ (ਲਿੱਫ) ਦਾ ਬੀ ਨਾਸ਼ਕ ਹੈ ॥੭੯॥

ਸਿਲਾਜੀਤ ਸੋਧਨ—ਚੌਪਈ

ਗੋਦਗਧੇ ਤ੍ਰਿਫਲੇ ਕੇ ਕਾਥ। ਭ੍ਰਿੰਗਿ ਦਾਰੁਵੀ ਸਿਲਾਜਿਤ ਆਥ।
ਲੋਹ ਪਾਤ੍ਰ ਮੈ ਮਰਦੋ ਏਹ। ਏਕ ਦਿਵਸ ਲੌ ਜਾਨੋ ਤੇਹ ॥੮੦॥
ਤਾਕੋ ਰਾਤ ਰਾਖੀਏ ਸਹੀ। ਊੱਪਰ ਕਾ ਪ੍ਰਾਤਹਿ ਲੈ ਸਹੀ।
ਸਿਲਾਜੀਤ ਸੋ ਸੁੱਧ ਕਹਾਇ। ਰਸਰਤਨਾਕਰ ਦੀਓ ਬਤਾਇ ॥੮੧॥

੨੭੪੩-ਗੋਕੇ ਦੁੱਧ, ਤ੍ਰਿਫਲੇ ਦੇ ਕਾੜ੍ਹੇ, ਭ੍ਰਿੰਗਿ=ਭਾਂਗਰੇ ਦੇ ਰਸ, ਅਤੇ ਦਾਲ ਹਲਦੀ ਦੇ ਕਾੜ੍ਹੇ ਵਿਚ ਪਾਕੇ ਸਿਲਾਜੀਤ ਲੋਹੇ ਦੇ ਭਾਂਡੇ ਵਿਚ ਰਗੜੇ, ਇਕ ਦਿਨ ਇਸਤਰਾਂ ਕਰੇ ਇਸੇ ਤਰਾਂ ਫੇਰ ਰਾਤ

Digitized by Panjab Digital Library | www.panjabdigilib.org

ਰਖ ਛਡੇ, ਪ੍ਰਾਤਕਾਲ ਉੱਪਰੋਂ ਲਾਹ ਲਵੇ। ਉਹ ਲਾਹੀ ਹੋਈ ਮਲਾਈ ਵਾਂਗ ਸਿਲਾਜੀਤ ਸੁੱਧ ਜਾਣੇ ॥੮੦॥੮੧॥

ਸਿਲਾਜੀਤ ਸਤ੍ਵ ਵਿਧੀ—ਚੌਪਈ

ਸਿਲਾਜੀਤ ਚੂਰਣ ਕਰਵਾਇ। ਤਾਤੇ ਪਾਨੀ ਮਾਹਿ ਰਲਾਇ।
ਮਰਦੋ ਕਰ ਸੌ ਰਾਖ ਜੁ ਯਾਮ। ਛਾਨੀ ਵਸਨਹਿ ਲੇਵੇ ਆਮ ॥੯੨॥
ਮਾਟੀ ਭਾਂਜਨ ਪਾਵੋ ਸੋਇ। ਧੂਪ ਰਾਖਿਯੇ ਤਾਕੋ ਹੋਇ।
ਤਾਕੀ ਛੇਨ ਉਤਾਰੀ ਲੇਇ। ਔਰ ਭਾਜਨਹਿ ਸੀਪੀ ਦੇਇ ॥੯੩॥
ਇਸੀ ਭਾਂਤਿ ਸੋ ਛਿਨ ਛਿਨ ਕਰੈ। ਜੇਠ ਅਸਾੜ੍ਹੇ ਇਸ ਵਿਧ ਧਰੈ।
ਝਾਗਜਮਾਈ ਕਾਗਦ ਪਾਇ। ਅੱਖਜਤ ਭਰ ਲੈ ਅਗਨਿ ਧਰਾਇ ॥੯੪॥
ਜੋ ਫੂਲੀ ਹੁਇ ਲਿੰਗ ਅਕਾਰ। ਸਿਲਾਜੀਤ ਆਛਾ ਸੋ ਧਾਰ।
ਫੋਕ ਤਾਸ ਕਾ ਦੀਜੈ ਡਾਰ। ਸਾਰੰਗ ਧਰ ਮੈਂ ਕਹੀ ਵਿਚਾਰ ॥੯੫॥

੨੭੪੪—ਸੁੱਧ ਸਿਲਾਜੀਤ ਪੀਹਕੇ ਚੂਰਣ ਕਰ ਲਵੇ। ਉਸ ਚੂਰਣ ਨੂੰ ਗਰਮ ਪਾਣੀ ਵਿਚ ਪਾਕੇ ਇਕ ਪਹਿਰ ਤਕ ਰਖੇ ਅਤੇ ਹੱਥ ਨਾਲ ਮਲੇ, ਪਿਛੋਂ ਕਪੜੇ ਵਿਚ ਪੁਣਕੇ, ਮਿੱਟੀ ਦੇ ਭਾਂਡੇ ਵਿਚ ਪਾਕੇ ਧੁੱਪੇ ਰੱਖੇ, ਉੱਪਰ ਦੀ ਝੱਗ ਉਤਾਰ ਲਵੇ। ਇਉਂ ਨਿਤਾਰਕੇ ਥੱਲੇ ਦੀ ਸਿਲਾਜੀਤ; ਹੋਰ ਭਾਂਡੇ ਵਿਚ ਪਾਕੇ ਮਲੇ ਤੇ ਗਰਮ ਪਾਣੀ ਉਪਰ ਪਾਵੇ। ਇਸੀ ਵਿਧੀ ਮੂਜਬ ਬਾਰੰਬਾਰ ਕਰੇ, ਪਰੰਤੂ ਧੁਪੇ ਰਖਕੇ ਕਰੇ, ਇਸ ਵਾਸਤੇ ਇਹ ਵਿਧੀ ਜੇਠ ਹਾੜ ਦੀ ਧੁਪ ਵਿਚ ਕੀਤੀ ਜਾਂਦੀ ਹੈ। ਫਿਰ ਉਸ ਝੱਗ ਨੂੰ ਕਾਗਜ਼ ਉਤੇ ਪਾਕੇ ਜਮਾ ਰਖੇ (ਏਹੋ ਵਰਤੇ) ਇਹ ਸਾਫ ਕੀਤੀ ਹੋਈ ਸਿਲਾਜੀਤ ਵਿਚੋਂ ਇਕ ਚਲ ਪ੍ਰਮਾਣ ਲੈਕੇ ਅੱਗ ਉੱਪਰ ਪਾਵੇ। ਜੇ ਉਹ ਫੁੱਲਕੇ (ਸ਼ਿਵ) ਲਿੰਗ ਦੇ ਅਕਾਰ ਉੱਚੀ ਹੋ ਜਾਵੇ ਤਾਂ ਸੁੱਧ ਜਾਣੇ। ਫਕ ਸੁੱਟ ਦੇਵੇ ॥੯੨ ਤੋਂ ੯੫॥

ਮਨਸ਼ਿਲ ਸੋਧਨ—ਦੋਹਰਾ

ਆ ਮੂਤ੍ਰ ਸੋ ਪਿਚਾਈਏ ਮਨਸਿਲ ਯੰਤ੍ਰਹਿ ਦੋਲ।
ਸਪਤ ਬਾਰ ਕਰ ਸ਼ੁੱਧ ਹੁਇ ਦੇਹੁ ਯੋਗ ਮੈ ਘੋਲ ॥੯੬॥

੨੭੪੫—ਬੱਕ੍ਰੀ ਦੇ ਮੂਤ੍ਰ ਵਿਚ ਦੋਲਾ ਜੰਤ੍ਰ ਕਰਕੇ ਮਨਸਲ ਪਚਾਵੇ. ਭਾਵ ਪਕਾਵੇ। ਇਸਤਰਾਂ ਸੱਤ ਬਾਰ ਪਚਾਉਣ ਨਾਲ ਮਨਸਿਲ ਸੁਧ ਹੁੰਦੀ ਹੈ ॥੯੬॥

Digitized by Panjab Digital Library | www.panjabdigilib.org

ਮਨਸਿਲ ਮਾਰਨ—ਦੋਹਰਾ

ਤੈਸੇ ਮਨਸਿਲ ਮਾਰੀਏ ਜੈਸੀ ਵਿਧਿ ਹਰਤਾਲ।
ਅਬ ਤਾਕੇ ਗੁਣ ਕਹਿਤ ਹੌਂ ਸੁਣੌ ਸ੍ਰਵਣ ਦੇ ਲਾਲ ॥੮੭॥

੨੭੪੬—ਜਿਸ ਵਿਧੀ ਨਾਲ ਹੜਤਾਲ ਮਾਰੀ ਜਾਂਦੀ ਹੈ, ਉਸੇ ਵਿਧੀ ਨਾਲ ਮਨਸਿਲ ਮਾਰ ਲਵੇ . ਹੁਣ ਇਸ ਦੇ ਗੁਣ ਆਖਦੇ ਹਾਂ, ਕੰਨ ਲਾ ਕੇ ਸੁਣੋ ॥੮੭॥

ਮਨਸਿਲ ਗੁਣ—ਦੋਹਰਾ

ਮਨਸਿਲ ਗੁਰ ਬ੍ਰਿਹਣਜੰਸਰਹਿ ਉਸਨ ਤਿਕਤ ਕਟੁ ਜਾਨ।
ਲੇਖਨਿ ਚਿਕਨ ਕਫਾਸ੍ਰੰ ਹਰਿ ਭੂਤ ਸ੍ਵਾਸ ਹਰਿ ਮਾਨ ॥੮੮॥

ਮਨਸਿਲ, ਭਾਰੀ, ਬ੍ਰਿਹਣੀ—ਸਰੀਰ ਨੂੰ ਪੁਸ਼ਟ ਕਰਨਹਾਰੀ, ਦਸਤਾਵਰ, ਗਰਮ, ਤੀਛਣ, ਕੌੜੀ (ਕਸੈਲੀ), ਲੇਖਨੀ, ਚੀਕੁਣੀ, ਕਫ, ਰਕਤ ਵਿਕਾਰ, ਭੂਤ ਬਾਧਾ ਅਤੇ ਸਵਾਸ ਦੀ ਨਾਸਕ ਹੈ।੮੮॥

ਅਬ ਅਵਲੇਹ (ਚਟਣੀ ਦੀ) ਵਿਧੀ (ਸਾਰੰਗਧਰਾਤ)—ਚੌਪਈ।

ਪ੍ਰਥਮ ਮੇਲ ਔਖਧਿ ਕਰ ਕ੍ਵਾਥ। ਤਾਂਮਹਿ ਚੂਰਣ ਪਾਵੈ ਆਥ।
ਅਵਲੇਹੈ ਚੂਰਣ ਪਲ ਏਕ। ਦੁਗਣਾ ਗੁੜ ਸਿਤ ਚੌਗੁਨ ਟੇਕ ॥੮੯॥
ਚੂਰਣ ਤੇ ਜਲ ਚੌਗੁਣ ਦੇਇ। ਇਸੁ ਭਾਤਹਿ ਅਵਲੇਹੁ ਕਰਾਇ।
ਪਾਤ ਪਕਾਈ ਚੂਰਨ ਪਾਇ। ਆਛੀ ਬਿਧਿ ਅਵਲੇਹੁ ਕਰਾਇ ॥੯੦॥
ਦੂਗਧ ਈਖਰਸ ਦਾਖਹਿ ਸੰਗ। ਬਾਂਸੇ ਕੇ ਕ੍ਵਾਥਹਿ ਵਾ ਅੰਗ।
ਪਾਂਚ ਮੂਲ ਵਾ ਔਰੈ ਕਟਾਹ। ਇਨ ਸੰਗੈ ਅਨੂਪਾਨ ਜੁ ਖਾਹਿ ॥੯੧॥

੨੭੪੭—ਪਹਿਲੇ ਔਸ਼ਧੀਆਂ ਪਾਕੇ ਜਲ ਵਿਚ ਕਾੜ੍ਹਾ ਕਰੇ। ਉਸ ਵਿਚ ਚੂਰਣ ਇਸ ਢੰਗ ਨਾਲ ਪਾਵੇ। ਅਵਲੇਹ ਦਾ ਚੂਰਣ ਇਕ ਪਲ (੪ ਤੋਲੇ) ਹੋਵੇ ਉਸ ਵਿਚ ਚਰਨ ਨਾਲੋਂ ਦੂਣਾ ਗੁੜ, ਤੇ ਮਿਸਰੀ ਚੌਗਣੀ ਪਾਵੇ। ਚੂਰਣ ਨਾਲੋਂ ਚਾਰ ਗੁਣਾ ਅਧਿਕ ਜਲ ਪਾਵੇ। ਇਸਤਰਾਂ ਚਟਣੀ ਬਣਾਵੇ। ਅਛੀ ਤਰਾਂ ਪੱਤ ਪਕਾਕੇ ਚੂਰਣ ਪਾਵੇ। ਅੱਛੀ ਤਰਕੀਬ ਨਾਲ ਚਟਨੀ ਤਿਆਰ ਕਰ ਲਵੇ। ਦੁੱਧ ਗੰਨਿਆਂ ਦੀ ਰਸ (ਰਹੁ) ਦਾਖ, ਬਾਂਸੇ ਦੇ ਕਾੜ੍ਹੇ ਨਾਲ। ਪੰਚ ਮੂਲ ਦੇ ਕਾੜ੍ਹੇ ਅਥਵਾ ਹੋਰ ਕਿਸੇ ਕਾੜ੍ਹੇ ਨਾਲ ਦੇਵੇ। ਅਰਥਾਤ ਇਨ੍ਹਾਂ ਅਨੁਪਾਨਾਂ ਨਾਲ ਚਟਣੀ ਖੁਲ ਯਾ ਕਰੇ ॥੮੯ ਤੋਂ ੯੧॥

Digitized by Panjab Digital Library | www.panjabdigilib.org

ਅਥ ਕੰਟਕਾਰੀ (ਕੰਡਜਾਰੀ) ਅਵਲੇਹ-ਦੋਹਰਾ

ਕੰਟਾਰੀ ਪਲੁ ਸੌ ਗਹੀ ਦ੍ਰੋਣ ਏਕ ਜਲ ਪਾਇ।
ਇਨ ਦੋਨੋਂ ਕਾ ਕ੍ਵਾਥ ਕਰਿ ਚੌਥਾ ਭਾਗੁ ਰਖਾਇ ॥੯੨॥
ਛਾਨ ਨੀਰ ਸੋ ਲੀਜੀਐ ਤਾਂਮਹਿ ਚੂਰਨ ਦੇਇ।
ਤ੍ਰਿਕੁਟਾ ਸ੍ਰਿੰਗੀ ਚਵ ਘਨਾ ਚਿੱਤ੍ਰਕ ਛਿੰਨਾ ਲੇਹਿ ॥੯੩॥
ਸਟੀ ਰਾਸਨਾ ਭਾਰਗੀ ਅਰ ਜੁ ਯਵਾਸਾ ਪਾਇ।
ਪਲ ਪਲ ਜਾਨੋ ਏ ਸਕਲ ਸਿਤਾ ਬੀਸ ਪਲ ਦਾਇ ॥੯੪॥
ਘੀਉ ਸ਼ਹਿਤ ਪਲ ਆਠ ਦੈ ਕਣਾ ਪੀਸ ਪਲ ਚਾਰ।
ਤੋਖਾ ਖੀਰ ਜੁ ਚਾਰ ਪਲ ਮੇਲ ਪਕਾਇ ਉਤਾਰ ॥੯੫॥
ਪੈਸੇ ਚਾਰ ਸੁ ਕਚਾਟਿਐ ਹਿਚਕੀ ਸ੍ਵਾਸ ਜੁ ਕਾਸ।
ਕਫ ਖਾਂਸੀ ਇਕ ਮਾਸ ਮਹਿ ਜ੍ਵਰ ਆਦਿਕ ਸਬ ਨਾਸ ॥੯੬॥

੨੭੪੮—ਕੰਡਜਾਰੀ (ਭੀਂਡੀ) ਦਾ ਸ੍ਰਬਾਂਗ ੧੦੦ ਪਲ ੪੦੦ ਤੋਲੇ, (੫ ਸੇਰ), ਜਲ ੧ ਦ੍ਰੋਣ (੩੨ ਸੇਰ) ਪਾਕੇ ਕਾੜ੍ਹਾ ਕਰੇ। ਜਦ ਸੜਕੇ ਚੌਧਾ ਹਿਸਾ ਅਰਾਤ ੮ ਸੇਰ ਜਲ ਬਾਕੀ ਰਹੇ, ਤਾਂ ਉਤਾਰ ਕੇ ਪੁਣਕੇ ਉਸ ਜਲ ਵਿਚ ਹੇਠ ਲਿਖੀਆ ਚੀਜ਼ਾਂ ਦਾ ਚੂਰਣ ਪਾਵੇ:-ਤ੍ਰਿਕੁਟਾ (ਮਘ, ਮ੍ਰਿਚ ਸੁੰਢ), ਕੱਕੜ-ਸਿੰਗੀ, ਚੱਵ, ਮੋਥਾ, ਚਿਤ੍ਰਾ ਗਿਲੋਯ, ਕਚੂਰ, ਰਾਸਨਾ, ਭੜਿਗੀ, ਤੇ ਧਮਾਹਾਂ ਇਹ ਸਭ ਚਾਰ ਚਾਰ ਤੋਲੇ, ਮਿਸ਼ਰੀ ੧ ਸੇਰ ਪਾਵੇ। ਘਿਉ ਤੇ ਸ਼ਹਤ ੩੨-੩੨ ਤੋਲੇ ਪਾਵੇ। ਮਘ ਬਰੀਕ ਕਰਕੇ ੧੬ ਤੋਲੇ। ਤੋਖਾ ਖੀਰ ਤਬਾਸ਼ੀਰ ੧੬ ਤੋਲੇ। ਬਰੀਕ ਪੀਹਕੇ ਸਭੋ ਪਾਵੇ, ਫਿਰ *ਪਕਾਵੇ, ਵੱਤ ਸਿਰ ਹੋਵੇ ਤਾ ਉਤਾਰ ਰਖੇ। ਫਿਰ ਇਸ ਵਿਚੋਂ ੪ ਪੈਸੇ ਭਰ ਚਟਾਯਾ ਕਰੇ ਤਾਂ ਹਿੜਕੀ, ਦਮਾਂ, ਖਾਂਸੀ, ਬਲਗਮੀ ਖਾਂਸੀ ਅਰ ਤਾਪ ਆਦਿ ੧ ਮਹੀਨੇ ਵਿਚ ਨਾਸ ਕਰੇ (ਇਹ ਭੀਂਡੀ ਦੀ ਚਟਣੀ ਬਹੁਤ ਗੁਣਕਾਰ ਹੈ)। ੯੨ ਤੋਂ ੯੬।

ਚਯਵਨ ਪ੍ਰਾਸ਼ਾਯ ਅਵਲੇਹ (ਸਾਰੰਗਧਰਾਤ)-ਦੋਹਰਾ

ਪਾਟ ਮਜੀਠ ਕੁੰਭੇਰ ਘਨ ਗੋਖਰੁ ਵ੍ਰਿਖਜ ਕਰਚੂਰ।
ਸਾਲ ਪਰਣਿ ਪ੍ਰਿਸਟ ਪਰਣਿ ਬਿਲੁ ਸ੍ਰਿੰਗੀ ਪੁਹਕਰਿ ਮੂਰ ॥੯੭॥

---

*ਪਹਿਲੇ ਪੱਤ ਪਕਾਵੇ, ਜਦ ਕੁਛ ਥੋੜੀ ਕਸਰ ਰਹੇ ਤਾਂ ਮਘ ਤਬਾਸੀਰ ਪਾਵੇ, ਫਿਰ ਜਰਾਕੁ ਸੇਰ ਲੁਆਕੇ ਉਤਾਰ ਲਵੇ, ਚਟਣੀ ਬਹੁਤ ਗਾੜ੍ਹੀ ਨਾ ਹੋ ਜਾਵੇ, ਚਟਣ ਮਾਫਕ ਰਹੇ।

Digitized by Panjab Digital Library | www.panjabdigilib.org

ਕਣਾਂ ਕੰਟਾਰੀ ਯੁਗ ਹਰੜ ਦਾਖ ਅਗਰ ਜੁ ਗਿਲੋਇ।
ਜੀਵਕ ਰਿਖਭਾ ਅਗਨਿਮਥ ਜੀਵਨੀਯ ਰਿਧ ਸੋਇ ॥੯੮॥
ਖਰਹਟਿ ਖਟਤਿਲ ਇਟਸਿਟਾ ਮੁਦਗਹਿ ਪਰਣ ਉਸੀਰ।
ਬਹਿਕੜ ਅਰ ਡੋਡੇ ਕਮਲ ਲੇਹੁ ਕੰਕੋਲੀ ਖੀਰ ॥੯੯॥
ਮਾਖ ਪਰਣਿ ਚੰਦਨ ਇਲਾ ਵਲਾ ਵਿਦਾਰੀ ਕੰਦ।
ਕਠੌੜੀ ਬਾਲਾ ਦਰੜ ਪਲ ਪਲ ਸਕਲ ਅਨੰਦ ॥੧੦੦॥
ਧਾਤ੍ਰੀ ਫਲ ਦੈ ਪਾਂਚ ਸੈ ਸਬੀ ਮੇਲ ਇਕ ਥਾਹਿ।
ਦ੍ਰੋਣ ਏਕ ਜਲ ਪਾਇਕੈ ਅਸਟ ਵਿਸੇਖੀ ਕ੍ਵਾਹ ॥੧੦੧॥
ਨੀਰੈ ਛਾਨਿ ਕੜਾਹਿ ਦੈ ਘ੍ਰਿਤ ਪਾਵੈ ਪਲ ਸਾਤ।
ਤਾਸ ਪਕਾਈ ਖੰਡ ਭਿਲ ਪਲੁ ਪਚਾਸ ਵਿਖਯਾਤ ॥੧੦੨॥
ਚੂਰਨ ਪਾਇ ਪਕਾਇਕੈ ਸੁਨੋ ਔਖਧੀ ਸਾਰ।
ਦੋ ਪਲ ਮੁਗਧਾ ਪਾਈਐ ਤਬਾਖੀਰ ਪਲ ਚਾਰ ॥੧੦੩॥
ਦਾਰਚੀਨੀ ਕੇਸਰੁ ਗਹੋ ਅਰ ਤਮਾਲ ਲੈ ਪਾਇ।
ਤੋਲਾ ਤੋਲਾ ਏ ਗਹੋ ਖਟ ਪਲ ਮਧੁ ਲੈ ਦਾਇ ॥੧੦੪॥
ਕਰਿ ਅਵਲੇਹੀ ਚਾਟਿਯੈ ਚਵਨ ਰਖੀਸ੍ਰੁਰ ਵਾਕ।
ਵਾਲ ਵ੍ਰਿਧਿ ਬਲੁ ਦੇਖਕੈ ਵਜਨ ਦੀਜੀਯੈ ਯਾਕ ॥੧੦੫॥
ਖਈ ਧਾਤੁ ਖਯ ਭੰਗ ਸੁਰ ਵਾਤ ਪਿੱਤ ਕਫ ਜਾਇ।
ਹਿਯ ਗਦ ਮੂਤਰ ਦੋਖ ਸਬ ਸੁੱਕ੍ਰਨ ਦੋਖ ਪਰਾਇ ॥੧੦੬॥
ਬਲ ਬੀਰਜ ਤਨ ਰੰਗ ਬੁਧਿ ਦਿਨ ਦਿਨ ਅਧਿਕ ਕਰੇਇ।
ਖਾਟਾ ਤੁਰਸ ਨ ਖਾਈਐ ਸਾਰੰਗਧਰ ਜੁ ਕਹੇਇ ॥੧੦੭॥

੨੭੪੯—ਪਾਟ—ਕਰਕੇ ਪਾਟਲੀ ਗੁਲਾਬ ਹੈ, ਪਾਠਾ ਨਹੀਂ, ਮਜੀਠ; ਕੁੰਭੇਰ=ਜ਼ਰਿਸ਼ਕ, ਮੋਥਾ, ਭੱਖੜਾ, ਬਾਂਸਾ, ਕਚੂਰ, ਸਾਲਪ੍ਰਣੀ, ਪ੍ਰਿਸ਼ਟਪਰਣੀ, ਬਿੱਲਗਿਰੀ, ਕਕੜਸਿੰਗੀ; ਪੁਹਕਰਮੂਲ, ਮਘ, ਦੋਨੋਂ ਕੰਡਿਆਰੀਆਂ, ਹਰੜ ਦੀ ਛਿਲ, ਮੁਣੱਕਾ, ਅਗਰ, ਗਿਲੋਯ, ਜੀਵਕ, ਰਿਖਭ (ਇਹ ਦੋਨੋਂ ਨਾਂ ਮਿਲਨ ਤਾਂ ਬਿਦਾਰੀ ਕੰਦ ਤੇ ਬਰਾਹੀ ਕੰਦ) ਅਰਣੀ, ਜੀਵੰਤੀ, ਰਿੱਧੀ, ਸਫੇਦ ਤੋਦਰੀ, ਨਾਗਬਾਲਾ, ਭੁੰਜੀ ਆਵਲਾ, ਇਟਸਿਟ, ਬਨ ਮੁੰਗੀ, ਖੱਸ, ਬਹਿੱਕੜ, ਕਮਲ ਡੋਡੇ, ਖੀਰ

Digitized by Panjab Digital Library | www.panjabdigilib.org

ਕੰਕੋਲੀ (ਸ਼ਕਾਕਲ), ਬਨਮਾਹਿ, ਚੰਦਨ, ਇਲਾਚੀ, ਖਿਰੈਟੀ, ਸਿਆਲੀਆਂ, ਕਾਠੋਲੀ=†ਕਾਕਜੰਘੀ ਤੇ ਸੁਗੰਧਬਾਲਾ ਏਹ ਸਭੋ ੪-੪ ਤੋਲੇ ਦਰੜਾ ਜੇਹਾ ਕਰ ਲਵੇ ਤੇ ਆਵਲੇ ੫੦੦ ਗਿਣਕੇ ਪਾਵੇ, ਫਿਰ ਸਭਨਾਂ ਨੂੰ ਇਕ ਭਾਂਡੇ ਵਿਚ ਪਾਕੇ ਉਸ ਵਿਚ ਦਰੋਣ (੩੨ ਸੇਰ) ਜਲ ਪਾਕੇ ਕਾੜ੍ਹੇ, ਜਦ ਅਠਵਾਂ ਭਾਗ ਅਰਥਾਤ ੮ ਸੇਰ ਬਾਕੀ ਜਲ ਸੜਕੇ ਆਨ ਰਹੇ ਤਾਂ ਚੁਲ੍ਹੇ ਤੋਂ ਲਾਹਕੇ ਪੁਣਕੇ ਫਿਰ ਕੜਾਹੀ ਵਿਚ ਪਲਟਾਕੇ ਉਸ ਵਿਚ ੨੮ ਤੋਲੇ ਘ੍ਰਿਤ ੨੦੦ ਤੋਲੇ (ਢਾਈ ਸੇਰ) ਖੰਡ ਪਾਕੇ ਪਕਾਵੇ; ਪਰੰਤੂ ਵਿਧੀ ਅਜੇਹੀ ਨਾਲ ਪਕਾਵੇ ਜੋ ਪੱਤ ਨਰਮ ਰਹੇ, ਅਰ ਫਿਰ ਹੇਠ ਲਿਖੀਆਂ ਚੀਜ਼ਾਂ ਦਾ ਚੂਰਨ ਕਪੜਛਾਣ ਕੀਤਾ ਹੋਯਾ ਪਾਕੇ ਤੁਰਤ ਅੱਗ ਤੋਂ ਉਤਾਰ ਲਵੇ ਸੋ:—ਮਘ ੮ ਤੋਲੇ, ਤਬਾਸੀਰ ੧੬ ਤੋਲੇ, ਦਾਲਚੀਨੀ ੧ ਤੋਲਾ ਕੇਸਰ ੧ ਤੋਲਾ, ਤਮਾਲ ਪਤ੍ਰ ੧ ਤੋਲਾ ਤੇ ਸ਼ਹਿਤ ੨੪ ਤੋਲੇ ਪਾਕੇ, ਚਟਣੀ ਕਰ ਲਵੇ। ਇਸਦਾ ਨਾਮ ਚਯਵਨ ਪ੍ਰਸ਼ਾਵਲੇਹ ਹੈ, ਫਿਰ ਚਟਾਵੇ, ਪਰੰਤੂ ਬਾਲਕ, ਬੁੱਢੇ ਦਾ ਬਲ ਦੇਖਕੇ ਮਾਤ੍ਰਾ ਨਿਯਤ ਕਰੇ, ਤਾਂ ਖਈ, ਧਾਤੂਖਯ, ਸੁਰਭੰਗ, ਬਾਤ, ਪਿੱਤ, ਕਫ, ਹਿਰਦੇ ਰੋਗ, ਮੂਤ੍ਰ ਦੋਖ ਤੇ ਬੀਰਜ ਦੋਖ ਸਭੋ ਨਾਸ ਕਰੇ, ਅਰ ਬਲ, ਬੀਰਜ, ਸਰੀਰ ਦੀ ਰੰਗਤ ਤੇ ਬੁੱਧੀ ਦਿਨੋ ਦਿਨ ਵਧਾਵੇ। ਖੱਟਾ, ਖਾਰਾ ਬਰਜ ਰੱਖੇ ॥ ੯੭ ਤੋਂ ੧੦੭ ॥

ਅਥ ਪੇਠਾ ਅਵਲੇਹ (ਸਾਰੰਗਧਰਾਤ)—ਚੌਪਈ

ਪੇਠਾ ਛਿੱਲਕੇ ਬੀਜ ਕਢਾਇ। ਦੋ ਦੋ ਅੰਗੁਲ਼ ਖੰਡ ਕਰਾਇ।
ਸਤਪਲੁ ਖੰਡਤੁਲਾਜਲ ਘਾਲ। ਚੁੱਲੇ ਪਰਧਰਿ ਅਗਨਿ ਜੁਬਾਲ॥੧੦੮॥
ਜਲੁ ਕੜ੍ਹ ਆਧ ਰਹੈ ਤੋਂ ਉਤਾਰ। ਕਪੜੇ ਮਾਹਿ ਨਿਚੋਰੇ ਸਾਰ।
ਲੇ ਪੇਠਾ ਖੰਡ ਧੂਪ ਸੁਕਾਇ। ਤਾਂਕੋ ਸੂਈ ਸੋਂ ਬ੍ਰਿੰਧਾਇ॥੧੦੯॥
ਅਠ ਪਲਘ੍ਰਿਤ ਮਹਿਲਘ ਸਾ ਸੇਕ। ਸਤ ਪਲਖੰਡ ਤੁਲਾਜਲ ਟੇਕ।
ਤਾਂਕੀ ਪਾਤ ਕਰੀ ਦੇ ਖੰਡ। ਤਾਂਹਿ ਪਕਾਵੇ ਅਗਨਿ ਜੁ ਮਡ॥੧੧੦॥
ਯੁਗ ਜੀਰਾ ਸੁੰਠੀ ਲੈ ਕਣਾ। ਪਲ ਪਲ ਮਾਤ੍ਰਾ ਜਾਨੋ ਭਣਾ।
ਏਲਾ ਮਰਚਾਂ ਤੱਜ ਤਮਾਲ। ਧਨੀਯਾ ਅਠ ਅਠ ਟੰਕ ਸੁ ਡਾਲ॥੧੧੧॥
ਪੈਸੇ ਚੌਦਾਂ ਸ਼ਹਿਤ ਡੁਲਾਇ। ਕਰਿ ਅਵਲੇਹੀ ਸੁੱਧ ਰਖਾਇ।
ਖਾਵਤ ਰੋਗੀ ਪੈਸੇ ਚਾਰ। ਰਕਤ ਪਿੱਤ ਅਰੁ ਖਈ ਵਿਡਾਰ॥੧੧੨॥
ਤਾਪ ਸੋਖ ਵਮਿ ਰੁਧਿਰ ਵਿਕਾਰ। ਵਿਖਮ ਤਾਪ ਤ੍ਰਿਸਨਾ ਉਦਗਾਰ।
ਭੂਖ ਪਿੱਤ ਸ੍ਵਾਸਹਿ ਅਰੁ ਕਾਸ। ਦਾਹਿਧਾਤਖਈ ਰੋਗ ਵਿਨਾਸ॥੧੧੩॥
ਸਰਬ ਰੋਗ ਪਿੱਤਾਂ ਕਾ ਜਾਇ। ਮੁਖ ਨਾਸਾਗੁਦ ਰੁਧਿਰ ਥੰਭਾਇ।

†ਦੇਖੋ ਸਾਰੰਗਧਰ।

Digitized by Panjab Digital Library | www.panjabdigilib.org

ਕੂਖਮਾਂਢ ਅਵਲੇਹਸੁਕਹਿਯਾ। ਮੇਘਰਿਖਹਿਸਾਰੰਗਧਰਲਹਿਯਾ ॥੧੧੪॥

੨੭੫੦-ਪੇਠਾ ਲੈਕੇ ਛਿੱਲਕੇ ਓਸਦੇ ਬੀਜ ਕੱਢ ਦੇਵੇ। ਦੋ ਦੋ ਉਂਗਲੀਆਂ ਓਸਦੇ ਖੰਡ-ਟੁਕੜੇ ਕੱਟਕੇ ਕਰੇ। ਓਹ ਖੰਡ-ਟੁਕੜੇ ੧੦੦ ਪਲ (੫ ਸੇਰ) ਹੋਣੇ ਚਾਹੀਏ, ਓਹਨਾਂ ਵਿਚ ਤੁਲਾ ੮੦੦ ਤੋਲੇ (੧੦ ਸੇਰ) ਜਲ ਪਾਕੇ ਚੁਲ੍ਹੇ ਪਰ ਚਾੜ੍ਹਕੇ ਹੇਠ ਅਗਨੀ ਜਲਾਵੇ। ਜਦ ਜਲ ਸੜਕੇ ਅੱਧਾ ਰਹੇ ਤਾਂ ਉਤਾਰਕੇ ਓਹਨਾਂ ਟਕੜਿਆਂ ਨੂੰ ਕਪੜੇ ਵਿਚ ਪਾਕੇ ਨਿਚੋੜ ਦੇਵੇ। ਫੇਰ ਓਹਨਾਂ ਪੇਠੇ ਦੇ ਟੁਕੜਿਆਂ ਨੂੰ ਲੈ ਕੇ ਧੁਪੇ ਸੁਕਾ ਲਵੇ। ਜਦ ਸੁੱਕ ਜਾਣ ਤਾਂ ਸੂਏ ਨਾਲ ਚੰਗੀਤਰਾਂ ਚੋਕੇ (ਬਿੰਨ੍ਹੇ)। ਫੇਰ ਕੜਾਹੀ ਵਿਚ ਪਾਕੇ ਓਸ ਵਿਚ ੮ ਪਲ=੩੨ ਤੋਲੇ ਘਿਉ ਪਾਕੇ ਥੋੜਾ ਜੇਹਾ ਸੇਕੇ ਅਰ ਫਿਰ ੧੦੦ ਪਲ=੪੦੦ ਤੋਲੇ (੫ ਸੇਰ) ਖੰਡ ਅਤੇ ਤੁਲਾ=੮੦੦ ਤੋਲੇ (੧੦ ਸੇਰ) ਜਲ ਪਾਕੇ ਇਸ ਖੰਡ ਦੀ ਪੱਤ ਕਰੇ ਤੇ ਉਹ ਪੇਠੇ ਦੇ ਟੁਕੜੇ ਪੱਤ ਵਿਚ ਪਾਕੇ ਅੱਗ ਨਾਲ ਪਕਾਵੇ। ਜਦੋਂ ਪੱਤ ਤਿਆਰ ਹੋ ਜਾਵੇ ਅਰਥਾਤ ਵਤ ਸਿਰ ਆਣ ਪੁਜੇ ਤਾਂ ਹੇਠ ਲਿਖੀਆਂ ਚੀਜ਼ਾ ਪੀਹਕੇ ਕਪੜੇ ਛਾਣ ਕੀਤੀਆਂ ਹੋਈਆਂ ਪੱਤ ਵਿਚ ਪਾਵੇ:—ਦੋਨੋਂ ਜੀਰੇ, ਸੁੰਢ ਤੇ ਮਘ ਇਹ ੪-੪ ਤੋਲੇ, ਲਾਚੀ, ਮ੍ਰਿਚਾਂ, ਤਜਸੱਤ; ਤਸਾਲ ਪਤ੍ਰ ਤੇ ਧਨੀਆਂ ਇਹ ੩੨-੩੨ ਮਾਸੇ, ਚੌਦਾਂ ਪੈਸੇ ਭਰ ਸ਼ਹਿਤ ਪਾਕੇ ਠੀਕ ਪਕਾਕੇ ਚਟਣੀ ਤਿਆਰ ਕਰ ਰਖੇ। ਇਸ ਵਿਚੋਂ ਰੋਗੀ ਨਿਤ ੪ ਪੈਸੇ ਭਰ ਖਾਵੇ, ਰਕਤ, ਪਿੱਤ, ਖਈ (ਖੀਣਤਾ), ਤਾਪ, ਸੋਖ, ਕੈ, ਲੋਹੂ ਦਾ ਵਿਗਾੜ ਵਿਖਮ ਤਾਪ, ਪਯਾਸ, ਡਿਕਾਰ, ਭੁੱਖ ਦਾ ਨਾ ਲਗਣਾ, ਪਿਤ, ਸਵਾਸ ਅਤੇ ਕਾਸ ਦਾਹ, ਧਾਤੂ ਦੀ ਖੀਣਤਾ, ਸਾਰੇ ਪਿੱਤ ਦੇ ਰੋਗ, ਮੂੰਹ, ਨਾਸਾਂ ਤੇ ਗੁਦਾ ਰਸਤੇ ਜਾਂਦਾ ਲਹੂ ਰੋਕ ਦੇਵੇ। ਇਤਯਾਦੀ ਗੁਣ ਕਰਨਹਾਰ ਇਹ ਕੂਖ ਮਾਂਡ (ਪੇਠੇ) ਦੀ ਅਵਲੇਹ ਹੈ॥ ੧੦੮ ਤੋਂ ੧੧੪ ॥

ਅਗਸਤ ਹਾਰੀਤਕਾਦਿ ਅਵਲੇਹ (ਸਾਰੰਗਧਰਾਤ)—ਸੋਰਠਾ

ਸੌ ਹਰੜੇਂ ਗਿਨ ਲੇਇ, ਆਢਿਕ ਏਕ ਜਵਾਇਨੰ।
ਦਸਮੂਲੀ ਪਲ ਦੇਇ, ਵੀਸ ਆਢਕੈ ਪੰਚ ਜਲ ॥੧੧੫॥
ਚਿਤ੍ਰਕ ਪੀਪਰਮੂਲ, ਸਿਖਿਰੀ ਕੌਚ ਭਰਿੰਗ ਹੀ।
ਸੁੰਠੀ ਪੁਹਕਰਮੂਲ, ਸੰਖਾਹੋਲੀ ਗਜਕਣਾ ॥੧੧੬॥
ਬਲਾ ਜੁ ਪਲੁ ਪਲੁ ਦੇਇ, ਪਾਉ ਕੜਾਹੈ ਦਰਭ ਸਭ।
ਹਰੜ ਸਬੂਤੀ ਦੇਇ, ਕ੍ਵਾਥੀ ਅਠ ਅੰਸ ਰਾਖੀਐ ॥੧੧੭॥
ਹਰੜੇਂ ਜੁਦੀ ਕਢਾਇ, ਅਉਰ ਨੀਰ ਸਬ ਛਾਨਿ ਲੈ।
ਫੇਰ ਕੜਾਹੈ ਪਾਇ, ਤਾਮਹਿ ਹਰੜਨਿ ਬੀਜ ਦੈ ॥੧੧੮॥
ਘ੍ਰਿਤ ਪਾਵੈ ਪਲ ਅਸ਼ਟ, ਤੇਲ ਪਾਈਐ ਆਠ ਪਲ।
ਸੌ ਪਲ ਗੁੜ ਦੇ ਸੁਸਿਟ, ਮੱਠੀ ਅਗਨਿ ਪਚਾਇ ਸਬ ॥੧੧੯॥

Digitized by Panjab Digital Library | www.panjabdigilib.org

ਪਾਤ ਕਰੀ ਉਤਰਾਇ, ਕੁੜਵ ਕੁੜਵ ਮਧੁ ਪੀਪਰੀ।
ਤਾਂਮੋਹ ਦੇਹੁ ਰਲਾਇ, ਸੀਤਲੁ ਕਰਿ ਭਾਂਜਨ ਧਰੋ॥੧੨੦॥
ਦੋ ਹਰੜੇਂ ਨਿੱਤ ਖਾਇ, ਕੈ ਅਵਲੇਹੀ ਸੰਗ ਗੁਣੇ।
ਖਈ ਕਾਸ ਮਿਟ ਜਾਇ, ਗ੍ਰਹਿਣੀ ਪੀਨਸ ਸ੍ਵਾਸ ਹਰਿ॥੧੨੧॥
ਅਰੁਚਿ ਸ੍ਵਰ ਕਾ ਭੰਗ, ਹਿਕ੍ਵਾ ਅਰਸ ਸੁ ਨਾਂ ਰਹੈ।
ਅਗਸਤ ਮੁਨੀਸ੍ਵਰ ਰੰਗ, ਸਾਰੰਗਧਰ ਤੇ ਮੇਘ ਭਨਿ॥੧੨੨॥

੨੭੫੧–ਹਰੜਾਂ ਗਿਣਕੇ ਸੌ (੧੦੦ ਲਵੇ। ਆਢਕ=੮ ਸੇਰ ਜਵੈਣ, ਦਸ ਮੂਲ ੨੦ ਪਲ (੮੦ ਤੋਲੇ], ਪੰਜ ਆਢਕ (੧ ਮਣ) ਜਲ। ਚਿਤ੍ਰਾ, ਪਿਪਲਾਮੂਲ, ਪੁਚਕੰਡਾ, ਕੌਂਚ ਬੀਜ, ਭੜਿੰਗੀ, ਸੁੰਢ, ਪਹਕਰਮੂਲ. ਭੇੜਭੜਿੰਗ, ਗਜ ਪੀਪਲੀ ਤੇ ਖਿਰੇਟੀ, ਇਹ ਸਭ ੨-੨ ਪਲ (੮-੮ ਤੋਲੇ ਲੈਕੇ, ਦਰੜਾ ਜੇਹਾ ਕਰਕੇ ਸਭ ਕੜਾਹੀ ਵਿਚ ਪਾ ਦੇਵੇ; ਪਰੰਤੂ ਇਹਨਾਂ ਵਿਚੋਂ ਹਰੜਾਂ ਸਾਬਤ ਪੌਣੀਆਂ ਅਰ ਕਾੜ੍ਹਾ ਕਰੇ, ਗਦ ਅਠਵਾਂ ਹਿੱਸਾ ਸੜਕੇ ਜਲ ਰਹੇ ਤਾਂ ਹਰੜਾਂ ਵਖਰੀਆਂ ਕੱਢ ਰੱਖੇ, ਹੋਰਨਾਂ ਦਾ ਪਾਣੀ ਪੁਣਕੇ, ਮੁੜ ਉਹ ਜਲ ਕੜਾਹੀ ਵਿਚ ਪਾਵੇ, ਪਰੰਤੂ ਉਸ ਵਿਚ ਗਿਟਕਾਂ ਕੱਢਕੇ ਪਾਵੇ। ਉਸ ਵਿਚ ੩੨ ਤੋਲੇ ਘਿਉ, ੩੨ ਤੋਲੇ ਤੇਲ, ਗੁੜ ੪੦੦ ਤੋਲੇ (੫ ਸੇਰ) ਪਾਕੇ ਮੱਠੀ ਮੱਠੀ ਅੱਗ ਨਾਲ ਪਕਾਵੇ। ਪੱਤ ਕਰਕੇ ਉਤਾਰਕੇ ਫਿਰ ਉਸ ਵਿਚ ੩੨ ਤੋਲੇ ਸ਼ਹਤ, ੩੨ ਤੋਲੇ ਮਘਾਂ ਦਾ ਚੂਰਣ ਪਾਕੇ ਮਿਲਾਵੇ ਅਰ ਠੰਢੀ ਕਰਕੇ ਪਾਤ੍ਰ ਵਿਚ ਪਾ ਰੱਖ। ਇਸ ਵਿਚੋਂ ਦੋ ਹਰੜਾਂ ਇਸ ਅਵਲੇਹ ਨਾਲ ਮਿਲਾਕੇ ਨਿੱਤ ਖਾਵੇ, ਤਾਂ ਖਈ, ਖਾਂਸੀ, ਸੰਗ੍ਰਹਿਣੀ, ਪੀਨਸ, ਸਵਾਸ, ਅਰੁਚੀ ਸ੍ਵਰਭੰਗ; ਹਿੜਕੀ ਤੇ ਬਵਾਸੀਰ ਇਹ ਸੱਭੇ ਰੋਗ ਨਾਸ ਕਰੇ। ਇਹ ਅਵਲੇਹ ਰਾਸਾਯਣ ਰੂਪ ਅਗਸਤ ਮੁਨੀ ਨੇ ਕਹੀ ਹੈ ॥ ੧੧੫ ਤੋਂ ੧੨੨ ॥

*ਸੂਰਣ ਅਵਲੇਹ (ਸਾਰੰਗਧਰਾਤ)–ਚੌਪਈ

ਕੁਖਮਾਂਡ ਜੋ ਵਿਧ ਅਵਲੇਹ। ਸੋ ਸੂਰਣ ਜਾਨੋ ਵਿਧ ਤੇਹ।
ਓਹੀ ਔਖਧ ਇਸ ਮੈਂ ਪਾਇ। ਅਰਸ ਰੋਗੁ ਸਬ ਨਾਸ ਕਰਾਇ॥੧੨੩॥
ਗੂੜ ਵਾਤ ਹਰਿ ਅਗਨਹਿ ਮੰਦ। ਧਾਤ ਵ੍ਰਿਧਿ ਤਨੁ ਪੁਸਟ ਅਨੰਦ।
ਸਾਰੰਗਧਰ ਤੇ ਮੇਘ ਵਖਾਨੀ। ਮੇਘ ਵਿਨੋਦੇ ਸਬਹਿਤ ਠਾਨੀ॥੧੨੪॥

*ਸੂਰਣ ਜਿਮੀਕੰਦ, ਦੋ ਤਰਾਂ ਦਾ ਹੁੰਦਾ ਹੈ, ਕ੍ਰਾਚੀ ਵਲ ਦਾ ਜ਼ਾਹਿਰ ਤੇ ਬਗੈਰ ਹੁੰਦਾ ਹੈ ਦੇਸੀ ਜ਼ਹਿਰ ਵਾਲਾ ਹੁੰਦਾ ਹੈ ਇਸਤੇ ਸਾਫ ਕਰਕੇ ਪਾਵੇ।

Digitized by Panjab Digital Library | www.panjabdigilib.org

੨੭੫੨-ਜਿਸ ਵਿਧੀ ਨਾਲ ਪੇਠੇ ਦੀ ਅਵਲਹ ਕਹੀ ਹੈ, ਉਸੇ ਵਿਧੀ ਨਾਲ ਸੂਰਣ=ਜ਼ਿਮੀਕਦ ਦੀ ਅਵਲੇਹ ਬਣਦੀ ਹੈ। ਉਸ ਵਿਚ ਜੋੜ੍ਹੀਆਂ ਦਵਾਈਆਂ ਹਨ, ਸੋਈ ਇਸ ਵਿਚ ਪਾਵੇ। ਇਹ ਸੂਰਣ ਅਵਲੇਹ ਵਿਸ਼ੇਸ਼ ਕਰਕੇ ਬਵਾਸੀਰ ਰੋਗ ਦੀ ਨਾਸਕ ਹੈ। ਗੂੜ ਬਾਤ ਅਰਥਾਤ ਪੇਟ ਗੁੰਮ ਰਹਿਣਾ, ਹਵਾ ਨ ਸਰਨੀ, ਅਗਨੀ ਦੀ ਮੰਦਤਾ ਇਹ ਸਭ ਨਾਸ ਕਰੇ, ਬੀਰਜ ਵਧਾਵੇ. ਸ਼ਰੀਰ ਨੂੰ ਪੁਸ਼ਟ ਕਰੇ ॥੧੨੩॥ ੧੨੪॥

ਕੁਟਜਾਦਿ ਅਵਲੇਹ (ਸਾਰੰਗਧਰਾਤ)-ਚੌਪਈ

ਸੋਲ੍ਹਾਂ ਪਲ ਲੈ ਕੁੜਾ ਜੁ ਛਾਲ। ਦ੍ਰੋਣ ਨੀਰ ਮਹਿ ਕੂਟੀ ਡਾਲ।
ਚੌਥਾ ਅੰਸ ਕ੍ਵਾਥ ਕਰ ਲੇਇ। ਵਸਤਰ ਛਾਨ ਕੜਾਹੈ ਦੇਇ ॥੧੨੫॥
ਤਾਂਮਹਿ ਗੁੜ ਪਾਵੇ ਪਲੁ ਤੀਸ। ਪਾਤ ਪਕਾਵੇ ਅਗਨਿ ਬਾਲੀਸ।
ਪਕਵੀ ਪਾਤਹਿ ਚੂਰਣ ਪਾਇ। ਰਸਵਤਤ੍ਰਿਕੁਟਾ ਬਿੱਲ ਰਲਾਇ ॥੧੨੬॥
ਲਜਾਲੂ ਚਿੱਤ੍ਰਾ ਛੜ ਪਾਡ। ਸੰਭਾਲੂ ਇੰਦਰ ਜਵ ਮਾਠ।
ਸੋਥ ਕਾਰ ਪਾਤੀਸ ਵੜਿੰਗ। ਏਕ ਏਕ ਪਲ ਪੀਸੇ ਚੰਗ ॥੧੨੭॥
ਕਪੜੇ ਛਾਨੀ ਸਭੈ ਰਲਾਇ। ਕੁੜਵ ਕੁੜਵ ਘ੍ਰਿਤ ਮਧੁ ਲੈ ਪਾਇ।
ਖਾਇ ਪਕਾਏ ਇਹ ਅਵਲੇਹ। ਅਰਸ ਪਾਂਡ ਗ੍ਰਹਿਣੀਨ ਰਹੇਹ ॥੧੨੮॥
ਰਕਤ ਪਿੱਤ ਅਰ ਕਮਲ ਜੁ ਵਾਇ। ਕੰਠ ਸੋਖ ਅਤਿਸਾਰ ਮਿਟਾਇ।
ਪਿੱਤੀ ਚਿਹਰਾ ਨਾਸੈ ਸੂਲ। ਅਨੂਪਾਨ ਇਸਕੇ ਹੈ ਮੂਲ ॥੧੨੯॥
ਮਧੁ ਘ੍ਰਿਤ ਜਲ ਸੋਂ ਖਾਵਤ ਏਹ। ਅੰਨ ਪੁਰਾਨਾ ਜੀਵੇ ਤੇਹ।
ਸਾਰੰਗਧਰ ਤੇ ਮੇਘ ਵਖਾਨੀ। ਮੇਘ ਕਹੈ ਅਤੀਸਾਰ ਸੁਭਾਨੀ ॥੧੩੦॥

੨੭੫੩-ਸੋਲਾਂ ਪਲ=੬੪ ਤੋਲੇ ਕੁੜੇ ਦੀ ਛਿੱਲ ਲਵੇ। ਦਰੋਣ (੩੨ ਸੇਰ) ਜਲ ਵਿੱਚ ਕੁਟਕੇ ਪਾ ਦੇਵੇ। ਅੱਗ ਪਰ ਚਾੜ੍ਹਕੇ ਕਾੜ੍ਹਾ ਕਰੇ, ਚੌਥਾ ਹਿੱਸਾ ਰਹੇ ਤਾਂ ਉਤਾਰ ਰੱਖੇ। ਉਸਨੂੰ ਕਪੜੇ ਵਿਚ ਪੁਣਕੇ ਉਹ ਕਾੜ੍ਹੇ ਦਾ ਜਲ ਮੁੜ ਕੜਾਹੀ ਵਿਚ ਪਾਵੇ। ਉਸ ਵਿਚ ਗੁੜ ੩੦ ਪਲ (੧੩੦ ਤੋਲੇ) ਪਾਕੇ ਅਰ ਪੱਤ ਪਕਾਕੇ ਕਰੇ। ਜਦ ਪੱਤ ਪੱਕ ਜਾਵੇ ਤਾਂ ਹੇਠ ਲਿਖਿਆ ਚੂਰਣ ਪਾਵੇ, ਰਸੌਂਤ, ਤ੍ਰਿਕੁਟਾ (ਮਘ, ਮ੍ਰਿਚ, ਸੁੰਢ) ਬਿੱਲਗਿਰੀ, ਲੱਜਾਵੰਤੀ, ਚਿੱਤ੍ਰਾ, ਛੜ, ਪਾਠਾ, ਸੰਭਾਲੂ, ਇੰਦ੍ਰਜੌਂ, ਮਿੱਠੇ ਭਿਲਾਵੇ, ਪਤੀਸ ਤੇ ਬਾਇਵੜਿੰਗ, ਇਹ ਸਭ ੪-੪ ਤੋਲੇ ਪੀਹਕੇ ਕੱਪੜੇ ਛਾਣ ਕਰਕੇ ਪਾਵੇ ਤੇ ਰਲਾਵੇ ਅਰ ਫਿਰ ੩੨ ਤੋਲੇ ਘਿਉ ੩੨ ਤੋਲੇ ਸ਼ਹਿਤ ਪਾਕੇ ਪਕਾਕੇ, ਅਵਲਹ ਤਿਆਰ ਕਰ ਲਵੇ। ਫਿਰ ਇਸਨੂੰ ਖਾਵੇ, ਤਾਂ ਬਵਾਸੀਰ, ਪਾਂਡੂ, ਸੰਗ੍ਰਹਿਣੀ, ਰਕਤ ਪਿੱਤ, ਕਮਲਵਾਇ, ਕੰਠ ਸੋਖ, ਅਤੀਸਾਰ, ਚਿਹਰੇ ਦੀ ਪਿੱਤ ਤੇ ਸੂਲ ਨੂੰ ਨਾਸ ਕਰੇ। ਪਰੰਤੂ ਇਸਦੇ ਅਨੂਪਾਨ, ਸ਼ਹਿਤ, ਘ੍ਰਿਤ ਤੇ ਜਲ ਹੀ ਹਨ, ਇਨ੍ਹਾਂ ਨਾਲ ਖਾਵੇ। ਇਸ

Digitized by Panjab Digital Library | www.panjabdigilib.org

ਪਰ ਪੁਰਾਣਾ ਅੰਨ (ਭੋਜਨ) ਖ਼ਾਂਵੇ । ਨਵੇਂ ਅੰਨ ਵਲੋਂ ਪ੍ਰਹੇਜ਼ ਰੱਖੇ ॥੧੨੫ ਤੋਂ ੧੩੦॥

ਅਭਯਾਦਿ ਅਵਲੇਹ—ਚੌਪਈ

ਹਰੜ ਕੁੜਾ ਤੁਚ ਇਕ ਲੈ ਤੁਲਾ। ਦਰੋਣ ਨੀਰ ਮੈਂ ਕਾੜ੍ਹੇ ਭਲਾ।
ਚੌਥਾ ਭਾਗ ਰਖੀ ਜਲ ਛਾਨ। ਪੁਨਾ ਕੜਾਹੇ ਸੋ ਜਲ ਠਾਨ ॥੧੩੧॥
ਤਾਹਿ ਪਕਾਈ ਚੂਰਣ ਪਾਇ। ਘਨ ਪਾਠਾ ਲਜਾਲੂ ਲਜਾਲਿ।
ਮੋਚ ਰਸਾ ਧਾਵੇ ਕੇ ਫੂਲ। ਅਤਿ ਵਿਖ ਪਲ ਪਲ ਸਭਹੀ ਤੂਲ ॥੧੩੨॥
ਮੇਲ ਪਕਾਈ ਮਧੁ ਸੈਂ ਖਾਇ। ਗੋਮੱਠਾ ਪਯ ਘ੍ਰਿਪ ਵਾ ਦਾਇ।
ਇਨ ਸੋ ਖਾਵਤ ਹਰਿ ਅਤਿਸਾਰ। ਰੱਕਤ ਪ੍ਰਵਾਹ ਅਰਸਸਬਟਾਰ ॥੧੩੩॥
ਉਦਰ ਭਾਰ ਸਭ ਪੇਟ ਵਿਕਾਰ। ਏਤੇ ਰੋਗ ਘਟੈਂ ਤਤਕਾਰ।
ਅਭਯਾਦਿਕ ਸਬ ਜੁਗ ਵਿਖਯਾਤ। ਕਹਿਤ ਮੋਘ ਅਵਲੇਹ ਸੁਹਾਤ ॥੧੩੪॥

੨੭੫੪—ਹਰੜਾਂ ਤੇ ਕੁੜੇ ਦੀ ਛਿੱਲ ੧ ਤੁਲਾ ਅਰਥਾਤ ੪੦੦ ਤੋਲੇ ਅਰਥਾਤ ਢਾਈ ਸੇਰ ਦੋਨੋਂ ਪੀਹਕੇ ਦਰੋਣ=੩੨ ਸੇਰ ਜਲ ਵਿਚ ਪਾਕੇ ਕਾੜ੍ਹੇ, ਜਦ ਜਲ ਸੜਕੇ ਚੌਥਾ ਹਿੱਸਾ ਰਹੇ ਤਾਂ ਪੁਣ ਲਵੇ, ਮੁੜ ਕੜਾਹੇ ਵਿੱਚ ਪਾਕੇ ਉਸਨੂੰ ਪਕਾਵੇ; ਤੇ ਫਿਰ ਇਹ ਚੀਜ਼ਾਂ ਦਾ ਚੂਰਣ ਕਰਕੇ ਪਾਵੇ:—ਮੋਥਾ, ਪਾਠਾ, ਲਾਜਵੰਤੀ, ਮੋਚਰਸ, ਧਾਵ ਦੇ ਫੁੱਲ ਤੇ ਪਤੀਸ, ਇਹ ਸਭ ਚਾਰ ਚਾਰ ਤਲੇ ਰਲਾਇਕੇ ਪਕਾਵੇ। ਜਦ ਪੱਕ ਜਾਵੇ ਤਾਂ ਉਤਾਰ ਰੱਖੇ। ਫਿਰ ਸ਼ਹਿਤ ਨਾਲ ਖਾਇਆ ਕਰੇ। ਯਾ ਗੌਕੇ ਮੱਠ, ਦੁੱਧ ਯਾ ਘਿਉ ਨਾਲ ਖਾਵੇ ਤਾਂ ਅਤੀਸਾਰ ਨਾਸ ਕਰੇ। ਰਕਤ ਪ੍ਰਵਾਹਿਕਾ, ਬਵਾਸੀਰ, ਪੇਟ ਦਾ ਭਾਰੀਪਨ, ਤੇ ਹੋਰ ਪੇਟ ਰੋਗ, ਇਤਯਾਦਿ ਨਾਸ ਕਰ। ਇਨ੍ਹਾਂ ਰੋਗਾਂ ਦੇ ਨਾਸ ਕਰਨ ਵਾਸਤੇ ਇਹ ਅਭਯਾਦੀ ਅਵਲੇਹ ਪ੍ਰਸਿਧ ਹੈ।.੧੩੧॥੧੩੪॥

ਜੀਰਕਾਦਿ ਅਵਲੇਹ—ਚੌਪਈ

ਜੀਰਾ ਮੋਥ ਹਹੂ ਲੈ ਬੇਰ। ਵੇਰ ਧਨੇਹਲ ਚਿੱਤ੍ਰਕੁ ਭੇਰ।
ਅਜਵਾਨੀ ਅਸਗੰਧੁ ਸੁ ਕਣਾ। ਹਿੰਗੁ ਪੱਤ੍ਰਿਕਾ ਮਰਚ ਸੁ ਭਣਾ ॥੧੩੫॥
ਸੌਂਫ ਪੀਪਰੀ ਮੂਲ ਮਗਾਇ। ਪਲ ਪਲ ਮਾਤ੍ਰਾ ਸਬ ਕੀ ਦਾਇ।
ਸੇਰਚਾਰ ਜਲ ਮਹਿ ਉਕਲਾਇ। ਚੌਥਾ ਭਾਗ ਰਖਾਇ ਛਨਾਇ ॥੧੩੬॥
ਗੁੜ ਪਾਵੇ ਪਲ ਸੋਲਾਂ ਸਹੀ। ਤਾਹੀ ਸਮ ਗੋ ਘ੍ਰਿਤ ਦੇ ਕਹੀ।

Digitized by Panjab Digital Library | www.panjabdigilib.org

ਤਾਕੀ ਆਛੀ ਪਾਤ ਬਨਾਇ। ਤਾਮੈ ਚੂਰਨ ਏ ਲੈ ਦਾਇ॥੧੩੭॥
ਸੁੰਠ ਕਸੇਲਾ ਜੀਰਾ ਸਜਾਮ ਪਲੁ ਚਾਰੇ ਚੂਰਣ ਤਿਹ ਠਾਮ।
ਲਾਹਪਾਤ ਮਹਿ ਦੇ ਭੁਰਕਾਇ। ਸੋ ਅਵਲੇਹ ਜੁ ਭਾਂਜਨ ਪਾਇ॥੧੩੮॥
ਗਰਭ ਰੋਗੁ ਸੂਤਕੁ ਜੀਵਾਇ।। ਜਾਵਤ ਜਾਨੇ ਪੰਡਿਤ ਸਇ।
ਜੀਰਾ ਪੰਚਕ ਏਹ ਕਹਾਇ। ਕਹਿਤ ਮੇਘ ਏਤਜਾ ਸੁਖਦਾਇ॥੧੩੯॥

੨੭੫੫-ਜ਼ੀਰਾ, ਮੱਥਾ, ਹਊਬੇਰ (ਉਨਾਬ), *ਬੇਰ=ਕੇਸਰ, ਧਨੀਆਂ, ਚਿਤ੍ਰਾਂ, ਜ਼ਰਿਸ਼ਕ, ਅਜਵੈਣ, ਅਸਗੰਧ, ਮਘ, ਹਿੰਗ ਪਤ੍ਰੀ ਅਰਥਾਤ †ਅੰਜਦਾਨ, ਮ੍ਰਿਚ, ਸੌਂਫ ਤੇ ਪਿਪਲਾਮੂਲ, ਇਹ ਸਭ ੪-੪ ਤੋਲੇ, ਇਨ੍ਹਾਂ ਨੂੰ ੪ ਸੇਰ ਜਲ ਵਿਚ ਕਾੜ੍ਹੇ। ਚੌਥਾ ਭਾਗ ਰਹੇ ਤਾਂ ਪੁਣਕੇ ਮੁੜ ਕੜਾਹੀ ਵਿਚ ਉਹ ਜਲ ਪਾਕੇ ਉਸ ਵਿਚ ੬੪ ਤੋਲੇ ਗੁੜ ਤੇ ੬੪ ਤੋਲੇ ਘਿਉ ਪਾਕੇ ਚੰਗੀ ਤਰਾਂ ਪੱਤ ਪਕਾਵੇ। ਫਿਰ ਹੇਠ ਲਿਖਿਆ ਚੂਰਣ ਪਾਵੇ:--ਸੁੰਢ, ‡ਕਸਰੂ ਤੇ ਕਾਲਾ ਜ਼ੀਰਾ, ਇਨ੍ਹਾਂ ਦਾ ਚੂਰਣ ੪ ਤੋਲੇ ਲਾਹਕੇ ਪੱਤ ਵਿਚ ਪਾ ਛੋਵੇ। ਰਲਾਕੇ ਅਵਲੇਹ ਤਿਆਰ ਕਰਕੇ ਪਾਤ੍ਰ ਵਿਚ ਪਾਵੇ, ਖਾਵੇ ਤਾਂ ਗਰਭ ਦੇ ਰੋਗ, ਸੂਤਕ ਰੋਗ, ਇਹ ਜ਼ੀਰਾ ਪੰਚਕ ਦੂਰ ਕਰੇ॥੧੩੫ ਤੋਂ ੧੩੯॥

ਅਬ ਤੇਲ ਘ੍ਰਿਤ ਵਿਧੀ—ਦੋਹਰਾ

ਪ੍ਰਥਮ ਧਜਾਯ ਮਹਿ ਸਬ ਕਹੀ ਤੇਲ ਘਿਉ ਵਿਧ ਤੀਨ।
ਪਕਵਾ ਘ੍ਰਿਤ ਤੌ ਜਾਨਿਯੇ ਹੋਤ ਫੇਨ ਤੇ ਹੀਨ॥੧੪੦॥

੨੭੫੬—†ਪਹਿਲੇ ਧਜਾਯ ਵਿਚ ਤੇਲ ਤੇ ਘਿਉ ਦੇ ਬਣਾਨ ਦੀ ਤਿੰਨ ਪ੍ਰਕਾਰ ਦੀ ਵਿਧੀ ਕਹੀ ਹੈ। ਇਸ ਵਿਚੋਂ ਘ੍ਰਿਤ ਤਦ ਪੱਕਿਆ ਜਾਣੇ, ਜਦ ਝੱਗ ਜਲਕੇ ਸਾਫ ਹੋ ਜਾਵੇ, ਅਰਥਾਤ ਝੱਗ ਉੱਪਰ ਨਾਂ ਰਹੇ। (ਤੇਲ ਪੱਕਿਆ ਤਦ ਜਾਣੋ ਉੱਪਰ ਝੱਗ ਆਵੇ)॥੧੪੦॥

ਖੀਰ ਘ੍ਰਿਤ (ਸਾਰੰਗਧਰਾਤ)—ਦੋਹਰਾ

ਕ੍ਰਿਸਨਾ ਗੰਧ੍ਰਬ ਪਲ ਪਲਹਿ ਚਵਕ ਵੰਨਿ ਲੈ ਸੁੰਠ।
ਸੇਂਧਵ ਪਲ ਪਲ ਏ ਗਹੇ ਨਿਸ ਰਾਖੇ ਜਲ ਗੁੰਨ॥੧੪੧॥

---

*ਬੇਰ—ਕੇਸਰ ਦੇਖੋ ਔਸ਼ਧੀ ਕੋਸ਼।
†ਅੰਜਦਾਨ ਉਹ ਰੁਖ ਹੈ ਜਿਸਦਾ ਦੁਧ ਹਿੰਙ ਹੈ, ਅਭਾਵ ਵਿਚ ਹਿੰਙ ਘਿਉ ਵਿਚ ਤਲਕੇ ਪਾਵੇ।
‡ਕਸੇਰੂ ਛੱਪੜਾ ਵਿਚੋਂ ਨਿਕਲਦਾ ਹੈ, ਉਪਰ ਕੰਡੇ ਜੇਹੇ, ਰੰਗ ਉਖਰੋਂ ਕਾਲਾ ਹੁੰਦਾ ਹੈ।
†ਦੇਖੋ ਪਿ: ੫੧ ਤੇ ਪਹਿਲਾ ਧਜਾਯ।

Digitized by Panjab Digital Library | www.panjabdigilib.org

ਪ੍ਰਾਤਹਿ ਕ੍ਵਾਥੀ ਜਲੁ ਗਹੇ ਚੌਥਾ ਭਾਗ ਰਖਾਇ।
ਸੋਲ ਗੁਣਾ ਚੂਰਨ ਥਕੀ ਦੇਵੇ ਗੋ ਘ੍ਰਿਤ ਪਾਇ ॥੧੪੨॥
ਘ੍ਰਿਤ ਜਲ ਪਾਇ ਕੜਾਹਿ ਮੈਂ ਘ੍ਰਿਤੈ ਚੌਗੁਨਾ ਖੀਰ।
ਤੀਨੋਂ ਕੋ ਕਰਿ ਅਗਨਿ ਹੀ ਘੀਉ ਰਖਾਵੇ ਬੀਰ ॥੧੪੩॥
ਚਾਰ ਟਾਂਕ ਨਿਤ ਖਾਈਐ ਵਿਖਮ ਤਾਪ ਸਬ ਜਾਇ।
ਮੰਦਾਗਨਿ ਹਡ ਫੂਟਨੀ 'ਖੀਰਘ੍ਰਿਤੈ' ਨਸ ਜਾਇ ॥੧੪੪॥

੨੭੫੭—ਮਘ, ਪਿਪਲਾਮੂਲ, ਚੱਬ, ਚਿਤ੍ਰਾ, ਸੁੰਢ ਤੇ ਸੇਂਧਾਨਿਮਕ, ਇਹ ਸਭ ੪-੪ ਤੋਲੇ ਲੈਕੇ ਰਾਤ ਨੂੰ ਜਲ ਵਿਚ ਭਿਉਂ ਛਡੇ। ਪ੍ਰਾਤਾਕਾਲ ਕਾੜ੍ਹਾ ਕਰਕੇ ਪੁਣਕੇ ਜਲ ਲੈ ਲਵੇ, ਪਰੰਤੂ ਜਦ ਚੌਥਾ ਹਿੱਸਾ ਆਣ ਰਹੇ ਤਾਂ ਸੋਲਾਂ ਗੁਣਾਂ ਚੂਰਣ ਨਾਲੋਂ ਅਧਿਕ ਗੋਕਾ ਘਿਉ ਪਾਕੇ ਫਿਰ ਘਿਉ ਤੇ ਕ੍ਵਾਥ ਦਾ ਜਲ ਕੜਾਹੀ ਵਿਚ ਪਾ ਦੇਵੇ। ਘਿਉ ਨਾਲੋਂ ਚੌਗੁਣਾ ਦੁਧ ਪਾ ਦੇਵੇ। ਤਿੰਨੇ ਇਕੱਠੇ ਕਰਕੇ ਕੜਾਹੀ ਹੇਠ ਅੱਗ ਬਾਲੇ। ਜਦ ਘੇਉ ਮਾਤ੍ਰ ਸੜਕੇ ਮਾਤ੍ਰ ਸੜਕੇ ਆਣ ਰਹੇ ਤਾਂ ਉਤਾਰਕੇ ਸਾਫ ਕਰਕੇ ਰਖ ਲਵੇ। ਇਸ ਵਿਚੋਂ ੪ ਟੰਕ ਨਿਤ ਖਾਵੇ ਤਾਂ ਵਿਖਮ ਤਾਪ, ਮੰਦਾਗਨੀ ਤੇ ਹੱਡ ਫੁਟਣੀ ਇਸ ਖੀਰ ਘ੍ਰਿਤ ਸੇਵਣ ਤੇ ਨਾਸ ਹੋਵੇ ॥੧੪੧ ਤੋਂ ੧੪੪॥

ਕਫ ਬਾਤ ਪਰ ਚੰਗੇਰੀ ਘ੍ਰਿਤ—ਦੋਹਰਾ

ਕਣਾ ਗਜ ਕਣਾ ਗੋਖਰੂ ਕਣਾ ਮੂਰ ਬਿਲ ਪਾਠ।
ਸੁੰਠ ਚਿੱਤਰਾ ਪਾਪੜਾ ਆਨ ਧਨੈਹਲ ਮਾਠ ॥੧੪੫॥
ਜਾਤੀਫਲ ਅਜਵਾਇਨੀ ਸਮ ਲੈ ਛਾਣੈ ਪੀਸ।
ਜਲ ਮਾਹੈ ਨਿਸ ਰਾਖਕੇ ਪ੍ਰਾਤਹਿ ਕ੍ਵਾਥ ਕਰੀਸ ॥੧੪੬॥
ਚੌਥ ਭਾਗ ਜਲ ਛਾਨਿਜੈ ਚੌਹਟ ਪਲ ਘ੍ਰਿਤ ਪਾਇ।
ਰਸ,ਕੰਗੇਗੀ ਪਾਈਐ ਘ੍ਰਿਤ ਸੋ ਚੌਗੁਨ ਲਜਾਇ ॥੧੪੭॥
ਦਹੀ ਚੌਗੁਨਾ ਪਾਇਕੈ ਪਕਵਾਵੇ ਘ੍ਰਿਤ ਪਾਇ।
ਟੰਕ ਚਾਰ ਮਾਤ੍ਰਾ ਸਕਲ ਸਬ ਘ੍ਰਿਤ ਜਾਨੋ ਤੇਹ ॥੧੪੮॥
ਗ੍ਰਹਿਣੀ ਅਰਸ ਜੁ ਵਾਤ ਕਫ ਗੁਦਾ ਭ੍ਰਿਸਟ ਅੰਨਾਹ।
ਮੂਤ੍ਰਕ੍ਰਿਛ ਪ੍ਰਵਾਹ ਕਾ ਹਰਤ ਰੋਗੁ ਜੋ ਖਾਹ ॥੧੪੯॥

Digitized by Panjab Digital Library | www.panjabdigilib.org

੧੭੫੮-ਮਘ, ਲੰਬੀ ਮਘ, ਭੱਖੜਾ ਪਿਪਲਾਮੂਲ, ਬਿਲ ਪਾਠਾ, ਸੁੰਢ, ਚਿਤ੍ਰਾ, ਪਾਪੜਾ, ਧਨੀਆਂ, ਜਾਫਲ ਤੇ ਅਜਵਾਇਨ ਸਮਾਨ ਭਾਗ ਅਰਥਾਤ ੪-੪ ਤੋਲੇ ਲਵੇ। ਸੋਲਾਂ ਗੁਣ ਜਲ ਵਿਚ ਰਾਤ ਭੇਊਂ ਛਡੇ, ਦਿਨੇ ਕਾੜ੍ਹੇ, ਜਦ ਚੌਥਾ ਹਿਸਾ ਸੜਕੇ ਜਲ ਆਣ ਰਹੇ, ਤਾਂ ਉਤਾਰਕੇ ਪੁਛੇ, ਅਰ ਫਿਰ ਉਸ ਜਲ ਨੂੰ ਮੁੜ ਅੱਗ ਪਰ ਚਾੜ੍ਹੇ, ਉਸ ਵਿਚ ਚੌਹਟ ਪਲ ਅਰਥਾਤ ੨੫੬ ਤੋਲੇ ਘ੍ਰਿਤ ਪਾਵੇ, ਘ੍ਰਿਤ ਨਾਲੋਂ ਚਾਰ ਗੁਣਾਂ ਅਰਥਾਤ ੧੦੨੪ ਤੋਲੇ ਸੌਂਚਲ ਦਾ ਰਸ ਪਾਵੇ। ਇਤਨਾਂ ਹੀ ਦਹੀ ਪਾਕੇ ਪਕਾਵੇ ਪੱਕਕੇ ਜਦ ਘ੍ਰਿਤ ਮਾਤ੍ਰ ਆਣ ਰਹੈ ਤਾਂ ਸਾਫ ਕਰਕੇ ਰਖੇ। ਇਸਦੀ ਮਾਤ੍ਰਾ ੧੬ ਮਾਸੇ ਦੀ ਹੈ (ਇਸੇ ਤਰਾਂ) ਸਭ ਘ੍ਰਿਤ ਦੀ ਮਾਤ੍ਰਾ ੧੬ ਮਾਸੇ ਦੀ ਸਮਝੇ) ਇਸੇ ਤਰਾਂ ਸਭ ਘ੍ਰਿਤ ਦੀ ਮਾਤ੍ਰਾ ੧੬ ਮਾਸੇ ਦੀ ਸਮਝੇ) ਇਸੇ ਘਿਊ ਨੂੰ ਖਾਵੇ ਤਾਂ ਸੰਗ੍ਰਹਣੀ ਬਵਾਸੀਰ, ਬਾਤ, ਕਫ, ਗੁਦਾ ਭ੍ਰਿਸ਼ਟ ਅਰਥਾਤ ਚਿਰਕਦਾ ਨਿਕਲ ਜਾਣਾ, ਅਫਾਰਾ, ਮੂਤ੍ਰ ਕ੍ਰਿੱਛ ਤੇ ਪ੍ਰਵਾਹਿਕਾ, ਇਤਨੇ ਰੋਗ ਇਹ ਘ੍ਰਿਤ ਨਾਸ ਕਰੇ।

ਮਸੂਰੀ ਘ੍ਰਿਤ (ਸਾਰੰਗਧਰਾਤ)-ਚੌਪਈ

ਮਸੂਰੀ ਪਲੁ ਸੌ ਪਰਮਾਨ। ਦ੍ਰੋਣ ਨੀਰ ਮਹਿ ਕ੍ਵਾਥੀ ਛਾਨ।
ਚੌਥਾ ਭਾਗ ਰਖਾਈ ਲੇਹ। ਬਿਲਗਿਰੀ ਪਲ ਆਠ ਚਵੇਹ ॥੧੫੦॥
ਪ੍ਰਸਥ ਘੀਉ ਦੇ ਲੇਹੁ ਪਚਾਇ। ਅਤੀਸਾਰ ਸੰਗ੍ਰਹਿਨੀ ਜਾਇ।
ਨਸੈ ਪ੍ਰਵਾਹੀ ਜਾਨੋ ਤੇਹ। ਮਸੁਰ ਆਦਿ ਘ੍ਰਿਤ ਖਾਵਨ ਤੇਹ ॥੧੫੧॥

੨੭੫੯-ਮਸੂਰੀ-ਮਸਰ ੧੦੦ ਪਲ-੪੦੦ ਤੋਲੇ (੫ ਸੇਰ) ਤੇ ਜਲ ਦ੍ਰੋਣ-੩੨ ਸੇਰ ਪਾਕੇ ਕਾੜ੍ਹਾ ਕਰੇ, ਜਦ ਚੌਥਾ ਹਿੱਸਾ ਸੜਕੇ ਜਲ ਆਣ ਰਹੇ ਤਾਂ ਉਤਾਰਕੇ ਛਾਣ ਲਵੇ, ਅਰ ਫਿਰ ਬਿੱਲਗਿਰੀ ੩੨ ਤੋਲੇ ਘਿਉ ਪ੍ਰਸਥ ਅਰਥਾਤ ੬੪ ਤੋਲੇ (੧੨ ਛਟਾਕ ੪ ਤੋਲੇ) ਪਾਕੇ ਪਕਾਵੇ। ਜਦ ਘ੍ਰਿਤ ਮਾਤ੍ਰ ਆਣ ਰਹੇ ਤਾਂ ਸਾਫ ਕਰਕੇ ਰੱਖ ਲਵੇ, ਖਾਵੇ ਤਾਂ ਅਤੀਸਾਰ, ਸੰਗ੍ਰਹਣੀ ਤੇ ਪ੍ਰਵਾਹੀ ਨਾਸ ਕਰੇ ॥੧੫੦।੧੫੧॥

ਕਾਮਦੇਵ ਘ੍ਰਿਤ (ਸਾਰੰਗਧਰਾਤ)-ਚੌਪਈ

ਆਸਗੰਧ ਤੁਲਾ ਲੈ ਏਕ। ਆਧਿ ਤੁਲਾ ਗੋਖਰੂ ਕੇ ਟੇਕ।
ਸਾਲਪਰਣਿ ਸੱਤਾਵਰ ਬਲਾ। ਕੰਦ ਬਿਦਾਰੀ ਛਿੰਨਾ ਰਲਾ ॥੧੫੨॥
ਸ੍ਰੱਥ ਕੂਪਲਾ ਇਟਸਿਟ ਲੇਇ। ਕੰਭੇਰੀ ਫਲੁਉੜਦ ਸੁ ਦੇਇ।
ਕਵਲਬੀਜ ਸਭ ਦਸ ਦਸ ਪਲਾ। ਚੱਤ੍ਰ ਦ੍ਰੋਣਜਲ ਕ੍ਵਾਥ ਸਗਲਾ ॥੧੫੩॥
ਪਾਦ ਮੇਖ ਜਲੁ ਰਾਖੀ ਪਾਇ। ਜੀਵਨੀਯ ਗਣ ਕੁਸਟ ਰਲਾਇ।

Digitized by Panjab Digital Library | www.panjabdigilib.org

ਪਦਮਕ ਚੰਦਨ ਰਕਤ ਮਗਾਇ। ਪੱਤਕ ਕ੍ਰਿਸਨਾ ਦਾਖ ਲਿਯਾਇ ॥੧੫੪॥
ਕੌਚ ਨੀਲ ਉਤਪਲ ਗਜ ਕੇਸਰੁ। ਦੋਇ ਸਾਰਵਾ ਬਲਾ ਜੁ ਦੋ ਧਰੁ।
ਕਰਖ ਕਰਖ ਸਭ ਪ੍ਰਿਥਕਜੁ ਲੀਜੈ। ਦੋਪਲ ਮਿਸਰੀ ਤਾਂਮਹਿ ਦੀਜੈ ॥੧੫੫॥
ਗੰਨੇ ਕਾ ਰਸੁ ਆਢਕ ਪਾਇ। ਗੋਕਾ ਘ੍ਰਿਤ ਆਢਕ ਲੈ ਦਾਇ।
ਮੰਦਾਗਨਿਕਰ ਸਕਲ ਪਕਾਵੈ। ਰਹੇ ਘੀਉ ਤਉ ਭਾਂਜਨ ਪਾਵੈ ॥੧੫੬॥
ਰਕਤ ਪਿੱਤ ਉਰ ਖਤ ਖਯ ਪੰਡੁ। ਵਰਣ ਭੇਦ ਹਲੀਮਕ ਦੰਡ।
ਮੂਤ੍ਰ ਕ੍ਰਿਛ ਪਾਰਸ੍ਰ ਕਾਸੂਲ। ਸ੍ਵਰ ਖਯ ਰਕਤ ਵਾਤ ਕਾ ਮੂਲ ॥੧੫੭॥
ਖਯ ਸੁੱਕਰ ਉਰ ਦਾਹ ਕਾਮਲਾ। ਕਾਸ ਮੋਹ ਹਰਿ ਗਰਭਕੁ ਭਲਾ।
ਸੁਕ੍ਰ ਕਰਿ ਰਸਾਯਨ ਹਿਰਦਯ।ਕਲਪੰਦੇਵਕਾਮ ਘ੍ਰਿਤ ਸਦਯ ॥੧੫੮॥

੨੭੬੦-ਅਸਗੰਧ ੧ ਤੁਲਾ=੮੦੦ ਤੋਲੇ (੧੦ ਸੇਰ), ਭੱਖੜਾ ੪੦੦ ਤੋਲੇ=੫ ਸੇਰ, ਸਾਲ-ਪਰਣੀ, ਸਤ ਵਰ, ਖਿਰੈਟੀ, ਵਿਦਾਰੀ ਕੰਦ ਅਰਥਾਤ ਸਿਆਲੀਆਂ; ਹਰੀ ਗਿਲੋਯ, ਪਿਪਲ ਦੀਆਂ ਲਾਲ ਕੂੰਮਲੀਆਂ, ਇਟਸਿਟ, ਕੁੰਭਰੀ ਫਲ = ਜਰਿਸ਼ਕ, ਮਾਹ ਤੇ ਕਮਲ ਡੋਡੇ, ਇਹ ਸਭ ੧੦-੧੦ ਪਲ ਅਰਥਾਤ ੪੦-੪੦ ਤੋਲੇ ੪ ਦਰੋਣ ਅਰਥਾਤ ੧੨੮ ਤੋਲੇ (੩ ਮਣ ੮ ਸੇਰ) ਜਲ ਵਿਚ ਪਾਕੇ ਕਾੜ੍ਹੋ, ਜਦ ਚੋਥਾ ਹਿਸਾ ਸੜਕੇ ਬਾਕੀ ਰਹੇ ਤਾਂ ਪੁਣਕੇ ਮੁੜ ਕੜਾਹੇ ਵਿਚ ਪਾਕੇ ਉਸ ਵਿਚ *ਜੀਵਨ ਯਗਣ (ਅਭਾਵ ਵਿਖੇ ਕੇਵਲ ਖਿਰੈਟੀ ਪਾਵੇ ਮਿੱਠੀ ਕੁੱਠ, ਪਦਮਾਖ; ਲਾਲ ਚੰਦਨ, ਪਤ੍ਰਜ, ਮਘ ਮੁਨਕਾ, ਕੌਂਚ ਬੀਜ, ਨੀਲੇ ਕਮਲ ਦੀ ਜੜ੍ਹ ਯਾ ਬੀਜ, ਨਾਗ ਕੇਸਰ ਦੋਨੋਂ ਸਾਰਵਾਂ ਤੇ ਦੋਨੋਂ ਖਰੈਟੀਆਂ, ਇਹ ਸਭ ੧-੧ ਤੋਲਾ ਲਵੋ। ਮਿਸ੍ਰੀ ੮ ਤੋਲੇ, ਗੰਨਿਆਂ ਦਾ ਰਸ ਆਢ੍ਕ (੮ ਸੇਰ) ਇਤਨਾ ਹੀ ਗੋਕਾ ਘਿਉ ਪਾਕੇ ਮੱਠੀ ਮੱਠੀ ਅੱਗ ਪਰ ਪਕਾਵੇ। ਜਦ ਸਭ ਕੁਝ ਸੜਕੇ ਘ੍ਰਿਤ ਮਾਤ੍ਰ ਆਣ ਰਹੇ ਤਾਂ ਸਾਫ ਕਰਕੇ ਰੱਖ ਲਵੇ। ਖਾਵੇ ਤਾਂ ਇਹ ਘ੍ਰਿਤ ਰਕਤ ਪਿੱਤ, ਉਰੁਛਤ, ਖਈ, ਪਾਂਡੂ, ਬਰਣ ਭੇਦ (ਰਗਤ ਬਦਲ ਜਾਣੀ), ਹਲੀਮਕ, ਮੂਤ੍ਰਕ੍ਰਿਛ, ਪਾਰਸਸੂਲ (ਜਾਤੁਲ ਜੰਮ), ਸੁਰਭੰਗ, ਰਕਤ ਬਾਤ, ਬੀਰਜ ਦਾ ਨਾਸ, ਛਾਤੀ ਦਾ ਦਾਹ, ਕਾਮਲਾ, ਖਾਂਸੀ ਤੇ ਮੋਹ ਨਾਸ ਕਰੇ। ਗਰਭ ਦਾ ਹਿਤੂ, ਬੀਰਜ ਵਰਧਕ, ਰਸਾਇਣ, ਹ੍ਰਿਦਯ ਦਾ ਹਿਤੂ ਤੇ ਕਲਪ ਕਾਰਕ ਇਹ ਕਾਮਦੇਵ ਘ੍ਰਿਤ ਕਿਹਾ ਹੈ ॥੧੫੮॥

ਪਾਨੀ ਕਲਯਾਨ ਘ੍ਰਿਤ-ਦੋਹਰਾ

ਤ੍ਰਿਫਲਾ ਦੋ ਨਿਸਦਾਰ ਕੁਠ ਦੋਇ ਸਾਰਵਾ ਆਨ।
ਸਾਲ ਪਰਣਿ ਪ੍ਰਿਯੰਗੁ ਲੈ ਪ੍ਰਸਟਿ ਪਰਣਿ ਕੋ ਠਾਨ ॥੧੫੯॥

---

*ਜੀਵਕਰਿਖਭ, ਮੇਦਾ ਮਹਾਂ ਮੇਦਾ, ਰਿੱਧ, ਬ੍ਰਿਧੀ, ਕੰਕੋਲੀ, ਖੀਰ ਕਾਂਕੋਲੀ, ਮੁਗਦ ਪਰਣੀ, ਮਾਖ ਪਰਣੀ, ਜੀਵੰਤੀ ਅਤੇ ਮੁਲੱਠੀ ੧੨ ਜੀਵਨੀਯ ਗਣ ਹਨ।

Digitized by Panjab Digital Library | www.panjabdigilib.org

ਨੇਤਰ ਬਾਲਾ ਰੇਣੁਕਾ ਤੱਗੂ ਬਿਸਾਲਾ ਲੇਇ।
ਦੰਤੀ ਦਾਰਿਮ ਕਮਲ ਫੂਲ ਗਜ ਕੇਸਰ ਲੇ ਦੇਇ ॥੧੬੦॥
ਏਲਾ ਪਦਨਕ ਚੰਦਨੰ ਜਾਵਿਤ੍ਰੀ ਜੁ ਵੜਿੰਗ।
ਦੋ ਬ੍ਰਹਤੀ ਤਾਲੀਸ ਭਨ ਕਰਖ ਕਰਖ ਸਬ ਅੰਗ ॥੧੬੧॥
ਚੌਗੁਣ ਜਲ ਕੋ ਪਾਇਕੈ ਪ੍ਰਸਥ ਏਕ ਘ੍ਰਿਤ ਪਾਇ।
ਪੂਰਬ ਰੀਤ ਸੁ ਘ੍ਰਿਤ ਕਰੋ ਅਪਸਮਾਰ ਖਯ ਜਾਇ ॥੧੬੨॥
ਵਾਤ ਰਕਤ ਉਨਮਾਦਿ ਜ੍ਵਰ ਕਸ ਮੰਦਾਨਲ ਖੋਇ।
ਕਟੀ ਸੂਲ ਤ੍ਰਿਯਾ ਚਤੁਰ ਤਾਪ ਹਰਤ ਸਬ ਜੋਇ ॥੧੬੩॥
ਪ੍ਰਤਸ਼ਯਾਯ ਵਿਸਰਪ ਕੰਡੂ ਮੂਤ੍ਰ ਕ੍ਰਿਛ ਵਿਖ ਦੋਇ।
ਪਾਂਡੂ ਮੇਹ ਖਯ ਰਾਖਸਾ ਭੂਤ ਛਾਯ ਨਾਂ ਹੋਇ ॥੧੬੪॥
ਬੰਝਜਾ ਲਭ ਹੈ ਪੁਤ੍ਰ ਕੋ ਸਾਰੰਗਧਰ ਕੀ ਬਾਤ।
ਕਹਿਤ ਮੇਘ ਕਲਜਾਨ ਘ੍ਰਿਤ ਨੀਰ ਨਾਮ ਜੋ ਖਾਤ ॥੧੬੫॥

੨੭੬੧—ਤ੍ਰਿਫਲਾ (ਹਰੜ, ਬਹੇੜਾ, ਆਵਲੇ), ਹਲਧੀ, ਦਾਰੂਹਲਧੀ; ਕੁੱਠ, ਦੋਨੋਂ*ਸਾਰਿਵਾਂ, ਸਾਲਪ੍ਰਣੀ, ਪ੍ਰਯੰਗੂ (ਗੋਂਦਣੀ, ਅਭਾਵ ਵਿਖੇ ਬਨਖਸਾ , ਪ੍ਰਿਸਟ ਪ੍ਰਣੀ, ਨੇਤ੍ਰਬਾਲਾ, ਸੰਭਾਲੂ ਦੇ ਬੀਜ, ਤਗ੍ਰ , ਤੂੰਮਾ, ਦੰਤੀ ਅਨਾਰ, ਕਮਲ ਦੇ ਫੁੱਲ; ਨਾਗ ਕੇਸਰ, ਲਾਚਾਂ, ਕਮਲਡੋਡੇ, ਚੰਦਨ; ਜਾਵਿਤ੍ਰੀ ਬਾਇਵੜਿੰਗ, ਛੋਟੀ ਤੇ ਬੜੀ ਦੋਨੋਂ ਕੰਡਿਆਰੀਆਂ ਤੇ ਤਾਲੀ ਸਪਤ੍ਰ; ਇਹ ਸਭ ਤਲਾ ਤੋਲਾ ਲਵੇ। ਸਭਨਾਂ ਚੀਜ਼ਾਂ ਨਾਲੋਂ ਚੋਗੁਣਾ ਪਾਣੀ ਪਾਕੇ ਪਕਾਵੇ। ਜਦ ਪਾਣੀ ਚੋਥਾ ਹਿੱਸਾ ਰਹੇ ਉਤਾਰਕੇ ਛਾਣੇ ਉਸ ਵਿੱਚ ੬੪ ਤੋਲੇ ਘਿਉ ਪਾਕੇ ਫਿਰ ਪਕਾਵੇ; ਘ੍ਰਿਤ ਮਾਤ੍ਰ ਆਣ ਰਹੇ ਤਾਂ ਉਤਾਰਕੇ ਸਾਫ ਕਰਕੇ ਘਿਉ ਭਾਂਡੇ ਵਿਚ ਪਾ ਰੱਖੇ, ਖਾਵੇ ਤਾਂ ਮ੍ਰਿਗ, ਖਈ, ਬਾਤ ਰਕਤ, ਉਨਮਾਦ, ਤਾਪ, ਖਾਂਸੀ; ਮੰਦਾਗਨੀ, ਕਮਰ ਦਰਦ, ਤਾਪ ਤੇਈਆ, ਤਾਪ ਚੋਥਾ, ਰੇਸ਼ਾ ਵਿਸਰਪ, ਖੁਰਕ, ਮੂਤ੍ਰਕਿਛ, ਸਥਾਵਰ, ਜੰਗਮ ਵਿਖੇ, ਪਾਂਡੂ, ਪ੍ਰਮੇਹ, ਖਯ, ਰਾਖਸ਼ ਤੇ ਭੂਤ ਛਾਯਾ, ਇਹੋ ਸਭੋ ਨਾਸ ਕਰੇ ਅਤੇ ਬੰਧਜਾ ਪੁਤਰ ਪ੍ਰਾਪਤ ਕਰੇ ਜੇ ਦਿਹ ਪਾਣੀ ਕਲਜਾਨ ਘ੍ਰਿਤ ਖਾਵੇ ॥੧੫੯ ਤੋਂ ੧੬੫॥

ਅੰਮ੍ਰਿਤਾਦਿ ਘ੍ਰਿਤ (ਸਾਰੰਗਧਰਾਤ)—ਦੋਹਰਾ

ਛਿੰਨਾ ਕ੍ਵਾਥ ਕਰਾਇ ਦੈ ਆਜਜ ਚੌਗੁਨੋ ਰਾਖ।

*ਕਾਲੀ ਸਰ ਤੇ ਗੋਰੀ ਸਰ ਇਹ ਉਸਬੇ ਦਾ ਹੀ ਭੇਦ ਹੈ।

Digitized by Panjab Digital Library | www.panjabdigilib.org

ਵਾਤ ਰਕਤ ਹਰਿ ਕੁਸਟਮਿਟ ਸਾਰੰਗਧਰ ਇਮ ਭਾਖ ॥੧੬੬॥

੨੭੬੨--ਗਿਲੋਯ ਦਾ ਕਾੜ੍ਹਾ ਇਸ ਨਾਲੋਂ ਚੌਗੁਣਾ ਘ੍ਰਿਤ ਪਾਕੇ ਪਕਾਵੇ । ਇਸਦੇ ਸੇਵਨ ਨਾਲ ਬਾਤ ਰਕਤ ਤੇ ਕੁਸ਼ਟ ਦਾ ਨਾਸ ਹੋਵੇ ॥੧੬੬॥

ਮਹਾਂ ਤਿਕਤ ਘ੍ਰਿਤ (ਸਾਰੰਗਧਰਾਤ)–ਚੌਪਈ

ਸਪਦ ਛਦਾ ਸਮਜਾਕ ਪਤੀਸ । ਕਡੂ ਪਾਠ ਮੁਸਤਾ ਖਸ ਲੀਤ ।
ਤ੍ਰਿਫਲਾ ਪਰਗਟ ਨਿੰਬੁਗਿਲੋਇ। ਕਣਾਸਟੀ ਮੰ ਜਿਸਟਾ ਢੋਇ ॥੧੬੭॥
ਪਦਮਕ ਚੰਦਨ ਵ੍ਰਿਖ ਧਨਾਸ। ਦੋ ਨਿਸ ਤੁੰਮਾ ਜੜ ਲੈ ਖਾਸ।
ਛਿੰਨਾ ਮੂਰਵਾ ਲੈ ਤ੍ਰਾਯਮਾਨ । ਇੰਦ੍ਰਜਵਾ ਦੋ ਸਾਰਵ ਠਾਨ ॥੧੬੮॥
ਸਤਾਵਰ ਭੂਨਿੰਬੁ ਨੁ ਯਸਟਿ । ਕਰਖ ਕਰਖ ਸਬ ਲੇਵੇ ਸੁਸਟਿ ।
ਕ੍ਵਾਥੀ ਜਲ ਘ੍ਰਿਤ ਚੌਗੁਨ ਪਾਇ। ਘ੍ਰਿਤ ਦੁਗਨਾ ਧਾਤ੍ਰੀ ਰਸਦਾਇ।
ਘ੍ਰਿਤ ਸੇ ਅਠ ਗੁਨ ਜਲ ਕੌ ਮੇਲ । ਘ੍ਰਿਤ ਪਾਕਾਈ ਭਾਂਜਨ ਠੇਲ ॥
ਵਾਤ ਰਕਤ ਰਕਤ ਪਿੱਤੀ ਕੁਸਟ ॥ ਰਕਤ ਅਰਸ ਹਰਿ ਹਿਰਗਦਸੁਸਟ ॥
ਪਾਂਡ ਗੁਲਮ ਵਿਸਰਪ ਜੁ ਤਾਪ ॥ ਗੰਡ ਮਾਲ ਪ੍ਰਦਰਾ ਸੰਤਾਪ ॥
ਖਜੁਦ੍ਰਰੋਗਇਤਜਾਦਿਕ ਜਾਇ॥ਮਹਾਤਕਤਿ ਘ੍ਰਿਤ ਸਾਰੰਗ ਧਰਾਇ ॥੧੭੧॥

੨੭੬੩–ਸਹਿਤੂਤ; ਸਮਾਕ, ਪਤੀਸ; ਕੌੜ; ਪਾਠਾ, ਮੱਥਾ, ਖੱਸ, ਤ੍ਰਿਫਲਾ, [ਹਰੜ; ਬਹੇੜਾ, ਆਵਲੇ], ਪਾਪੜਾ, ਨਿੰਮ; ਗਿਲੋਯ, ਸਘ, ਕਚੂਰ, ਮਜੀਠ, ਪਦ ਮਾਖ ਚੰਦਨ, ਬਾਂਸਾ, ਧਨੀਆਂ, ਹਲਧੀ, ਦਾਰ ਹਲਧੀ, ਤੁੰਮੇ ਦੀ ਜੜ; ਦੋਨੋਂ ਸਾਰਿਵਾਂ ਸਤਾਵਰ. ਚਿਰੈਤਾ ਤੇ ਮੁਲੱਠੀ, ਇਹ ਤੋਲਾ ਤੋਲਾ । ਚੌਗੁਣਾ ਜਲ ਪਾਕੇ ਕਾੜ੍ਹੇ, ਚੌਥਾ ਭਾਗ ਰਹੇ ਤਾਂ ਉਤਾਰਕੇ ਛਾਣੇ, ਚੌਗੁਣਾ ਘਿਉ ਪਾਵੇ; ਘਿਉ ਨਾਲੋਂ ਦੂਣਾ ਆਵਲਿਆਂ ਦਾ ਰਸ ਪਾਵੇ। ਘ੍ਰਿਤ ਨਾਲੋਂ ਅੱਠ ਗੁਣਾਂ ਜਲ ਪਾਕੇ ਪਕਾਕੇ ਪਾਤ੍ਰ ਵਿਚ ਪਾ ਰੱਖੇ। ਸੇਵਨ ਕਰੇ ਤਾਂ ਬਾਤ ਰਕਤ [ਸੁਰਖਾਬਦਾ] ਰਕਤ ਪਿੱਤੀ, ਕੋੜ੍ਹ, ਖੂਨੀ ਵਾਸੀਰ, ਹ੍ਰਿਦਯ ਰੋਗ, ਪਾਡੂ, ਗੋਲਾ ਵਿਸਰਪ, ਤਾਪ, ਹਜੀਰਾਂ, ਪ੍ਰਦਰ ਹੋਰ ਖਜਦ੍ਰ ਰੋਗ ਇਰਜਾਦਿ ਸਭੇ ਨਾਸ ਕਰੇ ॥੧੭੧॥

ਕਸੀਸਾਦਿ ਘ੍ਰਿਤ (ਸਾਰੰਗਧਰਾਤ)–ਚੌਪਈ

ਕਾਸੀਸੰ ਦੋ ਨਿਸ ਹਰਤਾਲ । ਮਨਸਿਲ ਘਨ ਕੰਪਿਰ ਸੋ ਡਾਰ ।

Digitized by Panjab Digital Library | www.panjabdigilib.org

ਗੰਧਕ ਗੁਗਲ ਮੋਮ ਵੜਿੰਗ। ਤੁੱਥਕ ਮਰਚਾਂ ਕੁਸਟ ਸੁ ਅੰਗ ॥੧੭੨॥
ਰਸਵਤ ਸਰਖਪ ਸੇਤ ਸਿੰਧੂਰ। ਸ੍ਰੀਵਾਂਸਾ ਰਤਿ ਚੰਦਨ ਪੂਰ।
ਇਰਿ ਮੇਧਾ ਵਚ ਨਿੰਬਕਰੰਜੁ। ਛੜ ਸਾਰਵਾ ਸਿਰਸ ਜੁ ਸੰਜ ॥੧੭੩॥
ਮੋਹਲੇਠੀ ਪਦਮਾਖ ਮਜੀਠ। ਲੋਦ ਹਰੜ ਪਨਵਾੜ ਜੁ ਦੀਠ।
ਕਰਖਕਰਖਸਬਪੀਸੀ ਪਾਇ। ਤ੍ਰਿੰਸਤਪਲ ਗੋ ਘ੍ਰਿਤ ਮੰਗਾਇ ॥੧੭੪॥
ਘ੍ਰਿਤ ਮਹਿ ਰਗੜੀ ਧੂਪ ਰਖਾਇ। ਤਾਂਬੇ ਭਾਂਜਨ ਸਪਤ ਦਿਨਾਇ।
ਇਸ ਘ੍ਰਿਤ ਮਰਦਨ ਕੁਸਟ ਨਸਾਇ। ਪਾਮਾ ਦਦ੍ਰਵਿਚ੍ਰਚਕਜਾਇ॥੧੭੫
ਸੂਕ ਦੋਖ ਵਿਸਰਪ ਸੁ ਹਰੈ। ਵਿਸਫੋਟਕ ਉਪਦੰਸ ਸੁ ਟਰੈ।
ਸਿਰਕਾ ਫੋੜਾ ਰਕਤ ਜੁ ਵਾਦ। ਨਾੜੀ ਦੁਸਟ ਬ੍ਰਿਣਾ ਸਬਬਾਦ ॥੧੭੬॥
ਸੋਥ ਭਗੰਦਰ ਲੂਤਾ ਜਾਣ। ਸੋਧਨ ਰੋਪਨ ਸਬ ਬ੍ਰਿਣ ਮਾਨ।
ਕਸੀਸਾਦਿ ਘ੍ਰਿਤ ਸਾਰੰਗਧਰੈ।ਮੇਘ ਜਤੀ ਈਹਾਂ ਅਨੁਸਰੇ ॥੧੭੭॥

੩੭੬੪—ਕਸੀਸ, ਦੋਨੋਂ ਹਲਧੀਆਂ, ਹਰਤਾਲ ਵਰਕੀਆ, ਮਨਸਿਲ, ਮੋਥਾ, ਕਮੀਲਾ, ਗੰਧਕ, ਗੁਗਲ, ਮੋਮ, ਬਾਇਵੜਿੰਗ, ਨੀਲਾ ਥ਼ਥਾ, ਮ੍ਰਿਚ, ਕੁਠ, ਰਸੌਂਤ, ਸੇਤੀ ਸਰੋਂ, ਸਿਧੂਰ, *ਬਿਰੋਜਾ, ਲਾਲ ਚੰਦਨ ਰੇਵੰਦ, ਵਚ, ਨਿੰਮ, ਮੀਚਕਾ, ਛੜ, ਸਾਰਵਾ, (ਉਸ਼ਬਾ); ਸਗੈਂਹ, ਮੁਲੱਠੀ, ਪਦਮਾਖ, ਮਜੀਠ, ਲੋਧ, ਹਰੜ ਤੇ ਏਲੋਂ ਦੇ ਬੀਜ, ਇਹ ਸਭ ਤੋਲਾ ਤੋਲਾ ਲਕੇ, ਪੀਹੇ ਅਰਕੱਪੜ ਛਾਣ ਕਰਕੇ ੩੦ ਪਲ ਅਰਥਾਤ ੧੨੦ ਤੋਲੇ (ਪੱਕੇ ਡੂਢ ਸੇਰ) ਘਿਉ ਵਿਚ ਪਾਕੇ ਰਗੜੇ, ਅਰ ਧੁੱਪੇ ਰਖੇ, ਪਰੰਤੂ ਤਾਮੇ ਦੇ ਭਾਂਡੇ ਵਿਚ ਧੁੱਪੇ ਘੱਟੇ ੭ ਦਿਨ ਤਕ। ਫਿਰ ਇਸਨੂੰ ਮਲੇ ਤਾਂ ਕੁਸ਼ਟ, ਪਾਮ, ਦਦ੍ਰੀ, ਬਿਚਰਚ, ਸੂਕ ਦੋਖ, ਵਿਸਰਪ, ਵਿਸਪੋਟਕ, ਉਪਦੰਸ਼, ਸਿਰ ਦੇ ਫੋੜੇ, ਰਕਤਬਾਦ, ਨਾੜੀ ਬ੍ਰਿਣ ਕੁਸ਼ਟਬ੍ਰਿਣ, ਸੋਜਾ ਭਗੰਦ੍ਰ ਤੇ ਲੂਤ ਸਭ ਨੂੰ ਇਹ ਘ੍ਰਿਤ ਨਾਸ ਕਰੇ। ਬ੍ਰਿਣਾਂਦਾ ਸੋਧਨ ਰੋਪਨ ਕਾਰਕ ਕਾਸੀਸਾਦਿ ਘ੍ਰਿਤ ਕਿਹਾ ਹੈ ॥ ੧੭੨ ਤੋਂ ੧੭੭ ॥

ਜਾਤਯਾਦ ਘ੍ਰਿਤ (ਸਾਰੰਗਧਰਾਤ)—ਚੌਪਈ

ਜਾਤੀ ਦੋ ਨਿਸ ਕਤੂ ਪਟੋਲ। ਮੋਮ ਮਜਿਸਟਾ ਯਸਟੀ ਘੋਲ।
ਕਰੰਜ ਸਾਰਵਾ ਤੁਥ ਉਸੀਰ। ਕਲਕ ਕਰੀ ਘ੍ਰਿਤ ਚੌਗਨ ਭੀਰ ॥੧੭੮॥
ਘ੍ਰਿਤ ਕੀਜੀ ਅੰਗੇ ਮਰਦਾਇ। ਸੂਖਮ ਨਾਰੀ ਬ੍ਰਣ ਮਿਟ ਜਾਇ।

*ਸ੍ਰੀ ਵਾਂਸਾ—ਬਿਰੋਜਾ ਹੈ, ਦੇਖੋ ਵਾਵ ਪ੍ਰਕਾਸ਼, ਹੋਰ ਦੇਖੋ ਦ੍ਰਬ ਦਰਪਨ ਟੀਕਾ ਸਾਰੰਗਧਰ 'ਰਾਲ'

Digitized by Panjab Digital Library | www.panjabdigilib.org

ਮਰਮਾਸ੍ਰਿਤ ਲੇਦਿਨ ਗੰਭੀਰ। ਸਰਬ ਬ੍ਰਿਣਾਂ ਲੇਪੇ ਹਰਿ ਪੀਰ ॥੧੭੯॥

੨੭੬੫-ਚੰਬੇਲੀ, ਦੋਨੋਂ ਹਲਦੀਆਂ, ਕੌੜ, ਪਟੋਲ, ਮੋਮ, ਨਜਠਿ, ਮੁਲੱਠੀ, ਮੀਚਕਾ, ਸਾਰਿਵਾ (ਉਸ਼ਬਾ), ਨੀਲਾਥਥਾ ਤੇ ਖੱਸ, ਕਲਕ ਕਰਕੇ ਘਿਉ ਵਿਚ ਪਕਾਵੇ ਅਰ ਫਿਰ ਅਗਾਂ ਪਰ ਮਾਲਿਸ਼ ਕਰੇ ਤਾਂ ਸੂਖਮ ਨਾੜੀ ਬ੍ਰਿਣ ਨਸੂਰ; ਮਰਮਅਸ੍ਰਿਤ ਘਾਉ, ਗੰਭੀਰਾਦਿ ਸਭ ਬ੍ਰਿਣਾਂ ਪਰ ਲੇਪ ਕਰੇ ਤਾਂ ਨਾਸ਼ ਕਰੇ ॥ ੧੭੮ ॥ ੧੭੯ ॥

ਬਿੰਦੂ ਘ੍ਰਿਤ (ਸਾਰੰਗਧਰਾਤ)-ਚੌਪਈ

ਚਿੱਤ੍ਰਕ ਪੱਥਜਾ ਸੰਖਾ ਹੋਲੀ। ਕੰਬੀਲਾ ਤ੍ਰਿਵਤਾ ਯੁਗ ਘੋਲੀ।
ਅਮਲਤਾਸ ਦੰਤੀ ਬੀਜ ਬਿਧਾਰਾ। ਕਟ ਤੋਰੀ ਦੰਤੀ ਜੁ ਵਿਡਾਰਾ ॥੧੮੦॥
ਨੀਲੀ ਹਰਮਲ ਸਨਹੀ ਵਿੰਦ੍ਰਾਲ। ਕਨਾ ਮੂਲ ਵਾੜਿੰਗ ਸੁ ਡਾਲ।
ਕੜੂਚੋਕ ਪਿਚ ਪਿਚ ਪਰਮਾਨ। ਕਲਕਕਰੀਘ੍ਰਿਤ ਪ੍ਰਸਥਸੁਠਾਨ ॥੧੮੧॥
ਥੋਹਰ ਪਯ ਪਲ ਖਟ ਜੋ ਲੇਇ। ਅਰਕ ਦੂਧ ਪਲ ਦੋਇ ਜੁ ਦੇਇ।
ਘ੍ਰਿਤ ਤੇ ਪਾਨੀ ਚੌਗੁਨ ਪਾਇ। ਸਿੱਧ ਕਰੀ ਘ੍ਰਿਤ ਬਿਦ ਜੁਖਾਇ ॥੧੮੨॥
ਗੁਲਮ ਕੁਸਟ ਉਦਾਵਰਤ ਜੁ ਸੂਲ। ਸੋਫ ਅਫਾਰਾ ਰੋਗਨਿ ਮੂਲ।
ਅਸਟ ਉਦਰ ਭਾਗੰਦਰ ਜਾਇ। ਬਿੰਦ ਬਿੰਦ ਮਹਿ ਦਸਤ ਕਰਾਇ ॥੧੮੩॥
ਗੋਉਸਟ ਪਯ ਕੁਲਥਨਿ ਕ੍ਵਾਥ। ਉਸਨ ਨੀਰ ਸੋਂ ਦੇਵੇ ਆਥ।
ਬਿੰਦ ਸੰਖਜਾ ਰੇਚ ਕਰਾਇ। ਬਿੰਦ ਨਾਮ ਘ੍ਰਿਤ ਮੇਘ ਸੁਨਾਇ ॥੧੮੪॥

੨੭੬੬-ਚਿੱਤ੍ਰਾ, ਹਰੜ; ਭੇੜਭੜਿੰਗ, ਕਬੀਲਾ, ਤ੍ਰਿਵੀਆਂ ਦੋਨੋਂ (ਕਾਲੀ ਤੇ ਚਿੱਟੀ, ਅੰਮਲਤਾਸ; ਜਮਾਲਗੋਟਾ, ਬਿਧਾਰਾ, ਕੌੜੀ ਤੋਰੀ, ਜਮਾਲ ਗੋਟਾ, ਵਸਮਾਂ, ਹਰਮਲ, ਥੋਹਰ, ਘਗਰਵੇਲ, ਪਿਪਲਾਮੂਲ; ਬਾਇਵੜਿੰਗ, ਕੌੜ ਤੇ ਚੋਕ, ਇਹ †ਸਭ ਦੋ ਦੋ ਤੋਲੇ ਲੈਕੇ ਕਲਕ ਕਰੇ, ਫਿਰ ਇਸ ਵਿਚ ੬੪ ਤੋਲੇ ਘ੍ਰਿਤ, ਥੋਹਰ ਦਾ ਦੁਧ ੬ ਪਲ=੨੪ ਤੋਲੇ, ਅੱਕ ਦਾ ਦੁੱਧ ੮ ਤੋਲੇ ਘਿਉ ਨਾਲੋਂ ਪਾਣੀ ਚੌਗੁਣਾ ਪਾਵੇ ਤੇ ਪਕਾਵੇ। ਘਿਉ ਮਾਤ੍ਰ ਰਹੇ ਤਾਂ ਸਾਫ ਕਰਕੇ ਥਿੰਧੇ ਭਾਂਡੇ ਵਿਚ ਪਾ ਰਖੇ। ਖਾਵੇ ਤਾਂ ਗੋਲਾ, ਕੁਸ਼ਟ, ਉਦਾਵਰਤ, ਸੂਲ, ਸੋਜ ਅਫਾਰਾ, ਅੱਠ ਪ੍ਰਕਾਰ ਦੇ ਪੇਟ ਰੋਗ ਤੇ ਭਗੰਦ੍ਰ ਨਾਸ ਕਰੇ। ਇਸਦੀ ਬੂੰਦ ਬੂੰਦ ਨਾਲ ਦਸਤ ਹੁੰਦੇ ਹਨ। ਗਊ, ਊਠਣੀ ਦੇ ਦੁਧ ਨਾਲ ਕੁਲਥ ਦੇ ਕਾੜ੍ਹੇ ਅਥਵਾ ਗਰਮ ਜਲ ਨਾਲ ਦੇਵੇ, ਬਿੰਦੂ ਮਾਤ੍ਰ ਦਸਤ ਲਗਾ ਦੇਵੇ। ਇਹ ਬਿੰਦੂ ਘ੍ਰਿਤ ਕਿਹਾ ਜਾਂਦਾ ਹੈ ॥ ੧੮੦ ਤੋਂ ੧੮੪ ॥

---

†ਪਿਚ ੨ ਤੋਲੇ ਪ੍ਰਮਾਣ ਵਜ਼ਨ ਹੈ, ਦੇਖੋ ਔਖਧੀ ਕੋਸ਼।

Digitized by Panjab Digital Library | www.panjabdigilib.org

ਤ੍ਰਿਫਲਾਦਿ ਘ੍ਰਿਤ (ਸਾਰੰਗਧਰਾਤ)—ਚੌਪਈ

ਤ੍ਰਿਫਲਾ ਰਸ ਇਕ ਪ੍ਰਸਥ ਮੰਗਾਇ। ਬਾਂਸੇ ਕਾ ਰਸ ਪ੍ਰਸਥ ਠਵਾਇ।
ਭ੍ਰਿੰਗ ਰਾਜ ਰਸ ਪ੍ਰਸਥ ਸੁ ਲੇ॥ ਬਕਰੀ ਕਾ ਪਯ ਪ੍ਰਸਥ ਰਲੇਹ ॥੧੯੫॥
ਕਲਕ ਮਾਂਹਿ ਘ੍ਰਿਤ ਪ੍ਰਸਥ ਰਲਾਵੈ। ਇਨ ਔਖਧ ਕੋ ਕਲਕ ਕਰਾਵੈ।
ਤ੍ਰਿਫਲਾ ਪੀਪਰ ਚੰਦਨ ਦਾਖ। ਸੇਂਧਵ ਦੋ ਕਾਂਕੋਲੀ ਰਾਖ ॥੧੯੬॥
ਮੇਧਾ ਬਲਾ ਮਰਚ ਨਿਸ ਦੋਇ। ਸੁੰਠ ਸਿਤਾ ਇਟਸਿਟ ਲੈ ਢੋਇ।
ਪੁੰਡਰੀਕ ਕਮਲੰ ਲੈ ਯਸਟਿ। ਕਰਖੈ ਕਰਖ ਪਚਾਵੈ ਸੁਸਟਿ ॥੧੯੭॥
ਦ੍ਰਿਗ ਪਾਵਤ ਨਕਤਾਧ ਮਿਟਾਇ। ਚਿਪਟਾ ਕੰਡੂ ਸ੍ਰਾਵਿ ਪਰਾਇ।
ਤਿਮਰਪਟਲਨਿਟਹੈਂ ਪੜਵਾਰ। ਸਰਬ ਨੈਨਰੁਜਹਰਤ ਵਿਕਾਰ ॥੧੯੮॥
ਪੀਵਨ ਨ੍ਹਾਵਨ ਅੰਜਨ ਯੋਗੁ। ਮਿਟਤ ਸਕਲ ਦ੍ਰਿਗ ਕਾ ਭਨਿ ਰੋਗੁ॥
ਸਾਰੰਗਧਰ ਤੇ ਏ ਵਿਧਿ ਆਨੀ। ਮੇਘ ਵਿਨੋਦਹਿ ਮੇਘ ਸੁ ਠਾਨੀ ॥੧੯੯॥

੨੭੬੭—ਤ੍ਰਿਫਲੇ—ਹਰੜ, ਬਹੜੇ, ਆਂਵਲੇ ਦਾ ਰਸ ੬੪ ਤੋਲੇ ਬਾਂਸੇ ਦਾ ਰਸ ੬੪ ਤੋਲੇ, ਭੰਗਰੇ ਦਾ ਰਸ ੬੪ ਤੋਲੇ, ਭੰਗਰੇ ਦਾ ਰਸ ੬੪ ਤੋਲੇ, ਬਕ੍ਰੀ ਦਾ ਦੁੱਧ ੬੪ ਤੋਲੇ, ਕਲਕ ਕਰਕੇ ਫਿਰ ਘਿਉ ੬੪ ਤੋਲੇ, ਕਲਕ ਕਰਕੇ ਫਿਰ ਘਿਉ ੬੪ ਤੋਲੇ ਵਿੱਚ ਪਾਵੇ, ਤ੍ਰਿਫਲਾ ਮਘ, ਚੰਦਨ, ਦਾਖ, ਸੇਂਧਾ ਨਿਮਕ, ਦੋਨੋਂ ਕੰਕੋਲੀਆਂ. ਮੇਦਾ, ਖਿਫੋਟੀ ਮ੍ਰਿਚ, ਦੋਨੋਂ ਹਲਧੀਆਂ, ਸੁੰਢ, ਮਿਸ਼ਰੀ ਇਟਸਿਟ, ਲਾਲ ਕਮਲ ਤੇ ਮੁਲੱਠੀ, ਇਹ ਸਭ ਤੋਲਾ ਤੋਲਾ (ਚੌਗੁਣੇ ਜਲ ਵਿਚ ਪਕਾਕੇ ਛਾਣਕੇ ਘ੍ਰਿਤ ਪਾਕੇ) ਫਿਰ ਪਕਾਕੇ ਘ੍ਰਿਤ ਮਾਤ੍ਰ ਰਖੇ। ਨੇਤਰੀਂ ਪਾਵੇ ਤਾਂ ਅੰਧਰਾਤਾ, ਚਿਪਚਿਪਾਹਟ ਖੁਰਕ; ਪਾਣੀ ਵਗਣਾ, ਤਿਮਰ, ਪਟਲ ਤੇ ਤੜਵਾਲ, ਹੋਰ ਸਭ ਤਰਾਂ ਦੇ ਰੋਗ ਨਾਸ ਕਰੇ। ਇਹ ਘ੍ਰਿਤ ਪੀਣੇ, ਨਸਵਾਰ ਹੋਰ ਅੰਜਨ ਤੇ ਸਾਰੇ ਨੇਤਰ ਰੋਗ ਨਾਸ ਕਰੇ ॥੧੯੫ ਤੋਂ ੧੯੯॥

ਗੌਰਯਾਦਿ ਘ੍ਰਿਤ (ਸਾਰੰਗਧਰਾਤ)—ਚੌਪਈ

ਯੁਗ ਨਿਸ ਬੋਹਰ ਮੂਰਵਾ ਯਸਟਿ। ਛਿੰਨਾ ਦੋ ਚੰਦਨ ਲੈ ਸੁਸਟਿ।
ਪਦਮ ਕੇਸਰਾ ਅਰੁ ਪਦਮਾਖ। ਮੇਦਾ ਲੇਹੁ ਸਾਰਵਾ ਰਾਖ ॥੧੯੦॥
ਉਤਪਲ ਤ੍ਰਿਫਲਾ ਮੇਲ ਉਸੀਰ। ਪੰਚ ਵਲਕਲਾ ਕਲਕ ਕਰੀਰ।
ਕਰਖੋਕਰਖ ਵਜਨ ਜੋ ਲੇਇ। ਪ੍ਰਸਥ ਏਕ ਘ੍ਰਿਤ ਮਾਂਹਿਠਵੇਇ ॥੧੯੧॥

Digitized by Panjab Digital Library | www.panjabdigilib.org

ਘ੍ਰਿਤ ਤੇ ਚੌਗੁਨ ਪਾਨੀ ਪਾਇ। ਘ੍ਰਿਤ ਪਕਾਇ ਖਾਵਨ ਵਾ ਲਾਇ।
ਵਿਸਫੋਟਕਬ੍ਰਿਣਕੀਟ ਵਿਖਾਇ। ਸਰਪ ਜ਼ਹਰਕਾ ਨਾਸਕਰਾਇ ॥੧੯੨॥

੨੭੬੮—ਦੋਨੋਂ ਹਲਦੀਆਂ (ਹਲਧੀ ਤੇ ਦਾਰੂਹਲਧੀ), ਥੋਹਰ, ਮਰੋੜ ਫਲ਼ੀ, ਮੁਲੱਠੀ, ਗਿਲੋਯ, ਚਿੱਟਾਚੰਦਣ, ਲਾਲ ਚੰਦਨ, ਕਮਲ ਕੇਸਰ, ਪਦਮਾਖ, ਮੇਦ (ਸਫੈਦ ਬਹਮਣ), ਸਾਰਿਵਾ (ਉਸ਼ਬਾ); ਕਮਲ ਡੰਡੇ. ਹਰੜ, ਬਹੇੜਾ, ਆਵਲੇ, ਖੱਸ, ਪੰਜੇ ਬਲਕਲ (ਬੋਹੜ, ਗੁਲਰ, ਪਿੱਪਲ; ਪਿਲਖਣ ਤੇ ਬੱਤੇ ਇਨ੍ਹਾਂ ਦੀ ਛਿੱਲ ; ਕਰੀਰ; ਇਹ ਸਭ ਤੋਲਾ ਤੋਲਾ ਇਸ ਵਿਚ ੬੪ ਤੋਲੇ ਘਿਉ। ਘਿਉ ਨਾਲੋਂ ੪ ਗੁਣਾਂ ਅਧਿਕ ਪਾਣੀ ਪਾਕੇ ਪਕਾਕੇ ਘ੍ਰਿਤ ਤਿਆਰ ਕਰੇ। ਇਸਨੂੰ ਖਾਵੇ ਯਾ ਲਗਾਵੇ ਤਾਂ ਵਿਸਫੋਟਕ ਬ੍ਰਿਣ, ਕ੍ਰਿਮ, ਵਿਖ ਤੇ ਸੱਪ ਦੀ ਜ਼ਹਿਰ ਆਦਿ ਨਾਸ ਕਰੇ ॥੧੯੦ ਤੋਂ ੧੯੨॥

ਮਧੂਰਾਦਿ ਘ੍ਰਿਤ (ਸਾਰੰਗਧਰਾਤ)—ਚੌਪਈ

ਬਲ ਮਧੁਕ ਰਾਸਨ ਦਸ ਮੂਰ। ਤ੍ਰਿਫਲਾ ਪਲ ਪਲ ਸਕਲ ਸਪੂਰ।
ਦ੍ਰੋਣਨੀਰ ਕ੍ਵਾਥ ਜਲਪਾਦ। ਸੇਖ ਰਾਖ ਤਾ ਸਮ ਪਯ ਲਯਾਦ ॥੧੯੩॥
ਪ੍ਰਸਥਸੀਊ ਜੀਵਨੀਯਗਣ ਪਾਇ॥ ਪਿਚ ਪਿਚ ਮਾਤ੍ਰਾ ਘ੍ਰਿਤ ਪਕਵਾਇ॥
ਖਾਵਨ ਨ੍ਹਾਵਨ ਮਰਦਨ ਕਰੋ॥ ਕਾਨ ਸੂਲ ਕੋ ਕਾਨਹਿਭਰੋ ॥੧੯੪॥
ਸਿਰ ਗ੍ਰੀਵਾ ਪਿਠ ਪੀੜਾ ਜਾਇ॥ ਅਰਦਿਤ ਕਰਣਿ ਨਾਕ ਦ੍ਰਿਗਸਾਇ॥
ਜਿਹਵਾਗਲ ਰੁਜ ਏ ਹਰਿ ਰੋਗੁ॥ ਸਿਸਰ ਵਸੰਤਹਸੇਵਨ ਯੋਗ ॥੧੯੫॥

੨੭੬੯—ਖ਼ਿਰੇਟੀ, ਮੁਲੱਠੀ, ਰਾਸ਼ਨਾ, ਦਸ਼ੇ ਮੂਲ (੧ ਸਾਲ ਪ੍ਰਣੀ, ੨ ਪ੍ਰਿਸਪ੍ਰਣੀ, ੩ ਬੜੀ ਕੰਡਿਆਰੀ ੪ ਛੋਟੀ ਕੰਡਿਆਰੀ. ੫ ਭੁਖੜਾਂ ੬ ਬਿੱਲ ੭ ਸੋਨੇ ਪਾਠਾ ੮ ਖੰਭਾਰੀ ਜ਼ਰਿਸ਼ਕ), ੯ ਅਰਣੀ ਤੇ ੧੦ ਪਾਦਲ) ਤ੍ਰਿਫਲ =ਹਰੜ, ਬਹੇੜਾ, ਆਵਲ. ਇਹ ਸਭ ਚਾਰ ਚਾਰ ਤੋਲੇ। ਦਰੋਣ=੧੨੮ ਸੇਰ (੩ ਮਣ ੮ ਸੇਰ) ਜਲ ਪਾਕ ਕਾੜ੍ਹੇ ਜਦ ਚੌਥਾ ਹਿੱਸਾ ਸੜਕੇ ਆਣ ਰਹੇ ਤਾਂ ਉਤਾਰਕੇ ਛਾਣਕੇ ਉਸਦੇ ਬਰਾਬਰ ਦਾ ਦੁੱਧ, ੬੪ ਤੋਲੇ ਘਿਉ, ਅਰ ਫਿਰ †ਜੀਵਣੀ ਗਣ ਤੋਲਾ ਤੋਲਾ ਪਾਕੇ ਘਿਉ ਪਕਾਵੇ; ਫਿਰ ਉਸ ਘ੍ਰਿਤ ਨੂੰ ਖਾਵੇ, ਯਾ ਨਸਵਾਰ ਦੇਵੇ, ਯਾ ਮਲੇ। ਕੰਨ ਪੀੜਾ ਨੂੰ ਕੰਨ ਵਿਚ ਪਾਵੇ ਸਿਰ ਧੌਣ ਅਰ ਕਮਰ ਦੀ ਦਰਦ ਮਾਲਸ਼ ਨਾਲ ਨਾਸ਼ ਕਰੇ, ਲਕਵਾ, ਕੰਨ ਰੋਗ, ਨੱਕ ਰੋਗ, ਨੇਤਰ ਰੋਗ, ਜਿਹਬਾ ਰੋਗ ਤੇ ਗਲ ਰੋਗ ਨਾਸ਼ ਕਰੇ, ਪਰੰਤੂ ਇਹ ਘ੍ਰਿਤ ਸਿਸਰ ਰੁਤ ਯਾ ਬਸੰਤ ਰੁਤ ਵਿਖੇ ਸੇਵਨ ਕਰਨਾ ਚਾਹੀਏ ॥ ੧੯੩ ਤੋਂ ੨੯੫ ॥

ਫਲ ਘ੍ਰਿਤ (ਸਾਰੰਗਧਰਾਤ)—ਚੌਪਈ

ਤ੍ਰਿਫਲ ਮਧੁਕ ਦੋ ਨਿਸਘਨ ਕੁਸਟ॥ ਕਣਾ ਕਟੂ ਕਟ ਫਲ ਵਚ ਸੁਸਟ॥

†ਜੀਵਣੀਗਣ ਵਾਸਤੇ ਕਾਮਦੇਵ ਘ੍ਰਿਤ ਦਾ ਨੋਟ ਦੇਖੋ।

Digitized by Panjab Digital Library | www.panjabdigilib.org

ਦੋ ਕਾਂਕੋਲੀ ਸੌਂਫ ਵੜਿਗ। ਦੋ ਮੇਦਾ ਰਾਸਨ ਪ੍ਰਿਯੰਗੁ॥੧੯੬॥
ਦੋਇ ਸਾਰਵਾ ਤੂੰਮਾ ਜਟਾ। ਦੋ ਚੰਦਨ ਹਿੰਗੁ ਦੰਤੀ ਅਟਾ।
ਜਾਤੀ ਪੁਸਪ ਕਮਲ ਤਗਖੀਰ। ਅਜਮੋਦਾ ਮਿਸਰੀ ਲੈ ਬੀਰ ॥੧੯੭॥
ਕਰਖ ਕਰਖ ਸਬ ਕਲਕ ਕਰਾਇ। ਗੋਕਾ ਘ੍ਰਿਤ ਇਕ ਪ੍ਰਸਥ ਪਚਾਇ॥
ਚੌਗਨ ਪਾਨੀ ਪਾਵੈ ਸਹੀ। ਪੁੱਖ ਨਖਸ਼ੱਤਰ ਕੀਜੈ ਕਹੀ ॥੧੯੮॥
ਪੀਵਤ ਘ੍ਰਿਤ ਜੋ ਇਹੁ ਨਰ ਨਾਰਿ। ਪੁਤ੍ਰ ਜਨੈ ਸੋ ਸਹੀ ਵਿਚਾਰ।
ਤੀਨ ਭਾਂਤਿ ਬੰਧਜਾ ਸੁਤ ਲਹੈ। ਸਾਰੰਗਧਰ ਤੇ ਮੇਘੈ ਕਹੈ ॥੧੯੯॥

੨੭੭੦—**ਤ੍ਰਿਫਲਾ** (ਹਰੜ, ਬਹੇੜਾ, ਆਵਲੇ), ਮੁਲੱਠੀ, ਹਲਧੀ, ਦਾਰੂਹਲਧੀ, ਮੋਥਾ, ਕੁੱਠ, ਮਘ ਕਾਯਫਲ, ਵਚ, *ਕੰਕੋਲੀ, ਖੀਰ ਕੰਕੋਲੀ, ਸੌਂਫ, ਬਾਇਵੜਿੰਗ, †ਮੇਦਾ, ‡ਮਹਾਮੇਦਾ, ਰਾਸਨਾ, ਪ੍ਰਯੰਗੂ, ਦੋਨੋਂ ਸਾਰਿਵਾ, ਤੁੰਮੇ ਦੀ ਜੜ੍ਹ, ਚੰਦਨ, ਲਾਲਚੰਦਨ,(ਹਿੰਙ, ਦੰਤੀ (ਜਮਾਲ ਗੋਟੇ ਦੀ ਜੜ੍ਹ), ਚੰਬੇਲੀ ਦੇ ਫੂਲ, ਕਮਲ ਫੂਲ, ਕਮਲ ਫੂਲ; ਤਵਾਸੀਰ ਅਜਮੋਦ ਤੇ ਮਿਸਰੀ, ਇਹ ਸਭ ਤੋਲਾ ਤੋਲਾ। ਇਨ੍ਹਾਂ ਦਾ ਕਲਕ ਕਰਕੇ ੬੪ ਤੋਲੇ ਗੋਕਾ ਘਿਉ ਪਾਕੇ ਪਕਾਵੇ। ਪਰੰਤੂ ਚੌਗਣਾ ਪਾਣੀ ਪਾ ਲਵੇ। ਪੁੱਖ ਨਿਛਤ੍ਰ ਵਾਲੇ ਦਿਨ ਅੱਗ ਪਰ ਪਕਾਕੇ ਘ੍ਰਿਤ ਤਿਆਰ ਕਰ ਰਖੇ। ਇਸ ਘ੍ਰਿਤ ਨੂੰ ਜੇਹੜਾ ਪੁਰਸ਼ ਇਸਤ੍ਰੀ ਸੇਵਨ ਕਰੇ, ਸੋ ਪੁਤ੍ਰ ਜਣੇ, ਇਹ ਬਾਤ ਸਤ ਹੈ। ਤਿੰਨ ਪ੍ਰਕਾਰ ਦੀ ਬੰਧਜਾ ਬੀ ਪੁਤ੍ਰ ਪੈਦਾ ਕਰੇ ॥ ੧੯੬ ॥ ਤੋਂ ੧੯੮ ॥

ਪੰਚ ਤਿਕਤ ਘ੍ਰਿਤ (ਸਾਰੰਗਧਰਾਤ)—ਚੌਪਈ

ਵ੍ਰਿਖ ਨਿੰਬ ਮ੍ਰਿਤਾ ਵਯਾਘ੍ਰੀ ਲੇਇ। ਪਟੋਲ ਕ੍ਵਾਥ ਚੌਗੁਨ ਜਲ ਦੇਇ।
ਘ੍ਰਿਤ ਪਾਈ ਪਕਾਈ ਖਾਇ। ਪਾਂਡਕੁਸਟ ਵਿਸਰਪ ਨਸਾਇ ॥੨੦੦॥
ਵਿਖਮ ਤਾਪ ਅਰਸਾ ਕ੍ਰਿਮ ਹਰੈ। ਰੰਚ ਤਿਕਤ ਘ੍ਰਿਤ ਏ ਗੁਣ ਕਰੈ ॥
ਸਾਰੰਗਧਰ ਤੇ ਮੇਘ ਵਖਾਨੀ ॥ ਮੇਘ ਵਿਨੋਦਹਿਸਬਹਿਤਠਾਨੀ॥੨੦੧॥

੨੭੭੧—ਬਾਂਸਾ, ਨਿੰਮ, ਗਿਲੋਯ, ਕੰਡਯਾਰੀ ਤੇ ਪਟੋਲਪੱਤ੍ਰ, ਲੈਕੇ ਚੌਗੁਣੇ ਪਾਣੀ ਵਿਚ ਕਾੜ੍ਹਾ ਕਰੇ ਜਦ ਚੌਥਾ ਰਹੇ ਜਾਏ ਤਾਂ ਪੁਣਕੇ ਮੁੜ ਉਸ ਬਾਕੀ ਰਹੇ ਜਲ ਵਿਚ ੬੪ ਤੋਲੇ ਘਿਉ ਪਾਕੇ ਪਕਾਇ, ਘ੍ਰਿਤ ਤਿਆਰ ਕਰ ਰਖੇ। ਖਾਵੇ ਤਾਂ ਪਾਡੂ, ਕੁਸਟ, ਵਿਸਰਪ; ਵਿਖਮ ਤਾਪ; ਬਵਾਸੀਰ ਤੇ ਕ੍ਰਿਮਿ, ਇਹ ਪੰਚ ਤਿਕਤ ਘ੍ਰਿਤ ਨਾਸ ਕਰੇ ॥੧੯੯ ਤੋਂ ੨੦੧॥

---

*ਦੋਨੋਂ ਕੰਕੋਲੀਆਂ ਨਾ ਮਿਲਣ ਤਾਂ ਅਸਗੰਧ ਪਾਵੇ।
†ਸਫੈਦ ਸੁਰਖ ਬ੍ਰਹਮਣ ਪਾਵੇ।
‡ਜਮਾਲਗੋਟੇ ਦੀ ਜੜ੍ਹ ਨਾ ਮਿਲੇ ਤਾਂ ਜੁਲਾਬਾਗੰਢੀ ਪਾਵੇ।

Digitized by Panjab Digital Library | www.panjabdigilib.org

ਤ੍ਰਿਫਲ ਦਿ ਘ੍ਰਿਤ (ਸਾਰੰਗਧਰਾਤ)—ਦੋਹਰਾ

ਦੋ ਵਾਂਸਾ ਤ੍ਰਿਫਲਾ ਕਹੀ ਇਟਸਿਟ ਅਰਲੁ ਗਲੋਇ ॥
ਯੁਗ ਮੇਦਾ ਨਿਸ ਦੋਇ ਲੈ ਰਾਸਨ ਸ੍ਰਤਪਦਿ ਢੋਇ ॥੨੦੨॥
ਕਲਕ ਕਰੀ ਘ੍ਰਿਤ ਪ੍ਰਸਥ ਦੈ ਦੂਧੀ ਚੌਗੁਨ ਮੇਲ ।
ਖਾਇ ਪਕਾਇ ਘੀਉ ਤ੍ਰਿਯ ਯੋਨਿ ਸੂਲ ਕੋ ਠੇਲ ॥੨੪੩॥
ਸਰਬ ਯੋਨਿ ਗਦ ਹਰਤ ਹੈ ਫਲ ਘ੍ਰਿਤ ਭਾਖਯੋ ਏਹ ।
ਗਰਭ ਤਨੀ ਬਿਰਥਾ ਕਰਤ ਕਹਿਤ ਮੇਘ ਸੁਨਤੇਹ ॥੨੦੪॥

੨੭੭੨—ਦੋਨੋਂ ਬਾਂਸੇ (ਪੀਲਾ ਤੇ ਕਾਲਾ), ਤ੍ਰਿਫਲਾ, ਇਟਸਿਟ, ਸੋਨਾਕ, ਗਿਲੋਯ ਮੇਦਾ, ਮਹਾ ਮੇਦਾ (ਸਫੈਦ, ਸੁਰਖ ਬ੍ਰਾਹਮਨ.; ਹਲਧੀ, ਦਾਰੂ ਹਲਧੀ, ਰਾਸਨਾ ਤੇ ਸਤਾਵਰ ਪਾਕੇ ਕਲਕ ਕਰਕੇ ੬੪ ਤੋਲੇ ਘਿਉ ਪਾਕੇ ਘ੍ਰਿਤ ਨਾਲੋਂ ਚੌਗੁਣਾ ਦੁਧ ਪਾਕੇ ਪਿਲਾਵੇ ਤੇ ਘ੍ਰਿਤ ਤਿਆਰ ਕਰ ਰਖੇ, ਅਰ ਖਾਵੇ ਤਾਂ ਇਸਤ੍ਰੀ ਦੀ ਯੋਨੀ ਦੇ ਸੂਲ ਨੂੰ ਨਾਸ ਕਰੇ। ਹੋਰ ਬੀ ਸਭ ਰੋਗ ਯੋਨੀ ਦੇ ਨਾਸ਼ ਕਰੇ, ਅਰ ਗਰਭ ਨੂੰ ਇਸਥਿਰ ਕਰੇ ॥ ੨੦੨ ਤੋਂ ੨੦੪ ॥

ਅਥ ਤੇਲਾਧਿਕਾਰ

ਖਟ ਤੱਕ੍ਰ ਤੇਲ (ਸਾਰੰਗਧਰਾਤ)—ਚੌਪਈ

ਪਾਰਦ ਸਾਨ ਮਰਚ ਅਧਿਸਾਣ । ਅਰਧ ਸਾਣ ਚੰਦਨ ਕੋ ਆਣ ।
ਨੀਲਾ ਥੋਥਾ ਆਧਾ ਟੰਕ । ਮੋਮ ਟੰਕ ਜਲ ਪਾਵੇ ਅੰਕ ॥੨੦੫॥
ਨਵ ਪਲੁ ਕੌੜਾ ਤੇਲ ਮਿਲਾਇ । ਇਨਹਿ ਪਕਾਈ ਕਰ ਪਦ ਲਾਇ ।
ਛਾਜਨ ਦੋਖ ਮਿਟੈ ਪਦ ਹਾਥ । ਸਾਰੰਗਧਰ ਮਹਿ ਭਾਖਯੋ ਆਥ ॥੨੦੬॥
ਸੌਂਚਰ ਸੁੰਠੀ ਕੁਸ਼ਟ ਜੁ ਲ਼ਾਖ । ਨਿਸਾ ਮੂਰਵ ਮੁਹਲੋਠੀ ਰਾਖ ।
ਖਟ ਗੁਨ ਤੱਕ੍ਰ ਔਰ ਲੈ ਤੇਲ । ਤੇਲ ਪਕਾਈ ਭਾਂਜਨ ਮੇਲ ॥੨੦੭॥
ਮਲੀਐ ਅੰਗ ਸੀਤ ਹਰਿ ਦਾਹ । ਇਨ ਰੋਗਨ ਹਿਤ ਜਾਨੋ ਜਾਹ ।
ਖਟਹਿ ਤੱਕ੍ਰ ਏ ਤੇਲ ਕਹਾਇ । ਸਾਰੰਗਧਰ ਤੇ ਮੇਘ ਸੁਨਾਇ ॥੨੦੮॥

Digitized by Panjab Digital Library | www.panjabdigilib.org

੨੭੭੩–ਪਾਰਾ੧ ਸਾਣ (੪ ਮਾਸੇ); ਮ੍ਰਿਚ ਅਧਾਸਾਣ (੨ ਮਾਸੇ), ਅੱਧਾ ਸਾਣ ਚੰਦਨ; ਨੀਲਾਥੋਥਾ ਅੱਧਾ ਟੰਕ (੨ ਮਾਸੇ), ਮੋਮ ੯ ਟੰਕ (੩੬ ਮਾਸੇ) ਕੌੜਾ ਤੇਲ ੯ ਪਲ (੩੬ ਤੋਲੇ) ਪਾਕੇ ਪਕਾਵੇ ਅਰ ਤੇਲ ਸਿੱਧ ਕਰ ਰਖੇ। ਫਿਰ ਹੱਥਾਂ ਪੈਰਾਂ ਪਰ ਲਾਵੇ ਤਾਂ ਛਾਈਆਂ (ਫਟਣ ਆਦਿ) ਅਤੇ ਦਾਹ ਸਭ ਨਾਸ਼ ਕਰੇ ॥੨੦੫॥੨੦੬॥

(ਅਨਯ)

੨੭੭੪–ਸੌਂਚਰਲੂਣ; ਸੁੰਢ, ਕੁੱਠ, ਲਾਖ, ਹਲਧੀ; ਮਰੋੜਫਲੀ ਤੇ ਮੁਲੱਠੀ। ਇਨ੍ਹਾਂ ਸਭਨਾਂ ਚੀਜਾਂ ਨਾਲੋਂ ਛੇ ਗੁਣੀ ਅਧਿਕ ਵੱਸੀ, ਇਤਨਾਂ ਹੀ ਤੇਲ ਪਾਵੇ, ਤੇ ਪਕਾਵੇ। ਤਿਆਰ ਕਰਕੇ ਤੇਲ ਪਾਤ੍ਰ ਵਿਚ ਪਾ ਰਖੇ। ਇਸਦੀ ਫਿਰ ਅੰਗਾਂ ਪਰ ਮਾਲਸ਼ ਕਰੇ, ਸੀਤਾਂਗ ਤੇ ਦਾਹ ਆਦਿ ਰੋਗ ਨਾਸ਼ ਕਰੇ।

ਲਾਖਾਦੀ ਤੇਲ ਸਾਰੰਗਧਰਾਤ)–ਚੌਪਈ

ਆਢਕ ਲਾਖ ਜੁ ਕ੍ਰਾਥ ਕਰਾਇ। ਚੌਗਨ ਜਲ ਦੇ ਪਾਦ ਰਖਾਇ।
ਤੇਲ ਪ੍ਰਸਥਤਾਮਹਿਲੈ ਪਾਇ। ਮਸਤਦਹੀ ਲੈ ਆਢਕਦਾਇ॥
ਸੌਂਫ ਨਿਸਾ ਅਸਗੰਧ ਸੁਰਦਾਰ। ਕਤੂ ਰੇਣੁਕਾ ਮੂਰਵਾ ਡਾਰ।
ਕੁਸ਼ਟ ਯਸਟਿ ਘਨ ਚੰਦਨ ਲੇਇ। ਰਾਸਨ ਕਰਖ ਕਰਖ ਸਬ ਦੇਇ।
ਪੀਸੀ ਦੈ ਮ੍ਰਿਦ ਅਗਨਿ ਪਚਾਇ। ਭਾਂਜਨ ਪਾਈ ਅੰਗ ਮਲਾਇ।
ਵਿਖਮਤਾਪ ਪ੍ਰਤਿਸਜਾਯ ਜੁ ਸ੍ਵਾਸ। ਤ੍ਰਿਕ ਪਿਠਗ੍ਰਹਿਪਿੱਤ ਜਾਵਤ ਕਾਸ।
ਉਨਮਾਦਹਿ ਮ੍ਰਿਗਿ ਕੰਡੂ ਸੂਰ। ਰਾਖਯ ਸੁ ਦੁਰਗੰਧ ਵਾਤ ਜੁ ਚੂਰ।
ਗਾਤਸਫੁਟਨੰ ਖਈ ਵਿਕਾਰ। ਪੁਸ਼ਟ ਗਰਭ ਮਲਿਨੇ ਤੇ ਧਾਰ॥੨੧੨॥

੨੭੭੫–੮ ਸੇਰ ਪਿਪਲ ਦੀ ਲਾਖ ਲੈਕੇ ਚੌਗੁਣਾਂ ਜਲ ਪਾਕੇ ਕਾੜ੍ਹਾ ਕਰੇ ਤੇ ਚੌਥਾ ਭਾਗ ਰਹੇ ਤਾਂ ਉਤਾਰਕੇ ਛਾਣ ਲਵੇ ਅਰ ਉਸ ਵਿਚ ਫਿਰ ੬੪ ਤੋਲੇ ਤੇਲ ਪਾਵੇ, ੮ ਸੇਰ ਕਚਾ ਦਹੀਂ ਦਾ ਪਾਣੀ ਪਾਵੇ ਅਰ ਸੌਂਫ, ਹਲਧੀ. ਅਸਗੰਧ, ਦੇਵਦਾਰ; ਕੌੜ, ਰੇਣਕਾ, ਅਭਾਵ ਵਿਚ ਸੰਭਾਲੂ ਦੇ ਬੀਜ, ਮਰੋੜ ਫਲੀ, ਕੁੱਠ, ਮੁਲੱਠੀ, ਮੋਥਾ, ਚੰਦਨ ਤੇ ਰਸਨਾ ਇਹ ਸਭ ਤੋਲਾ ਤੋਲਾ ਪੀਹਕੇ ਪਾਵੇ ਤੇ ਮੱਠੀ ਮੱਠੀ ਅੱਗ ਦੇਕੇ ਪਕਾਵੇ। ਜਦ ਤੇਲ ਮਾਤ੍ਰ ਆਣ ਰਹੇ ਤਾਂ ਉਤਾਰਕੇ ਸਾਫ ਕਰ ਰੱਖੇ। ਇਸਨੂੰ ਫਿਰ ਅੰਗਾਂ ਪਰ ਮਾਲਸ਼ ਕਰੇ, ਤਾਂ ਵਿਖਮ ਤਾਪ, ਰੇਸ਼ਾ, ਦਮਾਂ, ਤਿਹੱਡਾ ਯਾ ਪਿੱਠ ਪੀੜਾ, ਪਿੱਤ, ਖਾਂਸੀ, ਉਨਮਾਦ, ਮ੍ਰਿਗੀ, ਖੁਰਕ, ਸੂਲ, ਰਾਖਸ਼ ਦੋਖ, ਦੁਰਗੰਧੀ, ਵਾਯੂ, ਸਰੀਰ ਦੀਆਂ ਸਫੋਟਾਂ ਤੇ ਖਈ, ਇਹ ਸਭ ਨਾਸ਼ ਕਰੇ। ਮਾਲਸ਼ ਕਰਨੇ ਤੇ ਗ੍ਰਭ ਦੀ ਪੁਸ਼ਟੀ ਹੁੰਦੀ ਹੈ ॥ ੨੦੯ ॥ ਤੋਂ ੨੧੨ ॥

Digitized by Panjab Digital Library | www.panjabdigilib.org

ਨਾਰਾਜਣ ਤੇਲ (ਸਾਰੰਗਧਰਾਤ)—ਚੌਪਈ

ਆਸਗੰਧ ਵਲਜਾ ਵਿਲ ਪਾਠਾ। ਪਾਟਲ ਬ੍ਰਿਹਤੀ ਦੇਇ ਸੁ ਮਾਠਾ।
ਗੋਖਰਜਰਨਿੰਬ ਅਤਿਬਲਾ ਅਰਨੀ। ਇਟਸਿਟ ਅਰਲੂ ਲੇਹ ਪ੍ਰਸਰਣੀ।
ਦਸ ਦਸ ਪਲ ਪ੍ਰਥਕ ਮੰਗਵਾਇ। ਵਾਰ ਦ੍ਰੋਣ ਜਲ ਮਾਹਿ ਪਕਾਇ।
ਪਾਦ ਸੇਖ ਕ੍ਵਾਥੀ ਜਲ ਲੇਇ। ਆਢਕ ਤਿਲ ਕਾ ਤੇਲੁ ਮਿਲੇਇ॥
ਸਤਾਵਰ ਕੋ ਰਸ ਆਢਕ ਪਾਇ। ਤੇਲੋਂ ਚੌਗੁਨ ਗੋਪਯ ਦਾਇ।
ਮੰਦ ਅਗਨਿ ਕਰਿ ਲੇਹੁ ਪਕਾਇ। ਕਲਕ ਕਰੀ ਏ ਔਖਦ ਦਾਇ॥
ਕੁਸਟ ਲਾਇਚੀ ਚੰਦਨ ਬਾਲਾ। ਛੜ ਜੁ ਲੀਰਾ ਸੈਂਧਵ ਰਾਲਾ।
ਅਸਗੰਧ ਵਲਾ ਰਾਸਨਾ ਦਾਰ। ਸਤਪੁਖਜਾ ਤਗਰਾਲੈਡਾਰ॥੨੧੬॥
ਸਾਲਪਰਣਿ ਪ੍ਰਿਸਟਪਰਣੀ ਲਇ॥ ਮੁਗਦ ਪਰਣਿਮਾਖਪਰਣੀ ਦੇਇ॥
ਇਨਕਾ ਚੂਰਣ ਪਾਇ ਪਕਾਇ॥ ਰਹੈ ਤੇਲੁਤਬ ਅੰਗ ਮਲਾਇ॥੨੧੭॥
ਖਾਨ ਪਾਨ ਨਾਵਨ ਇਸ ਕਰੈ॥ ਮਨਯਾਸ੍ਰੰਭ ਜੁਗਲ ਗਹਿ ਹਰੈ।
ਹਨੂਸਤੰਬ ਖਯ ਪਖਜਾ ਘਾਤ॥ ਕੁਵਜ ਬਧਿਰਗਦਭੰਗ ਮਿਟਾਤ॥
ਕਟਿ ਗ੍ਰਹ ਗਾਤ੍ਰ ਸੋਖ ਨਸਾਇ। ਗਯੋ ਸੁੱਕ੍ਰ ਗ੍ਰਿਧਸੀ ਨਸਿ ਜਾਇ॥
ਅੰਤ੍ਰ ਵਿਧੀ ਕੁਸਟ ਜੋ ਹਰੈ॥ ਸਿਰ ਗ੍ਰਹ ਦੰਤ ਪਾਰਸ ਰੁਜ ਹਰੈ॥
ਪਾਗੁਲ ਵਿਖਮ ਬਾਤ ਸਰਵੰਗ॥ ਬੁੱਧ ਹਾਨ ਹਰਿ ਹੈ ਬਹ ਅੰਗ॥
ਬੰਧਯਾ ਖਾਇ ਤੇ ਪੁਤ੍ਰਹਿ ਜਨੈ॥ਦੈਤ ਦੁਸਟ ਰਾਖਸ ਕੋ ਹਨੈ॥੨੨੦॥
ਮਾਨੁਖ ਗਜ ਘੋਰਾ ਕੀ ਵਾਇ॥ ਯਾਕੋ ਮਲੀਐ ਦੂਰ ਪਲਾਇ॥
ਨਾਰਾਯਣ ਇਹ ਤੇਲੁ ਕਹਾਇ॥ ਸਾਰੰਗਧਾਰ ਤੇ ਮੈਘ ਬਤਾਇ॥੨੨੨॥

੨੧੭੬—ਅਸਗੰਧ, ਖਿਰੇਟੀ, ਬਿੱਲ; ਪਾਠਾ, ਪਾਟਲ (ਗੁਲਾਬ), ਦੋਨੋਂ ਕੰਡਿਆਰੀਆਂ, ਭੱਖੜਾ, ਨਿੰਮ, ਅਤੀਬਲਾ, ਅਰਣੀ, ਇਟਸਿਟ, ਸੋਨਾਕਤੇ *ਪਸਾਰਿਣੀ ਅਰਥਾਤ †ਲਾਜਵੰਤੀ ਇਹ

*ਪ੍ਰਸਾਰਿਣੀ ਲਜਾਵੰਤੀ ਹੈ, ਦੇਖੋ ਆ ਔਸ਼ਧੀ ਕੋਸ਼ ਪ੍ਰਿ: ੧੦੫।

†ਲਜਾਵੰਤੀ ਬੂਟੀ ਹੱਥ ਛੁਹਾਏ ਸ਼ਰਮ ਦੀ ਮਾਰੀ ਧਰਤੀ ਨਾਲ ਜਾ ਲਗਦੀ ਹੈ। ਕਈ ਖਿੱਪ ਅਰਥ ਕਰਦੇ ਹਨ।

Digitized by Panjab Digital Library | www.panjabdigilib.org

ਸਭ ੪੦-੪੦ ਤੋਲੇ ਲਵੇ ਤੇ ੧੨੮ ਸੇਰ (੩ ਮਣ ੮ ਸੇਰ) ਜਲ ਵਿਚ ਪਕਾਵੇ, ਚੌਥਾ ਹਿਸਾ ਰਹੇ ਤਾਂ ਛਾਣਕੇ ਉਸ ਵਿਚ ਤਿਲਾਂ ਦਾ ਤੇਲ ੮ ਸੇਰ, ਸਤਾਵਰ ਦਾ ਰਸ ੮ ਸੇਰ ਪਾਵੇ ਤੇ ਤੇਲ ਨਾਲੋਂ ਚਾਰ ਗੁਣਾਂ ਗੌਕਾ ਦੁਧ ਪਾਕੇ ਮਠੀ ੨ ਅਗ ਨਾਲ ਪਕਾਵੇ। ਪਰੰਤੂ ਕਲਕ ਕਰਕੇ ਇਹ ਦਵਾਈਆਂ ਪਾਵੇ:-ਕੁੱਠ, ਲਾਚੀ, ਚੰਦਨ; ਮੁਰਕਬਾਲਾ, ਛੜ, ਛਲੀਰਾ, ਸੇਂਧਾ ਨਿਮਕ, ਰਾਲ, ਅਸਗੰਧ, ਖਰੈਟੀ, ਰਾਸਨਾ ਦੇਵਦਾਰ, ਸੌਂਫ, ਤਗਰ, ਸਾਲ ਪ੍ਰਣੀ, ਪਿਸਟ ਪਰਣੀ, ਬਨਮੂੰਗੀ ਤੇ ਬਨਮਾਂਹ, ਇਹਨਾਂ ਦਾ ਚੂਰਣ ਕਰਕੇ ਕਲਕ ਕੀਤਾ ਹੋਯਾ ਪਾਵੇ ਤੇ ਪਕਾਵੇ। ਜਦ ਤੇਲ ਮਾਤ੍ਰ ਆਣ ਰਹੇ ਤਾਂ ਉਤਾਰਕੇ ਪਾਤ੍ਰ ਵਿਚ ਪਾ ਰਖੇ, ਫਿਰ ਇਸਦੀ ਮਾਲਸ਼ ਅੰਗਾਂ ਪਰ ਕਰੇ ਯਾ ਖਾਣ ਪੀਣ ਅਥਵਾ ਨਸਵਾਰ ਦੇਵ ਤਾਂ ਮਨਜਾਸਤੰਭ, ਗਲ ਦੀ ਰੁਕਾਵਟ, ਹਨੂਸਤੰਬ, ਅਧਰੰਗ, ਕੁਬਜਪਨ, ਬਹਰਾਪਨ, ਲਗੜਾਪਨ, ਕਮਰ ਦਾ ਰੁਕਣਾ, ਸਰੀਰ ਦਾ ਸੁਕਣਾ, ਬੀਰਜ ਦਾ ਨਾਸ ਹੋਣਾ; ਗ੍ਰਿਧਸੀ, ਅੰਤ ਬ੍ਰਿਧੀ, ਕੁਸ਼ਟ, ਸਿਰ ਦਾ ਰੁਕਣਾ, ਦਡ ਪਾਤ (ਵਾਯੂ ਰੋਗ), ਜਾਤੁਲਜੰਮ, ਪਾਗੁਲਪਨ, ਵਿਖਮ ਬਾਤ, ਸੁਬਾਂਗ ਧਸੀ ਵਾਯੂ ਤੇ ਬੁੱਧੀ ਦਾ ਨਾਸ, ਇਤਨੇ ਰੋਗ ਨਾਸ਼ ਕਰੇ। ਇਸ ਤੇਲ ਨੂੰ ਬੰਧਯਾ ਇਸਤ੍ਰੀ ਖਾਵੇ ਤਾਂ ਪੁਤ੍ਰ ਪੈਦਾ ਕਰੇ, ਹੋਰ ਦੈਂਤ ਦੁਸਟ, ਰਾਖਸ ਆਦਿ ਲਗੇ ਕੇ ਮਾਰੇ। ਮਨੁੱਖ ਮਾਤ੍ਰ ਦੀ ਤਾਂ ਕੀ ਕਹਿਣੀ ਹੈ। ਹਾਥੀ ਘੋੜੇ ਆਦਿ ਦੀ ਵਾਯੂ, ਇਸਦੀ ਮਾਲਸ਼ ਕਰਨੇ ਤੇ ਨਾਸ ਹੋਵੇ ਹੈ। ਇਹ ਨਾਰਾਇਣ ਤੇਲ ਕਿਹਾ ਹੈ ॥ ੨੧੩ ॥ ਤੋਂ ੨੨੨ ॥

ਬਲਾਤੇਲ (ਸਾਰੰਗਧਰਾਤ)-ਚੌਪਈ

ਬਲਾ ਮੂਲ ਦਸ ਮੂਲਹਿ ਕ੍ਵਾਹ। ਕੁਲਥ ਕੋਲ ਜਵ ਕ੍ਵਾਥ ਕਰਾਹਿ।
ਕ੍ਵਾਥਹਿ ਤੇ ਪਯ ਅਠ ਗੁਣ ਲੇਇ। ਤੇਲ ਭਾਗ ਜੋ ਏਕ ਠਵੇਇ।
ਜੀਵਨੀਯ ਗਣ ਤੁੰਮਾ ਜਟਾ। ਸਤਾਵਰ ਮੰਜਿਸਟਾ ਅਟਾ।
ਕੁਸਟ ਛਲੀਰਾ ਤਗਰ ਜੋ ਛੜਾ।ਸੇਂਧਾ ਅਗਰ ਸੌਂਫ ਵਚ ਦੜਾ ॥੨੨੪॥
ਦੋਇ ਸਾਰਵਾ ਇਟਸਿਟ ਮੇਲ। ਪੱਤ੍ਰਜ ਅਸਗੰਧ ਏਲਾ ਠੇਲ।
ਇਨਕਾ ਤੇਲੁ ਪਕਾਈ ਦੇਇ। ਤਿਯਕੋ ਗਰਭ ਕਰੈ ਵੈਸੇਇ ॥੨੧੫॥
ਖੀਣ ਧਾਤੂ ਕੇ ਧਾਂਤੁ ਕਰਾਇ। ਵਯਾਯਾਮ ਖੀਨ ਗਾਤ੍ਰ ਮਰਦਾਇ।
ਰੋਗੁ ਸੂਤਕਾ ਯਾਸੋ ਜਾਇ। ਵਾਤ ਰੋਗੁ ਹਰਿ ਜਜੋਂ ਗਜਰਾਇ ॥੨੨੬॥

੨੨੨—ਖਿਰੈਟੀ ਦਾ ਕਾੜ੍ਹਾ, ਦਸ ਮੂਲ ਦਾ ਕਾੜ੍ਹਾ, ਕੁਲਥਾਂ ਦਾ ਕਾੜ੍ਹਾ, ਕੱਚੇ ਬੇਰਾਂ ਦਾ ਕਾੜ੍ਹ ਤੇ ਜਵਾਂ ਦਾ ਕਾੜ੍ਹਾ; ਇਨ੍ਹਾਂ ਕਾੜ੍ਹਿਆਂ ਤੋਂ ਅੱਠ ਗੁਣਾਂ ਦੁੱਧ। ਇੱਕ ਹਿੱਸਾ ਤੇਲ ਪਾਵੇ *ਜੀਵਨੀਗਣ; ਤੁੰਮੇ ਦੀ ਜੜ੍ਹ, ਸਤਾਵਰ, ਮਜੀਠ, ਕੁੱਠ; ਛਲੀਰਾ, ਤੱਗਰ, ਛੜ, ਸੇਂਧਾਨਿਮਕਾ ਅਗਰ, ਸੌਂਫ, ਵਚ, ਦੋਨੋਂ ਸਾਰਿਵਾਂ, ਇਟਸਿਟ, ਤਜਪੱਤ੍ਰ, ਅਸਗੰਧ ਤੇ ਇਲਾਚੀ ਪਾਕੇ ਤੇਲ ਧਕਾਵ, ਇਹ ਤੇਲ ਇਸਤ੍ਰੀ ਸੇਵਨ ਕਰੇ ਤਾਂ ਗਰਭ ਧਾਰਨ ਕਰੇ। ਖੀਣ ਧਾਤੂ ਵਾਲੇ ਨੂੰ ਧਾਤੂ ਨਾਲ ਭਰ ਦੇਵੇ। ਪਰੀਸ਼੍ਰਮ ਕਰਕੇ ਖੀਣ ਬੀ

*ਦੇਖੋ ਨੋਟ ਕਾਮਦੇਵ ਘ੍ਰਿਤ।

Digitized by Panjab Digital Library | www.panjabdigilib.org

ਸਰੀਰ ਤੇ ਮਾਲਿਸ਼ ਕਰੇ; ਸੂਤਕਾ ਰੋਗ ਵਾਲੀ ਔਰਤ ਮਰਦਨ ਕਰੇ। ਹੋਰ ਬਾਤ ਰੋਗਾਂ ਨੂੰ ਨਾਸ ਕਰਨ ਹਾਰਾ ਹੈ। ੨੨੩ ਤੋਂ ੨੬੬।

*ਪ੍ਰਸਾਰਿਣੀ ਤੇਲ (ਸਾਰੰਗਧਰਾਤ)—ਚੌਪਈ

ਪ੍ਰਸਾਰਣਿ ਪਲ ਸੌ ਲੈ ਆਇ। ਦਰੋਣ ਨੀਰ ਮਹਿ ਕ੍ਵਾਥ ਕਰਾਇ।
ਚਤੁਰ ਅੰਸ ਰਾਖੀ ਜਲੁ ਲੇਇ। ਤਾਂਕੈ ਸਮ ਦਧਿ ਮੇਲੀ ਦੇਇ ॥੨੨੭॥
ਤਾਹੀ ਸਮ ਲੈ ਤੇਲੁ ਮਿਲਾਇ। ਤੇਲੁ ਬਰਾਬਰ ਕਾਂਜੀ ਪਾਇ।
ਦੂਧ ਚੌਗੁਣਾ ਤੇਲੌਂ ਜਾਨ। ਤੇਲ ਕਲਕ ਅੱਠਵਾਂ ਸਭ ਛਾਨ ॥੨੨੮॥
ਚਿੱਤ੍ਰਕ ਯਸਟੀ ਪੀਪਰ ਮੂਰ। ਸੇਂਧਾ ਵਚ ਪ੍ਰਸਾਰਣਿ ਪੂਰ।
ਗਜ ਕ੍ਰਿਸਨਾ ਰਾਸਨ ਭਾਲਾਤ। ਦਾਰੁ ਛੜਾ ਸਤ ਪੁਖਪਾਘਾਤ ॥੨੨੯॥
ਤੇਲੁ ਪਕਾਈ ਪੀਸ ਰਲਾਇ। ਸੀਸੀ ਪਾਈ ਅੰਗ ਮਲਾਇ।
ਵਾਤ ਕੁਵਜ ਪੰਗੂ ਕਫ ਖੰਜ। ਗ੍ਰਧ੍ਰਸਿ ਅਰਦਿਤ ਹਨੁ ਪਿਠਵੰਜ ॥੨੩੦॥
ਸਿਰ ਗ੍ਰੀਵਾ ਕਟਸਤੰਬ ਨਸਾਇ। ਵਿਖਮ ਵਾਤ ਕਾ ਨਾਸ ਕਰਾਇ।
ਨਾਮੁ ਪ੍ਰਸਾਰਣਿ ਤੇਲ ਕਹਾਇ। ਸਾਰੰਗਧਰ ਤੇ ਮੇਘ ਸੁਮਾਇ ॥੨੩੧॥

੨੭੭੮—ਪ੍ਰਸਾਰਿਣੀ=ਲਾਜਵੰਤੀ ਬੂਟੀ ਦਾ ਸੁਬਾਗ ੧੦੦ ਪਲ (੫ ਸੇਰ) ਲਵੇ, ਜਲ ਦਰੋਣ= ੩੨ ਸੇਰ ਵਿਚ ਕਾੜ੍ਹਾ ਕਢੇ। ਸੜ ਕੇ ਜਦ ਚੌਥਾ ਹਿੱਸਾ ਰਹੇ ਤਾਂ ਉਤਾਰਕੇ ਅੱਗ ਉਤੋਂ ਪੁਣ ਲਵੇ, ਉਸ ਕਾੜ੍ਹੇ ਦੇ ਬਰਾਬਰ ਦਾ †ਦਹੀਂ ਪਾਵੇ, ਦਹੀਂ ਦੇ ਬਰਾਬਰ ਦਾ ਤੇਲ ਦੇ ਸਮਾਨ ਕਾਂਜੀ, ਤੇਲ ਤੋਂ ਚੌਗੁਣਾ ਦੁੱਧ ਲਵੇ. ਤੇਲ ਦਾ ਅੱਠਵਾਂ ਹਿੱਸਾ ਸਭੇ ਚੀਜਾਂ ਲਵੇ, ਸੋ ਚਿਤ੍ਰਾ, ਮਲੱਠੀ ਪਿਪਲਾਮੂਲ, ਸੇਂਧ ਨਿਮਕ, ਵਚ, ਪ੍ਰਸਾਰਿਣੀ ਅਰਥਾਤ ਲਾਜਵੰਤੀ, ਲੰਬੀ ਮਘ, ਰਸਨਾ, ਜਿਲਾਵੇ. ਦੇਵਦਾਰ, ਛੜ ਤੇ ਸੌਂਫ ਇਹ ਪੀਹਕੇ ਨਿਲਾਵੇ ਤੇਲ ਨੂੰ ਮੁੜ ਪਕਾ ਲਵੇ। ਤੇਲ ਮਾਤ੍ਰ ਰਹੇ ਤਾਂ ਫਿਰ ਤੇਲ ਨੂੰ ਸ਼ੀਸ਼ੀ ਵਿਚ ਪਾ ਰੱਖੇ, ਅੰਗਾਂ ਪਰ ਮਾਲਸ਼ ਕਰੇ। ਬਾਤ ਰੋਗ, ਕਬਜ, ਪੰਗੂ, ਕਫ ਦੇ ਰੋਗ, ਖੰਜ ਪਨ, ਗ੍ਰਿਧਸੀ, ਲਕਵਾ, ਹਨੂੰਸਤੰਭ, ਪਿਠ ਦਾ ਜਕੜ ਜਾਣਾ, ਸਿਰ, ਗਰਦਨ, ਕਮਰ ਦਾ ਰੁਕਣਾ ਅਤੇ ਸਭ ਪ੍ਰਕਾਰ ਦੀ ਵਿਖਮ ਬਾਤ ਦਾ ਨਾਸ ਕਰਨ ਹਾਰਾ ਇਹ ਪ੍ਰਸਾਇਣੀ ਤੇਲ ਕਿਹਾ ਹੈ ॥ ੨੨੭ ਤੋਂ ੨੩੧ ॥

---

*ਪ੍ਰਸਾਰਿਣੀ ਨੂੰ ਭਾਵ ਪ੍ਰਕਾਸ਼ ਦੇ ਨਿਰਾਲੇ ਨਿਘੰਟ ਵਿੱਚ ਖਿੱਪ ਤੇ ਆਯੁਰ ਵਦਜ ਔਸ਼ਧ ਕੋਸ਼ ਵਿਚ ਲਜਾਵੰਤੀ ਲਿਖਯਾ ਹੈ ਤੇ ਭਾਵ ਪ੍ਰਕਾਸ਼ ਦੇ ਟੀਕੇ ਵਿਚ ਵੀ ਲਜਾਵੰਤੀ ਲਿਖਯਾ ਹੈ, ਇਸ ਤੇ ਲਜਵੰਤੀ ਹੀ ਯਥਾਰਥ ਹੈ।

†ਦਹੀਂ ਦੇ ਥਾਂ ਆਲੇ ਮੁਹਾਰੀਆ ਸ਼ਹਿਤ ਲਿਖਦਾ ਹੈ, ਹਾਲਾਂਕਿ ਫੈਸਲਾ ਸਾਰੰਗਧਰ ਦੇਖਕੇ ਹੋ ਸਕਦਾ ਸੀ।

Digitized by Panjab Digital Library | www.panjabdigilib.org

ਮਾਖਾਦਿ ਤੇਲ (ਸਾਰੰਗਧਰਾਤ)—ਚੌਪਈ

ਮਾਖ ਯਵਾ ਅਲਸੀ ਕੰਟਾਰੀ। ਕੌਂਚ ਕੁਰੰਡ ਗੁਕੰਟ ਸੁਧਾਰੀ।
ਅਰਲੂ ਸਾਤਸਾਤ ਪ੍ਰਲਪ੍ਰਿਥਕ। ਚੌਗੁਣ ਜਲ ਪਕਵਾਵੇ ਇਮਕਰ ॥੨੩੨॥
ਚਤੁਰ ਅੰਸ ਰਾਖੀਏ ਪਾਇ। ਬੇਰ ਵੜੇਵੇਂ ਕੁਲਥ ਮੰਗਾਇ।
ਸਣ ਕੇ ਬੀਜ ਮੰਗਾਵੇ ਸਾਇ। ਚੌਦਾਂ ਚੌਦਾਂ ਪਲ ਏ ਲਾਇ॥੨੩੩॥
ਚੌਗੁਣ ਜਲ ਸੋਂ ਕ੍ਵਾਥ ਕਰੀਜੇ। ਚੌਥਾ ਭਾਗ ਰਖਾਈ ਲੀਜੇ।
ਦੋਨੋਂ ਕ੍ਵਾਥ ਕੜਾਹੈ ਪਾਇ। ਤੇਲ ਪ੍ਰਸਥ ਤਿਲ ਮਾਹਿ ਮਿਲਾਇ ॥੨੩੪॥
ਇਨ ਔਖਧ ਕਾ ਕਲਕ ਕਰਾਇ। ਦੇਵੋਂ ਤਾਂਮਹਿ ਨਾਮ ਸੁਨਾਇ।
ਛਿੰਨਾ ਕੁਸ਼ਟ ਰਾਸਨਾ ਸੁੰਠ। ਕਨਾ ਸੌਂਫ ਇਟਇਟ ਲੈ ਗੁੰਠ।
ਵਲਾ ਪ੍ਰਸਾਰਨਿ ਕੜੂ ਏਰੰਡ। ਛਤ੍ਰ ਪਲ ਅਧ ਅਧ ਸਾਰੇ ਮੰਡ।
ਮੰਦਾਗਿਣ ਦੇ ਤੇਲੁ ਪਚਾਇ। ਖਾਨਪਾਨ ਮਰਦਨ ਕਰਵਾਇ ॥੨੩੬॥
ਗ੍ਰੀਵਾ ਸਤੰਭ ਵਾਹੁ ਅਰਧੰਗ। ਸੋਖ ਅਖੇਪ ਉਰੂਸਤੰਭ।
ਅਪਿਤਾਨ ਸਿਰ ਕੰਪਵਿਸਵਾਸ। ਅਰਦਿਤਸਾਖਾਕੰਪਵਿਨਾਸ ॥੨੩੭॥

੨੩੯੧—ਮਾਂਹ, ਜੌ, ਅਲਸੀ, ਚੰਡਿਆਰੀ, ਕੌਂਚਬੀਜ, †ਕਰੁੰਡ, ਭੱਖੜਾ, ਸੋਨਾਕ, ਇਹ ਸਭ ਸਤ ਸਤ ਪਲ ਅਰਥਾਤ ੨੮-੨੮ ਤੋਲੇ ਚਾਰ ਗੁਣੇ ਪਾਣੀ ਪਕਾਵੇ, ਜਦ ਚੌਥਾ ਹਿੱਸਾ ਸੜਕੇ ਰਹੇ ਤਾਂ ਉਤਾਰਕੇ ਛਾਣ ਲਵੇ। ਫਿਰ ਬੇਰ; ਵੜੇਂਮੇ ਕੁਲਥ, ਸਣਦੇ ਬੀਜ ਇਹ ਸਭ ੧੪-੧੪ ਪਲ ਅਰਥਾਤ ੪੮-੪੮ ਤੋਲੇ ਤੇਲ ਤਿਲਾਂ ਦਾ ਪਾਵੇ। ਫਿਰ ਬੀ ਹੇਠ ਲਿਖੀਆਂ ਚੀਜਾਂ ਦਾ ਕਲਕ ਕਰਕੇ ਵਿਚ ਪਾ ਲਵੇ:-ਗਿਲੋਯ; ਕੁਠ, ਰਾਸਨਾ, ਸੁੰਢ, ਮਘ, ਸੌਂਫ, ਇਟਸਿਟ, ਖਿਰੈਟੀ, ਲਾਜਵੰਤੀ, ਕੋੜ, ਅਰਿੰਡ ਤੇ ਛਤ ਇਹ ਸਭ ਦੋ ਦੋ ਤੋਲੇ। ਮੱਠੀ ੪ ਅਗ ਨਾਲ ਤੇਲ ਪਕਾਵੇ, ਫਿਰ ਇਸ ਤੇਲ ਨੂੰ ਖਾਵੇ ਪੀਵੇ ਤੇ ਮਲੇ ਤਾਂ ਗਰਦਨ ਦਾ ਆਕੜਨਾ, ਬਾਹਾਂ ਦਾ ਰੁਕਣਾ, ਅਧਰੰਗ, ਸੋਖ; ਅਖੇਪ, ਉਰੂਸਤੰਭ, ਅਪਤਾਨ ਵਾਯੂ, ਸਿਰਦਾ ਹਿਲਨਾ, ਵਿਸੂਚੀ ਰੋਗ, ਲਕਵਾ ਤੇ ਅੰਗ ਪਤ੍ਰੰਗ ਦਾ ਹਿਲਣਾ, ਇਤਯਾਦਿ ਸਭ ਨਾਸ ਕਰੇ ।੨੩੨ ਤੋਂ ੨੩੬॥

---

†ਪੀਲਾ ਬਾਂਸਾ ਹੀ ਲਵੇ।

Digitized by Panjab Digital Library | www.panjabdigilib.org

ਅਨਯ (ਪ੍ਰਖਿਪਤ) ਤੇਲ

ਖੋਪਾ ਗ੍ਰੰਥਕ ਸਾਬਨ ਆਨ। ਦੋ ਦੋ ਪੈਸੇ ਵਜਨ ਪ੍ਰਮਾਣ।
ਖਲ ਪਾਇ ਨੀਕੇ ਪਿਸਵਾਇ। ਮਿਸਟ ਤੇਲ ਪਲਚਾਰ ਰਲਾਇ ॥੨੩੮॥
ਚਾਰ ਪਹਿਰ ਲੌ ਘਾਸਾ ਕਰੇ ॥ ਪਾਛੈ ਸੀਸੀ ਪਾਈ ਧਰੇ ॥
ਅਰਥ ਅੰਗ ਪੱਖਯਾਪੁਨ ਘਾਤ। ਮਰਦਨ ਤੇ ਸਭ ਬਾਤ ਮਿਟਾਤ ॥੨੩੯॥

੨੭੮੦-ਗਰੀ, ਪਿੱਪਲਾਮੂਲ, ਸਾਬੂਣ ਇਹ ਦੋ ਦੋ ਪੈਸੇ ਭਰ ਖਰ ਵਿਚ ਚੰਗੀ ਤਰਾਂ ਪੀਹਕੇ ੧੬ ਤੋਲੇ ਮਿੱਠੇ ਤੇਲ ਵਿਚ ਪਾਕੇ ੪ ਪਹਿਰ ਰਗੜਾ ਕਰੇ, ਅਰ ਫਿਰ ਮਾਲਸ਼ ਕਰੇ ਤਾਂ ਅਧਰੰਗ ਪਾਸਾ ਮਾਰਿਆ ਜਾਣਾ ਤੇ ਵਾਯੂ ਸਭੇ ਨਾਸ ਕਰ ॥੨੩੮॥੨੩੯॥

ਸਤਾਵਰ ਤੇਲ (ਸਾਰੰਗਧਰਾਤ)—ਦਵੈਯਾਛੰਦ

ਸਤਾਵਰ ਯੁਗ ਬਲਾ ਏਰੰਡਹ ਦੋ ਪਰਣੀ ਅਸਗੰਧਾ।
ਗੋਖਰ ਬਿੱਲ ਕੁਰੰਕਟ ਕਾਹੀ ਖਟ ਖਟ ਕਰਖ ਸੁ ਬੰਧਾ ॥
ਚੌਗੁਣ ਜਲ ਸੋ ਕ੍ਰਾਥ ਕਰਾਈ ਪਾਦ ਚਤੁਰਥਾ ਰਾਖੋ ॥
ਤੇਲ ਖੀਰ ਜਲ ਰਸੁ ਸਤਾਵਰ ਪ੍ਰਸਥ ਪ੍ਰਸਥ ਦੇ ਨਾਖੋ ॥੨੪੦॥
ਦਾਰੁ ਸਤਾਵਰ ਚੰਦਨ ਮਾਸੀ ਸੌਂਫ ਤਗਰ ਕੁਠ ਏਲਾ।
ਵਲਾ ਛਲੀਰਾ ਉਤਪਲ ਜੀਵਕ ਯਸਟਿ ਕਕੋਲੀ ਮੇਲਾ ॥
ਮੇਧਾ ਵ੍ਰਿਧ ਕਰਖ ਕਰਖ ਸਖ ਕਲਕੀ ਤੇਲਹਿ ਮੇਲੋ ॥
ਤੇਲ ਪਕਾਈ ਅੱਗ ਲਗਾਈ ਖਾਵਨ ਕੋ ਭੀ ਏਲੇ ॥੪੧॥
ਅੰਗ ਯੋਨਿ ਸਿਰ ਸੂਲ ਗਵਾਵੈ ਨਾਰੀ ਕੈ ਸੁਤ ਯਾਈ ॥
ਪਾਂਡੂ ਕਾਮਲਾ ਗ੍ਰਿਧਿਸਿ ਸੋਖਾ ਵਾਤ ਰਕਤ ਮਿਟ ਜਾਈ॥
ਵਾਤ ਪਿਤ ਅਰਦਿਤ ਅਧਮਾਨੰ ਦੰਡ ਅਪਤਾਨਕ ਵਹਿ।
ਉਦਰ ਰੁਧਿਰ ਹਰਿ ਤੇਲ ਵਖਾਨਿਆ ਸਤਾਵਰ ਕਹਿਵਾਇ ॥

Digitized by Panjab Digital Library | www.panjabdigilib.org

੨੭੮੧—ਸਤਾਵਰ, ਦੋਨੋਂ ਬਲਾਂ, ਅਰਿੰਡ, ਸਾਲ ਪ੍ਰਣੀ, ਪ੍ਰਿਸ਼ਟਪ੍ਰਣੀ, ਅਸਗੰਧ (ਭੱਖੜਾ, ਬਿਲਗਿਰੀ, ਕਰੁੰਡ—ਪੀਲਾਬਾਂਸਾ, ਤੇ ਕਾਹੀ ਇਹ ਸਭ ੬-੬ ਤੋਲੇ; ਇਨ੍ਹਾਂ ਨੂੰ ਚੌਗੁਣੇ ਜਲ ਵਿਚ ਕਾੜ੍ਹਾ ਕਰੇ, ਚੋਥਾ ਹਿਸਾ ਸੜਕੇ ਰਹੇ ਤਾਂ ਪੁਣਕੇ ਉਸ ਵਿਚ ਤੇਲ, ਦੁੱਧ, ਜਲ ਤੇ ਸਤਾਵਰ ਦਾ ਰਸ ਇਹ ੬੪-੬੪ ਤੋਲੇ ਪਾਵੇ, ਫਿਰ ਦੇਵਦਾਰ, ਸਤਾਵਰ; ਚੰਦਨ, ਛੜ, ਸੌਂਫ; ਤਗਰ, ਕੁੱਠ, ਲਾਚੀ, ਖਿਰੈਟੀ, ਛਲੀਰਾ, ਕਮਲ, ਜੀਵਕ; ਮੁਲੱਠੀ, ਕਕੋਲੀ, ਮੇਦਾ, ਬ੍ਰਿਧੀ ਇਹ ਤੋਲਾ ਤੋਲਾ, ਇਹਨਾਂ ਦਾ ਕਲਕ ਕਰਕੇ ਤੇਲ ਵਿਚ ਪਾਵੇ। ਫਿਰ ਤੇਲ ਪਕਾਵੇ। ਉਸਨੂੰ ਫਿਰ ਅੰਗਾਂ ਪਰ ਮਲੇ ਅਤੇ ਖਾਵੇ। ਅੰਗਾਂ ਦਾ ਸੂਲ, ਯੋਨੀ ਸੂਲ, ਸਿਰ ਸੂਲ ਨਾਸ ਕਰੇ, ਅਰ ਇਸਤ੍ਰੀ ਨੂੰ ਪੁਤਰ ਪੈਦਾ ਕਰੇ। ਹੋਰ ਪਾਂਡੂ, ਕਾਮਲਾ, ਗ੍ਰਿਧਸੀ, ਸੋਖ, ਬਾਤ ਰਕਤ, ਬਾਤ ਪਿੱਤ, ਲਕਵਾ; ਅਫਾਰਾ, ਦੰਡ, ਪਤਾਨਕ; ਦਾਹ, ਉਦਰ ਰੋਗ ਤੇ ਖੂਨ ਰੋਗ ਇਹਨਾਂ ਦਾ ਹਰਨੇ ਹਾਰਾ ਇਹ ਸਤਾਵਰੀ ਤੇਲ ਕਿਹਾ ਹੈ ॥੨੪੦ ਤੋਂ ੨੪੨॥

ਕਾਸੀਸਾਦਿ ਤੇਲ ਸਾਰੰਗਧਰਾਤ)—ਚੌਪਈ

ਕਾਹੀ ਲਾਂਗਿਲ ਜੜ੍ਹ ਕਾਨੇਰ। ਸੁੰਠ ਕੁਸਟ ਕ੍ਰਿਸਨਾ ਲੈ ਭੇਰ।
ਮੇਂਧਾ ਮਨਸਿਲ ਚਿਤ੍ਰ ਵੜਿੰਗ। ਬੀਜ ਕੋਸਾਂਤਿਕ ਦੰਤੀ ਅੰਗ ॥੨੪੩॥
ਵਾਸਾ ਚੋਕ ਜੁ ਲੈ ਹਰਿਤਾਲ। ਕਰਖ ਕਰਖ ਇਨ ਕਲਕ ਵਿਚਾਰ।
ਤੇਲ ਪ੍ਰਸਥ ਮਹਿ ਪਾਇ ਪਕਾਇ। ਸੁਨਹਿ ਅਰਕ ਪਯ ਦੋ ਪਲੁ ਦਾਯ।
ਚੋਗੁਣ ਮੂਤਰ ਗੋਕਾ ਦੇਇ। ਤੇਲ ਪਕਾਈ ਲੈ ਪੁਨ ਸੇਇ।
ਅਰਸ ਰੋਗੁ ਸਬ ਮਰਦਨ ਜਾਇ। ਖਰਨਾਦੈ ਭਨਿ ਖਯਾਰ ਕਰਾਇ ॥

੨੭੮੨—ਕਾਹੀ, ਕਲਿਹਾਰੀ, ਕਨੇਰ ਦੀ ਜੜ੍ਹ, ਸੁੰਢ, ਕੁਠ; ਮਘ, ਸੰਧਾਲੂਣ, ਮਨਸਿਲ ਚਿਤ੍ਰਾ, ਬਾਇਵੜਿੰਗ, ਤੋਰੀ ਦੇ ਬੀਜ, ਜਮਾਲਗੋਟਾ, ਬਾਂਸਾ, ਚੌਕ ਦੇ ਹੜਤਾਲ ਇਹ ਸਭ ਤੋਲਾ ਤੋਲਾ ਲੈਕੇ ਕਲਕ ਕਰੇ, ਇਸ ਵਿਚ ੬੪ ਤੋਲੇ ਤੇਲ ਪਾਕੇ ਪਕਾਵੇ। ਥੋਹਰ ਤੇ ਅੱਕ ਦਾ ਦੁਧ ੮ ਤੋਲੇ ਪਾਕੇ ਚੋਗੁਣਾ ਗੋਕਾ ਮੂਤ੍ਰ ਪਾਕੇ ਪੁਨਾ ਤੇਲ ਪਕਾਵੇ। ਇਸਦੀ ਮਾਲਿਸ਼ ਤੇ ਬਵਾਸੀਰ ਜਾਵੇ। ਇਹ ਖਰਨਾਦ ਅਚਾਰਯ ਨੇ ਕਿਹਾ ਹੈ, ਖਾਰ ਕਾਰਕ ਹੈ ਅਰਥਾਤ ਬਵਾਸੀਰ ਦੇ ਮਹੁਕਿਆਂ ਪਰ ਲੌਣ ਨਾਲ ਗਿਰ ਜਾਂਦੇ ਹਨ ਤੇ ਤਕਲੀਫ ਕੁਛ ਨਹੀਂ ਹੁੰਦੀ ॥੨੪੩॥ ਤੋਂ ੨੪੫॥

ਪਿੰਡ ਤੇਲ (ਸਾਰੰਗਧਰਾਤ)—ਦੋਹਰਾ

ਮਜਿਸਟ ਸਾਰਿਵਾ ਸਰਜ ਲੈ ਮੋਮ ਯਸਟਿ ਪਯ ਸੰਗ।
ਤੇਲ ਪਕਾਈ ਮਰਦਿਜੈ ਵਾਤ ਰਕਤ ਗਦ ਭੰਗ ॥੨੪੬॥

੭੮੩—ਮਜੀਠ, ਸਾਰਿਵਾ (ਉਸ਼ਬਾ), ਸੱਜੀ, ਮੋਮ, ਮੁਲੱਠੀ (ਇਹ ਪਲ ਪਲ) ਭੁਰ ਅਰਥਾਤ

Digitized by Panjab Digital Library | www.panjabdigilib.org

੪-੪ ਤੋਲੇ ਲੈਕੇ ਦੁਧ ਅਰ ਤੇਲ ਪਾਕੇ ਪਕਾਵੇ ਅਰ ਲਾਵੇ ਤਾਂ ਬਾਤ ਰਕਤ ਨਾਸ਼ ਕਰੇ ।।੨੪੬।।

ਪਾਂਮ ਪਰ ਅਰਕ ਤੇਲ (ਸਾਰੰਗਧਰਾਤ)–ਦੋਹਰਾ

ਨਿਸਾ ਕਲਿਕ ਰਵਿ ਪਤ੍ਰ ਰਸੁ ਸਰਸਵ ਤੇਲ ਮੰਗਾਇ ।
ਮਰਦਨ ਤੇ ਹਰਿ ਪਾਂਮ ਸਭ ਕੱਛ ਵਿਚਰਚਕ ਜਾਇ ।।੨੪੭।।

੨੭੯੪–ਹਲਧੀ ਦਾ ਕਲਕ ਤੇ ਅੱਕ ਦੇ ਪਤਿਆਂ ਦਾ ਰਸ ਸਰੋਂ ਦੇ ਤੇਲ ਵਿਚ ਪਕਾਕੇ ਮਾਲਿਸ਼ ਕਰੇ ਤਾਂ ਪਾਮ, ਕਛਦਾਦ ਅਤੇ ਵਿਚਰਚਕ ਰੋਗ ਨਾਸ ਕਰੇ । ੨੪੭।।

ਕੁਸ਼ਟ ਪਰ ਮਰਚਾਦਿ ਤੇਲ (ਸਾਰੰਗਧਰਾਤ)–ਦੋਹਰਾ

ਮਰਚ ਤਾਲ ਤ੍ਰਿਵਤਾ ਜਲਦ ਮਨਸਿਲ ਚੰਦਨ ਲਾਲ ।
ਘਨ ਛੜ ਦਾਰਹਿ ਯੁਗਮ ਨਿਸ ਕੁਸ਼ਟ ਕਨੇਰ ਵਿਹਾਲ ।।੨੪੮।।
ਅਰਕ ਦੂਧ ਗੋਮਯ ਰਸਾ ਕਰਖ ਕਰਖ ਸਭ ਜਾਨ ।
ਵਿਖ ਸਿਰਸਾਹੀ ਪਾਈਐ ਪ੍ਰਸਥ ਤੇਲੁ ਕਟੁ ਠਾਨ ।।੨੪੯।।
ਦ੍ਵਿਗੁਣ ਮੂਤ੍ਰ ਗੋ ਦ੍ਵਿਗੁਣ ਜਲ ਤੇਲ ਕਰਾਇ ਮੰਗਾਇ ।
ਕੁਸ਼ਟ ਵਿਚਰਿਚਕ ਪਾਂਮ ਬਿੰਮ ਸ੍ਵੇਤ ਕੁਸ਼ਟ ਮਿਟ ਜਾਇ ।।੨੫੦।।
ਰਕਤਾ ਦੱਦ੍ਰ ਕੰਡ ਹੀ ਚਿਤ੍ਰ ਸਕਲ ਨਾਸਾਇ ।
ਕੁਸ਼ਟ ਹਰਣੰ ਮਰਚਾਦਿ ਏਹੁ ਮੇਘਹਿ ਦੀਆ ਬਤਾਇ ।।੨੫੧।।

੨੭੯੫–ਮ੍ਰਿਚ, ਹੜਤਾਲ, ਤ੍ਰਿਵੀ, ਮੋਥਾ, ਸਨਸਿਲ, ਲਾਲ ਚੰਦਨ, ਮੁਸ਼ਕਪੂਰ, ਛੜ; ਦੇਵਦਾਰ ਹਲਧੀ, ਦਾਰ ਹਲਧੀ, ਕੂਠ, ਕਨੇਰ ਦੀ ਜੜ ਦੀ ਛਿਲ ਤੁੰਮਾਂ, ਅਕ ਦਾ ਦੁਧ ਤੇ ਗੋਬਰ ਦਾ ਰਸ ਇਹ ਸਭ ਤੋਲਾ ਤੋਲਾ; ਮਿਠਾ ਤੇਲੀਆ ੧ ਸਰਸਾਹੀ (੨੧ ਤੋਲੇ), ੬੪ ਤੋਲੇ ਕੌੜਾ ਤੇਲ। ਦੂਣਾ ਗੋਕਾ ਮੂਤ੍ਰ ਤੇ ਦੂਣਾ ਹੀ ਜਲ ਪਾਕੇ ਤੇਲ ਪਕਾ ਰਖੇ । ਤਾਂ ਕੁਸ਼ਟ, ਵਿਚਰਚਕ, ਪਾਂਮ, ਥਿੰਮ, ਫੁਲਬਹਿਰੀ (ਯਾ ਚਿੱਟਾ ਕੋੜ੍ਹ), ਲਾਲ ਦਾਦ, ਖੁਰਕ ਤੇ ਹਰ ਤਰਾਂ ਦੇ ਚਕਤੇ ਇਹ ਤੇਲ ਨਾਸ਼ ਕਰੇ । ਇਸ ਦਾ ਨਾਮ ਕੁਸ਼ਟ ਹਰਣ ਮ੍ਰਿਚਾਦਿ ਤੇਲ ਕਿਹਾ ਹੈ ।।੨੫੧।।

ਤ੍ਰਿਫਲਾਦਿ ਤੇਲ (ਸਾਰੰਗਧਰਾਤ)–ਦੋਹਰਾ

ਤ੍ਰਿਫਲਾ ਨਿੰਮ ਭੂਨਿੰਬ ਲੈ ਯੁਗ ਨਿਸ ਚੰਦਨ ਲਾਲ ।

Digitized by Panjab Digital Library | www.panjabdigilib.org

ਤੇਲ ਪਾਇ ਪਕਾਇ ਮਲ ਤੁਚਾ ਰੂਖਯ ਗਦ ਟਾਲ ॥੨੫੨॥

੨੭੮੬–ਤ੍ਰਿਫਲਾ, ਨਿੰਮ ਚਿਰੈਤਾ, ਹਲਧੀ, ਦਾਰ ਹਲਧੀ ਤੇ ਲਾਲ ਚੰਦਨ, ਇਹ ਤੇਲ ਵਿਚ ਪਾਕੇ ਪਕਾਵੇ ਅਰ ਫਿਰ ਇਸ ਤੇਲ ਨੂੰ ਮਲੇ ਤਾਂ ਚਮੜੀ ਦਾ ਰੂਖਾਪਨ ਨਾਸ਼ ਕਰੇ ॥੨੫੨॥

ਨਿੰਮ ਤੇਲ (ਸਾਰੰਗਧਰਾਤ)–ਦੋਹਰਾ

ਨਿੰਬ ਬੀਜ ਗਿਰ ਕਾਢ ਲੈ ਭ੍ਰਿੰਗ ਰਾਜ ਰਸ ਪਾਇ।
ਵਿਜਯਸਾਰ ਰਸ ਤੇਲ ਖਿਪ ਤੇਲੁ ਪਕਾਈ ਲਾਇ ॥੨੫੩॥
ਸ੍ਵੇਤ ਕਚਨਿ ਅਤਿ ਸ੍ਯਾਮ ਕਰ ਲਾਵਤ ਖਾਵਤ ਜੋਇ।
ਤੰਦੁਲ ਪਯ ਕਾ ਪੱਥ੍ਯ ਕਰ ਸ੍ਵੇਤ ਵਾਰ ਨਹਿ ਹੋਇ ॥੨੫੪॥

੨੭੮੭–ਨਿੰਮ ਦੇ ਬੀਜਾਂ ਦੀ ਗਿਰੀ, ਭੰਗਰੇ ਦਾ ਰਸ ਤੇ ਬਿਜੇਸਾਰ ਅਰਥਾਤ ਕਮਰ ਕਸ ਦੇ ਬ੍ਰਿਛ ਦਾ ਰਸ ਪਾਕੇ ਤੇਲ ਪਕਾਵੇ, ਲਾਵੇ (ਯਾ ਨਸਵਾਰ ਲਵੇ), ਤਾਂ ਚਿਟੇ ਕੇਸਾਂ ਨੂੰ ਕਾਲੇ ਭਮਰਾਂ ਸਮਾਨ ਕਰੇ ਅਥਵਾ ਖਾਵੇ, ਦੁਨ ਚਾਵਲਾਂ ਦਾ ਪਥ ਕਰੇ ਤਾਂ ਕਦੇ ਚਿਟੇ ਕੇਸ ਨਹੀਂ ਹੋ ਸਕਦੇ ॥੨੫੪॥

ਯਸਟੀਮਧੁਕ ਤੇਲ (ਸਾਰੰਗਧਰਾਤ)–ਦੋਹਰਾ

ਯਸਟੀਮਧੁਕ ਜੌਂਖਾਰ ਨਿੰਬ ਧਾਤ੍ਰੀ ਫਲੁ ਕਰਿ ਕ੍ਵਾਥ।
ਤੇਲ ਕਰੀ ਨਸਵਾਰ ਦੇ ਸੀਸ ਰੋਗੁ ਸਬ ਹਾਥ ॥੨੫੫॥

੨੭੮੮–*ਯਸਟੀਮਧੁਕ=ਮੁਲੱਠੀ, ਜੌਖਾਰ, ਨਿੰਮ ਦੀ ਗਿਰੀ ਤੇ ਕੱਚੇ ਆਵਲੇ ਲੈਕੇ ਕਾੜ੍ਹਾ ਕਰੇ, ਅਰ ਫਿਰ ਤੇਲ ਪਾਕੇ ਪਕਾਇ; ਤੇਲ ਮਾਤ੍ਰ ਰੱਖਕੇ ਨਸਵਾਰ ਦੇਵੇ ਤਾਂ ਸਿਰ ਦੇ "ਪਲਤ' ਆਦਿ ਰੋਗ ਨਾਸ ਕਰੇ ॥੨੫੫॥

ਕਰੰਜਾਦਿ ਤੇਲ (ਸਾਰੰਗਧਰਾਤ)–ਦੋਹਰਾ

ਕਰੰਜ ਚਿੱਤ੍ਰਾ ਕਨੇਰਿਯਾ ਜਾਤੀ ਤੇਲੁ ਪਚਾਇ।
ਇੰਦ ਲਪਤ ਖਲ੍ਵਾਟ ਹਰਿ ਜੋ ਅੰਗਹਿ ਸਿਰ ਲਾਇ ॥੨੫੬॥

---

*ਚਾਹੇ ਤਾਂ ਦੇਖੋ ਸਾਰੰਗਧਰ।

Digitized by Panjab Digital Library | www.panjabdigilib.org

੨੭੮੯--ਮੀਚਕਾ, ਚਿੜ੍ਹਾ, ਕਨੇਰ, ਚੰਮੇਲੀ, ਤੇਲ ਵਿਚ ਪਕਾਕੇ ਲਾਵੇ ਤਾਂ ਬਾਲ ਨਾ ਉਗਣੇ ਯਾ ਟੱਟਰੀ (ਗੰਜ) ਰੋਗ ਸਭੋ ਨਾਸ ਕਰ॥ ੨੫੬॥

ਨੀਲਕਾਦਿ ਤੇਲ (ਸਾਰੰਗਧਰਾਤ)–ਦੋਹਰਾ

ਨੀਲ ਪੱਤ੍ਰ ਕੇਤਕਿ ਜਟਾ ਲੈ ਕੁਰੰਟ ਭ੍ਰਿਗਰਾਜ।
ਵਿਜਯਸਾਰ ਅਰਜੁਨ ਭਨੇ ਫੂਲ ਆਨ ਕੈ ਸਾਜ ॥੨੫੭॥
ਸਮੂਲ ਕਮਲ ਤਿਲ ਤਗਰ ਲੈ ਰਾਸਨ ਅਯਰ ਜੁ ਪਾਇ।
ਦਾਰਮ ਬੀਜ ਤੁਚਾ ਪ੍ਰਿਯੰਗ ਛਿੰਨਾ ਪਦਮਕ ਦਾਇ॥ ੨੫੮॥
ਕਰਖ ਕਰਖ ਲੈ ਕਲਕ ਕਰ ਤ੍ਰਿਫਲੇ ਕ੍ਵਾਥ ਰਲਾਇ।
ਭ੍ਰਿੰਗ ਰਾਜ ਰਸੁ ਤੇਲ ਦੇ ਤਾਹਿ ਪਕਾਇ ਮਲਾਇ ॥੨੫੯॥
ਸ੍ਵੇਤ ਵਾਲ ਸਭ ਸ੍ਯਾਮ ਹੁਇੰ ਦਾਰੁਣ ਰੋਗੁ ਮਿਟਾਇ।
ਉਪਜਿਹਵਕ ਗਦ ਜਾਤ ਹੈ ਸਾਰੰਗਧਰ ਕੇ ਭਾਇ ॥੨੬੦॥

੨੭੯੦–ਨੀਲ ਦੇ ਪੱਤ੍ਰ, ਕੇਤਕੀ ਦੀ ਜੜ, ਕਰੁੰਡ, ਭਗਰਾ, ਵਿਜਯਸਾਰ ਅਰਥਾਤ ਕਮਰਕੱਸ, ਅਰਜਨ=ਕਉ ਬ੍ਰਿਛ ਦੇ ਫਲ, ਕਮਲ ਦੀ ਜੜ੍ਹ, ਤਿਲ, ਤਗਰ, ਰਾਸਨਾ, ਲੋਹਚੂਨ, ਅਨਾਰ ਦਾਣੇ ਦੇ ਫਲ ਦੀ ਛਿੱਲ ਭਾਵ ਨੱਸਪਾਲ, ਪ੍ਰਯੰਗੂ=ਗੋਂਦਣੀ ਦੀ ਛਿੱਲ, ਗਿਲੋਯ, ਤੇ ਪਦਮਾਖ; ਇਹ ਸਭ ੧-੧ ਤੋਲਾ ਲੈਕੇ ਕਲਕ ਕਰੇ, ਅਰ ਇਸ ਕਲਕ ਨੂੰ ਤ੍ਰਿਫਲੇ ਦੇ ਅਲੱਗ ਕੀਤੇ ਹੋਏ ਕਾੜ੍ਹੇ ਵਿੱਚ ਮਿਲਾਕੇ, ਫਿਰ ਉਸ ਵਿਚ ਭੰਗਰੇ ਦਾ ਰਸ ਅਰ ਤੇਲ ਪਾਕੇ ਪਕਾਵੇ। ਫਿਰ ਸਿਰ ਪਰ ਮਲੇ ਤਾਂ ਚਿਟੇ ਕੇਸ ਸਭ ਕਾਲੇ ਕਰੇ, ਗੰਜ ਉਪਜਿਹਵਕ ਰੋਗ ਸਭੋ ਨਾਸ ਕਰੇ ॥੨੫੭ ਤੋਂ ੨੬੦॥

ਭ੍ਰਿੰਗਰਾਜ ਤੇਲ (ਸਾਰੰਗਧਰਾਤ)–ਦੋਹਰਾ

ਭ੍ਰਿੰਗਰਾਜ ਰਸੁ ਲੋਹ ਕਿਟਿ ਤ੍ਰਿਫਲਾ ਸਰਸਵ ਤੇਲ।
ਪਚਾਇ ਲਗਾਇ ਸੁ ਸ੍ਵੇਤ ਕਚ ਦਾਰਣ ਕੰਡੁ ਸੁ ਠੇਲ ॥੨੬੧॥

੨੭੯੧–ਭਾਂਗਰੇ ਦਾ ਰਸ, ਮਨੂਰ, ਤ੍ਰਿਫਲਾ, ਤੇ ਸਰ੍ਹੋਂ ਦਾ ਤੇਲ ਪਾਕੇ ਪਕਾਵੇ ਅਰ ਲਾਵੇ, ਤਾਂ ਬਾਲ ਕਾਲੇ ਕਰੇ ਤੇ ਖੁਰਕ ਆਦਿ ਨਾਸ਼ ਕਰੇ ॥੨੬੧॥

Digitized by Panjab Digital Library | www.panjabdigilib.org

ਮੁਖਦੰਤ ਰੋਗ ਪਰ ਇਰਮੇਦਾਦਿ ਤੇਲ (ਸਾਰੰਗਧਰਾਤ)—ਚੌਪਈ

ਰੇਵਦ ਛਾਲ ਸੁ ਸੌ ਪਲੁ ਲੇਇ। ਜਲੁ ਦ੍ਰੋਣਹਿ ਮਹਿ ਕ੍ਵਾਥ ਕਰੇਇ।
ਚਤੁਰ ਅੰਸ ਲੈ ਆਢਕ ਤੇਲ। ਕਰਖ ਕਰਖ ਏ ਕਲਕ ਸੁ ਠੇਲ।
ਇਰਮੇਦਾ ਗੇਰੂ ਲਾਵੰਗ। ਅਗਰ ਮਜਿਸਟ ਪਦਮਕ ਅੰਗ।
ਲੋਦ ਯਸਨਿ ਘਨ ਬਟੁ ਤੁਚ ਲਾਖ। ਤਜ ਜਾਤ੍ਰੀ ਫਲ ਖਦਰ ਸੁ ਭਾਖ।
ਵਕਮ ਕੰਕੋਲ ਜੁ ਲੈ ਕਰਪੂਰ। ਗਜ ਕੇਸਰ ਧਾਵੇ ਪੁਖ ਪੂਰ।
ਲਘੁ ਏਲਾ ਕਟੁ ਫਲੁ ਕਰਿ ਸਿਧ। ਤੇਲੁ ਬਨਾਈ ਭਾਜਨ ਦਿਧਿ।
ਦੰਤ ਚਲਤ ਪੀਰਾ ਸਬ ਜਾਇ। ਦੰਤ ਹਰਖ ਕ੍ਰਿਮ ਦੂਰ ਪਰਾਇ।
ਜਿੱਭਾ ਤਾਲੂ ਰੋਗ ਨਸਾਇ। ਹੋਠ ਪਾਟਨਾ ਦੂਰਗੰਧ ਜਾਇ ॥੨੬੫॥

੨੭੯੨—ਕੱਥ ਦੇ ਬ੍ਰਿਛ ਦੀ ਛਿੱਲ ੧੦੦ ਪਲ (੫ ਸੇਰ) ਪਾਣੀ ੩੨ ਸੇਰ ਵਿਚ ਕਾੜ੍ਹਾ ਕਰੇ, ਜਦ ਚੌਥਾ ਹਿਸਾ ਰਹੇ ਜਾਏ ਤਾਂ ਉਤਾਰਕੇ ਛਾਣ ਲਵੇ ਤੇ ਉਸ ਵਿਚ ੮ ਸੇਰ ਤੇਲ ਪਾਵੇ ਅਰ ਹੇਠ ਲਿਖੀਆਂ ਚੀਜ਼ਾਂ ਤੋਲਾ ਤੋਲਾ ਲੈਕੇ ਕਲਕ ਕਰਕੇ ਬੀ ਪਾਵੇ:-ਕੱਥਾ, ਗੇਰੂ, ਲੌਂਗ; ਅਗਰ, ਮਜੀਠ; ਪਦਮਾਖ, ਲੋਧ, ਮੁਲੱਠੀ, ਮੋਥਾ, ਬੋਹੜ ਦੀ ਛਿੱਲ, ਲਾਖ, ਤਜ, ਜਾਫਲ, ਕੱਥ, ਵਕਮ, ਕੰਕੋਲੀ, ਮੁਸਕ-ਕਪੂਰ, ਨਾਗਕੇਸਰ, ਧਾਵੇ ਦੇ ਫੁੱਲ, ਛੋਟੀ ਲਾਚੀ ਤੇ ਕਾਇਫਲ ਪਾਕੇ ਤੇਲ ਪਕਾਵ, ਸਾਫ ਕਰਕੇ ਪਾਤ੍ਰ ਵਿਚ ਪਾ ਰਖੇ। ਲਗਾਵੇ ਤਾਂ ਹਿਲਦੇ ਦੰਦ, ਪੀੜਾ, ਦੰਦਾਂ ਦਾ ਖਟ ਹੋਣਾ, ਦੰਦਾਂ ਦੇ ਕੀੜੇ, ਹੋਰ ਜਿਹਬਾ ਅਤੇ ਤਾਲੂ ਦੇ ਰੋਗ ਬੀ ਨਾਸ ਕਰੇ। ਇਸੇਤਰਾਂ ਹੋਠਾਂ ਦਾ ਫਟਕਣਾ ਅਰ ਦੁਰਗੰਧੀ ਆਦਿ ਸਭੋ ਨਾਸ਼ ਕਰੇ ॥ ੨੬੨ ਤੋਂ ੨੬੫ ॥

ਕਰਣ ਸੂਲ ਪਰ ਹਿੰਗ ਆਦਿ ਤੇਲ (ਸਾਰੰਗਧਰਾਤ)—ਚੌਪਈ

ਹਿੰਗੁ ਸੁੰਠ ਤੁੰਬਰ ਕਟੁ ਤੇਲ। ਤੇਲ ਪਕਾਈ ਕਾਨਹਿ ਮੇਲ।
ਕਰਨ ਸੂਲ ਕਾ ਨਾਸ ਕਰਾਇ। ਸਾਰੰਗਧਰ ਤੇ ਮੇਘ ਸੁਨਾਇ ॥੨੬੬॥

੨੭੯੩—ਹਿੰਙ, ਸੁੰਢ, ਧਨੀਆਂ ਤੇ ਕੌੜਾ ਤੇਲ। ਇਸਦੇ ਤੇਲ ਨੂੰ ਪਕਾਕੇ ਕੰਨਾਂ ਵਿਚ ਪਾਵੇ, ਤਾਂ ਕੰਨਾਂ ਦਾ ਸੂਲ ਨਾਸ ਕਰੇ ॥ ੨੬੬ ॥

ਬਹਰੇ ਕਾਂਨ ਪਰ-ਬਾਲ ਬਿੱਲ ਤੇਲ (ਸਾਰੰਗਧਰਾਤ)--ਦੋਹਰਾ

ਬਾਲ ਬਿਲ੍ਵ ਗੋਮੂਤ੍ਰ ਪਿਸਿ ਤੇਲ ਠਵੀ ਪਕਵਾਇ।

Digitized by Panjab Digital Library | www.panjabdigilib.org

ਖਜ਼ਾਰ ਅਜਾ ਪਯ ਨੀਰ ਕਰਿ ਕਾਂਨ ਬਧਰ ਹਰਿ ਪਾਇ ॥੨੬੭॥

੨੭੯੪-ਕਚੇ ਬਿੱਲ ਨੂੰ ਗਊ ਮੂਤ੍ਰ ਵਿਚ ਪੀਹਕੇ ਇਸ ਨਾਲੋਂ ਚੌਗੁਣਾ ਤੇਲ ਪਾਕੇ ਪਕਾਵੇ। ਉਸ ਪੱਕੇ ਹੋਏ ਖਾਰੀ ਕਾੜ੍ਹੇ ਵਿਚ ਚੌਗੁਣਾ ਬਕ੍ਰੀ ਦਾ ਦੁੱਧ; ਇਸੇਤਰਾਂ ਉੱਤਮ ਪਾਕ ਹੋਣ ਵਾਸਤੇ ਚੌਗੁਣਾ ਜਲ ਨੀ ਪਾੜੇ ਤੇ ਪਕਾਵੇ। ਜਦ ਸੜਕੇ ਤੇਲ ਮਾਤ੍ਰ ਆਣ ਰਹੇ ਤਾਂ ਸਾਫ ਕਰਕੇ ਤੇਲ ਕਰ ਰੱਖੇ, ਇਸਨੂੰ ਫਿਰ ਕੰਨਾਂ ਵਿਚ ਪਾਵੇ ਤਾਂ ਬਹਰਾਪਨ ਨਾਸ ਕਰ ॥੨੬੭॥

ਬਹਰੇ ਤੇ ਕਰਣ ਸ੍ਰਾਵ ਪਰ ਖਜ਼ਾਰ ਤੇਲ (ਸਾਰੰਗਧਰਾਤ)--ਦੋਹਰਾ

ਵਾਲ ਮੂਲ ਕਾ ਸੁੰਠ ਕਾ ਕਾੜ੍ਹੀ ਲੇਹ ਜੁ ਖਜ਼ਾਰ।
ਦੋਇ ਖਜ਼ਾਰ ਪਚ ਲਵਨ ਲੈ ਸੁੰਠ ਹਿੰਗੁ ਟਚ ਦਾਰੁ ॥੨੬੮॥
ਸੌਂਫ ਕੁਸਟ ਸਿੰਗ੍ਰ ਘਨਾ ਰਸੌਂਤ ਕਣਾ ਕਾ ਮੂਰ।
ਕਰਖ ਕਰਖ ਲੈ ਕਲਕ ਕਰਿ ਪ੍ਰਸਥ ਤੇਲੁ ਪਚਿ ਪੂਰ ॥੨੬੯॥
ਵੀਜੌਰਾ ਕਦਲੀ ਰਸਾ ਸਿਰਕਾ ਮਧੁ ਵਿਚ ਪਾਇ।
ਤੇਲ ਪਕਾਈ ਕਾਨ ਭਰ ਪੂਤ ਸ੍ਰਾਵ ਸਭਿ ਜਾਇ ॥੨੭੦॥
ਵਧਿਰ ਸੂਲ ਕ੍ਰਿਮ ਵਦਨ ਗਦ ਕਰਣ ਨਾਸਕਾ ਰੋਗੁ।
ਸਾਰੰਗਧਰ ਤੇ ਮੇਘ ਭਨਿ ਰੋਗੁ ਗਵਾਵਨ ਯੋਗ ॥੨੭੧॥

੨੭੯੫-ਛੋਟੀ ਮੂਲੀ ਤੇ ਸੁੰਢ ਦੋਹਾਂ ਦਾ ਖਾਰ ਕਾੜ੍ਹਕੇ ਕੱਢ ਲਵੇ, ਇਹ ਦੋਨੋਂ ਖਾਰਾਂ, ਪੰਜ ਨਿਮਕ (ਸੇਂਧਾਂ, ਸੋਂਚਰ, ਸਮੁੰਦਰ, ਕਾਲਾ ਤੇ ਕਚ) ਸੁੰਢ, ਹਿੰਙ, ਵਚ, ਦੇਵਦਾਰ, ਸੌਂਫ; ਕੁੱਠ, ਸੁਹਾਂਵਣਾ, ਮੋਥਾ, ਰਸੌਂਤ ਤੇ ਪਿੱਪਲਾ ਮੂਲ ਇਹ ਸਭ ਤੋਲਾ ਤੋਲਾ ਲੈ ਕੇ ਕਲਕ ਕਰਕੇ, ੬੪ ਤੋਲੇ ਤੇਲ ਧਾਵੇ ਅਰ ਬਿਜੌਰੇ ਦਾ ਰਸ, ਕੇਲੇ ਦਾ ਰਸ; ਸਿਰਕਾ ਤੇ ਸ਼ਹਿਤ ਇਹ ਚਾਰ ਗੁਣਾਂ ਪਾਕੇ ਪਕਾਵੇ। ਫਿਰ ਤੇਲ ਮਾਤ੍ਰ ਰੱਖੇ, ਫਿਰ ਇਸਨੂੰ ਕੰਨਾਂ ਵਿਚ ਪਾਵੇ ਤਾਂ ਸਭ ਤਰਾਂ ਦਾ ਕੰਨਾਂ ਦਾ ਵਗਣਾ ਬੰਦ ਹੋਵੇ। ਬਹਰਾਪਨ, ਸੂਲ ਤੇ ਕੰਨਾਂ ਦੇ ਕ੍ਰਿਮਿ, ਹੋਰ ਮੂੰਹ ਦੇ, ਕੰਨਾਂ ਦੇ ਤਥਾ ਨੱਕ ਤੇ ਰੋਗ ਨਾਸ ਕਰੇ। ੨੭੧।

ਛਿੱਕਾਂ ਪਰ ਕੁਸਟ ਤੇਲ (ਸਾਰੰਗਧਰਾਤ)--ਦੋਹਰਾ

ਕੁਸਟ ਬਿੱਲ ਸੁੰਠੀ ਕਣਾ ਦਾਖ ਕਲਕ ਕਰਿ ਸਾਧ।
ਤੇਲੁ ਘੀਉ ਕਰਿ ਨਾਸ ਦੇ ਬਹੁ ਛਿੱਕਾਂ ਮਿਟ ਵਜ਼ਾਧ ॥੨੭੨॥

*ਖਜ਼ਾਰ ਕਰਕੇ ਮੱਜੀ ਆਦਿ ਖਾਰ ਨਹੀਂ ਹੈ, ਤਸੱਲੀ ਵਾਸਤੇ ਦੇਖੋ ਸਾਰੰਗਧਰ।

Digitized by Panjab Digital Library | www.panjabdigilib.org

੨੭੯੬-ਕੁੱਠ, ਬਿੱਲ, ਸੁੰਢ, ਮਘ ਤੇ ਦਾਖ ਕਲਕ ਕਰਕੇ ਤੇਲ ਅਥਵਾ ਘ੍ਰਿਤ ਵਿਚ ਪਕਾਵੇ ਤਾਂ ਇਸਦੀ ਨਸਵਾਰ ਨਾਲ ਬਹੁਤੀ ਛਿੱਕਾਂ ਦੀ ਬਜਾਧੀ ਨਾਸ਼ ਹੋਵੇ ।੨੭੨।

ਪਾਠਾਦਿ ਤੇਲ–ਦੋਹਰਾ

ਪਾਠਾ ਮੂਰਵਾ ਯੁਗ ਨਿਸਾ ਦੰਤੀ ਕ੍ਰਿਸਨਾ ਲਜਾਇ।
ਤੇਲ ਕਰੀ ਨ੍ਾਵਨ ਕਰੋ ਪੂਤਨਾਕ ਗਦ ਜਾਇ ॥੨੭੩॥

੨੭੯੭-ਪਾਠਾ, ਮਰੋੜਫਲੀ, ਹਲਧੀ, ਦਾਰਹਲਧੀ, ਦੰਤੀ ਤੇ ਮਘ ਇਨ੍ਹਾਂ ਦਾ ਤੇਲ ਬਣਾਕੇ ਨਸਵਾਰ ਦੇਵੇ ਤਾਂ ਦੁਰਗੰਧੀ ਆਦਿ ਸਭ ਨੱਕ ਦੇ ਰੋਗ ਨਾਸ਼ ਕਰੇ। ੨੭੩॥

ਨਾਸ਼ਾਰਸ ਪਰ ਗ੍ਰਹਿ ਧੂੰਮ ਤੇਲ (ਸਾਰੰਗਧਰਾਤ)–ਦੋਹਰਾ

ਗ੍ਰਹ ਧੂਮਾ ਸੇਂਧਵ ਕਣਾ ਸਿਖਰ ਬੀਜ ਯਵ ਖਾਰ।
ਦਾਰ ਕਰੰਜੂ ਤੇਲੁ ਕਰਿ ਨਾਕ ਅਰਸ ਹਰਿ ਚਾਰ ॥੨੭੪॥

੨੭੯੮--ਘਰ ਦਾ ਧੂੰਆਂ, ਸੇਂਧ ਨਿਮਕ, ਮਘ, ਪੁਟਕੰਡੇ ਦੇ ਬੀਜ, ਜੌਂਖਾਰ, ਦੇਰਦਾਰ ਤੇ ਮੀਚਕਾ ਇਨ੍ਹਾਂ ਵਿਚ ਤੇਲ ਪਾਕੇ ਪਕਾਵੇ ਤੇ ਲਾਵੇ ਤਾਂ ਨੱਕ ਦੀ ਬਵਾਸੀਰ ਨਾਸ ਕਰੇ ॥੨੭੪॥

ਵਜੀ ਤੇਲ (ਸਾਰੰਗਧਰਾਤ)–ਦੋਹਰਾ

ਵੱਜੀ ਰਵਿਕਾ ਦੂਧੁ ਲੈ ਚਿੱਤ੍ਰ ਧਤੂਰਾ ਨੀਰ।
ਮਹਿਖੀ ਗੋਬਰ ਰਸੁ ਗਹੋ ਕਰੋ ਏਕਠੇ ਭੀਰ ॥੨੭੫॥
ਸਬ ਸਮ ਤਿਲ ਕਾ ਤੇਲ ਲੈ ਚੌਗੁਨ ਗੋਕਾ ਮੂਤ।
ਗੰਧਿਕ ਚਿੱਤ੍ਰਾ ਤਾਲ ਵਿਖੁ ਅਤਿ ਵਿਖ ਕੁਸ਼ਟ ਜੁਰੂਤ ॥੨੭੬॥
ਤਿਕਤ ਕੋਸਾਂਤਕ ਛੜ ਵਚਾ ਤ੍ਰਿਫਲਾ ਦਾਰਵੀ ਯਸਟਿ।
ਸਾਜੀ ਜੀਰਾ ਖਜਾਰ ਲੈ ਦਾਰੁ ਕਰਖ ਭਿਨਿ ਸੁਸਟਿ ॥੨੭੭॥
ਤੇਲ ਕਰੀ ਅੰਗਹਿ ਮਲੋ ਸਰਬ ਕੁਸਟ ਕਾ ਨਾਸ।
ਸਾਰੰਗਧਰ ਤੇਊ ਧਰੀ ਕੀਨੋ ਮੇਘ ਪ੍ਰਕਾਸ ॥੨੭੮॥

Digitized by Panjab Digital Library | www.panjabdigilib.org

੨੭੯੯--ਥੋਹਰ ਦਾ ਦੁੱਧ, ਅੱਕ ਦਾ ਦੁੱਧ, ਚਿਤਰੇ ਦਾ ਤੇ ਧਤੂਰੇ ਦਾ ਰਸ ਤੇ ਮਹੀਂ ਦੇ ਗੋਹੇ ਦਾ ਰਸ ਇਨ੍ਹਾਂ ਸਭਨਾਂ ਨੂੰ ਇਕ ਜਗਾ ਕਰੇ ਤੇ ਸਭਨਾਂ ਦੇ ਸਮਾਨ ਤਿਲਾਂ ਦੇ ਤਲ। ਇਸ ਵਿਚ ਚੌਗੁਣਾਂ ਗਊ ਮੂਤ੍ਰ ਪਾਵੇ, ਫਿਰ ਗੰਧਕ, ਚਿਤ੍ਰਾ, ਹਰਤਾਲ, ਮਿੱਠਾ ਤੇਲੀਆ, ਪਤੀਸ, ਕੁੱਠ, ਕੌੜੀ ਤੋਰੀ ਦੇ ਬੀਜ, ਛੜ ਵਚ, ਤ੍ਰਿਫਲਾ, ਦਾਰੂਹਲਧੀ, ਮੁਲੱਠੀ ਸੱਜੀ, ਜੀਰਾ, ਜਾਂਖਾਰ ਤੇ ਦੇਵਦਾਰ, ਇਹ ਸਭ ਤੋਲਾ ਤੋਲਾ ਲੈਕੇ ਤੇਲ ਵਿਚ ਪਾਕੇ ਪਕਾਵ ਤੇ ਤੇਲ ਕਰਕੇ ਅੰਗਾਂ ਪਰ ਮਲੇ ਤਾਂ ਸਭ ਤਰਾਂ ਦੇ ਕੁਸ਼ਟ ਨਾਸ ਕਰੇ ॥੨੭੫ ਤੋਂ ੨੭੮॥

ਰੋਮ ਸ਼ਾਂਤਨ ਪਰ ਕਨੇਰ ਤੇਲ (ਸਾਰੰਗਧਰਾਤ)—ਦੋਹਰਾ

ਕਨੇਰ ਸਿਫਾ ਦੰਤੀ ਤ੍ਰਿਵਿ ਪਾਇ। ਕੋਸਾਂਤਿਕ ਫਲ ਦੇਹੁ ਰਲਾਇ।
ਰੰਭਾ ਨੀਰ ਤੇਲੁ ਪਕਵਾਇ। ਕਚ ਲਵੇ ਸਭ ਦੂਰ ਕਰਾਇ ॥੨੭੯॥

੨੮੦੦--ਕਨੇਰ ਦੀ ਜੜ੍ਹ, ਸੌਫ, ਦੰਤੀ, ਤ੍ਰਿਵੀ, ਤੋਰੀ ਦੇ ਫਲ ਤੇ ਕੇਲੇ ਦੇ ਰਸ ਵਿਚ ਤੇਲ ਪਕਾਵੇ ਅਰ ਫਿਰ ਇਸਨੂੰ ਕੇਸਾਂ ਤੇ ਲਾਵੇ ਤਾਂ ਕੇਸ (ਰੋਮ) ਨਾਸ ਕਰੇ ॥੨੭੯॥

ਨਮਰਦ ਕੋ ਤੇਲ—ਦੋਹਰਾ

ਸੂਕਰ ਵਿਸਟਾ ਆਨਿਕੈ ਤੇਲੁ ਪਤਾਲਹਿ ਯੰਤ੍ਰ।
ਕਾਢ ਲੇਪੁ ਲਿੰਗਹਿ ਕਰੌ ਏ ਨਿਪੁੰਸ ਕਾ ਮੰਤ੍ਰ ॥੨੮੦॥

੨੮੦੧--ਤਾਜ਼ੀ *ਸੂਰ ਦੀ ਵਿਸ਼ਟਾ ਲੈਕੇ ਪਤਾਲ ਯੰਤ੍ਰ ਨਾਲ ਤੇਲ ਕੱਢਕੇ ਇੰਦ੍ਰੀ ਪਰ ਲਾਵੇ ਤਾਂ ਨਮਦਰਦੀ ਨਾਸ ਕਰੇ ॥੨੮੦॥

ਅਥ ਆਸ੍ਵ ਅਰਿੱਸ਼ਟ ਵਿਧੀ ਸਾਰੰਗਧਰਾਤ)—ਚੌਪਈ

ਦ੍ਰੱਵਜ ਨੀਰ ਬਹੁ ਕਾਲ ਰਹਾਇ। ਆਸਨ ਸੋ ਸੰਧਾਨ ਕਹਾਇ।
ਆਸਵ ਏਕ ਅਰਿਸਟ ਦੁਇ ਜਾਨ। ਭੇਦੁ ਦੋਇ ਸਾਰੰਗਧਰ ਮਾਨ॥੨੮੧॥
ਕਾਚੇ ਪਾਨੀ ਆਸਵ ਹੋਇ। ਕ੍ਵਾਥ ਕਰੀ ਆਰਿਸਟ ਸੁ ਜੋਇ।
ਤਿਨ ਕਾ ਮਾਨ ਜੁ ਪਲ ਇਕ ਖਾਇ। ਸਾਰੰਗਧਰ ਤੇ ਮੇਘ ਬਤਾਇ ॥੨੮੨॥

---

*ਸੂਰ ਜੰਗਲੀ ਹੋਵੇ।

Digitized by Panjab Digital Library | www.panjabdigilib.org

ਦ੍ਰਵ ਕਾ ਮਾਨ ਦ੍ਰੋਣ ਇਕ ਪਾਵੈ। ਗੁੜ ਕਾ ਮਾਨ ਤੁਲਾ ਲੈ ਠਾਵੈ।
ਗੁੜ ਤੇ ਆਧਾ ਸ਼ਹਿਤ ਰਲਾਵੈ। ਦ੍ਰੱਵ ਪ੍ਰਖੇਪਕ ਦਸਮਾਂਸ ਸੁਹਾਵੈ॥੨੯੩॥

੨੮੦੨--ਜੇੜ੍ਹੀ ਕੋਈ ਚੀਜ਼ ਜਲਾਦਿ ਦ੍ਰਵਜ ਪਦਾਰਥ ਵਿਚ ਬਹੁਤਾ ਚਿਰ ਰਹੇ ਸੋ ਆਸਵ ਤੇ ਸੰਧਾਨ ਕਿਹਾ ਜਾਂਦਾ ਹੈ। ਇਕ ਦਾ ਨਾਮ 'ਆਸ੍ਰ' ਦੂਜੇ ਦਾ ਨਾਮ 'ਅਰਿਸਟ' ਇਸਤਰਾਂ ਇਸਦੇ ਦੋ ਭੇਦ ਹਨ। ਜੇੜ੍ਹੀ ਵਸਤੂ ਕਚੇ ਪਾਣੀ ਵਿੱਚ ਪਾਕੇ ਰੱਖੀ ਜਾਵੇ, ਓਹ ਆਸ੍ਰ ਅਤੇ ਜੇਹੜੀ ਕ੍ਵਾਥ ਕਰਕੇ ਪਾਈ ਜਾਵੇ ਉਹ 'ਅਰਿਸਟ' ਕਹੀ ਜਾਂਦੀ ਹੈ। ਉਸਦੀ ਪੀਣ ਦੀ ਮਾਤ੍ਰਾ ੪ ਤੋਲੇ ਤਕ ਹੈ। ਇਹ ਸਾਰੰਗਧਰ ਦਾ ਮਤ ਹੈ। ਜਿਥੇ ਅਰਿਸ਼ਟ ਆਦਿ ਵਿਖੇ ਜਲ ਦਾ ਅੰਦਾਜ਼ਾ ਨਾ ਲਿਖਿਆ ਹੋਵੇ, ਓਥੇ ਜਲ ਦਾ ਮਾਣ ਦਰੋਣ—੩੨ ਸੇਰ ਤੇ ਗੁੜ ਦਾ ਮਾਣ ਤੁਲਾ=੮੦੦ ਤੋਲੇ ਅਰਥਾਤ ੧੦ ਸੇਰ, ਗੁੜ ਨਾਲੋਂ ਅੱਧਾ ਸ਼ਹਤ ਪਾਵੇ। ਦ੍ਰਵ ਅਰਥਾਤ ਬਸਤਾਂ, ਸੌ ਗੁੜ ਨਾਲੋਂ ਦਸਵਾਂ ਹਿੱਸਾ ਪਾਵੇ ॥੨੯੩॥

ਰਕਤਪਿੱਤੀ ਪਰ ਉਸ਼ੀਰ (ਖੱਸ) ਆਸ੍ਰ (ਸਾਰੰਗਧਰਾਤ)—ਚੌਪਈ

ਉਸੀਰ ਵਾਲਕੰ ਪਦਮ ਕੁੰਭੇਰ। ਨੀਲ ਕਮਲ ਪ੍ਰਿਯੰਗ ਸੁ ਭੇਰ।
ਪਦਮ ਕਲੋਦ ਮੰਜਿਸਟਾ ਪਾਠ। ਤਿਕਤ ਕਿਰਾਤ ਧਮਾਂਸਾਮਾਠ॥੨੯੪॥
ਬਟ ਗੁਲਰਸਟਿ ਪਰਪਟ ਲੇਇ। ਪੁੰਡਰੀਕ ਪਟੋਲ ਸੁ ਥੇਇ।
ਸਿੰਬਲ ਗੂੰਦ ਜੰਬੂ ਕਚਨਾਰ। ਪਲ ਪਲ ਮਾਤ੍ਰਾ ਪ੍ਰਥਕ ਸੁਡਾਰ ॥੨੯੫॥
ਦਾਖ ਵੀਸਪਲ ਖੋੜਸ ਧਾਇ। ਸਬੀ ਕੂਟ ਜਨੁ ਦ੍ਰੋਣਹਿ ਪਾਇ।
ਸਿਤਾਤੁਲਾ ਮਧੁਤੁਲਾ ਮਿਲਾਇ। ਏਕ ਮਾਸ ਲੌ ਭੂਮ ਗਡਾਇ ॥੨੯੬॥
ਛੜ ਮਰਚਾਂ ਕੀ ਧੂਣੀ ਦੇਇ। ਉਸੀਰਾਸਵ ਏਹ ਕਹੇਇ।
ਰਕਤਪਿੱਤ ਕ੍ਰਿਮ ਪਾਂਡੁ ਪ੍ਰਮੇਹ। ਅਰਸੋ ਸੋਫ ਸਬ ਦੂਰ ਗਮੇਹ॥੨੯੭॥

੨੮੦੩—ਖੱਸ, ਸੁਗੰਧ ਬਾਲਾ, ਕਮਲ ਫੁੱਲ, ਖੰਭਾਰੀ (ਜਰਿਸ਼ਕ), ਨੀਲੇ ਕਮਲ; ਗੋਂਦਣੀ, ਪਦਮਾਖ, ਲੋਧ, ਮਜੀਠ, ਕੌੜ, ਚਿਰੈਤਾ, ਧਮਾਹਾਂ, ਬੋਹੜ ਦੀ ਦਾੜ੍ਹੀ, ਗੁੱਲਰ, ਕਚੂਰ, ਪਿੱਤਪਾਪੜਾ, ਚਿੱਟਾ ਕਮਲ, ਪਟੋਲਪਤ੍ਰ, ਸਿੰਮਲ ਦਾ ਗੂੰਦ, ਜਾਮਣੂ ਤੇ ਕਚਨਾਰ। ਇਹ ਸਭ ੪-੪ ਤੋਲੇ। ਦਾਖ (ਮੁਣੱਕਾ) ੮੦ ਤੋਲੇ ਅਰਥਾਤ ਸੇਰ ਪੱਕੀ; ਸੋਲਾਂ ਪਲ ੬੪ ਤੋਲੇ ਧਾਵਿਆਂ ਦੇ ਫੁੱਲ, ਸਾਰੀਆਂ ਚੀਜ਼ਾਂ ਕੂਟਕੇ ਪਾਣੀ ਦਰੋਣ (੩੨ ਸੇਰ) ਇਸ ਵਚ ਮਿਸ਼ਰੀ ਤੁਲਾ—੮੦੦ ਤੋਲੇ (੧੦ ਸੇਰ) ਇਤਨਾਂ ਹੀ ਸ਼ਹਿਤ ਪਾਵੇ, ਇਹ ਸਭ ਮੱਟ ਵਿਚ ਪਾਕੇ ੧ ਮਹੀਨਾ ਧਰਤੀ ਵਿਚ ਦੱਬੇ। ਪਿਛੋਂ ਕੱਢਕੇ ਛੜ ਤੇ ਮਿਰਚਾਂ ਦੀ ਧੂਣੀ ਦੇਕੇ ਰੱਖ ਲਵੇ ਅਰ ਸੇਵਨ ਕਰੇ ਤਾਂ ਇਹ ਖੱਸ ਆਸ੍ਰ, ਰਕਤ ਪਿੱਤੀ, ਚਮੂਣੇ, ਪਾਂਡੂ ਪ੍ਰਮੇਹ, ਬਵਾਸੀਰ ਅਤੇ ਸੋਜ ਆਦਿ ਦੂਰ ਕਰ ਦੇਵੇ ॥੨੯੭॥

Digitized by Panjab Digital Library | www.panjabdigilib.org

ਖਈ ਪਰ ਪਿੱਪਲਾਦਿ ਆਸ੍ਵ (ਸਾਰੰਗਧਰਾਤ)—ਚੌਪਈ

ਪੀਪਰ ਮਰਚ ਨਿਸਾ ਜੁ ਵਿੜੰਗ। ਚਵ ਚਿੱਤ੍ਰਕਘਨ ਕ੍ਰਿਮਕੰ ਅੰਗ।
ਨੇਤਰਬਾਲਾ ਪਾਠਾ ਲੋਦ। ਚੰਦਨ ਕੁਸਟ ਉਸੀਰ ਸੁਹੋਦ ॥੨੮੮
ਤਜ ਏਲਾ ਤਗਰਾ ਲਾਵੰਗ। ਛੜ ਧਾਤ੍ਰੀ ਪੱਤ੍ਰ ਜੁ ਪ੍ਰਿਯੰਗ।
ਗਜ ਕੇਸਰ ਪਲ ਅਧ ਅਧ ਭਿੰਨ। ਜਲੁ ਦ੍ਰੋਣ ਹਿਚੂਰਨ ਕਰਿ ਦਿੰਨ॥੨੮੯॥
ਤੀਨਤੁਲਾ ਗੁੜ ਪਲੁ ਦਸ ਧਾਇ। ਦਾਖ ਪਾਠ ਪਲ ਸਬੋ ਰਲਾਇ।
ਮਾਟੀ ਭਾਂਜਨ ਪਾਇ ਗਡਾਇ। ਏਕ ਮਾਸ ਪਰ ਲੇਹ ਕਢਾਇ ॥੨੯੦॥
ਗੁਲਮੋਦਰੁ ਖਯ ਕੁਸਟ ਸੁ ਪੰਡ। ਗ੍ਰਹਿਣੀ ਅਰਸ ਸਬੀ ਰੁਜ ਦੰਡ।
ਪਿੱਪਲਾਦਿ ਆਸਵ ਏ ਕਹਜਾ। ਸਾਰੰਗਧਰ ਤੇ ਮੇਘਹਿ ਲਹਜਾ ॥੨੯੧॥

੨੮੦੪—ਮਘ; ਮ੍ਰਿਚ, ਹਲਧੀ, ਬਾਇਵੜਿੰਗ, ਚੱਵ, ਚਿੱਤ੍ਰਾ, ਮੋਥਾ, ਸੁਪਾਰੀਆਂ, ਨੇਤ੍ਰਬਾਲਾ ਪਾਠਾ, ਲੇਦ, ਚੰਦਨ, ਕੁੱਠ, ਖੱਸ; ਦਾ ਚੀਨੀ, ਦਿਲਾਚੀ, ਤਗਰ; ਲੌਂਗ, ਛੜ, ਆਵਲੇ, ਤਮਾਲ ਪਤ੍ਰ, ਮਾਲ ਕੰਗੁਣੀ [ਯਾ ਗੋਂਦਣੀ) ਤੇ ਨਾਗ ਕੇਸਰ ਇਹ ਸਭ ੨-੨ ਤੋਲੇ। ੩੨ ਸੇਰ ਜਲ ਵਿਚ *ਚੂਰਣ ਕਰਕੇ ਭੇਉਂ ਦੇਵੇ। ਇਸ ਵਿਚ ਗੁੜ ਤਿੰਨ ਤੁਲਾ=੨੪੦੦ ਤੋਲੇ ਅਰਥਾਤ ੩੦ ਸੇਰ, ਅਰ ਧਾਵਿਆਂ ਦੇ ਫੁਲ ੪੦ ਤੋਲੇ, ਮੁਣੱਕਾ ੬੦ ਪਲ (੨੪੦ ਤੋਲੇ) ਸਭੇ ਭਾਂਡੇ ਵਿਚ ਪਾਕੇ ਮਿਲਾਵੇ ਤੇ ਧਰਤੀ ਵਿਚ ੧ ਮਹੀਨਾ ਦਬਕੇ ਰਖਕੇ ਕੱਢੇ, ਫਿਰ ਸੇਵਨ ਕਰੇ ਤਾਂ ਪੇਟ ਦਾ ਗੋਲਾ, ਖਈ, ਕੁਸ਼ਟ, ਪਾਡੂ, ਸੰਗ੍ਰਹਣੀ ਆਦਿ ਸਭ ਰੋਗਾਂ ਨੂੰ ਦੰਡ ਦੇਵੇ ਅਰਥਾਤ ਨਾਸ ਕਰੇ॥ ੨੮੮ ਤੋਂ ੨੯੧ ॥

ਲੋਦਾਦਿ ਆਸ੍ਵ—ਚੌਪਈ

ਲੋਦ ਸਟੀ ਪੁਖਕਰ ਵਾੜਿੰਗ। ਮੂਰਵ ਤ੍ਰਿਫਲ ਜਵਾਨੀ ਚੰਗ।
ਚਵਕ ਚਿੱਤ੍ਰਾ ਕ੍ਰਿਮਕ ਵਿਸਾਲਾ। ਤਿਕਤ ਕਿਰਾਂਤ ਪ੍ਰਿਯੰਗ ਸੁਭਾਲਾ॥
ਕੜੂ ਪੀਪਰੀ ਮੂਰ ਪਤੀਸ। ਇੰਦਰਯਵ ਕੁਠ ਪਾਠਾ ਦੀਸ।
ਤਗਰ ਪੱਤ੍ਰ ਜੇ ਮਰਚਾਂ ਘਨਾ। ਕਰਖ ਕਰਖ ਸਭ ਲੇਵਨ ਭਨਾ॥
ਦਰੋਣ ਨੀਰ ਮਹਿ ਕੂਟ ਰਲਾਇ। ਚਤੁਰ ਭਾਗ ਰਸ ਲੇਹੁ ਛਨਾਇ।

*ਮੂਲ ਵਿਚ ਪਾਨੀ ਇਸ ਨਾਲੋਂ ਦੂਣਾ ਹੈ। ਸੋ ੧ ਮਣ ੨੪ ਸੇਰ ਹੁੰਦਾ ਹੈ। ਸੋਈਓ ਠੀਕ ਹੈ।

Digitized by Panjab Digital Library | www.panjabdigilib.org

ਰੁਸ ਤੇ ਆਧਾ ਸ਼ਹਿਤ ਮਿਲਾਵੇ। ਦਿਨ ਪੰਦਰਾਂ ਲੌ ਭੂਮ ਗਡਾਵੇ ॥੨੯੪॥
ਲੋਧਵ ਆਸਵ ਲੇਹੁ ਕਰਾਇ। ਵਾਤ ਪਿੱਤ ਕਫ ਮੇਹ ਗਵਾਇ।
ਪਾਂਡੁ ਅਰਸ ਗ੍ਰਹਨੀ ਅਰੁ ਕੁਸ਼ਟ। ਅਰੁਚਿ ਮਾਤ੍ਰਾ ਦੋ ਪਲੁ ਸੁਸਟਿ॥

੨੮੦੫—ਲੋਧ, ਕਚੂਰ; ਪੁਹਕਰਮੂਲ, ਬਾਇਵੜਿੰਗ; ਮਰੋੜਫਲੀ, ਤ੍ਰਿਫਲਾ; ਅਜਵਾਇਣ, ਚੱਵ, ਚਿਤ੍ਰਾ, ਸੁਪਾਰੀਆਂ; ਤੁੰਮਾਂ, ਪਿੱਤ ਪਾਪੜਾ ਚਿਰੈਤਾ, ਗੋਂਦਣੀ, ਕੌੜ, ਪਿਪਲਾਮੂਲ, ਪਤੀਸ, ਇਦ੍ਰਜੌਂ ਕੁਠ, ਪਾਠਾ, ਬਹਿੱਕੜ, ਤਗਰ, ਪਤ੍ਰਜ, ਮਿਰਚਾਂ ਤੇ ਮੋਥਾ ਇਹ ਸਭੇ ਤੋਲਾ ਤੋਲ ਲੈਕੇ ਦਰੋਣ=੩੨ ਸੇਰ ਜਲ ਵਿਚ ਕੁਟਕੇ ਭਿਉਂ ਦੇਵ ਅਰ ਫਿਰ ਕਾੜ੍ਹਕੇ ਚੌਥਾ ਹਿਸਾ ਰਖ ਲਵੇ। ਇਸ ਰਸ ਨਾਲੋਂ ਅੱਧਾ ਸ਼ਹਿਤ ਪਾਕੇ ੧੫ ਦਿਨ ਤਕ ਧਰਤੀ ਵਿਚ ਦਬ ਛਡੇ। ਫਿਰ ਕੱਢਕੇ ਸੇਵਨ ਕਰੇ। ਇਹ ਲੋਦ ਆਸਵ ਬਾਤ; ਪਿੱਤ, ਕਫ, ਪ੍ਰਮੇਹ, ਪਾਂਡੂ, ਬਵਾਸੀਰ, ਸੰਗ੍ਰਹਿਣੀ, ਕੁਸਟ ਅਤੇ ਅਰੁਚੀ ਨੂੰ ਨਾਸ ਕਰਦਾ ਹੈ, ਇਸਦੀ ਮਾਤ੍ਰਾ ੮ ਤਲੇ ਦੀ ਹੈ ॥ ੨੯੨ ਤੋਂ ੨੯੫ ॥

ਪਾਂਡੂ ਪਰ ਲੋਹ ਆਸ੍ਵ (ਸਾਰੰਗਧਰਾਤ)—ਚੌਪਈ

ਲੋਹ ਚੂਨ ਤ੍ਰਿਕੁਟਾ ਜੁ ਵਿੜਿੰਗ। ਤ੍ਰਿਫਲ ਯਵਾਨੀ ਘਨ ਚਿਤ੍ਰੰਗ।
ਪਲ ਪਲ ਮਾਤ੍ਰਾ ਕੂਟ ਰਲਾਇ। ਪਲੁ ਵਿੰਸਤ ਧਾਵੇ ਫੁਲ ਪਾਇ।
ਚਉਹਟ ਪਲ ਮਧੁ ਗੁੜ ਇਕ ਤੁਲਾ। ਦੋਇ ਦਰੋਣ ਜਲ ਮੇਲੋ ਭਲਾ।
ਘ੍ਰਿਤ ਭਾਜਨ ਗਾਡੋ ਇਕ ਮਾਸ। ਲੋਹਾਸਵ ਏ ਪਾਂਡੁ ਵਿਨਾਸ ॥੨੯੭॥
ਸ੍ਵਾਸ ਗੁਲਮ ਜਠਰਾਂਤਰ ਕਾਸ। ਅਰਸ ਪਲੀਹਾ ਕੁਸਟ ਹਰਾਸ।
ਅਰੋਚ ਸੰਗ੍ਰਹਿਨੀ ਹਿਯ ਕਾ ਰੋਗੁ। ਹਰਤ ਭਗੰਦਰ ਭੂਖਹਿ ਯੋਗ ॥੨੯੮॥

੨੮੦੬—ਲੋਧ; ਚੂਨ, ਤ੍ਰਿਕੁਟਾ, ਮਘ, ਮ੍ਰਿਚ, ਸੁੰਢ, ਬਾਇਵੜਿੰਗ, ਤ੍ਰਿਫਲਾ (ਹਰੜ, ਬਹੇੜਾ, ਆਵਲੇ), ਅਜਵੈਣ, ਮੋਥਾ ਤੇ ਤਿਤ੍ਰਾ ਇਹ ਸਭ ੪-੪ ਤੋਲੇ, ਧਾਵਿਆ ਦੇ ਫੁਲ ੨੦ ਪਲ ਅਰਥਾਤ ੮੦ ਤੋਲੇ (੧ ਸੇਰ ਪਕੇ) ਸ਼ਹਤ ੬੪ ਪਲ=੨੫੬ ਤੋਲੇ ਤੇ ਗੁੜ ੧ ਤੁਲਾ ਅਰਥਾਤ ੮੦੦ ਤੋਲੇ ਜਲ ਦ ਦਰੋਣ—੬੪ ਸੇਰ ਚਿਕੁਣੇ (ਥਿੰਧੇ) ਭਾਂਡੇ ਵਿਚ ਸਭੋ ਪਾਕੇ ੧ ਮਹੀਨਾ ਜਮਾਨ ਵਿਚ ਗੱਡੇ। ਫਿਰ ਕੱਢਕੇ ਇਹ ਲੋਹਾਸਵ ਸੇਵਨ ਕਰੇ ਤਾਂ ਪਾਂਡੂ, ਸਵਾਸ, ਗਲਾ, ਪੇਟ ਦੀ ਮੰਦਾਗਨੀ, ਖੁਰਕ; ਖਾਂਸੀ ਬਵਾਸੀਰ, ਲਿਫ, ਕੋੜ੍ਹ, ਅਰੁਚੀ, ਸੰਗ੍ਰਹਣੀ, ਹ੍ਰਿਦਯ ਰੋਗ ਤੇ ਭਗੰਦ੍ਰ ਆਦਿ ਸਭ ਰੋਗਾਂ ਦਾ ਨਾਸ ਕਰੇ ਤੇ ਭੁਖ ਵਧਾਵੇ ॥੨੯੬ ਤੋਂ ੨੯੮॥

Digitized by Panjab Digital Library | www.panjabdigilib.org

ਛਈ ਪ੍ਰਮੇਹ ਪਰ ਦਸ ਮੂਲਾਸ੍ਵ (ਸਾਰੰਗਧਰਾਤ)—ਚੌਪਈ

ਦਸੇ ਮੂਲ ਆਛਾ ਮੰਗਵਾਇ। ਪੰਚ ਪੰਚ ਪਲ ਪ੍ਰਥਕ ਲਯਾਇ।
ਚਿਤ੍ਰਾ ਕਸਮੀਰੀ ਏ ਪਾਇ। ਪੰਚ ਵਿੰਸਤਿ ਪਲ ਪ੍ਰਥਕ ਰਲਾਇ॥੨੯੯॥
ਛਿੰਨਾ ਲੋਦ ਜੁ ਸਿਤਾ ਮਗਾਵੇ। ਤੀਸ ਤੀਸ ਪਲ ਪ੍ਰਥਕ ਅਨਾਵੇ।
ਧਾਤ੍ਰੀ ਫਲ ਖੋੜਸਿ ਪਲੁ ਲੇਇ। ਬਾਰਾਂ ਪਲ ਦੁਰਾਲਭ ਦੇਇ॥੩੦੦॥
ਕੁਸਟ ਆਠ ਪਲੁ ਪਲ ਪਲ ਔਰ। ਖਦਿਰ ਮਜਿਸਟਾ ਹਰੜੇਂ ਜੋਰ।
ਇਟਸਿਟ ਮਾਖੀ ਅਖਜ ਸੁ ਦਾਰ। ਵਜੋਖਭਾਰਗੀਘਨ ਜੈਂਖਾਰ॥੩੦੧॥
ਕ੍ਰਿਮਕ ਰਾਸਨਾ ਤ੍ਰਿਵਤ ਕਚੂਰ। ਗਜ ਕੇਸਰ ਸਭਾਲੂ ਪੂਰ।
ਕ੍ਰਿਸਨ ਜੀਰ ਕ੍ਰਿਸਨਾ ਮਿਸ ਸੰਗ। ਪਦਮ ਕਪਿੱਥ ਨਿਸਾ ਤ੍ਵਕ ਅੰਗ।
ਯਸਟਿ ਵਲਾ ਅਠਵਰਗ ਮਿਲਾਇ। ਨਿੰਤਾ ਔਰ ਪ੍ਰਯੰਗੁ ਲਗਾਇ।
ਅਠ ਗੁਣ ਪਾਣੀ ਮਾਹਿ ਪਚਾਇ। ਚਤ੍ਰ ਅੰਸਜਲ ਲੇਹੁ ਛਨਾਇ॥੩੦੩॥
ਚਾਰ ਤਲਾ ਗੁੜ ਤਾਂਮਹਿ ਪਾਵੇ। ਧਾਵੈ ਪਲ ਲੈ ਤੀਸ ਰਲਾਵੇ।
ਜਾਤੀਫਲ ਚੰਦਨ ਲਾਵੰਗ। ਹਰਮਲ ਪਤ੍ਰਜ ਕਣਾ ਜੁ ਚੰਗ॥੩੦੪॥
ਕਸ੍ਰ ਦਾਰਚੀਨੀ ਜਾਵਤ੍ਰੀ। ਸਰਦ ਚੀਨੀ ਪਲੁ ਦੋ ਦੋ ਘਤ੍ਰੀ।
ਕਰਖ ਏਕ ਮੇਲੋ ਮ੍ਰਿਗਾਂਡ। ਸਰਬ ਮੇਲ ਭਇ ਗਾਡੋ ਵਾਂਡ॥੩੦੫॥
ਮਾਸ ਏਕ ਤੇ ਪਰੈ ਕਢਾਇ। ਦਸ ਮੂਲਾਸਵ ਸਿਧਿ ਕਰਾਇ॥
ਪਾਇ ਨਿਰਮਲੀ ਨਿਰਮਲੁ ਕੀਜ॥ ਅਰਕ ਕਢਾਇ ਵਾ ਲੈ ਦੀਜ॥੩੦੬॥
ਇਕ ਕਾਲ ਦੋਇ ਕਾਲੰ ਪਿਲਾਇ॥ ਸੂਲ ਅਰੁਚ ਗ੍ਰਹਣੀ ਸਬ ਵਾਇ॥
ਪਾਂਡੁ ਕਾਮਲਾ ਸ੍ਵਾਸ ਜੁਕਾਸ। ਛਰਦ ਕੁਸਟ ਉਦਰਾਣ ਨਿਵਾਸ॥੩੦੭॥
ਅਰਸ ਮੇਹ ਮੂਤ੍ਰ ਕ੍ਰਿਛ ਹਰੈ। ਵਾਤ ਗੁਲਮ ਫੀਹਾ ਦੁਖ ਟਰੈ।
ਧਾਤ ਖੀਣ ਕਉ ਧਾਤ ਕਰਾਇ। ਕ੍ਰਿਸਤੇ ਮੋਟਾ ਸੁਕ੍ਰ ਦਾਇ॥੩੦੮॥
ਬਲ ਕਰਤਾ ਅਰੁ ਰੂਪ ਸੁ ਚੰਗ। ਬੰਧਯਾ ਕੋ ਪੁਤ੍ਰ ਹੋਇ ਸੰਗ।
ਭਾਰਦ੍ਵਾਜ ਮਤ ਆਸਵ ਕਹਯਾ। ਦਸਮੂਲ ਕਾ ਮੇਘਹਿ ਲਹਯਾ॥੩੦੯॥

Digitized by Panjab Digital Library | www.panjabdigilib.org

੨੯੦੭—ਦਸਮੂਲ ਤਾਜ਼ੇ ਲਵੇ, ਇਹ ਸਭੇ ਵਖੋ ਵਖਰੇ ੨੦-੨੦ ਤੋਲੇ, ਚਿਤ੍ਰਾ. ਪੁਹਕਰਮੂਲ ਇਹ ੨੫-੨੫ ਪਲ ਅਰਥਾਤ ਸੌ ਸੌ ਤਲੇ, ਗਿਲੋਯ, ਲੋਦ, ਮਿਸਫ਼ੀ ਇਹ ੩੦-੩੦ ਤੋਲੇ, ਅਰਥਾਤ ਢੂਢ ਡੂਢ ਸੇਰ ਧੱਕੇ, ਆਵਲੇ ੧੬ ਪਲ ਅਰਥਾਤ ੬੪ ਤੋਲੇ, ਜਵਾਹਾਂ ੪੮ ਤੋਲੇ ਕੂਠ ੩੨ ਤੋਲੇ ਤੇ ਕੱਥ, ਮਜੀਠ, ਹਰੜ, ਇਟਸਿਟ, ਛੜ, ਬਹੇੜੇ; ਦੇਵਦਾਰ, ਬਜੋਖ (ਮਘ, ਮ੍ਰਿਚ, ਸੁੰਢ) ਭੜਿੰਗੀ, ਮੋਥਾ, ਜੌਂਖਾਰ ਸੁਪਾਰੀਆਂ, ਰਾਸਨਾ, ਤ੍ਰਿਵੀ; ਕਚੂਰ ਨਾਗਕੇਸਰ, ਸੰਭਾਲੂ, ਕਾਲਾਜੀਰਾ, ਮਘ, ਸੌਂਫ, ਕਮਲ ਡੋਡੇ, ਕੈਥ, ਹਲਧੀ, ਦਾਲਚੀਨੀ; ਮੁਲੱਠੀ, ਖਿਰੈਟੀ, ਅੱਠ *ਵਰਗ, ਧਮਾਹਾਂ, ਔਰ ਗੋਂਦਣੀ ਇਹ ਸਭੇ ਚਾਰ ਚਾਰ ਤੋਲੇ ਲੇਕੇ ਅਠ ਗੁਣੇ ਪਾਣੀ ਵਿਚ ਪਕਾਵੇ। ਜਦ ਸੜ ਕੇ ਚੌਥਾ ਹਿਸਾ ਜਲ ਰਹੇ ਤਾਂ ਛਾਣ ਲਵੇ; ਫਿਰ ਇਸ ਪਾਣੀ ਵਿਚ ਚਾਰ ਤੁਲਾ ਅਰਥਾਤ ੧੦ ਸੇਰ ਪਕਾ ਗੁੜ ਪਾਵੇ ਤੇ ਧਾਵਿਆਂ ਦੇ ਫੁਲ ੩੦ ਪਲ—੧੨੦ ਤੋਲੇ ਪਾਵੇ। ਜਾਫਲ, ਚੰਦਨ, ਲੌਂਗ, ਹਰਮਲ, ਤੇਜਪਤ੍ਰ ਮਘ, ਕੇਸਰ, ਦਾਰਚੀਨੀ, ਜਾਵਿੱਤ੍ਰੀ, ਤੇ ਸਰਦਚੀਨੀ, ਇਹ ਸਭ ੮-੮ ਤੋਲੇ, ਇਕ ਤੋਲਾ ਕਸਤੂਰੀ ਮਿਲਾਵੇ. ਫਿਰ ਸਭਨਾਂ ਨੂੰ ਭਾਡੇ ਵਿਚ ਪਾਕੇ ਧਰਤੀ ਵਿਚ ਦਬਾਵੇ, ੧ ਮਹੀਨੇ ਤੋਂ ਬਾਦ ਕਢੇ ਅਰ ਨਿਰਮਲੀ ਬੂਟੀ ਪੀਹਕੇ ਪਾਕੇ, ਇਸਤਰਾਂ ਸਾਫ ਕਰ ਲਵੇ ਯਾ ਇਸਦਾ ਨਾਲ ਰਸਤੇ ਅਰਕ ਕਢਾ ਲਵੇ, ਇਹ ਦਸ ਮੂਲ ਆਸਵ ਇਕ ਯਾ ਦੋ ਵਕਤ ਪੀਵੇ ਤਾਂ ਸੂਲ, ਅਰੁਚੀ, ਸੰਗ੍ਰਹਣੀ, ਪਾਂਡੂ, ਕਾਮਲਾ, ਸਵਾਸ, ਕਾਸ, ਕੈ, ਕੋੜ੍ਹ, ਹੋਰ ਪੇਟ ਦੇ ਰੋਗ, ਬਵਾਸੀਰ, ਪ੍ਰਮੇਹ, ਮੂਤ੍ਰ ਕ੍ਰਿਛ ਬਾਤ ਦਾ ਗੋਲਾ ਤੇ ਲਿਫ ਨਾਸ ਕਰੇ ਅਰ ਧਾਤੂ ਖੀਣ ਪੀਵੇ ਤਾਂ ਧਾਤੂ ਵਧਾਵੇ, ਲਿਸੇ ਤੋਂ ਮੋਟਾ ਹੋਵੇ, ਬੀਰਜ ਵਧ ਵੇ, ਬਲ ਵਰਧਕ, ਸ੍ਰੂਪ ਚੰਗਾ ਕਰ ਤੇ ਬੰਧਜਾ ਨੂੰ ਪੁਤ੍ਰ ਪੈਦਾ ਕਰੇ ਇਹ ਦਸ ਮੂਲਾਸ਼ਵ ਭਰਦਵਾਜ ਦੇ ਮਤ ਵਿਚ ਕਿਹਾ ਹੈ ॥੨੯੯ ਤੋਂ ੩੦੯॥

ਉਰੂਖਤ ਪਰ ਹਾਰਹੂਰ ਆਸ੍ਵ (ਵੈਦਕੰਤੂਹਲਾਤ)—ਦੋਹਰਾ

ਅਰਧ ਤਲਾ ਸੁਭ ਦਾਖ ਲੈ ਦੋਇ ਦ੍ਰੋਣ ਜਲ ਕ੍ਵਾਥ।
ਪਾਦ ਸੇਖ ਜਲੁ ਲੀਜਿਯੈ ਮਾਟੀ ਭਾਂਜਨ ਆਥ ॥੩੧੦॥
ਗੁੜ ਪਲ ਸੌ ਤਾਮਹਿ ਧਰੋ ਪਤ੍ਰਜ ਕੇਸਰ ਨਾਗ।
ਮਰਚ ਵੜਿੰਗ ਕਣਾ ਪ੍ਰਿਯੰਗ ਏਲਾ ਪਲ ਪਲ ਭਾਗ ॥੩੧੧॥
ਸਰਬ ਮੇਲੁ ਭੁਇ ਗਾਡਿਯੈ ਪਾਖ ਏਕ ਵਾ ਮਾਸ।
ਸਿੱਧਿ ਕਰੀ ਤਾਕੋ ਪਿਵੈ ਖਜਤ ਖਯ ਜਾਵਤ ਕਾਸ ॥੩੧੨॥
ਸ੍ਵਾਸ ਗੁਲਮ ਗ੍ਰਿਹਿ ਰਕਤ ਪਿਤ ਬਾਤ ਬਜਾਧ ਸਭ ਜਾਇ।
ਦ੍ਰਖਜਾ ਆਸਵ ਸੁਕ੍ਰ ਕਰਿ ਵੈਦ ਕੰਤੂਹਲ ਭਾਇ ॥੩੧੩॥

---

*੧ ਜੀਵਕ, ੨ ਰਿਖੜ, ੩ ਮੈਦਾ, ੪ ਮਹਾਂ ਮੇਦਾ, ੫ ਰਿਧੀ, ੬ ਬ੍ਰਿਧੀ, ੭ ਕਾਂਕੋਲੀ ੮ ਖੀਰ ਕੰਕੋਲੀ ਇਹ ਅੱਠ ਵਰਗ ਹਨ।

Digitized by Panjab Digital Library | www.panjabdigilib.org

੨੮੦੮—ਦਾਖ ਅੱਧਾ ਤੁਲਾ=੪੦੦ ਤੋਲੇ (੫ ਸੇਰ), ਜਲ ਦੋ ਦਰੋਣ—੬੪ ਸੇਰ ਅਰਥਾਤ ੧ ਮਣ ੨੪ ਸੇਰ ਵਿਚ ਕਾੜ੍ਹਾ ਕਰ, ਫਿਰ ਜਦ ਚੌਥਾ ਹਿੱਸਾ ਬਾਕੀ ਰਹੇ ਤਾਂ ਲੈਕੇ ਮਿੱਟੀ ਦੇ ਭਾਂਡੇ ਵਿਚ ਭਰਕੇ, ਉਸ ਵਿਚ ਗੁੜ ੪੦੦ ਤੋਲੇ (੫ ਸੇਰ) ਪਾਵੇ, ਤਜਪਤ੍ਰ, ਨ ਗਕੇਸਰ, ਮ੍ਰਿਚ, ਬਾਇਵੜਿੰਗ, ਮਘ, ਗੋਂਦਨੀ ਤੇ ਇਲਾਯਚੀ ਇਹ ੪-੪ ਤੋਲੇ ਏਸੇ ਵਿਚ ਪਾਕੇ ਧਰਤੀ ਹੇਠ ਗੱਡੇ, ਇਸਤਰਾਂ ੧ ਮਹੀਨਾ ਯਾ ੧੫ ਦਿਨ ਦੱਬ ਰੱਖੇ, ਫਿਰ ਸਾਫ ਕਰਕੇ ਇਸਨੂੰ ਪਾਵੇ, ਖਯਤ, ਖਾਂਸੀ, ਦਮਾ, ਗੁਲਮ, ਸੰਗ੍ਰਹਿਣਾ; ਰਕਤ ਪਿੱਤ ਤੇ ਬਾਤ ਬਜਾਣੀ, ਸਭ ਤਰਾਂ ਦੀ ਜਾਂਦੀ ਰਹੇ। ਇਹ ਦਾਖਆਸਵ ਬੀਰਜ ਵਰਧਕ ਕਿਹਾ ਹੈ ॥੩੧੦ ਤੋਂ ੩੧੩॥

ਅਭਯਾ ਆਸ੍ਵ (ਵੈਦਯ ਕੰਤੂਹਲਾਤ)—ਚੌਪਈ

ਅੱਭਯਾ ਪ੍ਰਸਥ ਏਕ ਲੈ ਆਇ। ਧਾਤ੍ਰੀ ਫਲ ਕਪਿੱਥ ਰਲਾਇ।
ਚਿੱਤ੍ਰਕ ਪਾਠਾ ਵਿਲ ਜੁ ਸੁੰਠ। ਪਲ ਪਲ ਮਾਤ੍ਰਾ ਪ੍ਰਿਥਕ ਸੁ ਗੁੰਠ।
ਦ੍ਰੋਣ ਨੀਰ ਕ੍ਵਾਥੇ ਚਤੁਰੰਸਾ। ਚਿਕਨੇ ਭਾਂਜਨ ਪਾਲੋ ਕੰਸਾ।
ਜੀਰਣ ਗੁੜ ਪਲ ਸੌ ਲੈ ਮੇਲ। ਪਖਯ ਏਕ ਭੁਵਿ ਦਾਬੇ ਠੇਲ ॥੩੧੫॥
ਨਿਰਮਲ ਕਰਿ ਇਕ ਵਾ ਦੋ ਕਾਲ। ਪੀਵਤ ਗ੍ਰਹਨੀ ਪਾਂਡੁ ਵਿਹਾਲ।
ਅਰਸ ਪਲੀਹਾ ਵਿਖਮੀ ਤਾਪ। ਉਦਾਵਰਤ ਕਾਮਲ ਪਰਤਾਪ ॥੩੧੬॥
ਹਿਯ ਗਦ ਸ੍ਵਾਸ ਦਾਹ ਅਨਾਹ। ਸੂਲ ਜਠਰ ਸੌਫੋਦ੍ਰ ਜਾਇ।
ਅਭਯਾਦਿਕ ਅਰਿਸਟ ਕਹਾਇ। ਵੈਦਕੰਤੂਰਲ ਮੇਘ ਲਵਾਇ ॥੩੧੭॥

੨੮੦੯—ਹਰੜਾਂ ੬੪ ਤੋਲੇ, ਆਵਲੇ, ਕੋਥ; ਚਿਤ੍ਰਾ, ਪਾਠਾ (ਬਾਹੱਕੜ) ਬਿੱਲ; ਸੁੰਢ ਇਹ ੪-੪ ਤੋਲੇ, ਜਲ ਦਰੋਣ (੩੨ ਸੇਰ) ਵਿਚ ਕਾੜ੍ਹੇ, ਜਦ ਚੌਥਾ ਹਿੱਸਾ ਰਹੇ ਤਾਂ ਬਿੰਧੇ ਭਾਂਡੇ ਵਿਚ ਪਾਕੇ ਉਸ ਵਿਚ ਪੂਰਾਣਾ ਗੁੜ ੧੦੦ ਪਲ ਅਰਥਾਤ ਪੰਜ ਸੇਰ ਪੱਕੇ ਪਾਕ ਫਿਰ ਇਸ ਨੂੰ ੧੫ ਦਿਨ ਧਰਤੀ ਵਿਚ ਦੱਬੇ ਫਿਰ ਕੱਢਕੇ ਸਾਫ ਕਰਕੇ ਇਕ ਯਾ ਵਕਤ ਪੀਵੇ ਤਾਂ ਸੰਗ੍ਰਹਣੀ, ਪਾਂਡੂ; ਬਵਾਸੀਰ, ਲਿੱਫ, ਵਿਖਮ ਤਾਪ, ਉਦਾਵਰਤ, ਕਾਮਲਾ, ਹ੍ਰਿਦਯ, ਰੋਗ, ਦਮਾਂ. ਦਾਹ ਅਨਾਹ, ਸੂਲ; ਪੇਟ ਦੇ ਰੋਗ ਤੇ ਸੋਜ ਇਹ ਅਭਯਾਦਿਕ ਅਰਿਸਟ ਪੀਤਾ ਨਾਸ ਕਰੇ ।੩੧੪ ਤੋਂ ੩੧੭॥

ਕੁਮਾਰ ਆਸ੍ਵ—ਚੌਪਈ

ਕੁਮਾਰ ਰਸਾ ਆਦ੍ਰਿਕ ਰਸ ਗੁੜੀ। ਪ੍ਰਸਥ ਪ੍ਰਸਥ ਏ ਤੀਨੋਂ ਜੁੜੀ।
ਉਸਨ ਨੀਰ ਦੋ ਪ੍ਰਸਥ ਪਵਾਇ। ਸਬੀ ਮੇਲ ਭੁਵ ਮਾਹਿ ਦਬਾਇ।

Digitized by Panjab Digital Library | www.panjabdigilib.org

ਏਕ ਪਖਯ ਪਰ ਕਾਢੋ ਏਹ। ਸਿਧ ਕਰੀਨੈ ਪੀਵਨ ਦੇਹ।
ਪਾਂਡ ਗੁਲਮ ਖਯ ਸ੍ਵਾਸਾਕਾਸ। ਅਗਨਿ ਮੰਦ ਸਬ ਸੂਲ ਵਿਨਾਸ।

੨੯੧੦-ਕੁਆਰ ਦਾ ਰਸ, ਅਦ੍ਰਿਕ ਦਾ ਰਸ ਤੇ ਗੁੜ ਇਹ ਤਿੰਨੇ ੬੪-੬੪ ਤੋਲੇ, ਗਰਮ ਜਲ ਇਸ ਵਿਚ ੧੨੮ ਤੋਲੇ ਪਾਕੇ ਸਭਨਾਂ ਨੂੰ ਮਿਲਾਕੇ ਧਰਤੀ ਵਿਚ ਦੱਬ ਛੱਡੇ। ਪੰਦ੍ਰਾਂ ਦਿਨ ਗੁਜਾਰਕੇ ਕੱਢਕੇ ਸਾਫ ਕਰਕੇ ਪੀਣ ਨੂੰ ਦੇਵੇ ਤਾਂ ਪਾਂਡੂ, ਗੁਲਨ; ਖਈ, ਦਮਾਂ, ਖਾਂਸੀ, ਅਗਨੀ ਦੀ ਮੰਦਤਾ ਅਰ ਸਭ ਤਰਾਂ ਦੇ ਸੂਲ ਨਾਸ਼ ਕਰੇ ।੩੧੮॥੩੧੯॥

ਕੁੜਾਦ ਅਰਿਸਟ (ਸਾਰੰਗਧਰਾਤ)—ਦੋਹਰਾ

ਕੁੜਾ ਮੂਲ ਪਲ ਸੌ ਗਹੋ ਦਾਖ ਤੁਲਾ ਲੈ ਆਧ।
ਮਦੂਕ ਪੁਖਪ ਕੁੰਭੇਰ ਪਲ ਦਸ ਦਸ ਲੀਜੇ ਸਾਧ ॥੩੨੦॥
ਚਾਰ ਦ੍ਰੋਨ ਜਲੁ ਪੱਕ੍ਵ ਕਰ ਚੌਥਾ ਭਾਗ ਰਖਾਇ।
ਧਾਵੇ ਪਲ ਵਿੰਸਤ ਧਰੇ ਤੁਲਾ ਏਕ ਗੁੜ ਪਾਇ ॥੩੨੧॥
ਮਾਸ ਏਕ ਭੂਰਾਖਿ ਪਿਵ ਭੂਖ ਕਰੈ ਜ੍ਵਰ ਜਾਇ।
ਸਾਰੰਗਧਰ ਤੇ ਮੇਘ ਭਨਿ ਕੁਟਜਾ ਰਿਸਟ ਕਹਾਇ ॥੩੨੨॥

੨੯੧੧-ਕੁੜਾ ਦੀ ਜੜ੍ਹ ੪੦੦ ਤੋਲੇ (੫ ਸੇਰ) ਮੁਣੱਕਾ ਅੱਧਾ ਤੋਲਾ ਅਰਥਾਤ ੫ ਸੇਰ, ਮਹੂਏ ਦੇ ਫੁੱਲ ਤੇ ਕੁੰਭੇਰ—ਜ਼ਰਿਕਸ਼, ਅਧ ਅੱਧ ਸੇਰ ਪਾਕੇ, ਇਸ ਵਿਚ ਪਾਣੀ ੪ ਦਰੋਣ = ੧੨੮ ਸੇਰ ਅਰਥਾਤ ੩ ਮਣ ੮ ਸੇਰ) ਪਾਕੇ ਪਕਾਵੇ ਚੌਥਾ ਹਿਸਾ ਰਹੇ ਤਾਂ ਉਤਾਰਕੇ ਧਾਵਿਆਂ ਦੇ ਫੁੱਲ ੧ ਸੇਰ ਪੱਕੇ ਤੇ ਗੁੜ ੧ ਤੁਲਾ (੧੦ ਸੇਰ) ਪਾਕੇ ਧਰਤੀ ਵਿੱਚ ਦਬਾਵੇ ਇਕ ਮਹੀਨੇ ਤੋਂ ਬਾਦ ਕੱਢਕੇ ਪੀਵੇ ਤਾਂ ਭੁਖ ਵਧਾਵੇ, ਤਾਪ ਨਾਸ ਕਰੇ। ੩੧੮ ਤੋਂ ੩੨੨।

ਬਿਦ੍ਰਧੀ ਪਰ ਵੜਿੰਗਾਦਿ ਅਰਿਸ਼ਟ (ਸਾਰੰਗਧਰਾਤ)--ਚੌਪਈ

ਵੜਿੰਗ ਰਾਸਨਾ ਗ੍ਰਿਥਕੁ ਕੁੜਾ। ਪਲੁ ਪਲ ਮਾਤ੍ਰਾ ਇਨਕੀ ਜੁੜਾ।
ਪਾਠਾਏਲਾ ਵਾਲਕ ਧਾਤ੍ਰੀ। ਪਾਂਚ ਪਾਂਚ ਪਲ ਪ੍ਰਿਥਕ ਸੁ ਮਾਤ੍ਰੀ ॥੩੨੩॥
ਅਸਟ ਦਰੋਣ ਜਲ ਕ੍ਵਾਥ ਕਰਾਇ॥ ਅਸਟਮ ਅੰਸ ਰਖਾਈ ਪਾਇ॥
ਤੀਨ ਤੁਲਾ ਮਧੁ ਪਾਵੇ ਸਹੀ। ਵਿੰਸਤ ਪਲੁ ਧਾਵੇ ਫੁੱਲ ਕਹੀ ॥੩੨੪॥

Digitized by Panjab Digital Library | www.panjabdigilib.org

ਤੀਨ ਗੰਧ ਪਲੁ ਦੋ ਦੋ ਦੋਇ। ਲੋਦ ਪ੍ਰਿਯੰਗੁ ਕਚਨਾਰਾ ਸੋਇ।
ਪਲ ਪਲੁ ਮਾਤ੍ਰਾ ਇਨਕੀ ਲੇਇ। ਤ੍ਰਿਕੁਟਾ ਅਠ ਪਲ ਪੀਸੀ ਦੇਇ।
ਮਾਸ ਏਕ ਦਾਬੇ ਸਬ ਏਲਾ। ਉਰੂਸਤੰਭ ਵਿਦ੍ਰਧੀ ਹੇਲਾ।
ਅਸਟੀਲਾ ਭਗੰਦਰ ਮੇਹ। ਗੰਡ ਮਾਲ ਪਥਰੀ ਹਨੁ ਜੇਹ ॥੩੨੬॥

੨੮੧੨–ਬਾਇਵੜਿੰਗ, ਰਾਸਨਾ, ਪਿੱਪਲਾਮੂਲ, ਕੂੜੇ ਦਾ ਸੱਕ ਇਹ ਸਭ ੪-੪ ਤੋਲੇ। ਪਾਠਾ ਬਹਿਕੜ) ਲਾਚੀ, ਮੁਸ਼ਕਬਾਲਾ ਤੇ ਆਵਲੇ ਇਹ ਸਭ ੨੦-੨੦ ਤੋਲੇ। ਜਲ ੮ ਦਰੋਣ = ੨੫੬ ਸੇਰ ਅਰਥਾਤ ੬ ਮਣ ੧੬ ਸੇਰ ਪਾਕੇ ਪਕਾਵੇ, ਜਦ ਅੱਠਵਾ ਹਿੱਸਾ ਅਰਥਾਤ ੩੨ ਸੇਰ ਜਲ ਸੜਕੇ ਬਾਕੀ ਰਹੇ ਤਾਂ ਉਸ ਵਿਚ ਸ਼ਹਤ ੩੦ ਸੇਰ, ਧਾਵਿਆਂ ਦੇ ਫੁੱਲ ੮੦ ਤੋਲੇ (੧ ਸੇਰ) ਪੱਕੇ ਪਾਵੇ, ਤਿਨੇ ਗੰਧ ਆ (ਅਰਥਾਤ ਦਾਲਚੀਨੀ, ਲਾਚੀ ਤੇ ਤੇਜਪਤਰ) ਲੋਧ, ਗੋਂਦਣੀ ਤੇ ਕਚਨਾਰ, ਇਹ ੪-੪ ਤੋਲੇ ਤੇ ਤਿਰਕੁਟਾ ੩੨ ਤੋਲੇ ਪੀਹਕੇ ਪਾਵੇ। ਮਿਲਾਯਕੇ ਸਭਨਾ ਨੂੰ ੧ ਮਹੀਨਾ ਜਮੀਨ ਹੇਠ ਦੱਬੇ। ਫਿਰ ਨਿਤਾਰ ਕੇ ਪੀਵੇ ਤਾਂ ਉਰੂਸਤੰਭ, ਵਿਦ੍ਰਧੀ, ਗੋਲਾ, ਭਗੰਦ੍ਰ, ਪ੍ਰਮੇਹ, ਗੰਡਮਾਲਾ ਤੇ ਪਥਰੀ ਆਦਿ ਸਭੋ ਨਾਸ ਕਰੇ ॥੩੨੩ ਤੋਂ ੩੨੬॥

ਪ੍ਰਮੇਹੋਂ ਪਰ ਦੇਵਦਾਰਾਦਿ ਅਰਿਸ਼ਟ (ਸਾਰੰਗਧਰਾਤ)–ਚੌਪਈ

ਤੁਲਾ ਅਰਧ ਲੈ ਦੇਵ ਸੁ ਦਾਰੁ। ਵਾਂਸਾ ਪਲ ਵਿੰਸਤਿ ਲੈ ਡਾਰ।
ਇੰਦ੍ਰਯਵੈ ਦੰਤੀ ਜੁ ਮੰਜਿਸਟ। ਤਗਰ ਨਿਸਾ ਯੁਗ ਰਾਸਨ ਸੁਸਟਿ।
ਮੁਸਤਾ ਚੱਬਜਕ ਸ਼੍ਰੀਖ ਵੜਿੰਗ। ਅਰਜਨ ਦਸ ਦਸ ਪਲ ਭਿਨ ਅੰਗ।
ਵਸਤੁਕ ਚੰਦਨ ਕੜੂ ਗਲੋਇ। ਚਿੱਤ੍ਰਕ ਅਜਵਾਨੀ ਲੈ ਢੋਇ ॥੩੨੮॥
ਆਠਹਿ ਪਲ ਪਲੁ ਇਨਕਾ ਮਾਨ। ਆਠ ਦਰੋਣ ਜਲੁ ਕ੍ਵਾਥ ਵਖਾਨ।
ਦਰੋਣ ਰਾਖ ਜਲ ਲੇਵੇ ਛਾਨ। ਖੋੜਸ ਪਲ ਧਾਵੇ ਤਿਹ ਠਾਨ ॥੩੨੯॥
ਮਧੁ ਪਲ ਤੀਨ ਵਸ਼ੇਖ ਪਲੁ ਦੋਇ। ਤੀਨ ਗੰਧ ਚਾਰੇ ਪਲੁ ਢੋਇ।
ਦੇ ਪਲ ਕੇਸਰੁ ਗਜ ਲੈ ਪਾਇ। ਪ੍ਰਿਯੰਗੁਚਾਰੁ ਪਲੁ ਦੇਹੁਰਲਾਇ ॥੩੩੦॥
ਮਾਸ ਏਕ ਗਾਡੀ ਨੈ ਪੀਤ। ਮੇਹ ਵਾਤ ਗ੍ਰਹਣੀ ਸਭ ਜੀਤ।
ਮੂਤ੍ਰ ਕ੍ਰਿਛ ਅਰਸ ਮਿਟ ਜਾਇ। ਦੇਵਦਾਰ ਅਰਿਸਟ ਕਹਾਇ ॥੩੩੧॥

Digitized by Panjab Digital Library | www.panjabdigilib.org

੨੮੧੩—ਦੇਵਦਾਰ ਅੱਧਾ ਤੁਲਾ ਅਰਥਾਤ ੨੦੦ ਤੋਲੇ (ਢਾਈ ਸੇਰ ਪੱਕੇ), ਬਾਂਸਾ ੨੦ ਪਲ ਅਰਤਾਤ ੧ ਸੇਰ ਪੱਕਾ, ਇੰਦ੍ਰ ਜੌਂ, ਦੰਤੀ, ਮਜੀਠ, ਤਗਰ, ਹਲਧੀ; ਰਾਸਨਾ, ਮੋਥਾ ਚੱਵ ਸਰੀਂਹ ਦੀ ਛਿਲ, ਬਾਇਵੜਿੰਗ, ਅਰਜੁਨ ਬ੍ਰਿਛ ਦੀ ਛਿਲ, ਇਹ ਸਭ ਵੱਖੋ ਵੱਖ ੧੦-੧੦ ਪਲ ਅਰਥਾਤ ੪੦-੪੦ ਤੋਲੇ। ਇੰਦ੍ਰ ਜੌਂ; ਚੰਦਨ, ਕੌੜ, ਗਿਲੋਯ, ਚਿਤ੍ਰਾ ਤੇ ਅਜਵੈਣ ਇਨ੍ਹਾਂ ਦਾ ਪ੍ਰਮਾਣ ਅੱਠ *ਅਠ ਪਲ ਅਰਥਾਤ ੩੨-੩੨ ਤੋਲੇ। ਜਲ ਅੱਠ ਦਰੋਣ=੬ ਮਣ ੧੬ ਸੇਰ ਪਾਕੇ ਕਾੜ੍ਹਾ ਕਰੇ, ਜਦ ਦਰੋਣ=੩੨ ਸੇਰ ਪਾਣੀ ਆਣ ਰਹੇ ਤਾਂ ਛਾਣ ਲਵੇ ਅਰ ਉਸ ਵਿਚ ਧਾਵਿਆਂ ਦੇ ਫੁੱਲ ੬੪ ਤੋਲੇ ਪਾਵੇ। ਸ਼ਹਿਤ ੧੨ ਤੋਲੇ, ਤ੍ਰਿਕੁਟਾ ੮ ਤੋਲੇ, ਤਿੰਨਗੰਧ (ਦਾਲਚੀਨੀ, ਇਲਾਯਚੀ ਤੇ ਪਤਜ) ਇਹ ੪ ਪਲ ਅਰਥਾਤ ੧੬ ਤਲੇ, ਨਾਗਕੇਸਰ ੮ ਤੋਲੇ, ਪ੍ਰਯੰਗੂ=ਗੌਂਦਣੀ (ਯਾ ਮਾਲ-ਕੰਙ੍ਣੀ) ੪ ਪਲ=੧੬ ਤੋਲੇ। ਇਹ ਸਭ ਪਾਕੇ ੧ ਮਹੀਨਾ ਧਰਤੀ ਵਿਚ ਦਬੇ, ਫਿਰ ਕੱਢਕੇ ਸਾਫ ਕਰਕੇ ਪੀਵੇ ਤਾਂ ਪ੍ਰਮੇਹ, ਵਾਯੂ, ਸੰਗ੍ਰਹਿਣੀ, ਮੂਤ੍ਰ ਕ੍ਰਿਛ ਤੇ ਬਵਾਸੀਰ ਇਹ ਦੇਵਦਾਰ ਅਰਿਸ਼ਟ ਨਾਸ ਕਰੇ॥

ਕੁਸ਼ਟ ਪਰ ਖਦਰਾਦਿ ਅਰਿਸ਼ਟ (ਸਾਰੰਗਧਰਾਤ)—ਚੌਪਈ

ਅਧ ਅਧ ਤੁਲਾ ਖਦਿਰ ਅਰੁ ਦਾਰ। ਵਾਕੁਚਿ ਪਲ ਦ੍ਵਾਦਸ ਲੈ ਡਾਰ।
ਪਲ ਵਿੰਸਤਿ ਨਿਸਦਾਰ ਮੰਗਾਇ। ਪਲ ਵੀਸੇ ਤ੍ਰਿਫਲਾ ਲੈ ਪਾਇ।
ਆਠ ਦਰੋਣ ਜਲ ਲੇਹੁ ਪਚਾਇ। ਦਰੋਣ ਸੇਖ ਜਲ ਲੇਹੁ ਰਖਾਇ।
ਤੁਲਾ ਸਰਕਰਾ ਮਧੁ ਦੋ ਤੁਲਾ। ਧਾਵੇ ਵਿੰਸਤ ਪਲ ਲੈ ਭਿਲਾ॥੩੩੩॥
ਗਜ ਕੇਸਰ ਲਵੰਗ ਕੰਕੋਲ। ਜਾਤੀਫਲ ਤਜਪੱਤ੍ਰ ਜੁ ਮੋਲ।
ਪਲ ਪਲ ਮਾਤ੍ਰਾ ਇਨ ਕੀ ਜਾਨ। ਕ੍ਰਿਸਨਾ ਪਲ ਲੈ ਚਾਰੁ ਸੁ ਠਾਨ।
ਚਿਕਨੇ ਭਾਂਜਨ ਸਬੀ ਦਿਵਾਇ। ਮਾਸ ਪਰੇ ਪੀਵੇ ਕ੍ਰਿਮ ਜਾਇ।
ਅਰਬੁਦਿ ਕੁਸਟ ਹਿਯ ਗਦ ਕਾਸ। ਪਾਂਡ ਗੁਲਮ ਪਲੀਹੋਦਰ ਨਾਸ।

੨੮੧੪-ਖੈਰ ਤੇ ਦੇਵਦਾਰ ੫-੫ ਸੇਰ, ਬਾਬਚੀ ਬਾਰਾਂ ਪਲ=੪੮ ਤੋਲੇ, ਦਾਰ ਹਲਧੀ ੨੦ ਪਲ (ਸੇਰ ਪਕੀ) ਤ੍ਰਿਫਲਾ ੨੦ ਪਲ (੧ ਸੇਰ ਪੱਕਾ) ਕੁਟਕੇ ਇਨ੍ਹਾਂ ਨੂੰ ੮ ਦਰੋਣ (੬ ਮਣ ੧੬ ਸੇਰ) ਜਲ ਵਿਚ ਪਾਕੇ ਕਾੜ੍ਹੇ; ਜਦ ਜਲ ਸੜਕੇ ਅੱਠਵਾਂ ਹਿਸਾ ਆਣ ਰਹੇ ਤਾਂ ਉਤਾਰਕੇ ਛਾਣ ਲਵੇ। ਫਿਰ ਇਸ ਕਾੜ੍ਹੇ ਦੇ ਜਲ ਵਿਚ ਖੰਡ ੧ ਤੁਲਾ (੧੦ ਸੇਰ ਪੱਕੀ) ਸ਼ਹਿਤ ੧੬੦੦ ਤੋਲੇ (੨੦ ਸੇਰ ਪੱਕਾ) ਧਾਵਿਆਂ ਦੇ ਫੂਲ ੨੦ ਪਲ (੧ ਸੇਰ ਪੱਕੇ ਮਿਲਾਵੇ, ਨਾਗ ਕੇਸਰ, ਲੌਂਗ, ਸਰਦ ਚੀਨੀ, ਜਾਇਫਲ ਤੇ ਤੇਜਪਤ੍ਰ ਇਹ ਸਭ ੪-੪ ਤੋਲੇ। ਮਘਾਂ ੪ ਪਲ (੧੬ ਤੋਲੇ) ਲੈਕੇ ਚੀਕਣੇ ਭਾਂਡੇ ਵਿਚ ਪਾਕੇ ਧਰਤੀ ਵਿਚ ਦਬਾਵੇ।

*ਕਈ ਪੁਸਤਕਾਂ ਵਿਚ 'ਆਠਹਿ' ਪਾਠ ਦੇ ਥਾਂ ਅਸ਼ੁਧ ਪਾਠ 'ਅਵਰ' ਬੀ ਦੇਖਾ ਗਿਆ ਹੈ, ਜੋ ਅਰਥ ਤੋਂ ਹੀਣ ਹੈ।

Digitized by Panjab Digital Library | www.panjabdigilib.org

ਮਹੀਨੇ ਪਿਛੋਂ ਕਢਕੇ ਨਿਤਾਰਕੇ ਪੀਵੇ ਤਾਂ ਪੇਟ ਦੇ ਸਭ ਕ੍ਰਿਮਿ ਨਾਸ ਕਰੇ। ਹੋਰ ਅਰਬੁਦ (ਰਸੌਲੀ), ਕੁਸ਼ਟ, ਹ੍ਰਿਦਯ ਰੋਗ (ਸੀਨੇ ਦੀਆਂ ਬੀਮਾਰੀਆਂ), ਖਾਂਸੀ, ਪਾਂਡੂ, ਗੋਲਾ ਤੇ ਲਿੱਫ ਆਦਿ ਸਭੇ ਨਾਸ ਕਰੇ।

ਖਈ ਪਰ ਬੰਬੂਲ ਆਦਿ ਅਰਿਸ਼ਟ (ਸਾਰੰਗਧਰਾਤ)—ਚੌਪਈ

ਕੀਕਰ ਤੁਚ ਦੋ ਤੁਲਾ ਮੰਗਾਇ। ਚਾਰ ਦਰੋਣ ਜਲ ਲੇਹੁ ਪਚਾਇ।
ਦਰੋਣ ਰਾਖਿ ਜਲ ਗੁੜ ਤ੍ਰੈ ਤੁਲਾ। ਧਾਵੇ ਖੋੜਸ ਪਲ ਲੈ ਫੁਲਾ॥੩੩੬॥
ਜਾਤੀਫਲ ਕੰਕੋਲ ਲਵੰਗ। ਏਲਾ ਤ੍ਵਕ ਪੱਤ੍ਰਜ ਲੈ ਅੰਗ।
ਕੇਸਰ ਮਰਚਾਂ ਪਲ ਪਲ ਪਾਇ। ਕ੍ਰਿਸਨਾ ਪਲੁ ਜੌ ਦੋਇ ਰਲਾਇ।
ਮਾਸ ਏਕ ਦਾਬੀ ਨੇ ਪੀਤ। ਮੇਹ ਕੁਸਟ ਖਯ ਸ੍ਵਾਸਹਿ ਜੀਤ।
ਕਾਸ ਰੋਗੁ ਜਾਵਤ ਅਤਿਸਾਰ। ਆਸਵ ਕਾ ਜਾਨੋ ਅਧਿਕਾਰ॥੩੩੮॥

੨੮੧੫—ਕਿੱਕ੍ਰ ਦੀ ਨਰਮ ਛਿਲ ੧੬੦੦ ਤੋਲੇ (੨੦ ਸੇਰ), ਚਾਰ ਦਰੋਣ (੩ ਮਣ ੮ ਸੇਰ) ਜਲ ਵਿਚ ਪਕਾਵੇ। ਜਦ ੩੨ ਸੇਰ ਜਲ ਸੜ ਕੇ ਆਣ ਰਹੇ ਤਾਂ ਛਾਣਕੇ ਉਸ ਵਿਚ ਗੁੜ ੩ ਤੁਲਾ= ੨੪੦੦ ਤੋਲੇ (੩੦ ਸੇਰ) ਅਤੇ ਧਾਵਿਆਂ ਦੇ ਫੁਲ ੧੬ ਪਲ — ੬੪ ਤੋਲੇ। ਜਾਫਲ, ਸਰਦਚੀਨੀ ਲੌਂਗ, ਲਾਚੀ, ਦਾਰਚੀਨੀ, ਤੇਜ ਪਤ੍ਰਜ, ਕੇਸਰ; ਮ੍ਰਿਚਾਂ ਇਹ ਸਭੇ ੪-੪ ਤੋਲੇ ਮਘਾਂ ੮ ਤੋਲੇ। ਇਹਨਾਂ ਸਭਨਾਂ ਨੂੰ ਮੱਟ ਵਿਚ ਭਰਕੇ ੧ ਮਹੀਨਾ ਜ਼ਮੀਨ ਵਿਚ ਦਬਾਕੇ ਕਢਕੇ ਨਿਤਾਰਕੇ ਪੀਵੇ, ਤਾਂ ਸਭ ਤਰਾਂ ਦੇ ਪ੍ਰਮੇਹ, ਕੁਸ਼ਟ, ਖਈ, ਦਮਾਂ, ਖਾਂਸੀ, ਤੇ ਅਤੀਸਾਰ, ਇਹ ਬੰਬੂਲਾਦਿ ਆਸ੍ਵ ਵਾ ਅਰਿਸ਼ਟ ਨਾਸ਼ ਕਰੇ ॥੩੩੬ ਤਾਂ ੩੩੮॥

ਅਥ ਗੋਲੀ ਵਿਧੀ—ਚੌਪਈ

ਚੂਰਣ ਤੇ ਸਿਤ ਚੌਗੁਨ ਪਾਇ। ਗੁੜ ਪਾਵੈ ਤੌ ਦੋ ਗੁਣ ਥਾਇ।
ਗੁਗਲ ਮਧ ਚੂਰਣ ਸਮ ਦੇਇ। ਅਵਲੇਹੀ ਤਿਮ ਬਟੀ ਕਰੇਇ।
ਗੁਟਕਾ ਮੋਦਕ ਵਟਿਕਾ ਕਹੀ। ਗੁੜੋਵਰਤ ਪਿੰਡੀ ਭੀ ਲਹੀ।
ਨਾਮ ਕਹੇ ਸਾਰੰਗਧਰ ਮਾਹਿ। ਕਰਖ ਏਕ ਨਿਸ ਮਾਹਿ ਸੁ ਯਾਹਿ॥

੨੮੧੬—ਜਿਸਦੀ ਗੋਲੀ ਬਨੌਣੀ ਹੋਵੇ ਉਸ ਚੂਰਣ ਨਾਲੋਂ ਮਿਸ਼ਰੀ ਚੌਗਣੀ, ਗੁੜ ਦੂਣਾ, ਗੁਗਲ ਅਤੇ ਸ਼ਹਿਤ ਚੂਰਣ ਦੇ ਸਮਾਨ ਪਾਵੇ, ਏਸੇ ਪ੍ਰਕਾਰ ਚਟਣੀ ਤੇ ਗੋਲੀ ਬਣਾਵੇ॥੩੩੯॥

ਗੁਟਕਾ (ਗੁਟੀ), ਮੋਦਕ ਬਟੀ [ਬਟਿਕਾ], ਗੁੜੋਵਰਤਿ ਤੇ ਪਿੰਡੀ ਇਹ ਸਭੇ ਗੋਲੀ ਦੇ ਪ੍ਰਯਾਯ

Digitized by Panjab Digital Library | www.panjabdigilib.org

ਵਾਚੋ ਨਾਮ ਸਾਰੰਗਧਰ ਵਿਚ ਕਹੇ ਹਨ। ਇਸਦੀ ਮਾਤ੍ਰਾ ੧ ਤੋਲੇ ਦੀ ਹੈ; ਰਾਤ ਨੂੰ ਖਾਵੇ [ਅਥਵਾ ਬਲ ਦੇਖਕੇ ਜਿਤਨੀ ਯਗ ਸਮਝੇ ਦੇਵੇ]। ੩੪੦॥

ਬਵਾਸੀਰ ਬਾਹੁਸਾਲ ਗੁੜ (ਸਾਰੰਗਧਰਾਤ)—ਚੌਪਈ

ਤੁੰਮਾ ਜੜ ਘਨ ਸੁੰਠ ਵੜਿੰਗ। ਦੰਤੀ ਪਥਯਾਸਟਿ ਤ੍ਰਿਵਿ ਅੰਗ।
ਤੇਜਵਲਹਿ ਗੋਖਰ ਲੈ ਚਿੱਤਾ।ਅਧਅਧ ਪਲ ਲੀਜੈ ਸਬਮਿੱਤਾ ॥੩੪੧॥
ਸੂਰਣ ਅਠ ਪਲ ਆਨੋ ਸਹੀ। ਪਲ ਚਾਰੇ ਵਿਧਾਰਾ ਸਹੀ।
ਭਲਾਤਕ ਪਲ ਚਾਰ ਮੰਗਾਇ। ਦਰੋਣ ਨੀਰ ਸਬ ਕ੍ਵਾਥ ਕਰਾਇ ॥੩੪੨॥
ਚਤੁਰ ਅੰਸ ਲੈ ਗੁੜ ਤਿਹ ਪਾਇ। ਦ੍ਰਵਯ ਕ੍ਵਾਥ ਤੇ ਤ੍ਰਿਗੁਣਾ ਲਯਾਇ।
ਪਾਤ ਕਰੀ ਔਖਦ ਦੈ ਏਹ। ਚਿੱਤ੍ਰਕ ਤ੍ਰਿਵਤਾ ਦੰਤੀ ਲੇਹ ॥੩੪੩॥
ਤੇਜਵਲਾ ਪਲ ਪਲ ਏ ਜਾਨ। ਵਯੋਖ ਪ੍ਰਥਗ ਤਿਨ ਪਲ ਪਰਮਾਨ।
ਏਲਾਂ ਮਰਚਾਂ ਚੀਨੀ ਦਾਲ। ਸੀਤ ਕਰੀ ਮਧੁ ਪ੍ਰਸਥ ਸੁ ਡਾਲ ॥੩੪੪॥
ਬਾਹੁ ਸਾਲ ਗੁੜ ਸਿੱਧ ਕਰਾਇ। ਅਰਸ ਗੁਲਮ ਵਾਤੋਦਰ ਜਾਇ।
ਪੀਨ ਸਗ੍ਰਹਣੀ ਅਰੁ ਆਮਵਾਤ। ਪ੍ਰਤੀਸਯਾਯਖਯ ਪਾਂਡ ਸੁ ਘਾਤ॥੩੪੫॥
ਹਲੀਮਕ ਪ੍ਰਮੇਹ ਵਿਨਾਸ। ਅਰ ਰਸਾਯਨ ਗੁਨ ਬਹੁ ਭਾਸ।
ਬਾਹੁ ਸਾਲ ਗੁੜ ਮੇਘ ਵਖਾਨ। ਸਾਰੰਗਧਰ ਤੇ ਇਹ ਵਿਧਿ ਠਾਨ ॥੩੪੬॥

੨੮੧੭—ਤੁੰਮੇ ਦੀ ਜੜ੍ਹ, ਮੋਥਾ, ਸੁੰਢ, ਬਾਇਵੜਿੰਗ, ਦੰਤੀ [ਅਭਾਵ ਮੇਂ ਜੁਲਾਬਾ ਗੰਢੀ), ਹਰੜ, ਕਚੂਰ, ਤ੍ਰਿਵੀ, ਤੇਜਬਲ, ਭੱਖੜਾ ਤੇ ਚਿਤ੍ਰਾ ਇਹ ਸਭ ਦੋ ਦੋ ਤੋਲੇ। ਜਿਮੀਕੰਦ ੩੨ ਤੋਲੇ, ਵਿਧਾਰਾ ੧੬ ਤੋਲੇ ਤੇ ਭਿਲਾਵੇ ੧੬ ਤੋਲੇ ਲੈਕੇ ਇਹਨਾਂ ਦਾ ਦਰੋਣ = ੩੨ ਸੇਰ ਜਲ ਵਿਚ ਕਾੜ੍ਹਾ ਕਰੇ, ਜਦ ਚੌਥਾ ਹਿਸਾ ਰਹੇ ਤਾਂ ਗੁੜ ਪਾਵੇ। ਇਹ ਗੁੜ ਕਾੜ੍ਹੇ ਦੀਆਂ ਚੀਜ਼ਾਂ ਨਾਲੋਂ ਤ੍ਰਿਗੁਣਾ ਪਾਵੇ। ਇਸਦੀ ਪੱਤ ਕਾੜ੍ਹੇ ਦੇ ਜਲ ਵਿਚ ਕਰਕੇ ਹੇਠ ਲਿਖੀਆਂ ਚੀਜ਼ਾਂ ਪਾਵੇ। ਚਿਤ੍ਰਾ, ਤਿਰਵੀ ਗਪਾਲ ਦੀ ਜੜ [ਜੁਲਾਬਾ ਗੰਢੀ] ਤੇ ਤੇਜਬਲ ਇਹ ੪-੪ ਤੋਲ †ਬਜੋਖ = ਤਿਰਕਟਾ (ਮਘ, ਮ੍ਰਿਚ, ਸੁੰਢ), ਇਲਾਚੀ; ਮ੍ਰਿਚ ਤੇ ਦਾਲਚੀਨੀ ਇਹ ਪ੍ਰਥਗ = ਨਿਆਰੀ ੨ ਤਿੰਨ ਤਿੰਨ ਪਲ = ੧੨-੧੨ ਤੋਲੇ ਲਵੇ, ਠੰਢੀ ਹੋਣ ਪਰ ਸ਼ਹਿਤ ੬੪ ਤੋਲੇ ਪਾਵੇ। ਇਸਤਰਾਂ ਬਾਹੁ ਸਾਲ ਗੁੜ ਸਿਧ ਕਰ ਲਵੇ ਤਾਂ ਬਵਾਸੀਰ, ਆਮ ਬਾਤ, ਰੇਸ਼ਾ, ਖਈ, ਪਾਂਡੂ; ਹਲੀਮਕ ਤੇ ਪ੍ਰਮੇਹ ਨਾਸ ਕਰੇ

---

†ਏਥ ਦੇ ਅਸ਼ੁੱਧ ਪਾਠ ਵਾਲ ਮੂਸੇ ਵਾਲੇ ਤੇ ਆਲੋਮੁਹਾਰੀਏ ਨੇ ਧਯਾਨ ਨਹੀਂ ਦਿੱਤਾ। ਬਲਿਹਾਰੀ ਟੀਕੇਕਾਰਾਂ ਪਰ!

Digitized by Panjab Digital Library | www.panjabdigilib.org

ਰਸਾਯਣ ਰੂਪ ਬਹੁਤੇ ਗੁਣਾਂ ਦੇ ਕਰਨ ਹਾਰਾ ਬਾਹੁਸਾਲ ਗੁੜ ਕਿਹਾ ਗਿਆ ਹੈ ॥੩੪੬॥

ਕਾਸ ਪਰ ਮਿਰਚਾਦਿ ਗੁਟੀ (ਸਾਰੰਗਧਰਾਤ)–ਦੋਹਰਾ

ਕਣਾ ਮਰਚ ਅਧਪਲੁ ਗਹੋ ਅੱਧ ਕਰਖ ਯਵਖਾਰ ।
ਦੋਇ ਕਰਖ ਦਾਰਮ ਤੁਖਮ ਅਸਟ ਕਰਖ ਗੁੜ ਧਾਰ ॥੩੪੭॥
ਸਾਣ ਗੁਟੀ ਬਦਨਹਿ ਧਰੋ ਕਾਸ ਰੋਗੁ ਸਬ ਜਾਇ ॥
ਸਾਰੰਗਧਰ ਤੇ ਮੇਘ ਭਨਿ ਮਰਚਾਦਿਕ ਗੁਟ ਜਾਇ ॥੩੪੮॥

੨੮੧੮-ਮਘ, ਮਿਰਚ ਦੋਨੋਂ ਤੋਲਾ ਤੋਲਾ, ਯਵਖਾਰ ੧ ਤੋਲਾ ੨ ਤੋਲੇ ਅਨਾਰਦਾਣਾ। ੮ ਤੋਲੇ ਗੁੜ । ੪ ਮਾਸੇ ਪ੍ਰਮਾਣ ਗੋਲੀ ਬਣਾਕੇ ਮੂੰਹ ਵਿਚ ਰਖੇ ਤਾਂ ਸਭ ਤਰਾਂ ਦੀ ਖਾਂਸੀ ਨਾਸ ਕਰੇ ॥੩੪੭॥੩੪੮॥

ਸ੍ਵਾਸ ਪਰ ਗੁੜਾਦਿ ਗੁਟੀ (ਸਾਰੰਗਧਰਾਤ)–ਦੋਹਰਾ

ਗੁੜ ਸੁੰਠੀ ਘਨ ਹਰੜ ਲੈ ਗੁਟੀ ਕਰੀ ਮੁਖ ਧਾਰ ॥
ਸ੍ਵਾਸ ਕਾਸ ਹਰਿ ਅਖਜ ਫਲ ਵਾ ਮੁਖ ਮਾਹੇ ਡਾਰ ॥੩੪੯॥

੨੮੧੯-ਗੁੜ, ਸੁੰਢ, ਮੋਥਾ ਤੇ ਹਰੜ ਪੀਹਕੇ ਗੋਲੀ ਕਰੇ, ਮੂੰਹ ਵਿਚ ਰਖੇ, ਤਾਂ ਸ੍ਵਾਸ ਕਾਸ ਨਾਸ ਕਰੇ:—

੨੮੨੦-ਬਹੇੜੇ ਦੀ ਛਿੱਲ ਹੀ ਮੂੰਹ ਵਿਚ ਰਖੇ ॥੩੪੯॥

ਪਜ਼ਾਸ ਪਰ ਆਮਲਾਦਿ ਬਟੀ (ਸਾਰੰਗਧਰਾਤ)–ਦੋਹਰਾ

ਕੁਸਟ ਆਮਲੇ ਬਟਾ ਜਟਾ ਲਾਜਾ ਕਮਲ ਪ੍ਰਸੂਨ ॥
ਮਧੁ ਸੋ ਗੁਟਿ ਕਰ ਮੁਖ ਧਰੋ ਵਦਨ ਸੋਖ ਸਬ ਊਨ ॥੩੫੦॥

੨੮੨੧—ਮਿਠੀ ਕੁਠ, ਆਵਲੇ, ਬੋਹੜ ਦੀ ਜੜ; ਫੁਲੀਆਂ ਤੇ ਕਮਲ ਫੁਲ ਲੈਕੇ ਸ਼ਹਿਤ ਨਾਲ ਗੋਲੀ ਕਰੇ, ਮੂੰਹ ਵਿਚ ਰਖੇ ਤਾਂ (ਪਜ਼ਾਸ) ਮੂੰਹ ਦਾ ਸੁਕਣਾ ਨਾਸ ਹੋਵੇ । ੩੫੦॥

ਸੰਨਿਪਾਤ ਪਰ ਸੰਜੀਵਨੀ ਗੁਟੀ (ਸਾਰੰਗਧਰਾਤ)–ਦੋਹਰਾ

ਕ੍ਰਿਸਨਾ ਧਾਤ੍ਰੀ ਅਖਜ ਵਚ ਨਾਗਰ ਵਿਖ ਜੁ ਵੜਿੰਗ ॥

Digitized by Panjab Digital Library | www.panjabdigilib.org

ਭਲਾਤ ਗੜੂਚੀ ਮੂਤਗੋ ਗੁੰਜਾ ਭਾ ਗੁਟਿ ਅੰਗ।੩੫੧॥
ਅਦਰਕ ਰਸ ਸੋ ਦੀਜੀਐ ਏਕ ਅਜੀਰਣੁ ਦੇਇ॥
ਵਿਖ ਕੋ ਚਾਰਕ ਸਰਪ ਦੰਸ ਸੰਨਿਪਾਤ ਚੌ ਲੇਇ॥੩੫੨॥

੨੯੨੨—ਮਘ, ਆਂਵਲੇ, ਬਹੇੜਾ, ਵਚ, ਸੁੰਢ, ਮਿੱਠਾ ਤੇਲੀਆ, ਬਾਇਵੜਿੰਗ, ਭਿਲਾਵੇ ਤੇ ਗਿਲੋਯ, ਇਨ੍ਹਾਂ ਦੀ ਗਊਮੂਤ੍ਰ ਨਾਲ ਘੋਟਕੇ, ਰੱਤੀ ਪ੍ਰਮਾਣ ਗੋਲੀ ਕਰੇ। ਇਹ ਗੋਲੀ ਅਦਰਕ ਦੇ ਰਸ ਨਾਲ ਅਜੀਰਣ ਵਾਲੇ ਨੂੰ ੧, ਹੈਜ਼ੇ ਵਾਲੇ ਨੂੰ ੨, ਸੱਪ ਦੀ ਵਿਖ ਭਾਵ ਸੱਪ ਡੱਸੇ ਨੂੰ ਤਿੰਨ ਤੇ ਸੰਨਿਪਾਤ ਵਾਲੇ ਨੂੰ ਚਾਰ ਦੇਵੇ। (ਪਰੰਤੂ ਯਾਦ ਰਹੇ ਕਿ ਜੇ ਇਸ ਵਿਚ ਸਭ ਦੇ ਬਰਾਬਰ ਯਾ ਅਧਾ ਸੁਧ ਕੁਚਲਾ ਪਾਕੇ ਗੋਲੀ ਬੰਨ੍ਹੇ ਤਾਂ ਵਧੇਰੀ ਗੁਣਦੇਂਤੀ ਹੋਵੇ. ਇਹ ਸਾਡਾ ਅਨੁਭੂਤ ਹੈ)।

ਪੀਨਸਾਦਿ ਪਰ ਬਜੋਖਾਦਿ ਬਟੀ (ਸਾਰੰਗਧਰਾਤ)—ਦੋਹਰਾ

ਤ੍ਰਿਕੁਟਾ ਚਿਤ੍ਰਕ ਚੱਵਜ ਭਨਿ ਅਮਲਵੇਤ ਤਾਲੀਸ।
ਤਿੰਤੜੀਕ ਜੀਰਾ ਕਹਯਾ ਕਰਖ ਕਰਖ ਸਬ ਦੀਸ॥੩੫੩॥
ਤਜਪੱਤਰ ਜੋ ਲਾਇਚੀ ਟੰਕ ਟੰਕ ਏ ਲੇਇ।
ਗੁੜ ਪਲ ਪਾਵੇ ਪਾਂਚ ਲੈ ਗੁਟੀ ਕੁਟੀ ਕਰ ਲੇਇ॥੩੫੪॥
ਪੀਨਸ ਸ੍ਵਾਸਹਿ ਕਾਸ ਹਰਿ ਰੁਚਿ ਸ੍ਵਰ ਕਰਤੀ ਏਹ।
ਹਰੈ ਪੂਤਿਸਯਾਯ ਕਫ ਸਕਲ ਮੇਘ ਭਨਤ ਗੁਨ ਤੇਹ॥੩੫੫॥

੨੯੨੩-ਮਘ, ਮਿਰਚ ਸੁੰਢ, ਚਿਤ੍ਰਾ, ਚੱਵ, ਅਮਲਵੇਤ, ਤਾਲੀ ਸਪਤ੍ਰ, ਸਮਾਕ, ਯਾਂ ਇਮਲੀ ਦੀ ਛਿੱਲ ਤੇ ਜੀਰਾ ਇਹ ਸਭ ੧-੧ ਤੋਲਾ, ਤਜਪਤ੍ਰ ਤੇ ਇਲਾਚੀ, ਇਹ ੪-੪ ਮਾਸੇ, ਗੁੜ ੫ ਪਲ (੨੦ ਤੋਲ), ਸਭਨਾਂ ਦੀ ਗੋਲੀ ਬਣਾਕੇ ਸੇਵਨ ਕਰੇ ਤਾਂ ਪੀਨਸ—ਨਜ਼ੁਲਾ, ਦਮਾ, ਖਾਂਸੀ ਨਾਸ ਕਰੇ, ਰੁਚੀ ਪੈਦਾ ਕਰੇ, ਸੁਰ ਵਧਾਵੇ ਅਰ ਪ੍ਰਤ ਸ਼ਯਾਯ ਤਥਾ ਕਫ ਦਾ ਨਾਸ ਕਰਨ ਹਾਰੀ ਇਹ ਬਜੋਖਾਦਿ ਬਟੀ ਹੈ ॥੩੫੩॥ ਤੋਂ ੩੫੫॥

ਗੁੜ ਚਤੁਸ਼ਟਯ ਗੁਟੀ (ਸਾਰੰਗਧਰਾਤ)--ਦੋਹਰਾ

ਗੁੜ ਸੁੰਠੀ ਹਰਿ ਆਮ ਕੋ ਗੁੜ ਕ੍ਰਿਸ਼ਨਾ ਰੁਚ ਕਾਰ।
ਕ੍ਰਿਛ ਹਰੈ ਗੁੜਜੀਰਕੰ ਅਰਸ ਗੁੜਾ ਭਯ ਧਾਰ॥੩੫੬॥

੨੯੨੪-ਗੁੜ ਸੁੰਢ ਦੀ ਗੋਲੀ ਆਮ ਨੂੰ ਨਾਸ ਕਰਨਹਾਰੀ ਹੈ।

Digitized by Panjab Digital Library | www.panjabdigilib.org

੨੮੨੫-ਗੁੜ ਮਘ ਦੀ ਗੋਲੀ ਰੁਚੀਕਾਰ ਹੈ।

੨੮੨੬-ਗੁੜ ਜੀਰੇ ਦੀ ਗੋਲੀ ਮੂਤ੍ਰ ਕ੍ਰਿਛ ਨੂੰ ਨਾਸ ਕਰਨਹਾਰੀ ਹੈ।

੨੮੨੭-ਗੁੜ ਜੀਰੇ ਦੀ ਗੋਲੀ ਬਵਾਸੀਰ ਨੂੰ ਨਾਸ ਕਰਨ ਹਾਰੀ ਕਹੀ ਹੈ ॥੩੫੬॥

ਬਵਾਸੀਰ ਪਰ ਵਿਧਾਰਾ ਮੋਦਕ (ਸਾਰੰਗਧਰਾਤ)-ਦੋਹਰਾ

ਵ੍ਰਿਧ ਦਾਰ ਭਲਾਤ ਸੁੰਠ ਗੁੜ ਸੋ ਗੁਟੀ ਬਨਾਇ।
ਖਟ ਪ੍ਰਕਾਰ ਕੀ ਅਰਸ ਹਰਿ ਸਾਰੰਗਧਰ ਕੈ ਭਾਇ ॥੩੫੭॥

੨੮੨੮--ਵਿਧਾਰਾ, ਭਿਲਾਵੇ ਤੇ ਸੁੰਢ, ਗੁੜ ਨਾਲ ਗੋਲੀ ਬਣਾਵੇ। ਖਾਵੇ ਤਾਂ ਛੇ ਪ੍ਰਕਾਰ ਦੀ ਬਵਾਸੀਰ ਨਾਸ ਕਰੇ, ਇਹ ਸਾਰੰਗਧਾਰ ਦਾ ਲੇਖ ਹੈ।

ਬਵਾਸੀਰ ਪਰ ਸੂਰਣ ਬਟੀ (ਸਾਰੰਗਧਰਾਤ)-ਦੋਹਰਾ

ਸੂਕਾ ਸੂਰਣ ਪੀਸਕੈ ਬਤੀ ਭਾਗ ਮੇਂ ਲਾਇ।
ਸੋਲਾਂ ਭਾਗ ਸੁ ਚਿੱਤਰਾ ਸੁੰਠ ਭਾਗ ਚਤੁ ਪਾਇ ॥੩੫੮॥
ਮਰਚ ਭਾਗ ਦੁਇ ਗੁੜ ਸੰਗਹਿ ਗੋਲੀ ਕਰੋ ਬਨਾਇ।
ਅਰਸ ਰੋਗ ਸਬ ਜਾਤ ਹੈ ਮੇਘੈ ਦੀਯੋ ਸੁਨਾਇ ॥੩੫੯॥

੨੮੨੯—ਸੁਕਾਯਾ ਹੋਯਾ ਜਿਮੀਕੰਦ ਪੀਹਕੇ ੩੨ ਤੋਲੇ, ਚਿਤ੍ਰਾ ਅਰ ਤੋਲੇ, ਸੁੰਢ ੪ ਤੋਲੇ ਤੇ ਮਿਰ੍ਚ ੨ ਤੋਲੇ ਪਾਇਕੇ ਗੁੜ ਨਾਲ ਗੋਲੀ ਬੰਨ੍ਹੇ ਅਰ ਖਾਵੇ ਤਾਂ ਸਭ ਤਰਾਂ ਦੀ ਬਵਾਸੀਰ ਨਾਸ ਕਰੇ ॥੩੫੮॥੩੫੯॥

ਅਰਸ਼ ਪਰ ਬ੍ਰਿਧ ਸੂਰਣ ਬਟੀ (ਸਾਰੰਗਧਰਾਤ)-ਦੋਹਰਾ

ਸੂਰਣ ਵ੍ਰਿਧ ਜੁ ਦਾਰਹੀ ਖੋੜਸ ਖੋੜਸ ਭਾਗ।
ਮੂਸਲੀ ਚਿਤ੍ਰਕ ਅੱਠ ਅਠਾ ਔਰ ਪੀਸ ਇਕ ਭਾਗ ॥੩੬੦॥
ਸਿਵਾ ਵਿਭੀਤਕ ਨਾਗਰੰ ਕਣਾ ਭਲਾਤ ਵੜਿੰਗ।
ਕਣਾ ਮੂਰ ਤਾਲੀਸ ਲੈ ਧਾਤ੍ਰੀ ਫਲ ਸੁਭ ਅੰਗ ॥੩੬੧॥
ਚਾਰ ਚਾਰ ਏ ਭਾਗ ਲੈ ਏਲਾ ਮਰਚ ਸੁ ਤੱਜ।

Digitized by Panjab Digital Library | www.panjabdigilib.org

ਯੁਗ ਯੁਗ ਭਾਗ ਸੁ ਏ ਗਹੇ ਦ੍ਵਿਗਣੇ ਗੁੜ ਗੁਟ ਕਜ ॥੩੬੨॥
ਅਗਨਿ ਕਰਤ ਹਰਤਾ ਅਰਸ ਕਫ ਗ੍ਰਹਣੀ ਖਜ ਵਾਤ ।
ਸ੍ਵਾਸ ਕਾਸ ਪਲੀਹ ਸੋਥ ਹਿਕ ਹਰਤ ਭਗੰਦਰ ਸਾਤ ॥੩੬੩॥
ਹਰਤ ਸਲੀਪਦ ਪਦਨਿ ਤੇ ਪਲਤ ਹਰਤ ਵਿਖਜ ਜੋਇ ।
ਕਰਤ ਰਸਾਯਨ ਗੁਟ ਕਹੀ ਸਾਰੰਗਧਰ ਮਤਿ ਸੋਇ ॥੩੬੪॥

੨੯੩੦--ਜ਼ਿਮੀਕੰਦ ਤੇ ਵਿਧਾਰਾ (ਸਾਰਫ), ਇਹ ਦੋਨੋਂ ਸੋਲਾਂ ਸੋਲਾਂ ਤੋਲੇ, ਮੂਸਲੀ ਤੇ ਚਿਤ੍ਰਾ ਏਹ ਦੋਨੋਂ ੮-੮ ਤੋਲੇ, ਹਰੜ, ਬਹੇੜਾ, ਸੁੰਢ; ਮਘ, ਭਿਲਾਵ੍ਰੇ, ਬਾਇਵੜਿੰਗ; ਪਿੱਪਲਾ ਮੂਲ, ਤਾਲੀਸਪਤ੍ਰ ਤੇ ਆਵਲੇ, ਇਹ ਸਦ ਚਾਰ ਚਾਰ ਤਲੇ । ਲਾਚੀ; ਮ੍ਰਿਚ ਤੇ ਤੇਜ, ਇਹ ਦੋ ਦੋ ਤੋਲੇ, ਗੁੜ ਸਭ ਨਾਲੋਂ ਦੂਣਾ ਪਾਕੇ ਗੋਲੀ ਬੰਨ੍ਹ ਰਖੇ । ਖਾਵੇ ਤਾਂ ਇਹ ਅਗਨੀ ਵਧੌਣ ਵਾਲੀ ਹੈ, ਬਵਾਸੀਰ, ਕਫ, ਸੰਗ੍ਰਹਣੀ, ਖਈ, ਵਾਯੂ, ਦਮਾਂ, ਖਾਂਸੀ, ਲਿੱਫ, ਸੋਜ; ਹਿੜਕੀ, ਭਗੰਦਰ, ਸਲੀਪਦ ਤੇ ਪਲਤ ਇਹਨਾਂ ਦਾ ਨਾਸ ਕਰੇ, ਬ੍ਰਿਖ ਕਾਰਕ ਅਰ ਰਾਸਾਯਣ ਰੂਪ ਇਹ ਗੋਲੀ ਕਹੀ ਹੈ ॥੩੬੦॥ ਤੋਂ ੩੬੪॥

ਕਾਮਲਾਦਿ ਪਰ ਮੰਡੂਰ ਬਟੀ (ਸਾਰੰਗਧਰਾਤ)—ਦੋਹਰਾ

ਤ੍ਰਿਫਲ ਤ੍ਰਯੂਖਨ ਦਾਰੁ ਘਨ ਚਿੱਤ੍ਰਕ ਪੀਪਰ,ਮੂਰ ।
ਸੋਨ ਮਖੀ ਚਵ ਦਾਰੁ ਨਿਸ ਤ੍ਵਕ ਵਿੜਿੰਗ ਸਮ ਪੂਰ ॥੩੬੫॥
ਸਬ ਤੇ ਦੁਗਣੀ ਲੋਹੁ ਕਿਠ ਅਠ ਗੁਣਾ ਮੂਤ ।
ਪਕਾਇ ਗੁਟੀ ਦ੍ਵੈ ਤੱਕ੍ਰ ਸੋ ਪਾਡੁ ਅਰਸ ਹਰਿ ਹੂਤ ॥੩੬੬॥
ਸੋਥ ਕਾਮਲਾ ਮੇਹ ਕਫ ਉਰੂਸਤੰਬ ਮਿਟ ਜਾਇ ।
ਪਲੀਹਾ ਜੀਰਣ ਕੁਸ਼ਟ ਹਰਿ ਵਟੀ ਮੰਡੂਰ ਕਹਾਇ ॥੩੬੭॥

੨੯੩੧—ਤ੍ਰਿਫਲਾ (ਹਰੜ ਬਹੇੜਾ, ਆਵਲੇ); ਤ੍ਰਿਕੁਟਾ (ਮਘ, ਮ੍ਰਿਚ, ਸੁੰਢ),. ਦੇਵਦਾਰੁ, ਮੋਥਾ, ਚਿਤ੍ਰਾ, ਪਿੱਪਲਾ ਮੂਲ, ਸੋਨਮੱਖੀ, ਚੱਵ, ਦਾਰਹਲਧੀ, ਦਾਲਚੀਨੀ ਤੇ ਬਾਇਵੜਿੰਗ, ਇਹ ਸਭੋ ਸਮਾਨ ਲਵੇ; ਇਹਨਾਂ ਸਭਨਾਂ ਨਾਲੋਂ ਦੂਣਾ ਮਾਰਿਆ ਹੋਇਆ ਮਨੂਰ, ਫਿਰ ਸਭ ਨਾਲੋਂ ਅੱਠ ਗੁਣਾ ਅਧਿਕ ਗਊ ਦਾ ਪੇਸ਼ਾਬ ਪਾਇਕੇ ਪਕਾਵੇ, ਅਰ ਫਿਰ ਗੋਲੀ ਬਣਾਕੇ ਰੱਖੇ, ਤੇ ੧ ਗੋਲੀ ਨਿਤ ਗੋਕੇ ਮਠੇ ਨਾਲ ਤੇਵੇ, ਤਾਂ ਪਾਂਡੂ, ਬਵਾਸੀਰ, ਸੋਜ, ਕਾਮਲਾ, ਪ੍ਰਮੇਹ, ਕਫ; ਉਰੂਸਤੰਭ, ਲਿੱਫ, ਅਜੀਰਣ ਤੇ ਕੁਸ਼ਟ, ਇਹ ਮੰਡੂਰਾਦਿ ਬਟੀ ਨਾਸ ਕਰੇ ॥੩੬੭॥

Digitized by Panjab Digital Library | www.panjabdigilib.org

ਪ੍ਰਮੇਹਾਦਿ ਪਰ ਚੰਦ੍ਰਪ੍ਰਭਾ ਗੁਟੀ (ਸਾਰੰਗਧਰਾਤ)–ਚੌਪਈ

ਸੋਮਾ ਵਚ ਘਨ ਕਿਰਾਤ ਸੁ ਧਾਰ। ਨਿਸ ਦੋ ਅਤਿ ਵਿਖ ਚਿੱਤ੍ਰਕਦਾਰ।
ਧਨੀਆਂ ਤ੍ਰਿਫਲਾ ਚੱਵ ਵੜਿੰਗ। ਕਣਾਮੂਰ ਗਜ ਪੀਪਰ ਅੰਗ।
ਤ੍ਰਿਕੁਟਾ ਸੋਨ ਮੱਖੀ ਦੋ ਖਾਰ। ਲਵਨ ਤੀਨ ਸਬ ਟੰਕ ਟੰਕ ਡਾਰ।
ਤ੍ਰਿਵਤਾ ਦੰਤੀ ਲੋਚਨ ਵੰਸ। ਤੁਗ ਏਲਾ ਪਤ੍ਰਜ ਕਰਿ ਖੰਸ ॥੩੬੯॥
ਕਰਖ ਕਰਖ ਸਬ ਏ ਲੈ ਪਾਇ। ਅਧਿਪਲ ਮ੍ਰਿਤ ਜੁ ਸਾਰ ਰਲਾਇ।
ਪਲੁ ਮਿਸਰੀ ਦੋ ਪਲ ਸਿਲਜੀਤ। ਦੋ ਪਲ ਗੁਗਲ ਗੁਟਿ ਕਰਿ ਮੀਤ
ਵਿਸੰਤ ਮੇਹ ਜੁ ਮੂਤ੍ਰ ਘਾਤ। ਪਥਰੀ ਕ੍ਰਿਛ ਵਿਵੰਧ ਮਿਟਾਤ।
ਸੂਰ ਅਫਾਰਾ ਅਰੁਬੁਧ ਗੰਥ। ਮੋਹਨ ਪਾਂਡ ਕਾਮਲਾ ਮੰਥੁ ॥੩੭੧॥
ਮੂਤਰ ਵ੍ਰਿਧ ਅੰਡ ਅਤਿ ਵ੍ਰਿਧ। ਕਟੀ ਸੂਲ ਵਿਕਰਿਚਕ ਵਿਧ।
ਹਲੀਮਕ ਭਗੰਦਰ ਸ੍ਵਾਸ। ਕੁਸਟ ਅਰਸ ਕੰਡੂਹਰਿ ਕਾਸ ॥੩੭੨॥
ਉਰਦ ਪਲੀਹਾ ਨੇਤ੍ਰ ਰੋਗੁ। ਪ੍ਰਦਰ ਸੁਕ੍ਰ ਹਿਤ ਰੁਚਿ ਕੋ ਯੋਗੁ।
ਮੰਦਾਗਨ ਕਫ ਪਿੱਤ ਜੁ ਵਾਤ। ਹਰਤ ਵ੍ਰਿਖ ਰਾਸਾਯਨ ਸਾਤ ॥੩੭੩॥

੨੩੩੨–*ਬਾਵਚੀ, ਵਚ, ਮੋਥਾ, ਚਿਰੇਤਾ, ਹਲਧੀ, ਦਾਰਹਲਧੀ, ਪਤੀਸ, ਚਿਤ੍ਰਾ, ਦੇਵਦਾਰ, ਧਨੀਆਂ, ਤ੍ਰਿਫਲਾ, ਚੱਵ, ਬਾਇਵੜਿੰਗ; ਪਿੱਪਲਾ ਮੂਲ ਲੰਬੀ ਮਘ, ਤ੍ਰਿਕੁਟਾ, ਮੋਨ ਮਖੀ, ਸੱਜੀਖਾਰ, ਜਖਾਰ, ਤਿੰਨੇ ਨਿਮਕ (ਸੇਂਧਾ, ਵਿੜ ਤੇ ਸੌ ਚਲ। ਏਹ ਸਭ ੪-੪ ਮਾਸ; ਤ੍ਰਿਵੀ, ਦੰਤੀ, ਤਬਾਸੀਰ ਦਾਲਚੀਨੀ, ਇਲਾਇਚੀ, ਤੇ ਪਤ੍ਰਜ ਇਹ ਸਭ ਤੋਲਾ ਤੋਲਾ। ਇਸ ਵਿਚ ਦੋ ਤੋਲੇ ਮ੍ਰਿਤ ਲੋਹਾ ਪਾਵੇ; ੪ ਤਲੇ ਮਿਸ਼ਰੀ, ੮ ਤੋਲੇ ਸ਼ਿਲਾਜੀਤ ਤੇ ੮ ਤੋਲੇ ਗੁਗਲ ਪਾਕੇ ਗੋਲੀ ਬੰਨ੍ਹ ਰੱਖੇ। †ਖਾਵੇ ਤਾਂ ਵੀਹ ਪ੍ਰਮੇਹ, ਸੁਜਾਕ, ਪਥਰੀ; ਮੂਤ੍ਰ ਕ੍ਰਿਛ, ਪੇਟ ਦੀ ਬੰਦਸ਼, ਸੂਲ, ਅਫਾਰਾ, ਅਰਬੁਦ, ਗ੍ਰੰਥੀ, ਪ੍ਰਮੇਹ, ਪਾਂਡੂ, ਕਾਮਲਾ; ਅੰਡ, ਬ੍ਰਿਧੀ, ਆਂਦ੍ਰ ਬ੍ਰਿਧੀ, ਕਮਰ ਦਾ ਸੂਲ, ਵਿਚ ਰਕਕ, ਹਲੀਮਕ, ਭਗੰਦ੍ਰ, ਦਮਾ, ਕੋੜ, ਬਵਾਸੀਰ,

---

*ਏਥੇ 'ਸੋਮਾ' ਪਾਠ ਦੇ ਥਾਂ ਅਸ਼ੁਧ ਪਾਠ 'ਸੁੰਢ' ਬੀ ਹੈ। ਪ੍ਰੰਤੂ ਸੋਮਾ ਸ਼ੁਧ ਹੈ, ਕਿਉਂਕਿ 'ਸੋਮ' ਤੇ ਚੰਦ੍ਰ ਪ੍ਰਭਾ, ਨਾਮ ਬਾਵਚੀ ਦਾ ਕੋਸ਼ਾਂ ਵਿੱਚ ਪ੍ਰਸਿੱਧ ਹੈ ਅਰ ਗੋਲੀ ਦਾ ਨਾਮ ਬੀ ਚੰਦ੍ਰ ਪ੍ਰਭਾ ਹੈ, ਏਹੋ ਨਾਮ ਸਾਰੰਗਧਰ ਵਿਚ ਹੈ ਸੋ ਇਹੀ ਅਰਥ ਨਿਭਾਂਤ ਹੈ। ਭਲਾ ਚੰਦ੍ਰ ਪ੍ਰਭਾ ਦਾ ਅਰਥ ਸੁੰਢ ਕਿਸਤਰਾਂ? ਪਰੰਤੂ ਬਾਬਚੀ ਸੋਧਕੇ ਪਾਵੇ।

†ਮਾਤ੍ਰਾ ੧੦ ਮਾਸੇ ਯਾ ੧੬ ਮਾਸੇ ਦੀ ਹੈ ਯਾ ਬਲ ਮਾਫਕ।

Digitized by Panjab Digital Library | www.panjabdigilib.org

ਖੁਰਕ, ਖਾਂਸੀ, ਪੇਟ ਰੋਗ, ਲਿੱਫ, ਨੇਤ੍ਰ ਰੋਗ ਤੇ ਪ੍ਰਦਰ, ਇਹ ਸਭੋ ਨਾਸ ਕਰੇ। ਬੀਰਜ ਵਧਾਵੇ; ਰੁਚੀ ਕਾਰਕ, ਮਦਾਗਨੀ ਕਫ, ਪਿੱਤ, ਵਾਯੂ ਦੀ ਨਾਸ਼ਕ, ਬ੍ਰਿਖਯ ਅਰ ਰਾਸ ਯਣ ਰੂਪ ਇਹ ਚੰਦ੍ਰ ਪ੍ਰਭਾ ਗੁਟੀ ਹੈ ॥੩੬੮॥੩੭੩॥

ਕੰਕਾਯਣ ਬਟੀ (ਸਾਰੰਗਧਰਾਤ)–ਚੌਪਈ

ਅਜਵਾਨੀ ਜੀਰਕ ਅਜਮੋਦੁ। ਗਿਰ ਕਰਣੀ ਧਨੀਆ ਲੈ ਸੋਧ।
ਉਪਕੁੰਚੀ ਟੰਕ ਚਾਰੇ ਚਾਰ। *ਹਿੰਗੁ ਟੰਕ ਖਟ ਲੀਜੈ ਧਾਰ ॥੩੭੪॥
ਲਵਨ ਪੰਚ ਯਵਖਾਰੇ ਸਾਜੀ। ਤ੍ਰਿਵਤਾ ਅਠ ਅਠ ਟੰਕ ਸੁਰਾਜੀ।
ਦੰਤੀ ਪੁਖਕਰਿ ਸਠੀ ਵੜਿੰਗ। ਦਾਰਮ ਚਿਤ੍ਰਕ ਹਰੜੈ ਅੰਗ।
ਅਮਲਵੇਤ ਸੁੰਠੀ ਕੋ ਆਨ। ਖੋੜਸ ਖੋੜਸ ਟੰਕ ਪ੍ਰਮਾਨ।
ਵੀਜੌਰੇ ਰਸ ਗੁਟੀ ਧਰਾਇ। ਇਨ ਅਨੁਪਾਨਹਿ ਸੰਗ ਖੁਲਾਇ।
ਪਯ ਘ੍ਰਿਤ ਮਦ ਖਟਜਾਈ ਸੰਗ। ਉਸਨ ਨੀਰ ਸੋ ਖਾਵਤ ਅੰਗ।
ਮਧ ਸੋਂ ਪਿੱਤ ਗੁਲਮ ਗੋਖੀਰ। ਕਫ ਗੁਲਮਹਿ ਗੋਮੂਤਰ ਬੀਰ ॥੩੭੭॥
ਤੀਨ ਦੋਖ ਦਸ ਮੂਲ ਜੁ ਕ੍ਵਾਥ। ਰਕਤ ਗੁਲਮ ਉਸਟ੍ਰ ਪਯ ਸਾਥ।
ਹਿਯ ਗਦ ਗ੍ਰਹਿਨੀ ਕ੍ਰਿਮ ਹਰਿ ਸੂਰ। ਅਰਸ ਰੋਗੁ ਕਾ ਕਾਟਤ ਮੂਰ ॥

੨੮੩੨–ਅਜਵਾਇਣ, ਜੀਰਾ, ਅਜਮੋਦ, ਚਿੱਟੀ ਹਰਮਲ, ਧਨੀਆਂ, ਕਾਲਾ ਜੀਰਾ, ਇਹ ੧੬-੧੬ ਮਾਸੇ *ਹਿੰਙ ੨੪ ਮਾਸੇ, ਪੰਜ ਲੂਣ, ਜੌਂਖਾਰ, ਸੱਜੀ ਤੇ ਤ੍ਰਿ[illegible], ਇਹ ਸਭ ੩੨-੩੨ ਮਾਸੇ, ਦੰਤੀ ਅਭਾਵ ਮੈ ਜੁਲਾਬਾ ਗੰਢੀ), ਪੁਹਕਰਮੂਲ, ਕਚੂਰ, ਬਾਇਵੜਿੰਗ, ਅਨਾਰਦਾਣਾ, ਚਿੱਤ੍ਰਾ, ਹਰੜ, †ਅਮਲ ਵੇਤ ਤੇ ਸੁੰਢ, ਇਹ ੬੪-੬੪ ਮਾਸੇ, ਵਿਜੌਰੇ (ਨਿੰਬੂ) ਦੇ ਰਸ ਵਿਚ ਗੋਲੀ ਬੰਨ੍ਹੇ। ਹੇਠ ਲਿਖੇ ਅਨੁਪਾਨਾਂ ਨਾਲ ਖੁਲਾਵੇ–ਦੁਧ, ਘਿਉ, ਸ਼ਰਾਬ, ਖਟਿਆਈ, ਗਰਮ ਜਲ ਨਾਲ ਦੇਵੇ। ਮਧ ਨਾਲ ਤੇ ਗੋਕੇ ਦੁਧ ਨਾਲ ਪਿੱਤ ਗੁਲਮ ਵਾਲੇ ਨੂੰ। ਕਫ ਗੁਲਮ ਨੂੰ ਗਊ ਮੂਤ੍ਰ ਨਾਲ ਦੇਵੇ। ਤ੍ਰਿਦੋਖ ਪਰ ਦਸ ਮੂਲ ਦੇ ਕਾੜ੍ਹੇ ਨਾਲ ਦੇਵੇ। ਰਕਤ ਗੁਲਮ ਹੋਵੇ ਤਾ ਊਟਣੀ ਦੇ ਦੁਧ ਨਾਲ ਦੇਵੇ, ਹੋਰ ਹ੍ਰਿਦਯ ਰੋਗ, ਸੰਗ੍ਰਹਣੀ, ਕ੍ਰਿਮਿ, ਸੂਲ ਤੇ ਬਵਾਸੀਰ, ਇਹਨਾ ਰੋਗਾਂ ਦੀ ਜੜ ਕੱਟਣੇ ਹਾਰੀ ਇਹ ਕੰਕਾਯਨ ਬਟੀ ਹੈ ॥੩੭੪॥੩੭੮॥

ਬਾਤਾਦੀ ਰੋਗੋਂ ਪਰ ਯੋਗਰਾਜ ਗੁੱਗਲ (ਸਾਰੰਗਧਰਾਤ)–ਚੌਪਈ

ਨਾਗਰ ਪੀਪਰ ਮੂਰ ਸੁ ਕਣਾ। ਚਵਿ ਚਿੱਤ੍ਰਕੁ ਹਿੰਗੁ ਸਰਖਪ ਭਣਾ।

---

*ਘਿਉ ਵਿਚ ਤਲਕੇ ਵਰਤੇ।

†ਅਮਲਵੇਤ ਸੂਈਖਾਰ ਗਲਗਲ ਦਾ ਨਾਮ ਹੈ।

Digitized by Panjab Digital Library | www.panjabdigilib.org

ਅਜਮੋਦਾ ਜੀਰਾ ਦੇ ਪਾਠ। ਰੇਣਕ ਇੰਦ੍ਰ ਯਵ ਮ੍ਰਚਾਂ ਮਾਠ॥੩੮੯॥
ਕੜੂ ਗਜ ਕਣਾ ਵਿਖਾ ਵੜਿੰਗ। ਭਾਰਗੀ ਮੂਰਵਾ ਟੰਕ ਟੰਕ ਅੰਗ।
ਸਬ ਤੇ ਦੂਨਾ ਤ੍ਰਿਫਲਾ ਆਨ। ਸਬ ਸਮਾਨ ਗੁੱਗਲ ਕੋ ਠਾਨ ॥੩੯੦॥
ਵੰਗਰੂਪ ਰਸ ਅਭ੍ਰਕ ਪੂਰ। ਨਾਗ ਲੋਹ ਰਜ ਰਸ ਸੰਧੂਰ।
ਪਾਇ ਮਨੂਰ ਸਭੀ ਮ੍ਰਿਤ ਆਨ। ਪਲ ਪਲ ਮਾਤ੍ਰਾ ਇਨਕੀ ਠਾਂਨ॥
ਸਕਲ ਕੂਟ ਗੁਟਕਾ ਇਕ ਸਾਣ। ਤੀਨ ਦੋਖ ਪਰਮੇਹੈ ਹਾਨ।
ਵਾਤ ਚੌਰਾਸੀ ਕੁਸਟਾ ਅਰਸ। ਵਾਤ ਰਕਤ ਗ੍ਰਹਿਣੀ ਹਰਿ ਖਰਸ॥
ਉਦਾਵਰਤ ਖਯ ਗੁਲਮਾਂ ਸੂਰ। ਮ੍ਰਿਗੀ ਭ੍ਰਗੰਦ੍ਰ ਉਦਰ ਗ੍ਰਹ ਚੂਰ।
ਮੰਦਾਗਨਿ ਸ੍ਵਾਸਾ ਅਰ ਕਾਸ। ਰੇਤੁ ਦੋਖ ਰਿਤ ਦੋਖ ਵਿਨਾਸ॥੩੯੩॥
ਵੰਧਜਾ ਕੋ ਪੁਤ੍ਰ ਹੋਇ ਸਹੀ। ਕ੍ਵਾਥ ਰਾਸਨਾ ਮਾਰਤ ਗਹੀ।
ਕ੍ਵਾਥ ਕੰਕੋਲੀ ਸੰਗਦੈ ਪਿੱਤ॥ ਅਮਲਤਾਸ ਕ੍ਵਾਥਹਿ ਕਫ ਜਿੱਤ॥
ਮੇਂਹ ਰੋਗੁ ਨਿਸ ਦਾਰੈ ਕ੍ਵਾਥ। ਪਾਂਡ ਰੋਗ ਗੋ ਮੂਤਰ ਸਾਥ।
ਮੇਦ ਰੋਗ ਮਦੁ ਸੰਗੈ ਦੇਇ। ਕਸਟਹਿ ਨਿੰਬ ਕ੍ਵਾਥ ਸੰਗ ਲੇਇ।
ਛਿੰਨਾ ਕ੍ਵਾਥਹਿ ਦੈ ਰਕਤ ਪਿੱਤ। ਮੂਲੀ ਕ੍ਵਾਥਹਿ ਸੋਫ ਹਰਤ।
ਮੁੱਖ ਵਿਖੈ ਪਾਟਲ ਕੇ ਕ੍ਵਾਥ। ਕ੍ਵਾਥਸੁ ਤ੍ਰਿਫਲੇ ਨੇਤ੍ਰ ਸਾਥ॥੩੯੬॥
ਉਦਰ ਰੋਗੁ ਇਟਸਿਟ ਕੇ ਕ੍ਵਾਥ। ਰੋਗੁ ਘਨੇ ਹਰਤਾ ਲਖ ਯਾਹ।
ਯੋਗ ਰਾਜੁ ਗੁੱਗਲ ਹੈ ਏਹ। ਸਾਰੰਗਧਰ ਮਤ ਮੇਘ ਕਹੇਹ ॥੩੯੭॥

੨੮੩੪—ਸੁੰਢ, ਪਿਪਲਾ ਮੂਲ, ਮਘ, ਚੱਵ, ਚਿੱਤ੍ਰਾ, ਹਿੰਙ, ਚਿੱਟੀ ਸਰੋਂ, ਅਜਮੋਦ, ਜੀਰਾ ਚਿੱਟਾ, ਜੀਰਾ ਕਾਲਾ, ਪਾਠਾ—ਬਹਿਕੜ, ਸਭਾਲੂ ਦੇ ਬੀਜ, ਇੰਦ੍ਰਜੌਂ, ਮਿੱਠੇ, ਮ੍ਰਿਚਾਂ, ਕੌੜ. ਲੰਬੀ ਮਘ, ਪਤੀਸ, ਬਾਇਬੜਿੰਗ; ਭੜਿੰਗੀ, ਮਰੋੜਫਲੀ, ਇਹ ਸਭ ੪-੪ ਮਾਸੇ। ਸਭਨਾਂ ਨਾਲੋਂ ਦੂਣਾ ਤ੍ਰਿਫਲਾ ਅਰਥਾਤ ਹਰੜ, ਬਹੇੜਾ ਤੇ ਆਵਲੇ ਇਹਨਾਂ ਦਾ ਚੂਰਣ। ਫਿਰ ਸਭਨਾਂ ਦੇ ਬਰਾਬਰ ਦਾ ਸਾਫ ਗੁੱਗਲ ਪਾਵੇ। ਸਭਨਾਂ ਨੂੰ ਮਿਲਾਵੇ। ਹੋਰ ਵੰਗ, ਚਾਂਦੀ, ਅਭਰਕ, ਸਿੱਕਾ, ਲੋਹਾ, ਰਸ ਸੰਧੂਰ ਤੇ ਮਨੂਰ ਇਹ ਸਭ ਮਾਰੇ ਹੋਏ ੪-੪ ਤੋਲੇ ਪਾਕੇ ਫਿਰ ਕੁੱਟਕੇ ਗੋਲੀ ੪ ਮਾਸੇ ਦੀ ਕਰੇ। ਇਸਨੂੰ ਫਿਰ ਖਾਵੇ ਤਾਂ ਤ੍ਰਿਦੋਖ, ਪ੍ਰਮੇਹ, ਚੌਰਾਸੀ ਵਾਯੂ, ਕੁਸ਼ਟ, ਬਵਾਸੀਰ; ਬਾਤ ਰਕਤ (ਸੁਰਖਬਾਦਾ), ਸੰਗ੍ਰਹਿਣੀ, ਖੁਰਧ, ਉਦਾਵਰਤ, ਖਈ, ਗੁਲਮ, ਸੂਲ, ਮ੍ਰਿਗੀ, ਭਗੰਦ੍ਰ; ਪੇਟ ਦੀ ਰੁਕਾਵਟ; ਮੰਦਾਗਨੀ, ਦਮਾ, ਖਾਂਸੀ, ਬੀਰਜ ਦੇ ਦੋਖ; ਰਿਤੂ ਦੇ ਦੋਖ, ਇਹ ਸਭ ਨਾਸ ਕਰੇ ਅਰ ਬੰਧਜਾ ਖਾਇ ਤਾਂ ਪੁਤ੍ਰ ਪੈਦਾ ਕਰੇ। ਜੇ ਰਾਸਨਾ ਦੇ ਕਾੜ੍ਹੇ

Digitized by Panjab Digital Library | www.panjabdigilib.org

ਨਾਲ ਸੇਵਨ ਕਰੇ ਤਾਂ ਵਾਯੂ ਰੋਗ ਨਾਸ ਕਰੇ। ਕੰਕੋਲੀ ਆਦਿ ਕ੍ਵਾਥ ਨਾਲ ਦੇਵੇ ਤਾਂ ਪਿੱਤ ਦੇ ਰੋਗ ਨਾਸ ਕਰੇ। ਅਮਲਤਾਸ ਦੇ ਕਾੜ੍ਹੇ ਨਾਲ ਸੇਵਨ ਕਰੇ ਤਾਂ ਕਫ ਰੋਗ ਜੀਤੇ। ਪ੍ਰਮੇਹ ਰੋਗ ਪਰ ਦਾਰਹਲਧੀ ਦੇ ਕਾੜ੍ਹੇ ਨਾਲ ਦੇਵੇ। ਪਾਂਡੂ ਪਰ ਗਊਮੂਤ੍ਰ ਨਾਲ ਦੇਵੇ। ਮੇਦ (ਮੋਟਾਪਨ) ਰੋਗ ਵਾਲੇ ਨੂੰ ਮਧ ਨਾਲ ਦੇਵੇ। ਨਿੰਮ ਦੇ ਕਾੜ੍ਹੇ ਨਾਲ ਕੁਸ਼ਟੀ ਨੂੰ ਦੇਵੇ, ਰਕਤ ਪਿੱਤ ਵਾਲੇ ਨੂੰ ਗਿਲੋਯ ਦੇ ਕਾੜ੍ਹੇ ਨਾਲ ਖੁਲਾਵੇ। ਸੋਜ ਵਾਲੇ ਨੂੰ ਮੂਲੀ ਦੇ ਕ੍ਵਾਥ ਨਾਲ ਦੇਵੇ। ਮੂੰਹ ਦੇ ਰੋਗ ਵਾਲੇ ਨੂੰ ਪਾਟਲ=ਗੁਲਾਬ ਦੇ ਕਾੜ੍ਹੇ ਨਾਲ ਦੇਵੇ। ਨੇਤ੍ਰਾਂ ਦੇ ਰੋਗਾਂ ਪਰ ਤ੍ਰਿਫਲੇ ਦੇ ਕਾੜ੍ਹੇ ਨਾਲ ਦੇਵੇ। ਜੇ ਕਦੇ ਪੇਟ ਦੇ ਰੋਗ ਹੋਣ ਤਾਂ ਇਟਸਿਟ ਦੇ ਕਾੜ੍ਹੇ ਨਾਲ ਦਿਤਾ ਕਰੇ। ਹੋਰ ਬੀ ਅਨੇਕਾਂ ਰੋਗਾਂ ਦਾ ਨਾਸ ਕਰਨਹਾਰਾ ਇਹ ਯੋਗ ਰਾਜ ਗੁੱਗਲ ਸਾਰੰਗਧਰ ਵਿਚੋਂ ਕਿਹਾ ਹੈ ਭਾਵੇਂ ਯੋਗਰਾਜ ਗੁੱਗਲ ਦੇ ਭਿੰਨ ਭਿੰਨ ਬੀ ਪ੍ਰਯੋਗ ਹਨ, ਫਿਰ ਬੀ ਇਹ ਸਭ ਨਾਲੋਂ ਸਰੇਸ਼ਟ ਹੈ ॥੩੭੯ ਤੋਂ ੩੮੭॥

ਕਿਸ਼ੋਰ ਗੁਗਲ (ਬਾਤ ਰਕਤ ਪੁਰ) (ਸਾਰੰਗਧਰਾਤ)

ਤ੍ਰਿਫਲਾ ਪ੍ਰਸਥ ਤੀਨ ਮੰਗਵਾਇ। ਛਿੰਨਾ ਪ੍ਰਸਥ ਏਕ ਲੈ ਦਾਇ।
ਸਾਰਦ ਦ੍ਰੋਣ ਜਲ ਕੁੱਟ ਪਕਾਇ। ਅਰਧ ਨੀਰ ਰਾਖੀ ਛਨਵਾਇ॥
ਤਾਮਹਿ ਗੁੱਗਲ ਪ੍ਰਸਥ ਪਚਾਇ। ਕਰੋ ਚਾਸਨੀ ਖਰੀ ਸੁਭਾਇ।
ਤ੍ਰਿਫਲਾ ਦੋ ਪਲ ਪਲ ਇਕ ਛਿੰਨਾ। ਤ੍ਰਿਯੂਖਨ ਪੈਸੇ ਤੀਨ ਸੁ ਦਿੰਨਾ॥
ਦੇਤੀ ਕਰਖ ਪਲਾਰਧ ਵੜਿੰਗ। ਤ੍ਰਿਵੀ ਕਰਖ ਪੀਸੀ ਸਬ ਅੰਗ।
ਮੇਲ ਚਾਸਨੀ ਗੁਟੀ ਜੁ ਟੰਕ। ਅਨੂਪਾਨ ਸੋ ਖਾਵੇ ਰੰਕ॥੩੯੦॥
ਪਯ ਮੰਜਿਸਟਾ ਕ੍ਵਾਥੇ ਸਾਥ। ਉਸਨ ਨੀਰ ਸੋ ਦੇਵੇ ਆਥ।
ਵਾਤਰਕਤ ਕੁਸਟਾ ਤਿਰਦੋਖ। ਸਬ ਬ੍ਰਿਣ ਗੁਲਮਾ ਮੇਹ ਸੁਰੋਖ॥
ਪਿਟਕਾ ਮੇਹ ਮੰਦਾਗਨਿ ਜਾਇ। ਕਾਸ ਸ੍ਵਾਸ ਪਾਂਡੂ ਹਰਿ ਵਾਇ।
ਵਾਂਸੇ ਕ੍ਵਾਥੇ ਨੇਤ੍ਰ ਰੋਗੁ। ਵਰਨਾ ਕ੍ਵਾਥ ਗੁਲਮ ਕੇ ਯੋਗੁ॥੩੯੨॥
ਖਦਿਰ ਕ੍ਵਾਥ ਸੋ ਕੁਸਟ ਨਸਾਇ। ਰਸਾਯਨ ਜਾਨੋ ਮਤਿ ਲਾਇ।
ਖਾਟਾ ਮੀਠਾ ਤੀਖਣ ਰੋਖ। ਮੈਥੁਨ ਸ੍ਰਮ ਆਤਪ ਤਜਿ ਸੋਖ॥੩੯੩॥

੨੮੩੫-ਤ੍ਰਿਫਲਾ [ਹਰੜ, ਬਹੇੜਾ, ਆਂਵਲੇ) ੧੯੨ ਤੋਲੇ (੨ ਸੇਰ ੬ ਛਟਾਂਕ ੨ ਤੋਲੇ); ਗਿਲੋਯ ੬੪ ਤੋਲੇ। ਪਾਣੀ ਡੇਢ ਦਰੋਣ=੪੮ ਸੇਰ (੧ ਮਣ ੮ ਸੇਰ) ਵਿਚ ਉਪਰ ਲਿਖੀਆਂ ਚੀਜ਼ਾਂ ਕੁਟਕੇ ਪਾਕੇ ਪਕਾਵੇ, ਜਦ ਅੱਧਾ ਜਲ ਰਹੇ ਤਾਂ ਉਤਾਰਕੇ ਛਾਣ ਲਵੇ। ਉਸ ਵਿਚ ਗੁਗਲ ਫਿਰ ੬੪

Digitized by Panjab Digital Library | www.panjabdigilib.org

ਤੋਲੇ ਪਾਵੇ ਤੇ ਪਕਾਵੇ, ਅਰਥਾਤ ਉਸਦੀ ਚਾਸਨੀ ਤਿਆਰ ਕਰੇ। ਉਸ ਵਿਚ ਤ੍ਰਿਫਲਾ ੨ ਪਲ ੮ ਤੋਲੇ), ੪ ਤੋਲੇ ਗਿਲੋਯ, ਤ੍ਰਿਕੁਟਾ ਤਿੰਨ ਪੈਸਾ ਭਰ। ਦੰਤੀ ੧ ਤੋਲਾ (ਅਭਾਵ ਮੈ ਜੁਲਾਬਾ ਗੰਦੀ), ੪ ਤੋਲੇ ਬਾਇਵਡੰਗ ਤੇ ਤ੍ਰਿਵੀ ੧ ਤੋਲਾ, ਇਹ ਸਭ ਪੀਹਕੇ ਚਾਸਨੀ ਵਿਚ ਪਾਕੇ ਮਿਲਾਵੇ ਤੇ ਗੋਲੀ ੪ ਮਾਸੇ ਦੀ ਬੰਨ੍ਹੇ। ਇਸਨੂੰ ਫਿਰ ਅਨੂਪਾਨ ਨਾਲ ਸੇਵਨ ਕਰੇ। ਦੁਧ ਯਾ ਮੰਜਿਸਟਾਦਿ ਕਵਾਥ ਨਾਲ, ਅਥਵਾ ਗਰਮ ਜਲ ਨਾਲ ਦੇਵੇ ਤਾਂ ਬਾਤ ਰਕਤ, ਕੁਸ਼ਟ ਤ੍ਰਿਦੋਖ, ਸਭ ਤਰਾਂ ਦੇ ਬ੍ਰਿਣ, ਗੁਲਮ, ਪ੍ਰਮੇਹ, ਪ੍ਰਮੇਹ ਪਿੜਕਾ, ਮੰਦਾਗਨੀ, ਖਾਂਸੀ, ਦਮਾ, ਪਾਂਡੂ ਤੇ ਵਾਯੂ ਨਾਸ ਕਰੇ। ਜੇ ਬਾਂਸੇ ਦੇ ਕਾੜ੍ਹੇ ਨਾਲ ਦੇਵ ਤਾਂ ਨੇਤਰ ਰੋਗ ਨਾਸ਼ ਕਰੇ ਬਰਨੇ ਦੇ ਕਾੜ੍ਹੇ ਨਾਲ ਗੁਲਮ ਰੋਗ ਨਾਸ ਕਰੇ। ਖਰ ਦੇ ਕਾੜ੍ਹੇ ਨਾਲ ਸੇਵਨ ਕਰੇ ਤਾਂ ਕੁਸ਼ਟ ਨਾਸ ਕਰੇ। ਇਹ ਰਸਾਇਣ ਰੂਪ ਹੈ, ਇਸਦੇ ਸੇਵਨ ਸਮਯ ਖੱਟਾ, ਮਿੱਠਾ, ਤੀਛਣ, ਕ੍ਰੋਧ; ਮੈਥੁਨ, ਸ਼੍ਰਮ ਅਤੇ ਆਤਪ=ਧੁਪ ਤੇ ਅਗ ਆਦਿ ਦਾ ਸੇਕਣਾ ਸਬ ਬ੍ਰਜ ਦੇਵੇ ।੩੮੮॥ ਤੋਂ ੩੯੩॥

ਭਗੰਦ੍ਰ ਪਰ ਤ੍ਰਿਫਲਾ ਗੁਗਲ (ਸਾਰੰਗਧਰਾਤ)

ਤ੍ਰਿਫਲਾ ਪਲੁ ਤੀਨੇ ਲੈ ਆਇ। ਕ੍ਰਿਸਨਾ ਚੂਰਨ ਪਲੁ ਇਕ ਥਾਇ।
ਗੁੱਗਲ ਪਲ ਪਾਂਚੇ ਲੈ ਕੂਟ। ਗੁਟਕਾ ਕੀਜੀ ਖਾਵੇ ਹੂਟ ॥੩੯੪॥
ਗੁਲਮ ਭਗੰਦਰ ਸੋਥ ਨਸਾਇ। ਅਰਸ ਰੋਗ ਸਭ ਹੀ ਟਰ ਜਾਇ।
ਤ੍ਰਿਫਲਾ ਗਗਲ ਮੇਘ ਬਤਾਇ। ਸਾਰੰਗਧਰ ਤੇ ਆਨੀ ਸਾਇ ॥੩੯੫॥

੨੮੩੬—ਤ੍ਰਿਫਲਾ ਤਿਨ ਪਲ ਅਰਥਾਤ ੧੨ ਤੋਲੇ। ਮਘਾਂ ਦਾ ਚੂਰਣ ੪ ਤੋਲੇ। ਇਸ ਵਿਚ ਗੁੱਗਲ ੫ ਪਲ ਅਰਥਾਤ ੨੦ ਤੋਲੇ। ਇਸ ਨੂੰ ਫਿਰ ਕੁੱਟੇ ਤੇ ਗੋਲੀ ਬੰਨ੍ਹਕੇ ਖਾਵੇ ਤਾਂ ਇਹ ਗਲਮ, ਭਗੰਦਰ, ਸੋਜ ਤੇ ਬਵਾਸੀਰ ਸਭਤਰਾਂ ਦੀ ਨਾਸ ਕਰੇ। ਇਹ ਤ੍ਰਿਫਲਾ ਗੁੱਗਲ ਮੇਘ ਨੇ ਸਰੰਗਧਰ ਵਿਚੋਂ ਕਿਹਾ ਹੈ ॥੩੯੪॥੩੯੫॥

ਪ੍ਰਮੇਹੋਂ ਪਰ ਗੋਖਰਾਦਿ ਗੁੱਗਲ (ਸਾਰੰਗਧਰਾਤ)

ਆਠਾਈ ਪਲ ਗੋਖਰ ਲੇਇ। ਖਟ ਗੁਣ ਜਲ ਮਹਿ ਕ੍ਵਾਥ ਕਰੇਇ।
ਅਰਧਰਹੈ ਤਬ ਲੀਜੇ ਛਾਨ। ਪਾਇ ਕੜਾਹੈ ਅਗਨਿ ਸੁ ਠਾਨ ॥੩੯੬॥
ਗੁਗਲ ਪਲ ਸਾਤੇ ਤਿਸ ਪਾਇ। ਪਾਤ ਕਰੀ ਚੂਰਨ ਰਲਵਾਇ।
ਤ੍ਰਿਕੁਟਾ ਤ੍ਰਿਫਲਾ ਮੁਸਤਾ ਲੇਇ। ਸਾਤ ਸਾਤਪਲ ਪੀਸੀ ਦੇਇ ॥੩੯੭॥
ਗੋਲੀ ਕਰ ਖਾਵਤ ਨਰ ਨਾਰਿ॥ ਮੇਹ ਕ੍ਰਿਛ ਵਾਤਾਸਰ ਟਾਰ॥
ਮੂਤਰ ਕ੍ਰਿਛ ਪ੍ਰਦਰ ਸਬ ਬਾਤ॥ ਸੁਕ੍ਰ ਦੋਖ ਅਸਮਰੀ ਘਾਤ ॥੩੯੮॥

Digitized by Panjab Digital Library | www.panjabdigilib.org

੨੮੩੭—ਭੱਖੜਾ ੨੮ ਪਲ (੧੧੨ ਤੋਲੇ), ਛੇ ਗੁਣਾਂ (੬੭੨ ਤੋਲੇ) ਵੱਧ ਜਲ ਪਾਕੇ ਕਾੜ੍ਹਾ ਕਰੇ, ਜਿਸ ਵਕਤ ਅੱਧਾ ਰਹੇ ਤਾਂ ਛਾਣ ਲਵੇ। ਮੁੜ ਕੜਾਹੇਂ ਵਿੱਚ ਪਾਕੇ ਅੱਗ ਹੇਠ ਜਲਾਵੇ। ਉਸ ਵਿਚ ਗੁਗਲ ੭ ਪਲ ਅਰਥਾਤ ੨੮ ਤੋਲੇ ਪਾਵ। ਜਦ ਉਸਦੀ ਪੱਤ ਜੇਹੀ ਹੋ ਜਾਵੇ ਤਾਂ ਹੇਠ ਲਿਖੀਆਂ ਚੀਜ਼ਾਂ ਦਾ ਚੂਰਣ ਪਾਵੇ। ਤ੍ਰਿਕੁਟਾ, ਤ੍ਰਿਫਲਾ, ਮੋਥਾ, ਇਹ ੭-੭ ਪਲ (੨੮ ੨੮ ਤੋਲੇ) ਪਾਵੇ। ਇਸਦੀ ਫਿਰ ਗੋਲੀ ਬੰਨ੍ਹਕੇ ਖਾਵੇ। ਭਾਵੇਂ ਪੁਰਖ ਭਾਵੇਂ ਇਸਤ੍ਰੀ ਸੇਵਨ ਕਰੇ ਤਾਂ ਪ੍ਰਮੇਹ, ਮੂਤ੍ਰ ਕ੍ਰਿਛ, ਬਾਤ ਰਕਤ, ਮੂਤ੍ਰ ਘਾਤ, ਪ੍ਰਦ੍ਰ ਅਤੇ ਸਭ ਤਰਾਂ ਦੀ ਵਾਯੂ, ਬੀਰਜ ਦਾ ਦੋਖ ਤੇ ਪਥਰੀ ਸਭੇ ਨਾਸ ਕਰੇ। ੩੯੮॥

ਕੁਸ਼ਟੋਂ ਪਰ ਤ੍ਰਿਫਲਾਦਿ ਮੋਦਕ (ਸਾਰੰਗਧਰਾਤ)—ਚੌਪਈ

ਤ੍ਰਿਫਲਾ ਪਲ ਅਠ ਪਲਹਿ ਭਲਾਤ। ਬਾਕੁਚਿ ਪਲ ਪਾਂਚੇ ਲੈ ਘਾਤ।
ਵੜਿੰਗ ਚਾਰ ਪਲੰ ਪਲੁ ਪਲੁ ਏਹ। ਮ੍ਰਿਤ ਲੋਹਾ ਤ੍ਰਿਵਤਾ ਪੁਰ ਤੇਹ॥
ਸਿਲਾਜੀਤ ਪਲੁ ਪਾਵੇ ਸਹੀ। ਪੁਹਕਰ ਅਧ ਪਲ ਪਾਵਨ ਕਹੀ।
ਅਧ ਪਲੁ ਚਿਤ੍ਰਕ ਮਰਚੈਂ ਟਾਂਕ। ਨਾਗਰ ਪੀਪਰ ਟੰਕ ਟੰਕ ਆਕ।
ਮੁਸਤਾ ਤੁਗ ਏਲਾ ਤਾਲੀਸ। ਕੁੰਕਮ ਟੰਕ ਟੰਕ ਲੈ ਈਸ।
ਖੰਡ ਬਰਾਬਰ ਪਾਤ ਕਰਾਇ। ਪੀਸੀ ਸਬ ਤਾਂ ਮਾਂਹਿ ਰਲਾਇ॥੪੦੧॥
ਪਲ ਮਾਤ੍ਰਾ ਗੋਲੀ ਕਰ ਖਾਇ। ਸਰਬ ਕੁਸ਼ਟ ਤ੍ਰਿਦੋਖ ਨਸਾਇ।
ਭਗੰਦਰ ਫੀਹਾ ਸਿਰਕਾ ਰੋਗ। ਗੁਲਮਜਿਹਵਾ ਤਾਲੂਗਲ ਯੋਗ॥੪੦੨॥
ਅਖਜ਼ਾ ਭ੍ਰੁਗਰਦਨ ਔਰੂ ਪੀਠ। ਜਠਰ ਰੋਗ ਸੋ ਕਹੂੰ ਨ ਦੀਠ।
ਅਧੋ ਰੋਗ ਭੋਜਨ ਤੇ ਆਦਿ। ਊਰਧ ਰੋਗ ਭੋਜਨ ਪਰਿ ਖਾਦ॥੪੦੩॥

੨੮੩੮—ਤ੍ਰਿਫਲਾ ੧ ਪਲ—੪ ਤੋਲੇ, ਭ੍ਰਿਲਾਵ ੮ ਪਲ—੩੨ ਤੋਲੇ, ਬਾਵਚੀ ੫ ਪਲ=੨੦ ਤੋਲੇ। ਬਾਇਵੜਿੰਗ ੪ ਪਲ—੧੬ ਤੋਲੇ। ਅਗੇ ਲਿਖੀਆਂ ਚੀਜ਼ਾਂ ੧-੧ ਪਲ ਅਰਥਾਤ ੪-੪ ਤੋਲੇ। ਮ੍ਰਿਤ ਲੋਹਾ, ਤ੍ਰਿਵੀ ਤੇ ਗੁੱਗਲ, ਸਿਲਾਜੀਤ ੪ ਤੋਲੇ। ਪੁਹਕਰਮੂਲ ੨ ਤੋਲੇ। ਚਿੱਤ੍ਰਾ ੨ ਤੋਲੇ, ਮ੍ਰਿਚਾਂ ੪ ਮਾਸੇ। ਸੁੰਢ ਤੇ ਮਘ, ਇਹ ਟੰਕ ਟੰਕ (੪-੪ ਮਾਸੇ), ਮੋਥਾ, ਦਾਲਚੀਨੀ, ਲਾਚੀ; ਤਾਲੀਸ ਪਤ੍ਰ ਤੇ ਕੇਸਰ, ਇਹ ਟੰਕ ਟੰਕ (੪-੪ ਮਾਸੇ), ਸਭਨਾਂ ਦੇ ਬਰਾਬਰ ਦੀ ਖੰਡ ਲੈਕੇ ਚਾਸਨੀ ਕਰੇ। ਚੀਜਾਂ ਪੀਹਕੇ ਚਾਸਨੀ ਵਿਚ ਪਾ ਦੇਵੇ; ਫਿਰ ੧ ਪਲ ਅਰਥਾਤ ੪ ਤੋਲੇ ਦੀ ਮਾਤ੍ਰ ਕਰਕੇ ਖਾਵੇ। ਸਭ ਤਰਾਂ ਦੇ ਕੁਸ਼ਟ, ਤ੍ਰਿਦੋਖ, ਭਗੰਦ੍ਰ, ਲਿੱਫ; ਸਿਰ ਦੇ ਰੋਗ, ਗੋਲਾ, ਜਿਹਬਾ ਦੇ ਰੋਗ, ਤਾਲੂ ਦੇ ਰੋਗ, ਗਲ ਦੇ ਰੋਗ, ਨੇਤ੍ਰ, ਭੌਂਹ, ਗਰਦਨ, ਪਿੱਠ ਤੇ ਪੇਟ ਦੇ ਰੋਗ ਕਿਤੇ ਨਜ਼ਰੀਂ ਨਹੀਂ ਆ ਸਕਦੇ। ਹ੍ਰਿਦੇ ਤੋਂ ਹੇਠ ਦੇ ਰੋਗਾਂ ਵਾਸਤੇ ਭੋਜਨ ਤੋਂ ਪਹਿਲੇ, ਉਪਰਲੇ ਰੋਗ ਵਾਸਤੇ ਭੋਜਨ ਦੇ ਪਿਛੋਂ ਖਾਵੇ॥੩੯੯॥੪੦੩॥

Digitized by Panjab Digital Library | www.panjabdigilib.org

ਗੰਡਮਾਲਾ ਪਰ ਕਚਨਾਰ ਗੁੱਗਲ (ਸਾਰੰਗਧਰਾਤ)

ਕਚਨਾਰਾ ਤ੍ਵਚਪਲ ਦਸ ਆਨ। ਤ੍ਰਿਫਲਾ ਖਟ ਪਲ ਤ੍ਰਿਕੁਟ ਤ੍ਰਿਠਾਨ।
ਵਰਣਾ ਤ੍ਵਚਪਲ ਆਨੋ ਸਹੀ। ਇਕਇਕ ਪਲ ਆਗੈ ਸੋ ਕਹੀ ॥੪੦੪॥
ਏਲਾ ਤ੍ਵਕ ਪੱਤ੍ਰਜ ਏ ਜਾਨ। ਸਬ ਚੂਰਣ ਸਮ ਗੂਗਲ ਮਾਨ।
ਕੂਟੀ ਗੋਲੀ ਟੰਕ ਪ੍ਰਮਾਨ। ਖਾਵਹੁ ਪ੍ਰਾਤਹਿ ਅਪਚੀ ਹਾਨ ॥੪੦੫॥
ਗੰਡਮਾਲ ਅਰਬੁਦ ਬ੍ਰਿਣ ਗ੍ਰੰਥ। ਗੁਲਮ ਕੁਸ਼ਟ ਭਾਗੰਦਰ ਮੰਥ।
ਮੁੰਡੀ ਕ੍ਵਾਥ ਖਦਰ ਵਾ ਕ੍ਵਾਥ। ਹਰੜ ਕ੍ਵਾਥ ਤਾਤੇ ਜਲ ਸਾਥ ॥੪੦੬॥

੨੯੩੯-ਕਚਨਾਰ ਦੀ ਛਿੱਲ ੧੦ ਪਲ ਅਰਥਾਤ ੪੦ ਤੋਲੇ। ਤ੍ਰਿਫਲਾ ੬ ਪਲ=੨੪ ਤਲੇ। ਤ੍ਰਿ-ਕੁਟਾ ੩ ਪਲ = ੧੨ ਤੋਲੇ। ਬਰਨੇ ਦੀ ਛਿੱਲ ਇਕ ਪਲ = ੪ ਤੋਲੇ। ਹੇਠ ਲਿਖੀਆਂ ਚੀਜ਼ਾਂ ਚਾਰ ਚਾਰ ਤੋਲੇ ਲਵੇ:—ਲਾਂਚੀ, ਦਾਲਚੀਨੀ ਤੇ ਤਜਪਤ੍ਰਜ, ਸਾਰਿਆਂ ਦੇ ਬਰਾਬਰ ਦਾ ਗੁੱਗਲ ਪਾਵੇ। ਕੁੱਟਕੇ ਗੋਲੀ ੪ ਮਾਸੇ ਦੀ ਕਰੇ। ਪ੍ਰਾਤਾਕਾਲ ਖਾਵੇ ਤਾਂ ਅਪਚੀ ਨਾਸ ਹੋਵੇ। ਗੰਡਮਾਲਾ, ਅਰਬੂਦ, ਬ੍ਰਿਣ, ਗ੍ਰੰਥੀ, ਗੋਲਾ, ਕੁਸ਼ਟ ਤੇ ਭਗੰਦ੍ਰ ਨਾਸ ਕਰੇ, ਪਰੰਤੂ ਇਸਨੂੰ ਮੁੰਡੀ ਦੇ ਕਾੜ੍ਹੇ, ਖੈਰ ਦੇ ਕਾੜ੍ਹੇ ਨਾਲ, ਯਾ ਹਰੜਾਂ ਦੇ ਕਾੜ੍ਹੇ ਨਾਲ, ਅਥਵਾ ਕੇਵਲ ਜਲ ਨਾਲ ਸੇਵਨ ਕਰੇ ॥੪੦੪ ਤੋਂ ੪੦੬॥

ਪੁਸ਼ਟ ਪਰ ਮਾਖਾਦਿ ਮੋਦਕ (ਸਾਰੰਗਧਰਾਤ)

ਨਿਸ ਤੁਖ ਮਾਖ ਕਨਕ ਵਾ ਚੂਨ। ਨਿਸ ਤੁਖ ਯਵ ਸਾਠੀ ਸਾਲੂਨ।
ਕਣਾ ਚੂਰਣ ਏ ਪਾਂਚੋ ਜਾਨ। ਪਲ ਪਲ ਮਾਤ੍ਰਾ ਪੀਸੀ ਛਾਨ ॥੪੦੭॥
ਗੋ ਘ੍ਰਿਤ ਮਾਹੈ ਸਦੀ ਬਨਾਇ। ਸਬ ਤੇ ਆਧੀ ਖੰਡ ਠਵਾਇ।
ਦੂਨਾ ਪਾਨੀ ਪਾਇ ਪਕਾਇ॥ ਮੰਦ ਮੰਦ ਆਤਸ਼ ਕਰਵਾਇ ॥੪੦੯॥
ਪਲ ਇਕ ਗੋਲੀ ਕਰੋ ਬਨਾਇ। ਸੰਧਯਾ ਕੇ ਦੂਧਹਿ ਸੰਗ ਖਾਇ॥
ਖਾਰ ਤੁਰਸ਼ ਕੀ ਰਖਯਾ ਕਰੇ॥ ਰਮੇ ਤ੍ਰਿਯਾ ਬਹੁ ਬਲ ਨਹਿ ਟਰੇ॥
ਮਾਖਾਦਿਕ ਮੋਦਕ ਏ ਕਹਿਯਾ॥ ਮੇਘ ਕਹਯੋ ਸਾਰੰਗਧਰ ਲਹਿਯਾ॥
ਰਾਸਾਯਨ ਜਾਨੋ ਤੁਮ ਏਹ॥ ਦਿਨ ਦਿਨ ਆਨੰਦ ਦੇਵੈ ਤੇਹ ॥੪੧੦॥

੨੯੪੦-ਮਹਾਂ ਦੀ ਦਾਲ ਧੋਕੇ ਕੱਢੀ ਹੋਈ ਦਾ ਆਟਾ, ਕਣਕ ਦਾ ਆਟਾ, ਜਵਾਂ ਦੀ ਘਾਟ ਦਾ

Digitized by Panjab Digital Library | www.panjabdigilib.org

ਆਟਾ, ਸੱਠੀ ਦੇ ਚਾਵਲਾਂ ਦਾ ਆਟਾਂ ਤੇ ਮਘਾਂ ਦਾ ਆਟਾ ਇਹ ਪੰਜੇ ੪-੪ ਤੋਲੇ ਲਵੇ। ਗੋਕੇ ਘਿਉ ਵਿਚ ਸਭਨਾਂ ਨੂੰ ਪਕਾਵੇ। ਫਿਰ ਇਸ ਵਿਚ ਸਭਨਾਂ ਨਾਲੋਂ ਅੱਧੀ ਖੰਡ ਪਾਵੇ, ਦੂਣਾ ਪਾਣੀ ਪਾਕੇ ਪਕਾਵੇ ਮੱਠੀ ਮੱਠੀ ਹਠ ਅੱਗ ਬਾਲੇ। ਪੱਕਕੇ ਤਿਆਰ ਹੋਣੇ ਪਰ ਇਸਦੀ ਮਾਤ੍ਰਾ ੪ ਤੋਲੇ ਦੀ ਹੈ, ਸੋ ਲੱਡੂ ਬੰਨ੍ਹ ਲਵੇ। ਰਾਤ ਨੂੰ ਦੁੱਧ ਨਾਲ ਖਾਇਆ ਕਰੇ। ਖਾਰੀ, ਖੱਟੀ ਚੀਜ ਦੀ ਬੰਦਸ਼ ਕਰੇ। ਫਿਰ ਇਸਤ੍ਰੀ ਸੰਗ ਕਰੇ, ਤਾਂ ਬਲ ਨਾ ਘਟੇ। ਇਸਦਾ ਨਾਮ ਮਾਖਾਂਦ ਮੋਦਕ ਹੈ। ਇਹ ਮੇਘ ਨੇ ਸਾਰੰਗਧਰ ਤੋਂ ਲਿਆਕੇ ਕਿਹਾ ਹੈ। ਇਹ ਰਸਾਯਣ ਰੂਪ ਹੈ, ਰੋਜ਼ ਅਨੰਦ ਦੇ ਦੇਣੇ ਹਾਰਾ ਹੈ। ੪੧੦।

ਅਥ ਪਾਕਾਧਿਕਾਰ-ਦੋਹਰਾ

ਸੀਸਾ ਵੰਗ ਨ ਪਰਤ ਹੀ ਔਰ ਧਾਤ ਵਾ ਪਾਕ॥
ਗੁਲਮ ਮੇਹ ਕਫ ਵਾਤ ਦੁਖ ਉਦਰ ਰੋਗ ਕਰਿ ਵਾਕ॥੪੧੧॥
ਬੰਗ ਜੁ ਸੈਨਹਿ ਇਹੁ ਕਹਯੋ ਰਸਰਤਨਾਕਰਿ ਵਾਨ॥
ਮ੍ਰਿਤ ਧਾਤੁ ਸੁਧ ਪਾਈਐ ਕਾਚੀ ਵਿਖ ਸਮ ਮਾਨ॥੪੧੨॥

੨੮੪੧—ਪਾਕ ਵਿੱਚ ਸਿੱਕਾ ਤੇ ਕਲੀ ਪਵੇ ਅਥਵਾ *ਨਾ ਪਵੇ, ਪਰੰਤੂ ਹੋਰ ਧਾਤੂ ਪਾਈ ਜਾਵੇ, ਉਹ ਪਾਕ ਹੁੰਦਾ ਹੈ। ਇਸਨੂੰ ਸੇਵਨ ਕਰੇ ਤਾਂ ਗੁਲਮ, ਪ੍ਰਮੇਹ, ਕਫ; ਵਾਯੂ ਦੇ ਰੋਗ, ਹੋਰ ਪਟ ਦੇ ਰੋਗਾਂ ਨੂੰ ਨਾਸ ਕਰੇ। ਵੰਗਸਨ ਅਤੇ ਰਸਰਤਨਾਕਰ ਦੇ ਵਚਨ ਹਨ, ਕਿ ਮ੍ਰਿਤੂ ਧਾਤੂ ਸੁਧ ਕਰਕੇ ਪਾਈ ਹੋਈ ਅੰਮ੍ਰਿਤ ਸਮਾਨ ਹੈ, ਇਸਨੂੰ ਪਾਵੇ, ਪਰੰਤੂ ਕੱਚੀ ਧਾਤੂ ਵਿਖ (ਜਹਰ) ਸਮਾਨ ਹੈ; ਇਸ ਨੂੰ ਕਦੇ ਨਾ ਪਾਵੇ ॥੪੧੧॥੪੧੨॥

ਪ੍ਰਥਮ ਸੌਭਾਗਯ ਸੁੰਠੀ (ਯੋਗਚਿੰਤਾਮਣੀਮਤਾਤ)

ਤੀਨ ਪ੍ਰਸਥ ਸੁੰਠੀ ਗਹੋ ਤੀਨ ਪ੍ਰਸਥ ਘ੍ਰਿਤ ਪਾਇ॥
ਤਾਂਮਹਿ ਭੂਨੋ ਸੁੰਠਿ ਕੋ ਖੀਰ ਚਤੁਰ ਗੁਣ ਧਾਇ॥੪੧੩॥
ਖੋਵਾ ਕਰ ਸੁੰਠੀ ਯੁਕਤ ਕਸਾਰ ਸਮਾਨ ਸੁ ਰਾਖ॥
ਦੂਧ ਸਮਾਨ ਜੁ ਖੰਡ ਲੈ ਪਾਤ ਬਨਾਵੇ ਸਾਖ॥੪੧੪॥
ਪੱਤ ਪਕਾਵਤ ਪਾਈਐ ਪ੍ਰਿਥਮਹਿ ਸੁੰਠ ਕਿਸਾਰ॥

---

*(ਵਾ) ਵਿਕਲਪ ਦਾ ਵਾਚਕ ਅਰਥਾਤ ਜਿਥੇ ਪੌਣੀ ਕ੍ਰਹੀ ਹੈ, ਉਥੇ ਪਾਵੇ, ਹਰ ਹਰ ਜਗਾ ਨਾ ਪਾਵੇ।

Digitized by Panjab Digital Library | www.panjabdigilib.org

ਔਰ ਔਖਧੀ ਪੀਸ ਠਿਲ ਰਾਖੀ ਭੂਮ ਉਤਾਰ ॥੪੧੫॥
ਜਾਤੀਫਲ ਜਲਵਤ੍ਰ ਮਿਸ ਤ੍ਰਿਫਲਾ ਕਣਾ ਲਵੰਗ।
ਯੁਗ ਜੀਰਾ ਧਨੀਯਾ ਧਰੋ ਏਲਾ ਦਾਖ ਸੁ ਅੰਗ ॥੪੧੬॥
ਹਿਮ ਖਜੂਰ ਸਤਾਵਰੀ ਔਰ ਵਿਦਾਰੀ ਕੰਦ ॥
ਅਧ ਅਧ ਪਲ ਏ ਲੀਜੀਏ ਮੇਲੋ ਪੀਸ ਆਨੰਦ ॥੪੧੭॥
ਖੋਪਾ ਅਠ ਪਾਈਐ ਚਾਰਟੰਕ ਦੇ ਸਾਰ ॥
ਪਾਹਨ ਭੇਦ ਜੁ ਟੰਕ ਚਉ ਤ੍ਰਿਵੀ ਟੰਕ ਦੋ ਡਾਰ ॥੪੧੮॥
ਸੌਂਫ ਚਿਰੌਂਜੀ ਵੀਜ ਦੇ ਅਠ ਅਠ ਟੰਕ ਪ੍ਰਮਾਨ।
ਸਕਲ ਪੀਸ ਤਾਂਮੇ ਭਿਲੋ ਤੀਨ ਕਰਖ ਗੁਟਿ ਠਾਨ ॥੪੧੯॥
ਨਾਰਿ ਅਚੇ ਅਤਿ ਰੂਪ ਹੋਇ ਮ੍ਰਿਦੁ ਤਨ ਬਦਨ ਸੁ ਚੰਦ।
ਕਠਿਨ ਪਯੋਧਰ ਯੋਨਿ ਅਤਿ ਦ੍ਰਿੜ੍ਹ ਹੋਇ ਅੰਗ ਅਨੰਦ ॥੪੨੦॥
ਵਾਤ ਸਕਲ ਟਰ ਜਾਤ ਹੁਇ ਮਰਦ ਖਾਇ ਬਹੁ ਧਾਤ।
ਸੁੰਠਿ ਪਾਕ ਮੁਨਿ ਮੇਘ ਭਨ ਸਕਲ ਗ੍ਰੰਥ ਵਿਖਯਾਤ ॥੪੨੧॥

੨੯੪੨–ਬਰੀਕ ਛਾਣੀ ਹੋਇ ਸੁੰਢ ੩ ਪ੍ਰਸਥ = ੧੯੨ ਤੋਲੇ; ਇਤਨਾ ਹੀ ਘਿਉ ਪਾਵੇ। ਘਿਉ ਵਿਚ ਸੁੰਢ ਨੂੰ ਭੁੰਨੇ; ਅਰ ਫਿਰ ਚਾਰ ਗੁਣੇ ਦੁੱਧ ਦਾ ਖੋਵਾ ਕਰੇ, ਓਹ ਸੁੰਢ ਵਿਚ ਪਾਕੇ ਕਸਾਰ ਜੇਹਾ ਭੁੰਨਕੇ ਕਰੇ। ਜਿਤਨਾਂ ਖੋਏ ਦਾ ਦੁੱਧ ਸੀ ਉਤਨੀ ਹੀ ਖੰਡ ਲੈਕੇ ਉਸਦੀ ਪੱਤ ਬਣਾਵੇ। ਉਹ ਪੱਤ ਪਕਾਈ ਹੋਈ ਸੁੰਢ ਦੇ ਕਸਾਰ ਕੀਤੇ ਹੋਏ ਵਿੱਚ ਪਾਵੇ, ਅਤੇ ਹੋਰ ਹੇਠ ਲਿਖੀਆਂ ਚੀਜਾਂ ਬੀ ਭੁੰਜੇ ਲਾਹਕੇ ਪੀਹਕੇ ਵਿਚ ਮਿਲਾ ਦੇਵੇ, ਸੋ:–ਜਾਫਲ; ਜਾਵਤ੍ਰੀ, ਸੌਂਫ, ਤ੍ਰਿਫਲਾ (ਹਰੜ, ਬਹੇੜਾ, ਆਂਵਲੇ), ਮਘ, ਲੌਂਗ, ਚਿੱਟਾ ਜੀਰਾ, ਕਾਲਾ ਜੀਰਾ, ਧਨੀਆਂ, ਲਾਚੀ, ਮੁਣੱਕਾ, ਚੰਦਨ, ਖਜੂਰ, ਸਤਾਵਰ ਤੇ ਸਜਾਲੀਆਂ, ਇਹ ਸਭ ਅੱਧਾ ਅੱਧਾ ਪਲ ਅਰਥਾਤ ੨-੨ ਤੋਲੇ। ਗਰੀ ਦਾ ਖੋਪਾ ਅੱਠ ਪਲ = ੩੨ ਤੋਲੇ ਪਾਵੇ; ੧੬ ਮਾਸੇ ਮ੍ਰਿਤ ਲੋਹਾ ਧਾਵੇ। *ਪਖਾਣੇ ਭਦ ੧੬ ਮਾਸੇ, ਤਿਰਵੀ ੮ ਮਾਸੇ, ਸੌਂਫ, ਚਿਰੌਂਜੀ ਦੀ ਗਿਰੀ, ਇਹ ੩੨-੩੨ ਮਾਸੇ, ਇਹ ਸਭ ਪੀਹਕੇ ਵਿਚ ਮਿਲਾਵੇ। ਫਿਰ ੩ ਤੋਲੇ ਦੀ ਗੋਲੀ ਅਰਥਾਤ ਲੱਡੂ ਬਨਾਕੇ ਖਾਵੇ। ਜੇ ਕਦੇ ਇਸਤਰੀ ਇਸਨੂੰ ਖਾਵੇ ਤਾਂ ਅਤਿਅੰਤ ਰੂਪਵੰਤੀ ਅਰਥਾਤ ਸੋਹਣੀ ਹੋਵੇ। ਉਸਦਾ ਸਰੀਰ ਨਰਮ ਮਖਮਲ ਜੇਹਾ ਅਤੇ ਮੂੰਹ ਚੰਦ੍ਰਮਾਂ ਜੇਹਾ ਚਮਕੇ, ਅਰ ਥਣ ਕਰੜੇ ਥਿੱਲਾਂ ਜੇਹੇ, ਯੋਨੀ ਤੰਗ ਹੋਵੇ, ਇਸ ਤਰਾਂ ਸਭ ਅੰਗ ਅਨੰਦ ਦੇਣ ਹਾਰੈ ਹੋ ਜਾਂਦੇ ਹਨ। ਵਾਯੂ ਦੇ ਵਿਕਾਰ ਨਾਸ ਕਰੇ। ਜੇ ਪੁਰਖ ਸੇਵਨ ਕਰੇ ਤਾਂ ਬਹੁਤੀ ਧਾਤੂ ਵਧੇ, ਸਿਹ ਸੁੰਠੀ ਪਾਕ ਵੈਦਕ ਵਿਚ ਪ੍ਰਸਿੱਧ ਹੈ ।।੪੧੩ ਤੋਂ ੪੨੧॥

---

*ਪਖਾਣਭੇਦ ਖਾਣੀ ਲੇਵੇ।

Digitized by Panjab Digital Library | www.panjabdigilib.org

ਸੁਪਾਰੀ ਪਾਕ—ਸੋਰਠਾ

ਸੋਪਾਰੀ ਪਲ ਆਠ, ਸਤਾਵਰ ਧਾਤ੍ਰੀ ਗਹੇ।
ਚਾਰ ਚਾਰ ਪਲ ਮਾਠ, ਨੀਰ ਸੇਰ† ਅਠ ਮਾਹਿ ਦੇ ॥੪੨੨॥
ਕ੍ਵਾਥ ਕਰੀ ਅਠ ਸੇਰ, ਜਲ ਰਾਖੀ ਨੈ ਛਾਨਿ ਲੈ।
ਪੂੰਗੀ ਛੂਟੇ ਫੇਰ, ਆਢਕ ਦੂਧਹਿ ਪਚਨ ਕਰਿ ॥੪੨੩॥
ਨੀਕਾ ਕਰੀ ਕਿਸਾਰ, ਥਾਲੀ ਮਹਿ ਰਾਖੈ ਜੁਦਾ।
ਪਲ ਪਚਾਸ ਸਿਤ ਧਾਰ, ਪਾਤ ਕਰੇ ਪੂੰਗੀ ਫਲਹਿ ॥੪੨੪॥
ਭੂਮਿ ਉਤਾਰੀ ਪਾਇ, ਪੂੰਗੀ ਫਲ ਔਖਧ ਸਕਲ।
ਪੀਸੀ ਖਰੀ ਛਿਨਾਇ, ਨਾਮ ਭਨੋ ਸੁਨਿ ਤਾਸ ਕੇ ॥੪੨੫॥
ਗਜਕੇਸਰ ਲਾਂਵੰਗ, ਚੰਦਨ ਘਨ ਧਨੀਆਂ ਮਿਰਚ।
ਸੁੰਠਿ ਚਿਰੌਂਜੀ ਵੰਗ, ਕਣਾ ਦਾਖ ਪਿਸਤਾ ਗਰੀ ॥੪੨੬॥
ਪਤ੍ਰਜ ਪਤ੍ਰ ਤਮਾਲ, ਏਲਾ ਜੀਰਾ ਯੁਗ ਹਿਮਹ।
ਜਾਤੀਫਲ ਲੈ ਛਾਲ, ਸੰਘਾੜੇ ਜਲ ਵੱਤਰੀ ॥੪੨੭॥
ਲੋਚਨ ਵੰਸ ਮੰਗਾਇ, ਅਰਧ ਅਰਧ ਪਲ ਪੀਸ ਖਿਪ।
ਤੀਨ ਕਰਖ ਗੁਟਿ ਬਾਇ, ਪ੍ਰਾਤ ਸਾਂਝ ਖਾਵਨ ਕਰੇ ॥੪੨੮॥
ਤਪਤਿ ਸੂਲ ਵਮਿ ਨਾਸ, ਦਾਹ ਘ੍ਰਾਣ ਕਾ ਰੋਗ ਏ।
ਥੰਭ ਰੁਧਿਰ ਗੁਦ ਆਸ, ਆਂਖ ਇੰਦਰੀ ਸ੍ਰਵਣ ਕਾ ॥੪੨੯॥
ਵੀਰਜ ਕਰਿ ਅਰ ਮੇਹ, ਮੂਤ੍ਰ ਘਾਤ ਹਰਿ ਮੂਤ੍ਰ ਕ੍ਰਿਛ।
ਖਾਵਤ ਤਿਰੀਯਾ ਏਹ, ਗਰਭਵਤੀ ਸਸਿ ਵਧਨ ਕਰਿ ॥੪੩੦॥

੨੮੪੩—ਸੁਪਾਰੀਆਂ ੮ ਪਲ—੩੨ ਤੋਲੇ, ਸਤਾਵਰ, ਆਵਲੇ ਇਹ ਦੋਨੋਂ ੪-੪ ਪਲ ਅਰਥਾਤ ੧੬-੧੬ ਤੋਲੇ। ਇਸ ਵਿਚ ਜਲ ੮ ਸੇਰ ਪਾਕੇ ਕਾੜ੍ਹਾ ਕਰਕੇ ਜਲ ਅੱਧਾ ਰਹੇ ਤਾਂ ਛਾਣ ਲਵੇ। ਫਿਰ ਕਾੜ੍ਹੇ ਦਾ ਜਲ ਰਖਕੇ ਸੁਪਾਰੀਆਂ ਨੂੰ ਭੰਨਕੇ ੮ ਸੇਰ ਦੁੱਧ ਵਿਚ ਪਕਾਵੇ। ਜਦ ਅੱਛੀ ਤਰਾਂ ਕਿਸ਼ਾਰ ਜੇਹਾ

---

†ਜਲ ਖੋੜਸ ਪ੍ਰਸਥਹਿ ਗਹੇ।

Digitized by Panjab Digital Library | www.panjabdigilib.org

ਮਾਵਾ ਹੋ ਜਾਵੇ ਤਾਂ ਉਸਨੂੰ ਥਾਲੀ ਵਿਚ ਅਲਹਿਦਾ ਹੀ ਰੱਖ ਲਵੇ। ਫਿਰ ੫੦ ਪਲ=੨੦੦ ਤੋਲੇ ਮਿਸ਼ਰੀ ਪਾਕੇ ਉਸ ਸੁਪਾਰੀਆਂ ਦੇ ਕਾੜ੍ਹੇ ਹੋਏ ਜਲ ਵਿਚ ਪੱਤ ਬਨਾਵੇ। ਫਿਰ ਚੁਲੇ ਤੋਂ ਲਾਹਕੇ ਸੁਪਾਰੀਆਂ ਦਾ ਮਾਵਾ ਹੋਰ ਚੀਜ਼ਾਂ ਵਿਚ ਮਿਲਾ ਦੇਵੇ। ਪਰੰਤੂ ਸਭ ਚੀਜਾਂ ਪੀਹਕੇ ਕੱਪੜੇ ਛਾਣ ਕੀਤੀਆਂ ਪਾਵੇ, ਸੋ ਨਾਗਕੇਸਰ, ਲੌਂਗ ਚੰਦਨ, ਮੋਥਾ, ਧਨੀਆਂ, ਮੂਰਾ, ਸੁੰਢ, ਚਿਰੌਂਜੀ, ਮ੍ਰਿਤ ਕਲੀ, ਮਘ, ਮੁਣੱਕਾ, ਪਿਸਤਾ, ਗਰੀ, ਤਜਸੱਕ, ਤਮਾਲ ਪਤ੍ਰ, ਲਾਚੀ, ਦੋਨੋਂ ਜੀਰੇ, ਜਾਫਲ, ਸੰਘਾੜੇ, ਜਾਵਿਤ੍ਰੀ ਤੇ ਤਬ ਸ਼ੀਰ, ਇਹ ਸਭ ੨-੨ ਤੋਲੇ ਪਾਕੇ ਮਿਲਾਯ ਗੋਲੀ ਅਰਥਾਤ ਲੱਡੂ ੩ ਤੋਲੇ ਦਾ ਬੰਨ੍ਹੇ, ਦੋਨੋਂ ਵਕਤ ਪ੍ਰਾਤਾ, ਰਾਤ ਖਾਯਾ ਕਰੇ। ਪਿੰਡੇ ਦੀ ਤਪੈਸ਼ (ਸਰੀਰ ਦਾ ਸੜਨਾ), ਸੂਲ ਕੇ, ਦਾਹ ਤੇ ਨਾਸਾਂ ਦੇ ਰੋਗ, ਸਭੇ ਨਾਸ ਕਰੇ। ਗੁਦਾ, ਮੂੰਹ ਰਸਤੇ, ਨੇਤ੍ਰਾਂ ਇੰਦੀ ਅਤੇ ਕੰਨਾਂ ਰਸਤੇ ਲਹੂ ਆਉਂਦਾ ਹੋਵੇ ਤਾਂ ਸਭ ਬੰਦ ਕਰੇ। ਇਹ ਬੀਰਜ ਕਾਰਕ, ਪ੍ਰਮੇਹ ਨਾਸਕ, ਸੁਜ਼ਾਕ ਤੇ ਮੂਤ੍ਰ ਕ੍ਰਿਛ ਬੀਜ ਨਾਸ ਕਰੇ। ਜੇ ਕਦੇ ਔਰਤ ਸੇਵਨ ਕਰੇ, ਤਾਂ ਚੰਦ੍ਰਮਾਂ ਸਮਾਨ ਮੁਖੜੇ ਵਾਲਾ ਪੁਤ੍ਰ ਪੈਦਾ ਕਰੇ (ਕਦੇ ਬੀ ਨਲੀ ਚੋਚੋ ਨਹੀਂ ਜਣਦੀ) ॥੪੨੨ ਤੋਂ ੪੩੦॥

ਪੀਪਲ ਪਾਕ (ਯੋਗਚਿੰਤਾਮਣੀਮਤਾਂਤ)–ਚੌਪਈ

ਕਣਾ ਪ੍ਰਸਥ ਪਚਸੇਰ ਜੁ ਖੀਰ। ਘ੍ਰਿਤ ਪਲ ਚਾਰ ਪਚਾਵੈ ਵੀਰ।
ਤੀਨੋ ਕਾ ਤੁਮ ਕਰੋ ਕਿਸਾਰ। ਸੋ ਰਾਖੋ ਤੁਮ ਥਾਲ ਮਝਾਰ ॥੪੩੧॥
ਪ੍ਰਸਥ ਦੋਇ ਖੰਡਹਿ ਕਰਪਾਤ। ਤਾਂਮਸਿ ਕਣਾ ਕਿਸਾਰ ਜੁ ਘਾਤ।
ਅਕਰਕਰਾ ਮੁਸਲੀ ਜੁ ਲਵੰਗ। ਕੌਂਚ ਗੋਖਰੂ ਏਲਾ ਅੰਗ ॥੪੩੨॥
ਜਾਤੀਫਲ ਜਲਵੱਤ੍ਰਿ ਤਮਾਲ। ਤਜ ਭਾਰੰਗੀ ਗ੍ਰੰਥਕ ਡਾਲ।
ਸੁੰਠ ਖਦਰਿ ਗਜਕੇਸਰ ਧਨੀਯਾ। ਅਜਮੋਦਾ ਮਸਤਕਿ ਏ ਘਨੀਯਾ।
ਮ੍ਰਿਤਕ ਵੰਗ ਤੰਬੇਸ੍ਵਰ ਸਾਰ। ਸਿੰਗ੍ਰਫ ਟੰਕ ਚਾਰ ਹੀ ਚਾਰ।
ਕਪੜ ਛਾਨ ਕਰ ਦੇਹੁ ਭਿਲਾਇ। ਦੋਇ ਟਾਂਕ ਕਾਪੂਰ ਮਿਲਾਇ।
ਗੁਟਕਾ ਪੈਸੇ ਦੋਇ ਬੰਧਾਇ। ਕਰੇ ਖੁਧਾ ਬਲ ਵ੍ਰਿਧਿ ਕਰਾਇ।
ਜ੍ਵਰ ਜੀਰਣ ਮੂਰਛਾ ਮ੍ਰਮ ਸ੍ਵਾਸ। ਹਿੱਕ੍ਵਾ ਪਾਂਡੁ ਮੋਹ ਵਮਿ ਕਾਸ ॥੪੩੫॥
ਏਤੇ ਰੋਗੁ ਮਿਟਾਵੈ ਏਹ। ਧਾਤੁ ਵ੍ਰਿਧ ਬਹੁ ਪੁਸਟ ਕਰੇਹ।
ਯੋਗੁ ਚਿੰਤਾਮਣ ਪੀਪਲ ਪਾਕ। ਕਹਿਤ ਮਘ ਭਾਖਾ ਕਰ ਵਾਕ ॥੪੩੬॥

੨੮੪੪—ਮਘਾਂ ੬੪ ਤੋਲੇ, ੫ ਸੇਰ ਦੁਧ, ੧੬ ਤੋਲੇ ਘਿਓ, ਇਨ੍ਹਾਂ ਨੂੰ ਪਕਾਵੇ। ਇਨ੍ਹਾਂ ਤਿੰਨਾਂ ਦਾ ਕਿਸਾਰ ਕਰ ਲਵੇ। ਉਸ ਕਿਸਾਰ ਨੂੰ ਥਾਲੀ ਵਿਚ ਰਖੇ ਤੇ ੨ ਪ੍ਰਸਥ=੧੨੦ ਤੋਲੇ ਖੰਡ ਦੀ ਪੱਤ ਕਰੇ, ਉਸ ਵਿਚ ਮਘਾਂ ਵਾਲਾ ਕਿਸਾਰ ਪਾ ਦੇਵੇ ਅਰ:—ਅਕਰਕਰਾ, ਮੂਸਲੀ ਲੌਂਗ; ਕੌਂਚਬੀਜ, ਭੱਖੜਾ, ਇਲਾਯਚੀ, ਜਾਫਲ. ਜਾਵਿਤ੍ਰੀ, ਤਮਾਲਪਤ੍ਰ, ਤਜਸੱਕ, ਭੜਿੰਗੀ, ਪਿੱਪਲਾਮੂਲ, ਸੁੰਢ, ਕੱਥ, ਨਾਗ ਕੇਸਰ,

Digitized by Panjab Digital Library | www.panjabdigilib.org

ਧਨੀਆਂ, ਅਜਮੋਦ, ਮਸਤਕੀ, ਮ੍ਰਿਤ ਕਲੀ, ਤਾਂਬਾ ਮ੍ਰਿਤ, ਲੋਹ ਮ੍ਰਿਤ, ਮ੍ਰਿਤ ਸ਼ਿੰਗ੍ਰਫ, ਇਹ ੧੬-੧੬ ਮਾਸੇ, ਉਕਤ ਚੀਜਾਂ ਸਭ ਕੱਪੜਛਾਣ ਕਰਕੇ ਮਿਲਾਵੇ। ਫਿਰ ੮ ਮਾਸੇ ਕਪੂਰ ਪਾ ਦੇਵੇ। ਫਿਰ ੨ ਤੋਲੇ ਦੀ ਗੋਲੀ ਬਣਾਵੇ, ਖਾਵੇ ਤਾਂ ਭੁੱਖ ਵਧਾਵੇ, ਬਲ ਕਰੇ, ਤਾਪ, ਅਜੀਰਣ, ਮੂਰਛਾ, ਭ੍ਰਮ, ਦਮਾਂ ਹਿੜਕੀ, ਪਾਂਡੂ, ਪ੍ਰਮੇਹ, ਕੈ ਤੇ ਖਾਂਸੀ, ਇਤਨੇ ਰੋਗਾਂ ਨੂੰ ਨਾਸ ਕਰੇ; ਧਾਤੂ ਵਧਾਵੇ ਅਰ ਬੜੀ ਪੁਸਟੀ ਕਰਨੇਹਾਰਾ ਇਹ ਪੀਪਲ=ਮਘ ਪਾਕ ਯੋਗ ਚਿੰਤਾਮਣੀ ਮਤ ਦਾ ਮੇਘ ਵਿਚ ਕਿਹਾ ਹੈ ॥੪੩੧ ਤੋਂ ੪੩੬॥

ਮੂਸਲੀ ਪਾਕ (ਯੋਗ ਚਿੰਤਮਾਣੀ ਮਤਾਂਤ)—ਸ਼ੰਕਰ ਛੰਦ

ਪਲੁ ਆਠ ਪੀਸੀ ਮੂਸਲੀ ਘ੍ਰਿਤ ਸੇਰ ਮਾਹਿ ਪਚਾਇ।
ਤੁਲਾ ਇਕ ਗੋਖੀਰ ਮੇਲੋ ਤੀਨ ਕੀਟ ਕਰਾਇ।
ਖੰਡ ਪਲ ਸਤ ਪਾਤ ਕੀਜੈ ਪਾਕ ਜਾਨੀ ਮੇਲੁ।
ਮੂਸਲੀ ਕਾਸਾਰ ਮੇਲੈ ਔਖਧੀ ਏ ਠੇਲ ॥੪੩੭॥
ਤੀਨ ਮੱਜਾ ਤੀਨ ਪਲ ਚਵ ਤੁੰਬਰੰ ਲਾਵੰਗ।
ਕੌਂਚ ਜਾਤੀਫਲ ਜਾਵੱਤ੍ਰੀ ਕੇਸਰੰ ਮ੍ਰਿੰਤੁ ਵੰਗ।
ਛੜ ਤ੍ਰਿਯੁਖਣ ਅਕਰ ਕਰ ਹਿਮ ਮੇਲ ਚੱਤ੍ਰ ਸੁ ਜਾਤ।
*ਪਿਚ ਪਿਚ ਮਾਤ੍ਰਾ ਪੀਸ ਪਾਵੈ ਗੂੰਦ ਪਲ ਚਤੁ ਘਾਤ ॥੪੩੮॥
†ਗੂੰਦ ਪਾਈਯੇ ਘੀਉ ਤਲਕੇ ਕਰਖ ਲਾਡੂ ਦੋਇ।
ਖਾਤ ਨਿਸਦਿਨ ਧਾਤੁ ਖੀਣਾ ਖੀਣ ਬਲਤਾ ਹੋਇ।
ਭੂਖ ਜਾਗੈ ਕਾਮ ਭਾਗੈ ਸ੍ਵਾਸ ਪਾਂਡੁ ਪਰਾਇ।
ਕਰੈ ਵੀਰਯ ਵਿਖਮ ਜ੍ਵਰ ਹਰਿ ਖੰਡੁ ਪੁਰਖ ਕਰਾਇ ॥੪੩੯॥
ਹੋਤ ਮੋਟਾ ਰੂਪ ਵਾਧੈ ਵਜ੍ਰਾਧਿ ਹਰ ਜੁ ਪ੍ਰਮੇਹ।
ਬਲੀ ਪਲਤ ਸੁਨਾਸ ਕਰਤਾ ਬੰਧਿਆ ਸੁਤ ਦੇਹ।
ਯੋਗ ਚਿੰਤਾਮਣਿ ਮਤਾ ਹੈ ਕਹਜੋ ਮੁਸਲਿ ਜੁ ਪਾਕ।
ਕਹਿਤ ਮੇਘ ਵਖਾਨਿ ਕੀਨੋ ਸਬਨਿ ਗ੍ਰੰਥਨਿ ਵਾਕ ॥੪੪੦॥

---

*ਪਿਚੁ=ਦੋ ਤੋਲੇ ਪ੍ਰਮਾਣ ਹੈ ਦੇਖੋ ਆਯੁਰਵੇਦੀ ਕੋਸ਼ ਪ੍ਰਿ: ੯੮।

†ਫੁਲਾਹ ਦਾ ਗੂੰਦ।

Digitized by Panjab Digital Library | www.panjabdigilib.org

੨੮੪੫-ਮੂਸਲੀ ੮ ਪਲ=੩੨ ਤੋਲੇ ਪੀਹਕੇ ਸੇਰ ਭਰ ਘਿਉ ਵਿਚ ਪਕਾਵੇ। ਪਰੰਤੂ ਇਸ ਵਿਚ ਗੋਕਾ ਦੂਧ ੧ ਤੁਲਾ = ੮੦੦ ਤੋਲੇ (੧੦ ਸੇਰ ਪੱਕਾ) ਪਾ ਲਵੇ। ਇਸ ਤਰਾਂ ਤਿੰਨਾਂ ਦਾ ਕਸਾਰ ਕਰ ਲਵੇ। ਫਿਰ ੧੦੦ ਪਲ=੪੦੦ ਤੋਲੇ ਖੰਡ ਦੀ ਪੱਤ ਕਰੇ, ਪੱਕ ਜਾਵੇ ਤਾਂ ਮੂਸਲੀ ਦਾ ਕਸਾਰ ਉਸ ਵਿਚ ਪਾਕੇ ਮਿਲਾ ਦੇਵੇ ਅਰ ਹੇਠ ਲਿਖੀਆਂ ਦਵਾਈਆਂ ਬੀ ਪਾਵੇ:-ਤੀਨ ਮੱਜਾ (ਬਦਾਮ, ਪਿਸਤਾ ਤੇ ਨਿਉਜੇ) ਇਹ ੧੨ ਤੋਲੇ, ਅਰਥਾਤ ੪-੪ ਤੋਲੇ, ਚੱਵ, ਧਨੀਆਂ, ਲੌਂਗ, ਕੌਂਚਬੀਜ, ਜਾਫਲ, ਜਾਵਿਤ੍ਰੀ, ਕੇਸ਼ਰ, ਮ੍ਰਿਤਕਲੀ, ਛੜ, ਮੱਘ, ਮ੍ਰਿਚ, ਸੁੰਢ ਅਕਰਕਰਾ, ਚੰਦਨ, ਚਾਰ ਜਾਤ (ਦਾਲਚੀਨੀ, ਇਲਾਇਚੀ, ਨਾਗਕੇਸਰ ਤੇ ਤਮਾਲਪਤ੍ਰ) ਇਹ ੨-੨ *ਤੋਲੇ ਪਾਵੇ ਤੇ †ਗੂੰਦ ੪ ਪਲ=੧੬ ਤੋਲੇ ਘਿਉ ਵਿਚ ਤਲਕੇ ਪਾਵੇ ਅਰ ਫਿਰ ੨ ਤੋਲੇ ਦਾ ਲੱਡੂ ਬਣਾਕੇ ਦੋਨੋਂ ਵਕਤ ਖਾਯਾ ਕਰੇ ਤਾਂ ਧਾਤੂ ਦੀ ਖੀਣਤਾ, ਬਲ ਦੀ ਖੀਣਤਾ ਨਾਸ ਕਰੇ; ਭੁਖ ਵਧਾਵੇ, ਖਾਂਸੀ ਹਟਾਵੇ, ਹੌਰ ਦਮਾਂ, ਪਾਂਡੂ ਬੀ ਨਾਸ ਕਰੇ, ਬੀਰਜ ਵਧਾਵੇ, ਵਿਖਮ ਜ੍ਵਰ ਨਾਸ ਕਰੇ ਤੇ ਨਮਦਰਦ ਤੋਂ ਮਰਦ ਬਣੇ। ਸਰੀਰ ਮੋਟਾ ਕਰੇ, ਰੂਪ ਸੋਹਣਾ ਕਰੈ, ਪ੍ਰਮੇਹ ਨਾਸ ਕਰੇ ਮੂੰਹ ਦੀਆਂ ਝੁਰੜੀਆਂ, ਕੇਸਾਂ ਦਾ ਸਫੇਦ ਹੋਣਾ; ਇਹ ਗਵਾਵੇ, ਬੰਧ੍ਯਾ ਨੂੰ ਪੁਤ੍ਰ ਪੈਦਾ ਕਰੇ ਇਹ ਮੂਸਲੀ ਪਾਕ ਯੋਗ ਚਿੰਤਾਮਣੀ ਦੇ ਮਤਾਨੁਸਾਰ ਕਿਹਾ ਹੈ ॥੪੩੭ ਤੋਂ ੪੪੦॥

ਸਿੰਬਲ ਪਾਕ—ਦ੍ਵੈਯਾਛੰਦ

ਸਿੰਬਲ ਜੜ੍ਹ ਰਸ ਪ੍ਰਸਥ ਮਗਾਵੈ ਗੋਖਰੂ ਪ੍ਰਸਥ ਜੁ ਆਧਾ।
*ਕੌਂਚ ਬੀਜ ਪਲ ਆਠੁ ਸੁਧਾਰੋ ਸਤਾਵਰ ਤਿਸ ਆਧਾ।
ਦ੍ਰੋਣ ਅਧ ਮਹਿਖੀ ਕੇ ਪਯ ਮੈ ਮੇਲੁ ਪਕਾਇ ਕਿਸਾਰਾ।
ਤਾਕੋ ਥਾਲੀ ਵੀਚ ਰਖਾਵੈ ਤੁਲਾ ਜੁ ਖੰਡੁ ਵਿਚਾਰਾ ॥੪੪੧॥
ਪਾਤ ਕਰੀ ਪਰ ਪੱਕ ਸੁ ਪਾਵੇ ਏ ਅਵਖਧੁ ਪੁਨਿ ਦੀਜੈ।
ਅਕਰਕਰਾ ਜਲਵਤ੍ਰਿ ਤਲੀਸਾ ਤ੍ਰਿਕੁਟਾ ਲੌਂਗ ਸੁ ਲੀਜੈ।
ਛੜਾ ਜਾਯਫਲ ਤ੍ਰਿਫਲਾ ਏਲਾ ਤਜ ਤੰਮਾਲ ਕਪੂਰਾ।
ਤਾਲਮਖਾਣਾ ਮੱਜਾ ਤੀਨੋਂ ਬਟ ਕੂਪਲ ਲੈ ਚੂਰਾ ॥੪੪੨॥
ਗਜ ਕੇਸਰ ਕੇਸਰ ਪਲ ਅਧ ਅਧ ਪੀਸੀ ਤਾਂਮਹਿ ਪਾਵੇ।
†ਪਾਰਦ ਅਭਰਕ ਮ੍ਰਿਤੁ ਲੈ ਪਾਵੈ ਪਲੁ ਅਧੁ ਆਧ ਰਲਾਵੇ।
‡ਭੰਗਾ ਪਾਵੇ ਪੀਸ ਚਾਰ ਪਲ ਅਧੁ ਪਲੁ ਮੋਦਕ ਕੀਜੈ।
ਸਰਬ ਮੇਹ ਹਰਿ ਕਾਮ ਬਧਾਵੈ ਕੁਵਤ ਹਇ ਦੁਖ ਛੀਜੈ ॥੪੪੩॥

---

*ਪਿਚੁ=ਦੋ ਤੋਲੇ ਪ੍ਰਮਾਨ ਹੈ ਦੇਖੋ ਆਯੁਰਵੇਦੀ ਕੋਸ਼ ਪ੍ਰਿ: ੯੮
†ਫ਼ੂਲਾਦ ਦਾ ਗੂੰਦ।

Digitized by Panjab Digital Library | www.panjabdigilib.org

੨੮੪੬—ਸਿੰਬਲ ਦੀ ਨੜ੍ਹ ਦਾ ਰਸ ੬੪ ਤੋਲੇ ਭਖੜੇ ਆ ਭਖੜੇ ਦਾ ਰਸ ੩੨ ਤੋਲੇ,*ਕੌਂਚਬੀਜ ੮ ਪਲ ੩੨ ਤੋਲੇ, ਸਤਾਵਰ ੧੬ ਤਲ; ਮਹੀਂ ਦਾ ਦੁਧ ਅੱਧਾ ਦਰੋਣ = ੧੬ ਸੇਰ ਪਾਕੇ ਇਨ੍ਹਾਂ ਨੂੰ ਪਕਾਵੇ ਤੇ ਕਿਸਾਰ ਅਰਥਾਤ ਖੋਵਾ ਕਰਕੇ ਥਾਲੀ ਵਿਚ ਰਖ ਲਵੇ, ਅਰ ਫਿਰ ਤੁਲਾ ੮੦੦ ਤੋਲੇ ਖੰਡ ਦੀ ਪੱਤ ਕਰੇ ਤੇ ਉਪਰਲਾ ਕਿਸਾਨ ਉਸ ਵਿਚ ਪਾ ਦੇਵੇ। ਹੇਠ ਲਿਖੀਆਂ ਹੋਰ ਚੀਜਾਂ ਬੀ ਪਾਵੇ, ਸੋ:- ਅਕਰਕਰਾ ਜਲਵਤ੍ਰੀ, ਤਲੀਸ ਪਤ੍ਰ, ਤਿਰਕੁਟਾ, ਲੌਂਗ, ਛੜ, ਜਾਫਲ, ਤ੍ਰਿਫਲਾ, ਇਲਾਯਚੀ; ਤਜ ਸੱਕ; ਤਮਾਲਪਤਰ, ਕਪੂਰ, ਤਾਲਮਖਾਣਾ; ਤਿੰਨ ਮਜਾਂ (ਬਦਾਮ, ਪਿਸਤਾ ਤੇ ਨਿਊਜੇ) ਬੋਹੜ ਦੀਆਂ ਕੂੰਮਲੀਆਂ ਦਾ ਚੂਰਣ, ਨਾਗਕੇਸਰ, ਕੇਸਰ ਇਹ ੨-੨ ਤੋਲੇ ਪੀਹਕੇ ਪਾਵੇ। †ਪਾਰਾ ਤੇ ਅਭ੍ਰਕ ਇਹ ੨-੨ ਤੋਲੇ, ਇਸ ਵਿਚ ‡ਪੀਸੀ ਹੋਈ ਭੰਗ ੪ ਪਲ=੧੬ ਤੋਲੇ ਪਾਕੇ ਲੱਡੂ ਦੋ ਦੋ ਤੋਲੇ ਦੇ ਬੰਨ੍ਹ ਰਖੇ। ਖਾਵੇ ਤਾਂ ਸਭ ਤਰਾਂ ਦਾ ਪ੍ਰਮੇਹ ਰੋਗ ਨਾਸ ਕਰੇ, ਤੇ ਕਾਮ ਵਧਾਵੇ, ਇਹ ਸਿੰਮਲ ਪਾਕ ਬਹੁਤ ਕੁੱਵਤ ਦੇਵੇ ॥੪੪੨॥੪੪੩॥

ਚੋਬਚੀਨੀ ਪਾਕ—ਪਰਿਹਾ

*ਚੋਬ ਚਿਨੀ ਦਸ ਪਲਹਿ ਜੁ ਨੀਕੀ ਛਾਨੀਐ।
ਆਢਕ ਪਯ ਮੈ ਕਾੜ ਕਿਸਾਰ ਸੁ ਠਾਨੀਐ।
ਸੌ ਪਲ ਸਿਤਾ ਮਗਾਂਇ ਕਿ ਪਾਤ ਪਕਾਈਐ।
ਖੋਵਾ ਤਾਮਹਿ ਪਾਇ ਕਿ ਔਖਧਿ ਪਾਈਐ ॥੪੪੪॥
ਏਲਾ ਤ੍ਰਿਕੁਟਾ ਲੌਂਗ ਚਤੁਰ ਲੇ ਜਾਤ ਹੀ।
ਕਾਂਕੋਲੀ ਮ੍ਰਿਘ ਨਾਭਿ ਕਪੂਰ ਸੁ ਘਾਤ ਹੀ।
ਸ੍ਰਿਗਾਟਕ ਦ੍ਰਿਗ ਵੰਸ ਜਵਤ੍ਰੀ ਕੇਸਰ।
ਜਾਤੀਫਲ ਛੜ ਮਰਕਟ ਜਾਜੀ ਲੇ ਧਰੇ ॥੪੪੫॥
ਤੇਜੁਵਲਾ ਜੁ ਵਿਦਾਰੀ ਕੰਦ ਸਤਾਵਰੀ।
ਤਾਲ ਮੂਲ ਕੰਕੋਲੀ ਸੁਕਤਿ ਪ੍ਰਥਕਾ ਕਰੀ।
ਅਭਰਕ ਤਾਂਬਾ ਵੰਗ ਨਾਗ ਇਤਨਾ ਧਰੋ।
ਪੀਸੀ ਮੇਲੀ ਗੋਲੀ ਅਧਪਲ ਕੀ ਕਰੋ ॥੪੪੬॥
ਆਮ ਵਾਤ ਕਟਿ ਗ੍ਰਹਣੰ ਵਾਤ ਚੌਰਾਸਿਯਾ।

---

*ਕੌਂਚਬੀਜ ਦੀ ਗਿਰੀ ਕੱਢਕੇ ਪਾਵੇ। †ਰਸ ਸੰਧੂਰ ਪਾਏ। ‡ਧੋ ਕੇ ਸਾਫ ਕੀਤੀ ਹੋਈ ਲਏ।

Digitized by Panjab Digital Library | www.panjabdigilib.org

ਅਪਸਮਾਰ ਸੰਧਿ ਪੀਰਾ ਉਨਮਡ ਨਾਸਿਯਾ।
ਪੱਖਯਾਘਾਤ ਅਪਤਾਨਕ ਸਿਰ ਕਾ ਰੋਗੁ ਘਾ।
ਸ੍ਵਾਸ ਕਾਸ ਅਰੁ ਪੀਨਸ ਗਲ ਗ੍ਰਹਿ ਖੇਵ ਹੀ ॥੪੪੭॥
ਖਯਈ ਅਰੁਚਿ ਉਪਦੰਸ ਵਿਸੇਖ ਜੁ ਦੀਜਿਯੇ।
ਰਾਗ ਰੰਗ ਵਿਨੋਦ ਜੁ ਬਹੁਤਾ ਕੀਜਿਯੈ!
ਧਾਤ ਖੀਣ ਬਲ ਖੀਨ ਓਜ ਖਯ ਯੋਗ ਹੈ।
ਤਯਾਗੈ ਵਾਤਲ ਸੋਕ ਸਨਿਗਧ ਸੁ ਭੋਗ ਹੈ ॥੪੪੮॥

੨੮੪੭—*ਚੰਬਚੀਨੀ ਅੱਛੀ ੧੦ ਪਲ = ੪੦ ਤੋਲੇ, ਕੱਪੜ ਛਾਣ ਕਰ ਲਵੇ। ਆਢਕ ॥ ੮ ਸੇਰ ਦੁੱਧ ਵਿਚ ਕਾੜ੍ਹਕੇ ਕਿਸਾਰ ਕਰ ਲਵੇ, ਅਰ ੪੦੦ ਤੋਲੇ ਮਿਸ਼ਰੀ (ਯਾ ਖੰਡ) ਲੈਕੇ ਪੱਤ ਕਰੇ, ਫਿਰ ਉਸ ਵਿਚ ਖੋਵਾ ਮਿਲਾ ਦੇਵੇ. ਅਰ ਹੇਠ ਲਿਖੀਆਂ ਹੋਰ ਚੀਜਾਂ ਬੀ ਪਾ ਦੇਵੇ:-ਲਾਚੀ, ਮਘ, ਮ੍ਰਿਚ; ਸੁੰਢ, ਲੌਂਗ, ਚਾਰਜਾਤ (ਦਾਲਚੀਨੀ, ਇਲਾਚੀ, ਨਾਗ ਕੇਸਰ ਤੇ ਤਮਾਲ ਪਤ੍ਰ) ਕੰਕੋਲੀ (ਸਰਦਚੀਨੀ], ਕਸਤੂਰੀ, ਕਪੂਰ, ਸਿੰਘਾੜੇ, ਤਬਾਸ਼ੀਰ, ਜਾਵਿਤ੍ਰੀ, ਕੇਸਰ, ਜਾਫਲ, ਛੜ ਕੌਂਚਬੀਜ, ਜੀਰਾ, ਤੇਜਬਲ; ਵਿਦਾਰੀਕੰਦ (ਸਿਆਲੀਆਂ), ਸਤਾਵਰ, ਤਾਲਮੂਲੀ = ਤਾੜ ਦੀ ਜੜ੍ਹ ਤੇ ਸ਼ਕਾਕਲ ਇਹ †ਸਭ ੪-੪ ਤੋਲੇ, ਅਭ੍ਰਕ; ਤਾਂਬਾ, ਕਲੀ ਤੇ ਸਿਕਾ ਮਾਰੇ ਹੋਏ ਬੀ ਚਾਰ ਚਾਰ ਤੋਲੇ ਪਾਵੇ। ਇਹਨਾਂ ਸਭਨਾਂ ਨੂੰ ਅੱਛੀ ਤਰਾਂ ਮਿਲਾਕੇ ਗੋਲੀ = ਲੱਡੂ ਦੋ ਤੋਲੇ ਦੇ ਬੰਨ੍ਹੇ। ਖਾਵੇ ਤਾ ਆਮ ਬਾਤ, ਕਮਰ ਦਾ ਰੁਕ ਜਾਣਾ, ਚੌਰਾਸੀ ਪ੍ਰਕਾਰ ਦੀ ਵਾਯੂ, ਮ੍ਰਿਗੀ, ਜੋੜਾ ਦੀਆਂ ਪੀੜਾਂ, ਉਨਮਾਦ, ਅਧਰੰਗ; ਅਪਤਾਨਕ, ਸਿਰ ਦੇ ਰੋਗ, ਦਮਾਂ ਖਾਂਸੀ, ਪੀਨਸ, ਗਲ ਦਾ ਰੁਕਣਾ, ਖਈ, ਅਰੁਚੀ ਤੇ ਉਪਦੰਸ਼ (ਆਤਸ਼ਕ) ਸਭ ਨਾਸ ਕਰੇ। ਇਸਦੇ ਪ੍ਰਭਾਵ ਰਾਗ ਰੰਗ ਦੇ ਬਿਨੋਦ ਬਹੁਤ ਕਰੇ। ਧਾਤੂ ਦੀ ਖੀਣਤਾ, ਬਲ ਦੀ ਖੀਣਤਾ ਤੇ ਓਸ ਦਾ ਨਾਸ ਹੋਣਾ ਇਨ੍ਹਾਂ ਸਭਨਾਂ ਨੂੰ ਨਾਸ਼ ਕਰੇ, ਬਾਦੀ ਚੀਜ਼ਾਂ ਤੇ ਸ਼ੋਕ ਸਭ ਬਰਜ ਰੱਖੇ। ਥਿੰਧੀਆਂ ਘ੍ਰਿਤ, ਦੁਧ ਆਦਿ ਬਸਤਾਂ ਮਨਮਾਨੀਆਂ ਸੇਵਨ ਕਰੇ ॥੪੪੪।੪੪੮॥

ਜਾਤੀਫਲ ਪਾਕ—ਦ੍ਰਿੜਪਦਾ ਛੰਦ

ਜਾਤੀਫਲ ਪਲੁ ਦ੍ਵਾਦਸੰ ਆਢਕ ਗੋਖੀਰੰ।
ਤਾਮਹਿ ਪੀਸੰ ਕਾਢਿਯੈ ਲੈ ਥਾਲ ਰਖੀਰੰ।

---

*ਚੋਬਚੀਨੀ ਦੇਖ ਭਾਲਕੇ ਲਵੇ, ਪੰਸਾਰੀ ਗੁਲਾਬਾਸੀ ਦੀ ਜੜ ਦੇ ਦਿੰਦੇ ਹਨ, ਚੋਬਚੀਨੀ ਦਾ ਬਦਾਮੀ ਭਾ ਮਾਰਦਾ ਰੰਗ ਲਾਲ ਅਰਥਾਤ ਗੁਲਾਬੀ ਹੁੰਦਾ ਹੈ, ਸ਼ਵਾਦ ਤੇਜ ਅਤੇ ਕੌੜਾ ਹੁੰਦਾ ਹੈ, ਮਾਤ੍ਰਾ ੬ ਤੋਂ ੯ ਮਾਸੇ ਦੀ ਹੈ, ਪਰੰਤੂ ਅਜਕਲ ਚੋਬਚੀਨੀ ਮੁਸ਼ਕਲ ਮਿਲਦੀ ਹੈ, ਇਹ ਚੀਨ ਤੋਂ ਆਯਾ ਕਰਦੀ ਹੈ।

†ਮੁਕਤਿ—੪ ਤੋਲੇ ਤੇ ਦੇਖੋ ਔਸ਼ਧੀ ਕੋਸ਼ ਪ੍ਰਿ: ੧੬੬

Digitized by Panjab Digital Library | www.panjabdigilib.org

ਤੀਨ ਪ੍ਰਸਥ ਸਿਤ ਪਾਤ ਕਰਿ ਤਾਮਹਿ ਸੋ ਭੀਰੰ।
ਸ਼ਹਿਤ ਘੀਉ ਦੇ ਕੁੜਵਪੁਨ ਅਭਰਕ ਦੇ ਧੀਰੰ ॥੪੪੯॥
ਚਤੁਰ ਜਾਤ ਜੁ ਲਵੰਗ ਧਨਿ ਤ੍ਰਿਕੁਟਾ ਛੜ ਜੀਰਾ।
ਚਿੱਤ੍ਰਕ ਸਾਲਮਲਿ ਫੂਲ ਲੈ ਜ਼ਾਤੀਫਲੁ ਧੀਰਾ।
ਸਟੀ ਮਸਤਕਿ ਦਰਦ ਤ੍ਰਕ ਖਰਜੂਰ ਸੁ ਖੀਰਾ।
ਹਿਮ ਸਤਾਵਰ ਯਸਟਿ ਘਨ ਵਲਯਾ ਤਗਰੀਰਾ ॥੪੫੦॥
ਅਬਧਿ ਸੋਖ ਮ੍ਰਿਗਾਂਕ ਵੰਗ ਪਿੱਛਲ ਜੁ ਸੁਪਾਰੀ।
ਅਕਰਕਰਾ ਸਿੰਗ੍ਰਾਟ ਜੁ ਮੁੰਡ ਕਪਿੱਛ ਸੁ ਧਾਰੀ।
ਮੱਜਾ ਤੀਨੋ ਤ੍ਰਿਫਲ ਤ੍ਰਿਕੰਟਾ ਗੁਨਕਾਰੀ।
ਤਾਲ ਮਖਾਨਾ ਮੂਸਲੀ ਮਿਸ ਚੰਦਨ ਕਾਰੀ ॥੪੫੧॥
ਮੋਤੀ ਲੋਹਾ ਤਾਲ ਮ੍ਰਿਤੁ ਸੋਨਾ ਮ੍ਰਿਤ ਪਾਵੇ।
ਤਾਂਬਾ ਹਤਯਾ ਸੁ ਦੀਜੀਏ ਪਲ ਪਲ ਪੀਸਾਵੇ।
ਮੇਲੋ ਪਾਤ ਮਝਾਰ ਸੋ ਅਧਿਪਲ ਗੁਟਿ ਖਾਵੇ।
ਸੌ ਨਾਰੀ ਨਿਤ ਭੋਗਵੇ ਬਹੁ ਕਾਮ ਬਧਾਵੋ ॥੪੫੨॥
ਅਰਸਾ ਗ੍ਰਹਣੀ ਮੇਹ ਹਰਿ ਖਯ ਕਾਸਹਿ ਸ੍ਵਾਸਾ।
ਮੰਦਾਗਨਿ ਜ੍ਵਰ ਵਾਤ ਹਰਿ ਕਫ ਪਾਂਡ ਵਿਨਾਸਾ।
ਜਾਤੀਫਲ ਕਾ ਪਾਕ ਭਨਿ ਮੁਨਿ ਮੇਘ ਵਿਲਾਸਾ ॥੪੫੩॥

੨੮੪੮—ਜਾਫਲ ੧੨ ਪਲ = ੪੮ ਤੋਲੇ ਲੈਕੇ ੮ ਸੇਰ ਗੋਕੇ ਦੁੱਧ ਵਿਚ ਪੀਹਕੇ ਪਾਕੇ ਕਾੜ੍ਹੇ। ਕਿਸਾਰ ਹੋ ਜ਼ਾਵੇ ਤਾਂ ਥਾਲ ਵਿਚ ਕੱਢ ਰਖੇ। ਫਿਰ ੩ ਪ੍ਰਸਥ = ੧੯੨ ਤੋਲੇ ਮਿਸਰੀ ਦੀ ਪੱਤ ਕਰਕੇ ਖਵਾ ਉਸ ਵਿਚ ਪਾ ਦੇਵੇ। ਉਸ ਵਿਚ ਸ਼ਹਿਤ ਤੇ ਘਿਉ ਕੁੜਵ = ੩੨ ਤੋਲੇ ਅਰ ਫਿਰ ਅਭ੍ਰਕ, ਚਾਰਜਾਤ ਅਰਥਾਤ (ਦਾਲਚੀਨੀ, ਇਲ ਯਚੀ, ਨਾਗ ਕੇਸਰ, ਤਮਾਲਪੱਤ੍ਰ), ਲੌਂਗ, ਮਘ, ਮ੍ਰਿਚ ਸੁੰਢ, ਛੜ, ਜੀਰਾ, ਚਿਤ੍ਰਾ, ਸਿੰਮਲ ਦੇ ਫੁੱਲ, ਜਾਫਲ, ਕਚੂਰ, ਰੂੰਮੀ ਮਸਤਕੀ, ਸ਼ਿੰਗਰਫ, ਤਜ ਸੱਕ, ਸੁਕੀ ਖਜੂਰ, ਮੁਸ਼ਕ ਕਪੂਰ, ਸਤਾਵਰ, ਮੁਲੱਠੀ; ਮਥਾ, ਆਵਲੇ, ਤਗਰ, ਸਮੁੰਦ੍ਰ ਸੋਖ, ਮ੍ਰਿਤ ਸ਼ੋਨਾਂ, ਕਲੀ ਮ੍ਰਿਤ, ਲਸੂੜੇ, ਸੁਪਾਰੀਆਂ, ਅਕਰਕਰਾ, ਸੰਘਾੜੇ, ਮ੍ਰਿਤ ਰੁੱਪਾ ਮੱਖੀ, ਕੌਂਚਬੀਜ,

---

†ਲੋਹਾ = ਇਸਦੇ ਥਾਂ 'ਲੋਲਾ' ਪਠਾਂਤ੍ਰ ਕਰਕੇ ਪਾਰਾ ਬੀ ਅਰਥ ਹੈ।

Digitized by Panjab Digital Library | www.panjabdigilib.org

ਤਿੰਨੇ ਗਿਰੀਆਂ ਅਰਥਾਤ (ਬਦਾਮ ਗਿਰੀ, ਨੇਊਜ਼ੇ ਦੀ ਗਿਰੀ ਤੇ ਪਿਸਤਾ), ਹਰੜ, ਬਹੇੜਾ ਆਂਵਲੇ, ਤ੍ਰਿਕੁਟਾ, ਭੱਖੜਾ, ਤਾਲਮਖਾਣਾ, ਮੂਸਲੀ, ਸੌਂਫ, ਚੰਦਨ, ਸੁਚੇ ਮੋਤੀ ਗੁਲਾਬ ਵਿੱਚ ਘਸਾਏ ਹੋਏ, †ਮ੍ਰਿਤ ਲੋਹਾ, ਮਾਰੀ ਹੜਤਾਲ, ਮ੍ਰਿਤ ਸੋਨਾ ਤੇ ਤਾਂਬਾ, ਘ੍ਰਿਤ, ਇਹ ਸਭ ਪਲ ਪਲ ਅਰਥਾਤ ੪-੪ ਤੋਲੇ ਲੈਕੇ ਪੱਤ ਪਾਕੇ ਮਿਲਾਵੇ, ਤੇ ੨-੨ ਤੋਲੇ ਦੀ ਮਾਤ੍ਰਾ ਭਾਵ ਲੱਡੂ ਬਣਾਕੇ ਖਾਵੇ। ਤਾਂ ਨਿੱਤ ਨਿੱਤ ਸੈਂਕੜੇ ਔਰਤਾਂ ਭੋਗ ਸਕੇ। ਇਸਤਰਾਂ ਕਾਮ ਬਧਾਵੇ, ਬਵਾਸੀਰ, ਸੰਗ੍ਰਹਿਣੀ, ਪ੍ਰਮੇਹ, ਖਈ, ਖਾਸੀ; ਦਮਾਂ; ਮੰਦਾਗਨੀ, ਤਾਪ, ਕਫ, ਵਾਯੂ, ਪਾਡੂ ਤੇ ਚੌਰਾਸੀ ਪ੍ਰਕਾਰ ਦੀ ਬਾਤ ਇਹ ਸਭ ਨਾਸ ਕਰੇ ਅਰ ਬਹੁਤੀ ਕੁਵਤ ਦੇਵੇ। ਇਹ ਜਾਫਲ ਪਾਕ ਮੇਘ ਨੇ ਬਰਨਨ ਕੀਤਾ ਹੈ। ੪੪੯ ੪੫੩॥

ਲਵੰਗ ਪਾਕ (ਵੈਦ ਕੰਤੂਹਲਾਤ)—ਲੀਲ੍ਹਾ ਛੰਦ

ਲੌਂਗ ਸ੍ਰਿਸਾਹੀ ਦਸ ਲੈ ਠਾਨੀ ਆਢਕ ਦੁਗਧ ਕਿਸਾਰ ਕਰੇ।
ਲੈ ਸਿਤਾ ਸ਼ਹਿਤ ਦੋ ਪ੍ਰਸਥ ਪਕਾਵੈ ਪਾਤ ਕਰੀਨੈ ਮਾਹਿ ਧਰੇ।
ਕੇਸਰ ਚਵਿ ਸੁੰਠੀ ਅਕਰਕਰਾ ਮੁਸਲੀ ਤ੍ਰਿਕੰਟਕਾ ਜਰਣ ਦੁਯੇ।
ਚੌ ਜਾਤ ਵਲਾ ਜਾਵਤ੍ਰੀ ਹਰੜੇ ਧਾਤ੍ਰੀ ਫਲ ਛੜ ਕੌਂਚ ਠਯੇ ॥੪੫੪॥
ਕ੍ਰਿਸਨਾ ਲੈ ਧਨੀਆ ਗ੍ਰੰਥਕ ਗਗਨੰ ਤਾਮ੍ਰ ਕਪੂਰ ਮ੍ਰਿਗਾਂਡ ਕਹੇ।
ਸੋਨਾ ਮ੍ਰਿਤ ਤਾਰਾ ਵੰਗ ਸੁ ਸਾਰਾ ਮ੍ਰਿਤਕੁ ਪਲ ਅਧਿ ਆਧ ਰਹੇ।
ਪੀਸੀ ਸਬ ਪਾਵੈ ਗੁਟੀ ਬਨਾਵੈ ਕਰਖ ਦ੍ਵਯੇ ਪਰਮਾਨ ਸਹੀ
ਸ੍ਵਾਸ ਖਈ ਜ੍ਵਰ ਕਾਸ ਸਲੇਖਮ ਵਾਤ ਚੌਰਾਸੀ ਨਾਹਿ ਰਹੀ ॥੪੫੫॥
ਇਹੁ ਕਾਮ ਵਧਾਵੈ ਭੂਖ ਲਗਾਵੈ ਜੋਰੁ ਕਰੈ ਬਲੁ ਪੁਸਟ ਘਨਾ।
ਨਰ ਸੂਲੁ ਗੁਲਮ ਹਰਿ ਓਜੁ ਵਧਾਵੈ ਮਾਂਸ ਵਧਾਵੈ ਪਾਕ ਭਨਾ।
ਏਲੌਂਗਾਦਿਕ ਸੁਭ ਪਾਕ ਵਖਾਨਜੋ ਭੋਗੁ ਕਰੈ ਨਿਤ ਸੌ ਤਿਰਿਯਾ।
ਸੋ ਵੈਦਕੰਤੂਹਲਮਤਿ ਤੇ ਆਨਜੋ ਮੇਘ ਬਿਨੋਦੇ ਮੇਘ ਲਹਿਯਾ ॥੪੫੬॥

੨੮੪੯—ਲੌਂਗ ੧੦ ਸੁਸਾਹੀਆਂ ਅਰਥਾਤ ੨੫ ਤੋਲੇ ਲੈਕੇ ਆਢਕ = ੮ ਸੇਰ ਦੁੱਧ ਵਿਚ ਕਾੜ੍ਹਕੇ ਕਿਸਾਰ ਅਰਥਾਤ ਖੋਯਾ ਕਰ ਲਵੇ। ਮਿਸ੍ਰੀ ਤੇ ਸ਼ਹਿਤ ੧੨੮ ਤੋਲੇ ਦੀ ਪੱਤ ਕਰਕੇ ਉਸ ਵਿਚ ਪਾਵੇ ਅਰ ਹੇਠ ਲਿਖੀਆਂ ਹੋਰ ਚੀਜਾਂ ਬੀ ਪਾਵੇ:-ਕੇਸਰ, ਚੱਵ, ਸੁੰਢ; ਅਕਰਕਰਾ, ਮੂਸਲੀ, ਭੱਖੜਾ, ਦੋਨੋਂ ਜੀਰੇ, ਚਤੁਰ ਜਾਤ (ਦਾਰਚੀਨੀ; ਨਾਗ ਕੇਸਰ, ਇਲਾਚੀ ਤੇ ਤਮਾਲਪਤਰ),

Digitized by Panjab Digital Library | www.panjabdigilib.org

ਖਰੇਟੀ, ਜਾਵਿਤ੍ਰੀ, ਹਰੜਾਂ ਦੀ ਛਿੱਲ, ਆਵਲੇ, ਛੜ; ਕੌਂਚ ਬੀਜ, ਮਘਾਂ, ਧਨੀਆਂ, ਪਿੱਪਲਾਮੂਲ, ਮ੍ਰਿਤ ਅਭ੍ਰਕ, ਮ੍ਰਿਤ ਤਾਂਬਾ, ਕਪੂਰ, ਕਸਤੂਰੀ, ਮ੍ਰਿਤ ਸੋਨਾ, ਮ੍ਰਿਤ ਚਾਂਦੀ, ਮ੍ਰਿਤ ਵੰਗ, ਤੇ ਲੋਹਾ, ਇਹ ਸਭ ੨-੨ ਤੋਲੇ। ਇਹ ਸਭ ਪੀਹਕੇ ਮਿਲਾਇ ਦੋ ਦੋ ਤੋਲੇ ਦੀ ਮਾਤ੍ਰਾ (ਗੋਲੀ=ਲੱਡੂ) ਬੰਨ੍ਹੇ ਤੇ ਖਾਵੇ ਤਾਂ ਦਮਾਂ, ਖਈ, ਤਾਂਪ, ਖਾਸੀ, ਕਫ ਤੇ ਚੌਰਾਸੀ ਪ੍ਰਕਾਰ ਦੀ ਬਾਤ ਨਾਸ ਕਰੇ; ਕਾਮ ਨੂੰ ਪੈਦਾ ਕਰੇ, ਭੁੱਖ ਲਗਾਵੇ, ਅਰ ਜ਼ੋਰ ਅਰ ਕੁਵਤ ਬਾਹ ਬਹੁਤ ਹੋਵੇ। ਆਦਮੀ ਦਾ ਸੂਲ, ਗੋਲਾ ਨਾਸ਼ ਕਰੇ, ਓਜ ਵਧਾਵੇ ਤੇ ਮਾਸ ਵਧਾਵੇ। ਇਸ ਲੌਂਗ ਆਦਿ ਪਾਕ ਨਾਲ ਸੈਂਕੜੇ ਇਸਤ੍ਰੀਆ ਨਾਲ ਰਮਣ ਕੇਰ ਸੱਕੇ। ਇਹ ਮੇਘ ਵਿਚ ਵੈਦ ਕੌਤੂਹਲ ਦੇ ਮਤੋਂ ਲਿਆਂਦਾ ਹੈ ॥੪੫੪ ਤੋਂ ੪੫੬॥

ਕੇਸਰ ਪਾਕ—ਪਦਮਾਵਤੀ ਛੰਦ

ਕੇਸਰ ਪੰਚ ਪਲਹਿ ਪਚਾਵੈ ਆਢਕ ਦੂਧ ਏਕ ਮਹਿ ਸੋਇ।
ਕਰ ਕਿਸਾਰ ਰਾਖੇ ਥਾਲੀ ਮਹਿ ਸਿਤਾ ਸ਼ਹਿਤ ਦੋ ਪ੍ਰਸਥ ਸੋ ਢੋਇ।
ਤਾਕੀ ਪਾਤ ਪਕਾਈ ਪਾਵੈ ਕੁੜਵਾ ਘ੍ਰਿਤਹਿ ਕਿਸਾਰ ਸੁ ਦੀਜੈ॥
ਇਕੁ ਪਲੁ ਭੰਗਾ ਮਰਚਾ ਨਾਗਰ ਜਾਤੀਫਲ ਚਤੁ ਜਾਤਹਿ ਲੀਜੈ ॥੪੫੭॥
ਲੌਂਗ ਮੁਲੇਠੀ ਗੋਖਜਰੁ ਮੁਸਲੀ ਸੋਖ ਸਮੁੰਦਰ ਤਿਹ ਲੈ ਪਾਵੈ।
ਤਾਲਮਖਾਨਾ ਚੰਦਨ ਨਾਗਰ ਮੋਥਾ ਅਰ ਸਿੰਗ੍ਰਾਟ ਸੁਹਾਵੈ।
ਤਗਰ ਕਪੂਰਾ ਮ੍ਰਿਗੁਮਦੁ ਪਿੱਛਲ ਹਰੜੇਂ ਮਰਚਾਂ ਚਵਜ ਰਖਾਈ।
ਕੌਂਚਮੁਕਤਿ ਏ ਅਧ ਅਧਲੀਜੈ ਪੀਸ ਕਰੀਤਾਮਹਿਛਿਟਕਾਈ ॥੪੫੮॥
ਗਗਨਸਾਰ ਤਾਂਬਾ ਬੰਗ ਸੋਨਾ ਮ੍ਰਿਤਕ ਆਨ ਕਰਖ ਕ੍ਰਖ ਦੀਜੈ।
ਪੀਸੀ ਸਕਲ ਮਿਲਾਵੈ ਤਾਮੈ ਨਾਗ ਫੇਨ ਟੰਕ ਦੋਈ ਲੀਜੈ।
ਲੋਹੁ ਮਿਲਾਇ ਪਾਤ੍ਰ ਮੈ ਔਖਧ ਕਰਖ ਏਕ ਕੀ ਗੋਲੀ ਕੀਜੈ॥
ਬਲਵਰਧਕਬੀਰਜ ਦੁਖਜਭਹਰਿ ਤਯ ਕੋ ਪ੍ਰਿਯਨਿਸਦਿਨ ਸੁਖ ਦੀਜੈ॥
ਬਾਤ ਕਫੀ ਕੇ ਰੁਜ ਸਭ ਨਾਸਿਹ ਬੰਧਜਾ ਪੁਤ੍ਰ ਹੋਇ ਦੁਖ ਛੀਜੈ।
ਮੁਖ ਪ੍ਰਸੰਨ ਹ੍ਰਿਦਕਮਲ ਵਿਗਸੈ ਤਨ ਦੁਤਿ ਨਿਤ ਨਿਤ ਵਧੈਪਿਖੀਜੈ।
ਗੋਲੀ ਕਰਖ ਬਨਾਈ ਖਾਵੈ ਤਾਕੇ ਕਾਮੁ ਚੌਗੁਨਾ ਵਾਧੈ।
ਸੁਕ੍ਰ ਓਜ ਜੁ ਵਧ ਹੈਬਲ ਮਹਿ ਸੁੰਦਰ ਬਾਜੀਕਰਨ ਸੁ ਸਾਧੈ ॥੪੬੦॥

Digitized by Panjab Digital Library | www.panjabdigilib.org

੨੯੫੦-ਕੇਸਰ ੫ ਪਲ, ਅਰਥਾਤ ੨੦ ਤੋਲੇ ਲੈਕੇ ਆਢਕ=੮ ਸੇਰ ਦੁੱਧ ਵਿੱਚ ਖੋਵਾ ਬਣਾਵੇ। ਇਸ ਕਸਾਰ ਅਰਥਾਤ ਖੋਏ ਨੂੰ ਥਾਲੀ ਵਿਚ ਰੱਖ ਕੇ ਸ਼ਹਿਤ ਤੇ ਮਿਸ਼ਰੀ ੨ ਪ੍ਰਸਥ ਅਰਥਾਤ ੧੨੮ ਤੋਲੇ ਇਹਨਾਂ ਦੀ ਪਕਾਕੇ ਪੱਤ ਕਰੇ, ਤੇ ਇਕ ਕੁੜਵ ੩੨=ਤੋਲੇ ਘੇਉ ਅੱਗ ਤੇ ਚਾੜ੍ਹੇ ਹੋਏ ਵਿਚ ਕਿਸਾਰ ਅਰਥਾਤ ਖੋਯਾ ਪਾ ਦੇਵੇ। ਉਸ ਵਿੱਚ ੪ ਤੋਲੇ ਧੋਕੇ ਪੀਸੀ ਹੋਈ ਭੰਗ, ਹੋਰ ਮ੍ਰਿਚ, ਸੁੰਢ, ਜਾਫਲ, ਚਾਰਜਾਤ ਅਰਥਾਤ (ਦਾਰਚੀਨੀ, ਇਲਾਯਚੀ, ਨਾਗ ਕੇਸਰ, ਤਮਾਲ ਪਤ੍ਰ), ਲੌਂਗ, ਮੁਲੱਠੀ, ਭੱਖੜਾ, ਮੂਸਲੀ, ਸਮੁੰਦਰ, ਸੋਖ, ਤਾਲ ਮਖਾਣਾ, ਚੰਦਨ, ਨਾਗਰ ਮੋਥਾ, ਸਿੰਘਾੜੇ, ਤਗਰ, ਕਪੂਰ, ਕਸਤੂਰੀ, ਲਸੂੜੇ, ਹਰੜਾਂ, ਮ੍ਰਿਚ, ਚਵ ਤੇ ਕੌਂਚ ਬੀਜ ਇਹ ਅੱਧਾ ਅੱਧਾ *ਸੁਕਤਿ ਅਰਥਾਤ ਦੋ ਦੋ ਤੋਲੇ ਇਹ ਸਭ ਪੀਹਕੇ ਰਲਾਵੇ। ਅਭ੍ਰਕ, ਲੋਹਾ; ਤਾਂਬਾ, ਬੰਗ ਤੇ ਸੋਨਾ ਇਹ ਸਭੋ ਮਾਰੇ ਹੋਏ ੧-੧ ਤੋਲਾ ਪਾਵੇ ਤੇ ਅਫੀਮ ੨ ਟੰਕ (੮ ਮਾਸੇ) ਹੀ ਪਾਵੇ। ਇਸਤਰਾਂ ਸਭ ਔਖਧੀਆਂ ਪਾਤ੍ਰ ਵਿਚ ਪਾਕੇ ਮਿਲਾਵੇ ਅਰ ੧ ਤੋਲੇ ਦੀ ਮਾਤ੍ਰਾ ਕਰੇ, ਤੇ ਖਾਵੇ। ਇਹ ਗੋਲੀ ਬਲ ਦੇ ਵਧਾਣ ਵਾਲੀ ਤੇ ਬੀਰਜ ਦੇ ਸਬ ਰੋਗ ਨਾਸ ਕਰਨਹਾਰੀ ਹੈ, ਖਾਣਹਾਰਾ ਇਸਤ੍ਰੀ ਦਾ ਪਿਆਰਾ ਹੋਵੇ, ਰਾਤ ਦਿਨ ਸੁਖ ਦੇਵੇ, ਅਤੇ ਬਾਤ, ਕਫ ਦੇ ਸਾਰੇ ਰੋਗ ਨਾਸ ਕਰੇ ਤੇ ਬਾਂਝ ਦੇ ਪੁਤ੍ਰ ਪੈਦਾ ਕਰੇ। ਇਸਦੇ ਖਾਣਹਾਰੇ ਦਾ ਮੁਖ ਪ੍ਰਸੰਨ ਰਹੇ ਤੇ ਹ੍ਰਿਦਾ ਕਮਲ ਖਿੜੇ, ਸਰੀਰ ਦੀ ਆਭਾ ਦਿਨੋ ਦਿਨ ਵਧਦੀ ਜਾਵੇ। ਪਰੰਤੂ ਗੋਲੀ ੧ ਤੋਲੇ ਬੀ ਹੀ ਕਰਕੇ ਖਾਵੇ ਤਾਂ ਅੱਗੇ ਨਾਲੋਂ ਚੌਗੁਣਾ ਕਾਮ ਵਧਾਵੇ। ਬੀਰਜ, ਓਜ, ਅਤੇ ਬਲ ਵਿਖੇ ਅਤਯੰਤ ਵਾਧਾ ਹੋਵੇ, ਬੜਾ ਸੁੰਦ੍ਰ ਬਾਜੀ ਕਰਨ ਇਸ ਨਾਲ ਸਿਧ ਹੋਵੇ।

ਕਪਿਕੱਛ (ਕੌਂਚਬੀਜ) ਪਾਕ-ਤ੍ਰਿਭੰਗੀ ਛੰਦ

ਕਪਿ ਕੱਛ ਵੀਜਨਿ ਪਲ ਬਾਰਾਨੰ ਤੁਲਾ ਪਯਾਨੰ ਕਰ ਖੋਵਾ।
ਸੌ ਪਲ ਲੈ ਖੰਡੰ ਪਾਤ ਕਰੰਡੰ ਖੋਵਾ ਸੰਡੰ ਵਿਚ ਸੇਵਾ।
ਚੌ ਜਾਤ ਲਵੰਗੰ ਏਲਾ ਬੰਗੰ ਮਾਸੀ ਅੰਗੰ ਕ੍ਰਿਸਨਾ ਅਗਰੰ।
ਚੱਵਜ ਵਲਾ ਸਤਾਵਰ ਮੁੰਡੀ ਨਾਗਰ ਮੁਸਲੀ ਤਾਗਰ ਯਸਟਿ ਧਰੰ॥
ਉਟੰਗਨ ਮਰਚਾਂ ਜੁ ਕੌਂਚ ਧਰੰਚਾ ਪਿੱਛਲ ਮਰਚਾਂ ਕਾਂਕੋਲੀ।
ਸੁ ਵਿਦਾਰੀ ਕੰਦੰ ਹਿੰਗਲ ਛੰਦੰ ਕੇਲਾ ਕੰਦੰ ਲੈ ਤੋਲੀ।
ਕਟੁਫਲ ਅਸਗੰਧੰ ਗੋਰਜਰ ਬੰਦੰ ਸਿੰਖਲ ਸੰਧੰ ਕਰਪੂਰੰ।
ਕੇਸਰ ਕਸਤੂਰੀ ਮੁਗਧਾ ਪੂਰੀ ਜਾਫਲ ਚੂਰੀ ਲੈ ਪੂਰੰ॥੪੬੨॥
ਚਿਤ੍ਰਕ ਜਲਵੱਤੀ ਪਾਰਦ ਘੱਤੀ ਗਗਨ ਸੁਧੱਤੀ ਮ੍ਰਿਤ ਸਾਰਾ।
ਮੱਜਾ ਲੈ ਤੀਨੰ ਚੰਦਨ ਦੀਨੰ ਸੋਨਾ ਲੀਨੰ ਮ੍ਰਿਤ ਤਾਰਾ।

†ਸੁਕਾਤ ਕਿਧਰੇ ੪ ਤੋਲੇ ਦਾ ਭੀ ਹੁੰਦਾ ਹੈ।

Digitized by Panjab Digital Library | www.panjabdigilib.org

ਅਧ ਅਧ ਪਲ ਪਾਵੇ ਪੀਸ ਮਿਲਾਵੇ ਆਫੂ ਠਾਵੇ ਇਕ ਕਰਖ।
ਭੰਗਾ ਪਲੁ ਚਾਰੇ ਘਿਉ ਮਧ ਧਾਰੇ ਕੁੜਵ ਸੁਧਾਰੇ ਪਤ ਪਰਖ ॥੪੬੩॥
ਮੋਦਕ ਦੋ ਕਰਖੰ ਖਾਵੇ ਪਰਖੰ ਜਾਵੈ ਹਰਖੰ ਪਾਂਡੂ ਗਦੰ।
ਸੁਕ੍ਰਦ ਬਲ ਮਾਸੰ ਕਰਤ ਉਲਾਸੰ ਵਾਤ ਵਿਨਾਸੰ ਕਫ ਹਰਦੰ।
ਖਯ ਖਯਤ ਅਤਿਸਾਰੰ ਗ੍ਰਹਣੀ ਹਾਰੰ ਕਰ ਬਹੁ ਸਾਰੰ ਕਾਸ ਹਰੰ।
ਸਬ ਸੋਫ ਵਿਦਾਰੇ ਧਾਤੁ ਸੁਕਾਰੇ ਤਾਪਵਿਡਾਰੇ ਬੁੱਧਿ ਕਰੰ ॥੪੬੪॥
ਕਰਿ ਲਿੰਗ ਸਤਿਵਿਧਾ ਸੁਕ੍ਰਦ ਅਵਿਧਾ ਪੁਤ੍ਰ ਲਵੱਧਾ ਸੰਗ ਕਰੈ।
ਰਮਿਹੈ ਖੰਡ ਤ੍ਰੀਪਾ ਸੰਗ ਕਰੀਯਾ ਰੂਪ ਸੁਥੀਯਾ ਤਨ ਰੰਗੈ।
ਕਪਿਕਛ ਵਖਾਨਯਾ ਪਾਕ ਸੁ ਠਾਨਯਾ ਮੇਘਹਿ ਭਾਨਯਾ ਗੁਨ ਧਾਰੀ।
ਵੰਧੇਜ ਸੁ ਕਰਤਾ ਰੁਜ ਸਬ ਹਰਤਾਮੇਹ ਸੁ ਟਰਤਾ ਬਲਕਾਰੀ ॥੪੬੫॥

੨੮੫੧—ਕੌਂਚ ਬੀਜ ੧੨ ਪਲ=੪੮ ਤੋਲੇ, ਤੁਲਾ=੮੦੦ ਤੋਲੇ (੧੦ ਸੇਰ) ਦੁੱਧ ਵਿਚ ਖੋਆ ਕਰ ਲਵੇ। ਸੌ ਪਲ=੪੦੦ ਤੋਲਾ (੫ ਸੇਰ) ਖੰਡ ਲੈਕੇ ਇਸ ਦੀ ਚਾਸਣੀ ਅਰਥਾਤ ਪੱਤ ਪਕਾਵੇ, ਫਿਰ ਇਸ ਵਿਚ ਖੋਵਾ ਪਾ ਦੇਵੇ। ਪੁਨਾ ਚਾਰਜਾਤ (ਦਾਲਚੀਨੀ, ਇਲਾਚੀ; ਨਾਗ ਕੇਸਰ ਤੇ ਤਮਾਲ ਪਤ੍ਰ), ਲੌਂਗ, ਲਾਚੀਆਂ, ਵੰਗ, ਛੜ, ਮਘ, ਅਗਰ, ਚੱਵ, ਖਿਰੈਟੀ, ਸਤਾਵਰ. ਮੁੰਡੀ, ਸੁੰਢ, ਮੂਸਲੀ, ਤਗਰ, ਮੁਲੱਠੀ, ਉਟੰਗਣ ਬੀਜ, ਮਿਰਚਾਂ, ਕੌਂਚਬੀਜ, ਲਸੂੜੇ, ਕੰਕੋਲੀ, ਮ੍ਰਿਚ ਅਰਥਾਤੁ ਸਕਾਕਲ, ਵਿਦਾਰੀਕੰਦ (ਸਿਆਲੀਆਂ), ਸ਼ਿੰਗਰਫ, ਕੇਲੇ ਦਾ ਫਲ, ਕਾਯਫਲ, ਅਸਗੰਧ, ਭਖੜਾ; ਸਿੰਮਲ ਦੀ ਜੜ੍ਹ, ਕਪੂਰ, ਕੇਸਰ ਕਸਤੂਰੀ, ਮਘਾਂ, ਜਾਫਲ, ਚਿਤ੍ਰਾ, ਜਾਵਤ੍ਰੀ; ਮ੍ਰਿਤ ਪਾਰਾ, ਮ੍ਰਿਤ ਅਭ੍ਰਕ, ਮ੍ਰਿਤ ਸਾਰ, ਤਿੰਨੇ ਗਿਰੀਆਂ (ਬਾਦਾਮ, ਪਿਸਤਾ, ਨਿਉਜੇ), ਚੰਦਨ, ਸੋਨਾ ਤੇ ਚਾਂਦੀ ਮਾਰੇ ਹੋਏ ਇਹ ੨-੨ ਤੋਲੇ, ਤੇ ੧ ਤਲਾ ਅਫੀਮ ਪੱਕੀ, ਭੰਗ ਧੋਕੇ ਪੀਸੀ ਹੋਈ ੧੬ ਤੋਲੇ, ਘਿਉ ਤੇ ਸ਼ਹਿਤ ਇਹ ਕੁੜਬ=੩੨ ਤੋਲੇ, ਇਹ ਸਭ ਪੱਤ ਵਿਚ ਪਾ ਦੇਵੇ। ਫਿਰ ਲਡੂ ੨ ਤੋਲੇ ਦਾ ਬਣਾਵੇ। ਖਾਵੇ, ਇਸਦੀ ਪਰੀਖਯਾ ਹੈ ਕਿ ਖੁਸ਼ੀ ਪੈਦਾ ਕਰੇ, ਪਾਡੂ ਰੋਗ ਨਾਸ ਕਰਦਾ ਹੈ। ਬੀਰਜ ਵਰਧਕ, ਬਲ, ਮਾਂਸ, ਪੈਦਾ ਕਰਨਹਾਰ; ਉਤਸ਼ਾਹਚਾਰਕ, ਵਾਯੂ ਨਾਸ ਕਰੇ। ਕਫ ਭਗਾਵੇ। ਖਈ, ਖਤ, ਅਤੀਸਾਰ; ਸੰਗ੍ਰਹਣੀ, ਖਾਂਸੀ ਇਨ੍ਹਾਂ ਨੂੰ ਨਾਸ ਕਰਨਹਾਰਾ, ਸਰੇਸ਼ਟ ਕਰਨਹਾਰਾ ਸਭ ਤਰਾਂ ਦੀ ਸੋਜ ਨਾਸ਼ਕ; ਧਾਤੂਵਰਧਕ, ਤਾਪ ਨਾਸਕ; ਬੁੱਧੀਪ੍ਰਦ, ਲਿੰਗ ਨੂੰ ਮੋਟਾ ਕਰਨਹਾਰਾ, ਬੀਰਜ ਵਧੌਣ ਹਾਰਾ ਤੇ ਪੁਤ੍ਰ ਪੈਦਾ ਕਰਨ ਹਾਰਾ, ਇਹ ਪਾਕ ਹੈ। ਇਮ ਦੇ ਪ੍ਰਭਾਵ ਹੀਜੜਾ ਇਸਤ੍ਰੀ ਨਾਲ ਰਮਣ ਕਰ ਸਕੇ। ਸਰੀਰ ਦਾ ਰੂਪ ਰੰਗ ਸੋਹਣਾ ਕਰੇ। ਇਹ ਕੌਂਚਬੀਜ ਦਾ ਪਾਕ ਮਘ ਨੇ ਕਿਹਾ ਹੈ, ਇਹ ਬੜਾ ਬੰਧੇਜ ਕਰਨ ਵਾਲਾ, ਪ੍ਰਮੇਹਾਂ ਦਾ ਨਾਸ ਕਰਕੇ ਬਲ ਕਰਨ ਹਾਰਾ ਹੈ ॥੪੬੧॥੪੬੫॥

ਗੁਲਾਬ ਪਾਕ—ਗੀਤਛੰਦ

ਫੂਲ ਪੰਚ ਦਸੁ ਪਲੁ ਲੈ ਗੁਲਾਬਹਿ ਧੇਨੁ ਆਦਕ ਖੀਰਹੀ।

Digitized by Panjab Digital Library | www.panjabdigilib.org

ਸੁ ਪਕਾਇ ਟੀਕੀ ਕਰੋ ਪ੍ਰਿਥਮਹਿ ਥਾਲ ਰਾਖੋ ਭੀਰਹੀ ।
ਪ੍ਰਸਥ ਮਿਸਰੀ ਦੋਇ ਲੈਕੇ ਪਾਤ ਤਾਹਿ ਪਕਾਇਹੀ ।
ਤਿਸ ਮਾਹਿ ਟੀਕੀ ਪਾਇ ਦੀਜੈ ਔਰ ਔਖਧਿ ਪਾਇਹੀ ॥੪੬੬॥

ਲੈ ਕੁੜਵ ਮਭੂਰ ਸਿੰਗ੍ਰਾਟ ਮਾਸੀ ਸਿਵਾ ਮਰਕਟ ਬੀਜ ਹੀ ।
ਕਪਕਛ ਮਰਪਾਂ ਜਾਤਿ ਪਤਰੀ ਸਿਖਰ ਭ੍ਰਿੰਗ ਸੁ ਲੀਜਹੀ ।
ਏਲਾਇਚੀ ਮਰਗਾਂਡ ਲੋਹੰ ਗਗਨ ਕਾਚਨ ਤਾਰ ਹੀ ।
ਹਿਮ ਅਗਰ ਵੰਗ ਸੁ ਭਸਮ ਪਾਵੇ ਪੀਸ ਸਕਲ ਸਵਾਰ ਹੀ ॥੪੬੭॥

ਏ ਕਰਖ ਕਰਖ ਸੁ ਪਾਇ ਕੀਜੈ ਗੁਟੀ ਕਰਖ ਪ੍ਰਮਾਨ ਹੀ ।
ਜੇ ਖਾਤ ਕਾਮੀ ਕਾਮ ਜਾਗਤ ਤਰੁਣ ਬਹੁ ਸੁਖ ਜਾਨਹੀ ।
ਹਰਿ ਪਿੱਤ ਅਨਿਲ ਪ੍ਰਮੇਹ ਸ੍ਵਾਸਾ ਕਾਸ ਜ੍ਵਰ ਬਮਿ ਜਾਨਹੀ ।
ਗੁਲਾਬ ਪਾਕ ਪ੍ਰਕਾਸ ਦੀਜੈ ਮੇਘਿ ਮੁਨਿ ਇਮ ਭਾਨ ਹੀ ॥੪੬੮॥

੨੮੫੩—ਗੁਲਾਬ ਦੇ ਫੁੱਲ ੧੦ ਪਲ=੪੦ ਤੋਲੇ; ਗੋਕਾ ਦੁੱਧ ੧ ਆਢਕ=੮ ਸੇਰ ਵਿਚ ਪਕਾਇਕੇ ਖੋਵਾ ਕਰਕੇ ਥਾਲੀ ਵਿਚ ਪਾਕੇ ਅਲਹਿਦਾ ਰੱਖ ਲਵੇ, ਮਿਸ੍ਰੀ ੨ ਪ੍ਰਸਥ=੧੨੮ ਤੋਲੇ ਲੈਕੇ ਇਸਦੀ ਪਕਾਕੇ ਪੱਤ ਕਰੇ. ਅਰ ਜਦ ਪੱਤ ਠੀਕ ਹੋ ਜਾਵੇ ਤਾਂ ਖੋਵਾ ਇਸ ਵਿਚ ਪਾ ਦੇਵੇ ਅਤੇ ਹੇਠ ਲਿਖੀਆਂ ਹੋਰ ਦਵਾਈਆਂ ਬੀ ਪਾਵੇ—੧ ਕੁੜਬ = ੩੨ ਤੋਲੇ ਸ਼ਹਿਤ, ਸਿੰਘਾੜੇ, ਛੜ, ਆਵਲੇ, ਕੌਂਚ ਬੀਜ। ਕੌਂਚ *ਬੀਜ, ਮ੍ਰਿਚਾਂ, ਸਾਵਿਤ੍ਰੀ, ਕੁੰਦਰੂ †ਗੂੰਦ, ਭਾਂਗਰੇ ਦੇ ਸੁਕਾਏ ਹੋਏ ਪੱਤ੍ਰ, ਇਲਾਯਚੀ, ਕਸਤੂਰੀ, ਲੋਹਾ, ਅਭ੍ਰਕ, ਸੋਨਾ, ਚਾਂਦੀ, ਇਨ ਚਾਰੇ ਮਾਰੇ ਹੋਏ, ਕਪੂਰ, ਅਗਰ ਤੇ ਬੰਗ ਦੀ ਭਸਮ, ਇਹ ਸਭੋ ਤੋਲਾ ਤੋਲਾ ਪੀਹਕੇ ਪਾਇ ਮਿਲਾਇ, ੧ ਤੋਲੇ ਦੀ ਗੋਲੀ ਬੰਨ੍ਹਕੇ ਖਾਵੇ, ਜੇ ਵਿਸ਼ਈ ਇਸਨੂੰ ਖਾਵੇ ਤਾਂ ਕਾਮ ਜਾਗੇ, ਇਸਤ੍ਰੀ ਬਹੁਤ ਸੁਖ ਪ੍ਰਾਪਤ ਕਰੇ, ਹੋਰ ਪਿੱਤ, ਬਾਤ ਪ੍ਰਮੇਹ, ਦਮਾਂ, ਖਾਂਸੀ, ਤਾਪ ਤੇ ਕੈ ਨੂੰ ਇਹ ਗੁਲਾਬ ਪਾਕ ਨਾਸ਼ ਕਰਨਹਾਰਾ ਹੈ ॥੪੬੬ ਤੋਂ ੪੬੮॥

ਗੋਖਰੂ ਪਾਕ (ਵੈਦਕੰਤੂਹਲਾਤ)—ਛਪਯ

ਗੋਖਜਰੁ ਦਸ ਪਲ ਫੇਨ ਨਾਗ ਪਲੁ ਆਠ ਠਵੀਜੈ ।

---

*ਮਰਕਟੀ ਬੀਜ = ਪੁਠਕੰਡੇ ਦੇ ਬੀਜ ਹਨ। ਜੇਕਰ ਕੌਂਚ ਬੀਜ ਬੀ ਦੂਣੇ ਕਰੇ ਤਾਂ ਠੀਕ ਹਨ ।
†ਸਿਖਰ = ਕੁੰਦਰੂ ਗੂੰਦ ਹੈ, ਦੇਖੋ ਔਸ਼ਧੀ ਕੋਸ਼ ਪ੍ਰਿ: ੧੬੩।

Digitized by Panjab Digital Library | www.panjabdigilib.org

ਅਧ ਅਧ ਪਲ ਪਾਵੇ ਪੀਸ ਮਿਲਾਵੇ ਆਫੂ ਠਾਵੇ ਇਕ ਕਰਖ।
ਭੰਗਾ ਪਲੁ ਚਾਰੇ ਘਿਉ ਮਧ ਧਾਰੇ ਕੁੜਵ ਸੁਧਾਰੇ ਪਤ ਪਰਖ ॥੪੬੩॥
ਮੋਦਕ ਦੋ ਕਰਖੰ ਖਾਵੇ ਪਰਖੰ ਜਾਵੈ ਹਰਖੰ ਪਾਂਡੂ ਗਦੰ।
ਸੁਕ੍ਰਦ ਬਲ ਮਾਸੰ ਕਰਤ ਉਲਾਸੰ ਵਾਤ ਵਿਨਾਸੰ ਕਫ ਹਰਦੰ।
ਖਜ ਖਜਤ ਅਤਿਸਾਰੰ ਗ੍ਰਹਣੀ ਹਾਰੰ ਕਰ ਬਹੁ ਸਾਰੰ ਕਾਸ ਹਰੰ।
ਸਬ ਸੋਫ ਵਿਦਾਰੇ ਧਾਤੁ ਸੁਕਾਰੈ ਤਾਪਵਿਡਾਰੇ ਬੁੱਧਿ ਕਰੰ ॥੪੬੪॥
ਕਰਿ ਲਿੰਗ ਸਤਿਵਿਧਾ ਸੁਕ੍ਰਦ ਅਵਿਧਾ ਪੁਤ੍ਰ ਲਵੱਧਾ ਸੰਗ ਕਰੈ।
ਰਮਿਹੈ ਖੰਡ ਤ੍ਰੀਪਾ ਸੰਗ ਕਰੀਯਾ ਰੂਪ ਸੁਥੀਯਾ ਤਨ ਰੰਗੈ।
ਕਪਿਕਛ ਵਖਾਨਯਾ ਪਾਕ ਸੁ ਠਾਨਯਾ ਮੇਘਹਿ ਭਾਨਯਾ ਗੁਨ ਧਾਰੀ।
ਵੰਧੇਜ ਸੁ ਕਰਤਾ ਰੁਜ ਸਬ ਹਰਤਾਮੇਹ ਸੁ ਟਰਤਾ ਬਲਕਾਰੀ ॥੪੬੫॥

੨੮੫੧—ਕੌਂਚ ਬੀਜ ੧੨ ਪਲ—੪੮ ਤੋਲੇ, ਤੁਲਾ=੮੦੦ ਤੋਲੇ (੧੦ ਸੇਰ) ਦੁੱਧ ਵਿਚ ਖੋਆ ਕਰ ਲਵੇ। ਸੌ ਪਲ—੪੦੦ ਤੋਲਾ (੫ ਸੇਰ) ਖੰਡ ਲੈਕੇ ਇਸ ਦੀ ਚਾਸਣੀ ਅਰਥਾਤ ਪੱਤ ਪਕਾਵੇ, ਫਿਰ ਇਸ ਵਿਚ ਖੋਵਾ ਪਾ ਦੇਵੇ। ਪੁਨਾ ਚਾਰਜਾਤ (ਦਾਲਚੀਨੀ, ਇਲਾਚੀ; ਨਾਗ ਕੇਸਰ ਤੇ ਤਮਾਲ ਪਤ੍ਰ), ਲੋਂਗ, ਲਾਚੀਆਂ, ਵੰਗ, ਛੜ, ਮਘ, ਅਗਰ, ਚੱਵ, ਖਿਰੈਟੀ, ਸਤਾਵਰ. ਮੁੰਡੀ, ਸੁੰਢ, ਮੂਸਲੀ, ਤਗਰ, ਮੁਲੱਠੀ, ਉਟੰਗਣ ਬੀਜ, ਮਿਰਚਾਂ, ਕੌਂਚਬੀਜ, ਲਸੂੜੇ, ਕੰਕੋਲੀ, ਮ੍ਰਿਚ ਅਰਥਾਤ ਸਕਾਕਲ, ਵਿਦਾਰੀਕੰਦ (ਸਿਆਲੀਆਂ), ਸ਼ਿੰਗਰਫ, ਕੇਲੇ ਦਾ ਫਲ, ਕਾਯਫਲ, ਅਸਗੰਧ, ਭਖੜਾ; ਸਿੰਮਲ ਦੀ ਜੜ੍ਹ, ਕਪੂਰ, ਕੇਸਰ ਕਸਤੂਰੀ, ਮਘਾਂ, ਜਾਫਲ, ਚਿਤ੍ਰਾ, ਜਾਵਤ੍ਰੀ; ਮ੍ਰਿਤ ਪਾਰਾ, ਮ੍ਰਿਤ ਅਭ੍ਰਕ, ਮ੍ਰਿਤ ਸਾਰ, ਤਿੰਨੇ ਗਿਰੀਆਂ (ਬਾਦਾਮ, ਪਿਸਤਾ, ਨਿਉਜੇ), ਚੰਦਨ, ਸੋਨਾ ਤੇ ਚਾਂਦੀ ਮਾਰੇ ਹੋਏ ਇਹ ੨-੨ ਤੋਲੇ, ਤੇ ੧ ਤਲਾ ਅਫੀਮ ਪੱਕੀ, ਭੰਗ ਧੋਕੇ ਪੀਸੀ ਹੋਈ ੧੬ ਤੋਲੇ, ਘਿਉ ਤੇ ਸ਼ਹਿਤ ਇਹ ਕੁੜਬ—੩੨ ਤੋਲੇ, ਇਹ ਸਭ ਪੱਤ ਵਿਚ ਪਾ ਦੇਵੇ। ਫਿਰ ਲਡੂ ੨ ਤੋਲੇ ਦਾ ਬਣਾਵੇ। ਖਾਵੇ, ਇਸਦੀ ਪਰੀਖਯਾ ਹੈ ਕਿ ਖੁਸ਼ੀ ਪੈਦਾ ਕਰੇ, ਪਾਡੂ ਰੋਗ ਨਾਸ ਕਰਦਾ ਹੈ। ਬੀਰਜ ਵਰਧਕ, ਬਲ, ਮਾਂਸ, ਪੈਦਾ ਕਰਨਹਾਰ; ਉਤਸ਼ਾਹਚਾਰਕ, ਵਾਯੂ ਨਾਸ ਕਰੇ। ਕਫ ਭਗਾਵੇ। ਖਈ, ਖਤ, ਅਤੀਸਾਰ; ਸੰਗ੍ਰਹਣੀ, ਖਾਂਸੀ ਇਨ੍ਹਾਂ ਨੂੰ ਨਾਸ ਕਰਨਹਾਰਾ, ਸਰੇਸ਼ਟ ਕਰਨਹਾਰਾ ਸਭ ਤਰਾਂ ਦੀ ਸੋਜ ਨਾਸ਼ਕ; ਧਾਤੂਵਰਧਕ, ਤਾਪ ਨਾਸਕ; ਬੁੱਧੀਪ੍ਰਦ, ਲਿੰਗ ਨੂੰ ਮੋਟਾ ਕਰਨਹਾਰਾ, ਬੀਰਜ ਵਧੌਣ ਹਾਰਾ ਤੇ ਪੁਤ੍ਰ ਪੈਦਾ ਕਰਨ ਹਾਰਾ, ਇਹ ਪਾਕ ਹੈ। ਇਸ ਦੇ ਪ੍ਰਭਾਵ ਹੀਜੜਾ ਇਸਤ੍ਰੀ ਨਾਲ ਰਮਣ ਕਰ ਸਕੇ। ਸਰੀਰ ਦਾ ਰੂਪ ਰੰਗ ਸੋਹਣਾ ਕਰੇ। ਇਹ ਕੇਂਚਬੀਜ ਦਾ ਪਾਕ ਮਘ ਨੇ ਕਿਹਾ ਹੈ, ਇਹ ਬੜਾ ਬੰਧੇਜ ਕਰਨ ਵਾਲਾ, ਪ੍ਰਮੇਹਾਂ ਦਾ ਨਾਸ ਕਰਕੇ ਬਲ ਕਰਨ ਹਾਰਾ ਹੈ ॥੪੬੧॥੪੬੫॥

ਗੁਲਾਬ ਪਾਕ—ਗੀਤਛੰਦ

ਫੁਲ ਪੰਚ ਦਸੁ ਪਲੁ ਲੈ ਗੁਲਾਬਹਿ ਧੇਨੁ ਆਦਕ ਖੀਰਹੀ।

Digitized by Panjab Digital Library | www.panjabdigilib.org

ਛਿੱਲ; ਤਾਂਬਾ, ਲੋਹਾ ਇਹ ਦੋਨੋਂ ਮਰੇ ਹੋਏ ਦੋ ਦੋ ਤੋਲੇ ਪਾਕੇ ਮਿਲਾਵੇ ਤੇ ਦੋ ਤੋਲੇ ਦੀ ਗੋਲੀ ਬਣਾਕੇ ਕਾਮੀ ਪੁਰਖ ਦੁੱਧ ਮਿਸਰੀ ਨਾਲ ਸਵਨ ਕਰੇ ਤਾਂ ਸਭ ਤਰਾਂ ਦੇ ਪ੍ਰਮੇਹ ਨਾਸ਼ ਕਰੇ ਹੋਰ ਪਾਂਡੂ, ਅਤੀਸਾਰ, ਸੰਗ੍ਰਹਣੀ ਤੇ ਖਈ ਇਹ ਸਭ ਨਾਸ਼ ਹੋਵੇ; ਤੇ ਲਿੰਗ ਦੀ ਤੇਜੀ ਵਧੇ, ਜੋਰ ਤੇ ਬਾਜੀ ਕਰਣ ਹੋਏ। ਹੋਰ ਬੀ ਅਨੇਕਾਂ ਗੁਣ ਪੈਦਾ ਕਰ, ਖਾਣ ਵਾਲਾ ਨਿੱਤ ਪ੍ਰਤੀ ਇਸਤ੍ਰੀ ਦਾ ਆਨੰਦ ਲੇਵੇ। ਪਰੰਤੂ ਬੇਵਕੂਫ ਅਜਿਹੇ ਚਮਤਕਾਰ ਨਹੀਂ ਜਾਣ ਸਕਦਾ, ਇਹ ਵੈਦ ਕਤੂਹਲ ਦਾ ਮਤ ਹੈ ॥੪੬੯॥੪੭੧॥

ਭੰਗ ਪਾਕ—ਸ੍ਵੈਯਾ

ਭੰਗ ਰਸਾ ਇਕ ਪ੍ਰਸਥ ਸੁ ਆਢਕ ਦੂਧ ਮੈਂ ਪਾਇ ਕਿਸਾਰ ਕਰੀਜੈ।
ਸੱਤ ਪਲ ਖੰਡ ਕੀ ਪਾਤ ਕਰੀ ਤਿਸ ਮਾਹਿ ਸੁ ਖੋਵਾ ਆਨਕੈ ਦੀਜੈ।
ਮਾਖਕ ਆਜਿ ਸੁ ਕੁੜਵ ਵਖਾਨਿਯੋ ਔਖਧ ਔਰ ਕੇ ਚੂਰਣ ਲੀਜੈ।
ਏਲ ਲਵੰਗ ਖਜੂਰ ਕਿਮਸਤਹਿਅਕਰਕਰਾ ਲੈ ਬਾਨਰੀ ਬੀਜੈ ॥੪੭੨॥
ਕੇਸਰ ਜਾਤ ਚਤੁਰ ਤੁਗਖੀਰੀ ਨੀਲ ਕਮਲ ਸਤਾਵਰ ਦਾਖਾ।
ਜਾਤਿਫਲਾ ਵਲਯਾ ਮੁਸਲੀ ਸੇਖ ਸਮੁੰਦ੍ਰਹਿ ਇਟਸਿਟ ਰਾਖਾ।
ਸਿੰਬਲ ਤੀਨ ਫਲਾ ਨਿਸ ਮਰਚਾਂ ਜੀਰਕ ਦੋਇ ਬਲਾ ਕਣ ਭਾਖਾ।
ਚੰਦਨ ਅਗਰ ਕਪੂਰ ਕਸਤੂਰੀ ਜਾਤਿ ਸੁਪਤਰੀ ਕ੍ਰਿਮਕੰਸਾਖਾ ॥੪੭੩॥
ਧਾਨਯ ਸੁਸਾਰ ਸੂਤਾਰ *ਮ੍ਰਿਗਾਂਕ ਹੀ ਅਭ੍ਰਕ ਤਾਂਬਰ ਵੰਗ ਸੁ ਮਾਰੇ।
ਪਿਚ ਪਿਚ ਮਾਤ੍ਰਾ ਪੀਸ ਮਿਲਾਵ੍ਹੇ ਕਰਖ ਦਊ ਗੁਟਕਾ ਲੈ ਧਾਰੇ।
ਅਰਸਾ ਪਾਂਡੁ ਜੁ ਵਾਤ ਕਫੈ ਗਦਿਗ੍ਰਹਣਿ ਸੁ ਸੂਲਹਿ ਗੁਲਮ ਵਿਡਾਰੇ।
ਬੀਰਜ ਕਰਿ ਸੌ ਨਾਰਿ ਰਮੈ ਨਿਤ ਨਾਸ ਕਰੈ ਪਲਤੇਸੁਵਿਕਾਰੇ ॥੪੭੪॥
ਵੀਸ ਪ੍ਰਮੇਹ ਕੋ ਨਾਸ ਕਰੈ ਇਕ ਮਾਸਹਿ ਤੇ ਬੂਡਹਿ ਤਰੁਣਾਈ।
ਚੌਗੁਣੋ ਕਾਮ ਵਧਾਵਤ ਸੁੰਦਰ ਰੂਪ ਕਰੋ ਮਨ ਕੰਦ੍ਰਪ ਭਾਈ।
ਪੁਸਟ ਕਰੈ ਬਲ ਬੀਰਯ ਧਰੈ ਬਲ ਹੀਨ ਕੋ ਪਾਰਦ ਕੇ ਗੁਨ ਨਜਾਈ।
ਮੇਘ ਕਹੈ ਗੁਨ ਸੋਈ ਲਹੈ ਜਿਹ ਦਾਮ ਘਨੋ ਘਰ ਮਾਹਿ ਸੁ ਲਜਾਈ।

*'ਮ੍ਰਿਗਾਂਡ' ਪਾਠ ਹੋਵੇ ਤਾਂ ਕਸਤੂਰੀ ਅਰਥ ਜਾਣੇ!

Digitized by Panjab Digital Library | www.panjabdigilib.org

ਦੋ ਪਲ ਭੰਗਾ ਵੀਜ ਕਨਕ ਦੋ ਕੋਲ ਸੁ ਲੀਜੈ।
ਤੁਲਾ ਏਕ ਗੋ ਦੂਧ ਮਾਹਿ ਖੋਵਾ ਸੁ ਕਰੀਮੈ।
ਰਾਖੋ ਥਾਲੀ ਮਾਹਿ ਖੰਡ ਸਉ ਪਲਹਿ ਜੁ ਦੀਜੈ।
ਕਰੀ ਪਾਤ ਪਾਕੀ ਲਖੀ ਤਾਮਹਿ ਖੁਵਾ ਸੁ ਮੇਲਿਯੇ।
ਉਤਾਰ ਭੂਮਿ ਸਬ ਔਰ ਹੀ ਔਖਧ ਏ ਲੈ ਠੇਲਿਯੇ ॥੪੬੯॥

ਲੌਂਗ ਵਾਨਰੀ ਵੀਜ ਜਾਇਫਲ ਮ੍ਰਿਗ ਮਦੁ ਕੇਸਰ।
ਅਸਗੰਧ ਮੁਸਲੀ ਯਸਟਿ ਕਦਨੰ ਵਲਾ ਸੁ ਘਨ ਧਰ।
ਬੀਜ ਉਟੰਗਨ ਨੀਲ ਕਮਲ ਜਾਤੀਫਲ ਨਾਗਰ।
ਜਾਵਤ੍ਰੀ ਛਰ ਤਗਰ ਜਾਇਫਲ ਮੇਲ ਸਤਾਵਰ।

ਪੰਗੀ ਪਿੱਛਲ ਸੁ ਮੱਜ ਤ੍ਰਿਕ ਤਾਲ ਮਖਾਨਾ ਹਰੜ ਛਿਲ।
ਧਾਤ੍ਰੀ ਤਾਂਮਰੁ ਲੋਹੁ ਮ੍ਰਿਤ ਕਰਖ ਦੋਇ ਦੋਇ ਪੀਸ ਮਿਲ ॥੪੭੦॥
ਗੁਟੀ ਕਰਖ ਦੋ ਕਰੋ ਖਾਤ ਜੋ ਨਿਤ ਉਠ ਕਾਮੀ।
ਸਿਤਾ ਦੂਧ ਅਨੁਪਾਨ ਮੋਹ ਸਬ ਹਰ ਹੈ ਕਾਮੀ।
ਪਾਂਡੁ ਰੋਗੁ ਅਤਿਸਾਰ ਔਰ ਗ੍ਰਹਿਣੀ ਖਯ ਨਾਸੈ।
ਵਧੈ ਤੇਜ ਅਤਿ ਲਿੰਗ ਜੋਰੁ ਬਾਜੀ ਕਰਿ ਭਾਸੈ।

ਗੁਨ ਅਨੇਕ ਯਹਿ ਕਰਤ ਨਿਜ ਜੋ ਖਾਵਤ ਕਾਮੀ ਤਿਯ ਰਮਤ।
ਮੂਰਖ ਗੁਨ ਨਾ ਕੋ ਲਹਿਤ ਵੈਦਜ ਕੰਤੂਹਲ ਇਮ ਭਨਤ ॥੪੭੧॥

੨੯੫੪—ਭੱਖੜਾ ੧੦ ਪਲ = ੪੦ ਤੋਲੇ, ਅਫੀਮ ੩੨ ਤੋਲੇ, ਭੰਗ ਧੋਤੀ ਹੋਈ ੮ ਤੋਲੇ। ਧਤੂਰੇ ਦੇ ਬੀਜ ਸੋਧੇ ਹੋਏ ੨ ਤੋਲੇ। ਦੁੱਧ ਗੋਕਾ ੧ ਤੁਲਾ = ੮੦੦ ਤੋਲੇ (੧੦ ਸੇਰ) ਵਿਚ ਪਾਕੇ ਖੋਵਾ ਕਰੇ, ਇਸਨੂੰ ਥਾਲੀ ਭਿਚ ਰਖਕੇ ਫੇਰ ਖੰਡ ੧੦੦ ਪਲ ਅਰਥਾਤ ੬੦੦ ਤੋਲੇ (੫ ਸੇਰ) ਲੇਕੇ ਪਕਾਏ ਤੇ ਪੱਤ ਦਰੇ, ਇਸ ਵਿੱਚ ਖੋਵਾ ਪਾਵੇ। ਫਿਰ ਚੁੱਲ੍ਹੇ ਤੋਂ ਲਾਹਕੇ ਹੇਠ ਲਿਖੀਆਂ ਹੋਰ ਦਵਾਈਆਂ ਪਾਵੇ-ਲੌਂਗ, ਕੌਂਚ ਬੀਜ, ਜਾਇਫਲ, ਕਸਤੂਰੀ, ਕੇਸਰ, ਅਸਗੰਧ, ਮੁਲੱਠੀ ਚੰਦਨ, ਖਿਰੈਟੀ, ਮੋਥਾ, ਉਟੰਗਣ ਬੀਜ, ਨੀਲੇ ਕਮਲ, ਜਾਫਲ, ਸੁੰਢ ਜਾਵਿਤ੍ਰੀ ਛੜ, ਤਗਰ, ਕਾਯਫਲ, ਸਿਤਾਵਰ, ਸਪਾਰੀਆਂ; ਲਸੂੜੇ; ਤਿੰਨੇ ਗਿਰੀਆਂ, ਤਾਲਮਖਾਕਾ, ਹਰੜਾਂ ਦੀ

Digitized by Panjab Digital Library | www.panjabdigilib.org

ਕੇਸਰ ਸਤਾਵਰੀ ਲੋਹੁ ਗਗਨ ਤਾਰ ਹੇਮ,
ਮਾਸੇ ਏਹ ਬੀਸ ਬੀਸ ਪੀਸ ਸਭ ਠਾਨਿਯੇ।
ਆਧ ਪਲੈ ਖਾਇ ਗੁਟੀ ਵਾਤ ਪਖੜਘਾਤ ਘਟੀ,
ਸ੍ਵਾਸਹੀ ਅਰੋਚ ਘਟੀ ਅਰਸ ਤਾਪ ਭਾਨਿਯੇ।
ਮੇਹ ਹਰੈ ਕਾਮ ਕਰੈ ਵਾਤ ਹੀ ਚੌਰਾਸਿ ਟਰੈ,
ਜੋਰ ਕਰੇ ਮੇਘ ਕਹੈ ਐਸੋ ਗੁਨ ਜਾਨਿਯੈ ॥੪੭੭॥

੨੯੫੬—ਅਸਗੰਧ ੧੨ ਪਲ ਅਰਥਾਤ ੪੯ ਤੋਲੇ। ਗੋਕਾ ਦੁੱਧ ੮੦੦ ਤੋਲੇ (੧੦ ਸੇਰ) ਵਿਚ ਕੁਟਕੇ ਛਾਣੀ ਹੋਈ ਪਾਕੇ ਪਕਾਵੇ ਖੋਵਾ ਕਰਕੇ ਥਾਲੀ ਵਿਚ ਪਾ ਰੱਖੇ। ਖੰਡ ੧੨੮ ਤੋਲੇ ਦੀ ਰੱਤ ਪਕਾਕੇ ਉਸ ਵਿਚ ਖੋਵਾ ਪਾ ਦੇਵੇ ਅਰ ਹੇਠ ਲਿਖੀਆਂ ਹੋਰ ਚੀਜਾਂ ਬੀ ਪੀਹਕੇ ਪਾ ਦੇਵੇ-ਸੁੰਢ ੮ ਤੋਲੇ, ੧੬ ਤੋਲੇ ਘਿਉ; ਚਾਰਜਾਤ (ਦਾਲ ਚੀਨੀ, ਇਲਾਚੀ, ਨਾਗ ਕੇਸਰ, ਤਮਾਲ ਪਤਰ) ਬੰਗ; ਬੁੱਜੀਇਲਾਚੀ, ਲੌਂਗ, ਤਿਰਕਟਾ = (ਮਘ, ਮ੍ਰਿਚ, ਸੁੰਢ), ਕਸਰ, †ਕਾਯਫਲ, ਭੜਿੰਗੀ, ਖਿਰੈਟੀ, ਕਮਰਕੱਸ; ਅਜਵਾਇਣ, ਚੱਵ, ਦੋਨੋਂ ਜੀਰੇ, ਚਿੱਤਰਾ, ‡ਕੁਲਫਾ, ਅਕਰਕਰਾ, ਮੁਲੱਠੀ, ਸੌਂਫ, ਪਿਪਲਾਮੂਲ ਜਾਵਿਤਰੀ, ਮਘ ਮ੍ਰਿਚ ਸੁੰਢ, ਤਬਾਸੀਰ, ਆਵਲੇ, ਇਟਸਿਟ, ਕੇਸਰ, ਸਤਾਵਰ, ਮ੍ਰਿਤ ਲੋਹਾ ਮ੍ਰਿਤ ਅਭ੍ਰਕ, ਮ੍ਰਿਤ ਚਾਂਦੀ, ਮ੍ਰਿਤ ਸੋਨਾ, ਇਹ ਸਭ ੨੦-੨੦ ਮਾਸੇ ਪਾਕੇ ਮਿਲਾਇ ੨ ਤੋਲੇ, ਦੀ ਗੋਲੀ ਬਨ੍ਹੇ। ਖਾਵੇ ਤਾਂ ਵਾਯੂ, ਪਖਜਾਘਾਤ (ਅਧਰੰਗ) ਦਮਾਂ; ਅਰੁਚੀ, ਬਵਾਸੀਰ, ਪ੍ਰਮੇਹ ਨਾਸ਼ ਕਰ, ਕਾਮ ਵਧਾਵੇ, ਹੋਰ ਚੌਰਾਸੀ ਵਾਯੂ ਨੂੰ ਨਾਸ ਕਰੇ, ਅਰ ਜਰ ਪੈਦਾ ਕਰੇ, ਇਸ ਅਸਗੰਧ ਪਾਕ ਵਿਚ ਅਜੇਹੇ ਗੁਣ ਅਧਿਕ ਹਨ ॥੪੭੬ ਤੋਂ ੪੭੭॥

ਜਾਵਿਤ੍ਰੀ ਪਾਕ (ਵੈਦ ਕੰਤੂਹਲਾਤ)—ਅੜਖਾ ਛੰਦ

ਆਠ ਪਲ ਲੀਜੀਯੇ ਜਾਨ ਜ਼ਾਵਤਰੀ ਪ੍ਰਸਥ ਤ੍ਰਯ ਦੂਧ ਗੋ ਮਾਹਿ ਪਾਰੀ।
ਰਾਖਿਯੈ ਥਾਲ ਪਾ ਖੰਡ ਦੋ ਪ੍ਰਸਥ ਜੋ ਏਕਹੀ ਪ੍ਰਸਥ ਪੁਨ ਸਹਿਤਦਾਰੀ।
ਕਰੀਤਿਸ ਪਾਤ ਖੋਵਾ ਮਿਲਾਵੈ ਸਹੀ ਘ੍ਰਿਤਹਿ ਪਲ ਆਠਵਾਚਤੁਰ ਜਾਤਾ।
ਲੌਂਗਦੋ ਜੀਰ ਚਵਿਆਨ ਦੇ ਤ੍ਰਯੂਖਣੰ ਮੇਲ ਕਰਿ ਪੂਰ ਛੜ ਧਾਤ੍ਰੀ ਵਾਤਾ।
ਜਾਇਫਲਹਰੜ ਧਨੀਯਾ ਮੰਗਾਵੈ ਤਗਰ ਗਗਨ-ਸੌਲੋਹਮ੍ਰਿਤ ਵੰਗਤਾਰਾ।
ਲੈ ਹੇਮ ਤਾਂਬਾ ਮੂਯਾ ਔਰ ਮੋਤੀ ਲਾਯਾ ਕਰਖਕੇਮਾਨਸਬਪ੍ਰਥਕ ਡਾਰਾ।

---

†ਕੁੰਭੀ = ਕਾਯਫਲ ਹੈ। ‡ਸਲੂਕ ਕੁਲਫਾ ਹੈ। ਦੇਖੋ ਦ੍ਰਬ ਦ੍ਰਪਣ।

Digitized by Panjab Digital Library | www.panjabdigilib.org

੨੮੫੫-ਭੰਗ ਦਾ ਰਸ ੧ ਪ੍ਰਸਥ = ੬੪ ਤੋਲੇ, ਆਢਕ = ੮ ਸੇਰ, ਦੁੱਧ ਵਿਚ ਪਕਾਇਕੇ ਖੋਵਾ ਕਰ ਲਵੇ; ਫਿਰ ੪੦੦ ਤੋਲੇ (੫ ਸੇਰ) ਖੰਡ ਦੀ ਪੱਤ ਪਕਾਕੇ ਉਸ ਵਿਚ ਖੋਵਾ ਪਾ ਦੇਵੋ। ਉਸ ਵਿਚ ਸ਼ਹਿਤ ਤੇ ਘਿਉ ੩੨ ਤੋਲੇ ਪਾਵੇ। ਹੋਰ ਚੀਜ਼ਾਂ:—ਇਲਾਯਚੀ, ਲੌਂਗ, ਖਜੂਰ, ਮਸਤਕੀ, ਅਕਰਕਰਾ, ਕੌਂਚ ਬੀਜ, ਕੇਸਰ, ਦਾਲਚੀਨੀ, ਇਲਾਚੀ, ਨਾਗ ਕੇਸਰ, ਤਮਾਲ ਪਤ੍ਰ; ਤਬਾਸੀਰ, ਨੀਲੇ ਕਮਲ; ਸਤਾਵਰ, ਮੁਨੱਕਾ, ਜਾਫਲ, ਅਸਗੰਧ; ਮੂਸਲੀ, ਸਮੁੰਦ੍ਰ ਸੋਖ; ਇਟਸਿਟ, ਸਿੰਮਲ ਦੀ ਜੜ੍ਹ, ਤ੍ਰਿਫਲਾ, ਹਲਧੀ, ਮ੍ਰਿਚਾਂ, ਦੋਨੋਂ ਜੀਰੇ, ਖਿਰੈਟੀ, ਮਘਾਂ, ਚੰਦਨ, ਅਗਰ ਕਪੂਰ, ਕਸਤੂਰੀ, ਜਾਵਿਤ੍ਰੀ, ਸੁਪਾਰੀ, ਧਨੀਆਂ, ਮ੍ਰਿਤ ਲੋਹਾ, ਮ੍ਰਿਤ ਚਾਂਦੀ, *ਮ੍ਰਿਗਾਂਕ (ਮ੍ਰਿਤ ਸੋਨਾ), ਅਭ੍ਰਕ ਤਾਂਬਾ ਤੇ ਭੰਗ ਇਹ ਸਭ ਮਾਰੇ ਹੋਏ ਦੋ ਦੋ ਤੋਲੇ ਪਾਕੇ ਮਿਲਾਇ, ਦੋ ਤੋਲੇ ਦੀ ਗੋਲੀ ਕਰੇ। ਖਾਵੇ ਤਾਂ ਬਵਾਸੀਰ, ਪਾਂਡੂ, ਬਾਤ, ਕਫ ਦੇ ਰੋਗ, ਸੰਗ੍ਰਹਣੀ, ਸੂਲ ਤੇ ਗੋਲਾ ਇਹਨਾਂ ਨੂੰ ਨਾਸ਼ ਕਰੇ। ਬੀਰਜ ਪੈਦਾ ਕਰੇ; ਭਾਵੇਂ ਸੌ ਇਸਤ੍ਰੀ ਨਾਲ ਭੋਗ ਕਰੇ, ਸਫੇਦ ਕੇਸਾਂ ਤੋਂ ਕਾਲੇ ਕਰੇ। ਬੀਸ ਪ੍ਰਮੇਹ ਦਾ ਨਾਸ ਕਰੇ ਇਕ ਮਹੀਨੇ ਦੇ ਸੇਵਨ ਤੇ ਬੁਢਿਓਂ ਜੁਆਨ ਹੋਵੇ। ਅੱਗੇ ਨਾਲੋਂ ਚੌਗੁਣਾ ਕਾਮ ਵਧਾਵੇ, ਸੁੰਦ੍ਰ ਸਰੂਪ ਅਜਿਹਾ ਕਰ ਮਾਨੋਂ ਕਾਮਦੇਵ ਦਾ ਭਰਾਤਾ ਹੈ, ਪੁਸਟੀ ਪੈਦਾ ਕਰੇ, ਬਲ ਬੀਰਜ ਭਰਾਵੇ। ਇਹ ਨਿਤਾਕਤਿਆਂ ਵਾਸਤੇ ਪਾਰੇ ਜੇਹਾ ਗੁਣਕਾਰ ਹੈ। ਮੇਘ ਜੀ ਦਾ ਵਿਚਾਰ ਹੈ ਕਿ ਜਿਸਦੇ ਘਰ ਦਮੜੇ ਅਧਿਕ ਹੋਣ ਓਹੀ ਇਸ ਨੂੰ ਸੇਵਨ ਕਰਕੇ ਗੁਣ ਜਾਣ ਸਕਦਾ ਹੈ ॥੪੭੨ ਤੋਂ ੪੭੫॥

ਅਸਗੰਧ ਪਾਕ—ਕਬਿੱਤ

ਵਲਜਾ ਪਲ ਦ੍ਵਾਦਸ ਪਯ ਆਢਕ ਸੁ ਕੂਟਿ ਧਾਰੋ,
ਮੇਲ ਅੱਗਵਾਰ ਕੇ ਸੁ ਕੀਜੀਏ ਕਿਸਾਰ ਹੀ।
ਖੰਡ ਪ੍ਰਸਥ ਦੋਇ ਪਾਤ ਕਰੀ ਤਾਹਿ ਮਾਹਿ ਘਾਤ,
ਔਖਧੀ ਪਿਸਾਇ ਔਰ ਮਾਹਿ ਹੀ ਸੁ ਡਾਰ ਹੀ।
ਸੁੰਠੀ ਪਲ ਦੋਇ ਚਾਰ ਘੀਉ ਜਾਤ ਚਾਰ ਵੰਗ,
ਏਲਾ ਲਵੰਗ ਤ੍ਰਿਕੁਟਾ ਕੇਸਰ ਵਿਚਾਰ ਹੀ।
ਕੁੰਭੀ ਭਾੜਿੰਗ ਵਲਾ ਕਟੁ ਕਸਯ ਦੀਪਯ ਚੱਵਯ,
ਜਾਜੀ ਦ੍ਵਯ ਚਿਤ੍ਰਕ ਸਾਲੁਕ ਅਕਰਕਾਰ ਹੀ ॥੪੭੬॥
ਯਸਟੀ ਮਿਸੀਕ ਰੁਖਕ ਜਾਵਤ੍ਰੀ ਸੁ ਤ੍ਰਿਕੁਟਾ ਲੈ,
ਬੰਸਨੈਨ ਧਾਤ੍ਰੀ ਪੁਨ ਇਟਸਿਟ ਵਖਾਨਿਯੇ।

*ਮ੍ਰਿਗਾਂਡ = ਪਾਠ ਹੋਵੇ ਤਾਂ ਕਸਤੂਰੀ ਜਾਣੇ।

Digitized by Panjab Digital Library | www.panjabdigilib.org

ਕਰਖ ਦੋਇ ਦੋਇ ਇਨਕਾ ਮਾਨ। ਕੁੰਕਮ ਮ੍ਰਿਗਮਦ ਹਿਮ ਸੁਭ ਠਾਨ।
ਕਰਖ ਦੋਇ ਕੀ ਗੋਲੀ ਕਰੋ। ਸੰਧਯਾ ਖਾਵੈ ਪਯ ਪਰ ਧਰੇ ॥੪੮੫॥
ਸਥੰਭਨ ਕਾਮ ਕਰੈ ਹਰਿ ਮੇਹ। ਸੰਗ੍ਰਹਿਨੀ ਜ੍ਵਰ ਕਾਸ ਹਰੇਹ।
ਆਰੋਚਕ ਸਬ ਬਾਤ ਵਿਨਾਸ। ਸ੍ਵਾਸ ਮਿਟੈ ਬਹੁ ਤੇਜੀ ਭਾਸ ॥੪੮੬॥

੨੮੫੮—ਉਟਗਣ ਦੇ ਬੀਜ ੧੦ ਪਲ=੪੦ ਤੋਲੇ। ਗੌਕਾ ਦੁੱਧ ਆਢਕ (੩ ਸੇਰ) ਲੈਕੇ ਇਸ ਵਿਚ ਪੀਹਕੇ ਪਾਵੇ, ਤੇ ਕਾੜ੍ਹਕੇ ਖੋਵਾ ਕਰੇ। ਫਿਰ ਖੰਡ ੩ ਪ੍ਰਸਥ ਅਰਥਾਤ ੧੯੨ ਤੋਲੇ ਪਾਕੇ ਪੱਤ ਵੱਖਰੀ ਕੜਾਹੀ ਵਿਚ ਕਰਕੇ ਉਸ ਵਿਚ ਖੋਵਾ ਪਾ ਦੇਵੇ। ਫਿਰ ੩੨ ਤੋਲੇ ਸ਼ਹਿਤ, ੩੨ ਤੋਲੇ ਘਿਉ ਪਾਵੇ। ੧੬ ਤੋਲੇ ਧੋ ਕੇ ਪੀਸੀ ਹੋਈ ਭੰਗ ਪਾਵੇ। ਮਘ; ਮ੍ਰਿਚ, ਸੁੰਢ, ਛੜ, ਲੌਂਗ, ਦਾਲਚੀਨੀ, ਇਲਾਯਚੀ, ਨਾਗ ਕੇਸਰ, ਤਮਾਲ ਪਤਰ, ਖਿਰੈਂਟੀ, ਕੌਂਚ ਬੀਜ; ਸੁੰਢ, ਮ੍ਰਿਚਾਂ, ਅਸਗੰਧ, ਕਾਯਫਲ, ਮੁਲੱਠੀ, ਸਤਾਵਰ, ਆਂਵਲੇ, ਲਸੂੜੇ, ਮੋਚਰਸ, ਮੂਸਲੀ, ਭੱਖੜਾ, ਤਾਲਮਖਾਣਾ, ਮ੍ਰਿਤ ਲੋਹਾ, ਤਾਂਬਾ, ਪਾਰਾ, ਅਭਰਕ ਬੰਗ, ਸੋਨਾ, ਚਾਂਦੀ, ਇਹ ਸਭ ਮਾਰੇ ਹੋਏ, ਅਤੇ ਸੋਨੇ ਚਾਂਦੀ ਦੇ ਵਰਕ ਇਹ ਸਭ ਚੀਜਾਂ ਪੀਹ ਕੇ ਪੱਤ ਵਿਚ ਮਿਲਾ ਦੇਵੇ। ਮਾਤਰਾ ਦੋ ਤੋਲੇ ਦੀ ਕਰੇ ਫਾਤ ਨੂੰ ਖਾਕੇ ਉਪਰੋਂ ਕਸਾ ਕੋਸਾ ਮਿਸਰੀ ਵਾਲਾ ਦੁੱਧ ਪੀਵੇ। ਇਹ ਭੋਗ ਸਮਯ ਛੇਤੀ ਬੀਰਜ ਨਾ ਗਿਰਨ ਦੇਵੇ, ਕਾਮ ਵਧਾਵੇ, ਪ੍ਰਮੇਹ ਨਾਸ਼ ਕਰੇ। ਸੰਗ੍ਰਹਣੀ, ਤਾਪ, ਖਾਂਸੀ ਅਰੁਚੀ, ਵਾਯੂ ਤੇ ਦਮਾਂ ਇਹ ਸਭੇ ਨਾਸ ਕਰੇ ॥੪੮੧ ਤੋਂ ੪੮੬॥

ਆਫੂ ਪਾਕ—ਚੌਪਈ

ਅਕਰਕਰਾ ਕੇਸਰ ਲਾਵੰਗ। ਸ਼ਿੰਗਰਫ ਜਾਤੀ ਫਲ ਲੈ ਭੰਗ।
ਇਹ ਸਮ ਲੀਜੈ ਚੂਰਨ ਕਾਰ। ਇਨ ਤੇ ਆਧੀ ਆਫੂ ਡਾਰ ॥੪੮੭॥
ਸੇਰ ਦੋਯ ਪਯ ਮੇਲ ਕੜਾਹ। ਆਫੂ ਪੁਟਲੀ ਦੇ ਲਟਕਾਹ।
ਮੰਦ ਅਗਨਿ ਕਰਿ ਖੋਵਾ ਕਰੇ। ਆਫੂ ਮੇਲ ਨਿਕਾਲੀ ਧਰੇ ॥੪੮੮॥
ਨਾਗ ਫੇਨ ਚੂਰਨ ਤੇ ਜਾਨ। ਖਟ ਗੁਨ ਮਿਸਰੀ ਮੇਲੋ ਆਨ।
ਪਾਤ ਕਰੀ ਵਿਚ ਖੋਵਾ ਪਾਇ। ਹੇਠ ਉਤਾਰੀ ਚੂਰਣ ਦਾਇ ॥੪੮੯॥
ਤਾਕੀ ਗੋਲੀ ਟੰਕ ਪ੍ਰਮਾਨ। ਖਾਵਤ ਨਿਸ ਕੋ ਪਯ ਸਿਤ ਪਾਨ।
ਦ੍ਰਿੜ ਕਰ ਰੋਗੁ ਖਈ ਹਰਿ ਕਾਸ। ਮੇਹ ਬਾਤ ਕਫ ਹੋਵੈ ਨਾਸ ॥੪੯੦॥

੨੫੫੯—ਅਕਰਕਰਾ; ਕੇਸਰ, ਲੌਂਗ; ਸਿੰਗ੍ਰਫ, ਜਾਫਲ ਤੇ ਧੋਤੀ ਹੋਈ ਭੰਗ, ਇਹ ਸਮਾਨ ਭਾਗ ਲੈਕੇ ਪੀਹ ਕੇ ਚੂਰਣ ਕਰ ਲਵੇ, ਇਹਨਾਂ ਸਭਨਾਂ ਨਾਲੋਂ ਅੱਧੀ ਪੱਕੀ ਅਫੀਮ ਪਾਵੇ। ਪਹਿਲੇ ਦੋ ਸੇਰ ਗੌਕਾ ਦੁੱਧ ਪਾਕੇ ਉਸ ਵਿਚ ਅਫੀਮ ਦੀ ਪੋਟਲੀ ਬੰਨ੍ਹਕੇ ਲਟਕਾਵੇ। ਮੱਠੀ ਮੱਠੀ ਅੱਗ ਜਲਾਕੇ ਖੋਵਾ ਕਰੇ ਅਰ

Digitized by Panjab Digital Library | www.panjabdigilib.org

ਅਰਧ ਪਲ ਕੇਸਰੰ ਕਰਖ ਕਸਤੂਰ ਕੰਪੀਸ ਏ ਸਕਲ ਤੁਮ ਖਾਤ ਪਾਵੈ॥
ਕਰਖ ਗੁਟਕਾ ਕਰੈ ਖਾਤ ਕਾਮੀ ਨਰੋ ਕਰੈ ਕਹੁ ਭੂਖ ਬਹੁ ਨਾਰਿ ਰਾਵੈ।
ਸੂੱਕ੍ਰ ਬਲ ਮੰਸ ਕਰਿ ਹਰਹਿ ਅਤਿਸਾਰ ਕੋ ਰੋਗੁ ਸੰਗ੍ਰਹਣ ਕਾ ਜਾਇ ਚਾਰੋ।
ਸ੍ਵਾਸ ਆਰੋਚ ਅਰੁ ਕਾਸ ਸੋਕਹਿ ਹਰੈਕਾਂਤਿ ਕਾਠੰਨਜਾ ਕੁਚ ਯੋਨਿ ਕਾਰੇ।
ਰੂਪ ਸੁੰਦਰ ਕਰੈ ਰੋਗੁ ਤਨ ਕਾ ਹਰੇ ਕਰੈ ਬਹੁ ਬ੍ਰਿਧਿ ਬਹੁ ਭੋਗ ਕੀਜੈ।
ਕਹੈ ਮੁਨਿ ਮੇਘ ਏ ਪਾਕ ਜਾਵੱਤਰੀ ਵੈਦਜ ਕੌਤੂਹਲੇ ਵਾਕਲੀਜੈ॥੪੯੦॥

੨੮੫੭-ਜਾਵਿਤ੍ਰੀ ੮ ਪਲ=(੩੨ ਤੋਲੇ), ਗੋਕਾ ਦੁਧ ੩ ਪ੍ਰਸਥ ੧੯੨ ਤੋਲੇ ਵਿਚ ਪਕਾਵੇ, ਜਦ ਪੱਕ ਜਾਵੇ ਤਾਂ ਥਾਲੀ ਵਿਚ ਖੋਯਾ ਕੀਤੇ ਹੋਏ ਹੈ ਪਾ ਰਖੇ। ਫਿਰ ੨ ਪ੍ਰਸਥ (੧੨੮ ਤੋਲੇ) ਖੰਡ, ੬੪ ਤੋਲੇ ਸ਼ਹਿਤ ਪਾਕੇ ਪੱਤ ਪਕਾਵੇ, ਅਰ ਫਿਰ ਇਸ ਪੱਤ ਵਿਚ ਖੋਵਾ ਪਾ ਦੇਵੇ। ਅਰ ਘਿਉ ੮ ਪਲ =੩੨ ਤੋਲੇ ਚਾਰ ਜਾਤ=(ਦਾਲਚੀਨੀ, ਇਲਾਯਚੀ, ਨਾਗ ਕੇਸਰ ਤੇ ਤਮਾਲ ਪਤ੍ਰ), ਲੌਂਗ, ਦੋਨੋਂ ਜੀਰੇ ਚੱਵ ਤ੍ਰਿਕੁਟਾ=(ਮਘ, ਮਿਰਚ, ਸੁੰਢ,) ਕਪੂਰ, ਛੜ, ਆਂਵਲੇ, ਜਾਫਲ, ਹਰੜ, ਧਨੀਆਂ, ਤਗ੍ਰ, ਅਭ੍ਰਕ, ਲੋਹਾ, ਬੰਗ, ਚਾਂਦੀ, ਸੋਨਾਂ, ਤਾਂਬਾ ਇਹ ਸਭੋ ਮਾਰੇ ਹੋਏ ਸੁੱਚੇ ਮੋਤੀ (ਅਰਕ ਗੁਲਾਬ ਵਿਚ ਖਰਲ ਕਰਕੇ ਸੁਕਾਏ ਹੋਏ) ਇਹ ਸਭ ਤੋਲਾ ਤੋਲਾ। ਕੇਸਰ ਦੋ ਤੋਲੇ, ਕਸਤੂਰੀ ੧ ਤੋਲਾ, ਇਹ ਸਭੋ ਪੀਹਕੇ ਉਤਾਰਕੇ ਪੱਤ ਵਿਚ ਪਾਵੇ। ਫਿਰ ੧ ਤੋਲੇ ਦੀ ਗੋਲੀ ਕਰਕੇ ਖਾਵੇ ਤਾਂ ਬਹੁਤ ਭੁੱਖ ਵਧਾਵੇ, ਕਾਮ ਵਧੇ, ਅਨੇਕ ਇਸਤ੍ਰੀਆਂ ਨਾਲ ਪ੍ਰੇਮ ਦੀ ਗੱਲ ਬਾਤ ਕਰੇ। ਬੀਰਜ, ਬਲ, ਮਾਸ ਕਰਨ ਹਾਰਾ, ਅਤੀਸਾਰ, ਤੇ ਸੰਗ੍ਰਹਣੀ ਚਾਰ ਪ੍ਰਕਾਰ ਦੀ ਨਾਸ ਕਰੇ, ਦਮਾ, ਅਰੁਚੀ, ਖਾਂਸੀ, ਸੋਕ; ਇਹ ਗੁਵਾਵੇ। ਕ੍ਰਾਂਤੀ ਵਧਾਵੇ, ਮੰਮੇ ਕਰੜੇ ਕਰੇ, ਰੂਪ ਸੋਹਣਾ ਕਰੇ, ਸਰੀਰ ਦੇ ਸਭ ਰੋਗ ਨਾਸ਼ ਕਰੇ, ਸਰੀਰ ਮੋਟਾ ਤਾਜ਼ਾ ਕਰੇ, ਭੋਗ ਕਰਨੇ ਦੀ ਅਤਯੰਤ ਸਕਤੀ ਵਧਾਵੇ ਇਹ ਜਾਵਿਤ੍ਰੀ ਪਾਕ ਵੈਦ ਕੌਤੂਹਲ ਵਿਚੋਂ ਕਿਹਾ ਗਿਆ ਹੈ ॥੪੮੯ਤੋਂ੪੯੦॥

ਉਟੰਙਣ ਪਾਕ-ਚੌਪਈ

ਬੀਜ ਉਟੰਕਣ ਦਸ ਪਲ ਦੇਇ। ਆਢਕ ਦੂਧ ਖੋਵਾ ਜੁ ਕਰੇਇ।
ਸਿਤਾਪ੍ਰਸਥ ਤ੍ਰਯਪਾਤ ਕਰਾਇ।ਤਾਮਹਿ ਖੋਵਾ ਔਖਧਿ ਦਾਇ॥੪੯੧॥
ਕੁੜਵ ਕੁੜਵ ਮਧੁ ਘ੍ਰਿਤ ਕੋ ਠਾਨ। ਅਰਧ ਕੁੜਵ ਵਿਜਯਾ ਕਾ ਮਾਨ।
ਤ੍ਰਿਕੁਟਾ ਮਾਸੀ ਲੌਂਗ ਚੌ ਜਾਤ। ਬਲਾ ਬਾਨਰੀ ਸੁੱਖੀ ਘਾਤ॥੪੯੨॥
ਮਰਚਾਂ ਵੱਲਜਾ ਕੁੰਭੀ ਯਸਟਿ। ਸਤਾਵਰੁ ਧਾਤ੍ਰੀ ਫਲ ਸੁਸਟਿ।
ਪਿੱਛਲ ਮੋਚਰਸਾ ਵੀਚਾਰ। ਮੁਮਲੀ ਗੋਖਰੂ ਇਖ ਰਸਾਰ॥੪੯੩॥
ਤਾਂਬਾ ਪਾਰਾ ਗਗਨ ਸੁ ਵੰਗ। ਸੋਨਾ ਤਾਰ ਤਬਕ ਲੈ ਅੰਗ।

Digitized by Panjab Digital Library | www.panjabdigilib.org

ਕਰਖ ਦੋਇ ਦੋਇ ਇਨਕਾ ਮਾਨ। ਕੁੰਕਮ ਮ੍ਰਿਗਮਦ ਹਿਮ ਸੁਭ ਠਾਨ।
ਕਰਖ ਦੋਇ ਕੀ ਗੋਲੀ ਕਰੋ। ਸੰਧਿਆ ਖਾਵੇ ਪਯ ਪਰ ਧਰੇ ॥੪੮੫॥
ਸਥੰਭਨ ਕਾਮ ਕਰੈ ਹਰਿ ਮੇਹ। ਸੰਗ੍ਰਹਿਨੀ ਜ੍ਵਰ ਕਾਸ ਹਰੇਹ।
ਆਰੋਚਕ ਸਬ ਬਾਤ ਵਿਨਾਸ। ਸ੍ਵਾਸ ਮਿਟੈ ਬਹੁ ਤੇਜੀ ਭਾਸ ॥੪੮੬॥

੨੮੫੮—ਉਟਗਣ ਦੇ ਬੀਜ ੧੦ ਪਲ=੪੦ ਤੋਲੇ। ਗੌਕਾ ਦੁੱਧ ਆਢਕ (੩ ਸੇਰ) ਲੈਕੇ ਇਸ ਵਿਚ ਪੀਹਕੇ ਪਾਵੇ, ਤੇ ਕਾੜ੍ਹਕੇ ਖੋਵਾ ਕਰੇ। ਫਿਰ ਖੰਡ ੩ ਪ੍ਰਸਥ ਅਰਥਾਤ ੧੯੨ ਤੋਲੇ ਪਾਕੇ ਪੱਤ ਵੱਖਰੀ ਕੜਾਹੀ ਵਿਚ ਕਰਕੇ ਉਸ ਵਿਚ ਖੋਵਾ ਪਾ ਦੇਵੇ। ਫਿਰ ੩੨ ਤੋਲੇ ਸ਼ਹਿਤ, ੩੨ ਤੋਲੇ ਘਿਉ ਪਾਵੇ। ੧੬ ਤੋਲੇ ਧੋ ਕੇ ਪੀਸੀ ਹੋਈ ਭੰਗ ਪਾਵੇ। ਮਘ; ਮ੍ਰਿਚ, ਸੁੰਢ, ਛੜ, ਲੌਂਗ, ਦਾਲਚੀਨੀ, ਇਲਾਯਚੀ, ਨਾਗ ਕੇਸਰ, ਤਮਾਲ ਪਤਰ, ਖਿਰੈਂਟੀ, ਕੌਂਚ ਬੀਜ; ਸੁੰਢ, ਮ੍ਰਿਚਾਂ, ਅਸਗੰਧ, ਕਾਯਫਲ, ਮੁਲੱਠੀ, ਸਤਾਵਰ, ਆਵਲੇ, ਲਸੂੜੇ, ਮੋਚਰਸ, ਮੂਸਲੀ, ਭੱਖੜਾ, ਤਾਲਮਖਾਣਾ, ਮ੍ਰਿਤ ਲੋਹਾ, ਤਾਂਬਾ, ਪਾਰਾ, ਅਭਰਕ ਬੰਗ, ਸੋਨਾ, ਚਾਂਦੀ, ਇਹ ਸਭ ਮਾਰੇ ਹੋਏ, ਅਤੇ ਸੋਨੇ ਚਾਂਦੀ ਦੇ ਵਰਕ ਇਹ ਸਭ ਚੀਜਾਂ ਪੀਹ ਕੇ ਪੱਤ ਵਿਚ ਮਿਲਾ ਦੇਵੇ। ਮਾਤਰਾ ਦੋ ਤੋਲੇ ਦੀ ਕਰੇ ਫਾਤ ਨੂੰ ਖਾਕੇ ਉਪਰੋਂ ਕਸਾ ਕੋਸਾ ਮਿਸਰੀ ਵਾਲਾ ਦੁੱਧ ਪੀਵੇ। ਇਹ ਭੋਗ ਸਮਯ ਛੇਤੀ ਬੀਰਜ ਨਾ ਗਿਰਨ ਦੇਵੇ, ਕਾਮ ਵਧਾਵੇ, ਪ੍ਰਮੇਹ ਨਾਸ਼ ਕਰੇ। ਸੰਗ੍ਰਹਣੀ, ਤਾਪ, ਖਾਂਸੀ ਅਰੁਚੀ, ਵਾਯੂ ਤੇ ਦਮਾਂ ਇਹ ਸਭੇ ਨਾਸ ਕਰੇ ॥੪੮੧ ਤੋਂ ੪੮੬॥

ਆਫੂ ਪਾਕ—ਚੌਪਈ

ਅਕਰਕਰਾ ਕੇਸਰ ਲਾਵੰਗ। ਸ਼ਿੰਗਰਫ ਜਾਤੀ ਫਲ ਲੈ ਭੰਗ।
ਇਹ ਸਮ ਲੀਜੈ ਚੂਰਨ ਕਾਰ। ਇਨ ਤੇ ਆਧੀ ਆਫੂ ਡਾਰ ॥੪੮੭॥
ਸੇਰ ਦੋਯ ਪਯ ਮੇਲ ਕੜਾਹ। ਆਫੂ ਪੁਟਲੀ ਦੇ ਲਟਕਾਹ।
ਮੰਦ ਅਗਨਿ ਕਰਿ ਖੋਵਾ ਕਰੇ। ਆਫੂ ਮੇਲ ਨਿਕਾਲੀ ਧਰੇ ॥੪੮੮॥
ਨਾਗ ਫੇਨ ਚੂਰਨ ਤੇ ਜਾਨ। ਖਟ ਗੁਨ ਮਿਸਰੀ ਮੇਲੋ ਆਨ।
ਪਾਤ ਕਰੀ ਵਿਚ ਖੋਵਾ ਪਾਇ। ਹੇਠ ਉਤਾਰੀ ਚੂਰਣ ਦਾਇ ॥੪੮੯॥
ਤਾਕੀ ਗੋਲੀ ਟੰਕ ਪ੍ਰਮਾਨ। ਖਾਵਤ ਨਿਸ ਕੋ ਪਯ ਸਿਤ ਪਾਨ।
ਦ੍ਰਿੜ ਕਰ ਰੋਗੁ ਖਈ ਹਰਿ ਕਾਸ। ਮੇਹ ਬਾਤ ਕਫ ਹੋਵੈ ਨਾਸ ॥੪੯੦॥

੨੫੫੯—ਅਕਰਕਰਾ; ਕੇਸਰ, ਲੌਂਗ; ਸਿੰਗ੍ਰਫ, ਜਾਫਲ ਤੇ ਧੋਤੀ ਹੋਈ ਭੰਗ, ਇਹ ਸਮਾਨ ਭਾਗ ਲੈਕੇ ਪੀਹ ਕੇ ਚੂਰਣ ਕਰ ਲਵੇ, ਇਹਨਾਂ ਸਭਨਾਂ ਨਾਲੋਂ ਅੱਧੀ ਪੱਕੀ ਅਫੀਮ ਪਾਵੇ। ਪਹਿਲੇ ਦੋ ਸੇਰ ਗੋਕਾ ਦੁੱਧ ਪਾਕੇ ਉਸ ਵਿਚ ਅਫੀਮ ਦੀ ਪੋਟਲੀ ਬੰਨ੍ਹਕੇ ਲਟਕਾਵੇ। ਮੱਠੀ ਮੱਠੀ ਅੱਗ ਜਲਾਕੇ ਖੋਵਾ ਕਰੇ ਅਰ

Digitized by Panjab Digital Library | www.panjabdigilib.org

ਪੋਟਲੀ ਵਿਚ ਜੋਹੜੀ ਮੈਲ ਨਿਕਲੇ, ਓਹ ਫੈੱਕ ਦੇਵੇ। ਅਫ਼ੀਮ ਤੇ ਚੂਰਨ ਨਾਲੋਂ ਛੇ ਗੁਣੀ ਮਿਸ਼ਰੀ ਪਾਕੇ ਪੱਤ ਕਰੇ। ਫਿਰ ਉਸ ਪੱਤ ਵਿਚ ਖੋਵਾ ਪਾ ਦੇਵੇ ਫਿਰ ਇਸਨੂੰ ਚੁਲੇ ਤੋਂ ਲਾਹਕੇ ਬਾਕੀ ਚੀਜਾਂ ਦਾ ਚੂਰਣ ਬੀ ਪਾ ਦੇਵੇ। ਫਿਰ ਇਸਦੀ ਗੋਲੀ ੧ ਟੰਕ (੪ ਮਾਸੇ) ਦੀ ਕਰੇ। ਰਾਤ ਨੂੰ ਖਾਕੇ ਪਿਛੋਂ ਮਿਸ਼ਰੀ ਪਾਕੇ ਗਰਮ ਗਰਮ ਦੁਧ ਪੀਵੇ। ਤਾਂ ਇਹ ਖਈ; ਖਾਸੀ, ਪ੍ਰਮੇਹ, ਬਾਤ ਤੇ ਕਫ ਸਭ ਨੂੰ ਨਾਸ ਕਰੇ। ਹੋਰ ਭੀ ਅਨੇਕਾਂ ਗੁਣਾਂ ਦੇ ਕਰਨਹਾਰਾ ਇਹ ਆਫੂ ਪਾਕ ਹੈ ॥੪੮੭ ਤੋਂ ੪੯੦॥

ਮਹਾ ਕਾਮੇਸ੍ਵਰ ਪਾਕ–ਚੌਪਈ

ਅਸਗੰਧ ਮਰਕਾਂ ਵਲਾ ਸੁ ਵੀਜ। ਸੁੰਠ ਸਤਾਵਰ ਸਿੰਬਲ ਲੀਜ।
ਮੁਸਲੀ ਪੀਪਲ ਵਾਦਰ ਸਿਵਾ।ਸੰਗ੍ਰਾਟਕ ਧਾਤ੍ਰੀ ਛੜ ਲਿਵਾ ॥੪੯੧॥
ਤਵਾਖੀਰ ਖਾਜੂਰ ਲਵੰਗ। ਚਤੁਰਜਾਤ ਕਰਿਪੂਰ ਸੁ ਅੰਗ।
ਵੰਸਜ ਕੇਸਰ ਮਸਤਕਿ ਦਾਖ। ਜਾਵਤ੍ਰੀ ਮ੍ਰਿ ਮਦ ਚਵਕ ਰਾਖ ॥੪੯੨॥
ਹਿੰਗਲੁ ਜੀਰਾ ਸਜਾਮ ਵਿਦਾਰ। ਤੇਜ ਵਲਾ ਨੀਲੋਤਪਲ ਡਾਰ।
ਮੱਜਾਤੀਨਸੁਗੋਖਜਰੁ ਯਸਟਿ। ਕਚਫਲ ਤਾਲਮਖਾਨਾ ਸੁਸਟਿ ॥੪੯੩॥
ਜਾਤੀਫਲ ਉਟੰਗਨ ਬੀਜ। ਅਵਧਿ ਸੋਖ ਸਟੀ ਆਨੀ ਵੀਜ।
ਮੋਚਰਸਾ ਪਲ ਪਲ ਏ ਲੇਇ। ਅਭਰਕ ਲੋਹਾ ਵੰਗ ਸੁ ਤੇਇ ॥੪੯੪॥
ਪਲ ਪਲ ਮਾਤ੍ਰਾ ਏਹ ਭੀ ਪਾਇ। ਸਭ ਤੇ ਦੂਨਾ ਮਧੁ ਸਿਤਲਯਾਇ।
ਗੁਟਕਾ ਕੀਜੈ ਸੁਕਤਿ ਪ੍ਰਮਾਨ। ਖਾਤ ਰਸਕ ਪਯ ਮਿਸਰੀ ਪਾਨ।
ਵੀਸ ਮੇਹ ਜੀਵਣ ਜ੍ਵਰ ਜਾਇ। ਰੋਗ ਅਰੋਕੈ ਅਰਿ ਹੈ ਵਾਇ।
ਸ੍ਵਾਸਕਾਸਪ੍ਰਤਿਸਯਾਯ ਸੁ ਖਈ। ਖੀਣਰੋਗੁ ਏਤੇਛਿਨਗਈ ॥੪੯੫॥
ਕਾਮ ਚਤੁਰ ਗੁਣ ਵਧ ਹੈ ਧਾਤ। ਸੌ ਬਨਿਤਾ ਰਮਿ ਹੈ ਇਕ ਰਾਤੁ।
ਜਰਾਮ੍ਰਿਤ ਕਾ ਕਰਤਾ ਨਾਸ। ਮਹਾਮੇਸ੍ਵਰ ਮੋਦਕ ਭਾਸ ॥੪੯੬॥

੨੮੯੦—ਅਸਗੰਧ, ਮ੍ਰਿਚਾਂ; ਖਿਰੈਂਚੀ ਦੇ ਬੀਜ, ਸੁੰਢ, ਸਤਾਵਰ, ਸਿੰਮਲ ਦੀ ਜੜ੍ਹ, ਮੂਸਲੀ, ਮਘ, ਕੌਂਚਬੀਜ, ਹਰੜ, ਸੰਘਾੜੇ, ਆਵਲੇ, ਛੜ, †ਤਬਾਸੀਰ, ਖਾਜੂਰ, ਲੌਂਗ। ਚਾਰਜਾਤ (ਦਾਲਚੀਨੀ,

---

†ਏਥੇ ਕਈ ਤਵਾਖੀਰ ਤੋਂ ਖਾਖਰ ਅਰਥ ਕਰਦੇ ਹਨ ਪਰੰਤੂ ਤਵਾਸੀਰ ਹੀ ਅਰਥ ਠੀਕ ਹੈ, ਦੋ ਬਾਰ ਤੇ ਦੂਣੀ ਜਾਣੇ।

Digitized by Panjab Digital Library | www.panjabdigilib.org

ਲਾਚੀ, ਨਾਗ ਕੇਸਰ, ਤੁਮਾਲ ਪਤਰ), ਕਪੂਰ, ਬੰਸਵੰਚਨ, ਕੇਸਰ, ਮਸਤਕੀ, ਮੁਣੱਕਾ, ਜਵਿਤ੍ਰੀ, ਕਸਤੂਰੀ; ਰੱਵ। ਸ਼ਿੰਗਰਫ, ਕਾਲ ਜੀਰਾ, ਸਿਆਲੀਆਂ, ਤੇਜਵਲ, ਨੀਲੋਕਮਲ, ਬਦਾਮਗਿਰੀ, ਪਿਸਤਾ, ਨਿਉਜੇ, ਭੱਖੜਾ, ਮੂਲੱਠੀ, ਕਾਯਫਲ, ਤਾਲਮਖਾਣਾ, ਜਾਫਲ, ਉਟਗਣ ਬੀਜ, ਸਮੁੰਦ੍ਰ ਸੋਖ; ਕਚੂਰ, ਬੀਜਵੰਦ ਤੇ ਮੋਚਰਸ ਇਹ ੪-੪ ਤੋਲੇ। ਅਭਰਕ, ਲੋਹਾ, ਬੰਗ ਇਹ ਤਿੰਨੇ ਮਾਰੇ ਹੋਏ ਇਹ ਬੀ ੪-੪ ਤੋਲੇ; ਸਭਨਾਂ ਨਾਲੋਂ ਦੂਣਾ ਸ਼ਹਿਤ ਤੇ ਖੰਡ ਪਾ ਕੇ ਮਿਲਾਵੇ, ਅਰ ਗੋਲੀ ੨ ਤੋਲੇ ਦੀ ਕਰਕੇ ਰੱਖ। ਰਸੀਆ ਇਸ ਨੂੰ ਰਾਤ ਖਾ ਕੇ ਉਪਰੋਂ ਮਿਸ਼ਰੀ ਮਿਲਾਯ ਕੋਸਾ ਦੁੱਧ ਪੀਵੇ। ਤਾਂ ਬੀਸ ਪ੍ਰਕਾਰ ਦੇ ਪ੍ਰਮੇਹ, ਪੁਰਾਣਾ ਤਪ, ਅਰੁਚੀ, ਵਾਯੂ, ਦਮਾਂ, ਖਾਂਸੀ, ਰੇਸ਼ਾ, ਖਈ, ਤੇ ਖੀਣਤਾ ਇਤਨੇ ਰੋਗ ਨਾਸ ਕਰੇ। ਕਾਮ ਚੌਗੁਣਾ ਚਮਕੇ, ਧਾਤੂ ਵਧਾਵੇ। ਸੌ ਇਸਤ੍ਰੀ ਗਮਨ ਕਰਨੇ ਦੀ ਸਮਰਥਾ ਹੋਵੇ, ਬੁਢਾਪਾ ਅਤੇ ਮੌਤ ਦਾ ਨਾਸ ਕਰਨ ਹਾਰਾ ਇਹ ਮਹਾਂ ਕਾਮੇਸ਼੍ਵਰ ਨਾਮ ਦਾ ਮੋਦਕ ਹੈ।

ਰਤਿ ਭੰਜਨ ਗੁਟੀ (ਵੈਦ ਕੌਤੂਹਲਾਤ)—ਚੌਪਈ

ਨਾਰੀਏਲ ਕਾ ਗੋਲਾ ਏਕ। ਤਾਕੇ ਛਿੱਦਰ ਟੁਕ ਸਾ ਥੇਕ।
ਤਾਕੇ ਵੀਚ ਸੁ ਪਾਵੇ ਏਹ। ਕਰਖ ਕਰਖ ਸਭ ਲੇਵੇ ਤੇਹ ॥੪੯੭॥
ਏਲਾ ਕੇਸਰ ਹਿੰਗਲੂ ਲਯਾਇ। ਜਾਵੱਤ੍ਰੀ ਜ਼ਾਤੀਫਲ ਦਾਇ।
ਅਵਧਿ ਸੋਖ ਆਫੂ ਲਾਵੰਗ। ਅਕਰਕਰਾ ਕਸਤੂਰੀ ਭੰਗ ॥੪੯੮॥
ਦਾਰਚਿਨੀ ਅਭਰਕ ਮ੍ਰਿਤ ਪਾਇ। ਮਸਤਕਿ ਵਾਨਰਿ ਵੀਜ ਰਲਾਇ।
ਗੋਲੇ ਪਾਵੇ ਪੀਸੀ ਏਹ। ਤਾਂਕਾ ਛਿਦ੍ਰ ਸੁ ਬੰਦ ਕਰੇਹ ॥੪੯੯॥
ਮਣ ਕਾਚਾ ਗੋ ਦੂਧੁ ਪਕਾਇ। ਤਾਂ ਮੈ ਗੋਲਾ ਮੱਧ ਰਖਾਇ।
ਸੁਸੇ ਦੂਧ ਤਬ ਗੋਲਾ ਪੀਸ। ਗੋਲਾ ਖੋਵਾ ਏਕ ਕਰੀਸ ॥੫੦੦॥
ਸਬ ਤੇ ਦੁਗਨਾ ਮਧੁ ਸਿਤ ਲੇਇ। ਗੁਟਕਾ ਮਾਸੇ ਪਾਂਚ ਕਰੇਇ।
ਸੰਧਯਾਖਾਇ ਸਥੰਭਨ ਕਰੇ। ਬਲੁ ਅਰੁ ਸੁਕ੍ਰ ਵਿਵਰਧਨਕਰੇ ॥੫੦੧॥
ਖੰਡ ਪੁਰਖ ਰਮਿ ਹੈ ਸੌ ਨਾਰਿ। ਰਤਿ ਭੰਜਨ ਗੁਟਕਾ ਅਵਿਧਾਰ।
ਵੈਦ ਕੌਤੂਹਲ ਤੇ ਮੈਂ ਲਹੀ। ਮੇਘ ਬਿਨੋਦੇ ਮੇਘੇ ਕਹੀ ॥੫੦੨॥

੨੯੯੧—ਨਲਿਲੇਰ ਦਾ ਇਕ ਗੋਲਾ ਲੈਕੇ ਉਸਨੂੰ ਇਕ ਛੇਕ ਕਰ ਲਵੇ। ਉਸ ਛੇਕ ਰਸਤੇ ਨਲਿਯੇਰ ਦੇ ਗੋਲੇ ਵਿੱਚ ਤੋਲਾ ਤੋਲਾ ਹੇਠ ਲਿਖੀਆਂ ਚੀਜਾ ਪਾਵੇ:—ਇਲਾਯਚੀ, ਕੇਸਰ, ਸ਼ਿੰਗਰਫ, ਜਾਵਿਤ੍ਰੀ ਜ਼ਾਫਲ, ਸਮੁੰਦਰ ਸੋਖ ਅਫੀਮ, ਲੌਂਗ, ਅਕਰਕਰਾ, ਕਸਤੂਰੀ, ਧੋਤੀ ਭੰਗ, ਦਾਲਚੀਨੀ, ਮ੍ਰਿਤ

ਮੁਕਤਿ—ਦੋ ਤੋਲੇ ਹੈ।

ਅਭਰਕ, ਮਸ ਤਕੀ ਤੇ ਕੌਂਚ ਬੀਜ, ਇਹ ਪੀਹਕੇ ਗੋਲੇ ਵਿਚ ਪਾ ਦੇਵੇ। ਫਿਰ ਉਸਦਾ †ਛੇਕ ਬੰਦੀ ਕਰ ਦੇਵੇ। ਅਰ ਮਣ ਕੱਚੇ ਗੌਕੇ ਦੁੱਧ ਵਿਚ ਗੋਲਾ ਰੱਖਕੇ ਕਾੜ੍ਹੇ। ਜਦ ਦੁੱਧ ਸੁੱਕ ਜਾਵੇ ਤਾਂ ਖੋਏ ਅਰ ਗੋਲੇ ਦੋਹਾਂ ਨੂੰ ਪੀਹ ਲਵੇ, ਸਭ ਨਾਲੋਂ ਦੂਣੇ ਸ਼ਹਿਤ ਤੇ ਮਿਸ਼ਰੀ ਪਾਕੇ, ਗੋਲੀ ਪੰਜ ਮਾਸੇ ਦੀ ਬੰਨ੍ਹ ਰਖੇ। ਸ਼ਾਮ ਨੂੰ ਖਾਵੇ ਤਾਂ ਬੰਧੇਜ ਕਰੇ। ਤਾਕਤ ਤੇ ਬੀਰਜ ਬਹੁਤ ਵਧਾਵੇ। ਨਮਦਰਦ ਪੁਰਖ ਬੀ ਸੈਂਕੜੇ ਇਸਤ੍ਰੀਆਂ ਨੂੰ ਖੇਡ ਵਿਚ ਜਿੱਤ ਲਵੇ। ਇਸਦਾ ਨਾਮ ਰਤੀਭੰਜਨ ਗੁੱਟਕਾ ਹੈ, ਇਹ ਵੈਦ ਕੰਤੂਹਲ ਵਿਚ ਕਹੀ ਹੈ ॥੪੯੭ ਤੋਂ ੫੦੨॥

ਲਘੂ ਜਵਾਹਰੀ ਯਾਕੂਤੀ
(ਤਿੱਬ ਅਫਲਾਤੂ ਮਤਾਤ)—ਚੌਪਈ

ਮੋਤੀ ਮੂੰਗਾ ਚੂਨੀ ਕਪੂਰ। ਟੰਕ ਟੰਕ ਸਬ ਏ ਲੈ ਪੂਰ।
ਲੌਂਗੀ ਅਗਰੁ ਚੰਦਨ ਦਲ ਤਜਾ। ਛੜ ਏਲਾ ਵੰਸਜ ਲੈ ਕਜਾ ॥੫੦੩॥
ਧਾਤ੍ਰੀ ਫਲ ਕੀ ਛਾਲ ਮਗਾਇ। ਸਾਤ ਸਾਤ ਮਾਸੇ ਏ ਲਜਾਇ।
ਕੇਸਰ ਕਸਤੂਰੀ ਜਾਵੱਤ੍ਰੀ। ਜਾਤੀ ਫਲ ਚਿਕਨਾ ਲੈ ਮਿੱਤੀ ॥੫੦੪॥
ਦ੍ਵਾਦਸ ਦ੍ਵਾਦਸ ਰੱਤੀ ਏਹ। ਨਾਸਾ ਏਕ ਕਪੂਰ ਸੁ ਲੇਹ।
ਪੰਝੀ ਵਰਕ ਹੇਮਕੇ ਜਾਨ। ਤਾਰ ਵਰਕ ਪੰਚਾਸ ਵਖਾਨ ॥੫੦੫॥
ਚਤੁਰ ਗੁਣਾ ਸਭ ਤੇ ਮਧੁ ਸਿਤਾ। ਪਾਤ ਕਰੀ ਸਬ ਪੀਸੀ ਦਿਤਾ।
ਟਾਂਕ ਏਕ ਖਾਵੇ ਇਸ ਮਾਨ। ਹੌਲ ਦਿਲੀ ਸੌਦਾਇਕ ਹਾਨ ॥੫੦੬॥
ਡੋਬਾ ਖਾਂਸੀ ਦੇਹੀ ਪੀਰ। ਕਮਲ ਪੀਰ ਜਾਵਤ ਹੈ ਬੀਰ।
ਖਿੜੇ ਕਵਲ ਖੁਸ ਖਬਤੀ ਹੋਇ। ਮੁਖ ਸੁਗੰਧ ਬੰਧੇਜ ਸੁ ਹੋਇ ॥੫੦੭॥

੨੯੬੨—ਮੋਤੀ, ਮੂੰਗਾ, ਚੂੰਨੀ, ਕਹਰਬਾ; ਇਹ ਸਭ ੪-੪ ਮਾਸੇ, ਲੌਂਗ, ਅਗਰ, ਚੰਦਨ, ਤੇਜ ਪਤ੍ਰ, ਛੜ, ਇਲਾਚੀ; ਤਵਾਸੀਰ, ਆਵਲੇ। ਇਹ ਸਭ ੭-੭ ਮਾਸੇ। ਕੇਸਰ, ਕਸਤੂਰੀ, ਜਾਵਿਤ੍ਰੀ, ਤੇਲੀਆ ਜਾਫਲ, ਇਹ ਸੁਭ ੧੨-੧੨ ਰੱਤੀਆਂ, ੧ ਮਾਸਾ ਮੁਸ਼ਕਕਪੂਰ, ਸੋਨੇ ਦੇ ਵਰਕ ੨੫, ਚਾਂਦੀ ਦੇ ਵਰਕ ੫੦, ਸਭ ਨਾਲੋਂ ਚਾਰ ਗੁਣਾਂ ਸ਼ਹਿਤ ਤੇ ਮਿਸ਼ਰੀ ਲੈਕੇ ਇਸਦੀ ਚਾਸਨੀ ਅਰਥਾਤ ਪੌਤ ਪਕਾਕੇ ਇਸ ਵਿਚ ਸਭ ਚੀਜਾਂ ਪੀਹਕੇ ਪਾ ਦੇਵੇ। ਫਿਰ ਇਸ ਵਿਚੋਂ ੪ ਮਾਸੇ ਨਿੱਤ ਖਾਯਾ ਕਰੇ। ਤਾਂ ਦਿਲ ਦਾ ਹੌਲ, ਸੌਦਾਇ, ਡੋਬ ਪੈਣਾ; ਖਾਂਸੀ, ਦੇਹੀ ਦੀ ਪੀੜ ਤੇ ਕਮਰ ਦਰਦ ਇਨ੍ਹਾਂ ਨੂੰ ਨਾਸ ਕਰੇ। ਹ੍ਰਿਦਯ ਕਮਲ ਖਿੜੇ ਖੁਸ਼ੀ ਪੈਦਾ ਕਰੇ ਅਰ ਮੂੰਹੋਂ ਸੁਗੰਧੀ ਆਵੇ ਤੇ ਬੰਧਜ ਕਰੇ ।੫੦੩। ਤੋਂ ੫੦੭॥

---

†ਛੇਕ ਦੇ ਥਾਂ ਦੀ ਟੁਕੜੀ ਉਤਰੀ ਹੋਈ ਹੋਵੇ ਉਹੋ ਮੂੰਹ ਪਰ ਦੇਕੇ ਫੇਰ ਬੰਦ ਕਰੇ।

Digitized by Panjab Digital Library | www.panjabdigilib.org

ਵਡੀ ਜਵਾਹਰੀਯਾਕੂਤੀ–ਚੌਪਈ

ਮੋਤੀ ਚੂਨੀ ਗੁਲੀ ਵਖਾਨਿ। ਫਿਰੋਜਾ ਅਰ ਹਕੀਕ ਸੁ ਠਾਨ।
ਲਾਜਵਰਦ ਸੰਗਯਸਮ ਮੰਗਾਇ। ਕਪੂਰ ਕਹਰਵਾ ਸੂਚਹਿ ਪਾਇ।
ਚੂਨੀ ਰੇਗ ਜਰਦ ਲੈ ਚੂਨੀ। ਸੋਨਾ ਰੂਪੀ ਤਵਕ ਸੁ ਗੂਨੀ।
ਮੁਸਕਾਂਬਰ ਕਸਤੂਰੀ ਲੇਇ। ਟੰਕ ਟੰਕ ਕਾ ਵਜਨ ਕਰੇਇ ॥੫੦੯॥
ਦਾਰਚੀਨੀ ਚੰਦਨ ਲੈ ਸੇਤ। ਫੂਲ ਗੁਲਾਬ ਸੁ ਲੌਂਗਹਿ ਦੇਤ।
ਸਰਦਚਿਨੀ ਏਲਾ ਤਜ ਪਾਤ। ਜਾਤੀ ਕੇਸਰ ਵੰਸਜ ਗਾਤ ॥੫੧੦॥
ਖਟ ਖਟ ਮਾਸੇ ਲਾਵੈ ਏਹ। ਰੇਸਮ ਕੋਰਾ ਭਸਮ ਮਿਲੇਹ।
ਅਗਰਤਗਰ ਕਾਸਨਿ ਲੈ ਪਾਇ। ਸੰਗਤਰੇ ਫਲ ਤੁਚਾਮਿਲਾਇ ॥੫੧੧॥
ਮਹਿ ਮਲ ਅਠ ਅਠ ਮਾਸੇ ਏਹ। ਮਾਸਾ ਏਕ ਕਪੂਰ ਠਵੇਹ।
ਸਭ ਤੇ ਦੂਨਾ ਸਹਤ ਮਿਲਾਇ। ਮਧੁ ਤੇ ਧੂਣੀ ਸਿਤਾਠਵਾਇ ॥੫੧੨॥
ਕਰੀ ਯਕੂਤੀ ਖਾਵਨ ਦੇਇ। ਸਰਬ ਰੋਗ ਪਿਛਲੇ ਨਸਿ ਜੇਹ।
ਕੁੱਵਤ ਰੰਗ ਲਾਲ ਤਨ ਹੋਇ। ਮੇਘ ਕਹੈ ਗੁਨ ਭਾਰੀ ਸੋਇ ॥੫੧੩॥

੨੮੬੩–ਸੁੱਚੇ ਮੋਤੀ, ਸੁੱਚੀ ਚੂੰਨੀ, ਮੂੰਗਾ, ਫਿਰੋਜਾ, ਸਹਕੀਕ, ਲਾਜ ਵਰਦ, ਸੰਗਯਮ, ਕਪੂਰ, ਕਹਰਬਾ ਸੁੱਚਾ, ਰੇਗ ਚੂੰਨੀ ਤੇ ਜਰਦ ਚੂੰਨੀ, ਸੋਨੇ ਚਾਂਦੀ ਦੇ ਵਰਕ, ਮੁਸਕੰਬਰ, ਕਸਤੂਰੀ, ਇਹ ਸਭ ੪-੪ ਮਾਸੇ। ਦਾਰਚੀਨੀ, ਚਿੱਟਾ ਚੰਦਨ, ਗੁਲਾਬ ਦੇ ਫੁੱਲ, ਲੌਂਗ, ਸਰਦ ਚੀਨੀ, ਲਾਚੀ, ਤਜ ਪਤ੍ਰ, ਜਾਫਲ, ਕੇਸਰ, ਤਵਾਸੀਰ ਇਹ ੬-੬ ਮਾਸੇ। ਕੋਰੇ ਰਸ਼ਮ ਦੀ ਭਸਮ; ਅਗਰ, ਤਗਰ, ਕਾਸਨੀ, ਸੰਗਤਰੇ ਦੇ ਫਲਾਂ ਦੀ ਛਿੱਲ, ਦੋਨੋਂ ਬ੍ਰਾਹਮਣ ਇਹ ਸਭ ੮-੮ ਮਾਸੇ, ਇਕ ਮਾਸਾ ਮੁਸ਼ਕਕਪੂਰ, ਸਭਨਾਂ ਨਾਲੋਂ ਦੂਣਾ ਸ਼ਹਿਤ। ਸ਼ਹਿਤ ਨਾਲੋਂ ਦੂਣੀ ਮਿਸਰੀ। ਪੱਤ ਪਕਾਕੇ ਯਕੂਤੀ ਤਿਆਰ ਕਰ ਲਵੇ ਅਰ ਖਾਣ ਨੂੰ ਦੇਵੇ। ਪਿਛੇ (ਯਾਕੂਤੀ ਵਿਚ ਲਿਖੇ) ਸਭੋ ਰੋਗ ਨਾਸ ਕਰੇ ਕੁੱਵਤ ਕਰੇ, ਚਿਹਰੇ ਦਾ ਰੰਗ ਲਾਲ ਕਰੇ। ੫੦੮ ਤੋਂ ੫੧੩॥

ਲਘੂ ਕਾਮੇਸ੍ਵਰ ਪਾਕ–ਚੌਪਈ

ਮੂਸਲੀ ਤਿਲ ਦ੍ਰਾਖਜ ਖਰਜੂਰ। ਮੋਚਰਸਾ ਸਤਾਵਰ ਪੂਰ।

Digitized by Panjab Digital Library | www.panjabdigilib.org

ਗੋਖਜਰੁ ਵੱਲਜਾ ਕੰਦ ਵਿਦਾਰੀ। ਤਵਾਖੀਰ ਸੰਗ੍ਰਾਟ ਸੁਧਾਰੀ ॥੫੧੪॥
ਜਾਤੀਫਲੁ ਮਰਕਟਿ ਕਾਂਕੋਲਿ। ਸੁੰਠਿ ਮਾਲਤੀ ਵੰਸਜਿ ਘੋਲ।
ਮੀਲੋਤਪਲ ਮਾਸੀ ਲਾਵੰਗ। ਚਵਿ ਤਗਰੰ ਸਿਵ ਧਾਤ੍ਰੀ ਅੰਗ ॥੫੧੫॥
ਮਸਤਕਿ ਸੋਖ ਸਮੁੰਦ੍ਰਹਿ ਯਸਟਿ। ਅਕਰਕਰਾ ਤ੍ਵਗ ਏਲਾ ਸੁਸਟਿ।
ਕੇਸਰ ਪੱਤ੍ਰਜ ਪਲ ਪਲ ਆਨ। ਏ ਅਵਖਧ ਲੈ ਕੋਲ ਤ੍ਰਮਾਨ ॥੫੧੬॥
ਕੁੰਕਮ ਮ੍ਰਿਗਮਦ ਧਰਤ ਬੀਜ। ਇਨਕਾ ਵਜਨ ਸੁ ਭਾਖਯੋ ਦੀਜ।
ਤਾਂਮਰ ਗਗਨ ਹੇਂ ਲੈ ਤਾਰ। ਮੋਤੀ ਪਾਰਦ ਪਾਰਯਾਸਾਰ ॥੫੧੭॥
ਭੰਗ ਕਰਖ ਦੋ ਦੋ ਲੈ ਪਾਇ। ਸਬ ਤੇ ਦੁਗਨਾ ਸਿਤ ਮਧੁ ਥਾਇ।
ਸਿਰਸਾਹੀ ਮੋਕਕਰ ਖਾਇ।ਸੁਕ੍ਰਹਿ ਬਲ ਅਤਿ ਪੁਸਟਕਰਾਇ ॥੫੧੮॥
ਲਿੰਗ ਤੇਜ ਅਕਰੈ ਜਿਮ ਸਿੰਗ। ਅਗਨਿ ਮੰਦ ਮੇਹਾ ਸਬ ਅੰਗ।
ਪਾਂਡ ਛਰਦ ਮੂਰਛਾ ਸਬ ਵਾਤ। ਪਿੱਤ ਸਲੇਖਮ ਖਾਂਸੀ ਘਾਤ ॥੫੧੯॥

੨੯੬੪—ਮੂਸਲੀ, ਤਿਲ, ਮੁਣੱਕਾ, ਖਜੂਰ, ਮੋਚਰਸ, ਸਤਾਵਰ, ਭਖੜਾ, ਅਸਗੰਧ, ਸਿਆਲੀਆਂ, ਤਬਾਸੀਰ, ਸਿੰਘਾੜੇ, ਜਾਫਲ, ਕੌਂਚ ਬੀਜ, ਕਾਂਕੋਲੀ (ਸ਼ਕਾਕਲ), ਸੁੰਢ ਜਾਵਿੱਤ੍ਰੀ, *ਤਵਾ ਸੀਰ, ਨੀਲਾ ਕਮਲ, ਛੜ, ਲੌਂਗ, ਚੱਵ, ਤਗਰ, ਹਰੜ, ਆਵਲੇ, ਮਸਤਕੀ, ਸਮੁੰਦ ਸੋਖ, ਮੁਲੱਠੀ; ਅਕਰਕਰਾ; ਦਾਲਚੀਨੀ, ਇਲਾਚੀ, ਕੇਸਰ, ਤੇਜ ਪਤ੍ਰ ਇਹ ਸਭ ੪-੪ ਤੋਲੇ। ਅਗੇ ਲਿਖੀਆਂ ਚੀਜ਼ਾਂ ਤੋਲਾ ਤੋਲਾ ਲਵੇ:—ਕੇਸਰ; ਧਤੂਰੇ ਦੇ ਬੀਜ, ਇਹ ਸਭ ਪੀਹਕੇ ਪਾਵੇ। ਅਰ ਮ੍ਰਿਤ ਤਾਂਬਾ, ਮ੍ਰਿਤ ਅਭਰਕ, ਮ੍ਰਿਤ ਸੋਨਾ, ਮ੍ਰਿਤ ਚਾਂਦੀ; ਮ੍ਰਿਤ ਮੋਤੀ, ਮ੍ਰਿਤ ਪਾਰਾ (ਰਸ ਸੰਧੂਰ), ਮ੍ਰਿਤ ਲੋਹਾ ਤੇ ਭੰਗ ਇਹ ਸਭ ੨-੨ ਤੋਲ ਸਭ ਨਾਲੋਂ ਦੂਨੀ ਸ਼ਹਿਤ ਤੇ ਮਿਸ਼ਰੀ ਪਾਕੇ ਪੱਤ ਕਰਕੇ ਸਭ ਮਿਲਾਕੇ ਸਵਾ ਦੋ ਤੋਲੇ ਦੇ ਲੱਡੂ ਕਰਕੇ ਖਾਵੇ। ਬੀਰਜ ਬਲ ਤੇ ਪੁਸ਼ਟੀ ਪੈਦਾ ਕਰੇ। ਲਿੰਗ ਵਿਚ ਤੇਜ਼ੀ ਦਾ ਅਕੜੇਮਾ ਸਿੰਗ ਵਾਂਗ ਕਰੜਾ ਹੋਵੇ। ਹੋਰ ਮੰਦਾਗਨੀ, ਪ੍ਰਮੇਹ ਪਾਂਡੂ, ਕੈ, ਮੂਰਛਾ, ਵਾਯੂ, ਪਿੱਤ, ਕਫ ਤੇ ਖਾਂਸੀ ਸਭੇ ਨਾਸ਼ ਕਰੇ ॥੫੧੪ ਤੋਂ ੫੧੯॥

ਕਾਮ ਰਹੱਸਜ ਗੁਟੀ—ਚੌਪਈ

ਕੇਸਰ ਹਿਮ ਹਿੰਗਲੁ ਅਹਿਫੇਨ। ਜਾਤੀਫਲ ਮ੍ਰਿਗਮਦ ਸੁੰਠਿ ਦੇਨ।
ਕੇਸਰ ਪੱਤ੍ਰਕ ਭੰਗ। ਅਕਰਕਰਾ ਤ੍ਰਕ ਇੰਦ੍ਰ ਲਵੰਗ ॥੫੨੦॥

---

*ਤਬਾਸੀਰ ਦੋਬਾਰ ਤੇ ਦੂਣੀ ਪਾਵੇ।

Digitized by Panjab Digital Library | www.panjabdigilib.org

ਵਿਜਯਾ ਸਮ ਮਿਸਰੀ ਸਮ ਪੀਸ। ਗੋਲੀ ਮਾਸੇ ਆਠ ਕਰੀਸ।
ਦੂਧ ਸਿਤਾ ਪਰ ਪੀਵੇ ਲਾਲ। ਮਹਾਂ ਬੰਧੇਜ ਸੁ ਧਾਂਤ ਵਿਸਾਲ ॥੫੨੧॥

੨੮੬੫—ਕੇਸਰ, ਚੰਦਨ, ਸ਼ਿੰਗਰਫ, ਅਫੀਮ, ਜਾਫਲ, ਕਸਤੂਰੀ, ਸੁੰਢ, ਕੇਸਰ; ਪਤ੍ਰਜ, ਮਘ; ਭੰਗ, ਅਕਰਕਰਾ, ਦਾਲਚੀਨੀ, ਮਿਠੇ, ਇੰਦਰਜੌਂ, ਲੌਂਗ ਤੇ ਹਰੜ ਇਹ ਸਮਾਨ ਭਾਗ। ਸਭ ਸਮਾਨ ਮਿਸ਼ਰੀ ਪਾਕੇ ਪੀਹੇ ਅਰ ਗੋਲੀ ੮ ਮਾਸੇ ਦੀ ਕਰੇ, ਖਾਵੇ ਉਪਰੋਂ ਮਿਸ਼ਰੀ ਪਾਯਾ ਕੋਸਾ ਦੂਧ ਪੀਵੇ ਤਾਂ ਮਹਾਂ ਬੰਧੇਜ ਕਰੇ, ਧਾਂਤ ਨੂੰ ਵਧਾਵੇ ॥੫੨੦॥੫੨੧॥

ਕਲਾਨਿਧ ਬਟੀ

ਕੇਸਰੁ ਸਿੰਗਰਫ ਜਾਤੀ ਫਲਾ। ਮ੍ਰਿਗਮਦ ਆਫੂ ਵਿਜਲਾ ਲਲਾ।
ਅਕਰਕਰਾ ਗੁਟ ਮਧੁ ਸੌਂ ਰਤੀ। ਕਰਤ ਸਬੰਭਨ ਪਯਪਿਵਲਿਤੀ॥੫੨੨॥

੨੮੬੬—ਕੇਸਰ, ਸ਼ਿੰਗਰਫ, ਜਾਫਲ, ਕਸਤੂਰੀ; ਅਫੀਮ, ਭੰਗ ਤੇ ਅਕਰਕਰਾ, ਪੀਹਕੇ ਸ਼ਹਿਤ ਨਾਲ ਰੱਤੀ ਦੀ ਗੋਲੀ ਕਰਕੇ ਖਾਵੇਂ ਤਾਂ ਬੰਧੇਜ ਕਰੇ ਪਰੰਤੂ ਗੋਲੀ ਨਾਲ ਦੂਧ ਪੀਵੇ ॥੫੨੨॥

ਨਾਲਿਯੇਰ ਪਾਕ—ਚੌਪਈ

ਨਾਲੇਰ ਗਰੀ ਦੋ ਪ੍ਰਸਥ ਪ੍ਰਮਾਨ। ਸੇਰ ਏਕ ਗੋ ਘੀਉ ਵਖਾਨ।
ਪ੍ਰਸਥ ਏਕ ਚਾਰੌਜੀ ਵੀਜ। ਸੇਰ ਚਾਰ ਪਾਕੇ ਪਯ ਲੀਜ ॥੫੨੩॥
ਸਬੋ ਮੇਲਕੈ ਖੋਵਾ ਕਰੋ। ਦਾਣੇ ਸਮ ਹੁਇ ਥਾਲੀ ਧਰੋ।
ਤੁਲਾ ਖੰਡ ਕੀ ਪਾਤ ਪਕਾਇ। ਤਾਮਹਿ ਖੋਵਾ ਪਾਵੇ ਲਯਾਇ ॥੫੨੪॥
ਜਾਤੀਫਲ ਜਲਵੱਤ੍ਰਿ ਲਵੰਗ। ਯੁਗ ਜੀਰਾ ਦਾਰਮ ਛਿਲ ਅੰਗ।
ਅਸਗੰਧਗੋਖਰੁ ਕੋਚਰੁਬੀਜ। ਧਨੀਯਾ ਯਸਟਿ ਗੰਗੇਰਨ ਲੀਜ ॥੫੨੫॥
ਸੌਫ ਸਤਾਵਰ ਤਜ ਤਮਾਲ। ਤ੍ਰਿਕੁਟਾ ਨਾਗਰ ਘਨ ਸੁ ਵਿਦਾਰ।
ਸੰਗ੍ਰਾਟਕ ਗਜਕੇਸਰੁ ਏਲਾ। ਤ੍ਰਿਫਲਾ ਪਲੁ ਅਧਅਧ ਸਭਮੇਲਾ ॥੫੨੬॥
ਪੀਸੀ ਮੇਲੇ ਕਪੜ ਛਨਾਇ। ਬੱਤੀ ਮਾਸੇ ਲੱਡੂ ਖਾਇ ॥੫੨੭॥
ਵ੍ਰਿਧਿ ਤਰੁਨ ਹੁਇ ਜਾਵਤ ਮੇਹ। ਧਾਤੁ ਪੁਸਟ ਬਹੁ ਸੁਕਕਰੇਹ।
ਵੀਸਮੇਹ ਹਰਿਤਿਯ ਗੁਣਕਾਰ। ਮੇਘ ਕਹੈ ਗੁਨ ਇਹ ਵਿਸਤਾਰ ॥੫੨੮॥

Digitized by Panjab Digital Library | www.panjabdigilib.org

੨੮੯੭—ਨਾਲੀਏਰ ਦੀ ਗਿਰੀ ੨ ਪ੍ਰਸਥ=੧੨੮ ਤੋਲੇ, ਗੌਕਾ ਘੇਉ ੧ ਸੇਰ, ਚਿਰੌਂਜੀ ਦੀ ਗਿਰੀ ੬੪ ਤੋਲ। ਚਾਰ ਸੇਰ ਪਕਾ ਗੋਕਾ ਦੁਧ ਪਾਕੇ ਸਭ ਚੀਜਾਂ ਸਮੇਤ ਖੋਵਾ ਕਰੇ, ਜਦੋਂ ਕਿਸਾਰੇ ਹੋ ਜਾਵੇ ਤਾਂ ਥਾਲੀ ਵਿਚ ਪਾ ਲਵੇ ਤੁਲਾ=੧੦ ਸੇਰ ਖੰਡ ਦੀ ਪੱਤ ਪਕਾਕੇ, ਇਸ ਵਿਚ ਫਿਰ ਖੋਆ ਪਾ ਦੇਵੇ। ਅਰ ਜਾਫਲ, ਜੱਵਤ੍ਰੀ, ਲੌਂਗ, ਦੋਨੋਂ ਜ਼ੀਰੇ, ਨਸਪਾਲ, ਅਸਗੰਧ, ਭਖੜਾ, ਕੌਂਚਬੀਜ, ਧਨੀਆਂ, ਮੁਲਠੀ, ਗੰਗੇਰਨ (ਗੁਲਸਕਰੀ), ਸੌਂਫ; ਸਤਾਵਰ, ਤਜਸੱਕ, ਤਮਾਲਪਤ੍ਰ, ਅਧ, ਮ੍ਰਿਚ, ਸੁੰਢ, ਨਾਗਰਮੋਥਾ, ਸਿਆਲੀਆਂ, ਸਿੰਘਾੜੇ, ਨਾਗ ਕੇਸਰ, ਲਾਚੀ ਤੇ ਤ੍ਰਿਫਲਾ, ਇਹ ਸਭ ੨-੨ ਤੋਲੇ, ਕਸਤੂਰੀ, ਕਪੂਰ, ਇਹ ਦੋਨੋਂ ੪-੪ ਮਾਸੇ, ਸਭ ਪੀਹਕੇ ਕਪੜ ਛਾਣ ਕਰਕੇ ਮਿਲਾ ਦੇਵੇ, ਫਿਰ ੩੨ ਮਾਸੇ ਦਾ ਲੱਡੂ ਬੰਨ੍ਹ ਰਖੇ ਤੇ ਖਾਯਾ ਕਰੇ, ਤਾਂ ਬੁਢਾ ਜਵਾਨ ਹੋ ਜਾਵੇ, ਪ੍ਰਮੇਹ ਨਾਸ਼ ਕਰੇ; ਧਾਤੂ ਪੁਸ਼ਟ ਕਰੇ; ਬੀਰਜ ਵਧਾਵੇ, ਬੀਸ ਤਰਾਂ ਦੇ ਪ੍ਰਮੇਹ ਨਾਸ ਕਰੇ ਅਰ ਇਸਤ੍ਰੀ ਨੂੰ ਭੀ ਗੁਣਕਾਰ ਹੈ।

ਲਸਣ ਪਾਕ

ਲਸਨ ਗੁੱਲੀ ਛੁੱਕ੍ਰਹਿ ਸੋਂ ਪੀਸ। ਧੂਪ ਸੁਕਾਈ ਪ੍ਰਸਥ ਸੁ ਲੀਸ।
ਪ੍ਰਸਥ ਚਾਰ ਪਯ ਪਾਇ ਕੜਾਹਿ। ਖੋਵਾ ਕੀਜੈ ਭਲਾ ਬਨਾਇ॥੫੨੯॥
ਗੋਘ੍ਰਿਤ ਪੈਸੇ ਦਸ ਲੇ ਪਾਇ। ਖੋਵਾ ਤਾਂ ਸੋ ਕਰੋ ਬਨਾਇ।
ਸੋ ਖੋਵਾ ਥਾਲੀ ਮਹਿ ਧਰੋ। ਤੁਲਾ ਏਕ ਖੰਡ ਪਾਤ ਸੁ ਕਰੋ॥੫੩੦॥
ਪਾਕੀ ਪਾਤਹਿ ਖੋਵਾ ਦੇਇ। ਪੁਨ ਔਖਧਿ ਪੀਸੀ ਏ ਲੇਇ।
ਵਡੀ ਰਾਯਾਸਨ ਵ੍ਰਿਖ ਕਚੂਰ। ਛਿੰਨਾ ਸੁੰਠੀ ਸੁਰਤਰ ਪੂਰ॥੫੩੧॥
ਵਿਧਾਰਾ ਚਿਤ੍ਰਕ ਅਜਮੋਦ। ਸਤਾਵਰ ਇਟਸਿਟ ਲੈ ਸੋਦ।
ਪਲਪਲ ਮਾਤ੍ਰਾ ਪੀਸੀਪਾਇ। ਕਣਾ ਵਛਿੰਗ ਟੰਕ ਟੰਕ ਦਾਇ॥੫੩੨॥
ਗੁਟਕਾ ਟੰਕ ਦੋਇ ਨਿਤ ਖਾਇ। ਛਿਨ ਮਹਿ ਵਾਤ ਚੌਰਾਸੀ ਜਾਇ।
ਉਰੁਸਤੰਭ ਆਕੜ ਅਧਰੰਗ। ਪੱਖਜਾਘਾਤ ਸਬਲ ਦੁਖ ਭੰਗ॥੫੩੩॥

੨੮੯੮—ਲਸਨ ਦੀਆਂ ਗੁਲੀਆਂ ਛੱਡਕੇ ਲੱਸੀ ਨਾਲ ਪੀਹਕੇ ਧੁਪੇ ਸੁਕਾਕੇ ੬੪ ਤੋਲੇ ਲਵੇ। ਦੁੱਧ ਗੋਕਾ ੪ ਪ੍ਰਸਥ=੨੫੬ ਤੋਲੇ ਪਾਕੇ ਕਾੜ੍ਹਕੇ ਖੋਆ ਕਰ ਲਵੇ। ਇਸ ਵਿਚ ਗੋਕਾ ਘਿਉ ੧੦ ਪੈਸੇ ਭਰ ਪਾਵੇ ਫਿਰ ਖੋਵਾ ਪਕਾਕੇ ਉਤਾਰ ਰਖੇ। ਫਿਰ ਤੁਲਾ ੮੦੦=ਤੋਲੇ (੧੦ ਸੇਰ ਖੰਡ) ਦੀ ਪੱਤ ਪਕਾਕੇ ਉਸ ਵਿਚ ਖੋਵਾ ਪਾ ਦੇਵੇ। ਫਿਰ ਇਹ ਲਿਖੀਆਂ ਚੀਜਾਂ ਪਾਵੇ—ਵੱਡੀ ਰਾਯਸੇਨ, ਚਿਤ੍ਰਾ, ਅਜਮੋਦ, ਸਤਾਵਰ ਤੇ ਇਟਸਿਟ; ਇਹ ੪-੪ ਤੋਲੇ ਪੀਹਕੇ ਕਪੜ ਛਾਣ ਕਰਕੇ ਮਿਲਾਵੇ ਅਰ ਮਘ, ਬਾਇਵੜਿੰਗ, ਇਹ ੪-੪ ਮਾਸੇ ਮਿਲਾਕੇ ਸਭਨਾਂ ਦੀ ਗੋਲੀ ੨ ਟੰਕ ੮ ਮਾਸੇ ਦੀ) ਬਣਾਕੇ ਖਾਵੇ ਤਾਂ ਚੌਰਾਸੀ ਬਾਤ, ਉਰੂਸਤੰਭ, ਅਕੜੇਮਾਂ, ਅਧਰੰਗ ਤੇ ਪਖਯ ਘਾਤ, ਸਭ ਨਾਸ ਕਰੇ॥੫੨੯ ਤੋਂ ੫੩੩।

Digitized by Panjab Digital Library | www.panjabdigilib.org

ਅਥ ਪਾਕ ਵਿਧੀ–ਦੋਹਰਾ

ਸਕਲ ਪਾਕ ਕੀ ਚਾਸਨੀ ਪਾਕੇ ਤਾਰ ਪਕਾਇ।
ਭੂਮਿ ਧਰੀ ਖੋਵਾ ਭਿਲੋ ਪੁਨਿ ਕਾਸਿਟਾਦਿਕ ਦਾਇ ॥੫੩੪॥
ਪਿਛੈ ਮਿਲਾਇ ਸੁਗੰਧ ਸਭ ਪਾਛੈ ਵਰਕ ਮਿਲਾਇ।
ਰੂਪ ਰੰਗ ਗੁਨ ਗੰਧ ਸਬ ਰਖੈ ਤੁ ਵੈਦਜ ਕਹਾਇ ॥੫੩੫॥
ਗ੍ਰੰਥ ਰੀਤਿ ਕਛੂ ਔਰੁ ਹੈ ਗੁਰੁ ਕੇ ਵਚਨ ਜੁ ਹੋਰ।
ਦੋਨੋ ਲਹੈ ਤੂ ਵੈਦ ਹੁਇ ਨਹਿ ਤੌ ਜਾਨੋ ਚੋਰ ॥੫੩੬॥
ਗ੍ਰੰਥ ਰੀਤਿ ਅਰੁ ਗੁਰੁ ਬਚਨ ਜੋ ਮਾਨਤ ਨਰ ਤਾਹਿ।
ਤਉ ਪ੍ਰਸਿਧ ਜਗ ਮੈ ਹੁਵੈ ਗੁਰ ਨਿੰਦਕ ਕਛੁ ਨਾਹਿ ॥੫੩੭॥

੨੯੬੯–ਸਭਨਾਂ ਪਾਕਾਂ ਵਿਚ ਚਾਸਨੀ ਭਾਵ ਪੱਤ ਦੀ ਤਾਰ ਠੀਕ ਪਕਾ ਲਵੇ। (ਜਾਚ ਨ ਹੋਵੇ ਤਾਂ ਕਿਸੇ ਨੂੰ ਪੁੱਛ ਲਵੇ) ਫਿਰ ਪੱਤ ਥੱਲੇ ਲਾਹਕੇ ਖੋਵਾ ਪਾਵੇ, ਫੇਰ ਕਾਸਟੀ ਚੀਜ਼ਾਂ ਪਾਵੇ। ਇਸ ਤੋਂ ਬਾਦ ਸੁਗੰਧੀਆਂ ਪਾਵੇ, ਫੇਰ ਵਰਕ ਆਦਿ ਧਾਤਾਂ ਪਾਵੇ। ਪਾਕਦਾ ਰੂਪ ਰੰਗ ਗੁਣ ਅਤੇ ਸੁਗੰਧੀ ਆਦਿ ਸਭੋ ਜਿਉਂ ਕੀ ਤਿਉਂ ਰਖੇ ਤਾਂ ਬਣੌਨ ਵਾਲਾ 'ਵੈਦ' ਹੈ ਇਉਂ ਜਾਣੋ। ਨਹੀਂ ਤਾਂ ਪ੍ਰਮਾਦੀ, ਆਲਸੀ, ਬਸਮਝ ਕਿਹਾ ਜਾਂਦਾ ਹੈ। ਗ੍ਰੰਥਾਂ ਦੀ ਮ੍ਰਯਾਦਾ ਹੋਰ ਹੈ; ਉਸਤਾਦ ਅਰਥਾਤ ਗੁਰਾਂ ਦੇ ਬਚਨ ਹੋਰ ਹਨ। ਇਹਨਾਂ ਦੋਹਨਾਂ ਨੂੰ ਜਾਣੇ ਤਾਂ ਵੈਦ ਹੈ, ਨਹੀਂ ਤਾਂ ਚੋਰ ਅਰ ਬੇਉਸਤਾਦਾ ਜਾਣੋ। ਗ੍ਰੰਥਾਂ ਦੀ ਮਰਯਾਦਾ ਅਰ ਗੁਰਾਂ ਦੇ ਬਚਨਾਂ ਨੂੰ ਜੇਹੜਾ ਪੁਰਸ਼ ਮੰਨਦਾ ਅਤੇ ਜਾਣਦਾ ਹੈ, ਓਹੋ ਜਗਤ ਵਿਚ ਪ੍ਰਸਿਧ ਹੁੰਦਾ ਹੈ, ਗੁਰਾਂ ਦਾ ਨਿੰਦਕ ਕੁਛ ਬੀ ਪ੍ਰਾਪਤ ਨਹੀਂ ਕਰ ਸਕਦਾ।

ਅਥ ਵੈਦਕ ਗ੍ਰੰਥ ਉਸਤਤੀ–ਦੋਹਰਾ

ਸਾਤ ਸਮੁੰਦ੍ਰਨ ਜਲ ਜਿਤੇ ਗਿਨਜੋ ਚਹੈ ਕੋ ਬਿੰਦ।
ਤਿਮ ਵੈਦਕ ਮਤਿ ਜਾਨਿਯੋ ਕੋ ਕਹਿ ਸਕੈ ਕਵਿੰਦ ॥੫੩੮॥
ਵੈਦਕ ਗ੍ਰੰਥ ਸੁਮੇਰ ਗਿਰਿ ਮੋ ਮਤਿ ਕੀਟੀ ਜਾਨ।
ਮੁਖਆਗਰ ਕਛੂ ਜੋ ਲਹਯੋ ਸੋ ਮੈ ਕੀਓ ਵਖਾਨ ॥੫੩੯॥
ਪਾਰ ਨ ਪਾਵਨ ਜੋਗ ਕੇ ਸੁਰ ਗੁਰ ਕਵਿਤਾ ਜੋਇ।
ਜਿਤਨੀ ਜਿਤਨੀ ਬੁਧਿ ਹੋਇ ਸਬੈ ਕਹਿਤ ਕਵਿ ਸੋਇ ॥੫੪੦॥

Digitized by Panjab Digital Library | www.panjabdigilib.org

ਮੋ ਮਤਿ ਹੈ ਬਾਲਕ ਜਿਸੀ ਕਵਿਤਨ ਕੀ ਮਤਿ ਨਾਹਿ।
ਤਾਂਤੇ ਮੈਂ ਜੋ ਕਵਿ ਕਰੀ ਸੋ ਗੁਰ ਕਿਰਪਾ ਜਾਹਿ ॥੫੪੧॥
ਬਾਲਕ ਸੀ ਕਛੁ ਖੇਲ ਇਹ ਮੇਘ ਕਰੀ ਮਨੁ ਲਾਇ।
ਚਤਰ ਵੈਦਗ ਕਵਿ ਸੋਧਿਯੋ ਮੋ ਪਰਿ ਕਿਰਪਾ ਲਗਾਇ ॥੫੪੨॥
ਮੇਰੀ ਕਵਿਤਾ ਦੇਖਕੈ ਕਵਿਜਨ ਕਰੋ ਨ ਰੋਸ।
ਭਲੇ ਪੁਰਖ ਸਬ ਬਖਸ ਹੈਂ ਦੇਖ ਬਾਲ ਮਹਿ ਦੋਸ ॥੫੪੩॥
ਅਧਿਕ ਹੀਨ ਹੋਜਾ ਕਹਜੋ ਅਖਗਰ ਮਾਤ੍ਰਾ ਜੋਇ।
ਸੁਧ ਕਰੋ ਕਵਿ ਜਨ ਜਗਤ ਜਯੋਂ ਪ੍ਰਸਿਧ ਸੁਧ ਹੋਇ ॥੫੪੪॥
ਸੰਬਤੁ ਵਸੁ ਸਸਿ ਸਿਧ ਭੁਵ ਪੋਖ ਵਦੀ ਤਿਥ ਤੀਜ।
ਸੋਮ ਪੁਨਰਵਸੂ ਬ੍ਰਹਮ ਭਨਿ ਯੋਗ ਭਲੋ ਦਿਨ ਲੀਜ ॥੫੪੫॥
ਜਿਲੇ ਜਲੰਧਰ ਮਹਿ ਸ਼ਹਿਰ ਫਗਵਾੜਾ ਸੁਭ ਥਾਨ।
ਗੁਨ ਚਤੁਰਾਈ ਰਿਧਿ ਘਰੁ ਸਦਾ ਵਸਤ ਕਲਯਾਨ ॥੫੪੬॥
ਘਰ ਘਰ ਮੰਗਲਾਚਾਰ ਨਿਤਿ ਰਾਜਾ ਚੂਹੜ ਮੱਲ।
ਕਰਤ ਰਾਜ ਨਿਤ ਨਗਰ ਕੋ ਕੋਇ ਉਥੱਲ ॥੫੪੭॥

ਸੱਤਾਂ ਸਮੁੰਦਰਾਂ ਦਾ ਜਿਤਨਾਂ ਜਲ ਹੈ, ਉਸਦੀਆਂ ਕੋਈ ਬੂੰਦਾਂ ਗਿਣਨੀਆਂ ਚਾਹੇ ਤਾਂ ਕਦ ਗਿਣ ਸਕਦਾ ਹੈ ? ਏਸੇ ਤਰਾਂ ਵੈਦਕ ਦਾ ਨਤ, ਇਸਨੂੰ ਕੋਈ ਕਵੀ 'ਇਤਨਾ ਹੈ' ਇਸਤਰਾਂ ਕਦ ਕਹਿ ਸਕਦਾ ਹੈ, ਜਦ ਕਿ ਇਹ ਅਥਾਹ ਹੈ। ਵੈਦਕ ਦੇ ਗ੍ਰੰਥ ਸੁਮੇਰ ਪਰਬਤਾਂ ਦੀ ਤਰਾਂ ਹਨ, ਮੇਰੀ ਬੁੱਧੀ ਕੀੜੀ ਸਮਾਨ ਸਮਰਥਾ ਹੀਣ ਭਲਾ ਕਿਸਤਰਾਂ ਪਰਬਤ ਪਰ ਚੜ੍ਹ ਸਕੇ ? ਇਸ ਕੈ ਜੋ ਕੁਛ ਮੂੰਹ ਅੱਗੇ ਆਯਾ ਅਰ ਗੁਰਾਂ ਤੇ ਸੁਣਿਆਂ ਸੀ, ਸੋਈਓ ਕੁਛ ਬਰਨਣ ਕੀਤਾ ਹੈ। ਕੋਈ ਬੀ ਪਾਰਾਵਾਰ ਰੇਣ ਯੋਗ ਨਹੀਂ ਭਾਵੇਂ ਦੇਵ ਗੁਰੂ ਹੀ ਕਵੀ ਕਿਉਂ ਨਾ ਹੋਵੇ। ਜਿਸ ਵਿਚ ਜਿਤਨੀ੨ ਬੁੱਧੀ ਹੈ, ਉਤਨੀ ਉਤਨੀ ਕਹਿ ਸਕਦੇ ਹਨ। ਮੇਰੀ ਤਾਂ ਬੁੱਧੀ ਬਾਲਕ ਜੇਹੀ ਹੈ, ਕਵੀਆਂ ਵਾਲੀ ਬੁੱਧੀ ਨਹੀਂ ਹੈ। ਇਸਤੇ ਮੈਂ ਜੇਹੜੀ ਕਵਿਤਾ ਕੀਤੀ ਹੈ, ਸੋ ਸਭ ਗੁਰਾਂ ਦੀ ਕਿਰਪਾ ਹੈ। ਬਾਲਕ ਦੀ ਖੇਡ ਸਮਾਨ ਇਹ ਕੁਛ ਮੈਂ ਮਨ ਲਾਕੇ 'ਮੇਘ ਬਿਨੋਦ' ਕੀਤਾ ਹੈ। ਸੋ ਹੇ ਚਤੁਰ ਵੈਦੋ ! ਇਸਨੂੰ ਸੋਧ ਲੈਣਾ ਮੇਰੇ ਪਰ ਕ੍ਰਿਪਾ ਧਾਰਕੇ। ਮੇਰੀ ਕਵਿਤਾ ਦੇਖ ਕੇ ਹੇ ਕਵਿ ਜਨੋਂ ! ਕ੍ਰੋਧਿਤ ਨਾ ਹੋਣਾ; ਕਿਉਂਕਿ ਭਲੇ ਲੋਗ ਕਿਸੀ ਵਿਚ (ਅਗਜਾਤਪਣ ਦਾ) ਦੋਸ਼ ਹੋਵੇ ਤਾਂ ਬਖਸ਼ ਦਿੰਦੇ ਹਨ। ਵਾਪੇ, ਘਾਟੇ; ਵਿੰਗਾ, ਟੇਢਾ, ਅੱਖਰ, ਮਾਤ੍ਰਾ, ਜੋ ਕੁਛ ਹੋਵੇ। ਸੋ ਹੇ ਕਵੀਜਨੋ ! ਉਸਨੂੰ ਸੁੱਧ ਕਰ ਲਵੋ, ਜਿਸ ਤਰਾਂ ਉਹ ਪਦ ਪ੍ਰਸਿੱਧ ਅਰ ਸੁੱਧ ਹੋਵੇ। ਇਸ ਮੇਘ ਬਿਨੋਦ ਦੇ ਰਚਨੇ ਦਾ ਸੰਮਤ ਬਸੁ=੮, ਸਸਿ=੧; ਸਿਧਿ = ੮; ਭੁਵਿ = ੧, ਅਰਥਾਤ ੧੮੧੮ ਬਿਕ੍ਰਮੀ, ਪੋਹ ਵਦੀ ਤਿੱਥ ਤੀਜ, ਸੋਮਵਾਰ, ਪੁਨਰਵਸੂਨਿਛੱਤ੍ਰ, ਬ੍ਰਹਮ ਜੋਗ ਅਜੇਹੇ ਸ਼ੁਭ ਦਿਨ ਪੂਰਣ ਕੀਤਾ ਹੈ। ਜਿਲਾ ਜਲੰਧਰ ਦੇ ਵਿਚ

Digitized by Panjab Digital Library | www.panjabdigilib.org

ਸ਼ੈਹਰ ਫਗਵਾੜਾ ਸਰੇਸ਼ਟ ਥਾਨ ਹੈ, ਉਹ ਗੁਣ, ਚਤੁਰਾਈਆਂ ਅਤੇ ਰਿੱਧੀਆਂ ਦਾ ਘਰ ਹਮੇਸ਼ਾਂ ਅਨੰਦ ਨਾਲ (ਉਸ ਵਿੱਚ ਮੇਰਾ) ਨਿਵਾਸ ਸੀ। ਉਸ ਸ਼ਹਿਰ ਦੇ ਘਰ ਘਰ ਵਿੱਚ ਨਿੱਤ ਮੰਗਲਾਚਾਰ, ਅਰ ਰਾਜਾ ਚੂਹੜ ਮਲ ਕਰਦਾ ਸੀ ਰਾਜ; ਨਿੱਤ ਉਸ ਨਗਰ ਦਾ ਜਿਸਨੂੰ ਕੋਈ ਉਥੱਲਣ ਵਾਲਾ ਨਹੀਂ ॥੫੩੮ ਤੋਂ ੫੪੭।

ਵੰਸ਼ਾਵਲੀ (ਮੇਘ ਮੁਨੀ ਦਾ ਕੁਰਸੀਨਾਮਾ)–ਚੌਪਈ

ਆਚਾਰਜ ਜਟ ਮੱਲ ਮੁਨੀਸ। ਜੀਤੇ ਅਘ ਸਿਮਰੈ ਨਿਤ ਈਸ।
ਸਿਖ ਭਯੋ ਤਿਸ ਪਰਮਾਨੰਦ। ਜਿਨ ਕਾਟੇ ਸਬ ਦੁਖ ਕੇ ਫੰਦ ॥੫੪੮॥
ਸਦਾ ਨੰਦ ਤਾਕੋ ਅਭਿ ਸਿਖ। ਨਾਰਾਯਨ ਤਾਕੇ ਅਭਿ ਦਿੱਖ੍ਯ।
ਪੰਡਿਤ ਚਤੁਰਾ ਜਗਿ ਵਿਖ੍ਯਾਤ। ਪੂਜ੍ਯ ਨਰੋਤਮ ਜਾਨੋਵਾਤ ॥੫੪੯॥
ਮਯਾ ਰਾਮ ਤਾਕੇ ਸਿੱਖ ਭਯੋ। ਤਾਂ ਪਦਪੰਕਜ ਮੇਘੈ ਲਯੋ।
ਤਿਨ ਗੁਰ ਕੀ ਕਿਰਪਾ ਕੇ ਸੰਗ। ਰਚ੍ਯੋ ਗ੍ਰੰਥ ਮੁਨਿ ਮੇਘ ਸੁਰੰਗ ॥੫੫੦॥

੧. ਅਚਾਰਜ ਜਟਮਲ ਦਾ
੨. ਚੇਲਾ ਪਰਮਾਨੰਦ, ਤਿਸ ਦਾ
੩. ਚੇਲਾ ਸਦਾਨੰਦ, ਤਿਸਦਾ
੪. ਚੇਲਾ ਨਰਾਇਣ ਦਾਸ, ਤਿਸ ਦਾ
੫. ਚੇਲਾ ਮਯਾ ਰਾਮ, ਤਿਸ ਦਾ
੬. ਚੇਲਾ ਮੇਘ ਮੁਨੀ, ਗ੍ਰੰਥਕਾਰ ਹੈ ॥

ਅਥ ਗ੍ਰੰਥ ਮਤ ਨਾਮ–ਕਬਿੱਤ

ਜਾਨੋ ਨਿਦਾਨ ਵੰਗਸੈਨ ਯੋਗ ਚਿੰਤਾਮਣਿ ਸਾਰੰਗਧਰ ਯੋਗਸਤੇ ਕਹ੍ਯੋ ਕਾਲਗ੍ਯਾਨ ਹੈ। ਸੰਨਿਪਾਤ ਕਲਿਕਾ ਨ੍ਰਿਘੰਟ ਸਾਰਸੰਗ੍ਰਹਿ ਮਤ ਗੁਣ ਰਤਨਮਾਲ ਪੱਥ੍ਯਾ ਪੱਥ ਮਾਨ ਹੈ। ਵੈਦ੍ਯ ਹੀ ਕੰਤੂਹਲ ਬ੍ਰਹਮ ਯਾਮਲ ਰਸਰਤਨਾਕ੍ਰ ਸਿੰਘਾ ਵਿਲੋਕਤੇ ਮੇਘ ਕਹੀ ਬਾਨ ਹੈ। ਡਾਮਰ ਰਸ ਮੰਜਰੀ ਜੁ ਅਤ੍ਰੇ ਹਰੀਤ ਚਰਕ ਸਾਰਉਧਾਰ ਜੂ ਮਨੋਰਮਾ ਸੁ ਠਾਨ ਹੈ ॥੫੫੧॥

Digitized by Panjab Digital Library | www.panjabdigilib.org

ਜਿਨ੍ਹਾਂ ਗ੍ਰੰਥਾਂ ਵਿਚੋਂ ਮੇਘ ਬਿਨੋਦ ਬਣਾਯਾ ਹੈ, ਓਹਨਾਂ ਦੇ ਨਾਮ ਇਹ ਹਨ :—

੧. ਮਾਧਵ ਨਿਦਾਨ ੨. ਵੰਗਸੇਨ ੩. ਯਗਚਿੰਤਾਮਣੀ ੪. ਸਾਰੰਗਧਰ ੫. ਯੋਗਸਤ ੬. ਕਾਲ ਗਯਾਨ ੭. ਸੰਨਿਪਾਤ-ਕਲਿਕਾ ੮. ਨ੍ਰਿਘਟ ੯. ਸਾਰਸੰਗ੍ਰਹ ੧੦. ਗੁਣ ਰਤਨਮਾਲ ੧੧. ਪਥਸਾ ਪੱਥ ੧੨. ਵੈਦ ਕੰਤੂਹਲ ੧੩. ਬ੍ਰਹਮਯਾ ਮਲ ੧੪. ਰਸਰਤਨਾਕਰ ੧੫. ਬੀਰ ਸਿੰਘਾ ਵਿਲੋਕ ੧੬. ਡਾਮਰੁ ੧੭. ਰਸ ਮੰਜਰੀ ੧੮. ਆਤ੍ਰਯ ੧੯. ਹਰੀਤ ੨੦. ਚਰਕ ੨੧. ਸਾਰ ਉਧਾਰ ੨੨. ਮਨੋਰਮਾ। ਇਹ ੨੨ ਗ੍ਰੰਥ ਹਨ। ਇਨ੍ਹਾਂ ਤੋਂ ਵੱਖਰੇ ਤਿੱਬ ਪੰਜਸਾਇਕ, ਹਿਤੋਪਦੇਸ਼ਾਦਿ ਦਾ ਬੀ ਸਹਾਰਾ ਲਿਆ ਹੈ ॥੫੫੧॥

ਔਖਧ ਦੇਣੇ ਦੇ ਯੋਗ—ਚੌਪਈ

ਰੇਵਤਿ ਆਸੁਨਿ ਪੁੱਖ ਵਖਾਨ। ਪੁਨਰਵਸੋ ਗਜ ਮ੍ਰਿਗਸਰ ਠਾਨਿ।
ਚਿਤ੍ਰਾ ਮੂਲ ਸਤ ਭਿਖਾ ਸ੍ਵਾਂਤਿ। ਸ੍ਰਵਣ ਧਨਿਸਟਾਔਖਦਖਾਤ॥੫੫੨॥
ਰਵਿ ਸਨਿ ਮੰਗਲਵਾਰ ਪ੍ਰਮਾਨ। ਇਸੀ ਯੋਗ ਮਹਿ ਔਖਧ ਠਾਨ।
ਇਨ ਨਖੱਜਤ੍ਰ ਇਨਵਾਰੇ ਸਹੀ। ਔਖਧ ਯਾਮਹਿ ਦੇਨੀ ਕਹੀ॥੫੫੩॥

੨੮੭੦—ਰੇਵਤੀ, ਅਸ਼ਵਨੀ, ਪੁਖ, ਪੁਖ, ਪੁਨਰ ਵਸੂ, ਹਸਤਿ, ਮ੍ਰਿਗਸਰ, ਚਿਤ੍ਰਾ, ਮੂਲਾ, ਸਤ ਭਿਖਾ, ਸਵਾਂਤੀ, ਸ੍ਰਵਣ ਤੇ ਧਨਿਸਟਾ ਵਿਖੇ ਦਵਾਈ ਖੁਲਾਵੇ। ਏਸੇ ਤਰਾਂ ਐਤਵਾਰ, ਸ਼ਨਿਚਰਵਾਰ ਤੇ ਮੰਗਲਵਾਰ ਇਨਾਂ ਦਿਨਾਂ ਅਤੇ ਯੋਗਾਂ (ਨਿਛੱਤ੍ਰਾਂ) ਵਿਚ ਦਵਾਈ ਦੇਵੇ ਇਹ ਸਰੇਸ਼ਟ ਹਨ ॥ ੫੫੨ ॥ ੫੫੩ ॥

ਰੋਗ ਮੁਕਤਾ ਸਨਾਨ ਵਿਧੀ—ਪਰਿਹਾ

ਰੋਹਨਿ ਸ੍ਵਾਂਤੀ ਉਤ੍ਰਾ ਤੀਨੋ ਤਯਾਗਿਯੇ।
ਪੁਨਰਵਸਾ ਅਰੁ ਰੇਵਤੀ ਸਰਪ ਸੁ ਭਾਗਿਯੇ।
ਰਿਕਤਾ ਤਿਥ ਚਰ ਲਗਨੈ ਮੰਗਲ ਰਵਿ ਭਨੀ।
ਮੱਜਨ ਕੀਜੈ ਰੋਗੀ ਵੈਦਯੰ ਧਨ ਦਨੀ॥੫੫੪॥

੨੮੭੧—ਜਿਸ ਦਿਨ ਰੋਗ ਹਟੇ ਤੇ ਸਨਾਨ ਕਰਾਯਾ ਜਾਵੇ:—

ਰੋਹਿਨੀ, ਸ੍ਵਾਂਤੀ, ਤਿੰਨੇ ਉਤਰਾਂ (ਉਤਰਾ ਖਾੜਾ; ਉਤਰਾ ਭਾਦ੍ਰਪਦਾ ਤੇ ਓਤਰਾ ਫਾਲਗੁਣੀ) ਇਨ੍ਹਾਂ ਨੂੰ ਬਰਜ ਦੇਵੇ ਅਰੇ ਪੁਨਰ ਵਸੁ, ਰੇਵਤੀ, ਸਲੇਖਾਂ (ਮਘਾ) ਏਸੇ ਤਰਾਂ ਰਿਕਤਾ ਤਿਥਾਂ (੪, ੧੪, ੯, ੩੦) ਤੇ ਚਰ ਲਗਨ ਮੰਗਲ, ਐਤਵਾਰ, ਇਨ੍ਹਾਂ ਦਿਨਾਂ ਵਿਚ ਰੋਗੀ ਦਾ ਸ਼ਨਾਨ ਕਰਾਵ ਅਤੇ ਵੈਦਯ ਨੂੰ ਧਨ ਦੇਵੇ ॥੫੫੪॥

Digitized by Panjab Digital Library | www.panjabdigilib.org

ਛੰਦ ਸੰਖਯਾ—ਦੋਹਰਾ

ਪੰਚ ਸਹੰਸਰ ਪਾਂਚਹੀ ਦੋਹਾ ਛੰਦ ਕਵਿੱਤੁ।
ਏ ਸੰਖਯਾ ਹੈ ਛੰਦ ਕੀ ਕਵਿ ਜਨ ਧਾਰੋ ਚਿੱਤ ॥੫੫੫॥

੨੮੭੨—ਪੰਜ ਹਜ਼ਾਰ ਤੇ ਪੰਜ ਦੋਹਰੇ, ਛੰਦ ਤੇ ਕਬਿੱਤ ਹਨ; ਇਤਨੀ ਗਿਣਤੀ ਇਸ ਗ੍ਰੰਥ ਵਿਚ ਛੰਦਾਂ ਦੀ ਹੈ ॥੫੫੫॥

ਸਲੋਕ ਸੰਖਯਾ

ਸਾਤ ਸਹੰਸਰ ਤੀਨ ਸੈ ਇਕਵੰਜਾ ਪਰ ਜਾਨ।
ਅੱਖਯਰ ਬੱਤੀ ਕੇ ਲਿਖੇ ਸੰਖਯਾ ਗ੍ਰੰਥ ਵਖਾਨ ॥੫੫੬॥
ਫਗਵਾੜੇ ਸ਼ੁਭ ਨਗਰ ਮੈਂ ਮੇਘ ਵਸਤ ਆਨੰਦ।
ਪਰ ਉਪਕਾਰੈ ਹੇਤ ਕਰ ਗ੍ਰੰਥ ਰਚਯੋ ਸੁਖ ਕੰਦ ॥੫੫੭॥
ਤੇਰਾ ਧਯਾਇ ਸੁ ਗ੍ਰੰਥ ਇਹ "ਮੇਘ ਬਿਨੋਦ" ਸੁ ਨਾਮ।
ਸਬ ਜਨ ਕੋ ਸੁਖੁ ਇਹ ਕਰੈ ਸਧੈਂ ਸਕਲ ਜਗ ਕਾਮ ॥੫੫੮॥

੨੮੭੩-ਸੱਤ ਹਜ਼ਾਰ ਤਿੰਨ ਸੌ ਇਕਵੰਜਾ (੭੩੫੧) ਸਲੋਕ, ੩੨ ਅੱਖਰ ਦੇ ਹਿਸਾਬ ਇਸ ਗ੍ਰੰਥ ਵਿਚ ਹਨ। ਫਗਵਾੜੇ ਸਰੇਸ਼ਟ ਨਗਰ ਵਿਚ ਮੈਂ (ਮੇਘ) ਅਨੰਦ ਨਾਲ ਨਿਵਾਸ ਰਖਦਾ ਸੀ। ਇਹ ਓਥੇ ਬੈਠਕੇ ਪਰਉਪਕਾਰ ਵਾਸਤੇ ਗ੍ਰੰਥ ਰਚਨਾ ਕੀਤੀ। ਇਸ ਗ੍ਰੰਥ ਦੇ ੧੩ ਅਧਯਾਯ ਹਨ, ਨਾਮ ਇਸਦਾ ਮੇਘ ਬਿਨੋਦ ਹੈ। ਮੇਰੀ ਬੇਨਤੀ ਹੈ ਕਿ ਇਹ (ਗ੍ਰੰਥ) ਸਭਨਾਂ ਨੂੰ ਸੁਖ ਦੇਵੇ ਅਤੇ ਸਾਰੇ ਸੰਸਾਰ ਦੇ ਕੰਮ (ਨਿਰੋਗਤਾ) ਸਿੱਧ ਕਰੇ ॥੫੫੬ ਤੋਂ ੫੫੮।

ਇਤਿ ਸ੍ਰੀ ਮੇਘ ਬਿਨੋਦ ਮੁਨਿ ਮੇਘ ਰਾਜ ਵਿਰਚਤੇ
ਪਾਕਾਧਿਕਾਰਾਦਿ ਨਾਮ ਤ੍ਰਯੋਦਸਮੋ ਧਯਾਇ ॥ ੧੩ ॥ ਗ੍ਰੰਥ ਸਮਾਪਤੰ ॥

(ਗ੍ਰੰਥ ਮੇਘ ਬਿਨੋਦ ਦੂਜਾ ਭਾਗ)
॥ ਸਮਾਪਤ ॥

Digitized by Panjab Digital Library | www.panjabdigilib.org

ਟੀਕਾ ਕਾਰੋਕਤ ਅੰਤਮ ਬਿਨਯ !

*** ਸ੍ਵੈਯਾ ***

ਸ਼੍ਰੀ ਗੁਰੂ ਨਾਨਕ ਸ਼੍ਰੀ ਦਸਮੇਸ਼ਹਿ,
ਸ਼੍ਰੀ ਗੁਰ ਹੀਰਹਿ ਸਿੰਘ ਧਿਆਈ।
ਮੇਘ ਬਿਨੋਦ ਸਟੀਕ ਭਯੋ ਇਤਿ,
ਸ਼੍ਰੀ ਗੁਰ ਕੇਰ ਕ੍ਰਿਪਾਕਿ ਪ੍ਰਭਾਈ।
ਜੋ ਪੜ ਹੈ ਲੜ ਹੈ ਰੁਗ ਸੌਂ,
ਧਨ ਔ ਜਸ ਕੀਰਤਿ ਲੇਹਿ ਵਡਾਈ।
ਏਹੁ ਬਿਨੈ "ਹਰਿ ਸ਼ੰਭੁਜ" ਕੀ,
ਗੁਰ ਦਾਸਹਿ ਕੇ ਸਦ ਅੰਗ ਸਗਾਈ।

—o—

ਇਤਿ ਸ੍ਰੀ ਮਤ ਹੀਰਾ ਸਿੰਘ ਚਰਣ ਸਿਖਯਤ
ਗਣੇਸ਼ਾ ਸਿੰਘ ਨੇ ਮੇਘ ਬਿਨੋਦ ਸਟੀਕ
ਵਿਰਚਤੇ ਨਾਮ ਤੇਰਵੋਂ ਧਯਾਯ ਸਮਾਪਤੰ
ਸ਼ੁਭੰ ॥ ੧੩ ॥

ਛਾਪਕ—ਪਾਲ ਪ੍ਰਿੰਟਰਜ਼ ਐਂਡ ਪਬਲਿਸ਼ਰਜ਼, ਬਾਜ਼ਾਰ ਧੋਬੀਆਂ, ਨਜ਼ਦੀਕ ਚੌਂਕ ਘੰਟਾ ਘਰ
ਅੰਮ੍ਰਿਤਸਰ

Digitized by Panjab Digital Library | www.panjabdigilib.org

ਲੈਕਚਰਾਰਾਂ-ਕੀਰਤਨੀ ਜੱਥਿਆਂ
ਕਥਾ ਵਾਚਕਾਂ, ਬੁਧੀਜੀਵੀਆਂ ਵਾਸਤੇ
ਅਮੋਲਕ ਗ੍ਰੰਥ

ਸ਼੍ਰੋਮਣੀ ਅੰਮ੍ਰਿਤ ਕੀਰਤਨ

ਜੋ ਕਿ
ਪੰਥ ਪ੍ਰਸਿੱਧ, ਲਾਸਾਨੀ ਸੋਧਕ

ਗਯਾਨੀ ਮਹਿੰਦਰ ਸਿੰਘ ਜੀ 'ਰਤਨ'

ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਣਵੇਂ ਪ੍ਰਸਤਾਵਾਂ ਤੇ ਸਮੇਂ ਅਨੁਕੂਲ ਕੀਰਤਨ ਕਰਨ ਵਾਲੇ ਸ਼ਬਦਾਂ ਦਾ ਸੰਗ੍ਰਹਿ ਕੀਤਾ ਹੈ। ਭੇਟਾ 45) ਰੁਪਏ

ਸੋਢੀ ਤੇਜਾ ਸਿੰਘ ਰਚਿਤ ਗਰੰਥ

ਕਥਾ ਦੀਪ ਸਾਗਰ

ਅਰਥਾਤ

ਸੁਖਮਨੀ ਸਾਹਿਬ ਸਟੀਕ

ਇਸ ਗ੍ਰੰਥ ਵਿਚ ਸੁਖਮਨੀ ਸਾਹਿਬ ਜੀ ਦੀਆਂ ਤੁਕਾਂ ਪਰ ਸਾਖੀਆਂ ਲਿਖੀਆਂ ਗਈਆਂ ਹਨ ਤੇ ਬੜੇ ਸੌਖੇ ਅਰਥਾਂ ਦੁਵਾਰਾ ਤੁਕ ਤੁਕ ਦਾ ਪਾਠਕ ਪ੍ਰੇਮੀਆਂ ਲਈ ਗੁਰਬਾਣੀ ਦਾ ਭਾਵ ਪ੍ਰਗਟਾਉਣ ਦਾ ਯਤਨ ਕੀਤਾ ਗਿਆ ਹੈ। ਭੇਟਾ 30-00

ਕਥਾ ਸਾਗਰ

ਅਰਥਾਤ

ਜਪੁਜੀ ਸਾਹਿਬ ਸਟੀਕ

ਸ੍ਰੀ ਗੁਰੂ ਨਾਨਕ ਸਾਹਿ[illegible]ਜੀ ਨੂੰ ਸਚਖੰਡ ਤੋਂ ਪ੍ਰਾਪਤ ਹੋਈ ਧੁਰ [illegible]ਜਪੁਜੀ ਸਾਹਿਬ ਦਾ ਅਨੁਪਮ ਢੰਗ ਨ[illegible]ਥਾਰ ਪੂਰਬਕ ੮੦ ਕਥਾ ਪ੍ਰਸੰਗਾਂ ਸਹਿਤ [illegible]ਤੇ ਗਏ ਹਨ। ਭੇਟਾ 30.00

ਸਾਡੀਆਂ ਛਪੀਆਂ ਮਸ਼ਹੂਰ ਪੁਸਤਕਾਂ

ਅਨੰਦ ਪ੍ਰਕਾਸ਼

ਇਸ ਪੁਸਤਕ ਵਿਚ ਅਨੰਦ ਸਾਹਿਬ ਜੀ ਦੇ ਅਰਥ ਦਸੇ ਹਨ ਤੇ ਨਾਲ ਹੀ ਲਾਵਾਂ ਕਰਾਉਣ ਦੀ ਵਿਧੀ ਵੀ ਦਿਤੀ ਹੈ। ਭੇਟਾ 20.00

ਸੋਢੀ ਤੇਜਾ ਸਿੰਘ ਰਚਿਤ ਗਰੰਥ

ਤਵਾਰੀਖ ਦਸ ਗੁਰ ਖਾਲਸਾ

ਇਸ ਪੁਸਤਕ ਵਿਚ ਦਸ ਪਾਤਿਸ਼ਾਹੀਆਂ ਦਾ ਸੰਖੇਪ ਜੀਵਨ ਦਿਤਾ ਹੋਇਆ ਹੈ।
ਪੰਜਾਬੀ ਐਡੀਸ਼ਨ 28-00
ਹਿੰਦੀ ਐਡੀਸ਼ਨ 28-00

ਗਿਆਨ ਪ੍ਰਕਾਸ਼

ਸੋਢੀ ਤੇਜਾ ਸਿੰਘ ਜੀ ਰਚਿਤ

ਇਸ ਪੁਸਤਕ ਵਿਚ ਅੱਠ ਕਾਂਡ ਹਨ ਜਿਨ੍ਹਾਂ ਵਿਚ ਕਰਮ, ਧਰਮ, ਨਾਮ, ਮੁਕਤੀ, ਮੌਤ ਜਨਮ, ਮਰਨ, ਧਰਮ ਅਤੇ ਸਿਆਸਤ, ਨਰਕ, ਸਵਰਗ, ਸਰੀਰ ਦੀ ਬਣਤਰ ਅਤੇ ਅੰਦਰਲੇ ਤੇ ਬਾਹਰਲੇ ਭੇਦ ਤੇ ਗੁਰੂ ਕੌਣ ਹੈ ? ਇਤਿਆਦਿ ਪ੍ਰਸ਼ਨਾਂ ਦੇ ਉਤਰ ਆਦਿ ਦੇ ਪ੍ਰਕਰਣ ਹਨ। ਇਸ ਦੇ ਪੜ੍ਹਨ ਨਾਲ ਨਿਸਚੇ ਹੀ ਪੁਰਸ਼ ਨੂੰ ਅਨੇਕ ਪ੍ਰਕਾਰ ਦੇ ਗਿਆਨ ਦੀ ਪ੍ਰਾਪਤੀ ਹੁੰਦੀਹੈ। ਭੇਟਾ 20-00 ਰੁਪਏ ਡਾਕ ਖਰਚ ਵਖਰਾ

ਸੂਰਜ ਪ੍ਰਕਾਸ਼ ਵਾਰਤਕ ਸਟੀਕ

ਅਰਥਾਤ

ਦਸ ਗੁਰ ਇਤਿਹਾਸ

ਪੰਥ ਭੂਸ਼ਨ ਕਵਿ ਚੂੜਾਮਣਿ ਭਾਈ ਸਾਹਿਬ ਸੰਤੋਖ ਸਿੰਘ ਜੀ ਦੇ ਰਚਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗਰੰਥ ਦਾ ਵਾਰਤਕ ਟੀਕਾ ਕਰਕੇ ਤਿੰਨ ਹਿਸੇ ਇਸ ਪ੍ਰਕਾਰ ਛਾਪੇ ਹਨ—

ਨਿਰੰਕਾਰੀ ਚਮਤਕਾਰ (ਪਹਿਲੀ ਸੈਂਚੀ)

ਇਸ ਹਿਸੇ ਵਿਚ ਸਤਿਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਰਥਾਤ ਬੇਦੀ ਬੰਸ ਦਾ ਮੁਕੰਮਲ ਹਾਲ ਹੈ। ਭੇਟਾ 75-00

ਸੋਢੀ ਚਮਤਕਾਰ (ਦੂਜੀ ਸੈਂਚੀ)

ਇਸ ਗਰੰਥ ਵਿਚ ਸ੍ਰੀ ਗੁਰੂ ਰਾਮਦਾਸ ਜੀ ਤੋਂ ਲੈ ਕੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸੋਢੀ ਬੰਸ ਦੇ ਛੇ ਗੁਰੂ ਸਾਹਿਬਾਨ ਜੀ ਦਾ ਪੂਰਾ ਇਤਿਹਾਸ ਹੈ। ਭੇਟਾ 75-00

ਦਸਮ ਗੁਰ ਚਮਤਕਾਰ (ਤੀਜੀ ਸੈਂਚੀ)

ਇਸ ਮਹਾਨ ਗਰੰਥ ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪੂਰਾ ਇਤਿਹਾਸ, ਸਾਖੀਆਂ ਤੇ ਜੰਗਾਂ ਦਾ ਪੂਰਾ ਹਾਲ ਦਰਜ ਹੈ। ਭੇਟਾ 75-00

ਚਰਿਤਰ ਜੀਵਨ

ਇਸ ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ ਦਿਤਾ ਹੈ। ਭੇਟਾ 15.00

ਗੁਰ ਸ਼ਬਦ ਸਿਧੀ

ਅਨਮਤੀਏ ਤੇ ਕਈ ਚਲਾਕ ਬੰਦੇ ਜੰਤਰ ਮੰਤਰ ਦਸ ਕੇ ਆਮ ਲੋਕਾਂ ਨੂੰ ਲੁਟਦੇ ਹਨ। ਪਰ ਜੇ ਤੁਸੀਂ ਚਲਾਕ ਬੰਦਿਆਂ ਕੋਲੋਂ ਬਚਣਾ ਹੈ ਤਾਂ ਅਜ ਹੀ ਸ਼ਰਧਾ ਪੂਰਨ ਗਰੰਥ ਸਾਡੇ ਕੋਲੋਂ ਮੰਗਵਾਕੇ ਗੁਰਬਾਣੀ ਦੇ ਸ਼ਬਦਾਂ ਦੀ ਸਿਧੀ ਕਰੋ ਤੇ ਮਨਇਛਤ ਵਸਤੂ ਪ੍ਰਾਪਤ ਕਰੋ। ਡਰ, ਭਰਮ ਤੇ ਦੁਖ ਦੂਰ ਕਰਨ ਦੀਆ ਸੌਖੀਆਂ ਵਿਧੀਆ ਤੇ ਵਡਿਆਈਆਂ ਜਸ ਪ੍ਰਾਪਤ ਕਰਨ ਦਾ ਵਸੀਲੇ ਸੌਖੇ ਢੰਗ ਨਾਲ ਗੁਰਮਤ ਅਨੁਸਾਰ ਦਸੇ ਗਏ ਹਨ। ਮਲ 21.00 ਡਾਕ ਖਰਚ ਵਖਰਾ

ਸ੍ਰੀ ਸੂਰਜ ਪ੍ਰਕਾਸ਼ ਵਾਰਤਕ ਸਟੀਕ

ਇਸ ਗਰੰਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਗੁਰੂ ਸਾਹਿਬਾਨ ਜੀ ਦਾ ਪੂਰਾ ਇਤਿਹਾਸ ਦਰਜ ਹੈ। ਭੇਟਾ 80/- ਰੁਪਏ ਡਾ: ਖਰਚ ਵਖਰਾ

ਲੜਕੀਆਂ ਲਈ

ਜੀਵਨ ਹੋਮ ਟੇਲਰਿੰਗ ਕੋਰਸ

ਦਾਜ ਵਿਚ ਦੇਣ ਲਈ ਅਮੋਲਕ ਪੁਸਤਕ ਇਸ ਵਿਚ ਹਰ ਇਕ ਤਰ੍ਹਾਂ ਦੇ ਕਪੜੇ ਸੀਉਣ ਤੇ ਕਟਣੇ ਆਦਿਕ ਬੜੇ ਸੁਖੇਨ ਤਰੀਕੇ ਨਾਲ ਨਕਸ਼ਿਆਂ ਸਮੇਤ ਲਿਖੇ ਹਨ ਕਿ ਅਨਜਾਣ ਤੋਂ ਅਨਜਾਣ ਵੀ ਪੜ੍ਹਕੇ ਆਪ ਹੀ ਫੌਰਨ ਕੰਮ ਕਰ ਸਕਦਾ ਹੈ। ਮੁਲ 25-00

ਜੀਵਨ ਹੱਥ ਰੇਖਾ ਗਿਆਨ

ਵਖ ਵਖ ਹੱਥਾਂ ਦੇ ਰੇਖਾਵਾਂ ਦੀ ਤਸਵੀਰਾਂ ਇਸ ਪੁਸਤਕ ਰਾਹੀਂ ਤੁਸੀਂ ਆਪਣਾ, ਆਪਣੇ ਪ੍ਰਵਾਰ ਦਾ, ਮਿਤਰਾਂ, ਗੁਆਂਢੀਆਂ ਆਦਿ ਦੇ ਬੀਤ ਗਏ, ਵਰਤਮਾਨ ਤੇ ਆਉਣ ਵਾਲੇ ਸਮੇਂ ਦਾ ਹਾਲ ਹੱਥ ਦੀਆਂ ਰੇਖਾਂ ਨੂੰ ਛਪੀਆਂ ਤਸਵੀਰਾਂ ਨਾਲ ਮੇਲਕੇ ਦੱਸ ਸਕਦੇ ਹੋ।
ਮੁਲ 15-00 ਰੁਪਏ ਡਾਕ ਖਰਚ ਵਖਰਾ
ਸੁਪਨਾ ਵਿਚਾਰ ਮੁਲ 75 ਪੈਸੇ
ਅੰਗ ਫੁਰਨਾ ਮੁਲ 75 ਪੈਸੇ

ਐਲੋਪੈਥਿਕ ਗਾਇਡ

ਇਸ ਪੁਸਤਕ ਵਿਚ ਕੈਪਸਿਊਲ, ਟੀਕਾ ਗੋਲੀਆਂ ਸੀਰਪ, ਵਿਟਾਮਨਜ਼, ਆਈ ਡਰਾਪ ਈਅਰ ਡਰਾਪ, ਬੇਬੀ ਫੂਡ, ਬਾਰੇ ਪੂਰੀ ਜਾਣਕਾਰੀ ਦਿਤੀ ਗਈ ਹੈ ਤਾਂ ਜੋ ਹਰ ਇਕ ਲਾਭ ਪ੍ਰਾਪਤ ਕਰ ਸਕੇ। ਵਡੀ ਪੁਸਤਕ 60/00 ਰੁਪਏ
ਛੋਟੀ ਪੁਸਤਕ 30-00 ਡਾ: ਖਰਚ ਸਮੇਤ

ਜਨਮ ਸਾਖੀ ਭਾਈ ਬਾਲੇ ਵਾਲੀ

ਸਾਦਾ ਜ਼ਿਲਦ 90/- ਕਪੜਾ ਜਿਲਦ 100/-
ਡਾਕ ਖਰਚ ਵਖਰਾ

ਵੀ. ਪੀ. ਪੀ. ਰਾਹੀਂ ਪ੍ਰ[illegible] ਮੰਗਾਉਣ ਦਾ ਪਤਾ—ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-8663

Digitized by Panjab Digital Library | www.panjabdigilib.org

Digitized by Panjab Digital Library | www.panjabdigilib.org